# ਤਤਕਰਾ


**ਪਹਿਲੀ ਐਡੀਸ਼ਨ ਦੀ ਭੂਮਿਕਾ** 10
**ਦੂਸਰੀ ਛਾਪ ਬਾਰੇ** 27
**ਸਦਾ ਜੀਵਤ ਇਤਿਹਾਸਕਾਰ**
**ਸੰਤ ਸੰਤੋਖ ਸਿੰਘ ਬਾਹੋਵਾਲ** 28
**ਬਾਰ੍ਹਾਂ ਗੁਰਾਂ ਕਾ ਮੰਗਲਾ ਚਰਨ** 46
**ਜਿਵੇਂ ਪ੍ਰਮੇਸਰ ਜੀ ਸ੍ਰਿਸ਼ਟੀ ਰਚੀ** 56
*ਚਹੁੰ ਵੇਦਾਂ ਕੇ ਮਹਾਂਵਾਕ* 56
*ਸਤਿ ਪ੍ਰਸ਼ਨ* 56
**ਆਤਮੇ ਪ੍ਰਮਾਤਮੇ ਕੀ ਗੋਸ਼ਟ** 58
**ਜੁਗਾਵਾਲੀ** 59
**ਕਰਨੀਨਾਮਾ** 66
**ਸ੍ਰੀ ਗੁਰਿੰਡਨਾਮਾ ਬਰਨਨੰ** 69
**ਅਜਿਤੇ ਰੰਧਾਵੇ ਨਾਲ ਗੋਸ਼ਟਿ** 75
**ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਗਟ ਹੋਣਾ** 105
*ਬਾਬਾ ਜੱਸਾ ਸਿੰਘ* 105
*ਸਤਿਗੁਰੂ ਰਾਮ ਸਿੰਘ ਜੀ ਪ੍ਰਗਟ ਹੋਏ* 105
*ਸੁੰਦਰ ਸਰੂਪ* 106
*ਸਤਿਗੁਰੂ ਜੀ ਦਾ ਬਾਲਪਨ* 107
*ਮਹਾਰਾਜ ਬੁੱਧ ਸਿੰਘ ਜੀ ਦਾ ਜਨਮ* 107
*ਸਤਿਗੁਰੂ ਜੀ ਦਾ ਮੰਗਣਾ* 108
*ਪੈਂਤੀ ਲਿਖੀ* 108
*ਵਿਆਹ* 109
*ਸਾਧੂ ਬਿਰਤੀ* 109
*ਮਹਾਰਾਜ ਬੁੱਧ ਸਿੰਘ ਜੀ ਦਾ ਮੰਗਣਾ ਅਤੇ ਵਿਆਹ* 109
*ਸਤਿਗੁਰੂ ਜੀ ਦਾ ਸਰੂਪ* 110
*ਪੜ੍ਹਨ ਗਏ* 111
*ਖਾਲਸਾ ਫ਼ੌਜ ਵਿੱਚ ਭਰਤੀ* 111
*ਮਹਾਰਾਜਾ ਰਣਜੀਤ ਸਿੰਘ* 111
*ਖਾਲਸਾ ਮਲੇਛ* 112
*ਫ਼ੌਜੀ ਸਿੰਘ ਹਜ਼ਰੋਂ ਗਏ* 112
*ਅੱਟਕ ਦਰਿਆ ਵਿੱਚੋਂ ਗੀਟੀ ਨਿਕਲੀ* 113
*ਲਾਹੌਰ ਨੂੰ ਵਾਪਸੀ* 113
**ਖਾਲਸਾ ਫ਼ੌਜ ਦੀ ਨੌਕਰੀ ਸਮੇਂ ਦੇ ਕੌਤਕ** 115
*ਸਫ਼ਾਂ ਕੁਤਰਨੀਆਂ* 115
*ਫ਼ੌਜੀ ਸਿੰਘਾਂ ਨੂੰ ਭਰੋਸਾ ਹੋਣਾ* 115
*ਹਜ਼ਰੋਂ ਸਾਹਿਬ ਗਏ* 116
*ਗੁਰਤਾ ਪ੍ਰਾਪਤੀ* 117
*ਤਵੀ ਸੋਨੇ ਦੀ ਹੋਈ* 118
*ਕਾਹਨ ਸਿੰਘ ਦਾ ਪੱਟ ਚੀਰਨਾ* 118
*ਸੋਨਾ ਅਤੇ ਸ਼ਸਤਰ* 119
*ਤੋਪ ਨਾਲ ਬਨ੍ਹਣਾ* 119
*ਖੂਹ ਢਹਿਣਾ* 120
*੧੨ ਦਿਨਾਂ ਦੀ ਛੁੱਟੀ ਆਏ* 120
*ਮਸਤਾਨਾ ਰੂਪ* 121
*ਮਕਬਰੇ ਉੱਤੇ ਚੜ੍ਹੇ* 121
*ਕਰਨੈਲ ਨੂੰ ਸਰਾਪ* 122
*ਖਾਲਸਾ ਫ਼ੌਜ ਦੀ ਦਸ਼ਾ* 122
*ਜੜ੍ਹਾਂ ਪੁੱਟੀਆਂ ਗਈਆਂ ਹੈਂ* 123
*ਨਾਮ-ਬਾਣੀ ਦਾ ਉਪਦੇਸ਼* 123
*ਖਾਲਸਾ ਮਲੇਛ* 124
*ਪੰਜਾਬ ਸਿੰਘ ਨੂੰ ਸਰਾਪ* 125
*ਧਰਿਆ ਤੇਜ ਕਰਾਰਾ* 126
*ਨਿਹੰਗ ਬਣੇ* 126
*ਡੱਕੇ ਦੁਆਰਾ ਕੌਤਕ* 127
*ਕੂੜ ਸੋਇਨਾ* 127
*ਸੁਖ-ਨਿਧਾਨ* 127
*ਗਿਰਧਰ ਨਾਲ ਬਚਨ* 128
*ਮੁਹਲਤ ਪਿੱਛੋਂ ਭਜਨ* 128
*ਮਕਬਰੇ ਵਿੱਚ* 128
*ਲੰਗਰ ਆਰੰਭ* 129
*ਬੇਪਰਵਾਹ ਰੂਪ* 129
*ਗਿਣਤੀ ਵਿਚ ਆਣ ਹਾਜ਼ਰ ਹੋਏ* 129
*ਕਾਹਨ ਸਿੰਘ ਨੇ ਸੀਸ ਦੇਣਾ* 130
*ਇਉਂ ਬਣੀਦਾ ਹੈ ਬ੍ਰਹਮ ਗਿਆਨੀ* 131
*ਅਗਨੀ ਪਰੀਖਿਆ* 131
*ਸਿਪਾਹੀ ਕਰਾਮਾਤੀ ਹੈ* 132
*ਗਫ਼ਲਤ ਦਾ ਦੁੱਖ* 133
*ਛੁੱਟੀ ਆਏ* 134
*ਲਹਿਣਾ ਸਿੰਘ ਜ਼ਿਮੀਂਦਾਰ* 135
*ਤਲਵਾਰ ਖੜਕ ਪਈ* 136

| | |
|---|---|
| *ਫ਼ੌਜ ਵਿੱਚ ਵਾਪਸ* | *136* |
| *ਲਾਹੌਰ ਪਹੁੰਚੇ* | *137* |
| *ਫ਼ੌਜ ਦੀ ਚੜ੍ਹਾਈ ਦਾ ਅਰਦਾਸਾ* | *138* |
| *ਡਾਕੀ ਪਈ* | *138* |
| *ਮੁਦਕੀ ਦੀ ਲੜਾਈ* | *139* |
| *ਲੁਧਿਆਣੇ ਪਹੁੰਚੇ* | *140* |
| *ਮਾਮੀ ਰਾਮੀਂ* | *140* |
| *ਅੰਤਰਯਾਮਤਾ* | *141* |
| *ਬਿੰਦੀ ਪੁੱਤਰ ਨਹੀਂ ਰੱਖਣਾ* | *141* |
| *ਮਾਮਾ ਹਰੀ ਸਿੰਘ* | *141* |
| *ਖੋਟ ਕੱਢਿਆ* | *142* |
| *ਤੇਰੀ ਰਜ਼ਾਇ* | *143* |
| *ਢੰਢਾਰੀ ਆਏ* | *143* |
| *ਜੰਡਿਆਲੀ ਪਿੰਡ* | *143* |
| *ਰਾਮਦਾਸ ਪੁਰੇ ਪਹੁੰਚੇ* | *143* |
| *ਭਰਾਈਆਂ ਨੂੰ ਦਾਣੇ* | *144* |
| **ਮਸਤਾਨੀ ਅਵਸਥਾ** | **145** |
| *ਸਮਰੱਥ ਪੁਰਖ* | *145* |
| *ਸਾਨੂੰ ਬਿੱਲੇ ਲੈ ਜਾਣਗੇ* | *147* |
| *ਸਮਾਧੀ ਮੈ ਦਰਸ਼ਨ* | *148* |
| *ਦਾਨਾ ਰੂਪ ਧਾਰਿਆ* | *148* |
| *ਮੈਂ ਕਿਉਂ ਕਹਿਣਾ ਸੀ* | *148* |
| *ਏਹੁ ਆਪ ਪ੍ਰਮੇਸਰ ਹੈ* | *149* |
| *ਮਹਾਰਾਜ ਬੁੱਧ ਸਿੰਘ ਜੀ* | *149* |
| *ਹਮੀਰੇ ਜ਼ਿਮੀਂਦਾਰ ਨੂੰ ਸਰਾਪ* | *150* |
| *ਰਾਈਆਂ ਵਿੱਚ ਖੇਤੀ* | *150* |
| *ਮੁੜ ਰਾਮਦਾਸ ਪੁਰੇ ਆਏ* | *151* |
| *ਹਾੜੀ ਬੀਜੀ* | *152* |
| *ਫ਼ਿਰੋਜ਼ਪੁਰੇ ਜਾਣਾ* | *153* |
| *ਨਿਹਾਲ ਸਿੰਘ ਤੇ ਬਖ਼ਸ਼ਿਸ਼* | *154* |
| *ਖ਼ਜ਼ਾਨ ਸਿੰਘ ਚੜ੍ਹਾਈ ਕੀਤੀ* | *154* |
| **ਸੰਤ ਖਾਲਸੇ ਦੀ ਸਾਜਣਾ** | **155** |
| *ਹੱਟੀ ਕੀਤੀ* | *155* |
| *ਪ੍ਰਗਟ ਹੋਵੋ* | *155* |
| *ਸਿੰਘ ਔਣ ਲੱਗੇ* | *156* |
| *ਲਾਭ ਸਿੰਘ ਸੂਰਮੇ ਦਾ ਹਜ਼ਰੋਂ ਜਾਣਾ* | *156* |
| *ਸੰਗਤ ਦੀ ਆਵਾਜਾਈ* | *157* |
| *ਮਾਈ ਪੱਧਰੀ ਵਾਲੀ ਨੇ ਭਜਨ ਲਿਆ* | *158* |
| *ਸੰਤ ਖਾਲਸੇ ਦੀ ਸਾਜਣਾ* | *159* |
| *ਚੌਦੇ ਦੀ ਵੈਸਾਖੀ* | *160* |
| *ਡੇਰੇ ਦਾ ਪ੍ਰਬੰਧ* | *161* |
| *ਲਾਹੌਰ ਕਾ ਘਰ ਮਾਰਿਆ ਹੈ* | *162* |
| *ਅਗਨੀ ਵਿਚ ਛਾਲ* | *162* |
| *ਅਕਾਲ ਪੁਰਖ ਤੋਂ ਵਰ* | *163* |
| *ਸਾਧਾਂ ਨੇ ਭਜਨ ਲੈਣਾ* | *164* |
| *ਲਹਿਣਾ ਸਿੰਘ ਤੇ ਕਿਰਪਾ* | *164* |
| *ਦੀਪਮਾਲਾ ਸ੍ਰੀ ਅੰਮ੍ਰਿਤਸਰ* | *165* |
| *ਸ੍ਰੀ ਸਤਿਗੁਰੂ ਜੀ ਦਾ ਪ੍ਰਤਾਪ* | *166* |
| *ਰਾਮੋਂ ਨੂੰ ਸਰਾਪ* | *167* |
| *ਮੁੰਡੀਆਂ ਮੈ ਗਏ* | *168* |
| *ਨਫ਼ਾ ਆਇਆ* | *168* |
| *ਤਾਰੇ ਟੁੱਟਣੇ* | *168* |
| *ਮਹੰਤ ਸੁੱਧ ਸਿੰਘ ਦੁਰਗਾਪੁਰੀਆ* | *168* |
| **ਸ੍ਰੀ ਹਜ਼ਰੋਂ ਸਾਹਿਬ ਜਾਣਾ** | **170** |
| *ਹਜ਼ਰੋਂ ਸਾਹਿਬ ਆਏ* | *170* |
| *ਕ੍ਰਿਸ਼ਨ ਸ਼ਾਹ ਦਾ ਲੰਗਰ* | *170* |
| *ਨਿਮਰਤਾ* | *172* |
| *ਭਜਨ ਦਾ ਉਪਦੇਸ਼* | *172* |
| *ਮੁਠੱਡੀਂ ਆਏ: ਵਜੀਰੇ ਕੋ ਭਜਨ* | *172* |
| *ਬਾਬਾ ਸਾਹਿਬ ਸਿੰਘ ਆਇਆ* | *173* |
| *੧੯੧੭ ਬਿਕਰਮੀ ਦਾ ਕਾਲ (੧੮੬੦ ਈ.)* | *174* |
| *ਮੁਠੱਡੀਂ ਗਏ* | *174* |
| *ਧੁਲੇਤੇ ਵਿੱਚ* | *175* |
| *ਫੇਰ ਮੁਠੱਡੀਂ ਆਏ* | *175* |
| *ਪੰਛੀ ਛੁਡਾਏ* | *176* |
| **ਅੱਧ-ਕੁੰਭੀ ਕਾ ਮੇਲਾ, ਹਰਿਦੁਆਰ** | **177** |
| *ਤਿਆਰ* | *177* |
| *ਬੀਬੀ ਦਇਆ ਕੌਰ ਨੂੰ ਸਰਾਪ* | *178* |
| *ਪਹਿਲਾ ਪੜਾਓ ਖੰਨੇ* | *179* |
| *ਡੱਬੂ-ਕਾਲੂ* | *179* |
| *ਅੰਬਾਲੇ ਪੁੱਜੇ* | *180* |
| *ਮਾਰਕੰਡਾ ਨਦੀ ਤੇ* | *180* |
| *ਕੁਰਛੇਤਰ ਦਾ ਦਰਸ਼ਨ* | *181* |
| *ਦਿੱਤੂ ਰਾਗੀ ਨੂੰ ਵਰ* | *183* |
| *ਇਓਂ ਅਦਬ ਰੱਖੀਦਾ ਹੈ* | *183* |
| *ਗੁਪਤ ਹੋਇ ਗਏ* | *183* |
| *ਦਇਆ ਕੌਰ ਨੂੰ ਚੱਕਰ* | *184* |
| *ਜਮਨਾ ਦਰਸ਼ਨ* | *184* |

| | |
|---|---|
| ਗੋਤ ਕਨਾਲਾ | 185 |
| ਸਹਾਰਨਪੁਰੇ ਪੁੱਜੇ | 185 |
| ਰੁੜਕੀ ਪਹੁੰਚੇ | 185 |
| ਘੱਗੂ ਨਾਥ | 186 |
| ਸਾਹਬੋ ਨਾਲ ਕੌਤਕ | 186 |
| ਕਿਉਂ ਨਾ ਬਾਬਾ ਕਹੀਏ | 187 |
| ਟੱਪਾ ਕਿ ਭਜਨ | 188 |
| ਗੰਗਾ (ਹਰਿਦੁਆਰ) ਪਹੁੰਚੇ | 189 |
| ਗੰਗਾ ਦੇ ਦਰਸ਼ਨ | 189 |
| ਮਾਈ ਸੁੱਖਾਂ | 189 |
| ਹਜ਼ਰੋਂ ਦੀ ਸੰਗਤ ਨੂੰ ਲੰਗਰ | 190 |
| ਗੰਨੇ ਵਰਤਾਏ | 190 |
| ਅਵਧੂਤ ਰੂਪ | 190 |
| ਮਾਰ ਕੁੱਟ | 191 |
| ਗੋਲੀ ਚੁੱਕਣੀ | 191 |
| ਰਾਮਰਾਇ ਦੇ ਡੇਰੇ ਦਾ ਮਹੰਤ | 192 |
| ਆਗਤ-ਭਾਗਤ | 192 |
| ਗੰਗਾ, ਜਮਨਾ, ਸਰਸਵਤੀ | 193 |
| ਜੱਸਾਂ ਨੂੰ ਗੋਤੇ | 193 |
| ਭੂਆ ਲਗਦੀ ਹੈ | 194 |
| ਪਛਤਾਏ | 195 |
| ਸੰਤ ਖਾਲਸੇ ਕੀ ਜੜ੍ਹ ਲਾਈ ਹੈ | 195 |
| ਮਾਰ-ਕੁੱਟ | 196 |
| ਕੋਹੜ ਦੂਰ ਹੋਇਆ | 197 |
| ਪੱਧਰੀ ਵਾਲੀ ਮਾਈ ਨਾਲ ਕੌਤਕ | 198 |
| ਗੰਗਾ ਤੋਂ ਵਾਪਸੀ | 198 |
| ਮਾਰਕੰਡੇ ਆਏ | 199 |
| ਗੁਰਦੁਆਰਾ ਮੰਜੀ ਸਾਹਿਬ | 200 |
| ਬਾੜੇ ਕੇ ਪੜਾਓ ਆਏ | 200 |
| ਖੰਨੇ ਪਹੁੰਚੇ | 201 |
| ਤੇਰੀਆਂ ਤੂੰ ਹੀ ਜਾਣੇਂ | 201 |
| ਆਵੋ ਮਹੰਤੀ ਦੇਵੀਏ | 202 |
| ਰਾਮਦਾਸ ਪੁਰੇ ਸਾਹਿਬ ਆਏ | 202 |
| **ਪ੍ਰਚਾਰ ਵਧਦਾ ਗਿਆ** | **203** |
| ਵਜੀਰੇ ਨੰਬਰਦਾਰ ਨੂੰ ਕੁੱਟਿਆ | 203 |
| ਧਰਤੀ ਪਰ ਧਰਮ ਚਲਾਵਾਂਗੇ | 203 |
| ਸੰਤਾਂ ਕੇ ਬਚਨ ਐਸੇ ਹੀ ਹੁੰਦੇ ਹੈਂ | 204 |
| ਮਾਈ ਟਰਪੱਲਿਆਂ ਵਾਲੀ | 204 |
| ਸੰਗਤ ਰਹੇਗੀ | 206 |
| ਤਾੜਨਾ | 206 |
| ਨਾਲੇ ਜਗੀਰਾਂ ਦੇਵਾਂਗੇ | 206 |
| ਝੂਠੀ ਪੂਜਾ | 207 |
| ਦਲਿਦ੍ਰ ਫੂਕਿਆ | 207 |
| ਜੈ ਭਾਵੈ ਤੈ ਦੇਇ | 207 |
| ਤੇਰੀਆਂ ਤੂੰ ਹੀ ਜਾਣੇਂ | 207 |
| ਸਤਿਗੁਰੂ ਜੀ ਦਾ ਸੁਭਾਉ | 208 |
| ਦਰਬਾਰਾ ਸਿੰਘ | 208 |
| ਧਰੌੜੀਂ ਗਏ | 208 |
| ਮਲੋਟ ਵਿਚ ਦਰਸ਼ਨ | 209 |
| ਦਿਆਲ ਪੁਰਾ | 209 |
| ਬਖ਼ਸ਼ ਦਿੱਤਾ | 209 |
| ਸਰਦਾਰ ਅਤੇ ਮਿਸਰ ਨੂੰ ਭਜਨ | 210 |
| ਆਪਣ ਹਥੀਂ ਆਪਣਾ | 210 |
| ਜੈਸੀ ਭਾਵਨਾ ਹੋਵੇਗੀ | 211 |
| ਦੋਨੋਂ ਭਾਈ ਏਕ ਰੂਪ | 212 |
| ਮੁਠੱਡਿਆਂ ਦੇ ਬ੍ਰਾਹਮਣ | 212 |
| ਰਾਮਦਾਸ ਪੁਰੇ ਮੈ | 213 |
| ਤੁਸੀਂ ਮੈਨੂੰ ਕਾਹਿਆਂ ਕੀਤਾ ਹੈ | 213 |
| ਸੂਤਰ | 213 |
| ਗੜਵੇ ਰੱਖੋ | 214 |
| **ਮਾਘੀ ਦਾ ਮੇਲਾ ਮੁਕਤਸਰ** | **215** |
| ਮੁਖ਼ਬਰ ਨਾਈ | 215 |
| ਮੈਣ ਦੁਆਬ ਦੀ ਮਾਈ | 216 |
| ਜੋਗਾ ਸਿੰਘ ਧੂੜਕੋਟ ਨੇ ਭਜਨ ਲਿਆ | 216 |
| ਟਿੱਬੀ ਸਾਹਿਬ ਗਏ | 217 |
| ਗੁਰਦੁਆਰਿਆਂ ਦੇ ਦਰਸ਼ਨ | 218 |
| ਖੁਸ਼ਕ ਖੂਹੀ ਤੋਂ ਅਮੁਕ ਜਲ | 218 |
| ਤਿਨ ਚੁਆਨੀਆਂ | 218 |
| ਮਾਘੀ ਤੋਂ ਵਾਪਸੀ | 219 |
| ਪ੍ਰਤਾਪ ਵਧਣ ਲਗਾ | 219 |
| ਸ੍ਰ. ਮੰਗਲ ਸਿੰਘ ਬਿਸ਼ਨਪੁਰੀਆ | 220 |
| ਚੀਨੀ ਘੋੜੀ | 220 |
| ਕੁਸ਼ਾਲ ਸਿੰਘ ਨੂੰ ਦ੍ਰਿਸ਼ਟਾਂਤ | 220 |
| ਸ਼ਿਕਾਰੀਆਂ ਨੂੰ ਮਾਰ | 221 |
| ਲੱਲਾਂ ਦੇ ਸਿੰਘ | 222 |
| ਬਚਨ ਪੂਰਾ ਹੋਇਆ | 222 |
| ਹੱਟੀ ਚਲਣੀ | 222 |
| ਸਾਧੂ ਸਿੰਘ ਨੂੰ ਸਰਾਪ | 223 |

*ਰਾਏ ਸਿੰਘ ਹਜ਼ੂਰ ਸਾਹਿਬ ਭੇਜਿਆ* 223
**ਸਤਿਗੁਰੂ ਬਾਲਕ ਸਿੰਘ ਜੀ ਦਾ ਜੋਤੀ ਜੋਤ ਸਮਾਉਣਾ 224**
*ਹੇਮ ਕੌਰ ਦੀ ਮਿਰਗੀ ਹਟਾਈ* 224
*ਡੇਹਰੇ ਸਾਹਿਬ ਦਾ ਚਲਨ* 224
*ਬਾਬਾ ਸੰਗਤਾ ਜੀ* 226
*ਜੋਤੀ ਜੋਤ ਸਮਾਉਣਾ* 227
*ਅਸੀਂ ਨਹੀਂ ਰਹਿਣਾ* 228
*ਜੋਤੀ ਜੋਤ ਸਮਾਵਣੇ ਕੀ ਖ਼ਬਰ ਆਈ* 229
*ਹਜ਼ਰੋਂ ਨੂੰ ਤੁਰੇ* 230
*ਗਿੱਲਾਂ ਦਾ ਦੈਂਤ* 230
*ਬਾਬਾ ਜਮੀਤ ਸਿੰਘ ਦੀ ਸ਼ਰਧਾ* 231
*ਸਤਿਗੁਰਾਂ ਨੂੰ ਦਸਤਾਰ ਭੇਟ* 232
*ਹਜ਼ਰੋਂ ਦੀ ਸੰਗਤ ਅੰਮ੍ਰਿਤਸਰ ਨੂੰ* 232
*ਪਸਰੂਰ ਵਿੱਚ ਲੜਾਈ* 233
*ਰਿਖੀ ਸਿੰਘ* 234
*ਜੋ ਭਜਨ ਪੁਛਦਾ ਹੈ* 234
*ਉੱਗੂ ਚੱਕ ਤੋਂ ਗੁਰੂ ਚੱਕ* 235
*ਕੂਕੇ* 236
*ਵੈਸਾਖੀ ਅੰਮ੍ਰਿਤਸਰ,*
*੧੯੨੦ ਬਿ. ਅਪ੍ਰੈਲ ੧੮੬੩ ਈ.* 236
*ਕਰਤਾਰਪੁਰੇ ਆਏ* 237
*ਹਜ਼ਰੋਂ ਦੀ ਸੰਗਤ ਗੰਗਾ ਤੋਂ ਵਾਪਸ* 237
*ਰਾਮਦਾਸ ਪੁਰੇ ਨੂੰ* 238
*ਘਰ ਵਿੱਚ ਚੋਰੀ* 239
**ਅਨੰਦ ਮਰਯਾਦਾ ਦਾ ਆਰੰਭ 240**
*ਮਾਈਆਂ ਨੂੰ ਅੰਮ੍ਰਿਤ* 240
*ਅਨੰਦ ਮਰਯਾਦਾ ਦਾ ਆਰੰਭ: ਪਿੰਡ ਖੋਟੇ* 241
*ਬ੍ਰਾਹਮਣਾਂ ਅਰਜ਼ੀ ਪਾਈ* 241
**ਸ੍ਰੀ ਭੈਣੀ ਸਾਹਿਬ ਵਿਚ ਨਜ਼ਰਬੰਦੀ 243**
*ਨਵੀਂ ਸਫ਼ ਵਿਛਾਇ ਦਿਤੀ ਹੈ* 243
*ਬੀਬੀ ਦਇਆ ਕੌਰ ਨੂੰ ਸਰਾਪ* 243
*ਗਊ ਕਿ ਗਧਾ* 243
*ਤਾਂ ਛਕਣਾ* 244
*ਸੰਤ ਖਾਲਸਾ* 245
*ਹਹੂਰ ਗਏ* 245
*ਖਾਲੀ ਹੀ ਗਏ* 246
*ਜੀਵਨ ਦਾਨ* 246
*ਨਾਮ ਜਪਿਆ ਕਰੋ* 247
*ਸੁਨਿਆਰੇ 'ਤੇ ਬਖਸ਼ਿਸ਼* 247
*ਜਲ ਨਾ ਛਕਾਉਣ ਤੇ ਤਨਖ਼ਾਹ* 247
*ਨੇੜੇ ਕੇ ਦੂਰ* 248
*ਏਹ ਹਾਲ ਹੋਵੇਗਾ* 248
*ਉਪਦੇਸ਼* 248
**ਅਨੰਦਪੁਰ ਸਾਹਿਬ ਵਿਖੇ ਪਹਿਲਾ ਹੋਲਾ 250**
*ਸਤਿਗੁਰੂ ਜੀ ਅਨੰਦਪੁਰੇ ਨੂੰ ਚੱਲੇ* 251
*ਕੀਰਤਪੁਰ ਪਹੁੰਚੇ* 252
*ਦਸਤਾਰੇ ਰੰਗ ਲਵੋ* 252
*ਗਲਤ ਰੁਪਯਾ* 252
*ਭਜਨ ਵੀ ਨਹੀਂ ਮਿਲਦਾ* 253
*ਬਾਬੇ ਗੁਰਦਿੱਤੇ ਦੇ ਡੇਰੇ* 253
*ਅਨੰਦਪੁਰ ਪਹੁੰਚੇ : (੧੯ ਮਾਰਚ ੧੮੬੭ ਈ.)* 254
*ਮੇਮ ਨੂੰ ਦਰਸ਼ਨ* 254
*ਕੋਰਾ ਜਵਾਬ* 255
*ਗੁਰਦੁਆਰਿਆਂ ਦੇ ਦਰਸ਼ਨ* 256
*ਮਹੱਲਾ ਖੇਡਿਆ* 257
*ਸ਼ਹਿਰ ਦੇ ਲੋਕਾਂ ਨੂੰ ਦਰਸ਼ਨ* 258
*ਸਫ਼ ਸਮੇਟ ਲੈ* 259
*ਜੈਮਲ ਸਿੰਘ* 259
*ਕਿਤਨੇ ਕੁ ਨਾਮਧਾਰੀ ਆਏ* 260
*ਫਤੇ ਸਿੰਘ ਸੋਢੀ ਨੂੰ ਭਜਨ* 261
*ਬ੍ਰਾਹਮਣਾਂ ਕੋ ਉੱਤਰ* 261
*ਵਾਪਸੀ* 262
*ਫੋਟੋ ਨਾ ਉਤਰੀ* 262
*ਸ਼ਹੀਦ ਮਿਲਿਆ* 263
*ਦੁਰਗਾਪੁਰ ਆਏ* 263
*ਤਾੜਨਾ* 263
*ਰਾਮਦਾਸ ਪੁਰੇ ਆਏ* 264
*ਸ੍ਰ: ਮੰਗਲ ਸਿੰਘ ਦੇ ਭਰਾ ਦੀ ਸ਼ਾਦੀ* 264
*ਕਿਰਤ ਕਰਨਾ ਹੀ ਧਰਮ ਹੈ* 264
**ਦੀਪਮਾਲਾ ਸ੍ਰੀ ਅੰਮ੍ਰਿਤਸਰ 266**
*ਅੰਮ੍ਰਿਤਸਰ ਪਹੁੰਚੇ* 267
*ਪੁਜਾਰੀਆਂ ਨੂੰ ਤਾੜਨਾ* 269
*ਮੁਰਾਦ ਪੂਰੀ ਹੋਈ* 270
*ਪਠਾਣ ਦਾ ਸ੍ਰੀ ਸਾਹਿਬ* 270
*ਮੈਂ ਨਹੀਂ ਰਹਿੰਦਾ ਹਾਂ* 271
*ਪੁਜਾਰੀਆਂ ਦੀ ਚਿੱਠੀ* 272
*ਮਾਂ ਤੇ ਪੁੱਤ* 273
*ਹੱਲਾ* 273

| | |
|---|---|
| *ਅਕਾਲ ਪੁਰਖ ਕਿਵੇਂ?* | *274* |
| *ਵਾਇਸਰਾਇ ਨਾਲ ਬਚਨ* | *274* |
| *ਬਾਬਾ ਜੀ ਨੇ ਕਛਹਿਰੇ ਪਾਏ* | *274* |
| **ਮੁਕਤਸਰ ਦੀ ਮਾਘੀ ਅਤੇ ਪ੍ਰਚਾਰ** | **276** |
| *ਮਾਘੀ ਮੁਕਤਸਰ* | *276* |
| *ਤੁਸੀਂ ਅਕਾਲ ਪੁਰਖ ਆਖਿਆ ਕਰੋ* | *277* |
| *ਮੰਤਰ ਸੱਚਾ ਹੈ* | *277* |
| *ਸੁੱਚਮ* | *278* |
| *ਦੇਵਾ ਸਿੰਘ ਦੀ ਪਰਖ* | *278* |
| *ਕੂਕਪਣਾ* | *278* |
| *ਤਾਂ ਤੁਹਾਨੂੰ ਪਤਾ ਲੱਗੂ* | *279* |
| *ਗੁਰਮੁਖੀ ਪੜ੍ਹੋ* | *279* |
| *ਬਜਰ ਸਰੀਰ* | *279* |
| *ਬੀਬੀ ਦਇਆ ਕੌਰ ਦਾ ਕਤਲ* | *280* |
| *ਪਟਿਆਲੇ ਦੇ ਮਹਾਰਾਜੇ ਨੂੰ ਸਰਾਪ* | *281* |
| *ਬੀਬੀ ਨੰਦਾਂ ਦੀ ਰੋਗ ਮੁਕਤੀ* | *284* |
| *ਬੰਦਗੀ ਕਰਿਆ ਕਰੋ* | *285* |
| *ਸੱਦਾਂ ਮਸਤਾਨੀ* | *285* |
| *ਤਾਂ ਸ਼ਾਂਤ ਆਈ* | *285* |
| *ਸੰਤ ਸਰਾਪ* | *285* |
| *ਦੂਰ ਜਾਂ ਨੇੜੇ ਰਹਿਣ ਵਾਲੇ* | *286* |
| *ਸਤਿਜੁਗ ਵਰਤਣ ਲਗ ਪਿਆ* | *286* |
| *ਖਾਲਸਾ ਤੇਰੇ ਪੁੱਤਰ ਹੈਨ* | *287* |
| *ਆਪ ਸਰਬ ਕੇ ਠਾਕੁਰ ਹੋ* | *287* |
| *ਨਿਸਚਾ ਪੱਕਾ ਹੋਇਆ* | *288* |
| *ਨਿਸ਼ਾਨੀ ਤੁਰੀ ਆਉਂਦੀ ਹੈ* | *288* |
| *ਪਊਇਆਂ ਕਾ ਮੰਤਰ* | *288* |
| *ਪਾਪ* | *289* |
| *ਲੁਟ ਲੈ ਗਏ* | *289* |
| *ਅਕਾਲ ਪੁਰਖ ਦੇ ਰੰਗ* | *289* |
| *ਏਹ ਮਨੁੱਖਾ ਸਰੀਰ ਕਿਵੇਂ ਮਿਲਿਆ ਹੈ* | *289* |
| *ਹਾਲ ਫਕੀਰਾਂ ਦਾ ਕਹਿਣਾ* | *291* |
| *ਸਾਡੇ ਕੰਮੋਂ ਗਿਆ* | *291* |
| *ਜਲ ਪਿਲਾਇਆ* | *292* |
| *ਭੰਨ ਕੇ ਘੜਨੀ ਹੈ* | *292* |
| *ਸੱਚ ਰਹਿ ਜਾਏਗਾ* | *293* |
| *ਮੈਂ ਭੁਲ ਗਿਆ ਹਾਂ* | *293* |
| *ਸੇਵਾ ਕਰਨੀ ਉੱਤਮ ਹੈ* | *294* |
| *ਤੂੰ ਮੈਨੂੰ ਕੀ ਜਾਣਦੀ ਹੈਂ* | *294* |
| *ਨਰਕਾਂ ਮੇਂ ਜਾਇ ਪਿਆ* | *294* |
| *ਖ਼ਤਾ ਮਾਫ਼ ਕਰਨੀ* | *295* |
| *ਪ੍ਰਤਾਪ ਸਿੰਘ ਹੋਵੇਗਾ ਵੱਡੇ ਪ੍ਰਤਾਪ ਵਾਲਾ* | *295* |
| *ਤੂੰ ਨਹੀਂ ਰੱਜੇਂਗਾ* | *295* |
| *ਹਜ਼ਰੋਂ ਦੀ ਮਹੰਤੀ* | *296* |
| *ਬਘੇਲ ਸਿੰਘ ਦਾ ਬਦਲਾ* | *296* |
| **ਅੰਮ੍ਰਿਤਸਰ ਅਤੇ ਦੜਪ ਇਲਾਕੇ ਵਿਚ ਪ੍ਰਚਾਰ** | **298** |
| *ਮੁਠੱਡੀਂ ਪੁੱਜੇ* | *298* |
| *ਸ਼ੁੱਧ ਪਾਠ* | *298* |
| *ਦੀਪਮਾਲਾ ਸ੍ਰੀ ਅੰਮ੍ਰਿਤਸਰ (੧੮੬੮ ਈ.)* | *299* |
| *ਦਰਬਾਰ ਸਾਹਿਬ ਕਾ ਦਰਸ਼ਨ* | *300* |
| *ਤੁਸੀਂ ਕੈਹ ਦਿਓ* | *300* |
| *ਨੇਰੈ ਹੀ ਤੇ ਨੇਰਾ* | *300* |
| *ਕਾਨ੍ਹੇ ਕਾਛੇ ਆਏ* | *301* |
| *ਰਾਜੇ ਜੰਗੀ* | *301* |
| *ਲਾਹੌਰ ਪੁੱਜੇ* | *302* |
| *ਹੁਕਮ ਸਿੰਘ ਨੂੰ ਭਜਨ* | *303* |
| *ਚਾਹਲਾਂ ਵਿਖੇ ਦੀਵਾਨ* | *303* |
| *ਬਿਮਾਰੀ ਹਟਾਈ* | *303* |
| *ਜੋਧ ਸਿੰਘ ਮਜ਼੍ਹਬੀ* | *304* |
| *ਠਾਕੁਰ ਸਿੰਘ ਦਰਸ਼ਨਾਂ ਕੋ* | *304* |
| *ਢਾਈ ਸਿੱਖ* | *305* |
| *ਛੋਟੀਆਂ ਗਲੋਟੀਆਂ ਦਾ ਗੁਰਦਿੱਤਾ* | *305* |
| *ਗਿੱਲਾਂ ਵਿਖੇ ਮਾਘੀ* | *306* |
| *ਮਾਨਾਂਵਾਲੇ ਸਰਦਾਰ* | *307* |
| *ਮਾਨਾਂਵਾਲੇ ਦਰਸ਼ਨ* | *307* |
| *ਸਬਾਜ ਪੁਰੇ ਪਧਾਰੇ* | *308* |
| *ਪਰਮ ਸੁਖ* | *308* |
| *ਖੂਹ ਸ਼ੁੱਧੀ* | *309* |
| *ਪੜਾਉ ਅਗਲੇ ਪਿੰਡ* | *309* |
| *ਦੋ ਦੀ ਥਾਂ ਇੱਕੀ* | *309* |
| *ਲੋਹੇ ਤੋਂ ਸੋਇਨਾ* | *310* |
| *ਬਾਬਾ ਲੱਖਾ ਸਿੰਘ* | *310* |
| *ਜਾਣੀ ਜਾਣ ਸਤਿਗੁਰੂ* | *311* |
| *ਜਗਦੀਸ਼ ਸਿੰਘ ਸੇਖਾਂ ਵਾਲਾ* | *311* |
| **ਹੋਲਾ ਮਾਨਾਂਵਾਲੇ ਦਾ** | **313** |
| *ਅੰਮ੍ਰਿਤ ਬਰਸਦਾ ਰਿਹਾ* | *313* |
| *ਲੜਕਾ ਜਿਊਂਦਾ ਕੀਤਾ* | *313* |
| *ਜੋ ਨਾਮ ਜਪੇਗਾ* | *315* |

*ਜੋੜਾ ਦੀਆ ਨਾਲੇ ਖੁਸ਼ੀਆਂ* 315
*ਅੰਤਰਯਾਮੀ ਗੁਰੂ* 315
*ਬੇ-ਮੁਨਿਆਦਾ* 316
*ਸੋ ਬਚੇਗਾ ਜੋ ਨਾਮ ਜਪੇਗਾ* 316
*ਸਭ ਹਟ ਜਾਣਗੇ* 317
*ਹੁਣ ਖੁਭ ਗਏ ਚਰਨ* 317
*ਕਸ਼ਮੀਰੀ ਸਾਧੂ ਦੇ ਬਚਨ* 317
*ਪਾਣੀ ਭਰਨ ਤੋਂ* 317
*ਲਾਹੌਰ ਆਏ* 318
*ਵਸਾਖੀ ਸ੍ਰੀ ਅੰਮ੍ਰਿਤਸਰ-*
*ਸੰਮਤ ੧੯੨੬ ਬਿ. (੧੮੬੯ ਈ.)* 318
*ਕੋਈ ਉੱਤਰ ਨਾ ਫੁਰਿਆ* 319
*ਅਰਜ਼ਾਂ* 320
*ਤੁਸੀਂ ਨਹੀਂ ਮੰਨਣਾ* 320
*ਸਤਿਜੁਗ ਵਰਤਾਇਆ ਹੈ* 321
*ਰਹਾਉ* 321
*ਸਾਰੇ ਸੁਖ ਖਾਲਸੇ ਨੂੰ* 321
*ਹੌਲ਼ਾ ਹੋਇਕੇ ਚਲਾ ਗਿਆ* 322
**ਥਰਾਜਵਾਲੇ ਦੀ ਘਟਨਾ** **323**
**ਸਮੇਂ ਸਮੇਂ ਦੇ ਬਚਨ** **327**
*ਭੁੱਲ ਗਿਆ ਹੈ, ਬਖ਼ਸ਼ੋ* 327
*ਸੋ ਮੇਰੇ ਮਨ ਭਾਂਵਦਾ ਹੈ* 327
*ਕੂਕੇ ਕਿਤਨੇ ਹੈਨ* 327
*ਹੁਣੇ ਹੀ ਚਾਹੀਦਾ ਸੀ* 328
*ਭਾਈ ਬੁੱਧ ਸਿੰਘ ਕੇ ਹੋਊ* 328
*ਜਵਾਹਰਾਤ ਹੋਇ ਜਾਣਗੇ* 328
*ਬਾਬਾ ਰਾਜੀ ਹੋਇ ਗਿਆ* 329
*ਗੁਰੂ ਲੁਹਾਰ ਵਤ ਹੈ* 329
*ਮੂਰਤੀ ਨਾ ਉਤਰੀ* 329
*ਸੂਤਰ* 329
*ਮਿਰਗ ਡਰਦੇ ਨਾ ਥੇ* 330
*ਆਜਾਨੁ ਬਾਹੁ* 331
*ਕਈ ਜਨਮਾਂ ਕੇ ਇਕੱਠੇ ਹੈਂ* 331
*ਸਤਿਗੁਰੁ ਜਾਗਤਾ ਹੈ ਦੇਉ* 332
*ਝੂਠੇ ਲੋਕ ਕਲਾਮ ਕਹਿੰਦੇ ਹੈਂ* 332
*ਜੀਉਣ ਦਾਸ ਉਦਾਸੀ* 333
*ਸਿੰਘ ਸਜਿਆ* 335
*ਤੂੰ ਭੀ ਲੁਟ ਲਈਂ* 337
*ਕੁਰਸੀ ਦੀ ਗੱਲ* 337
*ਭਾਈ ਹੀਰਾ ਸਿੰਘ ਸਕਰੌਦੀ* 337
**ਅਨੰਦਪੁਰ ਸਾਹਿਬ ਦਾ ਦੂਸਰਾ ਹੋਲਾ**
**ਸੰਮਤ ੧੯੨੬ ਬਿਕਰਮੀ (ਮਾਰਚ ੧੮੭੦ ਈ.)** **339**
*ਤਪਾ ਸਿੰਘ ਨਿਹੰਗ ਨਾਲ ਵਾਰਤਾਲਾਪ* 340
*ਸੱਦਾਂ ਮਸਤਾਨੀ* 342
*ਜੋਤਾ ਸਿੰਘ* 343
*ਪਹਿਲੂ ਸਿੰਘ ਦਾ ਰੁਪਯਾ* 344
*ਬ੍ਰਹਮ ਨਹੀਂ ਰਿਹਾ* 344
*ਕਾਨ੍ਹ ਸਿੰਘ ਗੜੀਵਾਲਾ* 345
*ਚਲਾ ਜਾ ਓਏ ਬਿੱਲਿਆ* 346
*ਕੀਰਤਪੁਰੇ ਆਏ* 348
*ਸਢੌਰੇ ਪਧਾਰੇ* 348
*ਭਜਨ ਤੇ ਬਾਣੀ ਦਾ ਦੇਸ* 349
*ਬਾਣੀ ਪੜ੍ਹਨੇ ਕੀ ਬਾਤ* 349
*ਬਚਨ ਮੰਨਣਾ ਇਹ ਹੈ* 350
*ਭਾਈ ਹੀਰਾ ਸਿੰਘ ਸਕਰੌਦੀ* 350
**ਮਾਲਵੇ ਦਾ ਦੌਰਾ** **352**
*ਸੁਖ ਦੀ ਵਾਰਤਾ* 352
*ਚੋਰ ਫੜਿਆ* 352
*ਨਾ ਬਣਾਓ* 353
*ਸੁੰਨੀਆ ਦਾ ਚੱਕ ਸੁੰਨਾ ਹੋਇਆ* 353
*ਨਥਾਣੇ ਵਿੱਚ* 354
*ਮੀਆਂ ਕਢਿਆ* 354
*ਕਿਸੇ ਸਿੰਘ ਨੂੰ ਛਕਾਇ ਦੇਓ* 354
*ਗਹਿਲਾਂ* 355
*ਰੂਮੀ* 355
*ਅਠੂਰ* 355
*ਕਮਾਲਪੁਰਾ* 356
*ਰਾਇਪੁਰੇ* 356
*ਲੋਹਗੜ੍ਹ* 357
*ਨਾਰੰਗਵਾਲ* 357
**ਸਤਿਗੁਰੂ ਜੀ ਦੇ ਹੋਰ ਬਚਨ** **358**
*ਨਾਮ ਘਿਓ, ਬਾਣੀ ਖੰਡ* 358
*ਕੁਮੱਤ ਨਾਲ ਵੈਰ ਹੈ* 358
*ਝੂਠੀ ਸੁਗੰਧ* 359
*ਬਾਲੀ ਦਾ ਰੂਪ* 360
*ਗੁਰੂਆਂ ਦੀ ਬਾਣੀ ਪੜ੍ਹੋ* 360
*ਪੋਥੀ ਮੈ ਲਿਖਾ ਹੈ* 361
*ਹਰਨਾਮ ਸਿੰਘ ਘੋੜੀ ਮਾਰ* 361

| | |
|---|---|
| ਮਸਤਾਨੇ ਮੇਰਾ ਰੂਪ ਹੈਨ | 361 |
| ਤਾਂ ਤੁਹਾਨੂੰ ਨਾਮ ਮਿਲਿਆ ਹੈ | 362 |
| ਡਿੱਗੀ ਪਈ ਮਰਿਆਦਾ | 362 |
| ਦੁੱਖ-ਸੁੱਖ ਅਕਾਲ ਪੁਰਖ ਦੀ ਆਗਿਆ ਨਾਲ | 362 |
| ਫ਼ਰੰਗੀ ਜ਼ਰੂਰ ਹੱਥ ਪੌਣਗੇ | 363 |
| ਪੂਜਾ ਮੱਤ ਮਾਰ ਲੈਂਦੀ ਹੈ | 363 |
| ਬਖ਼ਸ਼ ਦਿੱਤਾ | 363 |
| ਏਹ ਮੇਰੀ ਪਰੰਪਰਾ ਹੈ | 364 |
| ਪਾਜ ਲਾਹ ਦੀਆ | 364 |
| ਸੁਲਤਾਨ ਕਾ ਥਾਨ ਚੁੱਕਿਆ | 365 |
| ਬਾਬਾ ਬੀਰ ਸਿੰਘ ਦੇ ਬਚਨ | 365 |
| ਅਸਾਂ ਤਾਂ ਚਲੇ ਜਾਣਾ ਹੈ | 366 |
| ਝੂਠ ਕੀਆਂ ਜੜ੍ਹਾਂ ਪੁੱਟਣੀਆਂ ਹੈਂ | 366 |
| ਤੁਸੀਂ ਬਾਣੀ ਹੀ ਪੜ੍ਹੋ | 367 |
| ਨਿਸਚਾ ਹੋਇਆ | 367 |
| ਘਟ ਨਹੀਂ ਜਾਨਣਾ | 368 |
| ਅੰਗਰੇਜ਼ ਫੜ੍ਹਕੇ ਲੈ ਜਾਣਗੇ | 368 |
| ਭਵਿਖ ਵਾਕ | 368 |
| ਜੋ ਰਜ਼ਾ ਤੇ ਰਾਜੀ ਰਹੇ | 369 |
| ਤੇਰੀਆਂ ਤੂੰ ਹੀ ਜਾਣੇਂ | 369 |
| ਸੁੱਖੂ ਨੰਬਰਦਾਰ | 369 |
| ਸਾਧ ਨੂੰ ਉੱਤਰ | 370 |
| ਅਤਰ ਸਿੰਘ | 370 |
| ਫ਼ਿਰੋਜ਼ਪੁਰ ਆਏ | 371 |
| ਮਾਘੀ ਮੁਕਤਸਰ (੧੯੭੭ ਬਿ-੧੯੭੧ ਈ.) | 371 |
| ਸੇਖਵਾਂ ਵਾਲਾ ਸੰਤ ਨਰੈਣ ਸਿੰਘ | 372 |
| ਬ੍ਰਾਹਮਣ ਚੁਪ ਕੀਤੇ ਚਲੇ ਗਏ | 373 |
| **ਸ਼ਹੀਦੀ ਜਥਾ ਵਧਦਾ ਗਿਆ** | **374** |
| ਭਾਈ ਹੀਰਾ ਸਿੰਘ ਸਕਰੌਦੀ | 374 |
| ਬਾਬਾ ਬਿਸ਼ਨ ਸਿੰਘ | 374 |
| ਗਗੜਪੁਰ | 375 |
| ਲੜਾਈ | 376 |
| ਸਿੰਘ ਫੜੇ | 377 |
| ਸਿੰਘਣੀ ਦੀ ਗੁੱਤ ਵੱਢਣੀ | 378 |
| ਖੋਟਿਓਂ ਖਰੇ ਕੀਤੇ | 379 |
| ਗਊ ਬੱਧ ਦਾ ਦੁੱਖ | 379 |
| ਬਦਲਾ ਲਵਾਂਗੇ | 380 |
| ਖੋਟਿਆਂ ਦਾ ਹੋਲਾ ੧੯੭੭ ਬਿ: (੧੯੭੧ ਈ.) | 380 |
| ਗੁਪਤ ਫੌਜਾਂ ਦੀ ਮਾਰ | 381 |
| ਲੈਹਣਾ ਸਿੰਘ ਨੂੰ ਮਾਰ | 383 |
| ਜ਼ਿਮੀਂਦਾਰ ਨੂੰ ਸਰਾਪ | 383 |
| ਭੂਰੀਆਂ ਵਾਲੇ ਮੇਰੇ ਪਿਆਰੇ ਹੈਂ | 383 |
| ਹੰਕਾਰ ਨਾ ਕਰੀਏ | 384 |
| ਕਮਾਲਪੁਰੇ ਅਨੰਦ ਪੜਾਏ | 384 |
| ਬੀਬੀਆਂ ਕੋ ਫਿਕਰ | 384 |
| ਅਨੰਦ ਦੀ ਮਰਯਾਦਾ | 384 |
| ਮੈਨੂੰ ਬਿੱਲੇ ਲੈ ਜਾਣਗੇ | 385 |
| ਚੜ੍ਹਾਈ ਕੇ ਵਕਤ ਆਇ ਜਾਵਾਂਗੇ | 386 |
| ਕੁਰਕੀ ਵਾਲਾ ਦਲੇਲ ਸਿੰਘ | 386 |
| **ਵਸਾਖੀ ਦਮਦਮਾ ਸਾਹਿਬ** | **387** |
| ਸੂਬਾ ਪਹਾੜਾ ਸਿੰਘ | 387 |
| ਓਦੂ ਉਰੇ ਹੋਰ ਕੰਮ ਹੈਨ | 387 |
| ਆਪ ਜਲ ਕੱਢ ਕੇ ਵਰਤੋ | 388 |
| ਅੰਨ੍ਹੇ ਕਰ ਦਿੱਤੇ | 388 |
| ਪਹਿਲੇ ਮੇਰਾ ਸੀਸ ਲਗੇ | 389 |
| ਅਸੀਂ ਝੂਠੇ ਜੀਵ ਹਾਂ | 389 |
| ਠੀਕ ਅੰਤਰਜਾਮੀ ਹੈਂ | 390 |
| ਜਿੱਥੇ ਕੀਆਂ ਹੈਨ ਓਥੇ ਹੀ ਜਾਣਗੀਆਂ | 390 |
| ਮਸਤਾਨਿਆਂ ਨਾਲ ਮਾਰਕੁੱਟ | 391 |
| ਮਾਰਿ ਕਢੀਆ ਬੁਰਿਆਈਆ | 392 |
| ਹੋਰ ਕੁਟਾ ਲਓ | 393 |
| ਕਰਤਾਰਗੜ ਸਦਿਆ ਕਰੋ | 393 |
| ਸਿਦਕ ਦੇ ਬੰਧੇ | 393 |
| ਕਰਮਾਂ ਕਾ ਕੋਈ ਸ਼ਰੀਕ ਨਹੀਂ | 394 |
| ਧੁਆਨੂੰ ਚਾਰੇ ਚੌਕ ਜਾਗੀਰ | 394 |
| ਸਕਰੌਦੀ ਆਏ | 395 |
| ਏਹ ਗੱਲ ਨਹੀਂ ਕਰਨੀ ਹੈ | 395 |
| ਮੈਂਗਲ ਸਿੰਘ ਭੇਜਿਆ | 396 |
| ਛਾਪਾ ਮਗਰੋਂ ਲਾਹਿਆ ਹੈ | 396 |
| ਗਿਆਨਾ ਸਿੰਘ ਨੂੰ ਸਰਾਪ | 396 |
| **ਨਿਪਾਲ ਨਾਲ ਸੰਬੰਧ** | **398** |
| **ਕੁਝ ਵਿਸ਼ੇਸ਼ ਪ੍ਰਸੰਗ** | **402** |
| ਮੈਨੂੰ ਫ਼ਰੰਗੀ ਹੱਥ ਪੌਣਗੇ | 402 |
| ਦਲ ਸਿੰਘ ਰਾਇਪੁਰੀਆ | 402 |
| ਬਚਨ ਨਹੀਂ ਮੰਨਿਆ | 403 |
| ਵਿਰਾਟ ਰੂਪ ਧਾਰਿਆ | 403 |
| ਮੈਂ ਹੰਕਾਰ ਕੀਤਾ ਹੈ | 403 |
| ਬਹੁਤ ਔਖੇ ਹੋਣਗੇ | 404 |

ਰਾਮਸਰ ਕੀ ਕਾਰ 404
ਕਿਸੇ ਨਾ ਸੁਣੀ 405
ਤੇਰਾ ਨਾਂ ਦੀਵਾਨ ਸਿੰਘ ਹੋਇਆ 405
ਤੇਜ ਪ੍ਰਤਾਪ 405
ਸਰਬ ਏਧੀ ਚਰਨੀਂ ਲੱਗਣਗੇ। 406
ਗੁਰੂ ਨੇ ਰੱਖ ਲਿਆ 406
ਵਰਾਂ ਦੀ ਮੰਗ 406
ਜਦ ਖੇਲ ਕਰਨ ਹੁੰਦਾ ਹੈ 407
ਏਹ ਨਿੰਦਿਆ ਹੈ 407
ਨਾਮ ਬਿਨਾ ਕੁਝ ਨਾ ਮੰਗੋ 407
ਹੁਣ ਕੰਮ ਦਾ ਵੇਲਾ ਨਹੀ ਹੈ 408
ਹੀਰਾ ਸਿੰਘ ਨਾਭਾ 408
ਬਚਦੇ ਨਹੀਂ ਤੁਸੀਂ 408
ਤੁਸਾਂ ਨਹੀਂ ਮੰਨਣਾ 409
ਰਾਮਸਰ ਨਾਮ 409
ਲੰਗਰ ਦਾ ਜਲ 409
ਰਸਨਾ ਕਾ ਭਜਨ ਪ੍ਰਵਾਨ 410
ਲਾਂਗਰੀਆਂ ਨੂੰ ਘਿਓ 410
ਪੰਜ ਪਿਆਰੇ 410
ਢੱਟਾ ਕਢਵਾਇਆ 411
ਤੇਰੀਆਂ ਤੂੰਹੇਂ ਜਾਣੇਂ 411
ਨਿੰਦਕ ਨੂੰ ਬਖ਼ਸ਼ 411
ਮਿਸ਼ਰੀ ਦੀ ਸ਼ਰਦਾਈ 412
ਕੇਹੜੀ ਗੱਲੋਂ ਚੰਗੇ ਹੈਂ 412
ਪ੍ਰਮੇਸਰ ਦੇਖਦਾ ਹੈ 412
ਬਖ਼ਸ਼ ਹੀ ਮੰਗਾਂਗੇ 413
ਅਸੀਂ ਹਰ ਵਕਤ ਗੁਨਾਹੀ ਹਾਂ 413
ਸਮੇਂ ਨਾਲ ਸਭ ਕੁਛ ਹੋ ਜਾਏਗਾ 413
ਸੁਖ ਤਾਂ ਹੋਊਗਾ 414
ਬਖ਼ਸ਼ ਦਿੱਤਾ 415
ਜੋ ਦਰਸ਼ਨ ਕਰੇਗਾ 416
ਐਸਾ ਧਰਮ ਵਰਤੇਗਾ 416
ਚਾਰ ਅੱਖਰਾ ਮੰਤਰ ਸੋ ਵਰਤਾਵੇਗਾ 417
ਤ੍ਰਿਕਾਲ ਦਰਸੀ ਸਾਧ 417
ਗੁਰੂ ਬਿਲਾਸ ਬਣੇਗਾ 418
ਅਜੇ ਪ੍ਰਦੇਸ ਕੋ ਜਾਣਾ ਹੈ 418
ਕਲਾਮ ਕਿ ਸ਼ਬਦ 418
ਕੂਕਾ ਨਾਮ 419
ਸਾਡਾ ਜ਼ੋਰ ਪਿਆ ਤਾਂ 419
ਏਨ੍ਹਾਂ ਕਾ ਬੁਰਾ ਹਾਲ ਹੋਵੇਗਾ 419
ਕਮਾਈ ਕਾ ਫਲ਼ 420
ਗੁਪਤ ਰੱਖੇ ਹੋਏ ਹੈਂ 420
ਸਾਰੇ ਸੁਖ ਧੁਆਡੇ ਵਾਸਤੇ 420
ਤੂੰ ਨੇੜੇ ਨਹੀਂ ਢੁਕਣਾ 420
ਕੋਈ ਫਰਕ ਨਹੀਂ ਹੈ 420
**ਅੰਮ੍ਰਿਤਸਰ ਦਾ ਸਾਕਾ 422**
ਬੁੱਚੜਖ਼ਾਨੇ ਤੇ ਹਮਲਾ 424
ਰਾਮਦਾਸ ਪੁਰੇ ਖ਼ਬਰ ਹੋਈ 425
ਅਸੀਂ ਬੱਢੇ ਹੈਂ ਬੁੱਚੜ 426
ਸਿੰਘਾਂ ਨੂੰ ਫਾਸੀ 427
ਭੈ ਪਿਆ 429
**ਬਾਗਾਂਵਾਲੇ (ਮੋਰਿੰਡਾ) ਦੀ ਘਟਨਾ 431**
ਸੁਖਸਾਂਦ ਦੀ ਖ਼ਬਰ 433
ਅਸੀਂ ਗਊਆਂ ਕਾ ਭਲਾ ਚਾਹੁੰਦੇ ਹਾਂ 433
ਕਟਾਣੀ ਖੁਰਾਸਾਨ ਹੈ 434
ਦਸਾਂ ਨੋਂਹਾਂ ਦੀ ਕਮਾਈ 434
ਅਰਜ਼ੀ ਖਾਰਜ 434
**ਰਾਇਕੋਟ ਦੀ ਘਟਨਾ 435**
ਸਤਿਗੁਰੂ ਜੀ ਬਸੀਆਂ 437
ਇਕੰਤ ਜਾਇ ਭਜਨ ਕਰਾਂਗੇ 438
ਸਿੰਘਾਂ ਨੂੰ ਫਾਸੀ 439
ਗਿਆਨੀ ਸਿੰਘ ਅਤੇ ਰਤਨ ਸਿੰਘ ਨੂੰ ਫਾਸੀ 439
ਬਿੱਲਿਆ ਮੂੰਹ ਤਾ ਸਾਹਮਣੇ ਰੱਖ 440
ਸਾਡਾ ਰੋਮ ਟੁੱਟਾ ਹੈ 441
ਲਿਆਓ ਰੂਸਾਂ ਨੂੰ 441
ਬਿਸ਼ਨ ਸਿੰਘ ਸੁਨਿਆਰੇ ਨੂੰ ਫਾਸੀ 442
ਅੰਤਰਜਾਮੀ ਹੈਂ 442
ਮਾਤਾ ਜੱਸਾਂ ਦੀ ਚੜ੍ਹਾਈ 443
ਦੀਵਾਲੀ ਅੰਮ੍ਰਿਤਸਰ : ੧੨ ਨਵੰਬਰ ੧੮੭੧ ਈ. 445
ਕਿਉਂ ਨੌਕਰੀ ਕਰਨੀ ਹੈ 446
ਕਾਸੇ ਕੀ ਕਮੀ ਨਾ ਰਹੀ 446
ਸਰਪ ਕਾ ਮਾਰਨਾ ਪਾਪ ਹੈ 447
ਅਸੀਂ ਦੂਰ ਜਾਵਾਂਗੇ 447
ਪਾਛੇ ਆਵੇ ਪਾਛੇ ਬਹੇ 448
ਜੋ ਏਥੇ ਰਹੇਗਾ ਔਖਾ ਹੋਵੇਗਾ 448
ਜੜ੍ਹਾਂ ਪੱਟੀਆਂ ਜਾਣਗੀਆਂ 448
ਮਾਘੀ ੧੯੨੮ ਬਿ: ਅਤੇ ਮਾਤਾ ਜੱਸਾਂ ਦਾ ਭੋਗ,
੧੨ ਜਨਵਰੀ ੧੮੭੧ ਈ. 449

**ਮਲੇਰ ਕੋਟਲੇ ਦਾ ਸਾਕਾ** **451**
*ਤੁਰਕਾਂ ਬੈਲ ਜਿਲ੍ਹਾ ਕੀਤਾ* *451*
*ਸ਼ਹੀਦੀ ਮਿਸਲ ਤਿਆਰ* *451*
*ਬਾਬਾ ਲੱਖਾ ਸਿੰਘ ਭੇਜਿਆ* *452*
*ਅਜੇ ਸਮਾ ਨਹੀਂ ਹੈ* *453*
*ਛੇਕੜਲਾ ਲੰਗਰ* *454*
*ਤਿਨ ਇਸ਼ਨਾਨ* *455*
*ਹੋਸੀ ਭੀ ਰੱਬ* *455*
*ਸਿੰਘ ਚੱਲੇ ਰੱਬੋ ਨੂੰ* *458*
*ਰੱਬੋਂ ਪਹੁੰਚੇ* *458*
*ਮਲੌਦ ਵਿਚ ਲੜਾਈ : ੧੪ ਜਨਵਰੀ* *459*
*ਮਲੇਰ ਕੋਟਲੇ ਤੇ ਚੜ੍ਹਾਈ : ੧੫ ਜਨਵਰੀ ਸਵੇਰੇ* *461*
*ਸਮੁੰਦ ਖਾਂ ਨਾਲ ਲੜਾਈ* *463*
*ਰੜ ਆਏ* *463*
*ਟੁੰਡ ਤਲਿਆ* *464*
*ਸਿੰਘਾਂ ਦੀ ਗਰਿਫ਼ਤਾਰੀ* *464*
*ਮਲੇਰ ਕੋਟਲੇ ਨੂੰ ਰਵਾਨਗੀ :*
*੧੭ ਜਨਵਰੀ ੧੮੭੨ ਈ.* *465*
*ਸ੍ਰੀ ਸਤਿਗੁਰੂ ਜੀ ਮਲੌਦ ਆਏ :*
*੧੬ ਜਨਵਰੀ ੧੮੭੨ ਈ.* *465*
*ਪਿੰਡ ਰੱਬੋਂ ਦੀ ਤਲਾਸ਼ੀ* *466*
*ਨਾਮਧਾਰੀ ਸਿੰਘਾਂ ਨੂੰ ਤੋਪਾਂ ਨਾਲ ਉਡਾਇਆ ਜਾਣਾ :*
*(੧੭-੧੮ ਜਨਵਰੀ ੧੮੭੨ ਈ.)* *467*
*ਸਮੁੰਦ ਖਾਂ ਈਂ ਪਠਾਨ ਥਾ* *467*
*ਭਾਈ ਹੀਰਾ ਸਿੰਘ ਤੇ ਲਹਿਣਾ ਸਿੰਘ ਦੀ ਸ਼ਹੀਦੀ* *467*
*ਬਿਸ਼ਨ ਸਿੰਘ ਦੀ ਸ਼ਹੀਦੀ* *468*
*ਸੋਲ੍ਹਾਂ ਸਿੰਘ ਹੋਰ ਸ਼ਹੀਦ (੧੮ ਜਨਵਰੀ)* *469*
*ਵਰਿਆਮ ਸਿੰਘ ਦੀ ਸ਼ਹੀਦੀ* *469*
*ਮਾਈ ਇੰਦ ਕੌਰ, ਤੇ ਖੇਮ ਕੌਰ* *470*
*ਸਤਿਗੁਰੂ ਜੀ ਸਿਆੜ੍ਹ ਵਿਚ* *470*
*ਚਲੇ ਜਾਓ ਘਰਾਂ ਨੂੰ* *471*
**ਸਤਿਗੁਰੂ ਰਾਮ ਸਿੰਘ ਜੀ ਦੀ ਜਲਾਵਤਨੀ** **475**
*ਲੁਧਿਆਣੇ ਤੋਂ ਬੁਲਾਵਾ* *475*
*ਇਹ ਕੰਮ ਮੇਰੇ ਜਾਣ ਦਾ ਹੀ ਹੈ* *476*
*ਭੰਨ ਕੇ ਘੜਨੀ ਹੈ* *476*
*ਬਾਬਾ ਜੱਸਾ ਸਿੰਘ ਦੀ ਅਰਜ਼* *476*
*ਪਰ ਤੁਸੀਂ ਨਹੀਂ ਮੰਨਣਾ* *477*
*ਕਮਿਸ਼ਨਰ ਫੋਰਸਿੰਥ ਨਾਲ ਬਚਨ* *477*
*ਪ੍ਰਦੇਸ ਗਮਨ* *478*
*ਫੁਲਵਾੜੀ ਦਾ ਮਾਲੀ* *479*
*ਸ੍ਰੀ ਭੈਣੀ ਸਾਹਿਬ ਡੇਰੇ ਦੀ ਤਲਾਸ਼ੀ* *480*
*ਲੰਗਰ ਵਿਚ ਫ਼ੌਜ* *481*
*ਤਲਾਸ਼ੀ* *481*
*ਡਰੇ ਦੀ ਪੁਟਾਈ* *481*
*ਜਮੀਨਾਂ ਕਿਉਂ ਵੇਚਦੇ ਹੈਂ* *482*
*ਸਿੰਘਾਂ ਨੂੰ ਲੁਧਿਆਣੇ ਲੈ ਗਏ* *482*
*ਪੰਜ ਕੂਕਿਆਂ ਦੇ ਇਕੱਠੇ ਹੋਣ ਤੇ ਪਾਬੰਦੀ* *483*
*ਨਾਮਧਾਰੀ ਸਿੰਘਾਂ ਦੀਆਂ ਜ਼ਮਾਨਤਾਂ* *483*
*ਖੂਹ ਚੋਂ ਤਲਵਾਰਾਂ ਨਿਕਲੀਆਂ* *485*
*ਪੁਲਿਸ ਚੌਕੀ ਡਿਉਢੀ 'ਚ* *485*
*ਗੋਪਾਲ ਸਿੰਘ ਪਿੰਡ ਭੇਜਿਆ* *486*

# ਪਹਿਲੀ ਐਡੀਸ਼ਨ ਦੀ ਭੂਮਿਕਾ

ਨਾਮਧਾਰੀ ਸਮਾਜ ਦੀ ਬਹੁਤ ਮਹੱਤਵਪੂਰਨ ਵਾਰਤਕ ਰਚਨਾ 'ਸਤਿਗੁਰੂ ਬਿਲਾਸ' ਗ੍ਰੰਥ ਜੋ ਲੰਮੇਂ ਸਮੇਂ ਤੋਂ ਅਪ੍ਰਕਾਸ਼ਿਤ ਪਈ ਸੀ, ਜੋ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਪਾਰ ਕਿਰਪਾ ਸਦਕਾ ਛਪ ਕੇ ਪਾਠਕਾਂ ਲਈ ਪ੍ਰਸਤੁਤ ਹੈ। ਇਸ ਇਤਿਹਾਸਿਕ ਗ੍ਰੰਥ ਦੇ ਕਰਤਾ ਹਨ ਸੰਤ ਸੰਤੋਖ ਸਿੰਘ 'ਬਾਹੋਵਾਲ'। 'ਬਾਹੋਵਾਲ' ਸੰਤ ਸੰਤੋਖ ਸਿੰਘ ਜੀ ਦਾ ਪਿੰਡ ਸੀ। ਲੇਖਕ ਨੇ ਆਪਣੇ ਜੀਵਨ, ਘਰ-ਪਰਵਾਰ, ਮਾਤਾ-ਪਿਤਾ ਅਥਵਾ ਭਰਾ-ਭੈਣ ਬਾਰੇ ਕਿਤੇ ਕੋਈ ਜ਼ਿਕਰ ਨਹੀ ਕੀਤਾ। ਇਸ ਲਈ ਉਹਨਾਂ ਦੇ ਜੀਵਨ ਅਤੇ ਪਰਵਾਰ ਬਾਰੇ ਜਾਣਕਾਰੀ ਲਗਭਗ 'ਨਾ' ਦੇ ਬਰਾਬਰ ਹੀ ਹੈ। ਆਪਣੇ ਪਿੰਡ ਬਾਹੋਵਾਲ ਬਾਰੇ ਵੀ ਉਹਨਾਂ ਨੇ ਆਪ ਕਿਤੇ ਕੋਈ ਜ਼ਿਕਰ ਨਹੀਂ ਕੀਤਾ ਅਤੇ ਹੋਰ ਵੀ ਕਿਸੇ ਸਮਕਾਲੀਨ ਅਥਵਾ ਬਾਅਦ ਦੀਆਂ ਰਚਨਾਵਾਂ, ਜੋ ਨਾਮਧਾਰੀ ਸਮਾਜ ਵਿਚ ਛਪੀਆਂ ਹਨ, ਵਿਚ ਵੀ ਸੰਤਾਂ ਦੀ ਜਿੰਦਗੀ ਬਾਰੇ ਕੁਝ ਨਹੀਂ ਲਿਖਿਆ ਮਿਲਦਾ। ਕੇਵਲ ਸੰਤ ਤਰਨ ਸਿੰਘ 'ਵਹਿਮੀ' ਦੇ ਲਿਖੇ 'ਜੱਸ ਜੀਵਨ' ਦੇ ਤੀਸਰੇ ਹਿੱਸੇ ਦੇ ਪੰਨਾ ੭੬ ਤੇ ਇਨੀਂ ਕੁ ਜਾਣਕਾਰੀ ਦਿੱਤੀ ਗਈ ਹੈ- 'ਸੰਤੋਖ ਸਿੰਘ ਬਾਹੋਵਾਲ, ਜ਼ਿਲ੍ਹਾ ਗੁਰਦਾਸਪੁਰ, ਡੇਰੇ ਬਾਬਾ ਨਾਨਕ ਦਾ। 'ਲੇਕਿਨ ਗੁਰਦਾਸ ਪੁਰ ਇਲਾਕੇ ਵਿਚ ਬਾਹੋਵਾਲ ਨਾਂ ਦੇ ਕਿਸੇ ਪਿੰਡ ਦੀ ਜਾਣਕਾਰੀ ਨਹੀਂ ਮਿਲਦੀ, ਨਾ ਪੁਰਾਣੇ ਰਿਕਾਰਡਾਂ ਚੋਂ ਅਤੇ ਨਾ ਵਰਤਮਾਨ ਸਮੇਂ ਦੀਆਂ ਪੁਸਤਕਾਂ ਚੋਂ। ਬੋਲੀ ਅਤੇ ਲਿਖਣ ਦੀ ਸ਼ੈਲੀ ਵੀ ਲੇਖਕ ਦੀ ਮਾਝੇ ਵਾਲੀ ਨਹੀ ਹੈ। ਪੰਜਾਬ ਦੇ ਸਾਰੇ ਪਿੰਡਾਂ ਦੀ ਜੋ ਜਾਣਕਾਰੀ ਪੁਸਤਕ ਛਪੀ ਹੋਈ ਹੈ ਉਸ ਅਨੁਸਾਰ ਹੁਸ਼ਿਆਰਪੁਰ ਤੋਂ ਲਗਭਗ ਤਿੰਨ ਕੁ ਕਿਲੋਮੀਟਰ ਦੀ ਵਿਥ ਤੇ ਬਾਹੋਵਾਲ ਪਿੰਡ ਹੈ। ਇਸ ਤਰ੍ਹਾਂ ਸੰਤ ਸੰਤੋਖ ਸਿੰਘ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਬਾਹੋਵਾਲ ਦੇ ਮੂਲ ਨਿਵਾਸੀ ਬਣਦੇ ਹਨ।

ਸ੍ਰੀ ਭੈਣੀ ਸਾਹਿਬ ਦੇ ਰਹਿਣ ਵਾਲੇ ਸਨ ਹਰਦੇਵ ਸਿੰਘ ਬਖਸ਼ੀ, ਜਿਨ੍ਹਾਂ ਦਾ ਜਨਮ ੧੮੯੮ ਈ. ਵਿੱਚ ਹੋਇਆ ਸੀ। ਇਹਨਾਂ ਨੇ ਸੌ ਸਾਲ ਦੀ ਉਮਰ ਭੋਗ ਕੇ ਸ੍ਰੀ ਭੈਣੀ ਸਾਹਿਬ ਹੀ ਚੜ੍ਹਾਈ ਕੀਤੀ। ਬਖਸ਼ੀ ਜੀ ਨੇ ਸੰਤ ਸੰਤੋਖ ਸਿੰਘ ਦੇ ਚੰਗੀ ਤਰ੍ਹਾਂ ਦਰਸ਼ਨ ਕੀਤੇ ਹੋਏ ਸਨ ਅਤੇ ਇਹਨਾਂ ਨੂੰ 'ਭਜਨ' ਵੀ ਸੰਤ ਜੀ ਨੇ ਹੀ ਦਿੱਤਾ ਸੀ। ੯ ਜੂਨ ੧੯੮੮ ਸੰਤ ਸੰਤੋਖ ਸਿੰਘ ਬਾਰੇ ਮੈਂ ਕੁਝ ਜਾਣਕਾਰੀਆਂ ਬਖਸ਼ੀ ਜੀ ਪਾਸੋਂ ਲਈਆਂ ਅਤੇ ਰਿਕਾਰਡ ਵੀ ਕੀਤੀਆਂ ਸਨ। ਬਖਸ਼ੀ ਜੀ ਨੂੰ ਸੰਤੋਖ ਸਿੰਘ ਦੇ ਪਿੰਡ ਅਤੇ ਪਰਿਵਾਰ ਬਾਰੇ ਕੋਈ ਜਾਣਕਾਰੀ ਨਹੀਂ ਸੀ। ਉਹਨਾਂ ਨਾਲ ਹੋਈ ਗੱਲਬਾਤ ਚੋਂ ਜੋ ਜਾਣਕਾਰੀ ਸੰਤ ਜੀ ਬਾਰੇ ਹੋਈ ਉਹ ਇਸ ਪ੍ਰਕਾਰ ਹੈ - ਸੰਤੋਖ ਸਿੰਘ ਦਾ ਕਦ ਲਗਭਗ ੫ ਫੁਟ ੬ ਇੰਚ, ਰੰਗ ਸਾਫ, ਸਰੀਰ ਪਤਲਾ ਅਤੇ ਚਿਹਰੇ ਤੇ ਪਤਲੀ ਦਾਹੜੀ। ਜਾਤ ਉਹਨਾਂ ਦੀ ਕਲਾਲ ਸੀ। ਇਸ ਤਰ੍ਹਾਂ ਸੰਤ ਸੰਤੋਖ ਸਿੰਘ ਜੀ ਪ੍ਰਸਿੱਧ ਲੇਖਕ ਕੁਇਰ ਸਿੰਘ ਦੇ ਵਰਗ ਦੇ ਹੀ ਬਣਦੇ ਹਨ। ਕੁਇਰ ਸਿੰਘ 'ਕਲਾਲ' ਸੀ ਅਤੇ ਸੰਤ ਸੰਤੋਖ ਸਿੰਘ ਵੀ 'ਕਲਾਲ' ਸਨ। ਕੁਇਰ ਸਿੰਘ ਨੇ ਗੁਰੂ ਬਿਲਾਸ- ਪਾ. ੧੦ ਲਿਖਿਆ ਅਤੇ ਸੰਤ ਸੰਤੋਖ ਸਿੰਘ ਨੇ 'ਸਤਿਗੁਰੂ ਬਿਲਾਸ' ਦੀ ਰਚਨਾ ਕੀਤੀ ਜਿਸ ਵਿਚ ਸਤਿਗੁਰੂ ਰਾਮ ਸਿੰਘ ਜੀ ਅਤੇ ਸਤਿਗੁਰੂ ਹਰੀ ਸਿੰਘ ਜੀ ਬਾਰੇ ਜਾਣਕਾਰੀ ਮਿਲਦੀ ਹੈ।

ਸੰਤ ਸੰਤੋਖ ਸਿੰਘ ਜੀ ਚੇਤ ਚੌਦਾਂ ਸੰਮਤ ੧੯੩੯ ਬਿਕ੍ਰਮੀ (ਮਾਰਚ ੧੮੮੨ ਈ.) ਨੂੰ ਸ੍ਰੀ ਭੈਣੀ ਸਾਹਿਬ ਆਏ। ਇਹ ਜਾਣਕਾਰੀ ਲੇਖਕ ਨੇ ਆਪ ਗ੍ਰੰਥ (ਭਾਗ ਦੂਸਰਾ) ਵਿਚ ਇਸ ਤਰ੍ਹਾਂ ਦਿੱਤੀ ਹੈ- 'ਰਾਮਦਾਸ ਪੁਰੇ ਸਾਹਿਬ ਗੁਰੂ ਹਰੀ ਸਿੰਘ ਜੀ ਕਾ ਦਰਸ਼ਨ ਕਰਨ ਸੰਤੋਖ ਸਿੰਘ ਆਇਆ। ਇਹ ਨਿਸਚਾ ਹੋਇਆ ਕਿ ਗੁਰੂ ਨਾਨਕ ਦੇਵ ਜੀ ਨੇ ਮੂਰਤੀ ਧਾਰੀ ਹੈ। .... ਸੰਤੋਖ ਸਿੰਘ ਨੇ ਕਈ ਭੇਖ ਦੇਖੇ, ਸ਼ਾਂਤ ਨਾ ਆਈ। ਸੁਥਰਾ, ਪਰਮਹੰਸ, ਨਾਂਗਾ ਭੀ ਹੋਇਆ, ਮੌਨ ਭੀ ਧਾਰਿਆ। ਫੇਰ ਨਿਰਮਲਿਆਂ ਕਾ ਉਪਦੇਸ਼ ਮਹਾਂਵਾਕ ਦਾ ਭੀ ਲਿਆ। ਏਤਨੇ ਭੇਖ ਫਿਰਿਆ ਪਰ ਸ਼ਾਂਤ ਨਾ ਆਈ। ਸ੍ਰੀ ਸਤਿਗੁਰੂ ਜੀ ਦਾ ਉਪਦੇਸ਼ ਲਿਆ ਚੇਤ ਚੌਦੇ ਪਰ ਸੰਮਤ ੧੯੩੯। ਆਪਣੀ 'ਬੇਨਤੀ' ਵਿਚ ਵੀ ਲੇਖਕ ਨੇ ਇਸੇ ਤੱਥ ਦੀ ਪੁਸ਼ਟੀ ਕੀਤੀ ਹੈ- 'ਪਹਿਲਾਂ ਤਾਂ ਮੈਂ ਸਾਰੇ ਭੇਖੀਂ ਗਿਆ, ਸ਼ਾਂਤ ਨਾ ਆਈ। ਜਾਂ ਸਤਿਗੁਰੂ ਜੀ ਦਾ ਭਜਨ ਲਿਆ ਤਾਂ ਸ਼ਾਂਤ ਆਈ।' ਇਸ ਤੋਂ ਜਾਪਦਾ ਹੈ ਕਿ ਲੇਖਕ ਜਿਗਿਆਸੂ ਸੁਭਾਅ ਦਾ ਸੀ।

ਸ੍ਰੀ ਭੈਣੀ ਸਾਹਿਬ ਜਦੋਂ ਸੰਤ ਸੰਤੋਖ ਸਿੰਘ ਜੀ ਆਏ, ਉਹਨਾਂ ਨੇ ਆਪਣੇ ਸਿਰ ਉਤੇ ਖੰਡੇ ਕਿਰਪਾਨਾਂ ਅਤੇ ਚੱਕਰ ਸਜਾਏ ਹੋਏ ਸਨ। ਇਕ ਦਿਨ ਗੁਰੂ ਹਰੀ ਸਿੰਘ ਜੀ ਬਚਨ ਕੀਤਾ "ਤੈਨੂੰ ਭਾਰ ਨਹੀਂ ਲਗਦਾ ਹੈ ਮੂਸਲ ਜਿਹਾ ਉਸਾਰਿਆ ਹੈ। ਉੱਚੇ ਬੁੰਗੇ ਵਾਲੇ ਕੀ ਮਤ ਮਾਰੀ ਜਾਂਦੀ ਹੈ। ਉਤਾਰ ਦਿਓ ਉੱਚਾ ਬੁੰਗਾ।" ਸੰਤ ਜੀ ਨੇ ਉਸੇ ਵੇਲੇ ਸਤਿ ਬਚਨ ਕਰ ਸਭ ਕੁਛ ਉਤਾਰ ਕੇ ਗੁਰੂ ਜੀ ਦੇ ਚਰਨਾਂ ਉਤੇ ਰੱਖ ਦਿਤਾ ਅਤੇ ਸਿੱਧਾ ਦਸਤਾਰਾ ਸਜਾ ਲਿਆ।

ਸੰਤ ਸਤੋਖ ਸਿੰਘ ਦਾ ਜਨਮ ਲਗਭਗ ੧੮੪੫ ਈ. ਵਿੱਚ ਹੋਇਆ। ਬਚਪਨ ਤੋਂ ਜਿਗਿਆਸੂ ਸੁਭਾਅ ਦੇ ਹੋਣ ਕਰਕੇ ਘਰੋਂ ਨਿਕਲ ਤੁਰੇ ਅਤੇ ਕਈ ਭੇਖਾਂ ਚੋਂ ਹੁੰਦੇ ਹੋਏ ਸ੍ਰੀ ਭੈਣੀ ਸਾਹਿਬ ਆ ਗਏ। ਉਹਨਾਂ ਨੂੰ ਗੁਰਮੁਖੀ ਦੀ ਚੰਗੀ ਜਾਣਕਾਰੀ ਸੀ ਅਤੇ ਉਹਨਾਂ ਨੇ ਆਪਣਾ ਸਾਰਾ ਗ੍ਰੰਥ ਬੋਲਚਾਲ ਦੀ ਭਾਸ਼ਾ ਵਿਚ ਹੀ ਲਿਖਿਆ। ਉਸ ਸਮੇ 'ਜਿਵੇਂ ਬੋਲੋ ਤਿਵੇਂ ਲਿਖੋ' ਦੇ ਢੰਗ ਨਾਲ ਹੀ ਲਿਖਿਆ ਜਾਂਦਾ ਸੀ। ਇਸ ਲਈ ਕੁਝ ਸ਼ਬਦ ਕਈ ਤਰ੍ਹਾਂ ਨਾਲ ਲਿਖੇ ਮਿਲਦੇ ਹਨ। ਵਨਗੀ ਵਜੋਂ - ਕੈਣਾ-ਕੈਹਣਾ-ਕਹਿਣਾ, ਪੈਰ-ਪੈਹਰਾ-ਪੈਹਿਰਾ, ਪਰਸਾਦ-ਪ੍ਰਸਾਦਿ-ਪ੍ਰਸਾਦ, ਇਕੋਤ੍ਰ-ਅਕੋਤ੍ਰ, ਮੁਕਬਲ-ਮੁਕਬਰ, ਜਾਓ-ਜਾਊ, ਕਿਓਂ-ਕਿਉਂ, ਅੰਤਰਜਾਮੀ-ਅੰਤਰਯਾਮੀ, ਇਸ਼ਨਾਨ-ਅਸ਼ਨਾਨ, ਸਪਾਹੀ-ਸਿਪਾਹੀ, ਦੇਨਾ-ਦੇਣਾ, ਅਲਾਕਾ-ਇਲਾਕਾ, ਪਓਂਦੇ, ਜੜੀਂਦੇ, ਧੁਆਡਾ, ਔਣੇ, ਸਰਾਫ ਆਦਿ। ਸੰਤ ਜੀ ਕਵੀਸ਼ਰੀ ਵੀ ਕਰ ਲੈਂਦੇ ਸੀ ਅਤੇ ਨਿਤਨੇਮ ਦੀਆਂ ਬਾਣੀਆਂ ਉਹਨਾਂ ਕੰਠ ਸਨ।

ਸੰਤ ਸੰਤੋਖ ਸਿੰਘ ਦੀ ਵਾਰਤਕ ਸ਼ੈਲੀ ਬਹੁਤ ਰੋਚਕ ਹੈ। ਸਾਨੂੰ ਇਥੇ ਇਹ ਗੱਲ ਵੀ ਯਾਦ ਰੱਖਣੀ ਚਾਹੀਦੀ ਹੈ ਕਿ ਅੰਗਰੇਜ਼ਾਂ ਦੇ ਪੰਜਾਬ ਵਿਚ ਆਉਣ ਤੱਕ ਜ਼ਿਆਦਾਤਰ ਰਚਨਾਵਾਂ ਕਵਿਤਾ ਵਿਚ ਹੀ ਲਿਖੀਆਂ ਗਈਆਂ ਸਨ, ਜਨਮ-ਸਾਖੀਆਂ ਆਦਿ ਨੂੰ ਛੱਡਕੇ। ਅਠਾਰਵੀਂ ਅਤੇ ਉਨ੍ਹੀਵੀਂ ਸਦੀ ਦੌਰਾਨ ਜ਼ਿਆਦਾਤਰ ਧਾਰਮਿਕ ਰਚਨਾਵਾਂ ਕਵਿਤਾ ਵਿਚ ਹੀ ਹਨ, ਉਹ ਭਾਵੇਂ 'ਗੁਰ ਸੋਭਾ' ਹੋਵੇ, 'ਗੁਰ ਬਿਲਾਸ' ਹੋਣ ਜਾਂ 'ਪੰਥ ਪ੍ਰਕਾਸ਼' ਅਥਵਾ 'ਗੁਰਪ੍ਰਤਾਪ ਸੂਰਜ' ਗ੍ਰੰਥ ਹੋਣ, ਸਭ ਕਵਿਤਾ ਵਿਚ ਹੀ ਰਚੇ ਗਏ ਸਨ। ਸੰਤ ਸੰਤੋਖ ਸਿੰਘ ਨੇ ਵਾਰਤਕ ਨੂੰ ਅਪਨਾਇਆ ਜੋ ਉਸ ਸਮੇ ਵਿਕਾਸ ਦੇ ਦੌਰ ਵਿਚ ਸੀ। ਵਾਰਤਕ ਵਿਚ ਗ੍ਰੰਥ ਲਿਖਣ ਬਾਰੇ

ਆਪਣੀ 'ਬੇਨਤੀ' ਵਿਚ ਲੇਖਕ ਦੀ ਦਲੀਲ ਹੈ-"ਇਸ ਗ੍ਰੰਥ ਦੀ ਕਵਿਤਾ ਨਹੀਂ ਕਰਨੀ ਕਿਉਂਕਿ ਹੁਕਮਨਾਮੇ ਜੋ ਆਏ ਹੈਂ ਸੋ ਪੰਜਾਬੀ ਬੋਲੀ ਵਿਚ ਲਿਖੇ ਭੇਜੇ ਹੈਂ। ਤਾਂ ਤੇ ਜਾਣਿਆ ਜੋ ਗੁਰੂ ਬਾਰ੍ਹਵੇਂ ਕੀ ਬਾਣੀ ਪੰਜਾਬੀ ਬੋਲੀ ਵਿਚ ਹੋਵੇਗੀ। ਕਿਉਂਕਿ ਦੇਸਾਂ ਪ੍ਰਦੇਸਾਂ ਮੇਂ ਜਾਣੀ ਹੈ ਇਹ ਬਾਣੀ ਪੰਜਾਬੀ ਸਿੱਖ ਜਾਨਣਗੇ। ਕਵਿਤਾ ਪਹਿਲੇ ਤਾਂ ਅਨਜਾਣ ਨੂੰ ਪੜ੍ਹਨੀ ਨਹੀਂ ਔਂਦੀ ਹੈ, ਜੇ ਪੜ੍ਹੇ ਭੀ ਤਾਂ ਅਰਥ ਨਹੀਂ ਸਮਝੇ ਜਾਂਦੇ ਹੈਂ। ਇਹ ਪੰਜਾਬੀ ਬੋਲੀ ਸਰਬ ਪੜ੍ਹ ਲੈਣਗੇ।" ਇਸ ਗ੍ਰੰਥ ਦਾ ਰਚਨਕਾਲ ੧੯੮੨ ਈ. ਤੋਂ ੧੯੦੬ ਈਂ ਤੱਕ ਦਾ ਹੈ, ਇਸ ਤਰ੍ਹਾਂ ਇਹ ਗ੍ਰੰਥ ਉਨ੍ਹੀਵੀਂ ਸਦੀ ਦੇ ਅਖ਼ੀਰ ਦੇ ਪੰਜਾਬੀ ਵਾਰਤਕ ਦਾ ਸ਼ਾਨਦਾਰ ਨਮੂਨਾ ਹੈ।

ਇਕ ਗੱਲ ਹੋਰ ਵੀ ਹੈ ਜੋ ਸੰਤ ਸੰਤੋਖ ਸਿੰਘ ਦੀ ਵਾਰਤਕ ਰਚਨਾ ਨੂੰ ਸਿਖਰ ਤੇ ਲੈ ਜਾਂਦੀ ਹੈ। ਅੰਗਰੇਜ਼ਾਂ ਦੇ ਪੰਜਾਬ ਵਿਚ ਆਉਣ ਤੋਂ ਬਾਅਦ ਉਨ੍ਹੀਵੀਂ ਸਦੀ ਵਿਚ ਜੋ ਵੀ ਰਚਨਾਵਾਂ ਵਾਰਤਕ ਵਿਚ ਲਿਖੀਆਂ ਗਈਆਂ ਸਨ ਉਹ ਜਾਂ ਤਾਂ ਧਾਰਮਿਕ, ਸਮਾਜ ਸੁਧਾਰਕ ਜਾ ਅੰਗਰੇਜ਼ਾਂ ਦੀ ਉਸਤਤ ਵਿਚ, ਉਹਨਾਂ ਦੀ ਸੋਭਾ ਕਰਨ ਵਿਚ ਲਿਖੀਆਂ ਗਈਆਂ ਸਨ। ਲੇਕਿਨ ਸੰਤ ਸੰਤੋਖ ਸਿੰਘ ਦੀ ਰਚਨਾ 'ਸਤਿਗੁਰੂ ਬਿਲਾਸ' ਹੀ ਇਕ ਐਸੀ ਰਚਨਾ ਸੀ ਜੋ ਅੰਗਰੇਜ਼ੀ ਸਾਮਰਾਜ ਦੇ ਖਿਲਾਫ਼, ਉਹਨਾਂ ਦੇ ਵਿਰੁੱਧ ਵਿਚਾਰਧਾਰਾ ਨੂੰ ਪ੍ਰਤੱਖ ਰੂਪ ਵਿਚ ਪ੍ਰਗਟ ਕਰਦੀ ਹੈ। ਨਿਸਚੇ ਹੀ ਇਹ ਇਕ ਵਿਸ਼ੇਸ਼ ਅਤੇ ਵਿਲੱਖਣ ਗੱਲ ਹੈ।

ਸੰਤ ਸੰਤੋਖ ਸਿੰਘ ਨੇ ਆਪਣੇ ਇਸ਼ਟ ਸਤਿਗੁਰੂ ਬਾਰੇ ਗ੍ਰੰਥ 'ਸਤਿਗੁਰੂ ਬਿਲਾਸ' ਲਿਖਿਆ। ਇਸ ਤੋਂ ਪਹਿਲਾਂ ਵੀ ਸਿੱਖ ਸਮਾਜ ਵਿਚ ਕਈ ਲੇਖਕਾਂ ਵੱਲੋਂ ਗੁਰੂ ਸਾਹਿਬਾਨਾਂ ਦੇ ਜੀਵਨ ਬਾਰੇ 'ਗੁਰ ਬਿਲਾਸ' ਲਿਖੇ ਮਿਲਦੇ ਹਨ। ਇਹਨਾਂ ਵਿਚ ਕੁਇਰ ਸਿੰਘ ਦਾ 'ਗੁਰ ਬਿਲਾਸ- ਪਾ. ੧੦', ਭਾਈ ਸੁੱਖਾ ਸਿੰਘ ਦਾ 'ਗੁਰ ਬਿਲਾਸ ਪਾ. ੧੦ ਅਤੇ ਗੁਰ ਬਿਲਾਸ-ਪਾ. ੬' (ਇਸ ਦੇ ਕਰਤਾ ਬਾਰੇ ਅਜੇ ਵੀ ਮਤਭੇਦ ਹਨ) ਹਨ। ਨਾਮਧਾਰੀ ਸਮਾਜ ਵਿਚ ਵੀ ਸੰਤ ਸੰਤੋਖ ਸਿੰਘ ਦੀ ਰਚਨਾ 'ਸਤਿਗੁਰੂ ਬਿਲਾਸ' ਦੇ ਨੇੜੇ ਦੇ ਸਮੇਂ ਦੌਰਾਨ ਕਵਿਤਾ ਵਿਚ ਸੰਤ ਧਿਆਨ ਸਿੰਘ ਕਾਦਰਾਬਾਦ' ਨੇ ਵੀ 'ਸ੍ਰੀ ਸਤਿਗੁਰੂ ਬਿਲਾਸ ਪਾ. ੧੨' ਲਿਖਿਆ ਸੀ ਜੋ ਵੀਹਵੀਂ ਸਦੀ ਦੇ ਤੀਸਰੇ ਦਹਾਕੇ ਵਿਚ ਛਪ ਗਿਆ ਸੀ। ਲੇਕਿਨ ਨਾਮਧਾਰੀ ਸਮਾਜ ਬਾਰੇ, ਸਤਿਗੁਰੂ ਰਾਮ ਸਿੰਘ ਜੀ ਅਤੇ ਗੁਰੂ ਹਰੀ ਸਿੰਘ ਜੀ ਦੇ ਸਮੇਂ ਬਾਰੇ ਜੋ ਵਿਸਤ੍ਰਿਤ ਵਰਨਣ ਸੰਤ ਸੰਤੋਖ ਸਿੰਘ ਦੇ ਗ੍ਰੰਥ ਵਿਚ ਮਿਲਦਾ ਹੈ, ਉਹ ਸੰਤ ਧਿਆਨ ਸਿੰਘ ਕਾਦਰਾਬਾਦ ਦੇ ਗ੍ਰੰਥ ਅਥਵਾ ਸਰਕਾਰੀ ਰਿਕਾਰਡਾਂ ਵਿਚ ਵੀ ਨਹੀਂ ਮਿਲਦਾ।

ਸਰਕਾਰੀ ਦਸਤਾਵੇਜ਼ ੧੮੬੩ ਈ. ਤੋਂ ਮਿਲਨੇ ਸ਼ੁਰੂ ਹੁੰਦੇ ਹਨ ਅਤੇ ਇਸ ਤੋਂ ਪਹਿਲਾਂ ਦਾ ਵਰਨਣ ਇਕ ਜਾਂ ਡੇਡ਼ ਪੈਰ੍ਹੇ ਤੋਂ ਜ਼ਿਆਦਾ ਨਹੀਂ ਮਿਲਦਾ ਅਤੇ ਉਹ ਵੀ ਪ੍ਰਮਾਣੀਕਤਾ ਦੇ ਪੱਖ ਤੋਂ ਕਾਫ਼ੀ ਕਮਜ਼ੋਰ। ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਗਟ ਹੋਣ, ੧੮੧੬ ਈ. ਤੋਂ ਲੈਕੇ ੧੮੬੩ ਈ. ਤੱਕ ਦਾ ਸਟੀਕ ਅਤੇ ਵਿਸਤ੍ਰਿਤ ਵਰਨਨ ਕੇਵਲ ਤੇ ਕੇਵਲ ਸੰਤ ਸੰਤੋਖ ਸਿੰਘ ਦੇ ਗ੍ਰੰਥ 'ਸਤਿਗੁਰੂ ਬਿਲਾਸ' ਵਿਚ ਹੀ ਮਿਲਦਾ ਹੈ। ਇਸ ਤਰ੍ਹਾਂ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਗਟ ਹੋਣ, ਫ਼ੌਜ ਦੀ ਨੌਕਰੀ ਅਤੇ ਸੰਤ ਖਾਲਸੇ ਦੀ ਸਾਜਣਾ ਆਦਿ ਸਭ ਘਟਨਾਵਾਂ ਲਈ ਸਾਰੇ ਲੇਖਕ ਸੰਤ ਸੰਤੋਖ ਸਿੰਘ ਦੀ ਇਸ ਰਚਨਾ ਦੇ ਮੁਥਾਜ ਹਨ। ਦੂਸਰੇ ਸ਼ਬਦਾ ਵਿੱਚ ਉਪਰੋਕਤ

ਸਾਰੀਆਂ ਘਟਨਾਵਾਂ ਦਾ ਇੱਕੋ ਇਕ ਆਧਾਰ ਸੰਤ ਸੰਤੋਖ ਸਿੰਘ ਦਾ ਸਤਿਗੁਰੂ ਬਿਲਾਸ ਗ੍ਰੰਥ ਹੀ ਹੈ, ਇਹ ਹੈ ਵੀ ਠੀਕ। ਅੱਜ ਤੱਕ ਨਾਮਧਾਰੀ ਸਮਾਜ ਬਾਰੇ ਅਤੇ ਇਤਿਹਾਸ ਬਾਰੇ ਜੋ ਕੁਛ ਵੀ ਲਿਖਿਆ ਗਿਆ ਹੈ ਉਸਦਾ ਮੂਲ ਆਧਾਰ ਅਤੇ ਸਰੋਤ ਇਹ ਗ੍ਰੰਥ ਹੀ ਹੈ। ਏਸੇ ਤੋਂ ਜਾਣਕਾਰੀਆਂ ਲੈ ਕੇ ਅਤੇ ਬਾਅਦ ਦੇ ਸਰਕਾਰੀ ਦਸਤਾਵੇਜ਼ਾਂ ਨੂੰ ਘੋਖ ਕੇ ਹੀ ਨਾਮਧਾਰੀ ਇਤਿਹਾਸ ਬਾਰੇ ਪੁਸਤਕਾਂ ਲਿਖੀਆਂ ਗਈਆਂ ਹਨ।

ਇਕ ਗੱਲ ਹੋਰ ਵੀ ਸੰਤ ਸੰਤੋਖ ਸਿੰਘ ਦੀ ਰਚਨਾ ਨੂੰ ਵਿਸ਼ੇਸ਼ ਮਹੱਤਤਾ ਪ੍ਰਦਾਨ ਕਰਦੀ ਹੈ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਮਰਗੋਈ ਵਿਖੇ ਭੇਜ ਦਿੱਤੇ ਜਾਣ (੧੮੮੦ ਈ.) ਤੋਂ ਬਾਅਦ ਸਤਿਗੁਰੂ ਹਰੀ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੱਕ ਸਰਕਾਰੀ ਦਸਤਾਵੇਜ਼ ਵੀ ਕੋਈ ਜ਼ਿਆਦਾ ਜਾਣਕਾਰੀ ਨਹੀਂ ਦਿੰਦੇ। ਉਸ ਦੌਰਾਨ ਸਮਾਜ ਤੇ ਅਤੇ ਸ੍ਰੀ ਭੈਣੀ ਸਾਹਿਬ ਨਾਮਧਾਰੀ ਸਿੰਘਾਂ ਤੇ ਜੋ ਸਰਕਾਰ ਵੱਲੋਂ ਸਖ਼ਤੀਆਂ ਹੋਈਆਂ ਅਤੇ ਜਿਸ ਤਰ੍ਹਾਂ ਦਾ ਸਲੂਕ ਡੇਰੇ ਸ੍ਰੀ ਭੈਣੀ ਸਾਹਿਬ ਬੈਠੀ ਪੁਲਿਸ ਦੀ ਚੌਕੀ ਵਾਲੇ ਸਿਪਾਹੀ ਉੱਥੇ ਰਹਿੰਦੇ ਅਤੇ ਦਰਸ਼ਨ ਕਰਨ ਆਉਂਦੇ ਸਿੰਘਾਂ ਨਾਲ ਕਰਦੇ ਸਨ, ਉਹਨਾਂ ਸਾਰੀਆਂ ਘਟਨਾਵਾਂ ਦੀ ਜਾਣਕਾਰੀ ਏਸੇ ਗ੍ਰੰਥ ਰਾਹੀਂ ਸਾਨੂੰ ਮਿਲਦੀ ਹੈ ਅਤੇ ਇਸਦੀ ਪ੍ਰਮਾਣੀਕਤਾ ਵੀ ਸੰਦੇਹ ਰਹਿਤ ਹੈ, ਕਿਉਂਕਿ ਇਸ ਗ੍ਰੰਥ ਦਾ ਕਰਤਾ ਆਪ ਇਹਨਾਂ ਸਖ਼ਤੀਆਂ ਦੇ ਦੌਰ ਵਿਚ ਸ੍ਰੀ ਭੈਣੀ ਸਾਹਿਬ ਰਹਿੰਦਾ ਰਿਹਾ ਸੀ ਅਤੇ ਆਪਣੇ ਨੇਤਰੀਂ ਉਸਨੇ ਸਾਰੇ ਹਾਲਾਤ ਦੇਖੇ ਅਤੇ ਹੰਢਾਏ ਸਨ। ਉਹ ਆਪ ਵੀ ਕਈ ਵਾਰ ਸਿਪਾਹੀਆਂ ਦੀਆਂ ਸਖ਼ਤੀਆਂ ਦਾ ਸ਼ਿਕਾਰ ਹੋਇਆ ਅਤੇ ਜੇਲ੍ਹ ਕੱਟੀ।

'ਸਤਿਗੁਰੂ ਬਿਲਾਸ' ਗ੍ਰੰਥ ਦੇ ਕਰਤਾ ਦੇ ਪ੍ਰੇਰਨਾ ਸਰੋਤ ਸਤਿਗੁਰ ਹਰੀ ਸਿੰਘ ਜੀ ਸਨ। ਆਪ ਜੀ ਨੇ ਹੀ ਸੰਤ ਸੰਤੋਖ ਸਿੰਘ ਗੁਰੂ ਜੱਸ ਲਿਖਣ ਲਈ ਪ੍ਰੇਰਿਆ ਅਤੇ ਲੋੜੀਂਦੀ ਜਾਣਕਾਰੀ ਦਿੱਤੀ। ੧੮੮੨ ਈ. ਵਿੱਚ ਸੰਤ ਜੀ ਜਦੋਂ ਸ੍ਰੀ ਭੈਣੀ ਸਾਹਿਬ ਆਏ ਸਨ ਅਤੇ ਗੁਰੂ ਜੱਸ ਬਾਰੇ ਸਮਗਰੀ ਇਕੱਠੀ ਕਰਨ ਲਗੇ ਸੀ, ਉਸ ਸਮੇਂ ਤੱਕ ਸਤਿਗੁਰੂ ਰਾਮ ਸਿੰਘ ਜੀ ਤਾਂ ਦੇਸ਼ ਤੋਂ ਬਾਹਰ ਬਰਮਾ ਦੇ ਸ਼ਹਿਰ ਮਰਗੋਈ ਵਿਖੇ ਪਾਬੰਦੀਆਂ ਹੇਠ ਸਨ, ਪਿਤਾ ਬਾਬਾ ਜੱਸਾ ਸਿੰਘ, ਮਾਤਾ ਸਦਾ ਕੌਰ, ਮਹਿਲ ਜੱਸਾਂ ਜੀ ਚੜਾਈ ਕਰ ਚੁੱਕੇ ਸਨ। ਉੱਘੇ ਸੂਬੇ ਅਤੇ ਪ੍ਰਚਾਰਕਾਂ ਚੋਂ ਕੁਝ ਤਾਂ ਪੰਜਾਬ ਤੋਂ ਬਾਹਰ ਭੇਜਕੇ ਨਜ਼ਰਬੰਦ ਕੀਤੇ ਹੋਏ ਸਨ, ਕੁਝ ਪਾਬੰਦੀਆਂ ਅਤੇ ਸਖਤੀਆਂ ਕਾਰਨ ਆਪਣੇ ਆਪਣੇ ਪਿੰਡਾਂ ਵਿਚ ਹੀ ਰਹਿੰਦੇ ਸਨ। ਇਸ ਲਈ ਪ੍ਰਮਾਣੀਕ ਜਾਣਕਾਰੀ ਕਰਨੀ ਲੇਖਕ ਲਈ ਬੜੀ ਔਖੀ ਸੀ। ਫੇਰ ਵੀ ਉਹਨਾਂ ਨੇ ਜੋ ਕੁਛ ਵੀ ਲਿਖਿਆ ਉਹ ਸੁਣੀ-ਸੁਣਾਈ ਜਾਂ ਆਪਣੀ ਹੀ ਜਾਣਕਾਰੀ ਤੇ ਆਧਾਰਤ ਨਹੀਂ ਸੀ, ਸਗੋਂ ਉਹਨਾਂ ਨੇ ਉੱਘੇ ਅਤੇ ਸੰਬੰਧਿਤ ਵਿਅਕਤੀਆਂ ਨਾਲ ਸੰਪਰਕ ਕਰਕੇ, ਪੁੱਛ ਕੇ ਸੁਣ ਕੇ ਗੁਰੂ ਜੱਸ ਲਿਖਿਆ ਹੈ। ਇਸ ਬਾਰੇ 'ਸਤਿਗੁਰੂ ਬਿਲਾਸ' ਗ੍ਰੰਥ ਦੇ ਵਿਚ ਕਈ ਥਾਈਂ ਜ਼ਿਕਰ ਆਇਆ ਹੈ।

ਸੰਤ ਸੰਤੋਖ ਸਿੰਘ ਨੇ 'ਬੇਨਤੀ' ਵਿਚ ਵੀ ਲਿਖਿਆ ਹੈ-ਜਿਵੇਂ ਸਤਿਗੁਰੂ ਰਾਮ ਸਿੰਘ ਜੀ ਨਾਲ ਸਿੰਘ ਰਹੇ, ਜਿਵੇਂ ਬਚਨ ਹੋਏ, ਉਵੇਂ ਸਿਖਾਂ ਪਾਸੋਂ ਸੁਣਕੇ ਲਿਖੇ ਹੈਂ, ਵੱਧ ਘੱਟ ਨਹੀਂ ਲਿਖੇ।....ਆਏ ਸਿਖਾਂ ਪਾਸੋਂ ਸਾਖੀਆਂ ਪੁਛਕੇ ਲਿਖ ਲੈਣੀਆਂ ਨਾਲੇ ਗੁਰੂ ਹਰੀ ਸਿੰਘ ਜੀ ਤੋਂ ਤੇ ਪਿੰਡ ਦੇ ਹਾਣੀਆਂ ਤੋਂ ਪੁਛ ਕੇ ਲਿਖਣੀਆਂ... ਜਿਹੜੇ ਸਿੰਘ ਸਤਿਗੁਰਾਂ ਨਾਲ ਗਏ ਸੀ, ਜਾਂ ਉਹ

ਮੁੜਕੇ ਆਏ ਤਾਂ ਉਹਨਾਂ ਪਾਸੋਂ ਪੁਛਕੇ ਤੇ ਨਾਨੂੰ ਸਿੰਘ ਜੋ ਸਤਿਗੁਰਾਂ ਦਾ ਗੜਵਈ ਸੀ, ਜਾਂ ਉਹ ਮੁੜਕੇ ਆਇਆ ਤਾਂ ਉਸ ਪਾਸੋਂ ਭੀ ਪੁਛਕੇ ਲਿਖੇ ਹੈਂ।

ਸ੍ਰੀ ਭੈਣੀ ਸਾਹਿਬ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹਾਣੀ ਸਨ ਜ਼ਿਮੀਂਦਾਰ ਲਹਿਣਾ ਸਿੰਘ, ਬੁਗ ਅਤੇ ਖੇਮਾ। ਇਹ ਵਿਅਕਤੀ ਸਤਿਗੁਰੂ ਜੀ ਦੇ ਸੇਵਕ ਵੀ ਸਨ ਅਤੇ ਸਹਿਯੋਗੀ ਵੀ। ਇਹ ਸਾਰੇ ਬਚਪਨ ਤੋਂ ਹੀ ਸਤਿਗੁਰੂ ਰਾਮ ਸਿੰਘ ਜੀ ਅਤੇ ਸਤਿਗੁਰੂ ਹਰੀ ਸਿੰਘ ਜੀ ਨਾਲ ਰਹੇ ਅਤੇ ਵੱਡੇ ਹੋਏ ਸਨ। ਇਸ ਲਈ ਸਤਿਗੁਰੂ ਜੀ ਦੇ ਬਾਲਪਨ ਦੀ ਕੁਝ ਜਾਣਕਾਰੀ ਲੇਖਕ ਨੇ ਇਹਨਾਂ ਪਾਸੋਂ ਇਕੱਤ੍ਰ ਕੀਤੀ। ਸਤਿਗੁਰੂ ਹਰੀ ਸਿੰਘ ਜੀ ਆਪ ਸਾਖੀਆਂ ਦੱਸ ਦੱਸ ਕੇ ਲਿਖਵਾਉਂਦੇ ਹੀ ਸਨ, ਹੋਰਨਾਂ ਪਾਸੋਂ ਪ੍ਰਾਪਤ ਕੀਤੀ ਜਾਣਕਾਰੀ ਨੂੰ ਲੇਖਕ ਪਾਸੋਂ ਸੁਣਕੇ ਉਹਨਾਂ ਦੀ ਪ੍ਰਮਾਣੀਕਤਾ ਦੀ ਜਾਂਚ ਪਰਖ ਅਤੇ ਸੁਧਾਈ ਵੀ ਕਰਵਾਉਂਦੇ।

ਸਤਿਗੁਰੂ ਰਾਮ ਸਿੰਘ ਜੀ ਦੇ ਨਾਲ ਹੀ ਸੂਬੇ, ਸਾਹਿਬ ਸਿੰਘ, ਲੱਖਾ ਸਿੰਘ, ਜਵਾਹਰ ਸਿੰਘ, ਬ੍ਰਹਮਾ ਸਿੰਘ, ਕਾਹਨ ਸਿੰਘ, ਮਾਨ ਸਿੰਘ, ਮਲੂਕ ਸਿੰਘ, ਹੁਕਮਾ ਸਿੰਘ ਅਤੇ ਰੂੜ ਸਿੰਘ ਪੰਜਾਬ ਤੋਂ ਬਾਹਰ ਅਲੱਗ ਅਲੱਗ ਥਾਵਾਂ ਤੇ ਭੇਜ ਦਿੱਤੇ ਗਏ ਸਨ ਅਤੇ ਸੇਵਕ ਨਾਨੂੰ ਸਿੰਘ ਨੂੰ ਸਤਿਗੁਰੂ ਜੀ ਦੇ ਨਾਲ ਹੀ ਰੰਗੂਨ ਅਤੇ ਕੁਛ ਸਮਾ ਮਰਗੋਈ ਰਹੇ ਸਨ। ਨਾਨੂੰ ਸਿੰਘ ਨੂੰ ਸਾਲ ੧੮੮੧ ਈ. ਵਿੱਚ ਅਤੇ ਸੂਬੇ ਮਲੂਕ ਸਿੰਘ, ਮਾਨ ਸਿੰਘ, ਹੁਕਮਾ ਸਿੰਘ, ਕਾਹਨ ਸਿੰਘ ਅਤੇ ਬ੍ਰਹਮਾ ਸਿੰਘ ਨੂੰ ੧੮੮੭-੮੮ ਈ. ਵਿਚ ਕੁਝ ਸ਼ਰਤਾਂ ਲਗਾ ਕੇ ਪੰਜਾਬ ਵਾਪਸ ਭੇਜ ਦਿੱਤਾ ਗਿਆ ਸੀ। ਸਤਿਗੁਰੂ ਜੀ ਦੇ ਇਹਨਾਂ ਸੇਵਕਾਂ ਪਾਸੋਂ, ਵਿਸ਼ੇਸ਼ ਕਰ ਨਾਨੂੰ ਸਿੰਘ ਤੋਂ, ਅਨੇਕਾਂ ਜਾਣਕਾਰੀਆਂ ਗ੍ਰੰਥ ਦੇ ਕਰਤਾ ਨੇ ਇਕੱਤ੍ਰ ਕਰਕੇ ਲਿਖੀਆ ਜਿਨ੍ਹਾਂ ਵਿਚ ਰੰਗੂਨ ਅਤੇ ਮਰਗੋਈ ਸਮੇ ਦੀਆਂ ਜਾਣਕਾਰੀਆਂ ਬਹੁਤ ਹੀ ਮਹੱਤਵਪੂਰਨ ਅਤੇ ਪ੍ਰਮਾਣੀਕ ਹਨ ਅਤੇ ਸਰਕਾਰੀ ਦਸਤਾਵੇਜ਼ਾਂ ਵਿਚ ਵੀ ਉਸੇ ਤਰ੍ਹਾਂ ਹੀ ਦਰਜ਼ ਮਿਲਦੀਆਂ ਹਨ ਜਿਵੇਂ ਨਾਨੂੰ ਸਿੰਘ ਨੇ ਦਸੀਆਂ ਸਨ। ਇਸ ਤੋਂ ਇਲਾਵਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਤੇ ਸੇਵਕ ਨਾਨੂੰ ਸਿੰਘ ਵਿਚਕਾਰ ਹੁੰਦੀਆਂ ਵਿਚਾਰਾਂ ਅਤੇ ਵਿਵਹਾਰ ਦਾ ਸਰੋਤ ਕੇਵਲ ਭਾਈ ਨਾਨੂੰ ਸਿੰਘ ਹੀ ਸੀ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਬਰਮਾ ਵਿਚ ਨਜ਼ਰਬੰਦੀ ਸਮੇਂ ਦੀ ਨਾਨੂੰ ਸਿੰਘ ਤੋਂ ਜਾਣਕਾਰੀ ਪ੍ਰਾਪਤ ਕਰਨ ਲਈ ਇਕ ਵਾਰੀਂ ਗੁਰੂ ਹਰੀ ਸਿੰਘ ਜੀ ਨੇ ਉਹਨਾਂ ਨੂੰ ਸ੍ਰੀ ਭੈਣੀ ਸਾਹਿਬ ਬੁਲਾਇਆ ਵੀ ਸੀ। ਕਿਉਂਕਿ ਜਿਨ੍ਹਾਂ ਸ਼ਰਤਾਂ ਅਧੀਨ ਨਾਨੂੰ ਸਿੰਘ ਨੂੰ ਪੰਜਾਬ ਵਾਪਸ ਭੇਜਿਆ ਗਿਆ ਸੀ ਉਹਨਾਂ ਵਿਚ ਇਹ ਸਨ ਕਿ ਸ੍ਰੀ ਭੈਣੀ ਸਾਹਿਬ ਨਹੀਂ ਜਾਣਾ, ਕਿਸੇ ਕੂਕੇ ਦੇ ਘਰ ਨਹੀਂ ਜਾਣਾ ਅਤੇ ਨਾ ਹੀ ਕੋਈ ਕੂਕਾ ਨਾਨੂੰ ਸਿੰਘ ਦੇ ਘਰ ਆਵੇ, ਇਸ ਲਈ ਸੇਵਕ ਨਾਨੂੰ ਸਿੰਘ ਘੋੜਿਆਂ ਦੇ ਸੌਦਾਗਰ ਦਾ ਭੇਸ ਬਣਾ, ਲੰਮਾ ਕੁੜਤਾ ਅਤੇ ਤਹਮਤ ਲਗਾ ਆਪਣੀ ਪਹਿਚਾਨ ਛੁਪਾ ਕੇ ਸ੍ਰੀ ਭੈਣੀ ਸਾਹਿਬ ਆਇਆ ਸੀ। ਨਾਨੂੰ ਸਿੰਘ ਕੋਲ ਅਤੇ ਦੂਸਰੇ ਸੂਬੇ ਜੋ ਪੰਜਾਬ ਪਰਤੇ ਸਨ, ਉਹਨਾਂ ਕੋਲ ਜਾ ਕੇ ਵੀ ਸੰਤ ਸੰਤੋਖ ਸਿੰਘ ਨੇ ਗੁਰੂ ਜੱਸ ਸੁਣਕੇ ਦਰਜ ਕੀਤਾ। ਨਾਨੂੰ ਸਿੰਘ ਦੇ ਰੰਗੂਨ ਸਤਿਗੁਰੂ ਜੀ ਨਾਲ ਰਹਿਣ ਸਮੇ ਦੇ ਬਚਨਾਂ ਬਾਰੇ ਉੱਪਰ ਜ਼ਿਕਰ ਕਰ ਹੀ ਆਏ ਹਾਂ, ਨੌਕਰੀ ਸਮੇਂ ਦੇ ਕੌਤਕ ਸੰਤ ਜੀ ਨੇ ਵਾਪਸ ਪਰਤ ਕੇ ਪੰਜਾਬ ਆਏ ਸੂਬਾ ਕਾਹਨ ਸਿੰਘ ਪਾਸੋਂ ਸੁਣਕੇ ਲਿਖੇ ਸਨ ਕਿਉਂਕਿ ਸੂਬਾ ਕਾਹਨ ਸਿੰਘ ਖਾਲਸਾ ਫ਼ੌਜ ਦੀ ਨੌਕਰੀ

ਦੌਰਾਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਸੇਵਕ ਬਣਿਆ ਸੀ ਅਤੇ ਉਸਨੇ ਸਤਿਗੁਰੂ ਜੀ ਦੇ ਅਨੇਕਾਂ ਕੌਤਕ ਅੱਖੀਂ ਡਿੱਠੇ ਸਨ। ਸਤਿਗੁਰੂ ਬਿਲਾਸ ਗ੍ਰੰਥ ਵਿਚ ਫ਼ੌਜ ਦੀ ਨੌਕਰੀ ਸਮੇ ਦੇ ਜੋ ਕੌਤਕ ਲਿਖੇ ਹੋਏ ਹਨ ਉਹ ਲਗਪਗ ਸਾਰੇ ਹੀ ਪੰਜਾਬ ਵਾਪਸ ਆਉਣ ਤੋਂ ਬਾਅਦ ਸੂਬਾ ਕਾਹਨ ਸਿੰਘ ਪਾਸੋਂ ਸੁਣਕੇ ਲੇਖਕ ਨੇ ਲਿਖੇ ਸਨ। ਇਹਨਾਂ ਤੋਂ ਇਲਾਵਾ ਸਤਿਗੁਰੂ ਬਾਲਕ ਸਿੰਘ ਜੀ ਬਾਰੇ ਕੁਝ ਜਾਣਕਾਰੀਆਂ ਸੰਤੋਖ ਸਿੰਘ ਨੇ ਹਜ਼ਰੋਂ ਨਿਵਾਸੀ ਕਵੀ ਛੌਕਾ ਰਾਮ ਦੀ ਲਿਖੀ ਸਮਗਰੀ ਤੋਂ ਉਤਾਰੀਆਂ। ਲੇਖਕ ਇਸ ਬਾਰੇ ਆਪ ਹੀ 'ਸਤਿਗੁਰੂ ਬਾਲਕ ਸਿੰਘ ਜੀ ਦੇ ਜੋੜੀ ਜੋਤ ਸਮਾਉਣ' ਦੇ ਬ੍ਰਿਤਾਂਤ ਵਿਚ ਲਿਖਦਾ ਹੈ-ਇਹ ਜੋ ਬਚਨ ਹੈਨ ਸੋ ਛੌਕਾ ਰਾਮ ਕਵੀਸ਼ਰ, ਸ੍ਰੀ ਹਜ਼ਰੋਂ ਸਾਹਿਬ ਰਹਿੰਦਾ ਸੀ, ਉਸਨੇ ਆਪਣੇ ਨੇਤਰੀਂ ਦੇਖਕੇ ਲਿਖੇ ਹੈਨ। ਬਾਬਾ ਕਾਨ੍ਹ ਸਿੰਘ ਜੋ ਮਹੰਤ ਸੀ ਹਜ਼ਰੋਂ ਸਾਹਿਬ ਵਾਲਾ ਸੋ ਆਇਆ ਰਾਮਦਾਸ ਪੁਰੇ ਮੈ, ਲਿਖਾਰੀ (ਸੰਤੋਖ ਸਿੰਘ) ਨੇ ਦੇਖਕੇ ਉਤਾਰ ਲਏ। ਬਾਬਾ ਕਾਨ੍ਹ ਸਿੰਘ ਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਕਰਨ ਸ੍ਰੀ ਭੈਣੀ ਸਾਹਿਬ ੧੯੮੫ ਈ. ਵਿਚ ਆਇਆ ਸੀ। ਗੱਲ ਕੀ ਗ੍ਰੰਥ ਸਤਿਗੁਰੂ ਬਿਲਾਸ ਦੇ ਕਰਤਾ ਸੰਤ ਸੰਤੋਖ ਸਿੰਘ ਨੇ ਵੱਧ ਤੋਂ ਵੱਧ ਪ੍ਰਮਾਣੀਕ ਅਤੇ ਨੇੜੇ ਦੇ ਸਰੋਤਾਂ ਤੋਂ ਜਾਣਕਾਰੀ ਇਕੱਠੀ ਕੀਤੀ ਸੀ ਜੋ ਇਸ ਗ੍ਰੰਥ ਨੂੰ ਵਿਸ਼ੇਸ਼ ਮਹੱਤਤਾ ਪ੍ਰਦਾਨ ਕਰਦੀ ਹੈ।

ਸੰਤ ਸੰਤੋਖ ਸਿੰਘ ਨੇ ਜਿਨ੍ਹਾਂ ਕਠਿਨ ਹਾਲਾਤਾਂ ਵਿਚ 'ਸਤਿਗੁਰੂ ਬਿਲਾਸ' ਗ੍ਰੰਥ ਲਈ ਸਮਗਰੀ ਇਕੱਠੀ ਕੀਤੀ ਉਸਦੀ ਜਿੰਨ੍ਹੀ ਵੀ ਪ੍ਰਸੰਸਾ ਕੀਤੀ ਜਾਵੇ, ਥੋੜੀ ਹੋਵੇਗੀ। ਲੇਖਕ ਨੇ ਸਵੇਰੇ ਉੱਠਕੇ ਇਸ਼ਨਾਨ ਪਾਣੀ ਕਰਨ ਤੋਂ ਬਾਅਦ ਨਿਤਨੇਮ ਕਰਨਾ, ਫੇਰ ਡੇਰੇ ਵਿਚ ਸਫ਼ਾਈ ਅਤੇ ਗੋਹੇ-ਕੂੜੇ ਦੀ ਸੇਵਾ ਕਰਨੀ, ਲੰਗਰ ਲਈ ਬਾਹਰੋਂ ਅੱਕ ਪੁਟੱਕੇ ਲਿਆਉਂਣੇ ਅਤੇ ਕਈ ਵਾਰੀਂ ਲੋਹ ਥੱਲ੍ਹੇ ਬਾਲਣ ਝੋਕਣ ਦੀ ਵੀ ਸੇਵਾ ਕਰਨੀ। ਇਨ੍ਹਾਂ ਕੰਮਾਂ ਤੋਂ ਇਲਾਵਾ ਉਹਨਾਂ ਨੇ ਦਿਨੇ ਬੱਚਿਆਂ ਨੂੰ ਗੁਰਮੁਖੀ ਪੜ੍ਹਾਉਣੀ ਅਤੇ ਪਾਠਾਂ, ਹਵਨ ਅਤੇ ਵਰਨੀਆਂ ਵਿਚ ਵੀ ਲਗਣਾ। ਉਸ ਸਮੇਂ ਰੋਜ਼ ਕੇਵਲ ਦਸ ਨਾਮਧਾਰੀ ਸਿੱਖਾਂ ਨੂੰ ਲਿਖਕੇ ਡੇਰੇ ਅੰਦਰ ਆਉਣ ਅਤੇ ਦਰਸ਼ਨ ਕਰਨ ਦੀ ਪੁਲਿਸ ਵੱਲੋਂ ਆਗਿਆ ਮਿਲਦੀ ਸੀ। ਇਨ੍ਹਾਂ ਦਰਸ਼ਨ ਕਰਨ ਆਏ ਸਾਧਾਂ- ਸੰਤਾਂ ਪਾਸੋਂ ਵੀ ਸੰਤੋਖ ਸਿੰਘ ਨੇ ਗੁਰੂ ਸਾਖੀਆਂ ਪੁੱਛ ਕੇ ਲਿਖਣੀਆਂ ਅਤੇ ਫੇਰ ਗੁਰੂ ਹਰੀ ਸਿੰਘ ਜੀ ਨੂੰ ਸੁਣਾ-ਸੋਧ ਕੇ ਲਿਖਣੀਆਂ। ਬਹੁਤ ਵਾਰੀਂ ਸੰਤ ਜੀ ਸਤਿਗੁਰੂ ਹਰੀ ਸਿੰਘ ਜੀ ਨਾਲ ਦੌਰਿਆਂ ਤੇ ਵੀ ਜਾਂਦੇ ਸੀ ਅਤੇ ਰੋਜ਼ ਦੇ ਰੁਝੇਵਿਆਂ ਚੋਂ ਸਮਾਂ ਕੱਢ ਕੇ ਸੰਬੰਧਿਤ ਵਿਅਕਤੀਆਂ ਪਾਸੋਂ ਜਾਣਕਾਰੀ ਇਕੱਤ੍ਰ ਕਰਦੇ ਸੀ। ਪਾਬੰਦੀਆਂ ਹੇਠ ਸੀਮਤ ਸਾਧਨਾਂ ਅਤੇ ਸੀਮਤ ਲੋਕਾਂ ਨਾਲ ਮਿਲਣ ਦੇ ਅਵਸਰਾਂ ਚੋਂ ਵੀ ਮੌਕਾ ਦੇਖਕੇ ਸੰਤ ਸੰਤੋਖ ਸਿੰਘ ਨੇ ਗੁਰੂ ਜੱਸ ਇਕੱਤ੍ਰ ਕਰਦੇ ਹੀ ਰਹਿਣਾ। ਇਹ ਇਕ ਕਠਿਨ ਤਪੱਸਿਆ ਸੀ। ਇਸ ਤਰ੍ਹਾਂ ਉਹਨਾਂ ਪਾਸ ਸਤਿਗੁਰੂ ਰਾਮ ਸਿੰਘ ਜੀ ਦੇ ਅਤੇ ਗੁਰੂ ਹਰੀ ਸਿੰਘ ਜੀ ਦੇ ਸਮੇਂ ਦੀ ਢੇਰ ਸਾਰੀ ਸਮਗਰੀ ਇਕੱਤ੍ਰ ਹੋ ਗਈ।

ਸੰਤ ਸੰਤੋਖ ਸਿੰਘ ਜੀ ਸ੍ਰੀ ਭੈਣੀ ਸਾਹਿਬ ਡੇਰੇ ਵਿੱਚ ਸਥਾਈ ਤੌਰ ਤੇ ਰਹਿਣ ਵਾਲਿਆਂ ਦੀ ਸੂਚੀ ਵਿਚ ਨਹੀਂ ਸਨ। ਪਹਿਲਾਂ ਉਹ ਅਕਾਲ ਬੁੰਗੇ ਕੋਲ ਇਕ ਛੋਟੇ ਜਿਹੇ ਝੌਂਪੜੇ ਵਿਚ ਰਹਿੰਦੇ ਸੀ ਅਤੇ ਫੇਰ ਖ਼ਰਾਸ ਦੇ ਕੋਲ ਆ ਕੇ ਰਹਿਣ ਲਗ ਪਏ। ਡੇਰੇ ਵਿਚ 'ਲਿਹਾਜ਼' ਨਾਲ ਰਹਿਣ ਵਾਲਿਆਂ ਵਿਚ ਉਹ ਸ਼ਾਮਲ ਸਨ। ਗੋਹੇ-ਕੂੜੇ ਦੀ ਸੇਵਾ ਕਰਨੀ ਅਤੇ ਡੇਰੇ ਦੀ ਸਫਾਈ

ਕਰ ਦੇਣੀ। ਪੁਲਿਸ ਵਾਲੇ ਵੀ ਉਹਨਾਂ ਨੂੰ ਦੇਖ ਕੇ ਅਣਡਿੱਠ ਕਰ ਛਡਦੇ ਸਨ ਕਿਉਂਕਿ ਉਹਨਾਂ ਨੂੰ ਡੇਰੇ ਚੋਂ ਰਸਤ, ਦੁੱਧ, ਘਿਓ ਅਤੇ ਹੋਰ ਵਸਤ ਮਿਲ ਜਾਣੀ। ਫੇਰ ਵੀ ਕਈ ਐਸੇ ਸਮੇ ਆਏ ਜਦੋਂ ਪੁਲਿਸ ਵਾਲਿਆਂ ਲੇਖਕ ਨੂੰ ਡੇਰੇ ਵਿਚੋਂ ਕੱਢ ਦਿੱਤਾ ਅਤੇ ਉਹਨਾਂ ਨਾਲ ਲੜਾਈ ਝਗੜਾ ਕੀਤਾ। ਇਕ ਐਸੇ ਝਗੜੇ ਵਿਚ ਪੁਲਿਸ ਵਾਲਿਆਂ ਝੂਠੇ ਗਵਾਹ ਬਣਾ ਕੇ ਸੰਤੋਖ ਸਿੰਘ ਨੂੰ ਛੇ ਮਹੀਨੇ ਦੀ ਕੈਦ ਕਰਵਾ ਦਿੱਤੀ ਸੀ, ਪਰ ਇਹ ਗੁਰੂ ਦੇ ਪਿਆਰੇ ਜੇਲ੍ਹਖਾਨੇ ਚੋਂ ਛੁੱਟਕੇ ਫੇਰ ਸਿੱਧੇ ਡੇਰੇ ਸ੍ਰੀ ਭੈਣੀ ਸਾਹਿਬ ਆ ਆਪਣੇ ਨਿਤਾਪ੍ਰਤੀ ਕੰਮ ਵਿਚ ਲਗ ਗਏ। ਇਹੀ ਗੁਰੂ ਭਗਤੀ ਹੈ।

ਵਿਖਮ ਪ੍ਰਸਥਿਤੀਆਂ ਵਿਚ ਸੰਤ ਸੰਤੋਖ ਸਿੰਘ ਨੇ ਕਾਫ਼ੀ ਸਾਖੀਆਂ ਇਕੱਤ੍ਰ ਤਾਂ ਕਰ ਲਈਆਂ, ਪਰ ਉਹਨਾਂ ਨੂੰ ਠੀਕ ਢੰਗ ਨਾਲ ਵਿਉਂਤਬੱਧ ਨਾ ਕਰ ਸਕੇ। ਜਾਪਦਾ ਹੈ ਉਹਨਾਂ ਨੂੰ ਐਸਾ ਕਰਨ ਦਾ ਸਮਾਂ ਹੀ ਨਹੀਂ ਮਿਲਿਆ। ਇਕ ਵਾਰੀ ਤਾਂ ਉਹਨਾਂ ਦੇ ਘਰ ਨੂੰ ਅੱਗ ਵੀ ਲਗ ਗਈ। ਸਾਰਾ ਸਮਾਨ ਸੜ ਗਿਆ ਪਰ ਸਤਿਗੁਰੂ ਕਿਰਪਾ ਨਾਲ ਗ੍ਰੰਥ ਸੜਨ ਤੋਂ ਬਚ ਗਿਆ, ਕੇਵਲ ਹਾਸ਼ੀਆ ਹੀ ਸੜਿਆ। ਉਹਨਾਂ ਨੇ ਫੇਰ ਮਿਹਨਤ ਕੀਤੀ, ਗ੍ਰੰਥ ਦਾ ਕੁਝ ਹਿੱਸਾ ਮੁੜ ਕੇ ਦੂਸਰੇ ਕਾਗਜਾਂ ਤੇ ਲਿਖਿਆ। ੧੯੦੬ ਈ. ਵਿਚ ਸਤਿਗੁਰੂ ਹਰੀ ਸਿੰਘ ਜੀ ਜੋਤੀ ਜੋਤ ਸਮਾ ਗਏ ਅਤੇ ੧੯੦੯ ਈ. ਚ 'ਸਤਿਗੁਰੂ ਬਿਲਾਸ' ਗ੍ਰੰਥ ਦੇ ਕਰਤਾ ਸੰਤੋਖ ਸਿੰਘ ਵੀ ਚੜ੍ਹਾਈ ਕਰ ਗਏ। ਇਸੇ ਕਰਕੇ ਲੇਖਕ ਨੂੰ ਗ੍ਰੰਥ ਠੀਕ ਤਰ੍ਹਾਂ ਨਾਲ ਸਿਲਸਿਲੇ ਵਾਰ ਕਰਨ ਅਤੇ ਸੋਧਣ ਦਾ ਸਮਾਂ ਨਾ ਮਿਲਿਆ।

ਸਤਿਗੁਰੂ ਪ੍ਰਤਾਪ ਸਿੰਘ ਜੀ ਸਤਿਗੁਰੂ ਹਰੀ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ੧੯੦੬ ਈ. ਵਿਚ ਗੁਰਗੱਦੀ ਤੇ ਬਿਰਾਜੇ। ਸੰਤ ਸੰਤੋਖ ਸਿੰਘ ਦੇ ੧੯੦੯ ਈ. ਵਿਚ ਚੜ੍ਹਾਈ ਕਰ ਜਾਣ ਉਪਰੰਤ ਇਸ ਗ੍ਰੰਥ ਨੂੰ ਤਰਤੀਬ ਦੇਣ ਅਤੇ ਚੰਗੇ ਕਾਗਜ ਤੇ ਸੋਹਣੀ ਤਰ੍ਹਾਂ ਲਿਖਵਾਉਣ ਦਾ ਕਾਰਜ ਅਟੱਲ ਪ੍ਰਤਾਪੀ ਜੀ ਨੇ ਸੰਭਾਲਿਆ। ੧੯੧੦ ਈ. ਵਿਚ ਹੀ ਸਤਿਗੁਰੂ ਜੀ ਨੇ 'ਸਤਿਗੁਰੂ ਬਿਲਾਸ' ਦਰੁਸਤ ਕਰਨਾ ਸ਼ੁਰੂ ਕਰ ਦਿੱਤਾ। ਸੰਤ 'ਤਰਨ ਸਿੰਘ ਵਹਿਮੀ' 'ਜੱਸ ਜੀਵਨ' ਹਿੱਸਾ-੧ ਵਿਚ ੧੯੬੭ ਬਿਕ੍ਰਮੀ ਦੇ ਸਮੇਂ ਵਿਚ, ਪੰਨਾ ੧੧੩ ਤੇ ਲਿਖਦੇ ਹਨ- ਵਰਖਾ ਉਤਰੀ ਰੁੱਤੇ, ਨਹਿਰ ਤੇ ਸੰਤ ਸੰਤੋਖ ਸਿੰਘ ਜੀ ਬਾਹੋਵਾਲਿਆਂ ਦਾ ਲਿਖਿਆ ਪੁਸਤਕ ਭੈਣੀ ਸਾਹਿਬ ਲੈ ਜਾ, ਕੁਝ ਸਾਧ ਭਜਨ ਬੰਦਗੀ ਵਾਲੇ ਤੇ ਵਿਦਵਾਨ ਖੋਜੀ ਪੁਰਾਣੇ ਇਤਿਹਾਸ ਜੋੜ, ਜੋਗ ਲੋੜ ਵਾਲੇ, ਸਦਾ ਵਾਲੇ ਚਾਹਲੀਏ ਨੇਮ ਨਾਲ ਉਸ ਗ੍ਰੰਥ ਲਿਖੇ ਦੀ ਭੀ ਕਥਾ ਮੁੱਢ ਤੋਂ ਸੁਣਨੀ ਅਰੰਭੀ ਤੇ, ਜੋ ਬਚਨ ਜਾਪਦੇ ਜਾਂ ਕੋਈ ਸਾਧ ਦਸਦਾ ਇਸ ਤਰ੍ਹਾਂ ਨਹੀਂ ਇਸ ਤਰ੍ਹਾਂ ਬਚਨ ਹੈ, ਉਸ ਦੀ ਸੁਧਾਈ ਕਰਦੇ ਤੇ ਨਿਸ਼ਾਨ ਉਪਰ ਕਾਗਤ ਲਵਾ ਜਾਂ ਕੋਲ ਕਾਪੀ ਤੇ ਲਿਖਾਈ ਜਾਂਦੇ। ਇਸ ਤਰ੍ਹਾਂ ਸਤਿਗੁਰੂ ਜੀ ਨੇ ਕਰਤਾ ਦੇ ਚੜ੍ਹਾਈ ਕਰ ਜਾਣ ਤੇ ਤੁਰੰਤ ਮਗਰੋਂ ਹੀ ਇਸ ਗ੍ਰੰਥ ਨੂੰ ਠੀਕ ਸਿਲਸਿਲੇ ਵਾਰ ਕਰਨਾ ਅਰੰਭ ਦਿੱਤਾ ਸੀ ਅਤੇ ਸੰਤ ਬਲਵੰਤ ਸਿੰਘ ਪਾਸੋਂ ਸੋਹਣਾ ਲਿਖਵਾਇਆ ਸੀ (ਜੱਸ-ਜੀਵਨ ਹਿੱਸਾ -੨, ਪੰਨਾ ੨੬੯)। ਇਸ ਤੋਂ ਇਲਾਵਾ ਜੱਸ-ਜੀਵਨ ਹਿੱਸਾ-੨ ਦੇ ਪੰਨਾ ੧੧੧, ੧੩੭, ੧੭੯, ੨੬੯ ਅਤੇ ੨੭੬ ਅਤੇ ਹਿੱਸਾ-੩ ਦੇ ਪੰਨਾ ੭੬ ਅਤੇ ੧੧੮ ਦੇਖੇ ਜਾ ਸਕਦੇ ਹਨ ਜਿਨ੍ਹਾਂ ਵਿਚ 'ਸਤਿਗੁਰੂ ਬਿਲਾਸ' ਗ੍ਰੰਥ ਨੂੰ ਸੋਹਣਾ ਲਿਖਾਵਉਣ ਅਤੇ ਠੀਕ ਕਰਨ ਬਾਰੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜਤਨਾਂ ਅਤੇ ਉਦਮਾਂ ਬਾਰੇ

ਜ਼ਿਕਰ ਹਨ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਸ ਗ੍ਰੰਥ ਨੂੰ ਕਾਫ਼ੀ ਸਿਲਸਿਲੇ ਵਾਰ ਅਤੇ ਠੀਕ ਕਰਵਾਇਆ, ਸਾਫ਼ ਸੁਥਰਾ ਲਿਖਵਾਇਆ ਅਤੇ ਫੇਰ ਸਾਰੇ ਨੂੰ ਟਾਈਪ ਕਰਵਾਇਆ।

ਵਰਤਮਾਨ ਸਤਿਗੁਰੂ, ਸਤਿਗੁਰੂ ਜਗਜੀਤ ਸਿੰਘ ਜੀ ਨੇ ਨਾਮਧਾਰੀ ਇਤਿਹਾਸ ਨੂੰ ਅਤੇ ਸਮਾਜ ਨੂੰ ਨਵੀਂ ਨੁਹਾਰ ਬਖ਼ਸ਼ੀ ਹੈ। ਪ੍ਰਸਿੱਧ ਇਤਿਹਾਸਕਾਰ ਸ੍ਰ. ਨਾਹਰ ਸਿੰਘ ਨੇ ਕਿਹਾ ਸੀ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਬਚਨ ਕਰਦੇ ਸਨ ਕਿ ਵੱਡਾ ਕਾਕਾ (ਸਤਿਗੁਰੂ ਜਗਜੀਤ ਸਿੰਘ ਜੀ) ਜੋ ਵੀ ਚਿਤਵੇਗਾ, ਸੋਈ ਹੋ ਜਾਏਗਾ। ਸਤਿਗੁਰੂ ਜੀ ਨੇ ਨਾਮਧਾਰੀ ਇਤਿਹਾਸ ਨੂੰ ਪ੍ਰਮਾਣੀਕਤਾ ਬਖ਼ਸ਼ੀ। ਸਰਕਾਰੀ ਦਸਤਾਵੇਜ਼, ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ, ਜੱਸ ਜੀਵਨ ਦੇ ਬਾਕੀ ਰਹਿੰਦੇ ਹਿੱਸੇ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਟੇਪ ਉਪਦੇਸ਼ ਆਪ ਉਚੇਚਾ ਸਮਾਂ ਅਤੇ ਸਹੂਲਤਾਂ ਦੇ ਕੇ ਛਪਵਾਏ।

ਸੰਮਤ ੧੯੨੮ ਦੀ ਵਸਾਖੀ (ਅਪ੍ਰੈਲ ੧੮੭੧ ਈ.) ਤੋਂ ਬਾਅਦ ਦੇ ਜੋਂ ਬ੍ਰਿਤਾਂਤ ਸੰਤ ਸੰਤੋਖ ਸਿੰਘ ਨੇ 'ਸਤਿਗੁਰੂ ਬਿਲਾਸ' ਵਿਚ ਲਿਖੇ ਹਨ, ਉਹਨਾਂ ਵਿਚ ਇਕ ਥਾਂ ਤੇ ਲਿਖਿਆ ਹੈ – "ਏਕ ਸਮੇਂ ਬਚਨ ਕੀਤਾ, ਦੀਨਾ ਨਾਥ ਜੀ ਪ੍ਰਸੰਨ ਹੋਇਕੇ ਕਿ ਕਿਸੇ ਸਮੇਂ ਨੂੰ ਗੁਰੂ ਬਿਲਾਸ ਬਣੇਗਾ। ਏਸ ਖਾਲਸੇ ਪੰਥ ਕੀ ਤੇ ਜਿਵੇਂ ਫ਼ਰੰਗੀ ਰਾਜੇ ਸਾਡੇ ਨਾਲ ਕਰਨਗੇ ਤਿਵੇਂ ਜਨਮ ਸਾਖੀ ਬਣੇਗੀ। ਬੜਾ ਭਾਰੀ ਗ੍ਰੰਥ ਹੋਵੇਗਾ।" ਸਤਿਗੁਰੂ ਰਾਮ ਸਿੰਘ ਜੀ ਦੇ ਬਚਨਾਂ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਪੂਰਿਆਂ ਕਰਨ ਲੱਗੇ ਹਨ। 'ਸਤਿਗੁਰੂ ਬਿਲਾਸ' ਗ੍ਰੰਥ ਨੂੰ ਬਾਤਰਤੀਬ ਸੰਪਾਦਤ ਕਰਨ ਦਾ ਦਾਸ ਨੂੰ ਹੁਕਮ ਹੋਇਆ। ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਸਦਕਾ ਇਹ ਕੰਮ ਪੁਰਾ ਹੋਇਆ ਹੈ। ਇਹ ਗ੍ਰੰਥ ਆਕਾਰ ਵਿਚ ਵੱਡਾ ਹੈ, ਇਸ ਲਈ ਇਸਨੂੰ ਦੋ ਭਾਗਾਂ ਵਿਚ ਛਾਪਿਆ ਗਿਆ ਹੈ। ਪਹਿਲਾ ਭਾਗ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਗਟ ਹੋਣ ਤੋਂ ਲੈਕੇ ੧੮੭੨ ਈ. ਵਿਚ 'ਸ੍ਰੀ ਭੈਣੀ ਸਾਹਿਬ ਡੇਰੇ ਦੀ ਤਲਾਸ਼ੀ' ਤੱਕ ਹੈ ਅਤੇ ਦੂਸਰਾ ਭਾਗ 'ਸਤਿਗੁਰੂ ਰਾਮ ਸਿੰਘ ਜੀ ਦੇ ਪਰਾਗਰਾਜ ਪਹੁੰਚਣ ਤੋਂ ਲੈ ਕੇ ਸਤਿਗੁਰੂ ਹਰੀ ਸਿੰਘ ਜੀ ਦੇ ਜੋਤੀ ਜੋਤ ਸਮਾਉਣ' ਤੱਕ ਹੈ।

ਥੋੜੀ ਜਿਹੀ ਵਿਚਾਰ ਇਸ ਗ੍ਰੰਥ ਵਿਚ ਆਈਆਂ ਘਟਨਾਵਾਂ ਬਾਰੇ ਵੀ ਕਰ ਲੈਣੀ ਠੀਕ ਹੋਵੇਗੀ। ਪਿੱਛੇ ਦੱਸਿਆ ਜਾ ਚੁੱਕਾ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਗਟ ਹੋਣ ਤੋਂ ਲੈ ਕੇ ਅਪ੍ਰੈਲ ੧੮੬੩ ਈ. ਤੱਕ ਅਤੇ ਸਤਿਗੁਰੂ ਹਰੀ ਸਿੰਘ ਜੀ ਦੇ ਸਮੇ ਬਾਰੇ ਜਾਣਕਾਰੀ ਦਾ ਆਧਾਰ 'ਸਤਿਗੁਰੂ ਬਿਲਾਸ' ਹੀ ਹੈ। ਬਚਪਨ, ਫ਼ੌਜ ਦੀ ਨੌਕਰੀ ਸਮੇਂ ਦੇ ਬ੍ਰਿਤਾਂਤ, ਸਤਿਗੁਰੂ ਹਰੀ ਸਿੰਘ ਨੂੰ ਡੇਰੇ ਸ੍ਰੀ ਭੈਣੀ ਸਾਹਿਬ ਰਹਿੰਦਿਆਂ ਅਤੇ ਦੌਰਿਆਂ ਸਮੇਂ ਜੋ ਔਕੜਾਂ ਆਉਂਦੀਆਂ ਰਹੀਆਂ, ਇਹਨਾਂ ਸਾਰਿਆਂ ਦਾ ਇੱਕੋ ਇਕ ਸਰੋਤ ਸੰਤੋਖ ਸਿੰਘ ਦਾ ਇਹ ਗ੍ਰੰਥ ਹੀ ਹੈ। ਇਸ ਵਿਚ ਸਤਿਗੁਰੂ ਰਾਮ ਸਿੰਘ ਜੀ ਅਤੇ ਸਤਿਗੁਰੂ ਹਰੀ ਸਿੰਘ ਜੀ ਦੇ ਜੀਵਨ ਅਤੇ ਸ਼ਖਸੀਅਤ ਬਾਰੇ ਵਿਸਤ੍ਰਿਤ ਜਾਣਕਾਰੀ ਮਿਲਦੀ ਹੈ। ਹੋਰ ਵੀ ਬਹੁਤ ਸਾਰੇ ਕੌਤਕ, ਸਾਖੀਆਂ, ਘਟਨਾਵਾਂ ਹਨ ਜਿਨ੍ਹਾਂ ਦਾ ਮੂਲ ਆਧਾਰ ਇਹੀ ਗ੍ਰੰਥ ਹੈ।

ਸੰਤ ਸੰਤੋਖ ਸਿੰਘ ਨੇ ਸ੍ਰੀ ਭੈਣੀ ਸਾਹਿਬ ਪਿੰਡ ਨੂੰ 'ਰਾਮਦਾਸ ਪੁਰਾ' ਕਰਕੇ ਆਪਣੇ ਗ੍ਰੰਥ 'ਸਤਿਗੁਰੂ ਬਿਲਾਸ' ਵਿਚ ਲਿਖਿਆ ਹੈ। ਸਤਿਗੁਰੂ ਜੀ ਨੇ ਰੰਗੂਨ ਤੋਂ ਭੇਜੇ ਹੁਕਮਨਾਮਿਆਂ ਵਿਚ

ਸ੍ਰੀ ਭੈਣੀ ਸਾਹਿਬ ਨੂੰ 'ਰਾਮਦਾਸ ਪੁਰਾ' ਵੀ ਲਿਖਿਆ ਹੈ- 'ਅਰੁ ਮੈਂ ਵੀ ਸਾਰੀ ਸੰਗਤ ਦੇ ਬਾਸਤੇ ਲਿਖਕੇ ਭੇਜ ਦਿਤੇ ਹੈਂ। ਰਾਮਦਾਸ ਪੁਰੇ ਪਏ ਹੈਂ, ਜਿਨ ਦੇਖਣੇ ਹੋਣਿ ਸੋ ਦੇਖ ਲੇਵੇ' (ਹੁਕਮਨਾਮੇ-ਪੰਨਾ ੫੦੭)।

ਇਕ ਹੋਰ ਹੁਕਮਨਾਮੇ ਵਿਚ ਲਿਖਿਆ ਹੈ- 'ਅਰੁ ਹੁਣ ਜੋ ਨਾਮਧਾਰੀ ਹੈਨ, ਏਸ ਪਿੰਡ ਦਾ ਨਾਉ ਰਾਮਦਾਸ ਪੁਰਾ ਸੱਦਿਆ ਕਰੋ। ਹੋਰ ਲੋਕਾਂ ਨੂੰ ਨਹੀ ਆਖਣਾ, ਸੰਗਤ ਆਖੇ ਰਾਮਦਾਸ ਪੁਰਾ' (ਹੁਕਮਨਾਮੇ-ਪੰਨਾ ੪੨੧)। ਸਤਿਗੁਰੂ ਰਾਮ ਸਿੰਘ ਜੀ ਨੇ ਪਛਾਣ ਗੁਪਤ ਰੱਖਣ ਦੇ ਮਨੋਰਥ ਨਾਲ ਕਈ ਥਾਈਂ ਬਦਲੇ ਹੋਏ ਨਾਵਾਂ ਦੀ ਵਰਤੋਂ ਆਪਣੇ ਹੁਕਮਨਾਮਿਆਂ ਵਿਚ ਕੀਤੀ ਹੈ, ਜਿਵੇਂ ਸਤਿਗੁਰੂ ਜੀ ਨੇ ਆਪਣਾ ਨਾਂ 'ਦਿਆਲ ਸਿੰਘ' ਅਤੇ 'ਗੰਗਾ ਵਾਲਾ ਮਸਤਾਨਾ, ਸੇਵਕ ਨਾਨੂੰ ਸਿੰਘ ਦਾ ਨਾਂ 'ਕ੍ਰਿਪਾਲ ਸਿੰਘ', ਰੂਸ ਲਈ 'ਸਰੂਪ ਸਿੰਘ' ਅਤੇ ਅੰਗ੍ਰੇਜ਼ਾਂ ਲਈ 'ਬਿੱਲਾ ਸਿੰਘ' ਸੰਕੇਤਕ ਨਾਵਾਂ ਨੂੰ ਵਰਤਿਆ ਸੀ। ਗ੍ਰੰਥ ਦੇ ਕਰਤਾ ਸੰਤ ਸੰਤੋਖ ਸਿੰਘ ਨੇ ਸ਼ਰਧਾ ਨਾਲ ਆਪਣੇ ਗ੍ਰੰਥ ਵਿਚ ਪਿੰਡ ਦਾ ਨਾਂ 'ਰਾਮਦਾਸ ਪੁਰੇ' ਹੀ ਵਰਤਿਆ ਹੈ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਗਟ ਹੋਣ ਸਮੇ ਬਾਬਾ ਜੱਸਾ ਸਿੰਘ ਜੀ ਰਾਈਆਂ ਪਿੰਡ ਵਿਚ ਰਹਿੰਦੇ ਸਨ। ਕੁਛ ਮਹੀਨੇ ਬਾਅਦ ਮਾਤਾ ਸਦਾ ਕੌਰ ਜੀ ਆਪਣੇ ਪੇਕੀਂ ਨੰਗਲ ਗਏ ਸਨ ਅਤੇ ਏਸੇ ਦੌਰਾਨ ਬਾਬਾ ਜੱਸਾ ਸਿੰਘ ਨੇ ਆਪਣਾ ਨਿਵਾਸ ਰਾਈਆਂ ਤੋਂ ਸ੍ਰੀ ਭੈਣੀ ਸਾਹਿਬ ਲੈ ਆਂਦਾ ਸੀ। ਮਾਤਾ ਸਦਾ ਕੌਰ ਜੀ ਨੰਗਲ ਤੋ ਵਾਪਸ ਸ੍ਰੀ ਭੈਣੀ ਸਾਹਿਬ ਆਏ ਸਨ। ਇਸ ਤੋਂ ਪ੍ਰਤੱਖ ਹੁੰਦਾ ਹੈ ਕਿ ਸਤਿਗੁਰੂ ਜੀ ਦੇ ਪ੍ਰਗਟ ਹੋਣ ਤੋਂ ਛੇਤੀ ਹੀ ਮਗਰੋਂ ਸਾਰਾ ਪਰਵਾਰ ਰਾਈਆਂ ਤੋਂ ਸ੍ਰੀ ਭੈਣੀ ਸਾਹਿਬ ਆ ਗਿਆ ਸੀ। ਸਤਿਗੁਰੂ ਹਰੀ ਸਿੰਘ ਜੀ ਦਾ ਜਨਮ ਸ੍ਰੀ ਭੈਣੀ ਸਾਹਿਬ ਵਿਖੇ ਹੋਇਆ ਸੀ। 'ਸਤਿਗੁਰੂ ਬਿਲਾਸ' ਗ੍ਰੰਥ ਸਾਨੂੰ ਇਹ ਜਾਣਕਾਰੀ ਦਿੰਦਾ ਹੈ।

ਫ਼ੌਜ ਦੀ ਨੌਕਰੀ ਅਤੇ ਸਤਿਗੁਰੂ ਹਰੀ ਸਿੰਘ ਜੀ ਦੇ ਸਮੇ ਦੀਆਂ ਜਾਣਕਾਰੀਆਂ ਦੀ ਕਿਸੇ ਵੀ ਹੋਰ ਪੁਸਤਕ ਨਾਲ ਪੜਚੋਲ ਨਹੀਂ ਹੋ ਸਕਦੀ ਕਿਉਂਕਿ ਹੋਰ ਕੋਈ ਸਰੋਤ ਹੈ ਹੀ ਨਹੀਂ। ਹਾਂ ਉਨੇ ਕੁ ਹਿੱਸੇ ਬਾਰੇ ਦੇਖਿਆ ਜਾ ਸਕਦਾ ਹੈ ਜਿਸ ਬਾਰੇ ਸਰਕਾਰੀ ਦਸਤਾਵੇਜ਼ਾਂ ਵਿਚ ਵੀ ਜ਼ਿਕਰ ਆਉਂਦਾ ਹੈ। ੧੮੬੩ ਈ. ਤੋਂ ਬਾਅਦ ਦੀਆਂ ਜਿਹੜੀਆਂ ਘਟਨਾਵਾਂ ਸੰਤ ਸੰਤੋਖ ਸਿੰਘ ਨੇ ਲੋਕਾਂ ਜਾਂ ਸਾਧਾਂ ਪਾਸੋਂ ਸੁਣਕੇ ਲਿਖੀਆਂ ਸਨ, ਉਹ ਤਾਂ ਬਹੁਤ ਹੱਦ ਤੱਕ ਦਸਤਾਵੇਜ਼ਾ ਵਿਚ ਵੀ ਇਨ-ਬਿਨ ਮਿਲਦੀਆਂ ਹਨ। ਇਹਨਾਂ ਵਿਚ ਪ੍ਰਮੁੱਖ ਹਨ ੧੮੬੭ ਈ. ਦਾ ਅਨੰਦਪੁਰੇ ਸਾਹਿਬ ਦਾ ਪਹਿਲਾ ਹੋਲਾ ਅਤੇ ਦੀਵਾਲੀ ਸ੍ਰੀ ਅੰਮ੍ਰਿਤਸਰ, ਥਰਾਜਵਾਲੀ ਘਟਨਾ (੧੮੬੯ ਈ.), ਬੁੱਚੜਾਂ ਵਿਰੁੱਧ ਕਾਰਵਾਈ, ਸ੍ਰੀ ਭੈਣੀ ਸਾਹਿਬ ਡੇਰੇ ਦੀ ਤਲਾਸ਼ੀ ਅਤੇ ਰੰਗੂਨ ਨਾਮਧਾਰੀ ਸਿਘਾਂ ਦੀ ਯਾਤਰਾ ਆਦਿ। ਸਰਕਾਰੀ ਰਿਕਾਰਡਾਂ ਵਿਚ ਅਤੇ 'ਸਤਿਗੁਰੂ ਬਿਲਾਸ' ਗ੍ਰੰਥ ਵਿਚ ਇਹਨਾਂ ਘਟਨਾਵਾਂ ਬਾਰੇ ਜ਼ਿਕਰ ਲਗਭਗ ਇੱਕੋ ਜਿਹੇ ਹਨ ਕੇਵਲ ਪੇਸ਼ ਕਰਨ ਵਿਚ ਹੀ ਦੋਨ੍ਹਾਂ ਪੱਖਾਂ ਦਾ ਆਪਣਾ ਆਪਣਾ ਢੰਗ ਹੈ। ਇਸ ਤੋਂ ਪਤਾ ਲਗਦਾ ਹੈ ਕਿ ਘਟਨਾਵਾਂ ਲਿਖਵਾਉਣ ਵਾਲਿਆਂ ਨੇ ਵਿਵੇਕਬੁੱਧੀ ਨਾਲ ਅਤੇ ਠੀਕ ਹੀ ਜਾਣਕਾਰੀ ਲਿਖਵਾਈ ਸੀ।

ਕੁਝ ਐਸੀਆਂ ਘਟਨਾਵਾਂ ਵੀ ਹਨ ਜਿਨ੍ਹਾਂ ਬਾਰੇ 'ਸਤਿਗੁਰੂ ਬਿਲਾਸ' ਵਿਚ ਵੀ ਜ਼ਿਕਰ

ਆਉਂਦਾ ਹੈ ਅਤੇ ਸਰਕਾਰੀ ਦਸਤਾਵੇਜ਼ਾਂ ਵਿਚ ਵੀ ਲਿਖਿਆ ਮਿਲਦਾ ਹੈ, ਪਰ ਇਹਨਾਂ ਘਟਨਾਵਾਂ ਬਾਰੇ ਲੇਖਕਾਂ ਨੇ ਕਦੇ ਵਰਨਣ ਨਹੀਂ ਕੀਤਾ। ਏਥੇ ਮੈਂ ਦੋ ਘਟਨਾਵਾਂ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ ਜੋ ਸਾਲ ੧੮੭੧ ਈ. ਦੀਆਂ ਹਨ। ਪਹਿਲੀ ਹੈ 'ਬਾਗਾਂਵਾਲੀ ਘਟਨਾ'। ਜ਼ਿਆਦਾਤਰ ਲਿਖਾਰੀ 'ਬਾਗਾਂਵਾਲੀ ਘਟਨਾ' ਦੇ ਨਾਂ ਤੋਂ ਹੀ ਜਾਣੂ ਨਹੀਂ ਹਨ। ਬੁੱਚੜਾਂ ਵਿਰੁੱਧ ਨਾਮਧਾਰੀ ਸਿੰਘਾਂ ਨੇ ਪਹਿਲੀ ਕਾਰਵਾਈ ਅੰਮ੍ਰਿਤਸਰ ੧੪ ਜੂਨ ਰਾਤ ਨੂੰ ਕੀਤੀ ਸੀ ਅਤੇ ਰਾਏਕੋਟ ੧੫ ਜੁਲਾਈ ਨੂੰ। ਇਹਨਾਂ ਦੋਨ੍ਹਾਂ ਸਾਕਿਆਂ ਦੇ ਵਿਚਕਾਰ ਜੁਲਾਈ ਦੇ ਪਹਿਲੇ ਹਫ਼ਤੇ ਦੇ ਅਖ਼ੀਰ ਵਿਚ 'ਬਾਗਾਂਵਾਲੀ ਘਟਨਾ' ਵਾਪਰੀ ਸੀ। ਅੰਮ੍ਰਿਤਸਰ ਦੇ ਸਾਕੇ ਤੋਂ ਬਾਅਦ ਕੁਛ ਨਾਮਧਾਰੀ ਸਿੰਘ ਬੁੱਚੜਾਂ ਵਿਰੁੱਧ ਕਾਰਵਾਈ ਕਰਨ ਲਈ ਸ਼ਿਮਲੇ ਨੂੰ ਰਵਾਨਾ ਹੋਏ ਕਿਉਂਕਿ ਉੱਥੇ ਵੀ ਬੁੱਚੜਖਾਨਾ ਸੀ। ਭਾਰੀ ਮੀਂਹ ਪੈਣ ਕਰਕੇ ਮੌਸਮ ਕਾਫ਼ੀ ਖ਼ਰਾਬ ਹੋ ਗਿਆ ਸੀ ਅਤੇ ਸਿਘਾਂ ਨੂੰ ਮੋਰਿੰਡੇ ਤੋਂ ਹੀ ਵਾਪਸ ਮੁੜਨਾ ਪਿਆ। ਵਾਪਸੀ ਸਮੇਂ ਰਾਤ ਨੂੰ ਬਾਗਾਂਵਾਲੇ ਨਾਮਧਾਰੀ ਸਿੰਘਾਂ ਦੀ ਝੜਪ ਚੌਂਕੀਦਾਰ ਨਾਲ ਹੋ ਗਈ ਅਤੇ ਉਹ ਮਾਰਿਆ ਗਿਆ। ਸਰਕਾਰੀ ਫ਼ਾਇਲਾਂ ਵਿਚ ਇਹ ਘਟਨਾ 'ਮੋਰਿੰਡਾ ਕੇਸ' ਕਰਕੇ ਵੀ ਜਾਣੀ ਜਾਂਦੀ ਹੈ ਅਤੇ ਇਸ ਕੇਸ ਵਿਚ ਪਕੜੇ ਗਏ ਸਿੰਘਾਂ ਕਾਰਨ ਰਾਏਕੋਟ ਸਾਕੇ ਦੇ ਮੁਕੱਦਮੇ ਤੇ ਵੀ ਅਸਰ ਪਿਆ।

ਦੂਸਰੀ ਘਟਨਾ ਲਾਹੌਰ ਸ਼ਹਿਰ ਦੀ ਹੈ। ਬਿਸ਼ਨ ਸਿੰਘ ਕੂਕੇ ਨੇ, ਜੋ ਸੁਨਿਆਰੇ ਦਾ ਕੰਮ ਕਰਦਾ ਸੀ, ਸਲੋਤਰ ਮਾਰਕੇ 'ਸਮਾਲ ਕਾਜ਼ ਕੋਰਟ' ਦੇ ਜੱਜ ਜਾਇਸੀ ਰਾਮ ਨੂੰ ਮਾਰ ਦਿੱਤਾ ਕਿਉਂਕਿ ਉਸਨੇ ਉਸ ਵਿਰੁੱਧ ਝੂਠੀ ਡਿਗਰੀ ਕਰ ਦਿੱਤੀ ਸੀ। ਇਸ ਘਟਨਾਂ ਨੇ ਹਰ ਪਾਸੇ ਸਨਸਨੀ ਫੈਲਾ ਦਿੱਤੀ ਅਤੇ ਉਸ ਸਮੇ ਅੰਗ੍ਰੇਜ਼ੀ ਦੀਆਂ ਅਖ਼ਬਾਰਾਂ ਵਿਚ ਇਸ ਘਟਨਾਂ ਦੀ ਕਈ ਦਿਨ ਚਰਚਾ ਅਤੇ ਬਹਿਸ ਹੁੰਦੀ ਰਹੀ। ਭਾਵੇਂ ਸਤੰਬਰ ਦੇ ਦੂਸਰੇ ਹਫ਼ਤੇ ਵਿਚ ਬਿਸ਼ਨ ਸਿੰਘ ਨੂੰ ਫਾਂਸੀ ਦੇ ਦਿੱਤੀ ਗਈ, ਲੇਕਿਨ ਇਸ ਘਟਨਾ ਨੇ ਉਹਨਾਂ ਦਿਨਾਂ ਵਿਚ ਭੈ ਦਾ ਚੋਖਾ ਵਾਤਾਵਰਨ ਬਣਾਈ ਰੱਖਿਆ ਸੀ। ਇਹਨਾਂ ਦੋਨਾਂ ਘਟਨਾਵਾਂ ਬਾਰੇ ਸਰਕਾਰੀ ਦਸਤਾਵੇਜ਼ਾਂ ਵਿਚ ਤਾਂ ਜ਼ਿਕਰ ਹੈ ਹੀ 'ਸਤਿਗੁਰੂ ਬਿਲਾਸ' ਵਿਚ ਵੀ ਵਰਨਨ ਮਿਲਦਾ ਹੈ। ਨਾਮਧਾਰੀ ਇਤਿਹਾਸ ਦੇ ਲੇਖਕਾਂ ਨੂੰ ਵੀ ਆਪਣੀਆਂ ਪੁਸਤਕਾਂ ਵਿਚ ਉਪ੍ਰੋਕਤ ਘਟਨਾਵਾਂ ਬਾਰੇ ਵਰਨਨ ਕਰਨਾ ਚਾਹੀਦਾ ਹੈ।

ਗ੍ਰੰਥ ਵਿਚ ਦਰਜ ਜਾਣਕਾਰੀਆਂ ਦਾ ਦੂਸਰਾ ਪੱਖ ਵੀ ਹੈ। ਕੁਝ ਘਟਨਾਵਾਂ ਬਾਰੇ 'ਸਤਿਗੁਰੂ ਬਿਲਾਸ' ਮੌਨ ਹੈ, ਅਤੇ ਕੁਝ ਵਿਚ ਅਤੇ ਸਰਕਾਰੀ ਦਸਤਾਵੇਜ਼ਾਂ ਵਿਚ ਦਿੱਤੀ ਗਈ ਜਾਣਕਾਰੀ ਵਿਚ ਫ਼ਰਕ ਹੈ, ਪਰ ਹੈ ਇਹ ਬਹੁਤ ਹੀ ਅਲਪ।

ਸਰਕਾਰੀ ਦਸਤਾਵੇਜ਼ਾਂ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀਆਂ ਗਤੀਵਿਧੀਆਂ ਬਾਰੇ ਸਭ ਤੋਂ ਪਹਿਲੇ ਤਵੱਜੋ ਅਪ੍ਰੈਲ ੧੮੬੩ ਈ. ਵਿਚ ਦਰਜ਼ ਹੋਣੀ ਸ਼ੁਰੂ ਹੋਈ ਸੀ। ਉਸ ਸਮੇਂ ਸਤਿਗੁਰੂ ਜੀ ਸਤਿਗੁਰੂ ਬਾਲਕ ਸਿੰਘ ਜੀ ਦਾ ਜੋਤੀ ਜੋਤ ਸਮਾਉਣਾ ਸੁਣ ਕੇ ਹਜ਼ਰੋਂ ਨੂੰ ਗਏ ਸਨ ਲੇਕਿਨ ਭਾਈ ਮੰਨਾ ਸਿੰਘ ਜੀ ਸਤਿਗੁਰੂ ਬਾਲਕ ਸਿੰਘ ਜੀ ਦੇ ਫੁਲ ਲੈ ਕੇ ਆਉਂਦੇ ਵਜ਼ੀਰਾਬਾਦ ਦੇ ਨੇੜੇ ਮਿਲ ਗਏ। ਉੱਥੋਂ ਹੀ ਸਤਿਗੁਰੂ ਜੀ ਵਾਪਸ ਪਰਤ ਆਏ ਅਤੇ ਵਸਾਖੀ ਸਮੇ ਅੰਮ੍ਰਿਤਸਰ ਆ ਗਏ। ਇਹਨਾਂ ਦਿਨਾਂ ਵਿਚ ਖ਼ੁਫ਼ੀਆਂ ਪੁਲੀਸ ਨੇ ਇਕ ਰਿਪੋਰਟ ਵਿੱਚ ਲਿਖਿਆ ਸੀ ਕਿ ਗੁਰੂ ਰਾਮ ਸਿੰਘ ਅੰਮ੍ਰਿਤਸਰ ਤੋਂ ਹਰੀਕੇ ਹੁੰਦੇ ਹੋਏ ਫ਼ਿਰੋਜ਼ਪੁਰੇ ਨੂੰ ਚਲੇ ਗਏ ਹਨ।

ਲੇਕਿਨ 'ਸਤਿਗੁਰੂ ਬਿਲਾਸ' ਦਾ ਕਰਤਾ ਲਿਖਦਾ ਹੈ ਕਿ ਸਤਿਗੁਰੂ ਜੀ ਅੰਮ੍ਰਿਤਸਰ ਤੋਂ ਵਾਪਸ ਰਾਮਦਾਸ ਪੁਰੇ ਨੂੰ ਆ ਗਏ ਅਤੇ ਫੇਰ ਇਥੋਂ ਹੀ ਸਿਆਹੜ ਅਤੇ ਖੋਟੇ ਪਿੰਡ ਨੂੰ ਗਏ ਸਨ। ਨਿਪਾਲ ਜਾਣ ਬਾਰੇ ਬ੍ਰਿਤਾਂਤ ਤਾਂ ਇਸ ਗ੍ਰੰਥ ਵਿਚ ਆਇਆ ਹੈ ਲੇਕਿਨ ਕਸ਼ਮੀਰ ਨਾਲ ਸੰਪਰਕ ਅਤੇ ਉੱਥੇ ਕੂਕਾ ਪਲਟਨ ਕਾਇਮ ਕਰਨ ਬਾਰੇ 'ਸਤਿਗੁਰੂ ਬਿਲਾਸ' ਕੁਝ ਨਹੀਂ ਦਸਦਾ। ਮਲੇਰਕੋਟਲੇ ਦੇ ਸਾਕੇ ਦੇ ਸ਼ਹੀਦਾਂ ਬਾਰੇ ਸੰਤ ਸੰਤੋਖ ਸਿੰਘ ਨੇ ਜੋ ਨਾਂ ਲਿਖੇ ਹਨ ਉਹਨਾਂ ਵਿਚ ਕਈ ਥਾਈਂ ਫ਼ਰਕ ਹੈ ਅਤੇ ਇਸ ਵਿਚ ਮਾਈ ਇੰਦ ਕੌਰ ਅਤੇ ਖੇਮ ਕੌਰ ਦੇ ਨਾਂ ਵੀ ਸ਼ਾਮਲ ਕਰ ਲਏ ਗਏ ਹਨ। ਕੁਲ ਮਿਲਾ ਕੇ ੯੨ ਨਾਂ ਲਿਖੇ ਹੋਏ ਹਨ। ਜਾਪਦਾ ਹੈ ਜੋ ਸਿੰਘ ਮਲੇਰਕੋਟਲੇ ਦੇ ਸਾਕੇ ਵਿਚ ਲਾਪਤਾ ਹੋ ਗਏ ਅਥਵਾ ਜ਼ਖਮੀ ਹੋ ਗਏ, ਉਹ ਸਾਰੇ ਨਾਂ ਯਾਦ ਰੱਖਣ ਪੱਖੋਂ ਲਿਖ ਲਏ ਗਏ ਸਨ। ਲੇਖਕ ਦਾ ਮਾਣ ਰੱਖਦਿਆਂ ਹੋਇਆਂ ਬਿਨਾ ਕਿਸੇ ਸੁਧਾਈ ਦੇ ਸੂਚੀ 'ਸ਼ਹੀਦਾਂ ਸਿੰਘਾਂ ਦੇ ਨਾਂ' ਨੂੰ ਗ੍ਰੰਥ ਵਿਚ ਦੇ ਦਿੱਤਾ ਗਿਆ ਹੈ। ਲੇਕਿਨ ਧਿਆਨ ਗੋਚਰੀ ਗੱਲ ਹੈ ਕਿ ਇਸ ਸੂਚੀ ਵਿਚ ਸ਼ਹੀਦਾਂ ਦੇ ਨਾਵਾਂ ਥਾਵਾਂ ਵਿਚ ਕੁਝ ਫ਼ਰਕ ਵੀ ਹੈ ਅਤੇ ਵੱਧ ਵੀ ਹਨ। ਵੱਡੇ ਆਕਾਰ ਵਾਲੇ ਗ੍ਰੰਥ ਵਿਚ ਐਸੀਆਂ ਕਮੀਆਂ ਬਹੁਤ ਮਾਮੂਲੀ ਜਿਹੀਆਂ ਹੀ ਹਨ, ਕੋਈ ਵਿਸ਼ੇਸ਼ ਗੱਲ ਨਹੀਂ ਜਾਪਦੀ ।

ਨਾਮਧਾਰੀ ਪੰਥ ਦੀ ਸਾਜਣਾ ਸਤਿਗੁਰੂ ਰਾਮ ਸਿੰਘ ਜੀ ਨੇ ਕੀਤੀ ਸੀ। ਉਸ ਸਮੇਂ ਨਾਮ ਜਪਣ ਕਰਕੇ ਇਹਨਾਂ ਨੂੰ 'ਨਾਮਧਾਰੀ' ਕਿਹਾ ਜਾਂਦਾ ਸੀ ਪਰ ਸਰਕਾਰੀ ਰਿਕਾਰਡਾਂ ਵਿਚ ਨਾਮਧਾਰੀ ਸਿੱਖਾਂ ਨੂੰ 'ਕੂਕੇ' ਲਿਖਿਆ ਮਿਲਦਾ ਹੈ ਅਤੇ ਸਤਿਗੁਰੂ ਰਾਮ ਸਿੰਘ ਜੀ ਨੇ ਜੋ ਅੰਦੋਲਨ ਅੰਗਰੇਜ਼ੀ ਸਾਮਰਾਜ ਵਿਰੁੱਧ ਚਲਾਇਆ ਸੀ ਉਸਨੂੰ ਇਤਿਹਾਸ ਵਿਚ 'ਕੂਕਾ ਅੰਦੋਲਨ' ਲਿਖਿਆ ਜਾਂਦਾ ਹੈ। ਪ੍ਰਸਿੱਧ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਨਾਮਧਾਰੀ ਸਿੰਘਾਂ ਬਾਰੇ ਜਾਣਕਾਰੀ ਦਿੰਦੇ ਹੋਏ ਪੰਥ ਪ੍ਰਕਾਸ਼ ਵਿਚ ਲਿਖਦੇ ਹਨ:

ਪੰਥ ਖਾਲਸੇ ਮੈ ਏਕ ਸ਼ਾਖ ਕੂਕੇ ਸਿੰਘਨ ਕੀ,<br>
ਤੀਸਕ ਬਰਸ ਤੈ ਜੋ ਬਿਦਤੇ ਮਹਾਨ ਹੈ।<br>
ਸ਼ਬਦ ਕੀ ਮਸਤੀ ਮੈਂ ਹਾਲ ਤੇ ਬਿਹਾਲ ਹੋਇ।<br>
ਸਿਰ ਤੇ ਉਤਰ ਜਾਤ ਦਸਤਾਰ ਤਾਨ ਹੈ।<br>
ਸਹੀ ਨਾਮ ਨਾਮਧਾਰੀ ਆਹਿ ਤਿਨ ਕਾ ਉਦਾਰੀ,<br>
ਕੂਕ ਮਾਰਨੇ ਤੈ ਕੂਕੇ ਜਗਤ ਬਖਾਨ ਹੈ।

ਉਸ ਸਮੇਂ 'ਨਾਮਧਾਰੀ' ਅਤੇ 'ਕੂਕਾ' ਦੋਨੋਂ ਨਾਵਾਂ ਨਾਲ ਸ੍ਰੀ ਸਤਿਗੁਰੂ ਜੀ ਦੇ ਸਿੱਖਾਂ ਨੂੰ ਸੱਦਿਆ ਜਾਂਦਾ ਸੀ। ਇਸ ਲਈ ਸਿੰਘਾਂ ਨੇ ਸਤਿਗੁਰੂ ਜੀ ਪਾਸ ਜੋ ਅਰਜ਼ ਕੀਤੀ ਉਸ ਦਾ ਵਰਨਣ 'ਸਤਿਗੁਰੂ ਬਿਲਾਸ' ਵਿਚ ਇਸ ਤਰ੍ਹਾਂ ਕੀਤਾ ਗਿਆ ਹੈ- 'ਲੋਕਾਂ ਨੇ ਅਰਜ਼ ਕੀਤੀ ਜੀ ਲੋਕ ਸਾਥੋਂ ਪੁੱਛਦੇ ਹੈਨ ਕੀ ਨਾਓਂ ਹੈ ਪੰਥ ਦਾ, ਕੀ ਦੱਸੀਏ ? ਸਤਿਗੁਰੂ ਜੀ ਬਚਨ ਕੀਤਾ ਕੂਕਾ ਨਾਮ ਕਹਿ ਦਿਆ ਕਰੋ। ਜੋ ਪੁੱਛੇ ਸੋ ਤਿਸਕੋ ਕੂਕਾ ਹੀ ਕੈਹਣਾ। ਸੋ ਫਿਰ 'ਕੂਕਾ' ਹੀ ਅੱਲ ਪੈ ਗਈ, ਉਂਜ ਤੇ 'ਨਾਮਧਾਰੀ' ਪੰਥ ਦਾ ਨਾਮ ਹੈ। ਇਕ ਹੋਰ ਥਾਂ ਤੇ ਲਿਖਿਆ ਹੈ- "ਬਚਨ ਕੀਤਾ ਗੁਰੂ ਜੀ ਅਸਾਂ ਤਾ ਪੰਥ ਕਾ ਨਾਮ ਨਾਮਧਾਰੀ ਰੱਖਿਆ ਸੀ, ਅਕਾਲ ਪੁਰਖ ਨੇ ਕੂਕੇ ਨਾਮ

ਰੱਖ ਦਿੱਤਾ। ਕੂਕਾ ਕਹਿਣ ਸੇ ਟਲਨਾ ਨਹੀਂ ਹੈ। ਜੋ ਕਹੇ ਕਿ ਮੇਰਾ ਨਾਮ ਕੂਕਾ ਨਹੀਂ ਉਸਕਾ ਭਲਾ ਨਾ ਹੋਇਗਾ।

ਇਸ ਤਰ੍ਹਾਂ ਇਹ ਗੱਲ ਪ੍ਰਤੱਖ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਨੇ 'ਨਾਮਧਾਰੀ ਪੰਥ' ਦੀ ਸਾਜਣਾ ਕੀਤੀ ਸੀ। ਕਿਉਂਕਿ ਸਰਕਾਰੀ ਬੋਲਚਾਲ ਅਤੇ ਲਿਖਣ ਵਿਚ 'ਕੂਕਾ' ਉਪਨਾਮ ਦੀ ਵਰਤੋਂ ਕੀਤੀ ਜਾਂਦੀ ਸੀ, ਆਮ ਲੋਕ ਨਾਮਧਾਰੀ ਸਿੰਘਾਂ ਨੂੰ ਕੂਕੇ ਹੀ ਕਹਿਣ ਲਗ ਪਏ ਸਨ। ਆਮ ਲੋਕਾਂ ਵਿਚ 'ਕੂਕਪੁਣਾ' ਉੱਚੇ ਸੁੱਚੇ ਆਚਰਣ ਦਾ ਲਖਾਇਕ ਵੀ ਬਣ ਗਿਆ ਸੀ। ਜਦੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਪੰਜਾਬ ਤੋਂ ਬਾਹਰ ਭੇਜ ਦਿੱਤਾ ਗਿਆ ਅਤੇ ਪੰਜਾਬ ਵਿਚ ਨਾਮਧਾਰੀ ਸਿੱਖਾਂ ਉਤੇ ਸਰਕਾਰ ਅਤੇ ਦੇਸੀ ਰਿਆਸਤਾਂ ਵੱਲੋਂ ਸਖ਼ਤੀਆਂ ਦਾ ਦੌਰ ਚਲ ਰਿਹਾ ਸੀ, ਅਨੇਕਾਂ ਨਾਮਧਾਰੀ ਸਿੱਖਾਂ ਨੂੰ ਪਕੜ ਪਕੜ ਕੇ ਅੰਮ੍ਰਿਤਸਰ ਅਤੇ ਹੋਰ ਪ੍ਰਮੁੱਖ ਗੁਰਦੁਆਰੀ ਪੁਜਾਰੀਆਂ ਪਾਸ ਭੇਜਿਆ ਗਿਆ ਸੀ ਕਿ ਇਹਨਾਂ ਦਾ 'ਕੂਕਪੁਣਾ' ਕੱਢੋ। ਇਸ ਤਰ੍ਹਾਂ ਨਾਮਧਾਰੀ ਸਿਖਾਂ ਦਾ 'ਕੂਕਪੁਣਾ' ਉੱਚੀ-ਸੁੱਚੀ ਰਹਿਤ ਮਰਯਾਦਾ ਅਤੇ ਦੇਸ ਭਗਤੀ ਦਾ ਪ੍ਰਤੀਕ ਬਣ ਗਿਆ।

ਪਿੱਛੇ ਇਸ ਗੱਲ ਦਾ ਜ਼ਿਕਰ ਕੀਤਾ ਜਾ ਚੁੱਕਾ ਹੈ ਕਿ 'ਸਤਿਗੁਰੂ ਬਿਲਾਸ' ਪੰਜਾਬੀ ਵਾਰਤਕ ਦਾ ਸ਼ਾਨਦਾਰ ਨਮੂਨਾ ਹੈ। ਪੰਜਾਬੀ ਵਾਰਤਕ ਦਾ ਇਹ ਵਧਣ ਫੁੱਲਣ ਦਾ ਸਮਾਂ ਸੀ। ਰਚਨਾਵਾਂ ਕਵਿਤਾ ਦੀ ਬਜਾਏ ਵਾਰਤਕ ਵਿਚ ਹੋਣ ਲਗ ਪਈਆਂ ਸਨ। ਉਨ੍ਹੀਵੀਂ ਸਦੀ ਦੇ ਦੂਸਰੇ ਅੱਧ ਵਿਚ ਵੀ ਆਮ ਲੋਕਾਂ ਵਿਚ ਅਠ੍ਹਾਰਵੀਂ ਸਦੀ ਦੇ ਖਾਲਸੇ ਦੀ ਚੜ੍ਹਦੀ ਕਲਾ ਨੂੰ ਪ੍ਰਗਟਾਉਣ ਵਾਲੇ 'ਖਾਲਸਾਈ ਬੋਲੇ' ਕਾਫ਼ੀ ਪ੍ਰਚਲਿਤ ਸਨ। ਸਤਿਗੁਰੂ ਬਿਲਾਸ ਗ੍ਰੰਥ ਵਿਚ ਵੀ ਐਸੇ ਬੋਲਿਆਂ ਦੀ ਵਰਤੋਂ ਲੇਖਕ ਵੱਲੋਂ ਬੜੀ ਚੰਗੀ ਤਰ੍ਹਾਂ ਕੀਤੀ ਗਈ ਹੈ ਜੋ ਪਾਠਕਾਂ ਦੀ ਜਾਣਕਾਰੀ ਲਈ ਪੇਸ਼ ਹਨ-

ਅਸਵਾਰਾ- ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦੀ ਬੀੜ
ਆਕੀ ਹੋਣਾ- ਨਾ ਮੰਨਣਾ
ਅਰਦਾਸਾ-ਪ੍ਰਾਰਥਨਾ
ਅੰਗ ਸੰਗ- ਸਹਾਇਕ
ਅਨਮਤੀਆ - ਸਿੱਖ ਧਰਮ ਤੋਂ ਬਿਨਾ ਹੋਰ ਧਰਮ ਨੂੰ ਮੰਨਣ ਵਾਲਾ
ਅੰਮ੍ਰਿਤ ਵੇਲਾ -ਪ੍ਰਾਤਹ ਕਾਲ
ਇੰਦਰ- ਬੱਦਲ
ਸ਼ਹੀਦ- ਧਰਮ ਲਈ ਪ੍ਰਾਣ ਦੇਣ ਵਾਲਾ
ਸੱਚਾ ਪਾਤਸ਼ਾਹ- ਸਤਿਗੁਰੂ
ਸਤਿ ਸ੍ਰੀ ਅਕਾਲ- ਸਿੰਘਾਂ ਦਾ ਜੈਕਾਰਾ
ਸਫ਼ਾਜੰਗ - ਟਕੂਆ
ਸਬਜ ਪੁਲਾਓ- ਸਾਗ
ਸਮੁੰਦਰ -ਦੁੱਧ

ਸਲੋਤਰ - ਮੋਟਾ ਡੰਡਾ
ਸਵਾਇਆ- ਥੋੜਾ ਘੱਟ
ਸਵਾ ਲੱਖ - ਇੱਕ
ਸਾਕਤ - ਸਤਿਗੁਰੂ ਤੋਂ ਬੇਮੁਖ
ਸਾਰ- ਲੋਹਾ
ਸੁਕਮਾਂਜ - ਬਿਨਾ ਇਸ਼ਨਾਨ ਕੀਤੇ ਵਾਲਾ ਬਰਤਨ ਰੇਤ, ਮਿੱਟੀ ਜਾਂ ਸ਼ਵਾਹ ਨਾਲ ਮਾਂਜਣਾ
ਸੁਖ ਨਿਧਾਨ - ਭੰਗ, ਸੁੱਖਾ
ਸੁਚੇਤਾ- ਝਾੜਾ
ਸੁਰਮਈ- ਸੁਰਮੇ ਰੰਗਾ
ਸੋਧ -ਪਵਿਤ੍ਰਤਾ
ਸੰਤੋਖਣਾ- ਕਾਰਜ ਸਮਾਪਤ ਹੋਣਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਰੁਮਾਲਾਂ ਵਿਚ ਲਪੇਟਣਾ।
ਸ੍ਰੀ ਸਾਹਿਬ- ਤਲਵਾਰ
ਕਮਰਕੱਸਾ ਕਰਨਾ - ਤਿਆਰ ਹੋਣਾ
ਕੁਰਹਿਤ - ਖਾਲਸਾ ਧਰਮ ਦੇ ਵਿਰੁੱਧ ਆਚਾਰ
ਕੁੜੀਮਾਰ- ਕੁੜੀਆਂ ਮਾਰਨ/ਵੇਚਣ ਵਾਲਾ
ਗੱਜਣਾ- ਸਿੰਹ ਨਾਦ ਕਰਨਾ
ਗੁਰਮੁਖੀ ਦਸਤਾਰਾ- ਸਿੱਧੀ ਪੱਗ
ਗੁਰਮੁਖੀ ਦਾੜ੍ਹਾ - ਖੁੱਲੀ ਦਾੜ੍ਹੀ
ਚਲਾਣਾ - ਮਰਨਾ
ਚੀਤਾ-ਪੇਸ਼ਾਬ ਕਰਨਾ
ਚੌਥਾ ਪੌੜਾ- ਮਜਹਬੀ, ਰਵਿਦਾਸੀਏ ਸਿੱਖ
ਚੰਡੀ- ਅਗਨੀ
ਛਕਣਾ-ਭੋਜਨ ਕਰਨਾ
ਜਗਤ ਜੂਠ- ਹੁੱਕਾ
ਜੰਗਲ ਜਾਣਾ- ਸ਼ੌਚ ਜਾਣਾ
ਜੈਕਾਰਾ- ਉੱਚੀ ਧੁਨਿ ਨਾਲ ਸਤਿ ਸ੍ਰੀ ਅਕਾਲ ਬੁਲਾਉਣਾ
ਢਹਿੰਦੀ ਕਲਾ- ਨਿਰਾਸਤਾ ਵਾਲਾ ਮਨ
ਤਨਖਾਹ- ਧਰਮ ਦੰਡ
ਤਨਖਾਹੀਆ- ਧਰਮ ਵਿਰੁੱਧ ਕੀਤੇ ਕੰਮ ਵਾਲਾ ਵਿਅਕਤੀ
ਤੁਰਕ- ਮੁਸਲਮਾਨ
ਦਸਤਾਰਾ-ਪੱਗ
ਦੀਦਾਰ-ਦਰਸ਼ਨ

ਦੁਮਾਲਾ-ਨਿਹੰਗਾਂ ਸਿੰਘਾਂ ਦਾ ਉੱਚਾ ਦਸਤਾਰਾ
ਨੜੀਮਾਰ- ਹੁੱਕਾ ਪੀਣ ਵਾਲਾ
ਪਰਸਰਾਮ- ਕੁਹਾੜਾ
ਪਰਸਾਦਾ- ਰੋਟੀ
ਪੰਜਵਾਂ-ਘਿਓ
ਪੰਮਾ- ਬ੍ਰਾਹਮਣ
ਬਸੰਤਰ- ਅਗਨਿ
ਬਿਹੰਗਮ- ਜੋ ਇਕ ਥਾਂ ਤੇ ਨਹੀ ਠਹਿਰਦਾ
ਬਿਬੇਕੀ- ਵਿਚਾਰਵਾਨ ਸਿੰਘ, ਪੁਰੀ ਪਵਿਤ੍ਰਤਾ ਰੱਖਣ ਵਾਲਾ ਸਿੰਘ
ਬੋਲਾ - ਵਾਕ
ਬਿਰਾਜਣਾ- ਲੇਟਣਾ
ਭਾਣਾ- ਅਕਾਲ ਪੁਰਖ ਦਾ ਹੁਕਮ
ਮਾਰਾ ਬਕਾਰਾ- ਸਿੰਹਨਾਦ ਕਰਕੇ ਵੈਰੀ ਡਰਾਉਣ ਦੀ ਕ੍ਰਿਆ
ਮਾਰੂ ਰਾਗ- ਦੁੱਖ ਦੀ ਪੁਕਾਰ
ਮੈਦਾਨ ਜਾਣਾ- ਜੰਗਲ ਜਾਣਾ
ਰਹਤੀਆ- ਰਹਿਤ ਰੱਖਣ ਵਾਲਾ, ਰਵਦਾਸੀਏ ਤੋਂ ਅੰਮ੍ਰਿਤਧਾਰੀ ਹੋਇਆ ਸਿੱਖ
ਲੇਖੇ ਲਾਉਣਾ- ਵਰਤ ਲੈਣਾ, ਛਕ ਲੈਣਾ
ਲੰਡੀ ਬੁੱਚੀ- ਸ਼ਰਾਰਤੀ ਲੋਕ
ਵਹੀਰ- ਖਾਲਸੇ ਦਾ ਵਿਚਰਣ ਵਾਲਾ ਜਥਾ

'ਸਤਿਗੁਰੂ ਬਿਲਾਸ' ਗ੍ਰੰਥ ਦੇ ਸੰਪਾਦਨ ਦਾ ਕੰਮ ਕਾਫ਼ੀ ਔਖਿਆਈ ਵਾਲਾ ਸੀ। ਲੇਖਕ, ਸੰਤ ਸੰਤੋਖ ਸਿੰਘ ਨੇ ਵੱਖ ਵੱਖ ਸਰੋਤਾਂ, ਸੂਬਿਆਂ ਅਤੇ ਸਹਿਯੋਗੀਆਂ ਪਾਸੋਂ ਬੜੀ ਹੀ ਮਿਹਨਤ ਨਾਲ ਪੁੱਛ ਪੁੱਛਕੇ ਸਮਗਰੀ ਇਕੱਤ੍ਰ ਕੀਤੀ ਸੀ। ਸਾਖੀਆਂ ਲਿਖ ਲੈਣ ਤੋ ਬਾਅਦ ਇਹਨਾਂ ਨੂੰ ਸੰਤ ਜੀ ਸਤਿਗੁਰੂ ਹਰੀ ਸਿੰਘ ਜੀ ਦੇ ਹਜ਼ੂਰ ਸੁਣਾਉਦੇ ਸੀ ਤਾਂ ਜੋ ਘਟਨਾਵਾਂ ਵਿਚ ਅਗਰ ਕੋਈ ਕਮੀ ਰਹਿ ਗਈ ਹੋਵੇ ਜਾਂ ਗ਼ਲਤੀ ਹੋਵੇ ਤਾਂ ਠੀਕ ਹੋ ਸਕੇ। ਪਰ ਹਾਲਾਤ ਨੇ ਲੇਖਕ ਨੂੰ ਸਮਾ ਨਹੀਂ ਦਿੱਤਾ ਕਿ ਪ੍ਰਾਪਤ ਸਮਗਰੀ ਨੂੰ ਸਿਲਸਿਲੇ ਵਾਰ ਕਰਕੇ ਪੁਸਤਕ ਦਾ ਰੂਪ ਦੇ ਸਕੇ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਸਮੇ ਇਸ ਕਾਰਜ ਨੂੰ ਕਾਫ਼ੀ ਅੱਗੇ ਵਧਾਇਆ ਅਤੇ ਬਹੁਤ ਸਾਰੇ ਪ੍ਰਸੰਗ ਠੀਕ ਥਾਂ ਤੇ ਕੀਤੇ।

'ਸਤਿਗੁਰੂ ਬਿਲਾਸ' ਗ੍ਰੰਥ ਦੇ ਸੰਪਾਦਨ ਲਈ ਮਿਲੀ ਸਮਗਰੀ ਟਾਈਪ ਕੀਤੀ ਹੋਈ ਸੀ ਅਤੇ ਛੋਟੇ ਵੱਡੇ ਪੈਰਿਆਂ ਵਿਚ ਸੀ। ਕੋਈ ਚੈਪਟਰ ਨਹੀ ਸਨ ਬਣੇ ਹੋਏ ਅਤੇ ਨਾ ਹੀ ਮੁੱਖ ਹੈਡਿੰਗ ਅਥਵਾ ਸਬ-ਹੈਡਿੰਗ ਲੱਗੇ ਹੋਏ ਸਨ। ਕਈ ਥਾਈਂ ਇਕ-ਇਕ ਪੈਰ੍ਹੇ ਵਿਚ ਦੋ-ਦੋ ਘਟਨਾਵਾਂ ਇਕੱਠੀਆਂ ਲਿਖੀਆਂ ਹੋਈਆਂ ਸਨ ਅਤੇ ਕਈ ਅੱਗੇ ਪਿੱਛੇ ਸਨ। ਕੁਛ ਸਾਖੀਆਂ ਦੇ ਦੁਹਰਾਓ ਵੀ ਸਨ ਅਤੇ ਕਈਆਂ ਵਿਚ ਬਾਰ ਬਾਰ ਸ਼ਰਧਾ ਵਾਚਕ ਸ਼ਬਦ ਉਸੇ ਤਰ੍ਹਾਂ ਹੀ ਲਿਖੇ

ਹੋਏ ਸਨ ਜਿਵੇਂ ਕਿਸੇ ਨੇ ਲਿਖਵਾਏ ਸਨ।

ਇਸ ਗ੍ਰੰਥ ਨੂੰ ਸਿਲਸਿਲੇ ਵਾਰ ਅਤੇ ਘਟਨਾਵਾਂ ਦੀਆਂ ਤਾਰੀਖਾਂ ਦੇ ਕ੍ਰਮ ਅਨੁਸਾਰ ਕਰਨ ਲਈ ਇਸਨੂੰ ਅਨੇਕਾਂ ਵਾਰ ਪੜਨਾ ਪਿਆ ਅਤੇ ਦੁਹਰਾਓ ਹਟਾ ਕੇ ਪਹਿਲਾਂ ਤਾਰੀਖਾਂ ਅਨੁਸਾਰ ਕੀਤਾ। ਚੈਪਟਰ ਬਣਾਏ ਅਤੇ ਢੁਕਵੇਂ ਪੈਰ੍ਹੇ ਬਣਾਕੇ ਉਹਨਾਂ ਦੀਆਂ ਸੁਰਖ਼ੀਆਂ ਲਗਾਈਆਂ। ਘਟਨਾਵਾਂ ਵਿਚ ਆਏ ਜਿਨ੍ਹਾਂ ਵਿਅਕਤੀਆਂ ਦੇ ਪਿਤਾ ਅਤੇ ਪਿੰਡ ਦੇ ਨਾਂ ਪ੍ਰਾਪਤ ਹੋਏ, ਪਾਠਕਾਂ ਦੀ ਜਾਣਕਾਰੀ ਲਈ ਫੁਟ ਨੋਟਾਂ ਵਿਚ ਦਿੱਤੇ ਗਏ ਹਨ। ਇਸੇ ਤਰ੍ਹਾਂ ਜਿਨ੍ਹਾਂ ਘਟਨਾਵਾਂ ਦੇ ਸੰਧਰਭ ਪੁਸਤਕਾਂ ਅਥਵਾ ਸਰਕਾਰੀ ਰਿਕਾਰਡਾਂ ਤੋਂ ਪ੍ਰਾਪਤ ਹੋ ਸਕੇ ਉਹਨਾਂ ਨੂੰ ਵੀ ਵੇਰਵੇ ਸਹਿਤ ਫੁਟ ਨੋਟਾਂ ਵਿਚ ਦੇ ਦਿੱਤਾ ਗਿਆ ਹੈ ਤਾਂ ਜੋ 'ਸਤਿਗੁਰੂ ਬਿਲਾਸ' ਗ੍ਰੰਥ ਦੀ ਪ੍ਰਮਾਣੀਕਤਾ ਅਤੇ ਜਾਣਕਾਰੀ ਵਿਚ ਵਾਧਾ ਹੋ ਸਕੇ। ਦੁਹਰਾਓ ਵਾਲੇ ਪ੍ਰਸੰਗ ਅਤੇ ਬਾਰ ਬਾਰ ਸਰਧਾਵਾਚਕ ਸ਼ਬਦਾਂ ਨੂੰ ਹਟਾ ਅਥਵਾ ਘਟਾ ਦਿੱਤਾ ਗਿਆ ਹੈ ਤਾਂ ਜੋ ਗ੍ਰੰਥ ਦੀ ਰੋਚਕਤਾ ਅਤੇ ਲੈਅ ਬਣੀ ਰਹੇ।

ਇਸੇ ਤਰਾਂ ਚੈਪਟਰ ਅਤੇ ਇਹਨਾਂ ਦੇ ਹੈਡਿੰਗ ਅਤੇ ਸਬ-ਹੈਡਗ, ਫੁਟਨੋਟ ਸੰਪਾਦਕ ਵੱਲੋਂ ਹਨ। ਸਬ-ਹੈਡਿੰਗਾਂ ਬਾਰੇ ਵੀ ਇਕ ਗੱਲ ਪਾਠਕਾਂ ਨੂੰ ਦਸਣੀ ਜ਼ਰੂਰੀ ਸਮਝਦਾ ਹਾਂ। ਸਬ-ਹੈਡਿੰਗ ਜੋ ਸੰਪਾਦਕ ਨੇ ਆਪਣੇ ਸ਼ਬਦਾ ਵਿਚ ਲਗਾਏ ਹਨ ਉਹਨਾਂ ਲਈ ਸ਼ਬਦਾਂ ਦਾ ਵਰਤਮਾਨ ਸ਼ੁੱਧ ਸਰੂਪ ਵਰਤਿਆ ਹੈ ਅਤੇ ਜੋ ਸਬ-ਹੈਡਿੰਗ ਪੈਰ੍ਹੇ ਵਿਚੋਂ ਹੀ ਚੁਣ ਕੇ ਅਤੇ ਕਢ ਕੇ ਲਗਾਏ ਹਨ, ਉਹਨਾ ਦੀ ਭਾਸ਼ਾ ਲੇਖਕ ਵਾਲੀ ਹੀ ਹੈ। ਉਦਾਹਰਨ ਵਜੋਂ- 'ਪੋਥੀ ਮੈ ਲਿਖਾ ਹੈ', 'ਪਾਛੇ ਆਵੇ ਪਾਛੇ ਬਹੇ', 'ਕਿਸੇ ਸਿੰਘ ਨੂੰ ਛਕਾਇ ਦਿਓ' ਆਦਿ ਸਬ-ਹੈਡਿੰਗ ਲੇਖਕ ਦੀ ਰਚਨਾ ਚੋਂ ਗਏ ਹਨ ਅਤੇ ਇਹਨਾਂ ਦੀ ਭਾਸ਼ਾ ਸ਼ੈਲੀ 'ਸਤਿਗੁਰੂ ਬਿਲਾਸ' ਗ੍ਰੰਥ ਵਾਲੀ ਹੀ ਹੈ। ਕਈ ਥਾਈਂ ਪੈਰ੍ਹੇ ਵਿਚ ਐਸੇ ਸ਼ਬਦ ਆਏ ਹਨ ਜੋ ਬੋਲਚਾਲ ਦੀ ਭਾਸ਼ਾ ਵਿਚ ਲਿਖੇ ਹੋਏ ਹਨ, ਪਰ ਕਿਉਂਕਿ ਸਬ-ਹੈਡਿੰਗ ਸੰਪਾਦਕ ਦਾ ਹੈ, ਉਸ ਸ਼ਬਦ ਦਾ ਠੀਕ ਸਰੂਪ ਲਿਖਿਆ ਗਿਆ ਹੈ। ਮਿਸਾਲ ਵਜੋਂ ਇਕ ਸ਼ਬਦ ਹੈ 'ਸਰਾਪ', ਕਿਸੇ ਨੂੰ ਸਰਾਪ ਦੇ ਦੇਣਾ, ਪਰ ਆਮ ਤੌਰ ਤੇ ਬੋਲਿਆ 'ਸਰਾਫ' ਹੀ ਜਾਂਦਾ ਹੈ। ਵੈਸੇ 'ਸਰਾਫ' ਦਾ ਅਰਥ ਹੁੰਦਾ ਹੈ ਸੁਨਿਆਰਾ, ਲੇਕਿਨ ਗ੍ਰੰਥ ਵਿਚ 'ਸਰਾਪ' ਸ਼ਬਦ ਦੀ ਥਾ 'ਸਰਾਫ' ਸ਼ਬਦ ਕਈ ਥਾਈਂ ਲਿਖਿਆ ਆਇਆ ਹੈ। ਪੈਰ੍ਹੇ ਵਿਚ ਤਾਂ ਇਸ ਸ਼ਬਦ ਨੂੰ 'ਸਰਾਫ' ਹੀ ਰਹਿਣ ਦਿੱਤਾ ਗਿਆ ਹੈ ਲੇਕਿਨ ਜੋ ਸਬ-ਹੈਡਿੰਗ ਸੰਪਾਦਕ ਵੱਲੋਂ ਲਗਾਇਆ ਗਿਆ ਹੈ ਉਸ ਵਿਚ ਸ਼ਬਦ 'ਸਰਾਪ' ਵਰਤਿਆ ਗਿਆ ਹੈ- 'ਬੀਬੀ ਦਇਆ ਕੌਰ ਨੂੰ ਸਰਾਪ', 'ਸਾਧੂ ਸਿਘ ਨੂੰ ਸਰਾਪ'।

'ਸਤਿਗੁਰੂ ਬਿਲਾਸ' ਗ੍ਰੰਥ ਬਾਰੇ ਇਕ ਹੋਰ ਗੱਲ ਸਪਸ਼ਟ ਕਰਨੀ ਵੀ ਜ਼ਰੂਰੀ ਹੈ। ਇਹ ਗ੍ਰੰਥ 'ਬਾਰਾਂ ਗੁਰਾਂ ਕਾ ਮੰਗਲਾ ਚਰਨ' ਤੋਂ ਸ਼ੁਰੂ ਹੁੰਦਾ ਹੈ ਅਤੇ ਇਸ ਤੋਂ ਅਗੇ 'ਜਿਵੇਂ ਪਰਮੇਸਰ ਜੀ ਸ੍ਰਿਸ਼ਟੀ ਰਚੀ', 'ਚਹੁੰ ਵੇਦਾਂ ਕੇ ਮਹਾਂਵਾਕ', 'ਆਤਮੇ ਪ੍ਰਮਾਤਮੇ ਕੀ ਗੋਸ਼ਟ', 'ਸਤਿ ਪ੍ਰਸ਼ਨ', 'ਜੁਗਾਵਲੀ', 'ਕਰਨੀ ਨਾਮਾ', 'ਗੁਰਿੰਡਨਾਮਾ' ਅਤੇ 'ਅਜਿੱਤੇ ਰੰਧਾਵੇ ਦੀ ਗੋਸ਼ਟ' ਆਉਂਦੀ ਹੈ। ਇਸ ਤੋਂ ਬਾਅਦ ਹੀ 'ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਗਟ ਹੋਣਾ' ਤੋਂ ਗ੍ਰੰਥ ਅੱਗੇ ਚਲਦਾ ਹੈ। ਜਿਵੇਂ ਪ੍ਰਮੇਸਰ ਜੀ ਸ੍ਰਿਸ਼ਟੀ ਰਚੀ, ਚਹੁੰ ਵੇਦਾ ਦੇ ਮਹਾਂਵਾਕ, ਆਤਮੇ ਪ੍ਰਮਾਤਮੇ ਕੀ ਗੋਸ਼ਟ, ਸਤ ਪ੍ਰਸ਼ਨ ਦਾ ਇਸ ਗ੍ਰੰਥ ਦੀ ਮੁਖ ਵਿਚਾਰਧਾਰਾ ਨਾਲ ਸਿੱਧਾ ਕੋਈ ਸੰਬੰਧ ਨਹੀਂ ਹੈ

ਅਤੇ ਨਾ ਹੀ ਇਸ ਵਿਚ ਆਈਆਂ ਸਾਖੀਆਂ ਨਾਲ ਹੀ ਮੇਲ ਖਾਂਦਾ ਹੈ, ਲੇਕਿਨ ਜਾਪਦਾ ਹੈ ਲੇਖਕ ਨੇ ਇਹਨਾਂ ਨੂੰ ਪੌਰਾਣੀਕ ਵਿਚਾਰਧਾਰਾ ਦਾ ਪਿਛੋਕੜ ਜਾਣ ਕੇ ਗ੍ਰੰਥ ਵਿਚ ਰੱਖਿਆ ਹੈ। ਇਸੇ ਤਰ੍ਹਾਂ ਜੁਗਾਵਲੀ, ਕਰਨੀਨਾਮਾ, ਗਰਿੰਡਨਾਮਾ ਅਤੇ ਅਜਿੱਤੇ ਰੰਧਾਵੇ ਦੀ ਗੋਸ਼ਟ ਲੇਖਕ ਸੰਤੋਖ ਸਿੰਘ ਦੀ ਰਚਨਾ ਨਹੀਂ ਹੈ ਸਗੋਂ ਅਲੱਗ ਅਲੱਗ ਥਾਵਾਂ ਤੇ ਆਈਆਂ ਦੂਸਰੇ ਲੇਖਕਾਂ ਦੀਆਂ ਰਚਨਾਵਾਂ ਹਨ ਜੋ ਸ਼ਾਇਦ ਜਾਣਕਾਰੀ ਲਈ ਗ੍ਰੰਥ-ਕਰਤਾ ਨੇ ਸ਼ੁਰੂ ਵਿਚ ਇਕੱਤ੍ਰ ਕਰਕੇ ਰੱਖੀਆਂ ਸਨ। ਹੁਕਮ ਹੈ ਕਿ ਉਪਰੋਕਤ ਸਾਰੀਆਂ ਸਾਖੀਆਂ ਨੂੰ ਉਸੇ ਤਰ੍ਹਾ ਅਤੇ ਉਸੇ ਥਾਂ ਤੇ ਰੱਖ ਕੇ ਹੀ ਗ੍ਰੰਥ ਛਾਪਿਆ ਜਾਵੇ ਜਿਸ ਤਰ੍ਹਾਂ ਸੰਤ ਸੰਤੋਖ ਸਿੰਘ ਨੇ ਇਹਨਾਂ ਨੂੰ ਰੱਖਿਆ ਹੋਇਆ ਸੀ, ਇਸ ਲਈ ਉਸੇ ਤਰ੍ਹਾਂ ਹੀ ਕੀਤਾ ਗਿਆ ਹੈ। 'ਸਤਿਗੁਰੂ ਬਿਲਾਸ' ਦੇ ਸ਼ੁਰੂ ਵਿਚ ਉਪਰੋਕਤ ਸਾਰੀਆਂ ਸਾਖੀਆਂ ਉਹਨਾਂ ਥਾਵਾਂ ਤੇ ਹੀ ਰਹਿਣ ਦਿੱਤੀਆਂ ਗਈਆਂ ਹਨ ਜਿੱਥੇ ਲੇਖਕ ਨੇ ਇਕੱਤ੍ਰ ਕਰਕੇ ਰੱਖੀਆਂ ਹੋਈਆਂ ਸਨ।

'ਸਤਿਗੁਰੂ ਬਿਲਾਸ' ਗ੍ਰੰਥ ਦੇ ਸੰਪਾਦਨ ਦਾ ਔਖਾ ਕੰਮ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਪਾਰ ਕਿਰਪਾ ਸਦਕਾ ਪੂਰਾ ਹੋਇਆ ਹੈ ਅਤੇ ਇਸ ਗ੍ਰੰਥ ਦਾ ਪਹਿਲਾ ਭਾਗ ਪਾਠਕਾਂ ਲਈ ਹਾਜ਼ਰ ਹੈ। ਆਸ ਕਰਦਾ ਹਾਂ ਕਿ ਦੂਸਰਾ ਭਾਗ ਵੀ ਛਪਕੇ ਛੇਤੀ ਹੀ ਪਾਠਕਾਂ ਦੇ ਹੱਥਾਂ ਵਿਚ ਹੋਵੇਗਾ।

ਸੰਤ ਸੰਤੋਖ ਸਿੰਘ 'ਬਾਹੋਵਾਲ' ਦੇ ਮਹਾਨ ਗ੍ਰੰਥ 'ਸਤਿਗੁਰੂ ਬਿਲਾਸ' ਨੂੰ ਪਾਠਕਾਂ ਤੱਕ ਪਹੁੰਚਾਉਣ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਵਿਸ਼ੇਸ਼ ਮਿਹਰ ਅਤੇ ਕਿਰਪਾ ਰਹੀ ਹੈ। ਆਪਣੇ ਰੁਝੇਵਿਆਂ ਚੋਂ ਸਤਿਗੁਰੂ ਜੀ ਨੇ ਬਾਰ ਬਾਰ ਲੰਮਾ ਸਮਾ ਦੇ ਕੇ 'ਸਤਿਗੁਰੂ ਬਿਲਾਸ' ਆਪ ਸੁਣਿਆ ਅਤੇ ਕੀਮਤੀ ਸੁਝਾਅ ਵੀ ਦਿੱਤੇ। ਸ੍ਰੀ ਸਤਿਗੁਰੂ ਜੀ ਦੀ ਇਸ ਕਿਰਪਾ ਲਈ ਮੈਂ ਨਿਮਰਤਾ ਸਹਿਤ ਕ੍ਰਿਤਅਗਿਤਾ ਪ੍ਰਗਟ ਕਰਦਾ ਹਾਂ। ਇਸ ਗ੍ਰੰਥ ਨੂੰ ਪੜ੍ਹਨ ਲਈ ਕੀਤੀਆਂ ਬੈਠਕਾਂ ਵਿਚ ਸਤਿਗੁਰੂ ਜੀ ਤਾਂ ਉਚੇਚਾ ਸਮਾਂ ਦਿੰਦੇ ਹੀ ਸਨ, ਨਾਲ ਪੰਡਤ ਗੋਪਾਲ ਸਿੰਘ ਜੀ, ਸਵਰਗੀ ਮਾਸਟਰ ਨਿਹਾਲ ਸਿੰਘ ਜੀ, ਮਹੰਤ ਆਤਮਾ ਸਿੰਘ 'ਸਨਖਤ੍ਰਰਵੀ', ਪ੍ਰੀਤਮ ਸਿੰਘ 'ਕਵੀ' ਤੋਂ ਇਲਾਵਾ ਮਾਸਟਰ ਦਰਸ਼ਨ ਸਿੰਘ, ਸੇਵਕ ਹਰਪਾਲ ਸਿੰਘ, ਰਛਪਾਲ ਸਿੰਘ ਵੀ ਸ਼ਾਮਲ ਹੁੰਦੇ ਅਤੇ ਆਪਣੇ ਆਪਣੇ ਢੰਗ ਨਾਲ ਸਹਿਯੋਗ ਦਿੰਦੇ ਰਹੇ। ਡਾ. ਅਮਰ ਭਾਰਤੀ ਅਤੇ ਤਾਰਾ ਸਿੰਘ 'ਅਨਜਾਣ' ਨਾਲ ਵੀ ਇਸ ਗ੍ਰੰਥ ਨੂੰ ਬਿਹਤਰ ਢੰਗ ਨਾਲ ਪੇਸ਼ ਕਰਨ ਬਾਰੇ ਵਿਚਾਰਾਂ ਕਰਦੇ ਰਹੇ ਹਾਂ। ਇਹਨਾਂ ਸਾਰੇ ਸੁਹਿਰਦ ਸਹਿਯੋਗੀਆਂ ਦਾ ਮੈਂ ਬਹੁਤ ਬਹੁਤ ਧੰਨਵਾਦ ਕਰਦਾ ਹਾਂ। ਏਥੇ ਮੈਂ ਪ੍ਰੀਤਮ ਸਿੰਘ 'ਕਵੀ' ਜੀ ਨੂੰ ਵਿਸ਼ੇਸ਼ ਤੌਰ ਤੇ ਯਾਦ ਕਰਨਾ ਚਾਹੁੰਦਾ ਹਾਂ ਜੋ ਗ੍ਰੰਥ ਪੜ੍ਹਨ ਅਤੇ ਸਮੇਂ ਸਮੇ ਸੁਝਾਅ ਦੇਣ ਦੀ ਕਿਰਪਾ ਕਰਿਆ ਕਰਦੇ ਸਨ। ਕੁਛ ਸਮਾ ਪਹਿਲਾਂ ਕਵੀ ਜੀ ਸੰਸਾਰ ਯਾਤਰਾ ਪੂਰੀ ਕਰ ਗਏ ਹਨ। ਉਹ ਮੇਰੇ ਪਰਮ ਸਹਿਯੋਗੀ ਸਨ ਅਤੇ ਉਹਨਾਂ ਦੀ ਘਾਟ ਮੈਨੂੰ ਸਦਾ ਮਹਿਸੂਸ ਹੁੰਦੀ ਰਹੇਗੀ।

ਨਾਮਧਾਰੀ ਦਰਬਾਰ ਦੇ ਪ੍ਰਧਾਨ ਸ੍ਰ. ਹਰਵਿੰਦਰ ਸਿੰਘ ਹੰਸਪਾਲ ਜੀ ਨੇ ਸਤਿਗੁਰੂ ਬਿਲਾਸ ਗ੍ਰੰਥ ਨੂੰ ਛਪਵਾਉਣ ਦੇ ਵਿਸ਼ੇਸ਼ ਯਤਨ ਕੀਤੇ ਹਨ ਅਤੇ ਸਾਰੇ ਕੰਮ ਦਾ ਆਪ ਉਚੇਚੇ ਧਿਆਨ ਨਾਲ ਨਰੀਖਣ ਕੀਤਾ ਹੈ। ਹੰਸਪਾਲ ਜੀ ਦੇ ਉੱਦਮ ਸਦਕਾ ਹੀ ਇਹ ਗ੍ਰੰਥ ੨੦੫੯ ਬਿਕ੍ਰਮੀਂ ਦੇ

ਅੱਸੂ ਦੇ ਮੇਲੇ ਤਕ ਛਪ ਕੇ ਆ ਸਕਿਆ ਹੈ।

'ਸਤਿਗੁਰੂ ਬਿਲਾਸ' ਗ੍ਰੰਥ ਦੀ ਟਾਈਪ ਸੈਟਿੰਗ ਵੀ ਕਾਫ਼ੀ ਔਖਾ ਕੰਮ ਸੀ। ਕੈਡਕੋਨ ਦੇ ਸ੍. ਹਰਕੀਰਤ ਸਿੰਘ ਨੇ ਬੜੇ ਹੀ ਜਤਨਾਂ ਨਾਲ ਇਸ ਗ੍ਰੰਥ ਦੀ ਟਾਈਪ ਸੈਟਿੰਗ ਕੀਤੀ ਹੈ। ਛਪਵਾਈ ਲਈ ਦੌੜ ਭੱਜ ਇੰਦਰਜੀਤ ਸਿੰਘ ਨੇ ਕੀਤੀ ਹੈ ਜਿਸ ਕਰਕੇ ਨਿਯਤ ਸਮੇਂ ਤੱਕ ਸਤਿਗੁਰੂ ਬਿਲਾਸ ਛਪ ਸਕਿਆ ਹੈ। ਇਹਨਾਂ ਦਾ ਵੀ ਧੰਨਵਾਦ।

'ਸਤਿਗੁਰੂ ਬਿਲਾਸ' ਨਾਮਧਾਰੀ ਸਮਾਜ ਬਾਰੇ ਜਾਣਕਾਰੀ ਦਾ ਬੁਨਿਆਦੀ ਸਰੋਤ ਹੈ। ਇਸ ਲਈ ਆਸ ਕਰਦਾ ਹਾਂ ਕਿ ਵਿਦਵਾਨ ਲੇਖਕਾਂ, ਪ੍ਰਚਾਰਕਾਂ, ਇਤਿਹਾਸਕਾਰਾਂ, ਅਤੇ ਸ਼ਰਧਾਵਾਨ ਪਾਠਕਾਂ ਲਈ ਇਹ ਗ੍ਰੰਥ ਲਾਹੇਵੰਦ ਸਿੱਧ ਹੋਵੇਗਾ ਅਤੇ ਉਹ ਇਸ ਵਿਚ ਆਈ ਜਾਣਕਾਰੀ ਤੋਂ ਪੂਰਾ ਪੂਰਾ ਲਾਭ ਉਠਾਉਣਗੇ।

ਜਸਵਿੰਦਰ ਸਿੰਘ

ਸੰਪਾਦਕ

# ਦੂਸਰੀ ਛਾਪ ਬਾਰੇ

ਸੰਤ ਸੰਤੋਖ ਸਿੰਘ 'ਬਾਹੋਵਾਲ' ਦੀ ਰਚਨਾ 'ਸਤਿਗੁਰੂ ਬਿਲਾਸ' ਲਗਭਗ ਸੌ ਸਾਲ ਤੋਂ ਅਣਛਪਿਆ ਪਿਆ ਸੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਅਤੇ ਪ੍ਰੇਰਨਾ ਸਦਕਾ ਸਤਿਗੁਰੂ ਗਾਥਾ ਦੇ ਗ੍ਰੰਥ ਦਾ ਪਹਿਲਾ ਭਾਗ ਛਪ ਕੇ 2002 ਈ. ਨੂੰ ਪਾਠਕਾਂ ਤੇ ਵਿਦਵਾਨਾਂ ਦੇ ਹੱਥਾਂ ਤੱਕ ਪਹੁੰਚ ਗਿਆ ਸੀ। ਇਹ ਗ੍ਰੰਥ ਨਾਮਧਾਰੀ ਇਤਿਹਾਸ ਦਾ ਮੁੱਢਲਾ ਮਹੱਤਵਪੂਰਨ ਸਰੋਤ ਹੈ ਅਤੇ ਕਾਫ਼ੀ ਸਮੇਂ ਤੋਂ ਇਹ ਗ੍ਰੰਥ ਉਪਲਬਧ ਨਹੀਂ ਸੀ, ਪਾਠਕਾਂ ਦੀ ਲੋੜ ਨੂੰ ਧਿਆਨ ਵਿਚ ਰੱਖਦਿਆਂ ਹੋਇਆ ਵਰਤਮਾਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਕਿਰਪਾ ਕੀਤੀ ਅਤੇ ਏਸ ਗ੍ਰੰਥ ਦੀ ਦੂਸਰੀ ਛਾਪ ਛਾਪਣ ਦਾ ਹੁਕਮ ਕੀਤਾ ਹੈ ਤਾਂ ਕਿ ਇਤਿਹਾਸ ਜਗਿਆਸੂ ਇਸ ਗ੍ਰੰਥ ਤੋਂ ਲਾਭ ਲੈ ਸਕਣ। ਇਸ ਗ੍ਰੰਥ ਦੀ ਦੂਸਰੀ ਛਾਪ ਵਿਚ ਕੋਈ ਸੋਧ ਨਹੀਂ ਕੀਤੀ ਗਈ ਹੈ ਅਤੇ ਉਸੇ ਤਰ੍ਹਾਂ ਛਾਪਿਆ ਗਿਆ ਹੈ ਜਿਸ ਤਰ੍ਹਾਂ ਪਹਿਲੀ ਛਾਪ ਵਿਚ ਪਾਠ ਸੀ, ਕੇਵਲ ਕੁਝ ਫੁੱਟਨੋਟਾਂ ਦਾ ਵਾਧਾ ਕੀਤਾ ਗਿਆ ਹੈ। ਆਸ ਹੈ, ਪਾਠਕ ਸਤਿਗੁਰੂ ਜੀ ਦੀ ਕਿਰਪਾ ਦਾ ਲਾਭ ਲੈਣਗੇ। ਸੰਮਤ 2080 ਬਿਕ੍ਰਮੀਂ (ਮਾਰਚ 2024) ਦੇ ਹੋਲੇ ਸਮੇਂ ਸੰਤ ਸੰਤੋਖ ਸਿੰਘ ਬਾਹੋਵਾਲ ਜੀ ਦੇ ਗ੍ਰੰਥ ਦੀ ਦੂਸਰੀ ਛਾਪ ਨੂੰ ਸਤਿਗੁਰੂ ਜੀ ਦੀ ਕਿਰਪਾ ਸਦਕਾ ਪਾਠਕਾਂ ਲਈ ਪੇਸ਼ ਕਰਨ ਦੀ ਖੁਸ਼ੀ ਲੈ ਰਿਹਾ ਹਾਂ।

ਜਸਵਿੰਦਰ ਸਿੰਘ<br>ਹੋਲਾ ਚੇਤ 2080<br>ਮਾਰਚ 2024

# ਸਦਾ ਜੀਵਤ ਇਤਿਹਾਸਕਾਰ
# ਸੰਤ ਸੰਤੋਖ ਸਿੰਘ ਬਾਹੋਵਾਲ

ਸਿੱਖਾਂ ਬਾਰੇ ਇਹ ਮਸ਼ਹੂਰ ਗੱਲ ਹੈ ਕਿ ਉਹ ਇਤਿਹਾਸ ਰੱਚ ਤਾਂ ਸਕਦੇ ਹਨ ਪਰ ਲਿਖ ਨਹੀਂ ਸਕਦੇ। ਦਰਅਸਲ ਉਹ ਲੋਕ ਜੋ ਆਪਣੇ ਅਕੀਦੇ ਵੱਲ ਸੇਧਿਤ ਹੋ ਕੇ ਲਗਾਤਾਰ ਕਿਰਿਆਸ਼ੀਲ ਰਹਿੰਦੇ ਹਨ, ਜਿਨ੍ਹਾਂ ਨੂੰ ਕਾਬਲ ਦੇ ਜੰਮਿਆ ਵਾਂਗ ਆਏ ਦਿਨ ਮੁਹਿੰਮਾਂ ਤੇ ਚੜਨਾ ਪੈਂਦਾ ਹੋਵੇ, ਉਹਨਾਂ ਪਾਸ ਇਤਿਹਾਸ ਲੇਖਨ ਲਈ, ਸਮਾਂ ਹੀ ਕਿਤਨਾ ਕੁ ਬਚਦਾ ਹੈ? ਫਿਰ ਵੀ ਉਪਰੋਕਤ ਧਾਰਨਾ ਬਾਰੇ ਕੁਝ ਅਪਵਾਦ ਮੌਜੂਦ ਹਨ। ਆਦਿ ਗੁਰੂ ਨਾਨਕ ਦੇਵ ਜੀ ਦੇ ਦੂਜੇ ਸਰੂਪ, ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ ਨੇ ਆਪਣੇ ਇਸ਼ਟ ਸਤਿਗੁਰੂ ਦੇ ਜੀਵਨ ਵੇਰਵਿਆਂ ਨੂੰ ਸੰਭਾਲਣ ਲਈ, ਭਾਈ ਭੈੜੇ ਮੌਕੇ ਲਿਖਾਰੀ ਦੁਆਰਾ ਭਾਈ ਬਾਲਾ ਸੰਧੂ ਤੋਂ ਸੁਣ ਕੇ ਲਿਖਣਾ ਉਸਦੀ ਜਨਮ ਸਾਖੀ ਦੀ ਇਤਿਹਾਸਕਤਾ ਕੁਝ ਵੀ ਹੋਵੇ, ਇਸ ਦਿਸ਼ਾ ਵਿੱਚ ਦੂਜੇ ਗੁਰੂ ਸਾਹਿਬ ਵੇਲੇ ਤੋਂ ਕੰਮ ਹੁੰਦਾ ਰਿਹਾ। ਫਿਰ ਗੁਰਬਾਣੀ ਦੇ ਲਿਖਾਰੀ ਭਾਈ ਗੁਰਦਾਸ ਜੀ ਨੇ ਛੇ ਸਤਿਗੁਰੂ ਸਾਹਿਬਾਨ ਤੱਕ ਦੇ ਪ੍ਰਮੁੱਖ ਗੁਰਸਿੱਖਾਂ ਦੇ ਨਾਮ, ਅੰਕਿਤ ਕਰਕੇ ਵੱਡਾ ਕਾਰਜ ਕੀਤਾ। ਦਸਵੇਂ ਪਾਤਸ਼ਾਹ ਜੀ ਦੇ ਭਾਈ ਮਨੀ ਸਿੰਘ, ਭਾਈ ਕੋਇਰ ਸਿੰਘ ਆਦਿ ਵਿਦਵਾਨ ਸਿੱਖਾਂ ਨੇ ਵੀ ਗੁਰ ਇਤਿਹਾਸ ਨੂੰ ਸੰਭਾਲਿਆ। ਮੱਸਾ ਰੰਗੜ ਦਾ ਸਿਰ ਵੱਢਣ ਵਾਲੇ, ਭਾਈ ਮਤਾਬ ਸਿੰਘ ਸ਼ਹੀਦ ਮੀਰਾਂਕੋਟੀਏ ਦੇ ਪੋਤਰੇ, ਕਰੋੜਾਂ ਸਿੰਘੀਆ ਮਿਸਲ ਦੇ ਜਥੇਦਾਰ ਬਘੇਲ ਸਿੰਘ ਦੇ ਦੋਹਤਰੇ, ਭਾਈ ਰਤਨ ਸਿੰਘ ਭੰਗੂ ਨੇ ਪੁਰਾਤਨ ਸਿੱਖਾਂ ਪਾਸੋਂ ਸਰਵਣ ਕਰਕੇ, ਗੁਰੂ ਇਤਿਹਾਸ ਅਤੇ ਸਿੱਖ ਇਤਿਹਾਸ ਨੂੰ ਮੋਟੀ ਫੁੱਲ੍ਹੀ ਪੰਜਾਬੀ ਨੁਮਾ ਬਰੱਜ ਭਾਸ਼ਾ ਵਿੱਚ ਛੰਦ ਬੰਧ ਕੀਤਾ। ਗੁਰੂ ਕਾਲ ਦਾ ਪ੍ਰਮੁੱਖ ਲਿਖਾਰੀ, ਗਿਆਨ ਮਾਰਤੰਡ ਭਾਈ ਸੰਤੋਖ ਸਿੰਘ, ਕੈੱਥਲ ਉਦੇ ਸਿੰਘ ਪਾਸ ਰਹਿੰਦਿਆ 19ਵੀਂ ਸਦੀ ਦੇ ਪਹਿਲੇ ਅੱਧ ਵਿੱਚ 'ਸ੍ਰੀ ਗੁਰੂ ਪ੍ਰਤਾਪ ਸੂਰਜ' ਜਿਹਾ ਵਿਸ਼ਾਲ ਕਾਵਿ ਗ੍ਰੰਥ ਰੱਚ ਕੇ ਅਮਰਤਾ ਨੂੰ ਪ੍ਰਾਪਤ ਹੋ ਗਿਆ। ਇਸ ਤਰ੍ਹਾਂ ਗੁਰੂ ਕਾਲ ਅਤੇ ਫਿਰ ਸੂਰਬੀਰਾਂ, ਰਾਜਿਆਂ ਮਹਾਰਾਜਿਆਂ ਦੇ ਇਤਿਹਾਸ ਸਮੇਤ ਨਾਮਧਾਰੀ ਸਿੰਘਾਂ ਦੇ ਬਾਰੇ ਆਪਣੇ ਪੰਥ ਪ੍ਰਕਾਸ਼ ਵਿੱਚ ਗਿਆਨੀ ਗਿਆਨ ਸਿੰਘ ਜੀ ਨੇ ਲਿਖਿਆ ਹੈ। ਗੁਰੂ ਇਤਿਹਾਸ ਸੰਭਾਲਣ ਲਈ 'ਗੁਰ ਬਿਲਾਸਾਂ' ਦੀ ਪਰੰਪਰਾ ਵਿੱਚ ਭਾਈ ਭਗਤ ਸਿੰਘ, ਕੁਇਰ ਸਿੰਘ, ਸੁੱਖਾ ਸਿੰਘ ਅਤੇ ਦਸਵੇਂ ਪਾਤਸ਼ਾਹ ਦੇ ਦਰਬਾਰੀ ਕਵੀ ਸੈਨਾਪਤੀ ਪ੍ਰਮੁੱਖ ਹਨ।

ਉਪਰੋਕਤ ਲੜੀ ਵਿੱਚ ਜੇ ਅਸੀਂ ਨਾਮਧਾਰੀ ਇਤਿਹਾਸ ਦੀ ਗੱਲ ਕਰਾਂਗੇ ਤਾਂ ਜਿਹੜਾ ਉੱਭਰਵਾਂ ਨਾਮ ਸਾਡੇ ਸਾਹਮਣੇ ਆਉਂਦਾ ਹੈ ਉਹ ਭਾਈ ਸੰਤੋਖ ਸਿੰਘ ਬਾਹੋਵਾਲ ਜੀ ਦਾ ਹੈ। ਆਪ ਨੇ ਜਨਮ ਸਾਖੀਆਂ ਅਤੇ ਗੁਰ-ਬਿਲਾਸਾਂ ਦੀ ਤਰਜ਼ ਤੇ ਆਪਣਾ ਵਾਰਤਕ ਗ੍ਰੰਥ 'ਸਤਿਗੁਰੂ ਬਿਲਾਸ' ਲਿਖਿਆ। ਇਸ ਗ੍ਰੰਥ ਵਿੱਚ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਤੋਂ ਲੈ ਕੇ ਸ੍ਰੀ ਗੁਰੂ ਹਰੀ ਸਿੰਘ ਜੀ ਦੇ ਦੇਹ ਦਾ ਓਹਲਾ ਕਰਨ ਤੱਕ ਦੇ ਸਮਾਚਾਰ ਕਾਨੀ ਬੰਦ ਕੀਤੇ ਗਏ ਹਨ। 'ਗੁਰ ਬਿਲਾਸ' ਜਨਮ ਸਾਖੀਆਂ ਦੇ ਉਲਟ ਬਰੱਜ ਕਾਵਿ ਵਿੱਚ ਰਚੇ ਗਏ ਹਨ। ਭਾਈ ਬਾਹੋਵਾਲ

ਕਹਿੰਦਾ ਹੈ ਕਿ ਉਸ ਦਾ ਗ੍ਰੰਥ ਪੰਜਾਬੀ ਵਾਰਤਿਕ ਵਿੱਚ ਲਿਖਿਆ ਹੈ, ਇਸ ਦਾ ਇਹ ਮਤਲਬ ਨਹੀਂ ਕਿ ਉਸ ਨੂੰ ਵੀ ਕਵਿਤਾ ਜਾਂ ਬਰੱਜ ਕਵਿਤਾ ਲਿਖਣੀ ਨਹੀਂ ਆਉਂਦੀ। ਕਾਰਨ ਦੱਸਦਿਆਂ ਕਹਿੰਦੇ ਹਨ-"ਇਸ ਗ੍ਰੰਥ ਦੀ ਕਵਿਤਾ ਨਹੀਂ ਕਰਨੀ ਕਿਉਂਕਿ ਹੁਕਮਨਾਮੇ ਜੋ ਆਏ ਹੈਂ ਸੋ ਪੰਜਾਬੀ ਬੋਲੀ ਵਿੱਚ ਲਿਖ ਭੇਜੇ ਹੈਂ। ਤਾਂ ਤੇ ਜਾਣਿਆ ਜੋ ਗੁਰੂ ਬਾਰ੍ਹਵੇਂ ਕੀ ਬਾਣੀ ਪੰਜਾਬੀ ਬੋਲੀ ਵਿੱਚ ਹੋਵੇਗੀ, ਕਿਉਂਕਿ ਦੇਸਾਂ-ਪ੍ਰਦੇਸਾਂ ਮੇਂ ਜਾਣੀ ਹੈ। ਇਹ ਬਾਣੀ ਪੰਜਾਬੀ ਸਿੱਖ ਜਾਨਣਗੇ। ਕਵਿਤਾ ਪਹਿਲਾਂ ਤੇ ਅਨਜਾਣ ਨੂੰ ਪੜ੍ਹਨੀ ਨਹੀਂ ਆਉਂਦੀ ਹੈ, ਜੇ ਪੜ੍ਹੇ ਭੀ ਤਾਂ ਅਰਥ ਨਹੀਂ ਸਮਝੇ ਜਾਂਦੇ ਹੈ। ਇਹ ਪੰਜਾਬੀ ਬੋਲੀ ਸਰਬ ਪੜ੍ਹ ਲੈਣਗੇ।"

ਆਪਣੇ ਕਵੀ ਹੋਣ ਦਾ ਸਬੂਤ ਦਿੰਦਿਆ, ਭਾਈ ਸੰਤੋਖ ਸਿੰਘ ਜੀ ਆਪਣੇ ਗ੍ਰੰਥ ਦਾ ਸਾਰ, ਦੋ ਕਬਿੱਤਾਂ ਵਿੱਚ ਹੀ ਲਿਖ ਦਿੰਦੇ ਹਨ। ਦੂਸਰੇ ਕਬਿੱਤ ਵਿੱਚ ਸਤਿਗੁਰੂ ਰਾਮ ਸਿੰਘ ਜੀ ਦੇ ਵਿਸ਼ਾਲ ਜੀਵਨ ਸੰਗਰਾਮ ਨੂੰ ਚਾਰ ਤੁਕਾਂ ਵਿੱਚ ਹੀ ਬਿਆਨਕੇ ਗਾਗਰ ਵਿੱਚ ਸਾਗਰ ਭਰ ਦਿੱਤਾ ਹੈ-

"ਪੁਨ੍ਹਾ ਗੁਰੂ ਬਾਰ੍ਹਵੇਂ ਅਵਤਾਰ ਲੀਲ੍ਹਾ ਖੇਲ ਕਰ,
ਨੌਕਰੀ ਲਾਹੌਰ ਹੂੰ ਸੇ ਹਜਰੋਂ ਜੀ ਜਾਇਬੋ।
ਲੈਕੇ ਉਪਦੇਸ ਮਸਤਾਨੇ ਹੋ ਨਰੇਸ ਸਾਚੇ,
ਕਰੀ ਕਿਰਸਾਨੀ ਬਨਜ ਗੰਗਾ ਗਏ ਆਇ ਬੋ।
ਸੂਬੇ ਥਾਪ, ਧਰਮ ਵਰਤਾਏ, ਮੜ੍ਹੀ ਗੋਰ ਢਹਾਏ,
ਬੁੱਚੜ ਹਟਾਏ ਜੈਸੇ ਕੋਟਲੇ ਪੈ ਧਾਇ ਬੋ।
ਪੰਥ ਪ੍ਰਕਾਸ਼ ਨਿਜ ਭਾਈ ਕੋ ਅਵਾਸ ਕਲਾ
ਜਾਇ ਟਾਪੂ ਕਵੀ ਕਹੇ ਫੇਰ ਗੁਰੂ ਆਇ ਬੋ।"

ਇਸ ਤਰ੍ਹਾਂ ਭਾਈ ਸੰਤੋਖ ਸਿੰਘ ਜੀ ਇਹ ਪੰਜਾਬੀ ਵਾਰਤਕ ਵੱਲ ਪਰਤੇ ਹਨ ਤਾਂ ਉਹਨਾਂ ਦੀ ਕੀਰਤੀ 19ਵੀਂ ਸਦੀ ਦੇ ਪਿਛਲੇ ਦੋ ਦਹਾਕਿਆਂ ਵਿੱਚ ਪੰਜਾਬੀ ਭਾਸ਼ਾ ਦੇ ਪ੍ਰਚਾਰ-ਪ੍ਰਸਾਰ ਵਿੱਚ ਜੁੱਟੇ ਹੋਰ ਮੁਦਈਆਂ ਦੇ ਸਮਾਨ ਹੀ ਹੈ। ਬੇਸ਼ੱਕ ਉਸ ਸਮੇਂ ਆਪਣੇ ਹੁਕਮਨਾਮਿਆਂ ਵਿੱਚ ਇਸ ਭਾਸ਼ਾ ਨੂੰ ਮਾਣ ਬਖਸ਼ ਕੇ, ਸਤਿਗੁਰੂ ਰਾਮ ਸਿੰਘ ਜੀ ਨੇ ਵੀ ਅਧੁਨਿਕ ਪੰਜਾਬੀ ਵਾਰਤਕ ਦੇ ਮੋਢੀਆਂ ਵਾਲਾ ਕਾਰਜ ਕੀਤਾ। ਉਸੇ ਕਾਰਜ ਨੂੰ ਭਾਈ ਬਾਹੋਵਾਲ ਜੀ ਹੋਰ ਅੱਗੇ ਵਿਸਥਾਰ ਦੇ ਰਹੇ ਹਨ।

ਭਾਈ ਬਾਹੋਵਾਲ ਜੀ ਦੇ ਸ੍ਰੀ ਭੈਣੀ ਸਾਹਿਬ ਕਿਆਮ (1882-1909 ਈ.) ਤੋਂ ਇਲਾਵਾ ਸਾਨੂੰ ਉਹਨਾਂ ਦੇ ਬਹੁਤੇ ਜੀਵਨ ਵੇਰਵੇ ਪ੍ਰਾਪਤ ਨਹੀਂ ਹੁੰਦੇ। ਗੁਰ ਬਿਲਾਸ ਪਾ. ਦਸਵੀਂ ਦੇ ਕਰਤਾ ਭਾਈ ਕੋਇਰ ਸਿੰਘ ਵਾਂਗੂੰ ਆਪ ਵੀ ਕਲਾਲ (ਆਹਲੂਵਾਲੀਆ) ਭਾਈਚਾਰੇ ਨਾਲ ਸੰਬੰਧ ਰੱਖਦੇ ਸਨ। ਆਪ ਦਾ ਜਨਮ ਨਗਰ ਬਾਹੋਵਾਲ ਤਾਂ ਆਪ ਨੇ, ਆਪਣੇ ਨਾਮ ਨਾਲ ਹੀ ਸਜਾ ਲਿਆ ਸੀ। ਪਰ ਮਾਤਾ-ਪਿਤਾ, ਭੈਣ-ਭਰਾਵਾਂ ਬਾਰੇ ਆਪ ਦੀ ਵੱਡੀ ਰਚਨਾ ਵੀ ਪਤਾ ਨਹੀਂ ਕਿਉਂ ਖਾਮੋਸ਼ ਰਹੀ ਹੈ। ਕੋਈ ਖੋਜੀ ਸੱਜਣ ਲੁਧਿਆਣੇ ਕਚਹਿਰੀ ਵਿੱਚ ਭਾਈ ਸੰਤੋਖ ਸਿੰਘ ਤੇ ਚੱਲੇ

ਮੁਕੱਦਮੇ ਦੀ ਮਿਸਲ ਲੱਭੇ ਤਾਂ ਹੋ ਸਕਦਾ ਹੈ ਕੁਝ ਪਰਿਵਾਰਿਕ ਜਾਣਕਾਰੀ ਨਿਕਲ ਆਵੇ ਜੋ ਕਿਸੇ ਰਜਿਸਟਰ ਵਿੱਚ ਦਰਜ ਹੋਵੇ। ਇਹ ਵੀ ਭੈਣੀ ਸਾਹਿਬ ਗੁਰਦੁਆਰੇ ਦਰਸ਼ਨ ਕਰਨ ਆਉਣ ਵਾਲਿਆਂ ਦੇ ਨਾਂ ਪੁਲੀਸ ਰਜਿਸਟਰ ਵਿਚ ਦਰਜ ਕੀਤੇ ਜਾਂਦੇ ਸਨ। ਪਤਾ ਨਹੀਂ ਉਹ ਰਜਿਸਟਰ ਕਿਤੇ ਉਪਲਬਧ ਹਨ ਜਾਂ ਸਮੇਂ ਦੀ ਧੂੜ, ਮੀਂਹ ਹਨੇਰੀਆਂ, ਸਿਉਂਕ ਦੁਆਰਾ ਬਰਬਾਦ ਕਰ ਦਿੱਤੇ ਗਏ ਹਨ। ਆਪ ਦਾ ਨਗਰ ਬਾਹੋਵਾਲ ਕਿੱਥੇ ਹੈ, ਇਸ ਬਾਰੇ ਵੀ ਕੁਝ ਭ੍ਰਾਂਤੀਆਂ ਸਨ। ਸੰਤ ਤਰਨ ਸਿੰਘ ਵਹਿਮੀ ਜੀ ਆਪਣੇ ਸਰੋਤਾਂ ਦੇ ਆਧਾਰ ਤੇ ਇਸ ਨੂੰ ਡੇਰਾ ਬਾਬਾ ਨਾਨਕ, ਜ਼ਿਲ੍ਹਾ ਗੁਰਦਾਸਪੁਰ ਦੇ ਪਾਸ ਲਿਖਦੇ ਹਨ। ਸੰਤ ਵਹਿਮੀ ਜੀ ਨੂੰ ਇਸ ਸਬੰਧ ਵਿੱਚ ਟਪਲਾ ਲੱਗ ਗਿਆ ਹੈ ਕਿਉਂ ਜੁ ਜਸਵਿੰਦਰ ਸਿੰਘ, ਸੰਪਾਦਕ ਸਤਿਗੁਰੂ ਬਿਲਾਸ ਅਨੁਸਾਰ ਗੁਰਦਾਸਪੁਰ ਜ਼ਿਲ੍ਹੇ ਵਿੱਚ ਬਾਹੋਵਾਲ ਨਾਮ ਦਾ ਕੋਈ ਪਿੰਡ ਨਹੀਂ। "ਬੋਲੀ ਅਤੇ ਲਿਖਣ ਦੀ ਸ਼ੈਲੀ ਵੀ ਲੇਖਕ ਦੀ ਮਾਝੇ ਵਾਲੀ ਨਹੀਂ ਹੈ।" ਇਤਿਹਾਸ ਖੋਜੀ ਦਵਿੰਦਰ ਸਿੰਘ ਗਿੱਲ ਜੀਆ ਨੱਥਾ ਹੁਸ਼ਿਆਰਪੁਰ ਪਿੰਡ ਬਾਰੇ, ਹੋਰ ਖੋਜ ਨੂੰ ਵਿਸਥਾਰ ਦਿੰਦਿਆਂ ਹੋਇਆ ਦੱਸਿਆ ਕਿ ਦਰ-ਅਸਲ ਪਿੰਡ ਬਾਹੋਵਾਲ ਹੁਸ਼ਿਆਰਪੁਰ ਤੋਂ ਮਾਹਲਪੁਰ ਨਵਾਂ ਸ਼ਹਿਰ ਸੜਕ ਉੱਤੇ ਕੋਈ 15 ਕਿਲੋਮੀਟਰ ਦੀ ਵਿੱਥ ਤੇ ਸਥਿਤ ਹੈ। ਇਹ ਮਾਹਲਪੁਰ ਤੋਂ ਹੁਸ਼ਿਆਰਪੁਰ ਵਾਲੇ ਪਾਸੇ ਤਿੰਨ ਕੁ ਕਿਲੋਮੀਟਰ 'ਤੇ ਹੈ। ਗਿੱਲ ਹੋਰਾਂ ਨੇ ਇਹ ਵੀ ਦੱਸਿਆ ਹੈ ਕਿ ਉਹ ਭਾਈ ਸੰਤੋਖ ਸਿੰਘ ਹੋਰਾਂ ਬਾਰੇ ਖੋਜ ਕਰਨ ਇਸ ਪਿੰਡ ਗਏ ਤਾਂ ਕਾਫੀ ਤਰੱਦਦ ਬਾਅਦ ਉਹਨਾਂ ਨੂੰ ਇੱਕ ਵਾਹਵਾ ਬਜ਼ੁਰਗ ਸੱਜਣ ਮਿਲਿਆ ਜਿਸ ਨੇ ਦੱਸਿਆ ਕਿ ਅਸੀਂ ਉਹਨਾਂ ਦਾ ਪਰਿਵਾਰ ਹਾਂ ਇਹ ਆਹਲੂਵਾਲੀਆ ਪਰਿਵਾਰ ਹੀ ਸੀ। ਉਸ ਬਜ਼ੁਰਗ ਦਾ ਨਾਂ ਕੁਲਦੀਪ ਸਿੰਘ ਸੀ। 28-3-2009 ਈ. ਨੂੰ ਗਿੱਲ ਹੋਰਾਂ ਦੀ ਉਸ ਬਜ਼ੁਰਗ ਨਾਲ ਬਾਹੋਵਾਲ ਵਿਖੇ ਮੁਲਾਕਾਤ ਹੋਈ। ਉਸ ਦੇ ਮੁਤਾਬਕ ਸੁਰਜਨ ਸਿੰਘ ਪੁੱਤਰ ਹਮੀਰਾ ਹੀ, ਸੰਤੋਖ ਸਿੰਘ ਸੀ। ਅਮਰ ਸਿੰਘ ਬਸੰਤ ਸਿੰਘ ਉਸਦੇ ਦੋ ਭਾਈ ਸਨ। ਸੁਰਜਨ ਸਿੰਘ ਉਰਫ ਸੰਤੋਖ ਸਿੰਘ ਦੇ ਤਿੰਨ ਪੁੱਤਰ ਸਨ- ਕਰਨੈਲ ਸਿੰਘ, ਬਲਵੰਤ ਸਿੰਘ, ਤਾਰਾ ਸਿੰਘ। ਕਰਨੈਲ ਸਿੰਘ ਦਾ ਪੁੱਤਰ ਇਹ ਕੁਲਦੀਪ ਸਿੰਘ ਮੁਲਾਕਾਤੀ ਸੀ। ਇਹਨਾਂ ਤੱਥਾਂ ਦੀ ਹੋਰ ਪੁਸ਼ਟੀ ਕਰਨ ਲਈ ਖੋਜੀ ਸੱਜਣਾਂ ਦੇ ਮਾਰਗ ਦਰਸ਼ਨ ਲਈ ਮੈਂ ਇਹ ਵੇਰਵਾ ਲਿਖ ਦਿੱਤਾ ਹੈ। ਇਹ ਗਿੱਲ ਹੋਰਾਂ ਸਤਿਜੁਗ ਸਪਤਾਹਿਕ ਵਿੱਚ ਵੀ ਛਪਵਾਇਆ ਸੀ। ਪਰ ਅਜੇ ਪੁਸ਼ਟੀ ਜ਼ਰੂਰੀ ਹੈ।

ਸ੍ਰੀ ਭੈਣੀ ਸਾਹਿਬ ਦੇ ਬ੍ਰਾਹਮਣ ਪਰਿਵਾਰ ਵਿੱਚੋਂ ਇੱਕ ਸੱਜਣ ਹਰਦੇਵ ਸਿੰਘ 'ਬਖਸ਼ੀ' ਸਨ। ਇਹ ਉਮਰ ਵਿੱਚ ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂ ਦੋ ਸਾਲ ਵੱਡੇ ਸੀ। ਉਹਨਾਂ ਇੱਕ ਸੈਂਕੜਾਂ ਤੋਂ ਉਮਰ ਉੱਪਰ ਭੋਗੀ। ਉਹ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਬਾਲ ਸਖਾ ਵੀ ਰਹੇ ਸਨ। ਭਾਈ ਸੰਤੋਖ ਸਿੰਘ ਬਾਹੋਵਾਲ ਤੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਗੁਰਮੁਖੀ ਲਿਪੀ ਦੇ ਅੱਖਰਾਂ ਦਾ ਗਿਆਨ ਹਾਸਿਲ ਕੀਤਾ ਸੀ, ਚਾਰ ਸਾਲ ਦੀ ਉਮਰ ਵਿੱਚ। ਬਖਸ਼ੀ ਜੀ ਇੱਕ ਸੈਂਕੜਾ ਉਮਰ ਭੋਗ ਕੇ ਹੁਕਮ ਸੱਤ ਹੋਏ। ਉਹਨਾਂ ਨਾਲ 9 ਜੂਨ 1988 ਨੂੰ ਹਿਸਟੋਰੀਅਨ ਜਸਵਿੰਦਰ ਹੋਰਾਂ ਨੇ ਮੁਲਾਕਾਤ ਕੀਤੀ ਸੀ ਕਿਉਂਕਿ ਉਹ ਸੰਤੋਖ ਸਿੰਘ ਦੇ ਪਿੰਡ ਵਾਲੇ ਪਰਿਵਾਰ ਬਾਰੇ ਕੁਝ ਨਹੀਂ ਸਨ ਜਾਣਦੇ। ਉਸ ਦਾ ਨਖਸ਼ਿਖ ਵਰਣਨ ਉਹਨਾਂ ਨੇ ਕੀਤਾ ਸੀ।"ਸੰਤੋਖ ਸਿੰਘ

ਦਾ ਕਦ 5 ਫੁੱਟ 6 ਇੰਚ, ਰੰਗ ਸਾਫ਼, ਸਰੀਰ ਪਤਲਾ ਅਤੇ ਚਿਹਰੇ ਤੇ ਪਤਲੀ ਦਾਹੜੀ। ਜਾਤ ਉਹਨਾਂ ਦੀ ਕਲਾਲ ਸੀ।"

ਜਸਵਿੰਦਰ ਸਿੰਘ ਹੋਰਾਂ ਦੇ ਉਪਰੋਕਤ ਭੂਮਿਕਾ ਵਿੱਚ ਲਿਖਣ ਮੂਜਬ ਸੰਤੋਖ ਸਿੰਘ ਦਾ ਜਨਮ 1845 ਈ. ਹੈ। ਇਹ ਅਨੁਮਾਨਿਤ ਹੈ ਕਿਉਂਕਿ ਕਿਆਸ ਕੀਤੀ ਜਾਂਦੀ ਹੈ ਕਿ ਆਪ ਨੇ 64-65 ਸਾਲ ਉਮਰ ਭੋਗੀ ਸੀ। ਉਸ ਦੇ ਭੈਣੀ ਸਾਹਿਬ ਗੁਰਦੁਆਰਾ ਵਿਖੇ ਗੁਰੂ ਹਰੀ ਸਿੰਘ ਜੀ ਦੀ ਸ਼ਰਨ ਵਿੱਚ ਆਉਣ ਦਾ ਪ੍ਰਸੰਗ ਉਨਾਂ ਨੇ ਆਪਣੇ ਸ਼ਬਦਾਂ ਵਿੱਚ ਹੀ ਕਾਨੀਬੱਧ ਕੀਤਾ ਗਿਆ ਹੈ।

"ਰਾਮਦਾਸਪੁਰੇ ਸਾਹਿਬ ਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਕਰਨ ਸੰਤੋਖ ਸਿੰਘ ਆਇਆ। ਏਹ ਨਿਸ਼ਚਾ ਹੋਇਆ ਕਿ ਗੁਰੂ ਨਾਨਕ ਦੇਵ ਜੀ ਨੇ ਮੂਰਤੀ ਧਾਰੀ ਹੈ। ਗੁਰੂ ਹਰੀ ਸਿੰਘ ਜੀ ਬਚਨ ਕੀਤਾ ਏਹ ਤਾਂ ਬੜਾ ਗਰੀਬ ਸਾਧ ਹੈ। ਏਕ ਪਰਨਾ ਤੀਨ ਹਾਥ ਕਾ ਤੇ ਦੋ ਕਛਹਿਰੇ ਤਿੰਨੇ ਬਸਤਰ ਸੇ। ਦੀਨ ਦਿਆਲ ਜੀ ਕੁੜਤਾ ਚਾਦਰ, ਪੈਰਾਂ ਨੂੰ ਜੋੜਾ ਤੇ ਸੀਸ ਕੋ ਪਰਨਾ ਦੀਆ। ਬਚਨ ਕੀਤਾ ਸੰਸਾ ਨਾ ਕਰੇ, ਜੋ ਬਸਤਰ ਪਾਟੇ ਸੋ ਸਾਥੋਂ ਲਵੇ। ਭਜਨ ਕਰੋ, ਬਾਣੀ ਪੜ੍ਹੋ। ਸੰਤੋਖ ਸਿੰਘ ਕਾ ਐਸਾ ਮਨ ਪ੍ਰੇਰਿਆ ਕਿ ਸੇਵਾ ਕਰੇ ਗੁਰੂ ਜੀ ਕੇ ਘਰ ਕੀ। ਗੁਰੂ ਮਹਾਰਾਜ ਜੀ ਅੰਦਰ ਕੀ ਜਾਣ ਕੇ ਬਚਨ ਕੀਤਾ ਕਿ ਨੱਥਾ ਸਿੰਘ ਮਜਬੀ ਨਾਲ ਕੰਮ ਕਰਾਓ। ਨੱਥਾ ਸਿੰਘ ਲੰਗਰ ਵਾਸਤੇ ਅੱਕ ਪੁੱਟਦਾ ਹੁੰਦਾ ਸੀ। ਸੰਤੋਖ ਸਿੰਘ ਉਸਕੇ ਨਾਲ ਕੁਝ ਕੰਮ ਕਰੌਣਾ।

"ਸੰਤੋਖ ਸਿੰਘ (ਇਸ ਪੁਸਤਕ ਦੇ ਲੇਖਕ) ਨੇ ਕਈ ਭੇਖ ਦੇਖੇ, ਸ਼ਾਂਤ ਨਾ ਆਈ। ਸੁਥਰਾ, ਪਰਮ ਹੰਸ, ਨਾਂਗਾ ਭੀ ਹੋਇਆ। ਮੌਨ ਭੀ ਧਾਰਿਆ। ਫੇਰ ਨਿਰਮਲਿਆ ਕਾ ਉਪਦੇਸ਼ ਮਹਾਂਵਾਕ ਦਾ ਭੀ ਲੀਆ। ਏਤਨੇ ਭੇਖ ਫਿਰਿਆ ਪਰ ਸ਼ਾਂਤ ਨਾ ਆਈ। ਹਾਰ ਕੇ ਸ੍ਰੀ ਸਤਿਗੁਰੂ ਜੀ ਕਾ ਉਪਦੇਸ਼ ਲੀਆ ਚੇਤ ਚੌਦੇ ਪਰ ਸੰਮਤ 1939।"

ਸੰਤੋਖ ਸਿੰਘ ਜਗਿਆਸੂ ਸੁਭਾਅ ਦਾ ਸਿੰਘ ਹੈ ਜੋ ਆਪਣੇ ਸਮੇਂ ਦੇ ਪ੍ਰਸਿੱਧ ਮੱਤਾਂ ਮਤਾਂਤਰਾਂ ਦਾ ਅਧਿਐਨ ਕਰਦਾ ਅਤੇ ਉਹਨਾਂ ਵਿੱਚ ਵਿਚਰਦਾ ਹੋਇਆ ਆਪਣੀ ਭਰ ਜੁਆਨੀ 35-37 ਸਾਲ ਉਮਰ ਵਿੱਚ, ਡੇਰਾ ਸ੍ਰੀ ਭੈਣੀ ਸਾਹਿਬ ਵਿੱਚ 1882 ਈ. ਦੇ ਮਾਰਚ ਮਹੀਨੇ ਵਿੱਚ ਅੱਪੜਦਾ ਹੈ। ਸਤਿਗੁਰੂ ਰਾਮ ਸਿੰਘ ਜੀ ਦੇ ਨਾਮਧਾਰੀ ਪੰਥ, ਉਹਨਾਂ ਦੇ ਦੇਸ਼ ਭਗਤੀ ਅਤੇ ਲੋਕ ਭਗਤੀ ਦੇ ਖੇਤਰ ਵਿੱਚ ਪਾਏ ਵੱਡੇ ਯੋਗਦਾਨ ਅਤੇ ਕੂਕਿਆਂ ਦੀਆਂ ਮੁਲਕ ਵਾਸਤੇ ਕੀਤੀਆਂ ਅਥਾਹ ਕੁਰਬਾਨੀਆਂ ਨੇ ਸੰਤੋਖ ਸਿੰਘ ਬਾਹੋਵਾਲ ਨੂੰ ਵੀ ਟੁੰਬਿਆ ਹੋਵੇਗਾ ਤੇ ਉਹ ਫਿਰ ਇੱਕ ਦਿਨ ਕੂਕਾ ਸੰਗਰਾਮ ਦੇ ਇਸ ਮਹਾਨ ਕੇਂਦਰ ਵਿੱਚ ਪੁੱਜ ਗਿਆ, ਜਿਸ ਦੇ ਅਕਾਲ ਬੁੰਗੇ ਆਦਿਕ ਅਸਥਾਨਾਂ ਤੇ, ਜਾਨਾਂ ਵਾਰਨ ਵਾਲੇ ਕੂਕੇ ਮਸਤਾਨਿਆਂ ਦੀ ਪੈੜ ਛਾਪ ਅਜੇ ਮੌਜੂਦ ਸੀ। ਜਿਸ ਦੇ ਰਾਮਸਰ ਦੇ ਕੰਢਿਆਂ ਤੇ ਨਿੱਤ ਸੁਬਹਾ ਸ਼ਾਮ ਇਸ਼ਨਾਨ ਕਰਨ ਆਏ ਰਾਮ ਵਿਓਗੀਆਂ ਦੇ ਹਟਕੋਰੇ ਅਜੇ ਸੱਜਰੀ ਬਾਤ ਸਨ। ਸੰਤੋਖ ਸਿੰਘ ਨੂੰ ਹੀ ਸਤਿਗੁਰੂ ਰਾਮ ਸਿੰਘ ਜੀ ਦੇ ਰੰਗੂਨ, ਮਰਗੋਈ ਵਿੱਚੋਂ ਦਰਸ਼ਨ ਕਰਕੇ ਆਉਣ ਵਾਲੇ ਸਿੰਘਾਂ ਦੇ ਪੁਰਨੂਰ ਚਿਹਰੇ ਆਕ੍ਰਿਸ਼ਤ ਕਰਨ

ਲੱਗੇ। ਉਹ ਸ੍ਰੀ ਭੈਣੀ ਸਾਹਿਬ ਵਿੱਚ ਸ਼ਾਂਤ ਮੂਰਤੀ ਗੁਰੂ ਹਰੀ ਸਿੰਘ ਦੇ ਦਰਸ਼ਨ ਕਰਕੇ ਸਦਾ ਲਈ ਉਹਨਾਂ ਦਾ ਹੋ ਗਿਆ।

ਉਸ ਸਮੇਂ ਸ੍ਰੀ ਭੈਣੀ ਸਾਹਿਬ ਰਹਿਣ ਵਾਲੇ ਸਿੰਘ ਪੁਲਿਸ ਦੀ ਮਨਜ਼ੂਰੀ ਨਾਲ ਹੀ ਰਹਿ ਸਕਦੇ ਸਨ ਕਿਉਂਕਿ ਸਥਾਈ ਤੌਰ ’ਤੇ ਰਹਿਣ ਵਾਲੇ ਪਹਿਲਾਂ ਤੋਂ ਰਹਿੰਦੇ ਆ ਰਹੇ ਸਨ। ਉਹਨਾਂ ਦੀ ਕੋਈ ਰੋਕਾ-ਰੋਕੀ ਨਹੀਂ ਸੀ ਹੁੰਦੀ। ਨਵੇਂ ਆਏ ਵਿਅਕਤੀ ਨੂੰ ਅੱਠਾਂ ਪਹਿਰਾਂ ਬਾਅਦ ਪੁਲਿਸ ਵਾਲੇ ਡਰਾ ਧਮਕਾ ਕੇ ਕੱਢ ਦਿੰਦੇ ਸਨ। ਡੇਰੇ ਵੱਲੋਂ ਪੁਲਿਸ ਨੂੰ ਛਕਣ-ਛਕਾਣ ਦੇ ਮੁਆਮਲੇ ਵਿੱਚ ਖੰਡ, ਘਿਓ ਆਦਿ ਵਸਤਾਂ ਇਸ ਲਈ ਦੇ ਦਿੱਤੀਆਂ ਜਾਂਦੀਆਂ ਸਨ ਕਿਉਂਕਿ ਉਹ ਨਵੇਂ ਆ ਕੇ ਰਹਿਣ ਵਾਲਿਆਂ ਨੂੰ ਪਰੇਸ਼ਾਨ ਨਾ ਕਰਨ ਪਰ ਉਹ ਵੀ ਆਪਣੇ ਸੁਭਾਅ ਅਨੁਸਾਰ ਖਾਂਦੇ ਵੀ ਸਨ ਅਤੇ ਘੂਰਦੇ ਵੀ ਸਨ। ਭਾਈ ਸੰਤੋਖ ਸਿੰਘ ਉਹਨਾਂ ਗੁਰੂ ਪਿਆਰਿਆਂ ਵਿੱਚੋਂ ਸਨ, ਜਿਹੜੇ ਸਦਾ ਬੇਖ਼ੌਫ਼ ਅਤੇ ਨਿਰਭੈ ਹੋ ਕੇ ਆਪਣੇ ਗੁਰੂ ਦੇ ਹੁਕਮ ਅਨੁਸਾਰ ਗੁਰਦੁਆਰੇ, ਪੁਲਿਸ ਦੀਆਂ ਵਧੀਕੀਆਂ ਸਹਿ ਕੇ ਵੀ ਟਿਕੇ ਰਹੇ।

ਸੰਤੋਖ ਸਿੰਘ ਡੇਰੇ ਵਿੱਚ ਆਉਣ ਸਾਰ ਹੀ ਇਸ ਵਿਚਾਰ ਦੇ ਧਾਰਨੀ ਬਣ ਗਏ ਕਿ ਉਹ ਸਤਿਗੁਰੂ ਰਾਮ ਸਿੰਘ ਜੀ ਅਤੇ ਉਹਨਾਂ ਦੇ ਸੂਰਮੇ ਪੰਥ ਦਾ ਸ਼ਾਨਦਾਰ ਇਤਿਹਾਸ ਕਾਨੀਬੱਧ ਕਰਨ। ਇਸ ਕਾਰਜ ਲਈ ਸ੍ਰੀ ਭੈਣੀ ਸਾਹਿਬ ਤੋਂ ਉਪਯੁਕਤ ਹੋਰ ਕੋਈ ਸਥਾਨ ਨਹੀਂ ਸੀ ਹੋ ਸਕਦਾ, ਜਿੱਥੇ ਇਸ ਸਮੇਂ ਨਾਮਧਾਰੀ ਮੁਖੀ ਗੁਰੂ ਹਰੀ ਸਿੰਘ ਬਿਰਾਜਮਾਨ ਸਨ। ਬਹੁਤ ਸਾਰੇ ਪੁਰਾਤਨ ਸਿੰਘ ਵੀ ਇੱਥੇ ਰਹਿ ਰਹੇ ਸਨ ਜਾਂ ਗਾਹੇ-ਬਗਾਹੇ ਦਰਸ਼ਨ ਮੇਲਾ ਕਰਨ ਲਈ ਆ ਜਾਂਦੇ ਸਨ। ਗੁਰੂ ਹਰੀ ਸਿੰਘ ਜੀ, ਗੁਰੂ ਰਾਮ ਸਿੰਘ ਜੀ ਤੋਂ ਮਸਾਂ ਸਾਢੇ ਕੁ ਤਿੰਨ ਸਾਲ ਛੋਟੇ ਸਨ। ਸਤਿਗੁਰੂ ਜੀ ਦੇ ਹਾਣੀ ਤੇ ਬਾਲ ਸਖਾਈ, ਲਹਿਣਾ ਸਿੰਘ, ਖੇਮਾ ਸਿੰਘ ਅਤੇ ਬੁੱਗ ਵੀ ਇਸ ਸਮੇਂ ਪਿੰਡ ਸ੍ਰੀ ਭੈਣੀ ਸਾਹਿਬ ਮੌਜੂਦ ਸਨ। ਸੰਤੋਖ ਸਿੰਘ ਨੂੰ ਇਹਨਾਂ ਸਾਰਿਆਂ ਤੋਂ ਸਤਿਗੁਰੂ ਜੀ ਦੇ ਬਚਪਨ ਅਤੇ ਯੁਵਾ ਕਾਲ ਬਾਰੇ ਕਾਫ਼ੀ ਸਮੱਗਰੀ ਮਿਲ ਗਈ। ਸੰਤੋਖ ਸਿੰਘ ਖੋਜੀ ਬਿਰਤੀ ਦਾ ਵਿਅਕਤੀ ਸੀ। ਪੰਜ ਸੂਬੇ ਮਲੂਕ ਸਿੰਘ, ਮਾਨ ਸਿੰਘ, ਹੁਕਮਾ ਸਿੰਘ, ਕਾਹਨ ਸਿੰਘ ਅਤੇ ਬ੍ਰਹਮਾ ਸਿੰਘ ਭੈਣੀ ਸਾਹਿਬ ਨਾ ਜਾਣ ਅਤੇ ਨਾ ਹੀ ਆਪਣੇ ਪਾਸ ਆਏ ਕੂਕਿਆਂ ਨੂੰ ਮਿਲਣ ਆਦਿ ਰੋਕਾਂ ਲਾ ਕੇ, ਸਰਕਾਰ ਨੇ 1887-88 ਈ. ਵਿੱਚ ਪੰਜਾਬ ਵਾਪਸ ਭੇਜ ਦਿੱਤੇ ਸਨ। ਇਹਨਾਂ ਵਿੱਚੋਂ ਕਾਹਨ ਸਿੰਘ ਪਾਸ ਫੌਜੀ ਜੀਵਨ, ਸਤਿਗੁਰੂ ਜੀ ਦੇ ਲਾਹੌਰ ਨਿਵਾਸ ਦੇ ਕਾਫ਼ੀ ਬਚਨ ਸਨ। ਉਹ ਕੁਝ ਚਿਰ ਚੱਕ ਵਿਖੇ ਰਹਿ ਕੇ ਫਿਰ ਅੰਮ੍ਰਿਤਸਰ ਮਿਸਤਰੀ ਨਾਹਰ ਸਿੰਘ ਜੀ ਪਾਸ ਜਾ ਟਿਕੇ ਸਨ। ਸੂਬਾ ਮਲੂਕ ਸਿੰਘ ਆਪਣੇ ਪਿੰਡ ਫੂਲੇਵਾਲ (ਮੁਕਤਸਰ) ਦੀ ਜੂਹ ਵਿਖੇ ਪਿੰਡੋਂ ਬਾਹਰ ਰੋਹੀ ਵਿੱਚ ਟਿਕੇ। ਸੂਬਾ ਹੁਕਮਾ ਸਿੰਘ ਕੁਝ ਸਮਾਂ ਪਿੱਥੋ ਕੱਟਕੇ ਗੱਦਾਂ ਡੋਬ, ਗੁਰੂ ਸਰ (ਫਿਰੋਜ਼ਪੁਰ) ਵਿੱਚ ਸ. ਸੁੰਦਰ ਸਿੰਘ ਸੋਹੂ ਪਾਸ ਜਾ ਰਹੇ। ਸੂਬਾ ਮਾਨ ਸਿੰਘ ਸੈਦੋਕੀ ਵਿਖੇ ਜਾ ਬਾਅਦ ਵਿੱਚ ਸ਼ਾਇਦ ਫਿਰੋਜ਼ਪੁਰ ਸ਼ਹਿਰ ਦੇ ਨਾਮਧਾਰੀਆਂ ਪਾਸ ਜਾ ਰਹੇ ਸਨ। ਸੂਬਾ ਬ੍ਰਹਮਾ ਸਿੰਘ ਵੀ ਆਪਣੇ ਪਿੰਡ ਕੋਲਾਣਾ (ਮਾਨਸਾ) ਆ ਟਿਕੇ। ਭਾਈ ਸੰਤੋਖ ਸਿੰਘ ਬਾਹੋਵਾਲ ਨੇ ਇਹਨਾਂ ਨਜ਼ਰਬੰਦੀ ਤੋਂ ਪਰਤੇ ਪਰ ਜੂਹ ਬੰਦ ਸੂਬਿਆਂ ਨਾਲ ਵੀ ਜਾਨ ਜੋਖਮ ਵਿੱਚ ਪਾ ਕੇ ਗੁਪਤ ਮੁਲਾਕਾਤਾਂ ਕੀਤੀਆਂ ਅਤੇ ਕੂਕਾ ਇਤਿਹਾਸ ਦੇ ਖੂਨੀ ਪੱਤਰਿਆਂ ਲਈ ਮਸਾਲਾ ਪ੍ਰਾਪਤ ਕੀਤਾ।

ਭਾਈ ਨਾਨੂੰ ਸਿੰਘ ਨੂੰ ਵੀ ਸਤੰਬਰ 1881 ਵਿੱਚ ਪੰਜਾਬ ਭੇਜ ਦਿੱਤਾ ਸੀ ਸਰਕਾਰ ਨੇ। ਉਹ ਇੱਕ ਦੋ ਵੇਰ ਭੇਸ ਬਦਲ ਕੇ ਘੋੜਿਆਂ ਦੇ ਸੌਦਾਗਰ ਦੇ ਰੂਪ ਵਿੱਚ, ਸ੍ਰੀ ਭੈਣੀ ਸਾਹਿਬ ਆਇਆ ਸੀ। ਗੁਰੂ ਹਰੀ ਸਿੰਘ ਵੀ ਉਸ ਦੀ ਖਬਰ ਸੁਰਤ ਲੈਣ ਬਹਾਦੁਰਗੜ੍ਹ, ਪਟਿਆਲਾ ਪਾਸ ਉਸਦੇ ਪਿੰਡ ਰੁੜਕੀ, ਸਿੰਘਾਂ ਨੂੰ ਭੇਜਦੇ ਰਹੇ। ਇਹ ਸਾਰੇ ਵਿਅਕਤੀ ਬਾਹੋਵਾਲ ਜੀ ਲਈ ਬੜੇ ਮੁੱਲਵਾਨ ਸਨ। ਉਹਨਾਂ ਨੇ ਰੰਗੂਨ ਮਰਗੋਈ ਦੇ ਜ਼ਿਆਦਾ ਸਮਾਚਾਰ ਸੇਵਕ ਨਾਨੂੰ ਸਿੰਘ ਜੀ ਤੋਂ ਪੁੱਛ-ਪੁਛਾ ਕੇ ਲਿਖੇ। ਇਸ ਸਮੇਂ ਉਹ ਪਵਣ ਵੇਗ ਨਾਲ ਚੱਲਦੀ, ਆਪਣੀ ਕਲਮ ਦੁਆਰਾ ਨੋਟ ਲਈ ਜਾਂਦੇ।

ਉਹਨਾਂ ਦੇ ਕੰਮਾਂ ਅਤੇ ਇਤਿਹਾਸ ਖੋਜ ਬਾਰੇ, ਬਾਹੋਵਾਲ ਜੀ ਦਾ ਸਵੈ-ਕਥਨ ਬਹੁਤ ਕੁਝ ਆਪਣੇ ਆਪ ਵਿੱਚ ਸਮੇਟੀ ਬੈਠਾ ਹੈ। "ਜਿਵੇਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨਾਲ ਸਿੰਘ ਰਹੇ, ਜਿਵੇਂ ਬਚਨ ਹੋਏ, ਉਵੇਂ ਸਿੱਖਾਂ ਪਾਸੋਂ ਸੁਣ ਕੇ ਲਿਖੇ ਹੈਂ ਵੱਧ-ਘੱਟ ਨਹੀਂ ਲਿਖੇ। ਦੇਖਿਆ ਕਿ ਸਤਿਗੁਰਾਂ ਦੀਆਂ ਸਾਖੀਆਂ ਕਿਸੇ ਨਹੀਂ ਲਿਖੀਆਂ ਤਾਂ ਮੈਂ ਲਿਖਣੇ ਲੱਗਾ। ਪਹਿਲਾਂ ਗੋਹਾ-ਕੂੜਾ ਕਰਨਾ, ਫਿਰ ਸੋਧ ਦਾ ਇਸ਼ਨਾਨ ਕਰਕੇ ਲਿਖਣਾ। ਫਿਰ ਸ਼ਾਮ ਨੂੰ ਲੱਕੜਾਂ ਢੋਣੀਆਂ ਲੰਗਰ ਵਾਸਤੇ। ਆਏ ਸਿੱਖਾਂ ਪਾਸੋਂ ਸਾਖੀਆਂ ਪੁੱਛ ਕੇ ਲਿਖ ਲੈਣੀਆਂ, ਨਾਲੇ ਗੁਰੂ ਹਰੀ ਸਿੰਘ ਜੀ ਤੋਂ ਤੇ ਪਿੰਡ ਦੇ ਹਾਣੀਆਂ ਤੋਂ ਪੁੱਛ ਕੇ ਲਿਖਣੀਆਂ। 12 ਬਰਸ ਲੱਕੜੀਆਂ ਢੋਈਆਂ ਲੰਗਰ ਕੀਆ ਤੇ ਨਾਲੇ ਗੋਹਾ-ਕੂੜਾ ਕੀਤਾ। ਜੇਹੜੇ ਸਿੰਘ ਸਤਿਗੁਰਾਂ ਨਾਲ ਗਏ ਸੀ ਜਾਂ ਉਹ ਮੁੜਕੇ ਆਏ ਤਾਂ ਉਹਨਾਂ ਪਾਸੋਂ ਭੀ ਪੁੱਛ ਕੇ ਲਿਖੇ ਹੈਂ।

ਇਸੇ ਤਰ੍ਹਾਂ ਗੁਰੂ ਬਾਲਕ ਸਿੰਘ ਜੀ ਦੇ ਜੋ ਪ੍ਰਸੰਗ, ਸਾਖੀਆਂ ਅਤੇ ਬਚਨ ਇਸ ਪੁਸਤਕ ਵਿੱਚ ਦਰਜ ਹਨ ਉਹਨਾਂ ਬਾਰੇ ਉਹ ਗੁਰੂ ਜੀ ਦੇ ਸਮਕਾਲੀ ਕਵੀ ਭਾਈ ਛੌਂਕਾ ਰਾਮ ਕਵੀਸ਼ਰ ਜੋ ਹਜਰੋਂ ਸਾਹਿਬ ਨਿਵਾਸ ਰੱਖਦੇ ਸਨ ਦੀ ਹੱਥ-ਲਿਖਤ, ਜੋ ਕਵਿਤਾ ਵਿੱਚ ਹੈ, ਉਸ ਤੇ ਆਧਾਰਿਤ ਹਨ। 1885 ਈ. ਵਿੱਚ ਹਜਰੋਂ ਸਾਹਿਬ ਦੇ ਮਹੰਤ ਬਾਬਾ ਕਾਹਨ ਸਿੰਘ ਸ੍ਰੀ ਭੈਣੀ ਸਾਹਿਬ ਆਏ। ਇਹ ਮਹੰਤ ਜੀ ਗੁਰੂ ਬਾਲਕ ਸਿੰਘ ਦੇ ਭਤੀਜੇ ਸਨ, ਭਾਈ ਮੰਨਾ ਸਿੰਘ ਦੇ ਪੁੱਤਰ। ਉਹ ਛੌਂਕਾ ਰਾਮ ਵਾਲੀ ਪੋਥੀ ਆਪਣੇ ਪਾਸ ਰੱਖਦੇ ਸਨ। ਉਸ ਵਿੱਚ ਕਵਿਤਾ ਵਿੱਚ ਗੁਰੂ ਬਾਲਕ ਸਿੰਘ ਜੀ ਦੇ ਸਮਾਚਾਰ ਦਰਜ ਹਨ। ਸੰਤੋਖ ਸਿੰਘ ਦੀ ਬੇਨਤੀ ਤੇ ਕਾਹਨ ਸਿੰਘ ਹੋਰਾਂ, ਇਹ ਪੁਸਤਕ ਉਸ ਨੂੰ ਵਰਤਣ ਲਈ ਦਿੱਤੀ ਕੁਝ ਦਿਨਾਂ ਲਈ। ਬਾਹੋਵਾਲ ਜੀ ਨੇ ਉਸ ਵਿੱਚੋਂ ਕੁਝ ਪ੍ਰਸੰਗਾਂ ਦਾ ਉਤਾਰਾ ਕਰ ਲਿਆ। ਇਸੇ ਕਰਕੇ ਉਹਨਾਂ ਲਈ ਗੁਰੂ ਬਾਲਕ ਸਿੰਘ ਜੀ ਬਾਰੇ ਕੁਝ ਲਿਖਣਾ ਸੰਭਵ ਹੋਇਆ। ਬਾਬਾ ਕਾਹਨ ਸਿੰਘ ਫਿਰ ਕੁਝ ਸਾਲਾਂ ਬਾਅਦ ਦੋਬਾਰਾ ਭੈਣੀ ਸਾਹਿਬ ਵੀ ਆਏ ਸਨ।

ਇਸ ਤਰ੍ਹਾਂ ਦੇ ਪ੍ਰਾਮਾਣੀਕ ਸਰੋਤਾਂ, ਸਮਕਾਲੀ ਟਿੱਪਣੀਆਂ ਦੇ ਆਧਾਰ ਤੇ ਕਹਿ ਸਕਦੇ ਹਾਂ ਕਿ ਬਾਹੋਵਾਲ ਜੀ ਨੇ ਇਤਿਹਾਸ ਦੇ ਮੁੱਢਲੇ ਸਰੋਤਾਂ ਨੂੰ ਵਰਤਕੇ, ਆਪਣੇ ਗ੍ਰੰਥ ਨੂੰ ਸੰਸਾ ਰਹਿਤ ਬਣਾ ਦਿੱਤਾ। ਭਾਈ ਨਾਨੂੰ ਸਿੰਘ ਤੋਂ ਬਿਨਾਂ ਰੰਗੂਨ, ਮਰਗੋਈ ਦੇ ਸਤਿਗੁਰੂ ਜੀ ਦੇ ਬੰਦੀ ਜੀਵਨ ਦੇ ਸਮਾਚਾਰ ਕੌਣ ਦੱਸ ਸਕਦਾ ਸੀ?

ਬਾਹੋਵਾਲ ਜੀ ਦੁਆਰਾ ਰਚਿਤ "ਸਤਿਗੁਰੂ ਬਿਲਾਸ" ਨਾਮਧਾਰੀ ਇਤਿਹਾਸ ਦਾ ਇਕ ਸੰਦਰਭ ਗ੍ਰੰਥ ਬਣ ਚੁੱਕਾ ਹੈ। ਆਪਣੇ ਰਚਨਾ ਕਾਲ 1906 ਈ. ਤੋਂ ਇੱਕ ਸਦੀ ਬਾਅਦ ਹੀ ਜਸਵਿੰਦਰ ਸਿੰਘ ਦੀ ਸੁਯੋਗ ਸੰਪਾਦਨਾ ਹੇਠ, ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਨਾਲ ਇਸ ਨੂੰ ਛਾਪੇ ਦਾ ਜਾਮਾ ਪਾਉਣਾ ਨਸੀਬ ਹੋਇਆ। ਇਹ ਨਾਮਧਾਰੀ ਭਾਈਚਾਰੇ ਦਾ ਸਮਾਜਿਕ, ਆਰਥਿਕ, ਰਾਜਨੀਤਿਕ, ਸਾਂਸਕ੍ਰਿਤਿਕ ਅਤੇ ਸਭਿਆਚਾਰਿਕ ਅਧਾਰ ਤੇ ਵਿਸ਼ਲੇਸ਼ਣ ਕਰਨ ਲਈ ਵੀ ਵਡਮੁੱਲਾ ਖ਼ਜ਼ਾਨਾ ਸਾਂਭੀ ਬੈਠਾ ਹੈ। ਉਨ੍ਹੀਵੀਂ ਸਦੀ ਦੇ ਪੰਜਾਬੀ ਜਨ ਜੀਵਨ ਦੀਆਂ ਝਲਕਾਂ ਵੀ ਇਸ ਵਿੱਚ ਮਿਲਦੀਆਂ ਹਨ। ਇਹ ਗ੍ਰੰਥ ਕੁਝ ਜਾਣਕਾਰੀਆਂ ਲਈ ਤਾਂ ਬੇਜੋੜ ਗ੍ਰੰਥ ਹੈ। ਇਸ ਦੀਆਂ ਇਹਨਾਂ ਵਿਸ਼ੇਸ਼ਤਾਵਾਂ ਦਾ ਜਸਵਿੰਦਰ ਸਿੰਘ ਇਸ ਦੀ ਭੂਮਿਕਾ ਵਿੱਚ ਸਟੀਕ ਵਰਣਨ ਕਰਦੇ ਹਨ। "ਫ਼ੌਜ ਦੀ ਨੌਕਰੀ ਅਤੇ ਸਤਿਗੁਰੂ ਹਰੀ ਸਿੰਘ ਜੀ ਦੇ ਸਮੇਂ ਦੀਆਂ ਜਾਣਕਾਰੀਆਂ ਦੀ ਕਿਸੇ ਵੀ ਹੋਰ ਪੁਸਤਕ ਨਾਲ ਪੜਚੋਲ ਨਹੀਂ ਹੋ ਸਕਦੀ ਕਿਉਂਕਿ ਹੋਰ ਕੋਈ ਸਰੋਤ ਹੈ ਹੀ ਨਹੀਂ। ਹਾਂ ਉਨੇ ਕੁ ਹਿੱਸੇ ਬਾਰੇ ਦੇਖਿਆ ਜਾ ਸਕਦਾ ਹੈ ਜਿਸ ਬਾਰੇ ਸਰਕਾਰੀ ਦਸਤਾਵੇਜ਼ਾਂ ਵਿੱਚ ਵੀ ਜ਼ਿਕਰ ਆਉਂਦਾ ਹੈ। 1863 ਈ. ਤੋਂ ਬਾਅਦ ਦੀਆਂ ਜਿਹੜੀਆਂ ਘਟਨਾਵਾਂ ਸੰਤ ਸੰਤੋਖ ਸਿੰਘ ਨੇ ਲੋਕਾਂ ਜਾਂ ਸਾਧਾਂ ਪਾਸੋਂ ਸੁਣ ਕੇ ਲਿਖੀਆਂ ਸਨ, ਉਹ ਤਾਂ ਬਹੁਤ ਹੱਦ ਤੱਕ ਦਸਤਾਵੇਜ਼ਾਂ ਵਿੱਚ ਵੀ ਇਨ-ਬਿਨ ਮਿਲਦੀਆਂ ਹਨ। ਇਹਨਾਂ ਵਿੱਚੋਂ ਪ੍ਰਮੁੱਖ ਹਨ 1867 ਈ. ਦਾ ਆਨੰਦਪੁਰ ਸਾਹਿਬ ਦਾ ਪਹਿਲਾ ਹੋਲਾ ਅਤੇ ਦਿਵਾਲੀ ਸ੍ਰੀ ਅੰਮ੍ਰਿਤਸਰ, ਥਰਾਜਵਾਲਾ ਘਟਨਾ (1869 ਈ.) ਬੁੱਚੜਾਂ ਵਿਰੁੱਧ ਕਾਰਵਾਈ, ਸ੍ਰੀ ਭੈਣੀ ਸਾਹਿਬ ਡੇਰੇ ਦੀ ਤਲਾਸ਼ੀ ਅਤੇ ਰੰਗੂਨ ਨਾਮਧਾਰੀ ਸਿੰਘਾਂ ਦੀ ਯਾਤਰਾ ਆਦਿ। ਸਰਕਾਰੀ ਰਿਕਾਰਡਾਂ ਵਿੱਚ ਅਤੇ 'ਸਤਿਗੁਰੂ ਬਿਲਾਸ' ਗ੍ਰੰਥ ਵਿੱਚ, ਇਹਨਾਂ ਘਟਨਾਵਾਂ ਬਾਰੇ ਜ਼ਿਕਰ ਲਗਭਗ ਇੱਕੋ ਜਿਹੇ ਹਨ ਕੇਵਲ ਪੇਸ਼ ਕਰਨ ਵਿੱਚ ਹੀ ਦੋਨਾਂ ਪੱਖਾਂ ਦਾ ਆਪਣਾ-ਆਪਣਾ ਢੰਗ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਘਟਨਾਵਾਂ ਲਿਖਵਾਉਣ ਵਾਲਿਆਂ ਨੇ ਵਿਵੇਕ ਬੁੱਧੀ ਨਾਲ ਅਤੇ ਠੀਕ ਹੀ ਜਾਣਕਾਰੀ ਲਿਖਵਾਈ ਸੀ।"

ਭਾਈ ਸੰਤੋਖ ਸਿੰਘ ਨੇ 1882 ਈ. ਤੋਂ 1909 ਈ. ਤੱਕ ਨਿਰੰਤਰ ਡੇਰਾ ਸ੍ਰੀ ਭੈਣੀ ਸਾਹਿਬ ਵਿੱਚ ਪੂਰੇ 27 ਸਾਲ ਬਿਤਾਏ। ਇਹ ਸਮੇਂ ਕੂਕਿਆਂ ਦੇ ਕਿਸੇ ਵੀ ਵਿਰੋਧੀ ਭਾਵੇਂ ਉਹ ਕੋਈ ਭੈਣੀ ਸਾਹਿਬ ਪਿੰਡ ਦਾ ਵਿਅਕਤੀ ਸੀ ਤੇ ਭਾਵੇਂ ਉਹ ਕੋਈ ਪੁਲਿਸ ਚੌਂਕੀ ਵਾਲੇ, ਉਹਨਾਂ ਕਿਸੇ ਦੀ ਵੀ ਝੇਪ ਨਹੀਂ ਮੰਨੀ। ਗੁਰੂ ਕੇ ਬਚਨ ਸਿਰੇ ਚੜ੍ਹਾਉਣ ਬਦਲੇ, ਉਹ ਪੁਲਿਸ ਚੌਂਕੀ ਦੇ ਖ਼ੂੰਖਾਰ ਮੁਲਾਜ਼ਮਾਂ ਨਾਲ ਭਿੜਨ ਲਈ ਵੀ ਸਦਾ ਤਿਆਰ-ਬਰ-ਤਿਆਰ ਰਹਿੰਦਾ ਸੀ। ਭਾਵੇਂ ਇਸ ਸੁਭਾਅ ਦੇ ਬਦਲੇ ਉਸਨੂੰ ਛੇ ਮਹੀਨੇ ਲੁਧਿਆਣੇ ਜਿਹਲ ਵਿੱਚ ਸਜ਼ਾ ਵੀ ਕੱਟਣੀ ਪਈ ਪਰ ਸਜ਼ਾ ਕੱਟਣ ਤੋਂ ਬਾਅਦ ਵੀ ਉਹ ਘਬਰਾਇਆ ਨਹੀਂ ਸਗੋਂ ਸਿੱਧਾ ਗੁਰਦੁਆਰੇ ਸ੍ਰੀ ਭੈਣੀ ਸਾਹਿਬ ਹੀ ਪੁੱਜਿਆ ਅਤੇ ਹੁਣ ਹੋਰ ਕੰਮਾਂ ਦੇ ਨਾਲ-ਨਾਲ ਉਸਨੇ ਗੁਰੂ ਦੀਆਂ ਸਾਖੀਆਂ ਲਿਖਣੀਆਂ ਵੀ ਆਰੰਭ ਕਰ ਦਿੱਤੀਆਂ। ਮਾਲੂਮ ਹੁੰਦਾ ਹੈ ਕਿ 1882 ਵਿੱਚ ਆਇਆ ਸੰਤੋਖ ਸਿੰਘ ਕਦੇ ਡੇਰੇ ਅੰਦਰ ਕੁਝ ਦਿਨ ਕੱਟ ਲੈਂਦਾ ਸੀ ਅਤੇ ਕਦੇ ਪੁਲਿਸ ਦਾ ਜੋਰ ਪੈਣ ਤੇ ਉਸ ਨੂੰ ਸੱਜੇ-ਖੱਬੇ ਵੀ ਸਮਾਂ ਲੰਘਾਉਣਾ ਪੈਂਦਾ ਸੀ। 1885 ਈ. ਵਿੱਚ ਉਸਨੇ ਛੇ ਮਹੀਨੇ ਕੈਦ ਕੱਟਣ ਬਾਅਦ ਫਿਰ ਡੇਰੇ

ਵਿੱਚ ਹੀ ਕਿਆਮ ਰੱਖਿਆ। ਕੈਦ ਹੋਣ ਦਾ ਪ੍ਰਸੰਗ ਭਾਈ ਸੰਤੋਖ ਸਿੰਘ ਦੇ ਆਪਣੇ ਸ਼ਬਦਾਂ ਵਿੱਚ ਅੰਕਿਤ ਹੈ:

"ਫੇਰ ਨੂਰਾ ਹੌਲਦਾਰ ਆਇਆ। ਬੜਾ ਬੇਈਮਾਨ। ਕਿਹਾ ਕਰੇ ਮੈਂ ਡੇਰੇ ਦੀਆਂ ਜੜਾਂ ਪੱਟ ਕੇ ਜਾਵਾਂਗਾ। ਗੁਰੂ ਜੀ ਕੇ ਸਾਹਮਣੇ ਦਾੜ੍ਹੀ ਉੱਤੇ ਹੱਥ ਫੇਰ ਕੇ ਆਖੇ-ਮੈਂ ਜੜਾਂ ਤੋਂ ਪੱਟ ਕੇ ਜਾਵਾਂਗਾ। ਗੁਰੂ ਜੀ ਬਚਨ ਕੀਤਾ- ਡੇਰਾ ਤਾਂ ਇਮੇਂ ਹੀ ਰਹੇਗਾ ਤੇਰੀ ਦਾਹੜੀ ਨਹੀਂ ਰਹੇਗੀ।

(ਬਿ.) 1942 ਸੰਤੋਖ ਸਿੰਘ (ਲਿਖਾਰੀ) ਦਰਸ਼ਨ ਨੂੰ ਆਇਆ। ਬਾਲਣ ਵਾਲੇ ਬਾੜੇ ਕੇ ਕੋਲ ਲਿਖਣ ਵਾਲੇ ਇਕੱਠੇ ਹੁੰਦੇ ਸੇ। ਤੁਰਕ ਏਕ ਸਿਪਾਹੀ ਲੈ ਕੇ ਆਇਆ। ਸੰਤੋਖ ਸਿੰਘ ਕੋ ਪੁਛਣੇ ਲੱਗਾ ਕਿ ਤੁਮ ਸ਼ਤਾਬੀ ਕਿਉਂ ਆਇਆ ਹੈ? ਕਹਾ ਕਿ ਪ੍ਰਸ਼ਾਦਾ ਲੈ ਕੇ ਚਲਿਆ ਜਾਮਾਂਗਾ। ਤੁਰਕ ਨੇ ਕਹਾ ਤੁਮ ਚਲੇ ਜਾਓ ਪ੍ਰਸ਼ਾਦਾ ਦੇਣ ਦਾ ਹੁਕਮ ਨਹੀਂ ਹੈ। ਮੈਂ ਕਿਹਾ ਕਿ ਗੁਰੂ ਕੇ ਦਰਵੱਜੇ ਸੇ ਭੁੱਖੇ ਨਹੀਂ ਜਾਵਾਂਗੇ। ਸਰਬ ਜਾਤਾਂ ਕੋ ਪ੍ਰਸ਼ਾਦਾ ਮਿਲਦਾ ਹੈ। ਤੁਰਕ ਨੇ ਗਾਲ ਕੱਢੀ ਤਾਂ ਸੰਤੋਖ ਸਿੰਘ ਨੇ ਕਹਾ ਕਿ ਗਾਲ ਕੱਢਣੇ ਕੀ ਕੀ ਰਾਹੁ ਹੈ। ਤੁਰਕ ਨੇ ਝੱਟ ਦਾਹੜੀ ਫੜੀ। ਉਸਕਾ ਤਾਂ ਹੱਥ ਬਿਚੇ ਹੀ ਰਿਹਾ ਸੰਤੋਖ ਸਿੰਘ ਦੋ ਵਾਰੀ ਖਿੱਚਕੇ ਉਸਦੀ ਦਾਹੜੀ ਖੋਹ ਸੁੱਟੀ। ਨਾਲ ਇੱਕ ਸਿਪਾਹੀ ਹੋਰ ਥਾਂ, ਦੋਹਾਂ ਕੀਆਂ ਗਰਦਨਾਂ ਕੋ ਹੱਥ ਪਾਇ ਕੇ ਫੜ ਲੀਏ। ਗੁਰੂ ਜੀ ਇਤਨਾ ਕੁ ਬਲ ਬਖਸ਼ਿਆ ਦੋਨੋਂ ਕੋ ਟਕਰਾਇਕੇ ਮਾਰਨ ਕਾ ਹੁਕਮ ਹੋਇਆ। ਕੋਲ ਬਾਬਾ ਦਰਬਾਰਾ ਸਿੰਘ ਸੀ। ਉਸਨੇ ਬਾਹਾਂ ਨੂੰ ਹੱਥ ਪਾਇਆ ਤਾਂ ਜੇਹੜਾ ਬਲ ਸੀ ਸਭ ਹਰ ਗਿਆ ਤਾਂ ਤੁਰਕ ਉਸਨੂੰ ਫੜ ਕੇ ਦਰਵੱਜੇ ਕੋਲ ਲੈ ਗਏ। ਹੱਥਕੜੀ ਲਾਇਕੇ ਸਾਹਨੇ (ਸਾਹਨੇਵਾਲ) ਭੇਜ ਦੀਆ ਠਾਣੇ ਮੇਂ। ਜੇਹੜੀ ਦਾਹੜੀ ਖੋਹੀ ਸੀ ਸਿਪਾਹੀ ਕੀ ਸੋਦਾਹੜੀ ਨਾਲ ਭੇਜੀ। ਫੇਰ ਲੁਧਿਆਣੇ ਮੇਂ ਭੇਜਿਆ। ਪੁਲਿਸ ਵਾਲੇ ਫਰੰਗੀ ਨੇ ਹੁਕਮ ਭੇਜਿਆ ਕਿ ਹਮ ਤਹਿਕੀਕਾਤ ਕਰੇਂਗੇ। ਫੇਰ ਰਾਮਦਾਸਪੁਰੇ ਲੈ ਆਏ।"

"ਹੌਲਦਾਰ ਨੇ ਇੱਕ ਪਾਸੇ ਦੀ ਦਾਹੜੀ ਉਸਤਰੇ ਨਾਲ ਸਾਫ ਕਰੀ। ਦੋ ਝੂਠੇ ਉਗਾਹ ਬਣਾਇ ਲੀਤੇ ਸੁੱਖੂ ਨਿੰਦਕ ਤੇ ਗੁਰਦਿਤਾ ਨਿੰਦਕ। (ਇਹ ਭੈਣੀ ਸਾਹਿਬ ਦੇ ਗੁਰੂ ਵਿਰੋਧੀ ਘੁਮੰਡੇ ਦਾ ਪੁੱਤਰ ਸੀ।) ਹਵਲਦਾਰ ਕੀ ਦਾਹੜੀ ਦੇਖੀ। ਨਿੰਦਕਾਂ ਨੇ ਕਿਹਾ ਕਿ ਸਾਡੇ ਸਾਹਮਣੇ ਪੱਟੀ ਹੈ ਦਾਹੜੀ। ਫ਼ਰੰਗੀ ਚਲਿਆ ਗਿਆ। ਸੰਤੋਖ ਸਿੰਘ ਕੋ ਲੁਧਿਆਣੇ ਲੈ ਗਏ। ਜਾਂ ਜ਼ਿਲ੍ਹੇ ਨੇ ਦੇਖਿਆ ਤਾਂ ਕਹਾ ਉਹੀ ਹੈ ਸੰਤੋਖ ਸਿੰਘ ਜੋ ਕਹਿਤਾ ਥਾ ਕਿ ਈਹਾਂ ਯੁੱਧ ਹੋਵੇਗਾ। ਜਹਾਰ ਪੁਛਨੇ ਲੱਗਾ। ਸੰਤੋਖ ਸਿੰਘ ਕਹਾ- ਮੇਰੀ ਦਾਹੜੀ ਹੌਲਦਾਰ ਨੇ ਪੱਟੀ ਹੈ। ਉਗਾਹ ਮੰਗੇ। ਬਾਬਾ ਦਰਬਾਰਾ ਸਿੰਘ (ਕਿਲ੍ਹਾ ਰਾਏਪੁਰ) ਨੇ ਕਿਹਾ ਕਿ ਹੌਲਦਾਰ ਨੇ ਦਾਹੜੀ ਪੱਟੀ ਹੈ ਸਿੰਘ ਕੀ। ਪੰਜਾਬ ਸਿੰਘ ਲੋਹਗੜੀਆ ਥਾ ਮੌਕੇ ਪਰ। ਮੁੱਕਰ ਗਿਆ ਕਿ ਮੈਨੂੰ ਕੁਝ ਖਵਰ ਨਹੀਂ ਹੈ, ਮੈਂ ਬਿਚ ਨਹੀਂ ਥਾ। ਤੁਰਕ ਕੇ ਝੂਠੇ ਉਗਾਹ ਭੀ ਵਿਚ ਥੇ। ਤਿਨਾਂ ਨੇ ਕਿਹਾ ਕਿ ਹੌਲਦਾਰ ਦੀ ਦਾਹੜੀ ਪੱਟੀ ਹੈ। ਛੇ ਮਹੀਨੇ ਕੀ ਕੈਦ ਕੀਤੀ ਸੰਤੋਖ ਸਿੰਘ ਕੋ। ਹੁਕਮ ਦੇਣੈ ਕੇ ਬਾਦ ਏਕ ਪੱਥਰ ਸੀ ਛੋਟਾ ਜਿਹਾ ਉਪਰ ਸੇ ਡਿਗਿਆ। ਸੰਤੋਖ ਸਿੰਘ ਨੇ ਕਹਾ- ਦੇਖੋ ਤੁਮਨੇ ਅਦਾਲਤ ਨਈਂ ਕੀਤੀ ਤਾਂ ਅਜ਼ਗੈਬ ਦਾ ਗੋਲਾ ਡਿੱਗਿਆ ਹੈ ਆਕਾਸ ਸੇ। ਗੋਲੇ ਕੋ ਦੇਖ ਕਰ ਸਭ ਸੁੰਨ ਹੋ ਗਏ।"

ਛੇ ਮਹੀਨੇ ਕੀ ਕੈਦ ਭੁਗਤ ਕੇ ਸੰਤੋਖ ਸਿੰਘ ਫੇਰ ਰਾਮਦਾਸਪੁਰ ਆਇਕੇ ਗਊਂ ਭੈਸਾਂ ਘੋੜਿਆਂ ਕਾ ਝਾੜੂ ਕਰਨੇ ਲੱਗਾ, ਨਾਲੇ ਪੁੱਛ-ਪੁੱਛ ਕੇ ਸਾਖੀਆਂ ਲਿਖਣੇ ਲੱਗਾ ਬਾਰ੍ਹਮੇ ਗੁਰੂ ਕੀਆਂ।"

ਦਰਅਸਲ ਭਾਈ ਪੰਜਾਬ ਸਿੰਘ ਵੀ ਡੇਰੇ ਵਿੱਚ ਰਹਿਣ ਦਾ ਖਾਹਿਸ਼ਮੰਦ ਸੀ। ਬਾਹੋਵਾਲ ਅਨੁਸਾਰ "ਲੋਹਗੜੀਆ ਜੇਹੜਾ ਮੁੱਕਰ ਗਿਆ ਸੀ ਉਸ ਨੂੰ ਫ਼ਰੰਗੀ ਨੇ ਕਿਹਾ ਸੀ ਕਿ ਤੂੰ ਉਗਾਹੀ ਨਾਂ ਦੇ ਤਾਂ ਤੁਮਕੋ ਅੰਦਰ ਕਰ ਦੇਵਾਂਗੇ।(ਡੇਰੇ ਦੇ) ਜਿਸ ਦਿਨ ਸੰਤੋਖ ਸਿੰਘ ਕੈਦ ਹੋਇਆ ਸੀ, ਉਸ ਦਿਨ ਦੇ ਲੋਹਗੜੀਏ ਬਾੜੇ ਡੇਰੇ ਮੈਂ ਬਟਨ ਨੇ।" ਇਸੇ ਲੋਹਗੜ੍ਹ ਦੀ ਮਾਈ ਕਰਮ ਕੌਰ ਮੁਖਬਰਨੀ ਪਹਿਲਾਂ ਤੋਂ ਹੀ ਡੇਰੇ ਵਿੱਚ ਰਹਿ ਰਹੀ ਸੀ। ਪੁਲਿਸ ਕਪਤਾਨ ਬਾਰਬਟਨ ਵੱਧ ਰਹੇ ਰੂਸ ਕੂਕਾਂ ਸੰਬੰਧਾਂ ਦੀ ਆਹਟ ਤੋਂ ਘਬਰਾਇਆ ਹੋਇਆ, ਅਜਿਹੇ ਨਾਜ਼ੁਕ ਸਮੇਂ ਵਿੱਚ ਕੁਝ ਕਮਜ਼ੋਰ ਦਲੀਲ ਵਾਲੇ ਵਿਅਕਤੀਆਂ ਨੂੰ ਕੂਕਿਆਂ ਦੇ ਅੰਦਰੂਨੀ ਭੇਦ ਉਸ ਤੱਕ ਪੁਚਾਉਣ ਲਈ ਵਰਤਣਾ ਚਾਹੁੰਦਾ ਸੀ। ਸੰਤੋਖ ਸਿੰਘ ਇਹਨਾਂ ਘਟਨਾਵਾਂ ਤੇ ਬੜੀ ਪੈਨੀ ਦ੍ਰਿਸ਼ਟੀ ਰੱਖ ਰਹੇ ਸਨ।

ਜਨਵਰੀ 1883 ਈ. ਵਿੱਚ ਭੈਣੀ ਸਾਹਿਬ ਪੁਲਿਸ ਚੌਂਕੀ ਦਾ ਇੱਕ ਹੰਕਾਰੀ ਅਤੇ ਜ਼ਾਲਮ ਸਿਪਾਹੀ ਗੇਂਦਾ, ਖਾੜਕੂ ਕੂਕੇ, ਸੰਤ ਭਗਵਾਨ ਸਿੰਘ ਦੇ ਹੱਥੋਂ ਸੋਧਿਆ ਗਿਆ ਸੀ। ਉਸ ਕਤਲ ਤੋਂ ਬਾਅਦ ਪੁਲਿਸ ਵਿੱਚ ਅਫਰਾ-ਤਫਰੀ ਮੱਚ ਗਈ। ਗੁਰੂ ਹਰੀ ਸਿੰਘ ਜੀ ਸਮੇਤ ਸਭ ਸਿੰਘਾਂ ਨੂੰ ਜੋ ਡੇਰੇ ਵਿੱਚ ਰਹਿਣ ਵਾਲੇ ਸਨ, ਡੇਰੇ ਦੇ ਅੰਦਰ ਕਰਕੇ ਬਾਹਰੋਂ ਦਰਵਾਜੇ ਬੰਦ ਕਰ ਦਿੱਤੇ, ਤਬੇਲੇ ਵਿੱਚ ਡੱਕ ਦਿੱਤੇ ਸਨ। ਉਸ ਸਮੇਂ ਭਾਈ ਸੰਤੋਖ ਸਿੰਘ ਤੱਖਰਾਂ, ਭੈਣੀ ਸਾਹਿਬ ਦੇ ਗੁਆਂਢੀ ਪਿੰਡ ਦੀ ਜੂਹ ਵਿੱਚ ਦਿਨ ਕਟੀ ਕਰਦੇ ਸਨ। ਇਸ ਗੇਂਦਾ ਬੱਧ ਵਾਲੇ ਸਾਕੇ ਦੀ ਮਾਰ ਵਿੱਚ ਇੱਕ ਵੇਰ ਉਹ ਵੀ ਆਏ ਪਰ ਫਿਰ ਬਚਾਅ ਹੋ ਗਿਆ ਕਿਉਂਕਿ ਖ਼ੂਨ ਭੈਣੀ ਸਾਹਿਬ ਦੀ ਜੂਹ ਤੋਂ ਬਾਹਰ ਹੋਇਆ ਸੀ। "ਚੁਫੇਰੇ ਖਬਰਾਂ ਹੋਈਆਂ ਕਿ ਕੂਕਿਆਂ ਨੇ ਸਿਪਾਹੀ ਬੱਢ ਦਿੱਤਾ ਹੈ। ਨੰਬਰਦਾਰਾਂ ਨੂੰ ਤੇ ਚੌਂਕੀਦਾਰਾਂ ਨੂੰ ਇਹ ਹੁਕਮ ਹੋਇਆ ਕਿ ਜਿੱਥੇ ਕੂਕਾ ਮਿਲੇ ਉਸ ਕੇ ਫੜ ਕੇ ਲੈ ਆਵਣ। ਸੰਤੋਖ ਸਿੰਘ (ਲੇਖਕ) ਕੋ ਤੱਖਰਾਂ ਕਾ ਚੌਂਕੀਦਾਰ ਫੜ ਕੇ ਲੈ ਗਿਆ। ਤਬੇਲੇ ਮੇਂ ਇਕੱਠੇ ਕੀਤੇ ਸਭ ਸਿੰਘ ਜੋ ਆਏ। ਸਿੰਘਾਂ ਕੋ ਭੀ ਭੈ ਪੈ ਗਿਆ ਕਿ ਖਬਰੇ ਕੀ ਹੋਵੇਗੀ।"

ਇਹ ਉਹ ਸਮਾਂ ਸੀ ਜਦੋਂ ਕੁਹਾੜੇ ਦੇ ਪੜਾਅ ਤੇ ਤੋਪਾਂ ਵੀ ਪੁਲਿਸ ਕਪਤਾਨ ਬਾਰਬਟਨ ਨੇ ਮੰਗਵਾ ਕੇ, ਸਾਰਾ ਡੇਰਾ ਭੈਣੀ ਸਾਹਿਬ ਸਿੰਘਾਂ ਸਮੇਤ ਉਡਾ ਦੇਣ ਦੀ ਯੋਜਨਾ ਬਣਾਈ ਸੀ, ਉਹ ਵੀ ਡਿਪਟੀ ਕਮਿਸ਼ਨਰ ਕਾਵਨ ਜਿਉਂ ਕੂਕਿਆਂ ਦੇ ਖ਼ੂਨ ਦਾ ਪਿਆਸਾ ਸੀ। ਪ੍ਰੰਤੂ ਕਮਿਸ਼ਨਰ ਨੇ ਉਸਦੀ ਪੇਸ਼ ਨਾ ਜਾਣ ਦਿੱਤੀ। ਕਿਉਂਕਿ ਸਾਡਾ ਇਤਿਹਾਸਕਾਰ, ਇਹਨਾਂ ਭਿਆਨਕ ਸਮਿਆਂ ਦਾ ਪ੍ਰਤੱਖ ਦਰਸ਼ੀ ਹੈ, ਇਸ ਲਈ ਉਹ ਆਪਣੇ ਇਤਿਹਾਸ ਨਾਲ ਪੂਰਾ ਨਿਆਂ ਕਰਕੇ ਸਮੁੱਚੇ ਘਟਨਾਕ੍ਰਮ ਦਾ ਸਟੀਕ ਵੇਰਵਾ ਪੇਸ਼ ਕਰ ਸਕਿਆ ਹੈ।

ਭਾਈ ਸੰਤੋਖ ਸਿੰਘ ਦੇ ਕਾਰਨਾਮੇ ਸਾਡੇ ਇਤਿਹਾਸ ਦਾ ਮਾਣ ਹਨ। ਉਸ ਨੂੰ ਵਿਵੇਕਸ਼ੀਲ ਅਤੇ ਸ਼ਰਧਾਵਾਨ ਸਿੱਖ ਜਾਣ ਕੇ, ਗੁਰੂ ਹਰੀ ਸਿੰਘ ਜੀ ਨੇ ਕੂਕਾਂ ਅੰਦੋਲਨ ਦਾ ਇੱਕ ਨਵਾਂ

ਪੈਂਤੜਾ ਉਲੀਕਦਿਆਂ, ਸੰਤੋਖ ਸਿੰਘ ਨੂੰ ਅੰਮ੍ਰਿਤਸਰ, ਲਾਹੌਰ, ਲੁਧਿਆਣੇ ਆਦਿਕ ਸ਼ਹਿਰਾਂ ਵਿੱਚ ਜਾ ਕੇ ਦਿਨੇ ਮਸ਼ਾਲ ਬਾਲਣ ਦਾ ਹੁਕਮ ਦਿੱਤਾ ਤਾਂ ਕਿ ਕੂਕਿਆਂ ਨੂੰ ਇਨਸਾਫ਼ ਨਾ ਮਿਲਣ ਦੀ ਦੁਹਾਈ, ਹਾਕਮਾਂ ਦੀਆਂ ਅਦਾਲਤਾਂ ਵਿੱਚ ਅਤੇ ਹੋਰ ਜਨਤਕ ਥਾਵਾਂ ਤੇ ਪੁਚਾਈ ਜਾਵੇ। ਸੰਤੋਖ ਸਿੰਘ ਆਪਣੇ ਇਸ ਮੰਤਵ ਵਿੱਚ ਪੂਰਾ ਸਫ਼ਲ ਹੋਇਆ। ਸਾਡੀ ਖੁਸ਼ਕਿਸਮਤੀ ਨੂੰ ਉਹ ਇਸ ਵੱਡੀ ਘਟਨਾ ਨੂੰ ਆਪਣੇ ਲਿਖੇ ਸਤਿਗੁਰੂ ਬਿਲਾਸ ਵਿੱਚ ਸੰਭਾਲ ਗਏ ਹਨ।

"ਉਸੀ ਸਾਲ (1883 ਈ.) ਮੈਂ ਸੰਤੋਖ ਸਿੰਘ (ਲੇਖਕ) ਕੋ ਗੁਰੂ ਹਰੀ ਸਿੰਘ ਜੀ ਬਚਨ ਕੀਤਾ ਕਿ ਤੂੰ ਲਾਹੌਰ ਵਿੱਚ ਕਮਿਸ਼ਨਰ ਦੀ ਕਚਹਿਰੀ ਮੇਂ ਜਾਇਕੇ ਦਿਨ ਕੋ ਮਸ਼ਾਲ ਬਾਲੀਂ। ਜੇ ਪੁੱਛਣ ਕਿਉਂ ਬਾਲੀ ਹੈ ਮਸ਼ਾਲ ਤਾਂ ਕੈਹਣਾ ਧੁਆਡੀ ਅਦਾਲਤ ਨਹੀਂ ਰਹੀ ਹੈ। ਬੇ-ਅਦਾਲਤੀਆਂ ਕਰਦੇ ਹੋ। ਅਨੇਰ ਪੈ ਗਿਆ ਹੈ। ਹੋਰ ਤਾਂ ਰਾਤ ਕੇ ਅੰਨ੍ਹੇ ਹੁੰਦੇ ਹੈਂ ਤੁਸੀਂ ਦਿਨ ਕੇ ਅੰਨ੍ਹੇ ਹੋ। ਜੇ ਪੁੱਛਣ ਕਿਉਂ ਤਾਂ ਤੂੰ ਕਹੀ ਕਿ ਸਤਿਗੁਰੂ ਰਾਮ ਸਿੰਘ ਜੀ ਕੋ ਬੇ-ਗੁਨਾਹ ਫੜ ਕੇ ਲੈ ਗਏ ਹੋ। ਫੇਰ ਕਿਸੇ ਨੂੰ ਮਿਲਣ ਨਹੀਂ ਦੇਂਦੇ ਹੋ। ਦਿਨ ਦੇ ਅੰਨ੍ਹੇ ਸਮਝ ਕੇ ਤਾਂ ਮਸ਼ਾਲ ਬਾਲੀ ਹੈ ਕਿ ਚਾਨਣ ਹੋ ਜਾਏ।"

"ਸੰਤੋਖ ਸਿੰਘ ਲਾਹੌਰ ਮੇਂ ਗਿਆ। ਬਾਬੇ ਦੇਵਾ ਸਿੰਘ ਦੇ ਕਾਰਖਾਨੇ ਉੱਤਰ ਗਿਆ ਅਨਾਰਕਲੀ ਮੇਂ। ਦੁਪਹਿਰ ਢਲੀ ਸੇ ਚਾਦਰ ਪਾੜ ਕੇ ਮਸ਼ਾਲ ਬੱਧੀ ਕੌਲੀ ਮੈਂ ਤੇਲ ਪਾਇਕੇ। ਕਮਿਸ਼ਨਰ ਕੀ ਕਚਹਿਰੀ ਮੇਂ ਜਾਇਕੇ ਮਸ਼ਾਲ ਬਾਲ ਲਈ। ਉਤਾਂਹ ਜਾਇ ਕਰੀ।"

"ਇੱਕ ਫ਼ਰੰਗੀ ਬੱਘੀ ਪਰ ਚੜ੍ਹਿਆ ਔਂਦਾ ਸੀ। ਬੱਘੀ ਛੱਡ ਕੇ ਜੰਗਲਾ ਟੱਪਕੇ ਕੋਠੀ ਮੇਂ ਜਾਇ ਰਿਹਾ। ਸੰਤੋਖ ਸਿੰਘ ਭੀ ਕਚਹਿਰੀ ਦੇ ਅੱਗੇ ਜਾਇ ਖੜਾ ਹੋਇਆ। ਮਸ਼ਾਲ ਬਲ ਰਹੀ ਹੈ। ਸਭ ਕਚਹਿਰੀ ਬਾਹਰ ਨਿਕਲ ਆਈ। ਪੁਛਣੇ ਲਗਾ ਤੁਮਨੇ ਕਿਉਂ ਮਸ਼ਾਲ ਬਾਲੀ ਹੈ? ਕਹਾ ਕਿ ਤੁਸੀਂ ਅਦਾਲਤ ਨਹੀਂ ਕਰਦੇ ਹੋ। ਦਿਨ ਨੂੰ ਅੰਧੇਰ ਪੈ ਗਿਆ ਹੈ। ਅੰਨ੍ਹਿਆਂ ਨੂੰ ਚਾਨਣ ਕੀਤਾ ਹੈ। ਹੋਰ ਤਾਂ ਰਾਤ ਕੋ ਅੰਨ੍ਹੇ ਹੈਂ ਅਦਾਲਤੀ ਦਿਨ ਕੇ ਅੰਨ੍ਹੇ ਹੈਂ। ਉਹਨਾਂ ਨੇ ਪੁੱਛਿਆ ਕਿਉਂ ਅੰਨ੍ਹੇ ਹੈਂ? ਕਹਾ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਕੋ ਫੜ ਕੇ ਲੈ ਗਏ ਹੈਂ। ਕੀ ਗੁਨਾਹ ਕੀਤਾ ਸੀ? ਜਿਨਾਂ ਸਿੰਘਾਂ ਨੇ ਹਮਲਾ ਕੀਤਾ ਸੀ ਸੋ ਉਡਾਇ ਦੀਏ ਥੇ। ਸਤਿਗੁਰੂ ਜੀ ਬੇਗੁਨਾਹਿਆਂ ਕੋ ਫੜ ਕੇ ਲੈ ਗਏ ਹੈਂ। ਫੇਰ ਹੋਰ ਏਤਨੀਆਂ ਅਰਜੀਆਂ ਦਿੱਤੀਆਂ ਹੈਂ ਕੋਈ ਉੱਤਰ ਨਹੀਂ ਦਿੰਦੇ ਕਿ ਕਿੱਥੇ ਹੈਨ। ਨਾ ਦੀਦਾਰ ਕਰਨ ਦਿੰਦੇ ਹੋ ਨਾ ਚਿੱਠੀ ਭੇਜਣ ਦਿੰਦੇ ਹੋ। ਸਤਿਗੁਰੂ ਜੀ ਕੋ ਤੇ ਸੂਬਿਆਂ ਕੋ ਕੇਹੜੀ ਅਦਾਲਤ ਨਾਲ ਫੜ ਕੇ ਲੈ ਗਏ ਹੋ ਇਸ ਬਾਰਤਾ ਦਾ ਉਤਰ ਦਿਓ? ਇਸ ਵਾਸਤੇ ਅੰਨ੍ਹੇ ਅਦਾਲਤੀਆਂ ਕੋ ਚਾਨਣ ਕੀਤਾ ਹੈ। ਅਦਾਲਤ ਨਹੀਂ ਰਹੀ ਹੈ ਅੰਧੇਰ ਪੈ ਗਿਆ ਹੈ ਦਿਨ ਕੋ। ਕਚਿਹਰੀ ਵਾਲੇ ਕਹਿਣ ਲੱਗੇ ਕਮਿਸ਼ਨਰ ਸ਼ਿਮਲੇ ਗਿਆ ਹੋਇਆ ਹੈ। ਜਬ ਉਹ ਆਵੇਗਾ ਤਬ ਤੁਮਨੇ ਆਣਾ। ਲਾਹੌਰੀ ਦਰਵੱਜੇ ਸੇ ਪੈ ਕੇ ਕੁਤਵਾਲੀ ਦੇ ਕੋਲੋਂ ਦੀ ਦਿੱਲੀ ਦਰਵੱਜੇ ਕੋਲੋਂ ਹੋਇਕੇ ਸਾਰੇ ਸ਼ਹਿਰ ਮੇਂ ਫਿਰਿਆ। ਜੇੜਾ ਪੁਛੇ ਕਿਉਂ ਮਸ਼ਾਲ ਬਾਲੀ ਹੈ, ਕਹਿਣਾ ਅਦਾਲਤੀਆਂ ਨੇ ਅਨ੍ਹੇਰ ਪਾਇਆ ਹੈ, ਤਿਨਾਂ ਕੋ ਚਾਨਣ ਕੀਤਾ ਹੈ। ਸ਼ਾਹ ਆਲਮੀ ਦਰਵੱਜੇ ਸੇ ਨਿਕਲ ਕੇ ਬਾਬਾ ਦੇਵਾ ਸਿੰਘ ਦੇ ਕਾਰਖਾਨੇ ਤੇ ਆਇ ਧਰੀ।

“ਫੇਰ ਗੁਰੂ ਕੇ ਬਾਗ ਮੇਂ ਜੋ ਅਖੰਡ ਪਾਠ ਧਰੇ ਹੋਏ ਸੇ ਸੋ ਵੀ ਪੂਰੇ ਹੋਏ। ਅਕੋਤ੍ਰ ਸੌ ਪਾਠ ਦਾ ਜਿਸ ਦਿਨ ਭੋਗ ਪੈਣਾ ਸੀ। ਉਸ ਦਿਨ ਦੁਪਹਿਰ ਨੂੰ ਮਸ਼ਾਲ ਬਾਲੀ। (ਇੰਜ 101 ਅਖੰਡ ਪਾਠ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿਤ ਨਾਮਧਾਰੀ ਸੰਗਤ ਨੇ ਕਰਵਾਏ ਸਨ ਅੰਮ੍ਰਿਤਸਰ ਜ਼ਿਲ੍ਹੇ ਦੇ ਨੇੜੇ-ਤੇੜੇ ਦੇ ਪਿੰਡਾਂ ਆਦਿ ਨੇ।)

ਫੇਰ ਅੰਮ੍ਰਿਤਸਰ ਜਾ ਮਸ਼ਾਲ ਬਾਲੀ ਦਰਬਾਰ (ਸਾਹਿਬ) ਮੈਂ। ਸਾਰਿਆਂ ਕੋ (ਪੁਜਾਰੀਆਂ ਨੂੰ) ਹੁਕਮ ਸੁਣਾਇਆ ਕਿ ਤਕੜੇ ਹੋਵੋ। ਜੇਹੜੀ ਤੁਸੀਂ ਕਰਦੇ ਹੋ ਏਸ ਕਰਤੂਤ ਦਾ ਧੁਆਨੂੰ ਹੁਣ ਪਤਾ ਲੱਗੇਗਾ, ਸਮਾਂ ਪੁੱਜ ਗਿਆ ਹੈ।”

“ਫੇਰ ਲੁਧਿਆਣੇ ਆਇਕੇ ਮਸ਼ਾਲ ਬੱਧੀ। ਬਾਲਣੇ ਕੋ ਤੇਲ ਭੀ ਲਿਆ ਜਾਂ ਕਚਿਹਰੀ ਜਾਇਕੇ ਬਾਲਣੇ ਲਗਾ ਤਾਂ ਠਾਕਰੀਏ ਮੁਖਬਰ ਨੇ ਫੜਾਇ ਦੀਆ ਕਿ ਯੇ ਹੈ ਜਿਸਨੇ ਲਾਹੌਰ ਅੰਮ੍ਰਿਤਸਰ ਮਸ਼ਾਲ ਬਾਲੀ ਹੈ। ਸਿਪਾਹੀ ਕੁਤਵਾਲੀ ਲੈ ਗਏ, ਨਜ਼ਰਬੰਦ ਰੱਖਿਆ। ਤੀਏ ਦਿਨ ਬਟਨ (ਬਾਰਬਟਨ) ਆਇਆ। ਦੇਖਕੇ ਹੁਕਮ ਦੇ ਗਿਆ ਕਿ ਕਚਹਿਰੀ ਲੈ ਆਵੋ। ਇਸਕੋ। ਤਾਂ ਅਗਲੇ ਦਿਨ ਸਿਪਾਹੀ ਕਚਹਿਰੀ ਲੈ ਗਿਆ। ਬਟਨ ਨੇ ਪੁੱਛਿਆ ਕਿ ਚਾਲ੍ਹੀਏ ਕਾ ਬਿਆਨ (ਸੰਬਤ 1940 ਬਿ.) ਜੋ ਸਾਖੀਆਂ ਮੇਂ ਲਿਖਿਆ ਹੈ ਸੋ ਕਹੁ।(ਗੁਰੂ ਜੀ ਨੇ ਤਾਂ ਬਡਾ ਦੁੰਦ ਲਿਖਿਆ ਹੈ ਅਗਲਿਆਂ ਬਰਸਾਂ ਚਾਲੀਆਂ ਤਾਈਂ” ਹੁਕਮਨਾਮੇ ਸਤਿਗੁਰੂ ਰਾਮ ਸਿੰਘ, ਪੰਨਾ 159) ਕਹਾ ਕਿ ਜੇਕਰ ਤੁਹਾਨੂੰ ਦੱਸਿਆ ਤਾਂ ਤੁਸੀਂ ਕੈਦ ਕਰ ਦਿਉਗੇ। ਬਟਨ ਨੇ ਕਿਹਾ ਕੈਦ ਨਹੀਂ ਕਰਦੇ ਹੈਂ ਤੂੰ ਦੱਸ। ਸੰਤੋਖ ਸਿੰਘ ਨੇ ਕਹਾ ਰੂਸ ਆਵੇਗਾ। ‘ਜਦੋਂ ਰੂਸ ਪੰਜਾਬੈ ਆਵੇ। ਦੁਨੀਆਂ ਮਰੇ ਅੰਨ ਕੇ ਹਾਵੇ’ ਸੋ ਰੂਸ ਆਵੇਗਾ। ਬਟਨ ਨੇ ਕਹਾ ਤੁਮ ਗੁਰੂ ਹਰੀ ਸਿੰਘ ਕਿਉਂ ਕਹਿੰਦੇ ਹੋ, ਉਸਕਾ ਨਾਮ ਤਾਂ ਬੁੱਧ ਸਿੰਘ ਹੈ। ਸੰਤੋਖ ਸਿੰਘ ਕਹਾ ਕਿ ਬ੍ਰਿਛ ਕਾ ਬੂਟਾ ਸੁੱਕੇ ਤਾਂ ਪਾਣੀ ਪਾਇ ਤੇ ਹਰਾ ਹੋਇ ਜਾਂਦਾ ਹੈ। ਇਸੀ ਤਰ੍ਹਾਂ ਸਤਿਗੁਰੂ ਰਾਮ ਸਿੰਘ ਜੀ ਕੇ ਜਾਣੇ ਸੇ ਸੰਗਤ ਸੁਕ ਗਈ ਸੀ। ਇਸ ਮੂਰਤੀ ਦਾ ਦਰਸ਼ਨ ਕਰਕੇ ਦਿਲ ਹਰਾ ਹੁੰਦਾ ਹੈ। ਸ੍ਰੀ ਸਤਿਗੁਰੂ ਜੀ ਕਾ ਹੁਕਮ ਹੈ ਇਸ ਕਾ ਨਾਮ ਹਰੀ ਸਿੰਘ ਹੈ, ਮੇਰਾ ਰੂਪ ਕਰਕੇ ਜਾਨਣਾ। ਇਸੇ ਕਰਕੇ ਗੁਰੂ ਹਰੀ ਸਿੰਘ ਜੀ ਕਹਿੰਦੇ ਹੈ ਸਿੰਘ।

“ਫ਼ਰੰਗੀ ਨੇ ਕਹਾ ਕਿ ਡੇਰੇ ਕਾ ਕਿਆ ਚਾਲ-ਚਲਣ ਹੈ। ਸੰਤੋਖ ਸਿੰਘ ਕਹਾ ਅੱਠ ਪਹਿਰ ਸਾਨੂੰ ਰਹਿਣ ਦੇਂਦੇ ਹੈਂ ਫੇਰ ਕੱਢ ਦੇਂਦੇ ਹੈਂ। ਹੋਰ ਸਾਨੂੰ ਕੁਝ ਖਵਰ ਨਹੀਂ। ਮੁਨਸ਼ੀ ਲਿਖੀ ਗਿਆ ਸਾਰੇ ਬੋਲੇ।

ਫੇਰ ਬਟਨ ਕਹਿਣੇ ਲਗਾ ਹਮਾਰੇ ਭੀ ਇਕ ਸੰਤ ਹੈ। ਉਸ ਕਾ ਦਰਸ਼ਨ ਕਰੋ। ਨਾਲ ਉਸ ਨੇ ਮੁਨਸ਼ੀ ਭੇਜਿਆ ਬੰਗ ਫੀਲ ਕੋਲ। ਜਾਂ ਉਸ ਨੇਤਰ ਉਤਾਂਹ ਕੀਤੇ ਤਾਂ ਸੰਤੋਖ ਸਿੰਘ ਨੇ ਨੇਤਰ ਮਿਲਾਏ ਤਾਂ ਉਸਨੂੰ ਗੁਰੂ ਜੀ ਐਸਾ ਭੈ ਦਿਖਾਇਆ ਕਹਿਣੇ ਲੱਗਾ ਨੇਤਰ ਹੇਠਾਂ ਕਰ ਲਵੋ। ਤੁਮ ਐਸੇ ਝਾਕਦੇ ਹੋ ਜੈਸੇ ਗਊ ਕੋ ਕਸਾਈ ਝਾਕਦਾ ਹੈ। ਸੰਤੋਖ ਸਿੰਘ ਨੇ ਨੇਤਰ ਹੇਠਾਂ ਕਰ ਲਏ। ਮੁਨਸ਼ੀ ਨੇ ਸਾਰਾ ਲਿਖਿਆ ਸੁਣਾਇਆ। ਸੁਣ ਕੇ ਫ਼ਰੰਗੀ ਬੋਲਿਆ ਕਿ ਤੁਮ ਹਮਾਰੇ ਮੁਦਈ ਹੋ, ਤੁਮਨੇ ਕੋਟਲੇ ਵਿੱਚ ਕਤਲ ਕੀਤੇ ਹੈਂ। ਤੁਮਾਰਾ ਵੱਸ ਨਹੀਂ ਚਲਦਾ ਹੈ ਨਹੀਂ ਤੇ ਤੁਮ

ਹਮਾਰੇ ਮਾਰਨੇ ਮੇਂ ਭੀ ਫਰਕ ਨਹੀਂ ਕਰਦੇ। ਤੁਮ ਕੈਦ ਕੀ ਲਾਇਕ ਹੋ। ਤੁਮ ਸਰਕਾਰ ਕੇ ਸਾਮ੍ਹਣੇ ਬੋਲਤੇ ਹੋ, ਲੋਕਾਂ ਕੋ ਭੀ ਏਹੀ ਬੋਲਤੇ ਹੋਵੋਗੇ। ਸੰਤੋਖ ਸਿੰਘ ਕਹਾ ਕਿ ਮੈਂ ਕਿਸੇ ਨੂੰ ਕੁਝ ਨਹੀਂ ਬੋਲਦਾ। ਤੁਮਨੇ ਤੀਨ ਫੇਰੀ ਕਹਾ ਹੈ ਤਾਂ ਮੈਂ ਬੋਲੇ ਦੱਸੇ ਹੈਂ। ਅਸੀਂ ਕਾਹਨੂੰ ਕਿਸੇ ਨੂੰ ਕੁਝ ਕਹਿੰਦੇ ਹੈਂ। ਫਿਰ ਰੁਖਸਦ ਕਰ ਦੀਆ। ਰਾਮਦਾਸਪੁਰੇ ਸਾਹਿਬ ਆਇਆ। ਗੁਰੂ ਜੀ ਕੇ ਹਜ਼ੂਰ ਸਾਰੇ ਬਚਨ ਕਹਿ ਸੁਣਾਏ। ਸੁਣ ਕੇ ਸਾਰੇ ਪ੍ਰਸੰਨ ਹੋਏ ਕਿ ਚੰਗੇ ਬੋਲੇ ਕੀਤੇ ਹੈਂ।"

ਸੰਤੋਖ ਸਿੰਘ ਦਾ ਬਿੰਬ ਅਤਿਸਾਹਸੀ, ਹਿੰਮਤੀ, ਦ੍ਰਿੜ-ਵਿਸ਼ਵਾਸੀ ਅਤੇ ਆਪਣੇ ਗੁਰੂ ਦੇ ਹੁਕਮ ਤੇ ਸਭ ਕੁਝ ਘੋਲ ਘੁਮਾਉਣ ਵਾਲੇ ਨਾਮਧਾਰੀ ਸਿੱਖ ਦਾ ਹੈ। ਉਹ ਮੁਸੀਬਤਾਂ ਨੂੰ ਆਵਾਜ਼ਾਂ ਮਾਰਦਾ ਹੈ। ਉਹ ਖਤਰਿਆਂ ਤੋਂ ਮੋੜ ਕੱਟਣ ਦੀ ਬਜਾਏ ਉਹਨਾਂ ਨੂੰ ਸਿੱਧਾ ਹੋ ਕੇ ਟੱਕਰਦਾ ਹੈ। ਭਾਵੇਂ ਲਾਹੌਰ ਕਮਿਸ਼ਨਰ ਦਫ਼ਤਰ ਦੇ ਅਧਿਕਾਰੀ ਹੋਣ, ਭਾਵੇਂ ਜਾਬਰ ਪੁਲਿਸ ਕਪਤਾਨ ਬਾਰਬਟਨ ਜਾਂ ਫਿਰ ਅੰਮ੍ਰਿਤਸਰ ਗੁਰਧਾਮਾਂ ਦੇ ਸਰਕਾਰੀ ਚਾਟੜੇ ਪੁਜਾਰੀ ਜਾਂ ਇਸਾਈ ਪਾਦਰੀ 'ਬੰਗ ਫੀਲ', ਸੰਤੋਖ ਸਿੰਘ ਕਿਸੇ ਅੱਗੇ ਵੀ ਝੇਪ ਨਹੀਂ ਮੰਨਦਾ। ਉਹ ਹਰ ਗੱਲ ਦਾ ਸਟੀਕ ਉਤਰ ਦਿੰਦਾ ਹੈ। ਆਪਣੇ ਨੁਕਤੇ ਨੂੰ ਸਪੱਸ਼ਟ ਕਰਨ ਵਿੱਚ ਉਸ ਨੂੰ ਕੋਈ ਦਿੱਕਤ ਨਹੀਂ ਆਉਂਦੀ। ਉਹ ਬੋਲ ਤੋਲ ਦਾ ਪੂਰਾ ਅਤੇ ਆਪਣੀ ਸਾਫ਼-ਸ਼ਫਾਫ ਤੱਕਣੀ ਨਾਲ ਹੀ ਵਿਰੋਧੀ ਨੂੰ ਨਿਵਾ ਲੈਣ ਦੇ ਹੁਨਰ ਵਿੱਚ ਮਾਹਿਰ ਹੈ। ਦਰਅਸਲ ਉਹ ਇੱਕ ਕ੍ਰਿਆਸ਼ੀਲ ਬੁੱਧੀਜੀਵੀ ਹੈ ਜਿਹੜਾ 19ਵੀਂ ਸਦੀ ਅਤੇ ਮਗਰਲੇ ਵਕਤ ਦੀ ਲੋਕ ਲਹਿਰ, ਕੂਕਾ ਲਹਿਰ ਦੀ ਕੁਠਾਲੀ ਵਿੱਚ ਪੈ ਕੇ ਕੁੰਦਨ ਹੋ ਗਿਆ ਹੈ। ਮਨ, ਬਚ, ਕਰਮ ਦੀ ਏਕਤਾ ਵਾਲੇ ਐਸੇ ਸਾਹਿਤਕਾਰ ਹੀ ਸਤਿਗੁਰੂ ਬਿਲਾਸ ਜਿਹਾ ਉੱਤਮ ਸ਼ਾਹਕਾਰ ਰਚ ਸਕਦੇ ਹਨ।

1892 ਈ. ਵਿੱਚ ਪ੍ਰਦੇਸ਼ ਗਵਨ ਸਾਕੇ ਤੋਂ 20 ਸਾਲ ਬਾਅਦ ਗੁਰੂ ਹਰੀ ਸਿੰਘ ਜੀ ਨੂੰ ਅੰਮ੍ਰਿਤਸਰ ਜ਼ਿਲ੍ਹੇ ਅਤੇ ਗੁਰਧਾਮਾਂ ਦੀ ਪਹਿਲੀ ਯਾਤਰਾ ਕਰਨ ਦੀ ਸਰਕਾਰ ਤੋਂ ਮਨਜ਼ੂਰੀ ਮਿਲੀ। ਇਸ ਦੌਰੇ ਵਿੱਚ ਆਪਣੇ ਇਤਿਹਾਸਕਾਰ ਨੂੰ ਵੀ ਉਹ ਨਾਲ ਲੈ ਗਏ। ਵੈਸੇ ਛੁੱਟੀ ਕੁੱਲ ਪੰਦਰਾਂ ਦਿਨਾਂ ਦੀ ਸੀ। ਇਸੇ ਦੌਰੇ ਦਾ ਬਹੁਤ ਸੁੰਦਰ ਵਰਣਨ ਆਪ ਨੇ ਅੰਕਿਤ ਕੀਤਾ ਹੈ।

1893 ਈ. ਦੀ ਮਾਘੀ ਦੇ ਸਮੇਂ ਗੁਰੂ ਹਰੀ ਸਿੰਘ ਜੀ ਨੇ ਜ਼ਿਲ੍ਹਾ ਫਿਰੋਜ਼ਪੁਰ ਦਾ ਦੌਰਾ ਕੀਤਾ ਸੀ। ਸਰਕਾਰ ਨੇ ਨੀਤੀ ਨੂੰ ਵਿਚਾਰਦਿਆਂ ਕਿ ਵੱਡੇ ਇਕੱਠ ਵਿੱਚ ਸ਼ਾਮਿਲ ਨਾ ਹੋਣ ਮਾਘੀ ਲੰਘਣ ਬਾਅਦ ਛੁੱਟੀ ਦਿੱਤੀ। ਇਸ ਦੌਰੇ ਵਿੱਚ ਵੀ ਭਾਈ ਜੀ ਨਾਲ ਸਨ।

"ਚਰਨ ਪੌਂਦੇ ਬਿਰਕੀਂ ਆਏ। ਆਸਾ ਦੀ ਵਾਰ ਲੱਗੀ। ਸੰਤੋਖ ਸਿੰਘ ਨੇ ਹਵਨ ਕੀਤਾ, ਬਾਜੇ (ਬਾਜਾਖਾਨਾ) ਮੇਂ ਆਇਕੇ ਇੱਕ ਆਨੰਦ ਪੜ੍ਹਿਆ ਭੋਗ ਪਿਆ। ਅੱਗੇ ਗੁਮਟੀ ਆਏ, ਪਿਪਲ ਹੇਠਾਂ ਬੈਠੇ ਹੈਂ। ਸੰਤੋਖ ਸਿੰਘ ਕੋ ਗੁਰੂ ਜੀ ਕਾ ਹੁਕਮ ਸੀ ਪ੍ਰਸ਼ਾਦੇ ਲੋਹ ਉੱਤੇ ਪੌਣੇ। ਕਵੀਸ਼ਰ (ਸੰਤੋਖ ਸਿੰਘ) ਕੋ ਤਪ ਰਸਤੇ ਵਿਚ ਹੀ ਚੜਿਆ। ਗੁਰੂ ਜੀ ਪਾਸ ਅਰਜ ਕੀਤੀ ਜੀ ਮੈਨੂੰ ਤਪ ਹੋਇ ਗਿਆ ਹੈ। ਗੁਰੂ ਜੀ ਛੰਨਾ ਦਹੀਂ ਕਾ ਲੈ ਕੇ ਇਸ਼ਨਾਨ ਕੀਤਾ। ਸੰਤੋਖ ਸਿੰਘ ਭੀ ਦਹੀਂ ਛਕਿਆ। ਤਤਕਾਲ ਤਪ ਉਤਰ ਗਿਆ। ਇਸ਼ਨਾਨ ਕਰਕੇ ਪ੍ਰਸ਼ਾਦੇ ਬਨੌਣ ਲੱਗਾ।

ਇਸ ਦੌਰੇ ਦੇ ਪ੍ਰਸੰਗ ਵਿੱਚ ਹੀ ਸਾਨੂੰ ਭਾਈ ਸੰਤੋਖ ਸਿੰਘ ਹੋਰਾਂ ਦੀ ਦਿਨਚਰਿਆ ਦਾ

ਗਿਆਨ, ਉਹਨਾਂ ਦੀ ਲਿਖਤ ਦੁਆਰਾ ਹੀ ਪ੍ਰਾਪਤ ਹੁੰਦਾ ਹੈ। "ਚੰਡੀ ਦੀ ਵਾਰ, ਉਗ੍ਰਦੰਤੀ, ਛੋਟਾ ਚਲਿਤਰ (ਚੰਡੀ ਚਰਿਤ੍ਰ ਛੋਟਾ) ਚੌਪਾਈ, ਜਪੁ-ਜਾਪੁ ਰਹਿਰਾਸ, ਆਰਤੀ ਸੋਹਿਲਾ, ਸਵੈਯੇ ਅੰਮ੍ਰਿਤ ਦੇ ਏਤਨੀ ਬਾਣੀ ਨਿਤਨੇਮ ਦੀ ਕੰਠ ਹੈ ਇਸ ਕਵੀਸ਼ਰ ਕੋ। ਰੋਜ਼ ਪੜ੍ਹਦਾ ਹੈ। ਸੂਰਜ ਦੀਆਂ ਰਿਸ਼ਮਾਂ ਦੇ ਨਾਲ ਚੰਡੀ ਦੀ ਵਾਰ ਦਾ ਨਿਤ ਪਾਠ ਕਰਦਾ ਹੈ। ਕਾਰ ਮੇਰੀ ਏਹੁ ਹੈ ਗੁਰੂ ਜੀ ਕੇ ਬਚਨ ਲਿਖ-ਲਿਖ ਧਰਦਾ ਹਾਂ। ਗੁਰੂ ਸਾਧ-ਸੰਗਤ ਤੇ ਡਰਦਾ ਹਾਂ।"

ਮਾਘੀ 1894 ਈ. ਆਸ ਪਾਸ ਇੱਕ ਨਾਮਧਾਰੀ ਸਿੰਘ, ਭਾਈ ਪ੍ਰੇਮ ਸਿੰਘ, ਆਪਣੇ ਘਰੋਂ ਗੁੰਮ ਹੋ ਗਿਆ। ਲਾਸ਼ ਮਿਲ ਗਈ। ਗੁਰੂ ਹਰੀ ਸਿੰਘ ਜੀ ਦੇ ਹੁਕਮ ਤੇ ਕਿ ਕੋਈ ਸਿੰਘ ਮੁਕਤਸਰ ਜਾ ਕੇ ਦੀਵਾਨ ਵਿੱਚ ਸਾਡੀ ਅਰਦਾਸ ਸੁਣਾਵੇ। ਸੰਤੋਖ ਸਿੰਘ ਓਥੇ ਗਿਆ ਤੇ ਅਰਦਾਸ ਮੁਕਤਸਰ ਦੇ ਦੀਵਾਨ ਵਿੱਚ ਸੁਣਾਈ। "ਮੁਕਤਸਰੀਆਂ ਕੇ ਇਲਾਕੇ ਵਿੱਚ ਖ਼ੂਨ ਹੋਇਆ ਹੈ। ਜਿੰਨਾ ਚਿਰ ਸੱਚ ਨਾ ਦੱਸਣ ਉਨ੍ਹਾਂ ਚਿਰ ਮੁਕਤਸਰੀਆਂ ਦਾ ਅੰਨ ਪਾਣੀ ਨਹੀਂ ਛਕਣਾ ਜੋ ਗੁਰੂ ਰਾਮ ਸਿੰਘ ਜੀ ਦਾ ਸਿੰਘ ਹੈ ਸੱਚ ਦੱਸੇ ਕਿ ਕਿਸ ਤਰ੍ਹਾਂ ਮਾਰਿਆ ਹੈ ਪ੍ਰੇਮ ਸਿੰਘ ਕਿਸਨੇ ਮਾਰਿਆ ਹੈ। ਜਦੋਂ ਕੋਈ ਨਾ ਉੱਠਿਆ ਤਾਂ ਸੰਤੋਖ ਸਿੰਘ ਨੇ ਕਿਹਾ ਜੀ ਮੈਂ ਲਿਆਵਾਂਗਾ ਪਤਾ। ਹੁਕਮ ਪਾ ਕੇ ਸੰਤੋਖ ਸਿੰਘ ਨੇ ਮੁਕਤਸਰ ਦੀਵਾਨ ਵਿੱਚ ਗੁਰੂ ਜੀ ਵਾਲੀ ਅਰਦਾਸ ਸੁਣਾ ਦਿੱਤੀ। ਸੰਤੋਖ ਸਿੰਘ ਨੂੰ ਕਾਹਨ ਸਿੰਘ ਵਾੜਿਆਂ ਵਾਲੇ ਧਿਆਨ ਸਿੰਘ ਨੇ ਕਿਹਾ ਕਿ ਪ੍ਰੇਮ ਸਿੰਘ ਨੂੰ ਤਿੰਨ ਸਿੰਘ ਸੱਦਕੇ ਘਰੋਂ ਲੈ ਗਏ ਕਿ ਮਾਈ ਅਤਰੀ ਸੱਦਦੀ ਹੈ। ਫਿਰ ਮੁੜ ਕੇ ਪ੍ਰੇਮ ਸਿੰਘ ਘਰਨਾ ਆਇਆ। ਇਹ ਸੁਣ ਕੇ ਸਿੰਘਾਂ ਦੀ ਸ਼ਰਧਾ ਅਤਰੀ ਤੇ ਘਟ ਗਈ ਕਿ "ਮਾਂ ਕਾਸ ਦੀ ਹੋਈ, ਜੋ ਖ਼ੂਨ ਕਰਾਉਂਦੀ ਹੈ, ਡੈਣ ਹੈ।" ਗੁਰੂ ਹੁਕਮ ਵਜਾਉਣ ਲਈ ਭਾਈ ਸੰਤੋਖ ਸਿੰਘ ਕਤਲ ਦੀ ਤਫਤੀਸ਼ ਜਿਹੇ ਮਾਮਲੇ ਵਿੱਚ ਵੀ ਸਿਰ ਜਾ ਅੜਾਉਂਦਾ ਸੀ।

1895 ਈ. ਦੀ ਮਾਘੀ ਦੇ ਮੇਲੇ ਤੇ ਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਵਿੱਚ 322 ਪਾਠਾਂ ਦੇ ਭੋਗ, ਮੁਕਤਸਰ ਨਾਮਧਾਰੀ ਗੁਰਦੁਆਰੇ ਵਿਖੇ ਪਾਏ ਗਏ। ਇਹਨਾਂ ਪਾਠਾਂ ਵਿੱਚ ਵੀ ਬਾਹੋਵਾਲ ਜੀ ਸ਼ਾਮਲ ਸਨ। 1896-97 ਈ. ਦੇ ਸਾਲਾਂ ਵਿੱਚ ਹਿੰਦੁਸਤਾਨ ਵਿੱਚ ਪਲੇਗ ਦੀ ਬਿਮਾਰੀ ਫੈਲੀ ਸੀ ਜੋ 1911 ਈ. ਤੱਕ ਰਹੀ। ਗੁਰੂ ਕੇ ਸਿੰਘਾਂ ਦਾ ਬਚਾਅ ਰਿਹਾ। ਗੁੜ ਖੁੜੀ ਵਿੱਚ ਭਾਈ ਰਾਗਾ ਸਿੰਘ ਹਜ਼ੂਰੀ ਸੇਵਕ ਦੇ ਭਰਾ ਰਹਿੰਦੇ ਸਨ। ਰਾਗਾ ਸਿੰਘ ਰਾਹੀਂ ਉਹਨਾਂ ਵੀ ਬਿਮਾਰੀ ਤੋਂ ਡਰਦਿਆਂ ਪਾਠਾਂ ਦੇ ਭੋਗ ਪੁਆਉਣ ਦੀ ਗੁਰੂ ਹਰੀ ਸਿੰਘ ਜੀ ਨੂੰ ਅਰਦਾਸ ਬੇਨਤੀ ਆ ਕੀਤੀ। "ਸੰਤੋਖ ਸਿੰਘ ਪਾਠੀ ਭੇਜਿਆ ਜਾਂ ਪਾਠ ਤੋਰਿਆ ਤਾਂ ਜਿਹੜੇ ਬਿਮਾਰ ਸੋ ਰਾਜੀ ਹੋਇ ਗਏ ਕਹਿਣ ਧੰਨ ਗੁਰੂ ਜੀ ਹੈਨ। ਸੋ ਕਈਆਂ ਨੇ ਭਜਨ ਲੈ ਲਿਆ ਬਿਮਾਰੀ ਥੀਂ ਡਰਦਿਆਂ। ਪਿੰਡ-ਪਿੰਡ ਪਾਠ ਹੁੰਦੇ ਹੈਂ ਮੌਤ ਥੀਂ ਡਰਦਿਆਂ। ਡਾਕਟਰ ਕਹਿੰਦੇ ਹਨ ਕਿ ਇਸ ਬਿਮਾਰੀ ਦੀ ਕੋਈ ਦੁਆਈ ਨਹੀਂ ਹੈ।"

ਭਾਈ ਸੰਤੋਖ ਸਿੰਘ ਨੂੰ 1899-1900 ਈ. ਤੱਕ ਜਦੋਂ ਵੀ ਪੁਲਿਸ ਚੌਂਕੀ ਦੇ ਮੁਲਾਜ਼ਮਾਂ ਨੂੰ ਛਕਣ-ਛਕਾਉਣ ਲਈ ਗੱਫੇ ਨਾ ਮਿਲਦੇ ਡੇਰੇ ਵਿੱਚੋਂ ਕੱਢ ਦੇਂਦੇ ਸਨ। ਇੱਕ ਦਿਨ ਕੜਾਹ ਪ੍ਰਸ਼ਾਦ ਨਾ ਮਿਲਣ ਤੇ "ਹੌਲਦਾਰ ਨੇ ਸੰਤੋਖ ਸਿੰਘ ਨੂੰ ਨਿਕਾਲ ਦੀਆ। ਬਾਹਰ ਗੋਹਾ-ਕੂੜਾ ਕਰਦਾ ਸੀ। ਗੁਰੂ ਜੀ ਪਾਸ ਅਰਜ਼ ਕੀਤੀ ਕਿ ਤੁਰਕ ਨੇ ਕੱਢ ਦਿੱਤਾ ਹੈ ਸੰਤੋਖ ਸਿੰਘ। ਗੁਰੂ ਜੀ

ਬਚਨ ਕੀਤਾ ਹਲਕੇ ਕੁੱਤੇ ਵਾਂਗੂੰ ਇਹਨਾਂ ਨੂੰ ਲਹਿਰ ਉੱਠ ਪੈਂਦੀ ਹੈ। ਇਤਨੇ ਨਹੀਂ ਸਮਝਦੇ ਕਿ ਹਿੰਦੂ-ਮੁਸਲਮਾਨ ਕੋ ਪ੍ਰਸ਼ਾਦਾ ਮਿਲਦਾ ਹੈ। ਪੁੰਨ ਦੀ ਜਗ੍ਹਾ ਹੈ। ਕਿਸੇ ਕੋ ਦੁੱਖ ਨਹੀਂ ਦੇਂਦੇ ਹੈਂ।"

ਡੇਰੇ ਵਿੱਚ ਰਹਿ ਕੇ ਸੇਵਾ ਕਰਨੀ, ਦੁਪਹਿਰੇ ਇਸ਼ਨਾਨ ਪਾਣੀ ਤੋਂ ਵਿਹਲੇ ਹੋ ਕੇ, ਗੁਰ ਇਤਿਹਾਸ ਲਿਖਣਾ। ਪਿਛਲੇ ਪਹਿਰ ਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਵਿੱਚ ਆਪਣੇ ਲਿਖੇ ਪ੍ਰਸੰਗਾਂ ਦੀ ਕਥਾ ਕਰਨੀ। ਵਿੱਚ-ਵਿੱਚ ਗੁਰੂ ਜੀ ਜਾਂ ਹੋਰ ਸਿੱਖਾਂ ਦੁਆਰਾ ਦੱਸੇ ਦਰੁਸਤੀ ਦੇ ਸੁਝਾਅ ਨੋਟ ਕਰਕੇ ਰਚਨਾ ਨੂੰ ਫਿਰ ਸੋਧ ਕੇ ਲਿਖਣਾ। ਏਡੀ ਵੱਡੀ ਸੇਵਾ ਕਰਨ ਵਾਲੇ ਭਾਈ ਸੰਤੋਖ ਸਿੰਘ ਦੀਆਂ ਮੁਸੀਬਤਾਂ ਮੁੱਕਣ ਵਿੱਚ ਨਹੀਂ ਆਉਂਦੀਆਂ। ਹੁਣ ਉਸ ਦੀ ਬਿਰਧ ਵਰੇਸ ਹੈ ਫਿਰ ਵੀ ਪਿੰਡ ਦੇ ਕੂਕਿਆਂ ਦੇ ਵਿਰੋਧੀਆਂ ਦੀ ਕਰੋਪੀ ਦਾ ਉਹ ਇਸ ਲਈ ਵੀ ਸ਼ਿਕਾਰ ਬਣਦਾ ਹੈ ਕਿ ਉਹ ਕੂਕਿਆਂ ਦੇ ਪ੍ਰਸੰਗ, ਸਾਖੀਆਂ, ਇਤਿਹਾਸ ਕਿਉਂ ਲਿਖ ਰਿਹਾ ਹੈ? ਹੱਡੀਂ ਹੰਡਾਈਆਂ ਇਹਨਾਂ ਮੁਸੀਬਤਾਂ ਦਾ ਚਿਤਰਨ, ਸੰਤੋਖ ਸਿੰਘ ਆਪਣੀ ਰਚਨਾ ਵਿੱਚ ਬਾਖ਼ੂਬੀ ਕਰ ਰਹੇ ਹਨ।

"ਏਕ ਦਿਨ ਲਿਖਾਰੀ (ਸੰਤੋਖ ਸਿੰਘ) ਨੇ ਮੁੰਡਿਆਂ ਕੋ ਕਿਹਾ ਕਿ ਮੇਰੇ ਘਰ ਦੇ ਦਰਵੱਜੇ ਅੱਗੇ ਗੁੱਲੀ ਡੰਡਾ ਨਾ ਖੇਡੋ ਹੋਰ ਥਾਂ ਤੇ ਖੇਡੋ। ਇਤਨਾ ਕਹਿਣ ਵਿੱਚ ਇੱਕ ਮੁੰਡਾ ਸੀ ਉਸ ਨੇ ਕਿਹਾ ਤੈਨੂੰ ਸੂਲ ਹੁੰਦਾ ਹੈ? ਮੁੰਡੇ ਏਵੇਂ ਹੀ ਖੇਡਣਗੇ। ਮਾਵਾਂ-ਭੈਣਾਂ ਦੀਆਂ ਗਾਲਾਂ ਕੱਢੀਆਂ। ਦਾੜ੍ਹੀ ਪੱਟਣ ਨੂੰ ਆਵੇ। ਕਹੇ ਕਿ ਇਸ ਕੋੜ੍ਹੀ ਨੂੰ ਇੱਥੇ ਰਹਿਣ ਨਹੀਂ ਦੇਣਾ ਹੈ। ਹੱਲੇ ਕਰ-ਕਰ ਆਵੇ। ਪੇਸ਼ਨਾ ਕੋਈ ਗਈ, ਮਾਰਨ ਮੈਂ ਅਰ ਦਾਹੜੀ ਖੋਹਣ ਮੈਂ ਕਸਰ ਕੋਈ ਨਹੀਂ ਰੱਖੀ। ਲਿਖਾਰੀ ਨੇ ਹੀ ਸਮਾਈ ਰੱਖੀ ਕਿ ਦਾੜ੍ਹੀ ਪੁੱਟੇਗਾ। ਦੋ ਜਣੇ ਹੈਨ। ਇਹਨਾਂ ਨੂੰ ਤਾਂ ਮਾਇਆ ਦਾ ਹੰਕਾਰ ਹੈ, ਅਸੀਂ ਕਾਹਦਾ ਹੰਕਾਰ ਕਰਨਾ ਹੈ। ਸੰਤਾਂ ਕੀ ਖਿਮਾ ਹੈ।

"ਏਕ ਜਨਾਨੀ ਦੇ ਲੜਕੇ ਨੂੰ ਜੋ ਗੁੱਲੀ ਡੰਡਾ ਖੇਡਦਾ ਸੀ ਔਖੇ ਹੋ ਕੇ ਸੰਤੋਖ ਸਿੰਘ ਨੇ ਕਲਮ ਮਾਰੀ। ਮੁੰਡੇ ਦੀ ਮਾਈ ਜੱਟੀ ਲਿਖਾਰੀ ਨੂੰ ਕਹਿਣ ਲੱਗੀ ਤੈਂ ਮੇਰੇ ਮੁੰਡੇ ਦੇ ਛਟੀ ਮਾਰੀ ਹੈ। ਜੇਕਰ ਤੂੰ ਓਸ ਵਕਤ ਮੈਨੂੰ ਮਿਲਦੋਂ ਤਾਂ ਮੈਂ ਤੈਨੂੰ ਚੀਰ ਸੁੱਟਦੀ। ਤੂੰ ਮਿਲਿਆ ਨਾ। ਲਾਲ ਲਾਖੀ ਹੋਈ ਹੋਈ ਨੇ ਕਈ ਵਾਧੇ ਦੀਆਂ ਗੱਲਾਂ ਕੀਤੀਆਂ। ਕਿਸੇ ਦੇਸ਼ ਦੇ ਕੀਰ ਲੋਕ ਆਣ ਇਕੱਠੇ ਹੋਏ ਹੈਂ। ਤੇਰੇ ਵਰਗੇ ਕਈ ਆਇਕੇ ਚਲੇ ਗਏ। ਲਿਖਾਰੀ ਨੇ ਕਿਹਾ ਤੂੰ ਆਪਣਾ ਭਲਾ ਮੰਗ।

ਲਿਖਾਰੀ ਅਕਾਲ ਬੁੰਗੇ ਮੈਂ ਰਹਿੰਦਾ ਸੀ। ਇੱਕ ਜੱਟ ਗਊ ਬੰਨ ਆਇਆ ਬੂਹੇ ਅੱਗੇ। ਸਾਰਾ ਦਿਨ ਰੰਭਦੀ ਰਹੀ ਭੁੱਖੀ ਤਿਹਾਈ। ਉਸੇ ਜੱਟ ਦਾ ਖੇਤ ਸੀ ਲਿਖਾਰੀ ਨੇ ਲੰਮਾ ਰੱਸਾ ਪਾਇਕੇ ਬੰਨ ਦਿੱਤੀ ਕਿ ਹੋਰ ਕੇ ਖੇਤ ਮੇਂ ਨਾ ਜਾਇ ਬੜੇ। ਜਿਮੀਂਦਾਰ ਆਇਆ। ਰੱਸਾ ਲਾਹ ਕੇ ਕਹਿਣ ਲੱਗਾ ਖਾਹ ਖਸਮਾਂ ਨੂੰ। ਜਿਉਂ ਲੱਗਾ ਹੈ ਗਾਲਾਂ ਕੱਢਣ ਗੁਰੂ ਜੀ ਕੇ ਪਾਸ ਆਇ ਕਹਿਆ ਸੰਤੋਖ ਸਿੰਘ ਨੇ ਗਊ ਖੇਤ ਮੈਂ ਛੱਡੀ ਹੈ। ਗਾਲਾਂ ਕੱਢਦਾ ਹੀ ਆਇਆ ਸੀ, ਕੱਢਦਾ ਹੀ ਮੁੜ ਗਿਆ।"

ਸੰਤੋਖ ਸਿੰਘ ਹੋਰਾਂ ਦੀਆਂ ਮੁਸੀਬਤਾਂ ਨਾ ਸਿਰਫ਼ ਮਨੁੱਖ ਕਿਰਤ ਸਨ ਸਗੋਂ ਕੁਦਰਤ ਵੀ

ਕਈ ਵੇਰ ਉਹਨਾਂ ਦੀ ਵਿਰੁੱਧ ਭੁਗਤਦੀ ਸੀ। ਉਹ ਦਮੇਂ, ਸਾਹ-ਖੰਘ ਦੀ ਤਕਲੀਫ ਤੋਂ ਵੀ ਪੀੜਿਤ ਸਨ। ਆਦਮੀ ਦੀ ਹਿੰਮਤ ਨੂੰ ਦਾਦ ਦੇਣੀ ਬਣਦੀ ਹੈ ਕਿ ਇਤਨੀਆਂ ਵਿਪਰੀਤ ਪ੍ਰਸਥਿਤੀਆਂ ਵਿੱਚ ਰਹਿੰਦਿਆਂ ਹੋਇਆਂ ਜਿੱਥੇ ਪਲ-ਪਲ ਮਨੁੱਖ ਦਾ ਚੈਨ, ਮਾਨਸਿਕ ਤਵਾਜ਼ਨ, ਡਾਵਾਂ ਡੋਲ ਕਰਨ ਦੇ ਅਨੇਕ ਕਾਰਨ ਹੋਣ, ਫਿਰ ਵੀ ਸਾਬਤ ਕਦਮ ਰਹਿ ਕੇ ਆਪਣੇ ਮਿੱਥੇ ਕੰਮ ਨੂੰ ਸਿਰੇ ਚਾੜ੍ਹਨਾ, ਹਾਰੀ-ਸਾਰੀ ਦੇ ਵੱਸ ਦੀ ਗੱਲ ਨਹੀਂ। ਉੱਤੋਂ ਬਿਪਤਾ ਇਹ ਵੀ ਬਣ ਗਈ ਕਿ 1897 ਈ. ਵਿੱਚ ਉਹਨਾਂ ਦੀ ਕੁਟੀਆ ਨੂੰ ਅੱਗ ਲੱਗ ਗਈ। "ਸੰਤੋਖ ਸਿੰਘ ਕੀ ਛਪਰੀ ਵਧੀ ਹੋਈ ਸੀ ਨਵੇਂ ਤਬੇਲੇ ਮੇਂ ਉਸ ਕੇ ਅਗਨੀ ਲੱਗੀ। ਲੋਕ ਸਭ ਆਏ। ਪਾਣੀ ਲਿਆਂਵਦਿਆਂ ਨੂੰ ਸਭ ਕੁਝ ਸੜ ਬਲ ਗਿਆ। ਸੰਤੋਖ ਸਿੰਘ ਨੂੰ ਇਹ ਚਿੰਤਾ ਕਿ ਗ੍ਰੰਥ ਬਣਾਇਆ ਸੀ, ਜੇਕਰ ਜਲ ਗਿਆ ਤਾਂ ਬੜੀ ਮੁਸ਼ਕਿਲ ਹੈ। ਬੜੇ ਯਤਨ ਸੇ ਬਚਨ ਇਕੱਠੇ ਕੀਤੇ ਸੇ, ਸਤਿਗੁਰੂ ਜੀ ਕੇ ਪੁਰਾਣੇ ਸਿੰਘਾਂ ਥੀਂ ਪੁੱਛ ਕੇ ਲਿਖੇ ਸੇ ਬਚਨ। ਪਾਣੀ ਪਾ ਕੇ ਅਗਨ ਬੁਝਾਈ। ਸੰਤੋਖ ਸਿੰਘ ਨੇ ਪਹਿਲੇ ਉਹ ਜਗ੍ਹਾ ਦੇਖੀ ਜਿੱਥੇ ਗ੍ਰੰਥ ਸੀ। ਹੇਠੋਂ ਗ੍ਰੰਥ ਨਿਕਲ ਆਇਆ। ਹਾਸ਼ੀਆ ਜਲ ਗਿਆ। ਅੱਖਰ ਇੱਕ ਨਹੀਂ ਜਲਿਆ। ਸੰਤੋਖ ਸਿੰਘ ਨੇ ਗ੍ਰੰਥ ਗੁਰੂ ਜੀ ਕੇ ਸਾਹਮਣੇ ਜਾਇ ਧਰਿਆ। ਗੁਰੂ ਜੀ ਬਚਨ ਕੀਤਾ ਭਾਈ ਇਹ ਸਤਿਗੁਰਾਂ ਦੇ ਬਚਨ ਹੈਨ, ਜਿਹੜੇ ਅਗਨੀ ਵਿੱਚ ਬਚ ਰਹੇ ਹਨ।"

ਜਿਸ ਸਮੇਂ ਉਪਰੋਕਤ ਘਟਨਾ ਵਾਪਰੀ ਛਪਰੀ ਜਲਣ ਦੀ ਸਤਿਗੁਰੂ ਪ੍ਰਤਾਪ ਸਿੰਘ ਜੀ ਸੱਤ-ਅੱਠ ਸਾਲ ਦੀ ਬਾਲ ਅਵਸਥਾ ਵਿੱਚ ਸਨ। ਆਪ ਦੇ ਨੇਤਰਾਂ ਸਾਹਮਣੇ ਇਹ ਕਾਂਡ ਵਾਪਰਿਆ। ਉਹ ਵੀ ਆਪਣੇ ਪਵਿੱਤਰ ਉਪਦੇਸ਼ ਵਿੱਚ ਇਸਦਾ ਵਰਨਨ ਕਰਦੇ ਹਨ-

"ਮੈਨੂੰ ਇਹ ਚੰਗੀ ਤਰ੍ਹਾਂ ਪਤਾ ਹੈ ਜਿਹੜਾ ਗ੍ਰੰਥ ਸਤਿਗੁਰਾਂ ਵਾਲਾ ਭਾਈ ਸੰਤੋਖ ਸਿੰਘ ਨੇ ਲਿਖਿਆ- ਸਤਿਗੁਰੂ ਰਾਮ ਸਿੰਘ ਦਾ ਮੇਰੇ ਸਾਹਮਣੇ ਦੀ ਇਹ ਗੱਲ ਹੈ, ਮੈਨੂੰ ਹੋਸ਼ ਹੈ ਚੰਗੀ ਤਰ੍ਹਾਂ। ਉਹਨਾਂ ਨੇ ਇੱਕ ਝੁੱਗੀ ਪਾਈ ਹੋਈ ਸੀ ਜਿਹੜਾ ਪਿਛਲਾ ਤਬੇਲਾ ਹੈ ਉਹਦੇ ਵਿੱਚ। ਜਿੱਥੇ ਹੁਣ ਖੂਹੀ ਲੱਗੀ ਹੈ, ਇਥੇ ਅੱਗ ਲੱਗ ਗਈ। ਰੁੱਤ ਗਰਮੀ ਦੀ ਹੈ, ਗੁਰੂ ਹਰੀ ਸਿੰਘ ਜੀ ਆਏ, ਤਬੇਲੇ ਉੱਤੇ ਚੜ੍ਹ ਕੇ ਦੇਖ ਰਹੇ ਹਨ- ਅੱਗ ਲੱਗੀ ਨੂੰ, ਝੁੱਗੀ ਸੜ ਗਈ। ਸੰਤੋਖ ਸਿੰਘ ਪਿਟਦਾ ਹੈ "ਮੇਰੀ ਕਰੀ ਕਰਾਈ ਖੂਹ ਵਿੱਚ ਪੈ ਗਈ।" ਝੁੱਗੀ ਸੜ ਜਾਂਦੀ ਹੈ ਉਹ ਪੀਲਾ ਦਸਤਾਰਾ ਸਜਾ ਲੈਂਦਾ ਸੀ- ਸੰਤੋਖ ਸਿੰਘ ਹੁਰੀ, ਕਿਉਂਕਿ ਨਾਮਧਾਰੀਆਂ ਵਿੱਚ ਪੀਲੇ ਦਸਤਾਰ ਦੀ ਕੋਈ ਮਨਾਹੀ ਨਹੀਂ ਹੈ। ਇਸ ਤਰ੍ਹਾਂ ਆਮ ਤੌਰ 'ਤੇ ਚਿੱਟਾ ਨਹੀਂ ਪੀਲਾ ਵੀ, ਉਹਨਾਂ ਦੀ ਉਹ ਪੱਗ ਜਲੀ ਦੇ ਐਨੇ-ਐਨੇ ਟੁੱਕੜੇ ਮੈਂ ਦੇਖੇ, ਰੁਮਾਲੀਆ ਜਹੀਆਂ। ਬਾਹਰ ਸੰਤੋਖ ਸਿੰਘ ਹੁਰੀ ਬੜੇ ਦੁਖੀ, ਗੁਰੂ ਹਰੀ ਸਿੰਘ ਜੀ ਕੋਠੇ ਉੱਤੇ ਖਲੋਤੇ- ਉਹ (ਗ੍ਰੰਥ) ਨਾ ਜਲਿਆ।"

ਮਈ 1906 ਈ. ਵਿੱਚ ਗੁਰਗੱਦੀ ਤੇ ਬਿਰਾਜਮਾਨ ਹੋਣ ਬਾਅਦ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਸ ਗ੍ਰੰਥ ਨੂੰ ਤਰਤੀਬ ਵਾਰ ਕਰਕੇ, ਇਸਦੀਆਂ ਸੁੰਦਰ ਹੱਥ-ਲਿਖਤਾਂ ਕਰਵਾਈਆਂ। ਉਹਨਾਂ ਦੇ ਸਮੇਂ ਤੋਂ ਲੈ ਕੇ ਹੁਣ ਤੱਕ ਇਸ ਦੀ ਕਥਾ ਨਾਮਧਾਰੀ ਦੀਵਾਨਾਂ ਦੀ ਸ਼ਾਨ ਬਣਦੀ ਹੈ। ਸੰਤੋਖ ਸਿੰਘ ਸਦਾ ਜੀਵਤ ਹਨ।

ਭਾਈ ਸੰਤੋਖ ਸਿੰਘ ਜੀ ਮਸਤਾਨੀ ਬਿਰਤੀ ਵਾਲੇ ਗੁਰੂ ਪਿਆਰੇ ਸਨ। ਉਹ ਭਾਰਤ ਦੇ ਬੰਦੀਆਂ ਦੀ ਬੰਦ ਖਲਾਸੀ, ਹੋਰ ਕੂਕਿਆਂ ਜਿਉਂ ਅੰਗਰੇਜ਼ਾਂ ਦੇ ਦੰਦ ਖੱਟੇ ਕਰਨ ਲਈ ਰੂਸੀ ਲਸ਼ਕਰਾਂ ਨੂੰ ਵੀ ਰੋਜ਼ ਟਾਹਰਾਂ ਮਾਰਦੇ ਸਨ। ਉਹ ਅਕਸਰ ਇਹ ਕਬਿੱਤ ਪੜ੍ਹਿਆ ਕਰਦੇ ਸਨ-

"ਆਉਂਗਾ ਰੂਸ ਮਈਆ,
ਸਭ ਕੋ ਕਰ ਦਊ ਭਸਮੱਈਆ,
ਆਪਣੇ ਪਿਆਰਿਆਂ ਨੂੰ ਰੱਖੂ ਕੰਢੇ ਲਾਇ ਕੇ ।
ਸਿੰਘ ਸੁਖੀ ਸਿੰਘਾ ਸੁਰਗ ਵਿੱਚ ਵਾਸਾ,
ਸਿੰਘ ਵੇਖਣਗੇ ਤਮਾਸ਼ਾ,
ਪਿਰਥੀ ਮਰੂਗੀ ਅੜਾਇ ਕੇ।
ਮੋਹ ਤੇ ਜੰਜਾਲ
ਘਰ ਬਾਰ ਸਭ ਤਿਆਗ ਦੇਵਾਂ,
ਗੁਰੂ ਕਾ ਪੰਥ ਨਹੀਂ ਰੱਖਣਾ ਛਪਾਇ ਕੇ।
ਅਗੇ ਧੁਰੋਂ ਦਰਗਾਹੋਂ
ਜਿੰਨੀਆਂ ਆਈਆਂ ਪਾਤਸ਼ਾਹੀਆਂ,
ਅੱਗੇ ਵੇਖਿਆ ਤਮਾਸ਼ਾ ਵੇਖੋ ਅੜਿਕੇ ਆਇ ਕੇ।"

ਭਾਈ ਸੰਤੋਖ ਸਿੰਘ ਦੇ ਕੁਰਬਾਨੀਆਂ ਭਰੇ ਜੀਵਨ, ਉਸ ਦੀ ਸਾਹਿਤਕ ਸੂਝ-ਬੂਝ, ਉਸਦੇ ਸਿਰੜ, ਲਗਨ, ਸੁਹਿਰਦਤਾ ਤੇ ਤਿਆਗੀ ਜੀਵਨ ਅੱਗੇ ਸਿਰ ਝੁਕਦਾ ਹੈ। ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਨੁਸਾਰ, ਜਸਵਿੰਦਰ ਸਿੰਘ ਹੋਰਾਂ ਦੀ ਸੰਪਾਦਨਾ ਹੇਠ ਇਹ ਗ੍ਰੰਥ ਦੋ ਭਾਗਾਂ ਵਿੱਚ ਕ੍ਰਮਵਾਰ 2002 ਤੇ 2005 ਈ. ਵਿੱਚ ਛਪਿਆ ਸੀ। ਹੁਣ ਕਾਫ਼ੀ ਸਮੇਂ ਤੋਂ ਇਹ ਪਾਠਕਾਂ ਦੀ ਪਹੁੰਚ ਤੋਂ ਬਾਹਰ ਹੋ ਚੁੱਕਿਆ ਸੀ। ਹਾਜ਼ਰਾ ਹਜ਼ੂਰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਸੰਗਤਾਂ ਦੀ ਮੰਗ ਨੂੰ ਧਿਆਨ ਵਿੱਚ ਰੱਖਦਿਆਂ, ਇਸ ਗ੍ਰੰਥ ਨੂੰ ਮੁੜ ਛਾਪਣ ਦਾ ਹੁਕਮ ਦਿੱਤਾ ਹੈ। ਸ੍ਰੀ ਸਤਿਗੁਰੂ ਜੀ ਨਾਮਧਾਰੀ ਸਾਹਿਤ, ਇਤਿਹਾਸ ਨਾਲ ਸੰਬੰਧਿਤ ਪੁਰਾਣੀਆਂ ਅਤੇ ਅਜੋਕੀਆਂ ਲਿਖਤਾਂ ਨੂੰ ਵੀ ਸਮੇਂ-ਸਮੇਂ ਛਾਪੇ ਦਾ ਜਾਮਾ ਪੁਆਉਂਦੇ ਰਹਿੰਦੇ ਹਨ। ਸਤਿਗੁਰੂ ਬਿਲਾਸ ਭਾਗ ਪਹਿਲਾ ਨੂੰ ਮੁੜ ਪਾਠਕਾਂ ਤੱਕ ਪੁਚਾਉਂਦਿਆਂ ਨਾਮਧਾਰੀ ਦਰਬਾਰ ਖੁਸ਼ੀ ਮਹਿਸੂਸ ਕਰ ਰਿਹਾ ਹੈ। ਇਸ ਦੀ ਟਾਈਪ ਸੈਟਿੰਗ ਮਲਕੀਤ ਸਿੰਘ ਨੇ ਕੀਤੀ ਹੈ। ਇਸ ਭਾਗ ਦੀ ਪਰੂਫ ਰੀਡਿੰਗ ਦੀ ਸੇਵਾ ਗੁਰਲਾਲ ਸਿੰਘ ਅਤੇ ਨਿਸ਼ਾਨ ਸਿੰਘ ਦਿੱਲੀ ਨੇ ਕੀਤੀ ਹੈ। ਇਸ ਗ੍ਰੰਥ ਦੀ ਬਾਹਰੀ ਦਿਖ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਯੁਵਰਾਜ ਸਿੰਘ ਨੇ ਸਹਿਯੋਗ ਦਿੱਤਾ ਹੈ। ਆਸ ਕਰਦੇ ਹਾਂ ਕਿ ਸਾਹਿਤ ਅਤੇ ਇਤਿਹਾਸ ਖੋਜੀ ਇਸ ਤੋਂ ਲਾਭਵੰਤ ਹੋਣਗੇ।

ਸੁਵਰਨ ਸਿੰਘ ਵਿਰਕ
ਮਾਰਚ 2024
ਸ੍ਰੀ ਭੈਣੀ ਸਾਹਿਬ

# ਬੇਨਤੀ

ਲਿਖਾਰੀ ਬੇਨਤੀ ਕਰਦਾ ਹੈ ਦੋਨੋਂ ਹਾਥ ਜੋੜ ਕਰ ਮੈਂ ਕੀੜੀ ਹਾਂ ਗੁਰੂ ਜੀ ਕਾ ਜੱਸ ਮਿਸਰੀ ਦਾ ਪਹਾੜ ਹੈ। ਮੈਂ ਮੱਛੀ ਹਾਂ ਗੁਰੂ ਜੀ ਕਾ ਜੱਸ ਸਮੁੰਦਰ ਹੈ। ਮੈਂ ਪਾਪੀ ਹਾਂ ਗੁਰੂ ਜੀ ਮੇਰੇ ਕੋ ਪਵਿਤ੍ਰ ਕਰੋ। ਮੇਰੀ ਮੱਤ ਬਹੁਤ ਮਾੜੀ ਹੈ, ਕਿਰਪਾ ਕਰਕੇ ਸੁਮੱਤ ਬਖਸ਼ੋ।

ਜਿਵੇਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨਾਲ ਸਿੰਘ ਰਹੇ, ਜਿਵੇਂ ਬਚਨ ਹੋਏ, ਉਵੇਂ ਸਿੱਖਾਂ ਪਾਸੋਂ ਸੁਣਕੇ ਲਿਖੇ ਹੈਂ ਵੱਧ-ਘੱਟ ਨਹੀਂ ਲਿਖੇ। ਪਹਿਲਾਂ ਤਾਂ ਮੈਂ ਸਾਰੇ ਭੇਖੀਂ ਗਿਆ, ਸ਼ਾਂਤ ਨਾ ਆਈ, ਜਾਂ ਸਤਿਗੁਰੂ ਜੀ ਦਾ ਭਜਨ ਲਿਆ ਤਾਂ ਸ਼ਾਂਤ ਆਈ। ਦੇਖਿਆ ਕਿ ਸਤਿਗੁਰਾਂ ਦੀਆਂ ਸਾਖੀਆਂ ਕਿਸੇ ਨਹੀਂ ਲਿਖੀਆਂ ਤਾ ਮੈਂ ਲਿਖਣੇ ਲਗਾ। ਪਹਿਲਾਂ ਗੋਹਾ ਕੂੜਾ ਕਰਨਾ, ਫੇਰ ਸੋਧ ਦਾ ਇਸ਼ਨਾਨ ਕਰਕੇ ਲਿਖਣਾ। ਫੇਰ ਸ਼ਾਮ ਨੂੰ ਲਕੜਾਂ ਢੋਣੀਆਂ ਲੰਗਰ ਵਾਸਤੇ। ਆਏ ਸਿੱਖਾਂ ਪਾਸੋਂ ਸਾਖੀਆਂ ਪੁਛਕੇ ਲਿਖ ਲੈਣੀਆਂ ਨਾਲੇ ਗੁਰੂ ਹਰੀ ਸਿੰਘ ਜੀ ਤੋਂ ਤੇ ਪਿੰਡ ਦੇ ਹਾਣੀਆਂ ਤੋਂ ਪੁਛਕੇ ਲਿਖਣੀਆਂ। ਬਾਰ੍ਹਾਂ ਬਰਸ ਲਕੜੀਆਂ ਢੋਈਆਂ ਲੰਗਰ ਕੀਆਂ ਤੇ ਨਾਲੇ ਗੋਹਾ ਕੂੜਾ ਕੀਤਾ। ਜੇਹੜੇ ਸਿੰਘ ਸਤਿਗੁਰਾਂ ਨਾਲ ਗਏ ਸੀ ਜਾਂ ਉਹ ਮੁੜਕੇ ਆਏ ਤਾਂ ਉਹਨਾਂ ਪਾਸੋਂ ਪੁਛ ਕੇ ਤੇ ਨਾਨੂੰ ਸਿੰਘ ਜੋ ਸਤਿਗੁਰਾਂ ਦਾ ਗੜਵਈ ਸੀ, ਜਾਂ ਉਹ ਮੁੜਕੇ ਆਇਆ ਤਾਂ ਉਸ ਪਾਸੋਂ ਭੀ ਪੁਛਕੇ ਲਿਖੇ ਹੈਂ।

ਇਸ ਗ੍ਰੰਥ ਕੀ ਕਵਤਾ ਨਹੀਂ ਕਰਨੀ ਕਿਉਂਕਿ ਹੁਕਮਨਾਮੇ ਜੋ ਆਏ ਹੈਂ ਸੋ ਪੰਜਾਬੀ ਬੋਲੀ ਵਿਚ ਲਿਖੇ ਭੇਜੇ ਹੈਂ। ਤਾਂਤੇ ਜਾਣਿਆ ਜੋ ਗੁਰੂ ਬਾਰ੍ਹਵੇਂ ਕੀ ਬਾਣੀ ਪੰਜਾਬੀ ਬੋਲੀ ਵਿਚ ਹੋਵੇਗੀ, ਕਿਉਂਕਿ ਦੇਸਾਂ ਪ੍ਰਦੇਸਾਂ ਮੇਂ ਜਾਣੀ ਹੈ। ਇਹ ਬਾਣੀ ਪੰਜਾਬੀ ਸਿਖ ਜਾਣਨਗੇ। ਕਵਤਾ ਪਹਿਲੇ ਤਾਂ ਅਨਜਾਣ ਨੂੰ ਪੜਨੀ ਨਹੀਂ ਔਂਦੀ ਹੈ, ਜੇ ਪੜ੍ਹ ਭੀ ਤਾਂ ਅਰਥ ਨਹੀਂ ਸਮਝੇ ਜਾਂਦੇ ਹੈਂ। ਇਹ ਪੰਜਾਬੀ ਬੋਲੀ ਸਰਬ ਪੜ੍ਹ ਲੈਣਗੇ। ਜਿਸ ਸਾਲ ਸਤਿਗੁਰੂ ਰਾਮ ਸਿੰਘ ਜੀ ਪ੍ਰਗਟ ਹੋਏ ਹੈਂ ਪ੍ਰਿਥੀ ਪਰ ਉਸੀ ਸਾਲ ਸੇ ਲੈ ਕੇ ਵਰਤੰਤ ਲਿਖਿਆ ਹੈ।

ਇਕ ਵੇਰ ਉਸ ਛੱਪਰ ਕੋ ਅੱਗ ਲਗ ਗਈ ਜਿਸ ਮੈ ਇਹ ਗ੍ਰੰਥ ਪਿਆ ਸੀ। ਜਾਂ ਅੱਗ ਬੁਝਾਈ ਤਾਂ ਦੇਖਿਆ ਸਭ ਚੀਜ਼ ਵਸਤ ਜਲ ਗਈ ਹੈ। ਜਾਂ ਗ੍ਰੰਥ ਵੇਖਿਆ ਤਾਂ ਹਾਸ਼ੀਏ ਸਣੇ ਜਿਲਦ ਸੜੀ ਹੋਈ ਹੈ ਤੇ ਅੱਖਰ ਸਭ ਬਚ ਰਹੇ ਹੈਨ। ਹਾਸ਼ੀਏ ਤੋਂ ਬਾਹਰ ਜਿਥੇ ਇਕ ਅੱਖਰ ਭੀ ਸੀ ਉਹ ਭੀ ਨਹੀਂ ਜਲਿਆ। ਲਜਾਇਕੇ ਗ੍ਰੰਥ ਗੁਰੂ ਹਰੀ ਸਿੰਘ ਜੀ ਕੇ ਸਾਹਮਣੇ ਧਰ ਦਿੱਤਾ। ਦੇਖਕੇ ਗੁਰੂ ਜੀ ਬਚਨ ਕੀਤਾ ਭਾਈ ਏਹ ਬਚਨ ਸ਼ਕਤੀ ਵਾਲੇ ਹੈਂ ਗੁਰੂ ਜੀ ਕੇ ਜੇਹੜੇ ਅਗਨੀ ਵਿਚੋਂ ਨਿਕਲੇ ਹੈਂ।

ਏਕ ਬਰਸ ਮੈਂ ਫੇਰ ਲਿਖਕੇ ਤਿਆਰ ਕੀਤਾ ਹੈ। ਗੁਰੂ ਹਰੀ ਸਿੰਘ ਜੀ ਕੇ ਹਜੂਰ ਕਥਾ ਭੀ ਕੀਤੀ ਹੈ। ਏਹ ਨਾ ਕੋਈ ਕਹੇ ਕਿ ਕਵਤਾ ਨਹੀਂ ਕਰਨੀ ਔਂਦੀ। ਹਨੂੰਮਾਨ ਨਾਟਕ ਵਾਂਗ ਦੋ ਕਬਿੱਤਾਂ ਮੈ ਸਾਰੇ ਗ੍ਰੰਥ ਦਾ ਤੱਤ ਲਿਖਿਆ ਹੈ।

## ਕਬਿੱਤ

ਮੰਗਲਾਚਰਨ ਆਦਿ ਉਤਪਤੀ, ਸੰਸਾਰ ਗੋਸ਼ਟ,
ਆਤਮਾ-ਪ੍ਰਮਾਤਮਾ, ਜੁਗਾਵਲੀ ਲਿਖਾਇ ਬੋ।
ਅੰਗਨ ਸਮੇਤ ਤੀਰ ਬੇਦ ਤੇ ਪੁਰਾਣ ਵਿੱਦਿਆ,
ਜਪੁਜੀ ਕੇ ਲਗਮਾਤ੍ਰ ਅੱਖਰ ਗਨਾਇ ਬੋ।
ਲਿਖਾ ਹੈ ਗੁਰਿੰਡਨਾਮਾ ਬਾਰ੍ਹਵੇਂ ਗੁਰਬੰਸ ਗਾਥ,
ਗੁਰੂ ਯਾਰ੍ਹਵੇਂ ਦੀ ਪ੍ਰਗਟ ਹੋਨ ਕੀ ਜਤਾਇ ਬੋ।
ਏਤੇ ਲਿਖੇ ਆਦ ਗੁਣ ਕੇਤੇ ਗ੍ਰੰਥ ਸੋਧ ਸਾਧ,
ਪੜੇ ਸੁਣੇ ਪ੍ਰੇਮੀ ਗੁਣੀ ਵੇਖਕੇ ਰਿਝਾਇ ਬੋ।

ਪੁਨ੍ਹਾ ਗੁਰੂ ਬਾਰ੍ਹਵੇਂ ਅਵਤਾਰ ਲੀਲ੍ਹਾ ਖੇਲ ਕਰ,
ਨੌਕਰੀ ਲਾਹੌਰ ਹੂੰ ਸੇ ਹਜ਼ਰੋਂ ਜੀ ਜਾਇ ਬੋ।
ਲੈਕੇ ਉਪਦੇਸ ਮਸਤਾਨੇ ਹੋ ਨਰੇਸ ਸਾਚੇ,
ਕਰੀ ਕਿਰਸਾਨੀ ਬਨਜ ਗੰਗਾ ਗਏ ਆਇ ਬੋ।
ਸੂਬੇ ਥਾਪ, ਧਰਮ ਵਰਤਾਏ, ਮੜ੍ਹੀ ਗੋਰ ਢਹਾਏ,
ਬੁਚੜ ਹਟਾਏ ਜੈਸੇ ਕੋਟਲੇ ਪੈ ਧਾਇ ਬੋ।
ਪੰਥ ਪ੍ਰਕਾਸ਼ ਨਿਜ ਭਾਈ ਕੋ ਅਵਾਸ ਕਲਾ,
ਜਾਇ ਟਾਪੂ ਕਵੀ ਕਹੇ ਫੇਰ ਗੁਰੂ ਆਇ ਬੋ।

(ਸੰਤ ਸੰਤੋਖ ਸਿੰਘ, ਬਾਹੋਵਾਲ)

◆

# ਬਾਰ੍ਹਾਂ ਗੁਰਾਂ ਕਾ ਮੰਗਲਾ ਚਰਨ

## ਸਤਿਗੁਰੂ ਨਾਨਕ ਦੇਵ ਜੀ

ਪਹਿਲੇ ਜੋਤ ਸਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਅਵਤਾਰ ਧਾਰਿਆ[1]। ਗਊ ਗਰੀਬ ਧਰਤੀ ਧਰਮ ਕੀ ਪੁਕਾਰ ਸੁਣਕੇ ਧਰਮ ਕੀ ਮੂਰਤੀ ਧਾਰੀ, ਸਤਿਨਾਮ ਕਾ ਚਕ੍ਰ ਫਿਰਾਇਆ। ਪਤਾਲ ਮੈ ਜਾਇਕੇ ਵਰਣ ਸਿਉਂ ਗੋਸਟ ਕਰ, ਬਲ ਰਾਜਾ ਕੋ ਦਰਸ਼ਨ ਦੇ ਕੇ, ਸੁਲਤਾਨਪੁਰੇ ਮੈ ਨਵਾਬ ਕੋ ਕਰਾਮਾਤਾਂ ਦਿਖਾਈਆਂ[2]। ਭਾਈ ਲਾਲੋ ਕੇ ਗਏ। ਕੋਧਰੇ ਕੇ ਅੰਨ ਸੇ ਦੂਧ, ਮਲੇਛ ਮਲਕ ਭਾਗੋ ਕੇ ਖਾਣੇ ਸੇ ਰਤ ਨਿਕਸੀ, ਦੋਨੋਂ ਹਾਥ ਦੁਬਾਨੇ ਸੇ। ਏਮਨਾਬਾਦ[3] ਮੈ ਚਕੀ ਆਪੇ ਫਿਰੀ। ਮੱਕਾ ਮਦੀਨਾ ਜੀਤ, ਸਿੱਧ ਸੁਮੇਰ ਪਰਬਤ ਪਰ ਜਾਇ ਜੀਤੇ। ਦੱਤਾ ਤ੍ਰੇਵ ਕੋ ਜਗਾਇਕੇ, ਧਰੂ ਭਗਤ ਕੋ ਦਰਸ਼ਨ ਦੇ ਕੇ ਜਾਗਤ ਜੋਤ ਨਿਰੰਕਾਰ ਕੀ ਉਸਤਤ ਕੀਤੀ। 'ਸੋ ਦਰੁ ਕੇਹਾ ਸੋ ਘਰੁ ਕੇਹਾ' ਏਹ ਸ਼ਬਦ ਉਚਾਰਿਆ। ਅਕਾਲ ਪੁਰਖ ਕੀ ਆਗਿਆ ਪਾਇ ਗੁਰੂ ਅੰਗਦ ਜੀ ਕੋ ਗੁਰਿਆਈ ਦਿਤੀ[4]।

## ਸਤਿਗੁਰੂ ਅੰਗਦ ਦੇਵ ਜੀ

ਪਹਿਲੇ ਦੇਵੀ[5] ਕੇ ਭਗਤ ਸੀ। ਦੇਵੀ ਦੇ ਸੰਗ ਵਿਚੋਂ ਜੁਦਾ ਹੋ ਕੇ ਗੁਰੂ ਨਾਨਕ ਜੀ ਕਾ ਦਰਸ਼ਨ ਕੀਤਾ।ਪਿਛਲੀ ਰਾਤ ਉਠਕੇ ਦੇਖੇ ਕੀ ਜੋ ਏਕ ਇਸਤ੍ਰੀ ਸੁੰਦਰ ਰੂਪ ਝਾੜੂ ਕਰਦੀ ਹੈ। ਲਹਿਣੇ ਪੁਛਿਆ ਤੂੰ ਕੋਣ ਹੈਂ ? ਕਹਿਣੇ ਲਗੀ ਮੈਂ ਦੇਵੀ ਹਾਂ ਜਿਸਕੀ ਇੱਛਾ ਕਰਕੇ ਤੁਸੀ ਭਵਨ ਪਰਸਨ ਚਲੇ ਹੋ। ਨਿਸਚਾ ਹੋ ਗਿਆ ਕਿ ਏਹ ਪੂਰਨ ਪੁਰਖ ਹੈ। ਲਗਾ ਸੇਵਾ ਕਰਨ। ਚਿੱਟੀ ਪੁਸ਼ਾਕ ਪੈਹਰੇ ਤੇ ਨਦੀਨ ਚੁਕ ਲਿਆਵਣਾ। ਗੰਦੀ ਮੋਰੀ ਮੈ ਕੌਲ ਸੁਟਕੇ ਗੁਰੂ ਨਾਨਕ ਦੇਵ ਜੀ ਪੁਤਰਾਂ ਨੂੰ ਬਚਨ ਕੀਤਾ ਕੌਲ ਕਢੋ। ਪੁੱਤਰਾਂ ਨਾ ਕਢਿਆ। ਲਹਿਣੇ ਜੀ ਨੂੰ ਨੇਤਰਾਂ ਕਾ ਇਸ਼ਾਰਾ ਕੀਤਾ, ਝੱਟ ਛਾਲ ਮਾਰੀ ਕੌਲ ਕੱਢ ਲਿਆਇਆ। ਅੱਧੀ ਰਾਤ ਪੁਤਰਾਂ ਨੂੰ ਬਚਨ ਕੀਤਾ ਕਪੜੇ ਧੋ ਲੈ ਆਓ। ਪੁਤਰਾਂ ਕਿਹਾ ਦਿਨ ਹੋਇ ਲਵੇ। ਲਹਿਣੇ ਜੀ ਨੂੰ ਬਚਨ ਕੀਤਾ ਝੱਟ ਲੈ ਜਾਇਕੇ ਧੋਣ ਲੱਗੇ ਤਾਂ ਧੁੱਪ ਨਿਕਲ ਆਈ। ਸੁਕਾਇਕੇ ਲੈ ਆਇਆ। ਫਿਰ ਬਚਨ ਮੰਨਕੇ ਕਿਕਰਾਂ ਪਰ ਚੜ੍ਹਿਆ, ਹਲੂਣਾ ਮਾਰਕੇ ਅਨੇਕ ਪ੍ਰਕਾਰ ਕੀਆਂ ਮਠਿਆਈਆਂ ਛਕਾਈਆਂ ਸਿਖਾਂ ਕੇ। ਮੁਰਦੇ ਉਤੇ ਬਸਤਰ ਪਾ ਕੇ ਗੁਰੂ ਜੀ ਕਿਹਾ ਛਕੋ। ਪੁਤਰਾਂ ਨੇ ਜਵਾਬ ਦਿਤਾ ਕਿ ਇਹ ਗੱਲ ਅਯੋਗ ਹੈ। ਜਾਂ ਲਹਿਣੇ ਜੀ ਨੂੰ ਬਚਨ ਕੀਤਾ ਤਤਕਾਲ ਛਕਣ ਲੱਗੇ। ਕੜਾਹ ਪ੍ਰਸ਼ਾਦ ਹੋਇ ਗਿਆ।

---

1 ਕੱਤਕ ਦੀ ਪੂਰਨਮਾਸੀ, ਸੰਮਤ ੧੫੨੬ ਬਿ, ੧੪੬੯ ਈ.।

2 ਦੌਲਤ ਖਾਂ ਲੋਧੀ।

3 ਗੁਰੂ ਨਾਨਕ ਦੇਵ ਜੀ ਦੇ ਸਮੇਂ ਏਮਨਾਬਾਦ ਦਾ ਨਾਂ ਸੈਦਪੁਰ ਸੀ।

4 ੧੭ ਹਾੜ ੧੫੯੬ ਬਿ, ੧੫੩੯ ਈ.।

5 ਜੁਆਲਾ ਦੇਵੀ ਦੇ ਭਗਤ ਸਨ। ਹਰ ਸਾਲ ਪਹਾੜਾਂ ਵਿਚ ਦੇਵੀ ਦੇ ਮੰਦਰ ਦੀ ਯਾਤਰਾ ਲਈ ਜਾਂਦੇ ਸਨ। ੧੫੨੩ ਬਿ. ਵਿਚ ਜੁਆਲਾ ਦੇਵੀ ਨੂੰ ਜਾਂਦਿਆਂ ਕਰਤਾਰਪੁਰ ਵਿਖੇ ਗੁਰੂ ਨਾਨਕ ਦੇਵ ਜੀ ਦਾ ਦਰਸ਼ਨ ਕੀਤਾ।

ਗੁਰਿਆਈ ਪਾਈ[1]। ਜਨਮਸਾਖੀ ਭਾਈ ਬਾਲਾ ਜੀ ਕੋ ਅਪਣੇ ਸਾਮ੍ਹਣੇ ਬਿਠਾਲ ਕੇ ਸੁਣਾ ਕੇ ਲਿਖਵਾਈ।

## ਸਤਿਗੁਰੂ ਅਮਰਦਾਸ ਜੀ

੧੯ ਵੇਰ ਗੰਗਾ ਗਏ। ਬ੍ਰਹਮਚਾਰੀ ਮਿਲਿਆ। ਉਸਨੇ ਕਿਹਾ ਤੂੰ ਨਿਗੁਰਾ ਹੈਂ। ਫੇਰ ਗੁਰੂ ਅੰਗਦ ਜੀ ਨੂੰ ਮਿਲੇ[2]। ੧੨ ਬਰਸ ਸੇਵਾ ਕੀਤੀ। ਪਿਛਲੀ ਪੈਰੀਂ ਜਾਂਦੇ, ਦਰਿਆਇ ਬੀਚ ਸੇ ਗਾਗਰ ਭਰ ਲਿਆਉਣੀ। ਸਵਾ ਪਹਿਰ ਰਾਤ ਰਹਿੰਦੀ ਨਾਲ ਇਸ਼ਨਾਨ ਕਰਾਇ ਦੇਣਾ। ਮੁਖ ਗੁਰੂ ਜੀ ਵੰਨੀਂ ਹਰ ਵਕਤ ਰਖਣਾ। ਗੁਰਿਆਈ ਪਾਈ। ਗੋਇੰਦਵਾਲ ਬੌਲੀ ਰਚੀ। ਦਿੱਲੀ ਵਾਲਾ ਬਾਦਸ਼ਾਹ ਅਕਬਰ ਸਰਨ ਆਇ ਪਿਆ।

ਏਕ ਜੋਗੀ ਮੀਂਹ ਨਾ ਸੀ ਪੈਣ ਦੇਂਦਾ। ਜ਼ਿਮੀਂਦਾਰਾਂ ਨੇ ਗੁਰੂ ਜੀ ਪਾਸ ਅਰਜ਼ ਕੀਤੀ ਜੀ ਜੋਗੀ ਮੀਂਹ ਨਹੀਂ ਪੈਣ ਦੇਂਦਾ। ਬਚਨ ਹੋਇਆ ਜਿੱਧਰ ਲੈਜਾਉਗੇ ਓਸਨੂੰ ਉਧਰੇ ਹੀ ਮੀਂਹ ਪਵੇਗਾ। ਜਾਇ ਜੱਟਾਂ ਨੇ ਜੋਗੀ ਬਾਹਰ ਕੱਢਿਆ ਤਾਂ ਬਦਲੀ ਹੋਈ। ਜਿੱਧਰ ਜਾਵੇ ਉਧਰ ਹੀ ਮੀਂਹ ਪਵੇ। ਜਿਦ ਬੱਝ ਗਈ, ਸਾਰੇ ਆਪੋ ਅਪਣੇ ਖੇਤਾਂ ਨੂੰ ਖਿਚਣ। ਹਾਰਕੇ ਦੋ ਬੈਲ ਜੋੜਕੇ ਘਸੀਟ ਕੇ ਮਾਰ ਦੀਆ।

ਚੁਰਾਸੀ ਪੌੜੀਆਂ ਬਾਉਲੀ ਸਾਹਿਬ ਦੀਆਂ ਬਨਵਾਈਆਂ। ਵਰ ਏਹ ਦੀਆ ਜੋ ਏਕ ਏਕ ਪੌੜੀ ਪਰ ਇਸ਼ਨਾਨ ਕਰਕੇ ਜਪੁ ਸਾਹਿਬ ਜੀ ਕਾ ਪਾਠ ਕਰ ਲਏ ਉਸਕੀ ਚੁਰਾਸੀ ਕੱਟੀ ਜਾਏਗੀ। ਜਿਤਨਾ ਚਿਰ ਤੀਸਰੀ ਪਾਤਸ਼ਾਹੀ ਗੱਦੀ ਪਰ ਰਹੇ ਉਤਨਾ ਚਿਰ ਪਿਤਾ ਮਾਤਾ ਕੇ ਆਗੇ ਪੁਤ੍ਰ ਨਾ ਕੋਈ ਚੜ੍ਹਿਆ, ਸੁਖ ਰਹੀ। ੨੨ ਮੰਜੀਆਂ ਤੇ ੫੨ ਪੀੜ੍ਹੇ ਥਾਪ ਦਿਤੇ ।

## ਸਤਿਗੁਰੂ ਰਾਮ ਦਾਸ ਜੀ

ਬਾਉਲੀ ਸਾਹਿਬ ਕੀ ਕਾਰ ਕਢੀ। ਸ੍ਰੀ ਗੁਰੂ ਅਮਰ ਦਾਸ ਜੀ ਦੀ ਸਪੁਤ੍ਰੀ ਬੀਬੀ ਭਾਨੀ ਨਾਲ ਵਿਆਹ ਹੋਇਆ, ਤਿੰਨ ਪੁੱਤਰ ਜਨਮੇ[3]। ੧੬੩੧ ਵਿਚ ਗੁਰਿਆਈ ਪਾਈ[4]। ਅਨੇਕਾਂ ਸੇਵਕਾਂ ਦਾ ਉਧਾਰ ਕੀਤਾ।

## ਸਤਿਗੁਰੂ ਅਰਜੁਨ ਦੇਵ ਜੀ

ਜਿਨ੍ਹਾਂ ਨੇ ਚਾਰੋਂ ਬੇਦ, ਖਟ ਸ਼ਾਸਤ੍ਰ, ਅਠਾਰਾਂ ਪੁਰਾਣ, ਸਤਾਈ ਸਿਮ੍ਰਤੀਆਂ, ਚਾਰੋਂ ਕਤੇਬਾਂ ਕੋ ਮਥਕੇ ਏਕ ਗ੍ਰੰਥ ਸਾਹਿਬ ਕੀ ਬੀੜ ਬੱਧੀ। ਗੁਰੂ ਨਾਨਕ ਜੀ ਤੋਂ ਲੈ ਕੇ ਚੌਹਾਂ ਗੁਰੂਆਂ,

---

1 ਸਿਖਾਂ ਪੁਤ੍ਰਾਂ ਘੋਖਿ ਕੈ ਸਭ ਉਮਤਿ ਵੇਖਹੁ ਜਿ ਕਿਓਨੁ। ਜਾਂ ਸੁਧੋਸੁ ਤਾਂ ਲਹਣਾ ਟਿਕਿਓਨੁ। -ਵਾਰ ਰਾਮਕਲੀ, ਸੱਤੇ ਬਲਵੰਡੇ ਕੀ ਵਾਰ .

2 ੧੫੯੭ ਬਿ।

3 ਬਾਬਾ ਪ੍ਰਿਥੀ ਚੰਦ, ਮਹਾਂਦੇਵ ਅਤੇ ਗੁਰੂ ਅਰਜਨ ਦੇਵ ਜੀ।

4 ੨ ਅਸੂ ੧੬੩੧ ਬਿ, ੧੫੭੪ ਈ.।

ਭਗਤਾਂ ਤੇ ਭੱਟਾਂ ਕੀ ਬਾਣੀ ਇਕੱਠੀ ਕੀਤੀ। ਆਪ ਵੀ ਉਚਾਰ ਕੇ ਪਾਈ। ਫੇਰ ਤਰਨ ਤਾਰਨ[1] ਦੀ ਨਿਉਂ ਧਰੀ। ਬਚਨ ਕੀਤਾ ਏਥੇ ਇਸ਼ਨਾਨ ਜੋ ਕਰੇਗਾ ਸੋ ਤਰੇਗਾ। ਸ੍ਰੀ ਅੰਮ੍ਰਿਤਸਰ ਜੀਦਾ ਸਰੋਵਰ ਤੇ ਦਰਬਾਰ ਬਣਾਇਆ। ਲਾਹੌਰ ਸ਼ਹੀਦੀ ਪਾਈ।

## ਸਤਿਗੁਰੂ ਹਰਿਗੋਬਿੰਦ ਸਾਹਿਬ ਜੀ

ਜਿਨ੍ਹਾਂ ਨੇ ਮੀਰੀ ਪੀਰੀ ਧਾਰਨ ਕੀਤੀ। ਅਕਾਲ ਬੁੰਗੇ ਤਖ਼ਤ ਰਚਿਆ। ਸੇਲੀ ਟੋਪੀ ਦੂਰ ਕੀਤੀ। ਗੁਆਲੀਅਰ ਦੇ ਕਿਲੇ ਵਿਚੋਂ ਬਵੰਜਾ ਰਾਜੇ ਕੱਢੇ। ਚੰਦੂ ਸੁਆਈ ਖਤਰੀ ਨੂੰ ਕੁੱਤੇ ਦੀ ਮੌਤ ਮਰਵਾਇਆ ਤੇ ਪਿਤਾ ਦਾ ਵੈਰ ਲੀਤਾ। ਸ਼ਾਹਜਹਾਨ ਬਾਦਸ਼ਾਹ ਕਾ ਬਾਜ ਪਕੜ ਲਿਆ। ਤੁਰਕ ਨੇ ਮੰਗਿਆ, ਗੁਰੂ ਜੀ ਨਾ ਦਿਤਾ ਤਾਂ ਜੁੱਧ ਨੂੰ ਤੁਰਕਾਨੀ ਸੈਨਾ ਚੜ੍ਹ ਆਈ। ਗੁਰੂ ਜੀ ਹੁਕਮ ਦੀਆ ਕਿ ਲੋਹਗੜ੍ਹ ਪਰ ਵਲੇ ਰਖਣੇ ਸਿਧੇ ਕਰਕੇ। ਮਿਟੀ ਕੀਆਂ ਮੁਠਾਂ ਤੇ ਰੋੜੀ ਤੇ ਇੱਟਾਂ ਬਰੂਦ ਦੀ ਥਾਂ ਭਰਕੇ ਮਾਰੀਆਂ ਤਾਂ ਤੋਪ ਕੇ ਗੋਲੇ ਵਾਂਗ ਲਗੀਆਂ। ਬਹੁਤ ਤੁਰਕ ਮਾਰੇ। ਬਿਧੀ ਚੰਦ ਭੇਜ ਕੇ ਘੋੜੇ ਮੰਗਵਾਏ, ਫੇਰ ਤੁਰਕ ਮਾਰੇ। ਮੀਰਾਂ ਕੀ ਮੀਰੀ, ਪੀਰਾਂ ਕੀ ਪੀਰੀ ਖੋਹ ਕੇ ਆਪਣਾ ਹੁਕਮ ਮਨਵਾਇਆ, ਗੁਰੂ ਗੱਦੀ ਕਾ ਪ੍ਰਤਾਪ ਪ੍ਰਗਟ ਕੀਤਾ।

## ਸਤਿਗੁਰੂ ਹਰਿ ਰਾਇ ਜੀ

ਸਾਰੀ ਉਮਰ ਤੁਰਕ[2] ਨੂੰ ਦੀਦਾਰ ਨਹੀਂ ਦੀਆ। ਤੁਰਕ ਨੇ ਦਿੱਲੀ ਸੱਦ ਭੇਜਿਆ, ਨਾ ਗਏ। ਰਾਮਰਾਇ ਕੋ ਭੇਜਿਆ। ਰਾਮਰਾਇ ਨੇ ਕਰਾਮਾਤਾਂ ਦਿਖਾਈਆਂ। ਬਾਣੀ ਗੁਰੂ ਜੀ ਕੀ ਉਲਟਾਈ 'ਮਿਟੀ ਬੇਈਮਾਨ ਕੀ' ਆਖੀ। ਸੁਣਕੇ ਗੁਰੂ ਜੀ ਬਚਨ ਕੀਤਾ ਮੇਰੇ ਮੂੰਹ ਨਾ ਲੱਗੇ। ਡੇਹਰਾਦੂਨ[3] ਮੇਂ ਦੇਹੁਰਾ ਮਸ਼ਹੂਰ ਹੈ ਰਾਮਰਾਇ ਕਾ। ਸਤਵੀਂ ਪਾਤਸ਼ਾਹੀ ਸਤਿ-ਸੰਤੋਖ ਵਰਤਾਇਆ। ਦੈਵੀ ਸੰਪਦਾ ਕੇ ਗੁਣ ਪ੍ਰਗਟ ਕੀਤੇ, ਅਸੁਰੀ ਸੰਪਦਾ ਕੇ ਹਟਾਏ।

## ਸਤਿਗੁਰੂ ਹਰਿਕ੍ਰਿਸ਼ਨ ਜੀ

ਜਿਨ੍ਹਾਂ ਪੰਜੋਖਰੇ[4] ਮੈ ਦਰਸ਼ਨ ਦੀਆ। ਏਕ ਬ੍ਰਹਿਮਣ[5] ਨੇ ਹੰਕਾਰ ਕੀਤਾ ਕਿ ਉਸ ਪਾਸ ਕੀ ਜਾਣਾ ਹੈ ਬਾਲਕ ਹੈ। ਸੰਸਕ੍ਰਿਤ ਕਾ ਬੋਧ ਨਹੀਂ ਹੈ, ਮੇਰੇ ਨਾਲ ਕੀ ਉਤਰ ਪ੍ਰਸ਼ਨ ਕਰੇਗਾ। ਦੂਏ ਬ੍ਰਹਿਮਣ ਨੇ ਉਸਤਤ ਕੀਤੀ ਗੁਰੂ ਨਾਨਕ ਕੀ ਗੱਦੀ ਪਰ ਹੈਂ। ਸੁਣਕੇ ਉਪਮਾ ਪੰਡਿਤ ਬ੍ਰਹਿਮਣ ਨਾਲ ਗਿਆ ਜਿਥੇ ਗੁਰੂ ਜੀ ਬੈਠੇ ਥੇ। ਬੈਠ ਕੇ ਬ੍ਰਹਿਮਣ ਨੇ ਸੰਸਕ੍ਰਿਤ ਸਲੋਕ ਉਚਾਰਿਆ ਗੀਤਾ ਵਿਚੋਂ। ਗੁਰੂ ਜੀ ਬਚਨ ਕੀਤਾ ਇਸ ਕਾ ਅਰਥ ਮਹਾਂਮੂੜ ਬੁੱਧੀ ਵਾਲਾ ਭੀ ਕਰ ਲੈਂਦਾ ਹੈ। ਏਕ ਮਹਿਰਾ ਬਾਲਕ ਮਾੜੀ ਬੁੱਧੀ ਵਾਲਾ ਸੀ, ਉਸ ਕੋ ਸੰਗਤ ਮੇਂ ਲੈ

---

1 ੧੬੪੭ ਬਿ, ੧੫੯੦ ਈ.

2 ਔਰੰਗਜ਼ੇਬ ਬਾਦਸ਼ਾਹ ਨੂੰ

3 ਦੂਨ ਇਲਾਕੇ ਦੀ ਜਾਗੀਰ ਔਰੰਗਜ਼ੇਬ ਬਾਦਸ਼ਾਹ ਨੇ ਰਾਮਰਾਇ ਨੂੰ ਦਿੱਤੀ ਸੀ।

4 ਜ਼ਿਲ੍ਹਾ ਅੰਬਾਲੇ ਦਾ ਇਕ ਪਿੰਡ ।

5 ਪੰਡਤ ਕਿਸ਼ਨ ਲਾਲ।

ਆਇਆ। ਗੁਰੂ ਜੀ ਹੁਕਮ ਕੀਤਾ ਇਸ਼ਨਾਨ ਕਰਾਓ। ਇਸ਼ਨਾਨ ਕਰਾਕੇ ਲੈ ਆਏ। ਗੁਰੂ ਜੀ ਉਸਕੇ ਸਿਰ ਪਰ ਛਟੀ ਧਰੀ ਤਾ ਉਹ ਬਾਲਕ ਸੰਸਕ੍ਰਿਤ ਉਚਾਰਨ ਲੱਗਾ। ਬਚਨ ਹੋਇਆ ਪੰਡਿਤ ਤੂੰ ਕਰ ਪ੍ਰਸ਼ਨ।ਤਾਂ ਫਿਰ ਹਾਰ ਕੇ ਪੰਡਤ ਚਰਨੀਂ ਪੈ ਗਿਆ ਤੇ ਸਤਿਨਾਮ ਕਾ ਉਪਦੇਸ਼ ਲਿਆ। ਫੇਰ ਦਿੱਲੀ ਗਏ। ਰਾਣੀ ਕਈਆਂ ਇਸਤ੍ਰੀਆਂ ਵਿਚ ਬੈਠੀ ਸੀ ਇਕੋ ਜੇਹੇ ਬਸਤਰ ਪਹਿਰ ਕੇ। ਗੁਰੂ ਜੀ ਛਟੀ ਧਰਦੇ ਗਏ, ਜਬ ਰਾਣੀ ਆਈ ਤਾਂ ਉਸਕੀ ਗੋਦ ਮੇਂ ਬੈਠੇ। ਜੈ ਸਿੰਘ ਰਾਜੇ ਕੀ ਰਾਣੀ ਸੀ। ਨਿਸਚਾ ਪੂਰਾ ਹੋਇਆ, ਸਤਿਨਾਮ ਕਾ ਉਪਦੇਸ਼ ਲਿਆ।

ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦਾ ਅੰਤਮ ਸਮਾਂ ਦਿਲੀ ਜਮੁਨਾ ਕਿਨਾਰੇ ਆਇਆ। ਭਾਈ ਗੁਰਬਖਸ਼ ਅਤੇ ਰਾਜਾ ਜੈ ਸਿੰਘ ਆਦਿਕ ਮੁਖੀ ਸਿਖਾਂ ਨੇ ਅਰਜ਼ ਕੀਤੀ।

**ਚੋਪਈ॥**

ਤਰੁਨ ਹੋਇ ਸੰਤਤਿ ਉਪਜਾਵਹੁ॥ ਬਨਹੁ ਉਚਿਤ ਜਬਿਹੂੰ ਲਖਿਪਾਵਹੁ॥
ਅਪਨੇ ਥਾਨ ਬਿਠਾਵਨਿ ਕੀਜੈ॥ ਪੁਨ ਪ੍ਰਲੋਕ ਜਾਨੇ ਮਨ ਦੀਜੈ ॥੧੮॥
ਮ੍ਰਿਤੁ ਸੁਛੰਦ ਤੁਮ ਹੋ ਸਮਰੱਥ॥ ਤਨ ਧਾਰਨਿ ਤਜਾਗਨਿ ਨਿਜ ਹੱਥ॥
ਯਾਂਤੇ ਸਭਿ ਕੋ ਕਹਿਬੋ ਬਨੈ॥ ਰਚਹੁ ਤਥਾ ਜਿਮ ਬਾਂਛਹੁ ਮਨੈ॥੧੯॥
ਅਪਰਨਿ ਕੀ ਮ੍ਰਿਤੁ ਕਿਮ ਹੁਇ ਜਾਇ॥ ਜੇ ਅਭਿਲਾਖਹੁ ਸਕਹੁ ਜਿਵਾਇ॥
ਇਹ ਕੁਛ ਨਈ ਨਹੀਂ ਹਮ ਕਹੀ॥ ਗੁਰੂ ਘਰ ਮਹਿ ਨਿਤ ਹੋਵਤ ਰਹੀ॥੨੦॥
ਕੌਨ ਕੌਨ ਹਮ ਕਰੈਂ ਬਤਾਵਨਿ॥ ਜੇਤਿਕ ਮ੍ਰਿਤਕ ਕੀਨਿ ਜੀਵਾਵਨ॥
ਬਿਦਤ ਜਗਤ ਮੈ ਛਪੀ ਨ ਕੋਇ ॥ ਸਰਬ ਕਲਾ ਸਮਰਥ ਗੁਰ ਹੋਇ॥੨੧॥
ਅਨਿਕ ਮ੍ਰਿਤਕ ਜੇ ਦਏ ਜਿਵਾਇ॥ ਨਿਜ ਜੀਵਨ ਮੈ ਸੰਸੈ ਕਾਇ॥
ਬਾਲ ਅਵਸਥਾ ਮਹਿਂ ਤੁਮ ਅਹੈਂ ॥ ਅਸਮੰਜਸ ਲਿਖਿ ਸਭਿ ਹਮ ਕਹੈਂ ॥੨੨॥
ਸੁਨੀ ਬਾਰਤਾ ਸਤਿਗੁਰ ਸਾਰੀ॥ ਅਪਰ ਸਭਾ ਸਭਿ ਤੂਸ਼ਨਿ ਧਾਰੀ॥
ਹਾਥ ਜੋਰਿ ਦੇਖਤਿ ਮੁਖ ਪਦਮ ॥ ਅਜ਼ਮਤ ਲੌ ਬਖਸ਼ਨਿ ਕੋ ਸਦਮ ॥੨੩॥
ਸੰਗਤਿ ਬਿਨਤੀ ਤੇ ਕਜਾ ਭਨਹਿ ॥ ਸਗਰੇ ਮਨ ਮਹਿ ਇਸ ਬਿਧਿ ਗੁਨਹਿਂ॥
ਕ੍ਰਿਪਾ ਨਿਧਾਨ ਬਚਨ ਪੁਨ ਭਯੋ ॥ ਮੌਨ ਠਾਨਿ ਸਭਿਹਿਨਿ ਤਬਿ ਸੁਨਯੋ ॥੨੪॥
ਜਥਾਜੋਗ ਸੰਗਤਿ ਕਿਯ ਅਰਜ਼ੀ॥ ਤਊ ਸੁਨਹੁ ਪਰਮੇਸ਼੍ਰਰ ਮਰਜ਼ੀ॥
ਹਮਰੇ ਤਨ ਤਜਾਰਨਿ ਬਹੁ ਕਾਰਨ॥ ਆਛੋ ਨਹੀਂ ਜਿਕਰਹਿ ਉਚਾਰਨਿ ॥੨੫॥
ਗੁਰ ਗਾਦੀ ਅਵਚਲ ਜਗ ਮਾਂਹੀ॥ ਵਧਹਿ ਪ੍ਰਤਾਪ ਮਿਟਹਿ ਕਿਮ ਨਾਂਹੀ॥
ਮਨੋਕਾਮਨਾ ਸੰਗਤਿ ਪਾਵਹਿ॥ ਲੇ ਗੁਰ ਤੇ ਉਪਦੇਸ਼ ਕਮਾਵਹਿ ॥੨੬॥
ਗੁਰੂ ਗ੍ਰੰਥ ਸਾਹਿਬ ਸਭਿ ਕੇਰਾ॥ ਜੋ ਹਮਰੋ ਚਹਿ ਦਰਸ਼ਨ ਹੇਰਾ॥
ਸੋ ਸ਼ਰਧਾ ਧੁਰਿ ਹੋਰਨਿ ਕਰੈ॥ਪਾਪਨਿ ਗਨ ਕੌ ਤਤਛਿਨ ਹਰੈ ॥੨੭॥
ਹਮ ਸੋਂ ਬਾਤ ਕਰਨਿ ਕੋ ਚਾਹਹਿ॥ ਪਠਹਿ ਸੁਨਹਿ ਗੁਰ ਗ੍ਰੰਥ ਉਮਾਹਹਿ॥
ਤਿਸ ਮਹਿ ਕਯੋ ਜੁ ਕਰਹਿ ਕਮਾਵਨਿ॥ ਚਾਰ ਪਦਾਰਥ ਲੇ ਮਨ ਪਾਵਨ॥੨੮॥
ਹੋਹਿ ਕਾਮਨਾ ਸਿਖ ਕੈ ਕੋਈ॥ਬਿਘਨ ਪਰਹਿ ਕੈ ਸੰਕਟ ਹੋਈ॥

ਸ਼ਰਨ ਗ੍ਰੰਥ ਸਾਹਿਬ ਕੀ ਜਾਇ॥ ਤਤਛਿਨ ਸਤਿਗੁਰ ਬਨਹਿਂ ਸਹਾਇ॥੨੯॥
ਸ਼ਰਧਾਲੂ ਕੋ ਸਭਿ ਕਿਛੁ ਅਹੈ॥ ਹੋਹਿ ਅਸ਼ਰਧਕ ਕਿਮਹੁ ਨ ਲਹੈ॥
ਤਨੁ ਸਦੀਵ ਥਿਰੁ ਹੋਇ ਨ ਕੋਇ॥ ਰਿਦਾ ਗ੍ਰੰਥ ਗੁਰ ਕੋ ਲਿਹੁ ਜੋਇ॥੩੦॥
ਨਿਤ ਦਰਸ਼ਨ ਕਰਿ ਮਸਤਕ ਟੇਕਹੁ॥ ਹਨਹੁ ਬਿਕਾਰਨਿ ਪਾਇ ਬਿਬੇਕਹੁ॥
ਇਮ ਸੁਨਿ ਕਰਿ ਸਤਿਗੁਰ ਕੀ ਬਾਨੀ॥ ਸਭਿਨਿ ਬਿਲੋਚਨ ਤੇ ਬਹਿ ਪਾਨੀ॥੩੧॥

ਏਨੇ ਬਚਨ ਕਰਕੇ ਚੁਪ ਕਰ ਗਏ। ਅੱਗੋਂ ਵੀ ਕੋਈ ਸਰੀਰ ਨਹੀਂ ਬੋਲਿਆ। ਸਮਾਂ ਵੈਰਾਗ ਦਾ ਸੀ। ਫਿਰ ਜੈ ਸਿੰਘ ਰਾਜੇ ਨਾਲ ਕੁਛ ਬਚਨ ਬਿਲਾਸ ਪ੍ਰਸ਼ਨ ਉਤਰ ਕੀਤੇ। ਫਿਰ ਸਭ ਆਪੋ ਆਪਨੀ ਜਗ੍ਹਾ ਚਲੇ ਗਏ।(ਆਗੇ ਧਿਆਇ ੫੨)

**ਦੋਹਰਾ ॥**

ਸੂਰਜ ਅਸਤਯੋਂ ਪ੍ਰਾਂਚ ਦਿਸ਼ਿ ਭਾ ਸੰਧਯਾ ਕੋ ਕਾਲ ॥
ਆਇ ਜਾਇਂ ਸਿਖ ਪੁਰੀ ਤੇ ਦਰਸਤਿ ਗੁਰੁ ਕ੍ਰਿਪਾਲ ॥

**ਚੌਪਈ ॥**

ਬੂੰਦ ਮਸੰਦ ਥਿਰੇ ਸਭਿ ਆਇ॥ ਜੇ ਗੁਰਬਖਸ਼ ਆਦਿ ਮੁਖਿ ਗਾਇ ॥
ਅੰਤਰ ਵਾਹਿਰ ਭੀਰ ਬਹੁ ਹੋਈ॥ ਧਰੇ ਸ਼ੋਕ ਬੋਲਤ ਨਹਿਂ ਕੋਈ ॥੨॥
ਦਰਸ਼ਨ ਕਰਹਿਂ ਵਾਹਿਰ ਥਿਰ ਹੋਇ॥ ਵਾਹਿਗੁਰੂ ਸਿਮਰਤਿ ਸਭਿ ਕੋਇ॥
ਪੁਰਿ ਕੀ ਸੰਗਤਿ ਕੇ ਸਿਖ ਸਜਾਨੇ॥ ਗੁਰ ਚਰਿੱਤ੍ਰ ਤੇ ਉਰ ਬਿਸਮਾਨੇ ॥੩॥
ਸਭਿ ਗੁਰਬਖਸ਼ ਸੰਗ ਮਿਲਿ ਕਯੋ॥ 'ਅਬਿ ਮਿਲਿ ਗੁਰ ਦਰਸ਼ਨ ਕੋ ਲਯੋ॥
ਸਮਾ ਕਹਨਿ ਕੋ ਲਖਿ ਮਨ ਮਾਂਹੀ॥ ਬੂਝਹੁ ਸਕਲ ਹੋਇ ਕਰਿ ਪਾਹੀ॥੪॥
ਜਬਿ ਹੁਇ ਜੈ ਹੈਂ ਅੰਤਰ ਧਜਾਨ॥ ਰਿਦੇ ਬਿਸੂਰਤਿ ਰਹਹੁ ਮਹਾਨ ॥
ਨਹੀਂ ਸੰਦੇਹ ਹੋਇ ਜਿਸ ਭਾਂਤ॥ ਸੁਨਿਯਹਿ ਗੁਰੂ ਬਾਕ ਬੱਖਜਾਤ ॥੫॥
ਜਥਾ ਕਰਨਿ ਅਰਦਾਸ ਅਗਾਰੀ॥ ਮਿਲਿ ਸਭਿਹੂੰ ਤਿਮ ਭਲੇ ਬਿਚਾਰੀ ॥
ਤਬਿ ਗੁਰਬਖਸ਼ ਭਲੇ ਸਮਝਾਯੋ॥ ਜਿਮ ਇਸ ਸਮੇ ਕਹਨਿ ਬਨਿ ਆਯੋ॥੬॥
ਠਹਿਯੋ ਮਤ ਜਿਮ ਸਭਿਹਿਨਿ ਕੇਰਾ॥ ਕਹਿਬੇ ਹਿਤ ਅਗੋਰ ਸੋ ਪ੍ਰੇਰਾ॥
ਭਏ ਸੰਗ ਤਿਸ ਕੇ ਸਿਖ ਸਜਾਨੇ॥ ਗੁਰ ਮ੍ਰਿਜਾਦ ਜੇ ਚਹਤਿ ਮਹਾਨੇ ॥੭॥
ਆਗੇ ਸਤਿਗੁਰ ਕੀਨਸਿ ਤਜਾਰੇ॥ ਕੁਸ਼ ਕੋ ਆਸਤਰਨ ਛਿਤ ਡਾਰੇ॥
ਦਾਸਨਿ ਸੋਂ ਕਹਿ ਕਹਿ ਕਰਿਵਾਵੈ॥ ਸੁਨਤਿ ਬਿਲੋਚਨ ਜਲ ਦ੍ਰਿਗ ਛਾਵੈ॥੮॥
ਘਟਿਕਾ ਚਾਰ ਬਿਤੀਤਨਿ ਕਰੇ॥ ਤਬਿ ਗੁਰਬਖਸ਼ ਅੰਗ ਹੁਇ ਖਰੇ ॥
ਸਭਿ ਕੇ ਹਿਤ ਕੀ ਸ਼ੁਭ ਅਰਦਾਸ॥ ਕਰੀ ਗੁਰੂ ਕੇ ਪਾਸ ਪ੍ਰਕਾਸ਼ ॥੯॥
ਪ੍ਰਥਮ ਲੀਏ ਸਭਿ ਗੁਰ ਕੇ ਨਾਮ॥ ਜਿਨ ਕੋ ਸੁਜਸੁ ਜਗਤ ਅਭਿਰਾਮ॥
ਸਭਿ ਸੰਗਤਿ ਕੀ ਬਿਨੈ ਸੁਨੀਜੈ॥ ਬਿਰਦ ਕ੍ਰਿਪਾਲੁ ਕ੍ਰਿਪਾ ਨਿਜ ਕੀਜੈ ॥੧੦॥
ਸਪਤਮ ਸਤਿਗੁਰ ਸ੍ਰੀ ਹਰਿਰਾਇ॥ ਸੁਤ ਤਜਿ ਬਡੋ ਨ ਉਚਿਤ ਲਖਾਇ॥

ਅਪਨੇ ਬਦਨ ਲਗਾਯਵ ਨਹੀਂ॥ ਗੁਰਤਾ ਦੇਨੀ ਤੌ ਕਿਤ ਰਹੀ॥੧੧॥
ਤੁਮ ਕੌ ਨਿਜ ਅਸਥਾਨ ਬਿਠਾਏ॥ ਸਭਿ ਬਿਧਿ ਉਚਿਤ ਜਾਨਿ ਹਰਖਾਏ॥
ਕਿਤਿਕ ਮਾਸ ਜੁਗ ਸੰਮਤ ਬੀਤੇ॥ ਜਬਿ ਕੇ ਜਗਤ ਗੁਰੂ ਤੁਮ ਕੀਤੇ॥੧੨॥
ਤਬ ਕੀ ਸੰਗਤ ਸਰਬ ਸਮ੍ਹਾਲੀ॥ ਸਿੱਖੀ ਰੀਤਿ ਭਲੇ ਪ੍ਰਤਿਪਾਲੀ ॥
ਚਹਤਿ ਭਏ ਅਬਿ ਅੰਤਰ ਧਜਾਨ॥ ਨਹੀਂ ਬਿਠਾਯੋ ਕੋ ਨਿਜ ਥਾਨ॥੧੩॥
ਅਬਿ ਸਭਿ ਸੰਗਤਿ ਮਿਲੀ ਬਸੂਰਤ॥ ਨਹਿਨ ਬਿਲੋਕਹੇਂਗੇ ਤੁਮ ਮੂਰਤਿ॥
ਰਾਵਰ ਨੇ ਕਿਸ ਕੇ ਲੜ ਲਾਈ॥ ਰੀਤਿ ਪ੍ਰਥਮ ਗੁਰੂਅਨਿ ਚਲਿ ਆਈ॥੧੪॥
ਕਰਹੁ ਆਪ ਭੀ ਤਿਨਹੁ ਸਮਾਨ॥ ਜਿਸ ਤੇ ਸਿੱਖੀ ਰਹੈ ਜਹਾਨ॥
ਜੇ ਨਾ ਕਰਹੁਗੇ ਪੁਰੇਬ ਰੀਤਿ॥ ਜਾਨੀ ਪਰਹਿ ਸੁ ਹੁਇ ਬਿਪਰੀਤ॥੧੫॥
ਬਿਚਲ ਜਾਇਗੀ ਸੰਗਤ ਸਾਰੀ॥ ਕੇ ਚਿਤ ਹੁਇ ਮੀਣਨਿ ਅਨੁਸਾਰੀ॥
ਧੀਰਮੱਲ ਕੋ ਮਾਨਹਿ ਕੋਈ॥ ਕੋ ਸਿਖ ਰਾਮਰਾਇ ਕੋ ਹੋਈ॥੧੬॥
ਇੱਯਾਦਿਕ ਸੋਢੀ ਜੇ ਔਰ॥ ਲੇ ਬਿਰਮਾਇ ਆਪਨੀ ਠੌਰ ॥
ਬਿਨ ਗੁਰ ਸੰਗਤਿ ਹੈ ਥਿਰੁ ਕੋਇ ਨ॥ ਜਥਾ ਤ੍ਰਿਪਤਿ ਬਿਨੁ ਸੈਨਾ ਹੋਇ ਨ॥੧੭॥
ਰਹੈ ਨ ਜਬਿ ਗਾਦੀ ਕੋ ਮਾਲਿਕ॥ ਧਨ ਹਿਤ ਅਪਰ ਬਹਿੰ ਤਤਕਾਲਿਕ ॥
ਸ਼ਕਤਿ ਹੀਨ ਜੇ ਹੁਇ ਗੁਰ ਔਰਾ॥ ਆਪਸ ਬਿਖੈ ਪਾਇ ਬਡ ਰੌਰਾ॥੧੮॥
ਸਜਾਨੇ ਸਮਝਹਿ ਤਬਿ ਹਰਿ ਜਾਇ॥ ਇਸ ਗੁਰ ਸਿੱਖੀ ਜਗਹਿ ਬਿਲਾਇ॥
ਸ੍ਰੀ ਨਾਨਕ ਤੇ ਆਦਿਕ ਭਏ॥ ਜਗ ਮਹਿ ਸਿਖੀ ਕੋ ਦਿਢ ਕਿਏ॥੧੯॥
ਸੋ ਨਹਿ ਬਿਨਸਹਿ ਜਮ ਜਗ ਮਾਂਹੀ॥ ਉਚਿਤ ਕਰਨਿ ਕੇ ਹੋ ਬਿਧਿ ਤਾਂਹੀ॥
ਨਾਂਹਿ ਤ ਡੋਲ ਜਾਇਗੀ ਸੰਗਤ॥ ਬੈਠਨਿ ਲਗਹਿ ਅਪਰ ਕੀ ਪੰਗਤ॥੨੦॥
ਜੋ ਗੁਰੂ ਗ੍ਰੰਥ ਆਪ ਨੇ ਭਨਯੋਂ॥ ਸੋ ਸਗਰੇ ਸਿੱਖਨਿ ਹੂੰ ਸਨੁਯੋਂ ॥
ਲਿਖਿ ਲੈ ਹੈਂ ਅਬਿ ਸੋਢੀ ਸਾਰੇ॥ ਬੈਠਹਿ ਮਾਨੀ ਗੁਰ ਹੁਇ ਭਾਰੇ॥੨੧॥
ਯਾਂਤੇ ਸੰਗਤਿ ਕਿਸ ਲੜ ਲਾਵਹੁ॥ ਗੁਰਤਾ ਉਚਿਤ ਜਾਂਹਿ ਲਖਿ ਪਾਵਹੁ॥
ਪਰਿ ਕੀ ਸੰਗਤਿ ਮਿਲਿ ਸਮੁਦਾਈ॥ ਇਮ ਅਰਦਾਸ ਕਰਤਿ ਅਗੁਵਾਈ ॥੨੨॥
ਸੁਨਿ ਕਰਿ ਸ਼੍ਰੀ ਹਰਿਕ੍ਰਿਸ਼ਨ ਕ੍ਰਿਪਾਲਾ॥ ਜਥਾ ਜੋਗ ਜਾਨੀ ਤਿਸੁ ਕਾਲਾ॥
ਗੁਰੂ ਹੋਇ ਸੋ ਛਪੈ ਨ ਕੈਸੇ॥ ਬਿਦਤਹਿ ਗਗਨ ਚਢੇ ਰਵਿ ਜੈਸੇ॥੨੩॥
ਤਉ ਰੀਤਿ ਪੁਰੇਬ ਗੁਰ ਕੇਰੀ॥ ਹਮ ਕੋ ਕਰੀ ਚਹਿਯ ਇਸ ਬੇਰੀ॥
ਇਮ ਬਿਚਾਰੁ ਕਰਿ ਨਿਰਨੈ ਲਯੋ॥ ਬੋਲੇ ‘ਜਥਾਜੋਗ ਤੁਮ ਕਹਯੋ ॥੨੪॥
ਪੈਸੇ ਪੰਚ ਨਲੇਰ ਮੰਗਾਵਹੁ॥ ਸਭਿ ਸੰਗਤਿ ਕੋ ਨਿਕਟਿ ਬਿਠਾਵਹੁ॥
ਭਾਰੀ ਗੁਰ ਬਿਦਤਹਿ ਜਗ ਮਾਂਹੀ॥ ਜਿਸ ਤੇ ਦੰਭੀ ਗੁਰ ਦੂਰ ਜਾਂਹੀ॥੨੫॥
ਸਿੱਖ ਹਜ਼ਾਰਹੁੰ, ਲਾਖਹੁੰ, ਕੋਟ॥ ਉਧਰਹੇਂਗੇ ਜਿਸ ਕੀ ਲੇ ਓਟ ॥
ਧਰਹਿ ਧਰਾ ਸਮ ਧੀਰਜ ਭਾਰੀ॥ ਸਸਿ ਸੂਰਜ ਸਮੇਂ ਪਰਉਪਕਾਰੀ॥੨੬॥
ਸਿੱਖੀ ਦਿਢ ਐਸੀ ਜਗ ਕਰੈ॥ ਜੇ ਬੇਮੁਖ ਸਭਿ ਪੈਰੀ ਪਰੈਂ ॥

ਮਹਾਂ ਪ੍ਰਤਾਪ ਸਭਿਨਿ ਪਰ ਛਾਵੈ॥ ਕੁਛ ਤੇ ਕੁਛ ਕਰਿ ਕੈ ਦਿਖਰਾਵੈਂ॥੨੭॥
ਸੁਨਿ ਸ਼੍ਰੀ ਮੁਖ ਤੇ ਬਚਨ ਸੁਹਾਏ॥ ਸੁਨਤਿ ਜਿ ਸਗਰੇ ਸੀਸ ਨਿਵਾਏ॥
ਧਾਇ ਗਯੋ ਆਯੋ ਤਤਕਾਲਾ॥ ਪੈਸੇ ਪੰਚ ਨਰੇਲ ਬਿਸਾਲਾ॥੨੮॥
ਕੰਚਨ ਬਾਰ ਬਿਖੈ ਧੁਰਿ ਦੀਨਿ॥ ਚੰਦਨ ਪੁਸ਼ਪ ਧੁਪ ਸ਼ੁਭ ਕੀਨਿ॥
ਸੰਗਤ ਸਗਰੀ ਨਿਕਟ ਬੁਲਾਈ॥ ਜਿਸ ਮਹਿੰ ਸਯਾਨੇ ਸਿਖ ਸਮੁਦਾਈ॥੨੯॥
ਹਾਥਨਿ ਜੋਰਿ ਨਾਥ ਗੁਰ ਆਗੇ॥ ਨਮੋ ਕਰਹਿ ਕੋ ਚਰਨੀ ਲਾਗੇ ॥
ਘ੍ਰਿਤ ਕੀ ਜਰਹਿ ਮਸਾਲ ਅਗਾਰੀ॥ ਅਪਰ ਸੁਗੰਧਨਿ ਬਹੁ ਮਹਿਕਾਰੀ॥੩੦॥
ਸਭਾ ਲਗਾਇ ਜਥੋਚਿਤ ਸਾਰੇ॥ ਬੈਠੇ ਚਹੁੰਦਿਸਿ ਗੁਰ ਪਰਵਾਰੇ॥
ਧਰੇ ਮੌਨ ਸਭਿ ਹੋਰਨਿ ਕਰੈਂ॥ ਸੁਨੈ ਸੁਨੈ ਗੁਰ ਸਿਮਰਨਿ ਧਰੈਂ॥੩੧॥
ਸ਼੍ਰੀ ਹਰਿਕ੍ਰਿਸ਼ਨ ਦਰਸ ਕਹੁ ਦਾਨ॥ ਦੀਨਹੁ ਕੀਨਿ ਜਨਨ ਕਲਜਾਨ॥
ਤਯੋ ਪ੍ਰਯੰਕ ਤਰੇ ਗੁਰ ਭਏ॥ ਕੁਸ਼ ਕੋ ਆਸਤਰਨ ਥਿਰ ਥਿਏ॥੩੨॥
ਕੰਚਨ ਥਾਰ ਨਿਕਟਿ ਕਰਿਵਾਯੋ॥ ਦੇਖਿ ਦਾਹਿਨੋ ਹਾਥ ਉਠਾਯੋ ॥
ਮ੍ਰਿਦੁਲ ਮਨਿੰਦ ਕਮਲ ਕੇ ਜੋਇ॥ ਪ੍ਰੇਰਨ ਕਰਯੋ ਪਿਖਹਿ ਗੁਨ ਸੋਇ॥੩੩॥
ਪੈਸੇ ਪੰਚ ਉਠਾਵਨਿ ਕਰੇ॥ਸ਼੍ਰੀ ਫਲ ਸਾਥ ਹਾਥ ਮਹੁ ਧਰੇ॥
ਕੀਨਿ ਮੰਡਲਾਕ੍ਰਿਤ ਬਾਰੀ॥ ਧਯੋ ਸੁਧਜਾਨ ਪ੍ਰਕ੍ਰਮਾ ਧਾਰੀ॥੩੪॥
ਲੇਪਨ ਕਰੀ ਭੂਮ ਜਹਿੰ ਪਾਵਨ॥ ਨਿਜ ਕਰ ਤੇ ਤਹਿ ਕਰੇ ਟਿਕਾਵਨਿ ॥
ਹਾਥ ਜੋਰਿ ਪੁਨ ਬੰਦਨ ਠਾਨੀ॥ ਨੇਤ੍ਰ ਉਘਾਰਿ ਕਹੀ ਮੁਖ ਬਾਨੀ॥੩੫॥
ਬਾਬਾ ਬਸਹਿ ਜਿ ਗ੍ਰਾਮ ਬਕਾਲੇ॥ ਬਨਿ ਗੁਰ, ਸੰਗਤਿ ਸਕਲ ਸਮਾਲੇ॥
ਇਮ ਸੁਨਾਇ ਸਭਿਹਿਨਿ ਸੋਂ ਕਯੋ॥ ਸਿੱਖਨਿ ਉਚ ਨਿਸ਼ਚੈ ਤਬਿ ਲਹਯੋ॥੩੬॥
ਨਹੀਂ ਨਾਮ ਲੀਨਸਿ ਤਿਸ ਬੇਰਾ॥ ਤਊ ਲਖਯੋ ਸਭਿ-ਗੁਰੂ ਬਡੇਰਾ॥
ਬਿਦਤਰਿ ਆਪ ਛਯੋ ਨਹਿੰ ਰਹੈ॥ ਇਸ ਬਿਚਾਰੁ ਕਰਿ ਕੋਇ ਨ ਕਹੈ॥੩੭॥
ਸਭਿ ਕੀ ਇੱਛਾ ਪੂਰਨ ਕਰੀ॥ ਗ੍ਰੀਵ ਨਿਵਾਇ ਨੰਮ੍ਰਤਾ ਧਰੀ ॥
ਨਮੋ ਕਰਹਿ ਸਭਿ ਆਦਿ ਮਸੰਦ॥ ਧਰੇ ਸ਼ੋਕ ਉਹ ਅਧਿਕ ਅਨੰਦ॥੩੮॥
ਕਰਯੋ ਹੁਕਮ ਸਤਿਗੁਰ ਢਿਗ ਦਾਸ॥ ਅਬਿ ਸੰਗਤਿ ਕੀ ਪੂਰਨ ਆਸ॥
ਕਹੋ ਸਭਿਨਿ ਸੌਂ ਪਰ ਅਗਾਰੀ॥ ਥਿਰਹੁ ਕਰਹੁ ਸਤਿਨਾਮ ਉਚਾਰੀ ॥੩੯॥

ਤੁਰਕ ਕੋ ਦਰਸ਼ਨ ਨਹੀਂ ਦਿੱਤਾ। ਜੋਤੀ ਜੋਤਿ ਸਮਾਏ। 'ਬਾਬਾ ਬਕਾਲੇ ਮੇਂ ਹੈਂ' ਕਹਿ ਗਏ। ਅੱਠ ਬਰਸ ਕੀ ਉਮਰ ਸੀ।

## ਸਤਿਗੁਰੂ ਤੇਗ ਬਹਾਦੁਰ ਜੀ

ਪਹਿਲੇ ਕਾਮਰੂਪ ਦੇਸ ਜਾਇ ਸਰ ਕੀਤਾ। ਏਕ ਰਾਜਾ ਉਪਮਾ ਸੁਣਕੇ ਆਇਆ, ਪੁੱਤਰ ਦਾ ਵਰ ਲਿਆ ਤੇ ਸਿਖ ਬਣਿਆ। ਜੰਞੂ ਔਰੰਗਾ ਲਾਹੁੰਦਾ ਸੀ। ਕਸ਼ਮੀਰ ਕੇ ਬ੍ਰਾਹਮਣ ਸਰਨੀਂ ਆਇ ਪਏ। ਧਰਮ ਹੇਤ ਦਿੱਲੀ ਗਏ। ਕਰਾਮਾਤ ਨਹੀਂ ਦਿਖਾਈ ਸੀਸ ਦੇ ਦਿੱਤਾ। ਸੀਸ ਤਾਂ

ਸਿਖ ਕੀ ਝੋਲੀ ਮੈ ਆਇ ਪਿਆ, ਧੜ ਗਡਿਆਂ ਵਿਚ ਰੱਖ ਦਿੱਤਾ। ਸੀਸ ਸਿਖ ਅਨੰਦਪੁਰੇ ਲੈ ਗਿਆ। ਗੁਰੂ ਗੋਬਿੰਦ ਸਿੰਘ ਜੀ ਤੋਂ ਲੈ ਕੇ ਸਭਨੇ ਸੀਸ ਨਵਾਇਆ ਅਤੇ ਸਾਰੀ ਸੰਗਤ ਨੇ ਸੀਸ ਦਾ ਦਰਸ਼ਨ ਕੀਤਾ। ਚੰਦਨ ਕੀ ਚਿਖਾ ਬਨਾਇ ਦਾਹ ਕੀਤਾ। ਧੜ ਲੁਬਾਣੇ ਸਿਖ ਨੇ ਰੂਈ ਦੀ ਗੁਣੀ ਵਿਚ ਪਾਇਕੇ ਲੈ ਆਂਦਾ। ਰਾਤੋਂ ਰਾਤ ਦਾਹ ਕਰਕੇ ਦੋ ਗਾਗਰਾਂ ਭਰਕੇ ਬਿਭੂਤ ਕੀਆਂ ਧਰਤੀ ਮੈ ਦਬਾਇ ਦਿਤੀਆਂ। ਧੰਨ ਗੁਰੂ ਤੇਗ ਬਾਹਾਦਰ ਜੀ।

## ਸਤਿਗੁਰੂ ਗੋਬਿੰਦ ਸਿੰਘ ਸਾਹਿਬ ਜੀ

ਪਹਿਲੇ ਲਾਹੌਰ ਰਚਿਆ। ਸ਼ਕਤੀ ਨਾਲ ਜਲ ਕਢਿਆ ਪਹਾੜ ਵਿਚੋਂ ਪੱਥਰ ਪਰ ਨੇਜਾ ਮਾਰਕੇ। ਸ਼ਕਤੀ ਪ੍ਰਗਟ ਕੀਤੀ ਤੇ ਪੰਜ ਪਿਆਰੇ ਸਾਜੇ। ਅੰਮ੍ਰਿਤ ਤਿਆਰ ਕਰਨ ਲਗੇ। ਸਿਖਾਂ ਦੇ ਸਿਰ ਕਟਕੇ ਫੇਰ ਲਾਏ। ਪਹਿਲੇ ਪੰਜਾਂ ਸਿਖਾਂ ਕੋ ਅੰਮ੍ਰਿਤ ਛਕਾਇਆ ਫੇਰ ਆਪ ਛਕਿਆ। ਸ਼ੇਰ ਕਾ ਬੁਰਕਾ ਪੈਨਾਇਆ, ਪੰਜਾ ਕਕਿਆਂ ਦੀ ਰੀਤੀ ਦਸੀ। ਕਛਹਿਰੇ ਪਵਾਏ, ਕੇਸ ਰਖਾਏ, ਰਾਜ ਦਾ ਸਾਜ ਸਰਬ ਖਾਲਸੇ ਕੋ ਦੀਆ। ਫੇਰ ਰਾਜੇ ਦਾ ਪੁੱਤਰ[1] ਆਇਆ ਦਰਸ਼ਨ ਨੂੰ। ਪਾਂਚ ਪ੍ਰਕਾਰ ਕੀ ਸਮਗ੍ਰੀ ਲਿਆਇਆ ਇਕ ਪ੍ਰਸਾਦੀ ਹਾਥੀ, ਚੌਕੀ ਸੰਦਲ ਕੀ, ਪੰਜ ਕਲਾ ਸ਼ਸਤ੍ਰ, ਬਾਜ, ਪੰਜ ਘੋੜੇ। ਪ੍ਰਸਾਦੀ ਹਾਥੀ ਪਹਾੜੀਆਂ ਨੇ ਮੰਗਿਆ, ਨਾ ਦੀਆ ਤਾਂ ਜੁੱਧ ਹੋਏ। ਤੁਰਕਾਂ ਕੇ ਨਾਲ ਮਿਲਕੇ ਫੌਜਾਂ ਲਿਆਇ ਦਿਲੀਓਂ ਜੁੱਧ ਕੀਤੇ। ਚਮਕੌਰ ਸਾਹਿਬ ਤੁਰਕਾਂ ਨਾਲ ਜੁੱਧ ਕਰਕੇ ਉੱਚ ਕਾ ਪੀਰ ਬਣ ਕੇ ਨਿਕਲੇ। ਮਾਛੀਵਾੜੇ ਵਿਚੋਂ ਦੀਨੇ[2] ਮੈ ਗਏ। ਢਿਲਵੀਂ ਜਾਇਕੇ ਨੀਲੇ ਕਪੜੇ ਫਾੜੇ ਤੇ ਸ੍ਰੀ ਗ੍ਰੰਥ ਸਾਹਿਬ ਕੀ ਤੁਕ ਉਲਟਾਈ 'ਨੀਲ ਵਸਤ੍ਰ ਲੇ ਕਪਰੇ ਫਾਰੇ ਤੁਰਕ ਪਠਾਣੀ ਅਮਲ ਗਇਆ।'ਹਕਾਇਤਾਂ ਲਿਖਕੇ ਔਰੰਗੇ ਪਾਸ ਭੇਜੀਆਂ, ਪੜਕੇ ਤੁਰਕ ਮਰ ਗਿਆ। ਅਬਚਲ ਨਗਰ ਜਾਇਕੇ ਬੰਦੇ ਨੂੰ ਭੇਜਕੇ ਤੁਰਕ ਮਰਵਾਏ, ਵੈਰ ਲੀਤਾ ਸਾਹਿਬਜ਼ਾਦਿਓਂ ਕਾ। ਅਬਚਲ ਨਗਰ ਸੇ ਗੁਪਤ ਹੋਇ ਕਰ ਭਾਦਰੇ ਨਾਭੇ ਆਏ। ਖਾਲਸੇ ਕੋ ਕਈ ਬੇਰ ਜੁੱਧਾਂ ਮੈਂ ਸਹਾਇਤਾ ਕਰੀ। ਹਜ਼ਰੋਂ ਜਾਇ ਕਰ ਗੁਰੂ ਬਾਲਕ ਸਿੰਘ ਜੀ ਕੋ ਗੁਰਤਾ ਦਈ।

## ਸਤਿਗੁਰੂ ਬਾਲਕ ਸਿੰਘ ਜੀ

ਜਿਨ੍ਹਾਂ ਨੇ ੧੯ ਸਾਲ ਨੀਂਦ ਨਹੀਂ ਕੀਤੀ, ਇਕ ਰਸ ਨਾਮ ਜਪਿਆ। ਗੁਰੂ ਗੋਬਿੰਦ ਸਿੰਘ ਜੀ ਨੇ ਪਰਤੱਖ ਦਰਸ਼ਨ ਦਿਤਾ ਤੇ ਗੁਰਿਆਈ ਦਿਤੀ। ਗੁਰੂ ਜੀ ਗੁਪਤ ਸੇ ਪ੍ਰਗਟ ਹੋਏ। ਜੋ ਮੁਸਲਮਾਨ ਆਵੇ ਉਸਨੂੰ ਬਚਨ ਕਰਨਾ ਕਿ ਜੰਗਲ ਮੈ ਜਾਇ ਨਾਇਕੇ ਹਥ ਉਠਾਇਕੇ ਆਖੀਂ ਐ ਰੱਬ ਜੋ ਇਸ ਜਮਾਨੇ ਕੀ ਬੰਦਗੀ ਹੈ ਸੋ ਮੈਨੂੰ ਮਿਲੇ। ਉਸੀ ਤਰ੍ਹਾਂ ਉਸ ਜਾਇਕੇ ਬੰਦਗੀ ਮੰਗਣੀ, ਅਕਾਸਬਾਣੀ ਸੇ ਗੁਰਮੰਤਰ ਸੁਣਾਇਆ ਜਾਣਾ। ਦਿਨੋ ਦਿਨ ਪ੍ਰਗਟ ਹੋਣੇ ਲਗੇ। ਸੁਣਕੇ ਕਾਬਲ ਤੱਕ ਕੇ ਸਿੰਘ ਔਣੇ ਲਗੇ। ਪੰਜਾਬ ਸੇ ਭੀ ਕਈ ਭਜਨ ਲੈ ਆਏ। ਹਜ਼ਰੋਂ ਕੇ ਲੋਕ ਭਜਨ ਲੈ ਕੇ ਬਹੁਤ ਸਿਖ ਹੋਏ। ਆਪਸ ਮੈਂ ਸ਼ਬਦ ਪੜ੍ਹਨਾ ਸ਼ੁਰੂ ਕੀਤਾ। ਸਵਾ ਪਹਿਰ ਰਾਤ ਨਾਲ ਇਸ਼ਨਾਨ

---

1 ਰਤਨ ਰਾਏ।

2 ਦੀਨਾ ਕਾਂਗੜ ਜਿੱਥੇ ਜ਼ਫ਼ਰਨਾਮਾ ਲਿਖਿਆ

ਕਰਨਾ, ਆਸਾ ਦੀ ਵਾਰ ਲਾਉਣੀ। ਫੇਰ ਕਥਾ ਕਰਨੀ ਸ੍ਰੀ ਗ੍ਰੰਥ ਸਾਹਿਬ ਜੀ ਕੀ। ਸੂਰਜ ਚੜ੍ਹਨ ਤੇ ਕਿਰਤ ਕਰਨ ਜਾਣਾ। ਮਾੜੇ ਕਰਮਾਂ ਥੀਂ ਹਟਾਇਕੇ ਚੰਗੇ ਕਰਮੀਂ ਜੀਵ ਲਾਇ ਦੀਏ।

## ਸ੍ਰੀ ਸਤਿਗੁਰੂ ਰਾਮ ਸਿੰਘ ਜੀ

ਪਹਿਲੇ ਲਾਹੌਰ ਮੈ ਨੌਕਰੀ ਕੀਤੀ। ਹਜ਼ਰੋਂ ਸਾਹਿਬ ਥੀਂ ਭਜਨ ਅਰੁ ਗੁਰਤਾ ਲੈ ਆਏ। ਅਨੇਕ ਚੋਜ ਨੌਕਰੀ ਮੈ ਕੀਤੇ, ਮਲੇਛ ਖਾਲਸੇ ਕੋ ਗਾਲ਼ ਕੇ ਆਏ। ੧੧ ਮਹੀਨੇਂ ਮਸਤਾਨੀ ਬਿਰਤੀ ਮੈ ਰਹੇ, ਫੇਰ ਖੇਤੀ ਕੀਤੀ। ਚਉਦੇ ਸਾਲ ਮੈ ਦਾਣੇ ਖ੍ਰੀਦੇ, ਸੋਲੇ ਸਤ੍ਹਾਰੇ ਮੇਂ ਕਾਲ ਪਿਆ, ਬਹੁਤ ਨਫਾ ਆਇਆ। ਫੇਰ ੧੯੧੮ ਮੈ ਗੰਗਾ ਗਏ, ਆਇਕੇ ਸੂਬੇ ਥਾਪੇ। ਮੜ੍ਹੀ ਗੋਰਾਂ ਸਿਖਾਂ ਨੇ ਢਾਹੀਆਂ। ਫੇਰ ਕੋਟਲੇ ਪਰ ਧਾਵਾ ਕੀਤਾ, ਤੁਰਕ ਮਾਰੇ। ਗਊ ਬਧ ਹੁੰਦਾ ਸੀ, ਨਾਲੇ ਦਸਮ ਪਾਤਸ਼ਾਹ ਨੇ ਲਿਖਿਆ ਸੀ 'ਅੱਸੀ ਸੀਸ ਖਾਲਸੇ ਦੀਨੇ, ਧਰਮ ਛੀਨ ਤੁਰਕਨ ਕੇ ਕੀਨੇ। ਤਾਂ ਸਤਿਗੁਰੂ ਦਰਸਨ ਪ੍ਰਤਾਪਾ। ਰੰਗੂਨ ਦੇਸ ਕੇ ਨਾਸੇ ਪਾਪਾ।[1]' ਸਤਿਗੁਰੂ ਜੀ ਮੁੜਕੇ ਆ ਕੇ ਧਰਮ ਸਾਰੀ ਪ੍ਰਿਥਵੀ ਤੇ ਵਰਤਾਵਣਾ ਹੈ। ਜੋਤ ਕਾ ਜਾਮਾ ਧਾਰਿਆ ਹੈ ਗਊ ਗਰੀਬ ਕਾ ਭਲਾ ਕਰਨੇ ਕੋ।

## ਸਤਿਗੁਰੂ ਹਰੀ ਸਿੰਘ ਜੀ

ਜਿਨ੍ਹਾ ਦਾ ਦਰਸ਼ਨ ਕਰਕੇ ਮਨ ਸੁੱਕਾ ਹਰਿਆ ਹੋਇ ਜਾਂਦਾ ਹੈ, ਕੰਵਲ ਟਹਿਕ ਆਉਂਦੇ ਹੈਂ। ਗੁਰੂ ਹਰੀ ਸਿੰਘ ਜੀ ਖੇਤੀ ਕਰਦੇ ਸੀ। ਪੰਥ ਤੁਰਿਆ ਹੋਇਆ ਸੀ, ਨਾਲੇ ਪਿੰਡ ਕੀ ਕਾਰ ਕਰਨੀ। ਵੱਖੋ ਵੱਖ ਸੇ। ਇਉਂ ਗੁਰੂ ਜੀ ਗੁਪਤ ਰਹੇ। ਜਾ ਸਤਿਗੁਰੂ ਰਾਮ ਸਿੰਘ ਜੀ ੬ ਮਹੀਨੇ ਪਰਦੇਸ ਜਾਣ ਤੋਂ ਅਗੇ ਅਕਾਲ ਬੁੰਗੇ ਖੜੇ ਸੇ, ਗੁਰੂ ਹਰੀ ਸਿੰਘ ਜੀ ਹਲ ਮੋਢੇ ਤੇ ਧਰੀ ਆਉਂਦੇ ਸੀ। ਸਤਿਗੁਰੂ ਜੀ ਬਚਨ ਕੀਤਾ ਭਾਈ ਤੂੰ ਹੁਣ ਹਲ ਏਥੇ ਹੀ ਰਖਦੇ, ਏਹ ਕਿਰਤ ਕੋਈ ਔਰ ਕਰਨਗੇ ਤੁਸੀਂ ਲੰਗਰੋਂ ਪ੍ਰਸ਼ਾਦ ਛਕੋ ਤੇ ਭਜਨ ਬਾਣੀ ਕਰੋ। ਬਚਨ ਮੰਨਕੇ ਉਥੇ ਹੀ ਹਲ ਰੱਖ ਦਿਤਾ। ਰਾਤ ਦਿਨੇ ਲੱਗੇ ਭਜਨ ਕਰਨ। ਸਤਿਗੁਰੂ ਰਾਮ ਸਿੰਘ ਜੀ ਜਾਂ ਪਰਾਗਰਾਜ ਗਏ, ਉਥੇ ਫਰੰਗੀ ਨੇ ਪੁਛਿਆ ਤੁਹਾਡਾ ਵਾਰਸ ਕੌਣ ਹੈ ? ਸ੍ਰੀ ਸਤਿਗੁਰੂ ਜੀ ਬਚਨ ਕੀਤਾ ਕਿ ਮੇਰਾ ਭਾਈ ਬੁੱਧ ਸਿੰਘ ਹੈ। ਅਠਾਰਵੇਂ ਦਿਨ ਕੁੰਜੀਆਂ ਮਿਲੀਆਂ ਗੁਰੂ ਹਰੀ ਸਿੰਘ ਜੀ ਕੋ। ਸੱਚੇ ਖ਼ਜਾਨੇ ਸੁਭਾਲੇ, ਲੱਗੇ ਹਿਤ ਨਾਲ ਵਰਤਣ। ਤੀਏ ਵਰ੍ਹੇ ਪਾਛੇ ਬਾਬਾ ਦਰਬਾਰਾ ਸਿੰਘ ਗਿਆ। ਰੰਗੂਨ ਜਾਇ ਦਰਸ਼ਨ ਕੀਤਾ। ਉਥੋਂ ਹੁਕਮਨਾਮੇ ਮੈ ਲਿਖ ਭੇਜਿਆ ਸੀ ਕਿ ਇਨ੍ਹਾਂ ਦਾ ਨਾਮ ਹਰੀ ਸਿੰਘ ਹੈ, ਪੰਥ ਰੂਪੀ ਬਗੀਚੇ ਨੂੰ ਹਰਿਆਂ ਰਖੇਗਾ। ਮੇਰੇ ਧੱਕੇ ਹੋਏ ਨੂੰ ਏਹ ਬਖ਼ਸਾ ਲਏਗਾ, ਇਸ ਦੇ ਧੱਕੇ ਹੋਏ ਨੂੰ ਕਿਸੇ ਨਹੀਂ ਬਖ਼ਸ਼ਣਾ, ਨਾ ਮੈ ਹੀ ਬਖ਼ਸ਼ਾਂਗਾ। ਏਕ ਦਿਨ ਸੰਤੋਖ ਸਿੰਘ ਨੇ ਗੁਰੂ ਹਰੀ ਸਿੰਘ ਜੀ ਕੇ ਹਜ਼ੂਰ ਅਰਜ਼ ਕੀਤੀ ਜੀ ਅਸੀਂ ਕਿਮੇ ਅਰਦਾਸਾ ਕਰੀਏ। ਗੁਰੂ ਜੀ ਬਚਨ ਕੀਤਾ ਬਾਰਾਂ ਪਾਤਸ਼ਾਹੀਆਂ ਕਾ ਅਰਦਾਸਾ ਕੀਤਾ ਕਰੋ, ਜੈਸਾ ਕਿ :-

---

1 ਪ੍ਰਹਿਲਾਦ ਸਰ ਵਾਲੀ ਪੋਥੀ।

ੴ
ਵਾਹਿਗੁਰੂ ਜੀ ਕੀ ਫਤੇ॥
ਸ੍ਰੀ ਭਗਉਤੀ ਜੀ ਸਹਾਇ॥ ਪਾਤਸ਼ਾਹੀ ੧੨॥
ਪ੍ਰਿਥਮ ਭਗੌਤੀ ਸਿਮਰਿ ਕੈ ਗੁਰ ਨਾਨਕ ਲਈ ਧਿਆਇ॥
ਫਿਰਿ ਅੰਗਦ ਗੁਰ ਤੇ ਅਮਰਦਾਸ ਰਾਮਦਾਸੈ ਹੋਈ ਸਹਾਇ॥
ਅਰਜਨ ਹਰਿਗੋਬਿੰਦ ਨੂੰ ਸਿਮਰੌ ਸ੍ਰੀ ਹਰਿਰਾਇ॥
ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸੁ ਡਿਠੇ ਸਭ ਦੁਖੁ ਜਾਇ॥
ਤੇਗ ਬਹਾਦਰ ਸਿਮਰੀਐ ਘਰਿ ਨਉ ਨਿਧਿ ਆਵੈ ਧਾਇ॥
ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਭ ਥਾਈਂ ਹੋਇ ਸਹਾਇ॥
ਸ੍ਰੀ ਗੁਰੂ ਬਾਲਕ ਸਿੰਘ ਜੀ ਸਿਮਰੀਏ ਜਿਨ ਮਾਰਗ ਦੀਆ ਬਤਾਇ॥
ਅਕਾਲ ਪੁਰਖ ਅੰਤਰਜਾਮੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਜਿਨ ਜਮ ਤੇ ਲੀਆ ਛਡਾਇ॥ [1]
ਜਿਸ ਕਾਰਜ ਕਾ ਅਰਦਾਸਾ ਕਰਨਾ ਹੋਵੇ ਉਸ ਕਾ ਨਾਉ ਲੈ ਲੈਣਾ॥

◆

1 ਵਰਤਮਾਨ ਸਮੇਂ ਦੀ ਅਰਦਾਸ ਲਈ ਸੰਮਤ ੨੦੫੭ ਬਿ. ਵਿੱਚ ਛਪੇ 'ਨਾਮਧਾਰੀ ਨਿਤਨੇਮ' ਗੁਟਕੇ ਦਾ ਪੰਨਾ ੬੯੭ ਦੇਖੋ।

# ਜਿਵੇਂ ਪ੍ਰਮੇਸਰ ਜੀ ਸ੍ਰਿਸ਼ਟੀ ਰਚੀ

ਪ੍ਰਿਥਮੇ ਅੰਧ ਧੁੰਧ ਛਾਇਆ ਹੋਇਆ ਸੀ। ਸੂਰਜ ਚੰਦਰਮਾ ਧਰਤੀ ਆਕਾਸ ਕੁਝ ਨਾ ਥਾ। ਪ੍ਰਮੇਸਰ ਜੀ ਇੱਛਾ ਕਰੀ ਜੋ ਸ੍ਰਿਸਟੀ ਰਚਾਂ। ਏਕ ਤੋਂ ਅਨੇਕ ਹੋਵਾਂ। ਆਪਣੇ ਸੇ ਸ਼ਕਤੀ ਬਣਾਈ। ਸ਼ਕਤੀ ਸੇ ਹੰਕਾਰ ਪੈਦਾ ਹੋਇਆ। ਤਿਸ ਹੰਕਾਰ ਨੇ ਰਜ, ਤਮ, ਸਤ ਤਿੰਨ ਰੂਪ ਧਾਰੇ। ਰਾਜਸੀ ਗੁਣ ਸੇ ਬ੍ਰਹਮਾ ਹੋਇਆ। ਜਗਤ ਕੀ ਉਤਪਤੀ ਕੀ ਆਗਿਆ ਹੋਈ। ਸਾਂਤਕੀ ਗੁਣ ਸੇ ਵਿਸ਼ਨੂ ਹੋਇਆ ਜਿਸ ਕੋ ਜਗਤ ਕੀ ਪਾਲਣਾ ਕਾ ਹੁਕਮ ਹੋਇਆ। ਤਾਮਸੀ ਗੁਣ ਸੇ ਸ਼ਿਵ ਹੋਏ ਜਿਸ ਕੋ ਲੈ ਕਰਨੇ ਕਾ ਹੁਕਮ ਹੋਇਆ। ਬ੍ਰਹਮਾ ਨੇ ਵਿਚਾਰ ਕਰਕੇ ਤਿੰਨਾਂ ਗੁਣਾਂ ਕੀ ਮਿਸਰਤ ਸ੍ਰਿਸ਼ਟੀ ਉਤਪਤ ਕੀਤੀ। ਤਾਮਸੀ ਗੁਣ ਸੇ ਪਾਂਚ ਤੱਤ ਜਿਸ ਸੇ ਦੇਹ ਬਣਾਈ। ਰਜੋ ਗੁਣ ਸੋ ਇੰਦ੍ਰੇ ਬਣਾਕੇ ਨਾਲ ਰਲਾਏ। ਸਾਤਕੀ ਗੁਣ ਸੇ ਅੰਤਸਕਰਨ ਬਣਾਏ।

## ਚਹੁੰ ਵੇਦਾਂ ਕੇ ਮਹਾਂਵਾਕ

ਸਾਮਵੇਦ- ਤਤੂੰਮਸੀ - ਤਤ ਕਹੀਏ ਈਸ਼੍ਵਰ ਤੂੰ ਕਹੀਏ ਜੀਵ-ਅਭੇਦ ਹੈ।

ਰਿਗਵੇਦ- ਕੋ ਮਥ ਗੋਤਮ ਜੀ ਨੇ ਨਿਆਇ ਸ਼ਾਸਤ੍ਰ ਬਨਾਇਆ। ਤਤਪਰਜ ਉਸਕਾ ਇਹ ਕਿ ਈਸ਼ਰ ਕੋ ਢੂੰਢੋ।

ਜੁਜਰਵੇਦ- ਕੋ ਮਥਕੇ ਜੈਮਨ ਮੁਨੀ ਜੀ ਨੇ ਮੀਮਾਂਸਾ ਸਾਸ਼ਤਰ ਬਣਾਇਆ। ਤਾਤਪਰਜ ਇਹ ਕਿ ਵਿਸ਼ੇਸ ਕਰਮ ਕਰੋ।

ਅਥਰਵ ਵੇਦ- ਮਥਕੇ ਵਿਸ਼ੇਸ਼ ਕਰਕੇ ਪਤੰਜਲ ਔਰ ਕਣਾਦ ਮੁਨੀ ਜੀ ਨੇ ਬਣਾਇਆ। ਤਾਤ ਪਰਜ ਇਹ ਹੈ ਕਿ ਸਮਾਂ ਪ੍ਰਧਾਨ ਹੈ। ਸਾਂਖ ਕਪਲ ਮੁਨੀ ਜੀ ਨੇ ਬਣਾਇਆ। ਤਾਤਪਰਜ ਸਤਿ ਉਪਦੇਸ਼ । ਪਤੰਜਲ ਕੇ ਕਰਤਾ ਬਿਆਸ ਮੁਨੀ ਜੀ। ਭੋਗ ਤਿਆਗ ਜੋਗ ਉਪਦੇਸ ਕੀਆ।

## ਸਤਿ ਪ੍ਰਸ਼ਨ

**ਪ੍ਰਸ਼ਨ**–ਬ੍ਰਹਿਮੰਡ ਮੈ ਘੋਗੇ, ਕੌਡੀਆਂ, ਕੀੜੇ, ਸਿੱਪ, ਹੁੰਦੇ ਹੈ?
**ਉਤਰ**–ਲੋਭ, ਨਿੰਦਾ, ਚੁਗਲੀ, ਕਪਟ, ਦੰਭ, ਏਹੋ ਘੋਗੇ ਕੌਡੀਆਂ ਹੈਂ। ਕੀੜੇ ਪਤੰਗੇ ਜੂੰਆ ਹੈਂ।

**ਪ੍ਰਸ਼ਨ**–ਬ੍ਰਹਿਮੰਡ ਮੈ ਤੀਨ ਦੇਵਤੇ ਹੈਂ?
**ਉਤਰ**–ਪੌਣ ਬਿਸ਼ਨ ਹੈ, ਬ੍ਰਹਮਾ ਜਲ ਹੈ, ਅਗਨੀ ਸ਼ਿਵ ਹੈ। ਤੇਤੀ ਕ੍ਰੋੜ ਜੋ ਦੇਵਤੇ ਹੈਂ ਸੋ ਤੇਤੀ ਲੱਖਣ ਹੈਂ। ਚੰਦ ਸੂਰਜ ਦੋਨੋਂ ਨੇਤਰ ਹੈਂ। ਜੋ ਤੀਰਥ ਹੈਂ ਸੋ ਸੁਭ ਲਖਣਹੈਂ।

**ਪ੍ਰਸ਼ਨ**–ਬ੍ਰਹਿਮੰਡ ਮੈ ਨਰਕ ਸੁਰਗ ਹੈਂ? ਤੇ ਧਨੀ ਕੰਗਾਲ, ਵੱਸੋਂ, ਉਜਾੜ ਹੈ?
**ਉਤਰ**–ਦੁਖ ਨਰਕ, ਸੁਖ ਸੂਰਗ ਹੈ। ਭਲੇ ਕਰਮ ਧਨੀ ਹੈਂ ਤੇ ਮਾੜੇ ਕਰਮ ਕੰਗਾਲ ਹੈਂ। ਨਾਮ ਜਪੇ ਤਾਂ ਵੱਸੋਂ ਹੈ ਨਾ ਜਪੇ ਤਾਂ ਉਜਾੜ ਹੈ।

**ਪ੍ਰਸ਼ਨ–** ਬ੍ਰਹਿਮੰਡ ਮੈ ਬਾਰਸ਼ ਹੋ ਕੇ ਖੇਤੀਆਂ ਘਾਸ ਉਗਦੇ ਹੈਂ, ਸਰੀਰ ਮੈ ਕੈਸੇ ਹੈ ?
**ਉਤਰ**–ਸੱਚ ਰੂਪ ਬੱਦਲ ਹੈ, ਵੈਰਾਗ ਜਲ ਹੈ, ਧਰਮ ਧਰਤੀ ਹੈ। ਮਨ ਹਾਲੀ ਹੈ, ਸਿਦਕ ਪ੍ਰੇਮ ਦੋਨੋਂ ਬੈਲ ਹੈਂ, ਸੇਵਾ ਕਰਨੀ ਫਲ ਹੈ, ਸੰਜਮ ਵਾੜ ਹੈ, ਦਇਆ ਖੇਤੀ ਹੈ, ਸੰਤੋਖ ਸੁਹਾਗ ਹੈ। ਸੂਖਮਹੰਕਾਰ ਉਜੜੀ ਖੇਤੀ ਹੈ, ਵਾਸ਼ਨਾ ਘਾਸ ਹੈ।

**ਪ੍ਰਸ਼ਨ–** ਬ੍ਰਹਿਮੰਡ ਮੈ ਮੁਕਤੀ ਹੈ?
**ਉਤਰ**–ਜਬ ਆਤਮਾ ਸੁਧ ਹੋਇ ਤਾਂ ਮੁਕਤੀ ਹੈ।

**ਪ੍ਰਸ਼ਨ–**ਬ੍ਰਹਿਮੰਡ ਮੈ ਦੇਵ ਪੁਰੀਆਂ ਹੈਂ ?
**ਉਤਰ–**ਬ੍ਰਹਮ ਬੋਧ ਜੋ ਹੈ ਸੋ ਬ੍ਰਹਮਪੁਰੀ ਹੈ। ਗਾਵਣਾ ਵਜਾਵਣਾ ਇੰਦਰਪੁਰੀ ਹੈ। ਗੋਬਿੰਦ ਜੀ ਕਾ ਸਿਮਰਨ ਕਰਨਾ ਬੈਕੁੰਠਪੁਰੀ ਹੈ। ਸੰਸਾਰ ਚਤੁਰਾਈ ਸੋ ਹਰੀ ਚੰਦ ਕੀ ਪੁਰੀ ਹੈ।

**ਪ੍ਰਸ਼ਨ**– ਬ੍ਰਹਿਮੰਡ ਮੈ ਬੇਟੀ, ਬੇਟੇ, ਭੈਣ ਆਦਿ ਪ੍ਰਵਾਰ ਹੈਂ ?
**ਉਤਰ–** ਸਰੀਰ ਵਿਚ ਧੀਰਜ ਪਿਤਾ ਹੈ, ਖਿਮਾ ਮਾਤਾ ਹੈ, ਸੰਜਮ ਭਰਾਤਾ ਹੈ, ਮਾਇਆ ਭੈਣ ਹੈ, ਸੇਵਾਇਸਤਰੀ ਹੈ। ਸੀਲ ਪੁੱਤਰ ਹੈ, ਸੰਮਤਾ ਪੁਤ੍ਰੀ ਹੈ, ਸੁਕ੍ਰਿਤ ਮਿੱਤਰ ਹੈ, ਦੁਕ੍ਰਿਤ ਸ਼ਤਰੂ ਹੈ।

**ਪ੍ਰਸ਼ਨ**–ਬ੍ਰਹਿਮੰਡ ਮੈਂ ਭਾਂਤ ਭਾਂਤ ਕੇ ਰੰਗ ਦੇਖੀਦੇ ਹੈਂ?
**ਉਤਰ**–ਜਬ ਸਹਿਜ ਕੇ ਘਰ ਔਂਦਾ ਹੈ, ਬੜੇ ਖੇਲ ਦੇਖਦਾ ਹੈ।

**ਪ੍ਰਸ਼ਨ**–ਦੇਹੀ ਮੈ ਆਤਮਾ ਕਾ ਟਿਕਾਣਾ ਕਿਥੇ ਹੈ?
**ਉਤਰ**–ਆਤਮਾ ਕਾ ਟਿਕਾਣਾ ਸੀਸ ਮੇਂ ਹੈ, ਬੈਠਣਾ ਨੇਤ੍ਰ ਮੇਂ ਹੈ, ਅਮਰ ਰੂਪ ਸਾਰੀ ਦੇਹ ਹੈ।

**ਪ੍ਰਸ਼ਨ**–ਜਦੋਂ ਪ੍ਰਲੈ ਕਰਦੇ ਹੋ ਤਾਂ ਏਸ ਦੇਹੀ ਦੀ ਕਿਵੇਂ ਕਰਦੇ ਹੋ?
**ਉਤਰ–**ਤਤ ਤੱਤਾਂ ਮੇਂ ਜਾਇ ਮਿਲਦੇ ਹੈਂ। ਆਤਮਾ ਬ੍ਰਹਮ ਮੈਂ ਲੀਨ ਹੋ ਜਾਤੀ ਹੈ।

◆

# ਆਤਮੇ ਪ੍ਰਮਾਤਮੇ ਕੀ ਗੋਸ਼ਟ

ਆਤਮੇ ਨੇ ਕਹਿਆ ਜੋ ਨਿਰਜੰਨ ਦੇਹੀ ਵਿਚ ਕਹਿੰਦੇ ਹੈਂ ਸੋ ਕੇਹੜਾ ਹੈ? ਪ੍ਰਮਾਤਮੇ ਕਹਿਆ ਨਿਰਜੰਨ ਕਾ ਵਾਸਾ ਨੇੜੋਂ ਮੇਂ ਹੈ। ਧੀਰੀ ਜੋ ਹੈ ਇਹੀ ਨਿਰਜੰਨ ਹੈ। ਆਤਮੇ ਨੇ ਕਹਿਆ ਜੀ ਨਿਰੰਜਨ ਕਾ ਸੁਭਾਉ ਕੌਣ ਹੈ ? ਪ੍ਰਮਾਤਮੇ ਕਹਿਆ ਦੇਹੀ ਬੜ੍ਹਤੀ ਘਟਤੀ ਹੈ। ਏਹ ਜੋ ਧੀਰੀ ਹੈ ਬੜ੍ਹਤੀ ਘਟਤੀ ਨਹੀਂ ਹੈ। ਜੰਮਨ ਵਾਲੇ ਦਿਨ ਜਿਤਨੀ ਹੁੰਦੀ ਹੈ ਉਤਨੀ ਰਹਿੰਦੀ ਹੈ। ਆਤਮੇ ਨੇ ਕਹਿਆ ਧੀਰੀ ਦਾ ਕੌਣ ਸੁਭਾਉ ਹੈ ਤੇ ਦੇਹੀ ਦਾ ਕੌਣ ਸੁਭਾਉ ਹੈ? ਪ੍ਰਮਾਤਮੇ ਕਹਿਆ ਕਿ ਦੇਹੀ ਅੰਧੀ ਹੈ। ਏਕ ਧੀਰੀ ਕਰਕੇ ਦਿਸਦਾ ਹੈ।

ਆਤਮੇ ਕਹਿਆ ਉਹ ਬਾਤ ਦੱਸ ਜਿਸ ਕਰਕੇ ਦੇਹੀ ਕੋ ਰੋਗ ਨਾ ਲਗੇ।ਪ੍ਰਮਾਤਮੇ ਕਹਿਆ ਦੇਹੀ ਨੂੰ ਰੋਗ ਨਿੱਤ ਹੀ ਲਗਦੇ ਹੈਂ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਨਿੰਦ੍ਰਾ, ਭੂਖ, ਪਿਆਸ ਏਹਨਾਂ ਬਿਨਾਂ ਸੰਸਾਰ ਨਹੀਂ ਹੈ। ਏਹਨਾਂ ਬਿਨਾਂ ਜੀਵਨ ਬਾਦ ਹੈ। ਏਹ ਵਸਤੂ ਹੋਵਨ ਤਾਂ ਸੰਸਾਰ ਨਾਲ ਰਹਿ ਆਂਵਦੀ ਹੈ। ਮੁਕਤ ਕੇ ਸਹਾਈ ਨਹੀਂ ਹੈਂ।

ਆਤਮੇ ਕਹਿਆ ਕਿ ਮੁਕਤ ਕੇ ਸਹਾਈ ਕੌਣ ਹੈਂ ? ਪ੍ਰਮਾਤਮੇ ਕਹਿਆ ਨਾਮ, ਦਾਨ, ਇਸ਼ਨਾਨ, ਸਤਿ, ਸੰਤੋਖ, ਸੰਜਮ, ਦਇਆ, ਪ੍ਰੇਮ ਏਹ ਆਠੋਂ ਮੁਕਤੀ ਕੇ ਸਹਾਈ ਹੈ।

ਆਤਮੇ ਕਹਿਆ ਏਸ ਦੇਹੀ ਵਿਚ ਜਿਉਂਦਾ ਕੌਣ ਤੇ ਮੋਇਆ ਕੌਣ ਹੈ, ਬੋਲਦਾ ਕੌਣ, ਖਾਂਦਾ ਪੀਂਦਾ ਕੌਣ ਹੈ? ਪ੍ਰਮਾਤਮੇ ਕਹਿਆ ਕਿ ਜਿਉਂਦੀ ਅਗਨ ਹੈ। ਮੋਈ ਮਾਇਆ ਹੈ। ਬੋਲਦਾ ਪੌਣ ਹੈ, ਖਾਂਦਾ ਪੀਂਦਾ ਅਗਨ ਹੈ। ॥

ਆਤਮੇ ਕਹਾ ਜੀ ਤੀਨ ਲੋਕ, ਸਤਦੀਪ ਕੇਹੜੇ ਹੈਂ ਦੇਹੀ ਮੈ ? ਪ੍ਰਮਾਤਮੇ ਕਹਾ ਕਿ ਸਿਰ, ਪੇਟ, ਚਰਨ ਏਹ ਤੀਨੋਂ ਲੋਕ ਹੈਂ। ਦੀਪ- ਸਿਰ, ਮੁਖ, ਕੰਨ, ਛਾਤੀ, ਪੇਟ, ਪਟ ਗੋਡਿਆਂ ਤੋੜੀ ਛੇ, ਹੇਠਾਂ ਚਰਨ ਸੱਤ।

ਪ੍ਰਸ਼ਨ : ਚਾਰੋਂ ਦਿਸਾ ਨਦੀਆਂ ਸਮੁੰਦਰ ਕੋਣ ਹੈ ?

ਉਤਰ : ਅੱਗਾ ਪੂਰਬ, ਪਿੱਛਾ ਪੱਛਮ, ਸੱਜਾ ਅੰਗ ਦੱਖਣ, ਖੱਬਾ ਉਤਰ ਹੈ। ਨਾੜੀਆਂ ਸਭ ਨਦੀਆਂ ਹੈਂ। ਸਾਤੋਂ ਸ਼ਾਹ ਰਗਾਂ ਸਮੁੰਦ੍ਰ ਹੈਂ। ਬੜਾ ਅਗਨ ਉਦਰ ਹੈ। ਰੋਜ਼ ਕਾ ਰੋਜ਼ ਅੰਨ ਪਾਣੀ ਭਸਮ ਹੋਇ ਜਾਂਦਾ ਹੈ। ਕਾਮ ਕ੍ਰੋਧ ਆਦਿਕ ਲਹਿਰਾਂ ਹੈਂ। ਮੋਤੀਆਂ ਕੀ ਨਿਆਈ ਸਭ ਗੁਣ ਹੈਂ।

# ਜੁਗਾਵਾਲੀ

## ੧ੴ ਸਤਿਗੁਰ ਪ੍ਰਸਾਦਿ

ਚਹੁੰ ਅੱਖਰਾਂ ਕਾ ਮਥੰਤ ਝੰਡੇ ਬਾਢੀ ਨੂੰ ਸੁਣਾਇਆ॥ ਸੰਮਤ ੧੫੬੯॥

ਆਰਬਲਾ ਸ੍ਰੀ ਗੁਰੂ ਨਾਨਕ ਜੀ ਕੀ ਵਰ੍ਹਿਆਂ ਪੰਤਾਲੀਆਂ ਕੀ ਹੋਈ॥ ਦਾੜ੍ਹਾ ਸ੍ਰੀ ਬਾਬੇ ਜੀ ਕਾ ਬਹੁਤ ਧਉਲਾ ਤੇ ਥੋੜਾ ਕਾਲਾ॥ ਚਾਲੀ ਜੁਗ ਪਿੱਛੇ ਬੈਠਿਆਂ ਮਿਹਨਤ ਕੀਤੀ ਸੀ, ਸੋ ਸਿੱਧ ਨਾਥ ਕਉ ਸੁਣਾਇ ਆਰਬਲਾ ਦਸਾਈ ਹੈ॥

### ਆਗੇ ਪਉੜੀ ਚਲੀ॥

ਇਕ ਕਰੋੜ ਬਹੱਤਰ ਲੱਖ ਅਠਾਈ ਹਜ਼ਾਰ॥
ਅਨੰਤ ਜੁਗ ਅਨੰਤ ਮਹਿ ਰਹਿਆ॥ ਸਹਿਜਵਾਣ ਮਹਿ ਵਾਹੁ ਵਾਹੁ ਕਹਿਆ॥
ਕਹੁ ਨਾਨਕ ਅਨੰਤ ਜੁਗ ਕੀ ਗਾਥਾ॥ ਵਾਹੁ ਵਾਹੁ ਕਰਦਿਆਂ ਸਭ ਦੁਖ ਲਾਥਾ ॥੧॥

ਇਕ ਕਰੋੜ ਅਠਾਹਠ ਲੱਖ ਅਠਤਾਲੀ ਹਜ਼ਾਰ॥
ਦੁਰਲੰਭਿਆ ਜੁਗ ਵਾਹੁ ਵਾਹੁ ਕੀਨਾ॥ ਸਹਿਜਵਾਣ ਵਾਹੁ ਵਾਹੁ ਜਪੁ ਲੀਨਾ॥
ਕਹੁ ਨਾਨਕ ਦੁਰਲੰਭਿਆ ਜੁਗ ਕੀ ਗਾਥਾ॥ ਵਾਹੁ ਵਾਹੁ ਜਪਦਿਆਂ ਸਭ ਦੁਖ ਲਾਥਾ ॥੨॥

ਇਕ ਕਰੋੜ ਪਚਵੰਜਾ ਲੱਖ ਬਾਨਵੇਂ ਹਜ਼ਾਰ॥
ਬੱਜਰ ਜੁਗ ਮਹਿ ਕੀਰਤਨ ਗਾਇਆ॥ ਸਹਿਜਵਾਣ ਮਹਿ ਵਾਹੁ ਵਾਹੁ ਕਰਾਇਆ॥
ਕਹੁ ਨਾਨਕ ਬੱਜਰ ਜੁਗ ਕੀ ਗਾਥਾ॥ ਵਾਹੁ ਵਾਹੁ ਜਪਦਿਆਂ ਸਭ ਦੁਖ ਲਾਥਾ॥੩॥

ਇਕ ਕਰੋੜ ਚੁਰੰਜਾ ਲੱਖ ਚੁਰਾਸੀ ਹਜ਼ਾਰ॥
ਧਰਮ ਜੁਗ ਧਿਆਨ ਪ੍ਰਭ ਧਰਿਆ॥ ਸਹਿਜਵਾਣ ਮਹਿ ਵਾਹੁ ਵਾਹੁ ਕਰਿਆ॥
ਕਹੁ ਨਾਨਕ ਧਰਮ ਜੁਗ ਕੀ ਗਾਥਾ॥ ਵਾਹੁ ਵਾਹੁ ਜਪਦਿਆਂ ਸਭ ਦੁਖ ਲਾਥਾ ॥੪॥

ਇਹ ਕਰੋੜ ਚੁਰੰਜਾ ਲੱਖ ਤ੍ਰੀਹ ਹਜ਼ਾਰ॥
ਗਉਸਾਲਿਆ ਜੁਗ ਗੁਰਮੁਖ ਜਾਤਾ॥ ਸਹਿਜਵਾਣ ਵਾਹੁ ਵਾਹੁ ਪਛਾਤਾ॥
ਕਹੁ ਨਾਨਕ ਗਉਸਾਲਿਆ ਕੀ ਗਾਥਾ॥ ਵਾਹੁ ਵਾਹੁ ਜਪਦਿਆਂ ਸਭ ਦੁਖ ਲਾਥਾ॥੫॥

ਇਕ ਕਰੋੜ ਪੰਜਾਹ ਲੱਖ ਅਠਾਈ ਹਜ਼ਾਰ॥
ਦੁਲੰਭਿਆ ਜੁਗ ਕੀਤਾ ਇਹ ਧਿਆਨ॥ ਸਹਿਜਵਾਣ ਮਹਿ ਵਾਹੁ ਵਾਹੁ ਪਰਧਾਨ॥
ਕਹੁ ਨਾਨਕ ਦੁਰਲੰਭ ਜੁਗ ਕੀ ਗਾਥਾ॥ ਵਾਹੁ ਵਾਹੁ ਜਪਦਿਆਂ ਸਭ ਦੁਖ ਲਾਥਾ॥੬॥

ਇਕ ਕਰੋੜ ਬਤਾਲੀ ਲੱਖ ਛਿਵੰਜਾ ਹਜ਼ਾਰ॥
ਰੇਚਕ ਜੁਗ ਰਚ ਰਹਿਆ ਗਿਆਨੀ॥ ਸਹਿਜਵਾਣ ਵਾਹੁ ਵਾਹੁ ਮਤਿ ਜਾਣੀ॥
ਕਹੁ ਨਾਨਕ ਰੇਚਕ ਜੁਗ ਕੀ ਗਾਥਾ॥ ਵਾਹੁ ਵਾਹੁ ਜਪਦਿਆਂ ਸਭ ਦੁਖ ਲਾਥਾ ॥੭॥

ਇਕ ਕਰੋੜ ਅਠੱਤੀ ਲੱਖ ਬਤਾਲੀ ਹਜ਼ਾਰ॥
ਮਨਮਾਲ ਜੁਗ ਮਿਹ ਮਾਨ ਮਿਟਾਨਾ॥ ਸਹਿਜਵਾਣ ਮਹਿ ਵਾਹੁ ਵਾਹੁ ਮਿਤ ਜਾਨਾ॥
ਕਹੁ ਨਾਨਕ ਮਨਮਾਲ ਜੁਗ ਕੀ ਗਾਥਾ॥ ਵਾਹੁ ਵਾਹੁ ਜਪਦਿਆਂ ਸਭ ਦੁਖ ਲਾਥਾ ॥੮॥

ਇਕ ਕਰੋੜ ਤੇਤੀ ਲੱਖ ਬਾਨਵੇਂ ਹਜ਼ਾਰ॥
ਚਕ੍ਰ ਜੁਗ ਚਿਤ ਹਰਿ ਸਿਉ ਰਚਿਆ॥ ਸਹਿਜਵਾਣ ਮਹਿ ਵਾਹੁ ਵਾਹੁ ਬਚਿਆ॥
ਕਹੁ ਨਾਨਕ ਚਕ੍ਰ ਜੁਗ ਕੀ ਗਾਥਾ॥ ਵਾਹੁ ਵਾਹੁ ਜਪਦਿਆਂ ਸਭ ਦੁਖ ਲਾਥਾ॥੯॥

ਨਉ ਜੁਗ ਨਿਬੇੜ ਵੱਵੇ ਨਾਲ ਮਿਹਨਤ ਕੀਤੀ॥ ਅਗੇ ਵੱਵੇ ਕੀ ਪਉੜੀ ਕਹੀ॥
ਵੱਵਾ ਨੀਕਾ ਵਾਸਦੇਵਾ॥ ਆਪੇ ਚੇਲਾ ਆਪੇ ਕਰੇ ਸੇਵਾ॥
ਵੱਵੋ ਵਾਹੁ ਵਾਹੁ ਜਪ ਲੀਨਾ॥ ਨਵ ਜੁਗ ਵੱਵਾ ਮਥ ਕਰਿ ਕੀਨਾ॥
ਅੱਖਰ ਢੂੰਡ ਵੱਵਾ ਨਾਉਂ ਧਰਿਆ॥ ਨਾਨਕ ਨਊ ਜੁਗ ਵੱਵਾ ਕਰਿਆ ॥੧॥

ਧਿਆਉ ਵੱਵੇ ਕਾ ਨਿਬੜਿਆ॥ ਤੇਰਾਂ ਕਰੋੜ ਚੁਹੱਤਰ ਲੱਖ ਬਤੀ ਹਜਾਰ॥
ਵੱਵੇ ਕੇ ਜੁਗਾਂ ਕਾ ਜੋੜ॥ ਸਹਿਜਵਾਣ ਮਹਿ ਵਾਹੁ ਵਾਹੁ ਕੀਨਾ ॥੧॥

ਆਗੇ ਹਾਹਾ ਚਲਿਆ॥ ਇਕ ਕਰੋੜ ਉਨੱਤੀ ਲੱਖ ਸੱਠ ਹਜ਼ਾਰ॥
ਬਿੱਦਿਆ ਜੁਗ ਮਹਿ ਬਿੱਦਿਆ ਬੀਚਾਰੀ॥ ਹਾਹੇ ਸਿਉਂ ਕੀਨੀਂ ਰੁਜਕਾਰੀ॥
ਹਾਹੋ ਸੰਗ ਬੈਠਤ ਉਠਤ ਬੋਲਤ॥ ਕਹੁ ਨਾਨਕ ਹਰਿ ਜਪੁ ਕਦੇ ਨ ਡੋਲਤ॥
ਕਹੁ ਨਾਨਕ ਸੰਜਮਵਾਣ ਕੀ ਗਾਥਾ॥ ਵਾਹੁ ਵਾਹੁ ਜਪਦਿਆਂ ਸਭ ਦੁਖ ਲਾਥਾ ॥੧॥

ਇਕ ਕਰੋੜ ਪੱਚੀਸ ਲੱਖ ਅਠਾਈ ਹਜ਼ਾਰ॥
ਅੰਧਕਾਰ ਜੁਗ ਅੰਧਕਾਰ ਗਵਾਇਆ॥ ਅਗਿਆਨ ਬਿਨਾਸ ਗਿਆਨ ਪ੍ਰਗਟਾਇਆ॥
ਭਇਆ ਚਾਨਣ ਅੰਧੇਰਾ ਰਹਿਤ॥ ਹਰਿ ਅੰਤਰ ਤੋਂ ਸਭ ਕੁਛ ਲਹਿਤ॥
ਕਹੁ ਨਾਨਕ ਸੰਜਮਵਾਣ ਕੀ ਬਾਤਾ॥ ਵਾਹੁ ਵਾਹੁ ਜਪਦਿਆਂ ਸਭ ਦੁਖ ਲਾਥਾ ॥੨॥

ਇਕ ਕਰੋੜ ਸੋਲ੍ਹਾਂ ਲੱਖ ਚਉਸਠ ਹਜ਼ਾਰ॥

ਕਲਿਜੁਗ ਇਕ ਕਲਾਧਾਰੀ॥ ਹਾਹਾ ਢੂੰਡਤ ਹਰਿ ਕਥਾ ਚਿਤਾਰੀ॥
ਹਰਿ ਬਿਨੁ ਅਵਰ ਨਹੀਂ ਕਛੁ ਬਾਤਾ॥ ਵਾਹੁ ਵਾਹੁ ਜਪਦਿਆਂ ਸਭ ਦੁਖ ਲਾਥਾ ॥੩॥

ਇਕ ਕਰੋੜ ਬਾਰਹ ਲੱਖ ਬੱਤੀ ਹਜ਼ਾਰ॥
ਤ੍ਰਿਪਤਿ ਜੁਗ ਮਹਿ ਤ੍ਰੇਤੇ ਰਹਿ ਸਾਜੇ॥ ਹੋਤ ਪੁਨੀਤ ਸੰਪੂਰਨ ਕਾਜੇ॥
ਹਾਹਾ ਸੂਰਤ ਹਰਿ ਨਾਮ ਮਨੀਆਤਾ॥ ਕਹੁ ਨਾਨਕ ਸੰਜਮਵਾਣ ਕੀ ਬਾਤਾ ॥੪॥

ਇਕ ਕਰੋੜ ਇਕਾਦਸ ਲੱਖ ਚਾਲੀ ਹਜ਼ਾਰ॥
ਨਿਹਾਲ ਜੁਗ ਮਹਿ ਜਪਿ ਹੋਤ ਨਿਹਾਲਾ ॥ ਤਹ ਸਿਮਰਤ ਕਿਨਹੀ ਬੂਢਾ ਬਾਲਾ॥
ਹਾਹਾ ਪੜ੍ਹ ਕਛੁ ਅਵਰੁ ਨ ਜਾਤਾ ॥ ਕਹੁ ਨਾਨਕ ਸੰਜਮ ਵਾਣ ਕੀ ਬਾਤਾ ॥੫॥

ਨੜਿੰਨਵੇਂ ਲੱਖ ਛੱਤੀ ਹਜ਼ਾਰ॥
ਸਤਿਜੁਗ ਮਹਿ ਗਾਵਤ ਗੋਬਿੰਦਾ॥ ਹਾਹੇ ਜਪਦਿਆਂ ਉਤਰੈ ਚਿੰਤਾ॥
ਹਰਿ ਪੰਜੀ ਹਰਿ ਭੋਜਨ ਖਾਤਾ ॥ ਕਹੁ ਨਾਨਕ ਸੰਜਮਵਾਣ ਕੀ ਬਾਤਾ ॥੬॥

ਬਾਨਵੇਂ ਲੱਖ ਚਾਲੀ ਹਜ਼ਾਰ॥
ਬਿਨੋਦ ਜੁਗ ਮਹਿ ਇਕ ਬਹੁਤ ਬਨਾਈ॥ ਕਰ ਬਿਨੋਦ ਅਚਰਜ ਵਡਿਆਈ॥
ਕਰ ਬਿਨੋਦ ਸਾਧੂ ਪਗ ਪਾਤਾ॥ ਕਹੁ ਨਾਨਕ ਸੰਜਮਵਾਣ ਕੀ ਬਾਤਾ ॥੭॥

ਉਦਾਨਵੇਂ ਲੱਖ ਬਹੱਤਰ ਹਜ਼ਾਰ॥
ਸੰਘਰ ਜੁਗ ਮਹਿ ਦਸ ਦੁਆਰ ਸੰਘਾਰੇ॥ ਪੰਚਮਰਦ ਪੰਚ ਧੁਨੀਹਾਰੇ॥
ਹਰਿ ਸੰਗਿ ਬੈਠਤ ਊਠਤ ਬੋਲਤਾ॥ ਕਹੁ ਨਾਨਕ ਸੰਜਮਵਾਣ ਕੀ ਬਾਤਾ ॥੮॥

ਆਗੇ ਹਾਹੇ ਕੀ ਪਉੜੀ ਚਲੀ॥
ਹਾਹਾ ਹਰਿ ਜਪੁ ਹਰਿ ਮਨਾ ਹਰਿ ਕੀ ਕਥਾ ਪਛਾਨ॥ ਹੈ ਭੀ ਹੋਸੀ ਹੋਵਣਹਾਰ ਹਾਹਾ ਹੀ ਪ੍ਰਧਾਨ॥
ਹੇ ਅਚੁਤ ਹੇ ਪਾਰਬ੍ਰਹਮ ਹੈ ਭੀ ਹੋਵਣ ਹਾਰ॥ ਨਾਨਕ ਹਾਹਾ ਹਰਿ ਕੀਆ ਨਉ ਜੁਗ ਸੋਧ ਬੀਚਾਰ ॥੯॥

ਨਉਂ ਕਰੋੜ ਉਨਾਸੀ ਲੱਖ ਚੋਦਾਂ ਹਜ਼ਾਰ ਹਾਹੇ ਕਾ ਜੋੜ॥
ਧਿਆਉ ਹਾਹੇ ਕਾ ਪੁਰਾ ਹੋਇਆ॥
ਹਾਹੇ ਕਾ ਜੋੜ ਸੰਜਮਵਾਣ ਵਿਚ ਹਾਹਾ ਕੀਤਾ॥

ਆਗੈ ਸੁਪਾਉਵਾਣ ਚਲੀ ਜਿਸ ਵਿਚ ਗੱਗਾ ਕੀਤਾ॥

ਅਠਾਸੀ ਲੱਖ ਚੌਸਠ ਹਜ਼ਾਰ॥
ਗੁਰ ਲਾਗੀ ਪ੍ਰੀਤ ਨਾਮ ਸੰਗ ਮਾਤਾ॥ ਘੋਰ ਜੁਗ ਮਹਿ ਘੋਰ ਗੁਬਾਰ ਪਛਾਤਾ ॥
ਗਿਯਾਨ ਬੀਚਾਰ ਗੁਰ ਕਥਾ ਪਛਾਨੀ॥ ਨਾਨਕ ਸੁਪਾਉਵਾਣ ਕੀ ਕਥਾ ਬਖਾਨੀ ॥੧॥

ਬਿਆਸੀ ਲੱਖ ਅਠਾਰਹ ਹਜ਼ਾਰ॥
ਅਰਧ ਜੁਗ ਮਹਿ ਅਰਧ ਖੀਰ ਕੀਨੀ॥ ਆਪਨੇ ਚਲਤ ਆਪਹੀ ਚੀਨੀ॥
ਗੱਗੇ ਪੜ੍ਹਿਆ ਭਯਾ ਗਿਆਨੀ॥ ਸੁਪਾਉਵਾਣ ਨਾਨਕ ਹੈਰਾਨੀ ॥੨॥

ਸਤੱਤਰ ਲੱਖ ਤਿਹੱਤਰ ਹਜ਼ਾਰ
ਉਨਮਨਿ ਜੁਗ ਕਛੁ ਕਥਾ ਨ ਜਾਨੈ॥ ਕਹਿਨ ਸੁਨਨ ਸਭ ਰੱਖਿਆ ਸਮਾਨੈ ॥
ਸੁਪਾਉਵਾਣ ਐਸਾ ਮੰਤ੍ਰ ਗਹਿਆ॥ ਕਹੁ ਨਾਨਕ ਉਨਮਨਿ ਹੋਇ ਰਹਿਆ ॥੩॥
ਬਹੱਤਰ ਲੱਖ ਚੌਰਾਸੀ ਹਜ਼ਾਰ॥
ਸੋਵੰਨ ਜੁਗ ਸੋਇ ਰਹਿਆ ਸੋਨੀ॥ ਅੰਤਰ ਸਿਮਰੈ ਬਾਹਰ ਭਯਾ ਮੋਨੀ॥
ਅਨਹਦ ਸ਼ਬਦ ਜਾਂਕਾ ਮਨ ਰਹਿਆ॥ ਨਾਨਕ ਸੁਪਾਉਵਾਣ ਕਾ ਏਹ ਮੰਤ੍ਰ ਕਹਿਆ ॥੪॥

ਸਤਾਹਟ ਲੱਖ ਬੱਤੀ ਹਜ਼ਾਰ॥
ਦਿਆ ਜਗ ਦਿਆ ਮਨਾਨੀ ਆਈ॥ ਨੀਂਦ ਨਿਵਾਰੀ ਕਥਾ ਸੁਣਾਈ ॥
ਗਿਆਨ ਰਤਨੁ ਮਨੁ ਮਹਿ ਬੀਚਾਰੇ॥ ਨਾਨਕ ਸੁਪਾਉਵਾਣ ਮਹਿ ਨੀਂਦ ਨਿਵਾਰੇ ॥੫॥

ਚਉਹਠ ਲੱਖ ਅਠਾਰਹ ਹਜ਼ਾਰ॥
ਮੇਘ ਜੁਗ ਪ੍ਰਭ ਘਟਾ ਬਣਾਈ॥ ਨਾਮ ਬਿਥਾਰ ਬਰਖਾ ਪ੍ਰਭ ਲਾਈ॥
ਘੋਰ ਘੇਰ ਪ੍ਰਭੁ ਬਰਸਨ ਲਾਗੇ॥ ਨਾਨਕ ਭੀਜੇ ਸੰਤ ਸਭਾਗੈ ॥੬॥

ਸੱਠ ਲੱਖ ਅਠਤਾਲੀ ਹਜ਼ਾਰ॥
ਚਿਨੰਭ ਜੁਗ ਅਪਨਾ ਆਪੁ ਚੀਨਾ॥ ਆਪਨਾ ਖੇਲ ਆਪ ਹੀ ਕੀਨਾ॥
ਗੱਗੇ ਗ੍ਰਿਹਿ ਕਾ ਸੰਜਮ ਕਹਿਆ॥ ਨਾਨਕ ਸੁਪਾਉਵਾਣ ਗੱਗਾ ਹੋਇ ਧਰਿਆ ॥੭॥

ਛਿਵੰਜਾ ਲੱਖ ਸੋਲਾਂ ਹਜ਼ਾਰ॥
ਨਿਰੰਭੈਆ ਜੁਗ ਨਿਰਭਉ ਨਿਰੰਕਾਰਾ ॥ ਆਪ ਕਥੇ ਆਪੇ ਸੁਨਨੇਹਾਰਾ॥
ਅੰਮ੍ਰਿਤ ਬਾਣੀ ਜਿਸ ਮਨ ਆਈ॥ ਸੁਪਾਉਵਾਣ ਨਾਨਕ ਮਿਤਿ ਪਾਈ ॥੮॥

ਇਕਵੰਜਾ ਲੱਖ ਚੌਰਾਸੀ ਹਜ਼ਾਰ॥
ਨਿਰੰਕਾਰ ਜਗ ਆਇ ਪ੍ਰਭ ਸੁਆਮੀ॥ ਸਭ ਕਿਛੁ ਜਾਨੇ ਅੰਤਰਜਾਮੀ॥
ਕਿਰਣ ਦ੍ਰਿਸ਼ਟ ਨਿਰੰਕਾਰ ਰਹਿਤਾ॥ ਨਾਨਕ ਸੁਪਾਉਵਾਣ ਗੱਗਾ ਗਵੰਤਾ ॥੯॥

ਆਗੇ ਠੱਗੇ ਕੀ ਪਉੜੀ ਚਲੀ॥
ਗੱਗੈ ਗਿਣਤੀ ਸਭ ਮਿਟੈ ਗਿਆਨ ਬੀਚਾਰਹੁ ਮੀਤ॥
ਸਦਾ ਸਦਾ ਗੋਬਿੰਦ ਕੇ ਗੁਣ ਗਾਈਐ ਗਹਿਕ ਗਹਿਕ ਰੰਗ ਕੀਤ॥
ਗੋਬਿੰਦ ਕੇ ਗੁਣ ਗਾਈਐ ਗਹਿਕ ਗਹਿਕ ਇਕ ਰੰਗ॥
ਨਾਨਕ ਨਉਂ ਜੁਗ ਰਹਿ ਰਹਿਆ ਗੋਬਿੰਦ ਗੁੱਗੇ ਸੰਗ ॥੧॥੧੦॥

ਛੇ ਕਰੋੜ ਇਕੀਸ ਲੱਖ ਛੱਤੀ ਹਜ਼ਾਰ॥ ਨਵਾਂ ਜੁਗਾਂ ਕਾ ਅੱਗੇ ਕਾ ਜੋੜ॥
ਸਪਾਉਵਾਣ ਵਿਚ ਗੰਗਾ ਕੀਤਾ॥ ਅਗੇ ਰਾਰਾ ਚਲਿਆ॥
ਅਤੀਤਵਾਣ ਵਿਚ ਰਾਰਾ ਕੀਤਾ॥ ਸੈਂਤਾਲੀ ਲੱਖ ਬਤਾਲੀ ਹਜ਼ਾਰ॥
ਸੈਲ ਜੁਗ ਇਕ ਸੈਲ ਬਣਾਯਾ॥ ਲਾਲ ਰਤਨ ਸੰਤਨ ਤੇ ਪਾਯਾ॥
ਰਾਮ ਨਾਮ ਜਪਤ ਦੁਖ ਗਿਆ॥ ਨਾਨਕ ਅਤੀਤਵਾਣ ਰਾਰਾ ਜਪ ਲਿਆ ॥੧॥

ਚਾਲੀ ਲੱਖ ਬੱਤੀ ਹਜ਼ਾਰ॥
ਪਸ਼ੂਆ ਜੁਗ ਹੋਇ ਰਹਿਆ ਅਜਾਨ॥ ਮੁਖਹੁ ਨ ਬੋਲੈ ਅੰਦਰ ਧਿਆਨ॥
ਰਾਰਾ ਰਹਿਤ ਪਸ਼ੂ ਕੀ ਨਿਆਈਂ॥ ਨਾਨਕ ਅਤੀਤਵਾਣ ਵਿਚ ਸਭ ਬਿਧ ਆਈ ॥੨॥

ਅਠੱਤੀ ਲੱਖ ਅਠਾਸੀ ਹਜ਼ਾਰ॥
ਸ੍ਰੀ ਜਾਮ ਜੁਗ ਸ੍ਰੀ ਜਾਮ ਬਣਾਯਾ॥ ਦੀਨੀ ਭਗਤੀ ਨਵ ਨਿਧ ਪਾਯਾ॥
ਪੰਚ ਮਾਰ ਚਿਤੁ ਹਰਿ ਸਿਉਂ ਰਚਿਆ॥ ਨਾਨਕ ਰਾਰੇ ਰਾਮ ਨਾਮ ਆਖਿਆ ॥੩॥

ਚੌਂਤੀ ਲੱਖ ਛਵੰਜਾ ਹਜ਼ਾਰ॥
ਅਮ੍ਰਿਤ ਜੁਗ ਅਕ੍ਰਿਤਘਣ ਮਾਰੇ॥ ਅਠ ਸਠਿ ਕੀਏ ਦੀਏ ਕਿਵਾਰੇ॥
ਜਿਸ ਪ੍ਰਭ ਭਾਵੈ ਤਿਸ ਜਿੰਦਰ ਖੋਲੈ॥ ਨਾਨਕ ਅਤੀਤਵਾਨ ਮਿਹ ਸਤਿਗੁਰ ਟੋਲੈ ॥੪॥

ਪਚੀਸ ਲੱਖ ਬਾਨਵੇਂ ਹਜ਼ਾਰ॥
ਨਿਸੰਕ ਜੁਗ ਹੋਇ ਰਹਿਆ ਨਿਸੰਕ॥ ਜਪੀਐ ਹਰਿ ਹਰਿ ਮਿਟਹਿ ਕਲੰਕ॥
ਨਾਮੁ ਨਿਰੰਜਨ ਅੰਤਰ ਜਾਨਿਆ ॥ ਨਾਨਕ ਅਤੀਤਵਾਣ ਰਾਰਾ ਮਨੁ ਮਾਨਿਆ ॥੫॥

ਚੌਵੀ ਲੱਖ ਚੌਹਠ ਹਜ਼ਾਰ॥
ਸਲੋਕ ਜੁਗ ਮਹਿ ਕਰਤ ਸਲੋਕਾ॥ ਕੀਨੀ ਭਗਤਿ ਨਾਮੁ ਦਾਨੁ ਏਹ ਥੋਕਾ॥
ਕਹੁ ਨਾਨਕ ਏਹ ਅਚਰਜ ਕੀਨਾ॥ ਅਤੀਤਵਾਣੁ ਮਹਿ ਰਾਮ ਨਾਮ ਚੀਨਾ ॥੬॥

ਤੇਈ ਲੱਖ ਬਤਾਲੀ ਹਜ਼ਾਰ॥
ਤਰਨ ਜੁਗ ਮਹਿ ਓਹ ਪ੍ਰਧਾਨਾ॥ ਪੰਚਾਂ ਸੇਤੀ ਰਲ ਮਨੁ ਮਾਨਾ॥
ਨਵ ਗ੍ਰਿਹਿ ਜਪਤੇ ਅਵਰ ਸਤਾਈ॥ ਨਾਨਕ ਅਤੀਤਵਾਣ ਐਸੀ ਮਿਤਿ ਪਾਈ ॥੭॥

ਬਾਈ ਲੱਖ ਛਵੰਜਾ ਹਜ਼ਾਰ॥ ਖਲਲ ਜੁਗ ਮਲਲਿ ਪ੍ਰਭ ਕਰ ਧਰਿਆ॥
ਕਹੁ ਨਾਨਕ ਖਲਲਿ ਪ੍ਰਭ ਕੀਨਾ॥ ਅਰੰਭ ਜੁਗ ਕਾ ਅਰੰਭ ਪ੍ਰਭ ਦੀਨਾ ॥੮॥

ਇੱਕੀਸ ਲੱਖ ਸੱਠ ਹਜ਼ਾਰ॥
ਅਰੰਭ ਜੁਗ ਅਰੰਭ ਕਰਾਏ॥ ਬ੍ਰਹਮਾ ਬਿਸ਼ਨ ਮਹੇਸ਼ ਉਪਾਏ॥
ਰਚਨਾ ਗਣਤੀ ਗਣੀ ਨ ਜਾਈ॥ ਨਾਨਕ ਅਰੰਭ ਜੁਗ ਕੀ ਸਾਖ ਸੁਣਾਈ ॥੯॥

ਅਗੇ ਰਾਰੇ ਕੀ ਪਉੜੀ ਚਲੀ॥
ਰਾਰਾ ਰੇ ਮਨ ਜਪਹੁ ਨਾਮ ਰੇਨ ਹੋਵਹੁ ਸਭ ਚਰਨਾ॥
ਰਿਦਾ ਨਿਵਾਰਹੁ ਏਕ ਬੂਝ ਕਹਾ ਬੀਚਾਰਹੁ ਬਰਨਾ॥
ਵਰਨ ਸਵਰਨ ਸਭ ਆਪੇ ਕੀਏ ਸਭ ਮਹਿ ਆਪੇ ਬਸਿਆ॥
ਨਾਨਕ ਨਉਂ ਜੁਗ ਆਪ ਪ੍ਰਭ ਰਾਰੇ ਸੰਗ ਰਸਿਆ ॥੧॥੧੦॥

ਧਿਆਉ ਰਾਰੇ ਕਾ ਪੁਰਾ ਹੋਇਆ॥
ਦੋ ਕਰੋੜ ਬਿਆਸੀ ਲੱਖ ਅਠਾਈ ਹਜ਼ਾਰ ਬਾਰੇ ਕਾ ਜੋੜ॥

ਨਵਾਂ ਜੁਗਾਂ ਕਾ ਜੋੜ॥ ਅਤੀਤਵਾਣ ਵਿਚ ਰਾਰਾ ਕੀਤਾ॥
ਰਾਰੇ ਕੇ ਜੁਗਾਂ ਕਾ ਜੋੜ ਸਹੀ॥ਸੰਪੂਰਨ॥

ਵੱਵੇ, ਹਾਹੇ, ਗੱਗੇ, ਰਾਰੇ ਕਾ ਜੋੜ॥
ਤੇਰਾਂ ਕਰੋੜ ਚੌਹੱਤਰ ਲੱਖ ਬੱਤੀ ਹਜ਼ਾਰ ਵੱਵੇ ਕਾ ਜੋੜ॥
ਨੌਂ ਕਰੋੜ ਉਨਤਾਲੀ ਲੱਖ ਚੌਦਾਂ ਹਜ਼ਾਰ ਹਾਹੇ ਕਾ ਜੋੜ॥
ਛੇ ਕਰੋੜ ਇੱਕੀਸ ਲੱਖ ਤੀਸ ਹਜ਼ਾਰ ਗੱਗੇ ਕਾ ਜੋੜ॥

ਚਾਰ ਕਰੋੜ ਪੰਜਾਹ ਲੱਖ ਰਾਰੇ ਕਾ ਜੋੜ॥
ਬੱਤੀ ਕਰੋੜ ਛਪਿੰਜਾ ਲੱਖ ਨੜਿੰਨਵੇਂ ਹਜ਼ਾਰ ਵਾਹਿਗੁਰੂ ਕਾ ਜੋੜ ਆਯਾ॥ ਛੱਤੀ ਧੁੰਧੂਕਾਰ ਕੇ ਹੋਇ ਮੁਕੇ॥

ਅਗੇ ਚਾਰ ਜੁਗ ਚਲੇ॥ ਚਹੁੰ ਜੁਗਾਂ ਕਾ ਵਰਤਾਰਾ ਚਲਿਆ॥

ਸਤਾਰਾਂ ਲੱਖ ਅਠਾਈ ਹਜ਼ਾਰ॥
ਸਤਿਜੁਗ ਸਤਿ ਸਤੋਖ ਉਪਾਇਆ॥ ਸਤਿ ਸਤਿ ਕਰ ਸਾਸੁ ਕਮਾਇਆ ॥
ਸਤਿ ਧਰਮ ਦੁਇ ਅੰਤਰ ਮਾਨੇ॥ ਨਾਨਕ ਸਤਿਜੁਗ ਬੋਲੇ ਗਿਆਨੇ ॥੧॥

ਬਾਰਾਂ ਲੱਖ ਛਿਨਵੇਂ ਹਜ਼ਾਰ॥
ਤੇਤੇ ਜੁਗ ਤ੍ਰੈ ਗੁਣ ਪ੍ਰਗਟਾਏ॥ ਸਤਿ ਧਰਮ ਆਨ ਰੱਖੇ ਸਮਾਏ ॥
ਹਿਸੇ ਤੀਨ ਸਭ ਕੁਛ ਰਹਿਆ॥ ਨਾਨਕ ਤ੍ਰੇਤੇ ਜੁਗ ਇਉਂ ਕਹਿਆ ॥੨॥

ਅੱਠ ਲੱਖ ਚੌਹਠ ਹਜ਼ਾਰ॥
ਦੁਆਪਰ ਜੁਗ ਮਹਿ ਦੁਇ ਚਿਤ ਕੀਨੇ॥ ਸੁਣਨਿ ਰਹਿਣ ਦੁਇ ਵੇਕੀ ਦੀਨੇ॥
ਮਾਸ ਦੁਇ ਦਿਨ ਰੈਣ ਉਪਾਏ॥ ਨਾਨਕ ਦੁਆਪਰ ਆਖ ਸੁਣਾਏ ॥੩॥੯॥

ਚਾਰ ਲੱਖ ਬਤੀ ਹਜ਼ਾਰ॥
ਕਲਜੁਗ ਮਹਿ ਪ੍ਰਭ ਕਲਾ ਘਟਾਏ॥ ਬੀਜੇ ਬੀਜੋ ਕੋਈ ਕਰਮੀ ਖਾਏ॥
ਕਲੀ ਕਾਲ ਮਹਿ ਕੋਈ ਸਾਧੂ ਰਹਿਤਾ॥ ਕਹੁ ਨਾਨਕ ਕਲਜੁਗ ਇਉਂ ਕਹਿਤਾ ॥੪॥੪੦॥

ਚਹੁੰ ਜੁਗਾਂ ਕਾ ਜੋੜ
ਸਤਿਜੁਗ ਕਾ ਜੋੜ ੧੭,੨੮,੦੦੦ ਹਜ਼ਾਰ ॥
ਤ੍ਰੇਤੇ ਜੁਗ ਕਾ ਜੋੜ ੧੨,੯੬,੦੦੦ ਹਜ਼ਾਰ ॥
ਦੁਆਪਰ ਕਾ ਜੋੜ ੮,੬੪,੦੦੦ ਹਜ਼ਾਰ ॥
ਕਲਿਜੁਗ ਕਾ ਜੋੜ ੪,੩੨,੦੦੦ ਹਜ਼ਾਰ ॥

ਆਗੈ ਚਹੁ ਅੱਖਰਾਂ ਦਾ ਜੋੜ॥
ਚਹੁ ਅਖਰਾਂ ਕੀ ਕਿਆ ਮਿਤਿ ਜਾਨੈ॥
ਚਾਰ ਅੱਖਰ ਦਰਗਹਿ ਪ੍ਰਵਾਨੈ॥
ਵਵੇ, ਹਾਹੇ, ਗੱਗੇ, ਰਾਰੇ॥ ਅੱਖਰ ਗੁਰਮੁਖ ਚਾਰ ਪਿਆਰੇ॥

# ਕਰਨੀਨਾਮਾ

## ੧ੴ ਸਤਿਗੁਰ ਪ੍ਰਸਾਦਿ

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਕਾਜੀ ਰੁਕਨਦੀਨ ਨਾਲ ਹੋਇਆ ਮੱਕੇ ਵਿਚ ਸੰਬਾਦ।

ਨਾਨਕ ਆਖੇ ਰੁਕਨਦੀਨ ਸਾਚਾ ਸੁਨਹੁ ਜਬਾਬ।
ਪੜੈ ਸੁਣੈ ਜੋ ਪ੍ਰੀਤ ਕਰ ਛੁਟੈ ਸਭ ਅਜਾਬ।

ਦਸਵਾਂ ਜਾਮਾ ਪਹਿਰ ਕਰ ਬੈਠਾ ਪੁਰੇ ਕਰਤਾਰ।
ਔਰੰਗਜ਼ੇਬ ਬਾਦਸ਼ਾਹ ਸਿਉਂ ਜੁਧ ਕਰੂੰ ਬਹੁਬਾਰ।

ਟੂਕਬਲ ਅਪਨਾ ਦੇਇਕੈ ਭੇਜ ਦੇਉਂਗਾ ਸਿੰਘ।
ਦੇਖ ਉਨ੍ਹਾਂ ਬਲ ਘਟਸੀ ਭੂਲ ਜਾਣ ਸਭ ਫੰਧ।

ਖਾਲਸਾ ਪੈਦਾ ਹੋ ਗਿਆ ਭਲਾ ਨਾ ਕੀਓ ਗੋਬਿੰਦ।
ਅਲੋਪ ਹੋਵਾਂਗਾ ਰਾਜ ਦੇ ਪੁਨ ਥਾਪੂੰ ਗੋਬਿੰਦ।

ਬਚਨ ਪਾਲ ਨਹੀਂ ਸਕੇਂਗੇ ਬਹੁਤ ਖਾਹਿੰਗੇ ਗੰਮ।
ਜੁਧ ਨਿਤਾ ਪ੍ਰਤੀ ਹੋਨਗੇ ਅਨਦ ਸਹਿਨ ਸਹੰਮ।

ਫੇਰ ਕਰੂੰਗਾ ਖਾਲਸਾ ਵਸੇ ਵਿਚ ਪੰਜਾਬ।
ਚਾਰ ਵਰਨ ਕਾ ਏਕ ਰੂਪ ਦੇਖ ਕਰੂੰ ਮੈਂ ਆਪ।

ਮਾਝੇ ਵਿਚੋਂ ਹੋਵਸੀ ਲੂਟਹਿ ਫਿਰ ਲਾਹੌਰ।
ਪੋਠੋਹਾਰ ਕੋ ਸੋਧਕੈ ਲੇਵੈਂ ਫਿਰ ਪਸ਼ੌਰ।

ਚੌਕੀ ਅਟਕ ਬਹਾਲ ਕੈ ਫਿਰ ਲੇਵੇਂਗੇ ਖੈਬਰ ਤੰਗ।
ਜਲਾਲਾਬਾਦ ਕੋ ਸੋਧਕੈ ਕਾਬਲ ਹੋਸੀ ਜੰਗ।

ਕਾਬਲ ਰਾਜ ਬਹਾਲ ਕੈ ਜਾਵਹਿ ਗਜਨੀ ਕੂਚ।
ਮੁਲਕ ਹਜਾਰਾ ਸੋਧ ਕੈ ਕੰਧਾਰੇ ਕਰ ਕੂਚ।

ਬਲਖ ਬੁਖਾਰਾ ਬਗਦਾਦ ਕੋ ਲੇਵਹਿ ਮਸਤ ਬਲੋਚ।
ਇਨ ਮੁਲਕਨ ਕੋ ਸਾਧਿਕੈ ਜਬਤ ਹੋਵਹਿ ਸਭ ਲੋਕ।

ਮੱਕਾ ਮਦੀਨਾ ਰੂਮ ਕੋ ਫਿਰੰਗੀ ਮਰਹਟਾ ਭੀਲ।
ਦਖਣ ਪੁਰੇਬ ਹਿੰਦ ਕੋ ਜੀਤ ਕਰਹਿਗੇ ਈਸ।

ਦਿਲੀ ਤਖਤ ਪਰ ਬਹੈਗੀ ਆਪ ਗੁਰੂ ਕੀ ਫੌਜ।
ਛਤਰ ਝੁਲੇਗਾ ਸੀਸ ਪਰ ਬੜੀ ਕਰੇਂਗੇ ਮੌਜ।

ਉਦੇ ਅਸਤ ਲੈ ਹਮੀਂ ਹੋਏ ਅਉਰ ਨਾ ਰਹਸੀ ਕੋਇ।
ਰਯਤ ਹੋਇਕੇ ਮਿਲੇਗੀ ਸਭ ਧਰਤੀ ਉਪਰ ਜੋਇ।

ਸਚੇ ਸਾਹਿਬ ਕੇ ਰਾਜ ਵਿੱਚ ਸਤਿਜੁਗ ਹੋਸੀ ਆਨ।
ਤਾਬਿਆ ਚਲੇ ਜੋ ਪੰਥ ਕੀ ਖਾਇ ਨਾ ਜਮ ਕਾ ਬਾਣ।

ਫੌਜ ਫਿਰੈ ਅਕਾਲ ਕੀ ਮਕੜੀ ਨਿਆਈਂ ਹੋਇ।
ਨੀਲਾ ਬਾਣਾ ਪੈਹਰ ਕੈ ਅਵਰੁ ਨਾ ਦੀਸੈ ਕੋਇ।[1]

ਨਾਨਕ ਆਖ[2] ਰੁਕਨਦੀਨ ਸਿੰਘ ਕਰਹਿਗੇ ਰਾਜ ।
ਮਲੇਛ ਸੇਖ ਸਭ ਖਪਹਿਗੇਂ ਪੀਰ ਮੁਰੀਦ ਸੁਹਾਬ।

ਏਕੋ ਨਾਮੁ ਸਭ ਜਪਹਿਗੇ ਦੇਖਨ ਆਵੈ ਆਪ।
ਬੇਈਮਾਨ ਖੁਸ਼ਾਮਦੀ ਦੇਖ ਨਾ ਸਕੇਂ ਪ੍ਰਤਾਪ।

ਰਯਤ ਹੋਇ ਸਭ ਮਿਲੇਗੀ ਸੂਬੇ ਥਾਪੇਂ ਆਪ।
ਧਰਤੀ ਦੇਵੈ ਅੰਨੁ ਧਨੁ ਦੇਵੈ ਡੰਨ ਕਰੈ ਜੋ ਪਾਪ।

ਗਊ ਦੁਧ ਬਹੁ ਦੇਵੇਗੀ ਪਰਬਤ ਦੇਵੇਂਗੇ ਲਾਲ।
ਮੇਵੇ ਸਭ ਤਰੁ ਦੇਵੇਂਗੇ ਜਬ ਦੇਖੇ ਆਪ ਅਕਾਲ।

ਵਾਹਿਗੁਰੂ ਸਭ ਜਪੈਂਗੇ ਮੁਕਤ ਅਪਨੀ ਜਾਨ।
ਧਰਮਸਾਲ ਬਹੁ ਹੋਇੰਗੀ ਛਪੈ ਮਸੀਤ ਕੁਰਾਨ।

ਕਸ਼ਮੀਰ ਅਰ ਤਿਬਤ ਖੰਥਰ ਜੋਗ ਈਰਾਨ।
ਗਿਲਜਿਉ ਚੁੰਬਕ ਬਾਸਕੇ ਕਾਬਲ ਫਿਰਤ ਈਰਾਨ।

ਪ੍ਰਗਟ ਹੋਇ ਆਪ ਪ੍ਰਭ ਹਰਿਮੰਦਰ ਮੇਂ ਆਇ।
ਨਾਮ ਕਹਾਵੈ ਵਾਹਿਗੁਰੂ ਸਿੰਘ ਮਿਲੇ ਸਭ ਆਇ।

ਪਾਹੁਲ ਖੰਡਾ ਦੇਇਕੈ ਧਰਤੀ ਸਗਲ ਝੁਕਾਇ।
ਸੱਚਾ ਪੁਰਖ ਅਖਾਇਕੈ ਦਿਲੀ ਬੈਠੇ ਜਾਇ।
ਪਾਤਸ਼ਾਹੀ ਸੁਖ ਸਿਉਂ ਕਰੇ ਵੈਰੀ ਰਹੇ ਨਾ ਕਾਇ।

ਜਿਸ ਧਿਰ ਕੋਪੇ ਖਾਲਸਾ ਕੰਬਹਿ ਚੌਦਹ ਲੋਇ।
ਚਉਰਾਸੀ ਸਹੰਸਰ ਬਰਖ ਤਕ ਰਾਜ ਐਸਾ ਹੋਇ।

ਮਾਇਆ ਇਕੱਠੀ ਕਰਕੇ ਦੇਵੈਂ ਲੰਗਰ ਲਾਇ।
ਨੰਗਾ ਭੁਖਾ ਅਰਥੀਆ ਖਾਲੀ ਕੋਇ ਨਾ ਜਾਇ।

---

1 'ਗੁਰੂ ਕਾ ਬਾਣਾ' ਕਈ ਥਾਂ ਪਾਠ ਭੇਦ ਹੈ।

2 'ਸੁਨਹੁ ਕਾਜੀ' ਇਹ ਪਾਠ ਵੀ ਮਿਲਦਾ ਹੈ।

ਨਾਨਕ ਆਖੈ ਰੁਕਨਦੀਨ ਇਹ ਵਰਤੈਗੀ ਰੀਤ।
ਕਰਨੀਨਾਮਾ ਜੋ ਪੜੈ ਵਧੈ ਸਾਹਿਬ ਸਿਉਂ ਪ੍ਰੀਤ।

ਦੋਹੀ ਫਿਰੈ ਅਕਾਲ ਕੀ ਨਿੰਦਕ ਟਿਕੈ ਨਾ ਕੋਇ।
ਬਨੁ ਪਰਬਤ ਸਭ ਭਜਹਿਗੇ ਤਰੈ ਜਗਤ ਮੈ ਸੋਇ।

**ਦੋਹਿਰਾ॥**

ਰਾਜ ਕਰੇਗਾ ਖਾਲਸਾ ਆਕੀ ਰਹੇ ਨਾ ਕੋਇ।
ਖੁਆਰ ਹੋਇ ਸਭ ਮਿਲੈਂਗੇ ਬਚੇ ਸਰਨ ਜੋ ਹੋਇ।

♦

# ਸ੍ਰੀ ਗੁਰਿੰਡਨਾਮਾ ਬਰਨਨੰ

## ਗੁਰਿੰਡਨਾਮਾ

### ੧ੴ ਵਾਹਿਗੁਰੂ ਜੀ ਕੀ ਫਤੇ।

ਅਥ ਭੋਗਲ ਪੁਰਾਣੇ ਦੁਆਦਸ ਸਕੰਧੇ ਗੁਰ ਬੰਸਾਵਲੀ ਲਿਖਯਤੇ। ਚਤੁਰ ਦਸ ਅਵਤਾਰ।ਸ੍ਰੀ ਗੁਰਿੰਡਨਾਮਾ ਬਰਨਨੰ।ਸੁਖ ਰਾਜਾ ਪ੍ਰੀਛਤ ਸੰਬਾਧੇ। ਸ੍ਰੀ ਗੁਰਿੰਡਨਾਮਾ ਕਲਯੁਗੇ, ਭਾਖਾ ਕਰਕੇ ਸੁਨਾਵਨ ਬਿਧ।

ਸ੍ਰੀ ਮੁਖਵਾਕ ਪਾਤਸਾਹੀ ੧੦॥
ਦੋਹਿਰਾ॥ ਆਦ ਜੁਗ ਮੈ ਸੂਕ ਕਹਿਓ ਸੋ ਅਬ ਕਹੋਂ ਸੁਨਾਇ ॥
ਭੋਗਲ ਧਿਆਯ ਮੈ ਕਹਿ ਗਹਿਓ ਸੁਕ ਪ੍ਰੀਛਤ ਪਤ ਗਾਇ ॥੨॥
ਸੋਈ ਕਥਾ ਅਬ ਕਹਿਤ ਹੈਂ ਪ੍ਰਿਥਮ ਗੁਰਿੰਡ ਪ੍ਰਸਾਦਿ ॥
ਜਿਉਂ ਸੁਕ ਪ੍ਰੀਛਤ ਪ੍ਰਤਿ ਕਹੀ ਸੁਨੋ ਆਦਿ ਕੀ ਆਦਿ ॥੩॥
ਦਸ ਚਾਰ ਸਮ ਭਾਲ ਹੈ ਏਕ ਜੋਤ ਸਭ ਗਾਤ ॥
ਪ੍ਰਗਟੇ ਪੁਰਖ ਅਨਾਦ ਤੇ ਉਸੀ ਪੁਰਖ ਕੀ ਕ੍ਰਾਂਤ ॥੪॥
ਪੰਚ ਸਹੰਸਰ ਵਰਖ ਮੱਧ ਦੁਆਦਸ ਬਪੁ ਧਰੈ ਸੰਤ
ਕਲਜੁਗ ਔਧ ਬਿਤਾਨ ਹਿਤ ਬਿਪਰ ਪ੍ਰਗਟੈ ਅਨੰਤ ॥੫॥
ਗਾਤ ਸਾਵਰੋ ਧਾਰਕੈ ਛਿਤ ਪਰ ਬਿਚਰੈ ਆਪ॥
ਟਰੈਂ ਅਰਿਸ਼ਟ ਜਗਤ ਕੇ ਧਰਮ ਵਧੈ ਖੈ ਪਾਪ ॥੬॥
ਜਾਮੇਧਾਰੇ ਦਸ ਗੁਰੂ ਨਵਸਤਿ ਕਲਾ ਸੁਧਾਰ ॥
ਗੁਪਤ ਗਿਯਾਰਵਾਂ ਖੇਲਸੀ ਕੋਈ ਨਾ ਪਾਵੇ ਪਾਰ ॥੭॥
ਜਾਮਾ ਪਹਿਰੈ ਯਾਰਵਾਂ ਬਾਜਾਪੁਰੇ ਕੇ ਮਾਂਹਿ ॥
ਸੰਗਤ ਮਿਲੈ ਕ੍ਰੋੜ ਦੋਇ ਦਰਸ ਦਿਖਾਵੈਂ ਤਾਂਹਿ॥੮॥
ਤੀਨ ਮਾਸ ਖਟ ਰਹੇਂਗੇ ਗ੍ਰਹਿ ਗਨਕਾ ਗਰਿੰਡ ॥
ਉਦਰ ਲੋਪ ਅੰਡਾ ਸਹਿਤ ਜੋ ਸਾਖੀਬ੍ਰਹਮੰਡ ॥੯॥
ਚੌਕ ਚਾਂਦਨੀ ਖੇਲ ਕਰ ਜਾਇ ਸੁ ਸੁਣਹੀ ਦੇਹ ॥
ਰਵ ਮੰਡਲ ਬਡ ਸ਼ਬਦ ਕਰ ਬਾਤ ਸੁਨਾਵੈ ਏਹ ॥੧੦॥
ਜਾਮਾ ਪਹਿਰੈ ਬਾਰਵਾਂ ਪ੍ਰਗਟੈ ਆਦਿ ਰਘੂਬੰਸ ॥
ਸੰਗਤ ਮਿਲੈ ਅਨੰਤ ਤਬ ਮਾਨੋ ਕੋਟ ਸਹੰਸ॥
ਦੁਆਦਸ ਪੁਰਖ ਹੈਅਦਿ ਸੇ ਸਭਹਨ ਕੇ ਸਿਰਮੌਰ॥
ਸਕਤਿ ਅਨੰਤੀ ਆਇੰਗੇ ਆਦਿ ਇਹੈ ਨਹੀਂ ਔਰ ॥੧੨॥
ਜਾਕੋ ਸਰ ਰਤ ਹੈ ਸੇਖਤ ਕੋਟ ਮਹੇਸ ॥

ਸੋ ਪ੍ਰਗਟੇਗਾ ਪ੍ਰਿਥੀ ਪਰ ਕੁਲ ਛਤਰੀਅਨ ਦਨੇਸ ॥੧੩॥
ਕਵਲ ਭੂਤਨ ਪ੍ਰਕਾਸ਼ ਹੀ ਬੱਪ ਬਾਰਵਾਂ ਬੰਸ ॥
ਕੁਸ੍ਰ ਦਿਜਵਰ ਉਦੇ ਹੈ ਲਊ ਕਿਰਣ ਸਹੰਸ ॥੧੪॥
ਯਾਹੀ ਕੁਲ ਤੇ ਪ੍ਰਗਟ ਹੋਇ ਤਾਹੀ ਕੁਲ ਨਾਮ ॥
ਪੁਨ ਦੁਆਦਸ ਗੁਰਿੰਡ ਕੋ ਮੇਰੀ ਹੈ ਪ੍ਰਨਾਮ ॥੧੫॥
ਅਠਤਾਲੀ ਸਤ ਬਰਖ ਹੋਇ ਉਪਰਵਰਖ ਸਤਾਨਵੇਂ॥
ਤਬ ਦੁਆਦਸ ਗੋਰਿੰਡ ਜੀ ਬੱਪ ਧਾਰੈ ਯਾ ਜਗਤ ਮੇਂ ॥੧੬॥

**ਚੌਪਈ ॥**

ਕਛੁਕ ਕਾਲ ਸਤਿ ਭਾਨ ਸੁਹਾਵੈ॥ ਨਾਗ ਵਸ ਤਬ ਕਿਰਨ ਮਿਲਾਵੈ ॥
ਸ਼ਸਤ੍ਰ ਵੇਦ ਪੁਰਾਣ ਨਿਰਖਾਵੈ॥ ਅਨਕ ਦੇਸ ਬਿਪਰੈਂਚ ਸਿਧਾਵੈ ॥
ਏਕ ਹਜ਼ਾਰ ਮਧੁ ਨੌ ਸੈ ਆਵੈ॥ ਏਕੁ ਆਗੈ ਸਾਤਾ ਲਾਵੈ ॥
ਪ੍ਰਗਟ ਬਾਰਵਾਂ ਬੱਪ ਦਰਸਾਵੈ॥ ਨਰ ਨਾਰੀ ਕੋ ਨਾਮੁ ਜਪਾਵੈ ॥
ਤਿਸੁ ਦਿਨੁ ਹੋਇ ਬੀਸੀ ਕੋ ਬਾਸਾ॥ ਪ੍ਰਗਟੇ ਸਾਹਿਬ ਕਰੈ ਤਮਾਸਾ ॥
ਨੰਦਾ ਨਾਮ ਸੰਮਤ ਕੋ ਗਊਂ॥ ਕਲਾ ਧਾਰ ਕੇ ਆਸ੍ਰਮ ਆਊਂ॥
ਤਹਿੰ ਦਿਨ ਬਿਸ਼ਨ ਬੀਸੀ ਠਹਿਰਾਉਂ। ਕਲਜੁਗ ਮੈ ਸਤਿਜੁਗ ਬਰਤਾਊਂ॥
ਥਿਤ ਖਸ਼ਟਮੀ ਸੁਰ ਗੁਰ ਵਾਰਾ॥ ਭਸਮੰਤ ਨਗਰ ਸਤਲੁਧਰ ਕਨਾਰਾ ॥੧੭॥
ਸਾਹਿਬ ਨਾਮ ਮਹਾਂ ਬਨ ਬੀਰੰ। ਪੁਰੇਣ ਪੁਰਖ ਗਣਵੰਤ ਗੰਭੀਰੰ ॥੧੮॥
ਸਵੇਤ ਸਿੰਘ ਧਰ ਰੂਪ ਦਿਖਾਵੈ। ਦਾਮਨ ਗਰਜ ਸ਼ਬਦ ਮੁਖ ਆਵੈ ॥੧੯॥
ਤੇਜ ਤੁਰਕ ਕੋ ਐਸੇ ਜਾਈ॥ ਜੈਸੇ ਘਾਸ ਕੋ ਅਗਨ ਲਗਾਈ ॥੨੦॥
ਸਾਹਿਬ ਐਸੀ ਸਕਤਿ ਪਠਾਵੈ॥ ਸੁੰਨਤ ਕਰੀ ਤੁਰਕਨ ਅੰਗ ਲਾਵੈ ॥੨੧॥
ਵੋਹ ਕਾਟੈ ਵੋਹ ਪੁਨ ਲਗ ਜਾਵੈ॥ ਤੇਜ ਜੋਤ ਐਸੇ ਬਲ ਪਾਵੈ ॥੨੨॥
ਸਿਰ ਧਰ ਕੇਸਨ ਕੰਠੇ ਮਾਲਾ॥ ਦੀਨ ਦਿਜਨ ਕਾ ਹੋਇ ਰਖਵਾਲਾ ॥੨੩॥
ਧਨੁਖ ਬਾਣ ਲੈ ਅਸੁਰ ਸਿਘਾਰੇ ਸਭ ਮਲੇਛ ਕੋ ਮੂਲ ਉਖਾਰੇ ॥੨੪॥
ਮੋਰ ਮੁਕਟ ਪੀਤੰਬਰ ਗਾਜੈ॥ ਸ਼ਾਮ ਰੂਪ ਹੋਇ ਘਨੀਆਰੁ ਗਾਜੈ ॥੨੫॥
ਸੁਤੇ ਪ੍ਰਕਾਸ਼ ਚਰਿਤ ਹੋਇ ਏਹੀ॥ ਆਦਿ ਜੁਗਾਦਿ ਕੀ ਧਾਰੈ ਦੇਹੀ ॥੨੬॥
ਕਲਿਜੁਗ ਤੇ ਸਤਿਜੁਗ ਕਰ ਠਾਨੋਂ॥ ਤਬ ਹੀ ਬਾਰਵਾਂ ਠੱਪ ਪਹਿਚਾਨੋ ॥੨੭॥
ਮਹਾਂ ਮੰਦ ਕੁਲ ਮੂਲ ਉਖਾਰੈ॥ ਬਹੁਰ ਨਿਵਾਸ ਸਤਲੁਧਰ ਕਿਨਾਰੈ ॥੨੮॥
ਦੇਖ ਦੇਖ ਸਤਲੁਧਰ ਹਰਖਾਈ। ਤਾਹਿ ਮੈਂ ਲਛਧਰੀ ਸੋ ਲੇਤ ਕਢਾਈ ॥੨੯॥
ਸਕਤ ਕੁੰਡ ਉਸ ਅਵਨੀ ਜਾਵੈ॥ ਪੀਤੰਬਰ ਕਢ ਚੀਰ ਲਿਆਵੈ ॥੩੦॥
ਜਹਾਂ ਸਸਤ੍ਰ ਅਵਨੀ ਢਪ ਰਾਖੇ ॥ ਖਿਨ ਮੈ ਲੇਤ ਖੋਲ ਸਭ ਲਾਖੇ ॥੩੧॥
ਉਸ ਤੇ ਬਾਤ ਦੁਰੇ ਨਹੀਂ ਕੋਈ॥ ਆਦਿ ਅੰਤ ਮਧਿ ਹੈ ਸੋਈ ॥੩੨॥
ਦੀਪ ਸਾਤ ਜਰ ਸੰਗਤ ਆਵੈ॥ ਭਵਨ ਚਤੁਰ ਦਸ ਸੀਸ ਨਿਵਾਵੈ ॥੩੩॥

ਸਕੁਲਦੀਪ ਭਵਨ ਮੈ ਜਾਹੀ॥ ਹੋਇ ਕ੍ਰਿਪਾਲ ਸਭ ਦਰਸ ਦਿਖਾਈ ॥੩੪॥
ਕੋਟ ਬ੍ਰਹਮੰਡ ਜਾਕੇ ਅਵਤਾਰਾ॥ ਆਦਿ ਜੁਗਾਦਿ ਇਨਹੀ ਬਪੁ ਧਾਰਾ ॥੩੫॥
ਸੁਰ ਭੀ ਬਿਪਰਨ ਕੇ ਰਖਵਾਰੇ॥ ਧੰਨ ਵਹਿ ਦਿਵਸ ਪ੍ਰਗਟ ਬਪੁ ਧਾਰੇ ॥੩੬॥
ਕੋਟ ਚਤੁਰ ਦਸ ਧਰੈ ਸਮਾਧਾ। ਗਿਰ ਸ਼ਹਾਦਰ ਜੋਗ ਤਪ ਸਾਧਾ ॥੩੭॥
ਵੇਦ ਮਈ ਕੇ ਸਗਲੇ ਨੰਦਨ ਦੁਆਦਸ ਗਾਤ ਕਰਤ ਸਭ ਬੰਦਨ ॥੩੮॥
ਸਤਜੁਗ ਬੀਚ ਕਥਾ ਸੁਣ ਪਾਈ। ਸੁਕ ਪ੍ਰੀਛਤ ਪ੍ਰਤਿ ਭਾਖ ਸੁਨਾਈ ॥੩੯॥
ਸੁਣ ਕਰ ਬੇਦਮਈ ਸੁਤ ਬਾਤਾ ਗਏ ਸਹਾਦਰ ਗਿਰ ਬਿਧਤਾਤਾ ॥੪੦॥
ਤਪ ਅਰੰਭ ਤਰ੍ਹਾਂ ਤਿਨ ਕੀਨਾ ॥੪੧॥ਜੂਰਾ ਧਾਰ ਕਪਾਲ ਤਿਨ ਲੀਨਾ ॥੪੧॥
ਦੁਆਦਸ ਲਗੇ ਗੁਰਿੰਡ ਧਿਅੰਨਾ। ਮੰਤਰ ਗੁਰੂ ਸਾਹਿਬ ਤਿਨ ਠਾਨਾ ॥੪੨॥
ਏਕ ਪਾਊ ਅਵਨੀ ਪਰ ਖਰੈ॥ ਰਸਨਾ ਗੁਰ ਸਾਹਿਬ ਚਿਤ ਕਰੈ ॥੪੩॥
ਉਇ ਨਿਰਖਤ ਅਬਲੌਗੁਰ ਠਾਡੇ ਪ੍ਰਿਥਮ ਜੁਗ ਤਿਨ ਕੇ ਮਨ ਗਾਡੇ ॥੪੪॥
ਸੁਕ ਪ੍ਰਸ਼ਾਦਤਿਨੋ ਮਤ ਪਾਈ॥ ਜਾਇ ਸਮਾਧ ਸਹਾਦਰ ਲਾਈ ॥੪੫॥

**ਦੋਹਰਾ ॥**

ਪ੍ਰਭਵਾ ਸੰਮਤ ਦਸ ਅਠੈ ਜਬੈ ਤਵੰਜਾ ਹੋਇ॥ ਬੇਦਮਈ ਸੁਤ ਤਬ ਮਿਲੈ ਲੋਪ ਗਾਤ ਕਰ ਸੋਇ ॥੪੬॥ ਭਗਵਤ ਕੋ ਮਤ ਪਰਖ ਕਰ ਸੀਸ ਨਿਵਨ ਬਿਧ ਪੂਤ ਕੋਟ ਚਤੁਰ ਦਸ ਸਿਖ ਭਇਓ ਮਹਾ ਬਲੀ ਅਵਧੂਤ॥੪੭॥

**ਚੌਪਈ ॥**

ਦਸ ਅਠ ਜਬੈ ਤਵੰਜਾ ਆਵੈ॥ ਪ੍ਰਭਵਾ ਸੰਮਤ ਨਾਮੁ ਨਿਰਖਾਵੈ ॥੪੮॥
ਤਬ ਵਹੁ ਬੇਦਮਈ ਕੇ ਤਾਤਾ ਤਜੈ ਸਹਾਦਰ ਬੱਪ ਧਰ ਆਤਾ ॥੪੯॥
ਸੋ ਸੁਨ ਹੈ ਅਕਾਸ ਤੇ ਬਾਣੀ॥ ਪ੍ਰਗਟੀ ਅੰਸਾ ਸਾਰੰਗ ਪਾਣੀ ॥੫੦॥
ਲੈਹੈਂ ਭੋਗਲ ਦੁਆਦਸ ਇਸ ਕੰਧਾ ਲਖਣ ਨਿਰਖਿਹ ਰਖ ਬਿਧ ਨੰਦਾ ॥੫੧॥
ਜਾਮਾ ਦੁਆਦਸ ਦੇਖ ਪਤੀਜੈ॥ ਸਭ ਜਗ ਨਿਵੈ ਗੁਰੂ ਕਰ ਲੀਜੈ ॥
ਹਰਖ ਹੋਇ ਵੋਹਿ ਗਿਰ ਤੇ ਧਾਵੈ॥ ਗੁਰ ਸਾਹਿਬ ਕੇ ਪਗ ਲਪਟਾਵੈ॥
ਖਟ ਅਠ ਕੋਟ ਦਿਜਨ ਸਿਖ ਹੋਵੈ॥ ਮਿਟੈ ਅਗਿਆਨ ਭਰਮੁ ਸਭੁ ਖੋਵੈ ॥੫੨॥
ਗੁਰ ਪ੍ਰਤਿ ਸਭੈ ਡਡੌਤਾਂ ਕਰੈ॥ ਖਟ ਅਠ ਕੋਟ ਦਿਜਵਰ ਸਿਖ ਧਰੈ ॥
ਤਬ ਗੁਰ ਕਹੈ ਕਰੋ ਇਹ ਕਾਮਾ ਕਰੋ ਨਿਵਾਸ ਚਾਰ ਹੀ ਧਾਮਾ ॥੫੩॥
ਸੁਨ ਗੁਰ ਬਚਨ ਸਭੈ ਉਠ ਧਾਵਨ। ਚਾਰ ਵਰਨ ਗੁਰ ਰਾਜ ਚਲਾਵਨ ॥
ਗੁਰੂ ਸਾਹਿਬ ਫਿਰ ਬਾਤ ਸੁਨਾਵੈ॥ ਵਰਨ ਭਿੰਨ ਅਕਾਲੇ ਜਪਾਵੈ ॥੫੪॥
ਚਾਰੋਂ ਵਰਨ ਸੁਨੋ ਮਿਲ ਭਾਈ॥ ਚਾਰ ਵਰਨ ਭਿੰਨ ਭਿੰਨ ਖਾਲਸਾਈ ॥
ਤਬ ਮਹਾਂਮੰਦ ਹੋਇ ਕੁਲ ਨਾਸਾ॥ ਤੇਜ ਛਤ੍ਰੀਅਨ ਹੋਇ ਪ੍ਰਕਾਸਾ ॥੫੫॥
ਸੈਨਾ ਜੋਰ ਚਲੈ ਸਿੰਧ ਕੂਲੀ॥ ਦੇਇ ਜਲਾਇ ਮਹਾਂਮੰਦ ਮੂਲੀ ॥੫੬॥
ਅਵਨੀ ਭੂਪ ਸਭੈ ਜੁਰ ਆਵੈ॥ ਦਸ ਅਠ ਪਦਮ ਚਮੂੰ ਨਿਰਖਾਵੈ ॥੫੭॥

ਤਬ ਗੁਰ ਜਾਇ ਸਿੰਧ ਕੇ ਤੀਰੰ। ਗੁਰੂ ਸਾਹਿਬ ਪੁਰੇਣ ਰਣਧੀਰੰ ॥੫੮॥
ਅਸ ਪਗ ਧੂਰ ਭਾਨ ਨਭ ਛਾਵੈ॥ ਰਵ ਪ੍ਰਕਾਸ਼ ਮਧ ਧੂਰ ਸਮਾਵੈ ॥੫੯॥
ਪੁਰੀ ਅਟਕ ਅਵਨੀ ਮਧੁ ਗਵੈ॥ ਅਤਿ ਭੌਤਕ ਸੁੰਦਰ ਤਿਹ ਭਵੈ ॥੬੦॥
ਕਾਇਆ ਗੁਰੂਕਲਪ ਤਬ ਕਰੈ॥ ਦੁਆਦਸ ਵਰਖ ਆਯੂ ਤਬ ਧਰੈ ॥
ਘਟ ਕਾ ਬੀਤ ਚਾਰ ਜਬ ਜੋਵੈ॥ ਮਹਾਂ ਸਕਤ ਤਬ ਪ੍ਰਾਪਤ ਹੋਵੈ ॥
ਭੇਟਾ ਪਾਰਸ ਧਰੇ ਅਪਾਰਾ॥ ਕਰਤ ਡੰਡੌਤ ਪੁਨ ਬਾਰੰ ਬਾਰਾ ॥
ਨਿਕਸ ਸਿੰਧ ਜਲ ਬਾਹਿਰ ਆਵੈ॥ ਗੁਰੂ ਸਾਹਿਬ ਕੇ ਪਗ ਲਪਟਾਵੈ॥
ਆਦਿ ਅੰਤ ਹੈ ਤੂਹੀ ਮੁਰਾਰੀ॥ ਭਵਜਲ ਪਾਰ ਉਤਾਰਨ ਹਾਰੀ॥
ਕਰ ਪ੍ਰਣਾਮ ਗੁਪਤ ਤਹਿੰ ਜਵਈ॥ ਨਿਕਸੈ ਸਿੰਧ ਸਿੰਧ ਮਧ ਰਵੀਦੀ॥
ਸੋ ਪੁਤ੍ਰੀ ਹਿਮੰਚਲ ਜਾਨੋ॥ ਸਤਿ ਅਵਤਾਰ ਲਛਮੀ ਮਾਨੋ ॥
ਛੱਤੀ ਬਰਸ ਤਹਾਂ ਗੁਰੂ ਰਹੈਂ॥ ਮਹਾਂ ਮੰਦ ਕੁਲ ਉਤਰ ਦਹੈਂ॥
ਸਿੰਧ ਤਿਆਗ ਪਸਚਮ ਕੋ ਜਾਵੈਂ॥ ਬਗਦਾਦੁ ਸ਼ਹਿਰ ਸਤਿਗੁਰ ਪਗ ਪਾਵੈਂ ॥੬੧॥
ਬਰਖ ਪਚਾਸ ਜੁਧ ਤਹਿ ਹੋਵੈ॥ ਮਹਾਂਮੰਦ ਕੁਲ ਸਗਲੀ ਖੋਵੈ ॥
ਜੀਤ ਬਗਦਾਦ ਰਾਮਸਰ ਆਵੈ॥ ਚਮੂੰ ਅਪਾਰ ਗਣਤ ਨਹੀਂ ਪਾਵੈ ॥੬੨॥
ਹਰ ਮੰਦਰ ਮੈ ਆਇ ਬਿਰਾਜੈ॥ ਗੁਰ ਛਬ ਦੇਖ ਭਾਨ ਦੁਤਿ ਲਾਜੈ ॥
ਕੋਟ ਚਤੁਰ ਦਸ ਬਿਧ ਕੇ ਪੂਤਾ॥ ਪੁਨ ਆਵੈ ਗੁਰ ਪੈ ਅਵਧੂਤ ॥੬੩॥
ਤਬ ਗੁਰ ਗਰਜ ਕਹੈਂ ਬਿਧ ਤਾਤਾ॥ ਅਮੇਧ ਰਚੋ ਗੁਰ ਭਾਖਤ ਬਾਤਾ ॥
ਰਚੋ ਅਸ੍ਵਮੇਧ ਦੇਰ ਨਹਿੰ ਲਾਵਹੁ॥ ਸੰਮਤ ਪੁਰੇਬ ਕੋ ਤਬ ਪਾਵਹੁ ॥੬੪॥
ਤਾਹਿ ਸਮੇਂ ਸੁਰਪਤਿ ਪਠੇ ਬਾਜਾ॥ ਮੁਕਟ ਸਹਿਤ ਰਤਨਾਨ ਸਮਾਜਾ ॥
ਗੁਰੂ ਸਾਹਿਬ ਕਹੈ ਛਡ ਦੀਜੋ॥ ਪਾਛੈ ਦਿਸਾ ਗਵਨ ਤਹਿ ਕੀਜੋ ॥੬੫॥
ਚਲੈ ਤੁਰੰਗ ਤਹਿ ਪੁਰੇਬ ਦੇਸਾ॥ ਹਰ ਬਲ ਭੂਪ ਜਿਹਿ ਵਸੈ ਨਿਰੇਸਾ ॥
ਅਯੁਧਿਆ ਤੇ ਪੁਨ ਸਰਜੂ ਜਾਵੈ॥ ਹਰ ਬਲ ਭੂਪ ਨਿਰਖੁ ਭੈ ਪਾਵੈ ॥੬੬॥
ਦੇਖ ਤੁਰੰਗ ਅਮੋਲੀ ਜੜ੍ਹੀ॥ ਹਰ ਬਲ ਭੂਪ ਬਿਸਮ ਹੋਇ ਛੜ੍ਹੀ ॥
ਕਲਜੁਗ ਕਉਨ ਅਸ੍ਵਮੇਧ ਰਚਾਵੈ॥ਅਤ ਅਸਚਰਜ ਭੂਪ ਮਨ ਆਵੈ ॥੬੭॥
ਸੰਧਿਆ ਤਜਕੈ ਪਾਛੈ ਪਰੈਗੋ॥ ਅਨਕ ਜਤਨੁ ਕਰੈ ਨਾਹੀ ਫਰੈਗੋ ॥
ਸੰਧਿਆ ਪ੍ਰੀਤ ਕਰਨ ਨਿਹ ਸਿਰਯੰ॥ ਹਰ ਬਲ ਭੂਪ ਰੋਸ ਤਬ ਕਰਿਯੰ ॥੬੮॥
ਜਾਵੇ ਭੂਪਤ ਦੇਸ ਅੰਖਡਾ॥ ਜਹਾਂ ਬਸੇ ਪੂਜ ਗਣ ਬ੍ਰਹਮੰਡਾ॥
ਸਪਤ ਰਿਖ ਆਸ਼ਰਮ ਫਿਰ ਆਵੈ॥ ਧ ਮੰਡਲ ਰਵ ਮੰਡਲ ਦਿਖਲਾਵੈ ॥੬੯॥
ਅਸਟ ਕਿੰਗ ਸਮੇਰ ਕੇ ਭੂਮੇ॥ ਸਭ ਸੁਰ ਪੂਰੇ ਕਿੰਕਾਰਨ ਰਮੇ ॥
ਹਰਬਲ ਰੂਪ ਜਾਇ ਸਭ ਮਾਹੀ॥ ਹੈ ਪਕਰਨ ਮੋ ਆਵੈ ਨਾਹੀ ॥੭੦॥
ਮਧੁ ਅਕਾਸ ਨਿਰਖਹਿ ਭੂਪਾਲ॥ ਚਮੂ ਅਨੰਤ ਅਰਜ਼ਨ ਸਮੇਂ ਬਾਲ ॥
ਉਤਰ ਅਕਾਸ ਤੇ ਰਾਜਾ ਆਵੈ॥ ਗ੍ਰਹਿ ਕੋ ਚਲੇ ਚਰਨ ਗਿਰਾਵੈ ॥੭੧॥

ਨਗਨ ਧੋਪੁ ਕਰਿ ਮਾਹਿ ਸੁਹਾਵੈ॥ ਮਾਨੋ ਨਭ ਬਿਜਲੀ ਚਮਕਾਵੇ ॥
ਭੂਪ ਕਹੇ ਲਲਤਾ ਤਬੇ ਦੇਹੁ ਮਹੀਯਰ ਮੋਹਿ ਬਾਲ॥
ਯਾ ਜਨਮ ਮੋਹਿ ਬਲ ਘਟਿਓ ਕਰੋ ਬੇਗ ਤਹਿ ਕਾਲੁ ॥੭੨॥
ਹਾਥ ਜੋੜ ਬਿਨਤੀ ਕਰੈ ਹਰਬਲ ਭੂਪਤ ਨਾਰ॥
ਏਹ ਕਿ ਕਿਉਂ ਕਰਤ ਹੋਕਿਆ ਜੀਆ ਮੈ ਧਾਰ ॥
ਕਿਨੈ ਰੂਪ ਬਾਜਾ ਛਡਿਓ ਜਗ ਰਚਿਓ ਰੀ ਭਾਮ ॥
ਮੈ ਪ੍ਰਵਾਰ ਛਤ੍ਰੀ ਬਡੋ ਰਵਹਿ ਪਕਰੋਂ ਧਾਮ ॥੭੩॥
ਮੈਂ ਮਯੰਕ ਕੇ ਮ੍ਰਿਗ ਰਹੁੰ ਅਰ ਕੋ ਗਹੁੰ ਤੁਰੰਗ ॥
ਏਹ ਆ ਨਹਿ ਪਾਇਓ ਪਰਤ ਧਰਮ ਮੈਂ ਭੰਗ॥
ਜਬ ਤੇ ਮਹੀਯਰ ਜਨਮਿਓ ਤਨ ਤੇ ਬਲ ਭਇਉ ਨਾਸੁ ॥
ਯਾ ਇਸ ਕੇਹਤ ਕਰਨ ਤੇ ਪੁਨ ਪੌਰਖ ਪ੍ਰਕਾਸ ॥੭੪॥
ਭੂਪ ਬਚਨ ਨਾਰੀ ਸਨੇ ਮਨ ਮੇ ਸੋਕ ਬਢਾਇ ॥
ਗਵੈ ਧਾਮ ਮਹੀਯਰ ਨਹੀਂ ਨ੍ਰਿਪ ਕੋ ਕਹੇ ਸੁਨਾਇ ॥
ਰੂਪ ਪ ਮਨ ਮੈ ਧਰੈ ॥ ਜਾਇ ਧਾਮ ਕੇ ਮਾਹਿ ॥
ਨਿਰਖ ਰਹਿਓ ਸੁਤ ਨਹਿ ਦਿਸੇ ਅਗਨ ਲਗੀ ਉਰਮਾਹਿ॥
ਨਗਨ ਧੋਪ ਲੈ ਪੁਨ ਫਿਰਿਓ ਜਾਇ ਚਮੂਰਣ ਸਾਲ॥
ਹੈ ਲੈ ਆਵਤ ਨਿਰਪ ਨਿਰਖ ਮਹੀਯਰ ਆਪਣੋ ਬਾਲ॥
ਬਾਇ ਹਾਥ ਕੀ ਅੰਗਰੀ ਬਾਂਧੀ ਡੋਰ ਪਟ ਬਾਜ ॥
ਭੂਪ ਨਿਰਖ ਸੁਖ ਪਾਵ ਹੈ ਪੂਰਨ ਸੂਤ ਕੇ ਕਾਜ ॥੭੫॥
ਪਿਤਾ ਪੁਤ੍ਰ ਬਲ ਏਕ ਵੇਦ ਪੁਕਾਰੈ ਬਾਤ॥
ਭਲਾ ਹੂਆ ਸੁਤ ਨਹਿ ਹਤਾ ਨਹਿ ਹੋਇਓ ਸੁਤ ਘਾਤ॥
ਬਾਜ ਪਕੜ ਗ੍ਰਿਹਿ ਬਾਧਿਓ ਪੁਤ੍ਰ ਦੋਊ ਮਿਲ ਤਾਤ॥
ਨਗਰ ਅਯੁਧਿਆ ਕੇ ਵਿਖੇ ਪ੍ਰਗਟ ਹੋਇ ਏਹੁ ਬਾਤ ॥੭੬॥
ਚਮੁ ਦਾਰਣ ਕਰੈ ਗੁਰ ਸੈਨਾ ਅਪਾਰੁ ॥
ਮਹੀਯਰ ਏਕ ਲਰਤਾ ਫਿਰੈ ਸੈਨਾ ਲਾਖਹਜ਼ਾਰ ॥
ਵਰਖ ਨਵੇਂ ਰਣ ਮੁੰਡਿਆ ਗੁਰ ਸੈਨਾ ਬਲਲਾਇ ॥
ਮਹੀਯਰ ਜੀਤ ਨ ਸਾਕਿਓ ਜੋਧ ਸਕਲ ਪਛਤਾਇ ॥
ਮਹੀਯਰ ਜੀਤ ਨ ਸਾਕਿ ਹੈ ਜੁਝੈ ਸੈਨ ਅਪਾਰ ॥
ਗੁਰੂ ਪੈ ਪਤੀਆ ਲਿਖ ਪਠੈ ਹਮ ਦਾਸਨ ਕੋ ਦਾਸ ॥੭੭॥
ਨਗਰ ਅਯੁਧਿਆ ਰਾਜ ਮਹੀਯਰ ਬਾਧਿਓ ਬਾਜ ॥
ਹਮਤੇ ਛੁਟੇ ਨ ਬਾਜ ਗੁਰ ਕਰੋ ਸੁ ਆਪੇ ਕਾਜ ॥
ਸੁਨ ਪਤੀਆ ਸਤਿਗੁਰ ਚੜੇ ਜਾਵੈ ਸਰਜ ਕੂਲ ॥

ਧਨੁਖ ਬਾਣ ਕਰ ਮੈਂ ਲਏ ਸਰਬ ਜਗਤ ਕੇਮੂਲ ॥
ਬਰਖ ਸਤਾਨਵੇਂ ਰਾਜ ਕਰ ਜੱਗਸੰਪੂਰੇਣਹੋਇ ॥
ਦੋਇਨਾਗ ਕੇ ਭੀਤਰੇਅਸੁਰ ਨ ਰਹਿਸੀਕੋਇ ॥
ਉਨੀ ਸਤ ਕੋਪੇਖੀਏ ਬਰਸ ਸਤਾਨਵੇਂਜਾਇ ॥
ਧਰਮ ਰਾਜ ਜਗ ਮੇਂ ਚਲੈ ਅਸੁਰ ਨਰਕ ਮੇਂਪਾਇ ॥
ਇਕ ਦਿਜ ਇਕ ਖਤ੍ਰੀ ਰਹੇ ਸੂਦਰ ਇਹ ਚਾਰ ॥
ਅਵਨੀ ਅਸਰ ਨ ਦੀਸਈ ਮਿਟੇ ਪਾਪ ਕੋ ਭਾਰ ॥੭੮॥

**ਚੌਪਈ ॥**

ਪਤੀਆ ਸੁਣ ਪ੍ਰਭ ਬੇਰਹੀ ਧਾਵੈਂ॥ ਰਾਮਸਰ ਤੇ ਸਰਜੂ ਆਵੈਂ ॥
ਨਿਰਖ ਚਮੁ ਸਭ ਹੀ ਸੁਖ ਪਾਵੈ॥ ਮਨ ਮੇਂ ਮੰਗਲ ਮੋਖ ਕੋ ਗਾਵੈ ॥੭੯॥
ਦੋਇ ਬਰਸ ਗੁਰ ਉਹਾਂ ਰਹੇ॥ ਮਹੀਯਰ ਬਾਜ ਜਾਸ ਪਠ ਗਹੇ ॥
ਏਕ ਦਿਵਸ ਮਹੀਯਰ ਲੈ ਬਾਜਾ॥ ਗੁਰੂ ਸਾਹਿਬ ਕੋ ਮਿਲੈ ਸਮਾਜਾ ॥੮੦॥
ਗੁਰੂ ਨਿਰਖੈ ਮਹੀਯਰ ਕੀ ਓਰ॥ ਮਹੀਯਰ ਨਿਰਖ ਦੋਊ ਕਰ ਜੋਰ॥
ਜਗ ਅਸ੍ਵਮੇਧ ਰਾਮਸਰ ਕਰੈਂ॥ ਕੁਲ ਪੂਜਨ ਲਛ ਬਹੁ ਧਰੈਂ ॥੮੧॥
ਆਦਿ ਜੋਊ ਕੁਲ ਪੂਜ ਕਰਾਇੰ॥ ਤਿਨ ਕੋ ਪੂਜਤ ਹਰਖ ਬਢਾਇੰ ॥
ਇੰਦਰ ਸਗੋਤਰ ਰਘੂਵਰ ਅੰਸਾ॥ ਗੁਰ ਸਾਹਿਬ ਪ੍ਰਗਟੇ ਯਾ ਬੰਸਾ॥
ਭਾਰ ਦਾਜ ਰਤਨ ਕੁਲ ਜੋਈ॥ ਤਿਨਕਾ ਖੋਜ ਪਾਵੇਗਾ ਸੋਈ ॥
ਸੋਇ ਕੁਲ ਪੂਜ ਸੰਗ ਲੈ ਆਵੈ॥ ਜੋ ਸਮਰਥ ਜਗਤ ਕੀ ਪਾਵੈ ॥੮੨॥
ਹੰਸ ਰਾਇ ਪੁਨ ਕਰੈ ਪ੍ਰਣਾਮਾ॥ ਗੁਰੂ ਸਾਹਿਬ ਰੰਗ ਪਰਖਿਓ ਸਿਆਮਾ ॥
ਗੁਰ ਉਠ ਮਹੀਯਰ ਚਰਨੀ ਲਾਗੇ॥ ਤਬੈ ਕਲੇਵਰ ਛਿਤ ਤਹਿ ਭਾਗੇ ॥
ਜਾਮਾ ਤ੍ਰੈ ਦਸ ਮਹੀਯਰ ਪਾਵੈ॥ ਸੁਕ ਸੰਬਾਦ ਭੋਗੂਲ ਸੁਨਾਵੈ ॥
ਇਤਿ ਸ੍ਰੀ ਭਗਵਤ ਧਰਮ ਪੁਨੀਤੇ॥ ਗਾਏ ਕਵ ਸਿਆਮਾ ਸਾਵਰੋ ਗੀਤੇ॥
ਇਤ ਦੁਆਦਸ ਗੁਰਿੰਡੇ ਅਵਨੀ ਆਇਤੇ ਬਿਚਰਤੇ॥
ਸ੍ਰੀ ਭਾਗਵਤ ਦੁਆਦਸ ਸਕੰਦੇ ਭੋਗਲ ਧਿਆਯ ਉਚਰਤ॥
ਸੁਕ ਦੇਵ ਰਾਜੇ ਪ੍ਰੀਛਤ ਪ੍ਰਤੀ ਚਤੁਰ ਦਸ ਮੁਰਿੰਡ ਮਹਿਮਾ ਵਰਨਨ॥
ਸੰਪੂਰਨੰ ॥

◆

# ਅਜਿਤੇ ਰੰਧਾਵੇ ਨਾਲ ਗੋਸ਼ਟਿ

## ੧ੴ ਸਤਿਗੁਰ ਪ੍ਰਸਾਦਿ।

ਸਾਖੀ ਹੋਰ ਚਲੀ। ਗੋਸਟਿ ਭਾਈ ਅਜਿਤੇ ਰੰਧਾਵੇ ਨਾਲ ਹੋਈ॥ ਮਹਲਾ ੧॥

ਇਕ ਦਿਨ ਸ੍ਰੀ ਗੁਰੂ ਬਾਬਾ ਨਾਨਕ ਜੀ ਨਗਰ ਕਰਤਾਰਪੁਰੇ ਧਰਮਸਾਲਾ ਵਿਚ ਇਕੰਤ ਛਪ ਬੈਠਾ ਥਾ ਬਹੁਤ ਬੈਰਾਗੁ ਕੇ ਘਰਿ ਵਿਚਿ॥ ਤਿਸ ਸਮੇਂ ਸਿਰੀ ਰਾਗੁ ਵਿਚ ਸਬਦ ਗਾਵਦਾ ਸੀ॥

ਸਿਰੀ ਰਾਗੁ ਮਹਲਾ ੧ ॥ ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ ॥ ਚੰਦੁ ਸੂਰਜ ਦੁਇ ਗੁਫੈ ਨ ਦੇਖਾ ਸੁਪਨੈ ਸਉਣ ਨ ਥਾਉ ॥ ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥ ਸਾਚਾ ਨਿਰੰਕਾਰੁ ਨਿਜ ਥਾਉ ॥ ਸੁਣਿ ਸੁਣਿ ਆਖਣੁ ਆਖਣਾ ਜੇ ਭਾਵੈ ਕਰੇ ਤਮਾਉ ॥੧॥ਰਹਾਉ॥ ਪੰਖੀ ਹੋਇਕੈ ਜੇ ਭਵਾ ਸੈ ਅਸਮਾਨੀ ਜਾਉ ॥ ਨਦਰੀ ਕਿਸੈ ਨ ਆਵਊ ਨ ਕਿਛੁ ਪੀਆ ਨ ਖਾਉ ॥ ਭੀ ਤੇਰੀ ਕੀਮਤਿ ਨ ਪਵੈ ਹਉ ਕੇਵਡੁ ਆਖਾ ਨਾਉ ॥੨॥ ਕੁਸਾਂ ਕਟੀਆਂ ਵਾਰ ਵਾਰ ਪੀਸਣਿ ਪੀਸਾ ਪਾਉ ॥ ਅਗੀ ਸੇਤੀ ਜਾਲੀਆ ਭਸਮ ਸੇਤੀ ਰਲਿ ਜਾਉ ॥ ਭੀ ਤੇਰੀ ਕੀਮਤਿ ਨ ਪਵੈ ਹਉ ਕੇਵਡੁ ਆਖਾ ਨਾਉ ॥੩॥ ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ ॥ ਮਸੂ ਤੋਟਿ ਨ ਆਵਈ ਲਿਖਣ ਪਉਣੁ ਚਲਾਉ॥ ਭੀ ਤੇਰੀ ਕੀਮਤਿ ਨ ਪਵੈ ਹਉ ਕੇਵਡੁ ਆਖਾ ਨਾਉ ॥੪॥ ਸ੍ਰੀ ਗੁਰੂ ਬਾਬੇ ਨਾਨਕ ਜੀ ਏਹ ਸਬਦ ਗਾਵਿਆ ॥ ਉਦਾਸ ਰੂਪ ਬੈਰਾਗ ਦੇ ਘਰ, ਤਾਂ ਭਾਈ ਅਜਿਤੇ ਰੰਧਾਵੇ ਸੁਣਿਆ, ਸੁਨ ਕਰਿ ਡਰ ਗੈਆ ॥ ਭੇਮਾਨ ਹੋਇ ਕਰਿ ਹਜ਼ੂਰ ਸ੍ਰੀ ਗੁਰੂ ਬਾਬੇ ਅਗੇ ਹਥਿ ਜੋੜਕੈ ਆਇਆ ॥ ਜਾ ਦੇਖੇ ਤਾ ਸਬਦ ਕਰਕੈ ਬੈਰਾਗੁ ਕਰਦੇ ਹੈਨ ਅਰ ਬਹੁਤ ਉਦਾਸੀ ਦੇ ਘਰ ਹੈਨ ਤਾਂ ਮਥਾ ਟੇਕ ਕਰਿ ਬੈਠਾ ॥ ਤਾਂ ਭਾਈ ਅਜਿਤਾ ਰੰਧਾਵਾ ਸ੍ਰੀ ਗੁਰੂ ਬਾਬੇ ਜੀ ਕਾ ਸੁਭਾਵ ਦੇਖ ਕਰਿ ਬਹੁਤ ਹੀ ਦਿਲਗੀਰ ਹੋਇਆ ॥ ਜਾ ਘੜੀਆਂ ਦੁਇਕ ਬੀਤੀਆਂ ਤਾਂ ਸਤਿਗੁਰੂ ਦਇਆਲ ਹੋਇਆ ਤਾਂ ਆਖਿਆ ਬਚਾ ਤੂੰ ਭੈਮਾਨ ਕਿਉ ਹੋਦਾ ਹੈ ॥ ਤਾਂ ਅਜਿਤੇ ਰੰਧਾਵੇ ਅਰਦਾਸ ਕੀਤੀ ਜੀ ਸਚੇ ਪਾਤਿਸਾਹਿ ਤੇਰਾ ਬਚਨ ਸੁਣਿਕੈ ਬਹੁਤਿ ਮਨ ਵਿਚਿ ਗਿਣਤੀ ਆਈ ਹੈ ॥ ਜੋ ਭਾਵੈ ਤਾ ਅਰਦਾਸ ਸੁਣੀਐ ॥ ਤਾ ਬਚਨ ਹੋਇਆ ਬਚਾ ਅਜਿਤਿਆ ਅਰਦਾਸ ਗੁਰੂ ਸੁਣਦਾ ਹੈ ॥ ਜੋ ਕਛੁ ਪੁਛੇਂਗਾ ਸੋ ਨਿਸਾ ਹੋਵੇਗੀ ॥ ਤਾਂ ਗੁਰੂ ਕੇ ਬਚਨ ਪਾਇ ਕਰ ਅਜਿਤੇ ਰੰਧਾਵੇ ਅਰਦਾਸ ਕੀਤੀ ਜੀ ਸਚੇ ਪਾਤਿਸਾਹਿ ਜੀ ਜੇ ਤੂੰ ਮੇਹਰਬਾਨ ਹੋਇਆ ਹੈਂ ਤਾ ਇਸ ਪਦ ਕਾ ਵੀਚਾਰ ਸਮਝਾਈਐ ॥ ਤਾਂ ਬਚਨ ਹੋਆ ਸਾਬਾਸਿ ਬਚਾ ਅਜਿਤਿਆ ਤੈਂ ਭਲੀ ਬਾਤ ਪੁਛੀ ਹੈ ॥ ਸਿਖ ਤੇ ਪੁਤ੍ਰ ਏਹੋ ਜੇਹੇ ਲੋੜੀਦੇ ਹਨ ਜਿਸ ਕਰਕੈ ਸਿਖੀ ਕਾ ਉਧਾਰ ਹੋਵੈ ॥ ਬਚਾ ਅਜਿਤਿਆ ਤੈਂ ਭਲੀ ਬਾਤ ਪੁਛੀ ਹੈ ॥ ਇਸ ਪਦ ਕਾ ਬੀਚਾਰ ਏਹ ਹੈ ਜੇ ਕੋਈ ਕਹੈ ਜੇ ਮੈ ਬੇਸੁਮਾਰੁ ਜੀ ਕੀ ਅੰਤਿ ਪਾਈਐ ਤਾਂ ਨਹੀਂ ਪਾਈ ਜਾਤੀ ॥ ਤਾਂ ਉਸਦੇ ਵਾਸਤੇ ਕਿਤਨੇ ਜਤਨ ਕਰਤੇ ਹੈਨਿ ॥ ਜੋ ਕੋਈ ਆਖੈ ਜੋ ਮੈਂ ਪਉਣ ਕਾ ਅਹਾਰ ਕੀਤੇ ਕਿਛੁ ਨਾਹੀ ਹੋਦਾ, ਜਿਚਰ ਚੰਦ ਸੂਰਜ ਇਕ ਗੁਫਾ ਵਿਚਿ ਨ ਹੋਵਨਿ ਤਿਚਰ ਸੁਪਨੈ ਸਉਣੁ ਨਾਹੀ ਮਿਲਤਾ ਅਤੇ ਸਚੇ ਨਿਰੰਕਾਰ ਕਾ ਵਾਸ ਜੋ ਹੈ ਸੁ ਨਿਜ ਥਾਉ ਵਿਚਿ ਹੈ ॥ ਜਾਂ ਨਿਜ ਥਾਉ

ਦਿਸੈ ਤਾਂ ਆਵਾਗੁਉਣ ਤੇ ਰਹਿਤਿ ਹੋਵੈ ॥ ਨਿਜ ਥਾਉ ਏਹ ਜੋ ਆਪਣੇ ਘਟਿ ਵਿਚਿ ਪਰਮੇਸਰ ਵਸਦਾ ਹੈ ਅਤੇ ਜੇ ਸੁਮਾਰ ਦੀ ਦਰਗਾਹ ਵਲ ਦਿਸਦਾ ਹੈ ਤਾਂ ਓੜਕਿ ਅੰਤਿ ਕਛੁ ਨਾਹੀ ਜਿਸੁ ਕਰਿਕੈ ਉਸਦੀ ਕੀਮਤਿ ਪਵੈ ॥ ਤਿਸਦਾ ਹਉ ਕੇਵਡ ਕਰਕੇ ਨਾਵ ਸਲਾਹੀ ॥ ਜੇ ਏਵਡ ਸਾਹਿਬ ਹੈ ॥ ਪਰ ਸੁਣਿ ਸੁਣਿ ਬੇਦ ਸਾਸਤ੍ਰ ਸਿੱਧ ਸਾਧਕ ਹੁਲਾਸ ਕਰਦੇ ਹੈਨਿ ॥ ਪਰਮੇਸਰ ਸਰਬਮਈ ਹੈ ਪਰ ਡਿਠਾ ਕਿਸੇ ਨਾਹੀ ॥ ਜੋ ਇਸ ਰੰਗ ਰੂਪ ਵਿਚਿ ਹੈ ਤਿਸ ਕਰਕੈ ਜੇ ਭਾਵਸ ਤਾ ਕਰੈ ਤਮਾਉ ॥ ਤਿਸਕੇ ਅੰਤਿ ਕਾਰਣ ਕੇਤੇ ਉਪਾਉ ਕਰਦੇ ਹੈਨ ਜੋ ਕਿਵੇਂ ਬੇਸੁਮਾਰ ਕਾ ਅੰਤ ਪਾਵੈ ॥ ਭਾਈ ਅਜਿਤਿਆ ਜੇ ਕੋਈ ਆਖੈ ਹਉ ਪੰਖੀ ਹੋਇਕੈ ਭਵਾ ਅਤੇ ਸੈ ਅਸਮਾਨੀ ਉਡਿਕੈ ਜਾਇ ਚੜਾਂ ਅਤੇ ਨਾ ਕਿਛੁ ਪੀਵੈ ਨਾ ਕਛੁ ਖਾਵੈ ਅਤੇ ਨਦਰੀ ਭੀ ਕਿਸੇ ਨੋ ਨਾ ਆਵੈ ਤਾਂ ਭੀ ਕੀਮਤਿ ਬੇਸੁਮਾਰ ਦੀ ਪਾਈ ਨਹੀਂ ਜਾਂਦੀ ਅਤੇ ਉਸਦਾ ਅੰਤ ਕੋਈ ਨਾਹੀ ਜਾਣਦਾ ਅਤੇ ਜੋ ਕੋਈ ਆਪ ਕੁਹਾਇ ਕੁਹਾਇਕੈ ਕਟਿ ਕਟਿ ਕੈ ਚਕੀ ਕਰਕੈ ਚਾਇ ਪੀਸਾਈਐ ਅਤੇ ਜੇ ਭਸਮ ਹੋਇ ਕੈ ਖੇਹ ਸੇਤੀ ਰਲਾਇਆ ਜਾਵੈ ਤਾਂ ਉਸਦੀ ਕੀਮਤਿ ਨਾਹੀ ਪਉਦੀ ਅਤੇ ਜੇ ਕੋਈ ਆਖੈ ਜੋ ਮੈ ਪਰਮੇਸਰ ਦਾ ਨਾਉ ਲਿਖ ਪੜਿ ਭਾਉ ਕਰੀ ਅਤੇ ਮਸੁ ਅਤੇ ਕਲਮ ਕੀ ਤੋਟਿ ਕਦੇ ਆਵੈ ਨਾਹੀ ਅਤੇ ਪਉਣ ਕੀ ਨਿਆਈ ਲਿਖਣ ਚਲਾਇ ਜਾਣਦਾ ਹੋਵੈ ਤਾਂ ਭੀ ਬੇਸੁਮਾਰ ਕੀ ਕੀਮਤਿ ਨਾਹੀ ਪਉਦੀ ਅਤੇ ਰਹਿਦਾ ਭੀ ਇਸਕੇ ਬੀਚ ਹੀ ਹੈ ਸਰਬ ਮਹਿ ਸਮਾਇਆ ਹੈ ॥ ਅਰੁ ਆਖਿਆ ਨਾਹੀ ਜਾਂਦਾ, ਪਰ ਜੇ ਕੋਈ ਉਸਦੇ ਦੁਆਰੇ ਪਰ ਜਾਇਕੇ ਢਹਿ ਪਵੈ ਪਾਲਾਘਾਮ ਸਿਰ ਉਪਰ ਝਲੈ, ਪਰ ਜੇ ਭਾਵਸ ਤਾਂ ਕਿਤਵੇਲੇ ਸਮਾਲ ਕਰੈ ਨਹੀਂ ਤਾਂ ਚਤਰਾਈ ਕੀਤਿਆਂ ਨਹੀ ਪਾਇਆ ਜਾਂਦਾ ॥੧॥ ਤਾਂ ਫੇਰ ਅਜਿਤੇ ਰੰਧਾਵੇ ਅਰਦਾਸ ਕੀਤੀ ਜੀ ਸਚੇ ਪਾਤਿਸ਼ਾਹਿ ਜੀ ਇਥੇ ਕਿਉ ਕਰ ਹੋਰ ਵਰਤਾਰਾ ਵਰਤਿਆ ਹੈ ॥ ਅਤੇ ਸੰਸਾਰ ਹੋਰਨਾ ਬਾਤਾਂ ਵਿਚ ਪਚ ਪਚ ਮਰਦਾ ਹੈ ॥ ਜੋ ਅਮਕਾ ਬੇਦ ਸੁਣੀਐ ਅਮਕਾ ਧਰਮ ਕਰੀਐ ਤਾ ਪਰਮੇਸਰ ਕੋ ਮਿਲੀਐ॥ ਏਹ ਬਾਤ ਕਿਉ ਕਰਿ ਹੈ ਜੀ॥ ਤਾ ਬੋਲਣਾ ਹੋਇਆ ॥ ਸਲੋਕ ਮਹਲਾ ੧ ॥ ਨ ਭੀਜੈ ਰਾਗੀ ਨਾਦੀ ਬੇਦਿ ॥ ਨ ਭੀਜੈ ਸੁਰਤੀ ਗਿਆਨੀ ਜੋਗਿ॥ ਨ ਭੀਜੈ ਸੋਗੀ ਕੀਤੈ ਰੋਜਿ॥ ਨ ਭੀਜੈ ਰੂਪੀਂ ਮਾਂਲੀ ਰੰਗਿ ॥ ਨ ਭੀਜੈ ਤੀਰਥਿ ਬਵਿਐ ਨੰਗਿ ॥ ਨ ਭੀਜੈ ਦਾਂਤੀ ਕੀਤੈ ਪੁੰਨਿ ॥ ਨ ਭੀਜੈ ਬਾਹਰਿ ਬੈਠਿਆ ਸੁੰਨਿ ॥ ਨ ਭੀਜੈ ਭੇੜ ਮਰਹਿ ਭਿੜਿ ਸੂਰ ॥ ਨ ਭੀਜੈ ਕੇਤੇ ਹੋਵਹਿ ਧੂੜ॥ ਲੇਖਾ ਲਿਖੀਐ ਮਨ ਕੈ ਭਾਇ ॥ ਨਾਨਕ ਭੀਜੈ ਸਾਚੈ ਨਾਇ[1] ॥੨॥ ਤਿਸਕਾ ਪਰਮਾਰਥ॥ ਭਾਈ ਅਜਿਤਿਆ ਉਹ ਬੇਸੁਮਾਰ ਅਗਮ ਪਰਮੇਸਰੁ ਹੈ ਬੇਪਰਵਾਹਿ ਹੈ ਨਾਹੀ ਭਿਜਦਾ ॥ ਭਾਵੇਂ ਕੋਈ ਰਾਗੁ ਨਾਦ ਗਾਵੈ। ਭਾਵੇਂ ਬੇਦ ਸੁਣਾਵੈ, ਭਾਵੇਂ ਕੋਈ ਗਿਆਨ ਸੁਰਤਿ ਕਰੈ॥ ਭਾਵੇਂ ਕੋਈ ਸੋਗ ਕਰਕੈ ਬਹੈ॥ ਨ ਰੂਪ ਮਾਲ ਕਰਕੈ ਭਿਜਦਾ ਹੈ ਨ ਦਾਨ ਪੁਨਯ ਕੀਏ ਭਿਜਤਾ ਹੈ॥ ਸੁਣ ਭਾਈ ਸੂਰਮੇ ਕਾ ਮਹਾਤਮ ਸਭ ਤੇ ਵਡਾ ਕਹਿਦੇ ਹੈਨ ਜੋ ਭਿੜ ਮਰੀਅਹਿ ਤਾਂ ਬੀ ਨਾਹੀ ਭਿਜਦਾ॥ ਜੋ ਕਹੈ ਹਉਂ ਧੂੜ ਹੋਇ ਰਹਾਂ ਤਾਂ ਭੀ ਪ੍ਰਮੇਸਰ ਨਾਹੀ ਭਿਜਦਾ॥ ਬਿਨਾ ਸਚੇ ਨਾਮ ਨਾਹੀ ਭਿਜਦਾ। ਸਚਿ ਨਾਮ ਜੋ ਹੈ ਸੋ ਮੰਨਕੇ ਅੰਤਰਿ ਹੈ॥ ਲਿਖਿਆ ਹੋਆ ਹੈ ਉਸਕਾ ਰੂਪ ਹੈ ਸਚ॥ ਹੋਰ ਚਤਰਾਈਆਂ ਕੀਤਿਆ ਓਹ ਨਾਹੀ ਭਿਜਦਾ॥ ਬੇਦ ਸਾਸਤ੍ਰ ਪੁਰਾਨ ਏਹ ਜੋਗ ਅਭਿਆਸ ਜੋ ਹੈ ਸੋ ਭੀ ਸਾਧਾ ਕੇ ਬਚਨ ਹੈਨਿ

1 ਸਾਰੰਗ ਕੀ ਵਾਰ ਮਹਲਾ ੪, ਪੰਨਾ ੧੨੩੭.

ਪਰੁ ਤ੍ਰਿਹੁ ਗੁਣਾ ਕਾ ਵਰਤਾਰਾ ਹੈ॥ ਬਚਾ ਸਤਵਾਦੀ ਹੋਇ ਰਹੀਐ॥ ਨਿੰਦਾ ਅਤੇ ਚਿੰਦਾ ਕਿਸੇ ਦੀ ਨ ਕਰੀਐ ॥ ਜੋ ਕਛੁ ਪਰਮੇਸਰ ਕੀ ਪੈਦਾਇਸ ਹੈ ਸੋ ਸਭ ਸਤਿ ਹੈ ॥੨॥ ਸਲੋਕ ਮਹਲਾ ੧ ॥ ਜੂਠਿ ਨ ਰਾਗੀ ਜੂਠਿ ਨ ਵੇਦੀਂ॥ ਜੂਠਿ ਨ ਚੰਦ ਸੂਰਜ ਕੀ ਭੇਦੀ॥ ਜੂਠਿ ਨ ਅੰਨੀ ਜੂਠਿ ਨ ਨਾਈ॥ ਜੂਠਿ ਨ ਮੀਹੁ ਵਰਿਐ ਸਭ ਠਾਈ॥ ਜੂਠਿ ਨ ਧਰਤੀ ਜੂਠਿ ਨ ਪਾਣੀ ॥ ਜੂਠਿ ਨ ਪਉਣੈ ਮਾਹਿ ਸਮਾਣੀ॥ ਨਾਨਕ ਨਿਗੁਰਿਆ ਗੁਣੁ ਨਾਹੀ ਕੋਇ॥ ਮੁਹਿ ਫੇਰਿਐ ਮੁਹੁ ਜੂਠਾ ਹੋਇ ॥੧॥[1] ਤਿਸਕਾ ਪਰਮਾਰਥ॥ ਭਾਈ ਅਜਿਤਿਆ ਰਾਗ ਬੇਦ ਭੀ ਜੂਠ ਨਾਹੀ॥ ਅਤੇ ਚੰਦ ਸੂਰਜ ਭੀ ਜੂਠ ਨਾਹੀ॥ ਅਤੇ ਸਰਬ ਥਾਨ ਉਸਦੇ ਹੈਨ। ਧਰਤੀ ਪਉਣ ਪਾਣੀ ਏਹ ਭੀ ਜੂਠ ਨਾਹੀ॥ ਏਹ ਸਭ ਸਤਿ ਹੈ॥ ਜੂਠਾ ਤਾ ਓਹ ਹੈ ਜਿਸਨੇ ਗੁਰਾਂ ਦੇ ਸਬਦਿ ਨਾਲੋ ਮੂਹ ਫੇਰਿਆ ਹੈ॥ ਅਰ ਜੋ ਨਿਗੁਰੇ ਹਨਿ ਤਿਨਕਾ ਕੀ ਹਵਾਲ ਹੈ ਜੋ ਇਥੇ ਹੀ ਪਰਤੱਖ ਗੁਰਾਂ ਨਾਲੋਂ ਨਿਖੜੇ ਹੈਨਿ ਸੋ ਫੇਰ ਕਦੇ ਨਾ ਮਿਲਨਗੇ॥ ਜਾ ਏਹ ਬਚਨ ਸ੍ਰੀ ਗੁਰੂ ਬਾਬੇ ਜੀ ਕਹਿਆ ਤਾਂ ਅਜਿਤਾ ਰੰਧਾਵਾ ਬਿਸਮਾਦੁ ਹੋਇ ਗਇਆ॥ ਤਾਂ ਅਰਦਾਸ ਕੀਤੀਅਸ ਜੀ ਸਚੇ ਪਾਤਿਸਾਹਿ ਤੇਰਾ ਵਰਨ ਚਿਹਨੁ ਰੰਗ ਰੂਪ ਏਹੋ ਹੈ ਕੇ ਕੋਈ ਹੋਰ ਵੀ ਹੈ॥ ਤਾ ਬੋਲਣਾ ਹੋਇਆ ਬਚਾ ਅਜਿਤਿਆ ਪੂਰੇ ਏਹੋ ਜੇਹੇ ਲੋੜੀਦੇ ਹੈਨਿ॥ ਗੁਰੂ ਬਾਬਾ ਜੀ ਬਹੁਤ ਖੁਸ ਹੋਇਆ॥ ਬਚਾ ਤੂੰ ਭਲੀ ਵਸਤ ਪੁਛੀ ਹੈ॥ ਏਹ ਬਚਨ ਸਿਖਾਂ ਸੰਤਾ ਨੂੰ ਕਿਸੇ ਭਲੇ ਵਖਤ ਕੰਮ ਦੇਨਗੇ। ਤਾਂ ਫੇਰ ਬਚਨ ਹੋਆ ਬਚਾ ਜਿਉਂ ਸਾਂਗੀ ਸਾਂਗ ਕਰਤਾ ਹੈ ਅਤੇ ਆਪਣਾ ਭੇਖ ਬਦਲਾਇਦਾ ਹੈ ਤਿਸਨੋ ਕੋਈ ਲਖ ਨਹੀਂ ਸਕਦਾ ਏਹ ਕੌਣ ਹੈ, ਸੋ ਇਸੀ ਰਉਂਸ ਗੁਰੂ ਭੀ ਭੇਖ ਵਟਾਇਆ ਤਾਂ ਸਿਆਣੀਏਗਾ ਨਾਹੀ ਜੋ ਏਹ ਗੁਰੂ ਹੈ ਕੇ ਕੋਈ ਹੋਰ ਹੈ॥ ਸਲੋਕ॥ ਧੁੰਧੂਕਾਰ ਅਗਮ ਹੈ ਏਕੋ ਏਕ ਹਰਿ ਰਾਇ॥ਆਇਆ ਆਪਿ ਉਲਾਸ ਕਰਿ ਨਾਨਕ ਦਰਸ ਦਿਖਾਇ॥੪॥ ਤਿਸਕਾ ਪਰਮਾਰਥ ਸੁਣਿ ਬਚਾ ਅਜਿਤਿਆ ਧੁੰਧੂਕਾਰ ਵਿਚਿ ਇਕ ਨਿਰੰਕਾਰ ਰਹਿਸੀ। ਤਦ ਏਕ ਇਕਲਾ ਸੀ ਕੋਈ ਦੂਸਰਾ ਨਾ ਸੀ ਜੋ ਕੀਮਤ ਬੇਸੁਮਾਰ ਕੀ ਕਰੇ। ਜੇ ਭਾਵੇ ਸੁ ਤਾਂ ਆਪੇ ਉਲਾਸੁ ਕੀਤੋ ਸੁ॥ ਆਪਣਾ ਆਪ ਉਪਾਇਉ ਸੁ॥ ਤਿਸਤੇ ਅਨੇਕ ਰੂਪ ਅਨੇਕ ਭਾਤਿ ਕਰਮ ਸਾਜਿਉ ਸੁ॥ ਤਿਸ ਕਰਕੈ ਬੇਸੁਮਾਰ ਸਾਹਿਬ ਹੈ। ਬੇਸੁਮਾਰ ਹੀ ਕੰਮ ਕੀਤੇ ਸੁ॥ ਤਿਸਤੇ ਆਪਣੀ ਜੋਤਿ ਪਾਇਕੈ ਗੁਰੂ ਹੋਇ ਬੈਠਾ ਹੈ॥ ਜਿਸਨੋ ਦਰਸਨ ਦਿਤੋਸੁ ਸੋ ਭੀ ਸਾਧ ਸੰਤ ਹੋਇ ਬੈਠਾ। ਜਿਥੇ ਗੁਰੂ ਪਰਮੇਸਰ ਕਾ ਨਿਵਾਸ ਹੋਇਆ ਹੈ ਮਨੁਖਾ ਕੇ ਜਾਮੇ ਜਿਨਕੋ ਦਰਸਨ ਹੋਇਆ ਹੈ ਅਰ ਪ੍ਰਤੀਤ ਆਈ ਹੈ ਸੋ ਆਵਾਗਉਣ ਤੇ ਰਹਿਤ ਹੋਇਆ॥ ਔਰ ਪਾਰਗਿਰਾਮੀ ਹੋਇਆ ਹੈ॥ ਸਲੋਕ॥ ਜਾਮਾ ਪਹਿਰ ਜੁਗਾ ਮਹਿ ਬੈਠਾ ਸਗਲ ਪਰੋਈ ਸੂਤ॥ ਅੰਧਕਾਰ ਦੀਪਕ ਪਰਗਾਸਿਆ ਕਹੁ ਨਾਨਕ ਮਰਮ ਨ ਜਾਨਹਿ ਦੂਤ ॥੫॥ ਤਿਸਕਾ ਪਰਮਾਰਥ॥ ਬਚਾ ਅਜਿਤਿਆ ਗੁਰੂ ਜੋ ਹੈ ਸੋ ਆਦਿ ਪੁਰਖ ਹੈ। ਜੁਗ ਜੁਗ ਜਾਮੇ ਧਾਰਦਾ ਆਇਆ ਹੈ॥ ਪਰ ਇਕਨਾ ਨੋ ਮਰਮ ਆਇਆ ਇਕਨਾ ਨੋ ਨਾ ਆਇਆ, ਤਿਨਾ ਜਾਣਿਆ ਜੋ ਰਾਜਾ ਹੈ॥ ਜਿਸ ਗੁਰੂ ਕਰਕੇ ਜਾਣਿਆ ਵਚਨ ਮੰਨਿਆ ਸਬਦ ਮਨ ਵਸਾਇਆ ਤੇ ਪ੍ਰਤੀਤ ਆਈ ਸੇ ਮਹਾਪੁਰਖ ਭਏ। ਉਸ ਪਿਛੇ ਬਹੁਤ ਲਗੇ ਸੋ ਭੀ ਉਧਰੇ॥ ਬਚਾ ਸਤਿਜੁਗ ਵਿਖੇ ਗੁਰੂ ਚਉਰਾਸੀ ਜਾਮੇ ਪਹਿਰੇ ਸੀ॥ ਚਉਰਾਸੀ ਜਾਮੇ ਤ੍ਰੇਤੇ ਜੁਗ ਵਿਚ। ਚਉਰਾਸੀ ਜਾਮੇ

---

1 ਉਹੀ ਪੰਨਾ, ੧੨੪੦

ਦੁਆਪਰ ਵਿਚਿ ਪਹਿਰੇ ਸੀ॥ ਅਰ ਜਿਨਾਂ ਦਰਸਨ ਕੀਤਾ ਅਰ ਉਪਦੇਸ ਲਿਆ ਅਰ ਸ਼ਬਦ ਮਨ ਵਸਾਇਆ ਤਿਨਾ ਨੋ ਭਾਲ ਦੀਪਕ ਹੋਇਆ॥ ਸਬਦ ਜੋ ਹੈ ਸੋ ਦੀਪਕ ਹੈ। ਜਿਸ ਕਉ ਗੁਰੂ ਕੇ ਸਬਦ ਕਾ ਮਰਮ ਨਾ ਆਇਆ ਸੇ ਦੂਤ ਹੋਇ, ਉਹ ਜੁਗ ਜੁਗ ਅੰਧੇ ਹੀ ਰਹੇ। ਸੂਤਕ ਉਨਾ ਦਾ ਗਇਓ ਨਾਹੀ। ਸਗਲ ਪਰੋਈ ਸੂਤ ਸੋ ਕਿਉ ਕਰਿ ਪਰੋਈ। ਮਾਲ ਖਾਵਦ ਦੋਇ ਕਰਨੀਆ॥ ਪਿਛੇ ਜਾਪਦਾ ਹੈ ਕਿਸੇ ਗੁਰਮੁਖ ਕਾ ਕਹਿਆ ਮੰਨਣਾ ਹੁੰਦਾ ਹੈ ਤਿਨਾ ਕੋ ਸਬੁਧਿ ਉਪਜਾਉਦਾ ਹੈ॥ ਉਹ ਸਾਧ ਸੰਗਤਿ ਕਾ ਮਰਮ ਖੋਜਦੇ ਹੈਨ॥ ਬਚਾ ਅਜਿਤਿਆ ਹੁਣ ਏਹੁ ਕਲਿਜੁਗ ਆਇਆ ਹੈ॥ਇਸ ਵਿਚ ਮਹਾਂ ਦੰਦ ਰਹੇਗਾ॥ ਕਿਸੇ ਕੀ ਰਹਿਣ ਨਾ ਦੇਵੇਗਾ। ਇਸ ਕਲਿਜੁਗ ਵਿਖੈ ਕਈ ਜਾਮੇ ਗੁਰੂ ਹੋਨਗੇ। ਚੌਦਾਂ ਜਾਮੇ ਗੁਰੂ ਜਾਹਰ ਹੋਨਗੇ ਅਰ ਸਤਿਗੁਰ ਸਾਧ ਕਹੀਅਨਗੇ। ਅਰ ਸਤਰ ਜਾਮੇ ਨਾਉ ਧਰੀਕ ਭਗਤਿ ਕਹੀਅਨਗੇ। ਅਰ ਜਦ ਗੁਰੂ ਜਾਮਾ ਪਹਿਰੇਗਾ ਤਾਂ ਗੁਰੂ ਅਕਾਲ ਪੁਰਖ ਦਾ ਭਾਣਾ ਮੰਨੇਗਾ। ਜੋ ਭਾਵੈ ਸੋ ਕਰੈ॥ ਅਤੇ ਸੁਣ ਭਾਈ ਅਜਿਤਿਆ ਹੁਣ ਏਹ ਵਰਤਾਰਾ ਦੇਖ ਜੋ ਗੁਰੂ ਸਾਂਗ ਕਰੇਗਾ ਤਾਂ ਸਿਖ ਸਭ ਨਾਲੋ ਭੁਲ ਜਾਨਗੇ ਤੇ ਸਤਿਗੁਰੂ ਨੋ ਦੋਸ ਰਖਨਗੇ ਨਿੰਦਾ ਕਰਨਗੇ, ਤਤਕਰ ਬੇਮੁਖ ਹੋਵਨਿਗੇ ਅਤੇ ਮਨੁਖਾਂ ਨੋ ਗੁਰੂ ਕਰਕੇ ਬੈਠਾਵਨਗੇ। ਸਤਿਗੁਰੂ ਤੇ ਭੁਲ ਜਾਨਗੇ। ਅਤੇ ਬਚਾ ਅਜਿਤਿਆ ਗੁਰੂ ਜੁਗ ਜੁਗ ਵਿਚਿ ਹੁੰਦਾ ਆਇਆ ਹੈ ਅਰ ਹੋਵੇਗਾ ॥ ਸਲੋਕ ॥ ਸਤਜੁਗ ਗੁਰੂ ਮੇਹਰਵਾਨ ਤ੍ਰੇਤੇ ਜਨਕ ਬਦੇਹ। ਹਰੀ ਚੰਦ ਦੁਆਪਰ ਗੁਰੂ ਕਲਿਜੁਗ ਨਾਨਕ ਦੇਉ ॥੬॥ ਤਿਸਕਾ ਵਿਚਾਰ ਕਹਿਤੇ ਹੈ॥ ਭਾਈ ਅਜਿਤਿਆ ਸਤਿਜੁਗ ਵਿਖੈ ਅਹੀ ਗੁਰੂ ਮਿਹਰਵਾਨ ਥਾ॥ ਤਿਸਦੀ ਪੈਰੀ ਸਿਖ ਕਰੋੜੀ ਪੰਦਰਾ ਪਏ॥ ਤਿਸੁ ਸਮੇਂ ਆਗਿਆ ਹੋਈ ਭਾਈ ਜਗੁ ਕਰਹੁ ਅਤੇ ਹਾਥੀ ਜਗੁ ਵਿਖੇ ਪਾਵਹੁ ਅਰ ਖਾਵਹੁ ਅਤੇ ਹਾਥੀ ਜਗੁ ਜਗੁ ਪਾਇਕੈ ਸਿਖ ਸੰਤ ਸਭ ਸਦਾਏ ਅਤੇ ਬਚਨ ਹੋਇਆ ਘਾਹੁ ਦਾਣਾ ਤਈਆਰ ਕਰੋ, ਹਾਥੀ ਫੇਰ ਜੀਵੇਗਾ॥ ਤਾਂ ਸਿਖਾਂ ਨੋ ਆਗਿਆ ਹੋਈ ਬਚਾ ਏਸ ਹਾਥੀ ਕੋ ਜੇਵਹੁ ਤਾਂ ਸਿਖ ਕਰੋੜਾ ਈ ਨਸ ਗਏ। ਪੰਜਾ ਹੁਕਮ ਮੰਨਿਆ ਅਤੇ ਦਸ ਕਰੋੜ ਵਿਚਾਰਾਂ ਹੀ ਕਰਦੇ ਰਹੇ ਤਾਂ ਭਾਈ ਗੁਰੂ ਹਾਥੀ ਫੇਰ ਉਠਾਇ ਖੜਾ ਕੀਤਾ॥ ਏਹੁ ਕਉਤਕ ਸਤਿਜੁਗ ਵਿਚ ਹੋਇਆ ਸੀ ਅਤੇ ਜਿਨਾ ਨਹੀਂ ਸੀ ਜੇਵਿਆ ਸੋ ਪਿਛੋਂ ਪਛੋਤਾਵਣ ਲਗੇ ਤੇ ਫੇਰ ਆਖਣ ਲਗੇ ਜੀ ਜੇ ਹੁਕਮ ਹੋਵੇ ਤਾਂ ਅਸੀਂ ਹੁਣ ਜੇਵੀਏ ਜੀ॥ ਤਾਂ ਹੁਕਮ ਹੋਆ ਓਹ ਵੇਲਾ ਬੀਤ ਗਿਆ॥ ਮਿਲੇ ਸੋ ਥਾਇ ਪਏ ਅਤੇ ਤੁਟੇ ਸੋ ਫੇਰ ਸੁਟੇ। ਤਾਂ ਫੇਰ ਤ੍ਰੇਤੇ ਜੁਗ ਵਿਚ ਗੁਰੂ ਜਨਕ ਬਦੇਹੀ ਹੋਇਆ ਅਤੇ ਸਿਖ ਕਰੋੜੀ ਛਤ੍ਰੀ ਆਇ ਪੈਰੀ ਪਏ ਤਾਂ ਆਗਿਆ ਹੋਈ ਭਾਈ ਗੈਂਡਾ ਜਗੁ ਪਾਵਹੁ॥ ਤਾਂ ਸਰਬਤ ਸਿਖ ਅਕੱਠੇ ਹੋਏ ਤੇ ਲਗੇ ਵਿਚਾਰਾਂ ਕਰਨ ਭਾਈ ਏਹ ਸਾਂਗ ਬੜਾ ਭਾਰੀ ਹੋਇਆ ਹੈ॥ ਤਾਂ ਹੁਕਮ ਹੋਇਆ ਬਚਾ ਘਾਹੁ ਦਾਣਾ ਇਕਠਾ ਕਰਹੁ ਗੈਡਾ ਫੇਰ ਉਠੇਗਾ। ਤਾਂ ਫੇਰ ਸਿਖਾਂ ਨੋ ਬਚਨ ਹੋਇਆ ਬਚਾ ਏਹ ਪ੍ਰਸਾਦਿ ਜੇਵਹੁ ਤਾਂ ਕਰੋੜੀ ਇਕੀਸਾਂ ਬਚਨ ਮੰਨਿਆ ਤੇ ਪੰਦ੍ਰਾ ਕਰੋੜੀ ਨਸ ਗਏ। ਤਾਂ ਗੈਡਾ ਉਠ ਖੜਾ ਹੂਆ ਤਾਂ ਲਗੇ ਪਛੋਤਾਵਣੇ॥ ਤਾਂ ਆਖਨ ਲਗੇ ਅਸੀ ਹੁਣ ਜੇਵਨੇ ਹਾਂ ਜੀ॥ ਤਾਂ ਅਗੋਂ ਆਗਿਆ ਹੋਈ ਬਚਾ ਓਹ ਜੋ ਵੇਲਾ ਸੀ ਸੋ ਗੁਜਰ ਗਿਆ॥ ਤਾਂ ਫੇਰ ਹੁਣ ਜੋ ਨਿਬੇੜਾ ਹੋਵੇਗਾ ਤਾਂ ਕਲਜੁਗ ਵਿਚ ਹੋਵੇਗਾ॥ ਬਚਾ ਪਿਛਲੇ ਜੁਗਾ ਵਿਚ ਜਪ ਤਪ ਬਹੁਤ ਕਰਦੇ ਸਨ ਅਤੇ ਸਤਵਾਦੀ ਹੁੰਦੇ ਸਨ ਤੇ ਜੋ ਕੋਈ ਤੁਟਦਾ ਸਾ ਸੋ ਫੇਰ ਮਨੁਖਾ ਜਨਮ ਹੋਇ ਕਰ

ਉਧਰਦਾ ਸੀ॥ ਜੇ ਇਕ ਜੁਗ ਚੁਕਦਾ ਸੀ ਤਾਂ ਦੂਸਰੇ ਜੁਗ ਮਿਲ ਪਉਦਾ ਸੀ ਤੇ ਮੁਕਤ ਪਾਉਦਾ ਸੀ॥ ਅਤੇ ਬਚਾ ਅਜਿਤਿਆ ਹੁਣ ਆਇਆ ਹੈ ਕਲਜੁਗ ਤੇ ਗੁਰੂ ਨਾਉ ਧਰਾਇਆ ਹੈ ਨਾਨਕ ਤੇ ਸਿਖ ਪੈਰੀ ਪਵਨਗੇ ਛਿਨਵੇ ਕਰੋੜੀ ਤੇ ਮਨੁਖ ਜਗੁ ਪਵੇਗਾ ਅਤੇ ਇਸ ਸਾਂਗ ਵਿਚ ਠਹਰ ਕੋਈ ਨ ਸਕੇਗਾ॥ ਇਕ ਨਸ ਜਾਨਗੇ ਤੇ ਇਕ ਭ੍ਰਿਸਟਿ ਹੋ ਜਾਨਗੇ॥ ਇਕ ਬਚਨ ਉਪਰ ਚਾਰ ਸਿਖ ਤਕੜੇ ਰਹਿਨਗੇ ਤੇ ਉਨਾ ਦਾ ਸਦਕਾ ਉਹ ਭੀ ਸਾਂਗ ਬਖਸਿਆ ਜਾਵੇਗਾ॥ ਅਤੇ ਬਚਾ ਅਗਲਿਆ ਜੁਗਾਂ ਦੇ ਮਨੁਖ ਸਤਵਾਦੀ ਰਹਿੰਦੇ ਸਨ ਅਤੇ ਪ੍ਰਤੀਤ ਗੁਰਾਂ ਦੇ ਬਚਨਾ ਉਪਰ ਰਖਦੇ ਸਨ॥ ਅਤੇ ਓਹਨਾ ਦੀ ਅਰਦਾਸ ਨਾਲ ਉਹ ਭੀ ਉਠ ਖੜਾ ਹੋਦਾ ਆਹਾ। ਅਤੇ ਬਚਾ ਅਜਿਤਿਆ ਕਲਜੁਗ ਵਿਚ ਸਿਖ ਪ੍ਰਤੀਤ ਥੋੜੀ ਰਖਨਗੇ ਗੁਰਾਂ ਉਪਰ॥ ਅਤੇ ਮਇਆ ਕਾਰਣ ਜਗਤ ਬਹੁਤ ਅਕਠਾ ਹੋਵੇਗਾ॥ ਬਚਾ ਏਹੁ ਸੰਸਾਰ ਅਵੇਹਾ ਹੈ ਜੇ ਅਪਣਾ ਆਪ ਵਿਖਾਈਏ ਤਾਂ ਮਿਟੀ ਵੀ ਪੁਟਕੇ ਲੈ ਜਾਵਨਿ॥ ਇਸ ਵਾਸਤੇ ਮਨੁਖ ਖੜਾ ਨਾ ਕੀਚੈਗਾ॥ ਇਤ ਕਰਕੈ ਗੁਰੂ ਸੰਜਮ ਵਿਚ ਰਹੇਗਾ॥ ਜਾਂ ਸਾਂਗ ਕਰੇਗਾ ਤਾਂ ਸਭ ਖਿੰਡ ਜਾਵੇਗੀ॥ ਕੋਈ ਗੁਰਮੁਖ ਹੀ ਸਬੂਤ ਰਹੇਗਾ ਅਤੇ ਜੋ ਏਥੋਂ ਖਿਸਕੇਗਾ ਅਥਵਾ ਚੁਕੇਗਾ ਸੋ ਥਾਉ ਕਿਥਾਉ ਨਾ ਪਾਵੇਗਾ ਅਤੇ ਬਹੁਤ ਜਗੁ ਭ੍ਰਮੇਗਾ॥ ਜੇਵਡ ਸਾਹਿਬ ਤੇਵਡ ਰਜਾਈ॥ ਤਾਂ ਅਜਿਤੇ ਰੰਧਾਵੇ ਅਰਦਾਸ ਕੀਤੀ ਜੀ ਸਚੇ ਪਿਤਸਾਹ ਜੀ ਜਿਸ ਦੀ ਪ੍ਰਤੀਤ ਤੂੰ ਰਖੇਗਾ ਤਿਸੇ ਦੀ ਰਹੇਗੀ॥ ਜੇਵਡੁ ਸਾਹਿਬ ਹੈ ਤਿਸਦੀਆ ਤੇਵਡ ਰਜਾਈ ਹੇਠ ਤਾ ਬੋਲਣਾ ਹੋਇਆ॥ਸਲੋਕ॥ ਆਦਿ ਪੁਰਖ ਅਪਰੰਪਰ ਕਰਤਾ ਆਪੇ ਦਾਨਾ ਬੀਨਾ॥ ਕਹਨ ਸੁਨਨ ਤੇ ਰਹੇ ਨਿਆਰਾ ਕਾਹੂੰ ਸੰਗ ਨ ਭੀਨਾ। ਤਾਂਕੀ ਜਾਤੁ ਨ ਜਨਮੁ ਵਰਨ ਚਿਹਨ ਹੈ ਕਵਨ ਕਹੈ ਤੂੰ ਕਦਕਾ ਹਾਜਰ ਹਜ਼ੂਰ ਨਿਕਟ ਨ ਆਵੈ ਹਰਖ ਸੋਗ ਤੇ ਰਹਿਤਾ॥ ਗਗਨ ਨਿਰੰਤਰਿ ਮਹਿਲ ਨਿਵਾਸੀ ਕੁੰਜ ਅਵਾਜਾ ਬੋਲੈ॥ ਕਹੁ ਨਾਨਕ ਅਬ ਭਈ ਹੈਰਾਨੀ ਕੋਈ ਸਾਧੂ ਤਤ ਵਿਰੋਲੈ ॥੭॥ ਤਿਸਕਾ ਪ੍ਰਮਾਰਥ ਸ੍ਰੀ ਗੁਰੂ ਨਾਨਕ ਜੀ ਕਹਿਤੇ ਹੈ ਭਾਈ ਅਜਿਤਿਆ ਉਹ ਜੋ ਆਦਿ ਪੁਰਖ ਹੈ ਸੋ ਜੁਗ ਜੁਗ ਵਿਖੇ ਵਰਤਦਾ ਆਇਆ ਹੈ॥ ਤਿਸਦਾ ਪਾਰਾਵਾਰ ਨਹੀਂ ਪਾਇਆ ਜਾਂਦਾ॥ ਉਹ ਆਪੇ ਹੀ ਦਾਨਾ ਹੈ ਅਤੇ ਆਪੇ ਹੀ ਬੀਨਾ ਹੈ॥ ਦਾਨਾ ਤਾਂ ਇਉਂ ਹੈ ਜੋ ਕੁਛ ਕਰਦਾ ਹੈ ਸੋ ਆਪੇ ਹੀ ਕਰਦਾ ਹੈ ਅਤੇ ਦੂਸਰੇ ਪਾਸੇ ਮਸਲਤ ਨਹੀਂ ਪੁਛਦਾ॥ ਅਤੇ ਜੋ ਕੁਛ ਕਰਦਾ ਹੈ ਸੋ ਭਲਾ ਹੀ ਕਰਦਾ ਹੈ॥ ਅਤੇ ਬੀਨਾ ਇਉਂ ਹੈ ਜੋ ਸਬ ਸਦਾ ਅੰਤਰਜਾਮੀ ਹੈ॥ ਅਤੇ ਕਾਹੂ ਸੰਗ ਨ ਭੀਨਾ। ਉਸ ਕਿਸੇ ਕੀ ਮਨ ਬੁਧ ਚਤੁਰਾਈ ਸਿਆਨਪ ਮਸਲਤ ਖੁਸ ਨਹੀਂ ਆਵਦੀ। ਉਹ ਕਿਸੇ ਬਾਤ ਪਰ ਪਰਚਦਾ ਨਹੀਂ॥ ਤਟ ਤੀਰਥ ਤਪਸਿਆ ਪੂਜਾ ਅਰਚਾ ਦਾਨ ਪੁੰਨ ਭਿਜਦਾ ਨਹੀ॥ ਬਿਨਾ ਸਤਿਗੁਰਾਂ ਦੇ ਸ਼ਬਦ ਉਸ ਕੀ ਜਾਤਿ ਕਉਣ ਜਾਨੈ॥ ਅਰ ਵਰਨ ਕਿਯਾ ਕਹੀਐ ਅਰ ਚਿਹਨ ਕਿਆ ਕਹੀਐ॥ ਜਿਉ ਪਾਰਸ ਕੇ ਭੇਟੇ ਲੋਹਾ ਸਵਰਨ ਹੋ ਜਾਤਾ ਹੈ ਅਤੇ ਦੁਰਮਤ ਮਿਟ ਜਾਤੀ ਹੈ॥ ਜੈਸੇ ਅਤਿ ਸੈ ਪਾਪੀ ਜੀਵ ਸੰਤਾ ਨਾਲ ਮਿਲ ਕਰ ਸਾਧ ਹੋ ਜਾਂਦਾ ਹੈ, ਤਿਉਂ ਪਾਰਸ ਕੇ ਸੁਪਰਸ ਕੀਏ ਪਾਰਸ ਨਹੀਂ ਹੋਤਾ ਸੋਨਾ ਹੋਤਾ ਹੈ॥ ਏਹੁ ਅੰਤਰ ਸੰਤ ਮੇਂ ਔਰ ਪਾਰਸ ਮੇਂ ਹੈ॥ ਅਤੇ ਸੰਤ ਜੋ ਹੈਨ ਸੋ ਦੀਵੇ ਦੇ ਸਮਾਨ ਹੈਨ। ਜੈਸੇ ਏਕ ਦੀਵੇ ਸੇ ਦੂਸਰਾ ਦੀਵਾ ਜਗਾਵੇ ਉਸ ਸੇ ਔਰ ਜਗਾਵੇ ਇਸੇ ਤਰ੍ਹਾਂ ਅਸੰਖ ਦੀਵੇ ਜਗਾਈਏ ਤਾ ਜੋਤ ਸਭਨਾ ਦੀ ਇਕੋ ਜੇਹੀ ਰੁਸਨਾਈ ਹੁੰਦੀ ਹੈ॥ ਅਤੇ ਪਾਰਸ ਸੇ ਲੋਹਾ ਲਾਈਏ ਤਾ ਸੋਨਾ ਹੋਤਾ ਹੈ ਪਰ

ਉਹ ਸੋਨਾ ਹੋਰ ਸੋਨਾ ਨਹੀਂ ਬਨਾ ਸਕਦਾ॥ ਸੋਨਾ ਤਬੀ ਹੋਤਾ ਹੈ ਜੋ ਪਾਰਸ ਸੋ ਮਿਲੈ ਸੋ ਪਾਰਸ ਮੇਂ ਔਰ ਸੰਤ ਮੇਂ ਏਹੀ ਵਸੇਸਤਾ ਹੈ॥ ਸੰਤਾਂ ਕੋ ਭਾਵੇਂ ਕੈਸਾ ਪਾਪੀ ਮਿਲੇ ਤਉ ਭੀ ਸੰਤ ਆਪ ਸਮਾਨ ਕਰ ਲੈਂਦੇ ਹੈਨ ਅਤੇ ਫੇਰ ਉਸਕੀ ਕੀਮਤ ਹੀ ਹੋਰ ਹੋ ਜਾਦੀ ਹੈ। ਕਿਉ ਜੋ ਉਹ ਫੇਰ ਦੁਨੀਆ ਨਾਲ ਨਹੀਂ ਮਿਲਦਾ॥ ਜਿਉ ਮਿਤ੍ਰਕ ਵਿਚ ਜੀਉ ਪਹੁੰਦਾ ਹੈ ਅਤੇ ਉਹ ਬੋਲ ਉਠਤਾ ਹੈ॥ ਆਪਣੀ ਭਾਖਿਆ ਨਾਲ ਜਬ ਪਰਮੇਸਰ ਇਸ ਪ੍ਰਾਣੀ ਵਿਚ ਜੋਤਿ ਪਾਂਇਦਾ ਹੈ ਤਾਂ ਏਹ ਭੀ ਬੋਲ ਉਠਤਾ ਹੈ॥ ਉਸ ਪਰਮੇਸਰ ਕੀ ਭਾਖਿਆ ਕੀ ਕੀਮਤ ਨਹੀ ਕਹੀ ਜਾ ਤੀ, ਅਪਰ ਅਪਾਰ ਹੈ, ਹਰਖ ਸੋਗ ਤੇ ਨਿਆਰਾ ਹੈ। ਉਹ ਗਗਨੰਤਰ ਮਹਲ ਨਿਵਾਸੀ ਹੈ॥ ਕੂੰਜ ਅਵਾਜ ਬੋਲਦਾ ਹੈ। ਕਹੁ ਨਾਨਕ ਅਬ ਭਈ ਹੈਰਾਨੀ ਕੋਊ ਸਾਧੂ ਤਤ ਵਿਰੋਲੈ॥ ਸੋ ਕਿਉਕਰ ਹੈ ਜਿਤਨਾ ਅਕਾਰ ਹੈ ਤਿਸ ਵਿੱਚ ਉਸਕਾ ਨਿਵਾਸ ਹੈ ਤਿਸ ਕਰਕੈ ਸਭ ਸਰਜੀਤ ਹੈਨ ਅਰ ਮਹਲ ਨਿਵਾਸੀ ਉਸਕੇ ਸਾਧ ਹੈਨ। ਸੋ ਉਨਾ ਵਿਚ ਕੂੰਜ ਅਵਾਜਾ ਹੋਇ ਬੋਲਦਾ ਹੈ॥ ਸੋ ਕੂੰਜ ਅਵਾਜ ਕਿਆ ਹੈ॥ ਜੋ ਕੂੰਜ ਕਹੀਏ ਦੇਹੀ ਅਤੇ ਜੋ ਇਸ ਦੇਹੀ ਵਿਚ ਅਨਾਹਦਿ ਵਾਜਾ ਹੈ ਸੋ ਕਹੀਐ ਬੋਲਣਾ ਅਤੇ ਜੋ ਸੰਤ ਜਨ ਹੈਨ ਸੋ ਉਹ ਅਨਾਹਦ ਸਬਦ ਸੁਣਦੇ ਹੈਨ। ਅਨਾਹਦ ਸਬਦ ਕਾ ਏਹੁ ਪ੍ਰਤਾਪ ਹੈ, ਪਰ ਹੈਰਾਨਗੀ ਜੋ ਹੈ ਸੋ ਕਿਆ ਹੈ ਜਾਂ ਉਹ ਸਾਧ ਅੰਤਰ ਬਿਰਤੀ ਹੋ ਕਰ ਸੁਣਨੇ ਤੇ ਰਹਿਤ ਹੋ ਜਾਹਿੰਗੇ ਉਹ ਜੋ ਥਾਨ ਹੈਨ ਤਿਨਾ ਵਿਚੋਂ ਬਰਕਤ ਨਿਕਲ ਜਾਂਦੀ ਹੈ ਤੇ ਉਹ ਖਾਲੀ ਰਹਿ ਜਾਨਗੇ, ਤਬ ਦੁਨੀਆ ਬੇ ਪ੍ਰਤੀਤ ਹੋਇਗੀ॥ ਭਾਈ ਅਜਿਤਿਆ ਨਾਵੇ ਜਾਮੇ ਸਾਂਗ ਭਾਰੀ ਹੋਵੇਗਾ॥ ਸਲੋਕ॥ ਦਸਤ ਮਹਾਰਿ ਅਪਣੇ ਵਸ ਰਾਖੀ ਜਾਂ ਤੁਣਕੇ ਤਾਂ ਬੋਲੇ। ਭਰਮ ਭੀਤ ਕਉ ਸਭੁ ਜਗੁ ਬੰਧਿਆ ਆਪਿ ਅਡੋਲ ਨ ਡੋਲੇ॥ ਪੈਨਣਹਾਰ ਸਦਾ ਅਬਿਨਾਸੀ ਤਿਸਤੇ ਰਹੇ ਨਿਆਰਾ॥ ਕਹੁ ਨਾਨਕ ਕੋਟਿ ਜੁਗ ਬੀਤੇ ਅੰਤੁ ਨ ਪਾਰਾਵਾਰਾ ॥੮॥ ਤਿਸਕਾ ਪ੍ਰਮਾਰਥ ਸ੍ਰੀ ਸਤਿਗੁਰੂ ਜੀ ਕਹਿਤੇ ਹੈਨ॥ ਬੋਲਣਾ ਹੋਇਆ ਭਾਈ ਅਜਿਤਿਆ ਦਸਤਿ ਮੋਹਾਰ ਜੋ ਹੈ ਸੋ ਸਭਨਾ ਕੀ ਮਤਿ ਬੁਧਿ ਬਲਿ ਖਿੰਚਕੈ ਆਪਣੇ ਵਸ ਰਾਖੀਐਗੀ॥ ਜਿਉ ਖੇਲਾਵੇਗਾ ਤਿਉ ਖੇਲੇਗਾ॥ ਕੋਈ ਪਹੁੰਚਣੇ ਨ ਪਾਈਐਗਾ॥ ਸਭ ਭਰਮ ਜਾਵੇਗੀ॥ ਆਪ ਅਡੋਲ ਹੋਇ ਰਹੇਗਾ ਅਤੇ ਜਾਮੇ ਜੁਗ ਜੁਗ ਪਹਿਰਦਾ ਆਇਆ ਹੈ, ਪਰ ਆਪ ਜਾਮੇ ਥੀਂ ਨਿਆਰਾ ਰਹਿਦਾ ਹੈ॥ ਆਪ ਤਾਂ ਅਬਿਨਾਸੀ ਹੈ, ਮਰਨੇ ਕਾ ਨਾਹੀ ਹੈ॥ ਜਾਮੇ ਕਾ ਬਿਨਾਸ ਹੈ॥ ਆਪ ਤਾਂ ਨਵਤਨੁ ਬਾਲਾ ਹੈ॥ ਕਈ ਕੋਟਿ ਜੁਗ ਬੀਤੇ ਹੈਨ। ਉਹ ਸਦਾ ਹੀ ਅਮਰ ਹੈ, ਤਿਸਕਾ ਅੰਤ ਕੋਈ ਨਹੀਂ ਪਾਵਤਾ ॥ਸਲੋਕ॥ ਨਾਥ ਨਿਰੰਜਨ ਨਾਥੀ ਸਭ ਜਾਕੀ ਤਾਕੇ ਨਿਕਟ ਨ ਕੋਈ॥ ਨਵਦੁਆਰ ਚਲਤ ਕਰ ਦੇਖਿਆ ਰਹੈ ਅਲਿਪਤਿ ਗੁਸਾਈ ॥ ਦਸਵਾ ਦੁਆਰ ਬ੍ਰਹਮ ਕਾ ਪੁਤਰਾ ਤਾ ਮੈ ਬਹੁ ਹੈਰਾਨੈ॥ ਕਹੁ ਨਾਨਕ ਪ੍ਰਭ ਅਗਮ ਅਗੋਚਰ ਕੋਈ ਵਿਰਲਾ ਸਾਧ ਪਛਾਨੈ॥ ਤਿਸਕਾ ਪ੍ਰਮਾਰਥ ਸ੍ਰੀ ਗੁਰੂ ਜੀ ਕਹਿਤੇ ਹੈਨ॥ ਤਾ ਬੋਲਣਾ ਹੋਇਆ ਭਾਈ ਅਜਿਤਿਆ ਓਹ ਸਭਸੈ ਕਾ ਨਾਥ ਹੈ ਅਰ ਪੈਦਾਇਸ ਸਭ ਉਸਕੇ ਹਾਥ ਹੋਇਗੀ॥ ਉਸਕੋ ਸਭ ਦ੍ਰਿਸ਼ਟਮਾਨ ਹੋਵੇਗਾ ਤੇ ਉਸਕੋ ਕੋਈ ਲਖ ਨਾ ਸਕੇਗਾ॥ ਅਤੇ ਨਉ ਦੁਆਰੀ ਚਲਤ ਕਰੇਗਾ ਅਤੇ ਆਪ ਦਸਵੇਂ ਦੁਆਰੇ ਖੇਲੇਗਾ॥ ਭਾਈ ਜਾਂ ਗੁਰੂ ਨਾਵਾ ਜਾਮਾ ਪਹਿਰੇਗਾ ਤਾ ਸਭ ਬੇਮੁਖ ਹੋ ਜਾਵੇਗੀ ਤੇ ਗੁਰੂ ਕਾ ਹੁਕਮ ਮਨਣਗੇ ਨਾਹੀ॥ ਆਪਣੀ ਮਤ ਚਲੇਗੀ ਤਾਂ ਭਾਈ ਆਪਨੇ ਆਪ ਹੀ ਗੁਰੂ ਬਣ ਬੈਹਨਗੇ ਅਤੇ ਆਖਨਗੇ ਅਸੀ ਭਰਾਉ ਸਰੀਕ

ਹੈਗੇ ਹਾਂ॥ ਤਿਨਕਾ ਫਲ ਆਗੇ ਹੀ ਨਿਹਫਲ ਹੋਇ ਜਾਵੇਗਾ ਅਤੇ ਜੂਨੀਆਂ ਵਿਚ ਪਾਈਅਨਗੇ ਤੇ ਗੁਰੂ ਨੂੰ ਮਾਨੁਖ ਕਰਕੇ ਜਾਨਣਗੇ ਔਰ ਨਿੰਦਿਆ ਕਰਨਗੇ ਤੇ ਸਤਿਗੁਰੂ ਕਉ ਨਾਉ ਰਖਨਗੇ ਅਤੇ ਸਤਿਗੁਰੂ ਕਲੰਦਰੀ ਰੂਪ ਰਹੇਗਾ॥ ਦਸਵੇਂ ਦੁਆਰ ਖੇਲੀਐਗਾ। ਆਪਣੇ ਜਾਮੇ ਥੀਂ ਭੀ ਨਿਆਰਾ ਰਹੇਗਾ॥ ਉਹ ਸਨਕਾਦਿਕੀ ਰੂਪ ਰਹੈਗਾ॥ ਜਿਸਕੋ ਕੋਈ ਆਖ ਨ ਸਕੈਗਾ॥ ਮਹਿਰਮ ਗੈਰ ਮਹਿਰਮ ਕੋ ਭੁਲਾਵੈਗਾ ਤਿਸ ਕਉ ਕੋਈ ਲਖੁ ਨਾਹੀ ਸਕੈਗਾ॥ ਕਹੁ ਨਾਨਕ ਗੁਰ ਅਗਮ ਅਗੋਚਰ ਕੋ ਵਿਰਲਾ ਸਾਧ ਪਛਾਣੈ॥ ਜਦ ਨਾਵਾਂ ਜਾਮਾ ਪਹਿਰੇਗਾ ਤਾਂ ਕਿਸੀ ਕਉ ਨਦਰਿ ਨਾ ਆਵੈਗਾ॥ ਸਭ ਕਹਿਨਗੇ ਗੁਰੂ ਅਬ ਦੇਖਣ ਗੋਚਰ ਨਾਹੀ॥ ਆਖਨਗੇ ਜੋ ਗੁਰੂ ਕਹਾਂ ਹੈ॥ ਇਸ ਬਾਤ ਕਾ ਪਾਰ ਪਾਇਆ ਨਹੀਂ ਜਾਤਾ॥ ਕੋਈ ਵਿਰਲਾ ਹੀ ਪਛਾਣੇਗਾ ਤਿਸਕੋ ਪ੍ਰਾਪਤ ਹੋਵੈਗਾ॥ ਕੋਈ ਵਿਰਲਾ ਹੀ ਸਹੀ ਕਰੈਗਾ॥ ਜੋ ਗੁਰੂ ਨਾਲ ਸਚਾ ਹੋਵੇਗਾ ਗੁਰੂ ਭਾਵੈ ਤਾਂ ਭੀ ਬਰਖੈਗਾ ਨਵੇਂ ਸਿਰੇ ਖੇਤ ਜਮਾਵੈਗਾ॥ ਗੁਰੂ ਭਾਣੇ ਕਾ ਖਸਮ ਹੈ, ਜੋ ਭਾਵੈ ਸੋ ਕਰੈ॥ ਤਾਂ ਫੇਰ ਅਜਿਤੇ ਰੰਧਾਵੇ ਅਰਦਾਸ ਕੀਤੀ ਜੀ ਸਚੇ ਪਾਤਸ਼ਾਹ ਜਾਂ ਤੂੰ ਜਾਮਾ ਬਦਲੇਗਾ ਤਾਂ ਤੇਰੇ ਪਿਛੇ ਸਿਖ ਭਦਨ ਕਰਾਵਨਗੇ ਤਾਂ ਫਿਰ ਏਹ ਜੋਤ ਕਿਥੇ ਸਮਾਵੈਗੀ ? ਤਾ ਫੇਰ ਬਾਬੇ ਜੀ ਦਾ ਬੋਲਣਾ ਹੋਇਆ ਮੇਰਾ ਵਾਕ ਸਬਦ ਹੈ॥ ਹੁਕਮ ਹੋਆ ਮੂੰਹ ਕਾ ਆਖਣ ਦਾ ਕੁਛ ਨਾਹੀ, ਸਬਦ ਕੀ ਬਾਤ ਸਚੁ ਹੈ॥ ਸਬਦ ਕਰਕੇ ਪਾਈਐ ਸਹੀ॥ਸਲੋਕ॥ ਮਰਿ ਜਨਮੈ ਜੂਨ ਸੋ ਆਵੈ ਜੋ ਗੁਰ ਜਾਣੈ ਦੁਆ ਕਰਮ ਕਰਤੂਤ ਬੋਲ ਬਿਸਥਾਰੀ ਨ ਮਿਲਿਆ ਨ ਫਲ ਹੂਆ॥ ਮੁਖਿਆਗਰ ਕਾ ਕਹਿਆ ਜੋ ਮਾਨੈ ਸੋ ਸਿਖ ਭਰਮ ਭੁਲਾਨੇ॥ ਸਬਦ ਨਿਰੰਤਰ ਜੋ ਜਿਨਿ ਖੋਜੈ ਸਚੈ ਸਬਦ ਸਮਾਨੈ॥ ਉਡੇ ਬਿਹੰਗਮ ਚੀਟੀ ਕਾ ਪਗ ਹਸਤਿ ਊਪਰਿ ਅਸਵਾਰੀ॥ ਜਾਕੈ ਕਰਮ ਧਰਮ ਨਹਿ ਮਾਇਆ ਮਾਖੀ ਕਹੁ ਨਾਨਕ ਆਠ ਪਹਿਰ ਲਿਵ ਤਾਰੀ ॥੧੦॥ ਤਿਸਕਾ ਪ੍ਰਮਾਰਥ॥ ਭਾਈ ਅਜਿਤਿਆ ਗੁਰੂ ਜਾਮਾ ਬਦਲੈਗਾ ਤਾ ਸਬੂੰਹੁ ਸਿਖ ਭਦਨ ਕਰਾਇਨਗੇ॥ ਆਖਨਗੇ ਜੋ ਗੁਰੂ ਮੋਯਾ ਹੈ ਫਿਰ ਜਮੇਗਾ॥ ਦੂਆ ਜੋ ਹੈ ਸੋ ਭਰਮ ਹੈ॥ ਭਾਈ ਅਜਿਤਿਆ ਗੁਰੂ ਜੰਮਣ ਮਰਨ ਵਿਚ ਨਾਹੀ ਅਲਪਤ ਹੈ॥ ਜੋਤੀ ਸਰੂਪ ਅਮਰ ਹੈ॥ ਪਰ ਇਹ ਜੋ ਕਰਮ ਕਰਤੂਤ ਹੈ ਸੋ ਸੰਸਾਰ ਕੀ ਬੋਲ ਬਿਸਥਾਰੀ ਹੈ॥ ਸੰਸਾਰ ਇਸ ਬੋਲ ਕੇ ਬੀਚ ਬਿਸਥਾਰਿਆ ਹੈ। ਸੋ ਕੈਸੀ ਕਰਮ ਕਰਤੂਤ ਕੀ ਬੋਲ ਬਿਸਥਾਰੀ ਹੈ॥ ਏਹ ਜੋ ਬੁਰੇ ਭਲੇ ਕਰਮ ਕਰਦਾ ਹੈ, ਉਨੋ ਕਰਮੋ ਕਰਿ ਬਹੁ ਜੂਨੀ ਭਰਮਾਈਦਾ ਹੈ ਅਤੇ ਸਤਿਗੁਰੂ ਜੋ ਹੈ ਸੋ ਨਿਹਕਰਮੀ ਹੈ॥ ਕਰਮ ਧਰਮ ਤੇ ਪਰੇ ਹੈ॥ ਪਾਪ ਪੁੰਨ ਤੇ ਨਿਰਲੇਪ ਰਹਿੰਦਾ ਹੈ। ਉਹ ਜੋ ਕਹਿਨਗੇ ਜੋ ਗੁਰੂ ਫੇਰ ਜੰਮੇਗਾ ਉਹ ਫੇਰਿ ਫੇਰਿ ਮਰਨ ਜਨਮੇਂਗੇ॥ ਕਈ ਜੂਨੀ ਭਰਮ ਭਰਮੇਂਗੇ॥ ਅਰ ਗੁਰੂ ਕੇ ਹਜ਼ੂਰ ਉਇ ਬੁਰੇ ਕਰਮ ਕਰਹਿਗੇ॥ ਉਨਾ ਕਉ ਗੁਰੂ ਮਿਲਨੇ ਕਾ ਫਲ ਲਗੇਗਾ ਨਾਹੀ॥ ਸਤਿਗੁਰੂ ਉਨਾ ਕੌ ਹੋਰ ਮੁਖਵਾਕ ਕਰਿ ਭਰਮਾਵੈਗਾ ਤਾਂ ਉਹ ਵਾਕ ਸੁਣ ਸੁਣ ਭਰਮਨਗੇ॥ ਆਖਨਗੇ ਜੋ ਇਹ ਵਾਕ ਕੀਤੇ ਹੈਨ, ਸਾਖੀਆਂ ਕਰ ਕਰ ਭਰਮਨਗੇ॥ ਕੁਚਾਲ ਚਲਨਗੇ॥ ਮੁੱਖਆਗਰ ਕੇ ਕਹੇ ਕਾ ਏਹ ਫਲ ਲਗੇਗਾ ਅਤੇ ਜੋ ਸਬਦ ਖੋਜੈਗਾ ਸੋ ਵਿਰਲਾ ਕੋਉ ਸਾਧੂ ਖੋਜੈਗਾ, ਸੋ ਸਚੁ ਸਮਾਵੈਗਾ। ਸਤਿਗੁਰੂ ਕਉ ਮਿਲੈਗਾ॥ ਸੋ ਕਿਸ ਰਉਂਸ ਮਿਲੇਗਾ॥ ਬਚਾ ਸਬਦ ਜੋ ਹੈ ਸੋ ਸਤਿਗੁਰੂ ਹੈ॥ ਉਹ ਇਹ ਬਿਧ ਕਰਿਕੈ ਸਤਿਗੁਰੂ ਕੋ ਮਿਲਨਗੇ॥ ਬਿਹੰਗਮ ਜੋ ਹੈ ਸੋ ਪਾਰਬ੍ਰਹਮ ਕੀ ਜੋਤਿ ਹੈਂ, ਉਹ ਖਰੀ ਫੁਰੇਦੀ ਹੈ॥ ਚੀਟੀ ਕਾ

ਪਗ ਜੋ ਹੈ ਸੋ ਇਹ ਮਾਨੁਖ ਕਾ ਜਾਮਾ ਪਹਿਰਨਗੇ ਬਿਹੰਗਮ ਰੂਪ ਹੋਇ ਖੇਲੈਗਾ ਅਤੇ ਜਾਮੇ ਤੇ ਨਿਆਰਾ ਰਹੈਗਾ ਅਤੇ ਕਰਮ ਭੀ ਨਾ ਹੋਵੈਗਾ॥ ਅਤੇ ਪਾਪ ਪੁੰਨ ਤੇ ਆਸ ਅੰਦੇਸਾ ਤੇ ਨਿਆਰਾ ਰਹੈਗਾ ਅਤੇ ਕਿਸੀ ਸਾਥ ਮਸਲਤਿ ਭੀ ਨਾ ਹੋਇਗੀ॥ ਸਭ ਤੇ ਨਿਆਰਾ ਰਹੈਗਾ॥ ਆਠ ਪਹਿਰ ਲਿਵਤਾਰੀ ਰਹੈਗੀ ਸ੍ਰੀ ਪਾਰਬ੍ਰਹਮ ਸਾਥ॥ ਤਾਂ ਫੇਰ ਬੋਲਣਾ ਹੋਇਆ ਜੋ ਆਠ ਪਹਿਰ ਲਿਵ ਆਪਣੇ ਗੁਰੂ ਪਰਮੇਸਰ ਨਾਲ ਰਖੈਗਾ, ਸਬਦ ਮਨਿ ਵਸਾਏਗਾ ਉਸ ਵਿਚ ਸਤਿਗੁਰੂ ਕਾ ਬਾਸਾ ਹੋਇਗਾ॥ ਜਿਸਦੀ ਸਬਦ ਨਾਲ ਪ੍ਰੀਤ ਲਗੈਗੀ ਤਿਸ ਦੀ ਗੁਰੂ ਨਾਲ ਲਿਵ ਲਗੈਗੀ॥ ਜੋ ਉਸਦੇ ਭਗਤ ਹੋਵਨਿਗੇ ਤਿਨਾ ਨੂੰ ਲਿਵ ਲਗੇਗੀ॥ ਉਸ ਜਾਮੇ ਦਾ ਵਾਲੀ ਹਾਂ॥ ਤਾਂ ਅਜਿ ਰੰਧਾਵੇ ਅਰਦਾਸ ਕੀਤੀ ਜੀ ਸਚੇ ਪਾਤਸ਼ਾਹ ਜਾਮਾ ਏਹੋ ਰਖੀਐਗਾ॥ ਤਾਂ ਫੇਰ ਹੁਕਮ ਹੋਇਆ ਭਾਈ ਅਜਿਤਿਆ ਇਹੁ ਨਾਹੀ॥ ਸਲੋਕ ਭਗ ਤੇ ਨਿਕਸਿਆ ਸੋ ਸਭ ਬਿਨਸੇ ਪਗ ਬੇੜੀ ਹੈ ਬੰਧਾ। ਭਏ ਗੁਸਾਈ ਸਾਂਗ ਮੈ ਦੀਪਕੁ ਜਲੈ ਬਿਹੰਗਾ॥ ਕੋਕਲਿ ਯਾ ਬਿਪਰੀਤ ਜਿਉ ਉਤਿ ਅਉਸਰਿ ਲਾਗੀ ਸੋਇ॥ ਟੂਟੀ ਤੰਤ ਰਬਾਬ ਕੀ ਬਹੁੜ ਨਾ ਵਾਜਾ ਹੋਇ॥ ਨਾਨਕ ਐਸੇ ਸਾਂਗ ਮੈ ਕਿਸੇ ਮਿਲਾਵਾ ਹੋਇ॥੧੧॥ ਤਿਸਕਾ ਪ੍ਰਮਾਰਥ॥ ਭਗ ਤੇ ਨਿਕਸਿਆ ਹੋ ਸੋ ਬਿਨਸਣਹਾਰਾ ਹੈ॥ ਪਗ ਬੇੜੀ ਪਰਿ ਬਿਧ ਜੋ ਹੈ ਸੋ ਸੰਜੋਗਿ ਵਿਜੋਗ ਹੈ॥ ਸੰਜੋਗ ਕਰਕੈ ਮੇਲਾ ਹੁੰਦਾ ਹੈ ਵਿਜੋਗ ਕਰਕੈ ਵਿਛੜੀਦਾ ਹੈ॥ ਗੁਸਾਈ ਜੋ ਹੈ ਸੋ ਸਤਿਗੁਰੂ ਹੈ॥ ਉਹ ਸਾਂਗ ਕਰਿ ਕਰਿ ਚੋਜ ਵੇਖਦਾ ਹੈ॥ ਦੀਪਕ ਜੋ ਹੈ ਸੋ ਬਿਹੰਗਮ ਹੈ, ਜੋਤਿ ਸਰੂਪੀ ਅਮਰ ਹੈ॥ ਕੋਕਲ ਅੰਬ ਪ੍ਰੀਤ ਹੈ ਜੋ ਉਨਕੇ ਸਾਸ ਹੈਨ॥ ਉਨ੍ਹਾਂ ਦੀ ਪ੍ਰੀਤ ਉਸਦੇ ਨਾਮ ਸੰਗ ਹੈ॥ ਕੋਲ ਕੀ ਨਿਆਈ ਸਾਧ ਹੈ ਅਰ ਨਾਮ ਜੋ ਹੈ ਸੋ ਅੰਮ੍ਰਿਤ ਫਲ ਹੈ॥ ਓਹ ਉਸ ਸਾਥ ਖੁਸੀ ਹੋਤੇ ਹੈ, ਰੰਗ ਲਗਾਵਤੇ ਹੈ॥ ਜਿਉਂ ਕੋਕਲ ਅੰਬ ਫਲ ਖਾਇਕੈ ਸੁਭਾਉ ਕਰਿਕੈ ਬੋਲਤੀ ਹੈ ਤਿਉ ਸਾਧ ਨਾਮ ਅੰਮ੍ਰਿਤ ਫਲ ਖਾਇ ਬਹੁਤੇ ਖੁਸ਼ ਹੋਤੇ ਹੈਂ॥ ਇਵ ਕਰਿ ਸਤਿਗੁਰੂ ਰਹੇਗਾ॥ ਅਰ ਜੀ ਟੁਟੀ ਤੰਤ ਰਬਾਬ ਕੀ ਏਹ ਕੀ ਹੈ ਜੋ ਕੋਈ ਉਸ ਕਉ ਮਿਲੁ ਕਰਿ ਫੇਰ ਤੁਟਦੇ ਹੈਨ ਉਹ ਫੇਰ ਨਾਹੀ ਮਿਲਦੇ॥ ਜਿਉ ਤੰਤ ਰਬਾਬ ਕੀ ਤੁਟਦੀ ਹੈ ਫੇਰ ਵਜਦੀ ਨਾਹੀ, ਤਿਉ ਵਿਚ ਗਿਰਾਹਾਂ ਪੈ ਜਾਇਗੀ॥ ਐਸਾ ਵਖਤ ਆਵੈਗਾ ਜੋ ਸਤਿਗੁਰੂ ਕੀ ਨਿੰਦਿਆ ਸਭ ਸੰਸਾਰ ਕਰੇਗਾ ਅਤੇ ਸਭ ਭੂਲ ਜਾਵਨਗੇ ਅਤੇ ਨਰਕਗਾਮੀ ਹੋਵਨਗੇ॥ ਅਤੇ ਮੇਰਾ ਇਕਨਾ ਨੇ ਸੰਸਾਰ ਵਿਚ ਦਰਸਨ ਪ੍ਰਾਪਤ ਹੋਵੇਗਾ ਪਰ ਜੋ ਨਿੰਦਾ ਤੇ ਰਹਿਤ ਹੈ ਕੈਸੇ ਹੋਵਨਗੇ ਓਹ ਕਹਿਨਗੇ ਜੋ ਗੁਰੂ ਕਰਦਾ ਹੈ ਸੋ ਭਲਾ ਹੀ ਕਰਦਾ ਹੈ॥ ਜੋ ਭਾਵਸ ਸੋ ਕਰੈ॥ ਓਹ ਬੁਰਾ ਭਲਾ ਕਿਸੇ ਨੂੰ ਕਹਿਨਗੇ ਨਾਹੀ॥ ਓਹ ਸਿਖ ਮੇਲ ਲਈਅਨਗੇ॥ ਤਾ ਫੇਰ ਅਜਿਤੇ ਰੰਧਾਵੇ ਅਰਦਾਸ ਕੀਤੀ ਜੀ ਸਚੇ ਪਾਤਸ਼ਾਹ ਜਾਂ ਸਭ ਭੁਲ ਜਾਵੇਗੀ ਤਾਂ ਬਡਾ ਕਲਜੁਗ ਆਵੈਗਾ ਤਾ ਇਨਾ ਜੀਆ ਕੇ ਬਾਬ ਕਿਆ ਹੋਵੇਗੀ॥ ਤਾ ਫੇਰ ਅਗੋ ਬਾਬੇ ਜੀ ਦਾ ਬੋਲਣਾ ਹੋਇਆ॥ ਸਲੋਕ॥ ਬਾਦਰਿ ਧੂਅਰ ਪਉਣ ਨਿਵਾਸੀ ਨਿਜ ਪਉੜੀ ਨਿਜ ਥਾਉ॥ ਨਾਵੈ ਮਹਲੇ ਨਾਨਕਾ ਚੁਗਲ ਅਪਾਰ ਕਾ ਨਾਉ ॥੧੨॥ ਤਿਸਕਾ ਪ੍ਰਮਾਰਥ॥ ਭਾਈ ਅਜਿਤਿਆ ਏਹ ਦੁਨੀਆ ਜੋ ਹੈ ਸੋ ਬੱਦਲ ਧੂਏ ਦੇ ਹੈਨ ਜੋ ਦੇਖੋ ਦੇਖੀ ਹੋਵਨਗੇ ਅਰ ਦੇਖੋ ਦੇਖੀ ਫੁਟ ਜਾਣਗੇ॥ ਜਿਉ ਧੂਏ ਕੇ ਬਾਦਰ ਪਉਣ ਲਾਗੇ ਨਾਹੀ ਠਹਿਰਤੇ, ਉਡ ਜਾਤੇ ਹੈ ਉਨਾ ਕੀ ਨਿਆਈ ਜਾਂ ਉਸ ਸਮੇਂ ਗੁਰੂ ਸਾਂਗ ਕਰੈਗਾ ਤਾਂ ਸਭ ਦੁਨੀਆ ਖਿੰਡ ਜਾਵੈਗੀ ਜਿਉ ਪਉਣ ਚਲੇ ਬਦਲ ਖਿੰਡ ਜਾਦੇ ਹੈਨ॥ ਅਰ ਬੁਰੇ ਕਰਮ ਜੋ ਹੈਨ ਸੋ

ਤਿਨੀ ਜਾਈਂ ਟਿਕਨਗੇ ਜੋ ਬੇਮੁਖ ਨਿੰਦਕ ਹੋਵਨਗੇ ਪਰ ਅੰਤ ਪਛੋਤਾਵਨਗੇ॥ ਤਾਂ ਅਜਿਤੇ ਰੰਧਾਵੇ ਅਰਦਾਸ ਕੀਤੀ ਜੀ ਸਚੇ ਪਾਤਸ਼ਾਹ ਕੁਛ ਫੇਰ ਭੀ ਬਖਸ਼ੀਅਨਗੇ ਕੇ ਨਾ॥ ਤਾਂ ਫੇਰ ਗੁਰੂ ਜੀ ਕਾ ਬੋਲਣਾ ਹੋਇਆ ਬਚਾ ਅਜਿਤਿਆ ਇੰਦਰ ਜੋ ਹੈ ਸੋ ਸਤਿਗੁਰੂ ਹੈ॥ ਤਿਸਦੇ ਸਿਖ ਸਭ ਸਾਧ ਦੇਵਤੇ ਹੈਨ॥ ਉਹ ਨਿਭਕਾਰ ਕਰਦਾ ਹੈ ਤਾਂ ਬਖਸਾਇ ਲੈਂਦੇ ਹੈਨ॥ ਹਾਣਤ ਕਿਸੇ ਦੀ ਕਰਨੇ ਨਾਹੀ ਦੇਤੇ॥ ਸਭਸੇ ਕਾ ਭਲਾ ਚਾਹਤੇ ਹੈਨ॥ ਸਭਨਾ ਕੋ ਮਿਲਾਇ ਲੈਦੇ ਹੈਨ॥ ਤਿਉ ਬਚਾ ਇਕ ਐਸੇ ਹੀ ਸਿਖ ਹੋਵਨਗੇ ਜੋ ਹਾਣਤ ਕਿਸੇ ਦੀ ਨਾ ਕਰਨਗੇ ਅਰ ਮਿਲੇ ਕਉ ਮੇਲ ਲੈਨਗੇ ਪਰ ਜਾਂ ਉਹ ਵਖਤ ਆਵੈਗਾ ਤਾ ਸਾਧ ਸਿਖ ਆਗੇ ਹੀ ਸਮਾਏ ਜਾਨਗੇ॥ ਐਸੇ ਮਨੁੱਖ ਰਹਿਨਗੇ ਜੋ ਮਿਲੇ ਨੂੰ ਭੀ ਵਿਛੋੜਨਗੇ॥ ਸੋ ਪੁਰਖ ਨਰਕਗਾਮੀ ਹੋਵਨਗੇ॥ ਨਿਜ ਪਉੜੀ ਨਿਜ ਥਾਉ ਜੋ ਹੈ ਸੋ ਕੀ ਹੈ ਸੋ ਉਸਕਾ ਨਾਮ ਹੈ ਸਬਦ ਕਾ॥ ਜੋ ਉਸ ਵਕਤ ਸਬਦ ਹੀ ਉਚਾਰੀਐਗਾ॥ ਸਤਿਗੁਰੂ ਨਿਰਾਲਮ ਹੋਇ ਰਹੇਗਾ॥ ਜਿਉ ਕਰਦਿਆ ਜਾਮਾ ਧੂੜ ਝਾੜ ਉਜਲਾ ਹੁੰਦਾ ਹੈ, ਐਸਾ ਸੰਸਾਰ ਤੇ ਰਹੈਗਾ ਜੈਸੇ ਕਮਲ ਜਲ ਤੇ ਰਹਤ ਹੈ॥ ਉਸਕੋ ਜਲ ਨਾਹੀ ਪੋਹਤਾ॥ ਤੈਸੇ ਏਹ ਧੂਏ ਕੇ ਬਾਦਰ ਨਿਕਟ ਨਾ ਆਵਨਗੇ॥ ਅਰ ਬਚਾ ਨਾਵਾਂ ਜਾਮਾ ਜੋ ਹੋਵੈਗਾ ਸੋ ਜਗ ਪ੍ਰਵਾਨ ਹੋਵੇਗਾ॥ ਸਭੇ ਵਸਤੂ ਨਵੀਆਂ ਹੋਵਨਗੀਆਂ॥ ਅਰ ਅਪਾਰ ਵਸਤ ਜੋ ਹੈ ਸੋਈ ਹੈ॥ ਅਪਾਰ ਵਸਤ ਸਬਦ ਹੈ, ਸੋ ਓਥੇ ਸਬਦ ਹੀ ਹੋਵੈਗਾ॥ ਸੋ ਇਕ ਐਸੇ ਬੇਮੁਖ ਹੋਵਨਗੇ ਤਿਸਨੂੰ ਭੀ ਨਾਉ ਰਖਨਗੇ॥ ਓਹ ਅਪਾਰ ਵਸਤ ਕਿਸੇ ਦੇ ਨਿੰਦਣੇ ਕੀ ਨਾਹੀ॥ ਪਰ ਉਸਕੀ ਚੁਗਲੀ ਕਰਕੇ ਦੁਸਟ ਬਕ ਮਰਨਗੇ॥ ਸਚਿਆਰਾਂ ਉਪਰ ਚੁਗਲੀ ਨਹੀ ਚਲਦੀ॥ ਤਾ ਫੇਰ ਅਜਿਤੇ ਰੰਧਾਵੇ ਅਰਦਾਸ ਕੀਤੀ ਜੀ ਸਚੇ ਪਾਤਸ਼ਾਹ ਤੂੰ ਕਿਛ ਖਾਂਦਾ ਪੀਦਾ ਭੀ ਹੈਂ ॥ ਤਾ ਫੇਰ ਬਾਬੇ ਜੀ ਕਾ ਬੋਲਣਾ ਹੋਇਆ ਬਚਾ ਅਜਿਤਿਆ ਜਿਥੈ ਗੁਰੂ ਕਾ ਆਸਣ ਹੈ ਉਥੈ ਖਾਣਾ ਪੀਣਾ ਕੁਛ ਨਾਹੀ ॥ਸਲੋਕ॥ ਆਪੇ ਧੁਧੈ ਘਰਿ ਕਰੈ ਨ ਕਛੁ ਪੀਐ ਨਾ ਖਾਇ॥ ਨੀਚਾ ਅੰਦਰ ਨੀਚ ਜਾਤ ਸਤਿਗੁਰ ਰਹੈ ਬਿਲਾਇ॥ ਸਾਂਗੀ ਸਾਂਗ ਰਚਾਇਸੀ ਫੁਟੈ ਸਗਲ ਜਹਾਨ॥ ਨਾਨਕ ਕੋਈ ਗੁਰਮੁਖ ਉਬਰੈ ਸਬਦਿ ਰਹੈ ਮਨੁ ਗਿਆਨੁ ॥੧੩॥ ਤਿਸਕਾ ਪ੍ਰਮਾਰਥ॥ ਭਾਈ ਅਜਿਤਿਆ ਜਿਥੈ ਗੁਰੂ ਕਾ ਆਸਣ ਹੈ ਤਿਥੈ ਖਾਣਾ ਪੀਣਾ ਕੁਛ ਨਾਹੀ॥ ਓਥੇ ਸਚੋ ਹੀ ਸਚ ਹੈ॥ ਸਚ ਜੋ ਹੈ ਸੋ ਨਾਮ ਹੈ॥ ਉਸ ਨਾਮ ਸੰਗ ਪਰਚਿਆ ਰਹੈ॥ ਹੋਰ ਕਿਸੇ ਦਾ ਰੀਝਾਇਆ ਨਾਹੀ ਰੀਝਦਾ॥ ਓਥੈ ਪਾਪ ਪ੍ਰਵਿਕਿਰਤ ਕਾਈ ਨਾਹੀ ਅਤੇ ਨੀਚਾ ਅੰਦਰ ਨੀਚ ਜਾਤ ਹੈ॥ ਸੋ ਕੀ ਹੈ ਓਹ ਆਪਣਾ ਆਪ ਜਨਾਵੈਗਾ ਨਾਹੀ॥ ਹਉਮੈ ਤੇ ਅੰਹਕਾਰ ਦੂਰ ਕਰੈਗਾ॥ ਸੰਤੋਖ ਖਿਮਾ ਮਸਟ ਉਸਕੀ ਜਾਤ ਹੈ॥ ਉਥੇ ਹੀ ਸਤਿਗੁਰੂ ਕਾ ਬਾਸਾ ਹੋਇਗਾ ਅਤੇ ਜਿਥੈ ਇਹ ਤ੍ਰੈ ਵਸਤੂ ਹੋਵਨਗੀਆ ਅਤੇ ਆਪ ਸੀਗਾਰ ਭੀ ਕਰਤਾ ਹੈ॥ ਸਾਧਾ ਨਾਲ ਮਿਲ ਕਰ ਸਭ ਕੁਛ ਭੋਗਦਾ ਹੈ ਪਰ ਉਸਨੂੰ ਕੁਛ ਨਹੀ ਲਗਦਾ। ਉਹ ਅਲਿਪਤ ਹੈ ਪਰ ਸਾਂਗ ਵਿਚ ਰਹੇਗਾ॥ ਸਾਂਗ ਜੁਗ ਜੁਗ ਕਰਦਾ ਆਇਆ ਹੈ। ਪਰ ਜੋ ਇਸ ਕਲਜੁਗ ਵਿਚ ਸਾਂਗ ਕਰੈਗਾ ਤਿਸਤੇ ਸਭ ਫਿਟ ਜਾਵੈਗੀ॥ ਸੋ ਕਉਣ ਕਉਣ ਭੁਲਣਗੇ ਸਿਧ ਸਾਧਕ ਸਿਖ ਸਾਖੀ ਸਭ ਫਿਟ ਜਾਣਗੇ, ਕੋਈ ਵਿਰਲਾ ਗੁਰਮੁਖ ਸਾਬਤ ਰਹੈਗਾ॥ ਓਹ ਸਬਦ ਗੁਰੂ ਕਾ ਕਹੈਗਾ॥ ਸਬਦ ਕਰਕੈ ਰਹੈਗਾ॥ ਸਬਦ ਪਰ ਚਲੈਗਾ, ਸਬਦ ਕੋ ਮੰਨੇਗਾ॥ ਹੋਰ ਗਲਾਂ ਝੂਠ ਕਰ ਮੰਨੇਗਾ, ਸੋਈ ਪੁਰਖ ਸਤਿਗੁਰੂ ਕਾ ਸਿਖ ਹੋਵੈਗਾ॥ ਹੋਰ ਸਭ ਨਰਕਗਾਮੀ ਹੋਵਨਗੇ।

ਤਾਂ ਫੇਰ ਅਜਿਤੇ ਰੰਧਾਵੇ ਅਰਦਾਸ ਕੀਤੀ ਜੀ ਸਚੇ ਪਾਤਸ਼ਾਹ ਐਸਾ ਇਕ ਕੋਈ ਹੋਵੈਗਾ॥ ਅਰ ਜੀ ਹੋਰਨਾ ਜੀਆਂ ਕੇ ਬਾਬਤ ਕੀ ਹੋਵੇਗਾ॥ ਤਾ ਫੇਰ ਬਾਬੇ ਜੀ ਕਾ ਬੋਲਣਾ ਹੋਇਆ॥ ਸਲੋਕ ॥ ਲਖ ਕਰੋੜੀ ਜੀਵਤੇ ਕੌਨ ਨਰਕ ਭੁੰਚਾਈਐ॥ ਲਾਗੈ ਅੰਕ ਕਾਸੀਓ ਬਹੁ ਪਚਾਈਐ॥ ਹੁਕਮ ਹੋਇਆ ਧਰਮਰਾਇ ਕੋ ਕਾਢੋ ਨਰਕ ਨਿਵਾਸ॥ ਇਹਨਾ ਜੀਆਂ ਸਤਿਗੁਰ ਨਹੀ ਭੇਟਿਆ ਕਰਹਿ ਬ੍ਰਹਮੇ ਕੀ ਆਸ॥ ਤਾਕੋ ਲੇਖ ਲਿਖਾਈਐ ਏਹ ਦਾਣੇ ਪਾਣੀ ਕਾ ਜੀਉ॥ ਮਾਇਆ ਮਮਤਾ ਮੋਹਣੀ ਤਾਂ ਸਿਉ ਲਗਾ ਜੀਉ॥ ਨਾਨਕ ਆਸਣ ਪੂਰਿਆ ਫਿਰ ਨਰਕ ਸਿਧਾਸਨ ਜੀਉ ॥੧੪॥ ਤਿਸਕਾ ਪ੍ਰਮਾਰਥ॥ ਸੁਣ ਭਾਈ ਅਜਿਤਿਆ ਛਿਨਵੇ ਕਰੋੜੀ ਜੋ ਜੀਵ ਥੇ ਤਿਨਾ ਸਤਿਗੁਰੂ ਕੋ ਨਾ ਜਾਣਿਆ ਸੀ॥ ਬ੍ਰਹਮ ਬ੍ਰਹਮ ਜਪਦਿਆ ਸਾਰੀ ਉਮਰ ਗੁਜਰ ਗਈ॥ ਕਹਿਣ ਜੋ ਹਮ ਹੀ ਬ੍ਰਹਮ ਹੈਂ, ਗੁਰੂ ਭੀ ਬ੍ਰਹਮ ਹੈਂ, ਅਰ ਸਤਿਗੁਰ ਸਿਉ ਵਾਦ ਕਰਦੇ ਸੇ ਜੋ ਅਸੀ ਵਡੇ ਹਾਂ ਅਸਾਡੇ ਪੰਥ ਜੇਹਾ ਹੋਰ ਕੋਈ ਨਾਹੀ॥ ਉਨਾ ਦਾਵਾ ਬਧਾ ਸੀ, ਉਹ ਮਾਰ ਬਿਦਾਰ ਕਰਨੇਹਾਰੇ ਖਉ ਕੀਤੇ, ਕੁੰਭੀ ਨਰਕ ਮੈ ਸਭ ਪਾਏ॥ ਉਨਾ ਨੂੰ ਬਿਲਲਾਦਿਆ ਸਤਿਜੁਗ ਬੀਤਿਆ॥ ਫਿਰ ਤ੍ਰੇਤੇ ਜੁਗ ਗੁਰੂ ਜਨਕ ਬਿਦੇਹੀ ਦੀ ਆਗਿਆ ਸਾਥ ਨਰਕੋ ਨਿਕਲੇ॥ ਸੋ ਕਿਉਕਰ ਨਰਕੋ ਨਕਸੇ ਥੇ, ਜਾ ਸਤਿਗੁਰੂ ਕੇ ਜਾਮੇ ਕੀ ਪਉਣ ਉਨਾ ਨੂੰ ਲੱਗੀ ਸੀ ਤਾ ਉਹ ਪੁਰਖ ਨਰਕੋਂ ਬਾਹਰ ਨਿਕਲੇ ਸੇ॥ ਭਾਵੇ ਉਨਾ ਵਾਦ ਕੀਤਾ ਸੀ ਪਰ ਭਾਈ ਅਜਿਤਿਆ ਗੁਰੂ ਨਿਰਵੈਰ ਹੈ ਵੈਰ ਕਿਸੀ ਨਾਲ ਨਹੀਂ ਰਾਖਤਾ॥ ਤਾਂ ਫੇਰ ਅਜਿਤੇ ਰੰਧਾਵੇ ਅਰਦਾਸ ਕੀਤੀ ਜੀ ਸਚੇ ਪਾਤਸ਼ਾਹ ਓਹ ਕਿਉਂਕਰ ਪਉਣ ਲਗੀ ਸੀ॥ ਤਾ ਫੇਰ ਗੁਰੂ ਜੀ ਕਾ ਬੋਲਣਾ ਹੋਇਆ ਜਾ ਗੁਰੂ ਜਨਕ ਜੀ ਸਚੁਖੰਡ ਕੋ ਚਲੇ ਹੈਨ ਤਾ ਹੁਕਮ ਕੀਤੋਨੇ, ਨਾਲੇ ਗਣ ਗੰਧਰਬ ਬਹੁਤ ਭਗਤ ਥੇ॥ ਪਹੁਪ ਬਿਬਾਣ ਉਠਾਈ ਜਾਦੇ ਸੇ॥ ਤਾਂ ਉਹਨਾ ਨੂੰ ਹੁਕਮ ਕੀਤੋ ਨੇ ਜੋ ਅਸਾਂ ਨੂੰ ਨਰਕੋਂ ਕੇ ਜੀਵ ਹੈਨ ਸੋ ਜਾਇ ਵਿਖਾਲੋ॥ ਤਾ ਉਹਨਾ ਭਗਤਾਂ ਅਰਦਾਸ ਕੀਤੀ ਜੀ ਸਚੇ ਪਾਤਸ਼ਾਹ ਤੁਸਾ ਨੂੰ ਨਰਕ ਸੁਰਗ ਨਾਲ ਕੀ ਕੰਮ ਹੈ, ਤੁਸੀ ਸਚਖੰਡ ਕੋ ਚਲੋ॥ ਤਾ ਫੇਰ ਹੁਕਮ ਕੀਤੋ ਨੇ ਅਸਾਂ ਤਾਂ ਇਹ ਤਮਾਸ਼ਾ ਦੇਖ ਕਰ ਚਲਣਾ ਹੈ॥ ਤਾਂ ਗਣ ਹੁਕਮ ਮਨਕੇ ਲੈ ਚਲੇ ਤਾਂ ਅਗੋਂ ਪੁਕਾਰ ਆਵਦੀ ਸੀ॥ ਨਰਕ ਦੇ ਜੀਅ ਬਹੁਤ ਕੁਰਲਾਵਦੇ ਹੈਸਨ॥ ਪਰ ਜਿਉ ਗੁਰੂ ਜਨਕ ਕਾ ਬਿਬਾਣ ਨੇੜੇ ਆਇਆ ਤਾਂ ਓਹ ਜੀਅ ਸਭ ਚੁਪ ਕਰ ਗਏ ਅਰ ਧਰਮਰਾਇ ਆਸਣ ਛੋੜ ਕਰ ਭੰਨਾ ਤਾ ਓਹ ਚਿਤ ਗੁਪਤ ਭੀ ਨਾਲੇ ਭੰਨੇ॥ ਤਾ ਫੇਰ ਗੁਰੂ ਜਨਕ ਜੀ ਉਹਨਾ ਨਰਕ ਕੇ ਜੀਆਂ ਸੇ ਪੁਛਿਆ ਤੁਸੀ ਜੋ ਕੁਰਲਾਵਦੇ ਸੇ ਸੋ ਹੁਣ ਕਿਉਂਕਰ ਸਾਂਤ ਆਈ॥ ਤਾਂ ਓਹ ਨਰਕ ਕੇ ਜੀਵ ਬੋਲੇ ਜੋ ਜੀ ਤੇਰੇ ਜਾਮੇ ਕਾ ਜੋ ਸੀਤਲ ਪਉਣ ਲਗਾ ਹੈ ਤਾਂ ਅਸਾ ਨੂੰ ਸਾਂਤ ਆਈ ਹੈ ਤੇ ਤਪਤਿ ਬੁਝ ਗਈ ਹੈ॥ ਅਰ ਜਮਦੂਤ ਜੋ ਅਸਾਨੂੰ ਮਾਰਦੇ ਸੇ ਸੋ ਸਭ ਨੱਸ ਗਏ ਹੈਨ॥ ਤਾ ਹੁਕਮ ਹੋਇਆ ਜੋ ਇਨਾ ਕੋ ਬਾਹਰ ਕਾਢੋ॥ ਤਾਂ ਸਤਿਗੁਰੂ ਸਜੇ ਪੈਰ ਕੇ ਅੰਗੂਠੇ ਨਾਲ ਛਿਨਵੇਂ ਕਰੋੜੀ ਅਤੇ ਬੀਸ ਲੱਖ ਜੀਵ ਨਰਕ ਵਿਚੋਂ ਕੱਢੇ ਸਨ॥ ਤਾ ਧਰਮਰਾਇ ਨਿਰੰਜਨ ਨਿਰੰਕਾਰ ਜੀ ਆਗੈ ਜਾਇ ਪੁਕਾਰਿਆ ਜੋ ਜੀ ਇਕ ਮਹਾਪੁਰਖ ਆਇਆ ਹੈ ਜਿਸਕੋ ਜਨਕ ਬਿਦੇਹੀ ਕਹਿਤੇ ਹੈਂ॥ ਉਸਨੇ ਜੋ ਨਰਕ ਕੇ ਜੀਵ ਹੈਨ ਸੋ ਸਭ ਨਰਕੋਂ ਬਾਹਰ ਕਢ ਬਹਾਏ ਹੈਨ॥ ਜਿਉਂ ਤੁਮਾਰੀ ਆਗਿਆ ਹੋਵੇ॥ ਤਾਂ ਫੇਰ ਸਚਾ ਨਿਰੰਕਾਰ ਜੀ ਬੋਲਿਆ ਹੈ ਧਰਮਰਾਇ ਉਸ ਮਹਾਪੁਰਖ ਕਉ ਕੁਛ ਨਹੀਂ ਕਹਿਣਾ, ਜੇ ਓਹ ਚਾਹੈ

ਤਾਂ ਨਰਕ ਹੀ ਦੂਰ ਕਰ ਦੇਵੇ ਪਰ ਉਸਕੋ ਰਾਜੀ ਰਖਣਾ ਹੈ॥ ਤਾਂ ਧਰਮਰਾਇ ਹਾਥ ਜੋੜਕੇ ਅਰਦਾਸ ਕੀਤੀ ਜੀ ਫੇਰ ਸ੍ਰਿਸਟੀ ਕਾ ਬੰਧੇਜ ਕਿਉ ਕਰ ਚਲੇਗਾ॥ਤਾਂ ਫੇਰ ਨਿਰੰਕਾਰ ਕੀ ਆਗਿਆ ਹੋਈ ਜੋ ਹੇ ਧਰਮਰਾਇ ਤੂੰ ਉਸੀ ਭਗਤ ਪਾਸ ਜਾਇ॥ ਜਿਉਂ ਕਰ ਰਾਜੀ ਹੋਵੈ ਤਿਵੈ ਕਰਨਾ॥ ਤਾ ਧਰਮਰਾਇ ਸ੍ਰੀ ਸਤਿਗੁਰੂ ਆਗੇ ਆਇ ਹਥ ਜੋੜ ਕੇ ਖੜਾ ਹੋਇਆ॥ ਅਰਦਾਸ ਕੀਤੀਓਸੁ ਜੋ ਜੀ ਮਿਹਰਬਾਨ ਇਹਨਾ ਜੀਆਂ ਬਡੇ ਪਾਪ ਕੀਤੇ ਹੈਨ ਅਨਗਿਣਤ ਹੀ॥ ਤਾਂ ਉਸ ਵਖਤ ਸਤਿਗੁਰੂ ਨਿਰੰਕਾਰ ਨਾਲ ਧਿਆਨ ਧਰਕੇ ਤਪਸਿਆ ਕੀਤੀ ਹੈ ਸੀ॥ ਜਾਂ ਤਾੜੀ ਗੁਰੂ ਜੀ ਖੋਲੀ ਤਾਂ ਧਰਮਰਾਇ ਜੋਗ ਆਖਿਓਸੁ ਹੇ ਧਰਮਰਾਇ ਏਹ ਤਪਸਿਆ ਸਵਾ ਘੜੀ ਕੀ ਜੀਆਂ ਕੋ ਮੁਜਰੇ ਦੀਜੈ॥ ਪਾਪਾ ਕੇ ਬਦਲੇ ਇਨਾ ਕੀ ਖਲਾਸੀ ਕੀਚੈ ਤਾਂ ਧਰਮਰਾਇ ਤਮਾਉ ਕੀਤਾ॥ ਤਪਸਿਆ ਏਕ ਧਾਰਨ ਮੰਡੀ ਜੀਆਂ ਕੇ ਪਾਪ ਏਕ ਧਾਰਨ ਮੁੰਡੇ ਤਾਂ ਤਪਸਿਆ ਭਾਰੀ ਹੋਈ॥ ਜੀਆਂ ਕੇ ਪਾਪ ਹੌਲੇ ਹੋਏ॥ ਨਾਮ ਕੀ ਮਹਿਮਾ ਜੋ ਹੈ ਸੋ ਅਗਮ ਹੈ॥ ਫੇਰ ਜੀਆਂ ਕੋ ਸੁਰਗ ਮਹਿ ਪਾਇਆ ਤਾ ਓਥੇ ਭੁਖ ਨਾਲ ਲਗੇ ਕੁਰਲਾਵਣ॥ ਤਾਂ ਫੇਰ ਗੁਰੂ ਬਾਬੇ ਜੀ ਪੁਛਿਆ ਜੀ ਓਨਾ ਜੀਆਂ ਕਾ ਹੁਣ ਕੀ ਹਵਾਲ ਹੈ॥ ਤਾ ਅਗੋਂ ਧਰਮਰਾਇ ਕਹਿਆ ਜੀ ਨਾ ਓਹ ਸੁਰਗ ਹੈਨ ਨਾ ਨਰਕ ਹੈਨ॥ ਓਹ ਅਧਬੀਚ ਹੀ ਸਹਕਦੇ ਹੈਨ॥ ਅਗੇ ਏਹਨਾ ਕੁਛ ਨਹੀਂ ਬੀਜੀਆ ਜੋ ਇਥੇ ਇਹਨਾ ਨੂੰ ਮਿਲੇ॥ ਤਾਂ ਸਤਿਗੁਰੂ ਨਿਰੰਕਾਰ ਕਉ ਜਾਇ ਕਹਿਆ ਤਾਂ ਸ ਨਿਰੰਕਾਰ ਜੀ ਕਹਿਆ ਜੋ ਜੀ ਏਹ ਜੀਵ ਤੇਰੇ ਹਵਾਲੇ ਕੀਤੇ ਹੈਨ ਇਨਾਂ ਕੋ ਮਿਰਤ ਮੰਡਲ ਲੈ ਜਾਵਹੁ॥ ਇਨਾਂ ਕੋ ਨਾਮ ਦਾਨ ਇਸਨਾਨ ਦ੍ਰਿੜਾਵਹੁ ਤਾ ਇਹਨਾਂ ਜੀਆਂ ਕਾ ਉਧਾਰ ਹੋਵੇ॥ ਤਾ ਫੇਰ ਸਤਿਗੁਰੂ ਅਰਦਾਸ ਕੀਤੀ ਜੀ ਏਹ ਦਾਣੇ ਪਾਣੀ ਕੇ ਜੀਵ ਹੈਨ॥ ਇਹਨਾ ਕਾ ਰਿਜਕ ਭੀ ਲਿਖਿਆ ਮਿਲੇ ਜੋ ਇਨਾਂ ਦਾ ਖਰਚ ਹੈ॥ ਤਾਂ ਫੇਰ ਸੱਚੇ ਨਿਰੰਕਾਰ ਕਹਿਆ ਹੈ ਜਨਕ ਇਹਨਾ ਕਾ ਰਿਜਕ ਭੀ ਤੇਰੇ ਹਵਾਲੇ ਹੈ॥ ਤਾ ਫੇਰ ਸ੍ਰੀ ਸਤਿਗੁਰੂ ਜੀ ਅਰਦਾਸ ਕੀਤੀ ਜੀ ਗਰੀਬ ਨਿਵਾਜ ਤੇਰੀ ਕੋਠੜੀ ਵਿਚ ਸਭ ਕਿਛ ਹੈ॥ ਤਾਂ ਨਿਰੰਕਾਰ ਕੀ ਆਗਿਆ ਹੋਈ ਜੋ ਤੂੰ ਜਾਹ, ਤੂੰ ਮੇਰਾ ਸਿਖ ਹੋਇਆ॥ ਏਹ ਸਭ ਜੀਅ ਤੇਰੇ ਸਿਖ ਹੋਏ॥ ਤਾਂ ਨਿਰੰਕਾਰ ਕੀ ਥਾਪੀ ਲੈਕਰ ਇਸ ਸੰਜੋਗ ਸਤਿਗੁਰੂ ਜਾਮਾ ਪਹਿਨਿਆ॥ ਇਸ ਵਾਸਤੇ ਜਗਤ ਵਿਖੇ ਆਇਆ॥ ਪਰ ਬੱਚਾ ਅਜਿਤਿਆ ਜਿਸ ਦੇ ਪੂਰੇ ਭਾਗ ਹੋਨਗੇ ਸੋ ਪੁਰਖ ਸੁਧਰਨਗੇ॥ ਹੋਰ ਮਾਇਆ ਮਮਤਾ ਕੇ ਲੋਕ ਹੈਨ ਜਿਤਨੇ ਤਾਈ ਮੇਰਾ ਜਾਮਾ ਰਹੇਗਾ, ਦਸਾਂ ਮਹਿਲਾਂ ਤਾਈ ਗੁਰੂ ਜਾਮਾ ਹਾਜਰ ਰਖੇਗਾ॥ ਤ੍ਰੈ ਜਾਮੇ ਤਾਂ ਮੇਰਾ ਹੀ ਸਰੂਪ ਹੈ ਅਰ ਸੱਤ ਜਾਮੇ ਪਿਛੇ ਮੇਰੀ ਹੀ ਜੋੜ ਹੋਵੇਗੀ॥ ਪਿਛੇ ਧੰਧੁਕਾਰ ਪੈ ਜਾਵੈਗਾ, ਆਪੋ ਆਪਣੇ ਮਤਿ ਚਲਣਗੇ॥ ਗੁਰੂ ਇਕੋ ਹੋਵੇਗਾ, ਮਤਿ ਬਹੁਤੇ ਹੋਇ ਜਾਵਣਗੇ॥ ਅਰ ਮਤਿ ਮਤੀ ਕੀ ਨਿੰਦਿਆਂ ਕਰੇਗਾ॥ ਵਰਜਨਹਾਰਾ ਕੋਈ ਨਾ ਹੋਵੇਗਾ॥ ਕੋਈ ਇਕ ਅੱਧ ਸਮਦਰਸੀ ਸਤਿਗੁਰੂ ਕਾ ਸਿਖ ਹੋਵੈਗਾ॥ ਨਹੀ ਤਾਂ ਹੋਰ ਸਭ ਸਿਖ ਸਿਖਾਂ ਹੀ ਕੀ ਨਿੰਦਿਆ ਕਰਨਗੇ ਅਤੇ ਬੇਮੁਖ ਹੋਵਨਗੇ॥ ਸੋ ਫੇਰ ਨਰਕਗਾਮੀ ਕਰੀਅਨਗੇ॥ ਜੋ ਸਤਿਗੁਰੂ ਕੇ ਸਬਦ ਕੋ ਨਾ ਜਾਨਣਗੇ ਸੋ ਨਿਰਾਸ ਹੋਵਨਗੇ॥ ਉਹ ਬਿਧਿ ਇਨਾਂ ਜੀਆਂ ਦੇ ਸਿਰ ਉਲਟਦੀ ਨਾਹੀ॥ ਆਗੈ ਸਤਿਗੁਰੂ ਕੋ ਭਾਵੈ ਸੋ ਹੋਇ॥ ਸਲੋਕ॥ ਭਗਤਾ ਕੋ ਆਗਿਆ ਭਈ ਲਾਹਾ ਲੈਹੁ ਅਮੋਲ॥ ਆਏ ਜਗ ਮਹਿ ਸਾਧ ਜਨ ਨਾਮ ਅਜਾਚੀ ਤੋਲ॥ ਦੀਵਾ ਸਬਦ ਜਲਾਇਆ ਪਰ ਪੈ ਪੈਖਰ ਪੈਬੰਦ ॥ ਸਬਦ ਗੁਰੂ

ਤੇ ਵੀਛੁੜੇ ਕੂੜ ਕਮਾਵਹਿ ਅੰਧ॥ ਕਾਮ ਕਸਉਟੀ ਹਥਿ ਕਰੀ ਸੰਗ ਤਿਰੀਆ ਸੋ ਮੋਹ॥ ਨਾਨਕ ਕੂਕ ਸੁਣਾਇਅਨਿ ਮਿਲਿਆ ਪ੍ਰਭ ਸੋਇ॥ ੧੫॥ ਤਿਸਕਾ ਪ੍ਰਮਾਰਥ॥ ਬਚਾ ਅਜਿਤਿਆ ਭਗਤਾ ਨੂੰ ਆਗਿਆ ਹੈ ਜੋ ਤੁਸੀ ਜਗ ਮਹਿ ਜਾਵਹੁ, ਤੁਸੀ ਜਾਇਕੇ ਮੇਰਾ ਨਾਮ ਦ੍ਰਿੜਾਵਹੁ ਜਗ ਜੋ ਹੈ ਸੋ ਅੰਧ ਗੁਬਾਰ ਹੈ, ਮਾਇਆ ਕਾ ਅੰਧ ਹੈ॥ ਜਾਇ ਕਰ ਸਬਦ ਕਾ ਦੀਵਾ ਜਗਾਇਉ॥ ਜੋ ਤਿਮਰ ਅੰਧੇਰਾ ਮਿਟ ਜਾਵੈ ਰੁਸਨਾਈ ਹੋਵੈ॥ ਅਰ ਅਮੋਲ ਵਸਤੂ ਜੋ ਹੈ ਸੁ ਨਾਮ ਹੈ ਅਰ ਅਤੋਲ ਹੈ॥ ਸੋ ਜਾਇਕੇ ਆਪ ਭੀ ਜਪੋ ਤੇ ਸੰਸਾਰ ਕੋ ਭੀ ਦ੍ਰਿੜਾਵਹੁ ਤਾਂ ਸੰਸਾਰ ਕੀ ਭੀ ਗਤਿ ਹੋਵੈ॥ ਸੋ ਸ੍ਰੀ ਪਾਰਬ੍ਰਹਮ ਕੀ ਆਗਿਆ ਸਾਥ ਸੰਸਾਰ ਵਿਖੇ ਆਇ ਜਨਮ ਲਇਉਨੇ॥ ਉਹਨਾ ਕੋ ਇਹਾ ਮਿਲਿਆ ਨਾਮ ਦਾਨ ਇਸਨਾਨੁ ਗਿਆਨੁ ਭਾਉ ਭਗਤ ਧਰਮ ਦਇਆ, ਜਤ-ਸਤ, ਸਤੋਖ, ਖਿਮਾ, ਗਰੀਬੀ, ਸੀਲ, ਸੰਜਮ, ਸੇਵਾ ਟਹਿਲ ਏਹ ਵਸਤੂ ਉਨਾਂ ਭਗਤਾਂ ਨੂੰ ਮਿਲੀਆਂ, ਸੋ ਲੈ ਕੇ ਜਗ ਵਿੱਚ ਆਏ॥ ਸਤਿਗੁਰੂ ਆਪ ਸਦਾਏ॥ ਤਿਨਾ ਨਾਲ ਸਤਿਗੁਰੂ ਕਾ ਬਾਸਾ ਹੋਇਆ॥ ਜੋ ਕੋਈ ਉਨਾ ਨਾਲ ਮਿਲੈਗਾ ਸੋ ਸਤਿਗੁਰੂ ਕਉ ਪਾਵੈਗਾ॥ ਅਰ ਜੋ ਕੋਈ ਉਨਾ ਕਾ ਕਹਿਆ ਨ ਕਰੈਗਾ ਤਿਨਾ ਕੋ ਸਤਿਗੁਰੂ ਨ ਮਿਲੇਗਾ॥ ਓਹ ਅਗੈ ਬੰਨ ਬਹਾਲੀਐਗਾ ਦੁਖ ਪਾਵੈਗਾ॥ ਉਨਕੋ ਸਬਦੁ ਭੀ ਨ ਲਗੈਗਾ॥ ਅਰ ਜੋ ਕਛੂ ਥੋੜਾ ਬਹੁਤਾ ਕਮਾਵਨਗੇ ਸੋ ਭੀ ਨਿਹਫਲ ਜਾਵੈਗਾ॥ ਤਿਨਕੋ ਸਬਦ ਭੁਲ ਜਾਵੈਗਾ, ਸੇਵਾ ਥਾਇ ਨ ਪਵੈਗੀ॥ ਓਹ ਕੂੜ ਕਪਟ ਕਮਾਵਨਗੇ ਅਰ ਇਸਤ੍ਰੀਆ ਸੋ ਮੋਹ ਲਗਾਵਨਗੇ, ਕਾਮ ਕਮਾਵਨਗੇ॥ ਜੋ ਗਲਾਂ ਮਨਹ ਕੀਤੀਆ ਹੈਨ ਸੋਈ ਕਮਾਵਨਗੇ॥ ਤਿਨਾ ਪੁਰਖਾਂ ਕੋ ਸਤਿਗੁਰੂ ਕਾ ਮੇਲਾ ਹੋਵੈਗਾ ਨਾਹੀ॥ ਓਹ ਨਿਰਾਸ ਹੀ ਜਾਵਨਗੇ ਮਨੁਖਾ ਜਨਮ ਨੂੰ ਪਾਇਕੈ॥ ਜਿਉ ਕੋਈ ਪਰਦੇਸ ਵਿਚ ਖਪਦਾ ਹੈ ਅਤੇ ਬਦ ਅਮਲੀ ਕਰਕੈ ਖੋਵਦਾ ਹੈ ਤਿਉ ਉਨਾ ਦੀ ਸੇਵਾ ਭਾਉ ਖੋਇਆ ਜਾਇਗਾ॥ ਆਸਾ ਉਹਨਾ ਦੀ ਪੁਰੀ ਨ ਹੋਗੀ॥ਸੇ ਜੀ ਨਿਰਾਸ ਜਾਹਿਗੇ॥ ਫੇਰ ਨਰਕ ਹੀ ਪਾਈਅਨਗੇ॥ ਕਹੁ ਨਾਨਕ ਆਸਾ ਨ ਪੁਰੀਆਂ ਫਿਰ ਨਰਕ ਸਿਧਾਰੇ ਜੀਆ॥ ਤਾਂ ਫੇਰ ਅਜਿਤੇ ਰੰਧਾਵੇ ਅਰਦਾਸ ਕੀਤੀ ਜੀ ਸਚੇ ਪਾਤਸ਼ਾਹ ਛਿਨਵੇ ਕਰੋੜੀ ਜੀਵ ਜਿਥੋਂ ਕਢਿਆ ਫੇਰਿ ਤਿਥਾਉਂ ਪਾਇਆ॥ ਤਾਂ ਸਚੇ ਪਾਤਸ਼ਾਹ ਜੋ ਤੇਰੇ ਸਬਦ ਸਾਖੀ ਲਿਖਦੇ ਪੜ੍ਹਦੇ ਸੇ ਪਰ ਜੀ ਆਪ ਏਹ ਕਹੋ ਲਿਖੇ ਪੜੇ ਕਾ ਇਨਾਂ ਕੋ ਕੁਛ ਫਲ ਹਥ ਆਵੇਗਾ ਕੇ ਨਾਹੀ॥ ਤਾ ਫੇਰ ਬਾਬੇ ਜੀ ਕਾ ਬੋਲਣਾ ਹੋਇਆ॥ ਸਲੋਕ॥ ਹੈ ਬਿਬੇਕ ਏਹ ਨਾਹੀ ਦੀਸੈ ਕਪਟ ਭਗਤਿ ਰਾਗੁ ਪਾਇ ਰਾਗਨੀ ਗਾਵੈ ਕਿਸੇ ਨਾ ਆਵੈ ਗੁਰ ਕੀ ਮਿਤ ਸਰਪਾਹੁ ਅੰਤਰ ਲੈ ਧਾਰੈ ਜੀਵਣ ਕੀ ਏਹ ਗਤਿ॥ ਕਹੁ ਨਾਨਕ ਪ੍ਰਭ ਅਗਮ ਅਗੋਚਰ ਕਉਣ ਜੁਗਤਿ ਤਾਕੀ ਹੋਇ ਭਗਤਿ॥ ੧੬॥ ਤਿਸਕਾ ਪ੍ਰਮਾਰਥ॥ ਤਾਂ ਸੁਣ ਭਾਈ ਅਜਿਤਿਆ ਕਲਿਜੁਗ ਵਿਚ ਧਰਮ ਛੀਨ ਹੋਏਗਾ॥ ਧਰਮ ਹੋਵਣਾ ਨਾ ਪਾਵੇਗਾ ਅਤੇ ਭਗਤਿ ਜੋ ਕੋਈ ਕਰੇਗਾ ਸੋ ਕਪਟੀ ਕੀ ਕਰੇਗਾ ਸੋ ਪ੍ਰਾਲਬਧ ਦੇ ਵਾਸਤੇ ਕਰੈਗਾ॥ ਜੋ ਹਉਂ ਵਡਾ ਕਹਾਵਾ ਸੰਸਾਰ ਸਭ ਮੰਨੈ ਅਰ ਰਾਗੁ ਜੋ ਹੈ ਸੋ ਸਬਦ ਹੈ ਅਰ ਰਾਗਨੀ ਜੋ ਹੈ ਸੋ ਰੁਜਗਾਰ ਹੈ॥ ਓਹ ਆਪਣੇ ਰੁਜਗਾਰ ਕੇ ਵਾਸਤੇ ਗਾਵਨ ਪੜਨਗੇ॥ ਜਿਥੇ ਕੁਛ ਹਥ ਆਵੈਗਾ ਤਿਥੇ ਹੀ ਸੁਣਾਵਣਗੇ ਅਤੇ ਖਾਵਣ ਪੀਵਣ ਕੇ ਮੇਲੇ ਹੋਵਨਗੇ॥ ਗੁਰੂ ਕਾ ਅਰਥ ਕੋਈ ਵਿਰਲਾ ਹੀ ਜਾਣੇਗਾ॥ ਸੰਸਾਰ ਸਭੋ ਹੀ ਸੁਆਦੇ ਲਗ ਜਾਵੇਗਾ ਅਰ ਸਬਦ ਕੋਈ ਵਿਰਲਾ ਹੀ ਖੋਜੇਗਾ॥ ਅਰ ਸਤਿਗੁਰੂ ਕੀ ਮਤਿ ਖਰੀ ਉਚੀ ਹੈ॥ ਸੋ

ਕੋਟ ਮਧੇ ਹੋਵੈਗੀ॥ ਸੋ ਮਤਿ ਕੇਹੀ ਹੈ ਨਾਮੁ ਦਾਨੁ ਇਸਨਾਨੁ ਸਤ ਸੰਤੋਖ ਸੀਲ ਸੰਜਮ ਜਪ ਤਪ ਦਇਆ ਧਰਮ ਭਾਉ ਭਗਤ ਗਰੀਬੀ ਟਹਿਲ ਏਹ ਸਤਿਗੁਰੂ ਕੀ ਮਤਿ ਹੈ॥ ਕਾਮ ਕਰੋਧ ਅਹੰਕਾਰ ਲੋਭ ਧ੍ਰੋਹ ਮੋਹ ਪਰਨਿੰਦਾ ਕਬੁੱਧ ਹਿਰਸ ਤ੍ਰਿਸਨਾ ਏਹ ਛਡਣੀਆ ਹੈਨ॥ ਅਤੇ ਜੋ ਕੋਈ ਸਿਖ ਸੰਤ ਸਤਿਗੁਰੂ ਕਾ ਨਾਉ ਧਰੀਕ ਹੈ ਸਭ ਕੀ ਟਹਿਲ ਕਰਨੀ॥ ਜੋ ਕੋਈ ਏਹ ਹੁਕਮ ਮੰਨੇਗਾ ਕਮਾਵੇਗਾ, ਦਰਸਨ ਲਗੇ ਸਬਦ ਮਨ ਵਸਾਏ ਤਾ ਤਿਸਕੋ ਪਾਹੂ ਲਗਦਾ ਹੈ॥ ਉਹ ਬੁਰਿਆ ਕਰਮਾ ਤੇ ਸਰਮਾਉਂਦਾ ਹੈ, ਜਾਂ ਬੁਰਿਆ ਕਰਮਾ ਤੇ ਸ਼ਰਮਾਇਆ ਅਰ ਗੁਰਾ ਕੇ ਉਪਦੇਸ਼ ਪਰ ਚਲਿਆ ਤਾ ਇਸ ਮਾਨੁਖ ਕਉ ਰੰਗ ਲਗਦਾ ਹੈ॥ਓਹ ਜੀਵਦਿਆ ਹੀ ਗਤਿ ਕੋ ਪ੍ਰਾਪਤ ਹੋਆ॥ ਅਰ ਜੇ ਕਮਾਵੈ ਕੁਛ ਨਹੀਂ ਤਾਂ ਕਿਉਕਰ ਪਹੁੰਚੇ॥ ਇਸਕੀ ਜਾ ਜੁਗਤ ਭੁਗਤਿ ਹੋਵੈ ਨਾਹੀ ਤਾਂ ਕਿਉਕਰ ਮਿਲਾਵਾ ਹੋਵੇ॥ ਕਹੁ ਨਾਨਕ ਪ੍ਰਭ ਅਗਮ ਅਗੋਚਰ ਕਉਣ ਜੁਗਤ ਤਾਂਕੀ ਹੋਇ ਭਗਤਿ॥ ਤਾ ਫੇਰ ਸਤਿਗੁਰੂ ਜੀ ਕਾ ਬੋਲਣਾ ਹੋਇਆ ਸੁਣ ਭਾਈ ਅਜਿਤਿਆ ਐਸਾ ਵਕਤ ਆਵੈਗਾ ਜੋ ਘਰਿ ਘਰਿ ਮੰਜੀਆ ਪਾਇ ਬਹਿਨਗੇ ਅਰ ਗੁਰੂ ਸਦਾਇਨਗੇ ਤਾ ਉਨਾ ਦੇ ਪਿਛੇ ਸੰਸਾਰ ਲਗ ਜਾਵੇਗਾ॥ ਤਾਂ ਉਹਨਾ ਮੰਜੀਆ ਦੇ ਬਾਬ ਏਹ ਹੋਵੇਗੀ॥ ਸਲੋਕ॥ ਪਦੁ ਨਿਰਬਾਣ ਰਹੇ ਬਿਹੰਗਮ ਦੇਖ ਦੇਖ ਬਿਸਮਾਈ॥ ਬਾਧੇ ਮੋਹ ਮਾਇਆ ਕੇ ਬੰਧਨ ਬਹੁ ਲਾਗੇ ਗੁਰ ਰਹਾਈ॥ ਚਕਨਾਚੂਰ ਕਰੈ ਗੁਰ ਪੂਰਾ ਤਾ ਕਾ ਲੇਖ ਨ ਮਿਟਿਆ ਜਾਈ॥ ਮੁਸਲਮਾਨ ਸਿਫਤ ਸਰੀਅਤ ਸਚੇ ਕੀ ਵਡਿਆਈ॥ ਕਹੁ ਨਾਨਕ ਧੁੰਧੂਕਾਰ ਵਰਤੈ ਅਲਹੁ ਅਗਮ ਖੁਦਾਈ॥੧੭॥ ਤਿਸਕਾ ਪ੍ਰਮਾਰਥ ਪਦ ਗੁਰੂ ਹੈ ਬਿਹੰਗਮ ਪ੍ਰਮੇਸਰ ਕਾ ਰੂਪ ਹੈ॥ ਏਹ ਜੁਗਤ ਗੁਰੂ ਦੇਖ ਦੇਖ ਬਿਗਸੈਗਾ॥ ਅਰੁ ਨਿਰਬਾਣ ਜੋ ਹੈ ਸੋ ਨਿਰਲੇਪ ਹੈ ਜਿਉਂ ਮੁਰਗਾਈ ਦੇ ਪਰ ਨਾਹੀ ਭਿਜਦੇ ਤਿਉ ਉਹ ਮਾਇਆ ਮੋਹ ਤੇ ਨਿਰਬਾਣ ਰਹੇਗਾ॥ ਮਾਇਆ ਮੋਹ ਕੀ ਹੈ॥ ਗ੍ਰਸਤ ਕੁਟੰਬ ਦੁਨੀਆ ਕਾ ਜੋ ਬਿਉਹਾਰ ਹੈ ਤਿਸੁ ਸਾਥ ਮੋਹ ਨਾ ਲਗਾਵੈਗਾ॥ ਤਾ ਸ੍ਰੀ ਪਾਰਬ੍ਰਹਮ ਕੋ ਜਸੁ ਸਿਉ ਰਚੇਗਾ॥ ਬਾਧੇ ਮੋਹ ਮਾਇਆ ਕੇ ਫਾਂਧੇ ॥ ਸੋ ਐਸੇ ਬਹੁਤੇ ਗੁਰੂ ਹੋਵਨਗੇ॥ ਉਨਾਂ ਕਾ ਮਨ ਮਾਇਆ ਗ੍ਰਸਤ ਸਿਉ ਲਗ ਰਹੇਗਾ॥ ਅਰ ਓਹ ਔਰ ਕਰਮ ਹੀ ਕਰਨਗੇ॥ ਸੋ ਕੈਸੇ ਔਰ ਕਰਮ ਕਰਨਗੇ ਜੋ ਕਿਸੇ ਜੁਗ ਨਾਹੀ ਹੋਏ॥ ਸੋ ਉਹ ਬਦਰਾਹ ਚਲਾਵਨਗੇ ਅਤੇ ਸੰਸਾਰ ਉਹਨਾ ਨੂੰ ਪੂਜੇਗਾ॥ ਸੋ ਕਉਣ ਹੋਵਣਗੇ॥ਘਰ ਘਰ ਗੁਸਾਈ ਮਹੰਤ ਹੋਇ ਬੈਹਨਗੇ॥ ਓਹ ਗੁਰਸਿਖ ਨਰਕਗਾਮੀ ਹੋਵਨਗੇ॥ ਗੁਰੂ ਭੀ ਅਰੁ ਸਿਖ ਭੀ ਬਿਕਰਮ ਹੀ ਕਰਨਗੇ॥ ਸੋ ਪੁਰਖ ਅੰਧੇ ਖੂਹ ਵਿਚ ਪਾਈਅਨਗੇ॥ ਜਿਤਨੇ ਭੇਖ ਹੈਨਿ ਤਿਨਾਂ ਕਾ ਏਹ ਵਰਤਾਰਾ ਹੋਇ ਵਰਤੇਗਾ ਅਤੇ ਕਲਜੁਗ ਐਸੀ ਕਰੇਗਾ ਸਾਸਤ੍ਰ ਗਾਯਤ੍ਰੀ ਤਰਪਣ ਇਕਾਦਸੀ ਤੀਰਥ ਬਡੇ ਬਡੇ ਸਉਣ ਸੰਜੋਗ ਤਿਨਾ ਕੋ ਮੰਨੇਗਾ ਕੋਈ ਨਾਹੀ॥ ਇਹ ਵਰਤਾਰਾ ਵਰਤ ਜਾਵੇਗਾ ਸੰਸਾਰ ਕੇ ਵਿਖੇ ਕਉਣ ਕਉਣ ਗੁਰੂ ਕਹਾਇਨਗੇ॥ ਜੋਗੀ ਸਨਿਆਸੀ ਜੰਗਮ ਬ੍ਰਹਮਚਾਰੀ ਬ੍ਰਾਹਮਣ ਏਹ ਕਲਿਜੁਗ ਵਿਖੈ ਗੁਰੂ ਕਹਾਇਨਗੇ॥ ਤਿਨਾ ਕੇ ਬਾਬ ਕੀ ਹੋਵੇਗੀ॥ ਚਕਨਾਚੂਰ ਕਰੈ ਗੁਰ ਪੂਰਾ ਤਾਕਾ ਲੇਖ ਨ ਮਿਟਿਆ ਜਾਈ॥ ਉਨਾਂ ਦੇ ਬਾਬ ਏਹ ਹੋਵੇਗਾ ਸੋ ਮਿਟਣੇ ਕਾ ਨਾਹੀ ਅਰ ਇਕ ਜੋ ਬੰਦਾ ਸਾਹਿਬ ਦਾ ਉਠੇਗਾ ਤਿਸਕਾ ਨਾਮ ਰੀਸਦੁ ਹੋਵੇਗਾ॥ ਸੋ ਗੁਰੂ ਕੇ ਹੁਕਮ ਸਿਉ ਉਠੇਗਾ॥ ਪਰ ਜਾਮਾ ਉਸਕਾ ਮੁਸਲਮਾਨ ਕਾ ਹੋਵੈਗਾ॥ ਉਸਨੂੰ ਆਪਣੀ ਬੰਦਗੀ ਬਖਸੈਗਾ॥ ਉਹ ਅਕਾਲ

ਪੁਰਖ ਕੋ ਜਾਣੈਗਾ ਅਵਰ ਦੂਸਰੇ ਕੋ ਨ ਜਾਣੈਗਾ॥ ਜਹਾਂ ਜਹਾਂ ਜੂਠ ਹੋਵੇਗਾ ਸੋ ਉਸਕੇ ਹਵਾਲੇ ਕਰੀਏਗਾ॥ ਸੋ ਪਾਰਬ੍ਰਹਮ ਕੇ ਹੁਕਮ ਸਾਥ ਚਕਨਾਚੂਰ ਕਰੈਗਾ॥ ਜਿਤਨੀਆਂ ਜੂਠੀਆਂ ਥੌੜਾ ਹੈਨ ਤੀਰਥ, ਮੜੀਆ, ਦੇਹੁਰੇ, ਪੀਰਾਂ ਕੇ ਟਿਕਾਣੇ, ਰਾਜ ਰੰਗ ਕੀਆਂ ਠੌੜਾਂ, ਜਹਾਂ ਜਹਾਂ ਜੂਠ ਹੋਵੇਗਾ ਸੋ ਸਜਾਇ ਪਾਵਹਿੰਗੇ॥ ਉਸ ਵਖਤ ਧੁੰਧੂਕਾਰ ਵਰਤੈਗਾ॥ ਅਲਹ ਅਗਮ ਖੁਦਾਈ, ਸੋ ਖੁਦਾਇ ਸਬਦ ਹੀ ਹੈ ਜੋ ਅਲਖ ਅਗੰਮ ਕੀ ਖ਼ਬਰ ਦੇਂਦਾ ਹੈ॥ ਅਗੋਂ ਹੀ ਆਖਦਾ ਹੈ ਜੋ ਇ ਹੋਵੇਗੀ ਪਰ ਕੋਈ ਵਿਰਲਾ ਹੀ ਜਾਣੈਗਾ॥ ਪੜਨਗੇ ਪਰ ਕਮਾਵਨਿਗੇ ਨਾਹੀ॥ ਤਾਂ ਫੇਰ ਅਜਿਤੇ ਰੰਧਾਵੇ ਅਰਦਾਸ ਕੀਤੀ ਜੀ ਸਚੇ ਪਾਤਸ਼ਾਹ ਕਿ ਉਸਨੂੰ ਮਿਲਿਆਂ ਫਲ ਹੋਵੈਗਾ ਕਿ ਨਾਹੀ॥ ਤਾ ਫਿਰ ਸਤਿਗੁਰੂ ਕਾ ਬੋਲਨਾ ਹੋਇਆ॥ ਸਲੋਕ॥ ਉਪਜੀ ਰੀਤਿ ਪ੍ਰੀਤਿ ਮਨ ਉਪਜੀ ਭਏ ਦਇਆਲ ਗੁਸਾਈ॥ ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰ ਜਲ ਉਪਜੈ ਰਹੇ ਸਮਾਈ॥ ਤੂਟੇ ਪੰਖ ਪਾਤ ਜਿਉ ਤੂਟੀ ਤਰਵਰ ਡਾਲੀ॥ ਕਹੁ ਨਾਨਕ ਜਬ ਜਗ ਉਲਟਾਨਾ ਸਾਧੂ ਭਏ ਸੁਆਲੀ॥॥੧੮॥ ਤਿਸਕਾ ਪ੍ਰਮਾਰਥ॥ ਤਾਂ ਸੁਣ ਭਾਈ ਅਜਿਤਿਆ ਜਾਂ ਆਪ ਦਇਆਲ ਹੋਂਦਾ ਹੈ ਤਾਂ ਸਾਧਾ ਕੇ ਮਿਲਨੇ ਕੀ ਪ੍ਰੀਤ ਉਪਜਦੀ ਹੈ॥ ਸਾਧੂ ਕੇ ਮਿਲਨੇ ਕਰਿ ਇਸਕੀ ਗਤਿ ਸੰਸਾਰ ਪਾਸੋ ਨਿਆਰੀ ਹੋਂਦੀ ਹੈ॥ ਸਾਧੂ ਅਰ ਪਰਮੇਸਰ ਵਿਚ ਭੇਦ ਕੁਛ ਨਾਹੀ॥ ਜਿਉ ਬੂੰਦ ਸਾਗਰ ਮਹਿ ਮਿਲ ਜਾਤੀ ਹੈ, ਪਰ ਜਾਂ ਸੰਤ ਭਗਤ ਪ੍ਰੀਤ ਕਰ ਅਰਦਾਸ ਕਰਹਿੰਗੇ ਜੋ ਅਸਾਨੂੰ ਦਰਸਨ ਆਪਨਾ ਦੇਹੁ॥ ਤਾਂ ਜੁਗ ਪਰਵਾਨ ਹੋਇਕੈ ਦਰਸਨ ਦੇਵੈਗਾ॥ ਸਚੁ ਵਡਿਆਈ ਸਤਿਗੁਰੂ ਕੀ ਪ੍ਰਾਪਤ ਹੋਵੇਗੀ ਉਸਤਤ ਹੋਵੇਗੀ॥ ਪਰ ਜੋ ਪੁਰਖ ਤੁਟਨਿਗੇ ਸੋ ਫੇਰ ਨਾਹੀ ਮਿਲੇਂਗੇ॥ ਜੈਸੇ ਪੰਖੀ ਕੇ ਪਰ ਤੁਟਦੇ ਹੈਨ ਓਹ ਫੇਰ ਨਾਹੀ ਲਗਦੇ॥ ਫੇਰ ਨਵੇਂ ਸਿਰੇ ਲਗਤੇ ਹੈਨ, ਤਿਉ ਨਵੇਂ ਸਿਰੇ ਖੇਤ ਜਮਾਵੈਗਾ॥ ਸਾਧਾ ਹੀ ਕੇ ਸੁਆਲ ਕਰ ਉਤ ਸਮੈ ਦਰਸਨੁ ਹੋਵੈਗਾ ਅਰ ਕਰੜਾ ਦੀਬਾਨ ਲਗੇਗਾ॥ ਪਹੁਚਣੇ ਕੋਈ ਨਾ ਪਾਵੈਗਾ॥ ਸਲੋਕ ਐਸਾ ਪਾਸਾ ਢਾਲਸੀ ਦੂਰ ਦੀਬਾਨ ਅਭਗ॥ ਨਵਤਨਿ ਜਾਮਾ ਪਹਿਨਕੇ ਭਏ ਅਲਖ ਅਲਗ॥ ਇਕ ਕਚੇ ਇਕ ਪਕਿਆਂ ਗੁਰਮੁਖ ਭਏ ਨਿਹਾਲ॥ ਤੁਟਨਿ ਸੇਈ ਨਾਨਕਾ ਜੋ ਤੋੜੇ ਆਪ ਦਿਆਲ॥੧੯॥ ਤਿਸਕਾ ਪ੍ਰਮਾਰਥ॥ ਦੂਰ ਦੀਬਾਣੁ ਅਭਗੁ ਕਹੈ ਐਸਾ ਪਾਸਾ ਢਾਲੈਗਾ॥ ਦੁਨੀਆਂ ਤੇ ਦੂਰ ਰਹੈਗਾ॥ ਦੀਬਾਣ ਜੋ ਹੈ ਸੋ ਅਭਗ ਲਗੈਗਾ, ਤੁਟਣੇ ਕਾ ਕਦੇ ਨਾਹੀ॥ ਅਰੁ ਇਕ ਕਚੇ ਇਕ ਪਕਿਆ ਸੋ ਕੀ ਹੈ॥ ਪਕੇ ਤਾਂ ਗੁਰਮੁਖ ਹੈਨ ਜੋ ਤੁਟਣੇ ਕੇ ਨਾਹੀ॥ ਗੁਰਮੁਖ ਕਹਿਨਗੇ ਜੋ ਏ ਪੂਰਨਪੁਰਖ ਅਬਿਨਾਸੀ ਸ੍ਰਿਸਟਿ ਕਾ ਕਰਤਾ ਕਰਣੈਹਾਰਾ ਹੈ॥ ਅਰ ਜੋ ਕਚੇ ਹੋਵਨਿਗੇ ਸੋ ਭਰਮਾਈਅਨਿਗੇ॥ ਸੋ ਕਹਿਨਗੇ ਏਹ ਰਾਜਾ ਹੈ ਅਰ ਗੁਰਮੁਖ ਸਿਖ ਜੋ ਗੁਰੂ ਕੇ ਪਿਆਰੇ ਹੈਨ ਉਨ ਕਉ ਭੀ ਨਿੰਦਨਗੇ॥ ਤਿਨਕੋ ਸਤਿਗੁਰੂ ਆਪ ਤੋੜ ਸੁਟੇਗਾ॥ ਤੁਟਨ ਸੇਈ ਨਾਨਕਾ ਜੋ ਤੋੜੇ ਆਪ ਦਿਆਲ॥ ਸਭ ਉਸੀ ਦਿਆਲ ਪੁਰਖ ਕਾ ਕਾਰਣ ਹੋਂਦਾ ਹੈ॥ਤਾਂ ਫੇਰ ਅਜਿਤੇ ਰੰਧਾਵੇ ਅਰਦਾਸ ਕੀਤੀ ਜੀ ਸਚੇ ਪਾਤਸ਼ਾਹ ਓਹ ਦਿਆਲ ਪੁਰਖ ਕੇਵਡ ਹੈ॥ ਤਾਂ ਫੇਰ ਸਿਤਗੁਰੂ ਕਾ ਬੋਲਣਾ ਹੋਇਆ॥ਸਲੋਕ॥ ਬਲ ਉਪਜੈ ਨਾ ਬਲ ਖਿਸੈ ਤਾਂ ਕੋ ਰੋਮ ਰੋਮ ਪਰਗਾਸ॥ ਜੋ ਭੇਜੇ ਆਏ ਪਾਰਬ੍ਰਹਮ ਕੇ ਮਤਿ ਕੋ ਹੋਏ ਤੁਮਾਰੇ ਦਾਸ॥ ਪਾਹੁ ਲਗਾਇਆ ਸਤਿਗੁਰੂ ਰੰਗ ਚਲੂਲਾ ਜਗ॥ ਨਾਨਕ ਪਕੜੀ ਓਟ ਜਨ ਨ ਪੋਹੈ ਜਮ ਮਗ ॥੨੦॥ ਤਿਸਕਾ ਪ੍ਰਮਾਰਥ॥ ਸੁਣ ਭਾਈ ਅਜਿਤਿਆ ਓਹ ਪਾਰਬ੍ਰਹਮ ਜੋ ਹੈ ਸੋ

ਬਡਾ ਪ੍ਰਬਲ ਹੈ ਅਤੇ ਦਿਨੋ ਦਿਨ ਬਲਵੰਤ ਹੋਦਾ ਹੈ॥ ਪਰ ਉਸਕੀ ਕੀਮਤਿ ਕੋਈ ਨਾਹੀ ਕਹਿ ਸਕਦਾ॥ ਜੋ ਕੇਵਡ ਹੈ ਪਰ ਇਕ ਨਿਸਾਨੀ ਹੈ॥ ਉਸਕੇ ਜੋ ਸਾਧ ਹੈਨ ਸੁ ਉਸਕੋ ਰੋਮ ਰੋਮ ਪਰਗਾਸ ਹੋਦਾ ਹੈ॥ ਉਸਕੋ ਇਕ ਪਲ ਨਾਹੀ ਬਿਸਰਤਾ॥ ਓਹ ਪਲ ਪਲ ਖਿਨ ਖਿਨ ਸਾਸ ਗਿਰਾਸ ਉਸੀ ਕਾ ਧਿਆਨ ਧਰਤੇ ਹੈਨਿ॥ ਇਕ ਪਲ ਭੀ ਉਨਾ ਸੋ ਨਾਹੀ ਖਿਸਕਦਾ॥ ਸਦਾ ਹੀ ਉਸੀ ਕੇ ਸਾਥ ਰਹਿਤੇ ਹੈਂ॥ ਅਰ ਦਿਨੋ ਦਿਨ ਬਾਲਾ ਹੈ, ਬਢਤਾ ਨਾਹੀ॥ ਸੰਤ ਹੀ ਜਾਨਤੇ ਹੈਨਿ॥ ਸੰਤ ਜੋ ਹੈਨ ਸੋ ਪਾਰਬ੍ਰਹਮ ਹੈਨ॥ ਓਹ ਪਾਰਬ੍ਰਹਮ ਕੇ ਭੇਜੇ ਆਵਦੇ ਹੈਨਿ॥ ਪਾਰਬ੍ਰਹਮ ਕੀ ਆਗਿਆ ਹੋਤੀ ਹੈ ਜੋ ਤੁਸੀ ਜਗ ਮਹਿ ਜਾਵੋ ਪਾਰ ਲੰਘਾਵਹੁ ਨਾਮ ਕਾ ਉਪਦੇਸ ਦ੍ਰਿੜਾਵਹੁ ਜੋ ਸੰਸਾਰ ਤੁਮਾਰਾ ਦਾਸ ਹੋਵੇ॥ ਪਾਹੁ ਜੋ ਹੈ ਸੋ ਉਪਦੇਸ ਹੀ ਹੈ॥ ਸੋ ਉਪਦੇਸ ਸਬਦ ਹੀ ਹੈ॥ ਜਿਨਾ ਕੋ ਸਬਦ ਕਾ ਪਾਹੁ ਲਗਦਾ ਹੈ ਸੋ ਸੰਸਾਰ ਤੇ ਨਿਆਰਾ ਹੋਂਦਾ ਹੈ॥ ਤਿਸਕਾ ਖਰਾ ਰੰਗ ਚਲੂਲਾ ਹੋਵੈਗਾ॥ ਫੇਰ ਉਹ ਦੁਨੀਆ ਨਾਲ ਨਾਹੀ ਰੁਲਦਾ॥ ਸੁਣ ਭਾਈ ਅਜਿਤਿਆ ਜੋ ਕੋਈ ਉਸਦੀ ਓਟ ਪਕੜਦਾ ਹੈ ਉਸ ਕੋ ਕੋਈ ਤ੍ਰਾਸ ਨਾਹੀ ਹੋਂਦੀ॥ ਓਹ ਪੁਰਖ ਜਮ ਕੀ ਤ੍ਰਾਸ ਤੇ ਭੀ ਬਚਦਾ ਹੈ॥ ਨਾਨਕ ਪਕੜੀ ਓਟ ਜਨ ਨਾ ਪੋਹੈ ਜਮ ਮੰਗ॥ ਤਾ ਫੇਰ ਅਜਿਤੇ ਰੰਧਾਵੇ ਅਰਦਾਸ ਕੀਤੀ ਜੀ ਸਚੇ ਪਾਤਿਸਾਹ ਤੇਰਾ ਬੋਲਣਾ ਹੋਇਆ ਸੀ ਜੋ ਸਾਧੂ ਕੀ ਓਟ ਪਕੜੀ ਤਾਂ ਜਮ ਕੀ ਤ੍ਰਾਸ ਦੂਰ ਹੋਦੀ ਹੈ॥ ਤਾਂ ਫੇਰ ਸਤਿਗੁਰੂ ਜੀ ਕਾ ਬੋਲਣਾ ਹੋਇਆ ਸਾਧੂ ਕੀ ਓਟ ਏਹੁ ਹੈ ਜੋ ਸਾਧਾ ਕੋ ਕਹੈ ਪਰ ਚਲਣਾ ਤੇ ਕਾਮ ਤੇ ਰਹਿਤ ਹੋਵਣਾ॥ ਝੂਠ ਨਾ ਬੋਲਣਾ, ਪਰਾਈ ਨਿੰਦਿਆ ਨਹੀਂ ਕਰਨੀ॥ ਤਾਂ ਸਾਧਾ ਕੇ ਮਿਲਨੇ ਕਾ ਫਲ ਹੋਦਾ ਹੈ॥ ਅਰੁ ਜੋ ਕਹੈ ਪਰ ਨਾ ਚਲੈ ਤਾਂ ਸਾਧ ਆਪਣਾ ਬਚਨ ਖੁਸ ਲੈਂਦੇ ਹੈਨ॥ ਸਲੋਕ॥ ਜੈਸੀ ਲਹਿਰ ਸਮੁੰਦਰ ਕੀ ਸਤਿਗੁਰ ਕੀਨੋ ਵਾਕ॥ ਬਚਨ ਹਮਾਰਾ ਫੇਰ ਦੇਹੁ ਹਮ ਤੁਮ ਕੈਸਾ ਸਾਕ॥੨੧॥ ਤਿਸਕਾ ਪ੍ਰਮਾਰਥ॥ ਸਮੁੰਦਰ ਜੋ ਹੈ ਸੋ ਸਤਿਗੁਰੂ ਹੈ॥ ਉਸਕੀ ਲਹਿਰ ਜੋ ਹੈ ਸੋ ਸਬਦ ਹੈ॥ ਜਿਉਂ ਸਮੁੰਦਰ ਕੀ ਲਹਿਰ ਨਾਲ ਮੋਤੀ ਹੀਰਾ ਲਾਲ ਲਛਮੀ ਆਇ ਬੰਨੇ ਪਉਂਦੀ ਹੈ ਤਿਸਕੀ ਨਿਆਈ ਜਿਸਕੋ ਸਬਦ ਪ੍ਰਾਪਤ ਹੋਂਦਾ ਹੈ ਸੋ ਸਾਧ ਹੋਂਦਾ ਹੈ॥ ਅਤੇ ਜੇਕਰ ਸਬਦ ਕੀ ਕੀਮਤ ਜਾਣੈ ਨਾਹੀ ਤਾਂ ਓਹ ਕਉਡੀ ਬਦਲੈ ਲਾਲ ਵੇਚ ਲੈਦਾ ਹੈ॥ ਤਿਸਕੀ ਨਿਆਈ ਐਸੇ ਸਿਖ ਹੋਵਨਗੇ ਜੋ ਸਬਦ ਕੋ ਵੇਚਨਗੇ॥ ਉਸ ਵਖਤ ਉਸ ਕੀ ਕੀਮਤ ਨਾ ਜਾਣਨਿਗੇ॥ ਤਾਂ ਉਹਨਾਂ ਪਾਸੋ ਸਬਦ ਕਾ ਸਾਕ ਤੁਟ ਜਾਵੈਗਾ॥ ਜਿਨਾ ਸਬਦ ਕਾ ਕਹਿਆ ਮੰਨਿਆ ਨਾਹੀ ਉਹਨਾ ਨਾਲ ਕੀ ਸਾਕ ਹੈ॥ ਬਚਨ ਹਮਾਰਾ ਫੇਰਦੇ ਹੈਨ ਹਮਰਾ ਓਹ ਕੈਸਾ ਸਾਕ॥ ਤਾਂ ਫੇਰ ਅਜਿਤੇ ਰੰਧਾਵੇ ਅਰਦਾਸ ਕੀਤੀ ਜੋ ਜੀ ਸਚੇ ਪਾਤਸ਼ਾਹ ਓਹ ਕਉਣ ਸਾਇਤ ਹੋਵੈਗੀ॥ ਤਾਂ ਫੇਰ ਸ੍ਰੀ ਸਤਿਗੁਰੂ ਜੀ ਕਾ ਬੋਲਣਾ ਹੋਇਆ॥ਸਲੋਕ॥ ਸਿਧੀ ਮੰਡਲ ਮੰਡਿਆ ਬੈਠਾ ਤਾੜੀ ਲਾਇ॥ ਹਥੀ ਖਪੁਰੇ ਤੇ ਸਿਰ ਟੋਪੀ ਜਨਮ ਬਿਰਥਾ ਜਾਇ॥ ਆਇਆ ਗੁਰੂ ਨਾ ਜਾਣਨੀ ਕੀਤਾ ਮੁਖਹਿ ਅਲਾਇ॥ ਮੁਹਿ ਕਾਲੇ ਦੋਜਕ ਸਟੀਅਨ ਲਖ ਚੁਰਾਸੀਹ ਪਾਇ॥ ਅਚਲ ਆਵੈ ਨਾਨਕਾ ਸੋ ਨਰਕ ਪੁਰੀ ਕੋ ਜਾਇ॥੨੨॥ ਤਿਸਕਾ ਪ੍ਰਮਾਰਥ॥ ਸੁਣ ਬਚਾ ਅਜਿਤਿਆ ਸਿਖ ਜੋ ਸੇ ਸੋ ਤਾਂ ਸਿਤਗੁਰੂ ਕੇ ਤਾਲਬ ਸੇ॥ ਜਬ ਓਹ ਵਖਤ ਆਵੈਗਾ ਅਰ ਗੁਰੂ ਕਾ ਜਾਮਾ ਅਲੋਪ ਹੋਇ ਜਾਵੈਗਾ ਤਾਂ ਕਉਣ ਹੋਵਨਗੇ॥ ਕੋਈ ਗ੍ਰਿਸਤੀ ਕੋਈ ਫਕੀਰ ਹੋਵੈਗਾ॥ ਮੰਡਲ ਜੋ ਮੁੰਡਨਿਗੇ ਸੋ ਆਪੋ ਆਪਣੇ ਆਸਣ ਸਵਾਰ ਬੈਠਨਗੇ॥ ਅਰ ਸਿਰ ਟੋਪੀ

ਪਾਈਆ ਤੇ ਕਹਿਆ ਜੋ ਮੈ ਉਦਾਸੀ ਹੋਂ॥ ਸੋ ਉਦਾਸੀ ਕੀ ਹੈ ਜੋ ਉਨਾ ਗਲਾਂ ਤੇ ਉਦਾਸ ਹੋਵੈ॥ ਪਹਿਲੇ ਮਾਇਆ ਤੇ ਗ੍ਰਸਤ ਤੇ ਦੁਨੀਆ ਜਹਾਨ ਤੇ ਕਾਮ ਕ੍ਰੋਧ ਲੋਭ ਮੋਹ ਨਿੰਦਾ ਬਖੀਲੀ ਤ੍ਰਿਸਨਾ ਜੇ ਇਨ ਤੇ ਉਦਾਸ ਹੋਵੈਗਾ ਤਾਂ ਉਦਾਸੀ ਜਾਣਨਾ ॥ ਨਾਹੀ ਤਾਂ ਉਨਾ ਕੇ ਭੇਖ ਕੋ ਮਰਣ ਪਰਜੰਤ ਨਹੀ ਮੰਨਣਾ, ਪਰ ਸੁਣ ਬਚਾ ਐਸਾ ਵਖਤ ਆਵੈਗਾ ਜੋ ਉਹ ਦੁਨੀਆ ਗੁਰੂ ਹੋਇ ਫਿਰਨਗੇ॥ ਬਾਤਾਂ ਕਰਿ ਕਰਿ ਉਪਦੇਸ ਕਰਨਗੇ ਅਰੁ ਇਸਤ੍ਰੀਆਂ ਨਾਲ ਮੋਹ ਕਰਨਗੇ ਅਰ ਕਹਿਨਗੇ ਹਮ ਫਕੀਰ ਹੈ॥ ਐਸਾ ਸਮਾ ਭੀ ਆਵੈਗਾ॥ ਉਸ ਵਖਤ ਕੋਈ ਗੁਰੂ ਉਨਾ ਪਾਸ ਆਵੈਗਾ ਤਾਂ ਓਹ ਪਛਾਨ ਭੀ ਨਾ ਸਕਨਗੇ ਤੇ ਸਗੋ ਮੂੰਹੋ ਬੁਰਾ ਬੋਲਨਗੇ॥ ਕਹਿਣਗੇ ਏਹ ਕਉਣ ਹੈ, ਗੁਰੂ ਅਸਾਡੇ ਨਾਲ ਹੈ ਅਤੇ ਆਪੋ ਆਪਣੀ ਭਾਖਿਆ ਬੋਲਣਗੇ ਅਤੇ ਗੁਰੂ ਕਉ ਪਛਾਣ ਨ ਸਕਣਗੇ॥ ਭਰਮ ਜਾਣਗੇ ਤਾਂ ਉਹ ਗੁਰੂ ਤੇ ਵਿਛੜ ਜਨਗੇ॥ ਪਰ ਇਕ ਐਸੇ ਭੀ ਸਿਖ ਦ੍ਰਿੜ ਬੁਧੀਵਾਲੇ ਹੋਵਨਗੇ ਜੋ ਉਹਨਾ ਦਾ ਕਹਿਆ ਨ ਮੰਨਣਗੇ ਸਬਦ ਦੇ ਕਹੈ ਪਰ ਚਲਨਗੇ ਅਰ ਉਹ ਭਰਮਾਵਣੇ ਵਾਲੇ ਕੇ ਮੁਹ ਕਾਲੇ ਹੋਵਨਗੇ ਤੇ ਫੇਰ ਚਉਰਾਸੀ ਵਿਚ ਸਟੀਅਨਗੇ ਤੇ ਨਰਕਗਾਮੀ ਹੋਵਨਗੇ॥ ਅਚਲ ਆਵੈ ਨਾਨਕਾ ਸੋ ਨਰਕ ਪੁਰੀ ਕੋ ਜਾਇ॥ ਫੇਰ ਬੋਲਣਾ ਹੋਇਆ ਏਹ ਕੀ ਹੈ ਇਨਾਂ ਥੋ ਭੀ ਵਡੇ ਭੁਲਨਗੇ॥ ਸਲੋਕ॥ ਹਰਿ ਉਪਜੈ ਹਰਿ ਖਪ ਗਏ ਕਈ ਰਾਮ ਅਵਤਾਰ॥ ਬ੍ਰਹਮੇ ਕੋਟਿ ਕਈ ਜੁਗ ਬੀਤੇ ਮਾਧੋ ਕ੍ਰਿਸਨ ਮੁਰਾਰ॥ ਦਰ ਦਰਵਾਨ ਕਰੈ ਬੇਨਤੀ ਅੰਤ ਨਾ ਪਾਰਾਵਾਰੁ॥ ਕਹੁ ਨਾਨਕ ਏਹ ਸਭ ਜਗ ਡੁਬਾ ਝੂਠੇ ਮੋਹ ਪਿਆਰ॥੨੩॥ ਤਿਸਕਾ ਪ੍ਰਮਾਰਥ॥ ਓਹ ਹਰਿ ਉਪਾਏ ਹਰਿ ਖਪਾਏ ਕਈ ਬਾਰ ਰਾਮ ਹੀ ਨਾਮ ਰਖਾਇਆ॥ ਕਈ ਜੁਗ ਬ੍ਰਹਮੇ ਕੋਟਿ ਹੀ ਹੂਏ ਅਰ ਕਈ ਬਾਰ ਮਾਧੋ ਕ੍ਰਿਸਨ ਮੁਰਾਰ ਸਦਾਇਆ॥ ਉਹ ਅਪਰ ਅਪਾਰ ਹੈ ਆਪਣੀ ਕੀਮਤ ਆਪ ਹੀ ਜਾਣਦਾ ਹੈ॥ ਸਾਂਗ ਜੁਗ ਜੁਗਂ ਕਰਦਾ ਆਇਆ ਹੈ॥ ਅਰ ਦਰਵਾਨ ਉਸਕੇ ਕਉਣ ਹੈਨ, ਕਈ ਅਸੰਖ ਭਗਤਿ ਕਈ ਅਸੰਖ ਸਿਖ ਸੰਤ ਸਿਧ ਸਾਧਕ ਦੇਵਤੇ ਉਸਕੇ ਦਰਵਾਨ ਹੈਨ॥ ਸੋ ਦਰ ਉਸਕਾ ਸਬਦੁ ਹੈ ਸੋ ਉਸ ਦਰ ਖੜੇ ਰਹਿੰਦੇ ਹੈਨ ਮਤ ਕਿਸੇ ਸਮੇਂ ਕਿਤੇ ਸਾਇਤੁ ਅਉਦਾ ਹੋਵੇ, ਦਰਸਨ ਹੋਇ ਤਾਂ ਮੁਕਤ ਹੋਵਹਿ॥ ਉਨਾ ਨੋ ਭੀ ਖਬਰ ਨਾਹੀ ਬੇਸੁਮਾਰ ਕੀ ਜੋ ਕਿਸ ਵਖਤ ਅਉਦਾ ਹੈ॥ ਅਤੇ ਏਹ ਜਗਤ ਜੋ ਹੈ ਸੋ ਤਾਂ ਮਾਇਆ ਨਾਲ ਰਚ ਰਹਿਆ ਹੈ॥ ਸੋਈ ਬਿਧ ਡੂਬੋ ਡੂਬਾ ਹੈ॥ ਕਹੁ ਨਾਨਕ ਏਹ ਸਭ ਜਗ ਝੂਠਾ ਮਾਇਆ ਮੋਹੁ ਪਿਆਰ॥ ਤਾਂ ਫੇਰ ਅਜਿਤੇ ਰੰਧਾਵੇ ਅਰਦਾਸ ਕੀਤੀ ਜੀ ਸਚੇ ਪਾਤਸ਼ਾਹੂ ਏਹ ਜਗਤ ਜਹਾਨ ਤਾਂ ਸਭ ਬਿਨਾਸੀ ਹੈ, ਅਰ ਏਹ ਜੋ ਜੋਗ ਪਾਵਤੇ ਹੈਨ ਸਭੇ ਸੁਆਦ ਤਜਿਕੈ ਉਨਾ ਕੀ ਕਿਆ ਜੁਗਤ ਹੈ॥ ਤਾਂ ਫੇਰ ਸ੍ਰੀ ਸਤਿਗੁਰੂ ਕਾ ਬੋਲਣਾ ਹੋਇਆ॥ ਸਲੋਕ ਜੋ ਉਪਜੈ ਸੋ ਖਪੈ ਜੋਗੀਸਰਿ ਲਾਇ ਬੈਠੇ ਬਿਭੂਤ॥ ਜੋਗ ਜੁਗਤ ਕੀ ਸਾਰ ਨਾ ਜਾਣੈ ਗੁਰ ਸਬਦੀ ਨਹੀ ਪ੍ਰੀਤਿ॥ ਰਸ ਕਸ ਸੁਆਦ ਸਭੇ ਤਜਿ ਛੋਡੈ ਫੀਕਾ ਖਾਇ ਅਲੂਣਾ॥ ਕਹੁ ਨਾਨਕ ਇਨਾ ਜੋਗੁ ਨ ਪਾਇਆ ਜਿਉ ਉਦਰ ਚਲੂਣਾ॥ ੨੪॥ ਤਿਸਕਾ ਪ੍ਰਮਾਰਥ॥ ਜੋ ਉਪਜਿਆ ਹੈ ਸੋ ਸਭ ਖਪੈਗਾ॥ ਝੂਠ ਖਪੈਗਾ ਸ ਸਦਾ ਕਾਇਮ ਹੈ॥ ਜੋਈ ਸਚੁ ਕੋ ਦੇਖ ਕਰ ਖਿਝਦਾ ਹੈ ਤਿਸਕੋ ਸਚੁ ਪਾਵਣੇ ਕੀ ਬਿਧ ਨਹੀ ਆਵਦੀ ਬਿਨਾ ਸਤਿਗੁਰੂ ਸਚ ਨਾਹੀ ਪਾਈਅਤਾ ਅਤੇ ਏਹ ਭੇਖ ਜੋ ਹੈਨ ਸੋ ਆਪੋ ਆਪ ਧਾਵਤੇ ਹੈਨ ਅਰ ਕਹਤੇ ਹੈ ਜੋ ਹਮ ਤਪਸੀ ਹਾਂ ਅਰ ਤਪਸਿਆ ਕਾ ਗੁਮਾਨ ਕਰਦੇ ਹੈਨ, ਆਪਕੋ ਗੁਰੂ ਕਹਾਵਤੇ ਹੈਨ॥ ਅਰ ਜੋ ਜੁਗਤ ਕੀ

ਸਾਰ ਨਾਹੀ ਜਾਨਤੇ ਅਰ ਸਤਿਗੁਰੂ ਕੇ ਸ਼ਬਦ ਕੀ ਪਹੁੰਚ ਨਾਹੀ ਪਾਵਤੇ॥ ਅਰ ਜੋਗ ਕੀ ਜੁਗਤ ਕੀ ਹੈ, ਜੋ ਗੁਰੂ ਕਾ ਸਬਦ ਹੈ ਸੋ ਕਮਾਵੈ ਤੇ ਜੋਗ ਕੀ ਜੁਗਤ ਪਾਵੈ॥ ਸਬਦੁ ਸਚੁ ਹੈ॥ ਪਰ ਸਬਦ ਬਿਨਾ ਹੋਰ ਸਭ ਝੂਠ ਹੈ॥ ਸੋ ਜਿਸ ਪੁਰਖ ਕੋ ਸਚੁ ਸਬਦੁ ਕੀ ਖਬਰ ਨਾਹੀ ਪੜਤੀ ਜੋ ਸਚੁ ਕਿਆ ਚਾਲ ਹੈ ਅਰ ਰਸ ਕਾ ਸੁਆਦ ਛੋਡਤੇ ਹੈਨ ਅਰ ਜੋਗ ਕੀ ਜੁਗਤ ਨਾਹੀ ਜਾਣਤੇ॥ ਜੋਗ ਜੋ ਹੈ ਸੋ ਸਚ ਸ਼ਬਦ ਹੈ॥ ਜਬ ਸਚ ਸਬਦ ਕੋ ਕਮਾਵੈਗਾ ਤਬ ਜੋਗ ਕੀ ਜੁਗਤ ਕੋ ਪਾਵੈਗਾ ॥ ਆਸਾ ਕਰਕੇ ਮੰਨੈ ਨਾਹੀ ਸੰਤੋਖ ਕਰਕੇ ਬਹੈ ਅਰ ਨਾਮ ਕਾ ਆਹਾਰ ਕਰੈ ਤਬ ਜੋਗ ਕੀ ਜੁਗਤ ਕੋ ਪਾਵੈ॥ ਏਹ ਜੋ ਫਕੀਰ ਅਲੂਣਾ ਖਾਤੇ ਹੈਨਿ ਏਹ ਅਲੂਣਾ ਨਾਹੀ ਇਨਕੋ ਜੰਗ ਕੀ ਸਾਰ ਨਾਹੀ॥ ਅਤੇ ਜੋਗੀ ਤਪਸੀ ਕਹਾਵਤੇ ਹੈਨਿ ਸੋ ਸਭ ਨਰਕ ਮਹਿ ਪਾਈਅਨਗੇ॥ ਤਾਂ ਫੇਰ ਅਜਿਤੇ ਰੰਧਾਵੇ ਅਰਦਾਸ ਕੀਤੀ ਜੀ ਸਚੇ ਪਾਤਸ਼ਾਹ ਤੂੰ ਗੁਰੂ ਹੈਂ ਤੇਰੇ ਪਾਸ ਅਰਦਾਸ ਹੈ॥ ਤਦਿ ਗੁਰਮਤਿ ਦ੍ਰਿੜਾਵਣੀ ਉਸ ਸਮੇਂ॥ ਤਾ ਫੇਰ ਸ੍ਰੀ ਸਤਿਗੁਰੂ ਜੀ ਕਾ ਬੋਲਣਾ ਹੋਇਆ ॥ਸਲੋਕ॥ ਸਤਿਗੁਰ ਸੇਤੀ ਅਰਦਾਸ ਕਰ ਜਿਨ ਸਤਿਗੁਰੁ ਜਾਤਾ॥ ਕਿਆ ਕੋ ਆਖੈ ਆਖ ਵਖਾਣੈ ਉਹ ਪੂਰਨਪੁਰਖ ਬਿਧਾਤਾ॥ ਜਨਮ ਜਨਮ ਕਾ ਭੁਲਾ ਪ੍ਰਾਨੀ ਨਿਤਿ ਉਠ ਕਰੈ ਅਰਦਾਸ॥ ਕਹੁ ਨਾਨਕ ਮਨੂਆ ਬਿਰਥਾਨਾ ਜਮਪੁਰੇ ਬਧਾ ਜਾਸੀ॥ ੨੪॥ ਤਿਸਕਾ ਪ੍ਰਮਾਰਥ॥ ਸੁਣ ਭਾਈ ਅਜਿਤਿਆ ਸਤਿਗੁਰੂ ਪਾਸ ਜੋ ਅਰਦਾਸ ਕਰਨਗੇ ਸੋ ਮਾਇਆ ਕੀਆ ਵਡਿਆਈਆ ਅਰ ਪੁੱਤਰ ਰਾਜ ਮੰਗਨਗੇ ਜੋ ਅਸੀ ਦੁਨੀਆ ਮਹਿ ਵਡੇ ਹੋਵਹਿ, ਸੰਸਾਰ ਹੀ ਕੇ ਸੁਖ ਮੰਗਨਗੇ॥ ਤਿਨਾ ਪੁਰਖਾ ਸਤਿਗੁਰੂ ਨਾ ਜਾਤਾ॥ ਕਿਉਕਰ ਨਾ ਜਾਤਾ ਜੋ ਸਤਿਗੁਰੂ ਪਾਸੋ ਨਾਮ ਦਾਨ ਨਾ ਮੰਗਿਆ, ਸੇਵਾ ਟਹਿਲ ਨਾ ਮੰਗੀ॥ ਅਤੇ ਸਤਿਗੁਰੂ ਕੇ ਘਰ ਤਾਂ ਸਭ ਕਿਛੁ ਹੈ॥ ਜੇਹੀ ਕੋਈ ਇਛਾ ਕਰ ਆਵਦਾ ਹੈ ਤੇਹਾ ਫਲੁ ਪਾਇਦਾ ਹੈ॥ ਬਿਨਾ ਸਤਿਗੁਰੁ ਕੀ ਦੀਖਿਆ ਪਾਪ ਨਾਹੀ ਉਤਰਦੇ॥ ਅਰ ਫਲ ਜੋ ਹੈਨ ਬਿਨਾ ਸਤਿਗੁਰੂ ਤੋ ਓਹ ਭੀ ਲਾਗਤੇ ਕੋਈ ਨਾਹੀ॥ ਤਾਂ ਅਜਿਤੇ ਰੰਧਾਵੇ ਅਰਦਾਸ ਕੀਤੀ ਜੀ ਸਚੇ ਪਾਤਸ਼ਾਹ ਓਹ ਕਉਣ ਗੁਣ ਹੈਨ ਜਿਨਾ ਕਰਕੈ ਪਾਪ ਉਤਰਦੇ ਹੈਨ॥ ਤਾਂ ਫੇਰ ਬਾਬੇ ਜੀ ਕਾ ਬੋਲਣਾ ਹੋਇਆ॥ ਸਲੋਕ॥ ਨਾਨਕ ਨਾਉ ਨਿਰੰਕਾਰ ਹੈ ਆਪ ਨਿਰੰਜਨ ਦੇਉ॥ ਕਈ ਜੁਗ ਵਰਤਾਰਾ ਵਰਤਿਆ ਆਪਣਾ ਆਪ ਸਮੇਉ॥ ਖੇਲੇ ਬਿਗਸੈ ਜਗ ਮੈ ਅਲਖੁ ਨਾ ਲਿਖਿਆ ਜਾਇ॥ ਤ੍ਰਿਭਵਨ ਤਿਸ ਕਉ ਜੋ ਮਾਰਗ ਦੇਇ ਬਤਾਇ॥ ਪੁਤ੍ਰ ਕਲਤ੍ਰ ਸਭ ਬੰਧਨਾ ਰਹੈ ਨਿਆਰਾ ਆਪ॥ ਲਖੁ ਨਿਰੰਜਨ ਆਪੁ ਹੈ ਤਿਸੁ ਮਾਇ ਨਾ ਬਾਪ ॥ ਤਪੇ ਤਪੀਸਰ ਜੋਗੀਆ ਗੋਰਖ ਕਈ ਅਨੇਕ ਜਿਨ ਖੋਜਿਆ ਤਿਨ ਪਾਇਆ ਨਾਨਕ ਸਤਿਗੁਰ ਏਕ ॥੨੬॥ ਤਿਸਕਾ ਪ੍ਰਮਾਰਥ॥ ਗੁਰੂ ਅਰ ਨਿਰੰਕਾਰ ਏਕ ਹੀ ਜੋਤ ਹੈ॥ ਕਈ ਜੁਗ ਵਰਤਾਰਾ ਵਰਤਦਾ ਆਇਆ ਹੈ॥ ਸੋ ਇਸੀ ਜੁਗ ਮਹਿ ਖੇਲਤਾ ਹੈ ਬਿਗਸਤਾ ਹਾਜਰ ਹੈ॥ ਕੋਈ ਉਸ ਕੋ ਲਖ ਸਕਤਾ ਨਾਹੀ ਜੋ ਏਹ ਗੁਰੂ ਹੈ॥ ਪਰ ਜੋ ਉਸਕੇ ਮਾਰਗ ਚਲਦਾ ਹੈ ਤਿਸ ਕੋ ਤ੍ਰਿਭਵਨ ਕੀ ਸੋਝੀ ਆਵਤੀ ਹੈ ਤਾਂ ਜਨਮ ਜਨਮ ਕੇ ਪਾਪ ਸਭ ਮਿਟ ਜਾਦੇ ਹੈਨ॥ ਲੇਖਾ ਨਿਬੜਤਾ ਹੈ, ਕੁਲਾਂ ਕਾ ਉਧਾਰ ਹੋਤਾ ਹੈ॥ ਉਸਕਾ ਮਾਰਗ ਜੋ ਹੈ ਸੋ ਦੁਨੀਆ ਤੇ ਨਿਰਮੋਹ ਹੈ॥ ਪੁਤ੍ਰ ਕਲਤ੍ਰ ਸਨਬੰਧ ਦੁਨੀਆਂ ਕੇ ਸਭ ਹੋਵਨਗੇ ਓਹ ਸਭਨਾ ਤੇ ਨਿਆਰਾ ਰਹੈਗਾ॥ ਉਸਕਾ ਨਾਉ ਅਲਖ ਨਿਰੰਜਨ ਹੈ॥ ਉਸਕੋ ਲਖ ਸਕੈਗਾ ਕੋਈ ਨਾਹੀ॥ ਸਾਂਗ ਕਰ ਭਰਮਾਏਗਾ ਅਰ ਆਪਣਾ ਬਾਣਾ ਛਡੇਗਾ ਨਾਹੀ॥ ਬਾਣਾ

ਉਸਕਾ ਕੀ ਹੈ, ਸ਼ਬਦ ਹੈ॥ ਸੋ ਸਬਦ ਹੀ ਤੇ ਪਾਈਐਗਾ॥ ਅਰ ਕਈ ਤਪੀਸਰ ਕਈ ਜੋਗੀਸਰ ਗੁਰੂ ਕਹਾਵਨਗੇ ਪਰ ਸਚ ਕੋ ਕੋਈ ਵਿਰਲਾ ਹੀ ਖੋਜੈਗਾ॥ ਜਹਾ ਸਚੁ ਹੋਵੈਗਾ ਤਹਾਂ ਸਤਿਗੁਰੂ ਕਾ ਬਾਸਾ ਹੋਵੈਗਾ॥ ਸੋ ਕਉਣੁ ਸਚੁ ਮਾਇਆ ਮੋਹ ਤੇ ਰਹਿਤ ਹੋਵੈਗਾ॥ ਪਰ ਜਾ ਓਹ ਸਮਾ ਆਵੈਗਾ ਤਾਂ ਸਭ ਸੋਖ ਲਵੈਗਾ॥ ਤਾਂ ਫੇਰ ਸਤਿਗੁਰੂ ਜੀ ਕਾ ਬੋਲਣਾ ਹੋਇਆ॥ਸਲੋਕ॥ ਸੋਖੈ ਸਾਗਰ ਤਤੁ ਸਭਿ ਰਹੈ ਪਦੁ ਨਿਰਬਾਨੀ॥ ਓਹ ਵਿਸ ਵਿਸਵਾਸ ਤੇ ਵਿਗੁਤੇ ਪ੍ਰਾਣੀ॥੨੭॥ਤਿਸਕਾ ਪ੍ਰਮਾਰਥ॥ ਸੁਣ ਬਚਾ ਇਕ ਸਮਾ ਐਸਾ ਆਵੈਗਾ ਸਤਿਗੁਰੂ ਸੰਗਤ ਕੋ ਸੋਖ ਲੇਵੈਗਾ॥ ਤਾਂ ਓਹ ਪ੍ਰਾਣੀ ਬਿਗਸਾ ਹਾਰ ਜਾਵੈਗਾ ਤਬ ਕਬੁਧ ਉਪਜੈਗੀ॥ ਜੋ ਮੁਹੋਂ ਕਹਿਨਗੇ ਅਸੀਂ ਸਿਖ ਬਾਬੇ ਨਾਨਕ ਕੇ ਹਾਂ॥ ਜੋ ਮੇਰਾ ਵਾਸਤਾ ਪਾਵੈਗਾ ਸੋ ਤਿਸ ਕੋ ਨ ਮੰਨਨਗੇ॥ ਮੇਰਾ ਨਾਉ ਨਾ ਮੰਨਨਗੇ ਅਰ ਸਿਖ ਕਹਾਇਨਗੇ॥ ਓਹ ਬੇਮੁਖ ਨਰਕ ਨੂੰ ਪਾਈਅਨਗੇ॥ ਕਿਉ ਜੋ ਉਨਕੋ ਮੇਰਾ ਸਬਦ ਸੁਨਿਆ ਲਗੈਗਾ ਨਾਹੀ ਜਿਉ ਪਾਥਰ ਕਉ ਜਲ ਨਾਹੀ ਪੋਹਤਾ॥ ਤਬ ਓਹ ਵਿਗੁਚੈਂਗੇ, ਗੁਰੂ ਓਹਨਾ ਨੋ ਨਦਰ ਆਵੈਗਾ ਨਾਹੀ॥ ਗੁਰੂ ਉਹਨਾ ਦਾ ਵਿਸਾਹੁ ਕਰੈਗਾ ਨਾਹੀ॥ ਜਿਉ ਸਾਹੂਕਾਰ ਝੂਠਿਆਂ ਵਣਜਾਰਿਆ ਕਾ ਵਿਸਾਹੁ ਨਹੀ ਕਰਦਾ ਅਤੇ ਸੁਨ ਕਰਕੇ ਬੇਧਿਆਨ ਹੋਏ ਬੈਠਦਾ ਹੈ, ਸੋ ਉਨਾ ਦੇ ਸੰਗ ਬੋਲਦਾ ਨਾਹੀ ॥ ਜਿਤਨੀ ਕੁਛ ਓਹ ਅਰਦਾਸ ਕਰਦੇ ਹੈਨ ਸੋਭੀ ਸੁਣਦਾ ਨਾਹੀ ਤਾਂ ਓਹ ਖਾਲੀ ਹੀ ਜਾਣਗੇ॥ ਤਾਂ ਅਜਿਤੇ ਰੰਧਾਵੇ ਅਰਦਾਸ ਕੀਤੀ ਜੀ ਸਚੇ ਪਾਤਸ਼ਾਹ ਓਹ ਦਾਨ ਪੁੰਨ ਭੇਟ ਤੇਰੇ ਨਾਮ ਕੀ ਦੇਨਗੇ ਤਾਂ ਓਹਨਾ ਕੋ ਕੁਛ ਪ੍ਰਾਪਤ ਹੋਵੈਗਾ ਕੇ ਨਾ॥ ਤਾਂ ਫੇਰ ਸ੍ਰੀ ਸਤਿਗੁਰੂ ਕਾ ਬੋਲਣਾ ਹੋਇਆ॥ਸਲੋਕ॥ ਦਾਨ ਪੁੰਨ ਕਬਹੂੰ ਨਹੀ ਸਿਝੈ ਦਿਤਾ ਗੁਰੂ ਕਾ ਖਾਇ॥ ਅਹੰਕਾਰ ਕਰਿਕੈ ਦੇਵੈ ਮੁਹ ਕਾਲਾ ਚਲਿਆ ਜਨਮੁ ਗਵਾਇ॥੨੮॥ ਤਿਸਕਾ ਪ੍ਰਮਾਰਥ॥ ਸੁਣ ਬਚਾ ਇਸ ਦਾਨ ਪੁੰਨ ਤੇ ਸਿਜਦਾ ਨਾਹੀ॥ ਇਸਕੀ ਮੁਕਤ ਹੁੰਦੀ ਨਾਹੀ ਅਤੇ ਦਾਨ ਪੁੰਨ ਕਰਕੈ ਕਹਿੰਦਾ ਹੈ ਜੋ ਹਉ ਕਰਦਾ ਹਾਂ॥ ਸੋ ਇਸ ਕਾ ਕੀ ਹੈ, ਏਹ ਜੋ ਖਾਦਾ ਹੈ ਸੋ ਸਭ ਕਰਣੈਹਾਰੇ ਦੀ ਦਾਤ ਹੈ॥ ਅਤੇ ਆਪਣੇ ਕਾਰਜ ਕੇ ਵਾਸਤੇ ਕਰਹਿਗੇ, ਗੁਰੂ ਕੇ ਮਿਲਨੇ ਕੇ ਨਮਿਤ ਨਾ ਕਰਨਗੇ॥ ਜੋ ਗੁਰੂ ਕਾ ਵਾਸਤਾ ਪਾਏਗਾ ਤਿਸਕੋ ਤਾਂ ਨ ਦੇਵਨਗੇ, ਆਪਨੇ ਪ੍ਰਾਪਤਿ ਵਾਸਤੇ ਕਰਨਗੇ॥ ਇਉਂ ਹੀ ਦੁਨੀਆ ਕੇ ਕਾਰਨ ਨਾਲਿ ਜਨਮ ਜਾਵੈਗਾ॥ ਸਲੋਕ॥ ਗਉਘਾਤ ਹਤਿਆ ਨਹੀ ਉਤਰੈ ਤਟਿ ਤੀਰਥ ਭਰਮਾਇ॥ ਕਹੁ ਨਾਨਕ ਜਗ ਥਾਪ ਉਥਾਪੇ ਸਤਿਗੁਰੂ ਕਿਨੈ ਨ ਪਾਇਆ ਜਾਇ॥੨੯॥ ਤਿਸਕਾ ਪ੍ਰਮਾਰਥ ॥ ਸੁਣਿ ਬਚਾ ਅਜਿਤਿਆ ਜੋ ਪੁਰਖ ਗਊ ਮਾਰਕੇ ਤੀਰਥ ਜਾਦੇ ਹੈਨ ਸੋ ਹਤਿਆ ਨਾਹੀ ਉਤਰਦੀ ਅਰ ਜੋ ਸਾਧ ਕੀ ਨਿੰਦਿਆ ਕੀ ਹਤਿਆ ਹੈ ਸੋ ਭੀ ਨਾਹੀ ਉਤਰਦੀ ਭਾਵੈ ਅਨੇਕ ਤੀਰਥ ਕਰੈ ਭਾਵੈ ਅਨੇਕ ਪੁੰਨੁ ਕਰੈ ਭਾਵੈ ਤਪ ਕਰੈ॥ ਸਾਧ ਕੇ ਨਿੰਦਕ ਕੇ ਪਾਪ ਨਾਹੀ ਉਤਰਦੇ .. ਤਾਂ ਫੇਰ ਅਜਿਤੇ ਰੰਧਾਵੇ ਅਰਦਾਸ ਕੀਤੀ ਜੀ ਸਚੇ ਪਾਤਸ਼ਾਹੂ ਕਲਜੁਗ ਕੇ ਜੋ ਗੁਰੂ ਹੋਵਨਗੇ ਤਿਨਾ ਕੀ ਸੁਖ ਸਰੀਣੀ ਕਾ ਕਿਆ ਫਲ ਹੋਵੇਗਾ॥ ਸਲੋਕ॥ ਸੁਖ ਸਰੀਣੀ ਜੋ ਨਰ ਕਰੈ ਸੋ ਲਖ ਚਉਰਾਸੀ ਜੂਨ ਫਿਰਿ ਆਵੈ॥ ਜੋ ਚਾਉ ਤਮਾਸੇ ਬਾਧਿਆ ਸੋ ਪਛੋਤਾਵੈ॥ ਸਤਿ ਗੁਰ ਅਸਗਾਹੁ ਹੈ ਕਿਉ ਮਾਰਗਿ ਪਾਵੈ॥ ਨਾਨਕ ਸਤਿਗੁਰ ਤਾਂ ਮਿਲੇ ਜਾ ਸਚ ਸਮਾਵੈ॥ ੩੦॥ ਤਿਸਕਾ ਪ੍ਰਮਾਰਥ॥ ਸੁਣ ਬਚਾ ਅਜਿਤਿਆ ਕਲਜੁਗੀ ਜੋ ਸੁਖ ਸਰੀਣੀਆ ਮੰਨਨਗੇ ਸੋ ਝੂਠਿਆਂ ਥਾਵਾ ਨੂੰ ਮੰਨਨਗੇ॥ ਪੀਰਾਂ ਅਰ ਗੋਰਾ ਕੋ ਮੰਨਨਗੇ ਸੋ ਫੇਰ ਚਉਰਾਸੀ

ਭਰਮਨਗੇ॥ ਏਹ ਕਲਜੁਗ ਕੇ ਪੀਰ ਅਰ ਗੁਸਾਈ ਜੋ ਹੋਵਨਗੇ ਸੋ ਕਚੇ ਗੁਰੂ ਹੋਵਨਗੇ॥ ਬਿਨਾ ਸਤਿਗੁਰੂ ਇਨਾ ਕਾ ਛੁਟਕਾਰਾ ਨਹੀਂ ਹੋਦਾ ਪਰ ਚਾਉ ਤਮਾਸੇ ਪਿਛੇ ਦੁਨੀਆ ਰੀਝੇਗੀ॥ ਸੋ ਉਹ ਚਾਉ ਤਮਾਸੇ ਗੁਰੂ ਕੇ ਹੋਵਨਗੇ ਅਰ ਬੰਦਗੀ ਭੀ ਦੁਨੀਆਂ ਦੀ ਦੇਖੋ ਦੇਖੀ ਵਾਸਤੇ ਕਰਨਗੇ॥ ਦੁਨੀਆਂ ਕੀ ਜੁਗਤ ਤੇ ਮੁਕਤ ਨਾਹੀ ਅਤੇ ਸਰ ਡੂਗਰ ਜੋ ਹੈ ਸੋ ਸ੍ਰੀ ਸਤਿਗੁਰੂ ਕਰਨਹਾਰਾ ਹੈ॥ ਸੋ ਅਗਮ ਦਿਆਲ ਬਿਅੰਤ ਹੈ ਪਰੇ ਤੇ ਪਰੇ ਹੈ, ਬੇਸੁਮਾਰ ਹੈ॥ ਸੋ ਬਿਨਾ ਸਤਿਗੁਰੂ ਉਸਦਾ ਥਾਉ ਨਾਹੀ ਦਿਸਦਾ॥ ਜੋ ਸਤਿਗੁਰੂ ਕੋ ਮਿਲਿਆ ਸੋ ਸਚਿਆਰ ਹੋਇਆ॥ ਦੁਨੀਆ ਕਾ ਮਾਰਗ ਛਡੇ ਸਤਿਗੁਰੂ ਕੇ ਮਾਰਗ ਚਲੈ॥ ਸਤਿਗੁਰੂ ਕਾ ਮਾਰਗ ਕਉਨ ਹੈ॥ਸਚ ਸਬਦ ਹੈ॥ ਸਬਦ ਨਾਲ ਰਚੈ ਤਾਂ ਸਤਿਗੁਰੂ ਕੋ ਮਿਲੇ ॥ ਸਚ ਮੈ ਸਮਾਵੈ, ਜੂਨੀ ਭ੍ਰਮੈ ਨਾਹੀ॥ ਸਲੋਕ॥ ਫੰਧੀ ਦਰ ਬਾਜਾਰ ਦੇਵਾਨੇ॥ ਪਸਰੇ ਕੇਸੂ ਫੂਲ ਫੁਲਾਨੇ॥ ਕਰੈ ਮੋਹ ਤਿਰੀਆ ਲਾਵੈ ਅੰਗ॥ ਨਾਨਕ ਚਉਰਾਸੀਹ ਕਾ ਪਾਵੈ ਸੰਗ॥੩੧॥ ਤਿਸਕਾ ਪ੍ਰਮਾਰਥ॥ ਸੁਣ ਬਚਾ ਅਜਿਤਿਆ ਓਹ ਕੈਸੇ ਮਰਦ ਹੋਵਨਗੇ ਜੋ ਕੋਈ ਸਾਧ ਹੋਵੈਗਾ ਸਤਿਗੁਰੂ ਕੇ ਜਾਨਣੇ ਵਾਲਾ, ਤਿਸ ਜੀਅ ਕੇ ਲਾਗੂ ਹੋਵਨਗੇ ਅਤੇ ਬਿਚਾਰ ਜੋ ਕਰਨਗੇ ਜਿਉ ਬਜਾਰ ਮੈ ਕਰੂਜੜੇ ਭਠਿਆਰੇ ਲੜਦੇ ਹੈਨ ਤਿਉ ਓਹ ਲੜ ਪਵਨਗੇ ਅਰ ਬਾਤਾਂ ਜੋ ਕਰਨਗੇ ਸੋ ਦੇਵਾਨਿਆ ਕੀਆ ਕਰਨਗੇ॥ ਜਿਉ ਕੇਸੂ ਫੂਲ ਕਾ ਗੁਛਾ ਖਿੜ ਪਉਦਾ ਹੈ ਤਿਉ ਉਨਾ ਦਾ ਰੰਗ ਟੁਟ ਜਾਵੇਗਾ॥ ਓਹ ਆਪ ਵਿਚ ਅਕਠੇ ਨ ਹੋਵਨਗੇ॥ ਉਹਨਾ ਦਾ ਮੋਹ ਤਿਰੀਆ ਸੰਗ ਲਗਾ ਰਵੈਗਾ॥ ਸਤਿਗੁਰੂ ਤੇ ਓਹ ਬੇਮੁਖ ਹੋਇ ਜਾਵਨਗੇ, ਉਹ ਚਉਰਾਸੀ ਭਰਮਨਗੇ॥ ਤਾ ਫੇਰ ਅਜਿਤੇ ਰੰਧਾਵੇ ਅਰਦਾਸ ਕੀਤੀ ਜੀ ਸਚੇ ਪਾਤਸਾਹ ਤੇਰੇ ਘਰ ਘਰ ਸਿਖ ਕਹਾਇਨਗੇ, ਸੇ ਪੜਨਗੇ ਗਾਵਨਗੇ॥ ਤਿਸਕੀ ਗਲ ਕਿਉਂਕਰ ਹੋਵੇਗੀ॥ ਤਾ ਫੇਰ ਸਤਿਗੁਰੂ ਜੀ ਕਾ ਬੋਲਣਾ ਹੋਇਆ॥ ਸਲੋਕ॥ ਲੁਕਮੇ ਜਗ ਗਿਰਸਿਆ ਲੁਕਮੇ ਕੀ ਮਹਿਮਾ ਖੂਬ ਲੁਕਮੇ ਵਿਚਹੁ ਗਿਰਾਸਿਆ ਕਲੀਕਾਲ ਫਾਥਾ ਸਿੰਘ ਕਰਤੂਬ॥ ਗਧਹਾ ਚੜਕੈ ਨਿਕਲੈ ਬਹਿ ਬਹਿ ਹੀ ਗਹਿਬਾਨ॥ ਫਿਟ ਅਵੇਹਾ ਖਾਇਆ ਸਿਰ ਮਾਰੈ ਸੈਤਾਨੁ॥੩੨॥ ਤਿਸਕਾ ਪ੍ਰਮਾਰਥ॥ ਸੁਣ ਭਾਈ ਅਜਿਤਿਆ ਕਲਜੁਗ ਕੇ ਵਿਚ ਗੁਰੂ ਕੇ ਸਿਖ ਥੋੜੇ ਹੋਵਨਗੇ॥ ਐਸਾ ਵਖਤ ਵੀ ਆਵੈਗਾ ਜਿਥੈ ਟੁਕੜਾ ਖਾਵਨਗੇ ਤਿਥੇ ਹੀ ਪੜਨਗੇ॥ ਓਥੇ ਹੀ ਗੁਰੂ ਕਹਿਨਗੇ, ਉਥੇ ਹੀ ਗਾਵਨਗੇ॥ ਅਜੇਹੀ ਜਿਨਸ ਕੀ ਸਿਖੀ ਹੋਵੇਗੀ॥ ਜਿਸਕਾ ਖਾਵਨਗੇ ਤਿਸੇ ਕੋ ਸਲਾਹਨਗੇ॥ ਸਤਿਗੁਰੂ ਤੇ ਭੁਲ ਜਾਵਨਗੇ॥ ਸੋ ਲੁਕਮਾ ਇਹ ਹੋਇ ਲਗੇਗਾ॥ ਜਿਉ ਸਿੰਘ ਕਾਲ ਕੀ ਫਾਸੀ ਵਿਚ ਫਾਸਦਾ ਹੈ, ਖਾਣਾ ਪੀਣਾ ਭੁਲ ਜਾਦਾ ਹੈਸੁ ਜੀਆ ਕੀ ਪਉਦੀ ਹੈ ਤਿਉ ਓਨਾ ਕਉ ਭੀ ਇਕ ਦਿਨ ਜੀਅ ਕੀ ਪਵੈਗੀ ਖਾਣਾ ਪੀਣਾ ਭੁਲ ਜਾਵੇਗਾ॥ ਜਿਉ ਕਰ ਗਧਾ ਮਸਤ ਹੋਇ ਕਰ ਹੀਂਗਦਾ ਹੈ ਤਿਉ ਓਹ ਗਾਵਨਗੇ॥ ਇਕ ਦਿਨ ਜਮ ਕੇ ਹਵਾਲੇ ਹੋਵਨਗੇ ਤਾਂ ਬਿਲਲਾਵਨਗੇ, ਦੁਖ ਪਾਇਨਗੇ॥ ਤਾਂ ਆਖਨਗੇ ਜੋ ਫਿਟੇ ਮੂੰਹ ਇਸ ਖਾਧੇ ਅਸਾਡੇ ਦਾ ਜੋ ਏਹ ਹਵਾਲ ਹੋਇਆ ਹੈ॥ ਤਾਂ ਆਖਣਗੇ ਜੋ ਅਸੀਂ ਗੁਰੂ ਤੇ ਭੁਲੇ ਹਾਂ ਤਾ ਫੇਰ ਓਹ ਵਖਤ ਪਾਵਨਗੇ ਨਾਹੀ॥ ਫੇਰ ਬਖਸੀਅਨਗੇ ਨਾਹੀ ॥ ਕਿਉ ਜੋ ਖਾਣਾ ਦਾਨਾ ਗੁਰੂ ਜੀ ਦਾ ਅਰ ਸਲਾਹਣਾ ਮਨੁਖ ਦਾ ਪਛੋਤਾਵਨਗੇ॥ ਤਾ ਅਜਿਤੇ ਰੰਧਾਵੇ ਅਰਦਾਸ ਕੀਤੀ ਜੀ ਸਚੇ ਪਾਤਸਾਹੁ ਕੋਈ ਜੋ ਕਿਸੀ ਕੀ ਸੇਵਾ ਕਰਦਾ ਹੈ ਸੋ ਥਾਇ ਪਵੇਗੀ ਕਿ ਬਿਰਥੀ ਜਾਇਗੀ॥ ਤਾਂ ਫੇਰ ਸ੍ਰੀ ਗੁਰੂ ਬਾਬੇ ਜੀ ਕਾ ਬੋਲਣਾ ਹੋਇਆ॥ ਸਲੋਕ 11

ਸੇਵਕ ਮੋਹਨ ਵਿਟੋਲੈ॥ ਕਾਗ ਜੋਨ ਵਿਸਟਾ ਫੋਲੈ॥ ਕਰੈ ਸੇਵਾ ਸਤਿਗੁਰ ਨਾ ਭਾਵੈ॥ ਸੋ ਸੇਵਕੁ ਸੇਵਾ ਖੋਇ ਜਾਵੈ॥ ਲਿਖਿਆ ਲੇਖ ਨਾਹੀ ਧੁਰ ਰੰਗ॥ ਨਾਨਕ ਤਿਸਤੇ ਚੁਪੈ ਚਿੰਗਿ॥੩੩॥ ਤਿਸਕਾ ਪ੍ਰਮਾਰਥ॥ ਜੋ ਸੇਵਕ ਹੋਇਕੇ ਗੁਰਬੈ ਜੋ ਮੈ ਅਜੇਹੀ ਸੇਵਾ ਕਰਦਾ ਹਾਂ ਮੈ ਭੀ ਕੁਛ ਹੋਇਆ ਹਾਂ ਤਿਸ ਕੀ ਜੂਨ ਕਾਗ ਕੀ ਹੋਂਦੀ ਹੈ, ਉਸਦੇ ਮੂੰਹ ਵਿਚ ਵਿਸਟਾ ਮਿਲਦੀ ਹੈ॥ ਜੋ ਕੁਛ ਕਰਕੇ ਮਨ ਵਿਚ ਗੁਰਬ ਕਰਦਾ ਹੈ ਅਰ ਆਖਦਾ ਹੈ ਜੋ ਮੈ ਗੁਰੂ ਕੋ ਕੁਛ ਦੇਦਾ ਹਾਂ ਅਰ ਗੁਰੂ ਕੈ ਭਾਣੈ ਚਲੈ ਨਾਹੀ ਤਾਂ ਓਹ ਸੇਵਕ ਗੁਰੂ ਕੋ ਨਾਹੀ ਭਾਵਦਾ॥ ਉਹ ਸੇਵਾ ਆਪਨੀ ਖੋਇ ਜਾਂਦਾ ਹੈ॥ ਲਿਖਿਆ ਲੇਖ ਨਾਹੀ ਧੁਰ ਅੰਗ॥ ਉਨਾ ਦੇ ਸਿਰ ਧੁਰ ਦਾ ਲੇਖ ਲਿਖਿਆ ਹੋਇਆ ਹੈ ਸੋ ਟਲਣੇ ਕਾ ਨਾਹੀ॥ ਓਹ ਦੇਖੋ ਦੇਖੀ ਸੇਵਾ ਕਰਦੇ ਹੈਨ ਪਰ ਰੰਗ ਨਹੀਂ ਲਗਦਾ ਅਤੇ ਚੁਪ ਚੰਗੀ ਹੈ॥ ਸੋ ਕੀ ਹੈ ਸੋ ਬੁੱਧ ਹੈ॥ ਜਿਉ ਕਰ ਸੰਤੋਖ ਮੈ ਰਹੈ ਤਾਂ ਇਸ ਸੇਵਾ ਤੇ ਫਲ ਲਗਦਾ ਹੈ॥ ਨਾਨਕ ਤਾਂ ਤੇ ਚੁਪ ਚੰਗੀ ਹੈ॥ ਤਾਂ ਅਜਿਤੇ ਰੰਧਾਵੇ ਅਰਦਾਸ ਕੀਤੀ ਜੀ ਸਚੇ ਪਾਤਸਾਹੁ ਕਲੀਕਾਲ ਕੇ ਵਿਖੇ ਸੰਸਾਰੀ ਸਾਧ ਕਿਸ ਨੂੰ ਕਹਿਨਗੇ ਅਰ ਕਿਸ ਨੂੰ ਪੂਜਨਗੇ ਤਾਂ ਫੇਰ ਬੋਲਣਾ ਹੋਇਆ॥ਸਲੋਕ॥ ਸਾਧ ਕਹਾਇ ਮੁਖ ਬੁਰਾ ਜੋ ਬੋਲੇ॥ ਜੀਆਂ ਘਾਤ ਕਰ ਅਨਰਥ ਤੋਲੇ॥ ਲਹੈ ਸਜਾਇ ਦਰਗਹ ਨਾਹੀ ਢੋਈ॥ ਕਹੁ ਨਾਨਕ ਤਿਨ ਮਿਲਿਆ ਮੁਕਤ ਨਾ ਹੋਈ॥॥੩੪॥ ਤਿਸਕਾ ਪ੍ਰਮਾਰਥ॥ ਗੁਰੂ ਜੀ ਕਹੈ ਭਾਈ ਅਜਿਤਿਆ ਕਲੀਕਾਲ ਵਿਖੇ ਜਿਨਾ ਨੂੰ ਸੰਸਾਰ ਸਾਧ ਕਰਕੇ ਪੁਜੇਗਾ ਸੋ ਕੁਚਾਲ ਚਾਲ ਚਲਨਗੇ॥ ਕੁਬਾਨ ਬੋਲਨਗੇ ਉਹ ਸਾਧ ਕਰਕੇ ਮਥਾ ਟੇਕਨ ਜਾਵਨਗੇ ਅਤੇ ਓਹ ਅਗੋ ਬੁਰਾ ਬੋਲਣਗੇ ਅਤੇ ਮਨ ਤੇ ਦਇਆ ਨਾ ਹੋਵੇਗੀ, ਬੇ ਮੇਹਰ ਹੋਵਨਗੇ॥ ਸੋ ਅਨਰਥ ਕਉ ਤੋਲਨਗੇ ਐਤ ਓਹ ਅਤਿ ਸੁਜਾਇ ਪਾਵਨਗੇ॥ ਦਰਗਹ ਢੋਈ ਨਾ ਮਿਲੇਗੀ॥ ਓਹ ਚੌਰਾਸੀ ਫੇਰ ਪਾਵਨਗੇ ਅਤੇ ਨਰਕਗਾਮੀ ਹੋਵਨਗੇ ਅਤੇ ਜੋ ਕੋਈ ਉਨਾ ਕਉ ਪੂਜੇਗਾ ਸੋ ਮੁਕਤ ਨਾ ਪਾਵੇਗਾ ਅਤੇ ਨਿਹਫਲ ਜਾਵੇਗਾ॥ ਨਾਨਕ ਤਿਨ ਮਿਲਿਆ ਮੁਕਤ ਨਾ ਹੋਈ॥ ਤਾਂ ਅਜਿਤੇ ਰੰਧਾਵੇ ਅਰਦਾਸ ਕੀਤੀ ਹੈ ਸਚੇ ਪਾਤਸਾਹੁ ਜੋ ਸਾਧ ਤੇਰੇ ਮਨ ਭਾਣੇ ਹੈਨ ਤਿਨਕੀ ਕਿਆ ਚਾਲੀ ਹੈ ਤਾ ਬੋਲਣਾ ਹੋਇਆ॥ ਸਲੋਕ . . ਸਾਧ ਕੀ ਮਹਿਮਾ ਬੇਦ ਨ ਜਾਨੈ, ਓਹ ਗਰਭ ਜੋਨ ਨਹੀ ਆਏ॥ ਓਹ ਬੁਰਾ ਨਾ ਬੋਲਣ ਕੁਬਚਨ ਨ ਬੋਲਹਿ ਗੁਰਮੁਖ ਸਬਦ ਸਮਾਏ॥ ਸਦਾ ਹਜ਼ੂਰ ਰਹੇ ਰੰਗ ਰਾਤੇ ਮਾਤੇ ਸਦਾ ਖੁਮਾਰੀ॥ ਰਾਗ ਨਿਰੰਤਰ ਮਿਲਹਿ ਨਿਵਾਸੀ ਸਹਿਜ ਲਗੀ ਧੁਨਕਾਰੀ॥ ਗੁਪਤ ਬਾਣੀ ਕੋ ਵਿਰਲਾ ਬੂਝੈ ਕਛੂ ਨ ਜਾਏ ਕਹਿਣਾ॥ ਕਹੁ ਨਾਨਕ ਤਿਨ ਹੋਇ ਪ੍ਰਾਪਤ ਜਿਸ ਪੁਰੇਬ ਲਿਖੇ ਕਾ ਲਹਿਣਾ॥੩੫॥ਤਿਸਕਾ ਪ੍ਰਮਾਰਥ ਭਾਈ ਅਜਿਤਿਆ ਸਾਧ ਕੀ ਮਹਿਮਾ ਬੇਦ ਭੀ ਨਹੀ ਜਾਨਤਾ ਬੇਦ ਜੋ ਹੈ ਸੋ ਤ੍ਰਿਹੁ ਗੁਣਾਂ ਕੀਆਂ ਬਾਤਾਂ ਕਰਤਾ ਹੈ, ਚਉਥੇ ਗੁਣ ਕਉ ਨਾਹੀ ਜਾਨਤਾ ॥ ਚਉਥਾ ਬੇਦ ਜੋ ਹੈ ਸੋ ਸੰਤ ਹੀ ਹੈਨ ਤਿਨਾ ਕੀ ਬੇਦ ਕੋ ਭੀ ਖਬਰ ਨਾਹੀ ਅਤੇ ਸੰਤਾ ਕੀ ਖਬਰ ਓਹ ਅਕਾਲ ਪੁਰਖ ਆਪ ਹੀ ਜਾਣੈ ਅਖਵਾ ਸੰਤਾ ਕੀ ਮਹਿਮਾ ਸੰਤ ਹੀ ਜਾਣਹਿ॥ ਓਹ ਅੰਤਰ ਆਤਮੇ ਕੇ ਸਮਾਇ ਰਹੈ ਹੈਨ॥ ਅਨਹਦ ਸਬਦ ਕੇ ਸਾਥ ਉਨਕੀ ਆਠ ਪਹਿਰ ਲਿਵ ਲਾਗ ਰਹੀ ਹੈ ਅਤੇ ਖੁਮਾਰੀ ਉਤਰਤੀ ਨਾਹੀ॥ ਨਾਮ ਦੇ ਸੰਗ ਵਿਚਰ ਰਹੇ ਹੈਨ ਦੁਨੀਆਂ ਕੀ ਸੁਰਤ ਭੁਲ ਗਈ ਹੈ॥ ਸਤਿਗੁਰ ਨਾਲ ਸਮਾਇ ਤਾਂ ਕਉਣ ਬੋਲੇ ਤੇ ਕਉਣ ਬਚਨ ਦੇਇ॥ ਜਬ ਐਸਾ ਹੂਆ ਤਬ ਸੰਸਾਰ ਤੇ ਉਲਟਾ ਹੂਆ ਅਤੇ ਬਾਣੀ ਭੀ ਉਸਕੀ ਉਲਟੀ ਹੋਇ ਜਾਤੀ ਹੈ॥ ਕਉਣ

ਸਮਝੇ ਕਉਣੁ ਬੀਚਾਰੇ॥ ਕੋਈ ਗੁਰਮੁਖ ਸਮਝੇ ਜਿਸ ਕੋ ਪੁਰੇਬ ਕਾ ਲਹਿਣਾ ਹੋਵੇਗਾ॥ ਜਿਥੇ ਸੰਤ ਹੋਵਨਗੇ ਓਥੇ ਕਲੀਕਾਲ ਦੇ ਲੋਕ ਉਨਾ ਦੀ ਨਿੰਦਾ ਕਰਦੇ ਹੈਨ ਉਨਾ ਸੰਤਾ ਕੋ ਚੋਰ ਜਾਰ ਕਹਿਨਗੇ॥ ਤਾਂ ਫੇਰ ਅਜਿਤੇ ਰੰਧਾਵੇ ਨੇ ਅਰਦਾਸ ਕੀਤੀ ਹੈ ਸਚੇ ਪਾਤਸਾਹੁ ਜੀ ਉਸ ਵਖਤ ਕਿਸੇ ਨੂੰ ਸਨਮੁਖ ਵੀ ਰਖੇਂਗਾ ਕੇ ਨਾਹੀ ॥ ਤਾਂ ਸ੍ਰੀ ਗੁਰੂ ਨਾਨਕ ਜੀ ਕਹੈ ਬਚਾ ਜਿਸਦੇ ਪੁਰੇਬ ਮਸਤਕ ਲੇਖ ਲਿਖਿਆ ਹੈ ਸੋ ਹੋਵੇਗਾ, ਤਿਸ ਨੋ ਏਹ ਵਸਤ ਪ੍ਰਾਪਤ ਹੋਵੇਗੀ॥ਸਲੋਕ॥ ਗਹਜ ਕਥਾ ਲੇ ਮਨ ਮਹਿ ਰਾਖੈ॥ ਓਅੰਕਾਰੁ ਅਖਰੁ ਚਿਤੁ ਮਹਿ ਭਾਖੈ॥ ਕਰੈ ਨਮਸਕਾਰ ਪੁਰੈ ਗੁਰਦੇਵਾ॥ ਨਾਨਕ ਮਿਲਿਐ ਅਲਖ ਅਭੇਵਾ॥ ੩੬॥ ਤਿਸਕਾ ਪ੍ਰਮਾਰਥ॥ ਬਚਾ ਅਜਿਤਿਆ ਗੁਹਜ ਕਥਾ ਜੋ ਹੈ ਸੋ ਸਬਦ ਹੈ॥ ਤਿਸਕੋ ਵਿਰਲਾ ਹੀ ਮਨ ਵਿਚ ਰਖੇਗਾ ਅਰ ਅਖਰ ਜੋ ਭਾਖੈ ਸੋ ਕੀ ਭਾਖੈ ਅਖਰ ਜੋ ਹੈ ਸੋ ਏਕੰਕਾਰ ਹੈ ਸ੍ਰਿਸਟ ਕਾ ਕਰਤਾ ਹੈ॥ ਉਨਕੀ ਦੀਖਿਆ ਸਚ ਸਬਦ ਹੈ॥ ਤਾਂ ਓਹ ਸਚ ਸਬਦ ਕਿਸ ਤੋ ਪਾਈਐ॥ ਸੋ ਪੁਰੇ ਗੁਰੂ ਤੋ ਪਾਈਐ॥ ਤੂੰ ਕਰ ਨਮਸਕਾਰ ਪੁਰੇ ਗੁਰਦੇਵ ਕੋ ਨਾਨਕ ਮਿਲੀਐ ਅਲਖ ਅਭੇਵ॥ ਸੋ ਮਨ ਕਿਸੇ ਬਾਤ ਭਿਜਦਾ ਨਾਹੀ॥ ਸੋ ਸਚੁ ਸਬਦ ਪਰ ਭਿਜਦਾ ਹੈ॥ ਤਾਂ ਅਜਿਤੇ ਰੰਧਾਵੇ ਅਰਦਾਸ ਕੀਤੀ ਜੀ ਸਚੇ ਪਾਤਸਾਹ ਕਿਛ ਪੁਨ ਦਾਨ ਭੀ ਫਲਦਾ ਹੈ ਕੇ ਨਾਹੀ॥ ਤਾ ਬੋਲਣਾ ਹੋਇਆ॥ ਸਲੋਕ ਕਰੈ ਦਾਨ ਜੋ ਗੁਰ ਕੋ ਭਾਵੈ॥ ਓਹ ਫਿਰ ਨਾਹੀ ਭੂਲੈ ਜਨਮੁ ਨ ਆਵੈ॥ ਨਾਨਕ ਸਚੀ ਦਰਗਹ ਪੈਧਾ ਜਾਵੈ॥੩੭॥ ਤਿਸਕਾ ਪ੍ਰਮਾਰਥ॥ ਸੁਣ ਭਾਈ ਅਜਿਤਿਆ ਇਹ ਜੋ ਦਾਨ ਕਰਦੇ ਹੈਨ ਸੋ ਸਉਦਾ ਕਰਦੇ ਹੈਨ॥ ਸੋ ਕੈਸਾ ਸਉਦਾ ਕਰਦੇ ਹੈਨ ਜੋ ਮੇਰੇ ਦੂਣੇ ਹੋਵਨ ਜਾ ਸਵਾਏ ਹੋਵਨ॥ ਅਰ ਕਹਿੰਦਾ ਹੈ ਜੋ ਮੈ ਕਰਦਾ ਹਾਂ ਸੋ ਮੈ ਪਾਵਾਂਗਾ ॥ ਜੋ ਦਾਨ ਕਰਕੇ ਫੁਲਤਾ ਹੈ ਸੋ ਫੇਰ ਗਰਭ ਮਹਿ ਆਵਤਾ ਹੈ॥ ਅਤੇ ਜੋ ਸਤਿਗੁਰੂ ਨੋ ਦਾਨ ਭਾਵਦਾ ਹੈ ਸੋਈ ਅਛਾ ਹੈ॥ ਤਾਂ ਅਜਿਤੇ ਰੰਧਾਵੇ ਅਰਦਾਸ ਕੀਤੀ ਜੀ ਸਚੇ ਪਾਤਸਾਹੁ ਜੀ ਓਹ ਕੇਹੜਾ ਦਾਨ ਹੈ ਜੋ ਸਤਿਗੁਰੂ ਨੂੰ ਭਾਂਵਦਾ ਹੈ॥ ਤਾ ਸ੍ਰੀ ਗੁਰੂ ਨਾਨਕ ਜੀ ਕਹੈ ਬਚਾ ਅਜਿਤਿਆ ਸਤਿਗੁਰਾਂ ਨੂੰ ਏਹ ਦਾਨ ਭਾਂਵਦਾ ਹੈ ਜੋ ਸਿਖ ਸਤਿਗੁਰਾ ਦੇ ਨਮਿਤ ਦਾਨ ਕਰੇ ਅਤੇ ਕਰੇ ਕਿਆ ਜੋ ਅਪਨਾ ਆਪ ਨਾ ਸੁਣਾਵੈ॥ ਅਤੇ ਜੋ ਕੁਛ ਕਰਦਾ ਤਾ ਆਖਦਾ ਹੈ ਜੋ ਮੇਰਾ ਇਸ ਮੋ ਕੁਛ ਨਾਹੀ॥ ਸਭ ਕੁਛ ਸ੍ਰੀ ਗੁਰੂ ਜੀ ਕਾ ਹੈ, ਅਤੇ ਦਾਤਾ ਭੁਗਤਾ ਸਤਿਗੁਰੂ ਆਪ ਹੈ ਔਰ ਸਾਸ ਸਾਸ ਸ੍ਰੀ ਗੁਰੂ ਜੀ ਕਾ ਜਾਪ ਕਰੈ॥ ਹੇ ਅਜਿਤਿਆ ਨਾਮ ਤੁਲ ਕੁਛ ਅਵਰ ਨਾਹੀ॥ ਹੇ ਬਚਾ ਉਸ ਕਾ ਦਾਨ ਸਤਿਗੁਰੂ ਕੋ ਭਾਵਦਾ ਹੈ, ਓਹ ਦਾਨ ਫਿਰ ਫਲਤਾ ਨਾਹੀ॥ ਫਲਤਾ ਏਹ ਹੈ ਜੋ ਗਰਭ ਜੂਨ ਮੋ ਨਹੀ ਆਵਤਾ॥ ਓਹ ਸਚੋ ਸਚੁ ਸਮਾਵਤਾ ਹੈ ਅਰ ਸਚੀ ਦਰਗਹਿ ਪਹਰਿਆ ਜਾਵੈਗਾ॥ ਸਲੋਕ ॥ ਆਦਿ ਪੁਰਖ ਤੇ ਸਭ ਡਰ ਪਾਨੀ ਨੈਨ ਨੀਦ ਬਿਲੋਵੈ॥ ਜੋ ਕਛੁ ਕਰਨਾ ਸੋ ਕਰ ਰਹਿਆ ਬਹੁਰ ਨਾ ਕਰਨਾ ਹੋਵੇ॥੩੮॥ ਤਿਸਕਾ ਪ੍ਰਮਾਰਥ॥ ਭਾਈ ਅਜਿਤਿਆ ਸਭ ਕਛੁ ਆਦਿ ਪੁਰਖ ਕਾ ਕਰਨਾ ਹੋਦਾ ਹੈ॥ ਜਿਉ ਤਿਸ ਭਾਵੈਗਾ ਤਿਉ ਹੀ ਕਰੈਗਾ॥ ਇਕ ਸਮਾਂ ਐਸਾ ਆਵੈਗਾ ਭਾਈ ਗੁਰੂ ਕਾ ਦਰਸਨ ਕਰਮਾ ਕਰ ਹੋਵੇਗਾ ਤੇ ਗੁਰੂ ਆਪਣੇ ਵੈਰਾਗ ਵਿਚ ਰਹੈਗਾ ਅਤੇ ਸਿਖ ਪੁਤ੍ਰ ਕੋਈ ਨਜ਼ੀਕ ਨਾ ਆਵੇਗਾ॥ ਬਚਾ ਬਾਣੀ ਗੁਰੂ ਕੀ ਅਗਮ ਅਗਾਧ ਹੈ ਪਰ ਏਹ ਪੰਜਾ ਮਹਿਲਾ ਵਿਚ ਹੋਵੇਗੀ॥ ਜਾ ਪੰਜਾਵਾ ਜਾਮਾ ਗੁਰੂ ਪਾਵੇਗਾ ਤਾ ਮਿਹਰ ਹੋਵੇਗੀ॥ ਤਿਸ ਤੇ ਪਿਛੇ ਗੁਰੂ ਭਾਣੇ ਕਾ ਖਸਮ ਹੋਵੇਗਾ॥ ਉਸ ਸਮੇਂ ਹੋਰ ਹੀ ਸਾਂਗ

ਗੁਰੂ ਕਰੇਗਾ॥ ਪਰ ਜਦੋਂ ਗੁਰੂ ਨਾਵਾ ਜਾਮਾ ਪਹਿਰੇਗਾ ਅਤੇ ਛੇਵੀ ਪਾਤਸ਼ਾਹੀ ਬਾਬਰ ਕੀ ਹੋਵੇਗੀ, ਤਿਸ ਸਮੇਂ ਬਚਾ ਅਜਿਤਿਆ ਅਸੀਂ ਆਪਣਾ ਆਪ ਤਜਹਿਗੇ ਬਚਾ ਤਿਸ ਸਮੇ ਇਕ ਵੱਡਾ ਚੋਜ ਵਰਤੇਗਾ॥ਸਲੋਕ॥ ਮਲੇਛ ਜਾਮਾ ਬਹੁਤ ਹੋਇਕੈ ਕਰੇ ਹਿੰਦੂਆ ਪਰ ਜੋਰ॥ ਇਕ ਵਰਨੁ ਸਭ ਸ੍ਰਿਸਟਿ ਹੋਇ ਵਰਤੈ ਹੋਵੈ ਧੁੰਧੂ ਕੋਰ॥ ਹਿੰਦ ਧਰਮ ਕੇ ਕਾਰਨੇ ਕਰੇਗਾ ਭਾਰੀ ਸਾਂਗ॥ ਨਾਵਾ ਜਾਮਾ ਪਲਟਿ ਕੈ ਦਸਵਾ ਪਹਿਰੋ ਤਾਗ॥ ਜੈਕਾਰ ਕਰੈ ਸਭ ਜਗਤ ਮੈ ਓਹੀ ਨਾਨਕ ਸਾਹੁ॥ ਸੰਤ ਜਨਾਂ ਕੈ ਕਾਰਣੇ ਦੁਸਟਾ ਮਾਰੇ ਧਾਇ॥ ੩੯॥ ਤਿਸਕਾ ਪ੍ਰਮਾਰਥ॥ ਭਾਈ ਅਜਿਤਿਆ ਓਹ ਅਜਿਹਾ ਸਮਾ ਆਵੇਗਾ ਜੋ ਮਲੇਛ ਹਿੰਦੂਆ ਪਰ ਬਹੁਤ ਜੋਰ ਕਰਨਗੇ ਅਤੇ ਮਲੇਛ ਕਹੇਗਾ ਕੇ ਜਹਾਂ ਤਕ ਮੇਰੀ ਪਾਤਸਾਹੀ ਹੈ ਤਹਾਂ ਤੀਕਰ ਹਿੰਦੂ ਸਭ ਇਕ ਵਰਨ ਹੋ ਜਾਨ ਅਤੇ ਜੋ ਕੋਈ ਹਿੰਦੂਆਂ ਦੇ ਪੀਰ ਹੈਨ ਔਰ ਠਾਕਰਦੁਆਰੇ ਤੇ ਤੀਰਥ ਸਭ ਕੋ ਬੰਦ ਕਰ ਦੇਵੇਗਾ ਤਾਂ ਹਿੰਦੂਆਂ ਕੋ ਕੋਈ ਉਪਾਵ ਹਥ ਨਾ ਆਵੇਗਾ॥ ਜਹਾਂ ਤੀਕਰ ਹਿੰਦੂ ਹੈਨ ਸਭ ਸੁੰਨ ਹੋਇ ਜਾਵੇਂਗੇ॥ ਤਿਸ ਕਰਕੇ ਸੰਤ ਜਨਾ ਕੋ ਬਹੁਤ ਕਸੀਸ ਪਹੁਚੇਗੀ॥ ਭਾਈ ਅਜਿਤਿਆ ਤਿਸ ਸਮੇਂ ਸੰਤਾ ਕੇ ਕਾਰਣ ਔਰ ਗਊ ਬ੍ਰਾਹਮਨਾ ਦੇ ਪਿਛੇ ਗੁਰੂ ਅਪਨੇ ਸੀਸ ਉਪਰ ਭਾਰ ਲੇਵੇਗਾ॥ ਤਿਸ ਅਸਥਾਨ ਅਪਨੀ ਦੇਹੀ ਅਰਪ ਦੇਵੇਗਾ ਅਤੇ ਜੰਞ ਟਿਕੇ ਦੀ ਲਾਜ ਰਖ ਲਵੈਗਾ॥ ਅਤੇ ਬਚਾ ਅਜਿਤਿਆ ਸੰਸਾਰ ਐਸਾ ਭੋਲਾ ਹੋਵੇਗਾ ਤਿਸ ਸਮੇ ਗੁਰੂ ਕੀ ਨਿੰਦਾ ਕਰਨਗੇ॥ ਕਹਿਣਗੇ ਜੇ ਗੁਰੂ ਪਾਸ ਕੁਛ ਹੋਦਾ ਤਾ ਆਪਨਾ ਆਪ ਜਾਹਰ ਕਰਦੇ ਅਤੇ ਜੋ ਪ੍ਰਤੀਤ ਵਾਲੇ ਸਿਖ ਸੰਤ ਹੋਨਗੇ ਸੋ ਕਹਿਨਗੇ ਧੰਨ ਸਾਡਾ ਸਤਿਗੁਰੂ ਹੈ॥ ਪ੍ਰਮਾਰਥ ਵਾਸਤੇ ਸਤਿਗੁਰਾਂ ਆਪਨਾ ਆਪੁ ਤਜ ਦਿਤਾ ਹੈ॥ ਬਚਾ ਅਜਿਤਿਆ ਜੇਕਰ ਉਸ ਸਮੇ ਗੁਰੂ ਆਪਣੀ ਦੇਹੀ ਨਾ ਛੋਡੇਗਾ ਤਾਂ ਜਿਥੇ ਤੀਕਰ ਹਿੰਦ ਹੋਵੇਗੀ ਸੋ ਸਭ ਇਕ ਵਰਨ ਹੋ ਜਾਵੇਗੀ॥ ਪਰ ਬਚਾ ਸੰਤ ਜਨਾਂ ਦੇ ਕਾਰਨੇ ਗੁਰੂ ਸੰਸਾਰ ਕੀ ਰਖਿਆ ਕਰੇਗਾ॥ ਅਤੇ ਬਚਾ ਫੇਰ ਦਸਵਾ ਜਾਮਾ ਅਜਿਹਾ ਪੈਹਰ ਬੈਠੇਗਾ ਜੋ ਜਿਥੇ ਸੰਤਾਂ ਦਾ ਦੋਖੀ ਹੋਵੇਗਾ ਉਸਨੂੰ ਥਾਇ ਮਾਰੇਗਾ ਫੇਰ ਨਵਾਂ ਧਰਮ ਚਲਾਵੇਗਾ॥ਸਲੋਕ॥ ਬਾਬਾ ਪਹਿਲੇ ਮਹਿਲ ਸੀ ਦਸਵਾ ਪ੍ਰਗਟ ਸੀ ਆਇ॥ ਜਿਸ ਨੋ ਬਖਸੇ ਨਾਨਕਾ ਤਿਸਨੋ ਦੇਇ ਬੁਝਾਇ ॥੪੦॥ ਤਿਸਕਾ ਪ੍ਰਮਾਰਥ॥ ਭਾਈ ਅਜਿਤਿਆ ਏਹ ਜੋ ਪਹਿਲਾ ਸਰੂਪ ਹੈ ਸੋ ਦਸਵਾਂ ਇਸ ਥੀ ਨਿਰਾਲਾ ਹੋਇਗਾ ਅਤੇ ਵਿਚ ਵਿਚ ਜੋ ਜਾਮੇ ਪਹਿਰੇਗਾ ਸੋ ਸੰਜਮ ਵਿਚ ਰਹੈਗਾ॥ ਆਪਣਾ ਆਪ ਸਬਦ ਵਿਚ ਜਾਹਿਰ ਕਰੇਗਾ ਪਰ ਦਸਵੇਂ ਜਾਮੇ ਆਪਨਾ ਆਪ ਜਾਹਰ ਕਰੇਗਾ ਅਤੇ ਆਪਨਾ ਪੰਥ ਹਿੰਦੂਆ ਤੇ ਮੁਸਲਮਾਨਾ ਤੇ ਨਿਆਰਾ ਪ੍ਰਗਟਾਵੇਗਾ ਅਤੇ ਇਕ ਵਾਕ ਐਸਾ ਕੁਰਸੀ ਤਿਸ ਵਾਕ ਸੇ ਸਿਖੀ ਕਾ ਮੂਲ ਬੱਝੇਗਾ ਪਰ ਸੁੰਨ ਹੀ ਰਹੇਗਾ॥ਅਤੇ ਦਰਸਨ ਅਵਿਹਾ ਹੋਇਗਾ ਜੈਸਾ ਕਰੜੀ ਕਮਾਨ ਦਾ ਤੀਰ ਹੋਂਦਾ ਹੈ॥ ਔਰ ਜੋ ਮਸਤਕ ਲਗੇਗਾ ਸੋ ਉਸ ਦਾ ਉਧਾਰ ਹੋ ਜਾਵੇਗਾ ਅਤੇ ਜੋ ਕੋਈ ਉਸਕੇ ਵਚਨ ਪਰ ਮੁਹਕਮ ਰਹੈਗਾ ਸੋ ਤਰ ਜਾਵੇਗਾ॥ ਅਵੇਹਾ ਬਚਨ ਕਰੜਾ ਕਰੇਗਾ ਜੋ ਸਨਮੁਖ ਕੋਈ ਖੜਾ ਨ ਹੋਇ ਸਕੇਗਾ॥ ਹੇ ਭਾਈ ਅਜਿਤਿਆ ਉਸ ਸਮੇਂ ਅਵੇਹਾ ਹੋਵੇਗਾ ਕੇ ਕੋਈ ਆਪਣੇ ਗੁਰੂ ਪੀਰ ਕਉ ਨਾ ਜਾਣੇਗਾ ਅਤੇ ਆਪੋ ਆਪਣੇ ਮਾਰਗ ਚਲੈਗਾ ਤੇ ਗੁਰੂ ਅਵੇਹਾ ਹੋਇ ਬੈਠੇਗਾ ਜੋ ਆਪਣੀ ਕਲਾ ਰਖੇਗਾ ਤਾ ਉਸ ਸਮੇਂ ਸਿਖ ਅਰਦਾਸ ਕਰਨਗੇ॥ਸਲੋਕ॥ ਇੰਦ੍ਰਾਆਦਕ ਬ੍ਰਹਮਾਦਿਕਾਂ ਭਗਤਾ ਕੇ ਅਵਤਾਰ ਹਾਥ ਜੋੜ ਬਿਨਤੀ ਕਰਹਿ ਠਾਢੇ ਆਇ

ਦੁਆਰ॥ ਸੁੰਨ ਮੰਡਲ ਕੇ ਕਾਰਨੇ ਹਰਿ ਏਹ ਕਰਹੁ ਬੀਚਾਰ॥ ਜਾਮਾ ਰਾਖੋ ਅੰਕ ਕਾ ਨਾਨਕ ਮੁਕਤ ਪਾਏ ਸੰਸਾਰ॥੪੧॥ ਤਿਸਕਾ ਪ੍ਰਮਾਰਥ॥ ਬਚਾ ਸਿਖ ਅਰਦਾਸ ਕਰਨਗੇ ਇੰਦ੍ਰਆਦਕ ਸਨਕਾਦਕ ਭਗਤਿ ਜਨਾ ਕੇ ਅਉਤਾਰ, ਓਹ ਹਥ ਜੋੜ ਕਰ ਅਰਦਾਸ ਕਰਨਗੇ ਚੰਦ ਸੂਰਜ ਅਕਾਸ ਪਉਣ ਪਾਣੀ ਏਹ ਸਤਿਗੁਰੂ ਪਾਸ ਗੁਪਤ ਅਰਦਾਸ ਕਰਨਗੇ ਜੋ ਹੇ ਪਾਰਬ੍ਰਹਮ ਜੀ ਏ ਮੰਡਲ ਬਿਨਾਂ ਤੇਰੀ ਜੋਤ ਸੁੰਨ ਹੋਇ ਜਾਵੇਗੀ ਤੇ ਗੁਰੂ ਕੇ ਸਬਦ ਬਿਨਾ ਮੰਡਲ ਖਾਲੀ ਰਹੇਗਾ॥ ਸੰਸਾਰ ਸਭ ਭ੍ਰਿਸਟ ਹੋਇ ਜਾਵੇਗਾ॥ ਭਾਈ ਅਜਿਤਿਆ ਜਿਤਨਾ ਚਿਰ ਗੁਰੂ ਵਰਤੈਗਾ ਤਿਚਰ ਸੰਸਾਰ ਮੋ ਭਉ ਹੋਇਗਾ॥ ਭਾਈ ਬਿਨਾ ਸਤਿਗੁਰੂ ਕੇ ਜਾਮੇ ਤੋ ਬਗੈਰ ਭਾਉ ਭਗਤੀ ਨਹੀਂ ਹੋਇਗੀ॥ ਅਤੇ ਬਿਨਾ ਭਾਉ ਭਗਤਿ ਹਮ ਕਿਉਂਕਰ ਰਹੇਗੇ॥ ਅਤੇ ਸੰਸਾਰ ਮੈਂ ਕਿਉਂਕਰ ਕੋਈ ਮੋਖ ਪਾਵੇਗਾ ਅਤੇ ਕਿਉਂਕਰ ਕੋਈ ਪਾਰਗ੍ਰਾਮੀ ਹੋਵੇਗਾ॥ ਬਿਨਾ ਤੇਰੇ ਹੇ ਸਚੇ ਪਾਤਸਾਹ ਜਬ ਤੇ ਬੋਧਰੂਪ ਕੀਤਾ ਸਬਦ ਨਾਲੋ ਫਿਰ ਖਲੋਨਗੇ॥ ਕੋਈ ਕਿਸੇ ਕਉ ਬਦੇਗਾ ਨਾਹੀ॥ ਸਭ ਆਪਣੇ ਮਤ ਮੈ ਚਲਣਗੇ॥ ਕੋਈ ਐਸਾ ਜਬਾਬ ਹੋਵੇ ਜੋ ਕਲੀ ਕਾਲ ਮੋ ਮੋਖ ਪ੍ਰਾਪਤ ਹੋਵੇ ਜੀ॥ ਬਚਾ ਅਜਿਤਿਆ ਜਬ ਏਹ ਅਰਦਾਸ ਸਿਖ ਕਰਨਗੇ ਤਾਂ ਉਨਾ ਦੇ ਵਾਸਤੇ ਇਕ ਰੰਚਕ ਦਿਵਾਨ ਲਗੇਗਾ॥ ਇਕਇਤ ਮਹਿਲ ਗੁਰੂ ਹੋਇ ਬੈਠੇਗਾ॥ ਜੋ ਕੋਈ ਉਸ ਵਖਤ ਦਰਸਨ ਕਰੇਗਾ ਸੋ ਨਿਹਾਲ ਹੋਵੇਗਾ ਅਤੇ ਜਨਮ ਮਰਨ ਥੀ ਰਹਤ ਹੋਵੇਗਾ॥ ਅਤੇ ਬਚਾ ਗੁਰੂ ਸੰਜਮ ਐਸਾ ਇਕ ਕਰੇਗਾ ਸਿਖੀ ਕਾ ਬੀਜ ਰਖ ਜਾਵਨਗੇ॥ ਅਤੇ ਬਚਾ ਜੇਕਰ ਗੁਰੂ ਏਨਾ ਭਗਤਾਂ ਸਿਖਾ ਦੀ ਅਰਦਾਸ ਨਾ ਸੁਨਦਾ ਤਾ ਜਿਥੋ ਤੀਕਰ ਨਉਖੰਡ ਪ੍ਰਿਥਮੀ ਹੈ ਸੀ ਸੋ ਸਭ ਭ੍ਰਿਸਟ ਹੋਇ ਜਾਤੀ॥ ਇਹ ਪਉਣ ਪਾਣੀ ਧਰਤੀ ਅਕਾਸ ਚੰਦ ਸੂਰਜ ਤਿਚਰ ਤਾਈ ਕਾਇਮ ਹੈਨ ਜਿਤਨਾ ਚਿਰ ਗੁਰੂ ਹੈ॥ ਨਾਹੀ ਤਾਂ ਏਹ ਭੀ ਠਹਰਨਗੇ ਨਾਹੀ॥ਪਰ ਬਚਾ ਤੁਰਕਾਇਣ ਬਹੁਤ ਪਿਛਾ ਕਰਨਗੇ ਸਤਿਗੁਰੂ ਕਾ॥ ਪਰ ਗੁਰੂ ਉਨ ਕਉ ਮਿਲਨਗੇ ਨਾਹੀ॥ ਤਾਂ ਅਜਿਤੇ ਰੰਧਾਵੇ ਅਰਦਾਸ ਕੀਤੀ ਜੀ ਸਚੇ ਪਾਤਸਾਹੁ ਜੀ ਇਕ ਵਿਸਵਾਸ ਮੇਰੇ ਮਨ ਵਿਚ ਹੈ॥ ਕਿਉਂਕਿ ਆਪ ਕਾ ਬੋਲਣਾ ਹੋਇਆ ਸੀ ਜੋ ਬਾਬਰ ਮੇਰਾ ਭਗਤ ਹੈ ਅਤੇ ਭਗਤੀ ਕਰਕੇ ਪਾਤਸਾਹੀ ਲਈ ਹੈਸ॥ ਹੇ ਸਚੇ ਪਾਤਸਾਹੁ ਜੀ ਏਹ ਆਪਕਾ ਹੀ ਸਿਖ ਹੋਇ ਕਰ ਅਤੇ ਆਪ ਕਾ ਹੀ ਪਿਛਾ ਕਰੇਗਾ॥ ਹੇ ਗ੍ਰੰਬ ਨਿਵਾਜ ਜੀ ਮੇਰੀ ਇਹ ਭੀ ਨਿਸਾ ਕਰੋ ਜੀ ਜੋ ਕਿਉਂਕਰ ਪਾਤਸਾਹੀ ਬਾਬਰ ਕੋ ਬਖਸੀ ਹੈ ਜੀ॥ ਤਾਂ ਸ੍ਰੀ ਗੁਰੂ ਜੀ ਨੇ ਸਲੋਕ ਉਚਾਰਿਆ॥ ਸਲੋਕ॥ ਬਾਬਰ ਧਾਣਾ ਕਾਬਲੋਂ ਆਇਆ ਹਿੰਦੁਸਤਾਨ॥ ਪਹਿਲੋ ਮਾਰਿਆ ਸੈਦਪੁਰੇ ਬਹੁਤ ਹੋਈ ਕਤਲਾਮੂ॥ ਰਹਿੰਦੇ ਬੰਦੀ ਕੀਤਿਓਸ ਸਉਪੇ ਫੇਰ ਸੈਤਾਨ॥ ਅਗੋ ਦੇ ਜੇ ਚੇਤੀਐ ਤਾਂ ਕਿਉ ਹੋਈਐ ਪਰੇਸਾਨ॥ ਗੁਰੂ ਦੇਖਿ ਨ ਸਕਿਆ ਬਦਿ ਕੋ ਬਹੁਤ ਮਿਲੈ ਸਜਾਇ॥ ਬਾਬਰ ਕੋ ਫੁਰੇਮਾਇਆ ਸਭ ਬੰਦੀ ਦੇਇ ਛੁਡਾਇ॥ ਬਾਬਰ ਚਰਨੀ ਢਹਿ ਪਿਆ ਮੁਝ ਕਉ ਕਰੋ ਦੁਆਇ॥ ਪਾਤਸਾਹੀ ਚਿਰ ਤਾਈ ਕਰਹੁ ਫੇਰ ਨ ਕਾਹੂੰ ਜਾਇ॥ ਬਾਬਰ ਕੀ ਬੇਨਤੀ ਸੁਨੀ ਸਤਿਗੁਰੂ ਭਏ ਦਇਆਲ॥ ਪਾਤਸਾਹੀ ਚਿਰ ਤੀਕਰ ਦਿਤੀਆ ਨਾਨਕ ਨਦਰਿ ਨਿਹਾਲ॥੪੨॥ ਤਿਸਕਾ ਪ੍ਰਮਾਰਥ॥ ਭਾਈ ਅਜਿਤਿਆ ਜਾਂ ਪਹਿਲੋ ਬਾਬਰ ਕਾਬਲੋ ਆਇਆ ਹੈ ਸੀ ਤਾਂ ਪਹਿਲਾ ਹਿੰਦੁਸਤਾਨ ਮਾਰਿਆ॥ ਤਿਸ ਸਮੇ ਗੁਰੂ ਸੈਦਪੁਰੇ ਵਿਚ ਆਹਾ॥ ਅਤੇ ਸੈਦਪੁਰੇ ਦੇ ਲੋਕ ਬਹੁਤ ਨਿਰਦਇ ਆਹੇ॥ ਪੀਰ ਫਕੀਰ ਕਉ ਜਾਣਦੇ ਭੀ ਨਹੀ॥ ਤਾ ਗੁਰੂ ਕੇ ਹੁਕਮ

ਨਾਲ ਓਹ ਮਾਰੇ ਗਏ ਅਤੇ ਕੁਛ ਬੰਦ ਕੀਤੀਓਸੁ॥ ਤਾ ਭਾਈ ਅਜਿਤਿਆ ਉਨਾ ਬੰਦੀਵਾਨਾ ਕਉ ਦੇਖਕਰ ਗੁਰੂ ਕਉ ਤਰਸ ਆਇਆ॥ ਤਾਂ ਸ੍ਰੀ ਗੁਰੂ ਨੇ ਸਬਦ ਵਿਚ ਬਾਬਰ ਕਉ ਬੁਲਾਇਆ ਤਾਂ ਬਾਬਰ ਸਬਦ ਸੁਨ ਕਰ ਗੁਰੂ ਬਾਬੇ ਦੇ ਪਾਸ ਆਇਆ॥ ਤਾਂ ਸ੍ਰੀ ਗੁਰੂ ਜੀ ਬਾਬਰ ਦੇ ਮਨ ਵਿਚ ਭਉ ਪਾਇਆ ਤਾਂ ਲਗਾ ਕਹਿਣ ਦੇ ਗਰੀਬ ਨਿਵਾਜ ਜੀ ਮੇਰੇ ਉਪਰ ਮੇਹਰਬਾਨੀ ਕਰੋ॥ ਤਾ ਬਚਨ ਹੋਇਆ ਕਿ ਤੇਰੇ ਉਪਰ ਬਹੁਤ ਖੁਸੀ ਹੋਈ ਹੈ ਪਰ ਏਹ ਬੰਦੀਆਂ ਪਠਾਨਾ ਦੀਆਂ ਛੋਡ ਦੇਹੁ॥ ਤਾਂ ਕਹਿਣੇ ਲਗਾ ਜੀ ਬੰਦੀਵਾਨ ਤਾਂ ਮੈ ਛਡਦਾ ਹਾਂ ਜੇ ਮੇਰਾ ਰਾਜ ਚਿਰ ਤੀਕਰ ਰਹੇ॥ ਤਾਂ ਭਾਈ ਅਜਿਤਿਆ ਭਗਤ ਚਿਰ ਤੀਕਰ ਪਾਤਸਾਹੀ ਕਰਦਾ ਹੈ॥ ਪਰ ਭਾਈ ਅਜਿਤਿਆ ਪਿਛੋ ਮਹਿਲਾ ਨਾਲ ਬਾਬਰ ਦੀ ਉਲਾਦ ਅੜਦੀ ਰਹੇਗੀ॥ ਜਿਤਨਾ ਚਿਰ ਏਹਨਾ ਦਾ ਅਮਲ ਰਹੈਗਾ ਅਤੇ ਭਾਈ ਤਿਸ ਤੋ ਪਿਛੋਂ ਗੁਰੂ ਜਿਸ ਨੋ ਚਾਹੇ ਸੋ ਬਖਸੇਗਾ ਜਾ ਗੁਰੂ ਚੰਦ੍ਰਾਵਲ ਖੇੜੇ ਨਿਵਾਸ ਕਰੇਗਾ ਤਾਂ ਬਾਬਰ ਦੀ ਅਉਲਾਦ ਸਿਖ ਹੋਵੇਗੀ॥ਅਤੇ ਵਿਚ ਵਿਚ ਅੜਦੇ ਹੀ ਰਹਿਨਗੇ॥ ਤਦ ਗੁਰੂ ਓਹਨਾ ਉਪਰ ਦਇਆਲ ਹੋਵੇਗਾ ਅਤੇ ਜੇਹੜੇ ਜੇਹੜੇ ਗੁਰੂ ਪਾਸੋਂ ਮੂੰਹ ਫੇਰਨਗੇ ਉਨਾ ਨੂੰ ਬਾਬਰ ਕੇ ਸਿਧੇ ਕਰਨਗੇ ਅਤੇ ਜੋ ਗੁਰੂ ਕੇ ਬਚਨਾ ਉਪਰ ਚਲਣਗੇ ਉਨਾਂ ਦੇ ਨੇੜੇ ਜਮ ਭੀ ਨਾ ਆਇ ਸਕੇਗਾ॥ ਤਾਂ ਅਜਿਤੇ ਰੰਧਾਵੇ ਅਰਦਾਸ ਕੀਤੀ ਜੀ ਸਚੇ ਪਾਤਸਾਹੁ ਜਦ ਨਾਵਾ ਗੁਰੂ ਹੋਵੇਗਾ ਤਿਸ ਤੋ ਅਗੇ ਹੀ ਹੋਵੇਗਾ ਕੇ ਪਿਛੋਂ ਹੋਗਾ॥ ਤਾ ਬਚਨ ਹੋਇਆ॥ਸਲੋਕੁ ॥ ਦਸਵਾ ਜਾਮਾ ਪਹਿਰ ਕਰ ਵਰਤੇ ਧੰਧੁਕਾਰ ਭਾਰੀ ਸਾਗ ਵਰਤਦਾ ਫਿਰ ਜਾਸੀ ਸੰਸਾਰ॥ ਮੰਨੇ ਹੁਕਮ ਸੋ ਬਖਸੀਐ ਨਾਤਰੁ ਹੋਇ ਖੁਆਰੁ॥ ਨਾਨਕ ਸਚਾ ਪਾਤਿਸਾਹੁ ਕਿਨੇ ਨਾ ਪਾਇਓ ਪਾਰ॥੪੩॥ ਤਿਸਕਾ ਪਰਮਾਰਥ॥ ਭਾਈ ਅਜਿਤਿਆ ਗੁਰੂ ਜਦ ਦਸਵਾ ਜਾਮਾ ਹੋਵੇਗਾ ਤਾ ਜਗਤ ਵਿਖੇ ਰੌਲਾ ਬਹੁਤ ਹੋਇ ਜਾਵੇਗਾ ਤਾਂ ਭਾਈ ਗੁਰੂ ਅਜੇਹਾ ਵਿਹਾਰ ਬੰਨੇਗਾ ਜੋ ਸੁਣ ਸੁਣ ਖੋਟੇ ਆਦਮੀ ਬਹੁਤ ਡਰਨਗੇ ਅਤੇ ਆਪਣੇ ਸਿਖ ਸੰਸਾਰ ਵਿਚੋ ਚੁਣ ਕਢੇਗਾ ਜਿਉ ਰੇਤ ਵਿਚੋਂ ਸੋਇਨੇ ਦੇ ਕਿਨਕੇ ਚੁਣਕੇ ਕਢ ਲਈਦੇ ਹੈਨ॥ ਜੈਸੇ ਦੁਧ ਵਿਚੋਂ ਘਿਓ ਨਿਕਾਲ ਲਈਦਾ ਹੈ॥ ਤਿਉ ਆਪਨੇ ਸਿਖ ਸੰਤ ਸੰਸਾਰ ਵਿਚੋ ਨਿਆਰੇ ਕਰ ਲੇਵੇਗਾ ਅਤੇ ਬਚਨ ਅਜਿਹਾ ਕਰੜਾ ਰਖੇਗਾ ਜਿਸ ਨੂੰ ਸੁਨ ਕਰ ਪਾਬਰਾਂ ਲੋਕਾਂ ਸੇ ਤੁਟ ਜਾਵੇਗੇ॥ ਅਤੇ ਜੋ ਉਸਕੇ ਬਚਨੋ ਪਰ ਤਕੜਾ ਰਹੇਗਾ ਤਿਸ ਕੋ ਆਪਣਾ ਸਬਦ ਦੇਵੇਗਾ॥ ਅਤੇ ਜੋ ਨਵਾਂ ਮਹਿਲਾਂ ਥੀ ਸਿਖ ਪਿਛੇ ਰਹੇਗਾ ਤਿਸ ਕੋ ਭੁਲਾ ਦੇਵੇਗਾ ਅਤੇ ਕੋਈ ਵਿਰਲਾ ਹੀ ਰਹੇਗਾ ਜਿਸ ਕੇ ਅੰਦਰ ਗੁਰੂ ਦਾ ਸਬਦ ਵਸੇਗਾ॥ ਅਤੇ ਬੀਜ ਮੰਤ੍ਰ ਕੇ ਵਾਸਤੇ ਜਿਨਾ ਹੁਕਮ ਮੰਨਿਆ ਹੋਵੇਗਾ ਸੋ ਅਰਦਾਸ ਕਰਨਗੇ ਜੀ ਪਾਤਸਾਹੁ ਤੇਰੇ ਸਿਖ ਹੈਨ, ਤੇਰਾ ਹੀ ਨਾਮ ਜਪਦੇ ਹੈਨ ਆਪਨੇ ਨਾਮ ਦੀ ਟੇਕ ਰਖਣੀ॥ ਜਾਂ ਇਹ ਅਰਦਾਸ ਸਿਖ ਕਰਨਗੇ ਤਾ ਉਨਾ ਸਿਖਾ ਪਰ ਬਹੁਤ ਖੁਸੀ ਹੋਵੇਗਾ ਅਤੇ ਆਖੇਗਾ ਬਚਾ ਜੋ ਮੇਰੇ ਬਚਨਾ ਉਪਰ ਪਹਿਰਾ ਦੇਵੇਗਾ ਸੋ ਨਿਹਾਲ ਹੋਵੇਗਾ ਅਤੇ ਜੋ ਮੇਰਾ ਬਚਨ ਮੰਨੇਗਾ ਸੋ ਤੂਟਾ ਹੂਆ ਫੇਰ ਗੁਰੂ ਭਾਵੇ ਤਾ ਮਿਲੇਗਾ॥ ਅਤੇ ਜੋ ਮੇਰਾ ਸਿਖ ਹੋਵੇਗਾ ਸੋ ਮੇਰਾ ਹੁਕਮ ਮੰਨੇਗਾ ਅਤੇ ਪੂਰਨ ਮੇਲੇ ਜਾਵੇਗੇ ਅਤੇ ਜੋ ਸਤਿਗੁਰੂ ਕਾ ਜਾਮਾ ਹੈ ਸੋ ਸੰਸਾਰ ਜੋ ਹੈ ਸੋ ਭਉਜਲ ਹੈ॥ ਜਿਉਂ ਸਮੁੰਦਰ ਕਾ ਪਾਨੀ ਖਾਰਾ ਹੈ ਤਿਉਂ ਸੰਸਾਰ ਪਾਪਾ ਕਾ ਕਾਰਨ ਹੈ ਅਤੇ ਜੋ ਗੁਰੂ ਕੇ ਜਹਾਜ਼ ਪਰ ਚੜ੍ਹੇਗਾ ਸੋ ਭਉਜਲ ਸੇ ਪਾਰ ਲੰਘੇਗਾ॥ ਅਤੇ ਜੋ ਬੇਮੁਖ ਹੋਵੇਗਾ ਸੋ ਜਹਾਜ਼ ਪਰ ਚੜਨ ਨ ਪਾਵੇਗਾ॥ ਸੋ

ਭਉਜਲ ਮੈ ਗੋਤੇ ਖਾਵੈਗਾ ਅਤੇ ਜੋਨੀ ਮੈ ਭਰਮੇਗਾ॥ ਅਤੇ ਦਸਵਾ ਜਾਮਾ ਜੋ ਹੈ ਸੋ ਉਸ ਜਹਾਜ਼ ਪਰ ਕੋਈ ਨਾ ਚੜੇਗਾ ਤੇ ਨਾ ਚੜਨਾ ਪਾਵੇਗਾ ਅਤੇ ਦੀਵਾਨ ਜੋ ਹੈ ਸੋ ਪੁਰੇਜਾ ਹੋਇ ਲਗੇਗਾ॥ਪੁਰੇਜਾ ਕੀ ਹੈ ਜੋ ਇਕ ਮਣ ਚੀਜ਼ ਹੋਂਦੀ ਹੈ ਅਤੇ ਸੇਰ ਦ੍ਰਿਸਟੀ ਆਉਂਦੀ ਹੈ॥ ਤਿਸਕੀ ਨਿਆਈ ਜਾਹਰ ਜਾਨੀਐਗਾ ਨਾਹੀ ਅਤੇ ਪੁਰੇਜੇ ਕੀ ਨਿਆਈ ਕੋਈ ਵਿਰਲਾ ਹੀ ਸਿਖ ਰਹੇਗਾ ਹੋਰ ਸਭ ਭੁੱਲ ਜਾਵੇਗੀ॥ਉਤ ਵਖਤ ਧੁੰਧੂਕਾਰ ਵਰਤ ਜਾਵੇਗਾ ਅਤੇ ਲੋਹੇ ਕੀ ਪੂਜਾ ਬਹੁਤ ਹੋਵੇਗੀ ਤੇ ਸੰਸਾਰ ਭੁਲਕਰ ਕੁਰਾਹੇ ਪੈ ਜਾਵੇਗਾ॥ ਉਨ ਕਉ ਗੁਰੂ ਨਜਰੀ ਨਾਹੀ ਆਵੇਗਾ ਜਿਉ ਧੁੰਧ ਮੈ ਸੂਰਜ ਛਪ ਜਤਾ ਹੈ॥ ਉਸ ਵਖਤ ਤੁਰਕ ਕਾ ਤੇਜ ਬਹੁਤ ਹੋ ਜਾਵੇਗਾ ਅਤੇ ਹਿੰਦੂਆਂ ਦਾ ਤੇਜ ਘਟ ਜਾਵੇਗਾ॥ ਫੇਰ ਗੁਰੂ ਹਿੰਦੂ ਤੇ ਮੁਸਲਮਾਨਾਂ ਵਿਚੋਂ ਨਿਆਰਾ ਹੋਵੇਗਾ॥ ਜੋ ਦਰਸਨ ਕਰੇਗਾ ਸੋ ਨਿਹਾਲ ਹੋਵੇਗਾ॥ ਇਕ ਐਸੇ ਲੋਕ ਹੋਨਗੇ ਸੋ ਗੁਰੂ ਪਾਸੋ ਕਰਾਮਾਤ ਮੰਗਨਗੇ ਤੇ ਕਹਿਨਗੇ ਕੇ ਆਪ ਸਾਨੂੰ ਕੁਛ ਵੇਖਾ ਤਾ ਅਸੀਂ ਪ੍ਰਤੀਤ ਕਰਾਗੇ॥ ਭਾਈ ਅਜਿਤਿਆ ਕਰਾਮਾਤ ਨਾਮ ਕਹਿਰ ਦਾ ਹੈ॥ ਦੁਨੀਆਂ ਫਕੀਰਾਂ ਪਾਸੋਂ ਕਹਿਰ ਮੰਗਦੀ ਹੈ॥ ਇਸ ਕਰਕੇ ਸੰਸਾਰ ਮੈ ਪਰਲੋ ਆਵੇਗੀ॥ ਉਸ ਪਰਲੋ ਵਿਚ ਕਈ ਲਹਿ ਜਾਣਗੇ ਅਤੇ ਭਾਈ ਅਜਿਤਿਆ ਗੁਰੂ ਦੇ ਘਰ ਵਿਚ ਮੋਹਰ ਹੈ ਅਤੇ ਜਿਧਰ ਗੁਰੂ ਨਜ਼ਰ ਕਰਦਾ ਹੈ ਇਧਰ ਹੀ ਅੰਮ੍ਰਿਤ ਵਰਸਦਾ ਹੈ॥ ਸਭ ਪੈਦਾਇਸ ਗੁਰੂ ਕੀ ਹੈ॥ ਗੁਰੂ ਆਪਣੇ ਉਪਰ ਭਾਰ ਲੈਦਾ ਹੈ ਅਤੇ ਸ੍ਰਿਸਟ ਕਾ ਭਲਾ ਕਰਦਾ ਹੈ॥ ਅਤੇ ਇਕ ਤਪ ਜੁਹਿਦ ਕਰਕੇ ਇਕ ਰਤੀ ਦਰਗਾਹੋ ਲੈਂਦੇ ਹੈਨ॥ ਜੇ ਉਸ ਰਤੀ ਕੋ ਵਰਤਾਉਨ ਤਾਂ ਉਨ ਪਿਛੇ ਕਈ ਲੰਘ ਜਾਵੇ ਪਰ ਉਨ ਕੋ ਉਸ ਰਤੀ ਕਾ ਪਾਰ ਨਹੀਂ ਆਉਂਦਾ ॥ ਅਤੇ ਓਹ ਦੁਨੀਆਂ ਕੋ ਸਭ ਕਰ ਅਪਣਾ ਆਪ ਜਾਹਰ ਕਰਦੇ ਹੈਨ॥ ਤਿਸ ਕਰਕੇ ਉਨਾ ਦੀ ਅਗਲੀ ਪਿਛਲੀ ਕਮਾਈ ਸਭ ਜਾਦੀ ਹੈ॥ ਓਹ ਆਪਨੀ ਘਾਲ ਇਕ ਥਾਈਂ ਖਾਇ ਜਾਂਦੇ ਹੈਨ ਅਗੇ ਦਰਗਾਹ ਸੇ ਬੇਮੁਖ ਹੋ ਜਾਦੇ ਹੈਨ॥ ਅਤੇ ਦਸਵੇਂ ਗੁਰੂ ਕਾ ਇਹ ਚਾਲਾ ਹੋਵੇਗਾ ਜੋ ਸੌ ਮਨ ਵਸਤ ਹੋਵੇਗੀ ਤਾਂ ਇਸ ਸੰਸਾਰ ਵਿਚ ਪਾਇਕ ਜਾਹਰ ਹੋਵੇਗੀ॥ ਸੋ ਭੀ ਏਹੋ ਜੇਹੀ ਭੀੜ ਪਉਸੀ॥ ਗੁਰੂ ਦੇ ਘਰ ਵਿਚ ਦੋਵੇ ਗੱਲਾ ਹਨ ਇਕ ਮੇਹਰ ਤੇ ਇਕ ਕਹਿਰ ਹੈ॥ ਮੋਹਰ ਤਾ ਸਬਦ ਹੈ ਅਤੇ ਕਹਿਰ ਗੁਰਬ ਹੈ॥ ਜੇਹੀ ਕੋਈ ਭਾਵਨਾ ਕਰੇਗਾ ਤੇਹਾ ਫਲ ਪ੍ਰਾਪਤ ਹੋਵੇਗਾ॥ ਅਤੇ ਬਚਾ ਐਸਾ ਸਮਾ ਆਵੇਗਾ ਕੇ ਸਬਦ ਕੋ ਖੋਜਨੇ ਵਾਲਾ ਕੋਈ ਹੋਵੇਗਾ ਕੋਟਾਂ ਬਧੀ ਨਹੀਂ ਤਾ ਪਸੂ ਕੀ ਨਿਆਈ ਹੋਇ ਜਾਵੇਗੇ॥ ਪਰ ਭਾਈ ਜਿਨ ਕਉ ਗੁਰੂ ਕਾ ਨਾਮ ਯਾਦ ਰਹੇਗਾ ਤਿਨ ਕੋ ਹਰ ਵਕਤ ਮੁਕਤ ਕਰੇਗਾ ਅਤੇ ਜੋ ਕੋਈ ਉਸ ਧੁੰਧੂਕਾਰ ਵਿਚ ਦ੍ਰਿੜ ਰਹੇਗਾ ਸੋਈ ਬਚੇਗਾ, ਨਾ ਤੁਰ ਜਿਥੋਂ ਕਢੇ ਹੈਨ ਫੇਰ ਤਿਥਾਈ ਪਾਏ ਜਾਨਗੇ॥ ਤਾਂ ਫੇਰ ਅਜਿਤੇ ਰੰਧਾਵੇ ਅਰਦਾਸ ਕੀਤੀ ਕੇ ਹੇ ਸਚੇ ਪਾਤਸਾਹ ਜੀ ਆਪਨੇ ਬਚਨ ਕੀਤਾ ਹੈ ਕੇ ਦਸਵੇਂ ਗੁਰੂ ਜੀ ਕੇ ਵਕਤ ਓਹ ਜੋ ਛਿੰਨਵੇਂ ਕਰੋੜੀ ਨਰਕ ਸੇ ਨਿਕਾਲੇ ਹੈਨ ਫੇਰ ਉਥਾਈ ਹੀ ਪਾਏ ਜਾਵੇਗੇ ਅਤੇ ਹੇ ਦੀਨ ਦਇਆਲ ਜੀ ਆਪ ਕਾ ਹੀ ਬਚਨ ਹੈ ਕਿ ਜੋ ਮੇਰਾ ਮੰਤ੍ਰ ਪੜਨਗੇ ਸੋ ਆਵਾਗਉਣ ਤੇ ਮੁਕਤ ਕੋ ਪ੍ਰਾਪਤ ਹੋਵਨਗੇ॥ ਹੇ ਮਹਾਰਾਜ ਜੀ ਏਹ ਗਲ ਕੀਕਰ ਹੈ ਜੀ ਮੇਹਰਬਾਨੀ ਕਰਕੇ ਮੇਰਾ ਸੰਸਾ ਨਵਿਰਤ ਕਰੋ ਜੀ॥ ਤਾ ਬਚਨ ਹੋਇਆ॥ ਸਲੋਕ॥ ਸਾਧੂ ਬਚਨ ਨਾ ਮਿਟਈ ਜੇ ਸਉ ਜਤਨ ਕਮਾਇ॥ ਸੂਲੀ ਕਾ ਕੰਡਾ ਕਰੇ ਸਤਿਗੁਰੂ ਲਏ ਛੁਡਾਇ॥ ਸਉ ਪਾਪੀ ਕਾ ਫੇੜਿਆ ਇਕ ਨਿੰਦਕ ਕੇ ਸਿਰ

ਭਾਰ॥ ਨਾਨਕ ਲੇਖ ਨਾ ਮਿਟਈ ਜੋ ਲਿਖਿਆ ਕਰਤਾਰ॥੪੪॥ ਤਿਸਕਾ ਪ੍ਰਮਾਰਥ॥ ਭਾਈ ਅਜਿਤਿਆ ਜੋ ਗੁਰੂ ਬਚਨ ਕੀਤਾ ਹੈ ਸੋ ਸਭ ਸਚੁ ਹੈ॥ ਕਿਉਂ ਜੋ ਜੈਸੇ ਕੋਈ ਦਿਨ ਕਾ ਭੁਲਾ ਹੋਇਆ ਜੇਕਰ ਰਾਤ ਘਰ ਆਇ ਵੜੇ ਤਾਂ ਤਿਸਨੋ ਕੋਈ ਦੋਖ ਨਹੀ ਲਗਾਇਆ ਜਾਤਾ ਤਿਸਨੋ ਵੜਨੇ ਦੇਵੇ ਅਤੇ ਜੋ ਕੋਈ ਮੇਰਾ ਸਿਖ ਹੋਵੇਗਾ ਸੋ ਸੁੱਟੇ ਕੋ ਮੇਲ ਲਏਗਾ ਅਤੇ ਜੇ ਨਾ ਮੇਲੇ ਤਾ ਸੰਸਾਰ ਮੈ ਨਿੰਦਿਆ ਹੋਵੇਗੀ ਅਤੇ ਜੋ ਕੋਈ ਗੁਰਾਂ ਦੇ ਬਚਨਾ ਉਪਰ ਚਲਨਗੇ ਤਿਨਾ ਬਾਬ ਨਿਗੁਰੇ ਬੁਰੀ ਕਰਨਗੇ॥ ਅਤੇ ਜੇ ਕੋਈ ਨਿੰਦਕ ਗੁਰੂ ਕੀ ਸੰਗਤ ਕੀ ਨਿੰਦਿਆ ਕਰੇਗਾ ਸੋ ਨਰਕਗਾਮੀ ਹੋਵੇਗਾ॥ ਜੇ ਸੌ ਪਾਪ ਇਕ ਸਿਖ ਕੀਤਾ ਹੋਵੇਗਾ ਅਤੇ ਦੂਸਰਾ ਸਿਖ ਉਸਕੀ ਨਿੰਦਿਆ ਕਰੇ ਤੇ ਉਸਦੀ ਸਭ ਬੁਲਾਏ ਉਸ ਦੇ ਸਿਰ ਪਵੇਗੀ ਅਤੇ ਉਸ ਸਿਖ ਕਉ ਕੁੰਭੀ ਨਰਕ ਪਾਵਨਗੇ॥ ਅਤੇ ਜੋ ਗੁਰੂ ਕੇ ਬਚਨਾ ਉਪਰ ਚਲੇਗਾ ਉਸਨੂੰ ਸੂਲੀ ਦਾ ਕੰਡਾ ਹੋ ਜਾਵੇਗਾ ਅਤੇ ਜੋ ਕੋਈ ਸਿਖ ਹੋ ਕੇ ਬੇਸਿਦਕ ਹੋਵੇਗਾ ਓਹ ਭੀ ਨਰਕ ਗਾਮੀ ਹੋਵੇਗਾ॥ ਅਤੇ ਜੋ ਕੋਈ ਸਿਖ ਭੁਲਾ ਹੋਇਆ ਫੇਰ ਸਰਨੀ ਪਵੈ ਤਾਂ ਫੇਰ ਉਸ ਨੂੰ ਗੁਰੂ ਬਖਸ਼ੇਗਾ॥ ਪਰ ਨਿੰਦਿਆ ਸੁਖ ਦੀ ਸਿਖ ਨੂੰ ਕਰਨੀ ਬਹੁਤ ਬੁਰੀ ਬਾਤ ਹੈ॥ ਏਹ ਸਾਧ ਬਚਨ ਫਿਰਤੇ ਨਾਹੀ॥ ਤਾਂ ਫੇਰ ਅਜਿਤੇ ਰੰਧਾਵੇ ਅਰਦਾਸ ਕੀਤੀ ਜੀ ਸਚੇ ਪਾਤਸਾਹੂ ਜੀ ਇਨਾ ਜੀਵਾ ਦੇ ਕੀ ਵੱਸ ਹੈ॥ ਜਿਉਂ ਜਿਉਂ ਤੇਰਾ ਭਾਣਾ ਹੈ ਤਿਵੇਂ ਤਿਵੇਂ ਹੋਵੇਗਾ॥ ਭਾਈ ਜਦੋਂ ਦਸਵਾ ਜਾਮਾ ਹੋਵੇਗਾ ਤਾ ਨਉ ਮਹੀਨੇ ਰੌਲਾ ਰਹੇਗਾ॥ਸਲੋਕ॥ ਪਾਨਾ ਬੀੜਾ ਹਥ ਕਰ ਸਤਿਗੁਰ ਭਏ ਬਸੀਠ॥ ਅਗੇ ਗਨਕਾ ਉਠ ਖੜੀ ਆਉ ਹਮਾਰੇ ਮੀਤ॥ ਚੋਰ ਜਾਰ ਤਕੇ ਘਣਾ ਬਹੁ ਬਿਧ ਕਰਹਿ ਪੁਕਾਰ॥ ਸਾਂਗੀ ਸਾਂਗ ਪੂਰਨ ਕਰੈ ਜਪੁ ਨਾਨਕ ਨਿਰੰਕਾਰ॥੪੫॥ ਤਿਸਕਾ ਪਰਮਾਰਥ॥ ਭਾਈ ਅਜਿਤਿਆ ਇਕ ਅਵੇਹਾ ਸਮਾ ਆਵੇਗਾ ਜੋ ਗੁਰੂ ਗਨਕਾ ਕੇ ਪਾਸ ਜਾਵੇਗਾ ਅਤੇ ਗਨਕਾ ਗੁਰੂ ਜੀ ਕੀ ਭਗਤਣੀ ਹੋਵੇਗੀ॥ ਅਗੋਂ ਗਨਕਾ ਪਾਨਾ ਕਾ ਬੀੜਾ ਲੈ ਕੇ ਉਠ ਖੜੀ ਹੋਵੇਗੀ॥ ਕਹੇਗੀ ਆਈਏ ਜੀ ਸਚੇ ਪਾਤਸਾਹ ਜੀ ਏਹ ਜੀਉ ਪਿੰਡ ਘਰ ਬਾਰ ਤੁਮਾਰਾ ਹੈ॥ ਜਾਂ ਇਤਨੀ ਬੇਨਤੀ ਗਨਕਾ ਕਰੇਗੀ ਤਾਂ ਗੁਰੂ ਪਾਨਾ ਦਾ ਬੀੜਾ ਉਠਾਇ ਲਏਗਾ ਅਤੇ ਭਾਈ ਗੁਰੂ ਕਹੇਗਾ ਗਨਕਾ ਅਸੀਂ ਏਥੇ ਰਹਾਂਗੇ॥ ਤਾਂ ਅਗੋਂ ਗਨਕਾ ਭਗਤਣੀ ਅਰਦਾਸ ਕਰੇਗੀ॥ ਕਹੇਗੀ ਸਚੇ ਪਾਤਸ਼ਾਹ ਜੀ ਏਹ ਪਿੰਡ ਵਾ ਘਰ ਬਾਰ ਸਭ ਆਪ ਕਾ ਹੀ ਹੈ ਜੀ ਅਤੇ ਹੇ ਦਿਆਲ ਜੀ ਮੈਂ ਤਾਂ ਦਾਸੀ ਹਾਂ ਅਤੇ ਆਪ ਤਾਂ ਨਰ ਨਾਰਾਇਣ ਹੋ ਅਤੇ ਮੈ ਅਗਨ ਸਰੂਪ ਹਾਂ ਜੀ ਅਤੇ ਗਰੀਬ ਨਿਵਾਜ ਜੀ ਜਗਤ ਐਸਾ ਦੁਸਟ ਹੈ ਨਿੰਦਾ ਕਰਨਗੇ॥ ਕਹਿਨਗੇ ਏਹ ਗੁਰੂ ਕੈਸਾ ਹੈ ਜੋ ਗਨਕਾ ਦੇ ਘਰ ਵਾਸ ਕਰ ਬੈਠਾ ਹੈ ਜੀ॥ ਏਸ ਸੰਸਾਰ ਵਿਚ ਵਡਾ ਧੁੰਧੂਕਾਰ ਵਰਤ ਜਾਵੇਗਾ ਅਤੇ ਘਣੇ ਬੇਸਿਦਕ ਹੋਇ ਜਾਵਨਗੇ ਅਤੇ ਸਚੇ ਪਾਤਸਾਹ ਜੀ ਆਪ ਸਭ ਕੁਝ ਜਾਣਦੇ ਹੋ ਜੀ ਕੁਛ ਮੇਰੇ ਕਹਿਣੇ ਕੀ ਬਾਤ ਨਹੀਂ ਹੈ॥ ਜਾਂ ਬਚਾ ਏਹ ਅਰਦਾਸ ਗਨਕਾ ਕਰੇਗੀ ਤਾਂ ਭਾਈ ਅਜਿਤਿਆ ਗੁਰੂ ਖਰਾ ਖੁਸ਼ੀ ਹੋਵੇਗਾ ਤਾਂ ਕਹੇਗਾ ਹੇ ਗਨਕਾ ਤੇਰੀ ਅਰਦਾਸ ਗੁਰੂ ਸੁਣ ਲਈ ਹੈ ਅਤੇ ਇਕ ਨੌਂ ਮਹੀਨੇ ਗੁਪਤ ਰਹਾਂਗੇ ਤਾ ਫੇਰ ਭਾਈ ਜੋ ਗਨਕਾ ਕਹੇਗੀ ਸੋ ਗੁਰੂ ਮੰਨਣਗੇ॥ ਭਾਈ ਗਨਕਾ ਪਿਛੇ ਕਈ ਕੋਟ ਪਾਪੀ ਤਰ ਜਾਨਗੇ॥ ਤਾਂ ਗੁਰੂ ਅਲੋਪ ਰਹਨਗੇ॥ ਫੇਰ ਅਜਿਤਿਆ ਲੋਕ ਕਹਿਣਗੇ ਜੋ ਗੁਰੂ ਕੋਈ ਨਹੀਂ॥ ਭਾਈ ਉਸਨੂੰ ਜਾਰਵਾਂ ਜਾਮਾ ਕਹਿਨਗੇ ਤਾਂ ਫੇਰ ਅਜਿਤੇ ਰੰਧਾਵੇ ਅਰਦਾਸ ਕੀਤੀ ਹੈ ਸਚੇ ਪਾਤਸ਼ਾਹ ਜੀ ਫੇਰ ਸਿਖ ਕਿਸਦੀ ਪੈਰੀ

ਪਵਨਗੇ ਤੇ ਕਿਉਂ ਕਰ ਵਰਤਾਰਾ ਵਰਤੇਗਾ॥ ਫੇਰ ਗੁਰੂਆਪਣੇ ਘਰ ਜਾਮਾ ਲੈਣਗੇ ਕਿ ਹੋਰ ਕਿਤੇ ਵਰਤਨਗੇ॥ ਤਾਂ ਬਚਨ ਹੋਇਆ ਭਾਈ ਅਜਿਤਿਆ ਜਿਥੇ ਸਬਦ ਮਿਹਰਵਾਨ ਹੋਦਾ ਹੈ ਤਿਥੇ ਹੀ ਬਖਸੇਗਾ ॥ ਕਿਆ ਘਰ ਕਿਆ ਬਾਹਰ ਇਹ ਆਦਿ ਜੁਗਾਦੀ ਗੁਰੂ ਚੇਲੇ ਕੀ ਹੈ॥ ਤੇ ਬਚਾ ਅਜਿਤਿਆ ਤੈ ਜੋ ਪੁਛਿਆ ਹੈ ਕਿ ਕਿਉਂਕਰ ਵਰਤਾਰਾ ਵਰਤੇਗਾ, ਸੋ ਭਾਈ ਜਬ ਦਸਵਾ ਜਾਮਾ ਹੋਵੇਗਾ ਤੇ ਜਾਰਵਾ ਗੁਪਤ ਵਰਤੇਗਾ॥ ਤਿਸਤੇ ਪਿਛੇ ਆਪੋ ਆਪਣੀ ਹੋਇ ਕਰ ਵਰਤੇਗੀ ਅਤੇ ਕੋਈ ਕਿਸੈ ਕਉ ਬਦੇਗਾ ਨਾਹੀ ਤੇ ਸਿਖੀ ਐਸੀ ਚਲੇਗੀ ਜੋ ਮਨ ਭਾਂਵਦੀ ਕਰਨਗੇ ਅਤੇ ਕਿਤਨੇ ਹੀ ਪੰਥ ਗੁਰੂ ਕੇ ਘਰ ਵਿਚੋ ਨਿਕਲਨਗੇ॥ ਐਸੀ ਕਲਾ ਵਰਤੇਗੀ ਕੇ ਜੈਸੇ ਇਕ ਬਾਪ ਦੇ ਬੇਟੇ ਹੋਨਗੇ, ਕੋਈ ਕਿਸੇ ਨਾਲ ਵਰਤੇਗਾ ਕੋਈ ਕਿਸੇ ਨਾਲ ਵਰਤੇਗਾ॥ਸਲੋਕ॥ ਗੁਰੂ ਚੇਲੇ ਰਹਿਰਾਸ ਅੰਤਰਿ ਵੇਖੇ ਟੋਹਿ॥ ਸੁਆਗੀ ਹਰਿ ਪ੍ਰਭ ਹੋਇਆ ਨਹੀ ਮਿਲਾਵਾ ਤੋਹਿ॥੪੬॥ ਤਿਸਕਾ ਪਰਮਾਰਥ॥ ਭਾਈ ਅਜਿਤਿਆ ਬਾਰਵਾ ਜਾਮਾ ਜਦ ਗੁਰੂ ਹੋਵੇਗਾ ਨਿਰਲੰਭ ਸਭ ਤੇ ਨਿਆਰਾ ਨਿਰਲੇਪ ਸਭ ਦੁਨੀਆਂ ਤੇ ਨਿਆਰਾ ਰਹੇਗਾ ਅਤੇ ਆਪਕੋ ਜਣਾਵੇਗਾ ਨਾਹੀਂ॥ ਔਰ ਨਿਰਮੋਹ ਹੋਵੇਗਾ ਅਤੇ ਆਸਰਾ ਜੋ ਲਏਗਾ ਸੋ ਇਕ ਅਕਾਲ ਪੁਰਖ ਕਾ ਲਏਗਾ ਤੇ ਤਿਸ ਕੋ ਕੋਈ ਸੁਖ ਨਾ ਸਕੇਗਾ॥ ਸੂਲੀ ਸਬਦ ਉਚਰੀਐਗਾ ਔਰ ਸਬਦ ਕਮਾਈਐਗਾ ਅਰ ਜੋ ਸਿਖ ਹੋਵਨਗੇ ਤਿਨ ਕੋ ਭੀ ਸ਼ਬਦ ਹੀ ਦਸੇਗਾ ਅਰ ਤਿਸਕੇ ਆਸਰੇ ਮਾਰਗ ਚਲੇਗਾ॥ ਇਸ ਕਰਕੇ ਜਗਤ ਵਿਚ ਜੈ ਕਾਰ ਹੋਵੇਗਾ ਅਤੇ ਉਸਤਤ ਹੋਵੇਗੀ॥ ਅਰ ਜਹਾਂ ਤਕ ਕੋਈ ਸਿਖ ਟੂਟਾ ਭੰਨਾ ਹੋਵੇਗਾ ਸੋ ਸਭ ਉਸ ਕੀ ਪੈਰੀਂ ਆਨਿ ਪੈਨਗੇ॥ ਸੋ ਨਵੇ ਸਿਰੇ ਤੇ ਸਿਖ ਹੋਵਨਗੇ ਅਤੇ ਉਨਾਂ ਕੋ ਬਖਸ ਕਰ ਗੁਰੂ ਬੋਹਿਥਾ ਹੋਵੇਗਾ॥ ਅਤੇ ਜੋ ਸਿਖ ਹੋਵੇਗਾ ਸੋ ਉਸ ਜਹਾਜ ਉਪਰ ਚੜ ਕਰ ਪਾਰ ਹੋਵੇਗਾ॥ ਭਾਈ ਅਜਿਤਿਆ ਕੋਈ ਸਤਿਗੁਰੂ ਕੋ ਮਿਲੇਗਾ ਸੋ ਸਭ ਗਲਾ ਗੁਰੂ ਦੀਆ ਕਬੂਲ ਕਰੇਗਾ॥ ਤਾਂ ਸਤਿਗੁਰਾਂ ਦੇ ਸਬਦ ਨਾਲ ਭਿਜੇਗਾ ਅਤੇ ਜਿਨਾਂ ਪਾਸੋ ਰਹਤਾ ਤੇ ਓਹ ਕਰਮ ਨ ਹੋਵਨਗੇ ਅਤੇ ਸੰਸਾਰ ਦੀ ਲਾਜ ਵਿਚ ਮਰਨਗੇ ਤਾ ਭਾਈ ਉਨਾਂ ਕੋ ਗੁਰੂ ਕਦੀ ਨਾ ਮਿਲੇਗਾ ਪਰ ਜੋ ਸ੍ਰੀ ਗੁਰੂ ਜੀ ਦੇ ਬਚਨਾਂ ਤੋਂ ਬੇਮੁਖ ਹੋਵਣਗੇ ਸੋ ਉਨਾ ਸ੍ਰੀ ਗੁਰੂ ਨਾ ਮੂੰਹ ਲਾਵੇਗਾ॥ ਅਤੇ ਗੁਰੂ ਜੀ ਕੇ ਏਹ ਬਚਨ ਹੈਨ ਜੋਰ ਜੁਲਮ ਚੋਰੀ ਜਾਰੀ ਪਰ ਨਿੰਦਿਆ ਜੋ ਮੇਰਾ ਸਿਖ ਹੋਵੇ ਸੋ ਏਹ ਬਾਤਾ ਨਾ ਕਰੇ ਤੇ ਜਾ ਗੁਰੂ ਜਾਮਾ ਬਦਲੇਗਾ ਤਾ ਸਬ ਸਿਖ ਓਹੀ ਕੰਮ ਕਰਨਗੇ ਜਿਸ ਕਰਕੇ ਫੇਰ ਨਰਕਗਾਮੀ ਹੋਵਨਗੇ ਤੇ ਗੁਰੂ ਕੇ ਸਬਦ ਕਾ ਰੰਗ ਨਾ ਚੜੇਗਾ॥ ਓਹ ਕੋਰੇ ਹੀ ਰਹਿਨਗੇ ਸੋ ਕਲੀ ਕਾਲ ਵਿਚ ਡੁਬਣਗੇ॥ ਭਾਈ ਅਜਿਤਿਆ ਬਾਰਵਾ ਜਾਮਾ ਵੀ ਕਰੜਾ ਰਾਹ ਦਸੇਗਾ॥ ਤਾਂ ਫੇਰ ਅਜਿਤੇ ਰੰਧਾਵੇ ਅਰਦਾਸ ਕੀਤੀ ਹੇ ਸੱਚੇ ਪਾਤਸ਼ਾਹ ਪਿਛਲਾ ਕਮਾਇਆ ਐਵੇਂ ਹੀ ਬਰਬਾਦ ਜਾਵੇਗਾ॥ ਜੋ ਤੇਰਾ ਨਾਮ ਜਪਦੇ ਰਹੇ ਸਨ ਓਹ ਭੀ ਕੁਛ ਹਥ ਲਗੇਗਾ ਕਿ ਨਾਹੀਂ ਤਾਂ ਬਚਨ ਹੋਇਆ ਬਚਾ ਸਬਦ ਜੋ ਗੁਰੂ ਕਹਿਆ ਹੈ ਸੋ ਉਸ ਵਿਚ ਵੀ ਚੋਰੀ ਜਾਰੀ ਪਰ ਨਿੰਦਿਆ ਜੋ ਹੈ ਸਭ ਮਨਹਿ ਕੀਤੇ ਹੈਨ॥ ਜੋ ਐਸੇ ਸਿਖ ਹੋਵਨਗੇ ਪੜਨਗੇ ਗਾਵਨਗੇ ਤੇ ਕਮਾਇ ਨਾ ਸਕਨਗੇ ਅਤੇ ਦਸਵੇ ਗੁਰੂ ਨੂੰ ਮਨ ਵਿਚ ਜਾਦ ਕਰਨਗੇ ਤੇ ਆਖਨਗੇ ਗੁਰੂ ਏਵੇਂ ਹੀ ਅਖਦਾ ਹੈ ਅਤੇ ਸਿਖ ਆਪਸ ਵਿਚ ਆਖਨਗੇ ਸਿਖ ਕੋਈ ਨਹੀਂ ਰਿਹਾ॥ ਭਾਈ ਕਲੀ ਕਾਲ ਵਿਚ ਬਾਰਵਾ ਗੁਰੂ ਭਾਰੀ ਅਵਤਾਰ ਹੋਵੇਗਾ ਅਤੇ ਮੁਖਵਾਕ ਕਰਕੇ ਸਭ ਸੈ ਕੋ ਭੁਲਾਇ ਦੇਵੇਗਾ ਅਤੇ ਗੁਰੂ ਨਾਲੋ ਭਜਨਗੇ॥

ਤਾ ਫੇਰ ਨਿੰਦਿਆ ਕਰਨਗੇ ਸੋ ਨਿੰਦਿਆ ਮਨਹ ਹੈ॥ ਫੇਰ ਓਨਾ ਲੋਕਾਂ ਕੋ ਚੌਰਾਸੀ ਵਿਚ ਘਤੀਅਨਗੋ ॥ ਸਲੋਕ .. ਮਾਸ ਕੀੜਾ ਲਗਾ ਬੁਰਿਆਰ॥ ਭਉਕੇ ਫਕੜ ਹੋਇ ਖੁਆਰ॥ ਸਭ ਕੁਲ ਡੁਬੇ ਨਿੰਦ ਗੁਬਾਰ॥ ਨਾਨਕ ਦਸਵਾ ਨਾਮੁ ਉਧਾਰੁ॥੪੭॥ ਤਿਸਕਾ ਪਰਮਾਰਥ॥ ਭਾਈ ਅਜਿਤਿਆ ਮਾਸ ਜੋ ਹੈ ਸੋ ਮਾਇਆ ਅਤੇ ਕੀੜਾ ਸੰਸਾਰ ਹੈ॥ ਸੋ ਸੰਸਾਰ ਐਸਾ ਬੁਰਾ ਹੋਇ ਕਰ ਲਗੇਗਾ ਮਾਇਆ ਕੋ ਜੈਸੇ ਮਾਸੁ ਕਉ ਕੀੜਾ ਲਗਤਾ ਹੈ॥ ਤਿਉ ਕਲੂ ਕੇ ਲੋਕ ਮਾਇਆ ਕਉ ਲਗਨਗੇ॥ ਪਰਮੇਸ਼ੁਰ ਕੇ ਜਾਪ ਤਾਪ ਤੇ ਭੁਲ ਜਾਵਨਗੇ॥ ਭਾਈ ਅਜਿਤਿਆ ਸਬਦ ਪੜਨਗੇ ਅਤੇ ਕਮਾਇ ਨ ਸਕਨਗੇ॥ ਤਾ ਸਬਦ ਉਲਟ ਕੈ ਮਸਾਣ ਜਿਉਂ ਸੰਸਾਰ ਕੋ ਜਲਾਇ ਮਾਰੇਗਾ ਗ੍ਰਸ ਲਏਗਾ॥ ਏਹ ਕਲਜੁਗ ਕੇ ਲੋਕ ਅਵੇਹੇ ਨਿੰਦਿਆ ਕਰਨਗੇ॥ ਆਪੋ ਆਪਣੇ ਮਤ ਚਲਾਉਨਗੇ॥ ਤਿਤ ਸਮੇਂ ਗੁਰੂ ਨਜ਼ਰੀ ਨ ਆਵੇਗਾ॥ ਪਾਪ ਬਹੁਤ ਹੋਵੇਗਾ॥ ਇਸ ਰਊਂਸ ਕਲਜੁਗ ਸੰਸਾਰ ਕੋ ਡੋਬੇਗਾ॥ ਜਿਉਂ ਦੁਰਾਚਾਰ ਇਸਤ੍ਰੀ ਹੋਤੀ ਹੈ, ਖਸਮ ਉਸਕੋ ਤਿਆਗ ਦੇਤਾ ਹੈ ਔਰ ਦਰ ਦਰ ਖੁਆਰ ਹੋਤੀ ਫਿਰਤੀ ਹੈ, ਭਉਕਤੀ ਹੈ ਅਤੇ ਆਪ ਕਉ ਹੰਸਾਵਤੀ ਹੈ॥ ਉਸ ਇਸਤਰੀ ਕੀ ਨਿਆਈ ਕਲੂ ਕੇ ਲੋਕਾਂ ਕੋ ਗੁਰੂ ਤਿਆਗ ਦੇਵੇਗਾ ਤਾਂ ਏਹ ਭੀ ਦਰ ਦਰ ਖੁਆਰ ਹੋਵਨਗੇ, ਪਰ ਬੀਜ ਮਾਤ੍ਰ ਕੋਈ ਕੋਟੋਂ ਮਧੇ ਸਿਖ ਰਹਿ ਜਾਵੇਗਾ॥ ਸੋ ਆਖਨਗੇ ਗੁਰੂ ਹੈ ਅਤੇ ਭਾਣੇ ਕਾ ਖਾਵੰਦ ਹੈ॥ ਆਪਣੇ ਚੋਜ ਕੀਤੇ ਹੈਸ॥ ਉਹ ਕਿਸੇ ਕੀ ਨਿੰਦਾ ਨਾ ਕਰਨਗੇ॥ ਤਾਂ ਅਜਿਤੇ ਰੰਧਾਵੇ ਅਰਦਾਸ ਕੀਤੀ ਹੈ ਸਚੇ ਪਾਤਸ਼ਾਹ ਜੋ ਸਿਖ ਤੇਰੇ ਪਾਸੋਂ ਟੂਟਨਗੇ ਓਹ ਫੇਰ ਬੀ ਕਿਤੇ ਬਖਸ਼ੇ ਜਾਣਗੇ ਕਿ ਨਾਹੀਂ ਬਖਸ਼ੇ ਜਾਣਗੇ॥ ਤਾ ਬਚਨ ਹੋਇਆ ਭਾਈ ਅਜਿਤਿਆ ਓਹ ਗੁਰੂ ਨੂੰ ਨਵੇਂ ਸਿਰੇ ਮਿਲਣਗੇ ਤੇ ਬਖਸ਼ਾਵਨਗੇ ਤਾਂ ਗੁਰੂ ਨਵੇਂ ਸਿਰੇ ਤੇ ਸਬਦ ਦਸੇਗਾ ਤਾਂ ਫੇਰ ਸਿਦਕ ਰਖਣਗੇ ਤਾ ਬਖਸ਼ੇ ਜਾਣਗੇ! ਸਲੋਕ ਜੁਗਾ ਜੁਗੰਤਰ ਸਤਿਗੁਰੂ ਦੂਸਰ ਹੁਆ ਨਾ ਹੋਗ॥ ਚੋਉਰਾਸੀ ਜਾਮੇ ਪਹਿਰ ਕੇ ਪਾਛੇ ਹੋਯਾ ਅਲੋਪ ਸਤਰ ਜਾਮੇ ਭਗਤਿ ਜਨ ਚਉਦਹ ਸਤਿਗੁਰੂ ਰਾਇ॥ ਗੁਰਮੁਖ ਹੋਇ ਸੋ ਮਿਲ ਰਹੈ ਮਨਮੁਖ ਮਿਲਹਿ ਸਜਾਇ॥ ਭਰ ਬੇੜੇ ਲੈ ਜਾਹਿੰਗੇ ਸੰਤ ਜਨਾਂ ਕੈ ਪੂਰੇ ਬੇਮੁਖ ਤੁਟੇ ਤੁਟ ਮੂਏ ਮਨਮੁਖ ਭਏ ਕਬੂਲ॥ ਗੁਰਮੁਖ ਜਿਨੀ ਜਾਣਿਆ ਮਿਟ ਗਏ ਆਵਣ ਜਾਣ. ਨਾਨਕ ਜਾਤਾ ਖਸਮ ਜਿਨ ਆਏ ਤੇ ਪਰਵਾਣੁ ॥੪੮॥ ਤਿਸਕਾ ਪਰਮਾਰਥ॥ ਜੁਗਹ ਜੁਗੰਤਰ ਸਿਤਗੁਰੂ ਅਟਲ ਹੈ॥ ਦੂਸਰਾ ਹੋਰ ਨਾ ਕੋਈ ਹੋਇਆ ਹੈ ਨਾ ਹੋਵੇਗਾ ਅਤੇ ਗੁਰੂ ਚੌਰਾਸੀ ਜਾਮੇ ਪਹਿਰੇਗਾ ਜਿਸ ਵਿਚ ਸਤਰ ਜਾਮੇ ਭਗਤ ਹੋਵਨਗੇ ਅਤੇ ਚੁਉਦਾਂ ਜਾਮੇ ਗੁਰੂ ਹੋਵਨਗੇ॥ ਅਤੇ ਜੋ ਕੋਈ ਗੁਰੂ ਕਉ ਮਿਲ ਕਰ ਲੜ ਪਕੜੇਗਾ ਸੋਈ ਉਧਰੇਗਾ॥ ਅਤੇ ਜੋ ਗੁਰੂ ਕੇ ਸਬਦ ਪਰ ਪਰਤੀਤ ਰਖੇਗਾ ਸੋ ਬਿਨਾ ਕਮਾਈ ਤਰ ਜਾਵੇਗਾ ਨਾਲੇ ਕੁਟੰਬ ਬੀ ਉਧਰ ਜਾਵੇਗਾ ਤੇ ਜੋ ਬੇਮੁਖ ਹੋਵੇਗਾ ਸੋ ਤੁਟੇਗਾ ਤੇ ਸਜਾਇ ਵੀ ਪਾਵੇਗਾ ਔਰ ਪਰਲੋਕ ਵੀ ਜਾਂਦਾ ਰਹੇਗਾ, ਤਾ ਫੇਰ ਮੁੜ ਭੰਨ ਘੜੀਅਨਗੇ ॥ ਜੋ ਖਸਮ ਕਉ ਪਛਾਨਣਗੇ ਸੋ ਆਵਾਗਉਣ ਤੇ ਰਹਿ ਜਾਵਣਗੇ॥ ਬਚਾ ਅਜਿੱਤਿਆ ਜੋ ਗੁਰੁ ਕੇ ਲੜ ਲਗੇਗਾ ਸੋ ਮੁਕਤ ਹੋਵੇਗਾ॥ ਤਾਂ ਅਜਿਤੇ ਰੰਧਾਵੇ ਅਰਦਾਸ ਕੀਤੀ ਹੇ ਸਤਿਗੁਰ ਜੀ ਤੇਰਾ ਬਚਨ ਹੋਇਆ ਹੈ ਜੋ ਇਸ ਮਹਿਲ ਕਾ ਦਰਸ਼ਨ ਕਰੇਗਾ ਸੋ ਮੁਕਤ ਪਾਵੇਗਾ ਅਤੇ ਜੋ ਸੰਸਾਰ ਪਿਛੇ ਰਹੇਗਾ ਤਿਨਾ ਕੀ ਕਿਉਂਕਰ ਹੋਵੇਗੀ॥ ਤਾਂ ਬਚਨ ਹੋਇਆ ਭਾਈ ਸੁਣ॥ਸਲੋਕ॥ ਧੁੰਧੂਕਾਰ ਜੋ ਵਰਤਸੀ ਨਾ ਹਿੰਦੂ ਨਾ ਮੁਸਲਮਾਨ॥ ਰਾਮ ਰਹੀਮ ਨ ਜਾਣਸੀ ਨਾ

ਕੋ ਕਹੇ ਕਲਾਮ॥ ਨਾ ਗਾਇਤ੍ਰੀ ਨਾ ਤਰਪਣੇ ਨਾ ਫਾਇਤਾ ਨਾ ਦਾਰੂਦ॥ ਨਾ ਤੀਰਥ ਨਾ ਦੇਹੁਰਾ ਨਾ ਦੇਵੀ ਕੀ ਪੂਜ॥ ਗੁਰਮੁਖ ਕੋਈ ਨਾ ਜਾਣਸੀ ਨਾ ਕੋ ਲਏ ਉਪਦੇਸ॥ ਇਕੋ ਵਰਤਣ ਵਰਤੀਐ ਨਾ ਕੋ ਕਰੈ ਆਦੇਸੁ ਬੇਦ ਕਤੇਬ ਨਾ ਜਾਣਸਨ ਨਾ ਦਵਾਰਾ ਨਾ ਮਸੀਤ॥ ਰੋਜਾ ਬਾਂਗ ਨਾ ਵਰਤ ਨੇਮ ਨਾ ਕੋ ਕਢੇ ਹਦੀਸ॥ ਕੋਇ ਨਾ ਕਿਸੇ ਜਾਣਸੀ ਨਾ ਕੋ ਕਰੇ ਸਲਾਮ .. ਨਾਨਕ ਸਬਦ ਵਰਤਦਾ ਇਸ ਕੋਟੀ ਮਧੀ ਜਾਣ॥ ੪੯॥ ਤਸਦਾ ਪ੍ਰਮਾਰਥ॥ ਭਾਈ ਅਜਿਤਿਆ ਜਦੋ ਗੁਰੂ ਇਸ ਧਰਤੀ ਉਪਰੋ ਅਦ੍ਰਿਸ਼ਟ ਹੋ ਜਾਵਨਗੇ ਤਾਂ ਪਿਛੇ ਸੰਸਾਰ ਵਿਚ ਐਸੀ ਵਰਤ ਜਾਵੇਗੀ ਜੋ ਕੋਈ ਕਿਸੇ ਨੂੰ ਜਾਣੇਗਾ ਨਹੀਂ ਅਤੇ ਧੁੰਧੂਕਾਰ ਵਰਤ ਜਾਸੀ॥ ਅਵੇਹੇ ਮਨਮੁਖ ਹੋਨਗੇ ਜੋ ਕੋਈ ਨਾ ਹਿੰਦੂ ਰਹੇਗਾ ਨਾ ਮੁਸਲਮਾਨ ਰਹੇਗਾ॥ ਨਾ ਰਾਮ ਕੋਉ ਮੰਨਣਗੇ ਨਾ ਰਹੀਮ ਕਉ ਮੰਨਣਗੇ॥ ਨਾ ਗਾਇਤ੍ਰੀ ਤਰਪਣ ਇਸਨਾਨ ਨਾ ਧਰਮ ਨਾ ਨੇਮ॥ ਨਾ ਤੀਰਥ ਨਾ ਪੂਜਾ ਨਾ ਦੇਵੀ ਨਾ ਦੇਹੁਰਾ ॥ ਨਾ ਧਰਮਸਾਲ ਨਾ ਮਸੀਤ॥ ਨਾ ਬਾਂਗ ਨਾ ਨਿਮਾਜ ਨਾ ਫਾਇਤਾ॥ ਨਾ ਦੁਆਇ ਨਾ ਸਲਾਮ ਨਾ ਕੋ ਕਿਸੇ ਧਿਆਇ ਸੀ ਨਾ ਦੇਵੀ ਕੀ ਪੂਜਾ ਸੰਸਾਰ ਕਰੇਗਾ ਸਭ ਇਕ ਵਰਨ ਹੋਇ ਜਾਵਨਗੇ ਅਤੇ ਸ਼ਬਦ ਗੁਰੂ ਕਾ ਕਿਥਾਉਂ ਵਿਰਲਾ ਹੀ ਹੋਵੇਗਾ॥ ਤਿਸ ਸਮੇਂ ਜੋ ਕੋਈ ਕਿਤੇ ਜਾਇ ਪ੍ਰੇਮਸਰ ਕਾ ਨਾਮ ਲਏਗਾ ਤਿਸ ਕੋ ਮਾਰਨਗੇ॥ ਐਸਾ ਵਰਤਾਰਾ ਵਰਤ ਜਾਵੇਗਾ॥ ਦੋਹਾਂ ਧਿਰਾ ਦਾ ਨਾਸ ਹੋਇ ਜਾਵੇਗਾ॥ ਤਾਂ ਉਸ ਸਮੇਂ ਇਕ ਭਗਤ ਪੈਦਾ ਹੋਇ ਜਾਵੇਗਾ॥ ਸੋ ਨੀਲ ਬਸਤਰ ਪਹਿਰੇਗਾ ਅਤੇ ਅੰਦਰੋਂ ਸਬਦ ਪੋਥੀਆ ਉਚਾਰੇਗਾ॥ ਤਾਂ ਉਸਦੇ ਵਾਸਤੇ ਪ੍ਰਮੇਸਰ ਆਪ ਉਤਾਰੀ ਹੋਇ ਕਰ ਸਹਾਇਤਾ ਕਰੇਗਾ ਅਤੇ ਸਬਦ ਅਲਪ ਰਹਿ ਜਾਵੇਗਾ॥ ਕੋਈ ਵਿਰਲਾ ਹੀ ਜਾਣੇਗਾ ਤੇ ਉਸ ਪਾਸ ਕੋਈ ਵਿਰਲਾ ਹੀ ਜਾਵੇਗਾ॥ ਤਾਂ ਅਜਿਤੇ ਰੰਧਾਵੇ ਅਰਦਾਸ ਕੀਤੀ ਸਚੇ ਪਾਤਸਾਹ ਜੀ ਓਹ ਕੌਣ ਭਗਤ ਹੋਵੇਗਾ ਜੀ॥ ਤਾਂ ਬਚਨ ਹੋਇਆ ਭਾਈ ਅਜਿਤਿਆ ਤੂੰ ਸੁਣ॥ਸਲੋਕ॥ ਨਿਹਕਲੰਕ ਹੋਇ ਉਤਰਸੀ ਮਹਾਬਲੀ ਅਉਤਾਰ॥ ਸੰਤ ਰਛਿਆ ਜੁਗ ਜੁਗ ਕਰੈ ਦੁਸਟਾਂ ਕਰੇ ਸੰਘਾਰ॥ ਨਵਾ ਧਰਮ ਚਲਾਇਸੀ ਜਗ ਹੋਮ ਹੋਵਹਿ ਵਾਰ॥ ਨਾਨਕ ਕਲਜੁਗ ਤਾਰੀ ਕੀਰਤਨ ਨਾਮੁ ਅਧਾਰੁ॥੫੦॥ ਤਿਸਕਾ ਪਰਮਾਰਥ॥ ਭਾਈ ਅਜਿਤਿਆ ਗੁਰੂ ਜੋ ਕਲਜੁਗ ਮੈ ਸੰਸਾਰ ਵਿਚ ਆਇਆ ਹੈ ਸੋ ਪਰ ਉਪਕਾਰ ਵਾਸਤੇ ਅਤੇ ਜਾਂ ਗੁਰੂ ਜਾਮਾ ਪਹਿਰਸੀ ਤਾ ਧੁੰਧੂਕਾਰ ਵਰਤ ਜਾਇਗਾ॥ ਜਿਥੋ ਕੁਛ ਪੂਜਾ ਚਰਚਾ ਸੁਣਨਗੇ ਤਿਥੇ ਚੜ੍ਹ ਕਰ ਮਾਰਨਗੇ॥ ਤੁਰਕਾ ਦਾ ਤੇਜ ਹੋਵਸੀ ਤਾ ਉਸ ਸਮੇਂ ਇਕ ਸੰਤ ਪ੍ਰਮੇਸਰ ਕੀ ਪੂਜਾ ਕਰੈਗਾ ਤੇ ਉਸ ਦੇ ਘਰ ਇਕ ਇਸਤਰੀ ਬਹੁਤ ਚੰਦ੍ਰ ਹੋਵੇਗੀ॥ ਉਹ ਨਾਰ ਜਾਇ ਲੋਕਾ ਅਗੇ ਚੁਗਲੀ ਕਰੇਗੀ॥ ਤਿਤ ਕਰਕੇ ਸੰਤ ਕੋ ਦੈਂਤ ਦੁਖ ਦੇਵਨਗੇ॥ ਤਾਂ ਉਸ ਸੰਤ ਵਾਸਤੇ ਗੁਰੂ ਜਾਮਾ ਪਹਿਰਸੀ॥ ਜਹਾਂ ਤੀਕਰ ਉਹ ਸੰਤ ਦਾ ਦੋਖੀ ਦੁਸਟ ਹੋਵੇਗਾ ਸੋ ਉਨਾ ਨੂੰ ਚੁਨ ਚੁਨ ਮਾਰੇਗਾ ॥ ਫਿਰ ਨਵਾ ਧਰਮ ਚਲਾਵੇਗਾ ਅਤੇ ਜਗ ਹੋਮ ਸਬਦ ਸਾਖੀ ਕੀਰਤਨ ਹੋਵਨਗੇ॥ ਦੁਤੀ ਦੁਸਟ ਕੋ ਸੰਘਾਰੇਗਾ ਅਤੇ ਚਉਰਾਸੀ ਜਾਮੇ ਕਲਜੁਗ ਮੇਂ ਸੰਪੂਰਨ ਕਰੇਗਾ॥ ਕਲਜੁਗ ਕੀ ਮਿਤ ਪੂਰਨ ਹੋਵੇਗੀ॥ ਤਾਂ ਅਜਿੱਤੇ ਰੰਧਾਵੇ ਅਰਦਾਸ ਕੀਤੀ ਹੇ ਸੱਚੇ ਪਾਤਸ਼ਾਹ ਜੀ ਮੈਨੂੰ ਬਖ਼ਸ਼ ਲਵੋ ਜੀ ਮੈਂ ਆਪਦੇ ਸਨਮੁਖ ਬਹੁਤ ਬਚਨ ਕੀਤੇ ਹੈਨ॥ ਤਾਂ ਬਚਨ ਹੋਯਾ ਭਾਈ ਏਹ ਗੱਲਾਂ ਨਹੀਂ ਏਹ ਤਾਂ ਗੁਰ ਮੰਤ੍ਰ ਹੈਨ, ਜੋ ਕੋਈ ਏਸਨੂੰ ਮਨ ਕਰਕੇ ਪੜੇਗਾ ਅਥਵਾ ਦਿਲ ਕਰਕੇ ਸੁਣੇਗਾ ਸੋ ਤਿਸਕਾ ਤਤਕਾਲ ਹੀ ਉਧਾਰ ਹੋਵੇਗਾ॥ ਸਲੋਕ ॥

ਅਮਰ ਬਚਨ ਗੁਰਦੇਵ ਦੇ ਜਿਹ ਜਨ ਰਿਦੈ ਬਸਾਇ॥ ਮੁਕਤਿ ਜੁਗਤਿ ਅਰ ਮਾਲ ਧਨ ਜੁਗੋ ਜੁਗੰਤਰ ਖਾਹਿ॥ਸ਼ਬਦ ਅਖਰ ਜਿਸ ਮਨੁ ਵਸੈ ਖਿਨਮਹਿ ਹੋਇ ਉਧਾਰ॥ ਧੰਨ ਪਰਮਾਰਥ ਨਾਨਕਾ ਜਿਸ ਲਗ ਤਰੈ ਸੰਸਾਰੁ॥੫੧॥ ਤਿਸਕਾ ਪਰਮਾਰਥ ॥ ਭਾਈ ਅਜਿੱਤਿਆ ਜੋ ਕੋਈ ਸ਼ਬਦ ਕਉ ਖੋਜੇਗਾ ਤੇ ਮਨ ਵਿਖੇ ਵਸਾਵੇਗਾ ਤਾਂ ਓਸਦਾ ਤਤਕਾਲ ਹੀ ਉਧਾਰ ਹੋਇ ਜਾਵੇਗਾ ਭਾਵੇਂ ਖੱਤ੍ਰੀ ਵਾ ਬ੍ਰਹਮਣ ਵੈਸ ਸੂਦਰ ਚੰਡਾਲ ਹੋਵੇ ਜੋ ਗੁਰੂ ਕੇ ਸ਼ਬਦ ਕੋ ਖੋਜੇਗਾ ਤਿਸਕਾ ਉਧਾਰ ਹੋਵੇਗਾ॥ ਅਤੇ ਬੱਚਾ ਓਹ ਪਰਮਾਰਥ ਵੀ ਧੰਨ ਹੈ ਜਿਸ ਕਰਕੇ ਸੰਸਾਰ ਤਰੇਗਾ॥ ਏਹ ਹਰਿ ਧਨ ਜੁਗਾ ਜੁਗੰਤਰ ਨਿਖੁਟੇਗਾ ॥ ਨਾਹੀਂ ਹਰਿ ਨਾਮ ਰੂਪੀ ਜੋ ਧਨ ਹੈ ਸੋ ਅਤੁੱਟ ਭੰਡਾਰ ਹੈ॥ਸਲੋਕ॥ ਗੋਸ਼ਟ ਸਤਿਗੁਰੂ ਨਾਨਕ ਨਿਰੰਕਾਰ ਜੀ ਨਾਲ॥ ਅਜਿੱਤੇ ਰੰਧਾਵੇ ਕੀਆ ਉਚਾਰ॥ ਜੋ ਸਿੱਖ ਪੜੇ ਪ੍ਰੀਤਿ ਕਰ ਸੋਈ ਉਤਰੈ ਪਾਰ॥ ਦੋਹਰਾ॥ ਜਨਮ ਮਰਣ ਤਾਕਾ ਮਿਟੈ ਪੜੈ ਜੁ ਪ੍ਰੀਤ ਲਗਾਇ॥ ਜੀਵਨ ਤਿਸਕਾ ਸਫਲ ਹੈ ਨਾਨਕ ਨਾਮੁ ਧਿਆਇ॥ ਨਾਨਕ ਮੂਰਤਿ ਨਾਮ ਕੀ ਜਪਿਆਂ ਸਭ ਦੁਖ ਦੂਰ॥ ਨਾਨਕ ਤਿਸ ਬਲਿਹਾਰਣੇ ਜੋ ਰਹਿੰਦੇ ਸਦਾ ਹਜ਼ੂਰ॥ ਗੋਸ਼ਟ ਅਜਿੱਤੇ ਰੰਧਾਵੇ ਕੀ ਸੰਪੂਰੇਣ ਸ਼ੁਭ ਮਸਤ ॥

◆

# ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਗਟ ਹੋਣਾ

## ਬਾਬਾ ਜੱਸਾ ਸਿੰਘ

ਬਾਬਾ ਜੱਸਾ ਸਿੰਘ ਜੋ ਕਾਰੀਗਰ ਸੀ, ਤਿਸਨੇ ਬੜਾ ਭਜਨ ਕੀਤਾ ਰਾਮ ਰਾਮ ਦਾ ਔਰ ਸਾਧੂ ਸੁਭਾਉ ਕਾ ਸੀ। ਕਿਸੇ ਦਾ ਕੰਮ ਕਰਦੇ ਹੋਣਾ, ਜੇ ਹੋਰ ਕੋਈ ਆਣਕੇ ਕਹੇ ਜੀ ਮੇਰਾ ਕਰੋ, ਉਸ ਕਾ ਕੰਮ ਕਰਨ ਲੱਗ ਜਾਣਾ।ਖੇਤ ਬੀਜ ਔਣਾ ਫੇਰ ਖ਼ਬਰ ਨਹੀਂ ਰੱਖਣੀ। ਸਿੰਘਣੀ ਰੋਜ਼ ਕਹੇ ਕਿ ਤੂੰ ਖ਼ਬਰ ਨਹੀਂ ਲੈਂਦਾ ਹੈਂ ਖੇਤ ਦੀ। ਏਕ ਦਿਨ ਗਿਆ ਖੇਤ ਦੇਖਣ। ਏਕ ਸਰੀਰ 'ਭਰੀ' ਬੰਨ੍ਹ ਕੇ ਉਠੌਣ ਲੱਗਾ। ਬਾਬੇ ਜੱਸਾ ਸਿੰਘ ਨੇ ਝੁੰਬ ਮਾਰੀ ਹੋਈ ਸੀ, ਕੋਲੋਂ ਦੀ ਲੰਘ ਚੱਲਿਆ। ਉਸ ਸਰੀਰ ਨੇ ਸਮਝਿਆ ਜੋ ਰਾਹੀ ਜਾਂਦਾ ਹੈ। ਅਵਾਜ਼ਾ ਮਾਰ ਕੇ ਸੱਦਿਆ। ਜੱਸੇ ਨੇ ਆਪਣੇ ਖੇਤ ਦੀ ਭਰੀ ਉਸ ਨੂੰ ਚੁਕਾ ਦਿੱਤੀ। ਜਿਹੜੇ ਪਸ਼ੂ ਨੂੰ ਉਸਨੇ ਪੱਠੇ ਪਾਏ ਉਹ ਮਰ ਗਿਆ। ਫੇਰ ਇਕ ਵਾਰੀ ਬੋਹਲ[1] ਬਨ੍ਹਾਇਆ ਹੋਇਆ ਚੋਰਾਂ ਨੇ ਚੁੱਕਿਆ। ਜੱਸਾ ਦੇਖਦਾ ਰਿਹਾ ਪਰ ਬੋਲਿਆ ਨਹੀਂ। ਜਿਸ ਜਿਸ ਨੇ ਜਾਇਕੇ ਛਕਿਆ ਸੋ ਮਰ ਗਿਆ। ਚੋਰਾਂ ਸਮਝਿਆ ਜੋ ਏਹ ਕਰਾਮਾਤੀ ਹੈ, ਸੰਤ ਹੈ। ਏਸ ਦੇ ਖੇਤ ਦਾ ਪੱਠਾ ਨਾ ਛੇੜਿਆ ਕਰੋ। ਜੋ ਕਿਸੇ ਦਾ ਪਸ਼ੂ ਬਾਬੇ ਜੱਸੇ ਦੀ ਪੈਲੀ ਵੱਲ ਜਾਵੇ ਤਾਂ ਦੂਰੋਂ ਹੀ ਮੋੜ ਲੈਣਾ ਕਿ ਕਿਸੇ ਨੇ ਪੱਠਾ ਖਾ ਲਿਆ ਤਾਂ ਮਰ ਜਾਏਗਾ।

## ਸਤਿਗੁਰੂ ਰਾਮ ਸਿੰਘ ਜੀ ਪ੍ਰਗਟ ਹੋਏ

ਜਬ ਮਾਈ ਸਦਾ ਕੌਰ ਕੇ ਪ੍ਰਸੂਤ ਹੋਨੇ ਕਾ ਸਮਾ ਆਇਆ ਤਾਂ ਏਕ ਮਸ਼ਕ ਜੈਸਾ ਆਕਾਰ ਜਨਮਿਆ। ਦਾਈ ਨੇ ਦੇਖਿਆ ਮਾਸ ਸ੍ਵਾਸ ਬਿਨਾ ਹੈ। ਬਾਬੇ ਜੱਸਾ ਸਿੰਘ ਜੀ ਕੇ ਆਗੇ ਲਿਆਇ ਰੱਖਿਆ। ਬਾਬੇ ਜੀ ਏਕ ਤਿਨਖਾ ਲੈ ਕੇ ਛੇੜਿਆ, ਜਲ ਜੇਹਾ ਹੋਇ ਫਿੱਸਿਆ। ਬਾਬਾ ਜੀ ਦੇਖਕੇ ਅਸਚਰਜ ਰਹੇ। ਉਸੀ ਵਕਤ ਟੋਆ ਕੱਢ ਕੇ ਘਰ ਮੈ ਦਬਾਇ ਦੀਆ। ਦਾਈ[2] ਘਰ ਕੋ ਚਲੀ ਗਈ। ਮਾਈ ਸਦਾ ਕੌਰ ਜੀ ਇਸ਼ਨਾਨ ਕਰਕੇ ਪਵਿਤ੍ਰ ਹੋਏ। ਬਾਬਾ ਜੱਸਾ ਸਿੰਘ ਤੇ ਮਾਈ ਜੀ ਦੋਨੋਂ ਆਪਸ ਮੇਂ ਗੱਲਾਂ ਕਰਨੇ ਲੱਗੇ। ਬਾਬਾ ਜੀ ਕਹਿਆ ਸਾਡੇ ਘਰ ਮਸ਼ਕ ਜਨਮੀ ਹੈ, ਲੋਕ ਮਸ਼ਕਰੀਆਂ ਕਰਨਗੇ। ਹੱਛਾ ਪ੍ਰਮੇਸ਼ਰ ਜੀ ਜੋ ਤੇਰੀ ਰਜਾਇ ਹੈ। ਬੇਸਗਨੀ ਜਹੀ ਬਾਰਤਾ ਹੋਈ ਹੈ। ਹੇ ਰਾਮ ਏਓ ਕੀ ਹੋਇ ਗਿਆ ਹੈ? ਏਓ ਕੀ ਭਾਣਾ ਵਰਤਾਇਆ ਹੈ? ਇਸੀ ਤਰ੍ਹਾਂ ਕੀਆਂ ਸੋਚਾਂ ਕਰਨੇ ਲੱਗੇ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਾਲਕ ਰੂਪ ਧਾਰਕੇ ਸੰਮਤ ੧੮੭੨ ਬਿਕ੍ਰਮੀ, ਮਾਘ ਸੁਦੀ ਪੰਚਮੀ ਤੇ ਛੱਟ ਦੀ ਵਿਚਕਾਰਲੀ ਰਾਤ, ਅੱਧੀ ਰਾਤ ਤੋਂ ਬਾਅਦ ਰਾਈਆਂ ਨਗਰ ਵਿੱਚ ਮਾਈ

---

1 ਦਾਣਿਆਂ ਦਾ ਢੇਰ ।

2 ਬਖਸ਼ੀ ਹਰਦੇਵ ਸਿੰਘ ਅਨੁਸਾਰ ਰਹਮਤੋ ਕਸ਼ਮੀਰਨ ਨਾਂ ਸੀ ਦਾਈ ਦਾ।

ਸਦਾ ਕੌਰ ਕੀ ਗੋਦ ਮੈ ਪ੍ਰਗਟ ਭਏ[1]।ਮਾਈ ਕੁਦਰਤ ਦਾ ਰੂਪ ਦੇਖਕੇ ਅਸਚਰਜ ਰਹੀ ਅਰ ਪ੍ਰਸੰਨ ਹੋਈ। ਸੁੰਦਰ ਸਰੂਪ ਦੇਖਕੇ ਜਾਣਿਆ ਜੋ ਏਓ ਆਪ ਪ੍ਰਮੇਸਰ ਜੀ ਆਏ ਹੈਂ, ਕਿਉਂਕਿ ਗਰਭ ਸੇ ਨਹੀਂ ਆਏ। ਨਿਰਗੁਣ ਤੇ ਸਰਗੁਣ ਰੂਪ ਧਾਰਿਆ ਹੈ। ਮਾਤਾ ਸਦਾ ਕੌਰ ਜੀ ਬੜੀ ਪ੍ਰਸੰਨ ਹੋਈ। ਬਾਬਾ ਜੀ ਭੀ ਦੇਖਕੇ ਪ੍ਰਸੰਨ ਹੋਏ। ਸੁੱਕੇ ਮਨ ਜੋ ਸੇ ਸੋ ਹਰੇ ਹੋਇ ਆਏ। ਜੋਤ ਸਰੂਪ ਕਾ ਦਰਸ਼ਨ ਕਰਕੇ ਕੰਵਲ ਟਹਿਕ ਆਏ। ਇਸ ਕੌਤਕ ਕੋ ਮਾਤਾ ਸਦਾ ਕੌਰ ਜਾਣਦੇ ਹੈਂ। ਜਾਂ ਦੁੱਧੀ ਮੁੱਖ ਮੈ ਦੇਣ ਲੱਗੀ ਮਾਈ, ਤਾਂ ਦੁੱਧੀ ਨਾ ਲਈ। ਬਾਬੇ ਜੱਸਾ ਸਿੰਘ ਜੀ ਸੁੱਚਾ ਜਲ ਭਰ ਆਂਦਾ। ਲੇਪਨ ਦੇ ਕੇ ਧੂਪ ਧੁਖਾਇਕੇ ਅਰਜ਼ ਕੀਤੀ ਗੁਰੂ ਨਾਨਕ ਦੇਵ ਜੀ ਕਿਰਪਾ ਕਰੋ, ਬਾਲ ਦੁੱਧੀ ਲਵੇ। ਦੁੱਧੀ ਸੁੱਚੇ ਜਲ ਨਾਲ ਧੋਈ ਤਾਂ ਲਈ। ਹਰ ਤਰਫ਼ ਸੇ ਖੁਸ਼ੀ ਹੋਈ।

ਮੁਖਵਾਕ- ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ।

(ਭੈਰਉ ਮ: ੫, ਪੰਨਾ ੧੧੩੬)

ਹੋਰ- ਸੋਲਹ ਕਲਾ ਸੰਪੂਰਨ ਫਲਿਆ।ਅਨਤ ਕਲਾ ਹੋਇ ਠਾਕੁਰੁ ਚੜਿਆ।

(ਮਾਰੂ ਮ: ੫, ਪੰਨਾ ੧੦੮੧)

ਸੋ ਠਾਕੁਰ ਅਬਿਨਾਸ਼ੀ ਹੈ। ਧਰਤੀ ਨੇ ਜਾਣਿਆ ਮੇਰੀ ਬੇਨਤੀ ਸੁਣਕੇ ਆਏ ਹੈਂ। ਮੇਰੇ ਭਾਰ ਕੋ ਨਿਵਿਰਤ ਕਰੇਂਗੇ। ਧਰਮ ਨੇ ਜਾਣਿਆ ਮੇਰੀ ਸਹਾਇਤਾ ਕਰੇਂਗੇ। ਬੜਾ ਕੋਲਾਹਲ ਹੋਇਆ, ਬੜੀ ਖੁਸ਼ੀ ਕੀਤੀ। ਦੇਵਤੇ ਦਰਸ਼ਨ ਕੋ ਆਏ। ਚਰਨਾਂ ਪਰ ਸੀਸ ਨਿਵਾਇਆ ਤੇ ਆਪੋ ਆਪਣੀਆਂ ਪੁਰੀਆਂ ਕੋ ਗਏ। ਚੌਦਾਂ ਲੋਕਾਂ ਮੈ ਵਧਾਈਆਂ ਤੇ ਖੁਸ਼ੀਆਂ ਹੋਈਆਂ।

## ਸੁੰਦਰ ਸਰੂਪ

ਸੁੰਦਰ ਸਰੂਪ ਦੇਖ ਕੇ ਧੀਰਜ ਆਇ ਜਾਂਦੀ ਹੈ। ਖੰਡਾਂ ਬ੍ਰਹਿਮੰਡਾਂ ਕੀ ਜੋਤ ਸਰਬ ਬਿਆਪੀ, ਕੋਟ ਸੂਰਜ ਕਾ ਪ੍ਰਕਾਸ਼, ਸੂਰਜ ਬੰਸ ਕੇ ਮਾਲਕ ਬਾਢੀ ਬੰਸ ਮੈ ਆਇ ਅਵਤਾਰ ਧਾਰਿਆ ਹੈ। ਲਾਲ ਵਾਂਗੂੰ ਮੂਰਤੀ ਦਮਕਦੀ ਹੈ। ਸਰੀਰ ਮੈ ਗੰਢ ਨਹੀਂ ਹੈ ਜੈਸੇ ਜੀਆਂ ਕੇ ਜੋੜ ਤੇ ਗੰਢਾਂ ਹੈਨ। ਸਰੂ ਵਾਂਗੂ ਸਰੀਰ ਪਤਲਾ, ਸੂਖਮ ਅੰਗ ਪਤਲੇ ਹੈਂ। ਜੈਸੇ ਸੂਰਜ ਚੜ੍ਹਦਾ ਹੈ ਤਿਸੀ ਤਰ੍ਹਾਂ ਦਿਲਾਂ ਕੇ ਅੰਧੇਰੇ ਕੋ ਦੂਰ ਕਰਨਗੇ। ਪਾਪੀਆਂ ਕੋ ਸੇਕ ਪਹੁੰਚੇਗਾ ਸੰਤਾਂ ਕੋ ਖੁਸ਼ੀ ਹੋਵੇਗੀ। ਧਰਮ ਵਧੇਗਾ ਪਾਪ ਘਟੇਗਾ।

ਦਿਨ ਚੜ੍ਹਿਆ ਤਾਂ ਵਧਾਈਆਂ ਮਿਲਨੇ ਲੱਗੀਆਂ। ਗੁੜ ਪ੍ਰਸ਼ਾਦ ਵਰਤਾਵਣੇ ਲਗੇ। ਦਾਈ ਨੇ ਭੀ ਸੁਣਿਆ। ਕਹਿਣੇ ਲਗੀ ਪੁੱਤਰ ਕਿੱਥੋਂ ਹੋਣਾ ਹੈ। ਮਸ਼ਕ ਜੇਹੀ ਜਨਮੀ ਸੀ, ਸੋ ਮੇਰੇ ਖੜ੍ਹੇ ਹੀ ਬਾਬੇ ਜੀ ਨੇ ਦਬਾਇ ਦਿੱਤੀ ਸੀ। ਜਨਾਨੀਆਂ ਨੇ ਕਹਾ ਕਿ ਤੂੰ ਝੂਠੀ ਹੈਂ। ਅਸੀਂ ਆਪ ਦੇਖਕੇ ਆਈਆਂ ਹਾਂ ਬੜੇ ਸੁੰਦਰ ਸਰੂਪ ਖੇਡ ਰਹੇ ਹੈਂ। ਨੱਕ ਤਿੱਖਾ ਖੰਡੇ ਕੀ ਨਿਆਈ ਹੈ।ਨੇਤਰ ਸੂਰਜ ਚੰਦ੍ਰਮਾ ਦੀ ਤਰਹ ਦੂਰੋਂ ਹੀ ਮੋਂਹਦੇ ਹੈਂ। ਦੋਨੋਂ ਬੁਲ ਸੂਖਮ ਪਤਲੇ ਫੁੱਲ ਗੁਲਾਬ ਕੀ ਤਰਹ ਹੈਂ। ਆਪ ਨਿਰੰਕਾਰ ਆਕਾਰ ਧਾਰਿਆ ਹੈ। ਦਾਈ ਸੁਣਕੇ ਨੱਠੀ ਆਈ। ਦੇਖ, ਹਾਥ ਜੋੜ ਕੇ

---

1 3 ਫਰਵਰੀ 1816 ਈ.।

ਕਹਿਨੇ ਲਗੀ ਏਓ ਤਾਂ ਕੋਈ ਨੂਰੀ ਹੈ, ਖਾਕੀ ਆਦਮੀ ਨਹੀਂ ਹੈ।ਚਰਨਾਂ ਪਰ ਹਾਥ ਲਗਾਇਆ ਤੇ ਨਮਸਕਾਰ ਕੀਤੀ। ਦਾਈ ਨੇ ਕਿਹਾ ਕਈ ਬਾਲਕ ਮੇਰੇ ਹਾਥ ਮੈ ਜੰਮੇਂ ਹੈਂ ਪਰ ਐਸੀ ਕਿਸੇ ਨਹੀਂ ਕੀਤੀ ਜੈਸੀ ਇਸ ਬਾਲਕ ਨੇ ਕਰੀ ਹੈ। ਏਓ ਤਾਂ ਪ੍ਰਮੇਸਰ ਕਾ ਭੇਜਿਆ ਆਇਆ ਹੈ। ਇਸ ਕੀ ਦੇਹੀ ਹੱਡ ਮਾਸ ਕੀ ਨਹੀਂ ਹੈ। ਕੁਦਰਤ ਜੀ ਦੇਹ ਧਾਰ ਬੈਠੇ ਹੈਂ। ਆਪਣੀ ਸ਼ਕਤੀ ਨਾਲ ਕਲਾ ਧਾਰੀ ਹੈ।ਆਪ ਪ੍ਰਮੇਸਰ ਜੀ ਆਇ ਅਵਤਾਰ ਧਾਰਿਆ ਹੈ। ਬਾਬੇ ਜੀ ਗੱਫ਼ਾ ਦਿੱਤਾ ਵਧਾਈ ਦਾ, ਤਾਂ ਦਾਈ ਉਸਤਤ ਕਰਦੀ ਗਈ। ਜਿੱਥੇ ਜਾਇ ਗਲ ਕਰੇ ਕਿ ਜੱਸੇ ਦੇ ਘਰ ਬਾਲਕ ਹੋਯਾ ਹੈ ਪਰ ਗਰਭ ਸੇ ਨਹੀਂ ਆਇਆ ਕੁਦਰਤ ਆਪ ਮੂਰਤੀ ਧਾਰ ਬੈਠਾ ਹੈ। ਸੁਣ ਸੁਣ ਕੇ ਲੋਕ ਅਸਚਰਜ ਰਹੇ। ਕਹਿਣ ਬੰਦਗੀ ਵਾਲਾ ਬੜੀ ਕਮਾਈ ਵਾਲਾ ਆਇਆ ਹੈ। ਮਾਈ ਸਦਾ ਕੌਰ ਜੀ ਜਾਣਿਆ ਜੋ ਏਓ ਤਾ ਪ੍ਰਮੇਸਰ ਜੀ ਨੇ ਅਵਤਾਰ ਧਾਰਿਆ ਹੈ। ਬਾਬਾ ਜੀ ਭੀ ਬਚਿੱਤ੍ਰ ਚਲਿੱਤ੍ਰ ਦੇਖਕੇ ਸਮਝਿਆ ਜੋ ਏਓ ਜੀਵ ਨਹੀਂ ਹੈ। ਏਓ ਤਾਂ ਬੜੀ ਕਮਾਈ ਵਾਲਾ ਪ੍ਰਮੇਸਰ ਕਾ ਪਿਆਰਾ ਆਇਆ ਹੈ ਮਾਨੋਂ ਧਰਮ ਕੀ ਮੂਰਤ ਧਰਤੀ ਪਰ ਧਾਰ ਬੈਠੇ ਹੈਂ। ਨਿਰਗੁਣ ਤੇ ਸਰਗੁਣ ਰੂਪ। ਧਰਮ ਵਧੇਗਾ, ਪਾਪ ਘਟੇਗਾ।

## ਸਤਿਗੁਰੂ ਜੀ ਦਾ ਬਾਲਪਨ

ਜਾਂ ਗੁਰੂ ਜੀ ਮਹੀਨੇ ਦੇ ਹੋਏ ਤਾਂ ਗਰਦਨ ਉਠਾਇਕੇ ਦਰਸ਼ਨ ਦੇਣ ਲੱਗੇ। ਜਾਂ ਸੱਤ ਮਹੀਨੇ ਕੇ ਹੋਏ ਤਾਂ ਚੌਂਕੜੀ ਮਾਰਕੇ ਬੈਠਨੇ ਲਗੇ। ਰੋਂਦੇ ਨਾ ਸੇ। ਸਦਾ ਈ ਖੁਸ਼ੀ ਰਹਿਣਾ। ਜਿੱਧਰ ਝਾਕਣਾ ਓਧਰੇ ਈ ਇਕ ਟੱਕ ਝਾਕੀ ਜਾਣਾ। ਦਿਨੋ ਦਿਨ ਅੰਗ ਵਧਦੇ ਜਾਂਦੇ ਹੈਂ। ਲੱਤਾਂ ਪੈਰਾਂ ਹੱਥਾਂ ਦੇ ਬੱਲ ਨਾਲ ਅੱਗੇ ਕੇ ਤੁਰਦੇ ਹੈਂ ਧਰਤੀ ਪਰ ਰਿੜ੍ਹ ਕੇ। ਮਾਤਾ ਜੀ ਬੜੇ ਅਦਬ ਨਾਲ ਸੇਵਾ ਕਰਨੀ। ਬਸਤਰ ਸਫਾ ਕਰਨੇ। ਹਰ ਵਕਤ ਨਿਗ੍ਹਾ ਮੇਂ ਰੱਖਣੇ।

ਮਾਤਾ ਸਦਾ ਕੌਰ ਕੋਈ ਕੁ ਦਿਨ ਪਾਇਕੇ ਪੇਕੀਂ ਗਈ, ਨੰਗਲ ਮੈਂ। ਪਰਸਪਰ ਮਿਲੇ, ਸੁਖ- ਸਾਂਦ ਪੁੱਛੀ। ਨਾਨਕੇ ਬੜੇ ਪ੍ਰਸੰਨ ਹੋਏ ਦੋਹਤੇ ਕਾ ਦਰਸ਼ਨ ਕਰਕੇ। ਜੈਸੇ ਅਵਤਾਰ ਧਾਰਿਆ ਸੀ ਜਾਂ ਓਹ ਬਿਰਤਾਂਤ ਸੁਣਿਆ, ਤਾਂ ਜਾਣਿਆਂ ਜੋ ਕੋਈ ਬੜੀ ਕਮਾਈ ਵਾਲਾ ਸੰਤ ਪੈਦਾ ਹੋਇਆ ਹੈ। ਐਸ ਤਰ੍ਹਾਂ ਹੋਰ ਕੋਈ ਨਹੀਂ ਸੁਣਿਆ। ਏਓ ਤਾਂ ਕਲਾ ਵਾਲਾ ਬਾਲਕ ਜੰਮਿਆ ਹੈ। ਬਾਬਾ ਜੱਸਾ ਸਿੰਘ ਜੀ ਲੈਣ ਗਏ ਨੰਗਲ ਮੈ। ਨਾਨੀ ਨੇ ਕਹਾ ਮੈਂ ਤਾ ਤਾਂ ਤੋਰਾਂਗੀ ਜਾਂ ਕਾਕਾ ਡਿੰਗ[1] ਭਰਨ ਲੱਗੇਗਾ। ਅੰਤਰਜਾਮੀ ਗੁਰੂ ਜੀ ਬਾਬੇ ਜੱਸਾ ਸਿੰਘ ਜੀ ਕਾ ਸੰਕਲਪ ਜਾਣਕੇ ਬਲ ਧਾਰਕੇ ਉੱਠ ਖੜ੍ਹੇ ਹੋਏ, ਪਾਂਚ ਕਦਮ ਆਗੇ ਕੋ ਤੁਰੇ। ਬਾਬੇ ਜੱਸਾ ਸਿੰਘ ਜੀ ਬਚਨ ਕੀਤਾ ਲਵੋ ਤੁਰਨੇ ਭੀ ਲੱਗ ਪਏ ਹੈਂ। ਦੇਖਕੇ ਸਾਰਾ ਪਰਵਾਰ ਅਸਚਰਜ ਰਹੇ। ਬਾਬਾ ਜੱਸਾ ਸਿੰਘ ਜੀ ਰਾਮਦਾਸ ਪੁਰੇ ਮੈ ਲੈ ਆਏ[2]।

## ਮਹਾਰਾਜ ਬੁੱਧ ਸਿੰਘ ਜੀ ਦਾ ਜਨਮ

1 ਤੁਰਨਾ ਜਾਂ ਕਦਮ ਪੁੱਟਣੇ ।

2 ਸ੍ਰੀ ਭੈਣੀ ਸਾਹਿਬ ਨੂੰ ਰਾਮਦਾਸ ਪੁਰਾ ਵੀ ਕਿਹਾ ਜਾਂਦਾ ਹੈ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਗਟ ਹੋਣ ਤੋਂ ਛੇਤੀ ਮਗਰੋਂ ਹੀ ਬਾਬਾ ਜੱਸਾ ਸਿੰਘ ਜੀ ਰਾਈਆਂ ਤੋਂ ਸ੍ਰੀ ਭੈਣੀ ਸਾਹਿਬ ਆ ਗਏ ਸਨ।

ਬਾਲ ਲੀਲਾ ਕਰਦੇ ਚਾਰ ਬਰਸ ਕੇ ਜਾਂ ਹੋਏ ਤਾਂ ਦੂਈ ਮੂਰਤੀ ਮਹਾਰਾਜ ਬੁੱਧ ਸਿੰਘ ਜੀ ਅਵਤਾਰ ਧਾਰਿਆ, ਅੱਸੂ ਸੁਦੀ ਤੀਜ, ਸੰਮਤ ੧੮੭੬ ਬਿਕ੍ਰਮੀ, ਦਿਨ ਬੁੱਧਵਾਰ, ਰਾਮਦਾਸ ਪੁਰੇ ਮੈ। ਦੇਵਤੇ ਦਰਸ਼ਨ ਕੋ ਆਏ। ਬੜੀ ਖੁਸ਼ੀ ਕੀਤੀ। ਸੀਸ ਨਿਵਾਇਕੇ ਆਪੋ ਆਪਣੀਆਂ ਪੁਰੀਆਂ ਕੋ ਗਏ। ਦਿਨ ਚੜ੍ਹਿਆ ਤਾਂ ਵਧਾਈਆਂ ਮਿਲਨੇ ਲੱਗੀਆਂ, ਗੁੜ ਪ੍ਰਸ਼ਾਦਵਰਤਾਇਆ। ਬੜੀ ਖੁਸ਼ੀ ਹੋਈ।

ਮੁਖਵਾਕ –

ਵਧੀ ਵੇਲਿ ਬਹੁ ਪੀੜੀ ਚਾਲੀ।ਧਰਮ ਕਲਾ ਹਰਿ ਬੰਧਿ ਬਹਾਲੀ।

(ਆਸਾ ਮ: ੫, ਪੰਨਾ ੩੯੬)

ਮਾਨੋ ਧਰਮ ਕੀ ਧੁਜਾ ਖੜੀ ਹੋਈ ਹੈ। ਦਾਨ ਪੁੰਨ ਕੀਤਾ।ਪੰਦਰਾਂ ਦਿਨ ਦੁੱਧੀ ਨਹੀਂ ਲਈ। ਏਕ ਸਾਧ ਆਇਆ। ਉਸਨੇ ਐਸੀ ਦਵਾਈ ਨਾਸਕਾ ਕੇ ਰਸਤੇ ਚਾੜ੍ਹੀ ਤਾਂ ਫੇਰ ਦੁੱਧੀ ਲਈ। ਦਿਨੋ ਦਿਨ ਅੰਗ ਵਧਦੇ ਜਾਂਦੇ ਹੈਂ। ਸ੍ਰੀ ਅਕਾਲ ਪੁਰਖ ਨੇ ਦੋਨੋਂ ਮੂਰਤਾਂ ਧਾਰੀਆਂ ਹੈਂ ਧਰਮ ਵਰਤਾਵਣੇ ਨੂੰ ਪਾਪ ਹਟਾਵਣੇ ਨੂੰ। ਗਊ ਗ਼ਰੀਬ ਦਾ ਕਸ਼ਟ ਕੱਟਣ ਨੂੰ ਦਰਸ਼ਨ ਦਿੱਤਾ ਹੈ। ਦਿਨੋ ਦਿਨ ਦੋਨਾਂ ਭਾਈਆਂ ਦੇ ਅੰਗ ਵਧਣੇ ਲਗੇ।

## ਸਤਿਗੁਰੂ ਜੀ ਦਾ ਮੰਗਣਾ

ਜਾਂ ਸਤਿਗੁਰੂ ਜੀ ਪਾਂਚ ਬਰਸ ਕੇ ਹੋਏ[1] ਧਰੋੜਾਂ ਥੀਂ ਸਾਹਬੂ ਆਇਆ ਰਾਮਦਾਸ ਪੁਰੇ ਮੇਂ[2]। ਫੇਰ ਬਾਬੇ ਜੱਸਾ ਸਿੰਘ ਕੇ ਘਰ ਆਇਆ। ਰਾਮ ਰਾਮ ਕਰੀ। ਮਾਤਾ ਸਦਾ ਕੌਰ ਜੀ ਬੜੇ ਆਦਰ ਨਾਲ ਬਿਠਾਇਆ, ਪ੍ਰਸ਼ਾਦ ਛਕਾਇਆ। ਸ੍ਰੀ ਸਤਿਗੁਰੂ ਜੀ ਵੇਹੜੇ ਮੈ ਖੇਡਦੇ ਦੇਖਕੇ ਤੇ ਮੋਹਣੀ ਮੂਰਤ ਕਾ ਦਰਸ਼ਨ ਕਰਕੇ ਮੋਹਿਆ ਗਿਆ। ਕਹਿਣੇ ਲਗਾ ਸਾਹਬੂ, ਕਿ ਮੈਂ ਤਾਂ ਇਸ ਲੜਕੇ ਨੂੰ ਸਾਕ ਦੇ ਚੁਕਿਆ ਹਾਂ। ਜਾਂ ਘਰ ਜਾਇਕੇ ਗੱਲ ਕੀਤੀ ਤਾਂ ਕੁੜੀ ਦੀ ਮਾਂ ਨੇ ਸੁਣਕੇ ਕਿਹਾ ਕਿ ਓਹ ਤਾਂ ਪਿੰਡ ਛੋਟਾ ਹੈ। ਸਾਡੇ ਪਿੰਡ ਕੇ ਉੱਥੇ ਵਗ[3] ਚਰ ਕੇ ਆਉਂਦੇ ਹੈਂ। ਸਾਹਬੂ ਨੇ ਕਿਹਾ ਕਿ ਮੈਨੂੰ ਤਾਂ ਪਿੰਡ ਵੱਡਾ ਦਿਸਿਆ ਹੈ। ਮੈਂ ਤਾਂ ਸਾਕ ਕਰ ਚੁੱਕਾ ਹਾਂ ਜਿੱਥੇ ਕਰਨਾ ਸੀ। ਮੁੰਡਾ ਪੁੱਜ ਕੇ ਸੁੰਦਰ ਹੈ। ਰੁਪਯਾ ਸਗਨ ਕਾ ਭੇਜ ਦਿੱਤਾ। ਰਾਮਦਾਸ ਪੁਰੇ ਮੈ ਮੰਗਣੇ ਕੀ ਰੀਤੀ ਕੀਤੀ। ਮਾਈ ਸਦਾ ਕੌਰ ਤੇ ਬਾਬੇ ਜੱਸਾ ਸਿੰਘ ਕੋ ਵਧਾਈਆਂ ਮਿਲਨੇ ਲੱਗੀਆਂ। ਜੱਜੇ ਅੱਖਰ ਪਰ ਜੱਸਾ ਸਿੰਘ ਤਿਸਕੇ ਘਰ ਮੈ ਰਾਮ-ਭਰਤ ਹੈਂ। ਮੰਗਲਾਚਾਰ ਕੇ ਗੀਤ ਗਾਇਨ ਕੀਤੇ।

## ਪੈਂਤੀ ਲਿਖੀ

ਬਾਬੇ ਜੱਸਾ ਸਿੰਘ ਜੀ ਦਲੀਲ ਕੀਤੀ ਕਿ ਏਨੂੰ ਕਿਧਰੇ ਪੜ੍ਹਨੇ ਪਾਈਏ। ਅੰਤਰਯਾਮੀ ਸਤਿਗੁਰੂ ਰਾਮ ਸਿੰਘ ਜੀ ਪੈਂਤੀ ਲਿਖਕੇ ਦਿਖਾਇ ਦਿੱਤੀ। ਪਾਂਚ ਬਰਸ ਕੇ ਸੇ ਤਬ ਬਚਨ ਕੀਤਾ

---

1 ੧੮੭੭ ਬਿ. ੧੮੨੧ ਈ.

2 ਧਰੋੜ ਜ਼ਿਲ਼ੇ ਲੁਧਿਆਣੇ ਦਾ ਇੱਕ ਪਿੰਡ।

3 ਪਸ਼ੂ ।

ਮੈਨੂੰ ਕੌਣ ਪੜ੍ਹਾਉਣ ਵਾਲਾ ਹੈ ? ਬਾਬਾ ਜੀ ਦੇਖਕੇ ਪੈਂਤੀ ਤੇ ਸੁਣਕੇ ਬਚਨ ਅਸਚਰਜ ਮਾਨੀ ਦੇਖੋ ਬਾਲਕ ਕੀ ਗੱਲਾਂ ਕਰਦਾ ਹੈ। ਸਤਿਗੁਰੂ ਜੀ ਅਪਨੇ ਸੁਭਾਉ ਮੈ ਮਗਨ ਰੈਹਣਾ। ਜੋ ਆਇਕੇ ਦਰਸ਼ਨ ਕਰਦਾ ਹੈ ਸੋ ਮੋਹਿਆ ਜਾਂਦਾ ਹੈ। ਮੁਖੜਾ ਦੇਖਨੇ ਸੇ ਬਿਰਤੀ ਨੇਤਰਾਂ ਕੀ ਨਹੀਂ ਹਟਦੀ ਹੈ। ਪਤਲੇ ਸੂਖਮ ਸਰੀਰ ਕਾ ਆਕਾਰ ਆਪ ਨਿਰੰਕਾਰ ਜੀ ਨੇ ਧਾਰਿਆ ਹੈ।

ਮੁਖਵਾਕ- ਸੂਖਮ ਮੂਰਤਿ ਨਾਮੁ ਨਿਰੰਜਨ ਕਾਇਆ ਕਾ ਆਕਾਰੁ ॥

(ਆਸਾ ਮ: ੧, ਪੰਨਾ ੪੬੬)

ਸੋ ਮੂਰਤੀ ਜੋਤ ਸ੍ਰੀ ਅਕਾਲ ਪੁਰਖ ਜੀ ਧਾਰੀ ਹੈ।

## ਵਿਆਹ

ਸ੍ਰੀ ਸਤਿਗੁਰੂ ਜੀ ਸੱਤਾਂ ਬਰਸਾਂ ਕੇ ਹੋਏ ਤਾਂ ਧਰੋੜੀਂ ਜਾਇ ਬੇਦ ਰੀਤੀ ਸੇ ਵਿਵਾਹ ਕੀਤਾ[1]। ਸਰਬ ਦੇਖਕੇ ਮੋਹੇ ਗਏ। ਦੇਖਕੇ ਲੋਕ ਮਾਈਆਂ ਬੀਬੀਆਂ ਕੈਂਹਦੀਆਂ ਹੈਂ ਇਹ ਮੂਰਤ ਰੱਬ ਨੇ ਆਪ ਧਾਰੀ ਹੈ।ਜੇੜ੍ਹਾ ਦਰਸ਼ਨ ਕਰੇ ਉਸਨੂੰ ਲਗਦੀ ਪਿਆਰੀ ਹੈ। ਮੰਗਲਾਚਾਰ ਕੇ ਗੀਤ ਗਾਇਨ ਕੀਤੇ। ਰਾਮਦਾਸ ਪੁਰੇ ਆਏ, ਬੜੀ ਖੁਸ਼ੀ ਹੋਈ। ਸ੍ਰੀ ਸਤਿਗੁਰੂ ਜੀ ਕੇ ਮਹਿਲ ਜੱਸਾਂ ਜੀ ਘਰ ਮੈ ਆਈ। ਮਾਤਾ ਸਦਾ ਕੌਰ ਕੋ ਤੇ ਬਾਬੇ ਜੱਸਾ ਸਿੰਘ ਜੀ ਕੋ ਵਧਾਈਆਂ ਮਿਲੀਆਂ।

## ਸਾਧੂ ਬਿਰਤੀ

ਅੱਠਾਂ ਵਰ੍ਹਿਆਂ ਕੇ ਹੋਏ ਤਾਂ ਜੇੜ੍ਹਾ ਬੋਲਾ ਮੁੱਖ ਸੇ ਨਿਕਲਦਾ ਹੈ ਸੋ ਪੂਰਾ ਹੁੰਦਾ ਹੈ। ਕਿਸੇ ਨਾਲ ਬਹੁਤਾ ਬੋਲਦੇ ਨ ਸੇ। ਦੋਨੋਂ ਬਾਲਕ ਦੇਖਕੇ ਧੀਰਜ ਆਇ ਜਾਂਦੀ ਹੈ ਮਾਨੋਂ ਰਾਮ ਭਰਤ ਜੀ ਦੋਨੋਂ ਭਾਈ ਆਏ ਹੈਂ। ਸੂਰਜ ਚੰਦ੍ਰਮਾ ਵਤ ਚਾਨਣ ਕਰਨਗੇ। ਦਿਲਾਂ ਕਾ ਜੋ ਅੰਧੇਰਾ ਹੈ ਸੋ ਹਟਾਵਣਗੇ। ਅਕੰਤ ਬੈਠਕੇ ਭਜਨ ਕਰਨਾ ਚੌਂਕੜੀ ਮਾਰ ਕੇ, ਪਦਮ ਆਸਣ ਲਾਇਕੇ ਉੱਤੋਂ ਦੀ ਚਾਦਰ ਦੀ ਮੁਕਟੀ ਮਾਰ ਕੇ ਸਮਾਧੀ ਲਾਇ ਛਡਣੀ। ਜੋ ਮੁੰਡੇ ਹਾਣ ਕੇ ਸੇ ਉਨ੍ਹਾਂ ਨੇ ਸੈ ਉਪਾਧੀਆਂ ਕਰਨੀਆਂ।

ਸ੍ਰੀ ਸਤਿਗੁਰੂ ਜੀ ਛੋਟੀ ਅਵਸਥਾ ਮੇਂ ਹੀ ਸੰਤਾਂ ਵਾਂਗੂ ਆਸਣ ਲਗਾਇਕੇ ਭਜਨ ਕਰਨਾ।ਜਾਂ ਮੁੰਡਿਆਂ ਦੇਖਣਾ ਤਾਂ ਬੁਲ੍ਹ ਹਿਲਦੇ ਹੈਂ। ਤੁਰਦੇ ਬੈਠਦੇ ਭਜਨ ਕਰਨਾ। ਹੋਰ ਕੋਈ ਗੱਲ ਕਿਸੇ ਵਿਹਾਰ ਦੀ ਨਾ ਕਰਨੀ, ਹਰ ਵਕਤ ਧਿਆਨ ਰੂਪ ਰਹਿਣਾ। ਜਿਸਨੇ ਦਰਸ਼ਨ ਕਰਨਾ ਦੇਖਕੇ ਮੁਖੜਾ ਮਨ ਮੋਹਿਆ ਜਾਣਾ। ਉਸਨੇ ਜਾਨਣਾ ਜੋ ਬੰਦਗੀ ਵਾਲਾ ਹੈ, ਬੜੇ ਨਿਵਿਸਤੇ ਵਾਲਾ ਹੈ। ਜੋ ਬੋਲਾ ਕਰਦੇ ਹੈਂ ਸਹਿਜ ਸੁਭਾਉ ਹੀ ਸੋ ਪੂਰਾ ਹੁੰਦਾ ਹੈ। ਭੈਸਾਂ ਚਾਰਨ ਮੁੰਡਿਆਂ ਨਾਲ ਚਲੇ ਜਾਣਾ। ਰੰਬਾ ਹੱਥ ਮੈ ਹੋਣਾ । ਰੰਬੇ ਪਰ ਸੋਟੀ ਮਾਰਕੇ ਰਾਗ ਵਾਂਗੂੰ ਤੁਕ ਪੜ੍ਹਨੀ। ਕੁਝ ਸਮਝ ਨਾ ਮੁੰਡਿਆਂ ਨੂੰ ਪੈਣੀ।

## ਮਹਾਰਾਜ ਬੁੱਧ ਸਿੰਘ ਜੀ ਦਾ ਮੰਗਣਾ ਅਤੇ ਵਿਆਹ

---

1 ੧੯੯੦ ਬਿ. ੧੯੨੩ ਈ.

ਮਹਾਰਾਜ ਬੁੱਧ ਸਿੰਘ ਜੀ ਪਾਂਚ ਬਰਸ ਕੇ ਹੋਏ ਤਾਂ ਮਾਦਪੁਰੇ ਮੈ ਮੰਗਣਾ ਹੋਇਆ।[1] ਰਾਮਦਾਸ ਪੁਰੇ ਮੰਗਣੇ ਕੀ ਰੀਤੀ ਕੀਤੀ। ਵਧਾਈਆਂ ਮਿਲੀਆਂ, ਬੜੀ ਖ਼ੁਸ਼ੀ ਕੀਤੀ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਕਾਲ ਪੁਰਖ ਹੈਂ ਦੂਜੇ ਭਾਈ ਬੁੱਧ ਸਿੰਘ ਜੀ ਹੈਂ। ਦੋਨੋਂ ਭਾਈ ਮੋਹਨੀ ਮੂਰਤਾਂ। ਸਾਤ ਬਰਸ ਕੇ ਸੇ ਮਹਾਰਾਜ ਬੁੱਧ ਸਿੰਘ ਜੀ, ਮਾਦਪੁਰੇ ਮੈ ਜਾਇ ਵਿਵਾਹ ਕੀਤਾ ਬੇਦ ਰੀਤੀ ਸੇ।[2] ਕੁੜਮਾਂ ਨਾਲ ਰਸ ਰੀਤ ਰਹੀ ਬਾਬੇ ਜੱਸਾ ਸਿੰਘ ਕੀ। ਰਾਮਦਾਸ ਪੁਰੇ ਆਏ। ਮਹਿਲ ਸਾਹਿਬ ਕੌਰ ਆਈ। ਮਾਈ ਸਦਾ ਕੌਰ ਤੇ ਬਾਬੇ ਜੱਸਾ ਸਿੰਘ ਕੋ ਵਧਾਈਆਂ ਮਿਲੀਆਂ। ਪਰਵਾਰ ਮੈ ਜੈਸਾ ਜੈਸਾ ਦੇਣਾ ਲੈਣਾ ਸੀ ਸੋ ਦਿੱਤਾ ਲਿਆ।

## ਸਤਿਗੁਰੂ ਜੀ ਦਾ ਸਰੂਪ

ਬਾਬਾ ਜੱਸਾ ਸਿੰਘ ਖੇਤੀ ਭੀ ਕਰਦੇ ਸੇ ਰੰਬਾ-ਫਾਲਾਂ ਵਾਲਾ ਭੀ ਚੰਡਦੇ ਸੇ। ਮਹਾਰਾਜ ਬੁੱਧ ਸਿੰਘ ਜੀ, ਬਾਬੇ ਜੱਸਾ ਸਿੰਘ ਜੀ ਕੇ ਨਾਲ ਕੰਮਕਾਰ ਕਰਾਉਂਦੇ ਹੈਂ। ਸ੍ਰੀ ਸਤਿਗੁਰੂ ਜੀ ਭਜਨ ਬਾਣੀ ਕਰਨਾ। ਨਾਮ ਕੀ ਮਸਤੀ ਮੈ ਮਸਤ ਰੈਂਹਦੇ ਹੈਂ। ਸ੍ਰੀ ਸਤਿਗੁਰੂ ਜੀ ਕੇ ਮੁਖ ਪਰ ਲਾਲੀ, ਮਸਤਕ ਚੌੜਾ, ਭਵਾਂ ਕਮਾਨ ਕੀ ਨਿਆਈਂ, ਨੇਤ੍ਰ ਮਾਨੋਂ ਚੰਦ੍ਰਮਾ-ਸੂਰਜ ਚੜ੍ਹੇ ਹੈਂ। ਕਵਲਾਂ ਕੀ ਤਰ੍ਹਾਂ ਖਿੜੇ ਹੈਂ। ਸੁੰਦਰ ਕਪੋਲ, ਨੱਕ ਤਿੱਖਾ ਖੰਡੇ ਕੀ ਨਿਆਈਂ। ਬਿੰਬ ਫਲ ਸਮਾਨ, ਦੋਨੋਂ ਹੋਠ ਪਤਲੇ ਲਾਲ, ਕਰਨ ਸੇਵਕਾਂ ਕੋ ਨਿਹਾਲ। ਦੰਦ ਮੋਤੀਆਂ ਕੀਆਂ ਪੰਗਤੀਆਂ ਲੱਗੀਆਂ ਹੋਈਆਂ ਹੈਂ। ਠੋਡੀ ਸੇਬ ਕੇ ਸਮਾਨ ਹੈ। ਛਾਤੀ ਚੌੜੀ, ਲੱਕ ਪਤਲਾ ਕੇਹਰ ਕੀ ਨਿਆਈਂ। ਆਜਾਨੁ ਬਾਹੂ, ਲੰਬੀਆਂ ਭੁਜਾਂ ਹੈਨ। ਗਰਦਨ ਹੰਸ ਕੀ ਮਾਨਿੰਦ ਲੰਬੀ, ਲੱਤਾਂ ਕੇਲੇ ਕੀ ਤਰ੍ਹਾਂ ਹੈਨ। ਚਰਨ ਕੰਵਲ ਮੈ ਪਦਮ ਹੈ। ਭ੍ਰਿਗੁਲਤਾ ਹੈ ਪਿੱਠ ਪਰ। ਸੱਜੇ ਗੋਡੇ ਉੱਤੇ ਲਾਲ ਲਸਨ ਹੈ ਨਿਮ ਕੇ ਪੱਤੇ ਕੀ ਤਰ੍ਹਾਂ। ਸਰੀਰ ਪਤਲਾ ਸਰੂ ਵਾਂਗੂੰ। ਦੇਖਕੇ ਧੀਰਜ ਆਇ ਜਾਂਦੀ ਹੈ। ਜੀਆਂ ਵਾਂਗੂ ਸਰੀਰ ਮੈ ਗੰਢ ਨਹੀਂ ਹੈ।

ਬਾਹਰ ਜਾਣਾ ਤੇ ਭਜਨ ਕਰਨਾ। ਆਪਣੀ ਰਜਾਇ ਨਾਲ ਘਰ ਔਂਦੇ ਹੈਂ। ਜਿਸ ਨੇ ਆਇ ਕੇ ਦਰਸ਼ਨ ਕਰਨਾ, ਹੱਸ ਕੇ ਦਰਸ਼ਨ ਦੇਣਾ। ਜੈਸਾ ਸੰਕਲਪ ਹੋਵੇ ਕਿਸੇ ਦਾ, ਓਸ ਨੂੰ ਵੈਸਾ ਹੀ ਬੋਲਾ ਕਰ ਦੇਣਾ। ਓਸਨੇ ਜਾਨਣਾ ਜੋ ਮੇਰੇ ਦਿਲ ਕੀ ਬਾਰਤਾ ਸੁਣਾਂਦਾ ਹੈ, ਏਹ ਕੋਈ ਕਮਾਈ ਵਾਲਾ ਹੈ। ਚੁਰਾਸੀ ਪਰ ਮਾਇਆ ਪਾਈ ਹੋਈ ਹੈ। ਏਹ ਨ ਸੀ ਕੋਈ ਜਾਣਦਾ ਜੋ ਅਬਿਨਾਸੀ ਠਾਕੁਰ ਜੀ ਪ੍ਰਗਟ ਹੋਏ ਹੈਂ।ਮਾਤਾ ਭੀ ਬੜਾ ਅਦਬ ਰੱਖਦੀ ਹੈ। ਮਾਤਾ ਜਾਣਦੀ ਹੈ ਗਰਭ ਕੇ ਰਸਤੇ ਨਹੀਂ ਆਏ। ਕੁਦਰਤ ਨਾਲ, ਸ਼ਕਤੀ ਨਾਲ ਅਪਨੀ ਕਲਾ ਧਾਰ ਬੈਠੇ ਹੈਂ।

ਮਾਤਾ ਜੀ ਬੜੇ ਅਦਬ ਨਾਲ ਸੇਵਾ ਟਹਿਲ ਕਰਨੀ। ਬਸਤਰ ਹਰ ਵਕਤ ਸਫ਼ਾ ਰੱਖਣੇ। ਪ੍ਰਸ਼ਾਦ ਪਾਣੀ ਛਕਾਵਣਾ ਬੜੇ ਪ੍ਰੇਮ ਨਾਲ। ਪ੍ਰਮੇਸਰ ਰੂਪ ਜਾਣਕੇ ਮਾਤਾ ਸਦਾ ਕੌਰ ਭੈ ਰੱਖਦੀ ਹੈ। ਮਾਤਾ ਪਿਤਾ ਦੇਖ ਦੇਖਕੇ ਵਾਰਨੇ ਜਾਂਦੇ ਹੈਂ। ਦੋਨੋਂ ਜੋੜੀ ਲਾਲਾਂ ਕੀ ਘਰ ਮੈ ਖੇਡਦੇ ਹੈਂ। ਬਾਬੇ ਜੀ ਕਾ ਸਤਿਗੁਰੂ ਜੀ ਕੀ ਮੂਰਤੀ ਵਿੱਚ ਬੜਾ ਮੋਹ ਹੈ ਜੈਸੇ ਰਾਮ ਚੰਦਰ ਜੀ ਕੇ ਵਕਤ

1 ੧੮੨੪ ਈ, ੧੮੮੧ ਬਿਕ੍ਰਮੀ।

2 ੧੮੨੬ ਈ, ੧੮੮੩ ਬਿਕ੍ਰਮੀ।

ਦਸਰਥ ਜੀ ਕਾ ਮੋਹ ਸੀ। ਪਿੰਡ ਦੇ ਲੋਕ ਭੀ ਅਦਬ ਰੱਖਦੇ ਹੈਂ ਕਿਉਂਕਿ ਦਾਈ ਨੇ ਸਾਰੇ ਪਿੰਡ ਵਿੱਚ ਸੁਣਾਇਆ ਸੀ ਜਿਸ ਤਰ੍ਹਾਂ ਅਵਤਾਰ ਧਾਰਿਆ ਸੀ, ਨਾਲੇ ਸੁੰਦਰ ਮੂਰਤ ਦੇਖਕੇ ਜੀਵ ਮੋਹਿਆ ਜਾਂਦਾ ਹੈ। ਜੇਕਰ ਕੋਈ ਸਾਧ ਮਿਲਨਾ, ਉਸ ਕੋ ਸੀਸ ਨਿਵਾਇਕੇ ਚਰਨੀਂ ਹੱਥ ਲਾਇਕੇ ਮੱਥਾ ਟੇਕਣਾ। ਅਗਲੇ ਸਾਧ ਨੇ ਜਾਨਣਾ ਜੋ ਬੜੇ ਨਵਿਸਤੇ ਵਾਲਾ ਹੈ। ਹੋਰ ਭੀ ਤਾਂ ਇਆਣੇ ਹੈਨ, ਕੋਈ ਨਹੀਂ ਚਰਨੀਂ ਹੱਥ ਲਾਂਵਦਾ ਹੈ।ਏਹ ਦੁਨੀਆਂ ਵਰਗਾ ਬਾਲਕ ਨਹੀਂ ਹੈ। ਕੈਸਾ ਪਿਆਰਾ ਲੱਗਦਾ ਹੈ।

## ਪੜ੍ਹਨ ਗਏ

ਬਿਲਗਾ[1] ਗ੍ਰਾਮ ਹੈ, ਤਿਸ ਜਗ੍ਹਾ ਏਕ ਮਹੀਨਾ ਗਏ। ਏਕ ਸਾਧ ਸੀ ਉਸ ਜਗ੍ਹਾ, ਉਸ ਤੋਂ ਅੱਖਰ ਕੁਝ ਪੜ੍ਹੇ। ਏਕ ਮਹੀਨਾ ਰਹਿਕੇ ਮੁੜ ਆਏ। ਮਹਾਰਾਜ ਬੁੱਧ ਸਿੰਘ ਜੀ ਕੇ ਸਾਥ ਬਚਨ ਕੀਤਾ ਪੜਨਾ ਕੀ ਥਾ ਸੈਲ ਕਰਨ ਗਏ ਸੇ ਸੋ ਕਰ ਆਏ ਹੈਂ। ਡੇਹਲੋਂ[2] ਕਾ ਇਕ ਮੋਰੂ ਥਾ, ਤਿਸਕੇ ਨਾਲ ਬੜਾ ਪ੍ਰੇਮ ਥਾ ਸਤਿਗੁਰੂ ਜੀ ਕਾ । ਪ੍ਰਸ਼ਾਦਾ ਭੀ ਉਸਕੀ ਸਿੰਘਣੀ ਬਣਾਉਂਦੀ ਸੀ। ਜਾਂ ਅੱਗੇ ਪੰਥ ਤੁਰੇਗਾ, ਓਹੋ ਬੁੱਢੀ ਭੀ ਆਇਕੇ ਭਜਨ ਲਵੇਗੀ। ਸਤਿਗੁਰੂ ਜੀ ਡੇਹਲੋਂ ਜਾਣਗੇ। ਇਸ ਪ੍ਰਕਾਰ ਦੀ ਲੀਲਾ ਕਰਦੇ ਕਰਾਉਂਦੇ ਬੀਸ ਬਰਸ ਕੇ ਹੋਏ।

## ਖਾਲਸਾ ਫ਼ੌਜ ਵਿੱਚ ਭਰਤੀ

ਬਾਈਸ ਬਰਸ ਕੇ ਜਾਂ ਹੋਏ ਸਤਿਗੁਰੂ ਜੀ, ਤਾਂ ਕਾਬਲ ਸਿੰਘ[3] ਭਣਵਈਆ, ਸ੍ਰੀ ਸਤਿਗੁਰੂ ਜੀ ਕਾ ਫ਼ੌਜ ਮੈ ਜਮਾਂਦਾਰ ਸੀ। ਸ੍ਰੀ ਸਤਿਗੁਰੂ ਜੀ ਕੋ ਕਹਿਣੇ ਲਗਾ ਤੁਸੀਂ ਸਾਡੇ ਨਾਲ ਚੱਲੋ, ਨੌ ਨਿਹਾਲ ਸਿੰਘ ਵਾਲੀ ਫ਼ੌਜ ਮੈ ਨਾਵਾਂ ਲਿਖਾਇ ਦੇਂਦੇ ਹੈਂ। ਕਾਬਲ ਸਿੰਘ ਨਾਲ ਗਏ ਸ੍ਰੀ ਸਤਿਗੁਰੂ ਜੀ, ਫ਼ੌਜ ਮੈ ਜਾਇ ਭਰਤੀ ਹੋਏ। ਨਾਵਾਂ ਲਿਖਵਾਇਆ।[4]

## ਮਹਾਰਾਜਾ ਰਣਜੀਤ ਸਿੰਘ

ਜਦ ਰਣਜੀਤ ਸਿੰਘ ਜਨਮਿਆ ਸੀ ਤਾਂ ਓਸ ਸਮੇਂ ਜੁੱਧ ਕਾ ਜਮਾਨਾ ਥਾ। ਪਿਤਾ ਕਾ ਨਾਮ ਮਹਾਂ ਸਿੰਘ ਥਾ। ਜਿਸ ਪਰ ਚੜ੍ਹਾਈ ਕੀਤੀ ਸੋ ਫਤ੍ਹੇ ਹੋਇਆ। ਨਾਮ ਰਣਜੀਤ ਸਿੰਘ ਰੱਖਿਆ। ਜਾਂ ਵੱਡਾ ਹੋਇਆ ਰਣਜੀਤ ਸਿੰਘ ਤਾਂ ਚੰਗੇ ਰਸਤੇ ਦੱਸਣ ਲੱਗਾ। ਧਰਮਸਾਲਾ ਪਿੰਡਾਂ ਮੈ ਬਨਵਾਇ ਦਿੱਤੀਆਂ। ਸਰਬ ਲੋਕ ਕਹਿਣ ਕਿ ਧਰਮ ਲੜੀ ਜੋ ਕਹਿੰਦੇ ਸੇ ਸੋ ਹੁਣ ਚੱਲੀ ਹੈ। ਨੈਣਾ ਸਿੰਘ ਤੇ ਫੂਲਾ ਸਿੰਘ ਏਹ ਨਿਹੰਗਾਂ ਮੈ ਵੱਡੇ ਥੇ। ਕਾਬਲ ਕਾ ਪਾਸਾ ਭੀ ਜਿੱਤਿਆ, ਹਰੀ ਸਿੰਘ ਨਲੂਆ ਭੇਜਿਆ ਸੀ। ਆਪ ਭੀ ਰਣਜੀਤ ਸਿੰਘ ਕੋ ਅਟਕ ਨੇ ਗਹਣ[5] ਕਰਕੇ ਲੰਘਾਇ

---

1 ਜ਼ਿਲ੍ਹਾ ਜਲੰਧਰ ਦਾ ਪ੍ਰਸਿੱਧ ਕਸਬਾ

2 ਜ਼ਿਲ਼ਾ ਲੁਧਿਆਣੇ ਦਾ ਇਕ ਪਿੰਡ।

3 ਸਤਿਗੁਰੂ ਜੀ ਦਾ ਭਣਵਈਆਂ(ਭੈਣ ਦਾ ਪਤੀ), ਜੋ ਪਿੰਡ ਰਾਏਪੁਰ ਜ਼ਿਲ੍ਹਾ ਲੁਧਿਆਣੇ ਦਾ ਵਾਸੀ ਸੀ।

4 ੧੮੩੭ ਈ, ੧੮੯੪ ਬਿਕ੍ਰਮੀ।

5 ਮੁਸ਼ਕਿਲ, ਕਠਿਨ

ਦਿੱਤਾ ਸੀ। ਬੜੀ ਕਮਾਈ ਵਾਲਾ ਸੀ। ਸਰਬ ਖਾਲਸੇ ਕੋ ਖੁਸ਼ੀਆਂ ਹੋਈਆਂ। ਜਿੱਧਰ ਚੜ੍ਹਾਈ ਕਰਨ ਓਧਰੇ ਹੀ ਫਤ੍ਹੇ ਹੋਵੇ।

ਕੋਈ ਦਿਨ ਬੜੀ ਧਰਮ ਕੀ ਵਾਰਤਾ ਤੁਰੀ। ਦੇਉਤਾ ਸੁਭਾਉ ਸੀ। ਸਰਬ ਪਰ ਦਇਆ ਕਰਨੀ।ਧਰਮ ਲੜੀ ਚੱਲੀ, ਅਮਨ ਚੈਨ ਰਹੀ। ਕੋਈ ਨਾ ਚੜ੍ਹ ਕੇ ਆਇਆ ਸਾਮ੍ਹਣੇ। ਰਣਜੀਤ ਸਿੰਘ ਕਾ ਏਕ ਨੇਤਰ ਸੀ ਸੱਜਾ, ਲੰਮਾ ਦਾੜ੍ਹਾ। ਜਿੱਧਰ ਝਾਕੇ ਉਦਰ ਹੀ ਨਿਮਸਕਾਰਾਂ ਕਰਦੇ ਚਾਰ ਬਰਨ ਨਾਲੇ ਖਾਲਸਾ। ਸਰਬ ਜੀਵ ਸੁਖੀ ਸੇ, ਕੋਈ ਭੀ ਨਾ ਸੀ ਦੁਖੀ। ਸਰਬ ਖਾਲਸਾ ਜੈ ਜੈ ਕਾਰ ਕਰਦਾ ਹੈ। ਜਗ੍ਹਾ-ਪਰ-ਜਗ੍ਹਾ ਦੇਗਾਂ ਬਣਦੀਆਂ ਹੈਨ[1]। ਅਕਾਲ ਅਕਾਲ ਹੁੰਦੀ ਹੈ। ਨਿਹੰਗਾਂ ਕਾ ਤੇ ਨਿਰਮਲਿਆਂ ਕਾ ਜੋਰ ਸੀ।

## ਖਾਲਸਾ ਮਲੇਛ

ਜਾਂ ਰਣਜੀਤ ਸਿੰਘ ਦੇਵ ਲੋਕ ਕੋ ਚਲੇ ਗਏ[2] ਤਾਂ ਰਾਣੀਆਂ ਨਾਲ ਸਤੀ ਹੋਈਆਂ ਸੀਆਂ। ਦੋ ਕਬੂਤਰਾਂ ਦਾ ਜੋੜਾ ਵਿੱਚ ਆਇ ਪਿਆ ਸੀ। ਪਾਛੇ ਭੋਗ ਪੁਆਏ ਸ੍ਰੀ ਗ੍ਰੰਥ ਸਾਹਿਬ ਕੇ। ਸ਼ੋਕ ਕੇ ਦਿਨ ਪੂਰੇ ਹੋਏ। ਆਪੋ ਧਾਪ ਹੋਈ। ਜੋ ਜੋ ਨਿਕਟ ਵਰਤੀ ਹਾਕਮ ਸੇ ਤਿਨ੍ਹਾਂ ਕਾ ਜੋਰ ਹੋਇਆ। ਮਾਸ ਸ਼ਰਾਬ ਕਬਾਬ ਬਹੁਤ ਖਾਣੇ ਲਗੇ। ਸ਼ੁਭ ਕਰਮ ਹਟਦੇ ਗਏ, ਮਾੜੇ ਕਰਮ ਸਰਬ ਲੋਕ ਕਰਨੇ ਲਗੇ। ਬੇਗਾਨੀ ਇਸਤਰੀਆਂ ਕੋ ਰਮਣੇ ਲਗੇ ਮੁੰਡੇ ਅਤੇ ਵੇਸਵਾ ਕੇ ਜਾਨੇ ਲਗੇ। ਕਿਸੀ ਕਾ ਭੈ ਨਾ ਰਹਿਆ ਸਿਰ ਪਰ। ਆਪੋ ਆਪਣੇ ਹੁਕਮ ਚਲਾਉਣੇ ਲਗੇ। ਜੁਲਮੀਆਂ ਭੀ ਕਰਨੇ ਲਗੇ, ਪਰਤ੍ਰਿਆ ਕੀ ਸੇਜਾਂ ਜਾਨੇ ਲਗੇ। ਜੋਰ ਜੁਲਮ ਹੋਣੇ ਲਗਾ, ਪਰਜਾ ਬੜੀ ਦੁਖੀ ਹੋਈ।ਖਾਲਸਾ ਕਬੁੱਧੀ ਹੋਇਆ। ਚੰਗੇ ਕਰਮ ਛੱਡੇ ਤੇ ਮਾੜੇ ਕਰਮ ਕਰਨੇ ਲਗੇ। ਕਲਜੁਗ ਕਾ ਜੋਰ ਹੋਇਆ। ਸੰਕਰ ਬਰਨ ਹੋਨੇ ਲਗੀ, ਰਯਤ ਦੁਖੀ ਹੋਈ।

## ਫ਼ੌਜੀ ਸਿੰਘ ਹਜ਼ਰੋਂ ਗਏ

ਲਾਹੌਰ ਸੇ ਹੁਕਮ ਗਿਆ ਕਿ ਕੁਲੰਕ ਕਾ ਕਿਲਾ ਆਕੀ ਹੈ, ਤਿਸ ਪਰ ਧਾਵਾ ਕਰਕੇ ਜਾਵੋ, ਸਰ ਕਰੋ। ਸਾਰੀ ਫ਼ੌਜੀ ਸੰਗਤ ਇਕੱਠੀ ਹੋਕੇ ਗੁਰੂ ਬਾਲਕ ਸਿੰਘ ਜੀ ਪਾਸ ਗਈ। ਦੋ-ਦੋ ਰੁਪਏ ਇਕੱਠੇ ਕਰਕੇ ਗੁਰੂ ਜੀ ਕੇ ਆਗੇ ਰੱਖੇ। ਸਿੱਖਾਂ ਨੇ ਅਰਜ਼ ਕੀਤੀ ਜੀ ਜੋ ਸਾਨੂੰ ਤਨਖਾਹ ਨ ਸੀ ਮਿਲਦੀ ਤਾਂ ਅਸੀਂ ਪੇਟੀ[3] ਭੰਨਣ ਕੀ ਸਲਾਹ ਕੀਤੀ ਸੀ ਤੇ ਵਿੱਚੋਂ ਕੁਝ ਸਿੱਖਾਂ ਨੇ ਕਹਿਆ ਸੀ ਕਿ ਹਜ਼ਰੋਂ ਮੈ ਸੰਤ ਹੈਂ ਓਹਨਾਂ ਥੀਂ ਪੁੱਛਾਂਗੇ, ਜੋ ਕਹਿਣਗੇ ਸੋ ਕਰਾਂਗੇ ਜਾਂ ਤੁਹਾਥੋਂ ਆਇ ਕੇ ਅਸੀਂ ਪੁੱਛਿਆ ਸੀ, ਤਾਂ ਤੁਸਾਂ ਬਚਨ ਕੀਤਾ ਸੀ ਜੋ ਤੁਹਾਨੂੰ ਤਨਖਾਹ ਜਾਂਦਿਆਂ ਹੀ ਮਿਲ ਜਾਏਗੀ। ਅਮਾਨਤ ਖਿਆਨਤ ਨਾ ਕਰੋ। ਪੇਟੀ ਨਾ ਤੋੜੋ। ਆਪਦਾ ਬਚਨ ਪੂਰਾ ਹੋਇਆ ਹੈ। ਸਾਨੂੰ ਜਾਂਦਿਆਂ ਹੀ ਤਨਖਾਹ ਮਿਲ ਗਈ ਹੈ। ਅਸੀਂ ਗ੍ਰਿਸਤੀ ਹੈਂ। ਉਸ ਤਨਖਾਹ ਵਿਚੋਂ ਤਿਲ

1 ਲੰਗਰ ਚਲਦੇ ਛਰਦਾਈ ਦੇ

2 ੨੭ ਜੂਨ ੧੮੩੯ ਈ, ੧੫ ਹਾੜ ੧੮੯੬ ਬਿਕ੍ਰਮੀ।

3 ਉਹ ਪੈਸੇ ਵਾਲੀ ਪੇਟੀ (ਸੰਦੂਕ) ਜੋ ਮੁਸ਼ੀਬਤ ਸਮੇਂ ਵਰਤੀ ਜਾ ਸਕਦੀ ਹੈ ਇਸ ਨੂੰ ਤੋੜਨਾ ਗੁਨਾਹ ਹੁੰਦਾ ਹੈ ਬਿਨਾਂ ਮੁਸੀਬਤ ਤੋਂ ।

ਫੁਲ ਕੁਝ ਭੇਟਾ ਚਾੜ੍ਹਦੇ ਹੈਂ। ਗੁਰੂ ਜੀ ਬਚਨ ਕੀਤਾ ਅਸੀਂ ਪੂਜਾ ਨਹੀਂ ਲੈਂਦੇ ਹੈਂ। ਆਪਣੇ ਬਾਲ ਬੱਚੇ ਨੂੰ ਬਸਤਰ ਬਣਾਇਕੇ ਪਹਿਨਾਏ ਦਿਓ।ਫ਼ੌਜੀ ਸਿੰਘਾਂ ਅਰਜ਼ ਕੀਤੀ ਜੀ ਸਾਨੂੰ ਕੋਈ ਸੇਵਾ ਟਹਿਲ ਦੱਸੋ। ਗੁਰੂ ਜੀ ਬਚਨ ਕੀਤਾ ਸ਼ੋਧਿਓ[1] ਤੁਸੀਂ ਕੀ ਕਾਰ ਕਰਨੀ ਹੈ? ਨਾਮ ਜਪਣਾ ਤੇ ਵੰਡ ਕੇ ਛਕਣਾ ਏਹੁ ਕਾਰ ਅੱਛੀ ਹੈ। ਤੁਸੀਂ ਏਕ ਏਕ ਪਰਸ਼ਾਦਾ ਕੱਢਿਆ ਕਰੋ। ਧਰਮਸਾਲ ਮੇਂ ਲੈਜਾਇਕੇ ਜੋ ਅੰਨ ਕਾ ਅਰਥੀ ਆਵੇ ਸਭ ਕੋ ਛਕਾਵੋ। ਨਾਲੇ ਰਾਗੀ ਰੱਖੋ, ਦੋ ਵਕਤ ਦੀਵਾਨ ਲਗਾਓ। ਆਸਾ ਕੀ ਵਾਰ ਲਾਵਣੀ ਇਸ਼ਨਾਨ ਕਰਕੇ। ਸਰਬ ਜਾਇਕੇ ਵਾਰ ਸੁਣੋ। ਫ਼ੌਜ ਸੀਸ ਨਿਵਾਇਕੇ ਫਤ੍ਹੇ ਬੁਲਾਇਕੇ ਚਰਨਾਂ ਤੇ ਹੱਥ ਲਾਇਕੇ ਖੁਸ਼ੀਆਂ ਲੈ ਕੇ ਤੁਰੀ।

ਖਾਲਸੇ ਨੇ ਕੁਲੰਕ ਕੇ ਕਿਲੇ ਪਰ ਧਾਵਾ ਕੀਤਾ। ਹਜ਼ਾਰੇ ਨੂੰ ਤੁਰੇ। ਜਾਇਕੇ ਖਾਲਸੇ ਨੇ ਧਰ ਕੇ ਛਾਪੇ ਇਕ ਦੋ ਤੁਰਕ ਫੂਕ ਦਿੱਤੇ। ਕਿਲਾ ਸਰ ਹੋਇਆ।

## ਅੱਟਕ ਦਰਿਆ ਵਿੱਚੋਂ ਗੀਟੀ ਨਿਕਲੀ

ਅੱਟਕ ਮੇਂ ਪਿੱਛੇ ਗੀਟੀ[2] ਫਸੀ ਹੋਈ ਸੀ। ਬੇਅੰਤ ਜਲ ਪਾਛੇ ਜਮਾ ਹੋਇਆ ਹੋਇਆ ਸੀ। ਸਰਕਾਰ ਕਾ ਏਹ ਹੁਕਮ ਸੀ ਕਿ ਬਾਰਾਂ-ਬਾਰਾਂ ਕੋਸ ਦੂਰ ਹੋਇ ਜਾਓ। ਪਿੱਛੇ ਜੇਹੜੀ ਗੀਟੀ ਫਸੀ ਹੋਈ ਸੀ ਸੋ ਨਿਕਲ ਗਈ। ਜਿਉਂ ਪਾਣੀ ਚੜ੍ਹਿਆ ਹੈ ਬਾਰ੍ਹੀਂ ਕੋਹੀਂ ਫੈਲ ਗਿਆ। ਫ਼ੌਜ ਇਕ ਟਿੱਬੀ ਕੇ ਉਪਰ ਚੜ੍ਹ ਗਈ। ਸੰਦ ਵਲੇਵਾਂ[3] ਸਭ ਰੁੜ ਗਿਆ। ਜਿਸ ਟਿੱਬੀ ਪਰ ਫ਼ੌਜ ਚੜ੍ਹੀ ਸੀ ਉਸਕੇ ਸਿਖਰ ਤੱਕ ਜਲ ਚੜ੍ਹ ਗਿਆ। ਆਸ ਨਾ ਸੀ ਜੀਵਣੇ ਕੀ। ਜਾਂ ਮੂੰਹ ਮੇਂ ਪਾਣੀ ਪੈਣ ਲੱਗਾ ਤਾਂ ਸਾਰੀ ਫ਼ੌਜ ਨੇ ਇਹੋ ਅਵਾਜ਼ਾ ਕੀਤਾ-ਹੇ ਅਕਾਲ ਪੁਰਖ ਹੁਣ ਕੋਈ ਆਸ ਨਹੀਂ ਹੈ ਜੀਉਣ ਕੀ। ਅੰਤ ਕੇ ਸਮੇਂ ਸਹਾਇਤਾ ਕਰੋ ਜੈਸੇ ਗਜ ਗਰਾਹ ਤੇ ਛੁਡਾਇਆ ਸੀ[4]। ਜਾਂ ਇਹ ਅਰਜ਼ ਹੋਈ ਤਾਂ ਮੂੰਹ ਪਾਣੀ ਪੈਣ ਕੀ ਤਿਆਰੀ ਸੀ। ਸੁਣਕੇ ਪੁਕਾਰ, ਜਲ ਏਕ ਵਾਰ ਇਉਂ ਉੱਤਰਿਆ ਜੈਸੇ ਕ੍ਰਿਸ਼ਨ ਜੀ ਕੇ ਚਰਨ ਨੂੰ ਛੂਹ ਕੇ ਜਮਨਾ ਉਤਰੀ ਸੀ। ਆਪ ਅਕਾਲ ਪੁਰਖ ਹੈਂ ਤਾਂ ਵਿੱਚ, ਪਰ ਜੀਆਂ ਉੱਤੇ ਮਾਇਆ ਪਾਈ ਹੋਈ ਹੈ। ਸਮੇਂ ਨਾਲ ਪ੍ਰਗਟ ਹੋਣਗੇ। ਜਾਂ ਪਾਣੀ ਉਤਰਿਆ ਸਭ ਹੇਠਾਂ ਉੱਤਰੇ। ਅਸਬਾਬ ਸਾਰਾ ਰੁੜ੍ਹ ਗਿਆ।

## ਲਾਹੌਰ ਨੂੰ ਵਾਪਸੀ

ਫ਼ੌਜ ਲਾਹੌਰ ਨੂੰ ਮੁੜੀ। ਫ਼ੌਜ ਕੇ ਭਜਨੀ ਸਿੰਘ ਸਭ ਦਰਸ਼ਨ ਕਰਨ ਗਏ। ਗੁਰੂ ਬਾਲਕ ਸਿੰਘ ਜੀ ਕੇ ਚਰਨਾਂ ਪਰ ਨਮਸਕਾਰ ਕੀਤੀ ਖਾਲਸੇ ਨੇ। ਗੁਰੂ ਜੀ ਸੁਖ ਸਾਂਤ ਕੀ ਖ਼ਬਰ ਪੁੱਛੀ, ਸਿੰਘਾਂ ਨੇ ਦੱਸੀ। ਹੋਰ ਬਚਨ ਭੀ ਕੀਤੇ। ਸਿੰਘਾਂ ਨੇ ਪੁੱਛਿਆ ਜੀ ਸਾਡੇ ਵਿੱਚ ਮਹੰਤ ਕੇਹੜਾ ਹੈ ? ਗੁਰੂ ਬਾਲਕ ਸਿੰਘ ਜੀ ਬਚਨ ਕੀਤਾ-ਨਾਲੇ ਕਾ ਜਤੀ, ਬਚਨ ਕਾ ਪੂਰਾ, ਤੇਗ ਕਾ ਧਨੀ, ਏਹ

1 ਇਹ ਇੱਕ ਸੰਬੋਧਕੀ ਸ਼ਬਦ ਹੈ ਜਿਵੇਂ ਕਿ ਜਵਾਨੋਂ, ਗੱਭਰੂਓ ਆਦਿ

2 ਪੱਥਰ।

3 ਸਾਜ-ਸਮਾਨ।

4 ਇਕ ਪੁਰਾਤਨ ਕਥਾ ਜਿਸ ਵਿਚ ਹਾਥੀ ਨੂੰ ਤੰਦੂਆਂ (ਮਗਰਮੱਛ) ਫੜ ਲੈਂਦਾ ਹੈ। ਉਸ ਪਰਮੇਸ਼ਰ ਅੱਗੇ ਬੇਨਤੀ ਕੀਤੀ ਤਾਂ ਛੁਟਕਾਰਾ ਹੋਇਆ 'ਜਬ ਹੀ ਸਰਨਿ ਗਹੀ ਕਿਰਪਾ ਨਿਧਿ ਗਜ ਗਰਾਹ ਤੇ ਛੂਟਾ॥ ਸਲੋਕ ਮਹਲਾ 9॥

ਲੱਛਣ ਜਿਸ ਮੇਂ ਹੋਵਣਗੇ ਸੋ ਆਪੇ ਹੀ ਗੱਜਣਗੇ। ਦਿਨੋ ਦਿਨ ਪਰਗਟ ਹੋਣਗੇ। ਬਚਨ ਬਿਲਾਸ ਕਰਕੇ ਖੁਸ਼ੀਆਂ ਲੈਕੇ ਚਰਨਾਂ ਪਰ ਸੀਸ ਨਿਵਾਇਕੇ ਫ਼ੌਜੀ ਸਿੰਘ ਤੁਰੇ। ਅੱਗੇ ਪੰਜਾ ਸਾਹਿਬ ਆਇਕੇ ਫੇਰ ਫ਼ੌਜ ਲਾਹੌਰ ਮੈ ਜਾਇ ਰਹੀ।

♦

# ਖਾਲਸਾ ਫ਼ੌਜ ਦੀ ਨੌਕਰੀ ਸਮੇਂ ਦੇ ਕੌਤਕ

## ਸਫ਼ਾਂ ਕੁਤਰਨੀਆਂ

ਕਲਾ ਧਾਰ ਕੇ ਅਕਾਲ ਪੁਰਖ (ਸ੍ਰੀ ਸਤਿਗੁਰੂ ਰਾਮ ਸਿੰਘ) ਜੀ ਲੱਗੇ ਹੈਂ ਚੋਜ ਕਰਨ। ਦਿਨੋਂ ਦਿਨ ਪਰਗਟ ਹੋਣਗੇ। ਇਕ ਦਿਨ ਸਤਿਗੁਰੂ ਜੀ ਤਿਨ ਸਫ਼ਾਂ ਲੈ ਕੇ, ਵਲ੍ਹੇਟ ਕੇ ਬੰਨ੍ਹ ਕੇ ਸਫਾਜੰਗ ਲੈ ਕੇ ਤੂੜੀ ਵਾਂਙੂ ਕੁਤਰ ਦਿੱਤੀਆਂ। ਦੋ ਹੱਥ ਸਫ਼ ਰੱਖ ਲਈ। ਕੋਲੋਂ ਸਿੰਘ ਨੇ ਪੁੱਛਿਆ ਜੀ ਏਹੋ ਕੀ ਸਾਂਗ ਹੈ ? ਸ੍ਰੀ ਸਤਿਗੁਰੂ ਜੀ ਬਚਨ ਕੀਤਾ ਇਕ ਸਫ਼ ਤੁਰਕਾਂ ਕੀ ਕੁਤਰੀ ਹੈ, ਦੂਜੀ ਪਾਪ ਕੀ ਟੁੱਕੀ ਹੈ, ਤੀਜੀ ਮਲੇਛ ਖਾਲਸੇ ਕੀ ਟੁੱਕੀ ਹੈ। ਚੌਥੀ ਸਫ਼ਾ ਧਰਮ ਕੀ ਵਿਛਾਵਣੀ ਹੈ। ਜੇਹੜੀ ਦੋ ਹੱਥ ਫੂੜ੍ਹੀ ਰੱਖੀ ਹੈ, ਉਠਾਇਕੇ ਗੁਰੂ ਜੀ ਬਚਨ ਕੀਤਾ, ਅੰਮ੍ਰਿਤਸਰ ਤੇ ਲਾਹੌਰ ਦੋਏ ਰੱਖ ਲਏ ਹੈਂ, ਹੋਰ ਸਾਰੀ ਧਰਤੀ ਵਲ੍ਹੇਟ ਦਿੱਤੀ ਹੈ।

## ਫ਼ੌਜੀ ਸਿੰਘਾਂ ਨੂੰ ਭਰੋਸਾ ਹੋਣਾ

ਸ੍ਰੀ ਸਤਿਗੁਰੂ ਜੀ ਰਾਤ ਕੋ ਭੀ ਨਾ ਸੇ ਬਰਾਜਦੇ। ਰਾਤ ਦਿਨੇ ਇਕ ਰਸ ਰਸਨਾ ਕਾ ਜਾਪ ਕਰਦੇ ਹੈਂ। ਜਾਂ ਕੋਈ ਸਿੰਘ ਦੇਖੇ ਸਤਿਗੁਰੂ ਜੀ ਵੰਨੇਂ ਤਾਂ ਭਜਨ ਈ ਕਰਦੇ ਦਿਸਣ। ਇਸ਼ਨਾਨ ਅੰਮ੍ਰਿਤ ਵੇਲੇ ਜ਼ਰੂਰ ਕਰਨਾ ਅਰ ਫ਼ੌਜ ਮੇਂ ਭੀ ਬਚਨ ਕਰਨਾ ਉੱਠੋ ਇਸ਼ਨਾਨ ਕਰਕੇ ਭਜਨ ਕਰੋ। ਸੁੱਤੇ ਕਿਉਂ ਪਏ ਹੋ? ਭਜਨੀਆਂ ਨੇ ਤਾਂ ਕਈਆਂ ਨੇ ਉੱਠਣਾ ਵੀ, ਇਸ਼ਨਾਨ ਭੀ ਕਰਨਾ, ਭਜਨ ਕਰਨਾ, ਤੇ ਜੇੜ੍ਹਾ ਮਲੇਛ ਖਾਲਸਾ ਸੀ ਸੋ ਸੁੱਤਾ ਪਿਆ ਈ ਆਖ ਛੱਡੇ ਕਿ ਸਾਰੀ ਰਾਤ ਸੌਣ ਨਹੀਂ ਦੇਂਦਾ ਹੈ। ਏਨੂੰ ਨੀਂਦ ਨਹੀਂ ਔਂਦੀ ਹੈ।

ਬੜੇ ਮਸਤਾਨੇ ਹੋਇ ਗਏ। ਕੋਈ ਸਾਹਮਣੇ ਬੋਲ ਨਾ ਸੀ ਸਕਦਾ। ਜੰਗਲ ਮੇਂ ਜਾਇਕੇ ਪਦਮ ਆਸਣ ਲਾਇਕੇ ਸਮਾਧੀ ਲਾਇਕੇ ਭਜਨ ਕਰਨਾ। ਕੂਕਰਾਂ ਕੋ ਭੀ ਪ੍ਰਸ਼ਾਦਾ ਪਾਵਨਾ। ਜੇ ਬਿਸਤਰੇ ਉੱਤੇ ਨਹੀਂ ਤੇ ਨਹੀਂ ਹੈਂ। ਬੇਪਰਵਾਹ ਰੂਪ ਹੋਇ ਗਏ ਹੈਂ। ਖਾਣ ਪੀਣ ਦੀ ਖ਼ਵਰ ਨਾ ਰੱਖਦੇ ਹੈਂ। ਏਤਨੇ ਕੁ ਸਿੰਘਾਂ ਨੂੰ ਭਰੋਸਾ ਹੋਇਆ ਜੋ ਇਹੋ ਪੂਰਨ ਪੁਰਖ ਹੈ–ਕਾਹਨ ਸਿੰਘ ਚੱਕ ਦਾ[1], ਜਮੀਤ ਸਿੰਘ ਗਿੱਲਾਂ ਕਾ[2], ਧਿਆਨ ਸਿੰਘ ਮਾਲਵੇ ਕਾ, ਦੂਲਾ ਸਿੰਘ ਰਾਜੇਆਣੇ ਕਾ, ਜੀਤ ਸਿੰਘ ਠਰੂ ਕਾ, ਰਾਜਾ ਸਿੰਘ ਤਰਾਂਡੀ ਕਾ[3]। ਜੋ ਬੋਲਾ ਕਰਦੇ ਹੈਂ ਸ੍ਰੀ ਸਤਿਗੁਰੂ ਜੀ ਤਾ ਇਹੋ ਸਿੰਘ ਕੁਛ ਕੁ ਸਮਝਦੇ ਹੈਂ। ਏਤਨੇ ਕੁ ਸਿੰਘ ਸ਼ਰਧਾ ਰੱਖਦੇ ਸੇ, ਪ੍ਰਸ਼ਾਦ ਏਹੋ ਛਕਾਉਂਦੇ ਸੇ। ਜਦ ਪ੍ਰਸ਼ਾਦ ਬਣੇ ਤਾਂ ਜਿੱਥੇ ਭੀ ਸ੍ਰੀ ਸਤਿਗੁਰੂ ਜੀ ਹੋਣ ਉੱਥੇ ਪ੍ਰਸ਼ਾਦ ਛਕਾਉਣਾ। ਸਿੰਘਾਂ ਸਮਝਣਾ ਬਹੁਤ ਬੰਦਗੀ ਕਰਨੇ ਸੇ ਸਰੀਰ ਕੀ ਸੁੱਧ ਵੀ ਨਹੀਂ ਰੱਖਦੇ ਹੈਂ। ਦੁੱਖ ਕਿਸੇ ਤਰ੍ਹਾਂ ਕਾ ਕਿਸੇ ਕੋ ਨਾ ਸੀ ਦੇਂਦੇ। ਭਲੀ ਬਾਰਤਾ ਕਹਿਣੀ ਚਾਹੇ ਕੋਈ ਗੁੱਸਾ ਈ ਕਰੇ। ਸਦਾ ਚਾਲੀ ਸੇਰਾ ਸੁੱਚਾ ਹੀ ਬਚਨ ਕਰਨਾ।

---

1 ਸਪੁੱਤਰ ਭਾਈ ਨੱਥਾ ਸਿੰਘ, ਪਿੰਡ ਚੱਕ ਰਿਆਸਤ ਮਲੇਰ ਕੋਟਲਾ। ਕਾਹਨ ਸਿੰਘ ਨੂੰ ਨਿਹੰਗ ਸਿੰਘ ਕਹਿਕੇ ਵੀ ਬੁਲਾਇਆ ਜਾਂਦਾ ਸੀ।

2 ਸਪੁੱਤਰ ਸ੍ਰ: ਝੰਡਾ ਸਿੰਘ, ਪਿੰਡ ਗਿੱਲ, ਜ਼ਿਲ੍ਹਾ ਸਿਆਲਕੋਟ।

3 ਸਪੁੱਤਰ ਸ੍ਰ. ਜੱਸਾ ਸਿੰਘ ਤਰਖਾਣ, ਜ਼ਿਲ੍ਹਾ ਸਿਆਲਕੋਟ।

## ਹਜ਼ਰੋਂ ਸਾਹਿਬ ਗਏ

ਹਜ਼ਰੋਂ ਸਾਹਿਬ ਮੈ ਸਿੱਖਾਂ ਨੂੰ ਗੁਰੂ ਬਾਲਕ ਸਿੰਘ ਜੀ ਬਚਨ ਕਰਨਾ ਅਸੀਂ ਤਾਂ ਰਾਖੇ ਬੈਠੇ ਹੈਂ। ਠਾਕੁਰ ਜੀ ਜਾਮਾ ਧਾਰ ਬੈਠੇ ਹੈਂ, ਅਸੀਂ ਤਾਂ ਓਹਨਾਂ ਕੀ ਓਰ ਦੇਖਦੇ ਹੈਂ ਕਦ ਔਣਗੇ? ਏਧਰੋਂ ਲਾਹੌਰ ਮੈ ਸ੍ਰੀ ਸਤਿਗੁਰੂ ਜੀ ਚੋਜ ਕਰਦੇ ਹੈਂ।

ਨੌਨਿਹਾਲ ਸਿੰਘ ਵਾਲੀ ਫ਼ੌਜ ਨੂੰ ਹੁਕਮ ਹੋਇਆ ਕਿ ਪਸ਼ੌਰ ਸੇ ਖਜ਼ਾਨਾ ਲੈ ਆਓ। ਫ਼ੌਜ ਤੁਰੀ ਪਸ਼ੌਰ ਕੋ। ਧੁੰਮਾਂ ਪੈ ਗਈਆਂ ਕਿ ਲੁੱਟ ਮਾਰ ਕਰਦੇ ਆਉਂਦੇ ਹੈਂ ਖਾਲਸਾ ਜੀ। ਸ੍ਰੀ ਹਜ਼ਰੋਂ ਜੀ ਕੇ ਲੋਕਾਂ ਨੇ ਅਰਜ਼ ਕੀਤੀ ਗੁਰੂ ਬਾਲਕ ਸਿੰਘ ਜੀ ਪਾਸ, ਫ਼ੌਜ ਲੁਟ ਮਾਰ ਕਰਦੀ ਆਉਂਦੀ ਹੈ ਸਾਡਾ ਕੀ ਹਾਲ ਥੀਸੀ। ਗੁਰੂ ਯਾਰਵੇਂ ਜੀ ਬਚਨ ਕੀਤਾ ਏਥੇ ਆਇਕੇ ਨਾ ਲੁਟਸਨ। ਉਰਾਰ ਬੌਲੀ[1] ਹੈ (ਹਜ਼ਰੋਂ ਤੋਂ ਚਾਰ ਮੀਲ ਉਰੇ ਹੈ ਦੱਖਣ ਤੇ ਲਹਿੰਦੇ ਦੀ ਗੁਠ ਵਿੱਚ) ਤਿਸ ਜਗ੍ਹਾਂ ਫ਼ੌਜ ਜਾਏ ਉੱਤਰੀ। ਓਧਰ ਸੇ ਪਸ਼ੌਰ ਕੀ ਫ਼ੌਜ ਭੀ ਆਇ ਗਈ ਖਜ਼ਾਨਾ ਲੈ ਕੇ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵਾਲੀ ਫ਼ੌਜ ਹਜ਼ਰੋਂ ਵਾਲੇ ਕਿਲੇ ਮੈ ਆਇ ਰਹੀ।

ਗੁਰੂ ਬਾਲਕ ਸਿੰਘ ਜੀ ਉਸ ਸਮੇਂ ਕਥਾ ਕਰਦੇ ਹੁੰਦੇ ਸੀ। ਸਾਰੇ ਖ਼ਬਰਾਂ ਸੀਆਂ ਕਿ ਹਜ਼ਰੋਂ ਮੈ ਸੰਤ ਅਵਤਾਰ ਧਾਰ ਕੇ ਸਾਂਤਗੀ ਵਰਤਾਉਂਦੇ ਹੈਂ। ਸੁਣਕੇ ਸੋਇ ਗੁਰੂ ਜੀ ਕੀ, ਬਾਬਾ ਜਮੀਤ ਸਿੰਘ ਫ਼ੌਜ ਵਿੱਚੋਂ ਪਹਿਲੇ ਗਿਆ। ਦਰਸ਼ਨ ਜਾਇ ਕੀਤਾ ਗੁਰੂ ਬਾਲਕ ਸਿੰਘ ਜੀ ਕਾ। ਸੀਸ ਨਿਵਾਇਆ, ਫਤ੍ਹੇ ਬੁਲਾਈ। ਗੁਰੂ ਬਾਲਕ ਸਿੰਘ ਜੀ ਅੰਤਰਜਾਮੀ 'ਸੋਹੰ'[2] ਕਾ ਅਰਥ ਕਰਨ ਲੱਗੇ ਹੈਂ। "ਜੁਗਿ ਜੁਗਿ ਆਪੋ ਆਪਣਾ ਧਰਮੁ ਹੈ ਸੋਧਿ ਦੇਖਹੁ ਬੇਦ ਪੁਰਾਨਾ।" 'ਸੋਹੰ' ਸ਼ਬਦ ਸਤਿਜੁਗ ਦੁਆਪਰ ਤ੍ਰੇਤਾ ਕਾ ਹੈ। ਕਲਿਜੁਗ ਕਾ 'ਚਾਰ ਅੱਖਰਾ' ਭਜਨ ਹੈ। ਕਲਿਜੁਗ ਮੈ ਚਾਰ ਅੱਖਰ ਮੇਂ ਸੱਤਾ ਹੈ। ਏਸ ਜੁਗ ਕਾ ਧਰਮ ਹੈ। ਚਾਰ ਅੱਖਰ ਥੀਂ ਬਿਨਾ ਐਸੇ ਹੈ ਜੈਸੇ ਤੋਹ ਕੁਟਣੇ ਹੈਂ।[3] ਸੋਹੰ ਜਪਨੇ ਵਾਲੇ ਸਭ ਤੋਹ ਕੁਟਦੇ ਹੈਂ। ਜਮੀਤ ਸਿੰਘ ਵੀ ਸੋਹੰ ਦਾ ਜਾਪ ਜਪਦਾ ਹੁੰਦਾ ਸੀ। ਸੁਣਕੇ ਅਰਥ, ਸੋਹੰ ਸੇ ਨਿਸਚਾ ਦੂਰ ਹੋਇਆ। ਚਾਰ ਅੱਖਰਾ ਭਜਨ ਲੈ ਲਿਆ। ਭਜਨ ਪਰ ਨਿਸਚਾ ਹੋਇਆ। ਭਜਨ ਦੇ ਕੇ ਗੁਰੂ ਜੀ ਬਚਨ ਕੀਤਾ ਗੁਪਤ ਹੀ ਜਪਣਾ ਤੇ ਗੁਪਤ ਹੀ ਰੱਖਣਾ। ਸੁਣਦੇ ਸਾਰ ਹੀ ਬਿਰਤੀ ਟਿਕੀ ਜੇਹੜੀ ਡੋਲਦੀ ਸੀ।

ਫੇਰ ਫ਼ੌਜ ਮੈ ਆਇਕੇ ਬਾਬੇ ਜਮੀਤ ਸਿੰਘ ਨੇ ਸ੍ਰੀ ਸਤਿਗੁਰੂ ਜੀ ਕੋ ਕਹਿਆ ਮੈਂ ਤਾਂ ਭਜਨ ਲੈ ਆਇਆ ਹਾਂ। ਗੁਰੂ ਬਾਲਕ ਸਿੰਘ ਜੀ ਸੰਤ ਅਵਤਾਰ ਹੈਨ। ਦਰਸ਼ਨ ਕਰਨੇ ਸੇ ਭੀ ਸ਼ਾਂਤ ਆਈ ਪਰ ਜਦ ਭਜਨ ਲਿਆ ਉਸੀ ਵਕਤ ਸਰੀਰ ਕੀ ਤਾਸੀਰ ਹੀ ਬਦਲ ਗਈ। ਗੁਰੂ ਜੀ ਸੋਹੰ ਕਾ ਅਰਥ ਕੀਤਾ ਹੈ। ਪਿਛਲੇ ਤਿੰਨਾਂ ਜੁਗਾਂ ਕਾ ਧਰਮ ਹੈ। ਬਚਨ ਕਰਦੇ ਹੈਂ ਜੋ ਸੋਹੰ ਕੇ ਜਪਨੇ ਵਾਲੇ ਹੈਂ ਸਭ ਤੋਹ ਕੁਟਦੇ ਹੈਨ। ਕਲਿਜੁਗ ਕਾ ਏਹ ਭਜਨ ਹੈ ਜੇਹੜਾ ਦਿੱਤਾ ਹੈ ਚਾਰ ਅੱਖਰ ਕਾ। ਸੁਣਦੇ ਸਾਰ ਆਤਮੇ ਨੂੰ ਸ਼ਾਂਤ ਆਇ ਜਾਂਦੀ ਹੈ। ਹੋਰ ਸਿੰਘ ਭੀ ਜਾਣੇ ਲਗੇ।

---

1 ਪਾਣੀ ਦੀ ਬਉਲੀ।

2 ਸੋਹੰ-ਉਹ ਮੈਂ ਹਾਂ-ਮਹਾਨ ਕੋਸ਼, ਪੰਨਾ ੨੩੧

3 ਤੁਹ-ਫੂਸ, ਛਿਲਕਾ।

ਜੇਹੜਾ ਜਾਵੇ ਸੋਈ ਮੋਹਿਆ ਜਾਵੇ ਦਰਸ਼ਨ ਕਰਕੇ। ਅਰਥ ਸੁਣਕੇ ਪ੍ਰੇਰਨਾ ਹੋਣੀ, ਭਜਨ ਮੰਗ ਕੇ ਲੈਣਾ। ਜਾਂ ਭਜਨ ਸੁਣਨਾ ਤਾਂ ਸ਼ਾਂਤ ਆਇ ਜਾਣੀ। ਬਿਰਤੀ ਭਜਨ ਵੱਲੇ ਲੱਗ ਜਾਣੀ। ਕਈਆਂ ਨੇ ਭਜਨ ਸੁਣ ਲਿਆ, ਦੇਉਤਾ ਰੂਪ ਹੋਏ। ਜੇਹੜੇ ਹੋਰ ਸੋਹੰ ਜਪਣੇ ਵਾਲੇ ਹੈਂ ਉਹਨਾਂ ਨੂੰ ਭਜਨ ਕਰਨ ਵਾਲੇ ਹੱਸਦੇ ਹੈਂ ਤੁਸੀ ਤੋਹ ਕੁਟਦੇ ਹੋ ਤੇ ਅਸੀਂ, ਜੋ ਕਲਿਜੁਗ ਕਾ ਭਜਨ ਹੈ ਸੋ ਕਰਦੇ ਹਾਂ। ਇਸੀ ਤਰ੍ਹਾਂ ਸੌ ਡੇਢ ਸੌ ਸਿੰਘਾਂ ਨੇ ਭਜਨ ਲੈ ਲਿਆ।

## ਗੁਰਤਾ ਪ੍ਰਾਪਤੀ

ਇਕ ਦਿਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਭੀ ਗਏ, ਜਿੱਥੇ ਗੁਰੂ ਬਾਲਕ ਸਿੰਘ ਜੀ ਅਰਥ ਕਰਦੇ ਹੈਂ ਸ੍ਰੀ ਗ੍ਰੰਥ ਸਾਹਿਬ ਜੀ ਵਿੱਚੋਂ । ਸ਼ਬਦ ਸੀ "ਠਾਕੁਰ ਤੁਮ ਸਰਣਾਈ ਆਇਆ। ਉਤਰਿ ਗਇਓ ਮੇਰੇ ਮਨ ਕਾ ਸੰਸਾ ਜਬ ਤੇ ਦਰਸਨੁ ਪਾਇਆ।" ਸ੍ਰੀ ਸਤਿਗੁਰੂ ਜੀ ਸੀਸ ਨਿਵਾਇਕੇ ਬੈਠ ਕੇ ਬਚਨ ਕੀਤਾ ਜੀ ਮੈਨੂੰ ਭੀ ਭਜਨ ਦਿਓ। ਗੁਰੂ ਬਾਲਕ ਸਿੰਘ ਜੀ ਪ੍ਰਸੰਨ ਹੋਇਕੇ ਬਚਨ ਕੀਤਾ ਆਓ ਠਾਕੁਰ ਜੀ, ਤੁਹਾਨੂੰ ਉਡੀਕਦੇ ਸੇ। ਤੁਹਾਡੇ ਮੰਗਵਾਉਣ ਵਾਸਤੇ ਹੀ ਏਤਨੀ ਫ਼ੌਜ ਨੂੰ ਭਜਨ ਦਿੱਤਾ ਹੈ। ਹੁਣ ਨਹੀਂ ਫ਼ੌਜ ਕਾ ਕੋਈ ਭੀ ਸਾਡੇ ਪਾਸੋਂ ਭਜਨ ਪੁੱਛੇਗਾ। ਹੁਣ ਤੁਸੀਂ ਆਇ ਗਏ ਹੋ। ਸਾਡੇ ਮਨ ਕਾ ਸੰਕਲਪ ਪੂਰਾ ਹੋਇਆ ਹੈ। ਗੁਰੂ ਬਾਲਕ ਸਿੰਘ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਕੋ ਭਜਨ ਦਿੱਤਾ। ਬਚਨ ਕੀਤਾ ਗੁਪਤ ਹੀ ਕੰਨ ਮੇਂ ਦੱਸਣਾ, ਗੁਪਤ ਹੀ ਰੱਖਣਾ, ਗੁਪਤ ਹੀ ਜਪਣਾ। ਉੱਚੀ ਦੱਸੇ ਤੇ ਨਿਹਫਲ ਹੋਇ ਜਾਂਦਾ ਹੈ। ਗੁਰੂ ਜੀ ਬਚਨ ਕੀਤਾ ਠਾਕੁਰੋ ਅਸੀਂ ਤਾਂ ਰਾਖੇ ਈ ਬੈਠੇ ਹਾਂ, ਤੁਹਾਨੂੰ ਉਡੀਕਦੇ ਸੇ। ਸੋ ਤੁਸੀਂ ਆਇ ਗਏ ਹੋ। ਏਓ ਨਾਮ ਕਾ ਗੱਫਾ ਤੁਸੀਂ ਹੀ ਵਰਤਾਵਣਾ ਹੈ। ਨਾਮ ਦੇ ਖਜ਼ਾਨੇ ਨੂੰ ਕੁੰਜੀ ਤੁਸੀਂ ਹੀ ਲਾਵਣੀ ਹੈ।ਏਹ ਕੜਛਾ ਤੁਸਾਂ ਦੇ ਹੱਥੋਂ ਈ ਵਰਤਣਾ ਹੈ। ਨਾਮ ਕਾ ਗੱਫਾ ਲੈ ਕੇ ਪਦਾਰਥ ਰੱਖ ਛਡੀਏ ਤਾਂ ਰਸ ਦੀ ਕੁਛ ਖਵਰ ਨਹੀਂ ਹੈ। ਕਲੂਕਾਲ ਮੈ ਨਾਮ ਹੀ ਮੁਖ ਹੈ। ਰਸਨਾ ਕਰਕੇ ਜਪੇ ਤਾਂ ਮਹਾਤਮ ਹੈ।

ਗੁਰੂ ਯਾਰਵੇਂ ਜੀ ਬਚਨ ਕੀਤਾ ਕਿਸੇ ਕੀ ਪੂਜਾ ਨਹੀਂ ਲੈਣੀ। ਬਿਨਾ ਭਜਨ ਵਾਲੇ ਦੇ ਹੱਥ ਦਾ ਨਹੀਂ ਛਕਣਾ ਪਰਸ਼ਾਦ। ਪਰਾਏ ਹੱਕ ਵੱਲੋਂ ਨਿਗਾਹ ਨਹੀਂ ਕਰਨੀ। ਪਤਾਸਿਆਂ ਦਾ ਬੁਕ ਭਰਕੇ ਸਤਿਗੁਰੂ ਰਾਮ ਸਿੰਘ ਜੀ ਦੀ ਝੋਲੀ ਵਿੱਚ ਪਾਇਆ ਤੇ ਓਸੇ ਵੇਲੇ ਗੁਰੂ ਬਾਲਕ ਸਿੰਘ ਜੀ ਨੇ ਪੰਜ ਪੈਸੇ ਤੇ ਨਾਲਯੇਰ ਮੰਗਾਇਕੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਕੇ ਅੱਗੇ ਰੱਖ ਕੇ ਪਾਂਚ ਪ੍ਰਕਰਮਾਂ ਕਰਕੇ ਨਮਸਕਾਰ ਕਰ ਦਿੱਤੀ।[1] ਬਚਨ ਕੀਤਾ- ਠਾਕੁਰ ਜੀ ਏਹ ਤੁਹਾਡੀ ਵਸਤ ਸੀ, ਤੁਹਾਨੂੰ ਹੀ ਸੌਂਪ ਦਿੱਤੀ ਹੈ, ਅਸੀਂ ਤਾਂ ਅੱਜ ਤੀਕ ਤੁਹਾਡੀ ਉਡੀਕ ਵਿੱਚ ਰਾਖੀ ਕੀਤੀ ਹੈ। ਇਸ ਨਾਮ ਨੂੰ ਜੇ ਤੁਸੀਂ ਪੱਥਰ ਤੇ ਭੀ ਸੁੱਟੋਗੇ ਤਾਂ ਓਥੇ ਬੀ ਉੱਘੇਗਾ। ਸਾਰੇ ਸੰਸਾਰ ਵਿਚ ਆਪ ਜੀ ਕਾ ਜੈ ਜੈ ਕਾਰ ਹੋਵੇਗਾ। ਆਪ ਜੀ ਦੇ ਸੌਹੇਂ ਕੋਈ ਦਮ ਨਹੀਂ ਮਾਰ ਸਕੇਗਾ। ਬਚਨ ਕੀਤਾ ਜਿਸਕੀ ਵਸਤ ਸੀ ਤਿਸ ਸਾਂਭ ਲਈ ਹੈ। ਫੇਰ ਬਚਨ ਕੀਤਾ ਠਾਕੁਰੋ ਹੁਣ ਤੁਸੀਂ ਬਰਤਾਵੋ ਨਾਮ ਦਾ ਕੜਛਾ, ਆਪਣੇ ਹੱਥੀਂ ਕੁੰਜੀ ਲਾਵੋ। ਨਾਮ ਕਾ ਗੱਫਾ ਹੁਣ ਤੁਸੀਂ ਓਧਰੇ ਹੀ ਵਰਤਾਇਆ

---

1 ਅਸੂ ਦੀ ਸੰਗਰਾਂਦ, ੧੮੯੮ ਬਿਕ੍ਰਮੀ, ੧੮੪੧ ਈ.

ਕਰੋ। ਏਧਰ ਏਡੀ ਦੂਰ ਆਣਕੇ ਦੁਖੀ ਹੁੰਦੇ ਹੈ। ਤੁਹਾਡੀ ਚੀਜ ਹੈ, ਵਰਤਾਵਣ ਦਾ ਹੁਕਮ ਤੁਹਾਨੂੰ ਹੀ ਹੈ। ਠਾਕੁਰੋ ਹੁਣ ਤੁਸੀਂ ਪਰਗਟ ਹੋਵੋ, ਛਪੋ ਨਾ, ਨਾਮ ਜਪਾਵੋ। ਹੁਣ ਠਾਕੁਰੋ ਤੁਹਾਡਾ ਛਪਣਾ ਨਹੀਂ ਬਣਦਾ।

ਸਾਰੀ ਸੰਗਤ ਹਜ਼ਰੋਂ ਦੀ ਕੋ ਬਚਨ ਕੀਤਾ ਸਾਡੇ ਕੋਲ ਜੋ ਗੱਫਾ[1] ਸੀ ਸੋ ਅਸਾਂ ਏਨ੍ਹਾਂ ਨੂੰ ਦੇ ਦਿੱਤਾ ਹੈ। ਹੁਣ ਗੁਰੂ ਏਹੋ ਹੈ। ਉਦੇ ਅਸਤ ਲੌਂ ਨਾਮ ਜਪਾਵਣਗੇ। ਸਾਰੀ ਸੰਗਤ ਗੁਰੂ ਯਾਰ੍ਹਵੇਂ ਜੀ, ਬਾਰ੍ਹਵੇਂ ਗੁਰੂ ਜੀ ਕੀ ਚਰਨੀਂ ਲਾਈ। ਪ੍ਰਗਟ ਕਰ ਦੀਏ। ਗੁਰਿਆਈ ਕਾ ਤਿਲਕ ਦੀਆ। ਫੇਰ ਗੁਰੂ ਬਾਲਕ ਸਿੰਘ ਜੀ ਬਚਨ ਕੀਤਾ ਨਾਮ ਕਾ ਰਸ, ਤਾਂ ਆਉਂਦਾ ਹੈ ਜੇਕਰ ਕਿਸੇ ਕੀ ਅੰਸ ਨਾ ਖਾਏ। ਜੇ ਕਿਸੇ ਸਿੱਖ ਦੇ ਜਾਏ ਤਾਂ ਆਪਣਾ ਖਰਚਾ ਲੈ ਜਾਵੇ। ਪ੍ਰਸ਼ਾਦਾ ਲੂਣ ਨਾਲ ਅੱਠੀਂ ਪਹਿਰੀਂ ਭਾਵੇਂ ਛਕੇ, ਸਿਆਲ ਉਨ ਕੀ ਟਾਕੀ ਨਾਲ ਕੱਟ ਲਵੇ। ਹੁਨਾਲ[2] ਕਪੜੇ ਦੀ ਟਾਕੀ ਨਾਲ ਕੱਟ ਲਵੇ। ਬੇ-ਰਸ ਹੋ ਕਰ ਰਹੇ ਤਾਂ ਨਾਮ ਕਾ ਰਸ ਔਂਦਾ ਹੈ। ਸ੍ਰੀ ਸਤਿਗੁਰੂ ਜੀ ਫ਼ੌਜ ਮੈ ਆਇ ਗਏ।

ਫ਼ੌਜ ਮੈ ਭਜਨ ਕਰਦੇ ਕਰਦੇ ਸ੍ਰੀ ਸਤਿਗੁਰੂ ਜੀ ਮਸਤਾਨੇ ਭੀ ਹੋ ਜਾਂਦੇ ਹੈਂ। ਕਈ ਸਿੰਘ ਕਹਿਣ ਸੂਤਰ ਹੋਇਆ ਹੈ। ਭਜਨ ਕਾ ਰਟਨ ਪੈ ਗਿਆ ਮਾਨੋਂ ਨਾਮ ਕਾ ਦਰਵਾਜਾ ਖੋਲ੍ਹਿਆ ਹੈ। ਕਾਹਨ ਸਿੰਘ ਚੱਕ ਦਾ, ਜੀਤ ਸਿੰਘ ਠਰੂ ਕਾ, ਰਾਜਾ ਸਿੰਘ ਤਰਾਂਡੀ ਕਾ ਏਹੋ ਸਿੰਘ ਦੇਖਦੇ ਸੀ।

## ਤਵੀ ਸੋਨੇ ਦੀ ਹੋਈ

ਇਕ ਦਿਨ ਸ੍ਰੀ ਸਤਿਗੁਰੂ ਜੀ ਪਰਸ਼ਾਦਾ ਬਣਾਉਣ ਗਏ ਤੇ ਸੂਬੇਦਾਰ ਕਾਹਨ ਸਿੰਘ ਦਾ ਨੌਕਰ ਭੀ ਪਰਸ਼ਾਦੇ ਬਣਾਉਣ ਗਿਆ। ਸਤਿਗੁਰੂ ਜੀ ਬਚਨ ਕੀਤਾ ਪਹਿਲੇ ਮੈਂ ਲੋਹ ਉੱਤੇ ਪਰਸ਼ਾਦੇ ਪਕਾਉਣੇ ਹਨ। ਨੌਕਰ ਕਹੇ ਕਿ ਪਹਿਲੇ ਮੈਂ ਬਣਾਉਣੇ ਹਨ। ਸ੍ਰੀ ਸਤਿਗੁਰੂ ਜੀ ਕਿਰਪਾਨ ਨਾਲ ਤਵੀ ਉੱਤੇ ਲੀਕ ਕੱਢੀ ਤਾਂ ਅੱਧੀ ਤਵੀ ਸੋਨੇ ਕੀ ਹੋਇ ਗਈ। ਬਚਨ ਕੀਤਾ, ਓਧਰ ਤੂੰ ਬਣਾ ਲੈ ਏਧਰ ਮੈਂ ਬਣਾ ਲੈਂਦਾ ਹਾਂ। ਦੋਹਾਂ ਨੇ ਇਕੇਰਾਂ[3] ਹੀ ਪਰਸ਼ਾਦੇ ਲਾਹੇ। ਨੌਕਰ ਨੇ ਬਾਬੇ ਕਾਹਨ ਸਿੰਘ ਕੋ ਆਣ ਕੇ ਸਾਰਾ ਬ੍ਰਿਤਾਂਤ ਦੱਸਿਆ। ਕਾਹਨ ਸਿੰਘ ਕੀ ਦੇਖ ਸੁਣ ਕੇ ਹੋਰ ਸ਼ਰਧਾ ਹੋਈ।

## ਕਾਹਨ ਸਿੰਘ ਦਾ ਪੱਟ ਚੀਰਨਾ

ਇਕ ਰਾਤ ਕਾਹਨ ਸਿੰਘ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਪਾਸ ਗਿਆ। ਸਤਿਗੁਰੂ ਜੀ ਮੰਜੇ ਪਰ ਬੈਠੇ ਥੇ। ਸਾਮ੍ਹਣੇ ਕਾਹਨ ਸਿੰਘ ਜਾਇ ਬੈਠਾ ਪੈਰਾਂ ਭਾਰ। ਗੁਰੂ ਜੀ ਕਿਰਪਾਨ ਹਾਥ ਮੈ ਲੈ ਕੇ ਜਿਉਂ ਮਾਰੀ ਹੈ ਪੱਟ ਥੀਂ ਲੈ ਕੇ ਗੋਡੇ ਤਲਕ ਪੱਟ ਕਾ ਮਾਸ ਚੀਰ ਦਿੱਤਾ। ਕਾਹਨ ਸਿੰਘ

---

1 ਨਾਮ ਦਾ ਭੰਡਾਰ।

2 ਗਰਮੀਆਂ ਦੀ ਰੁੱਤ

3 ਇਕੱਠਿਆਂ

ਗੁੱਸੇ ਸੇ ਭਰ ਗਿਆ। ਮਾਰਨੇ ਕੋ ਹਾਥ ਪਸਾਰਨੇ ਲਗਾ। ਸ੍ਰੀ ਸਤਿਗੁਰੂ ਜੀ ਉਸਕਾ ਹਾਥ ਪਕੜ ਲੀਤਾ। ਬਚਨ ਕੀਤਾ ਏਹ ਕੰਮ ਨਹੀਂ ਕਰਨਾ ਹੈ। ਕਾਹਨ ਸਿੰਘ ਕਹਿਆ ਕਿਉਂ ਨਹੀਂ ਕਰਨਾ ਹੈ? ਬਚਨ ਹੋਇਆ ਠਹਿਰ ਦੱਸਦੇ ਹੈਂ। ਕਹਾ ਕਿ ਮੈਂ ਠਹਿਰ ਚੁੱਕਾ ਹਾਂ, ਦੱਸੋ ਮੈਨੂੰ। ਸਤਿਗੁਰੂ ਜੀ ਬਚਨ ਕੀਤਾ ਤੂੰ ਲੜਾਈ ਵਿਚ ਮਰ ਜਾਣਾ ਸੀ। ਤੇਰਾ ਜਨਮ ਮਰਨ ਕੱਟਿਆ ਹੈ ਏਤਨਾ ਪੱਟ ਪਾੜ ਕੇ। ਹੁਣ ਤੂੰ ਲੜਾਈ ਵਿਚ ਨਹੀਂ ਮਰੇਂਗਾ।

ਸਤਿਗੁਰੂ ਜੀ ਉਸਦੀ ਦਸਤਾਰ ਲਾਹ ਕੇ ਪੱਟ ਬੰਨ੍ਹ ਦਿੱਤਾ। ਜਿਸ ਵਕਤ ਕਾਹਨ ਸਿੰਘ ਤੁਰਿਆ ਤਾਂ ਸਤਿਗੁਰੂ ਜੀ ਕਹਿਆ ਤੂੰ ਪੱਟ ਕਿਉਂ ਬਨ੍ਹਿਆ ਹੈ? ਉਸਨੇ ਦਿਲ ਵਿੱਚ ਕਹਿਆ ਕਿ ਆਪ ਹੀ ਤੁਸਾਂ ਮਾਰਿਆ ਹੈ ਔਰ ਆਪ ਹੀ ਪੱਟ ਬਨ੍ਹਿਆ ਹੈ। ਫਿਰ ਸਤਿਗੁਰੂ ਜੀ ਉਸ ਦੀ ਲੱਤ ਖੋਹਲ ਕੇ ਦੇਖੀ ਤਾਂ ਬਿਲਕੁਲ ਰਾਜੀ ਸੀ।

## ਸੋਨਾ ਅਤੇ ਸ਼ਸਤਰ

ਏਕ ਸਮੇਂ ਸ੍ਰੀ ਸਤਿਗੁਰੂ ਜੀ ਕੰਠਾ[1] ਲਾਹ ਕੇ ਕਿਸੇ ਨੂੰ ਦੇ ਆਏ ਅਰ ਏਕ ਕਿਰਪਾਨ ਲੈ ਆਏ। ਜਮੀਤ ਸਿੰਘ ਨੇ ਜਾਇਕੇ ਉਸ ਨੂੰ ਕਹਿਆ ਤੈਨੂੰ ਸੌ ਰੁਪਏ ਕਾ ਕੰਠਾ ਪਚ ਜਾਏਗਾ? ਪੈਸੇ ਕੀ ਕਿਰਪਾਨ ਦੇ ਕੇ ਤੈਂ ਕੰਠਾ ਲਿਆ ਹੈ। ਉਸ ਨੇ ਕਹਾ ਜੀ ਕਿਰਪਾਨ ਭੀ ਰੱਖੋ ਤੇ ਕੰਠਾ ਭੀ ਲੈ ਜਾਓ। ਲਿਆਇਕੇ ਜਮੀਤ ਸਿੰਘ ਨੇ ਕਹਿਆ ਜੀ ਪੈਸੇ ਕੀ ਕਿਰਪਾਨ ਲੈ ਕੇ ਸੌ ਰੁਪਏ ਕਾ ਕੰਠਾ ਲਾਹ ਕੇ ਦੇ ਆਏ ਹੋ। ਗੁਰੂ ਜੀ ਬਚਨ ਕੀਤਾ, ਸਾਡਾ ਤਾਂ ਸ੍ਰੀ ਸਾਹਿਬ ਸਵਾ ਲਾਖ ਕਾ ਹੈ।

ਇਕ ਵੇਰੀਂ ਵਾਲਾ[2] ਲਾਹ ਕੇ ਦੇ ਆਏ ਤੇ ਖੰਡਾ ਲੈ ਆਏ। ਜਮੀਤ ਸਿੰਘ ਨੇ ਕਹਾ ਜੀ ਪੰਜਾਹ ਰੁਪਏ ਕਾ ਵਾਲਾ ਦੇ ਆਏ ਹੋ ਤੇ ਇਕ ਪੈਸੇ ਕਾ ਖੰਡਾ ਲੈ ਆਏ ਹੋ। ਗੁਰੂ ਜੀ ਬਚਨ ਕੀਤਾ ਖੰਡਾ ਸਵਾ ਲਾਖ ਕਾ ਹੈ। ਜਮੀਤ ਸਿੰਘ ਜਾਇਕੇ ਉਸ ਆਦਮੀ ਨੂੰ ਕਹਾ ਕਿ ਪੰਜਾਹ ਰੁਪਏ ਕਾ ਵਾਲਾ ਤੈਨੂੰ ਪਚੇਗਾ ਪੈਸੇ ਕਾ ਖੰਡਾ ਦੇ ਕੇ? ਉਸਨੇ ਕਹਾ ਜੀ ਵਾਲਾ ਭੀ ਲੈ ਜਾਓ ਤੇ ਖੰਡਾ ਭੀ ਰੱਖੋ। ਜਮੀਤ ਸਿੰਘ ਲੈ ਆਇਆ। ਵਾਲਾ ਤੇ ਕੰਠਾ ਸਾਂਭ ਛੱਡੇ।

## ਤੋਪ ਨਾਲ ਬਨ੍ਹਣਾ

ਜਾਂ ਸਤਿਗੁਰੂ ਜੀ ਬਹੁਤੇ ਹੀ ਮਸਤਾਨੇ ਹੋਏ ਤਾਂ ਕਾਬਲ ਸਿੰਘ ਨੂੰ ਸਾਰੇ ਕਹਿਣ ਤੂੰ ਸਮਝਾਉਂਦਾ ਕਿਉਂ ਨਹੀਂ ਹੈਂ? ਤੇਰੇ ਕਹਿਣੇ ਭਾਵੇਂ ਹੱਟ ਜਾਣ ਮਸਤ ਸੁਭਾਉ ਥੀਂ। ਭੈ ਦੇਣੇ ਕੇ ਵਾਸਤੇ ਕਾਬਲ ਸਿੰਘ ਨੇ ਤੋਪ ਕੇ ਨਾਲ ਬਨ੍ਹ ਦਿੱਤੇ ਸ੍ਰੀ ਸਤਿਗੁਰੂ ਜੀ। ਏਤਨੇ ਮੈਂ ਕਾਹਨ ਸਿੰਘ ਆਇਆ ਦੇਖਕੇ ਕਹਿਣੇ ਲਗਾ ਕਾਬਲ ਸਿੰਘਾ! ਤੈਨੇ ਇਹ ਗੱਲ ਮਾੜੀ ਕੀਤੀ ਹੈ। ਤੂੰ ਤਾਂ ਆਪਣਾ ਸੈਂ, ਤੈਨੇ ਤੋਪ ਨਾਲ ਕਿਉਂ ਬਨ੍ਹਣੇ ਸੇ। ਤੈਨੂੰ ਇਹ ਗੱਲ ਨਾ ਚਾਹੀਦੀ ਸੀ, ਤੂੰ ਤਾਂ ਸਕਾ ਸੈਂ। ਕਾਹਨ ਸਿੰਘ ਨੇ ਝੱਟ ਪੱਟ ਕੁਲ ਰੱਸੇ ਵੱਢ ਦਿਤੇ। ਸਤਿਗੁਰੂ ਜੀ ਕਾਬਲ ਸਿੰਘ ਕੋ ਸਰਾਫ

---

1 ਕੈਂਠਾਂ (ਗਲ਼ ਦਾ ਗਹਿਣਾ)

2 ਕੰਨ ਦਾ ਗਹਿਣਾ।

ਦਿੱਤਾ 'ਤੂੰ ਵੀ ਤੋਪ ਅੱਗੇ ਉਡੇਂਗਾ।' ਕਾਬਲ ਸਿੰਘ ੧੨ ਤੋਪਾਂ ਕਾ ਅਫ਼ਸਰ ਸੀ।

ਫੇਰ ਸਤਿਗੁਰੂ ਜੀ ਏਓ ਬਚਨ ਕਰਨਾ ਤੁਸਾਂ ਜ਼ੁਲਮੀਆਂ ਉੱਤੇ ਲੱਕ ਬੱਧਾ ਹੈ, ਪਾਪ ਕਮਾਉਂਦੇ ਹੋ, ਤੁਹਾਨੂੰ ਫ਼ਰੰਗੀ ਮਾਰੇਗਾ। ਕੋਈ ਦਿਨ ਕੇ ਈ ਪ੍ਰਾਹੁਣੇ ਹੋ। ਜਿਸ ਸਿੰਘ ਨੂੰ ਬਾਣੀ ਪੜਦਿਆਂ ਤੁਕ ਭੁਲ ਜਾਣੀ ਤਾਂ ਅਟਕਾਇ ਕੇ ਪੰਦਰਾਂ ਫੇਰੀਂ ਤੁਕ ਪੜਾਉਣੀ, ਫੇਰ ਨਾ ਸੀ ਭੁੱਲਦੀ।

## ਖੂਹ ਢਹਿਣਾ

ਏਕ ਦਿਨ ਸ੍ਰੀ ਸਤਿਗੁਰੂ ਜੀ ਕਾਹਨ ਸਿੰਘ ਕੋ ਨਾਲ ਲੈ ਕੇ ਗਏ। ਮੋਢੇ ਪਰ ਪਰਸਰਾਮ[1] ਧਰਿਆ ਹੋਇਆ। ਆਗੇ ਦੋ-ਵਿੱਢਾ ਖੂਹ[2] ਆਇ ਗਿਆ। ਖੂਹ ਚਲਦਾ ਸੀ। ਬਚਨ ਕੀਤਾ ਕਾਨ੍ਹਿਆ ਖੂਹ ਗਰਕ[3] ਹੋਣ ਲੱਗਾ ਹੈ, ਤੂੰ ਜਾਇਕੇ ਸਭ ਕੋ ਹਟਾਇ ਦਿਓ ਪਾਸੇ ਕਰ ਦਿਓ। ਕਾਹਨ ਸਿੰਘ ਖੜਾ ਈ ਦਲੀਲਾਂ ਕਰਨ ਲਗ ਪਿਆ ਕਿ ਚਲਦਾ ਖੂਹ ਕਿਵੇਂ ਗਰਕ ਹੋਊਗਾ? ਚੁੱਪ ਕਰਕੇ ਖੜਾ ਰਿਹਾ। ਸ੍ਰੀ ਸਤਿਗੁਰੂ ਜੀ ਆਪ ਜਾਇਕੇ ਅਰਲੀਆਂ ਕੱਢ ਦਿੱਤੀਆਂ ਬੈਲਾਂ ਕੀਆਂ। ਆਦਮੀ ਸਭ ਹਟਾਇ ਦਿੱਤੇ। ਜ਼ਿਮੀਂਦਾਰ ਖੂਹ ਵਾਲੇ ਕਹਿਣ ਕੀ ਕਰਦਾ ਫਿਰਦਾ ਹੈ, ਸਾਡਾ ਕੰਮ ਚਲਦਾ ਖੜਾ ਕਰ ਦਿੱਤਾ ਹੈ। ਸਾਨੂੰ ਧੱਕੇ ਦੇ ਕੇ ਹਟਾਈ ਜਾਂਦਾ ਹੈ। ਏਤਨੇ ਮੇਂ ਖੂਹ ਗਰਕ ਹੋਇ ਗਿਆ। ਸੰਦ ਵਲੇਵਾਂ ਖੂਹ ਵਿੱਚ ਜਾਇ ਪਿਆ। ਫੇਰ ਖੂਹ ਵਾਲੇ ਕਹਿਣ ਸਾਡੀ ਰੱਛਿਆ ਕੀਤੀ ਹੈ, ਸਾਨੂੰ ਜੀਅ ਦਾਨ ਦਿਤਾ ਹੈ। ਜੇਕਰ ਏਹ ਨਾ ਹਟਾਉਂਦੇ ਤਾਂ ਅਸੀਂ ਸਾਰੇ ਮਰ ਜਾਂਦੇ। ਏਓ ਤਾਂ ਅੰਤਰਜਾਮੀ ਪ੍ਰਮੇਸਰ ਹੈ। ਕਾਹਨ ਸਿੰਘ ਪਛਤਾਇਆ ਕਿ ਮੈਂ ਕਿਉਂ ਨਾ ਬਚਨ ਮੰਨਿਆ।

## ੧੨ ਦਿਨਾਂ ਦੀ ਛੁੱਟੀ ਆਏ

ਕਾਬਲ ਸਿੰਘ ਨੇ ਲਿਖ ਭੇਜਿਆ ਰਾਮਦਾਸ ਪੁਰੇ ਮੈ ਕਿ ਰਾਮ ਸਿੰਘ ਕਮਲਾ ਹੋਇ ਗਿਆ ਹੈ।ਜੇ ਇਕ ਬਾਂਹ ਕੁੜਤੇ ਕੀ ਪਾਉਂਦਾ ਹੈ ਤਾਂ ਦੂਈ ਬਾਂਹ ਏਵੇਂ ਈ ਰਹਿ ਜਾਂਦੀ ਹੈ। ਬੇਸੁਧ ਹੋਇਆ ਹੋਇਆ ਹੈ। ਕੁਝ ਖਵਰ ਨਹੀਂ ਰੱਖਦਾ ਖਾਣ ਪੀਣ ਦੀ।ਏਹ ਚਿੱਠੀ ਸੁਣਕੇ ਬਾਬਾ ਜੱਸਾ ਸਿੰਘ ਜੀ ਗਏ ਲਾਹੌਰ ਮੈ ਖਵਰ ਵਾਸਤੇ। ਸ੍ਰੀ ਸਤਿਗੁਰੂ ਜੀ ਕਾ ਦਰਸ਼ਨ ਕਰਕੇ ਬੜੇ ਪ੍ਰਸੰਨ ਹੋਏ। ਦੁਖ ਸੁੱਖ ਕੀ ਬਾਰਤਾ ਪੁੱਛੀ ਦੱਸੀ। ਪਰਸਪਰ ਬਚਨ ਕੀਤੇ। ਕੋਈ ਕੁ ਦਿਨ ਬਾਬਾ ਜੀ ਰਹੇ ਜਾਂ ਬਾਬਾ ਜੱਸਾ ਸਿੰਘ ਜੀ ਤੁਰੇ ਤਾਂ ਨਾਲ ਈ ਸਤਿਗੁਰੂ ਜੀ ਬਾਰ੍ਹਾਂ ਦਿਨਾਂ ਦੀ ਛੁੱਟੀ ਲੈ ਕੇ ਆਏ ਰਾਮਦਾਸ ਪੁਰੇ ਮੈ। ਮਾਈ ਸਦਾ ਕੌਰ ਤੇ ਸਾਰਾ ਪਰਵਾਰ ਦਰਸ਼ਨ ਕਰਕੇ ਬੜੇ ਪ੍ਰਸੰਨ ਹੋਏ। ਜੋ ਫਿਕਰ ਸੀ ਸੋ ਦੂਰ ਹੋਇਆ। ਬਾਰ੍ਹਾਂ ਦਿਨ ਕੱਟ ਕੇ ਸ੍ਰੀ ਸਤਿਗੁਰੂ ਜੀ ਮੁੜ ਗਏ ਲਾਹੌਰ ਮੈਂ।

---

1 ਕੁਹਾੜਾ।

2 ਦੋ ਹਲਟਾਂ ਵਾਲਾ ਖੂਹ

3 ਧਰਤੀ 'ਚ ਧੱਸਣਾ, ਤਬਾਹ ਹੋਣਾ

ਨਾਮ ਨਾਲ ਰੱਤੇ ਹੋਏ ਮਸਤ ਸੁਭਾਉ ਹੈ। ਕਿਸੇ ਦੇ ਨਾਲ ਕੋਈ ਬਚਨ ਨਾ ਕਰਨਾ। ਅਕੰਤ[1] ਜਾਇ ਕੇ ਭਜਨ ਕਰਨਾ। ਦੇਖਕੇ ਦੂਰੋਂ ਈ ਭੈ ਆਉਂਦਾ ਹੈ। ਸਾਮ੍ਹਣੇ ਕੋਈ ਬੋਲ ਨਹੀਂ ਸਕਦਾ ਹੈ।

## ਮਸਤਾਨਾ ਰੂਪ

ਇਕ ਵੇਰ ਬਚਨ ਕੀਤਾ ਅਸੀਂ ਕਾਬਲ ਨੂੰ ਚੱਲੇ ਹੈਂ, ਜੰਗ ਹੁੰਦਾ ਹੈ। ਪਰਸਰਾਮ[2] ਮੋਢੇ ਤੇ, ਪਰਨੇ ਕੀ ਗਾਤਰੇ ਵਾਂਗੂੰ ਗੰਢ ਦਿੱਤੀ ਹੋਈ ਸੀ, ਲੱਕ ਕਛਹਿਰਾ ਤੇ, ਸੀਸ ਤੇ ਪਰਨਾ। ਲਾਲ ਚੇਹਰਾ ਦਮਕਦਾ ਹੈ। ਸਾਮ੍ਹਣੇ ਕੋਈ ਨਾ ਸੀ ਝਾਕ ਸਕਦਾ। ਬਨ ਕੋ ਚਲੇ ਗਏ। ਭਿਆਨਕ ਰੂਪ ਧਾਰ ਲਿਆ ਸੀ।

ਏਕ ਦਿਨ ਬਚਨ ਕੀਤਾ ਚੱਲ ਕਾਨ੍ਹਿਆ ਚਲੀਏ ਜੰਗਲ ਨੂੰ ਸੈਲ[3] ਕਰਨ। ਸੱਤ ਕੋਸ ਪਰ ਚਲੇ ਗਏ। ਕਾਹਨ ਸਿੰਘ ਨੂੰ ਫੁਰਨਾ ਹੋਇਆ ਕਿ ਗਿਣਤੀ ਕਾ ਵੇਲਾ ਹੋਇਆ ਹੈ। ਅੰਤਰਜਾਮੀ ਗੁਰੂ ਜੀ ਬਚਨ ਕੀਤਾ ਕਾਨ੍ਹਿਆ ਤੈਨੂੰ ਸੰਸਾ ਹੋਇਆ ਹੈ ਗਿਣਤੀ ਕਾ, ਜੇ ਗ਼ੈਰ-ਹਾਜ਼ਰ ਹੋਏ ਤਾਂ ਨਾਵਾਂ ਕੱਟ ਦੇਣਗੇ। ਬਚਨ ਕੀਤਾ ਹੱਥ ਮੈਨੂੰ ਫੜਾਇ ਕੇ ਨੇਤਰ ਮੀਟ। ਫੇਰ ਬਚਨ ਕੀਤਾ ਖੋਲ੍ਹ ਨੇਤਰ। ਜਾਂ ਖੋਲ੍ਹ ਕੇ ਨੇਤਰ ਦੇਖੇ ਤਾਂ ਹਾਥ ਛੋਡ ਦੀਆ। ਕਾਹਨ ਸਿੰਘ ਦੇਖੇ ਕੇ ਫ਼ੌਜ ਮੈ ਖੜ੍ਹਾ ਹੈ। ਸਤਿਗੁਰੂ ਜੀ ਗੁਪਤ ਰਹੇ।

## ਮਕਬਰੇ ਉੱਤੇ ਚੜ੍ਹੇ

ਬਚਨ ਏਓ ਕਰਨਾ ਝੂਠ ਕੀ ਸਫ਼ਾਂ ਉਠਾਵਾਂਗੇ। ਝੂਠ ਨਹੀਂ ਰੱਖਣਾ ਹੈ, ਝੂਠ ਕੀ ਜੜ੍ਹ ਪੱਟਣੀ ਹੈ। ਮਲੇਛ ਪੰਥ ਕਾ ਨਾਸ ਸੰਤ ਖਾਲਸੇ ਕਾ ਪ੍ਰਗਾਸ ਹੋਵੇਗਾ। ਇਕ ਦਿਨ ਅੱਗੇ ਸ੍ਰੀ ਸਤਿਗੁਰੂ ਜੀ ਤੇ ਪਾਛੇ ਕਾਹਨ ਸਿੰਘ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਕਾਨ੍ਹਿਆਂ ਤੈਨੂੰ ਤਮਾਸ਼ਾ ਦਿਖਾਈਏ? ਤੰਬੂ ਛੌਲਦਾਰੀਆਂ ਲੱਗੀਆਂ ਹੋਈਆਂ ਸੀ। ਓਹਨਾਂ ਦੇ ਉੱਤੋਂ ਦੀ ਲੰਘੀ ਜਾਵਣ ਪਲਾਂਗ ਭਰ ਕੇ। ਅੱਗੇ ਏਕ ਮਕਬਰਾ ਆਇ ਗਿਆ। ਸਤਿਗੁਰੂ ਜੀ ਬਚਨ ਕੀਤਾ ਕਾਨ੍ਹਿਆ ਚੜ੍ਹ ਜਾਵਾਂ ਏਸ ਮਕਬਰੇ ਪਰ। ਪਤਾ ਤਾਂ ਲੱਗਾ ਜਾਂ ਉੱਥੇ ਜਾਏ ਖੜੇ ਹੋਏ ਮਕਬਰੇ ਕੇ। ਮੰਮਟ ਕੇ ਦੁਆਲੇ ਲੰਬੀਆਂ ਭੁਜਾਂ ਕਰਕੇ ਜੱਫ਼ੇ ਮੈ ਲੈ ਲਿਆ। ਸ੍ਰੀ ਸਤਿਗੁਰੂ ਜੀ ਜ਼ੋਰ ਲਾਇਆ ਤਾਂ ਮਕਬਰਾ ਹਿੱਲਿਆ। ਕਾਹਨ ਸਿੰਘ ਕੋ ਭੀ ਦਖਾਇਆ ਜੋ ਮਕਬਰਾ ਹਿੱਲਿਆ। ਬਚਨ ਕੀਤਾ ਦੇਖਨ ਲੱਗੇ ਸੇ ਸੋ ਦੇਖ ਲੀਆ ਹੈ।

ਏਕ ਮੁਨਾਰਾ ਬੜਾ ਉੱਚਾ ਸੀ। ਜਾਂ ਦੇਖੇ ਕਾਹਨ ਸਿੰਘ ਤਾਂ ਸ੍ਰੀ ਸਤਿਗੁਰੂ ਜੀ ਮੁਨਾਰੇ ਕੇ ਉਪਰ ਖੜੇ ਹੈਂ। ਕਾਹਨ ਸਿੰਘ ਨੇ ਹੇਠਾਂ ਨਿਗਾਹ ਕੀਤੀ ਤਾਂ ਅੰਤਰਜਾਮੀ ਗੁਰੂ ਜੀ ਕਾਹਨ ਸਿੰਘ ਕੇ ਕੋਲ ਆਇ ਖੜੇ ਹੋਏ। ਦੇਖਕੇ ਅਸਚਰਜ ਰਿਹਾ ਕਿ ਏਤਨੀ ਦੂਰ ਚੜ੍ਹ ਕਿਵੇਂ ਗਏ ਤੇ ਉਤਰ ਕਿਵੇਂ

---

1 ਇਕਾਂਤ।

2 ਕੁਹਾੜ।

3 ਸੈਰ।

ਆਏ। ਏਹ ਤਾਂ ਆਪ ਨਿਰੰਕਾਰ ਜੀ ਆਕਾਰ ਧਾਰਿਆ ਹੈ ਧਰਤੀ ਪਰ ਧਰਮ ਚਲਾਵਣੇ ਨੂੰ।

ਏਕ ਦਿਨ ਸ੍ਰੀ ਸਤਿਗੁਰੂ ਜੀ ਬਰਾਜੇ ਹੋਏ ਉੱਠੇ ਤਾਂ ਚਰਨਾਂ ਪਰ ਝਰੀਟਾਂ ਹੈਨ ਆਈਆਂ ਹੋਈਆਂ। ਸਿੰਘਾਂ ਨੇ ਪੁੱਛਿਆ ਜੀ ਏਹ ਕੀ ਸਾਂਗ ਹੈ? ਅੰਤਰਜਾਮੀ ਜੀ ਬਚਨ ਕੀਤਾ ਤੁਹਾਡੇ ਵਰਗੇ ਸਿੰਘ ਕੰਡਿਆਂ ਦੇ ਉੱਤੋਂ ਦੀ ਘਸੀਟਦੇ ਫਿਰਦੇ ਹੈਂ।

## ਕਰਨੈਲ ਨੂੰ ਸਰਾਪ

ਨੌਕਰੀ ਮੈ ਜਿੱਥੇ ਕਥਾ ਕਰਦੇ ਸੇ ਓਥੇ ਜਾਇ ਬੈਠੇ। ਹਨੂੰਮਾਨ ਨਾਟਕ ਦੀ ਕਥਾ ਵਿੱਚ ਸੀਤਾ ਕਾ ਪ੍ਰਸੰਗ ਆਇਆ। ਗੁਰੂ ਜੀ ਅਰਥ ਕਰਨੋਂ ਹਟ ਗਏ। ਸਰੋਤੇ ਕਹਿਣ ਕਿ ਸੁਣਾਓ ਪ੍ਰਸੰਗ, ਅਸਾਂ ਸੁਣਨਾ ਹੈ। ਇਕ ਕਰਨੈਲ ਸੀ, ਓਹ ਗੁੱਸੇ ਗੁੱਸੇ ਬੋਲਣ ਲੱਗਾ। ਸ੍ਰੀ ਸਤਿਗੁਰੂ ਜੀ ਕੋ ਕਹਿਣ ਲਗਾ ਤੇਰਾ ਨੱਕ ਵੱਢਿਆ ਚਾਹੀਦਾ ਹੈ ਤੇ ਫ਼ੌਜ ਚੋਂ ਕੱਢਿਆ ਚਾਹੀਦਾ ਹੈ। ਓਥੋਂ ਜਾਂ ਤੁਰਨ ਲਗੇ ਤਾਂ ਬਚਨ ਕੀਤਾ ਅਸੀਂ ਹੁਣ ਏਥੇ ਤਾਂ ਵੜਾਂਗੇ ਜਿਸ ਦਿਨ ਤੇਰਾ ਨੱਕ ਵੱਢਿਆ ਜਾਏਗਾ ਤੇ ਫ਼ੌਜ ਵਿਚੋਂ ਕੱਢਿਆ ਜਾਏਂਗਾ। ਕੋਈ ਦਿਨ ਪਾ ਕੇ ਕਰਨੈਲ ਸੱਦ ਭੇਜਿਆ ਸਰਕਾਰ ਨੇ। ਨਾ ਆਇਆ। ਫੇਰ ਫ਼ੌਜ ਭੇਜੀ। ਜਾਂ ਜਾਇਕੇ ਫੜਿਆ ਤਾਂ, ਇਕ ਸਿੰਘ ਭਜਨੀ[1] ਸੀ, ਉਸ ਨੇ ਗੁਰੂ ਜੀ ਕਾ ਵਾਕ ਯਾਦ ਕਰਕੇ ਰੌਲੇ ਮੈ ਉਸ ਕਾ ਨੱਕ ਵੱਢ ਦਿੱਤਾ। ਨੱਕ ਵੱਢੇ ਹੀ ਲਾਹੌਰ ਮੇਂ ਆਇਆ। ਸ਼ਰਮ ਕਾ ਮਾਰਿਆ ਨਿਘਰਦਾ ਜਾਏ ਧਰਤੀ ਮੇਂ। ਉਸ ਦਿਨ ਸਤਿਗੁਰੂ ਜੀ ਆਏ, ਉਤਨਾ ਚਿਰ ਨਹੀਂ ਆਏ।

## ਖਾਲਸਾ ਫ਼ੌਜ ਦੀ ਦਸ਼ਾ

ਸ੍ਰੀ ਸਤਿਗੁਰੂ ਜੀ ਛਾਤੀ ਉੱਤੇ ਹੱਥ ਮਾਰ ਕੇ ਬਚਨ ਕੀਤਾ, ਸੁਣ ਹੋ ਜਮੀਤ ਸਿੰਘਾ ਜੋ ਗਊ ਗਰੀਬ ਕੀ ਰੱਛਿਆ ਕਰੇਗਾ ਸੋ ਬਚੇਗਾ। ਹੋਰ ਲੋਹੇ ਕਾ ਸੁਹਾਗਾ ਫਿਰੇਗਾ।

ਜੋ ਵੱਡੇ ਵੱਡੇ ਅਫ਼ਸਰ ਸੇ, ਸੋ ਮੁੰਡੇ ਰੱਖਣੇ ਲਗੇ ਨਾਲੇ ਨੀਚ ਜਾਤਾਂ ਕੋ ਰਮਣੇ ਲਗੇ। ਬੁਧ ਭਰਿਸ਼ਟ ਹੋਇ ਗਈ। ਸ੍ਰੀ ਸਤਿਗੁਰੂ ਅੰਤਰਜਾਮੀ ਜੀ ਉਹਨਾਂ ਨੂੰ ਸੁਣਾਇ ਕੇ ਬਚਨ ਕਰਨਾ ਹੇ ਗੁਰੂ ਜੀ ਏਸ ਸਫ਼ ਨੂੰ ਵਲੇਟ ਲੈ। ਸਭ ਨਿੱਕੇ ਵੱਡੇ ਪਾਪਾ ਉੱਤੇ ਲੱਕ ਬੰਨ੍ਹ ਲਿਆ ਹੈ। ਬਚਨ ਬਲਾਸਾਂ ਨਾਲ ਸਮਝਾਂਦੇ ਰਹੇ, ਨਾ ਸਮਝੇ। ਸਗੋਂ ਦੂਣੇ ਪਾਪ ਕਰਨੇ ਲਗੇ। ਚੋਰੀ ਯਾਰੀ ਬਹੁਤ ਕਰਨੇ ਲਗੇ। ਜੇੜ੍ਹਾ ਛੁੱਟੀ ਲੈ ਕੇ ਜਾਵੇ ਉਸਨੂੰ ਦੋ ਜਣੇ ਰਲ ਕੇ ਜਾਇਕੇ ਰਸਤੇ ਮੈ ਲੁੱਟ ਲੈਣ। ਦਾਦ ਫਰਿਯਾਦ ਕੋਈ ਨਾ ਸੀ ਸੁਣਦਾ ਕਿਉਂਕਿ ਵੱਡਿਆਂ-ਛੋਟਿਆਂ ਕੀ ਬੁਧ ਭਰਿਸ਼ਟ ਹੋਇ ਗਈ ਹੈ। ਪੰਜੇ ਐਬ ਸ਼ਰਈ, ਨੇਮ ਧਰਮ ਛੱਡ ਕੇ ਜ਼ੁਲਮੀਆਂ ਤੇ ਲੱਕ ਬੱਧਾ ਹੈ। ਅਬ ਗੁਰੂ ਜੀ ਬਿਚਾਰਿਆ ਹੈ ਏਉ ਤਾਂ ਨਹੀਂ ਹਟਦੇ, ਏਨਾਂ ਦਾ ਵਿਛਾਵਣਾ ਹੀ ਚੁੱਕੋ। ਸ਼ਾਂਤੀ ਕੇ ਬਚਨ ਕੀ ਤਲਵਾਰ ਨਾਲ ਕਤਲ ਕਰਨੇ ਲਗੇ ਹੈਂ।

---

1 ਭਜਨ ਬੰਦਗੀ ਕਰਨ ਵਾਲਾ।

## ਜੜ੍ਹਾਂ ਪੁੱਟੀਆਂ ਗਈਆਂ ਹੈਂ

ਏਕ ਦਿਨ ਸਤਿਗੁਰੂ ਜੀ ਬਚਨ ਕੀਤਾ ਲਿਆ ਓਏ ਕਾਨ੍ਹਿਆਂ ਸਾਰੀ ਬਰਦੀ ਪਾਈਏ। ਸਾਰੀ ਬਰਦੀ ਅੱਗੇ ਰੱਖੀ। ਬਰਦੀ ਪਹਿਰ ਕੇ ਗੁਰੂ ਜੀ ਜੰਗਲ ਮੈ ਜਾਇਕੇ ਭਜਨ ਕਰਦੇ ਰਹੇ। ਜਾਂ ਉੱਠ ਕੇ ਤੁਰਨ ਲਗੇ ਤਾਂ ਦੋ ਬੁਰਛੇ[1] ਸਲਾਹ ਕਰਕੇ ਗਏ ਕਿ ਇਸ ਕੀ ਬਰਦੀ ਲਾਹ ਲਵੋ ਸਣੇ ਗਹਿਣੇ, ਆਪਣਾ ਬੰਸ ਗਾਲਣੇ ਕੋ। ਦੋਨੋਂ ਬੁਰਛੇ ਸ੍ਰੀ ਸਤਿਗੁਰੂ ਜੀ ਕੇ ਸਾਹਮਣੇ ਖਲੋਇਕੇ ਕਹਿਣ ਲਗੇ ਬਰਦੀ ਅਰ ਗਹਿਣੇ ਲਾਹ ਕੇ ਰੱਖ ਦਿਓ। ਬਚਨ ਕੀਤਾ ਇਕੋ ਫ਼ੌਜ ਕੇ ਰਹਿਣੇ ਵਾਲੇ ਹੈਂ। ਤੁਸੀਂ ਭੀ ਸਿੱਖ ਹੋ ਅਸੀਂ ਭੀ ਓਸ ਗੁਰੂ ਕੇ ਸਿੱਖ ਹੈਂ। ਬੁਰਛਿਆਂ ਨੇ ਕਹਾ ਕਿ ਬਹੁਤੀਆਂ ਗੱਲਾਂ ਨਾ ਕਰ, ਸਭ ਕੁਛ ਲਾਹ ਕੇ ਰੱਖ ਦਿਓ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਗੱਜ ਕੇ, ਜੇਕਰ ਜ਼ੋਰ ਨਾਲ ਮੰਗੋ ਤਾਂ ਮੈਂ ਭੀ ਨਹੀਂ ਦੇਂਦਾ ਹਾਂ। ਜੇਕਰ ਆਪਣੀਆਂ ਜੜ੍ਹਾਂ ਪਟਾਉਣੀਆਂ ਹੈਨ ਤਾਂ ਲੈ ਲਵੋ। ਬੁਰਛੇ ਬੋਲੇ ਜੜ੍ਹਾਂ ਭਾਵੇਂ ਪੁੱਟੀਆਂ ਈ ਜਾਵਣ ਬਰਦੀ ਅਰ ਗਹਿਣੇ ਲਾਹ ਦਿਓ। ਇਹ ਭੀ ਬਚਨ ਕੀਤਾ ਜੇਕਰ ਤੁਸੀਂ ਭੁੱਖੇ ਬਣਕੇ ਮੰਗੋ ਤਾਂ ਭੀ ਦੇ ਦੇਂਦੇ ਹੈਂ।

ਜਿਹੜੇ ਗਹਿਣੇ ਸੋਨੇ ਕੇ ਸੋ ਸੋ ਲਾਹ ਦੀਏ। ਬੁਰਛਿਆਂ ਨੇ ਕਹਿਆ ਕਿ ਬਸਤਰ ਭੀ ਉਤਾਰ ਦਿਓ। ਬਚਨ ਕੀਤਾ ਸਿਰੋਂ ਨੰਗਾ ਨਾ ਕਰਨਾ ਚਾਹੀਏ। ਬੁਰਛਿਆਂ ਨੇ ਕਹਾ ਕਿ ਅਸੀਂ ਨਹੀਂ ਛੱਡਣੇ ਹੈਂ। ਸੋ ਬਸਤਰ ਭੀ ਉਤਾਰ ਦੀਏ। ਸੀਸ ਪਰ ਦਸਤਾਰ ਸੀ, ਬੁਰਛਿਆਂ ਨੇ ਕਹਾ ਕਿ ਇਹ ਭੀ ਲਾਹ ਦਿਓ। ਬਚਨ ਕੀਤਾ ਤੁਹਾਨੂੰ ਗੁਰਾਂ ਕੀ ਸੌਗੰਧ ਹੈ ਜੇ ਤੁਸੀਂ ਸਿਰੋਂ ਨੰਗਾ ਕਰੋ। ਮਲੇਛਾਂ ਕਿਹਾ ਕਿ ਅਸਾਂ ਤੇ ਨਹੀਂ ਛੱਡਣੀ ਹੈ। ਫੁਰਤੀ ਨਾਲ ਲਾਹ ਕੇ ਦੋਨੋਂ ਹੱਥਾਂ ਨਾਲ ਧਰਤੀ ਪਰ ਮਾਰੀ ਦਸਤਾਰ ਤੇ ਬਚਨ ਕੀਤਾ ਮਲੇਛ ਪੰਥ ਕਾ ਨਾਸ। ਜੜ੍ਹਾਂ ਪੁੱਟੀਆਂ ਗਈਆਂ ਹੈਂ।ਅੱਜ ਤੋਂ ਲੈ ਕੇ ਦਿਨੋ ਦਿਨ ਸੁਕਣਗੀਆਂ। ਸੰਤ ਖਾਲਸਾ ਵਧੇਗਾ ਤੇ ਮਲੇਛ ਖਾਲਸਾ ਘਟੇਗਾ। ਲੋਹੇ ਕਾ ਸੁਹਾਗਾ ਫਿਰੇਗਾ। ਤੁਸੀਂ ਮਲੇਛ ਖਾਲਸਾ ਜ਼ੁਲਮੀਆਂ ਕਰਦੇ ਹੋ। ਤੁਹਾਡੀਆਂ ਜੜ੍ਹਾਂ ਅੱਜ ਥੀਂ ਪੱਟੀਆਂ ਗਈਆਂ ਹੈਂ। ਖ਼ਾਰੇ ਸਾਗਰ ਵਿੱਚ ਸੁੱਟੀਆਂ ਹੈਂ, ਹੁਣ ਨਹੀਂ ਹਰੀਆਂ ਹੁੰਦੀਆਂ। ਸ੍ਰੀ ਸਤਿਗੁਰੂ ਜੀ ਨਗਨ ਹੀ ਆਏ ਡੇਰੇ। ਸਿੰਘਾਂ ਪੁੱਛਿਆ ਤੁਹਾਡੇ ਬਸਤਰਾਂ, ਗਹਿਣਿਆਂ ਨੂੰ ਕੀ ਹੋਇਆ, ਤੁਸੀਂ ਨੰਗੇ ਹੀ ਆਏ ਹੋ ਡੇਰੇ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਮਲੇਛਾਂ ਨੇ ਲੁਹਾ ਲਏ ਹੈਂ।

## ਨਾਮ-ਬਾਣੀ ਦਾ ਉਪਦੇਸ਼

ਏਕ ਦਿਨ ਫ਼ੌਜੀ ਸਿੰਘਾਂ ਨੂੰ ਬਚਨ ਕੀਤਾ ਤੁਸੀਂ ਬਰਾਜੋ ਤੇ ਮੈਂ ਪਹਿਰਾ ਦੇਂਦਾ ਹਾਂ। ਸਾਰੀ ਰਾਤ ਬਰਾਜੇ ਨਹੀਂ, ਫਿਰਦੇ ਰਹੇ ਲੈਨ ਮੇਂ। ਬੋਲਾ ਫੇਰ ਏਹੋ ਹੀ ਕੀਤਾ ਕਿ ਤੁਸੀਂ ਬੇ-ਗ਼ਮ ਹੋਇਕੇ ਬਰਾਜ ਜਾਓ ਮੈਂ ਜੂ ਜਾਗਦਾ ਹਾਂ। ਜੋ ਸਤਿਸੰਗੀ ਸਿੰਘ ਸੇ ਤਿਨਾਂ ਕੋ ਵੱਡੀ ਰਾਤ ਨਾਲ ਜਗਾਇਕੇ ਆਪ ਇਸ਼ਨਾਨ ਕੀਤਾ, ਸਤਿਸੰਗੀਆਂ ਨੇ ਭੀ ਕੀਤਾ। ਸ੍ਰੀ ਗ੍ਰੰਥ ਸਾਹਿਬ ਕੀ ਜਗ੍ਹਾ ਲੇਪਨ ਦੁਆਇਆ। ਸ੍ਰੀ ਗ੍ਰੰਥ ਸਾਹਿਬ ਪ੍ਰਗਾਸਿਆ। ਸਫ਼ਾਜੰਗ ਕੋਲ ਰੱਖਿਆ। ਆਪ ਪਾਠ

1 ਬਦਮਾਸ਼, ਜ਼ੁਲਮੀਂ ।

ਕਰਨੇ ਲਗੇ ਸ੍ਰੀ ਸਤਿਗੁਰੂ ਜੀ।

ਸੰਗਰਾਂਦ ਕਾ ਦਿਨ ਸੀ। ਇਕ ਸਿੱਖ ਫ਼ੌਜ ਕਾ ਕੜਾਹ ਪ੍ਰਸ਼ਾਦ ਲਿਆਇਆ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਅੱਗੇ ਨਾ ਲਿਆਵੀਂ, ਮੈਂ ਮਾਰੂੰਗਾ। ਤਿੰਨ ਵੇਰੀ ਬਚਨ ਕੀਤਾ ਨਾ ਮੰਨਿਆ। ਅੱਗੇ ਧਰ ਦਿੱਤਾ ਸ੍ਰੀ ਗ੍ਰੰਥ ਸਾਹਿਬ ਜੀ ਕੇ। ਤੇਜੀ ਮੈ ਹੋਇ ਸਤਿਗੁਰੂ ਜੀ ਸਫ਼ਾਜੰਗ ਫੜ ਕੇ ਆਏ। ਆਇਕੇ ਵੱਢਣ ਲੱਗ ਪਏ। ਬਰਤਨ ਟੁਕੜੇ ਟੁਕੜੇ ਹੋਇ ਗਿਆ।ਉਸ ਵਕਤ ਸਭ ਥਰ-ਥਰ ਕੰਬਦੇ ਸੇ। ਹੁਕਮ ਏਹ ਦੀਆ ਕਿ ਜੋ ਸ੍ਰੀ ਗ੍ਰੰਥ ਸਾਹਿਬ ਜੀ ਕੇ ਭੋਗ ਪਵਾਵੇਗਾ, ਜੋ ਪੜੇਗਾ ਸੁਣੇਗਾ ਉਸ ਨੂੰ ਤੱਤੀ ਵਾਓ ਨਾ ਲੱਗੇਗੀ। ਲੋਹੇ ਕਾ ਸੁਹਾਗਾ ਫਿਰੇਗਾ, ਜੋ ਨਾਮ ਜਪੇਗਾ ਬਾਣੀ ਪੜੇਗਾ ਸੋ ਬਚੇਗਾ। ਹੋਰ ਸੰਬਰ ਸੂਰੀ[1] ਕੇ ਮੂੰਹ ਆਵੇਗਾ। ਸਿੰਘਾਂ ਪੁੱਛਿਆ ਜੀ ਏਹ ਕੀ ਸਾਂਗ ਹੈ? ਬਚਨ ਕੀਤਾ ਗੁਰੂ ਅੰਤਰਜਾਮੀ ਜੀ ਕਿ ਇਹ ਕੜਾਹ ਪ੍ਰਸ਼ਾਦ ਹੁੱਕੇ ਕੇ ਪਾਣੀ ਨਾਲ ਬਣਿਆ ਹੋਇਆ ਹੈ।

ਉਸੀ ਵਕਤ ਬਾਣੀਏ ਨੂੰ ਸੱਦਕੇ ਪੁੱਛਿਆ ਤੈਨੂੰ ਕਹਿੰਦੇ ਕੁਛ ਨਹੀਂ ਹੈਂ ਸੱਚ ਵਾਰਤਾ ਕਹਿ ਦੇ ਕਿ ਪ੍ਰਸ਼ਾਦ ਹੁੱਕੇ ਕੇ ਪਾਣੀਂ ਨਾਲ ਬਣਾਇਆ ਹੈ? ਕਹਿਣੇ ਲਗਾ ਸਵੇਰੇ ਸੁੱਤਾ ਉੱਠ ਕੇ ਜੋ ਜਲ ਵਾਲੀ ਮੱਟੀ ਸੀ ਤਿਸ ਵਿਚੋਂ ਮੈਂ ਪਹਿਲੇ ਨਰਯੇਲਾ[2] ਡੁਬਕਾਇ ਕੇ ਕੱਢਿਆ ਸੀ ਤਮਾਕੂ ਪੀ ਕੇ, ਫੇਰ ਉਨ੍ਹਾਂ ਈ ਹੱਥਾਂ ਨਾਲ ਪ੍ਰਸ਼ਾਦ ਕੀਤਾ ਹੈ ਅਤੇ ਇਹ ਸਿੱਖ ਮੈਥੋਂ ਲੈ ਆਇਆ ਹੈ। ਐਸੀ ਅੰਤਰਯਾਮਤਾ ਦੇਖ ਸੁਣ ਕੇ ਸਭ ਅਸਚਰਜ ਰਹੇ। ਕਹਿਣ, ਏਹ ਸਿਪਾਹੀ ਕਰਾਮਾਤੀ ਹੈ। ਜੋ ਬਚਨ ਮੁਖ ਸੇ ਕਹਿੰਦੇ ਹੈਂ ਸੋ ਪੂਰਾ ਹੁੰਦਾ ਹੈ। ਸਭ ਭੈ ਕਰਨੇ ਲਗੇ ਤੇ ਸਿਦਕੀ ਸਿੰਘਾਂ ਦਾ ਸਿਦਕ ਦ੍ਰਿੜ ਹੋਇਆ ਕਿ ਏਹ ਪ੍ਰਮੇਸਰ ਜੀ ਅਵਤਾਰ ਧਾਰਿਆ ਹੈ। ਐਸੇ ਕਲੂਕਾਲ ਮੈ ਐਸੀਆਂ ਐਸੀਆਂ ਕਰਾਮਾਤਾਂ ਹੈਨ ਜਿਨ੍ਹਾਂ ਮੈ, ਏਹ ਤਾਂ ਕੋਈ ਬਰਕਤਾਂ ਵਾਲੇ ਕਲਾਧਾਰੀ ਹੈਂ। ਬਾਰ ਬਾਰ ਏਹੀ ਬਚਨ ਕੀਤੇ ਜੋ ਭੋਗ ਪਵਾਵੇ ਤੇ ਪਾਠ ਕਰੇ, ਬਾਣੀ ਪੜ੍ਹੇ ਸੁਣੇਗਾ ਸੋ ਬਚੇਗਾ, ਹੋਰ ਸਭ ਮਲੇਛ ਖਾਲਸਾ ਖਪ ਜਾਵੇਗਾ। ਜੈਸੇ ਕਿੱਲੀ ਦੇ ਕੋਲ ਦਾਣੇ ਬਚਦੇ ਹੈਂ ਚੱਕੀ ਮੇਂ, ਤਿਸੀ ਤਰ੍ਹਾਂ ਜੋ ਨਾਮ ਜਪੇਗਾ ਬਾਣੀ ਪੜੇਗਾ ਸੋ ਬਚੇਗਾ।

## ਖਾਲਸਾ ਮਲੇਛ

ਸ੍ਰੀ ਸਤਿਗੁਰੂ ਜੀ ਏਹੋ ਈ ਦਿਨੇ ਰਾਤ ਬਚਨ ਕਰਨਾ, ਹੇ ਅਕਾਲ ਪੁਰਖ ਮਲੇਛ ਖਾਲਸੇ ਕਾ ਨਾਸ ਸੰਤ ਖਾਲਸੇ ਕਾ ਪ੍ਰਗਾਸ ਕਰੋ। ਜੰਗਲ ਮੈ ਜਾਇਕੇ ਚਾਰ ਧੂਣੀਆਂ ਗੋਹਿਆਂ ਦੀਆਂ ਲਾਇਕੇ, ਅੱਗ ਲਾਇਕੇ ਵਿਚਾਲੇ ਖਲੋਇਕੇ ਪਿਟਣਾ ਕਰਨਾ। ਰਾਜਿਆਂ ਕਾ ਨਾਮ ਲੈ ਲੈ ਕੇ ਵੈਣ ਪੌਣੇ। ਜੈਸੇ ਕਿਸੇ ਦਾ ਦਰਦੀ ਮਰ ਜਾਂਦਾ ਹੈ ਤੇ ਵੈਣ ਪਾਈਦੇ ਹੈਂ ਵੈਰਾਗ ਦਸ਼ਾ ਮੈ ਹੋਇਕੇ। ਜੈਸੇ ਕੋਈ ਬੜਾ ਦੁੱਖੀ ਹੋਇਕੇ ਵਿਰਲਾਪ ਕਰਦਾ ਹੈ। ਬਚਨ ਇਹ ਕਰਨਾ ਚੋਲੀਆਂ ਪਾਟਣ ਤੇ ਪਿਟਣਾ ਹੋਏ। ਦੋ ਇੱਟਾਂ ਲੈ ਕੇ ਹੇਠਾਂ ਉੱਤੇ ਧਰ ਕੇ ਚੱਕੀ ਵਾਂਗੂ ਫੇਰਨੀਆਂ। ਜੇ ਕਿਸੇ ਪੁੱਛਣਾ ਕੀ ਕਰਦੇ ਹੋ, ਬਚਨ ਕਰਨਾ ਮਲੇਛ ਖਾਲਸੇ ਕੋ ਪੀਸਨ ਲਗੇ ਹੋਏ ਹੈਂ। ਖਾਰੇ ਸਾਗਰ ਮੈਂ ਸੁਟਾਂਗੇ

1 ਸਤਿਆਨਾਸ, ਬਰਬਾਦੀ, ਤਬਾਹੀ।
2 ਹੁੱਕੇ ਦਾ ਉੱਪਰਲਾ ਹਿੱਸਾ।

ਫੇਰ ਨਾ ਹਰੀਆਂ ਹੋਵਣਗੀਆਂ ਜੜ੍ਹਾਂ। ਸਾਬਤ ਤਾਂ ਜੰਮ ਆਉਂਦਾ ਹੈ ਪੀਸਿਆ ਹੋਇਆ ਦਾਣਾ ਨਹੀਂ ਜੰਮਦਾ ਹੈ।

ਜੇ ਸਿੰਘਾਂ ਨੇ ਕਹਿਣਾ ਪ੍ਰਸ਼ਾਦ ਛਕੋ ਤਾਂ ਬਚਨ ਕਰਨਾ ਕਿ ਮੇਰੀ ਜਗ੍ਹਾ ਕੋਈ ਲੱਗੇ ਤਾਂ ਮੈਂ ਪ੍ਰਸ਼ਾਦ ਛਕਣ ਜਾਵਾਂ। ਅਸੀਂ ਭਾਰੀ ਕਾਰ ਲੱਗੇ ਹੋਏ ਹੈਂ। ਅੰਮ੍ਰਿਤ ਵੇਲੇ ਬਚਨ ਕਰਨਾ ਸਿੱਖਾਂ ਨੂੰ, ਤੁਸੀਂ ਤਾਂ ਸੁੱਤੇ ਰਹਿੰਦੇ ਹੋ, ਮੈਂ ਸਾਰੀ ਰਾਤ ਜੁਧ ਮੈ ਰਹਿੰਦਾ ਹਾਂ। ਕਿਸੇ ਨੇ ਉੱਠਕੇ ਮਦਦ ਨਹੀਂ ਦੁਆਈ ਹੈ। ਮਨੁੱਖਾ ਜਨਮ ਅਮੋਲਕ ਹੈ, ਐਵੇਂ ਹੀ ਗਵਾਇ ਲੀਆ ਹੈ ਸੋਇ ਕੇ। ਉੱਠਕੇ ਭਜਨ ਨਹੀਂ ਕੀਤਾ ਹੈ।ਦੇਵ ਦਾਨਵ ਦੋਵੇਂ ਧਿਰਾਂ ਆਉਂਦੀਆਂ ਹੈਂ, ਜੁਧ ਕਰਦੇ ਹੈਂ। ਮੈਂ ਸਾਰੀ ਰਾਤ ਜੁਧ ਵਿੱਚ ਰਹਿੰਦਾ ਹਾਂ।

ਮਿੱਟੀ ਦਾ ਲਾਹੌਰ ਬਣਾ ਕੇ ਢਾਹ ਦੇਣਾ। ਬਚਨ ਕਰਨਾ ਓਹ ਲਾਹੌਰ ਮਾਰ ਲੀਆ ਹੈ। ਹਰ ਵਕਤ ਏਹੀ ਬਚਨ ਕਰਨਾ। ਮਲੇਛ ਖਾਲਸੇ ਨੇ ਮਸ਼ਕਰੀ ਕਰ ਛੱਡਣੀ, ਜਾਣੋਂ ਏਸੇ ਹੱਥ ਹੈ ਨਾਸ ਕਰਨਾ।ਏਹ ਨਾ ਜਾਨਣ ਜੋ ਸਾਡੀਆਂ ਜੜ੍ਹਾਂ ਪੁੱਟੀ ਜਾਂਦੇ ਹਨ।

## ਪੰਜਾਬ ਸਿੰਘ ਨੂੰ ਸਰਾਪ

ਇਕ ਦਿਨ ਖਿੰਘਰ ਕੁੱਟੀ ਜਾਵਣ ਬੈਠੇ। ਏਕ ਸੂਬੇਦਾਰ ਆਇਆ। ਕਹਿਣ ਲੱਗਾ ਕੀ ਕੁਟਦੇ ਹੋ? ਬਚਨ ਕੀਤਾ ਮਲੇਛ ਖਾਲਸੇ ਨੂੰ ਵਢਣ ਟੁੱਕਣ ਲੱਗੇ ਹੋਏ ਹਾਂ। ਸਤਿਗੁਰੂ ਜੀ ਬਚਨ ਕੀਤਾ ਤੂੰ ਵਰ ਮੰਗ, ਜੋ ਮੰਗੇਂਗਾ ਸੋ ਦੇਵਾਂਗੇ। ਸੂਬੇਦਾਰ ਨੇ ਹਾਸੀ ਜਾਣੀ। ਕਹਿਣ ਲੱਗਾ ਹੋਰ ਤਾਂ ਕੁਛ ਨਹੀਂ ਲੋੜ, ਇਕ ਕੰਜਰੀ, ਮਾਸ ਤੇ ਸ਼ਰਾਬ ਇਨ੍ਹਾਂ ਤਿੰਨਾਂ ਚੀਜਾਂ ਦੀ ਲੋੜ ਹੈ। ਸ੍ਰੀ ਸਤਿਗੁਰੂ ਜੀ ਤੇਜੀ ਮੈ ਹੋਇਕੇ ਬਚਨ ਕੀਤਾ-ਜਾ ਓਏ ਪੰਜਾਬਿਆ ਖਰਾਬਿਆ ਕੀ ਵਰ ਮੰਗਿਆ ਹੈ? ਗਲ਼ ਕੇ ਮਰੇਂਗਾ, ਘਾਹ ਵਾਂਗੂੰ ਜਲ ਜਾਵੇਂਗਾ। ਕੋਲੋਂ ਸਿੰਘਾਂ ਨੇ ਅਰਜ਼ ਕਰੀ ਜੀ ਏਸਨੂੰ ਬਖਸ਼ੋ, ਬੇ-ਅਦਬੀ ਕੇ ਬੋਲ-ਕਬੋਲ ਕੀਤੇ ਹਨ। ਬਚਨ ਹੋਇਆ ਹੁਣ ਨਹੀਂ ਮੁੜਦਾ ਹੈ ਵਾਕ, ਪੂਰਾ ਹੋਇਕੇ ਰਹੇਗਾ।

ਜੈਸਾ ਵਰ ਮੰਗਿਆ ਤੈਸਾ ਹੀ ਮਿਲ ਗਿਆ। ਮਨਸਾ ਦੇਵੀ ਦੇ ਦਰਸ਼ਨ ਕਰਨ ਗਿਆਂ ਪਹਾੜ ਮੇਂ ਆਤਸ਼ਕ[1] ਨਾਲ ਬੀਮਾਰ ਹੋਇ ਗਿਆ, ਸਾਰਾ ਸਰੀਰ ਗਲ਼ ਗਿਆ। ਨੌਕਰੀ ਛੱਡ ਕੇ ਘਰ ਨੂੰ ਚਲਾ ਗਿਆ। ਗਲ਼ ਕੇ ਮਰ ਗਿਆ ਥੋੜੇ ਹੀ ਦਿਨਾਂ ਮੈ। ਘਾਸ ਵਾਂਗੂੰ ਜਲਾਇ ਦਿੱਤਾ। ਵਾਕ ਪੂਰਾ ਹੋਇਆ।

ਫ਼ੌਜ ਕੇ ਸਿਪਾਹੀ ਸਭ ਭੈ ਕਰਨੇ ਲਗੇ ਕਿ ਜੋ ਵਾਕ ਮੂੰਹੋਂ ਕੱਢਦੇ ਹੈਂ ਸੋ ਪੂਰਾ ਹੁੰਦਾ ਹੈ। ਬੜੇ ਬਲੀ ਹੈਂ, ਬੜੀ ਕਮਾਈ ਕੀਤੀ ਹੋਈ ਹੈ। ਜੋ ਸਾਂਗ ਕਰਦੇ ਹੈਂ ਸੋ ਪ੍ਰਤੱਖ ਦੇਖਦੇ ਹੈਂ। ਪ੍ਰਮੇਸਰ ਜੀ ਕਲਾ ਧਾਰੀ ਹੈ। ਬੰਦੂਕਾਂ ਕੀ ਛੌਰੀ[2] ਲੱਗੀ ਹੋਣੀਂ, ਥੱਬਾ ਭਰਕੇ ਬਚਨ ਕਰਨਾ ਲਿਆਓ ਦਰਿਆਏ ਮੈ ਸੁਟ ਆਵੀਏ, ਏਨ੍ਹਾਂ ਕੀ ਬਨਾਵਣਾ ਹੈ। ਕੁਝ ਕੁ ਪਿਛਾਂ ਨੂੰ ਸੁੱਟੀਆਂ।

---

1 ਇਸਤਰੀ ਪੁਰਸ਼ ਦੇ ਗੁਪਤ ਅੰਗਾਂ ਦੀ ਬੀਮਾਰੀ।

2 ਖੜ੍ਹੇ ਰੁੱਖ ਲਾਇਆ ਢੇਰ।

## ਧਰਿਆ ਤੇਜ ਕਰਾਰਾ

ਦਿਨੋਂ ਦਿਨ ਸਤਿਗੁਰੂ ਜੀ ਧਰਿਆ ਤੇਜ ਕਰਾਰਾ। ਨਾਮ ਨਾਲ ਬਿਰਤੀ ਜੁੜੀ ਰਹਿੰਦੀ ਹੈ, ਰਸਨਾ ਤੁਰੀ ਰਹਿੰਦੀ ਹੈ। ਸਮਾਧੀ ਲੱਗੀ ਰਹਿੰਦੀ ਹੈ। ਪਲਕਾਂ ਜੁੜੀਆਂ ਰਹਿੰਦੀਆਂ ਹਨ। ਅੰਤਰ ਧਿਆਨ ਰਹਿਣਾ, ਕਿਸੇ ਬੰਨੇਂ ਝਾਕਦੇ ਨਹੀਂ ਹੈਂ। ਅੱਠੇ ਪਹਿਰ ਨਾਮ ਹੀ ਜਪਣੇ ਕੀ ਕਾਰ ਹੈ। ਰਾਤ ਕੋ ਨੀਂਦ ਭੀ ਨਾ ਸੀ ਕਰਦੇ। ਲੋਕਾਂ ਨੂੰ ਬਚਨ ਕਰਨਾ ਸਤਿਗੁਰੂ ਜੀ, ਸਾਰਾ ਦਿਨ ਤੁਫਾਨ ਵੱਢੀ ਜਾਂਦੇ ਹੈਂ। ਸਾਰਾ ਦਿਨ ਬੋਲੀ ਹੀ ਜਾਂਦੇ ਹੈਂ।ਨਾ ਨਾਮ ਜਪਦੇ ਹੈਂ ਨਾ ਬਾਣੀ ਪੜਦੇ ਹੈਂ। ਏਹਨਾਂ ਦਾ ਕੀ ਹਾਲ ਹੋਊਗਾ? ਰਾਤ ਦਿਨੇ ਪਾਪ ਹੀ ਕਮਾਉਂਦੇ ਹੈਂ।

ਲਿਖਾਰੀ ਕੈਂਹਦਾ ਹੈ ਦਿਨੋ ਦਿਨ ਪ੍ਰਤਾਪ ਜਾਗੇਗਾ।ਤੇਜ ਤੁਰਕ ਕਾ ਭਾਗੇਗਾ। ਜਬ ਮੋਰ ਭੁਜੰਗੀ ਗਾਜੇਗਾ। ਸਾਰੀ ਧਰਤੀ ਪਰ ਸੰਤ ਖਾਲਸਾ ਛਾਜੇਗਾ। ਧਰਮ ਕਾ ਡੰਕਾ ਬਾਜੇਗਾ।

ਕੋਟ ਸੂਰਜ ਕਾ ਪ੍ਰਕਾਸ਼ ਗੁਰੂ ਜੀ ਕਾ ਚੇਹਰਾ ਦਮਕਦਾ ਹੈ। ਲਾਲ ਕੀ ਤਰਹ ਦਮਕਾਂ ਮਾਰਦਾ ਚੇਹਰੇ ਦਾ ਰੰਗ ਛਿਨ ਛਿਨ ਮੈ ਬਦਲ ਜਾਂਦਾ ਹੈ। ਜੈਸੇ ਪ੍ਰਮੇਸਰ ਕੀ ਜੋਤ ਕੇ ਅਨੇਕ ਰੰਗ ਦੇਖੀਦੇ ਹੈਂ, ਤਿਸੀ ਤਰ੍ਹਾਂ ਜੋਤ ਕਾ ਜਾਮਾ ਧਾਰਿਆ ਹੈ।ਅੰਤ ਨਹੀਂ ਪਾਇਆ ਜਾਂਦਾ ਬਿਅੰਤ ਗੁਰੂ ਜੀ ਕਾ। ਗੁਰੂ ਜੀ ਕੇ ਚੇਹਰੇ ਵੰਨੇ ਝਾਕਿਆ ਨਹੀਂ ਜਾਂਦਾ ਹੈ।

## ਨਿਹੰਗ ਬਣੇ

ਏਕ ਦਿਨ ਨਿਹੰਗ ਸਿੰਘ (ਕਾਹਨ ਸਿੰਘ) ਕੋ ਬਚਨ ਕੀਤਾ ਤੂੰ ਭੀ ਨਿਹੰਗ ਬਣਿਆ ਫਿਰਦਾ ਹੈਂ, ਚੱਲ ਤੈਨੂੰ ਨਿਹੰਗ ਬਣਕੇ ਦਿਖਾਈਏ। ਕਾਹਨ ਸਿੰਘ ਕੋ ਨਾਲ ਲੈ ਗਏ। ਜੰਗਲ ਮੈ ਜਾਇਕੇ ਨਿਹੰਗ ਸਿੰਘ ਨੂੰ ਬਚਨ ਕੀਤਾ, ਜਾਂ ਨਿਹੰਗ ਬਣ ਕੇ ਦਿਖਾਓ, ਨਹੀਂ ਦੇਖ, ਤੂੰ ਬੀ ਨਿਹੰਗ ਬਣਿਆ ਫਿਰਦਾ ਹੈਂ। ਸ੍ਰੀ ਸਤਿਗੁਰੂ ਜੀ ਬਰਾਜਮਾਨ ਹੋਏ ਧਰਤੀ ਪਰ ਪ੍ਰਾਣ ਨਿਕਾਲ ਲਏ। ਸਰੀਰ ਖਾਲੀ ਰਹਿ ਗਿਆ। ਮੁਖ਼ਾਰਬਿੰਦ ਸੇ ਜਲ ਜਾਣੇ ਲਗਾ। ਕਾਹਨ ਸਿੰਘ ਸਾਂਗ ਕੋ ਦੇਖਕੇ ਭੈ ਮਾਨ ਹੋਇਆ ਕੈਸਾ ਭਿਆਨਕ ਭਾਣਾ ਵਰਤਾਇਆ ਹੈ। ਦੇਹ ਛੋਡ ਗਏ ਹੈਂ। ਮੈਨੂੰ ਇਕੱਲੇ ਕੋ ਛੱਡ ਗਏ ਹੈਂ। ਜੰਗਲ ਮੇਂ ਮੈਂ ਇਕੱਲਾ ਕਿਵੇਂ ਕਰਾਂਗਾ? ਰੋਇ ਪਿਆ। ਕਹਿਣੇ ਲਗਾ ਸੱਚੇ ਪਾਤਸ਼ਾਹ ਜੀ ਏਓ ਕੀ ਸਾਂਗ ਰਚਾਇਆ ਹੈ?

ਏਤਨੇ ਕੁ ਵਿਰਲਾਪ ਕਰਦਿਆਂ ਨੂੰ ਸ੍ਰੀ ਸਤਿਗੁਰੂ ਜੀ ਬੈਠੇ ਹੋਏ। ਬਚਨ ਕੀਤਾ ਤੂੰ ਰੋਇ ਕਿਉਂ ਪਿਆ ਹੈਂ? ਨਾਲੇ ਨਿਹੰਗ ਬਣਿਆ ਫਿਰਦਾ ਹੈਂ। ਇਉਂ ਬਣੀਦਾ ਹੈ ਨਿਹੰਗ? ਗੁਰੂ ਜੀ ਬਚਨ ਕੀਤਾ ਮੈਂ ਕਾਲ ਬਸ ਨਹੀਂ ਹਾਂ। ਜਦੋਂ ਚਾਹਾਂ ਤਾਂ ਪ੍ਰਾਣ ਛੱਡਾਂ, ਚਾਹੇ ਨਾ ਛੱਡਾਂ । ਪ੍ਰਾਣ ਕੱਢਣੇ ਤੇ ਪਾਉਣੇ ਕੀ, ਡੇਰੇ ਆਇਕੇ ਨਿਹੰਗ ਸਿੰਘ ਨੇ ਬਾਰਤਾ ਕੀਤੀ। ਸੁਣ ਕੇ ਸਭ ਨੇ ਅਸਚਰਜ ਮਾਨੀ। ਸਿਦਕੀ ਸਿੰਘਾਂ ਨੇ ਜਾਣਿਆ ਜੋ ਆਪ ਹੀ ਪ੍ਰਮੇਸਰ ਜੀ ਅਵਤਾਰ ਧਾਰਿਆ ਹੈ। ਅਸਾਂ ਜੀਆਂ ਥੀਂ ਨਹੀਂ ਜਾਣਿਆ ਜਾਂਦਾ ਹੈ। ਸਭ ਲੋਕ ਭੈ ਕਰਨੇ ਲਗੇ ਜੋ ਬੜਾ ਭਾਰੀ ਕਰਾਮਾਤੀ ਹੈ ਜਿਸਕੇ ਅਖ਼ਤਿਆਰ ਹੈਂ ਪ੍ਰਾਣ ਕੱਢ ਕੇ ਪਾਇ ਲੈਣੇ।

## ਡੱਕੇ ਦੁਆਰਾ ਕੌਤਕ

ਏਕ ਦਿਨ ਸਿੰਘ ਇਕੱਠੇ ਹੋਏ ਬੈਠੇ ਸੇ। ਸ੍ਰੀ ਸਤਿਗੁਰੂ ਜੀ ਬੀ ਆਇ ਬੈਠੇ। ਏਕ ਡੱਕਾ[1] ਆਸਣ ਤੇ ਰੱਖਕੇ ਸ੍ਰੀ ਸਤਿਗੁਰੂ ਜੀ ਬਚਨ ਕੀਤਾ ਜੋ ਕੋਈ ਤੁਹਾਡੇ ਵਿੱਚ ਜਵਾਨ ਹੈ ਸੋ ਚੁੱਕੇ। ਸਭ ਲੱਗੇ ਜ਼ੋਰ ਲਾਵਣ, ਡੱਕੇ ਤੋੜੀ ਹੱਥ ਭੀ ਨ ਪੁੱਜੇ। ਜੀਤ ਸਿੰਘ ਠਰੂਵਾਲਾ ਭੀ ਹੱਥ ਅਗਾਂਹ ਨੂੰ ਕਰੇ ਤੇ ਬਾਂਹ ਪਿਛਾਹ ਨੂੰ ਜਾਵੇ। ਜਾਹਰ ਕਲਾ ਦਿਖਾਈ। ਕਿਸੇ ਕਾ ਹੱਥ ਡੱਕੇ ਤੋੜੀ ਨਾ ਪਹੁੰਚਿਆ। ਸਭ ਸ਼ਰਮਿੰਦੇ ਹੋਏ। ਕਹਿਣ ਏਹ ਬੜਾ ਬਲੀ ਹੈ। ਐਡ ਐਡੇ ਅਸੀਂ ਜਵਾਨ ਹੈਂ, ਕਿਸੇ ਸੇ ਡੱਕਾ ਨਾ ਉਠਾਇਆ ਗਿਆ। ਅਸਚਰਜ ਰਹੇ ਦੇਖਕੇ ਸਭ ਲੋਕ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਏਹ ਖੇਲ ਗੁਰੂ ਨੇ ਰਚਾਇਆ ਹੈ, ਮੇਰਾ ਨਹੀਂ ਹੈ।

ਪ੍ਰਸ਼ਾਦ ਬਣਾਇਕੇ ਸਿੰਘਾਂ ਨੇ ਸ੍ਰੀ ਸਤਿਗੁਰੂ ਜੀ ਪਾਸ ਲੈ ਜਾਣਾ। ਜੰਗਲ ਮੇਂ ਢੂੰਡਦੇ-ਢੂੰਡਦੇ ਦੇਖਣਾ ਤਾਂ ਝਾੜਾਂ ਦੇ ਵਿਚਾਲੇ ਲੁਕ ਕੇ ਬੰਦਗੀ ਕਰਨੀ। ਰਸਨਾ ਕਾ ਭਜਨ ਕਰਦੇ ਦੇਖਣਾ। ਲਿਆਇ ਕੇ ਪ੍ਰਸ਼ਾਦ ਛਕਾਵਣਾ। ਜਿਨ੍ਹਾਂ ਸਿੰਘਾਂ ਨੂੰ ਭਰੋਸਾ ਹੋਇਆ ਹੋਇਆ ਸੀ ਓਹਨਾਂ ਸੇਵਾ ਟਹਿਲ ਕੀ ਖਬਰ ਰੱਖਣੀ। ਅਰ ਜੋ ਸਾਂਗ ਸਤਿਗੁਰੂ ਜੀ ਕਰਦੇ ਹੈਂ ਸੋ ਸਿੰਘ ਸਮਝਦੇ ਹੈਂ ਜੇਹੜਾ ਗੁਰੂ ਜੀ ਸਮਝਾਂਵਦੇ ਹੈਂ ਨਾਲੇ ਅਦਬ[2] ਰੱਖਦੇ ਹੈਂ। ਜੋ ਬਚਨ ਕਰਦੇ ਹੈਂ ਸੋ ਮੰਨਦੇ ਹੈਂ।

## ਕੂੜ ਸੋਇਨਾ

ਏਕ ਫੇਰੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸੋਨੇ ਦੇ ਕੜੇ ਦੇ ਕੇ ਲੋਹੇ ਕੇ ਲੈ ਲਏ। ਮਗਰੋਂ ਕਾਹਨ ਸਿੰਘ ਆਠ ਆਨੇ ਲੋਹੇ ਕੇ ਕੜਿਆਂ ਕਾ ਮੂਲ ਦੇ ਕੇ ਸੋਨੇ ਦੇ ਕੜੇ ਲੈ ਆਇਆ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਕਾਨ੍ਹਿਆਂ ਅਸੀਂ ਤਾਂ ਝੂਠ ਨੂੰ ਦੇ ਆਏ ਸੇ, ਤੂੰ ਫੇਰ ਲੈ ਆਇਆ ਹੈਂ।

## ਸੁਖ-ਨਿਧਾਨ

ਏਕ ਦਿਨ ਕਾਹਨ ਸਿੰਘ ਨੂੰ ਸ੍ਰੀ ਸਤਿਗੁਰੂ ਜੀ ਬਚਨ ਕੀਤਾ ਸੁਖ ਨਿਧਾਨ ਬਣਾਓ। ਬਰਤਨ ਮਾਂਜ ਕੇ ਦੇਗ ਬਣਾਈ। ਕਾਹਨ ਸਿੰਘ ਨੇ ਕਹਾ ਜੀ ਸੁਖ ਨਿਧਾਨ ਤਿਆਰ ਹੈ। ਕਾਹਨ ਸਿੰਘ ਨੇ ਉਂਗਲੀਆਂ ਨਾਲ ਛਿੱਟਾ ਦਿੱਤਾ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਸੁਖ ਨਿਧਾਨ ਦੇ ਵਿਚੋਂ ਹੀ ਚੁਲੀ ਭਰਕੇ ਸ਼ਹੀਦਾਂ ਦਾ ਨਾਮ ਲੈ ਕੇ ਵਿਚ ਸੁੱਟ ਦੇਵੋ। ਉਂਗਲੀਆਂ ਦਾ ਛਿੱਟਾ ਨਾ ਮਾਰੋ। ਜੇਕਰ ਚੂਲਾ ਭਰਕੇ ਫੇਰ ਦੇਗ ਮੈ ਪਾਇ ਦੇਵੋ ਤਾਂ ਸ਼ਹੀਦਾਂ ਕੋ ਭੋਗ ਲਗਦਾ ਹੈ। ਦੇਗ ਬਰਤਨ ਮਾਂਜਕੇ ਬਣਾਵੋ, ਸੁਚ ਸੋਧ ਕਾ ਜਲ ਭਰੋ।

---

1 ਸੋਟੀ।

2 ਸਤਿਕਾਰ।

## ਗਿਰਧਰ ਨਾਲ ਬਚਨ

ਏਕ ਦਿਨ ਦਾਨਾ ਰੂਪ ਧਾਰਕੇ ਬਸਤਰ ਪਹਿਰ ਕੇ ਜਿੱਥੇ ਕਥਾ ਸ੍ਰੀ ਗ੍ਰੰਥ ਸਾਹਿਬ ਜੀ ਦੀ ਹੁੰਦੀ ਸੀ ਓਥੇ ਗਏ। ਜਾਂ ਕਥਾ ਹੋਇ ਚੁੱਕੀ ਤਾਂ ਸਭ ਆਪਸ ਮੈ ਬਹਿਸ ਕਰਨੇ ਲਗੇ। ਪੰਡਤ ਕਹੇ ਕਿ ਭਾਗਵਤ ਵੱਡਾ ਹੈ, ਸਿੰਘ ਕਹਿਣ ਸ੍ਰੀ ਗ੍ਰੰਥ ਸਾਹਿਬ ਵੱਡਾ ਹੈ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਗਿਰਧਰ ਜੋ ਕਵੀਸ਼ਰ ਹੈ ਏਸ ਤੋਂ ਪੁੱਛੋ ਕੀ ਵੱਡਾ ਹੈ? ਗਿਰਧਰ ਬ੍ਰਾਹਮਣ ਸੀ, ਉਸਨੇ ਮੁਲਾਹਜ਼ੇ ਕੀ ਬਾਰਤਾ ਕੀਤੀ। ਕਹਿਣੇ ਲਗਾ ਭਾਗਵਤ ਵੱਡਾ ਹੈ। ਸਤਿਗੁਰੂ ਜੀ ਬੋਲਾ ਕੀਤਾ ਤੇਜੀ ਮੈ ਹੋਇਕੇ ਜਾਹ ਓਏ ਪੱਖੀਆ ਤੈਂ ਭਾਗਵਤ ਹੀ ਵੱਡਾ ਕੀਤਾ ਹੈ। ਉਦਾਸੀ ਹੋ ਕੇ ਪੰਮਿਆਂ[1] ਦੇ ਪੱਖ ਦੀ ਬਾਰਤਾ ਕੀਤੀ ਹੈ। ਜਾਹ ਸੌ ਜਨਮ ਕਾਢੇ ਕਾ ਪਾਵੇਂਗਾ।

## ਮੁਹਲਤ ਪਿੱਛੋਂ ਭਜਨ

ਨੌਕਰੀ ਮੇਂ ਏਕ ਸਿੰਘ ਨੇ ਅਰਜ਼ ਕੀਤੀ ਜੀ ਮੈਨੂੰ ਭਜਨ ਮਿਲੇ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਤੇਰਾ ਸਮਾਂ ਨਹੀਂ ਆਇਆ ਹੈ। ਤੇਰ੍ਹਾਂ ਮਹੀਨਿਆਂ ਨੂੰ ਤੇਰਾ ਸਮਾਂ ਆਵੇਗਾ। ਅਰਜ਼ ਕੀਤੀ ਜੀ ਤੇਰ੍ਹਾਂ ਮਹੀਨਿਆਂ ਨੂੰ ਖਵਰੇ ਮੈਂ ਕਿੱਥੇ ਹੋਵਾਂਗਾ ਤੇ ਤੁਸੀਂ ਕਿੱਥੇ ਹੋਵੋਗੇ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਮੇਰਾ ਸਿਪਾਹੀ ਤੈਨੂੰ ਸੱਦ ਲੈ ਆਵੇਗਾ। ਕਹਿਣੇ ਲਗਾ ਜੀ ਤੁਹਾਡਾ ਸਿਪਾਹੀ ਕੇਹੜਾ ਹੈ? ਬਚਨ ਹੋਇਆ ਮੇਰਾ ਸਿਪਾਹੀ 'ਸ਼ਬਦ' ਹੈ। ਹੁਕਮ ਨਾਲ ਨੌਕਰੀ ਛੱਡ ਆਇਆ। ਤੇਰ੍ਹਾਂ ਮਹੀਨਿਆਂ ਨੂੰ ਫੇਰ ਲਾਹੌਰ ਗਿਆ, ਦਰਸ਼ਨ ਕੀਤਾ। ਸ੍ਰੀ ਸਤਿਗੁਰੂ ਜੀ ਭਜਨ ਦੀਆ ਨਿਹਾਲ ਕੀਤਾ। ਹੋਰ ਬਚਨ ਕੀਤਾ ਸ੍ਰੀ ਸਤਿਗੁਰੂ ਜੀ, ਭਾਈ ਗੁਰੂ ਕਾ ਘਰ ਬੱਡਾ ਹੈ ਕਿ ਰਣਜੀਤ ਸਿੰਘ ਦਾ ਬੱਡਾ ਹੈ। ਕਹਿਣੇ ਲਗਾ ਜੀ ਗੁਰੂ ਜੀ ਕਾ ਘਰ ਤਾਂ ਸਦਾ ਈ ਬੱਡਾ ਹੈ ਪਰ ਰਣਜੀਤ ਸਿੰਘ ਕੋ ਭੀ ਦਰਿਆਏ ਨੇ ਗਾਹਣ[2] ਦਿੱਤਾ ਸੀ ਅਟਕ ਨੇ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਜਦ ਸਾਡਾ ਸਮਾਂ ਆਵੇਗਾ ਤਾਂ ਅੱਧਾ ਦਰਿਆ ਏਧਰ ਤੇ ਅੱਧਾ ਓਧਰ, ਸਣੇ ਜੋੜੇ ਲੰਘਾਏ ਦੇਵਾਂਗੇ।

## ਮਕਬਰੇ ਵਿੱਚ

ਪਿਛਲੇ ਮੁਸਲਮਾਨ ਬਾਦਸ਼ਾਹਾਂ ਕੇ ਮਕਬਰੇ ਬਣੇ ਹੋਏ ਹੈਨ, ਰੇਖਤਾ ਰੋਗਨ ਕੀਤੇ ਹੋਏ। ਏਕ ਦਿਨ ਸ੍ਰੀ ਸਤਿਗੁਰੂ ਜੀ ਏਕ ਮਕਬਰੇ ਮੈ ਅੱਧੀ ਰਾਤ ਤਾਈਂ ਬੈਠੇ ਭਜਨ ਕਰਦੇ ਰਹੇ। ਦੇਖਨ ਤਾਂ ਦੂਰੋਂ ਅਗਨੀ ਕਾ ਭਾਂਬੜ ਮਚਿਆ। ਫੇਰ ਮਸਾਲ ਜਿਤਨਾ ਹੋਇਕੇ ਆਕਾਰ ਅੱਗੇ ਆਇ ਖੜਾ ਹੋਇਆ। ਸ੍ਰੀ ਸਤਿਗੁਰੂ ਜੀ ਹੱਥ ਜੋੜਕੇ ਖੜ੍ਹੇ ਹੋਏ। ਅਵਾਜ਼ਾ ਆਇਆ ਕਿ ਵਰਤਾਓ ਕੜਛਾ, ਸਮਾਂ ਪੁੱਜ ਗਿਆ ਹੈ। ਤਿੰਨ ਵੇਰੀ ਏਹੀ ਅਵਾਜ਼ਾ ਹੋਇਆ ਨਾਮ ਕਾ ਕੜਛਾ ਵਰਤਾਓ। ਦਿਨ ਪੂਰੇ ਹੋ ਗਏ ਹੈਂ। ਮੁਹਲਤ ਪੁਜ ਗਈ ਹੈ। ਆਇਕੇ ਏਹ ਬਚਨ ਦੱਸਿਆ ਕਾਹਨ ਸਿੰਘ ਨੂੰ।

---

1 ਪੰਡਤਾਂ।

2 ਜਿਸ ਜਗ੍ਹਾਂ ਦਰਿਆਂਵਾਂ ਦੇ ਪਾਣੀ ਦੀ ਗਹਿਰਾਈ ਘੱਟ ਹੋਵੇ, ਦਰਿਆਈ ਰਸਤਾ ।

## ਲੰਗਰ ਆਰੰਭ

ਅਗਲੇ ਦਿਨ ਤਿੰਨਾਂ ਸਿੰਘਾਂ ਥੀਂ ਭੀ ਕੁਝ ਗੱਫ਼ਾ ਪਵਾਇਕੇ ਇਕੱਠੇ ਕਰਕੇ ਦਾਣੇ ਲਿਆਇਕੇ ਕੋਠੀ ਮੈ ਪਾਏ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਪੁੰਨ ਖਾਤਾ ਵਰਤਨਾ ਹੋਵੇ ਤਾਂ ਏਥੇ ਵਿਚੋਂ ਵਰਤੀ ਜਾਓ। ਧਰਮ ਰੀਤੀ ਦੇਗ ਕੀ ਉਸੀ ਦਿਨ ਸੇ ਨੀਂਹ ਧਰੀ ਹੈ। ਗੁਰੂ ਜੀ ਕੇ ਪੁੰਨ ਪ੍ਰਤਾਪ ਸੇ 'ਭਗਤਾਂ ਕੀ ਫ਼ੌਜ' ਸੱਦੀ ਦੀ ਸੀ। ਨਾਲੇ ਨਾਮ ਜਪਦੇ ਹੈਂ, ਨਾਲੇ ਆਏ ਭੁੱਖੇ ਕੋ ਪਰਸ਼ਾਦਾ ਛਕਾਉਂਦੇ ਹੈਂ, ਅਰ ਕੂਕਰਾਂ ਕੋ ਭੀ ਪਰਸ਼ਾਦੇ ਪਾਉਣੇ ਲਗੇ ਹੈਨ। ਆਗੇ ਗੁਪਤ ਸੇ, ਉਸੀ ਦਿਨ ਸੇ ਪਰਗਟ ਹੋਣ ਲਗੇ ਹੈਂ। ਜੈਸੇ ਬਾਰ੍ਹਾਂ ਕਲਾਂ ਵਾਲਾ ਸੂਰਜ ਚੜ੍ਹਦਾ ਹੈ ਤਿਸੀ ਤਰ੍ਹਾਂ ਸ੍ਰੀ ਸਤਿਗੁਰੂ ਜੀ ਬਾਰ੍ਹਵਾਂ ਪ੍ਰਗਾਸ ਕਰਨੇ ਲਗੇ ਹੈਂ।

## ਬੇਪਰਵਾਹ ਰੂਪ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਸਤ੍ਰਾਂ ਕੀ ਭੀ ਕੁਛ ਖ਼ਬਰ ਨਾ ਸੇ ਰੱਖਦੇ। ਬੇਪਰਵਾਹ ਰੂਪ ਧਾਰਿਆ ਹੋਇਆ ਹੈ।ਆਪਣੀ ਮਰਜ਼ੀ ਨਾਲ ਫ਼ੌਜ ਵਿਚ ਆਉਂਦੇ ਹੈਂ। ਰਾਤ ਦਿਨੇ ਜੰਗਲ ਮੇਂ ਰਹਿਣਾ। ਸੁਣਨ ਵਾਲੇ ਤੇ ਦੇਖਨੇ ਵਾਲੇ ਕਹਿੰਦੇ ਹੈਂ ਕਿ ਏਓ ਤਾਂ ਕਮਲਾ ਹੋ ਗਿਆ ਹੈ। ਕਮਲੀਆਂ ਗੱਲਾਂ ਕਰ ਛੱਡਦਾ ਹੈਂ। ਕੋਈ ਕਲਾਮ ਜਾਂ ਮੰਤ੍ਰ ਜਪਿਆ ਹੈ ਸੋ ਪੁੱਠਾ ਪੈ ਗਿਆ ਹੈ। ਜੇੜ੍ਹੇ ਸਿਦਕੀ ਸਿੰਘ ਥੇ ਸੋ ਕਹਿਣ ਕਿ ਜੋ ਵਾਕ ਗੁਰੂ ਜੀ ਕਰਦੇ ਹੈਨ ਓਹ ਸਭ ਪੂਰੇ ਹੋਣਗੇ। ਏਨ੍ਹਾਂ ਦਾ ਵਾਕ ਕੋਈ ਭੀ ਖਾਲੀ ਨਹੀਂ ਜਾਂਦਾ ਹੈ। ਸਿੱਧਾ ਪੁੱਠਾ ਪੂਰਾ ਜ਼ਰੂਰ ਹੁੰਦਾ ਹੈ। ਏਹ ਵਾਕ ਵੀ ਪੂਰਾ ਜ਼ਰੂਰ ਹੋਵੇਗਾ ਜੇੜ੍ਹਾ ਰਾਤ ਦਿਨੇ ਕਰਦੇ ਹੈਂ ਨਾਲੇ ਕਰੋਪ ਹੋਇਕੇ ਕਹਿੰਦੇ ਹੈਂ। ਕੋਈ ਭਾਣਾ ਜ਼ਰੂਰ ਵਰਤੂਗਾ।

ਏਕ ਦਿਨ ਪਹਿਰ ਰਾਤ ਗਈ ਆਏ। ਬਚਨ ਕੀਤਾ ਕਾਹਨ ਸਿੰਘਾ ਪ੍ਰਸ਼ਾਦ ਛਕਾਂਗੇ, ਤੂੰ ਬਣਾ। ਕਾਹਨ ਸਿੰਘ ਨੇ ਦਿਲ ਵਿੱਚ ਸੰਕਲਪ ਕੀਤਾ ਕਾਹਦੇ ਨਾਲ ਪ੍ਰਸ਼ਾਦ ਛਕਾਵਾਂਗਾ। ਅੰਤਰਜਾਮੀ ਗੁਰੂ ਜੀ ਬਚਨ ਕੀਤਾ ਦਲੀਲਾਂ ਕਿਉਂ ਕਰਦਾ ਹੈਂ, ਫਲਾਣੇ ਜਮਾਂਦਾਰ ਦਾ ਦੁੱਧ ਚੁਲ੍ਹੇ ਵਿੱਚ ਧਰਿਆ ਹੋਇਆ ਹੈ ਤੱਤਾ। ਓਹ ਸੁੱਤਾ ਪਿਆ ਹੈ। ਜਾਇਕੇ ਕਾਹਨ ਸਿੰਘ ਨੇ, ਜਮਾਂਦਾਰ ਨੂੰ ਸਾਰਾ ਬ੍ਰਤਾਂਤ ਸੁਣਾਇਆ। ਆਪਸ ਮੇਂ ਕੈਹਣ ਏਓ ਤਾਂ ਬੜੇ ਬਲੀ ਹੈਨ। ਓਥੇ ਬੈਠੇ ਹੀ ਜੀਆਂ ਕੇ ਸੰਕਲਪ ਕੋ ਜਾਣਦੇ ਹੈਂ। ਏਹ ਤਾਂ ਕਰਾਮਾਤੀ ਸਾਹਿਬ ਹੈਨ। ਅੱਠੇ ਪਹਿਰ ਨਾਮ ਜਪਦੇ ਈ ਦਿਸਦੇ ਹੈਂ। ਜਮਾਂਦਾਰ ਭੀ ਸੁਣ ਕੇ ਅਸਚਰਜ ਰਹਿਆ ਤੇ ਦੁੱਧ ਲੈ ਕੇ ਨਾਲ ਆਇਆ। ਦਰਸ਼ਨ ਕਰਕੇ ਖੁਸ਼ੀਆਂ ਲੈ ਕੇ ਮੁੜਿਆ।

## ਗਿਣਤੀ ਵਿਚ ਆਣ ਹਾਜ਼ਰ ਹੋਏ

ਪ੍ਰਸ਼ਾਦ ਛਕ ਕੇ ਬਚਨ ਕੀਤਾ ਕਾਨ੍ਹਿਆ ਚੱਲ ਤੈਨੂੰ ਸੈਲ[1] ਕਰਾ ਲਿਆਵੀਏ। ਤੁਰੇ ਜਾਂਦੇ ਇਕ ਪਿੰਡ ਦੇਖਿਆ। ਕਾਹਨ ਸਿੰਘ ਨੇ ਪੁੱਛਿਆ ਜੀ ਏਹ ਕੇਹੜਾ ਪਿੰਡ ਹੈ? ਬਚਨ ਹੋਇਆ

---

1 ਸੈਰ।

ਏਹ ਚੂਹੜਕਾਣਾ[1] ਹੈ। ਪੱਚੀ ਕੋਸ ਹੈ ਲਾਹੌਰ ਸੇ। ਰਾਤ ਦੀ ਗਿਣਤੀ ਦੇ ਗਏ, ਸਾਰੀ ਰਾਤ ਸੈਲਾ ਕੀਤਾ। ਸਵੇਰ ਦੀ ਗਿਣਤੀ ਮੇਂ ਆਣ ਹਾਜ਼ਰ ਹੋਏ।

ਫੇਰ ਇਕ ਵਾਰੀ ਰਾਤ ਕੋ ਕਾਹਨ ਸਿੰਘ ਕੋ ਲੈ ਗਏ। ਤੁਰੇ ਜਾਂਦੇ ਇਕ ਸ਼ਹਿਰ ਆਇਆ। ਕਾਹਨ ਸਿੰਘ ਨੇ ਪੁੱਛਿਆ ਜੀ ਏਹ ਕੇਹੜਾ ਸ਼ਹਿਰ ਹੈ? ਬਚਨ ਕੀਤਾ ਮੁਲਤਾਨ ਹੈ। ਲਾਹੌਰ ਸੇ ਦੋ ਸੌ ਕੋਸ ਕੇ ਕਰੀਬ ਹੈ। ਕਾਹਨ ਸਿੰਘ ਨੇ ਕਹਿਆ ਜੀ ਦੂਰ ਆਇ ਗਏ ਹੈਂ, ਗਿਣਤੀ ਕਾ ਵੇਲਾ ਭੀ ਹੋਇਆ ਹੈ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਮੈਨੂੰ ਬਾਂਹ ਫੜਾਓ ਤੇ ਨੇਤਰ ਮੀਟੋ ਤਾਂ ਤੱਤ ਛਿਨ ਫ਼ੌਜ ਮੇਂ ਆਇ ਗਏ।ਗਿਣਤੀ ਆਇ ਕੀਤੀ। ਅਨੇਕਾਂ ਸਿੰਘਾਂ ਦੀ ਸ਼ਰਧਾ ਹੋਈ। ਜੋ ਸਾਖੀਆਂ ਮੈ ਲਿਖਿਆ ਹੋਇਆ ਹੈ ਅਵਤਾਰ, ਸੋ ਪ੍ਰਗਟ ਹੋਏ ਹੈਂ। ਕਿਉਂਕਿ ਦਰਸ਼ਨ ਕਰਕੇ ਸ਼ਾਤ ਆਇ ਜਾਂਦੀ ਹੈ। ਸ਼ਰਧਾ ਵਾਲੇ ਤਾਂ ਇਹ ਕਹਿੰਦੇ ਹੈਂ, ਜੇਹੜੇ ਬੇਸ਼ਰਧਕ ਹੈਂ ਸੋ ਕਹਿੰਦੇ ਹੈਂ ਕਮਲਾ ਹੋਇਆ ਹੈ। ਜੋ ਮੂੰਹ ਆਉਂਦੀ ਹੈ ਕਹਿ ਛੱਡਦਾ ਹੈ। ਕਿਸੇ ਥੀਂ ਡਰਦਾ ਨਹੀਂ ਹੈ। ਕੋਈ ਮੰਤ੍ਰ ਜਪਿਆ ਹੈ ਸੋ ਪੁੱਠਾ ਪੈ ਗਿਆ ਹੈ ਤਾਂ ਕਮਲਾ ਹੋਇਆ ਹੈ।

## ਕਾਹਨ ਸਿੰਘ ਨੇ ਸੀਸ ਦੇਣਾ

ਏਕ ਦਿਨ ਸੂਬੇਦਾਰ ਕੋ ਤੇ ਕਾਹਨ ਸਿੰਘ ਕੋ ਲਜਾਇ ਕੇ ਰਾਵੀ ਦੇ ਕਿਨਾਰੇ ਪਰ ਬਚਨ ਕੀਤਾ ਸੂਬੇਦਾਰਾ ਸ੍ਰੀ ਸਾਹਿਬ ਦੇਓ ਤਾਂ ਸਾਨੂੰ। ਸੂਬੇਦਾਰ ਨੇ ਮਨ ਵਿੱਚ ਖ਼ੌਫ ਕੀਤਾ ਕਿ ਮੈਨੂੰ ਹੀ ਨਾ ਮਾਰ ਦੇਣ ਜੇਹੜੇ ਸ੍ਰੀ ਸਾਹਿਬ ਮੰਗਦੇ ਹੈਂ। ਕਹਿਣੇ ਲਗਾ ਮੈਂ ਨਹੀਂ ਦਿੰਦਾ ਸ੍ਰੀ ਸਾਹਿਬ। ਫੇਰ ਸ੍ਰੀ ਸਤਿਗੁਰੂ ਜੀ ਕਾਹਨ ਸਿੰਘ ਥੀਂ ਮੰਗਿਆ। ਕਾਹਨ ਸਿੰਘ ਨੇ ਸੂਤਕੇ[2] ਸ੍ਰੀ ਸਾਹਿਬ ਦਿੱਤਾ।

ਸੂਬੇਦਾਰ ਕਾਹਨ ਸਿੰਘ ਨੂੰ ਕਹੇ ਕਿ ਤੂੰ ਨਾ ਦੇਈਂ ਸ੍ਰੀ ਸਾਹਿਬ। ਸਾਨੂੰ ਤੁਹਾਨੂੰ ਦੋਹਾਂ ਨੂੰ ਮਾਰ ਦੇਊਗਾ। ਸ੍ਰੀ ਸਾਹਿਬ ਫੜ ਕੇ ਦੇਖਿਆ ਸ੍ਰੀ ਸਤਿਗੁਰੂ ਜੀ ਤਾਂ ਸੂਬੇਦਾਰ ਪਿਛਲੀ ਪੈਰੀਂ ਚੱਲਿਆ ਪਿੱਛਾਂ ਨੂੰ। ਗੁਰੂ ਜੀ ਬਚਨ ਕੀਤਾ ਖੜ੍ਹਾ ਹੋ, ਮੈਂ ਤੈਨੂੰ ਜਾਣ ਨਹੀਂ ਦੇਂਦਾ ਹਾਂ।

ਸੂਬੇਦਾਰ ਨੱਸ ਚੱਲਿਆ ਤੇ ਸਮਝਿਆ ਜੋ ਹੁਣ ਏਹ ਮੈਨੂੰ ਵੱਢ ਦੇਊਗਾ। ਫੇਰ ਬਚਨ ਕੀਤਾ ਕਾਹਨ ਸਿੰਘ ਸੀਸ ਦੇਵੇਂਗਾ? ਕਾਹਨ ਸਿੰਘ ਨੇ ਗਰਦਨ ਨੀਵੀਂ ਕਰਕੇ ਕਿਹਾ ਲਵੋ ਜੀ, ਸੀਸ ਤੁਹਾਡਾ ਹੀ ਹੈ। ਕਾਹਨ ਸਿੰਘ ਨੂੰ ਬਚਨ ਕੀਤਾ ਤੇਰਾ ਸੀਸ ਸਾਨੂੰ ਆ ਗਿਆ ਹੈ।

ਫੇਰ ਸ੍ਰੀ ਸਤਿਗੁਰੂ ਜੀ ਅੱਕਾਂ ਦੀਆਂ ਡਾਲੀਆਂ ਪਰ ਮਾਰਨੇ ਲਗੇ ਸ੍ਰੀ ਸਾਹਿਬ। ਅੱਕਾਂ ਦੀਆਂ ਡਾਲੀਆਂ ਵੱਢੀ ਜਾਣ ਤੇ ਬਚਨ ਇਉਂ ਕਰਨ ਕਿ ਮਲੇਛ ਪੰਥ ਵੱਢਿਆ ਹੈ। ਨਾਮ ਲੈ ਲੈ ਕੇ ਵੱਡਿਆਂ ਵੱਡਿਆਂ ਦਾ, ਮਾਰ ਲੀਆ ਹੈ, ਫਲਾਣਾ ਮਾਰ ਲੀਆ ਹੈ। ਵੱਢਦੇ ਵੱਢਦੇ ਹਟ ਗਏ। ਬਚਨ ਕੀਤਾ ਸ੍ਰੀ ਸਤਿਗੁਰੂ ਜੀ, ਕਿ ਹੁਣ ਮਲੇਛ ਖਾਲਸੇ ਮੇਂ ਤਲਵਾਰ ਛੇਤੀ ਖੜਕ ਪਵੇਗੀ। ਕਾਰ ਤੋਰ ਦਿੱਤੀ ਹੈ।

---

1 ਪਾਕਿਸਤਾਨ ਦਾ ਇਕ ਮਸ਼ਹੂਰ ਪਿੰਡ ਹੈ ਜਿਹੜਾਂ ਸ਼ੈਖੂਪੁਰੇ ਜ਼ਿਲੇ ਵਿਚ ਹੈ ਅੱਜ ਕਲ ਇਸ ਦਾ ਨਾਮ ਫ਼ਰੂਕਾਬਾਦ ਹੈ
2 ਮਿਆਨ ਚੋਂ ਕੱਢ ਕੇ।

## ਇਉਂ ਬਣੀਦਾ ਹੈ ਬ੍ਰਹਮ ਗਿਆਨੀ

ਏਕ ਸਮੇਂ ਧਿਆਨ ਸਿੰਘ[1] ਕੀ ਕਚਿਹਰੀ ਲੱਗੀ ਹੋਈ ਸੀ। ਲਕੜੀਆਂ ਦੀਆਂ ਚਾਰ ਧੂਣੀਆਂ ਦੁਆਲੇ, ਏਕ ਧੂਣੀ ਵਿਚਾਲੇ ਲਾਈ, ਪਾਂਚ ਧੂਣੀਆਂ ਲਗਾਈਆਂ। ਸਤਿਗੁਰੂ ਜੀ ਬੋਲਾ ਕੀਤਾ ਜੋ ਗਊ ਗਰੀਬ ਕੀ ਰੱਛਿਆ ਕਰੇਗਾ ਸੋ ਬਚੇਗਾ ਨਹੀਂ ਤਾਂ ਸਭ ਕੇ ਤਲਵਾਰ ਮੂੰਹ ਆਵੇਗੀ। ਕੋਈ ਨਹੀਂ ਬਚਨੇ ਪਾਵੇਗਾ। ਫੇਰ ਪੰਜਾਂ ਧੂਣੀਆਂ ਕੋ ਅਗਨੀ ਲਗਾਇਕੇ ਵਿਚਾਲੇ ਕੀ ਧੂਣੀ ਮੇਂ ਬੈਠ ਗਏ ਸ੍ਰੀ ਸਤਿਗੁਰੂ ਜੀ। ਪਾਂਚੋਂ ਧੂਣੀਆਂ ਨੇੜੇ ਨੇੜੇ ਸੀ। ਲਾਟਾਂ ਨਿਕਲੀਆਂ ਤਾਂ ਅੰਤਰ-ਧਿਆਨ ਹੋਇ ਗਏ।

ਮੂਰਤੀ ਦਿਸਣੋਂ ਰਹੀ ਤਾਂ ਸਭ ਨੇ ਸਮਝਿਆ ਜੋ ਹੁਣ ਜਲ ਗਿਆ ਹੈ ਜਿਹੜਾ ਦਿਸਦਾ ਨਹੀਂ ਹੈ। ਸਭ ਦੇਖਦੇ ਰਹੇ। ਮੂੰਹ ਚੁੱਕਿਆ ਈ ਰਹਿ ਗਿਆ। ਚਲਿਤ੍ਰ ਨੂੰ ਦੇਖਕੇ ਅਸਚਰਜ ਰਹੇ। ਕੈਂਹਦੇ ਹੈਂ ਐਸੀ ਕਿਸੇ ਨਹੀਂ ਕੀਤੀ ਨਾ ਕੋਈ ਕਰੇਗਾ। ਜਿਉਂ ਜਿਉਂ ਅਗਨੀ ਠੰਢੀ ਹੋਈ ਤਿਉਂ ਤਿਉਂ ਮੂਰਤੀ ਦਿਸਣੇ ਲਗੀ। ਅਗਨੀ ਸੇ ਬਾਹਰ ਨਿਕਲਕੇ ਬਚਨ ਕੀਤਾ ਤੁਸੀਂ ਭੀ ਬ੍ਰਹਮ ਗਿਆਨੀ ਬਣੇ ਬੈਠੇ ਹੋ। ਇਉਂ ਬਣੀਦਾ ਹੈ ਬ੍ਰਹਮ ਗਿਆਨੀ।

ਮੁਖਵਾਕ - ਬ੍ਰਹਮੁ ਗਿਆਨੀ ਸਭ ਸ੍ਰਿਸਟਿ ਕਾ ਕਰਤਾ।
ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ।
(ਗਉੜੀ ਮ: ੫, ਪੰਨਾ ੨੭੩)

ਤੁਸੀਂ ਸਭ ਝੂਠੇ ਬ੍ਰਹਮ ਗਿਆਨੀ ਬੈਠੇ ਹੋ। ਮਲੇਛ ਖਾਲਸਾ ਤਾਂ ਕਹੇ ਖਵਰੇ ਕੀ ਜਾਦੂ ਮੰਤਰ ਕੀਤਾ ਹੈ। ਅਗਨੀ ਬੰਨ ਲਈ ਹੈ। ਭਰੋਸਿਆਂ ਵਾਲੇ ਕਹਿਣ ਕਿ ਪ੍ਰਮੇਸਰ ਜੀ ਨੇ ਆਪ ਕਲਾ ਧਾਰੀ ਹੈ। ਅੰਤ ਨਹੀਂ ਪਾਇਆ ਜਾਂਦਾ ਹੈ। ਬੇਅੰਤ ਗੁਰੂ ਹੈ। ਸੋ ਏਓਂ ਗੱਜਣ ਲੱਗੇ ਹੈਂ ਬੱਗੇ ਕੇਹਰ[2] ਕੀ ਤਰ੍ਹਾਂ। ਅੱਗੇ ਕੋਈ ਨਹੀਂ ਠਹਿਰੂਗਾ। ਜ਼ਾਹਰ ਕਰਾਮਾਤ ਹੈ ਜਿਨ੍ਹਾਂ ਕੀ। ਨਾਮ ਥੀਂ ਬਿਨਾ ਹੋਰ ਕੋਈ ਪ੍ਰੇਮ ਨਹੀਂ ਹੈ। ਹਰ ਵਕਤ ਜੋਤ ਵਾਂਗੂੰ ਜਗਦੇ ਦਿਸਦੇ ਹੈਂ। ਜੋ ਜੀਵ ਹੈ ਸੋ ਮੋਹਿਆ ਜਾਂਦਾ ਹੈ। ਸੁਧ ਬੁਧ ਭੁਲ ਜਾਂਦੀ ਹੈ। ਦਰਸ਼ਨ ਕਰਕੇ ਦਲੀਲਾਂ ਸਭ ਦੂਰ ਹੋਇ ਜਾਂਦੀਆਂ ਹੈਂ। ਇਕ ਨਹੀਂ ਔੜ੍ਹਦੀ ਅੱਗੇ ਸੇ। ਓਸਾਨ[3] ਮਾਰੇ ਜਾਂਦੇ ਹੈਂ। ਸਿੱਖ ਕਹਿਦੇ ਹੈਂ ਸਾਖੀਆਂ ਵਿੱਚ ਜੋ ਲਿਖਿਆ ਹੋਇਆ ਹੈ ਕਿ ਅਵਤਾਰ ਧਾਰੇਂਗੇ, ਸੋ ਅਵਤਾਰ ਧਾਰਿਆ ਹੈ। ਦਸਵੇਂ ਗੁਰੂ ਵਾਲੀ ਜੋਤੀ ਹੈ। ਏਨ੍ਹਾਂ ਕੇ ਲੱਛਣ ਜੀਆਂ ਵਰਗੇ ਨਹੀਂ ਹੈਂ। ਏਹ ਬੰਨ੍ਹ ਪਾਵਣਗੇ, ਰੁੜ੍ਹਦੇ ਜੀਆਂ ਕੋ ਰੱਖਣਗੇ।

## ਅਗਨੀ ਪਰੀਖਿਆ

ਏਕ ਦਿਨ ਅੱਠ ਫੂੜੀਆਂ[4] ਮੰਗਵਾਈਆਂ ਨਾਲੇ ਲਕੜੀਆਂ ਮੰਗਵਾਈਆਂ। ਹੇਠਾਂ

1 ਧਿਆਨ ਸਿੰਘ ਡੋਗਰਾ ਮਹਾਰਾਜਾ ਰਣਜੀਤ ਸਿੰਘ ਦਾ ਵਜੀਰ ਸੀ।

2 ਚਿੱਟ ਸ਼ੇਰ।

3 ਹੋਸ਼

4 ਮਾਤਮ ਸਮੇਂ ਦੀ ਵਿਛਾਈ, ਸਫ਼, ਚਟਾਈ ਜਾਂ ਦਰੀ।

ਲਕੜੀਆਂ ਚਿਣੀਆਂ ਉੱਪਰ ਚਾਰ ਫੂੜੀਆਂ ਰੱਖੀਆਂ। ਉੱਪਰ ਸ੍ਰੀ ਗ੍ਰੰਥ ਸਾਹਿਬ ਧਰਿਆ। ਚਾਰ ਫੂੜੀਆਂ ਉੱਪਰ ਧਰੀਆਂ, ਉੱਪਰ ਲਕੜੀਆਂ ਚਿਣੀਆਂ। ਹੁਕਮ ਦਿੱਤਾ ਕਾਨ੍ਹਿਆ ਅਗਨ ਲਗਾਇ ਦੇਓ। ਕਾਹਨ ਸਿੰਘ ਨੇ ਅਗਨੀ ਲਗਾਇ ਦਿੱਤੀ। ਜਾਂ ਲਕੜੀਆਂ ਜਲ ਹਟੀਆਂ ਤਾਂ ਹੁਕਮ ਦਿੱਤਾ ਕਾਨ੍ਹਿਆ ਕੱਢ ਲੈ ਆਓ ਸ੍ਰੀ ਗ੍ਰੰਥ ਸਾਹਿਬ। ਕਾਹਨ ਸਿੰਘ ਦੇਖੇ ਤਾਂ ਇਕ ਫੂੜੀ ਹੇਠਲੀ ਨਾ ਜਲੀ, ਇਕ ਫੂੜੀ ਉਪਰਲੀ ਨਾ ਜਲੀ। ਸ੍ਰੀ ਗ੍ਰੰਥ ਸਾਹਿਬ ਕੱਢਕੇ ਧਰਿਆ, ਬੜੇ ਅਦਬ ਨਾਲ ਤਿੰਨ ਵਾਰੀ ਮੱਥਾ ਟੇਕਿਆ। ਬਚਨ ਕੀਤਾ ਧੰਨ ਨਾਨਕ ਹੈ, ਧੰਨ ਨਾਨਕ ਹੈ, ਧੰਨ ਨਾਨਕ ਹੈ। ਬਚਨ ਹੋਇਆ ਹੁਣ ਪੜ੍ਹੋ, ਪਾਠ ਕਰਨੇ ਦੀ ਲਾਇਕ ਹੈ। ਦੇਖਣਾ ਸੀ ਸੋ ਦੇਖ ਲੀਤਾ ਹੈ। ਏਸੇ ਬਾਣੀ ਦਾ ਅਦਬ ਕਰਾਉਣਾ ਹੈ। ਮੈਂ ਚਾਹ੍ਵਾਂ ਤਾਂ ਅਨੇਕ ਗ੍ਰੰਥ ਸਾਹਿਬ ਰਚ ਦੇਵਾਂ, ਪਰ ਹੁਣ ਏਹੋ ਬਾਣੀ ਰੱਖਾਂਗੇ ਗੁਰੂ ਦੀ ਉਚਾਰੀ ਹੋਈ। ਹੋਰ ਨਹੀਂ ਉਚਾਰਨੀ ਹੈ। ਸਿੰਘਾਂ ਨੇ ਕੋਲੋਂ ਕਿਹਾ ਆਪ ਸਮਰੱਥ ਹੋ ਸਾਂਈਂ। ਸਾਨੂੰ ਕੁਝ ਖ਼ਬਰ ਨਹੀਂ ਹੋਰ ਉਚਰੋਗੇ ਕਿ ਏਹੋ ਈ। ਅੱਗੇ ਜੇਹੜੀ ਉਚਰੀ ਹੈ ਸੋ ਤਾਂ ਪੜ੍ਹੀ ਜਾਂਦੇ ਹੈਂ, ਹੋਰ ਜੇੜ੍ਹੀ ਉਚਰੋਗੇ ਸੋ ਵੀ ਪੜ੍ਹੀ ਜਾਵਾਂਗੇ।

## ਸਿਪਾਹੀ ਕਰਾਮਾਤੀ ਹੈ

ਏਕ ਦਿਨ ਗੁਰੂ ਜੀ ਬਚਨ ਕੀਤਾ ਕਾਹਨ ਸਿੰਘ ਦੀਵਾ ਬਾਲ। ਮੋਟੀ ਵੱਟੀ ਪਾਕੇ ਜਲਾਇ ਕੇ ਧਰਿਆ। ਸ੍ਰੀ ਸਤਿਗੁਰੂ ਜੀ ਦੋਨੋਂ ਹੱਥ ਇਕੱਠੇ ਮਾਰੇ ਦੋਹਾਂ ਪਾਸਿਆਂ ਥੀਂ। ਵੱਟੀ ਬੁਝਾਇਕੇ ਬਚਨ ਕੀਤਾ ਲਾਹੌਰ ਦਾ ਦੀਵਾ ਗੁਲ ਹੋਇ ਗਿਆ ਹੈ। ਫੇਰ ਬਚਨ ਕੀਤਾ ਕਾਹਨ ਸਿੰਘ ਹੁਣ ਮਲੇਛਾਂ ਮੈਂ ਤਲਵਾਰ ਛੇਤੀ ਖੜਕੇਗੀ, ਕਾਰ ਤੋਰ ਦਿੱਤੀ ਹੈ।

ਏਨਾਂ ਕੌਤਕਾਂ ਕੋ ਸੁਣਕੇ, ਜੋ ਗੱਦੀ ਪਰ ਸੀ ਸ਼ੇਰ ਸਿੰਘ, ਉਸਨੇ ਕਿਹਾ ਕਿ ਇਸ ਨੂੰ ਸੰਗਲ ਪਾ ਕੇ ਥੰਮਲੇ ਨਾਲ ਬੰਨ੍ਹ ਦੇਓ ਹੋਰ ਕਿਧਰੇ ਅੱਗ ਲਾਵੇਗਾ। ਸੰਗਲ ਪੈਰੀਂ ਪਾ ਕੇ ਥੰਮ ਨਾਲ ਬੰਨ੍ਹ ਦਿੱਤਾ। ਜੇੜ੍ਹੇ ਸਿੰਘ ਸਿਦਕੀ ਸੇਂ ਉਨ੍ਹਾਂ ਨੇ ਸੰਸਾ ਕੀਤਾ ਜੀ ਤੁਹਾਨੂੰ ਸੰਗਲ ਪਾਇਆ ਹੈ। ਸ੍ਰੀ ਸਤਿਗੁਰੂ ਜੀ ਸੰਗਲ ਲਾਹ ਕੇ ਰੱਖ ਦਿੱਤਾ। ਫੇਰ ਭਾਰਾ ਸੰਗਲ ਪਾਇਆ, ਉਹ ਭੀ ਲਾਹ ਕੇ ਰੱਖ ਦਿੱਤਾ। ਫੇਰ ਰਪਟ ਕਰੀ ਜੀ ਉਸਨੇ ਉਹ ਭੀ ਸੰਗਲ ਲਾਹ ਕੇ ਰੱਖ ਦਿੱਤਾ ਹੈ। ਹੁਕਮ ਦਿੱਤਾ ਕਿ ਬੇੜੀ ਪਾਇ ਦਿਓ ਜੇਕਰ ਸੰਗਲ ਲਾਹ ਕੇ ਰੱਖ ਦਿੱਤਾ ਹੈ। ਫੇਰ ਬੇੜੀ ਪਾਇ ਦਿੱਤੀ ਸ੍ਰੀ ਸਤਿਗੁਰੂ ਜੀ ਕੋ। ਫੇਰ ਦੇਖਣ ਤਾਂ ਇਸ਼ਨਾਨ ਕਰਕੇ ਆਉਂਦੇ ਹੈਂ। ਉਹ ਭੀ ਮੂਰਤੀ ਅੰਦਰ ਕਰ ਦਿੱਤੀ। ਏਤਨੇ ਮੈ ਦੇਖਣ ਤਾਂ ਏਕ ਮੂਰਤੀ ਹੋਰ ਤੁਰੀ ਆਉਂਦੀ ਹੈ ਜਾਂ ਅੰਦਰ ਦੇਖਣ ਤਾਂ ਦੋਵੇਂ ਮੂਰਤੀਆਂ ਨਹੀਂ ਹੈਂ। ਤੀਸਰੀ ਮੂਰਤੀ ਭੀ ਅੰਦਰ ਕਰ ਦਿੱਤੀ ਤੇ ਪਹਿਰੇ ਵਾਲੇ ਨੇ ਜਾਇਕੇ ਕਹਾ ਕਿ ਸਾਥੋਂ ਨਹੀਂ ਦਿੱਤਾ ਜਾਂਦਾ ਓਨ੍ਹਾਂ ਦਾ ਪਹਿਰਾ। ਓਹ ਤਾਂ ਕਈ ਮੂਰਤਾਂ ਧਾਰ ਕੇ ਨਿਕਲ ਜਾਂਦਾ ਹੈ, ਫੇਰ ਆਇ ਜਾਂਦਾ ਹੈ।

ਏਧਰੋਂ ਤਾਂ ਪਹਿਰੇ ਵਾਲਾ ਗਿਆ ਤੇ ਅੱਗੇ ਮਹਾਰਾਜਾ ਸ਼ੇਰ ਸਿੰਘ ਪ੍ਰਸ਼ਾਦ ਛਕਣੇ ਲਗਾ ਤਾਂ ਕਿਰਮ[1] ਚਲ ਗਏ ਪ੍ਰਸ਼ਾਦ ਮੇਂ। ਕਹਾ ਕਿ ਹੋਰ ਲਿਆਵੋ। ਜਾਂ ਹੋਰ ਲਿਆਏ ਪ੍ਰਸ਼ਾਦ ਤਾਂ ਉਸ

1 ਕੀੜੇ।

ਮੇਂ ਭੀ ਕਿਰਮ ਚਲ ਗਏ। ਫੇਰ ਹੋਰ ਪਕਵਾਨ ਮੰਗਵਾਏ, ਉਸ ਮੇਂ ਭੀ ਕਿਰਮ ਚਲ ਗਏ। ਮਹਾਰਾਜਾ ਸ਼ੇਰ ਸਿੰਘ ਨੇ ਕਹਾ ਕਿ ਏਹੁ ਕੀ ਸਬੱਬ ਹੈ? ਕੋਲੋਂ ਏਕ ਸਿੰਘ ਨੇ ਕਿਹਾ ਕਿ ਓਹ ਜੋ ਸਿਪਾਹੀ ਫੜਿਆ ਹੋਇਆ ਹੈ ਤਿਸਕੀ ਕਰੜਾਈ ਹੈ। ਸਿਪਾਹੀ ਕਰਾਮਾਤੀ ਹੈ। ਏਧਰੋਂ ਪਹਿਰੇ ਵਾਲੇ ਨੇ ਭੀ ਆ ਕੇ ਸਾਰਾ ਹਾਲ ਸੁਣਾਇਆ ਤਾਂ ਸਮਝਿਆ ਜੋ ਜ਼ਰੂਰ ਸਿਪਾਹੀ ਕਰਾਮਾਤੀ ਹੈ, ਉਸੇ ਕੀ ਕਰੜਾਈ ਕੀਤੀ ਹੋਈ ਹੈ। ਹੁਕਮ ਦਿੱਤਾ ਕਿ ਛੋਡ ਦਿਓ ਉਸ ਕੋ, ਬੇੜੀ ਲਾਹ ਦਿਓ। ਜਿੱਥੇ ਮਰਜੀ ਹੈ ਉੱਥੇ ਰਹੇ ਬਹੇ। ਸਭ ਭੈ ਕਰਨੇ ਲਗੇ। ਜੋ ਕਾਹਨ ਸਿੰਘ ਕੇ ਬੇਲੀ ਥੇ, ਸੋ ਸਾਰੇ ਹੀ ਗੁਰੂ ਜੀ ਕੇ ਉਪਾਸ਼ਕ ਹੋਏ। ਜੋ ਬਚਨ ਕਰਨ ਸਤਿਗੁਰੂ ਜੀ, ਸੋਈ ਮੰਨਣਾ।

ਏਕ ਸਮੇਂ ਸ੍ਰੀ ਸਤਿਗੁਰੂ ਜੀ ਵਾਲੀ ਫ਼ੌਜ ਨੂੰ ਹੁਕਮ ਹੋਇਆ ਜੋ ਜੰਮੂ ਵਾਲੇ ਕੋ ਬਾਂਧ ਕੇ ਲੈ ਆਵੋ। ਫ਼ੌਜ ਚੜ੍ਹੀ ਹੰਕਾਰ ਦੇ ਨਾਲ। ਆਗੇ ਜਲ ਆਇਆ। ਹੋਰ ਤਾਂ ਸਭ ਜੋੜੇ ਲਾਹ ਕੇ ਲੰਘੇ, ਸ੍ਰੀ ਸਤਿਗੁਰੂ ਜੀ ਸਣੇ ਜੋੜੇ ਲੰਘੇ। ਸਿੰਘਾਂ ਪੁੱਛਿਆ ਜੀ ਏਹੋ ਕੀ ਕਾਰ ਹੈ? ਬਚਨ ਕੀਤਾ ਜਿਸ ਨੂੰ ਤੁਸੀਂ ਫੜਨੇ ਚਲੇ ਹੋ ਉਸ ਕੇ ਉੱਪਰ ਜਲ ਛਿੜਕਾਉਂਦੇ ਜਾਂਦੇ ਹੈਂ। ਤੇਜੀ ਵਿਚ ਹੋਇਕੇ ਬਚਨ ਕੀਤਾ ਕੌਣ ਹੈ ਉਸ ਨੂੰ ਫੜਨੇ ਵਾਲਾ? ਤੱਤੀ ਵਾਓ ਨਹੀਂ ਲੱਗਣ ਦੇਣੀ ਹੈ। ਸਿਮਲ ਪੜਾਉ ਡੇਰਾ ਕੀਤਾ। ਖ਼ਬਰ ਕੀਤੀ ਕਿ ਤੇਰੇ ਬਾਂਧਨੇ ਕੇ ਵਾਸਤੇ ਫ਼ੌਜ ਆਈ ਹੈ ਲਾਹੌਰ ਸੇ। ਡੋਗਰੇ ਕਹਿਣ ਅਸੀਂ ਜੁਧ ਕਰਾਂਗੇ। ਰਾਜੇ ਨੇ ਕਹਾ ਕਿ ਤੁਹਾਥੋਂ ਕੁਝ ਨਹੀਂ ਹੋਣਾ ਹੈ। ਜੁਧ ਨਾ ਕਰੋ ਤੇ ਮਿਲਨਾ ਹੀ ਠੀਕ ਹੈ। ਡੋਗਰਿਆਂ ਨੇ ਕਿਹਾ ਕਿ ਅਸੀਂ ਰਾਜਪੂਤ ਹੈਂ ਐਵੇਂ ਨਹੀਂ ਦੇਂਦੇ ਹੈਂ ਤੈਨੂੰ। ਫੇਰ ਰਾਜੇ ਨੇ ਕਹਾ ਹੁਣ ਨਹੀਂ ਮੁੜਦੇ ਹੋ ਮੇਰੇ ਕਹੇ ਤੇ। ਜਦ ਸਿੰਘਾਂ ਦੇ ਹੱਥ ਦੇਖੋਗੇ ਤਦ ਤੁਸੀਂ ਮੁੜੋਗੇ। ਜਾਓ ਜਿਵੇਂ ਤੁਹਾਡੀ ਮਰਜ਼ੀ ਹੈ ਤਿਵੇਂ ਹੀ ਕਰੋ। ਡੋਗਰਿਆਂ ਨੇ ਜੁਧ ਕਾ ਸਮਾਨਾ ਕੀਤਾ। ਲਾਹੌਰ ਕੀ ਫ਼ੌਜ ਮੈ ਏਕ ਗੋਲ-ਅੰਦਾਜ਼ ਸੀ ਹਿੰਦੁਸਤਾਨੀ, ਤਿਸਨੇ ਸ਼ਿਸਤ[1] ਬਾਂਧ ਕੇ ਐਸਾ ਨਿਸ਼ਾਨਾ ਮਾਰਿਆ, ਡੋਗਰਿਆਂ ਦੀ ਤੋਪ ਤਖ਼ਤ ਉੱਤੋਂ ਲਾਹ ਦਿੱਤੀ। ਡੋਗਰੇ ਭੱਜ ਚੱਲੇ। ਫ਼ੌਜ ਧਾਵਾ ਕਰਕੇ ਸ਼ਹਿਰ ਮੇਂ ਜਾਇ ਵੜੀ। ਕੁਝ ਕੁ ਲੁਟ ਭੀ ਕੀਤੀ। ਰਾਜਾ ਆਗੇ ਤੇ ਮਿਲਿਆ, ਹੱਥ ਜੋੜਕੇ ਬੇਨਤੀ ਕੀਤੀ ਮੇਰੇ ਨਾਲ ਧਰਮ ਕਰੋ। ਮੈਨੂੰ ਮਾਰ ਨਾ ਦੇਵਣਾ ਮੈਂ ਗਊ ਹਾਂ। ਆਪ ਗਊਆਂ ਕੇ ਪਾਲਨੇ ਵਾਲੇ ਹੋ। ਫ਼ੌਜ ਨੇ ਕਹਾ ਕਿ ਸਾਡਾ ਧਰਮ ਹੋਇਆ ਤੈਨੂੰ ਮਿਲਨੀ ਕਰਾਇਕੇ ਭੇਜ ਦੇਵਾਂਗੇ ਜੰਮੂ ਨੂੰ । ਤੈਨੂੰ, ਤਾਂ ਕੋਈ ਮਾਰੂਗਾ ਪਹਿਲੇ ਕੋਈ ਸਾਨੂੰ ਮਾਰ ਲਵੇਗਾ।

## ਗ਼ਫਲਤ ਦਾ ਦੁੱਖ

ਤੀਨ ਬਰਸ ਗੁਜ਼ਰ ਗਏ ਨੀਂਦ ਭੀ ਨਹੀਂ ਕੀਤੀ ਸੀ। ਰਾਤ ਦਿਨੇ ਇਕ ਰਸ ਰਸਨਾ ਕਾ ਭਜਨ ਕਰਦੇ ਹੈਂ। ਧੂਣੀਆਂ ਲਾਵਣੀਆਂ ਚਾਰ, ਚੁਣਨੀਆਂ ਚਿਖਾ ਵਾਂਗੂੰ। ਜਿਨ੍ਹਾਂ ਚਿਰ ਬਲਦੀਆਂ ਰਹਿਣ ਧੂਣੀਆਂ ਉਨ੍ਹਾਂ ਚਿਰ ਪਿੱਟੀ ਜਾਣਾ ਵਿਚਾਲੇ ਖੜੋਇਕੇ। ਪਹਿਲੇ ਹੱਥ ਪੱਟਾਂ ਤੇ ਮਾਰਨਾ, ਫੇਰ ਛਾਤੀ ਪਰ ਮਾਰਨਾ, ਫੇਰ ਮੱਥੇ ਪਰ ਮਾਰਨਾ । ਤਿਹੱਥੜਾ[2] ਪਿਟਣਾ ਕਰਨਾ। ਬੋਲਾ ਇਹ

1 ਨਿਸ਼ਨਾ ਲੈਣਾ, ਸੇਧ ਬੰਨਣੀ।
2 ਸ਼ੋਕਾਤੁਰ ਹੋ ਕੇ ਮੱਥੇ, ਛਾਤੀ ਅਤੇ ਪੱਟਾ ਪਰ ਹੱਥ ਮਾਰਣੇ

ਕਰਨਾ ਹਾ-ਹਾ ਵੇ ਕਿਓਂ ਗਾਫ਼ਲ ਸੋਇਆ। ਵੈਣ ਪਾਉਣੇ ਨਾਮ ਲੈ ਲੈ ਕੇ। ਮਰ ਗਿਆ ਹੈ ਫਲਾਣਾ ਰਾਜਾ, ਮਰ ਗਿਆ ਹੈ ਫਲਾਣਾ ਰਾਜਾ। ਜੰਗਲ ਮੈਂ ਜਾਇਕੇ ਗੋਹੇ ਚਿਣ ਕੇ ਚਿਖਾ ਵਾਂਗੂੰ ਧੂਣੀਆਂ ਚੁਣ ਕੇ ਅੱਗ ਲਾ ਕੇ ਫੇਰ ਵਿਰਲਾਪ ਕਰਨੇ[1]।

## ਛੁੱਟੀ ਆਏ

ਛੁੱਟੀ ਕੀ ਰੌਲ ਆਏ ਗਈ। ਸਾਰੀ ਫ਼ੌਜ ਗਈ। ਸ੍ਰੀ ਸਤਿਗੁਰੂ ਜੀ ਭੀ ਘਰ ਆਏ ਰਾਮਦਾਸ ਪੁਰੇ ਮੈ ਤੀਨ ਮਹੀਨੇ ਕੀ ਛੁੱਟੀ। ਦਰਸ਼ਨ ਕਰਕੇ ਸਾਰਾ ਪਰਵਾਰ ਹਰਿਆ ਹੋਇਆ। ਬਾਬੇ ਜੱਸਾ ਸਿੰਘ ਜੀ ਕੋ ਬੜੀ ਖੁਸ਼ੀ ਹੋਈ। ਮਾਤਾ ਸਦਾ ਕੌਰ ਵਾਰਨੇ ਜਾਂਦੇ ਹੈਂ। ਨਾਮ ਕੇ ਅਮਲ ਨਾਲ ਮਸਤਾਨੇ ਹੋਏ ਹੋਏ ਹੈਂ। ਲਾਲ ਚੇਹਰਾ ਦਗ ਦਗ ਕਰਦਾ ਹੈ। ਪਿੰਡ ਦੇ ਲੋਕ ਸਭ ਡਰਦੇ ਹੈਂ। ਕਹਿੰਦੇ ਹੈਂ ਜੱਸਾ ਸਿੰਘ ਦਾ ਪੁੱਤਰ ਕਮਲਾ ਹੋਇਆ ਹੋਇਆ ਹੈ। ਜੇਕਰ ਹੁੱਕਾ ਕਿਸੇ ਕੇ ਹੱਥ ਮੇਂ ਹੋਵੇ ਲੁਕਾਇ ਲੈਣਾ ਤੇ ਲਾਂਭੇ ਨੂੰ ਹੋਇ ਜਾਣਾ।

ਏਕ ਦਿਨ ਧੂੰਏ ਪਰ ਜਾਏ ਰਹੇ। ਕਈ ਲੋਕ ਇਕੱਠੇ ਹੋਏ ਬੈਠੇ ਥੇ। ਦੌਲਤ ਰਾਮ ਬ੍ਰਾਹਮਣ ਨੰਬਰਦਾਰ ਸੀ ਉਸ ਕੋ ਬੋਲਾ ਕਰਨੇ ਲਗੇ। ਮਹਾਰਾਜ ਦੂਈ ਮੂਰਤੀ[2] ਜਾ ਕੇ ਜੱਫੀ ਪਾਇਕੇ ਲੈ ਆਏ ਘਰ ਨੂੰ। ਚਾਹੇ ਮਾਰਨ ਚਾਹੇ ਗਾਲ਼ਾਂ ਕੱਢਣ ਅੱਗੇ ਸੇ ਕੋਈ ਨਾ ਸੀ ਬੋਲ ਸਕਦਾ। ਏਓ ਈ ਭੈ ਪਿਆ ਹੋਇਆ ਸੀ ਕਿ ਜੱਸਾ ਸਿੰਘ ਦਾ ਪੁੱਤਰ ਕਮਲਾ ਹੋਇਆ ਹੋਇਆ ਹੈ, ਮਾਰੂਗਾ। ਆਗੇ ਸੇ ਰਾਸਤਾ ਦੇਖਕੇ ਲਾਂਭੇ ਹੋਇ ਜਾਂਦੇ ਹੈਂ। ਲਾਲ ਪਗੜੀ ਵਾਲਾ ਭੀ ਕੋਈ ਨ ਸੀ ਆਉਂਦਾ ਸਾਮ੍ਹਣੇ। ਲਾਲ ਚੀਰਾ ਜਿਸਦੇ ਸਿਰ ਤੇ ਹੋਵੇ ਸੋ ਲਾਹ ਕੇ ਪਾੜ ਦੇਣਾ । ਨਰ ਨਾਰ ਸਭ ਭੈ ਕਰਦੇ ਹੈਂ।

ਏਕ ਦਿਨ ਧੂਏਂ ਪਰ ਕਈ ਸਰੀਰ ਬੈਠੇ ਥੇ। ਸ੍ਰੀ ਸਤਿਗੁਰੂ ਜੀ ਭੀ ਆਇ ਗਏ। ਬਚਨ ਕੀਤਾ ਬਹੁਤਾ ਪਾਲਾ ਕਿਸਨੂੰ ਲਗਦਾ ਹੈ? ਏਕ ਜ਼ਿਮੀਂਦਾਰ ਨੇ ਕਿਹਾ ਕਿ ਮੈਨੂੰ ਲਗਦਾ ਹੈ। ਸਤਿਗੁਰੂ ਜੀ ਭਰ ਕੇ ਬੁਕ ਅਗਨੀ ਦਾ ਉਸ ਦੇ ਪੱਲੇ ਪਰ ਪਾਇਆ। ਬਚਨ ਕੀਤਾ ਲੈ ਸੇਕ ਲੈ। ਜ਼ਿਮੀਂਦਾਰ ਡਰਦਾ ਨੱਸ ਗਿਆ ਕਿ ਮਾਰੇਗਾ। ਫੇਰ ਇਕ ਦਿਨ ਧੂੰਏਂ ਪਰ ਜਾਇਕੇ ਬੁਕ ਭਰ ਭਰ ਕੇ ਉਤਾਂਹਾਂ ਸੁੱਟਣ ਲਗੇ ਤੇ ਬਚਨ ਕੀਤਾ ਲੈ ਸੂਰਜਾ ਸੇਕ ਲੈ। ਬਾਬੇ ਜੱਸਾ ਸਿੰਘ ਨੇ ਸੰਸਾ ਕੀਤਾ ਕਿ ਹੱਥ ਜਲ ਗਏ ਹੋਣਗੇ। ਜਾਂ ਬਾਬੇ ਜੀ ਦੇਖਾ ਤਾਂ ਰਾਜੀ ਬਾਜੀ ਹੈਂ।

ਏਕ ਰਾਤ ਨਾਲੇ ਮੀਂਹ ਨਾਲੇ ਅੰਧੇਰੀ ਸੀ। ਸਿਆਲ ਸ਼ੁਰੂ ਕਾ ਮੌਸਮ ਹੈ। ਦਿਨ ਲੱਥੇ ਬਾਹਰ ਨਿਕਲ ਗਏ। ਸਾਰੀ ਰਾਤ ਬਾਹਰ ਗੁਜ਼ਾਰੀ।ਉੱਤੇ ਕਪੜਾ ਭੀ ਕੋਈ ਨ ਸੀ, ਨਗਨ ਹੀ ਗਏ। ਬਾਬੇ ਜੀ ਸੰਸਾ ਕੀਤਾ ਕਿ ਪਾਲਾ ਲਗਦਾ ਹੋਵੇਗਾ, ਨਗਨ ਹੀ ਗਏ ਹੈਂ। ਮੀਂਹ ਹਨੇਰੀ ਵਗਦੀ ਹੈ, ਸਿਆਲ ਕਾ ਮੌਸਮ ਹੈ। ਅੰਮ੍ਰਿਤ ਵੇਲਾ ਹੋਇਆ ਤਾਂ ਘਰ ਨੂੰ ਝੂਲਦੇ ਆਇ ਗਏ ਤੇ ਸ਼ਬਦ ਪੜਦੇ ਹੈਂ ਮਸਤ ਹੋਇ ਹੋਇ। ਬਾਬਾ ਜੀ ਦੇਖਕੇ ਅਸਚਰਜ ਰਹੇ ਜੋ ਨਾ ਏਨ੍ਹਾਂ ਨੂੰ ਪਾਲਾ

1 ਸਤਿਗੁਰੂ ਜੀ ਨੂੰ ਖਾਲਸੇ ਰਾਜ ਨਾਲ ਧਰੋਹ ਕਮਾ ਰਹੇ ਸਿੱਖ ਰਾਜਿਆਂ ਪ੍ਰਤੀ ਰੋਸ਼ ਸੀ, ਵੱਖ-ਵੱਖ ਰਿਆਸਤੀ ਰਾਜੇ ਦਿਨੋ-ਦਿਨ ਸਿੱਖੀ ਪ੍ਰੰਪਰਾਂ ਨੂੰ ਛੱਡ ਰਹੇ ਸੀ ਅਤੇ ਝੂਠ ਅਨਿਆਂ ਪ੍ਰਧਾਨ ਹੋ ਰਿਹਾ ਸੀ ।

2 ਛੋਟੇ ਭਾਈ ਮਹਾਰਾਜ ਬੁੱਧ (ਹਰੀ) ਸਿੰਘ ਜੀ।

ਨਾ ਅਗਨੀ ਪੋਹੀ ਹੈ। ਨਾ ਪੌਣ ਨਾ ਪਾਣੀ, ਇਨ੍ਹਾਂ ਨੂੰ ਕੁਝ ਵੀ ਨਹੀਂ ਵਿਆਪਦਾ ਹੈ। ਏਹ ਤਾਂ ਪੂਰਨ ਪੁਰਖ ਸਮਰੱਥ ਹੈਨ ਜਿਨ੍ਹਾਂ ਨੂੰ ਭਜਨ ਬਾਣੀ ਬਿਨਾ ਹੋਰ ਕੁਝ ਹੱਛਾ ਨਹੀਂ ਲਗਦਾ ਹੈ। ਛੋਟੀ ਅਵਸਥਾ ਥੀਂ ਲੈਕੇ ਭਜਨ ਈ ਕਰਦੇ ਦੇਖੀਦੇ ਹੈਂ। ਦਿਨ ਚੜ੍ਹੇ ਜਾਣਾ ਰਾਤ ਪਈ ਘਰ ਔਣਾ।

## ਲਹਿਣਾ ਸਿੰਘ ਜ਼ਿਮੀਂਦਾਰ

ਲਹਿਣਾ ਸਿੰਘ ਜ਼ਿਮੀਂਦਾਰ ਸੀ[1] ਤਿਸ ਨੂੰ ਭਜਨ ਦਿੱਤਾ ਸੀ। ਉਹ ਨਾਲੇ ਸਤਿਗੁਰੂ ਜੀ ਕਾ ਹਾਣੀ ਸੀ। ਲਹਿਣਾ ਸਿੰਘ ਨੇ ਅਰਜ਼ ਕੀਤੀ ਜੀ ਭਰਥਗੜ[2] ਕੇ ਕਿਲੇ 'ਰਾਜ ਰੂਪ' ਆਇਆ ਹੋਇਆ ਹੈ। ਮੈਂ ਉਸਨੂੰ ਮਿਲਣ ਚੱਲਿਆਂ ਹਾਂ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਮੇਰੀ ਨੀਂਦ ਰਾਜ ਰੂਪ ਕੋ ਦੇ ਆਉਣੀ। ਪੁੱਛਿਆ ਜੀ ਕਿਵੇਂ ਦੇ ਆਵਾਂਗਾ? ਬਚਨ ਕੀਤਾ ਮੁਲਾਕਾਤ ਵੇਲੇ ਕਹਿ ਦੇਈਂ ਰਾਮ ਸਿੰਘ ਦੀ ਨੀਂਦ ਏਹਨਾਂ ਗਦੇਲਿਆਂ ਤੇ ਬਿਸਰਾਮ ਕਰੇ। ਜੇਕਰ ਤੂੰ ਆਪਣੀ ਨੀਂਦ ਭੀ ਦੇਣੀ ਹੋਵੇ ਤਾਂ ਤੂੰ ਆਪਣਾ ਨਾਂ ਭੀ ਲੈ ਲਈਂ ਜਾਂ ਜਾਇਕੇ ਮਿਲਿਆ ਤਾਂ ਰਾਜ ਰੂਪ ਗਦੇਲਿਆਂ ਪਰ ਬੈਠਾ ਸੀ। ਲਹਿਣਾ ਸਿੰਘ ਨੇ ਸਤਿ ਸ੍ਰੀ ਅਕਾਲ ਬੁਲਾ ਕੇ ਮਨ ਵਿਚ ਕਹਿਆ ਕਿ ਰਾਮ ਸਿੰਘ ਕੀ ਨੀਂਦ ਏਹਨਾਂ ਗਦੇਲਿਆਂ ਤੇ ਬਿਸਰਾਮ ਕਰੇ। ਲਹਿਣਾ ਸਿੰਘ ਕੀ ਨੀਂਦ ਏਹਨਾਂ ਗਦੇਲਿਆਂ ਤੇ ਬਿਸਰਾਮ ਕਰੇ। ਰੁਖ਼ਸਦ[3] ਲੈ ਕੇ ਮੁੜ ਆਇਆ। ਕਹਿਣ ਲਗਾ ਜੀ ਮੈਂ ਕਹਿ ਆਇਆ ਹਾਂ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਤੂੰ ਰਾਤ ਨੂੰ ਸਾਡੇ ਕੋਲ ਆਇ ਜਾਈਂ। ਰਾਤ ਪਈ ਤਾਂ ਲਹਿਣਾ ਸਿੰਘ ਆਇਆ।

ਸ੍ਰੀ ਸਤਿਗੁਰੂ ਜੀ ਪਲੰਘ ਛੱਡ ਕੇ ਹੇਠਾਂ ਆਸਣ ਵਿਛਾ ਲੈਣਾ। ਸਾਰੀ ਰਾਤ ਬੈਠਿਆਂ ਹੀ ਗੁਜ਼ਰ ਜਾਣੀ। ਲਹਿਣਾ ਸਿੰਘ ਨੇ ਵੀ ਬੈਠਿਆਂ ਰਹਿਣਾ। ਦੋਹਾਂ ਨੂੰ ਨੀਂਦ ਨਾ ਸੀ ਆਉਂਦੀ। ਦਿਨ ਚੜ੍ਹੇ ਆਪੋ ਆਪਣੇ ਕੰਮਾਂ ਨੂੰ ਚਲੇ ਜਾਣਾ। ਰਾਤ ਨੂੰ ਫੇਰ ਆ ਕੇ ਲਹਿਣਾ ਸਿੰਘ ਨੇ ਹਾਜ਼ਰ ਹੋਣਾ। ਫੇਰ ਉਵੇਂ ਹੀ ਬੈਠਿਆਂ ਭਜਨ ਕਰਦਿਆਂ ਨੂੰ ਰਾਤ ਗੁਜ਼ਰ ਜਾਣੀ। ਏਸੇ ਤਰ੍ਹਾਂ ਜਾਂ ਸੱਤ ਰਾਤਾਂ ਗੁਜ਼ਰੀਆਂ ਤਾਂ ਮਾਤਾ ਜੱਸਾਂ ਜੀ ਲਹਿਣਾ ਸਿੰਘ ਨੂੰ ਕਿਹਾ ਕਿ ਜੇਕਰ ਤੂੰ ਨਾ ਆਵੇਂ ਤਾਂ ਗੁਰੂ ਜੀ ਬਰਾਜਣ। ਅਸੀਂ ਭੀ ਨੀਂਦ ਕਰ ਲਈਏ। ਸੱਤ ਰਾਤਾਂ ਗੁਜ਼ਰੀਆਂ ਹੈਨ ਉਨੀਂਦਿਆਂ ਨੂੰ।

ਅਗਲੇ ਦਿਨ ਥੋੜ੍ਹਾ ਬੈਠਕੇ ਲਹਿਣਾ ਸਿੰਘ ਉੱਠ ਚੱਲਿਆ। ਕਹਾ ਜੀ ਮੈਂ ਜਾਨਾ ਹਾਂ। ਬਚਨ ਹੋਇਆ ਤੈਨੂੰ ਨੀਂਦ ਤਾਂ ਨਹੀਂ ਆਉਂਦੀ ਹੈ? ਫੇਰ ਬਚਨ ਕੀਤਾ ਕਿਤੇ ਜੱਸਾਂ ਨੇ ਤਾਂ ਨਹੀਂ ਕੁਝ ਕਹਿ ਦਿੱਤਾ? ਜਾਹ ਚਲਾ ਜਾ। ਲਹਿਣਾ ਸਿੰਘ ਨੇ ਕਿਹਾ ਜੀ ਮਾਤਾ ਜੱਸਾਂ ਕਹਿੰਦੀ ਹੈ ਕਿ ਜੇਕਰ ਤੂੰ ਜਾਵੇਂ ਤਾਂ ਸਤਿਗੁਰੂ ਜੀ ਭੀ ਬਰਾਜਣ ਤੇ ਅਸੀਂ ਭੀ ਬਰਾਜ ਲਈਏ। ਬਚਨ ਕੀਤਾ ਗੁਰੂ ਜੀ, ਤੂੰ ਜੱਸਾਂ ਦਾ ਸਿੱਖ ਹੈਂ ਕਿ ਸਾਡਾ? ਕਹਿਣ ਲਗਾ ਜੀ ਮੈਂ ਤੁਹਾਡਾ ਸਿੱਖ ਹਾਂ। ਬਚਨ ਕੀਤਾ ਜੇ ਸਾਡਾ ਸਿੱਖ ਹੈਂ ਤਾਂ ਜਿਵੇਂ ਅਸੀਂ ਕਹੀਏ ਤਿਵੇਂ ਕਰ। ਲਹਿਣਾ ਸਿੰਘ ਨੇ ਕਹਾ ਕਿ

---

1 ਸਪੁੱਤਰ ਰੁਲਦੂ, ਸ੍ਰੀ ਭੈਣੀ ਸਾਹਿਬ।

2 ਜ਼ਿਲ੍ਹਾ ਰੂਪ ਨਗਰ, ਰੋਪੜ।

3 ਜਾਣ ਦੀ ਆਗਿਆ।

ਜਿਵੇਂ ਤੁਸੀਂ ਕਹੋਗੇ ਤਿਵੇਂ ਹੀ ਕਰਾਂਗਾ। ਬਚਨ ਕੀਤਾ ਜੇਕਰ ਸਾਡੇ ਕਹੇ ਚਲਣਾ ਹੈ ਤਾਂ ਜਿਸ ਵੇਲੇ ਤੈਨੂੰ ਨੀਂਦ ਆਵੇ ਤਾਂ ਬਿਨਾਂ ਪੁੱਛੇ ਹੀ ਚਲਾ ਜਾਈਂ, ਫੇਰ ਨਾ ਸਾਨੂੰ ਪੁੱਛੀ।

ਏਕ ਦਿਨ ਦੋ ਇੱਟਾਂ ਲੈ ਕੇ ਖੂਹ ਦੇ ਚਬੱਚੇ ਮੈ ਬੈਠਕੇ ਚੱਕੀ ਵਾਂਗੂ ਘਸਾਈ ਗਏ। ਪਾਛੇ ਸੇ ਪ੍ਰਸ਼ਾਦ ਤਿਆਰ ਹੋਇਆ। ਛਕਣ ਨੂੰ ਸੱਦਣ ਗਏ। ਜਾ ਕੇ ਕਹਿਆ ਜੀ ਪ੍ਰਸ਼ਾਦ ਤਿਆਰ ਹੈ ਚਲ ਕੇ ਛਕੋ। ਬਚਨ ਕੀਤਾ ਅਸੀਂ ਭਾਰੀ ਕਾਰ ਲੱਗੇ ਹੋਏ ਹਾਂ। ਲਹੂ ਕੀ ਨਦੀ ਵਗੇਗੀ।

ਬਾਬਾ ਜੱਸਾ ਸਿੰਘ ਜੀ ਬਚਨ ਕਰਨਾ ਜੋ ਆਦਮੀ ਨੀਂਦ ਨਾ ਕਰੇ ਉਸਦਾ ਦਿਮਾਗ ਹਿਲ ਜਾਂਦਾ ਹੈ। ਸਾਮ੍ਹਣੇ ਤੇ ਨਾ ਕਹਿਣਾ ਆਪਸ ਵਿਚ ਕਹਿਣਾ। ਜਾਂ ਚੌਦਾਂ ਰਾਤਾਂ ਗੁਜ਼ਰੀਆਂ ਤਾਂ ਲਹਿਣਾ ਸਿੰਘ ਨੇ ਅੰਦਰੋਂ ਅਰਜ਼ ਕੀਤੀ ਜੀ ਸੱਚੇ ਪਾਤਸ਼ਾਹ ਜੀ ਮੈਨੂੰ ਨੀਂਦ ਆਵੇ, ਤਾਂ ਪੰਦ੍ਰਵੀਂ ਰਾਤ ਉਸ ਕੋ ਨੀਂਦ ਆਈ। ਉੱਠਕੇ ਮੱਥਾ ਟੇਕ ਕੇ ਚਲਾ ਗਿਆ, ਘਰ ਜਾਇ ਬਰਾਜਿਆ। ਜੇਕਰ ਹਲ ਵਾਂਹੁੰਦੇ ਦੇ ਕੋਲ ਚਲੇ ਜਾਣਾ ਬਚਨ ਕਰਨਾ ਨਿੱਕੀ ਰਹਿਲ ਰੱਖ ਕੇ ਵਾਹੁਣਾ ਚਾਹੀਏ।

## ਤਲਵਾਰ ਖੜਕ ਪਈ

ਲਾਹੌਰ ਮੈ ਤਲਵਾਰ ਖੜਕ ਪਈ। ਜੇਹੜਾ ਗੱਦੀ ਪਰ ਬੈਠਦਾ ਹੈ ਤਿਸੀ ਨੂੰ ਵੱਢ ਦੇਣਾ, ਮਾਰ ਦੇਣਾ ਸ਼ੁਰੂ ਕੀਤਾ ਹੈ। ਪੈਹਲੇ ਗੱਦੀ ਖੜਗ ਸਿੰਘ[1] ਕੋ ਮਿਲੀ ਸੀ। ਉਸ ਕੇ ਗੁਜ਼ਰ ਜਾਨੇ ਕੇ ਸਾਥ ਹੀ ਕੰਵਰ ਨੌ ਨਿਹਾਲ ਸਿੰਘ[2] ਕੋ ਮਾਰ ਦੀਆ। ਫੇਰ ਗੱਦੀ ਸ਼ੇਰ ਸਿੰਘ[3] ਕੋ ਮਿਲੀ। ਉਸ ਕੋ ਭੀ ਮਾਰ ਦੀਆ। ਫੇਰ ਜੁਆਹਰ ਸਿੰਘ[4] ਕੋ ਬੁਰਛਿਆਂ ਨੇ ਵੱਢ ਦਿੱਤਾ ਸੀ। ਜਿੰਦ ਕੌਰ[5] ਕਰੋਪ ਹੋਈ ਕਿ ਮੇਰਾ ਭਰਾ ਵੱਢ ਦਿੱਤਾ ਹੈ ਏਨ੍ਹਾਂ ਬੁਰਛਿਆਂ ਨੇ। 'ਏਨ੍ਹਾਂ ਕਾ ਵਿਛਾਵਣਾ ਚੁੱਕੋ। ਜ਼ੁਲਮੀਆਂ ਤੇ ਲੱਕ ਬੰਨ੍ਹ ਲਿਆ ਹੈ। ਜੇਹੜਾ ਗੱਦੀ ਪਰ ਬੈਠਦਾ ਹੈ ਉਸੇ ਨੂੰ ਵੱਢ ਦਿੰਦੇ ਹੈਂ। ਬੁਰਛੇ ਹੰਕਾਰੇ ਗਏ ਹੈਂ। ਉਸਨੇ ਫ਼ਰੰਗੀਆਂ ਕੋ ਲਿਖ ਭੇਜਿਆ ਬੁਰਛੇ ਹੰਕਾਰੇ ਗਏ ਹੈਂ। ਤੁਸੀ ਫ਼ੌਜਾਂ ਚਾੜ੍ਹ ਕੇ ਲੈ ਆਵੋ। ਮੈਂ ਪਿੱਛੋਂ ਖਰਚ ਬੰਦ ਕਰ ਦੇਵਾਂਗੀ। ਹੁਣ ਮੌਕਾ ਹੈ ਆਵਣੇ ਕਾ।

## ਫ਼ੌਜ ਵਿੱਚ ਵਾਪਸ

ਟੁੰਡੀ ਲਾਟ[6] ਚੜ੍ਹਿਆ ਫ਼ੌਜਾਂ ਲੈ ਕੇ ਪੰਜਾਬ ਕੀ ਧਰਤੀ ਨੂੰ ਚੱਲਿਆ। ਫ਼ਿਰੋਜ਼ਪੁਰੇ ਮੁਦਕੀ ਨੂੰ ਆਇਆ। ਲਾਹੌਰ ਸੇ ਛੁੱਟੀਆਂ ਵਾਲਿਆਂ ਕੋ ਘਰੋਂ-ਘਰੀਂ ਚਿੱਠੀਆਂ ਭੇਜੀਆਂ ਜੋ ਸਭ ਆਇ ਜਾਵੋ, ਫ਼ਰੰਗੀ ਚੜ੍ਹ ਕੇ ਆਇਆ ਹੈ, ਜੁੱਧ ਹੋਵੇਗਾ। ਸ੍ਰੀ ਸਤਿਗੁਰੂ ਜੀ ਕੋ ਭੀ ਚਿੱਠੀ ਆਈ, ਧਾਵੇ ਪਰ ਫ਼ੌਜਾਂ ਜਾਵਣਗੀਆਂ, ਸ਼ਤਾਬੀ ਆਵੋ ਡੇਰ ਨਾ ਕਰੋ।

---

1 ਮਹਾਰਾਜ ਰਣਜੀਤ ਸਿੰਘ ਦਾ ਸਭ ਤੋਂ ਵੱਡਾ ਲੜਕਾ, ਜੋ ਰਾਣੀ ਦਾਤਾਰ ਦੀ ਕੁੱਖੋ ਪੈਦਾ ਹੋਇਆ।

2 ਮਹਾਰਾਜ ਰਣਜੀਤ ਸਿੰਘ ਦਾ ਪੋਤਰਾ, ਖੜਕ ਸਿੰਘ ਦਾ ਪੁੱਤਰ ।

3 ਮਹਾਰਾਜ ਰਣਜੀਤ ਸਿੰਘ ਦਾ ਪੁੱਤਰ ਜੋ ਰਾਣੀ ਮਹਿਤਾਬ ਕੌਰ ਦੀ ਕੁੱਖੋਂ ਜਨਮਿਆਂ॥

4 ਮਹਾਰਾਣੀ ਜਿੰਦਾਂ ਦਾ ਭਰਾ ਪਿਤਾ ਦਾ ਨਾਮ ਸ. ਮੰਨਾ ਸਿੰਘ ।

5 ਮਹਾਰਾਜਾ ਰਣਜੀਤ ਸਿੰਘ ਦੀ ਰਾਣੀ ਰਾਜਾ ਦਲੀਪ ਸਿੰਘ ਦੀ ਮਾਤਾ।

6 ਗਵਰਨਰ ਜਨਰਲ ਲਾਰਡ ਹਾਰਡਿੰਗ।

ਮਾਤਾ ਸਦਾ ਕੌਰ ਜੀ ਨੇ ਪ੍ਰੇਮ ਨਾਲ ਕਾਨੋਂ ਮੇਂ ਵਾਲੇ ਤੇ ਗਲ਼ ਮੇਂ ਕੰਠਾ ਪਾਇ ਦੀਆ। ਬਾਬੇ ਜੱਸਾ ਸਿੰਘ ਜੀ ਛੋਟੇ ਭਾਈ ਬੁੱਧ ਸਿੰਘ ਜੀ ਕੋ ਨਾਲ ਭੇਜਿਆ ਕਿ ਤੂੰ ਨਿਗਾਹ ਰੱਖੀਂ ਕਿ ਜਿੱਥੋਂ ਗਹਿਣੇ ਦੇਣ ਉੱਥੋਂ ਲੈ ਕੇ ਮੁੜ ਆਵੀਂ। ਮਸਤਾਨੇ ਹੋਏ ਹੋਏ ਹੈਨ, ਕੋਈ ਲਾਹ ਨਾ ਲਵੇ ਜਾਂ ਸੁਟ ਨਾ ਦੇਣ। ਦੋਨੋ ਭਾਈ ਤੁਰੇ ਲਾਹੌਰ ਕੋ। ਆਗੇ ਬਿਲਗਾ ਨਾਮ ਕਾ ਗ੍ਰਾਮ ਥਾ। ਤਿਸੀ ਧਰਮਸਾਲ ਮੇਂ ਜਾਏ ਉਤਰੇ। ਓਥੇ ਏਕ ਬਾਵਾ ਰਹਿੰਦਾ ਸੀ। ਉਸ ਨੂੰ ਬੋਲਾ ਕੀਤਾ ਅੱਜ ਬਾਵੇ ਕੀ ਖੇਪ[1] ਮਾਰੀ ਗਈ ਹੈ। ਅੱਜ ਬਾਵੇ ਨੇ ਮੌਜ ਕਰਨੀ ਸੀ। ਖਿਝ-ਖਿਝ ਕੇ ਪਵੇ ਬਾਵਾ। ਕਹੇ ਕਿੱਧਰੋਂ ਬਲਾਈਂ ਆਈਆਂ ਹਨ ਰੱਬ ਦੇ ਮਾਰੇ ਹੋਏ ਜਾਂ ਤੁਰਨੇ ਲਗੇ ਤਾਂ ਮਸਤਕ ਕੋ ਚੀਰਾ ਦੇ ਕੇ ਲਹੂ ਕੱਢਿਆ ਸਤਿਗੁਰੂ ਜੀ। ਛੋਟੇ ਭਾਈ ਪੁੱਛਿਆ ਤਾਂ ਬਚਨ ਕੀਤਾ ਭਲਕੇ ਦੱਸਾਂਗੇ। ਅਗਲੇ ਦਿਨ ਲੜਾਈ ਹੋਈ, ਲਹੂ ਹੀ ਲਹੂ ਹੋਇਆ।

ਅਗਲੀ ਰਾਤ ਜੀਰੇ ਰਹੇ। ਉੱਥੇ ਭੀ ਬਾਵੇ ਨੂੰ ਛੇੜੀ ਗਏ। ਰਾਮਰਾਏ ਕਾ ਸਿੱਖ ਸੀ। ਉਸ ਨੂੰ ਕਹੀ ਗਏ ਤੂੰ ਤਾਂ ਕੰਜਰਾਂ ਵਾਲਾ ਭੇਖ ਪਾਇਆ ਹੋਇਆ ਹੈ, ਤੇਰੇ ਸਿੱਖ ਭੀ ਕੰਜਰ ਹੋਵਣਗੇ।ਓਥੋਂ ਤੁਰੇ ਤਾਂ ਸ੍ਰੀ ਸਤਿਗੁਰੂ ਜੀ ਕਿਸੇ ਗ਼ਰੀਬ ਦੇ ਘਰ ਜਾਇ ਰਹੇ। ਉਸ ਨੇ ਬੜੀ ਸੇਵਾ ਕੀਤੀ। ਤੁੰਗਲ[2] ਤੇ ਬਾਈ ਰੁਪਏ ਉਸ ਨੂੰ ਦੇ ਦੀਏ ਗ਼ਰੀਬੀ ਦੇਖਕੇ। ਰਸਤੇ ਮੇਂ ਮਹਾਰਾਜ ਬੁੱਧ ਸਿੰਘ ਨੇ ਪੁੱਛਿਆ ਤੁੰਗਲ ਤੇ ਬਾਈ ਰੁਪਈਏ ਕਿੱਥੇ ਹੈਨ? ਸ੍ਰੀ ਸਤਿਗੁਰੂ ਜੀ ਬਚਨ ਕੀਤਾ ਖੁਆਜ਼ਾ ਭੁੱਖਾ ਮਰਦਾ ਸੀ ਤਿਸ ਨੂੰ ਦੇ ਆਏ ਹੈਂ।

ਅੱਗੇ ਗਏ ਤਾਂ ਸੌ ਕੁ ਮੁਸਲਮਾਨ ਆਇ ਪਿਆ ਲੁੱਟਣ ਨੂੰ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਭਾਈ ਦੇ ਦਿਓ, ਉਪਾਧੀ ਕਾਹਨੂੰ ਰੱਖਣੀ ਹੈ। ਕਪੜਿਆਂ ਕੀ ਗਠੜੀ ਮੇਂ ਕੰਠਾ ਸੀ, ਗਠੜੀ ਦੇ ਦਿੱਤੀ। ਦੋਹਾਂ ਭਾਈਆਂ ਕੇ ਕਛਹਿਰੇ ਹੀ ਰਿਹ ਗਏ, ਸਭ ਕਪੜੇ ਉਤਾਰ ਲਏ। ਮਹਾਰਾਜ ਬੁੱਧ ਸਿੰਘ ਜੀ ਬਚਨ ਕੀਤਾ ਮੈਂ ੨੬ ਬਰਸਾਂ ਕਾ ਸੀ ਉਦੋਂ। ਏਕ ਨੇ ਮੈਨੂੰ ਤਲਾਈ ਦਿੱਤੀ ਉੱਤੇ ਵਾਸਤੇ। ਪੱਤਣ ਲੰਘ ਕੇ ਪਾਰ ਹੋਏ ਤਾਂ ਇਕ ਥੇਹ ਆਇਆ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਚਨ ਕੀਤਾ ਭਾਈ ਏਸ ਥੇਹ ਵਿੱਚ ਮਾਇਆ ਹੈ। ਤੈਥੋਂ ਕੱਢੀ ਨਹੀਂ ਜਾਣੀ ਹੈ। ਤੂੰ ਹੁਣ ਮੁੜ ਜਾਓ ਘਰ ਨੂੰ। ਬਚਨ ਮੰਨਕੇ ਛੋਟੇ ਭਾਈ ਮੁੜ ਆਏ। ਸਾਰਾ ਹਾਲ ਕਹਿ ਸੁਣਾਇਆ। ਨਗਨ ਹੀ ਆਏ ਘਰ ਮੈਂ।

ਲਿਖਾਰੀ[3] ਨਾਲ ਗੁਰੂ ਹਰੀ ਸਿੰਘ ਜੀ ਬਚਨ ਕੀਤਾ ਮੈਂ ਕਦੇ ਭੀ ਬਚਨ ਨਾ ਸੀ ਮੋੜਿਆ। ਜੋ ਕਹਿਣ ਸੋ ਕਰਨਾ। ਬਹੁਤ ਪ੍ਰਸੰਨ ਹੋਇਕੇ ਖੁਸ਼ੀਆਂ ਦੇਣੀਆਂ।

## ਲਾਹੌਰ ਪਹੁੰਚੇ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਜਾਇ ਰਹੇ ਲਾਹੌਰ ਮੇਂ। ਸਾਰੀ ਫ਼ੌਜ ਇਕੱਠੀ ਹੋਈ। ਸਭ ਆਪਸ ਮੇਂ ਕੈਂਹਦੇ ਹੈਂ ਰੋਜ਼ ਗੁਰੂ ਜੀ ਕੈਂਹਦੇ ਹੈਂ ਮਲੇਛ ਖਾਲਸੇ ਕਾ ਨਾਸ ਹੋਣਾ ਹੈ, ਸੋ ਹੁਣ ਨਾਸ

1 ਮਾਲ, ਸੰਪਤੀ, ਧਨ।
2 ਤੁੰਗਲ-ਕੰਨਾਂ ਵਿੱਚ ਪਹਿਰਨ ਦਾ ਗਹਿਣਾ-ਵਾਲ਼ਾ।
3 ਸੰਤ ਸੰਤੋਖ ਸਿੰਘ, ਬਾਹੋਵਾਲ।

ਹੋਣ ਲੱਗਾ ਹੈ। ਜਿਸ ਫ਼ੌਜ ਵਿਚ ਸ੍ਰੀ ਸਤਿਗੁਰੂ ਜੀ ਸਨ ਸੋ 'ਭਗਤਾਂ ਕੀ ਫ਼ੌਜ' ਸਦਾਉਂਦੀ ਸੀ ਭਜਨ ਬਾਣੀ ਕਰਨੇ ਕਰਕੇ। ਭਜਨੀ ਸਿੰਘ ਕਹਿਣ ਕਾਰ ਤੁਰ ਪਈ ਹੈ। ਜੋ ਬੋਲਾ ਰੋਜ਼ ਕਰਦੇ ਹੈਂ ਸੋ ਤਲਵਾਰ ਖੜਕ ਪਈ ਹੈ।

## ਫ਼ੌਜ ਦੀ ਚੜ੍ਹਾਈ ਦਾ ਅਰਦਾਸਾ

ਫ਼ਰੰਗੀ ਕੇ ਆਉਣੇ ਕੀਆਂ ਖ਼ਬਰਾਂ ਆਈਆਂ ਜੋ ਮੁਦਕੀ ਡੇਰਾ ਆਇ ਲਾਇਆ ਹੈ। ਸਭ ਫ਼ੌਜਾਂ ਕੋ ਹੁਕਮ ਦੀਆ ਮੁਦਕੀ ਪਰ ਧਾਵਾ ਹੈ। ਟੁੰਡੀ ਲਾਟ ਆਇ ਲੱਥਾ ਹੈ। ਸਿੰਘਾ ਕੇ ਹੱਥ ਦੇਖਣੇ ਹੈਨ। ਰਾਜ ਰੌਲਾ ਪੈ ਗਿਆ। ਸਭ ਕਹਿਣ ਹੰਕਾਰ ਕੇ, ਸਾਡੇ ਅੱਗੇ ਫ਼ਰੰਗੀ ਕੀ ਚੀਜ਼ ਹੈਨ। ਸਭ ਕੋ ਖਪਾਇ ਦੇਵਾਂਗੇ।

ਸਾਰੀਆਂ ਫ਼ੌਜਾਂ ਰਲਕੇ ਕੜਾਹ ਪ੍ਰਸ਼ਾਦ ਕਰਵਾਇਆ ਪੱਚੀਆਂ ਰੁਪਈਆਂ ਕਾ ਜਾਂ ਅਰਦਾਸ ਕਰਨ ਕੀ ਤਿਆਰੀ ਹੋਈ ਤਾਂ ਵਿੱਚੋਂ ਸਿੰਘਾਂ ਨੇ ਕਿਹਾ ਕਿ ਉਹ ਜੋ ਮਸਤਾਨਾ ਹੈ ਤਿਸਕੇ ਆਏ ਬਿਨਾ ਨਹੀਂ ਅਰਦਾਸਾ ਕਰਨਾ ਹੈ, ਭਾਵੇਂ ਰਾਤ ਨੂੰ ਆਵੇ। ਅੰਤਰਜਾਮੀ ਜੀ ਸਿੰਘਾਂ ਦਾ ਪ੍ਰੇਮ ਜਾਣਕੇ ਪਹਿਰ ਦਿਨ ਰਹਿੰਦੇ ਆਏ। ਸਿੰਘਾਂ ਨੇ ਅਰਜ਼ ਕੀਤੀ ਜੀ ਫਤ੍ਹੇ ਦਾ ਅਰਦਾਸਾ ਕਰਨਾ ਹੈ, ਅੱਗੇ ਜੋ ਆਪ ਦਾ ਹੁਕਮ ਹੈ। ਸ੍ਰੀ ਸਤਿਗੁਰੂ ਜੀ ਏਕ ਲੱਤ ਕੇ ਭਾਰ ਹੋਇਕੇ ਸੂਰਜ ਵੰਨੇ ਮੂੰਹ ਕਰਕੇ ਜਿਓਂ ਖੜ੍ਹੇ ਹੈ, ਸੂਰਜ ਵਿਚ ਨਿਗਾਹ ਕਰਕੇ ਖੜੇ ਰਹੇ ਜਾਂ ਦਿਨ ਛਿਪਣ ਲੱਗਾ ਤਾਂ ਸ੍ਰੀ ਸਤਿਗੁਰੂ ਜੀ ਧਰਤੀ ਪਰ ਡਿੱਗੇ ਪਿੱਠ ਪਰਨੇ। ਫੁਰਤੀ ਸੇ ਉੱਠਕੇ ਬਚਨ ਕੀਤਾ ਭਾਵੇਂ ਤੇ ਕੜ੍ਹਾਹ ਪ੍ਰਸ਼ਾਦ ਛਕ ਲਵੋ ਤੇ ਪਾਵੇਂ ਦਬਾਇ ਦੇਵੋ, ਜਿਤ ਖਾਲਸੇ ਕੀ ਨਹੀਂ ਹੈ।

ਬਚਨ ਪੂਰਾ ਹੋਣੇ ਕੇ ਵਾਸਤੇ ਭਾਵੀ ਨੇ ਪ੍ਰੇਰਕੇ ਅਖਵਾਇਆ ਕਿ ਮਾਰਾਂਗੇ ਫ਼ਰੰਗੀ ਨੂੰ। ਹੰਕਾਰ ਨਾਲ ਚੜ੍ਹੇ। ਸ੍ਰੀ ਅੰਮ੍ਰਿਤਸਰ ਕੜਾਹ ਪ੍ਰਸ਼ਾਦ ਕਰਵਾਇਆ ਦਰਬਾਰ ਮੈ। ਅਰਦਾਸਾ ਫਤ੍ਹੇ ਕਾ ਕਰਕੇ ਚੜ੍ਹੇ। ਤਰਨਤਾਰਨ ਭੀ ਕੜਾਹ ਪ੍ਰਸ਼ਾਦ ਕਰਵਾਇਆ, ਅਰਦਾਸਾ ਫਤ੍ਹੇ ਕਾ ਕਰਕੇ ਚੜ੍ਹੇ। ਤਲਾਓ ਕੀ ਗੁੱਠ ਪਰ ਮੂਰਤਾਂ ਬਣੀਆਂ ਰਹਿੰਦੀਆਂ ਸਨ ਮਿੱਟੀ ਕੀਆਂ, ਸ੍ਰੀ ਸਤਿਗੁਰੂ ਜੀ ਸਭ ਭੰਨ ਦਿੱਤੀਆਂ।

## ਡਾਕੀ ਪਈ

ਸਭਰਾਵੀਂ ਜਾ ਕੇ ਸ੍ਰੀ ਸਤਿਗੁਰੂ ਜੀ ਕੈ ਕੀਤੀ, ਤੇ ਮੇਹਰ ਸਿੰਘ ਨੇ ਜੀਤ ਸਿੰਘ ਕੋ ਕਿਹਾ ਕਿ ਦੋ ਪੈਸੇ ਲੈ ਜਾਓ ਸ਼ਰਦਾਈ ਲੈ ਆਵੀਏ ਤੇ ਛਕਾਈਏ। ਕੁਛ ਗਰਮੀ ਕਾ ਤੱਤ ਮਾਲੂਮ ਹੁੰਦਾ ਹੈ। ਸੁਣਕੇ ਸ੍ਰੀ ਸਤਿਗੁਰੂ ਜੀ ਤੇਜੀ ਮੈ ਹੋਇਕੇ ਬੋਲਾ ਕੀਤਾ ਤੇਰੀ ਮਤ ਤਾਂ ਖੇਹ ਭੀ ਨਹੀਂ ਹੈ। ਗਰਮੀ ਨੂੰ ਏਹ ਥਾਂ ਹੈ? ਹੋਰ ਗਰਮੀ ਨੂੰ ਥਾਓ ਨਹੀਂ ਹੈ? ਸਿੰਘਾਂ ਪੁੱਛਿਆ ਜੀ ਏਹ ਕੀ ਕਾਰ ਹੈ? ਬਚਨ ਕੀਤਾ ਏਹੁ ਕਰਤਾਰ ਨੇ ਕਾਰ ਤੋਰੀ ਹੈ।ਜੋ ਕਾਰ ਤੁਰਦੀ ਹੈ ਸੋ ਮੇਰੇ ਸਰੀਰ ਵਿਚੋਂ ਦੀ ਹੋਇਕੇ ਤੁਰਦੀ ਹੈ। ਆਜ ਸੇ ਚੌਥੇ ਦਿਨ ਕੋ ਤੀਰ ਲੱਗੇਗਾ, ਡਾਕੀ[1] ਪਵੇਗੀ। ਪਹਿਲੇ ਫ਼ੌਜ

---

1 ਮਾਰੂ ਹੈਜ਼ਾ।

ਮੇਂ ਪਵੇਗੀ ਫੇਰ ਮੁਲਕ ਪਰ ਪਵੇਗੀ।

ਚੌਥੇ ਦਿਨ ਡਾਕੀ ਪਈ ਫ਼ੌਜ ਮੈ। ਸੱਥਰਾਂ ਦੇ ਸੱਥਰ ਲੱਥੇ। ਫੇਰ ਹੋਰ ਜਗਤ ਮੇਂ ਪਈ। ਕੈ ਆਵੇ, ਨਾਲ ਈ ਪ੍ਰਾਣ ਜੁਦਾ ਹੋਇ ਜਾਵਣ। ਜਿਨ੍ਹਾਂ ਕਾ ਭਜਨ ਲਿਆ ਹੋਇਆ ਸੀ ਤਿਨ੍ਹਾਂ ਨੇ ਅਰਜ਼ ਕੀਤੀ ਜੀ ਸਾਡਾ ਕੀ ਹਾਲ ਹੋਵੇਗਾ? ਬਚਨ ਹੋਇਆ ਤੁਸੀਂ ਡਰੋ ਨਾ, ਤਕੜੇ ਹੋ ਕੇ ਭਜਨ ਕਰੋ। ਭਜਨ ਕੀ ਰੁੱਤ ਆਈ ਹੈ। ਭਜਨ ਕਰੋ ਜ਼ੋਰ ਨਾਲ, ਤੁਹਾਨੂੰ ਡਾਕੀ ਨਾ ਆਵੇਗੀ। ਜਿਨ੍ਹਾਂ ਨੇ ਬਚਨ ਮੰਨਕੇ ਭਜਨ ਕੀਤਾ ਉਨ੍ਹਾਂ ਕੋ ਤਾ ਨਾ ਆਈ ਡਾਕੀ, ਹੋਰ ਕੋਈ ਅੰਤ ਨਹੀਂ ਰਹਿਆ। ਇਕ ਸਿੰਘ ਸਰਹਾਲੀ ਕਾ ਸ਼ਾਮ ਸਿੰਘ[1] ਸੀ, ਛੁੱਟੀ ਲੈ ਕੇ ਡਰਦਾ ਡਾਕੀ ਥੀਂ ਚਲਾ ਗਿਆ ਘਰ। ਘਰ ਆਉਂਦਾ ਹੀ ਡਾਕੀ ਨੇ ਰੋਕ ਲੀਤਾ ਤਾਂ ਲੱਗਾ ਪਛਤਾਵਣ। ਕਹੇ ਮੈਂ ਕਾਹਨੂੰ ਆਉਣਾ ਸੀ, ਉੱਥੇ ਰਹਿੰਦਾ ਤਾਂ ਰਾਜੀ ਰਹਿੰਦਾ। ਸੰਤਾਂ ਕੇ ਬਚਨ ਨਾਲ ਏਥੇ ਭੀ ਡਾਕੀ ਨੇ ਰੋਕ ਲਿਆ ਹੈ। ਲੱਗਾ ਭਜਨ ਕਰਨ ਤਾਂ ਰੱਛਿਆ ਹੋਈ। ਬਚ ਰਿਹਾ ਭਜਨ ਕੇ ਪ੍ਰਤਾਪ ਨਾਲ।

## ਮੁਦਕੀ ਦੀ ਲੜਾਈ

ਜਾਂ ਪੱਤਣ[2] ਲੰਘਣ ਲੱਗੇ, ਜੋ ਬੰਦੂਕ ਸੀ ਸੋ ਦਰਿਆ ਕੇ ਵਿੱਚ ਸੁੱਟੀ ਸਤਿਗੁਰੂ ਜੀ। ਸਿੰਘਾਂ ਪੁੱਛਿਆ ਏਹ ਕੀ ਸਾਂਗ ਹੈ? ਬਚਨ ਕੀਤਾ ਗੁਰੂ ਜੀ, ਧੁਆਡੇ ਸਰਦਾਰ ਫ਼ਰੰਗੀ ਨਾਲ ਮਿਲੇ ਹੋਏ ਹੈਂ। ਤੁਸੀਂ ਸਾਰੇ ਏਥੇ ਡੁਬੋਗੇ ਸਣੇ ਸ਼ਸਤਰੀਂ। ਤਾਂ ਤੇ ਮੈਂ ਅੱਗੇ ਈ ਸੁੱਟ ਦਿੱਤੀ ਹੈ ਬੰਦੂਕ। ਮਲੇਛ ਖਾਲਸਾ ਜਾਇ ਹਾਜ਼ਰ ਹੋਇਆ ਮੁਦਕੀ। ਫ਼ਰੰਗੀ ਨਾਲ ਜੁੱਧ ਹੋਣ ਲੱਗਾ।[3]

ਕਾਬਲ ਸਿੰਘ ਬਾਰ੍ਹਾਂ ਤੋਪਾਂ ਕਾ ਗੋਲ-ਅੰਦਾਜ਼ ਜਮਾਂਦਾਰ ਸੀ। ਬੜਾ ਨਿਸ਼ਾਨਚੀ ਸੀ ਚੁਣਵਾਂ। ਫ਼ਰੰਗੀ ਨੇ ਦੂਰਬੀਨ ਲਾਇਕੈ ਦੇਖਿਆ ਜੋ ਓਹੋ ਗੋਲ-ਅੰਦਾਜ਼ ਜਿਨ੍ਹਾਂ ਚਿਰ ਨਹੀਂ ਮਰਦਾ ਹੈ ਓਨ੍ਹਾਂ ਚਿਰ ਸਾਡੀ ਜਿਤ ਨਹੀਂ ਹੁੰਦੀ ਹੈ। ਫ਼ਰੰਗੀ ਕੇ ਗੋਲ-ਅੰਦਾਜ਼ ਨੇ ਐਸੀ ਸ਼ਿਸਤ ਬਾਂਧ ਕੇ ਗੋਲਾ ਮਾਰਿਆ, ਕਾਬਲ ਸਿੰਘ ਕੋ ਜਾਇ ਲੱਗਾ। ਮਰ ਗਿਆ। ਸਤਿਗੁਰਾਂ ਕਾ ਸਰਾਫ਼ ਪੂਰਾ ਹੋਇਆ। ਕਿਹਾ ਸੀ ਕਿ ਤੂੰ ਤੋਪ ਨਾਲ ਬੱਧਾ ਹੈ ਸਾਨੂੰ, ਤੂੰ ਭੀ ਤੋਪ ਨਾਲ ਉਡੇਂਗਾ। ਸੋ ਤੋਪ ਨਾਲ ਹੀ ਉਡਿਆ।

ਬੜਾ ਜੁੱਧ ਹੋਇਆ। ਫ਼ਰੰਗੀਆਂ ਕਾ ਮੋਰਚਾ ਤੋੜ ਦਿੱਤਾ ਸਿੰਘਾਂ। ਫ਼ਰੰਗੀਆਂ ਕੋ ਭਾਂਜ ਪੈ ਗਈ। ਮਗਰੋਂ ਬੋਰੀਆਂ ਵਿਚ ਸਰ੍ਹੋਂ ਆਇ ਗਈ ਬਾਰੂਦ ਦੀ ਜਗ੍ਹਾ। ਸਿੰਘ ਦੇਖਣ ਤਾਂ ਬੋਰੀਆਂ ਵਿਚ ਸਰ੍ਹੋਂ ਹੈ। ਓਧਰੋਂ ਪਹਾੜਾ ਸਿੰਘ ਨੇ ਫ਼ਰੰਗੀਆਂ ਨੂੰ ਜਾਇ, ਮਿਲਕੇ ਕਹਿਆ ਕਿ ਤੁਸੀਂ ਨੱਸੋ ਨਾ । ਸਿੱਖ ਭੱਜ ਗਏ ਹਨ। ਫ਼ਰੰਗੀ ਨੇ ਤੋਪਾਂ ਕਾ ਰਾਬਾ ਮਾਰਿਆ ਤਾਂ ਖਾਲਸੇ ਨੂੰ ਭਾਂਜ ਪੈ ਗਈ। ਜੇੜ੍ਹੇ ਮਾਰੇ ਗਏ ਸੋ ਮਾਰੇ ਗਏ, ਬਾਕੀ ਪੁਲ ਦੇ ਉੱਤੋਂ ਦੀ ਲੰਘੇ। ਜੇੜ੍ਹੇ ਲੰਘੇ ਸੋ ਲੰਘੇ, ਬਾਕੀ ਫੇਰ ਪੁਲ ਤੋੜ ਦੀਆ। ਲੱਗੇ ਡੁਬਣ ਸਣੇ ਸ਼ਸਤ੍ਰੀਂ। ਕਈ ਤਾਰੂ ਪਾਰ ਹੋਇ ਗਏ।

---

1 ਸਪੁੱਤਰ ਸ੍ਰ: ਰਾਜਾ ਸਿੰਘ, ਪਿੰਡ ਸਰਹਾਲੀ, ਜ਼ਿਲ੍ਹਾ ਅੰਮ੍ਰਿਤਸਰ।

2 ਹਰੀ ਕਾ ਪੱਤਣ

3 . ੧੮ ਦਸੰਬਰ ੧੮੪੫ ਈ.

ਜੇੜ੍ਹੇ ਪਾਰ ਹੋਇ ਗਏ ਸੋ ਸਤਿਗੁਰੂ ਜੀ ਸੇ ਪੂਛਨੇ ਲਗੇ ਕਿ ਹੁਣ ਤੁਸਾਂ ਦਾ ਬੋਲਾ ਪੂਰਾ ਹੋਇਆ ਹੈ। ਜੇੜ੍ਹਾ ਕਹਿੰਦੇ ਸੇ ਕੇ ਮਲੇਛ ਖਾਲਸੇ ਕਾ ਨਾਸ, ਸੋ ਵਾਕ ਪੂਰੇ ਹੋਏ ਹੈਂ। ਜੋ ਭਜਨੀ ਸਿੰਘ ਥੇ ਸੋ ਸਾਰੇ ਹੀ ਬਚ ਰਹੇ, ਤੱਤੀ ਵਾਓ ਨਹੀਂ ਲੱਗੀ। ਤਿਨ੍ਹਾ ਸਿੰਘਾਂ ਨੂੰ ਬਚਨ ਕੀਤਾ ਗੁਰੂ ਜੀ, ਆਓ ਜਿਨ੍ਹਾਂ ਚਲਣਾ ਹੈ। ਕਾਹਨ ਸਿੰਘ ਕੋ ਭੀ ਬਚਨ ਕੀਤਾ ਚੱਲ ਕਾਹਨ ਸਿੰਘ ਚੱਲੀਏ। ਸਭ ਚੁਪ ਕਰ ਰਹੇ, ਕੋਈ ਨਾ ਤੁਰਿਆ ਤਾਂ ਸ੍ਰੀ ਸਤਿਗੁਰੂ ਜੀ ਰਾਮਦਾਸ ਪੁਰੇ ਸਾਹਿਬ ਨੂੰ ਤੁਰੇ।

## ਲੁਧਿਆਣੇ ਪਹੁੰਚੇ

ਜਾਂ ਸਤਿਲੁਜ ਦੇ ਪੱਤਣ ਪਰ ਆਏ ਤਾਂ ਪੱਤਣ ਬੰਦ ਸੀ। ਮਲਾਹਾਂ ਨੇ ਬੇੜੀ ਨਾ ਛੱਡੀ। ਸ੍ਰੀ ਸਤਿਗੁਰੂ ਜੀ ਦਰਿਆਏ ਮੇਂ ਛਾਲ ਮਾਰੀ। ਬਚਨ ਕੀਤਾ ਹੁਣ ਡੋਬਦਾ ਕਿਓ ਨਹੀਂ ਹੈਂ? ਏਹੀ ਬਚਨ ਕਈ ਵਾਰੀ ਕੀਤਾ। ਦਰਿਆਏ ਕੇ ਪਾਰ ਹੋ ਗਏ, ਲੁਧਿਆਣੇ ਆਏ।

## ਮਾਮੀ ਰਾਮੀਂ

ਸ੍ਰੀ ਸਤਿਗੁਰੂ ਜੀ ਮਾਮੇ ਕੇ ਘਰ ਆਏ। ਪਹਿਲੇ ਤਾਂ ਸਤਿ ਸ੍ਰੀ ਅਕਾਲ ਬੁਲਾਈ ਫੇਰ ਕੀਤਾ ਆਦਮ ਮਹਾਂਦੇਓ। ਅੰਦਰ ਅਵਾਜ਼ਾ ਸੁਣਿਆ ਮਾਮੀ ਰਾਮੀਂ ਨੇ। ਨੂੰਹ ਨੂੰ ਕਹਾ ਦੇਖ ਤਾਂ ਕੌਣ ਹੈ? ਨੂੰਹ ਨੇ ਜਾਇਕੇ ਕਿਹਾ ਕਿ ਓਹੋ ਆਇਆ ਹੈ ਜਿਸ ਨੂੰ ਕਮਲਾ ਕਹਿੰਦੇ ਹਨ। ਮਾਮੀ ਆਈ ਦੌੜ ਕੇ। ਚਰਨੀਂ ਹੱਥ ਲਾਇਆ। ਦਲਾਨ[1] ਮੈ ਪਲੰਘ ਡਾਹ ਵਿਛਾਵਣਾ ਵਿਛਾਇਕੇ ਬਿਠਾਏ ਅਦਬ ਨਾਲ। ਮਾਮੀ ਨੇ ਕਿਹਾ ਤੁਸਾਂ ਦੇ ਮਾਮੇ ਥੀਂ ਮੈਂ ਪੁੱਛਿਆ ਸੀ ਮੈਂ ਫਲੌਰ[2] ਜਾਇ ਆਵਾਂ ਤੇ ਆਪਣੇ ਦੋਹਤੇ ਕੋ ਲੈ ਆਵਾਂ। ਜੇਕਰ ਨਾ ਆਇਆ ਤਾਂ ਮਿਲ ਆਵਾਂਗੀ। ਜੁੱਧ ਜੰਗ ਛਿੜੇ ਹੋਏ ਹੈਨ। ਮੈਨੂੰ ਬੜੀ ਚਿੰਤਾ ਰਹਿੰਦੀ ਸੀ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਤੁਸਾਂ ਦਾ ਪ੍ਰੇਮ ਈ ਸ਼ਤਾਬੀ ਲਿਆਇਆ ਹੈ। ਮੈਂ ਸਮਝਿਆ ਜੋ ਕਿੱਥੇ ਬੁੱਢੀ ਤੁਰਦੀ ਫਿਰੇਗੀ? ਮਾਮੀ ਰਾਮ ਕੌਰ ਨੇ ਕਹਾ ਮੈਂ ਤੇ ਆਪਦੇ ਵਾਸਤੇ ਬੜੀਆਂ ਬੇਨਤੀਆਂ ਕੀਤੀਆਂ ਹੈਂ, ਹੇ ਗੁਰੂ ਨਾਨਕ ਜੀ, ਮੇਰੇ ਰਾਮ ਸਿੰਘ ਕੋ ਤੱਤੀ ਵਾਓ ਨਾ ਲੱਗੇ। ਰੱਛਿਆ ਕਰੋ। ਮੈਂ ਚਾਹੁੰਦੀ ਹਾਂ ਏਨ੍ਹਾਂ ਨੇਤਰਾਂ ਨਾਲ ਦਰਸ਼ਨ ਕਰਾਂ ਤਾਂ ਠੰਢ ਪਵੇਗੀ। ਬਚਨ ਕੀਤਾ ਮਾਮੀ ਜੀ ਤੁਹਾਡੀ ਖਿਚ ਨੇ ਸ਼ਤਾਬੀ ਲਿਆਂਦੇ ਹੈਂ।

ਸਤਿਗੁਰੂ ਜੀ ਕੇ ਲਾਲ ਨੇਤਰ ਨਾਮ ਕੀ ਖੁਮਾਰੀ ਮੈ ਰੰਗੇ ਹੋਏ ਹੈਂ। ਚੇਹਰਾ ਦਮਕਦਾ ਹੈ। ਲੱਤਾਂ ਬਾਹਵਾਂ ਨੂੰ ਲੀਰਾਂ ਬੱਧੀਆਂ ਹੋਈਆਂ ਹੈਂ। ਮਾਮੇ ਦਾ ਨਾਮ ਹਰੀ ਸਿੰਘ ਸੀ, ਬਾਬੇ ਗੁਰਦਿੱਤੇ ਜੀ ਕੋ ਮੰਨਦੇ ਹੈਂ। ਬਾਣੀ ਸ੍ਰੀ ਗ੍ਰੰਥ ਸਾਹਿਬ ਜੀ ਕੀ ਪੜ੍ਹਨੀ। ਆਸਾ ਦੀ ਵਾਰ ਭੀ ਰੋਜ਼ ਲਾਵਣੀ। ਮਾਮੀ ਰਾਮ ਕੌਰ ਰਾਮ ਰਾਮ ਦਾ ਸਿਮਰਨ ਕਰਦੀ ਹੁੰਦੀ ਸੀ। ਮਾਮੇ ਕਾ ਪੁੱਤਰ ਖਜ਼ਾਨ ਸਿੰਘ ਤਿਸਕਾ ਬੜਾ ਦੇਵਤਾ ਸੁਭਾਓ ਸੀ। ਪਦਾਰਥ ਕੀ ਕੁਝ ਕਮੀਂ ਨਾ ਸੀ।

ਮਾਮੀ ਰਾਮੀਂ ਕਾ ਭਰੋਸਾ ਬਹੁਤ ਸੀ ਗੁਰੂ ਜੀ ਪਰ। ਕਹਿਣੇ ਲਗੀ ਕਿ ਮੈਂ ਤੇਰੇ ਮਾਮੇ ਥੀਂ

---

1 ਘਰ ਦੇ ਸੁੱਖ ਦੁਆਰ ਦੇ ਅੰਦਰ ਛੱਤੀ ਥਾਂ ।

2 ਸਤਿਲੁਜ ਪਾਰ ਜ਼ਿਲਾ ਜਲੰਧਰ ਦਾ ਨਗਰ ।

ਪੁੱਛਣਾ ਕਿ ਫਲੌਰ ਕਿੱਧਰ ਹੈ? ਮਾਮੇ ਤੇਰੇ ਨੇ ਕਹਿਣਾ ਤੂੰ ਫਲੌਰ ਦੀ ਤਾਈ ਲਗਦੀ ਹੈਂ? ਤੇਰਾ ਕੀ ਕੰਮ ਹੈ ਫਲੌਰ? ਜੋ ਤੈਨੂੰ ਲੋੜ ਹੈ ਸੋ ਸਾਨੂੰ ਕਹੋ, ਅਸੀਂ ਲਿਆਇ ਦਿੰਦੇ ਹਾਂ। ਮੈਂ ਕਹਿਣਾ ਮੈਂ ਆਪਣੇ ਦੋਹਤੇ ਕੋ ਲੈ ਆਵਾਂਗੀ। ਤੇਰੇ ਮਾਮੇ ਨੇ ਕਹਾ ਫਲੌਰੋਂ ਫ਼ੌਜਾਂ ਚਲੀਆਂ ਗਈਆਂ ਹੈਂ, ਤੂੰ ਕਿੱਥੇ ਜਾਣਾ ਹੈ? ਤਾਂ ਮੈਂ ਚੁਪ ਕਰ ਰਹੀ। ਐਸ ਤਰ੍ਹਾਂ ਦੀਆਂ ਗੱਲਾਂ ਕਰਦੀ ਸਤਿਗੁਰੂ ਜੀ ਨਾਲ ਖੁਸ਼ੀ ਵਿਚ ਭਰੀ ਹੋਈ ਕੋਠੇ ਉੱਤੇ ਚੜ੍ਹਕੇ ਅਵਾਜ਼ਾ ਕੀਤਾ, ਨੀਂ ਧਰਮੋਂ ਮੇਰਾ ਰਾਮ ਸਿੰਘ ਆਇ ਗਿਆ ਹੈ ਜਿਸਨੂੰ ਮੈਂ ਰੋਜ਼ ਯਾਦ ਕਰਦੀ ਸਾਂ। ਦਰਸ਼ਨ ਕਰ ਲਵੋ।

ਮਾਈਆਂ ਬੀਬੀਆਂ ਆਈਆਂ ਦਰਸ਼ਨ ਨੂੰ। ਮੱਥਾ ਟੇਕ ਕੇ ਬੈਠ ਗਈਆਂ। ਇਕ ਤੀਵੀਂ ਪਾਛੇ ਸੇ ਆਈ। ਉਸ ਨੂੰ ਬਚਨ ਕੀਤਾ ਇਹ ਤੀਵੀਂ ਸਾਡੇ ਕਿਤੇ ਕੰਮ ਆਵੇਗੀ ਸਮੇਂ ਸੇ। ਮਾਮੀ ਨੇ ਮਿੱਠਾ ਪ੍ਰਸ਼ਾਦ ਵਰਤਾਇਆ, ਸਭ ਤੀਵੀਆਂ ਚਲੀਆਂ ਗਈਆਂ। ਸ੍ਰੀ ਸਤਿਗੁਰੂ ਜੀ ਭੀ ਚਲੇ ਗਏ ਬਾਹਰ ਨੂੰ। ਮਾਮੀ ਨੇ ਨੂੰਹ ਨੂੰ ਕਿਹਾ ਗਊ ਦੀ ਧਾਰ ਕੱਢ ਲੈ। ਏਨ ਜਾਇਕੇ ਛੇੜਖਾਨੀ ਕਰਨੀ ਹੈ। ਹਿੰਦੂ ਮੁਸਲਮਾਨ ਸਾਡੇ ਘਰ ਆਵਣਗੇ।

## ਅੰਤਰਯਾਮਤਾ

ਸ੍ਰੀ ਸਤਿਗੁਰੂ ਜੀ ਸ਼ਿਵਾਲੇ[1] ਮੈ ਜਾਇ ਵੜੇ। ਭਿਆਨਕ ਰੂਪ ਧਾਰਿਆ ਹੋਇਆ ਹੈ। ਅੱਗੇ ਪੁਜਾਰੀ ਆਰਤੀ ਕਰਦੇ ਸੀ। ਦੇਖਕੇ ਰੂਪ ਪੁਜਾਰੀਆਂ ਨੂੰ ਭੈ ਆਇਆ। ਆਰਤੀ ਭੀ ਨ ਕੀਤੀ, ਸਭ ਨੱਸ ਗਏ। ਦਰਵਾਜ਼ੇ ਲਗੇ ਲਗਾਏ ਈ ਘਰ ਆਇ ਵੜੇ। ਪਲੰਘ ਪਰ ਬੈਠਕੇ ਬਚਨ ਕੀਤਾ ਮਾਮੀ ਤੂੰ ਕੀ ਆਖਦੀ ਸੈਂ ਭੋਲੀ ਨੂੰ, ਧਾਰ ਕੱਢ ਲੈ ਏਨ ਛੇੜਖਾਨੀ ਕਰਨੀ ਹੈ? ਹਿੰਦੂ ਮੁਸਲਮਾਨ ਸਾਡੇ ਘਰ ਔਣਗੇ?

## ਬਿੰਦੀ ਪੁੱਤਰ ਨਹੀਂ ਰੱਖਣਾ

ਏਕ ਲੜਕਾ ਹੋਇਕੇ ਸ੍ਰੀ ਸਤਿਗੁਰੂ ਜੀ ਕਾ ਚੜ੍ਹ ਗਿਆ ਸੀ। ਮਾਮੀ ਜੀ ਕਹਾ ਕਿ ਤੁਹਾਡਾ ਲੜਕਾ ਚੜ੍ਹ ਗਿਆ ਹੈ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਚੰਗਾ ਹੋਇਆ ਚੜ੍ਹ ਗਿਆ ਹੈ। ਨਾਦੀ ਖਾਲਸਾ ਪੈਦਾ ਕਰਾਂਗੇ। ਬਿੰਦੀ ਨਹੀਂ ਰੱਖਣਾ ਹੈ। ਨਾਦੀ ਪੁੱਤਰ ਬਥੇਰੇ ਹੋਇ ਜਾਣਗੇ।

ਮਾਮੇ ਦੀ ਧੀ ਭੈਣ ਸੀ। ਪਹਿਲੇ ਤਾਂ ਉਸ ਬੇਰ ਖਾਧੇ ਫੇਰ ਦਾਣੇ ਭੁਜੇ ਹੋਏ ਖਾਧੇ। ਦੇਖਕੇ ਸ੍ਰੀ ਸਤਿਗੁਰੂ ਜੀ ਬਚਨ ਕੀਤਾ ਪੱਟੀ ਜਾਏਂ ਕੁੜੀਏ ਏਤਨਾ ਖਾਨੀ ਹੈਂ। ਚਾਨਿਆਂ[2] ਤਰਖਾਣਾਂ ਨੇ ਸਾਨੂੰ ਕਾਲਸ ਭੇਜ ਦਿੱਤੀ ਹੈ। ਕੁੜੀ ਦਾ ਰੰਗ ਕਾਲਾ ਸੀ।

## ਮਾਮਾ ਹਰੀ ਸਿੰਘ

ਏਨੇ ਮੇਂ ਮਾਮਾ ਜੀ ਘਰ ਆਏ। ਨੇਤਰਾਂ ਸੇ ਦਰਸ਼ਨ ਕਰਕੇ ਬੋਲੇ ਅੱਜ ਤਾਂ ਸਾਡੇ ਘਰ

---

1 ਸ਼ਿਵ ਮੰਦਰ

2 ਤਰਖਾਣਾਂ ਦਾ ਇੱਕ ਗੋਤ।

ਰੰਗ ਲੱਗਾ ਹੋਇਆ ਹੈ। ਪਰਸਪਰ ਫਤ੍ਹੇ ਬੁਲਾਈ। ਬਚਨ ਕਰਨੇ ਲੱਗੇ। ਬੜੀ ਖੁਸ਼ੀ ਹੋਈ। ਮਾਮੇ ਹਰੀ ਸਿੰਘ ਕੋ ਗੁਰੂ ਜੀ ਬਚਨ ਕੀਤਾ ਅੱਗੇ ਤਾਂ ਪ੍ਰਸ਼ਾਦ ਵਰਤਾਂਵਦੇ ਹੁੰਦੇ ਸੀ, ਪ੍ਰਸ਼ਾਦ ਦਿਓ। ਮਾਮੇ ਜੀ ਕਹਿਆ ਜੀ ਮੈਂ ਹੁਣੇ ਲੈ ਆਉਂਦਾ ਹਾਂ। ਹੋਰ ਅਰਜ਼ ਕੀਤੀ ਜੀ ਗੁੜ ਫਰਿਆਦੀ ਹੋ ਗਿਆ ਸੀ ਪ੍ਰਮੇਸ਼ਰ ਪਾਸ ਜਿੱਧਰ ਮੈਂ ਜਾਂਦਾ ਹਾਂ ਓਧਰੇ ਈ ਮੈਨੂੰ ਖਾਣ ਨੂੰ ਪੈਂਦੇ ਹੈਂ। ਪ੍ਰਮੇਸ਼ਰ ਜੀ ਬਚਨ ਕੀਤਾ ਮੇਰਾ ਭੀ ਛਕਣ ਨੂੰ ਚਿਤ ਕਰਦਾ ਹੈ। ਬਚਨ ਕੀਤਾ ਲੈ ਆਓ ਗੁੜ ਪ੍ਰਸ਼ਾਦ। ਮਾਮਾ ਜੀ ਥਾਲੀ ਮੈ ਪਾਇਕੇ ਲੈ ਆਏ। ਜਾਂ ਵਰਤਾਵਣ ਲੱਗੇ ਮਾਮੀ ਨੇ ਆਪਣੀ ਨੂੰਹ ਨੂੰ ਲੱਤ ਲਾਇਕੇ ਹੌਲੀ ਜਿਹੀ ਕਹਿਆ ਕਿ ਤੂੰ ਭੀ ਜਾਇਕੇ ਪ੍ਰਸ਼ਾਦ ਮੰਗ। ਸ੍ਰੀ ਸਤਿਗੁਰੂ ਜੀ ਮਾਮੀ ਨੂੰ ਬਚਨ ਕੀਤਾ ਤੂੰ ਭੋਲੀ ਨੂੰ ਆਂਹਦੀ ਹੈਂ ਲੱਤ ਨਾਲ ਲੱਤ ਲਾਇਕੇ, ਪ੍ਰਸ਼ਾਦ ਮੰਗ ? ਅਸੀਂ ਨਹੀਂ ਦਿੰਦੇ ਹੈਂ।

ਭੋਲੀ ਨੇ ਸੰਕਲਪ ਕੀਤਾ ਜੋ ਮੈਨੂੰ ਕਿਓਂ ਨਹੀਂ ਦਿੰਦੇ ਹੈਂ ਪ੍ਰਸ਼ਾਦ? ਮੇਰੇ ਮਾਪਿਆਂ ਨੇ ਨਾ ਤਮਾਕੂ ਵਰਤਿਆ ਹੈ ਨਾ ਨੀਲ ਹੀ ਵਰਤਿਆ ਹੈ, ਨਾ ਕੁਸੁੰਭਾ ਵਰਤਿਆ ਹੈ। ਹੋਰ ਕੀ ਕਸੂਰ ਹੈ? ਬਚਨ ਕੀਤਾ ਗੁਰੂ ਜੀ, ਤਾਂ ਤੈਨੂੰ ਪ੍ਰਸ਼ਾਦ ਦੇਂਦੇ ਹੈਂ ਜੇਕਰ ਚੱਕੀ ਰੋਜ਼ ਪੀਹਣੀ ਮਨਜ਼ੂਰ ਕਰੇਂ। ਮਾਮੀ ਨਾ ਚੱਕੀ ਪੀਹੇ, ਤੂੰ ਪੀਹਿਆ ਕਰ। ਭੋਲੀ ਨੇ ਕਿਹਾ ਕਿ ਜੀ ਮੈਂ ਨਹੀਂ ਚੱਕੀ ਪੀਹਣ ਦਿੰਦੀ। ਸਾਰੇ ਈ ਕੰਮ ਕਰਾਂਗੀ। ਫੇਰ ਪ੍ਰਸ਼ਾਦ ਦੇ ਦੀਆ, ਛਕ ਲਿਆ ਭੋਲੀ ਨੇ। ਬੜੇ ਪ੍ਰਸੰਨ ਹੋਏ।

## ਖੋਟ ਕੱਢਿਆ

ਸਤਿਗੁਰੂ ਜੀ ਮਾਮੇ ਕੋ ਬਚਨ ਕੀਤਾ ਮਾਮਾ ਤੂੰ ਬੜਾ ਖੋਟਾ ਹੈਂ। ਮਾਮੇ ਜੀ ਕਿਹਾ ਮੈਂ ਕਿਵੇਂ ਖੋਟਾ ਹਾਂ? ਬਚਨ ਕੀਤਾ ਤੂੰ ਮਾਮੀ ਰਾਮ ਕੌਰ ਨੂੰ ਮਾਰਨ ਲੱਗ ਪੈਂਦਾ ਹੈ। ਮਾਮੇ ਨੇ ਕਹਾ ਜੀ ਮਜੂਰਾਂ ਰਾਜਾਂ[1] ਕੋ ਖ਼ਰਚਾ ਵਰਤਾਵਣ ਲੱਗਿਆਂ ਬੋਲ ਪੈਂਦੀ ਹੈ, ਤਾਂ ਮੈਂ ਭੀ ਮਾਰਦਾ ਹਾਂ। ਅੰਦਰ ਬੋਲੇ, ਬਾਹਰ ਨਿਕਲ ਕੇ ਨਾ ਬੋਲੇ। ਏਹੋ ਮੇਰੇ ਮੇਂ ਖੋਟ ਹੈ। ਸਤਿਗੁਰੂ ਜੀ ਬਚਨ ਕੀਤਾ ਲਿਆ ਤੇਰਾ ਖੋਟ ਕੱਢੀਏ। ਖੱਬੀ ਬਾਂਹ ਫ਼ੜਕੇ ਤਲੀ ਦੇ ਕੇ ਮਲੀ। ਉੱਤੇ ਹੱਥ ਮਾਰਕੇ ਧੱਫੇ ਵਾਂਗੂੰ, ਨਾਮ ਲੈ ਕੇ ਬਚਨ ਕੀਤਾ ਦੇਹ ਖ਼ਬਰਾਂ। ਮਾਮੇ ਜੀ ਕਹਿਆ ਤੂੰ ਤਾਂ ਮੈਨੂੰ ਹੌਲਿਆਂ ਫੂਲ ਵਾਂਗ ਕਰ ਦਿੱਤਾ ਹੈ। ਬਚਨ ਕੀਤਾ ਲਿਆ ਤੇਰਾ ਹੋਰ ਖੋਟ ਕੱਢੀਏ। ਬਾਂਹ ਫੜਕੇ ਉਹ ਹੀ ਫੇਰ ਮਲੀ। ਹੌਲਾ ਜਿਹਾ ਧੱਫਾ ਮਾਰ ਕੇ ਬਚਨ ਕੀਤਾ ਹੁਣ ਖ਼ਬਰ ਸੁਣਾਓ। ਮਾਮੇ ਜੀ ਕਹਿਆ ਮੈਨੂੰ ਤਾਂ ਅਕਾਸ਼ ਵਿਚ ਉੱਡਣ ਵਾਲਾ ਕਰ ਦਿੱਤਾ ਹੈ।

ਮਾਮੇ ਨੇ ਸਮਝਿਆ ਜੋ ਏਹ ਤਾਂ ਕੋਈ ਪੂਰਨ ਪੁਰਖ ਕਲਾ ਵਾਲੇ ਹੈਨ। ਫੇਰ ਲਾਹ ਕੇ ਚੱਕਰੀ ਚਲਾਈ ਸਤਿਗੁਰੂ ਜੀ। ਖਜਾਨ ਸਿੰਘ ਉਠਾਇ ਲਿਆਇਆ। ਚੱਕੀ ਪਰ ਦਾਣੇ ਪਏ ਸੀ, ਪੀਸਣ ਬੈਠੇ। ਕੁਝ ਗਾਲਾ[2] ਵਿਚ ਪਾਵਣ, ਕੁਝ ਖੂੰਜੇ ਮੈ ਸੁੱਟੇ, ਕੁਝ ਖਿੰਡਾਏ ਦੀਏ। ਭਾਂਡਾ ਖਾਲੀ ਕਰ ਕੇ ਰੱਖ ਦਿੱਤਾ। ਆਪ ਇਸ਼ਨਾਨ ਕਰਨ ਚਲੇ ਗਏ ਦਰਿਆਏ ਪਰ।

---

1 ਮਜ਼ਦੂਰਾਂ, ਮਿਸਤਰੀਆਂ।

2 ਪਿਸਣ ਲਈ ਚੱਕੀ ਵਿਚ, ਜਿੱਥੇ ਦਾਣੇ ਪੈਂਦੇ ਹਨ।

## ਤੇਰੀ ਰਜ਼ਾਇ

ਇਸ਼ਨਾਨ ਕਰਕੇ ਜੇੜ੍ਹੀਆਂ ਲੀਰਾਂ ਲੱਤਾਂ ਬਾਹਾਂ ਨੂੰ ਬੱਧੀਆਂ ਹੋਈਆਂ ਸੀ ਸੋ ਖੋਹਲ ਦਿੱਤੀਆਂ। ਜੋੜਾ ਧੋਇਕੇ ਗਿੱਲਾ ਈ ਕਛਹਿਰਾ, ਪਰਨੇ ਕੀ ਪੁਚਾੜਿੱਕੀ[1] ਮਾਰੀ ਹੋਈ, ਸੀਸ ਪਰ ਏਕ ਪਰਨਾ। ਨਾਮ ਕੀ ਮਸਤੀ ਮਸਤਕ ਪਰ ਦਿਸਦੀ ਹੈ। ਤੇਜ ਸਹਾਰਿਆ ਨਹੀਂ ਜਾਂਦਾ। ਏਕ ਮੁਸਲਮਾਨ ਨੇ ਭਜਨ ਮੰਗ ਕੇ ਲਿਆ। ਘਰ ਆਏ। ਮਾਮੀ ਜੀ ਪ੍ਰਸ਼ਾਦਾ ਬਣਾਉਂਦੇ ਹੈਂ, ਕੋਲ ਬੈਠ ਗਏ। ਬਚਨ ਕੀਤਾ ਮਾਮੀ ਪ੍ਰਸ਼ਾਦੇ ਤਾਂ ਸੋਹਣੇ ਬਣਾਉਂਦੀ ਹੈ ਮਾਨੋਂ ਖਰਾਦ ਕੇ ਲਾਹ ਕੇ ਰੱਖੇ ਹਨ।

ਪ੍ਰਸ਼ਾਦ ਛਕ ਕੇ ਬਚਨ ਕੀਤਾ ਕਿ ਬੜੇ ਗੱਡੇ ਗਏ ਹੈਨ। ਮਾਮੀ ਜੀ ਪੁੱਛਿਆ ਕਾਧੇ ਗੱਡੇ ਗਏ ਹੈਨ? ਸ੍ਰੀ ਸਤਿਗੁਰੂ ਜੀ ਬਚਨ ਕੀਤਾ ਬਿਪਤਾ ਕੇ ਗੱਡੇ ਗਏ ਹੈਨ। ਮਾਦਪੁਰੀਆਂ[2] ਨੂੰ ਗੱਡਾ ਭੇਜਿਆ ਹੈ। ਮਾਮੀ ਜੀ ਕਹਿਆ ਜੀ ਮਾਦਪੁਰੀਆਂ ਦਾ ਇਕੋ ਪੁੱਤ ਹੈ ਤਿਨ ਧੀਆਂ ਹੈਨ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਤੈਨੂੰ ਹੋਣਗੀਆਂ ਧੀਆਂ ਭੈਣਾਂ। ਮਾਮੀ ਜੀ ਕਹਿਆ ਤੇਰੀ ਰਜ਼ਾਇ, ਜਿਵੇਂ ਹੈ ਤਿਵੇਂ ਕਰੋ। ਮਾਮੀ ਨੇ ਕਹਿਆ ਜੱਸਾਂ ਕੇ ਬੇਟਾ ਪੈਦਾ ਹੋਇਆ ਸੀ, ਅੱਠਾਂ ਦਿਨਾਂ ਦਾ ਹੋਇਕੇ ਚੜ੍ਹ ਗਿਆ ਹੈ। ਬਚਨ ਹੋਇਆ ਤੂੰ ਗਈ ਸੈਂ? ਮਾਮੀ ਨੇ ਕਹਾ ਮੈਂ ਗਈ ਤਾਂ ਨਹੀਂ, ਤੂੰ ਚੱਲੇਂ ਤਾਂ ਚਲਦੀ ਹਾਂ। ਬਚਨ ਹੋਇਆ ਰਿਉੜੀਆਂ ਪ੍ਰਸ਼ਾਦ ਲੈ ਆਓ। ਰਿਉੜੀਆਂ ਲੈ ਆਏ।

## ਢੰਢਾਰੀ ਆਏ

ਢੰਢਾਰੀ ਮੇਂ ਭੈਣ ਰੂਪਾਂ ਸੀ, ਤਿਸਕੇ ਘਰ ਆਇ ਗਏ। ਭੈਣ ਨੂੰ ਭਰਾਉ ਦੇਖਕੇ ਮਾਨੋਂ ਚੰਦ੍ਰਮਾ ਚੜ੍ਹ ਪਿਆ। ਬੜੀ ਖੁਸ਼ੀ ਹੋਈ। ਜੇਹੜਾ ਦਰਸ਼ਨ ਕਰਨ ਆਉਂਦਾ ਹੈ ਉਸਨੂੰ ਰਿਉੜੀਆਂ ਪ੍ਰਸ਼ਾਦ ਦੇਈ ਗਏ। ਜਦ ਮੁਕ ਗਈਆਂ ਬਚਨ ਕੀਤਾ ਹੁਣ ਬਾਰੂਦ ਮੁਕ ਗਿਆ ਹੈ। ਰਾਤ ਗੁਜ਼ਰੀ ਦਿਨੇ ਤੁਰੇ।

## ਜੰਡਿਆਲੀ ਪਿੰਡ

ਜਾਂ ਜੰਡਾਲੀ ਕੀ ਜ਼ਮੀਨ ਮੈ ਗਏ ਤਾਂ ਚਿੱਟੀਆਂ ਜਿਹੀਆਂ ਮਟੀਲੀਆਂ ਬਣੀਆਂ ਹੋਈਆਂ ਸੀ। ਸ੍ਰੀ ਸਤਿਗੁਰੂ ਜੀ ਢਾਹ ਦਿੱਤੀਆਂ। ਜਾਂ ਪਿੰਡ ਦੇ ਕੋਲ ਆਏ ਤਾਂ ਲੋਕਾਂ ਨੇ ਕਿਹਾ ਕਿ ਤੈਨੇ ਮੜ੍ਹੀਆਂ ਕਿਉਂ ਢਾਹੀਆਂ ਹੈ? ਮਾਮੀ ਜੀ ਕਹਿਆ ਭਾਈ ਏਹ ਤਾ ਕਮਲਾ ਹੈ।

## ਰਾਮਦਾਸ ਪੁਰੇ ਪਹੁੰਚੇ

ਜਾਂ ਰਾਈਆਂ ਲੰਘੇ ਤਾਂ ਮਾਮੀ ਨੂੰ ਸਤਿਗੁਰੂ ਜੀ ਕਿਹਾ ਜੇ ਘਰ ਚੁਪ ਕੀਤੇ ਗਏ ਤਾਂ ਜੱਸਾਂ ਕਹੇਗੀ ਨਪੁੱਤੇ ਨੂੰ ਮੋਹ ਨਾ ਸੀ। ਚੁਪ ਕੀਤਾ ਘਰ ਆਇ ਵੜਿਆ ਹੈ ਬੱਚਾ ਪਿਟਿਆ। ਤਾਂ ਤੇ ਰੋਂਦੇ ਚਲੀਏ। ਜਾਂ ਤੂੰ ਕੂਕ ਮਾਰੇਂਗੀ ਤਾਂ ਮੈਂ ਵੀ ਨਾਲ ਹੀ ਮਾਰਾਂਗਾ। ਮਾਮੀ ਨੇ ਸੰਦਲੇ ਵਾਂਗੂ

1 ਕਪੜੇ (ਪਰਨੇ) ਨੂੰ ਸਰੀਰ ਤੇ ਵਲੇਟਣਾ

2 ਗੁਰੂ ਹਰੀ ਸਿੰਘ ਜੀ ਦਾ ਸਹੁਰਾ ਪਿੰਡ।

ਕਪੜਾ ਬੰਨ੍ਹ ਲਿਆ। ਪਹੇ ਕੀ ਬੀਚ ਤੁਰੇ ਆਉਂਦੇ ਮਾਮੀ ਨੇ ਕੂਕ ਮਾਰੀ। ਮਗਰ ਈ ਸਤਿਗੁਰੂ ਜੀ ਕੂਕ ਮਾਰੀ। ਲੋਕ ਗੋਡੀ ਕਰਦੇ ਸੇ। ਓਹਨਾਂ ਨੇ ਕਿਹਾ ਏਓ ਕੀ ਹੁੰਦਾ ਹੈ? ਮਰਦ ਬੁੱਢੀ ਦੋਵੇਂ ਈ ਰੋਂਦੇ ਹੈਂ। ਦੇਖਕੇ ਏਕ ਨੇ ਕਿਹਾ ਏਹ ਬੁੱਢੀ ਤਾਂ ਲੁਧਿਆਣੇ ਵਾਲੀ ਹੈ। ਏਹ ਏਸਦਾ ਦੋਹਤਾ ਹੈ। ਜੱਸਾ ਸਿੰਘ ਲੁਹਾਰ ਕਾ ਪੁਤ ਰਾਮ ਸਿੰਘ ਹੈ।

ਬਾਬਾ ਭੀ ਰਾਈਆਂ ਵਾਲੇ ਰਸਤੇ ਨੂੰ ਚਲਾ ਜਾਂਦਾ ਸੀ। ਦੂਰੋਂ ਈ ਕਹਿਣ ਲਗੇ ਬਾਬਾ ਜੱਸਾ ਤੇਰਾ ਪੁੱਤਰ ਆਇਆ ਹੈ। ਬਾਬਾ ਜੀ ਪੁੱਤਰ ਦੇ ਦਰਸ਼ਨ ਕਰਕੇ ਹਰੇ ਹੋਇ ਗਏ। ਜੋ ਚਿੰਤਾ ਸੀ ਸੋ ਦੂਰ ਹੋਈ। ਘਰ ਆਏ, ਬਚਨ ਬਲਾਸ ਕਰਨੇ ਲਗੇ। ਮਾਤਾ ਸਦਾ ਕੌਰ ਦੇਖਕੇ ਬੜੀ ਪ੍ਰਸੰਨ ਹੋਈ। ਰਾਤ ਸੁਖ ਸਾਂਤ ਨਾਲ ਕੱਟੀ। ਛੋਟੇ ਭਾਈ ਕੋ ਖੁਸ਼ੀਆਂ ਦਿੱਤੀਆਂ, ਬਚਨ ਬਿਲਾਸ ਸਭ ਕੀਤੇ।

## ਭਰਾਈਆਂ ਨੂੰ ਦਾਣੇ

ਅਗਲਾ ਦਿਨ ਹੋਇਆ ਤਾਂ ਦੋ ਭਰਾਈ[1] ਆਇ ਗਏ ਮੰਗਦੇ ਮੰਗਦੇ। ਜੱਸਾਂ ਜੀ ਜਲ ਭਰਨੇ ਗਈ ਸੀ। ਭਰਾਈਆਂ ਨੂੰ ਬਚਨ ਕੀਤਾ ਲਿਆਓ ਤੁਹਾਡੇ ਖਲੜੇ[2] ਭਰ ਦੇਈਏ। ਮੱਕੀ ਸੁਕਦੀ ਸੀ ਪਈ। ਫੜਕੇ ਪਲਿਆਂ ਥੀਂ ਉਨ੍ਹਾਂ ਦੇ ਖਲੜਿਆਂ ਮੈ ਪਾਇ ਦਿੱਤੀ। ਬਚਨ ਕੀਤਾ ਸ਼ਤਾਬੀ ਸੇ ਨਿਕਲ ਜਾਓ ਪਿੰਡੋਂ ਬਾਹਰ। ਜੋ ਦਾਣਿਆਂ ਦਾ ਮਾਲਕ ਹੈ ਆਇਕੇ ਤੁਹਾਥੋਂ ਖੋਹ ਲਵੇਗਾ। ਭਰਾਈ ਨੱਸ ਗਏ। ਜੱਸਾਂ ਜੀ ਘਰ ਮੇਂ ਆਈ ਜਲ ਲੈਕੇ। ਮਾਮੀ ਜੀ ਨੂੰ ਅਵਾਜ਼ਾ ਕੀਤਾ ਕੇ ਮੱਕੀ ਉੱਤੋਂ ਲਾਹ ਲਿਆਵੋ। ਮਾਮੀ ਜੀ ਕਹਿਆ ਤੂੰ ਉੱਤੇ ਆਓ। ਜਾਂ ਉੱਤੇ ਆਈ ਜੱਸਾਂ, ਤਾਂ ਮਾਮੀ ਜੀ ਹੌਲੀ ਜੇਹੀ ਕਹਿਆ ਕਿ ਦਾਣੇ ਤਾਂ ਸਾਰੇ ਈ ਭਰਾਈਆਂ ਕੋ ਦੇ ਦਿੱਤੇ ਹੈਨ। ਸੁਣ ਕੇ ਜੱਸਾਂ ਚੁਪ ਕਰ ਰਹੀ ਕਿ ਜੇ ਮੈਂ ਬੋਲੀ ਤਾਂ ਮੈਨੂੰ ਮਾਰੂਗਾ।

♦

1 ਨਿਗਾਹੀਏ ਪੀਰ ਦੀ ਉਸਤਤ ਗਾਉਣ ਵਾਲੀ ਜਾਤ।
2 ਚਮੜੇ ਦੇ ਬਣਿਆ ਹੋਇਆ ਥੈਲਾ।

# ਮਸਤਾਨੀ ਅਵਸਥਾ

ਪੋਹ ਮਹੀਨੇ ਕੇ ਮਸਤਾਨੇ ਹੋਏ ਹੋਏ ਸੀ। ਏਕ ਦਿਨ ਬਾਬੇ ਜੱਸਾ ਸਿੰਘ ਜੀ ਬਚਨ ਕੀਤਾ ਤੁਹਾਡੇ ਇਕ ਲੜਕਾ ਚਾਹੀਦਾ ਸੀ। ਸ੍ਰੀ ਸਤਿਗੁਰੂ ਜੀ ਅੱਕ ਕੀ ਜੜ ਲੈ ਕੇ ਕੁਤਰ ਦਿੱਤੀ। ਬਚਨ ਕੀਤਾ ਬਿੰਦੀ ਪੁੱਤਰ ਨਹੀਂ ਰੱਖਣੇ ਹੈਂ। ਨਾਦੀ ਪੁੱਤਰ ਪੈਦਾ ਕਰਨੇ ਹੈਨ।

## ਸਮਰੱਥ ਪੁਰਖ

ਸ੍ਰੀ ਸਤਿਗੁਰੂ ਜੀ ਏਕ ਜਨਾਨੀ ਸੇ ਪੁੱਛਿਆ ਜੱਸਾਂ ਦੇਖੀ ਹੈ? ਉਸਨੇ ਕਿਹਾ ਜੀ ਸੂਤ ਲਈ ਜਾਂਦੀ ਸੀ ਲਾਟੋਂ ਨੂੰ। ਸ੍ਰੀ ਸਤਿਗੁਰੂ ਜੀ ਜਾਣਾ ਤਾਂ ਲਾਟੋਂ ਨੂੰ ਸੀ ਪਰ ਚੱਕ[1] ਨੂੰ ਚਲੇ ਗਏ। ਸੁੱਖਾਂ ਚੱਕ ਦੀ ਸੀ। ਜਾਇਕੇ ਪੁੱਛਿਆ ਏਥੇ ਜੱਸਾਂ ਆਈ ਹੈ? ਕਹਾ ਕਿ ਨਹੀਂ ਆਈ ਹੈ। ਮੰਜੇ ਪਰ ਲਾਲ ਮਿਰਚਾਂ ਸੁਕਦੀਆਂ ਸੀ, ਉਸ ਪਰ ਬੈਠ ਗਏ। ਬਚਨ ਕੀਤਾ ਸੁੱਖਾਂ ਲੱਸੀ ਤਾਂ ਲਿਆਓ ਛਕੀਏ। ਛੋਟੀ ਸੀ, ਕੌਲੀ ਭਰ ਕੇ ਲੈ ਆਈ ਸੁੱਖਾਂ। ਮਿਰਚਾਂ ਦਾ ਫੱਕਾ ਮੂੰਹ ਮੈ ਪਾਇਕੇ ਚਬਾਇਕੇ ਉੱਤੋਂ ਲੱਸੀ ਛਕ ਲਈ। ਕੌਲੀ ਉਤਾਂਹਾਂ ਨੂੰ ਸੁੱਟਕੇ ਬੋਚ ਕੇ ਬਚਨ ਕੀਤਾ ਹੋਰ ਭਰ ਲੈ ਆਓ ਲੱਸੀ। ਫੇਰ ਮਿਰਚਾਂ ਛਕ ਕੇ ਲੱਸੀ ਛਕ ਲਈ। ਏਸੇ ਤਰ੍ਹਾਂ ਸੱਤ ਕੌਲੀਆਂ ਛਕੀਆਂ। ਸੁਣ ਦੇਖਕੇ ਲੋਕ ਕਹਿਣ ਲਗੇ ਇਹ ਕਾਰ ਤਾਂ ਸਮਰੱਥ ਪੁਰਖ ਹੀ ਕਰ ਸਕਦਾ ਹੈ। ਜੀਵ ਜੇਕਰ ਇਤਨੀਆਂ ਮਿਰਚਾਂ ਛਕੇ ਤਾਂ ਅਗਨੀ ਲੱਗ ਉੱਠਦੀ ਹੈ।

ਏਕ ਸਿਪਾਹੀ ਘੋੜੇ ਕਾ ਅਸਵਾਰ ਸੀ। ਢਾਲ ਤਲਵਾਰ ਲੱਗੀ ਹੋਈ ਸੀ। ਸਿਰ ਤੇ ਚੀਰਾ ਬੱਧਾ ਹੋਇਆ ਸੀ। ਏਕ ਜ਼ਿਮੀਂਦਾਰ ਕੇ ਕੋਲ ਆ ਖੜਾ ਹੋਇਆ। ਸਤਿਗੁਰੂ ਜੀ ਜ਼ਿਮੀਂਦਾਰ ਦੇ ਹੱਥੋਂ ਸੋਟੀ ਫੜ ਕੇ ਸਿਪਾਹੀ ਕੇ ਮਾਰੀ। ਪੁੜਪੁੜੀ ਮੈ ਜਾਇ ਲੱਗੀ। ਚੀਰਾ ਦੂਰ ਜਾਇ ਪਿਆ। ਆਪ ਭੀ ਧਰਤੀ ਪਰ ਡਿਗ ਗਿਆ। ਗੁਰੂ ਜੀ ਢੱਕੀ ਮੈ ਜਾਇ ਵੜੇ।

ਏਕ ਜ਼ਿਮੀਂਦਾਰ ਰਾਮਦਾਸ ਪੁਰੇ ਮੈ ਅਪਨੀ ਧੀ ਕੇ ਘਰ ਆਇਆ ਹੋਇਆ ਸੀ। ਕੋਠੇ ਪਰ ਸ੍ਰੀ ਸਤਿਗੁਰੂ ਜੀ ਖੜ੍ਹੇ ਹੈਂ। ਜ਼ਿਮੀਂਦਾਰ ਸਾਮ੍ਹਣੇ ਝਾਕਣ ਲੱਗਾ। ਉਸ ਵਕਤ ਚੱਕਰ ਸੀ ਹਾਥ ਮੇਂ, ਉਸ ਦੇ ਗਲ਼ ਨੂੰ ਐਸਾ ਨਿਸ਼ਾਨਾ ਮਾਰਿਆ ਗਲ਼ ਨੂੰ ਚੀਰਾ ਆਇ ਗਿਆ। ਬਚਨ ਕੀਤਾ ਖੜੋ ਤੇਰਾ ਗਲ਼ ਵੱਢਾਂ, ਕੁੜੀਆਂ ਵੇਚਣ ਵਾਲੇ ਦਾ। ਬਚਨ ਕੀਤਾ ਜਾਹ ਅਰਜ਼ੀ ਦੇ ਦੇ ਕਿ ਮੈਨੂੰ ਮਾਰਿਆ ਹੈ।

ਏਕ ਸਮੇਂ ਬਾਬੇ ਜੱਸਾ ਸਿੰਘ ਨੂੰ ਬਚਨ ਕੀਤਾ, ਕਿ ਮੇਰੇ ਉੱਤੇ ਪੈਰ ਧਰਿਆ ਸੀ ਭੰਗੂੜੀ ਪਰ ਪਏ ਹੋਏ ਦੇ। ਬਾਬੇ ਜੱਸਾ ਸਿੰਘ ਜੀ ਕਹਾ, ਜੀ ਮੈਂ ਭੁਲ ਗਿਆ ਸਾਂ। ਸਤਿਗੁਰੂ ਜੀ ਬਚਨ ਕੀਤਾ ਪਿਤਾ ਕਰਕੇ ਜਾਣ ਦਿੱਤਾ ਹੈ। ਏਕ ਸਮੇਂ ਦਰਬਾਰਾ ਸਿੰਘ, ਤਾਏ[2] ਕਾ ਪੁਤ ਭਰਾਓ ਲਗਦਾ ਸੀ, ਬਾਜਰੇ ਕੇ ਸਿੱਟੇ ਤੋੜ ਲਿਆਇਆ। ਸ੍ਰੀ ਸਤਿਗੁਰੂ ਜੀ ਕੋ ਫੜਾਉਣੇ ਲਗਾ। ਬਚਨ

1 ਸ੍ਰੀ ਭੈਣੀ ਸਾਹਿਬ ਨੇੜੇ ਦੀ ਦੋਵੇਂ ਪਿੰਡ ਹਨ, ਲਾਟੋਂ ਅਤੇ ਚੱਕ ਸਵਰਨ ਨਾਥ।
2 ਨੱਥਾ ਸਿੰਘ।

ਕੀਤਾ ਮੈਂ ਨਹੀਂ ਛਕਦਾ ਹਾਂ। ਪਰਾਏ ਖੇਤ ਦੇ ਕਦੇ ਭੀ ਨਾ ਲਿਆਵੋ। ਸਿੱਟੇ ਰਾਹੀ ਕੋ ਦੇ ਦਿੱਤੇ। ਦਰਬਾਰਾ ਸਿੰਘ ਨੇ ਆਗੇ ਕੋ ਨੇਮ ਪਾਇ ਦਿੱਤਾ ਪਰਾਈ ਚੀਜ਼ ਦਾ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਮਸਤਾਨਾ ਸੁਭਾਉ ਧਾਰਿਆ ਹੈ। ਸੱਚ ਸੁਣਾਉਂਦੇ ਹੈਂ। ਪਿੰਡ ਦੇ ਲੋਕਾਂ ਨੂੰ ਭੈ ਈ ਰਹਿੰਦਾ ਸੀ। ਉਹਨਾਂ ਕਹਿਣਾ ਜੱਸਾ ਸਿੰਘ ਲੁਹਾਰ ਦਾ ਪੁੱਤਰ ਰਾਮ ਸਿੰਘ ਕਮਲਾ ਹੋਇਆ ਫਿਰਦਾ ਹੈ, ਮਾਰਦਾ ਹੈ। ਜੈਸੇ ਕੇਹਰ[1] ਕਾ ਭੈ ਬਨ ਬਿਖੇ ਹੁੰਦਾ ਹੈ, ਸਭ ਮਿਰਗਾਵਲੀ ਡਰਦੀ ਹੈ ਤਿਸੀ ਤਰ੍ਹਾਂ ਘਟਾਂ ਕੇ ਮਾਲਕ ਨੇ ਸਭ ਨੂੰ ਭੈ ਪਾਇ ਛੱਡਿਆ ਹੈ। ਆਪ ਅਕਾਲ ਪੁਰਖ ਆਇਆ ਹੈ। ਜੇ ਕਿਸੇ ਨੂੰ ਕੋਈ ਬੋਲਾ ਪੁੱਛਣਾ ਤਾਂ ਉਸਦੇ ਓਸਾਨ[2] ਮਾਰੇ ਜਾਣੇ। ਆਗੇ ਸੇ ਬੋਲਿਆ ਨਾ ਸੀ ਜਾਂਦਾ। ਜਿਨ੍ਹਾਂ ਨੂੰ ਮਾਰਨਾ ਜਾਂ ਗਾਲ੍ਹ ਕੱਢਣੀ ਤਾਂ ਉਸਦੀ ਸੱਤਿਆ ਪਹਿਲੇ ਕੱਢ ਲੈਣੀ। ਆਗੇ ਸੇ ਕੋਈ ਨਾ ਸੀ ਬੋਲ ਸਕਦਾ। 'ਦੁਆਦਸ ਪੁਰਖ ਹੈ ਆਦਿ ਸੋ ਸਭਹਨ ਕੈ ਸਿਰਮੌਰ।[3]'

ਏਕ ਜ਼ਿਮੀਂਦਾਰ ਨੇ ਕਿਸੇ ਕੀ ਤੀਵੀਂ ਲੈ ਕੇ ਅੰਦਰ ਲੁਕਾਇ ਛੱਡੀ। ਜਿੱਥੇ ਬੈਠਾ ਸੀ ਲਈ, ਓਥੇ ਈ ਅੰਤਰਜਾਮੀ ਗੁਰੂ ਜੀ ਚਲੇ ਗਏ। ਪਹਿਲੇ ਤਾਂ ਮਾਰਿਆ। ਬਚਨ ਕੀਤਾ ਫਲਾਨੇ ਜ਼ਿਮੀਂਦਾਰ ਦੀ ਧੀ ਤੂੰ ਕੱਢਕੇ ਲੁਕਾਇ ਛੱਡੀ ਹੈ। ਚੋਰੀ ਯਾਰੀ ਥੀਂ ਤੁਸੀਂ ਹਟਦੇ ਨਹੀਂ ਹੋ।

ਏਕ ਜ਼ਿਮੀਂਦਾਰ ਸਲੰਘ[4] ਉਘਰ ਕੇ ਪਿਆ ਕਿ ਤੂੰ ਕਿਓਂ ਮਾਰਦਾ ਹੈਂ ਲੋਕਾਂ ਨੂੰ। ਉਸ ਪਰ ਸ੍ਰੀ ਸਤਿਗੁਰੂ ਜੀ ਤੇਜੀ ਕੇ ਨੇਤਰਾਂ ਨਾਲ ਦੇਖਿਆ ਤਾਂ ਸ਼ਹੀਦਾਂ ਨੇ ਫੜ੍ਹ ਲਿਆ। ਬੜਾ ਭੈ ਹੋਇਆ, ਥਰ-ਥਰ ਕੰਬੇ। ਫੇਰ ਮਿੰਨਤਾਂ ਕਰਨੇ ਲਗਾ ਜੀ ਮੈਨੂੰ ਬਖਸ਼ੋ, ਮੈਂ ਭੁਲ ਗਿਆ ਹਾਂ। ਭੁਲ ਜਾਂ ਬਖਸ਼ ਦਿੱਤੀ ਤਾਂ ਸ਼ਾਂਤ ਆਈ। ਉਸ ਜ਼ਿਮੀਂਦਾਰ ਕੋ ਸ਼ਹੀਦਾਂ ਛੱਡਿਆ ਤਾਂ ਜੇਹੜੀ ਮਾਰ ਗੁਪਤ ਪੈਂਦੀ ਸੀ ਸੋ ਹਟ ਗਈ। ਜੇਹੜਾ ਭੈ ਆਉਂਦਾ ਸੀ ਸੋ ਸਭ ਦੂਰ ਹੋਇਆ। ਏਸ ਸਾਂਗ ਕੋ ਦੇਖ ਸੁਣਕੇ ਸਭ ਬਹੁਤ ਭੈ ਕਰਨੇ ਲਗੇ। ਸਮਝਿਆ ਜੋ ਇਹ ਕੋਈ ਵੱਡਾ ਬਲਸ਼ਾਲੀ ਹੈ।

ਏਕ ਜ਼ਿਮੀਂਦਾਰ ਦੀ ਧੀ ਮੁਸਲਮਾਨ ਨਾਲ ਰਲ ਗਈ। ਬੇਧਰਮ ਕੀ ਬਾਰਤਾ ਅੰਤਰਜਾਮੀ ਗੁਰੂ ਜੀ ਦੇਖਕੇ ਬਚਨ ਕੀਤਾ ਓ ਬੁੱਧੂ, ਤੇਰੀ ਧੀ ਮੁਸਲਮਾਨ ਨਾਲ ਖ਼ਰਾਬ ਹੁੰਦੀ ਹੈ। ਤੂੰ ਕਿਓ ਨਹੀਂ ਉਸਨੂੰ ਸੌਹਰੀਂ ਭੇਜਦਾ ? ਲੋਕ ਭੀ ਹੈਰਾਨ, ਕਿ ਹੈ ਜ਼ਰੂਰ ਤੁਰਕ ਨਾਲ। ਤੁਰੰਤ ਸੌਹਰਿਆਂ ਨੂੰ ਭੇਜ ਦਿੱਤੀ।

ਏਕ ਦਿਨ ਦੱਸ ਸੇਰ ਦਾਣੇ ਸੇ ਘਰ ਮੇਂ। ਤਿੰਨ ਪਰਸ਼ਾਦੇ ਬਣਾਏ। ਏਤਨੇ ਮੇਂ ਨਾਂਗੇ ਆਏ ਗਏ ਮੰਗਦੇ। ਸ੍ਰੀ ਸਤਿਗੁਰੂ ਜੀ ਤਿੰਨੇ ਪਰਸ਼ਾਦੇ ਫੜਾਇ ਦਿੱਤੇ ਨਾਂਗਿਆਂ ਕੋ। ਜੱਸਾਂ ਜੀ ਕਹਿਆ ਇਕ ਕੁੜੀ ਲਈ ਤੇ ਰੱਖ ਲੈਂਦੇ। ਬਚਨ ਕੀਤਾ ਹੋਰ ਦਾਣੇ ਪੀਹ ਕੇ ਬਣਾਏ ਲੈ।

---

1 ਸ਼ੇਰ ।

2 ਹੋਸ਼, ਸੁਧ ਬੁਧ ।

3 ਗੁਰਿੰਡਨਾਮਾ

4 ਜ਼ਿਮੀਦਾਰਾਂ ਦੀ ਵਰਤੋਂ ਵਿੱਚ ਆਉਣ ਵਾਲਾ ਇੱਕ ਸੰਦ, ਜੋ ਤ੍ਰਿਸ਼ੂਲ ਦੀ ਸ਼ਕਲ ਦਾ ਹੁੰਦਾ ਹੈ

ਏਕ ਦਿਨ ਕੋਟ ਵਾਲਾ ਨਾਂਗਾ ਆਇਆ। ਚੰਗਾ ਸਾਧ ਸੀ ਰਿੱਧੀ ਸਿੱਧੀ ਵਾਲਾ। ਮੰਜਾ ਡਾਹ ਦਿੱਤਾ। ਬੜਾ ਆਦਰ ਕੀਤਾ। ਬਚਨ ਕੀਤਾ ਜੱਸਾਂ ਡੱਬਾ ਖੇਸ ਲਿਆਓ ਕਿੱਥੇ ਹੈ, ਨਾਂਗੇ ਨੂੰ ਦੇਈਏ। ਜੱਸਾਂ ਜੀ ਕਹਿਆ ਧੀ ਜੁਆਈ ਨੂੰ ਦੇਊਂਗੀ। ਜਾਂ ਜੱਸਾਂ ਜੀ ਆਸੇ ਪਾਸੇ ਹੋਈ ਤਾਂ ਪਟਾਰ ਵਿੱਚੋਂ ਕੱਢਕੇ ਲਿਆ ਕੇ ਖੇਸ ਨਾਂਗੇ ਕੋ ਦੇ ਦੀਆ।

ਸਰਬ ਲੋਕ ਭੈ ਕਰਦੇ ਹੈਂ ਵੱਡੇ ਨਿੱਕੇ। ਜੇਕਰ ਕਿਸੇ ਨੂੰ ਅਵਾਜ਼ਾ ਮਾਰਨਾ, ਜੇ ਖੜੋਇ ਜਾਏ, ਨਾ ਬੋਲੇ ਤਾਂ ਨਾ ਮਾਰਨਾ। ਜੇ ਬੋਲੇ ਤਾਂ ਮਾਰਨਾ। ਜਿਸਦੀ ਲਾਲ ਪਗੜੀ ਹੋਵੇ ਸੋ ਲਾਹ ਕੇ ਪਾੜ ਦੇਣੀ। ਜੇਕਰ ਹੁੱਕਾ ਲੈ ਕੇ ਸਾਮ੍ਹਣੇ ਦੀ ਕੋਈ ਲੰਘੇ ਤਾਂ ਮਾਰਨਾ। ਜੇ ਸਾਮ੍ਹਣੇ ਆਉਂਦੇ ਹੋਵਣ ਤਾਂ ਹੁੱਕਾ ਲੁਕਾਇਕੇ ਰਸਤਾ ਛੱਡ ਕੇ ਲੰਘ ਜਾਣਾ, ਕਿ ਮਾਰੂਗਾ। ਮਰਦ ਜਨਾਨਾ ਜਿਸਨੂੰ ਦਬਕਾ ਮਾਰਨਾ ਆਗੇ ਸੇ ਨੱਸ ਜਾਣਾ ਕਿ ਮਰੂਗਾ। ਬ੍ਰਾਹਮਣਾਂ ਨੂੰ ਪੰਮੇਂ ਕਹਿਕੇ ਬੁਲਾਵਣਾ।

ਮੂੰਡੀਆਂ ਮੈਂ ਭੂਆ ਜਿੰਦਾਂ ਰਹਿੰਦੀ ਸੀ। ਸ੍ਰੀ ਸਤਿਗੁਰੂ ਜੀ ਮੂੰਡੀਆਂ ਮੈ ਗਏ। ਪਾਂਚ ਛੇ ਮੁੰਡੇ ਨਾਲ ਲੈ ਗਏ ਤੇ ਬਚਨ ਕੀਤਾ ਚੱਲੋ ਦੁਰਾਨੀਆਂ ਕੋ ਮਾਰ ਆਵੀਏ। ਸਫ਼ਾਜੰਗ ਹਾਥ ਮੈ ਸੀ। ਅੱਕ ਆਇ ਗਏ ਅੱਗੇ। ਅੱਕ ਕੀ ਡਾਲੀ ਵੱਢ ਕੇ ਬਚਨ ਕੀਤਾ ਇਓਂ ਵੱਢਾਂਗੇ ਦੁਰਾਨੀਆਂ[1] ਕੋ। ਏਹ ਮਾਰ ਲੀਆ ਹੈ ਦੁਰਾਨੀ। ਨਾਲੇ ਮੁੰਡਿਆਂ ਕੋ ਬਚਨ ਕਰਨਾ ਤੁਸੀਂ ਭੀ ਮਾਰੋ। ਮੁੰਡਿਆਂ ਨੇ ਭੀ ਅੱਕ ਵੱਢਣੇਂ। ਹੋਰ ਕਈ ਨੱਸਣੇ ਭੱਜਣੇਂ ਕੀਆਂ ਖੇਡਾਂ ਕਰਨੀਆਂ।

## ਸਾਨੂੰ ਬਿੱਲੇ ਲੈ ਜਾਣਗੇ

ਅੰਤਰਜਾਮੀ ਗੁਰੂ ਜੀ ਸਿਆਣੇ ਨਾਲ ਸਿਆਣੇ ਬਚਨ ਕਰਨੇ, ਇਆਣੇ ਨਾਲ ਇਆਣੇ ਈ ਬਚਨ ਕਰਨੇ। ਸਭ ਲੜਕਿਆਂ ਕੋ ਅਨੰਦ ਪ੍ਰਸੰਨ ਹੀ ਰੱਖਣਾ। ਅਨੇਕ ਪ੍ਰਕਾਰ ਕੀ ਲੀਲਾ ਕਰਦੇ ਹੈਨ। ਰਾਤ ਨੂੰ ਬਿਰਾਜਦੇ ਨਾ ਥੇ। ਅੱਠੇ ਪਹਿਰ ਨਾਮ ਜੱਪਣ ਕਾ ਹੀ ਰਟਨ ਹੈ। ਆਪੇ ਹੀ ਖੁਸ਼ ਹੋਇਕੇ ਏਕ ਦਿਨ ਬਚਨ ਕੀਤਾ ਭਾਈ ਸਾਨੂੰ ਤਾਂ ਲੈ ਜਾਣਗੇ ਬਿੱਲੇ। ਕਈ ਚਿਰ ਓਧਰ ਰਹਾਂਗੇ। ਫੇਰ ਚਿਰਾਂ ਪਿੱਛੋਂ ਆਵਾਂਗੇ। ਚੜ੍ਹਕੇ ਮਲੇਛਾਂ ਕੋ ਮਾਰਾਂਗੇ। ਜਦ ਆਵਾਂਗੇ ਤਾਂ ਬਹੁਤ ਸੰਗਤ ਇਕੱਠੀ ਹੋਵੇਗੀ। ਛਤ੍ਰ ਕਾ ਦਰਸ਼ਨ ਹੋਓਗਾ। ਜ਼ੋਰ ਵਾਲਾ ਉੱਥੇ ਜਾਇਕੇ ਪੁੱਜੇਗਾ।

ਦੂਰੋਂ ਨੱਸਕੇ ਆਣਕੇ ਕੰਧ ਉੱਤੇ ਛਾਲ ਮਾਰ ਕੇ ਬੈਠ ਜਾਣਾ ਤੇ ਅੱਡੀਆਂ ਮਾਰਨੀਆਂ ਘੋੜੇ ਵਾਂਗੂੰ ਬੈਠਕੇ। ਨਾਲ ਦੇ ਮੁੰਡਿਆਂ ਨੇ ਹੌਲੀ ਹੌਲੀ ਤੁਰਨਾ, ਆਪ ਨੱਸਕੇ ਆਗੇ ਜਾਇਕੇ ਮੁੜ ਆਉਣਾ। ਬਚਨ ਕਰਨਾ ਤੁਸੀਂ ਢਿੱਲੇ ਘੋੜਿਆਂ ਵਾਲੇ ਹੋ। ਜੇਹੜਾ ਨਾ ਤੁਰੇ ਉਸਕੋ ਖਿੱਚਕੇ ਲੈ ਜਾਣਾ। ਇਕੱਠਾ ਕਰਕੇ ਰੇਤੇ ਤੇ ਰੋੜਾ ਮਾਰਨਾ ਨਿਸ਼ਾਨਾ। ਮੁੰਡਿਆਂ ਥੀਂ ਵੀ ਮਰਵਾਵਣਾ। ਫੇਰ ਸਫ਼ਾਜੰਗ ਨਾਲ ਉਸ ਢੇਰੀ ਨੂੰ ਢਾਹ ਕੇ ਬਚਨ ਕਰਨਾ ਢਾਹ ਦਿੱਤਾ ਹੈ ਬੁਰਜ ਸ਼ਰ੍ਹਾ ਦਾ। ਮੂੰਡੀਆਂ ਮੈ ਕਈ ਕਈ ਦਿਨ ਰਹਿ ਆਵਣਾ। ਮਾਤਾ ਜੱਸਾਂ ਜੀ ਡਰਦੀ ਰਹਿੰਦੀ ਸੀ ਕਿ ਮੈਨੂੰ ਮਾਰਨਗੇ। ਮੈਨੂੰ ਉੱਥੇ ਰੱਖੋ ਜਿੱਥੇ ਮੈਨੂੰ ਬੋਲਾ ਸੁਣੀਦਾ ਰਹੇ। ਸ੍ਰੀ ਸਤਿਗੁਰੂ ਜੀ ਕੀ ਮੂਰਤੀ ਪਰ ਬਹੁਤ ਭਰੋਸਾ ਸੀ।

---

1 ਸੱਦੇਜ਼ਾਈ (ਅਬਦਾਲੀ) ਪਠਾਣ।

## ਸਮਾਧੀ ਮੈ ਦਰਸ਼ਨ

ਛੋਟੀ ਅਵਸਥਾ ਥੀਂ ਲੈ ਕੇ ਲੋਕ ਅਦਬ ਕਰਦੇ ਹੈਂ ਤੇ ਭੈ ਮੰਨਦੇ ਹੈਂ। ਏਹੋ ਈ ਸਮਝਣਾ ਜੋ ਬੜਾ ਬੰਦਗੀ ਵਾਲਾ ਸਾਧ ਹੈ। ਕਲਾ ਧਾਰ ਬੈਠਾ ਹੈ। ਜੋ ਮੁੱਖ ਸੇ ਬਚਨ ਕਰਦੇ ਹੈਂ ਸੋ ਪੂਰਾ ਹੁੰਦਾ ਹੈ। ਨਾਮ ਕੀ ਮੂਰਤ ਹੈ। ਜੋ ਦਰਸ਼ਨ ਕਰਦਾ ਹੈ ਸੋ ਮੋਹਿਆ ਜਾਂਦਾ ਹੈ। ਸਭ ਦਲੀਲਾਂ ਦੂਰ ਹੋਇ ਜਾਂਦੀਆਂ ਹਨ। ਪਰਮੇਸ਼ਰ ਕਾ ਨਾਮ ਚਿੱਤ ਆਉਂਦਾ ਹੈ।

ਉਸ ਸਮੇਂ ਸਾਧ ਹੁੰਦੇ ਸੇ, ਸਮਾਧੀਆਂ ਲਾਵਣੀਆਂ। ਗੁਰੂ ਬਾਰ੍ਹਵੇਂ ਜੀ ਕਾ ਦਰਸ਼ਨ ਕਰਨਾ ਸਮਾਧੀ ਮੈ। ਏਕ ਸਾਧ ਸੈਦੋਂ[1] ਮੈ ਸਰਨਦਾਸ ਥਾ। ਕਹਿਆ ਕਰੇ ਕਿ ਗੁਰੂ ਪ੍ਰਗਟ ਹੋਇਆ ਹੈ। ਧਰਮ ਵਰਤੇਗਾ। ਮੈਨੂੰ ਸਮਾਧੀ ਮੇਂ ਦਰਸ਼ਨ ਹੁੰਦਾ ਹੈ। ਸੰਤ ਖਾਲਸਾ ਪ੍ਰਗਟ ਕਰਨਗੇ। ਚਾਰ ਅੱਖਰਾ ਮੰਤਰ ਵਰਤਾਵਣਗੇ। ਇਕ ਦੁਆਬੇ ਰਣੀਏ ਕਾ ਸਾਧ ਸੀ। ਉਸਨੇ ਭੀ ਏਉਂ ਈ ਬਚਨ ਕਰਨਾ ਬੜਾ ਬਲੀ ਪੂਰਨ-ਪੁਰਖ ਪੈਦਾ ਹੋਇਆ ਹੈ। ਨਾਮ ਕਾ ਕੜਛਾ ਵਰਤਾਵਣਗੇ।

## ਦਾਨਾ ਰੂਪ ਧਾਰਿਆ

ਨੌਕਰੀ ਥੀਂ ਆਇਕੇ ਬਾਰ੍ਹਾਂ ਮਹੀਨੇ ਤਾਂ ਬੜੇ ਮਸਤਾਨੇ ਰਹੇ ਫੇਰ ਦਾਨਾ[2] ਰੂਪ ਧਾਰਿਆ ਸ੍ਰੀ ਸਤਿਗੁਰੂ ਜੀ। ਫੇਰ ਖੇਤੀ ਕੀ ਜੁਗਤ ਕਰਨੇ ਲਗੇ। ਹੋਰ ਤਾਂ ਕੁਝ ਬੀ ਨਾ ਸੀ ਘਰ ਵਿਚ, ਏਕ ਤੰਦੀਰਾ[3] ਹੱਸ ਸੀ ਜੱਸਾਂ ਕਾ ਤੇ ਏਕ ਨੱਥ। ਦੋਵੇਂ ਵੇਚ ਕੇ ਦੋ ਬੈਲ ਲੈ ਆਂਦੇ। ਪਹਿਲੇ ਦੋ ਬਰਸ ਸੁੱਖੂ ਨਾਲ ਖੇਤੀ ਕੀਤੀ, ਫੇਰ ਖੇਮੇਂ ਨਾਲ ਕੀਤੀ। ਕਮਾਦ[4] ਵੀ ਬੀਜਿਆ। ਸੱਕਰ ਸਤਿਗੁਰੂ ਜੀ ਕੇ ਹੱਥੋਂ ਬੂਰੇ ਵਰਗੀ ਪੈਂਦੀ ਸੀ। ਚਰਸ[5] ਭੀ ਫੜ੍ਹਿਆ।

## ਮੈਂ ਕਿਉਂ ਕਹਿਣਾ ਸੀ

ਏਕ ਸਮੇਂ ਨਾਂਗੇ ਆਇ ਉੱਤਰੇ। ਪਿੰਡ ਦੇ ਕਿਸੇ ਨੇ, ਨਾ ਪਰਸ਼ਾਦਾ ਪੁੱਛਿਆ। ਸ੍ਰੀ ਸਤਿਗੁਰੂ ਜੀ ਨਾਂਗਿਆਂ ਕੋਲ ਆਇਕੇ ਸਾਰਾ ਈ ਆਟਾ ਪਲਟ ਦਿੱਤਾ। ਸਾਰੀ ਈ ਦਾਲ ਪਲਟ ਦਿੱਤੀ। ਆਪ ਖੂਹ ਪਰ ਕਿੱਲੀਆਂ ਲਾਵਣ ਲੱਗੇ। ਜੱਸਾਂ ਆਈ ਤਾਂ ਤੀਵੀਆਂ ਨੇ ਕਹਿਆ ਕਿ ਸਾਰਾ ਈ ਆਟਾ ਦਾਲ ਨਾਂਗਿਆਂ ਨੂੰ ਪਲਟ ਦਿੱਤਾ ਹੈ। ਜੱਸਾਂ ਜੀ ਗਈ। ਜਾਇਕੇ ਕਹਿਣੇ ਲਗੀ ਸਾਰਾ ਆਟਾ ਸਾਧੂਆਂ ਨੂੰ ਦੇ ਆਏ ਹੋ ਰਾਤ ਨੂੰ ਕੀ ਬਣਾਵਾਂਗੀ? ਕਿੱਲੀ ਲਾਂਵਦੇ ਸੇ, ਕਿੱਲੀ ਤਾਂ ਵਿੱਚੇ ਈ ਛੱਡ ਦਿੱਤੀ ਤੇ ਜੱਸਾਂ ਕੋ ਮਾਰਨ ਨੂੰ ਆਏ। ਜੱਸਾਂ ਜੀ ਨੱਸਕੇ ਘਰ ਆਇਕੇ ਦੇਖੇ ਤਾਂ ਸਾਰੇ ਈ ਭਾਂਡੇ ਭਰੇ ਪਏ ਹੈਂ। ਦੇਖਕੇ ਪਛਤਾਈ ਕਿ ਮੈਂ ਕਿਓਂ ਕਹਿਣਾ ਸੀ ਜਾਇਕੇ।

---

1 ਜ਼ਿਲ੍ਹਾ ਫ਼ਿਰੋਜ਼ਪੁਰ।

2 ਗੰਭੀਰ, ਸੂਝਵਾਨ।

3 ਗਲ਼ੇ ਵਿੱਚ ਪਾਉਣ ਵਾਲਾ ਜਨਾਨਾ ਗਹਿਣਾ।

4 ਗੰਨਾ।

5 ਪਸ਼ੂਆਂ ਦੀ ਜੋਗ ਨਾਲ ਭੌਣੀ ਦੀ ਲੱਜ ਖਿੱਚ ਕੇ ਖੂਹ ਵਿਚੋਂ ਪਾਣੀ ਖਿੱਚਣ ਵਾਲਾ ਚਮੜੇ ਦਾ ਬੋਕਾ ।

ਇਕ ਦਿਨ ਬਾਹਰੋਂ ਭਜਨ ਕਰਕੇ ਆਏ ਤਾਂ ਏਕ ਜ਼ਿਮੀਂਦਾਰ ਬੀਮਾਰ ਥਾ, ਰਾਤ ਕੋ ਉਸਦੀ ਖ਼ਬਰ ਨੂੰ ਗਏ। ਉਸਦੀ ਔਰਤ ਕਹੇ ਕਿੱਥੇ ਫਿਰਦਾ ਹੈ, ਰਾਤ ਨੂੰ ਸੌਣ ਭੀ ਨਹੀਂ ਦਿੰਦਾ ਹੈ। ਸਗੋਂ ਇਹ ਨਾ ਕਹੇ ਸ਼ੁਕਰ ਹੈ ਮੇਰੇ ਘਰ ਆਪੇ ਆਏ ਹੈਂ।

## ਏਹੁ ਆਪ ਪ੍ਰਮੇਸਰ ਹੈ

ਏਕ ਸਮੇਂ ਸ੍ਰੀ ਸਤਿਗੁਰੂ ਜੀ ਮੱਕੀ ਦੀ ਗੋਡੀ ਕਰਦੇ ਸੇ। ਏਕ ਸਾਧ ਬਾਵਰੀਆਂ ਵਾਲਾ ਆਇਆ। ਰੋਣ ਲੱਗ ਪਿਆ। ਉਸ ਸਮੇਂ ਤਾਂ ਚਲਾ ਗਿਆ, ਕਿਸੇ ਨਾ ਬੁਲਾਇਆ। ਦੂਏ ਸਾਲ ਫੇਰ ਮੱਕੀ ਕੀ ਗੋਡੀ ਕਰਦੇ ਸੇ, ਆਇਆ। ਫੇਰ ਰੋਣ ਲੱਗਾ। ਕੋਲੋਂ ਇਕਨੇ ਕਿਹਾ ਤੂੰ ਰੋਂਦਾ ਕਿਉਂ ਹੈਂ? ਪਰ ਭੀ ਰੋਂਦਾ ਸੈਂ। ਉਸ ਸਾਧ ਨੇ ਕਹਾ ਏਹ ਜੇਹੜਾ ਤੁਹਾਡੇ ਨਾਲ ਮੱਕੀ ਗੁਡਦਾ ਹੈ ਏਹੁ ਆਪ ਪ੍ਰਮੇਸਰ ਹੈ। ਜਾਂ ਮੁੜਨ ਲੱਗਾ ਤਾਂ ਸਤਿਗੁਰੂ ਜੀ ਅੱਗੇ ਤੋੜੀਂ ਨਾਲ ਹੀ ਗਏ। ਜੋ ਬਚਨ ਉਸਦੇ ਨਾਲ ਕੀਤੇ ਕੁਛ ਖ਼ਵਰ ਨਹੀਂ।

## ਮਹਾਰਾਜ ਬੁੱਧ ਸਿੰਘ ਜੀ

ਦੂਏ ਭਾਈ ਬੁੱਧ ਸਿੰਘ ਬੁੱਧ ਦੇਨੇ ਵਾਲੇ ਹੈਂ। ਨਾਲੇ ਖੇਤੀ ਕਰਨੀ, ਨਾਲੇ ਗੱਡਾ ਸੀ। ਜਿੱਧਰੋਂ ਸਸਤਾ ਹੋਵੇ ਉੱਧਰੋਂ ਲੈ ਕੇ ਸਮਾਨ, ਜਿੱਧਰ ਮਹਿੰਗਾ ਹੋਵੇ ਓਧਰ ਵੇਚ ਆਉਣਾ। ਇਕ ਸਰੀਰ ਨਾਲ ਰੱਖਣਾ ਜਾਂ ਗੱਡਾ ਮੁਸਾਫ਼ਰੀ ਤੁਰਨਾ। ਨਾਲੇ ਅਹਿਰਣਹਾਲੀ[1] ਭੀ ਤਾਉਂਦੇ ਹੈਂ। ਫਾਲਾ ਰੰਬਾ[2] ਬੀ ਚੰਡਦੇ ਹੈਂ। ਹੋਰ ਨਿੱਕੇ ਸੰਦ ਕਈ ਬਣਾਏ ਛੱਡਣੇ। ਘਰ ਮੈ ਈ ਵਿਕ ਜਾਣੇ। ਪੰਜਾਂ ਸਰੀਰਾਂ ਕਾ ਕੰਮ ਸੀ ਜੇਹੜਾ ਤੋਰੀ ਫਿਰਦੇ ਹੈਨ ਸਹਿਜ ਸੁਭਾਉ ਈ। ਗਊ ਯਾ ਭੈਂਸ ਭੀ ਰੱਖਣੀ। ਵਿਚੋਂ ਹੀ ਘਾਸ ਭੀ ਲੈ ਆਉਣਾ ਖੋਤ ਕੇ। ਦੋ ਬੈਲ ਸੇ, ਤਿਨ੍ਹਾਂ ਕੀ ਬੜੀ ਸੇਵਾ ਕਰਨੀ। ਰਾਜੀ ਰੱਖਣੇ, ਲਿੱਸੇ ਨਾ ਹੋਣ ਦਿੰਦੇ।

ਏਕ ਸਮੇਂ ਮਹਾਰਾਜ ਬੁੱਧ ਸਿੰਘ ਜੀ ਫ਼ਿਰੋਜ਼ਪੁਰੇ ਗਏ ਗੱਡਾ ਲੈ ਕੇ। ਇਕ ਸਰੀਰ ਹੋਰ ਨਾਲ ਸੀ। ਅੱਗੇ ਚੋਰ ਆਇ ਪਏ। ਛੁਰਾ ਗੱਡੇ ਕੇ ਬੀਚ ਆਨ ਮਾਰਿਆ। ਮਹਾਰਾਜ ਜੀ ਲਲਕਾਰਾ ਮਾਰਿਆ। ਉੱਤਰ ਕੇ ਪਟ ਤੋਂ ਤਾਂ ਮਗਰ ਭੱਜੇ ਚੋਰ ਦੇ। ਨੱਸ ਗਿਆ ਚੋਰ। ਫੇਰ ਪਟ ਪਰ ਬੈਠੇ। ਬੈਲ ਹਿੱਕੀ ਜਾਂਦੇ ਹੈਂ। ਨੇਤਰ ਸਮਾਧੀ ਮੈ ਹੋਇ ਗਏ ਤੇ ਮਹਾਰਾਜ ਜੀ ਹੇਠਾਂ ਡਿੱਗੇ। ਦੋਨੋਂ ਪਾਸਿਆਂ ਸੇ ਦੋਨੋਂ ਪਹੀਏ ਲੰਘ ਗਏ, ਵਿਚਾਲੇ ਮਹਾਰਾਜ ਜੀ। ਰੱਖੇ ਕਰਤਾਰ ਨੇ, ਕਿਰਪਾ ਕਰੀ। ਗੱਡਾ ਅੱਗੇ ਲੰਘ ਗਿਆ।

ਏਕ ਸਮੇਂ ਸ੍ਰੀ ਸਤਿਗੁਰੂ ਜੀ ਛੋਟੇ ਭਾਈ ਕੋ ਬਚਨ ਕੀਤਾ ਭਾਈ ਪਿਛਲੇ ਜਨਮ ਮੇਂ ਮੈਂ ਤੇ ਤੂੰ ਦੋਵੇਂ ਭਾਈ ਸੇ। ਤੇਰੇ ਕੇਸ ਸਾਰੇ ਈ ਉੱਖੜ ਗਏ ਤਾਂ ਜੋਤਸ਼ੀਆਂ ਸੇ ਪੁੱਛਿਆ। ਜੋਤਸ਼ੀਆਂ ਕਿਹਾ ਜੇ ਤੁਸੀਂ ਜੱਗ ਕਰਾਓ ਤਾਂ ਬ੍ਰਹਮ ਹੱਤਿਆ ਲਹਿੰਦੀ ਹੈ। ਫੇਰ ਅਸਾਂ ਦੋਨਾਂ ਭਾਈਆਂ ਨੇ ਬੜੇ ਜੱਗ ਕੀਤੇ ਤਾਂ ਤੇਰੇ ਸੀਸ ਤੇ ਕੇਸ ਆਏ।

---

1 ਲੋਹੇ ਦਾ ਭਾਰਾ ਚੌਰਸ ਟੁਕੜਾ, ਜਿਸ ਉੱਪਰ ਲੋਹੇ ਨੂੰ ਕੱਟਣ-ਵੱਢਣ ਦਾ ਲੁਹਾਰ ਕੰਮ ਕਰਦਾ ਹੈ।

2 ਖੇਤੀ ਦੇ ਸੰਦ।

ਮਹਾਰਾਜ ਜੀ ਬਚਨ ਕੀਤਾ ਕਿ ਮੇਰਾ ਇਹ ਸੁਭਾਉ ਸੀ ਕਿ ਜੋ ਸਤਿਗੁਰੂ ਰਾਮ ਸਿੰਘ ਜੀ ਬਚਨ ਕਰਨ ਸੋ ਮੰਨਣਾ। ਮੈਂ ਉਹਨਾਂ ਨੂੰ ਕਿਸੇ ਵਿਹਾਰ ਦਾ ਬੋਲਾ ਨਾ ਕਹਿਣਾ, ਆਪ ਕਰ ਲੈਣਾ। ਜੋ ਬਚਨ ਕਹਿਣ ਸਤਿਗੁਰੂ ਜੀ ਸੋਈ ਕਰਨਾ। ਉਲਟਾਉਣਾ ਨਹੀਂ। ਭੈ ਰੱਖਣਾ, ਅਦਬ ਰੱਖਣਾ। ਹਰ ਤਰ੍ਹਾਂ ਸੇ ਡਰਦੇ ਰਹਿਣਾ।

## ਹਮੀਰੇ ਜ਼ਿਮੀਂਦਾਰ ਨੂੰ ਸਰਾਪ

ਨਿੱਕੀਆਂ ਨਿੱਕੀਆਂ ਤਿੰਨ ਕੋਠੜੀਆਂ ਸੀਆਂ। ਇਕ ਵਿਚ ਛੋਟੇ ਭਾਈ ਤੇ ਇਕ ਵਿਚ ਵੱਡੇ ਭਾਈ। ਇਕ ਵਿਚ ਅਹਿਰਨ ਗਡੀ ਸੀ। ਥੋੜੀ ਜਗ੍ਹਾ ਸੀ ਤੇ ਸੁਖ ਨਾਲ ਟੱਬਰ ਜ਼ਿਆਦਾ ਹੁੰਦਾ ਗਿਆ। ਹੋਰ ਜਗ੍ਹਾ ਪੌਣ ਕੀ ਸਲਾਹ ਕੀਤੀ। ਸੁਲਤਾਨਸਰ ਜੋ ਲੈਂਦੇ ਵੱਲ ਛੱਪੜ ਹੈ, ਪਰ ਇੱਟਾਂ ਪੱਥੀਆਂ। ਜਾਂ ਢੋਇ ਢੋਇ ਕੇ ਢੇਰ ਲਗਾਇਆ ਤਾਂ ਪਿੰਡ ਕਾ ਜ਼ਿਮੀਂਦਾਰ ਸੀ ਹਮੀਰਾ, ਉਸ ਨੇ ਕਿਹਾ ਕਿ ਮੈਂ ਨਹੀਂ ਪੈਣ ਦੇਣੀਂ ਹੈ ਕੋਠੜੀ। ਮੀਂਹ ਪੈ ਕੇ ਹਟਿਆ ਸੀ, ਪਾਣੀ ਭਰਿਆ ਹੋਇਆ ਸੀ। ਕੋਲੋਂ ਸ੍ਰੀ ਸਤਿਗੁਰੂ ਜੀ ਤਿੰਨ ਇੱਟਾਂ ਚੁਕ ਕੇ ਪਾਣੀ ਮੈ ਸੁੱਟੀਆਂ ਤੇ ਬਚਨ ਕੀਤਾ ਜਿਵੇਂ ਇਹ ਇੱਟਾਂ ਗ਼ਲਨਗੀਆਂ ਤਿਸੇ ਤਰ੍ਹਾਂ ਤੂੰ ਗ਼ਲੇਂਗਾ। ਹੁਕਮ ਦਿੱਤਾ ਕਿ ਇੱਟਾਂ ਨਹੀਂ ਕਿਸੇ ਚੁਕਣੀਆਂ।

## ਰਾਈਆਂ ਵਿੱਚ ਖੇਤੀ

ਸ੍ਰੀ ਸਤਿਗੁਰੂ ਜੀ ਰਾਈਆਂ ਚਲੇ ਗਏ। ਜਿਉਣ ਸਿੰਘ ਨੰਬਰਦਾਰ ਦੇ ਨਾਲ ਜਾ ਕੇ ਖੇਤੀ ਕੀਤੀ। ਪਹਿਲੇ ਸੌਣੀ[1] ਬੀਜੀ ਜਾਇਕੇ। ਇਕ ਬੈਲ ਸੀ ਕੋਲ। ਬਚਨ ਕੀਤਾ ਇਹ ਤੱਖੀ ਨਾਗ[2] ਹੈ, ਨੱਥ ਕੇ ਵੱਸ ਕੀਤਾ ਹੈ। ਬਚਨ ਕੀਤਾ ਦੀਦਾਰ ਸਿੰਘ ਮੇਰੇ ਵੈੜ੍ਹਕੇ[3] ਕੋ ਨਹੀਂ ਮਾਰਨਾ। ਏਹ ਸਾਧ ਹੈ।

ਇਕ ਦਿਨ ਬੀਬੀ (ਨੰਦਾਂ) ਭਾਜਾ[4] ਤੋੜ ਲਿਆਈ। ਸਤਿਗੁਰੂ ਜੀ ਪੁੱਛਿਆ ਕੀਹਦੇ ਖੇਤ ਦਾ ਆਂਦਾ ਹੈ? ਬੀਬੀ ਨੇ ਕਿਹਾ ਚੜ੍ਹ ਸਿੰਘ ਦੇ ਖੇਤ ਦਾ ਆਂਦਾ ਹੈ। ਮੈਨੂੰ ਕੁੜੀਆਂ ਨਾਲ ਲੈ ਗਈਆਂ ਸੀ। ਸਤਿਗੁਰੂ ਜੀ ਬਚਨ ਕੀਤਾ ਉਸ ਦੇ ਘਰ ਮੋੜ ਕੇ, ਦੇ ਆਓ। ਬੀਬੀ ਚੜ੍ਹ ਸਿੰਘ ਕੇ ਘਰ ਦੇ ਆਈ। ਚੜ੍ਹ ਸਿੰਘ ਝੋਲੀ ਵਿੱਚ ਪਾਇਕੇ ਲਿਆਇਆ ਭਾਜਾ, ਅਰ ਕਹਿਣ ਲੱਗਾ ਜੀ ਇਹ ਭੀ ਰੱਖੋ ਤੇ ਹੋਰ ਭੀ ਲੈ ਆਇਆ ਕਰੇ ਕੁੜੀ। ਬਚਨ ਕੀਤਾ ਬੀਬੀ ਨੂੰ, ਕਿ ਜੇਕਰ ਤੈਨੂੰ ਸੱਦ ਕੇ ਲੈ ਜਾਣ ਤਾਂ ਜਾਈਂ।

ਇਕ ਨਾਲ ਸੀਰੀ ਥਾ। ਉਸਨੇ ਸ੍ਰੀ ਸਤਿਗੁਰੂ ਜੀ ਕੋ ਕਹਾ ਕਿ ਕਿਓਂ ਬਕਰੀ ਵਾਂਗੂੰ ਸਾਰਾ ਦਿਨ ਮੂੰਹ ਮਾਰੀ ਜਾਂਦਾ ਹੈਂ ? ਬ੍ਰਾਹਮਣ ਥਾ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਕਿਓਂ

---

1 ਅਕਤੂਬਰ ਨਵੰਬਰ ਵਿਚ ਪੱਕਣ ਵਾਲੀ ਫਸਲ।

2 ਪੁਰਾਣਿਕ ਕਥਾ ਅਨੁਸਾਰ ਸੱਪਾਂ ਦਾ ਰਾਜਾ।

3 ਬਲਦ।

4 ਸਬਜੀ।

ਬਕਦਾ ਹੈਂ ? ਥੋੜੇ ਦਿਨਾਂ ਮੈ ਦੋ ਮੁੰਡੇ ਮਰ ਗਏ। ਫੇਰ ਆਪ ਮਰ ਗਿਆ। ਊਤ ਕਾ ਊਤ ਈ ਗਿਆ। ਇਕ ਹੋਰ ਸੀਰੀ ਥਾ, ਉਸਨੂੰ ਬਚਨ ਕੀਤਾ ਸੁੱਜਿਆ ਕਿਓਂ ਰਹਿੰਦਾ ਹੈਂ ? ਦੂਏ ਮਹੀਨੇ ਸੁਜ ਕੇ ਮਰ ਗਿਆ। ਸੀਰੀ ਚਾਰ ਸੇ। ਚੌਥੇ ਕਾ ਨਾਮ ਭੀ ਰਾਮ ਸਿੰਘ ਸੀ। ਉਸਨੇ ਜਦ ਸੱਦਣ ਆਉਣਾ ਤਾਂ ਬੜੇ ਅਦੱਬ ਨਾਲ ਸੱਦਣਾ। ਭਾਈ ਸਾਹਿਬ ਕਰਕੇ ਸੱਦਣਾ। ਜਾਂ ਦੇਖਣਾ ਜਾਇਕੇ ਸਾਂਝੀ ਨੇ ਤਾਂ ਬੈਠੇ ਭਜਨ ਈ ਕਰਦੇ ਹੈਂ।

## ਮੁੜ ਰਾਮਦਾਸ ਪੁਰੇ ਆਏ

ਹਮੀਰਾ ਜ਼ਿਮੀਂਦਾਰ ਜਿਸਨੇ ਇੱਟਾਂ ਅਟਕਾਈਆਂ ਸੀ, ਜੁਆਲਾ ਜੀ ਕਾ ਦਰਸ਼ਨ ਕਰਨ ਗਿਆ। ਓਧਰੋਂ ਹੀ ਫਰੰਗ[1] ਹੋ ਕੇ ਆਇਆ ਅਰ ਸਤਿਗੁਰੂ ਜੀ ਕੇ ਸਰਾਫ ਸੇ ਗਲ਼ ਕੇ ਮਰ ਗਿਆ। ਲਹਿਣਾ ਸਿੰਘ[2] ਨੇ ਸੋਚਿਆ ਜੋ ਮੇਰੇ ਤਾਂ ਗੁਰੂ ਹੈਂ, ਉਨ੍ਹਾਂ ਕੋ ਇਥੇ ਲਿਆਂਦਾ ਚਾਹੀਏ। ਹੋਰਨਾਂ ਭੀ ਨੰਬਰਦਾਰਾਂ ਨੇ ਵਿਚਾਰਿਆ ਜੋ ਐਸੇ ਸੰਤ ਆਪ ਪਿੰਡ ਵਿੱਚੋਂ ਗਏ ਹੈਂ। ਬੰਦਗੀ ਕਰਦੇ ਸੇ, ਪਿੰਡ ਕਾ ਭਲਾ ਹੁੰਦਾ ਸੀ। ਸਾਡਾ ਕੀ ਨੁਕਸਾਨ ਹੁੰਦਾ ਸੀ? ਜੋ ਬਚਨ ਕਰਦੇ ਹੈਂ ਸਿੱਧਾ ਪੁੱਠਾ ਪੂਰਾ ਹੁੰਦਾ ਹੈ। ਤਿੰਨ ਸਰੀਰ ਗਏ, ਲਹਿਣਾ ਸਿੰਘ, ਖੇਮਾ ਤੇ ਬੁਗ। ਲਹਿਣਾ ਸਿੰਘ ਨੇ ਅਰਜ਼ ਕੀਤੀ ਜੀ ਤੁਸੀਂ ਰਾਮਦਾਸ ਪੁਰੇ ਈ ਚੱਲੋ। ਮੇਰੀਆਂ ਤਿੰਨ ਜਗ੍ਹਾ ਹੈਨ, ਜਿੱਥੇ ਮਰਜ਼ੀ ਹੈ ਓਥੇ ਜਗ੍ਹਾ ਪਾਇ ਲੈਣੀ। ਜੇ ਤੁਸੀਂ ਨਹੀਂ ਜਾਂਦੇ ਤਾਂ ਮੈਂ ਏਥੇ ਆਇ ਜਾਂਦਾ ਹਾਂ। ਜੇੜ੍ਹੇ ਤੁਹਾਨੂੰ ਜਗ੍ਹਾ ਨਾ ਸੀ ਪੌਣ ਦੇਂਦੇ ਸੋ ਮਰ ਗਏ ਹੈਂ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਲਹਿਣਾ ਸਿੰਘ ਨਿਬਾਹੇਂਗਾ ਵੀ? ਲਹਿਣਾ ਸਿੰਘ ਨੇ ਕਹਾ ਜੀ ਨਿਬਾਹੁਣੇ ਵਾਲਾ ਤਾ ਤੂੰ ਹੀ ਹੈ। ਮੈਨੂੰ ਇਹ ਫੁਰੇਦੀ ਹੈ ਕਿ ਮੇਰੀਆਂ ਤਿੰਨ ਜਗ੍ਹਾ ਹੈਨ, ਇਕ ਦੇ ਦੇਵਾਂਗਾ। ਸ੍ਰੀ ਸਤਿਗੁਰੂ ਜੀ ਜਿਸ ਜਗ੍ਹਾ ਤਖਤ ਰਚਣਾ ਸੀ ਉਸ ਜਗ੍ਹਾ ਕਾ ਨਾਮ ਲਿਆ। ਤੇਰੇ ਘਰਾਂ ਦੇ ਪਿੱਛੇ ਸ਼ਾਮਲਾਟ[3] ਥਾਂ ਹੈ, ਤਿਸ ਵਿੱਚ ਜਗ੍ਹਾ ਪਾਇ ਲਈਏ। ਲਹਿਣਾ ਸਿੰਘ ਨੇ ਕਹਿਆ ਜੀ ਸਤਿ ਬਚਨ ਓਥੇ ਹੀ ਪਾਇ ਲਵੋ, ਏਥੋਂ ਚੱਲੋ। ਸ੍ਰੀ ਸਤਿਗੁਰੂ ਜੀ ਕੋ ਨਾਲ ਲੈ ਕੇ ਆਏ ਰਾਮਦਾਸ ਪੁਰੇ ਸਾਹਿਬ ਮੈ। ਜਿੱਥੇ ਕਹੀ ਸੀ ਓਹੀ ਜਗ੍ਹਾ ਵਖਾਇ ਦਿੱਤੀ। ਦੋਹਾਂ ਭਾਈਆਂ ਨੇ ਇੱਟਾਂ ਪੱਥਕੇ ਢੋਏ ਕੇ ਢੇਰ ਲਾਇਆ। ਦੋਨੋਂ ਕੋਠੜੀਆਂ ਕੇ ਆਗੇ ਸੁਫ਼ਾ[4] ਬਣਾਇਆ ਥੋੜਾ ਸੀ। ਜਿਨ੍ਹਾਂ ਕੋਠੜੀਆਂ ਕੇ ਵਿਚਾਲੇ ਥੜ੍ਹਾ ਸਾਹਿਬ ਹੈ, ਛੱਤ ਪਾਇਕੇ ਵਸਣੇ ਰਸਣੇ ਲਗੇ।

ਖੇਮੇ[5] ਨੇ ਮੰਜਾ ਚੁੱਕ ਕੇ ਆਪਣੇ ਘਰ ਜਾਇ ਡਾਹਿਆ। ਜਿਨ੍ਹਾਂ ਚਿਰ ਕੋਠੜੀਆਂ ਨਾ ਬਣੀਆਂ ਉਤਨਾ ਚਿਰ ਸਤਿਗੁਰੂ ਜੀ ਉਸਦੇ ਘਰ ਰਹੇ। ਇਸੀ ਤਰ੍ਹਾਂ ਗੁਰੂ ਜੀ ਜਿੱਥੇ ਲੀਲਾ ਕਰਨੀ ਸੀ ਤੇ ਤਖਤ ਰਚਣਾ ਸੀ, ਧਰਤੀ ਕੇ ਭਾਗ ਜਾਗੇ।

---

1 ਚਮੜੀ ਰੋਗ।

2 ਸਪੁੱਤਰ ਰੁਲਦੂ : ਕੂਕਾਜ਼ ਆਫ ਨੋਟ ਇਨ ਦੀ ਪੰਜਾਬ, ਪੰਨਾ–੨੪.

3 ਪਿੰਡ ਦੀ ਸਾਂਝੀ ਥਾਂ।

4 ਘਰ ਦੇ ਮੁੱਖ ਦੁਆਰ ਨੇੜੇ ਅਤੇ ਕੋਠੜੀਆਂ ਤੋਂ ਅੱਗੇ ਸਾਂਝੀ ਵਰਤੋਂ ਲਈ ਬਣਾਇਆ ਬੈਠਕ

5 ਖੇਮੇ ਅਤੇ ਮਹਾਰਾਜ ਬੁੱਧ ਸਿੰਘ ਜੀ (ਗੁਰੂ ਹਰੀ ਸਿੰਘ ਜੀ) ਦਾ ਇੱਕੋ ਰਾਤ ਦਾ ਜਨਮ ਸੀ।

ਮੁਖਵਾਕ- ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮਰਾਜੇ।

(ਆਸਾ ਮ:੪, ਪੰਨਾ ੪੫੦)

ਚਾਰ ਕੂੰਟ, ਚੌਦਾਂ ਭਵਨ, ਸਭ ਆਇਕੇ ਐਸ ਅਸਥਾਨ ਕੋ ਮੱਥਾ ਟੇਕਣਗੇ। ਜਿਸ ਜਗ੍ਹਾ ਕੋ ਪ੍ਰਗਟ ਕਰਨਾ ਸੀ ਤਿਸੀ ਜਗ੍ਹਾ ਪਰ ਆਇ ਆਸਣ ਲਾਇਆ ਹੈ।

## ਹਾੜੀ ਬੀਜੀ

ਏਕ ਰਾਤ ਚੰਦ ਚਾਂਦਨੀ ਸੀ। ਸਾਂਝੀ[1] ਸੱਦਣ ਆਇਆ। ਜਾਂ ਲੰਘਣ ਲੱਗੇ ਤਾਂ ਆਗੇ ਜਨਾਨੀ ਨੰਗੀ ਪਈ ਦੂਰੋਂ ਦਿਸੀ। ਬਚਨ ਕੀਤਾ ਸਾਂਝੀ ਨੂੰ ਮੈਂ ਤਾ ਤਾਂ ਲੰਘਾਂਗਾ ਜੇਕਰ ਇਹ ਬੁੱਢੀ ਕਪੜਾ ਉੱਤੇ ਲਵੇਗੀ। ਸਾਂਝੀ ਨੇ ਜਗਾਈ, ਕਪੜਾ ਉੱਤੇ ਲਿਆ ਤਾਂ ਲੰਘੇ ਸ੍ਰੀ ਸਤਿਗੁਰੂ ਜੀ। ਸਾਂਝੀ ਭਗਤ ਲੋਕ ਥੇ। ਨੱਕਾ ਪਾਣੀ ਅੱਗੇ ਭੇਜ ਛੱਡਣਾ। ਗੁਰੂ ਜੀ ਕੋ ਸੌਖਾ ਕੰਮ ਕੋਈ ਦੱਸ ਛੱਡਣਾ। ਨੀਰਾ ਪੱਠਾ[2] ਆਪ ਚੁਕਦੇ, ਸ੍ਰੀ ਸਤਿਗੁਰੂ ਜੀ ਕੋ ਸੀਸ ਤੇ ਭਾਰ ਵੀ ਨਾ ਸੀ ਚੁੱਕਣ ਦਿੰਦੇ। ਉਨ੍ਹਾਂ ਜਾਣੀ ਹੋਈ ਸੀ ਸੰਤ ਬਿਰਤੀ ਮੇਂ ਰਹਿੰਦੇ ਹੈਂ, ਬੜੇ ਬੰਦਗੀ ਵਾਲੇ ਸੰਤ ਹੈਂ।

ਏਕ ਦਿਨ ਹਾੜੀ ਬੀਜਦੇ ਸੇ ਤੇ ਸੁਹਾਗੇ ਉੱਤੇ ਚੜ੍ਹੇ ਜਾਂਦੇ ਸੇ। ਕਿਸੇ ਸਬੱਬ ਸੇ ਸੁਹਾਗੇ ਉੱਤੋਂ ਪੈਰ ਹੇਠਾਂ ਜਾਇ ਪਿਆ। ਗਿੱਟੇ ਦੇ ਉੱਤੋਂ ਦੀ ਸਕੜੰਜ ਕੋਲ ਸੱਟ ਲੱਗੀ। ਰੁਪਈਏ ਜਿਤਨਾ ਦਾਗ ਪੈ ਗਿਆ, ਲਹੂ ਨਿਕਲ ਆਇਆ। ਬਚਨ ਕੀਤਾ ਗੁਰੂ ਜੀ, ਮੈਨੂੰ ਵਿਆਹਣ ਵਾਲਿਆ ਤੇਰੀਆਂ ਜੜ੍ਹਾਂ ਪੱਟੀਆਂ ਜਾਣ। ਵਿਆਹ ਕੀਤਾ, ਤਾਂ ਸੁਹਾਗੇ ਪਰ ਚੜ੍ਹਨਾ ਪਿਆ, ਤਾਂ ਸੱਟ ਲੱਗੀ ਹੈ। ਬਚਨ ਕੀਤਾ ਅਸੀਂ ਲੁਧਗੜਾਂ[3] ਜਾਂਦੇ ਹੈਂ, ਆਪਣੀ ਜਗ੍ਹਾ ਸੀਰੀ ਲਾਇ ਚੱਲੇ ਹੈਂ। ਆਪ ਸ੍ਰੀ ਸਤਿਗੁਰੂ ਜੀ ਲੁਧਿਆਣੇ ਜਾਇ ਰਹੇ ਹਾੜੀ ਵੱਢਣ ਦੇ ਵੇਲੇ। ਚੜ੍ਹੇ ਚੇਤ ਆਏ।

ਬਾਬਾ ਜੱਸਾ ਸਿੰਘ ਜੀ ਪਹਿਲੇ ਖੇਤੀ ਕਰਦੇ ਸਨ, ਨਾਲੇ ਫ਼ਾਲੇ ਡੰਗਣੇ, ਦਾਤੀਆਂ ਦੇ ਦੰਦੇ ਕਢਣੇ, ਰੱਬਾ ਚੰਡਣਾ[4]। ਸਾਰੇ ਪਿੰਡ ਦੀ ਕਾਰ ਸਾਂਭੀ ਹੋਈ ਸੀ। ਇਕ ਵਾਰ ਮਹਾਰਾਜ ਬੁੱਧ ਸਿੰਘ ਜੀ, ਲਹਿਣਾ ਸਿੰਘ ਜੋ ਸਤਿਗੁਰੂ ਜੀ ਦਾ ਸਾਂਝੀ ਸੀ ਤੇ ਸ੍ਰੀ ਸਤਿਗੁਰੂ ਜੀ ਤਿੰਨੇ ਹੀ ਚਰੀ ਨੂੰ ਗਏ। ਲਹਿਣਾ ਸਿੰਘ ਆਪਣੀ ਭਰੀ ਚੁੱਕ ਕੇ ਘਰ ਕੋ ਲੈ ਆਇਆ ਔਰ ਸਤਿਗੁਰੂ ਜੀ ਕੋ ਨਾ ਚੁਕਾਈ। ਸਤਿਗੁਰੂ ਜੀ ਨੇ ਬਹੁਤ ਚਿਰ ਖੜੋ ਕੇ ਫੇਰ ਲਹਿਣਾ ਸਿੰਘ ਕੋ ਸਰਾਫ ਦੇ ਦੀਆ... ਜਾਹ ਲਹਿਣਾ ਸਿੰਘ ਤੇਰਾ ਕੁਛ ਨਾ ਰਹੇ। ਸਰਾਫ ਪੂਰਾ ਹੋਇਆ। ਪਹਿਲੇ ਤਾਂ ਲਹਿਣਾ ਸਿੰਘ ਦੀ ਸਿੱਖਣੀ ਮਰ ਗਈ ਫੇਰ ਦੋਵੇਂ ਬੈਲ ਮਰ ਗਏ। ਹੋਰ ਬੈਲ ਲਿਆ ਉਹ ਭੀ ਮਰ ਗਿਆ ਤੇ ਉਧਾਰਾ ਭੀ ਕੋਈ ਨਾ ਦੇਵੇ।

---

1 ਸੀਰੀ, ਨੌਕਰ।

2 ਝਾੜੇ ਹੋਏ ਛੋਲਿਆਂ ਦੇ ਪੱਤਿਆਂ ਦੀ ਲੂਣੀ ਮਿਸ ਵਾਲਾ ਪਸ਼ੂਆਂ ਦਾ ਚਾਰਾ।

3 ਲੁਧਿਆਣਾ।

4 ਖੇਤੀ ਦੇ ਸੰਦ।

## ਫ਼ਿਰੋਜ਼ਪੁਰੇ ਜਾਣਾ

ਫੇਰ ਗੁਰੂ ਜੀ ਦੋਹਾਂ ਬੀਬੀਆਂ ਦੇ ਵਿਆਹ ਕੀਤੇ ਬੇਦ ਰੀਤੀ ਨਾਲ। ਏਕ ਕੁੜੀ ਖਟੜੀ[1] ਛੋਟੀ[2] ਨਾਰੰਗਵਾਲ ਮੈ ਬਿਆਹੀ। ਫ਼ਰੰਗੀਆਂ ਨੇ ਛੌਣੀ ਪਾਉਣੀ ਸ਼ੁਰੂ ਕੀਤੀ ਫ਼ਿਰੋਜ਼ਪੁਰੇ ਮੇਂ, ਨਾਲੇ ਸੜਕਾਂ ਬਣਨੇ ਲੱਗੀਆਂ। ਮਾਮੇ ਹਰੀ ਸਿੰਘ ਕਾ ਪੁਤ ਖ਼ਜਾਨ ਸਿੰਘ ਉੱਥੇ ਮਿਸਤ੍ਰੀ ਸੀ। ਉਸਨੇ ਆਪਣੇ ਸਾਕ ਸੈਨ ਸੱਦ ਮੰਗਵਾਏ। ਸ੍ਰੀ ਸਤਿਗੁਰੂ ਜੀ ਭੀ ਜਾਇ ਰਹੇ ਫ਼ਿਰੋਜ਼ਪੁਰੇ ਮੈ, ਸੱਦੇ ਹੋਏ ਖ਼ਜਾਨ ਸਿੰਘ ਦੇ। ਸਾਰਾ ਪ੍ਰਵਾਰ ਆਪਣਾ ਈ ਆਇ ਇਕੱਠਾ ਹੋਇਆ। ਸਭਨਾ ਕਾ ਏਕ ਜਗ੍ਹਾ ਪ੍ਰਸ਼ਾਦ ਹੁੰਦਾ ਸੀ।

ਸ੍ਰੀ ਗ੍ਰੰਥ ਸਾਹਿਬ ਪ੍ਰਗਾਸ ਕੇ, ਸਿੰਘ ਪਾਠ ਭੀ ਕਰਦੇ ਰਹਿੰਦੇ ਹੈਂ ਜੇੜ੍ਹੇ ਪੜ੍ਹੇ ਹੋਏ ਹੈਂ। ਥੋੜ੍ਹਾ ਥੋੜ੍ਹਾ ਪਾਠ ਰੋਜ਼ ਕਰਨਾ। ਜਾਂ ਪਾਠ ਪੂਰਾ ਹੋਇ ਜਾਏ ਤਾਂ ਭੋਗ ਪਾਇ ਦੇਣਾ ਕੜਾਹ ਪ੍ਰਸ਼ਾਦ ਕਰਕੇ। ਅਰਦਾਸ ਕਰਕੇ ਵਰਤਾਵਣਾ। ਆਏ ਗਏ ਸਿੰਘ ਕੋ ਭੀ ਪ੍ਰਸ਼ਾਦ ਛਕਾਵਣਾ। ਦੀਵਾਨ ਲਾਵਣਾ ਦੋਨੋਂ ਵਕਤ ਦਾ। ਆਸਾ ਦੀ ਵਾਰ ਲਾਵਣੀ, ਸਭ ਨੇ ਸੁਣਨੀ। ਰਾਤ ਕੋ ਸ਼ਬਦ ਭੀ ਪੜ੍ਹਨੇ ਢੋਲਕੀ ਨਾਲ। ਇਸ਼ਨਾਨ ਅੰਮ੍ਰਿਤ ਵੇਲੇ ਕਰਨਾ ਸ੍ਰੀ ਸਤਿਗੁਰੂ ਜੀ, ਹੋਰ ਭੀ ਕਰਨਾ ਸਿੰਘਾਂ ਨੇ। ਸ਼ਾਮ ਵੇਲੇ ਰਹਿਰਾਸ ਪੜਨੀ । ਆਰਤੀ ਸੋਹਿਲਾ ਪੜ੍ਹਕੇ ਅਰਦਾਸ ਕਰਕੇ ਬਰਾਜ ਜਾਣਾ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਇਕੰਤ ਬਰਾਜਦੇ ਹੈਂ। ਬਚਨ ਕਰਨਾ ਮਾਮਾ ਜੀ ਤੁਸੀਂ ਗੱਲਾਂ ਬਹੁਤੀਆਂ ਕਰਦੇ ਹੋ ਤੇ ਨਾਮ ਨਹੀਂ ਜਪਦੇ ਹੋ। ਇਸ ਵਾਸਤੇ ਅਸੀਂ ਇਕੰਤ ਬਰਾਜਦੇ ਹਾਂ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਵਾ ਪਹਿਰ ਰਾਤ ਰਹਿੰਦੀ ਨਾਲ ਉੱਠਕੇ ਇਸ਼ਨਾਨ ਕਰਕੇ ਸਮਾਧੀ ਲਾਇਕੇ ਪਦਮ ਆਸਣ ਬੈਠਣਾ। ਰਸਨਾ ਕਾ ਭਜਨ ਕਰਨਾ। ਸ੍ਰੀ ਸਤਿਗੁਰੂ ਜੀ ਕਾ ਧਿਆਨ ਭਜਨ ਮੈ ਹੀ ਰਹਿੰਦਾ ਸੀ। ਜੋ ਸਾਕ ਸੈਨ ਥੇ, ਜੋ ਹੋਰ ਸਿੱਖ ਨਾਲ ਸੀ, ਸਭ ਕਾ ਏਹ ਭਰੋਸਾ ਹੋਇਆ ਜੋ ਏਹ ਬੜੇ ਬਲੀ ਹੈਨ, ਬੜੀ ਬੰਦਗੀ ਕਰਦੇ ਹੈਨ। ਮਾਮਾ ਜੀ ਕਹਿੰਦੇ ਹੈਂ ਸਾਡੀ ਕੁਲ ਵਿੱਚ ਸੰਤ ਅਵਤਾਰ ਧਾਰਿਆ ਹੈ। ਕੁਲ ਪਵਿਤ੍ਰ ਕਰ ਦਿੱਤੀ ਹੈ। ਸਰਬ ਲੋਕ ਉਪਮਾ ਕਰਦੇ ਹੈਨ ਸਤਿਗੁਰੂ ਜੀ ਕੇ ਪ੍ਰਤਾਪ ਕੀ। ਕਹਿੰਦੇ ਹੈਂ ਪ੍ਰਮੇਸਰ ਜੀ ਨੇ ਕਲਾ ਧਾਰੀ ਹੈ। ਬੜੀ ਸ਼ਕਤੀ ਵਾਲੇ ਹੈਨ ਜਿਨ੍ਹਾਂ ਨੂੰ ਨੈਣੀਂ ਦੇਖਕੇ ਦਿਲ ਨੂੰ ਚੈਨ ਆਉਂਦੀ ਹੈ। ਬੰਦਗੀ ਵਾਲੇ ਸੁਣਕੇ ਦਰਸ਼ਨ ਕੋ ਆਉਂਦੇ ਹੈਂ। ਦਰਸ਼ਨ ਕਰਕੇ ਸ੍ਰੀ ਸਤਿਗੁਰੂ ਜੀ ਕਾ ਸਭ ਮੋਹੇ ਜਾਂਦੇ ਹੈਂ। ਮੋਹਨੀ ਮੂਰਤ ਕੇ ਦਰਸ਼ਨ ਕਰਕੇ ਦਿਲ ਦੀਆਂ ਦਲੀਲਾਂ ਸਭ ਦੂਰ ਹੋਇ ਜਾਂਦੀਆਂ ਹੈਨ। ਨਾਮ ਪ੍ਰਮੇਸ਼ਰ ਜੀ ਕਾ ਚਿਤ ਆਉਂਦਾ ਹੈ।

ਪਿੰਡ ਮਹਿਤਪੁਰੇ, ਜ਼ਿਲ੍ਹਾ ਜਲੰਧਰ ਕਾ ਏਕ ਹੀਰਾ ਸਿੰਘ ਸੀ। ਉਸਦੇ ਲੜਕੇ ਲੜਕੀਆਂ ਮਰ ਜਾਂਦੇ ਸੇ। ਉਸਨੇ ਅਰਜ਼ ਕੀਤੀ ਜੀ ਮੇਰੇ ਲੜਕੇ ਬਾਲੇ ਨਹੀਂ ਬਚਦੇ ਹੈਂ। ਮੇਹਰ ਕਰੋ ਤਾਂ ਕੋਈ ਬਚ ਰਹੇ। ਸ੍ਰੀ ਸਤਿਗੁਰੂ ਜੀ ਖੀਸੇ[3] ਮੈ ਹੱਥ ਪਾਇਆ, ਦੋ ਪਤਾਸੇ ਨਿਕਲੇ। ਬਚਨ ਕੀਤਾ

---

1 ਬੀਬੀ ਨੰਦਾਂ।

2 ਬੀਬੀ ਦਇਆ ਕੌਰ

3 ਜੇਬ।

ਕਲ ਕੋ ਤੇਰੇ ਲੜਕਾ ਹੋਵੇਗਾ। ਏਹ ਪਤਾਸੇ ਉਸਨੂੰ ਗੁੜਤੀ ਦੇ ਦੇਣੇ। ਅਗਲੇ ਦਿਨ ਲੜਕਾ ਪੈਦਾ ਹੋਇਆ, ਓਹੀ ਪਤਾਸੇ ਗੁੜਤੀ ਦਿੱਤੀ ਤਾਂ ਜਿਉਂਦਾ ਰਿਹਾ ਲੜਕਾ[1]।

## ਨਿਹਾਲ ਸਿੰਘ ਤੇ ਬਖ਼ਸ਼ਿਸ਼

ਕਈਆਂ ਸਿੰਘਾਂ ਨੇ ਭਜਨ ਲੈ ਲਿਆ। ਨਿਹਾਲ ਸਿੰਘ[2] ਪਿੰਡ ਮਹਿਤਪੁਰੇ ਜ਼ਿਲ੍ਹਾ ਜਲੰਧਰ, ਦਰਿਆਇ ਕੇ ਕਿਨਾਰੇ ਪਰ ਬੈਠਾ ਭਜਨ ਕਰਦਾ ਸੀ। ਜਲ ਕੇ ਬੀਚ ਅਗਨੀ ਆਵੇ ਤਾਂ ਫੇਰ ਮੁੜ ਜਾਵੇ। ਕਈ ਵੇਰੀ ਅਗਨੀ ਆਈ ਅਰ ਗਈ। ਦਿਲ ਵਿਚ ਡਰ ਭੀ ਕੀਤਾ ਕਿ ਇਹ ਕੀ ਕੁਦਰਤ ਹੈ ਕਿਉਂਕਿ ਜਲ ਤੇ ਅਗਨੀ ਕਾ ਕੋਈ ਮੇਲਾ ਨਹੀਂ ਹੈ। ਇਹ ਤਾਂ ਕੋਈ ਪ੍ਰਮੇਸ਼ਰ ਕੀ ਸ਼ਕਤੀ ਹੈ। ਜਾਂ ਆਇਆ ਤਾਂ ਅੱਗੇ ਸ੍ਰੀ ਸਤਿਗੁਰੂ ਜੀ ਮਿਲੇ। ਬਚਨ ਕੀਤਾ ਡਰਿਆ ਤਾਂ ਨਹੀਂ? ਕਹਿਣ ਲੱਗਾ ਜੀ ਮੈਂ ਤੇ ਭੈ ਕੀਤਾ ਕਿ ਜਲ ਵਿਚੋਂ ਜੋ ਉਪਾਧ ਉੱਠੀ ਹੈ ਖ਼ਵਰੇ ਕੀ ਹੈ? ਨਿਹਾਲ ਸਿੰਘ ਨੇ ਅਰਜ਼ ਕੀਤੀ ਜੀ ਮੈਂ ਸਭਨਾਂ ਥੀਂ ਗਰੀਬ ਹਾਂ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਸਭਨਾਂ ਥੀਂ ਵੱਡਾ ਧਨੀਂ ਹੋ ਜਾਏਂਗਾ ਪਰ ਭੂਰੀਆਂ ਵਾਲਿਆਂ ਨਾਲ ਨਾ ਵਿਗਾੜੀਂ। ਕਾਰੀਗਰ ਸਿੰਘ ਥਾ, ਫੇਰ ਮਿਸਤ੍ਰੀ ਹੋਇ ਗਿਆ। ਠੇਕੇ ਲੈ ਲੈ ਕੇ ਕਾਰ ਕਰਾਉਂਦਾ ਰਹਿਆ। ਉਸੀ ਵਿਚੋਂ ਵਧਦਾ ਵਧਦਾ ਲੱਖਾਂ ਰੁਪਈਏ ਕਾ ਹੋਇ ਗਿਆ।

## ਖ਼ਜ਼ਾਨ ਸਿੰਘ ਚੜ੍ਹਾਈ ਕੀਤੀ

ਜੇਹੜੇ ਅਗਲੇ ਭਜਨੀਂ ਸਿੰਘ ਸੇ ਨੌਕਰੀ ਦੇ ਵੇਲੇ ਦੇ ਸੋ ਭੀ ਫ਼ਿਰੋਜ਼ਪੁਰੇ ਆਇਕੇ ਦਰਸ਼ਨ ਕਰਦੇ ਹੈਂ। ਦਰਸ਼ਨ ਕਰਕੇ ਸਭ ਕਹਿੰਦੇ ਹੈਂ ਪਰਮੇਸ਼ਰ ਜੀ ਕਲਾ ਧਾਰੀ ਹੈ। ਜੋ ਖ਼ਜ਼ਾਨ ਸਿੰਘ[3] ਸੀ ਸੋ ਚੜ੍ਹਾਈ ਕਰ ਗਿਆ। ਸ੍ਰੀ ਸਤਿਗੁਰੂ ਜੀ ਮੁੜ ਆਏ ਰਾਮਦਾਸ ਪੁਰੇ ਮੈ। ਘਰ ਪ੍ਰਵਾਰ ਨੇ ਦਰਸ਼ਨ ਕੀਤਾ, ਬੜੇ ਪ੍ਰਸੰਨ ਹੋਏ। ਹਾੜ ਕੇ ਮਹੀਨੇ ਆਏ ਸ੍ਰੀ ਸਤਿਗੁਰੂ ਜੀ।

♦

1 ਲੜਕੇ ਦਾ ਨਾਂ ਨਰੈਣ ਸਿੰਘ ਸੀ। ਸ੍ਰੀ ਸਤਿਗੁਰੂ ਜੀ ਵਰ ਦਿੱਤਾ ਸੀ ਕਿ ਇਹ ਬੜਾ ਪ੍ਰਤਾਪਵਾਨ ਹੋਵੇਗਾ।
2 ਸਪੁੱਤਰ ਲਾਭ।
3 ਮਾਮੇ ਦਾ ਪੁੱਤ ਭਰਾ।

# ਸੰਤ ਖਾਲਸੇ ਦੀ ਸਾਜਣਾ

ਪਹਿਲੇ ਦੱਖਣ ਵੱਨੀਂ ਦਰਵਾਜ਼ਾ ਸੀ। ਫੇਰ ਵੇਹੜੇ ਕੀ ਕੰਧ ਵਗਲ ਕੇ ਪਹਾੜ ਨੂੰ ਦਰਵਾਜ਼ਾ ਲਾਇਆ। ਸੱਜੇ ਪਾਸੇ ਹੱਟੀ ਪਾਈ। ਖੱਬੇ ਪਾਸੇ ਲੰਗਰ ਵਾਸਤੇ ਥੋੜੀ ਜਿਹੀ ਜਗ੍ਹਾ ਪਾਈ। ਜਿੱਥੇ ਥੜ੍ਹਾ ਹੈ ਏਥੇ ਥੋੜ੍ਹਾ ਥੜ੍ਹਾ ਬਣਾਇਕੇ ਉੱਪਰ ਭਜਨ ਕਰਨ ਲੱਗੇ। ਖੇਤੀ ਕਾ ਭੀ ਕੁਝ ਉੱਦਮ ਕੀਤਾ। ਜਿੱਥੇ ਤਬੇਲਾ ਹੈ ਏਥੇ ਰੇਤ ਕਾ ਟਿੱਬਾ ਹੁੰਦਾ ਸੀ। ਉਸ ਪਰ ਵਾੜਾ ਵਲ ਕੇ ਗਊ ਭੈਂਸ ਬੰਨ੍ਹਣ ਲੱਗੇ, ਨਾਲੇ ਪਾਥੀਆਂ ਪੱਥਣ ਲੱਗੇ।

## ਹੱਟੀ ਕੀਤੀ

ਮਾਮਾ ਹਰੀ ਸਿੰਘ ਫੁਲ ਪਾਵਣ ਗਿਆ ਸੀ ਗੰਗਾ ਖਜਾਨ ਸਿੰਘ ਦੇ, ਰਸਤੇ ਮੇਂ ਈ ਚੜ੍ਹ ਗਿਆ। ਸ੍ਰੀ ਸਤਿਗੁਰੂ ਜੀ ਮਕਾਣ ਨੂੰ ਗਏ ਤਾਂ ਮਾਮੀਂ ਜੀ ਸ੍ਰੀ ਸਤਿਗੁਰੂ ਜੀ ਨੂੰ ਕਹਿਆ ਕਿ ਧਨ ਮੈਥੋਂ ਲੈ ਜਾਓ, ਜੋ ਨਫ਼ਾ ਆਵੇ ਸੋ ਅੱਧੋ ਅੱਧ ਰਹਿਆ। ਦਾਣੇ ਖਰੀਦਣ ਕੋ ਸ੍ਰੀ ਸਤਿਗੁਰੂ ਜੀ ਰਣ ਸਿੰਘ ਕੋ ਭੇਜਿਆ। ਏਕ ਰੁਪਏ ਕਾ ਪਾਂਚ ਛੇ ਸੇਰ ਬੇਰੜਾ[1] ਸੀ। ਸਾਢੇ ਚਾਰ ਮਣ ਕਣਕ ਸੀ। ਅੱਠ ਸੇਰ ਘਿਓ ਥਾ। ਦਾਣੇ ਖਰੀਦ ਕੇ ਧਰਤੀ ਮੇਂ ਦਬਾਇ ਦੀਏ। ਮੋਹਰ ਲਾਵਣ ਲੱਗੇ ਹੈਂ ਜੀਆਂ ਪਰ। ਜੈਸੇ ਪੁੱਠੇ ਅੱਖਰ ਹੁੰਦੇ ਹੈਂ ਮੋਹਰ ਕੇ, ਜਦ ਮੋਹਰ ਲੱਗਦੀ ਹੈ ਤਾਂ ਸਿੱਧੇ ਹੋਇ ਜਾਂਦੇ ਹੈਂ। ਜੋ ਜੀਵਾਂ ਕੇ ਕਰਮ ਪੁੱਠੇ ਹੈਂ ਜਿਸ ਪਰ ਮੋਹਰ ਲੱਗੇਗੀ ਤਿਸ ਕੇ ਕਰਮ ਸਿੱਧੇ ਹੋਇ ਜਾਣਗੇ। ਧੌਂਸੇ ਪਰ ਟਕੋਰ ਲਾਵਣ ਲੱਗੇ ਹੈਂ। ਜਿਨ੍ਹਾਂ ਕੇ ਮਸਤਕ ਮੈ ਲਿਖਿਆ ਹੈ ਸੋ ਸੋ ਆਵਣਗੇ।

ਮੁਖਵਾਕ- ਬਾਜੀਗਰ ਡੰਕ ਬਜਾਈ। ਸਭ ਖਲਕ ਤਮਾਸੇ ਆਈ।

ਸੋ ਜਿਨ੍ਹਾਂ ਨੇ ਨਾਮ ਕਾ ਤਮਾਸ਼ਾ ਵੇਖਣਾ ਹੈ ਸੋ ਆਵਣਗੇ।

## ਪ੍ਰਗਟ ਹੋਵੋ

ਏਕ ਦਿਆਲ ਦਾਸ ਸਾਧ ਆਇਆ ਰਾਮਦਾਸ ਪੁਰੇ ਮੇਂ। ਪਿੰਡ ਦੇ ਲੋਕਾਂ ਥੀਂ ਪੁੱਛਿਆ ਜੱਸਾ ਸਿੰਘ ਕਾ ਪੁੱਤਰ ਰਾਮ ਸਿੰਘ ਨਾਮੇ ਹੈ ਏਥੇ ਲੁਹਾਰ? ਲੋਕਾਂ ਨੇ ਕਹਾ ਕਿ ਹੈ। ਅੱਗੇ ਅੰਤਰਜਾਮੀ ਜੀ ਤੁਰੇ ਆਉਂਦੇ ਸੀ। ਲੋਕਾਂ ਨੇ ਕਹਾ ਕਿ ਔਹ ਹੈਨ। ਦਿਆਲ ਦਾਸ ਨੇ ਅੱਗੇ ਜਾਇਕੇ ਨਮਸਕਾਰ ਕੀਤੀ ਤੇ ਕਹਿਣੇ ਲਗਾ ਬਾਬਾ ਜੀ ਲੁਕੇ ਕਿਓਂ ਬੈਠੇ ਹੋ? ਸ੍ਰੀ ਸਤਿਗੁਰੂ ਜੀ ਬਚਨ ਕੀਤਾ ਸਮੇਂ ਨਾਲ ਪ੍ਰਗਟ ਹੋਵਾਂਗੇ। ਪ੍ਰਸ਼ਾਦ ਛਕਾਇਆ। ਧਰਮਸਾਲ ਮੇਂ ਈ ਡੇਰਾ ਕਰ ਲਿਆ ਦਿਆਲ ਦਾਸ ਨੇ। ਪਿੰਡ ਕੀ ਧਰਮ ਸਾਲ ਸੀ, ਰਹਿੰਦੇ ਰਹਿੰਦੇ ਸ੍ਰੀ ਗ੍ਰੰਥ ਸਾਹਿਬ ਮੰਗਵਾਇ ਲੀਤਾ। ਪਾਠ ਕਰਨਾ। ਜਾਂ ਪਾਠ ਪੂਰਾ ਹੋਵੇ ਤਾਂ ਭੋਗ ਪਵਾਇ ਦੇਣਾ।

---

1 ਕਣਕ ਅਤੇ ਛੋਲੇ ਰਲਿਆ ਅਨਾਜ।

## ਸਿੰਘ ਔਣ ਲੱਗੇ

ਪਹਿਲੇ ਏਕ ਮਸਤਾਨਾ ਆਇ ਰਹਿਆ। ਕਿਰਤ ਕਰਦਾ ਰਹਿਆ। ਜਾਂ ਖੇਤੀ ਵੱਢਣ ਕਾ ਵੇਲਾ ਹੋਇਆ ਤਾਂ ਬਿਨਾ ਪੁੱਛੇ ਈ ਚਲਾ ਗਿਆ। ਫੇਰ ਵਰਿਆਮ ਸਿੰਘ ਪਿੰਡ ਝੋਰੜ, ਸੋਭਾ ਸਿੰਘ ਖੁਰਦਪੁਰੀਏ ਦਾ ਰਿਸ਼ਤੇਦਾਰ ਆਇ ਰਹਿਆ। ਖੇਤੀ ਕਰਦਾ ਸੀ, ਹਲ ਵਾਹੁਣੇ ਲਗਾ। ਜੇ ਚੂਰੀ ਕੁੱਟ ਕੇ ਲਜਾਵਣੀ ਤੇ ਨਾ ਛਕਣੀ ਤੇ ਘਰ ਆਇ ਰੁੱਖਾ ਪ੍ਰਸ਼ਾਦਾ ਲੂਣ ਨਾਲ ਛਕਣਾ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਰਾਜੀ ਹੋਇਕੇ ਪਦਾਰਥ ਨਹੀਂ ਛਕਦਾ ਹੈਂ, ਖੇਤੀ ਛੱਡ ਦੇਂਦੇ ਹੈਂ। ਖੇਤੀ ਛੱਡ ਦਿੱਤੀ। ਫੇਰ ਬਾਬਾ ਗੋਪਾਲ ਸਿੰਘ[1] ਪਿੰਡ ਰੂਖੜ ਮਰੌੜ ਉਪਮਾ ਸੁਣਕੇ ਆਇ ਰਹਿਆ। ਹੱਟੀ ਦਾ ਕੰਮ ਸਾਰਾ ਉਸਕੇ ਅਖ਼ਤਿਆਰ ਸੀ।

## ਲਾਭ ਸਿੰਘ ਸੂਰਮੇ ਦਾ ਹਜ਼ਰੋਂ ਜਾਣਾ

ਲਾਭ ਸਿੰਘ ਸੂਰਮੇਂ[2] ਨੇ ਸੁੱਧ ਸਿੰਘ[3] ਥੀਂ ਸੁਣਿਆ ਸੀ ਜੋ ਸ੍ਰੀ ਹਜ਼ਰੋਂ ਮੇਂ ਗੁਰੂ ਬਾਲਕ ਸਿੰਘ ਜੀ ਸੰਤ ਅਵਤਾਰ ਹੈਂ। ਜਿਸਨੂੰ ਭਜਨ ਦਿੰਦੇ ਹੈਂ ਤਿਸ ਕੋ ਸ਼ਾਂਤ ਆਇ ਜਾਂਦੀ ਹੈ। ਸੁਣਕੇ ਦਿਲ ਵਿੱਚ ਹੋਈ ਜੋ ਭਜਨ ਲਈਏ ਜਿਸ ਨਾਲ ਸਾਡਾ ਭਲਾ ਹੋਵੇ। ਜਨਮ ਮਰਨ ਕੱਟਿਆ ਜਾਵੇ। ਅੰਮ੍ਰਿਤਸਰ ਤੋਂ ਹਜ਼ਰੋਂ ਸਾਹਿਬ ਨੂੰ ਤੁਰਿਆ। ਨੇਤਰ ਨਾ ਥੇ ਪਰ ਪਾਲਕੀਆਂ ਅਮੀਰਾਂ ਆਦਮੀਆਂ ਦੀਆਂ ਤੁਰੀਆਂ ਸੀਆਂ। ਪਾਲਕੀ ਕੇ ਮਗਰ ਤੁਰਿਆ। ਏਕ ਪੜਾਓ ਸੇ ਤੁਰੇ ਤਾਂ ਲਾਭ ਸਿੰਘ ਪਿੱਛੇ ਆਉਂਦਾ ਭੁੱਲ ਗਿਆ। ਪਹਾੜ ਕੀ ਖੁੱਡ ਮੇਂ ਜਾਇ ਵੜਿਆ ਸਾਤ ਕੋਸ ਪਰ। ਪ੍ਰਮੇਸ਼ਰ ਜੀ ਅਵਾਜ਼ਾ ਕੀਤਾ ਤੂੰ ਭੁੱਲਾ ਜਾਂਦਾ ਹੈ। ਲਾਭ ਸਿੰਘ ਨੇ ਕਹਾ ਜੀ ਹੁਣ ਕਿਵੇਂ ਕਰਾਂ? ਹੁਕਮ ਹੋਇਆ ਆਗੇ ਚੱਲ। ਆਗੇ ਥੋੜੀ ਦੂਰ ਗਏ ਤਾਂ ਬਚਨ ਹੋਇਆ ਬਾਂਹ ਉੱਚੀ ਕਰ। ਬਾਂਹ ਉੱਚੀ ਕੀਤੀ ਤਾਂ ਫੜ੍ਹਕੇ ਚਾੜ੍ਹ ਲਿਆ। ਪੌੜੀਆਂ ਵਾਂਗੂੰ ਚੜ੍ਹਦਾ ਗਿਆ। ਦਸ ਕੁ ਕਦਮ ਅੱਗੇ ਜਾਇਕੇ ਦੂਏ ਪਾਸੇ ਉਤਾਰ ਦਿੱਤਾ। ਪ੍ਰਮੇਸ਼ਰ ਜੀ ਗੁਪਤ ਹੋਇ ਗਏ। ਫੇਰ ਏਕ ਘੋੜਾ ਲਈ ਚਲੇ ਆਉਂਦੇ ਹੈਂ ਟਿਚਕਾਰੀ[4] ਮਾਰਕੇ। ਲਾਭ ਸਿੰਘ ਨੂੰ ਬਚਨ ਕੀਤਾ ਕੈਸਾ ਰੌਲਾ ਪੈਂਦਾ ਹੈ? ਲਾਭ ਸਿੰਘ ਨੇ ਕਹਿਆ ਕਿ ਮੈਂ ਕਿੱਧਰ ਜਾਵਾਂ। ਬਚਨ ਕੀਤਾ ਤੂੰ ਤਾ ਪੜਾਉ ਕੇ ਆਗੇ ਖੜਾ ਹੈਂ। ਅੰਦਰ ਲਜਾਇਕੇ ਡੇਰਾ ਕਰਾਇਕੇ ਸਭ ਕਾਸੇ ਕੀ ਖ਼ਵਰ ਲੈ ਕੇ ਜਲ ਪ੍ਰਸ਼ਾਦ ਦੇ ਕੇ ਗੁਪਤ ਹੋਇ ਗਏ।

ਦਿਨ ਚੜ੍ਹੇ ਪਾਲਕੀ ਕੀ ਹੂੰਗਰ ਨਾਲ ਤੁਰਿਆ। ਸ੍ਰੀ ਹਜ਼ਰੋਂ ਮੈ ਜਾਇ ਪਹੁੰਚਾ। ਪੁੱਛਣੇ ਲਗਾ ਗੁਰੂ ਬਾਲਕ ਸਿੰਘ ਕਾ ਕੇਹੜਾ ਘਰ ਹੈ? ਗੁਰੂ ਬਾਲਕ ਸਿੰਘ ਜੀ ਹੱਟੀ ਪਰ ਬੈਠੇ ਥੇ, ਉੱਥੇ ਲੈ ਗਏ। ਜਾਇ ਮੱਥਾ ਟੇਕਿਆ ਤੇ ਬੈਠਾ। ਗੁਰੂ ਬਾਲਕ ਸਿੰਘ ਜੀ ਬਚਨ ਕੀਤਾ ਸਾਈਂ ਪੰਜਾਬ ਧਰਤੀ ਸੇ ਆਇਆ ਹੈਂ? ਕਿਉਂ ਆਇਆ ਹੈਂ ? ਲਾਭ ਸਿੰਘ ਨੇ ਕਹਿਆ ਜੀ ਗੱਫ਼ੇ ਨੂੰ

---

1 ਸਪੁੱਤਰ ਸ੍ਰ. ਸਾਹਿਬਾ ਸਿੰਘ।

2 ਸਪੁੱਤਰ ਸ੍ਰ. ਜੀਤਾ ਸਿੰਘ ਜ਼ਿਮੀਦਾਰ, ਨਵਾਂ ਸ਼ਹਿਰ, ਜ਼ਿਲ੍ਹਾ ਜਲੰਧਰ।

3 ਸਪੁੱਤਰ ਸ੍ਰ. ਜਗਤ ਸਿੰਘ, ਦੁਰਗਾਪੁਰ, ਜ਼ਿਲ੍ਹਾ ਜਲੰਧਰ।

4 ਪਸ਼ੂ ਨੂੰ ਅੱਗੇ ਤੋਰਨ ਲਈ ਮੂੰਹ ਨਾਲ ਕੱਢੀ ਜਾਣ ਵਾਲੀ ਅਵਾਜ਼।

ਆਇਆ ਹਾਂ। ਜੇ ਮੇਰਾ ਰੱਲਿਆ ਹੈ ਤਾਂ ਮਿਲ ਜਾਵੇ। ਗੁਰੂ ਬਾਲਕ ਸਿੰਘ ਜੀ ਨੇ ਬਚਨ ਕੀਤਾ ਜੇੜ੍ਹਾ ਤੈਨੂੰ ਲਿਆਇਆ ਹੈ ਸੋ ਤੇਰਾ ਸੰਸਾ ਭੀ ਨਿਵਰਤ ਕਰ ਦੇਵੇਗਾ। ਦੂਆ ਬਚਨ ਕੀਤਾ ਖੱਡ ਵਿਚ ਕਿੱਧਰ ਭੁੱਲ ਗਿਆ ਸੀ ? ਲਾਭ ਸਿੰਘ ਨੇ ਕਹਾ ਕਿ ਤੁਸੀਂ ਅੰਤਰਜਾਮੀ ਹੋਂ। ਆਪੇ ਭੁਲਾਏ, ਪਹਾੜ ਕੇ ਉੱਪਰ ਚੜ੍ਹਾਇਕੇ ਦੂਏ ਪਾਸੇ ਉਤਾਰ ਕੇ ਏਥੇ ਲੈ ਆਂਦਾ ਜੇ। ਗੁਰੂ ਬਾਲਕ ਸਿੰਘ ਜੀ ਨੇ ਬਚਨ ਕੀਤਾ ਤੂੰ ਠਾਕੁਰਾਂ ਥੀਂ ਭਜਨ ਲੈਂਦੇਂ। ਲੁਧਗੜ[1] ਦੇ ਕੋਲ ਹੈ ਦਸ ਕੋਸ ਪਰ। ਲਾਭ ਸਿੰਘ ਨੇ ਕਹਾ ਮਹਾਰਾਜ ਜੀ ਮੈਂ ਸਰੋਤ ਸੁਣੀ ਹੈ। ਉੱਥੇ ਸੁੱਧ ਸਿੰਘ ਤੇ ਕਾਹਨ ਸਿੰਘ ਨੇ ਮੈਨੂੰ ਕਹਾ ਹੈ ਕਿ ਓਥੇ (ਹਜ਼ਰੋਂ) ਕਲਾ ਪ੍ਰਗਟ ਹੋਈ ਹੈ। ਜਿਸ ਕੋ ਭਜਨ ਦੇਂਦੇ ਹੈਂ ਉਸੀ ਕੋ ਆਤਮੇ ਕਾ ਸੁਖ ਪ੍ਰਾਪਤ ਹੁੰਦਾ ਹੈ। ਆਪ ਕੀ ਉਪਮਾ ਸੁਣਕੇ ਆਇਆ ਹਾਂ। ਜਿਸ ਤਰ੍ਹਾਂ ਹੋਰ ਸੁਣ ਸੁਣ ਕੇ ਆਉਂਦੇ ਹੈ ਤਿਵੇਂ ਮੈਂ ਭੀ ਆਇਆ ਹਾਂ।

ਗੁਰੂ ਬਾਲਕ ਸਿੰਘ ਜੀ ਨੇ ਬਚਨ ਕੀਤਾ ਨਾਮ ਖਜ਼ਾਨੇ ਦੇ ਮਾਲਕ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਭੈਣੀ ਨਾਮੀ ਪਿੰਡ ਵਿਚ ਪ੍ਰਗਟੇ ਹੈਂ। ਓਥੇ ਜਾਕੇ ਉਨ੍ਹਾਂ ਤੋਂ ਭਜਨ ਲਓ। ਲਾਭ ਸਿੰਘ ਨੇ ਬਥੇਰੀ ਬੇਨਤੀ ਕੀਤੀ ਜੀ ਮੈਂ ਅੰਨ੍ਹਾ ਹਾਂ, ਬੜੀ ਮੁਸ਼ਕਲ ਨਾਲ ਪੁੱਜਾ ਹਾਂ, ਪਰ ਸ੍ਰੀ ਗੁਰੂ ਜੀ ਕਹਾ ਕਿ ਓਥੇ ਹੀ ਜਾ। ਮੁੜਕੇ ਵਾਪਸ ਭੈਣੀ ਸਾਹਿਬ ਆਇਆ। ਏਥੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਜੱਫੀ ਵਿੱਚ ਲੈ ਕੇ ਭਜਨ ਦੱਸ ਦਿੱਤਾ। ਦੋ ਸਿੱਖ ਹੋਰ ਗਏ ਹਜ਼ਰੋਂ ਸਾਹਿਬ। ਉਨ੍ਹਾਂ ਭੀ ਕਿਹਾ ਜੀ ਪੰਜਾਬ ਥੀਂ ਆਏ ਹਾਂ, ਭਜਨ ਲੈਣਾ ਹੈ। ਗੁਰੂ ਬਾਲਕ ਸਿੰਘ ਜੀ ਬਚਨ ਕੀਤਾ ਓਥੇ ਠਾਕੁਰਾਂ ਥੀਂ ਭਜਨ ਲਿਆ ਕਰੋ। ਠਾਕੁਰ ਜੀ ਕੜਛਾ ਵਰਤਾਵਣਗੇ ਨਾਮ ਕਾ। ਸਾਡੇ ਪਾਸ ਤਾਂ ਅਮਾਨਤ ਰੱਖੀ ਹੋਈ ਸੀ ਉਨ੍ਹਾਂ ਕੀ, ਸੋ ਉਨ੍ਹਾਂ ਸਾਂਭ ਲਈ ਹੈ। ਲੁਧਿਹਾਣੇ ਸੇ ਦਸ ਕੋਸ ਚੜ੍ਹਦੇ ਪਾਸੇ ਭੈਣੀ ਹੈ। ਰਾਮ ਸਿੰਘ ਨਾਮ ਪੁੱਛ ਲੈਣਾ। ਬਚਨ ਮੰਨ ਕੇ ਮੁੜ ਆਏ।

## ਸੰਗਤ ਦੀ ਆਵਾਜਾਈ

ਦੋਨੋਂ ਸਿੱਖ ਭੈਣੀ ਦਾ ਨਾਮ ਪੁੱਛਕੇ ਸ੍ਰੀ ਸਤਿਗੁਰੂ ਜੀ ਕਾ ਦਰਸ਼ਨ ਆਇ ਕੀਤਾ। ਸਾਰਾ ਬ੍ਰਤਾਂਤ ਹਜ਼ਰੋਂ ਸਾਹਿਬ ਕਾ ਸੁਣਾਇਆ ਤੇ ਭਜਨ ਲਿਆ। ਸ਼ਾਂਤ ਆਇ ਗਈ। ਫੇਰ ਅੱਠ ਸਿੰਘ ਹੋਰ ਆਇ ਦਰਸ਼ਨ ਕੀਤਾ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਕੇ ਚਰਨਾਂ ਪਰ ਸੀਸ ਨਿਵਾਇਆ।ਮੰਗ ਕੇ ਭਜਨ ਲਿਆ। ਤਪਤ ਕੜਾਹਾ ਬੁਝ ਗਿਆ, ਸ਼ਾਂਤ ਆਇ ਗਈ। ਜਾਂ ਨਾਮ ਅੰਮ੍ਰਿਤ ਕੀ ਬੂੰਦ ਮੁਖ ਮੇਂ ਪਈ ਕਹਿਣੇ ਲਗੇ ਸਾਡੇ ਮਨ ਕੀ ਮਨਸ਼ਾ ਪੂਰੀ ਹੋਈ ਹੈ। ਕਲੂਕਾਲ ਮੈ ਪੂਰੇ ਗੁਰੂ ਕਾ ਦਰਸ਼ਨ ਹੋਇਆ ਹੈ। ਜੋ ਆਇਕੇ ਭਜਨ ਸੁਣਦਾ ਹੈ ਝੱਟ ਚਾਨਣ ਹੋਇ ਜਾਂਦਾ ਹੈ। ਲਿਵ ਚਾਰ ਅੱਖਰ ਨਾਲ ਲਗਦੀ ਹੈ।

ਮੁਖਵਾਕ-ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ॥
ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕ।

(ਸਲੋਕ ਕਬੀਰ, ਪੰਨਾ ੧੩੭੪)

1 ਲੁਧਿਆਣਾ।

ਆਏ ਜੀਵ ਕੋ ਨਾਮ ਕਾ ਬਾਨ ਮਾਰ ਕੇ ਭਉਜਲ ਥੀਂ ਪਾਰ ਕਰਦੇ ਹੈਂ।

ਜੋ ਨੌਕਰੀ ਵਕਤ ਕੇ ਸਿੰਘ ਥੇ ਦੀਦਾਰ ਕਰਨ ਗਏ ਹਜ਼ਰੋਂ ਗੁਰੂ ਯਾਰ੍ਹਵੇਂ ਜੀ ਕਾ। ਗੁਰੂ ਜੀ ਕਥਾ ਕਰਦੇ ਸੀ। ਬਚਨ ਕੀਤਾ ਸਾਰੀ ਪ੍ਰਿਥਵੀ ਕੋ ਠਾਕੁਰ ਜੀ ਮੁਕਤ ਕਰਨਗੇ। ਜੇੜ੍ਹੇ ਸਿੰਘ ਏਧਰੋਂ ਗਏ ਥੇ ਦਰਸ਼ਨ ਕਰਨ ਉਨ੍ਹਾਂ ਨੇ ਪੁੱਛਿਆ ਜੀ ਠਾਕੁਰ ਜੀ ਕੌਣ ਹੈਂ? ਯਾਰ੍ਹਵੇਂ ਗੁਰੂ ਜੀ ਬਚਨ ਕੀਤਾ ਲੁਧਿਆਣੇ ਸੇ ਦਸ ਕੋਸ ਚੜਦੀ ਦਿਸ਼ਾ ਕੋ ਹੈ। ਠਾਕੁਰਾਂ ਦੀ ਮੇਰੇ ਪਾਸ ਵਸਤ ਹੈ ਸੀ, ਸੋ ਲੈ ਗਏ ਹੈਂ। ਓਥੇ ਜਾ ਕੇ ਹੀ ਭਜਨ ਲਵੋ ਠਾਕੁਰਾਂ ਥੀਂ। ਏਡੀ ਦੂਰ ਆਉਣਾ ਮੁਸ਼ਕਲ ਹੈ। ਗੁਰੂ ਜੀ ਤੇ ਰੁਖ਼ਸਦ ਲੈ ਕੇ ਸਿੰਘ ਆਏ ਰਾਮਦਾਸ ਪੁਰੇ ਮੈ। ਜਿਵੇਂ ਗੁਰੂ ਬਾਲਕ ਸਿੰਘ ਜੀ ਬਚਨ ਕੀਤਾ ਸੀ ਉਸੀ ਤਰ੍ਹਾਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਚਨ ਕੀਤਾ ਔਂਦਿਆਂ ਨੂੰ, ਸਾਡੀ ਵਸਤ ਸੀ ਸੋ ਸਾਨੂੰ ਗੁਰੂ ਜੀ ਨੇ ਦਿੱਤੀ ਹੈ। ਜੋ ਏਸ ਭਜਨ ਨੂੰ ਕੰਨ ਵਿੱਚ ਸੁਣੇਗਾ ਸੋ ਚੁਰਾਸੀ ਨਹੀਂ ਭੋਗੇਗਾ।

ਕਾਹਨ ਸਿੰਘ ਮਲੋਟ ਗੁਫ਼ਾ ਵਿਚ ਬੈਠਕੇ ਭਜਨ ਕਰਨ ਲੱਗੇ। ਕੁਝ ਸਿੰਘ ਦੁਰਗਾਪੁਰੇ ਕੁਝ ਘਰੀਂ ਮੇਹਨਤ ਕਰਕੇ ਛਕਣੇ ਲੱਗੇ। ਰਾਮਾਦਸ ਪੁਰੇ ਕੇ ਆਸੇ ਪਾਸੇ ਭੀ ਰਹਿਣੇ ਲੱਗੇ। ਸੁੱਧ ਸਿੰਘ ਭੀ ਏਥੇ ਹੀ ਆਇ ਗਿਆ। ਰਾਗ ਕਰਿਆ ਕਰੇ। ਹੋਰ ਸਿੰਘ ਭੀ ਜੋ ਬੜੇ ਪ੍ਰੇਮੀ ਸੇ, ਸੋ ਰਾਮਦਾਸ ਪੁਰੇ ਹੌਲੀ ਹੌਲੀ ਆਇਕੇ ਰਹਿਣੇ ਲਗੇ। ਜੋ ਨੌਕਰੀ ਕੇ ਵਕਤ ਕੇ ਸਿੰਘ ਥੇ, ਸੋ ਭੀ ਔਣੇ ਜਾਣੇ ਲੱਗੇ। ਜੇਹੜਾ ਦਰਸ਼ਨ ਕਰਕੇ ਜਾਏ ਸੋ ਉਪਮਾ ਕਰੇ ਕਿ ਰਾਮਦਾਸਪੁਰੇ ਮੈ ਕਲਾ ਪ੍ਰਗਟ ਹੋਈ ਹੈ। ਜਿਸ ਨੂੰ ਭਜਨ ਦਸਦੇ ਹੈਂ ਤਿਸੀ ਕੋ ਸ਼ਾਂਤ ਆਇ ਜਾਂਦੀ ਹੈ। ਦਿਨੋਂ ਦਿਨ ਸਿੰਘ ਆਣੇ ਜਾਣੇ ਲਗੇ।

## ਮਾਈ ਪੱਧਰੀ ਵਾਲੀ ਨੇ ਭਜਨ ਲਿਆ

ਜੁੱਧ ਹੋਣੇ ਦੇ ਪਾਛੇ ਬਾਬਾ ਕਾਹਨ ਸਿੰਘ ਚੱਕ ਦਾ ਵੈਰਾਗੀ ਹੋ ਕੇ ਮਲੋਟ ਪਹਾੜ ਮੇਂ ਜਾਇ ਬੰਦਗੀ ਕਰਨੇ ਲਗਾ ਸੀ। ਫੇਰ ਕਾਂਗੜੇ ਕੇ ਪਹਾੜ ਮੇਂ ਗਿਆ। ਉੱਥੇ ਪੰਜਾਬ ਕੇ ਸਿੱਖ ਨੌਕਰ ਥੇ, ਸੋ ਸੇਵਾ ਕਰਨੇ ਲਗੇ। ਏਕ ਸਿੱਖ ਪੱਧਰੀ ਕਾ ਥਾ। ਉਸਨੇ ਘਰ ਲਿਖ ਭੇਜਿਆ ਇਕ ਸੰਤ ਹੈਂ ਬੜੀ ਬੰਦਗੀ ਕਰਦੇ ਹੈਂ। ਉਨ੍ਹਾਂ ਦਾ ਚਿਹਨ ਚੱਕਰ ਭੀ ਲਿਖ ਭੇਜਿਆ। ਕਈ ਬਰਸ ਪਹਾੜ ਮੈ ਰਹਿਕੇ ਬਾਬਾ ਕਾਹਨ ਸਿੰਘ ਫੇਰ ਪੰਜਾਬ ਮੇਂ ਆਇਆ। ਇਕ ਫੇਰੀਂ ਪੱਧਰੀ ਜਾਇ ਰਹੇ। ਓਸ ਸਿੱਖ ਦੀ ਸਿੱਖਣੀ ਨੇ ਸਿੰਞਾਣ ਲਏ ਕਿ ਇਹ ਉਹੀ ਬੰਦਗੀ ਕਰਨੇ ਵਾਲੇ ਸਿੰਘ ਹੈਨ। ਸੁਣਕੇ, ਉਸਨੇ ਘਰ ਲੈ ਆਂਦੇ। ਸੇਵਾ ਟਹਲ ਬੜੇ ਪ੍ਰੇਮ ਨਾਲ ਕੀਤੀ। ਮਾਈ ਨੇ ਕਹਾ ਕਿ ਸਾਨੂੰ ਭਜਨ ਮਿਲੇ। ਬਾਬੇ ਕਾਹਨ ਸਿੰਘ ਨੇ ਸਤਿਗੁਰੂ ਰਾਮ ਸਿੰਘ ਜੀ ਕਾ ਨਾਮ ਦੱਸਿਆ ਤੇ ਕਹਾ ਰਾਮਦਾਸ ਪੁਰੇ ਸਾਹਿਬ ਜਾ ਕੇ ਭਜਨ ਲੈ ਲਓ। ਉਨ੍ਹਾਂ ਨੂੰ ਹੁਕਮ ਹੈ ਭਜਨ ਦੇਣ ਦਾ, ਸਾਨੂੰ ਹੁਕਮ ਨਹੀਂ ਹੈ।

ਬਾਬਾ ਕਾਹਨ ਸਿੰਘ ਪਤਾ ਦੇ ਕੇ ਚਲਾ ਗਿਆ। ਮਾਈ ਗੰਗਾ ਨੂੰ ਤੁਰੀ। ਨਾਲ ਏਕ ਤਰਖਾਣ ਸਿੰਘ ਸੀ। ਜਾਂ ਰਾਮਦਾਸ ਪੁਰੇ ਕੇ ਬਰਾਬਰ ਆਏ ਤਾਂ ਦੋਨੋਂ ਰਾਮਦਾਸ ਪੁਰੇ ਸਾਹਿਬ ਆਏ। ਅੰਤਰਜਾਮੀ ਸਤਿਗੁਰੂ ਜੀ ਆਗੇ ਆਇ ਖੜੇ ਹੋਏ ਦਰਵਾਜੇ ਮੈ। ਦਰਸ਼ਨ ਕੀਤਾ,

ਚਰਨਾਂ ਤੇ ਮੱਥਾ ਟੇਕਿਆ। ਹਾਥ ਜੋੜ ਕਰ ਬੇਨਤੀ ਕੀਤੀ ਜੀ ਸਾਨੂੰ ਭਜਨ ਮਿਲੇ। ਬਚਨ ਹੋਇਆ ਤੁਹਾਨੂੰ ਕਿਵੇਂ ਖ਼ਬਰ ਹੋਈ? ਮਾਈ ਸਾਹਬੋ ਨੇ ਕਹਾ ਜੀ ਜੋ ਬਾਬਾ ਕਾਹਨ ਸਿੰਘ ਚੱਕ ਦਾ ਹੈ, ਜੋ ਨੌਕਰੀ ਮੈ ਨਾਲ ਸੀ ਤੁਸਾਂ ਦੇ, ਉਨ੍ਹਾਂ ਕਹਾ ਸੀ ਕਿ ਮੈਨੂੰ ਤਾਂ ਹੁਕਮ ਨਹੀਂ ਹੈ। ਲੁਧਿਆਣੇ ਸੇ ਦਸ ਕੋਸ ਪਰ ਭੈਣੀ ਸਾਹਿਬ ਮੇਂ ਸਤਿਗੁਰੂ ਰਾਮ ਸਿੰਘ ਜੀ ਭਜਨ ਦੇਂਦੇ ਹੈਂ। ਤਾਂ ਜੀ ਅਸੀਂ ਆਏ ਹਾਂ। ਸਾਨੂੰ ਨਾਮ ਦਾ ਗੱਫ਼ਾ ਬਖ਼ਸ਼ੋ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਤਿੰਨ ਦਿਨ ਏਥੇ ਰਹੋ, ਤਾਂ ਭਜਨ ਦੇਵਾਂਗੇ। ਉਨ੍ਹਾਂ ਕਹਾ ਜੀ ਗੰਗਾ ਕਾ ਸੰਗ ਜਾਂਦਾ ਹੈ, ਫੇਰ ਸਾਨੂੰ ਇਕੱਲਿਆਂ ਨੂੰ ਜਾਣਾ ਔਖਾ ਹੋਊਗਾ। ਬਚਨ ਕੀਤਾ ਕੇਸੀਂ ਜਲ ਪਾਇਕੇ ਇਸ਼ਨਾਨ ਕਰ ਆਵੋ ਤਾਂ ਭਜਨ ਮਿਲੇਗਾ। ਉਨ੍ਹਾਂ ਕਿਹਾ ਕਿ ਸਾਡੇ ਬ੍ਰਾਹਮਣਾਂ ਕੋ ਪ੍ਰਸ਼ਾਦ ਛਕਾਏ ਬਿਨਾ ਸਿਰ ਪਾਣੀ ਨਹੀਂ ਪਾਉਣ ਦਿੰਦੇ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਜੇਕਰ ਕੇਸੀਂ ਪਾਣੀਂ ਨਹੀਂ ਪਾਉਂਦੇ ਤਾਂ ਅਸੀਂ ਭਜਨ ਨਹੀਂ ਦਿੰਦੇ। ਸੁਣਕੇ ਬਚਨ ਕੇਸੀਂ ਇਸ਼ਨਾਨ ਕਰ ਆਏ। ਭਜਨ ਦੇ ਦਿੱਤਾ। ਬਚਨ ਕੀਤਾ ਕਿਸੇ ਨੂੰ ਦੱਸਣਾ ਨਹੀਂ। ਖੁਸ਼ੀ ਲੈ ਕੇ ਗੰਗਾ ਕੇ ਸੰਗ ਮੇਂ ਜਾਇ ਰਲੇ। ਉਨ੍ਹਾਂ ਲੋਕਾਂ ਨੇ ਪੁੱਛਿਆ ਤੁਹਾਨੂੰ ਕੀ ਦੱਸਿਆ ਹੈ? ਮਾਈ ਸਾਹਬੋ ਨੇ ਕਹਾ ਕਿ ਕੋਈ ਚੰਗੀ ਗੱਲ ਹੀ ਦੱਸੀ ਹੈ। ਦੱਸਿਆ ਤਾਂ ਨਾ, ਪਰ ਨਿਸਚਾ ਨਾ ਟਿਕਿਆ, ਕਿਉਂਕਿ ਅੱਗੇ ਸੋਹੰ ਦਾ ਭਜਨ ਕਰਦੀ ਸੀ।

## ਸੰਤ ਖਾਲਸੇ ਦੀ ਸਾਜਣਾ

ਜੋਤੀ ਸਰੂਪ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਜੋਤ ਕੋ ਜਗਾਵਣੇ ਲਗੇ ਹੈਂ। ਪਤੰਗੇ ਕੀ ਤਰ੍ਹਾਂ ਜੋ ਸਿੱਖ ਹੈਂ ਸੋ ਆਵਣਗੇ। ਤਨ ਮਨ ਧਨ ਦੇ ਕੇ ਨਾਮ ਲੈ ਕੇ ਸ਼ਾਂਤ ਆਇ ਜਾਏਗੀ। ਮਾਨੋਂ ਸੂਰਜ ਕਾ ਪ੍ਰਕਾਸ਼ ਹੋਣੇ ਲਗਾ ਹੈ। ਪਾਪਾਂ ਰੂਪੀ ਜੋ ਰਾਤ ਹੈ ਸੋ ਦੂਰ ਹੋਵੇਗੀ। ਚਕਵੀ ਚਕਵੇ ਕੀ ਤਰ੍ਹਾਂ ਭਗਤਾਂ ਕੋ ਸੁਖ ਹੋਵੇਗਾ ਸੂਰਜ ਨੂੰ ਦੇਖਕੇ। ਕਿਰਨਾਂ ਸੂਰਜ ਦੀਆਂ ਨਿਕਲਨੇ ਲੱਗੀਆਂ ਹੈਂ। ਕਲਾ ਕਾ ਬਿਸਥਾਰ ਕਰਨੇ ਲਗੇ ਹੈਂ। ਸੰਤ ਖਾਲਸਾ ਜੋ ਦਸਵੇਂ ਪਾਤਸ਼ਾਹ ਜੀ ਕਾ ਕਹਿਣਾ ਹੈ ਸੋ ਪ੍ਰਗਟ ਹੋਣ ਲਗਾ ਹੈ। ਜੜ੍ਹ ਆਇ ਲਾਈ ਹੈ। ਜਿਸ ਜਗ੍ਹਾ ਨਾਮ ਕਾ ਬ੍ਰਿਛ ਲਗਾਵਣਾ ਹੈ ਮਾਨੋਂ ਕਲਪ ਬ੍ਰਿਛ ਲਿਆਇ ਧਰਿਆ ਹੈ। ਜੋ ਭਾਵਨਾ ਕੋਈ ਕਰੇਗਾ ਸੋ ਸਭ ਦੀਆਂ ਪੂਰੀਆਂ ਹੋਣਗੀਆਂ। ਮਨ ਬਾਛਤ ਫਲ ਮਿਲੇਗਾ। ਦਸਵੇਂ ਪਾਤਸ਼ਾਹ ਜੀ ਕਾ ਵਾਕ ਹੈ– "ਸਕਲ ਜਗਤ ਮੋ ਖਾਲਸਾ ਪੰਥ ਗਾਜੈ।" ਸੋ ਖਾਲਸਾ ਜਗਾਵਣੇ ਲਗੇ ਹੈਂ। ਸੁੱਤੇ ਪਿਆਂ ਜੀਆਂ ਕੋ ਨਾਮ ਕਾ ਗੱਫ਼ਾ ਦੇ ਕੇ ਦੇਵਤਾ ਕਰਨ ਲਗੇ ਹੈਂ।

ਮੁਖਵਾਕ– ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ।

(ਆਸਾ ਮ: ੧, ਪੰਨਾ ੪੬੨)

ਸੋ ਭਜਨ ਸੁਣਾਇਕੇ ਕੰਨ ਮੈ ਅੱਖ ਦੇ ਫੋਰ ਵਿੱਚ ਦੇਵਤਾ ਕਰ ਦੇਂਦੇ ਹੈਂ। ਜਨਮ ਵੱਟਿਆ ਜਾਂਦਾ ਹੈ। ਸਰੀਰ ਕੀ ਤਾਸੀਰ ਬਦਲ ਜਾਂਦੀ ਹੈ। ਗੁਰਮੰਤ੍ਰ ਦੇ ਕੇ ਜੀਆਂ ਕੋ ਮੁਕਤ ਕਰਨੇ ਲਗੇ ਹੈਂ।

ਮੁਖਵਾਕ – ਘਰ ਮੰਦਰ ਹਟਨਾਲੇ ਸੋਹੇ ਜਿਸੁ ਵਿਚਿ ਨਾਮੁ ਨਿਵਾਸੀ ਰਾਮ।

ਸੰਤ ਭਗਤ ਹਰਿ ਨਾਮੁ ਅਰਾਧਹਿ ਕਟੀਐ ਜਮ ਕੀ ਫਾਸੀ ਰਾਮ।

(ਸੂਹੀ ਮ: ੫, ਪੰਨਾ ੭੮੩)

ਸੋ ਘਰ ਜਾਹਰ ਕਰਨੇ ਲਗੇ ਹੈਂ। ਗੁਪਤ ਸੀ ਨਾਮ ਕਾ ਖ਼ਜਾਨਾ ਸੋ ਵਰਤਾਵਣ ਲਗੇ ਹੈਂ। ਧਰਮ ਕੀ ਧੁਜਾ ਖੜੀ ਹੋਈ ਹੈ। ਨਾਮ ਕੇ ਖ਼ਜਾਨੇ ਕੋ ਕੁੰਜੀ ਲਾਵਣ ਲਗੇ ਹੈਂ। ਵਣਜਾਰੇ ਸਿੱਖ ਆਵਣਗੇ। ਨਾਮ ਜੋ ਅਮੋਲਕ ਹੈ ਸੋ ਖਰੀਦਣਗੇ। ਮਾਨਸਰੋਵਰ ਪ੍ਰਗਟ ਹੋਇਆ ਹੈ। ਹੰਸਲੇ ਜੋ ਸਿੱਖ ਹੈਂ ਸੋ ਨਾਮ ਕੇ ਮੋਤੀ ਚੁਗਣਗੇ। ਨਾਮ ਕੀ ਖਾਨ ਪ੍ਰਗਟ ਹੋਣ ਲਗੀ ਹੈ। ਸੋਈ ਆਣਕੇ ਮਿਲਣਗੇ ਜਿਨ੍ਹਾਂ ਕੀ ਪੂਰਬਲੀ ਕਮਾਈ ਤੇ ਲਿਲਾਟ ਮੈ ਲਿਖਿਆ ਹੋਇਆ ਹੈ। ਜੁਗੋ ਜੁਗ ਨਾਲ ਕਾ, ਵਰ ਮੰਗਿਆ ਹੋਇਆ ਹੈ। ਸੋ ਨਾਲ ਈ ਜਨਮ ਧਾਰ ਲੈਂਦੇ ਹੈਂ। ਸੋਈ ਆਣਕੇ ਮਿਲਣਗੇ ਤੇ ਨਾਮ ਨੂੰ ਜਪਣਗੇ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਗਾਨਾ ਬੰਨਿਆ ਹੈ ਧਰਮ ਤੋਰਨੇ ਕਾ ਤੇ ਗਊ ਗਰੀਬ ਦੀ ਰੱਛਿਆ ਵਾਸਤੇ। ਕਲੂਕਾਲ ਮੈ ਧਰਮ ਜਹਾਜ਼ ਪਰ ਚਾੜ੍ਹਕੇ ਸੰਸਾਰ ਸਮੁੰਦਰ ਸੇ ਪਾਰ ਕਰਨਗੇ। ਚੰਦਨ ਕਾ ਬੂਟਾ ਲਾਇਆ ਹੈ। ਜੋ ਨੇੜੇ ਆਵੇਗਾ ਸੋ ਚੰਦਨ ਰੂਪ ਹੋਵੇਗਾ। ਦਿਨੋਂ ਦਿਨ ਪ੍ਰਤਾਪ ਜਾਗੇਗਾ।

## ਚੌਦੇ ਦੀ ਵੈਸਾਖੀ

ਚੌਦੇ[1] ਦੀ ਵੈਸਾਖੀ ਆਈ। ਰਾਮਦਾਸ ਪੁਰੇ ਮੈ ਸਿੱਖ ਆਵਣ ਲਗੇ ਹੈਂ। ਸ੍ਰੀ ਸਤਿਗੁਰੂ ਰਾਮ ਸਿੰਘ ਜੀ 'ਸੰਤ ਖਾਲਸਾ' ਪ੍ਰਗਟ ਕਰਨੇ ਲਗੇ ਹੈਂ ਅੰਮ੍ਰਿਤ ਛਕਾਇਕੇ। ਕਾਹਨ ਸਿੰਘ ਨਿਹੰਗ[2], ਲਾਭ ਸਿੰਘ ਰਾਗੀ[3], ਆਤਮਾ ਸਿੰਘ[4], ਨੈਣਾ ਸਿੰਘ[5] ਔਰ ਸੁੱਧ ਸਿੰਘ[6] ਪੰਜਾਂ ਕੋ ਅੰਮ੍ਰਿਤ ਛਕਾਇਆ। ਪੈਲ੍ਹੇ ਖੁੱਲ੍ਹੀ ਖੇਡ ਸੀ, ਕੋਈ ਕਛਹਿਰੇ ਰੱਖਦਾ ਸੀ ਕੋਈ ਨਹੀਂ ਰੱਖਦਾ ਸੀ। ਮਾਈਆਂ ਬੀਬੀਆਂ ਹੀ ਪ੍ਰਸ਼ਾਦਾ ਸਜਾ ਲੈਂਦੀਆਂ ਸਨ। ਕਛਹਿਰੇ ਕਾ ਬੰਨ੍ਹਣ ਨਹੀਂ ਸੀ। ਉਸੀ ਦਿਨ ਸੇ ਸਭ ਕੋ ਫਿਕਰ ਪੈ ਗਿਆ ਕਿ ਦਸਵੇਂ ਪਾਤਸ਼ਾਹ ਵਾਲੀ ਰੀਤ ਧਾਰਨੀ ਪਵੇਗੀ।

ਪੰਥ ਤੁਰੇ ਤੇ ਦੀਨਾਨਾਥ ਜੀ ਬਚਨ ਕੀਤਾ ਟੁੱਟੀ ਗੰਢਣਹਾਰ ਗੋਪਾਲ ਮੇਰਾ। ਜਪੋ ਏਕ ਨਾਮ। ਸਰੇ ਸਰਬ ਕਾਮ। ਜਪੋ ਖਾਲਸਾ ਜੀ ਨਾਮ। ਮੈਂ ਤੁਹਾਨੂੰ ਚੰਗੀ ਚੀਜ਼ ਦਿੱਤੀ ਹੈ। ਮੈਨੂੰ

---

1 ੧੯੧੪ ਬਿਕ੍ਰਮੀ ਦੀ ਵਸਾਖੀ,੧੮੫੭ ਈ:।

2 ਪਿਤਾ ਸਰਦਾਰ ਨੱਥਾ ਸਿੰਘ, ਪਿੰਡ ਚੱਕ, ਰਿਆਸਤ ਮਲੇਰਕੋਟਲਾ। ਕਾਹਨ ਸਿੰਘ ਨਿਹੰਗ ਕੰਵਰ ਨੌ ਨਿਹਾਲ ਸਿੰਘ ਦੀ ਰੈਜੀਮੈਂਟ ਵਿੱਚ ਬ੍ਰਗੇਡ ਮੇਜਰ ਮੈਕਸਨ ਦੀ ਕਮਾਨ ਹੇਠ ਹਵਲਦਾਰ ਸਨ। ਲੜਾਈ ਤੋਂ ਵਾਪਸ ਆਕੇ ਕੁਝ ਸਮਾਂ ਪਿੰਡ ਮਲੋਧ, ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਪਾਣੀ ਦੀ ਚੱਕੀ ਲਗਾਈ। ਫੇਰ ਭਗਤੀ ਵਿੱਚ ਲੀਨ ਹੋ ਗਏ ਅਤੇ ਲਗਪਗ ੧੯੧੩ ਬਿ: (੧੮੫੬ ਈ.) ਵਿੱਚ ਆਪ ਸ੍ਰੀ ਰਾਮਦਾਸ ਪੂਰੇ ਆ ਗਏ।

3 ਪਿਤਾ ਸਰਦਾਰ ਜੀਤ ਸਿੰਘ, ਨਵਾਂ ਸ਼ਹਿਰ ਜ਼ਿਲ੍ਹਾ ਜਲੰਧਰ। ਇਨ੍ਹਾਂ ਦੇ ਨੇਤਰਾਂ ਦੀ ਜੋਤ ਨਹੀਂ ਸੀ। ਲਾਭ ਸਿੰਘ ਰਾਗ ਬਹੁਤ ਚੰਗਾ ਕਰਿਆ ਕਰਦੇ ਸਨ। ਇਨ੍ਹਾਂ ਕਾਫੀ ਸਮਾਂ ਜਲੰਧਰ ਅਤੇ ਅੰਮ੍ਰਿਤਸਰ ਜ਼ਿਲ੍ਹਿਆਂ ਵਿੱਚ ਪ੍ਰਚਾਰ ਕੀਤਾ।

4 ਪਿੰਡ ਆਲੇ ਮਹਾਰ, ਜ਼ਿਲ੍ਹਾ ਸਿਆਲਕੋਟ ਦੇ ਰਹਿਣ ਵਾਲੇ ਸਨ।

5 ਪਿਤਾ ਸਰਦਾਰ ਸਮੁੰਦ ਸਿੰਘ, ਪਿੰਡ ਵਰਿਆਂਹ ਜ਼ਿਲ੍ਹਾ ਅੰਮ੍ਰਿਤਸਰ।

6 ਪਿਤਾ ਸਰਦਾਰ ਜਗਤ ਸਿੰਘ ਜ਼ਮੀਂਦਾਰ, ਪਿੰਡ ਦੁਰਗਾਪੁਰ, ਜ਼ਲਿਾ ਜਲੰਧਰ। ਸੁੱਧ ਸਿੰਘ ਚੌਥੀ ਅਨਿਯਮਤ ਘੁੜਸਵਾਰ ਫ਼ੌਜ (4th irregular cavalrary ) ਵਿੱਚ ਸਵਾਰ ਰਹਿ ਚੁੱਕੇ ਸਨ।

ਗੁਰੂ ਬਾਲਕ ਸਿੰਘ ਜੀ ਦੇ ਚਰਨਾਂ ਵਿਚੋਂ ਹੱਥ ਆਈ ਹੈ ਸੋ ਖਾਲਸੇ ਨੂੰ ਵਰਤਾਈ ਹੈ। ਹੋਰ ਜੇੜ੍ਹੀ ਮੈਨੂੰ ਮਿਲੇਗੀ ਸੋ ਭੀ ਮੈਂ ਖਾਲਸੇ ਨੂੰ ਦੇਵਾਂਗਾ।

ਜੈਸੀ ਕੋਈ ਅਰਜ਼ ਕਰੇ ਤੈਸਾ ਸੰਸਾ ਦੂਰ ਹੋਣਾ। ਸੰਸਾ ਦੂਰ ਹੋਇਕੇ ਭਜਨ ਲੈਣਾ। ਸੰਗਤ ਮੈ ਹੰਸ ਹੋਇਕੇ ਬੈਠ ਜਾਣਾ। ਸੁਣ ਸੁਣ ਕੇ ਸਿੰਘ ਆਵਣੇ ਲਗੇ ਜੈਸੇ ਫੁਲ ਪਰ ਭੰਵਰਾ ਆਉਂਦਾ ਹੈ। ਜੈਸੇ ਦੀਵੇ ਪਰ ਪਤੰਗਾ ਆਉਂਦਾ ਹੈ। ਜੋ ਭਜਨ ਲੈ ਜਾਂਦਾ ਹੈ ਸੋ ਦੂਏ ਕੋ ਜਾਇਕੇ ਕਹਿੰਦਾ ਹੈ ਸੰਤ ਅਵਤਾਰ ਪ੍ਰਗਟ ਹੋਏ ਹੈਂ। ਜੈਸਾ ਫੁਰਨਾ[1] ਹੋਵੇ ਤੈਸਾ ਈ ਸੁਣਾਇ ਦਿੰਦੇ ਹੈਂ। ਨਾਮ ਸੁਣ ਕੇ ਸ਼ਾਂਤ ਆਇ ਜਾਂਦੀ ਹੈ। ਜੇਹੜੀ ਅਗਨੀ ਲੱਗੀ ਹੁੰਦੀ ਹੈ ਸੋ ਨਾਮ ਸੁਣ ਕੇ ਸ਼ਾਤ ਹੋਏ ਜਾਂਦੀ ਹੈ।

ਮੁਖਵਾਕ – "ਤਪਤ ਕੜਾਹਾ ਬੁਝਿ ਗਇਆ ਗੁਰਿ ਸੀਤਲ ਨਾਮੁ ਦੀਓ।"

## ਡੇਰੇ ਦਾ ਪ੍ਰਬੰਧ

ਚੱਕੀਆਂ ਨਾਲ ਈ ਗੁਜ਼ਾਰਾ ਹੁੰਦਾ ਸੀ। ਮਾਤਾ ਜੱਸਾਂ ਜੀ ਭੀ ਪੀਂਹਦੇ ਸੇ। ਬੀਬੀ ਦਇਆ ਕੌਰ ਭੀ ਪੀਸਿਆ ਕਰੇ। ਇਕ ਦਿਨ ਸ੍ਰੀ ਸਤਿਗੁਰੂ ਜੀ ਜੱਸਾਂ ਨਾਲ ਪਿਸਾਵਣ ਲੱਗੇ। ਫੇਰ ਸੁੱਧ ਸਿੰਘ ਭੀ ਆਇ ਲੱਗਾ, ਸਤਿਗੁਰੂ ਜੀ ਹਟਾਇ ਦਿੱਤੇ। ਕੋਈ ਪ੍ਰੇਮ ਨਾਲ ਕੰਮ ਕਰੇ ਤਾਂ ਕਰੇ, ਨਹੀਂ ਤਾਂ ਕਹਿਣਾ ਨਹੀਂ। ਬੀਬੀ ਦਇਆ ਕੌਰ ਪਹਿਲੇ ਪੀਸਿਆ ਕਰੇ, ਫੇਰ ਦੁੱਧ ਰਿੜਕਣਾ। ਫੇਰ ਘਾਸ ਕੀ ਪੰਡ ਲਿਆਵਣੀਂ। ਪ੍ਰਸ਼ਾਦ ਭੀ ਬਣਾਉਣਾ। ਫੇਰ ਪਾਣੀ ਅਕਾਲ ਬੁੰਗੇ ਵਾਲੇ ਖੂਹ ਤੋਂ ਭਰਨਾ। ਫੇਰ ਪੰਜ ਗ੍ਰੰਥੀ ਬਾਣੀ ਭੀ ਪੜ੍ਹਨੀ। ਸ੍ਰੀ ਸਤਿਗੁਰੂ ਜੀ ਨਾਮ ਕਾ ਗ਼ਫਾ ਆਪ ਵਰਤਾਂਵਦੇ ਹੈਂ।

ਮੁਖਵਾਕ– ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ

ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ॥

ਸੋ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਘਟਾਂ ਕੇ ਮਾਲਕ ਕੁੰਜੀ ਲਾਵਣ ਲਗੇ ਹੈਂ।

ਮੁਖਵਾਕ– ਗੁਰਮੰਤ੍ਰ ਹੀਣਸੁ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ॥

ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ॥

ਜਿਨਾਂ ਜੀਵਾਂ ਨੇ ਮੰਤ੍ਰ ਕੰਨ ਮੈ ਨਹੀਂ ਸੁਣਿਆ ਸੋ ਇਨ੍ਹਾਂ ਜੂਨਾਂ ਸੇ ਭੀ ਮਾੜਾ ਹੈ। ਜੀਆਂ ਪਰ ਮੇਹਰ ਕਰਕੇ ਆਪ ਮੰਤ੍ਰ ਦੇਣ ਲੱਗੇ ਹੈਂ।

ਪਹਿਲੇ ਗੁਲਾਬ ਸਿੰਘ ਗੋਂਦਾ[2] ਆਇਆ ਸੀ ਜੱਸ ਸੁਣਕੇ। ਭਜਨ ਲੈ ਕੇ ਏਥੇ ਈ ਰਹਿਣ ਲੱਗਾ। ਹੱਟੀ ਵਿੱਚ ਕਰ ਦਿੱਤਾ। ਸੁੱਧ ਸਿੰਘ ਦੁਰਗਾਪੁਰੇ ਦਾ ਆਇਆ, ਰਾਗ ਭੀ ਜਾਣਦਾ ਸੀ। ਆਸਾ ਦੀ ਵਾਰ ਲਾਵਣੀ ਸ਼ੁਰੂ ਕੀਤੀ। ਕਾਹਨ ਸਿੰਘ ਨੌਕਰੀ ਕੇ ਵਕਤ ਕਾ ਸੀ। ਸੋ ਦਰਸ਼ਨ

1 ਸੋਚਣਾ।

2 ਪਿੰਡ ਗੁੱਜਰਪੁਰ, ਬਟਾਲਾ, ਜ਼ਿਲ੍ਹਾਂ ਗੁਰਦਾਸਪੁਰ।

ਕਰਕੇ ਹੁਸ਼ਿਆਰ ਪੁਰੇ ਸੇ ਆਗੇ ਪਹਾੜ ਮੈ ਮਲੋਟ ਹੈ ਤਿੱਥੇ ਜਾਇਕੇ ਬੰਦਗੀ ਕਰਨੇ ਲਗਾ। ਸਾਹਿਬ ਸਿੰਘ[1] ਤੇ ਬ੍ਰਹਮਾ ਸਿੰਘ[2] ਪਹਿਲੇ ਨਾਗਿਆਂ ਵਿਚ ਮਹੰਤ ਸੇ। ਤਿੰਨਾਂ ਨੇ ਭਜਨ ਸੁਣਿਆ। ਬਾਬਾ ਜਵਾਹਰ ਸਿੰਘ[3] ਨਿਰਮਲਿਆਂ ਵਿੱਚੋਂ ਆਇਆ। ਲੰਗੋਟੀ ਲਾਹੀ ਤੇ ਕਛਹਿਰਾ ਪਾਇ ਲੀਆ। ਦਿਨੋਂ ਦਿਨ ਪ੍ਰਤਾਪ ਜਾਗਣੇਂ ਲਗਾ ਹੈ।

## ਲਾਹੌਰ ਕਾ ਘਰ ਮਾਰਿਆ ਹੈ

ਏਕ ਦਿਨ ਸ੍ਰੀ ਸਤਿਗੁਰੂ ਜੀ ਤੇ ਮਹਾਰਾਜ ਬੁੱਧ ਸਿੰਘ ਜੀ ਤੇ ਲਹਿਣਾ ਸਿੰਘ ਤਿੰਨੇ ਤੁਰੇ ਜਾਂਦੇ ਸੀ। ਸ੍ਰੀ ਸਤਿਗੁਰੂ ਜੀ ਮਾਰ ਕੇ ਸਲੋਤਰ ਕੁੱਤੀ ਮਾਰ ਦਿੱਤੀ। ਲਹਿਣਾ ਸਿੰਘ ਨੇ ਕਹਿਆ ਮੈਂ ਤਾਂ ਜੀ ਤੈਨੂੰ ਗੁਰੂ ਨਾਨਕ ਸਾਹਿਬ ਜਾਣਦਾ ਸੀ। ਬਚਨ ਕੀਤਾ ਸਤਿਗੁਰੂ ਜੀ, ਕਿ ਲਹਿਣਾ ਸਿੰਘ ਲਾਲ ਮਿਰਚਾਂ ਕੀ ਥਾਲੀ ਭਰ ਕੇ ਲੈ ਆਓ। ਮਿਰਚਾਂ ਲੈ ਆਂਦੀਆਂ। ਸਤਿਗੁਰੂ ਜੀ ਦੋਨਾਂ ਹੱਥਾਂ ਨਾਲ ਮਲੀਦਾ ਕਰ ਦਿੱਤੀਆਂ। ਏਕ ਹਾਥ ਮੇਂ ਪਲਕਾਂ ਨੇਤਰਾਂ ਦੀਆਂ ਚੁੱਕ ਕੇ ਦੂਏ ਹਾਥ ਸੇ ਚੁਟਕੀ ਭਰਕੇ ਪੌਣ ਲੱਗੇ। ਦਸ ਫੇਰੀ ਚੁਟਕੀਆਂ ਭਰ ਭਰ ਕੇ ਪਾਈਆਂ। ਬਚਨ ਕੀਤਾ ਦੇਖ ਲਹਿਣਾ ਸਿੰਘ ਤੂੰ ਕਹਿੰਦਾ ਸੀ ਕੁੱਤੀ ਮਾਰੀ ਹੈ। ਇਤਨੀਆਂ ਮਿਰਚਾਂ ਪਾਈਆਂ ਹੈਨ ਨੇਤਰਾਂ ਮੇਂ, ਮੇਰੇ ਨੇਤਰਾਂ ਵਿੱਚੋਂ ਜਲ ਨਹੀਂ ਨਿਕਲਿਆ ਹੈ। ਜੇਕਰ ਕਿਸੇ ਦੇ ਨੇਤਰਾਂ ਕੋ ਮਿਰਚ ਵਾਲਾ ਹੱਥ ਭੀ ਲੱਗ ਜਾਏ ਤਾਂ ਭੀ ਜਲ ਨਿਕਲ ਆਉਂਦਾ ਹੈ, ਪਰ ਮੇਰੇ ਨੇਤਰਾਂ ਵਿੱਚੋਂ ਇਕਹੰਝੂ ਭੀ ਨਹੀਂ ਨਿਕਲੀ। ਤੂੰ ਆਖਦਾ ਹੈਂ ਕੁੱਤੀ ਮਾਰੀ ਹੈ। ਏਹ ਕੁੱਤੀ ਨਹੀਂ ਮਾਰੀ, ਏਹ ਲਾਹੌਰ ਕਾ ਘਰ ਮਾਰਿਆ ਹੈ। ਮੈਨੂੰ ਪੁੰਨ ਪਾਪ ਕਾ ਲੇਪ ਨਹੀਂ ਹੈ।

## ਅਗਨੀ ਵਿਚ ਛਾਲ

ਦਇਆ ਸਿੰਘ ਕੋਟ ਗੰਗੂਰਾਇ[4] ਨੂੰ ਸਤਿਗੁਰੂ ਜੀ ਮਰਦ ਕਹਿੰਦੇ ਹੁੰਦੇ ਸਨ। ਉਸ ਕੋ ਤੇ ਲਹਿਣਾ ਸਿੰਘ ਕੋ ਰਾਮਸਰ ਲੈ ਗਏ ਸਤਿਗੁਰੂ ਜੀ। ਬਚਨ ਕੀਤਾ ਪਾਥੀਆਂ ਲਿਆਵੋ। ਕਈ ਪੰਡਾਂ ਲਿਆਇ ਕੇ ਚਿਖਾ ਵਾਂਗੂੰ ਅਗਨੀ ਲਗਾਇ ਦਿੱਤੀ। ਜਾਂ ਲਾਟਾਂ ਨਿਕਲਨੇ ਲੱਗੀਆਂ ਤਾਂ ਸਤਿਗੁਰੂ ਜੀ ਦੂਰੋਂ ਜਾਇਕੇ ਨੱਸ ਕੇ ਉੱਤੋਂ ਦੀ ਛੇ ਛਾਲਾਂ ਮਾਰੀਆਂ। ਸਤਵੀਂ ਛਾਲ ਵਿਚ ਮਾਰੀ। ਪਿੱਠ ਨਾਲ ਉੱਪਰ ਲੇਟ ਕੇ ਸਾਰੀ ਅਗਨੀ ਬੁਝਾਇ ਦਿੱਤੀ। ਲਹਿਣਾ ਸਿੰਘ ਤੇ ਦਇਆ ਸਿੰਘ ਕੋ ਬਚਨ ਕੀਤਾ ਕਿਸੇ ਨੂੰ ਦੱਸਣਾ ਨਹੀਂ। ਜਾਂ ਸਤਿਗੁਰੂ ਜੀ ਰੰਗੂਨ ਗਏ ਤਾਂ ਮਗਰੋਂ ਦੱਸਿਆ ਸੀ। ਦੋਹਾਂ ਸਿੱਖਾਂ ਨੇ ਜਾਣਿਆ ਜੋ ਸਾਖਿਆਤ ਪ੍ਰਮੇਸ਼ਰ ਜੀ ਨੇ ਅਵਤਾਰ ਧਾਰਿਆ ਹੈ।

---

1 ਪਿਤਾ ਸ੍ਰ. ਦਿਆਲ ਸਿੰਘ, ਪਿੰਡ ਬ੍ਰਮਾਲੀਪੁਰ, ਤਹਸੀਲ ਤਰਨਤਾਰਨ, ਜ਼ਿਲ੍ਹਾਂ ਅੰਮ੍ਰਿਤਸਰ। ਸਾਹਿਬ ਸਿੰਘ ਪਹਿਲਾਂ ਉਦਾਸੀ ਸਾਧ ਬਣਿਆ, ਨਾਮ ਸੁਤੇ ਪ੍ਰਕਾਸ਼ ਸੀ। ਸੰਮਤ ੧੯੧੬ ਬਿ. (੧੮੫੯ ਈ.) ਵਿੱਚ ਸਾਹਿਬ ਸਿੰਘ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹਜ਼ੂਰ ਆਇਆ

2 ਪਿਤਾ ਸ੍ਰ. ਗੁਲਾਬ ਸਿੰਘ, ਪਿੰਡ ਕੋਲਣਾ ਜ਼ਿਲ੍ਹਾਂ ਅੰਬਾਲਾ। ਬ੍ਰਹਮਾ ਸਿੰਘ ਜੀ ਸੰਮਤ ੧੯੧੬ ਬਿ. (੧੮੫੯ ਈ.) ਵਿੱਚ ਆਏ ਸਨ।

3 ਪਿਤਾ ਸ੍ਰ. ਦੱਲ ਸਿੰਘ, ਬਾਬਾ ਜਵਾਹਰ ਸਿੰਘ ਜੀ ਪਹਿਲਾਂ ਨਿਰਮਲੇ ਸਾਧੂ ਸਨ ਅਤੇ ਚਾਰ ਸਾਲ ਬਨਾਰਸ ਵੀ ਰਹੇ।

4 ਪਿਤਾ ਸ੍ਰ. ਹਿੰਮਤ ਸਿੰਘ।

## ਅਕਾਲ ਪੁਰਖ ਤੋਂ ਵਰ

ਇਕ ਵਾਰੀ ਸ੍ਰੀ ਸਤਿਗੁਰੂ ਜੀ ਬਚਨ ਕੀਤਾ ਮੈਨੂੰ ਦ੍ਰਿਸ਼ਟਾਂਤ ਹੋਇਆ, ਜੋ ਦਰਗਾਹ ਮੈ ਜਾਇ ਹਾਜ਼ਰ ਹੋਇਆ ਹਾਂ। ਅਕਾਲ ਪੁਰਖ ਜੀ ਬਚਨ ਕੀਤਾ ਤੂੰ ਬਾਰ੍ਹਵਾਂ ਅਵਤਾਰ ਹੋਇਆ ਹੈਂ। ਗੁਰੂਆਂ ਸਿਰ ਗੁਰੂ ਕੀਤਾ। ਉਸ ਵਕਤ ਜੋ ਉਮਤਾਂ ਵਾਲੇ ਸਨ ਸਭ ਥੀਂ ਪੁੱਛਿਆ ਕਿ ਤੁਹਾਨੂੰ ਜੂ ਭੇਜਿਆ ਸੀ ਨਾਮ ਜਪਾਵਣ ਨੂੰ, ਤੁਸੀਂ ਜਾ ਕੇ ਆਪਣਾ ਨਾਮ ਜਪਾਂਵਦੇ ਰਹੇ। ਆਪੋ ਆਪਣੀਆਂ ਸ਼ਰਾ ਤੋਰੀਆਂ ਹੈ। ਹੰਕਾਰ ਦੇ ਨਾਲ ਆਪਣੇ ਚੇਲੇ ਤੇ ਮੁਰੀਦ ਬਣਾਏ ਪਰ ਮੇਰਾ ਨਾਮ ਕਿਸੇ ਨਹੀਂ ਜਪਾਇਆ ਹੈ। ਇਸ ਕਰਕੇ ਸਭ ਦੂਰ ਕਰ ਦਿੱਤੇ ਹੈਂ। ਮੈਨੂੰ ਅੱਛੇ ਨਹੀਂ ਲਗਦੇ ਹੋ। ਮੈਂ ਤਾਂ ਤੁਹਾਨੂੰ ਕਹਿਕੇ ਭੇਜਦਾ ਹਾਂ ਪ੍ਰਿਥੀ ਉੱਥੇ ਧਰਮ ਵਰਤਾਵਣ, ਨਾਮ ਜਪਾਵਣ ਨੂੰ। ਤੁਸਾਂ ਜਾਇਕੇ ਆਪਣਾ ਈ ਰਾਹ ਤੋਰ ਦਿੱਤਾ ਹੈ। ਅਕਾਲ ਪੁਰਖ ਨੇ ਧੱਕੇ ਦੇ ਕੇ ਬਾਹਰ ਕਢਵਾਇ ਦਿੱਤੇ। ਫੇਰ ਅਕਾਲ ਪੁਰਖ ਜੀ ਬਚਨ ਕੀਤਾ ਮੈਨੂੰ, ਕਿ ਵਰ ਮੰਗੋ। ਮੈਂ ਕਿਹਾ ਤੇਰਾ ਦਿੱਤਾ ਹੋਇਆ ਸਭ ਕੁਛ ਹੈ। ਅਕਾਲ ਪੁਰਖ ਜੀ ਬਚਨ ਕੀਤਾ ਜਿਸਨੂੰ ਮੈਂ ਦਰਸ਼ਨ ਦਿੰਦਾ ਹਾਂ ਬਿਨਾ ਵਰ ਦਿੱਤੇ ਖਾਲੀ ਨਹੀਂ ਜਾਣ ਦਿੰਦਾ ਹਾਂ। ਜੋ ਤੁਹਾਨੂੰ ਭਾਂਵਦਾ ਹੈ ਸੋ ਵਰ ਮੰਗੋ। ਮੈਂ ਕਿਹਾ ਜੇ ਵਰ ਦੇਣਾ ਹੈ ਤਾਂ ਉਦੇ ਅਸਤ[1] ਲੌਂ ਨਾਮ ਜਪਦੀ ਦਿਸੇ ਲੋਕਾਈ। ਵਰ ਸੁਣ ਕੇ ਅਕਾਲ ਪੁਰਖ ਜੀ ਚੁਪ ਕਰ ਗਏ। ਫੇਰ ਕਿਹਾ ਵੱਡਾ ਦਾਨ ਮੰਗਿਆ ਹੈ। ਏਹ ਦਾਨ ਅੱਗੇ ਕਿਸੇ ਨਹੀਂ ਮੰਗਿਆ ਹੈ। ਅਕਾਲ ਪੁਰਖ ਜੀ ਬਚਨ ਕੀਤਾ 'ਤਥਾ ਅਸਤੂ'। ਤੇਰੇ ਸਾਧਾਂ ਵਿਚ ਮੇਰਾ ਵਾਸਾ ਹੋਵੇਗਾ। ਪੁੱਛਿਆ ਸਾਧ ਕੇੜ੍ਹੇ ਹਨ? ਬਚਨ ਹੋਇਆ ਜੋ ਗੁਰਮੰਤ੍ਰ ਸੁਣੇਗਾ ਸੋਈ ਸਾਧ ਹੈ। ਜਾਇਕੇ ਪ੍ਰਿਥਵੀ ਕਾ ਭਾਰ ਉਤਾਰੋ। ਗਊ ਕਾ ਛੁਰਾ ਹਟਾਵੋ। ਪਾਪੀਆਂ ਕਾ ਉਧਾਰ ਕਰੋ। ਸਾਰਾ ਖਜ਼ਾਨਾ ਨਾਮ ਕਾ ਤੁਹਾਨੂੰ ਦਿੱਤਾ ਹੈ। ਕੁਛ ਨਹੀਂ ਰੱਖਿਆ ਤੁਹਾਥੋਂ। ਸਤਿਗੁਰੂ ਜੀ ਬਚਨ ਕੀਤਾ ਏਤਨਾ ਦ੍ਰਿਸ਼ਟਾਂਤ ਹੋਕੇ ਮੇਰੇ ਨੇਤਰ ਖੁਲ੍ਹ ਗਏ। ਸਿੰਘਾਂ ਨੂੰ ਕਹਿ ਸੁਣਾਇਆ।

ਜਿਤਨੀ ਉਮਰ ਸਤਿਗੁਰੂ ਜੀ ਕੀ ਹੈ ਉਤਨੀਂ ਹੀ ਭਗਤਾਂ ਕੀ ਹੈ। ਨਾਲ ਕਾ ਵਰ ਮੰਗਿਆ ਹੋਇਆ ਹੈ। ਨਾਲ ਹੀ ਆਉਂਦੇ ਹੈਂ ਨਾਲ ਹੀ ਚਲੇ ਜਾਂਦੇ ਹੈਂ। ਬਾਰ੍ਹਵਾਂ ਗੁਰੂ ਹੁਣ ਪ੍ਰਗਟ ਹੋਣ ਲੱਗਾ ਹੈ ਜੈਸੇ ਸੂਰਜ ਚੜ੍ਹਦਾ ਹੈ। ਅਗਲੇ ਜੁਗਾਂ ਮੈ ਨਬੇੜਾ ਨਹੀਂ ਹੋਇਆ, ਏਸ ਜੁਗ ਮੈ ਨਬੇੜਾ ਕਰਨਾ ਹੈ। ਕਲਜੁਗ ਮੈ 'ਨਾਮ' ਹੀ ਮੁਖ ਹੈ।

ਮੁਖਵਾਕ- ਜੋ ਜੋ ਜਪੈ ਤਿਸਕੀ ਗਤਿ ਹੋਇ॥

ਅਤੇ

ਭੈ ਨਾਸਨ ਦੁਰਮਤਿ ਹਰਨ ਕਲਿ ਮੈ ਹਰਿ ਕੋ ਨਾਮੁ॥
ਨਿਸਿ ਦਿਨੁ ਜੋ ਨਾਨਕ ਭਜੈ ਸਫਲ ਹੋਹਿ ਤਿਹ ਕਾਮ॥

(ਪੰ. ੧੪੨੭)

ਜਿਨ੍ਹਾਂ ਨੂੰ 'ਨਾਮ' ਮਿਲਿਆ ਹੈ ਸੋ ਬੀਜੀ ਜਾਂਦੇ ਹੈਨ। ਨਰ-ਨਾਰ ਕੋ ਇੱਕੋ ਮੰਤਰ ਦਿੱਤਾ ਹੈ।

---

1 ਜਿਸ ਦਿਸਾ ਤੋਂ ਸੂਰਜ ਨਿਕਲਦਾ ਹੈ ਅਤੇ ਛਿਪਦਾ ਹੈ ਭਾਵ ਸਾਰੀ ਧਰਤੀ।

ਗੁਰਮੁਖ ਗਾਡੀ ਰਾਹੁ ਚਲਾਇਆ। ਕਲੂਕਾਲ ਮੈ ਚਾਰ ਅੱਖਰ ਕਾ ਮੰਤਰ ਏਕ ਹੀ ਕਰ ਦਿੱਤਾ ਹੈ। ਭਾਈ ਅਜਿੱਤੇ ਕੀ ਸਾਖੀਆਂ ਮੈ ਲਿਖਾ ਹੈ ਜੋ ਪਿਛਲੇ ਜੁਗਾਂ ਕੇ ਟੁੱਟੇ ਹੋਏ ਹੈਂ ਸੋ ਏਸ ਜੁਗ ਮੇਂ ਬਾਰ੍ਹਵਾਂ ਗੁਰੂ ਮੇਲੇਗਾ।

## ਸਾਧਾਂ ਨੇ ਭਜਨ ਲੈਣਾ

ਸੈਦੋ ਮੈ ਇਕ ਸਾਧ ਰਹਿੰਦਾ ਸੀ ਸਰਨ ਦਾਸ। ਤ੍ਰਿਕੁਟੀ ਕਾ ਧਿਆਨ ਧਰਦਾ ਸੀ। ਦਸਵੇਂ ਦੁਆਰ ਪ੍ਰਾਣ ਚਾੜ੍ਹ ਕੇ ਦਰਗਾਹ ਮੇਂ ਜਾਂਦਾ ਸੀ। ਦਰਗਾਹ ਮੇਂ ਏਕ ਵਾਰ ਗਿਆ ਤਾਂ ਕੀ ਦੇਖੇ ਜੋ ਗਿਆਰਾਂ ਪਾਤਸ਼ਾਹੀਆਂ ਬੈਠੀਆਂ ਹਨ। ਅਵਾਜ਼ਾ ਹੋਇਆ ਕਿ ਤੂੰ ਰਾਮਦਾਸ ਪੁਰੇ ਸੇ ਭਜਨ ਲੈ ਕੇ ਭਜਨ ਕਰੇਂਗਾ ਤਾਂ ਮਨਜ਼ੂਰ ਹੋਊਗਾ। ਜਾਂ ਸਾਧ ਨੇ ਨੇਤਰ ਖੋਲ੍ਹੇ ਤਾਂ ਸੋਚ ਕਰਨੇ ਲਗਾ। ਸੋਚ ਸੋਚ ਰਾਮਦਾਸ ਪੁਰੇ ਮੈ ਆਇਆ ਤੇ ਸੀਸ ਨਿਵਾਇਆ ਸੀ ਸਤਿਗੁਰੂ ਰਾਮ ਸਿੰਘ ਜੀ ਕੋ। ਮੰਗ ਕੇ ਭਜਨ ਲਿਆ ਸਾਧ ਨੇ।

ਏਕ ਹੋਰ ਸਾਧ ਦੁਆਬੇ ਮੇਂ ਰਹਿੰਦੇ ਸੇ। ਉਹ ਭੀ ਜੋਗਾ ਭਿਆਸੀ ਸੰਤ ਸੀ। ਉਸਕਾ ਗ੍ਰਾਮ ਰਣੀਆ ਸੀ। ਉਸਨੇ ਭੀ ਭਜਨ ਲੈ ਲਿਆ ਅਤੇ ਹੋਰ ਲੋਕਾਂ ਕੋ ਭੀ ਉਪਦੇਸ਼ ਦਿਆ ਕਰੇ।

ਏਕ ਰੋਜ਼ ਪਾਂਚ ਸਿੰਘਾਂ ਕੋ ਸਤਿਗੁਰੂ ਜੀ ਪ੍ਰਸ਼ਾਦ ਛਕਾਂਵਦੇ ਸੀ। ਬਚਨ ਕੀਤਾ ਪੰਜੇ ਪਾਂਡੋ ਬੈਠੇ ਹੋ। ਸਿੰਘਾਂ ਨੇ ਕਹਾ ਜੀ ਪੰਜੇ ਪਾਂਡੋ ਤੇ ਛੇਵੇਂ ਨਾਰਾਇਣ ਹੈਂ ਆਪ।

## ਲਹਿਣਾ ਸਿੰਘ ਤੇ ਕਿਰਪਾ

ਏਕ ਦਿਨ ਅਕਾਲ ਬੁੰਗੇ ਵਾਲੇ ਖੂਹ ਕੇ ਬਰਾਬਰ ਖੜ੍ਹੇ ਸੇ ਸ੍ਰੀ ਸਤਿਗੁਰੂ ਜੀ। ਲਹਿਣਾ ਸਿੰਘ ਦਲੀਲਾਂ ਕਰਦਾ ਤੁਰਿਆ ਜਾਂਦਾ ਸੀ। ਦੀਨ ਦਿਆਲ ਜੀ ਸੱਦ ਕੇ ਲਹਿਣਾ ਸਿੰਘ ਕੋ ਬਚਨ ਕੀਤਾ ਕਹੁ ਮੈਂ ਭੁੱਲ ਗਿਆ ਹਾਂ ਮੈਨੂੰ ਬਖਸ਼ੋ। ਲਹਿਣਾ ਸਿੰਘ ਹੱਥ ਜੋੜ ਕੇ ਕਹਿਣ ਲਗਾ ਜੀ ਮੈਂ ਭੁੱਲ ਗਿਆ ਹਾਂ ਮੈਨੂੰ ਬਖਸ਼ੋ। ਹੁਣ ਮੈਂ ਕਾਸੇ ਜੋਗਾ ਨਹੀਂ ਹਾਂ। ਮਿਹਰਬਾਨ ਹੋ ਕੇ ਬਚਨ ਕੀਤਾ ਹੁਣ ਬੈਲ ਖ਼ਰੀਦ, ਨਹੀਂ ਮਰੇਗਾ। ਜਿੱਧਰ ਜਾਏਂਗਾ ਉੱਧਰ ਹੀ ਹੱਥ ਲੱਗੇਗਾ। ਪੰਜਾਹ ਰੁਪਈਏ ਤੇ ਉਧਾਰ ਰਾਈਆਂ ਤੋਂ ਬੈਲ ਮਿਲ ਗਿਆ। ਦਿਨੋ ਦਿਨ ਲੱਗਾ ਵਧਣ।

ਲਹਿਣਾ ਸਿੰਘ ਕੋ ਏਕ ਮੁਕੱਦਮਾ ਲੜਕੀ ਬਾਬਤ ਹੋਇਆ ਸੀ। ਇਕ ਦਿਨ ਫੇਰ ਸ੍ਰੀ ਸਤਿਗੁਰੂ ਜੀ ਬਚਨ ਕੀਤਾ ਲਹਿਣਾ ਸਿੰਘ ਸ਼ਬਦ ਦੀ ਅਰਾਧਨਾ ਕਰਿਆ ਕਰ, ਮੁਕੱਦਮਾ ਫਤ੍ਹੇ ਹੋ ਜਾਏਗਾ। ਲਹਿਣਾ ਸਿੰਘ ਅਕਾਲ ਬੁੰਗੇ ਖੂਹ ਪਰ ਬੈਠਕੇ ਰਾਤ ਕੋ ਅਰਾਧਨ ਲੱਗਾ ਸ਼ਬਦ। ਪਹਿਲੇ ਲੇਪਨ ਦੇ ਲੈਣਾ, ਫੇਰ ਇਸ਼ਨਾਨ ਕਰਕੇ ਬੈਠਣਾ ਸੁਹਾਂਝਣੇ ਹੇਠ। ਜਿਤਨੇ ਹਜ਼ਾਰ ਗੁਰੂ ਜੀ ਦਸਿਆ ਸੀ ਉਤਨਾ ਕੀਤਾ। ਏਕ ਰੋਜ਼ ਸੁਹਾਂਝਣੇ ਉਪਰੋਂ ਇਕ ਸਰਾਲ[1] ਉੱਤਰੀ। ਡਰ ਦਾ ਮਾਰਿਆ ਲਹਿਣਾ ਸਿੰਘ ਘਰ ਆਇ ਸੁੱਤਾ। ਦਿਨ ਚੜ੍ਹੇ ਸ੍ਰੀ ਸਤਿਗੁਰੂ ਜੀ ਕਾ ਦੀਦਾਰ ਕੀਤਾ। ਕਹਿਣੇ ਲਗਾ ਜੀ ਸਰਪ ਕਾ ਰੂਪ ਧਾਰਕੇ ਮੈਨੂੰ ਖਾਣ ਆਇਆ, ਮੈਂ ਨੱਸਕੇ ਘਰ ਆਣ ਸੁੱਤਾ।

---

1 ਬਹੁਤ ਵੱਡੀ ਦੇਹ ਵਾਲਾ ਸੱਪ।

ਸ੍ਰੀ ਸਤਿਗੁਰੂ ਜੀ ਬਚਨ ਕੀਤਾ ਜੇ ਬੈਠਾ ਰਹਿੰਦੋਂ ਤਾਂ ਤੇਰੇ ਵਸ ਹੋਇ ਜਾਂਦਾ ਸ਼ਬਦ, ਜਿੱਥੇ ਅਰਾਧਦਾ ਉਥੇ ਹੀ ਕੰਮ ਦਿੰਦਾ ਪਰ ਹੁਣ ਭੀ ਤੇਰਾ ਕਾਰਜ ਹੋ ਗਿਆ ਹੈ। ਕੁਛ ਦਿਨ ਬਾਅਦ ਮੁਕੱਦਮਾ ਫ਼ਤੇ ਹੋ ਗਿਆ ਤਾਂ ਲਹਿਣਾ ਸਿੰਘ ਬੜਾ ਪ੍ਰਸੰਨ ਹੋਇਆ।

ਏਕ ਸਿੱਖ ਨੇ ਅਰਜ਼ ਕੀਤੀ ਜੀ ਤਿਨ ਸੌ ਰੁਪਈਆ ਦੇ ਕੇ ਪੁੱਤਰ ਵਿਆਹੁਣਾ ਹੈ, ਆਪ ਕਾ ਹੁਕਮ ਚਾਹੁੰਦਾ ਹਾਂ। ਬਚਨ ਕੀਤਾ ਅਸੀਂ ਤਾਂ ਨਹੀਂ ਆਖਦੇ ਬਈ ਤਿੰਨ ਸੌ ਰੁਪਈਆ ਦੇ।

ਦਿਨੋਂ ਦਿਨ ਪ੍ਰਤਾਪ ਜਾਗਣੇ ਲਗਾ ਸਿੰਘ ਔਣ ਲਗੇ। ਜਾਂ ਦਿਲ ਦੀ ਬਾਰਤਾ ਦੱਸ ਦੇ ਤਾਂ ਜਾਨਣਾ ਏਹ ਤਾਂ ਅੰਤਰਜਾਮੀ ਹੈ। ਭਜਨ ਸੁਣਨਾ ਤੇ ਬੁਧ ਬਦਲ ਜਾਣੀ। ਨਾਮ ਸੁਣਕੇ ਲਾਲ ਰੰਗ ਹੋਇ ਜਾਂਵਦਾ ਹੈ। ਪਿੰਡ ਦੇ ਲੋਕ ਕਹਿੰਦੇ ਹੈਂ ਸਿੱਖਾਂ ਨੂੰ ਕੁਛ ਦਿਸ ਪਿਆ ਹੈ। ਐਵੇਂ ਤਾਂ ਕੋਈ ਨਹੀਂ ਕਿਸੇ ਦੇ ਮਗਰ ਲਗਦਾ। ਧਰਮ ਕਾ ਡੰਕਾ ਬਜਨੇ ਲਗਾ ਹੈ। ਸੁੱਤਿਆਂ ਜੀਵਾਂ ਕੋ ਜਗਾਵਣੇ ਲਗੇ ਹੈਂ। ਸਤਿਗੁਰੂ ਜੀ ਆਏ ਸਿੰਘ ਕੋ ਆਪਣੇ ਹੱਥੀਂ ਪ੍ਰੇਮ ਨਾਲ ਪ੍ਰਸ਼ਾਦ ਛਕਾਵਣਾ। ਜੋ ਦਿਲ ਵਿੱਚ ਹੋਣੀ ਸੋ ਦੱਸ ਦੇਣੀ। ਸੰਸਾ ਆਏ ਕਾ ਦੂਰ ਹੋਣਾ ਤੇ ਭਜਨ ਲੈ ਲੈਣਾ। ਉਸਨੇ ਜਾਨਣਾ ਕਿ ਪੂਰਨ ਪੁਰਖ ਹੈਂ। ਹੁਕਮ ਦੇਣਾ ਸ੍ਰੀ ਸਤਿਗੁਰੂ ਜੀ ਅੰਮ੍ਰਿਤ ਵੇਲੇ ਇਸ਼ਨਾਨ ਕਰਿਆ ਕਰੋ, ਗੁਰਬਾਣੀ ਪੜ੍ਹਿਆ ਕਰੋ। ਜਿਨ੍ਹਾਂ ਨੂੰ ਨਾਮ ਦੱਸਣਾ ਉਨ੍ਹਾਂ ਨਾਮ ਨਾਲ ਹੀ ਮਿਲ ਜਾਣਾ। ਰਸਨਾ ਤੁਰ ਪੈਣੀ। ਪੰਜਾਂ ਭੂਤਾਂ ਕੀ ਜੋ ਅਗਨੀ ਲੱਗੀ ਹੋਈ ਹੈ ਸੋ ਸ਼ਾਂਤ ਹੋਇ ਜਾਣੀ। ਦਸਵੇਂ ਪਾਤਸ਼ਾਹ ਵਾਲਾ ਜੋ ਖਾਲਸਾ ਰਲ ਗਿਆ ਸੀ ਤਿਸ ਨੂੰ ਨਯਾਰਾ ਕਰਨ ਲਗੇ ਹੈਂ ਜਗਤ ਥੀਂ।

## ਦੀਪਮਾਲਾ ਸ੍ਰੀ ਅੰਮ੍ਰਿਤਸਰ

ਅੱਗੇ ਦੀਪਮਾਲਾ ਆਈ। ਸ੍ਰੀ ਸਤਿਗੁਰੂ ਜੀ ਸੁਧਾਸਰ ਜੀ ਗਏ। ਜਿਨ੍ਹਾਂ ਲੋਕਾਂ ਦੇ ਭਜਨ ਲਏ ਹੋਏ ਸਨ ਸੋ ਸਭ ਆਏ। ਦਰਸ਼ਨ ਕੀਤਾ, ਸੀਸ ਨਿਵਾਇਆ। ਸ਼ਾਤ ਆਇ ਗਈ। ਦਰਸ਼ਨ ਕਰਕੇ ਮਨ ਮੋਹਿਆ ਜਾਂਦਾ ਹੈ। ਦਿਲ ਦੀ ਭਾਵਨਾ ਪੂਰੀ ਹੋ ਜਾਂਦੀ ਹੈ। ਪੱਧਰੀ ਵਾਲੀ ਮਾਈ ਤੇ ਕਾਰੀਗਰ ਸਿੰਘ ਵੀ ਆਇਆ। ਗੁਰੂ ਅੰਤਰਜਾਮੀ ਜੀ ਬਚਨ ਕੀਤਾ ਆਇ ਗਈ ਹੈਂ ਪੂੰਜੀ ਝੜਵਾਕੇ। ਬਚਨ ਕੀਤਾ ਤੇਰਾ ਨਿਸਚਾ ਨਹੀਂ ਟਿਕਿਆ, ਤੈਂ ਭਜਨ ਨਹੀਂ ਕੀਤਾ। ਸੋਹੰ ਪਿਛਲੇ ਜੁਗਾਂ ਕਾ ਹੈ। ਕਲਜੁਗ ਦਾ ਏਹ ਚਾਰ ਅੱਖਰਾ ਭਜਨ ਮਨਜ਼ੂਰ ਹੈ। ਮਾਈ ਨੇ ਸੋਹੰ ਕਾ ਭਜਨ ਛੱਡਿਆ ਤੇ ਚਾਰ ਅੱਖਰੇ ਭਜਨ ਪਰ ਨਿਸਚਾ ਹੋਇਆ। ਚਾਰ ਅੱਖਰ ਕਾ ਜਾਪ ਲੱਗੀ ਕਰਨ। ਕਾਰੀਗਰ ਸਿੰਘ ਨੇ ਸਮਝਿਆ ਕਿ ਭਜਨ ਕਿਸੇ ਨੂੰ ਦਸਿਆਂ ਮੇਰੇ ਪਾਸ ਪੂੰਜੀ ਨਾ ਰਹੀ। ਅੰਤਰਜਾਮੀ ਗੁਰੂ ਜੀ ਨੇ ਦੱਸਣ ਵਿੱਚ ਫ਼ਰਕ ਨਹੀਂ ਰੱਖਿਆ। ਜੇ ਮੈਨੂੰ ਫੇਰ ਭਜਨ ਮਿਲੇ ਤਾਂ ਅੱਛੀ ਬਾਤ ਹੈ। ਹੱਥ ਜੋੜਕੇ, ਖੜਾ ਹੋ ਕੇ ਅਰਜ਼ ਕੀਤੀ ਜੀ ਮੈਨੂੰ ਫੇਰ ਭਜਨ ਮਿਲੇ। ਸਤਿਗੁਰੂ ਜੀ ਚੁਪ ਕਰ ਰਹੇ। ਦੋ ਦਿਨ ਹੱਥ ਜੋੜ ਕੇ ਖਲੋਤਾ ਰਿਹਾ, ਫੇਰ ਭਜਨ ਦੇ ਦਿੱਤਾ ਗੁਰੂ ਜੀ ਨੇ। ਦੀਪਮਾਲਾ ਹੋਈ। ਖੁਸ਼ੀਆਂ ਲੈ ਕੇ ਘਰਾਂ ਕੋ ਗਏ ਸਭ ਸਿੱਖ।

## ਸਾਂਵਲ ਸ਼ਾਹ ਦਾ ਰੂਪ

ਏਕ ਦਿਨ ਅੰਮ੍ਰਿਤ ਵੇਲੇ ਸਾਹਬੋ ਚੱਕੀ ਪੀਂਹਦੀ ਸੀ ਨਾਲੇ ਭਜਨ ਕਰਦੀ ਸੀ। ਪਹਿਲੇ

ਤਾਂ ਗੁਰੂ ਨਾਨਕ ਜੀ ਦਾ ਦਰਸ਼ਨ ਹੋਇਆ, ਫੇਰ ਯਾਰਾਂ ਪਾਤਸ਼ਾਹੀਆਂ ਕਾ ਦਰਸ਼ਨ ਹੋਇਆ। ਫੇਰ ਸ੍ਰੀ ਸਤਿਗੁਰੂ ਬਾਰ੍ਹਵੇਂ ਜੀ ਕਾ ਦਰਸ਼ਨ ਹੋਇਆ।[1] ਪੁੱਛਣੇ ਲਗੀ ਜੀ ਮੈਂ ਇਹ ਪੁੱਛਦੀ ਹਾਂ ਕਿ ਏਹ ਯਾਰਾਂ ਪਾਤਸ਼ਾਹੀਆਂ ਦੀਆਂ ਮੂਰਤੀਆਂ ਹੈਂ ਤੇ ਏਹ ਕਿਸ ਦੀ ਮੂਰਤੀ ਹੈ? ਅਵਾਜ਼ ਆਈ ਏਹ ਮੂਰਤੀ ਉਹ ਹੈ ਜਿਸ ਨਰਸੀ ਭਗਤ ਕੀ ਹੁੰਡੀ ਤਾਰੀ ਸੀ। ਅਵਾਜ਼ਾ ਹੋਇਆ ਸਵਾ ਰੁਪਏ ਕਾ ਕੜਾਹ ਪ੍ਰਸ਼ਾਦ ਕਰਾਵੋ ਮੇਰੇ ਦਰਸ਼ਨ ਕੀ ਭੇਟਾ। ਮਾਈ ਕੀ ਉੱਚੀ ਸੇ ਚੀਕ ਨਿਕਲ ਗਈ, ਬੇਸੁਧ ਹੋ ਕੇ ਡਿਗ ਪਈ। ਆਸੇ ਪਾਸੇ ਦੀਆਂ ਮਾਈਆਂ ਬੀਬੀਆਂ ਸੁਣ ਸੁਣ ਕੇ ਇਕੱਠੀਆਂ ਹੋਈਆਂ। ਜਾਂ ਮਾਈ ਸਾਹਬੋ ਨੂੰ ਸੁਰਤ ਆਈ ਤਾਂ, ਪਾਸ ਹੀ ਇਕ ਕੋਹ ਤੇ ਗ੍ਰਾਮ ਹੈ, ਨੌਕਰੀ ਵਕਤ ਕੇ ਸਿੰਘ ਸ੍ਰੀ ਸਤਿਗੁਰੂ ਜੀ ਕੇ ਨਾਲ ਕੇ ਸਨ, ਓਥੇ ਉਨ੍ਹਾਂ ਕੇ ਪਾਸ ਗਈ। ਕਹਿਣੇ ਲਗੀ ਮੈਂ ਸਵਾ ਰੁਪਏ ਕਾ ਕੜਾਹ ਪ੍ਰਸ਼ਾਦ ਕਰਵਾਉਣਾ ਹੈ। ਸਾਧੂ ਸਾਂਵਲ ਸ਼ਾਹ ਭੀ ਆਇਆ ਹੈ ਮੈਨੂੰ ਦਰਸ਼ਨ ਕਰਵਾਓ ਉਸਦਾ। ਸਿੰਘਾਂ ਕਿਹਾ ਤੂੰ ਭੈਣੀ ਸਾਹਿਬ (ਰਾਮਦਾਸਪੁਰੇ) ਨੂੰ ਜਾਹ, ਉੱਧਰ ਨੂੰ ਗਿਆ ਹੈ। ਉਸੀ ਵਕਤ ਮਾਈ ਰਾਮਦਾਸਪੁਰੇ ਮੈ ਆਈ, ਦਰਸ਼ਨ ਕੀਤਾ। ਜੋ ਸਾਂਵਲ ਸ਼ਾਹ ਵਾਲਾ ਰੂਪ ਸੀ ਮਾਈ ਸਾਹਬੋ ਨੂੰ ਦਿਖਾਇਆ। ਦੇਖਕੇ ਕਹਿਣ ਲਗੀ ਉਹੀ ਸਰੂਪ ਹੈ ਜੇਹੜਾ ਸੁਪਨੇ ਵਿੱਚ ਦੇਖਿਆ ਸੀ। ਨਿਸਚਾ ਹੋਇਆ।

## ਸ੍ਰੀ ਸਤਿਗੁਰੂ ਜੀ ਦਾ ਪ੍ਰਤਾਪ

ਦਿਨੋਂ ਦਿਨ ਸਿੰਘ ਆਉਣ ਜਾਣ ਲੱਗੇ ਦਰਿਆ ਕੇ ਵਹਿਣ ਵਾਂਗੂੰ। ਜੇਹੜਾ ਭਜਨ ਸੁਣ ਜਾਂਦਾ ਓਹ ਦੂਸਰੇ ਨੂੰ ਕਹਿੰਦਾ ਹੈ ਰਾਮਦਾਸ ਪੁਰੇ ਮੈ ਕਲਾ ਜਾਗੀ ਹੈ। ਬਾਢੀ ਬੰਸ ਮੈ ਅਵਤਾਰ ਧਾਰਿਆ ਹੈ। ਜੋ ਦਿਲ ਕਾ ਸੰਕਲਪ ਹੁੰਦਾ ਹੈ ਸੋ ਪੂਰਾ ਹੋ ਜਾਂਦਾ ਹੈ। ਸੱਚੇ ਗੁਰੂ ਜੀ ਪੂਰਾ ਕਰਦੇ ਹੈਂਨ। ਭਜਨ ਸੁਣਦੇ ਸਾਰ ਹੀ ਸ਼ਾਤ ਆਇ ਜਾਂਦੀ ਹੈ। ਸਿੰਘਾਂ ਕੋਲੋਂ ਸੁਣਕੇ ਪ੍ਰੇਰਨਾ ਹੋਣੀ ਕਿ ਚਲੋ ਭਜਨ ਲਈਏ। ਜਾਂ ਆਉਣਾ ਤਾਂ ਦਰਸ਼ਨ ਕਰਕੇ ਮੋਹੇ ਜਾਣਾ। ਭਜਨ ਸੁਣਕੇ ਹੋਰਨਾਂ ਨੂੰ ਕਹਿਣਾ ਕਿ ਤੂੰ ਭੀ ਭਜਨ ਲੈ ਲੈ। ਗੁਰੂ ਨਾਨਕ ਜੀ ਵਾਲਾ ਭਜਨ ਹੈ। ਭਜਨ ਲੈ ਕੇ ਰੰਗ ਵੱਟ ਜਾਂਦਾ ਹੈ। ਤੀਨ ਤਾਪ ਕੀ ਜੋ ਅਗਨ ਲੱਗੀ ਹੋਈ ਹੁੰਦੀ ਹੈ ਸੋ ਬੁਝ ਜਾਂਦੀ ਹੈ। ਚਾਨਣ ਹੋਇ ਆਉਂਦਾ ਹੈ। ਪੂਜਾ ਬਿਲਕੁਲ ਨਹੀਂ ਸੇ ਲੈਂਦੇ। ਸਿੱਖ ਨੂੰ ਬਚਨ ਕਰਨਾ, ਜੋ ਤੂੰ ਹੀ ਲੈ ਜਾ ਵਰਤ ਲਵੀਂ। ਜੇ ਬਹੁਤ ਖਿਆਲ ਪਵੇ ਤਾਂ ਇਕ ਰੁਪਈਆ ਲੈ ਲੈਣਾ। ਸੋ ਬੀ ਕਿਸੇ ਬਿਹੰਗਮ ਸਾਧੂ ਨੂੰ ਬਸਤਰ ਲੈ ਦੇਣੇ। ਆਪ ਹੱਟੀ ਦੀ ਆਮਦਨੀ ਵਿਚੋਂ ਛਕ ਲੈਂਦੇ ਸੀ। ਚੋਰੀ ਜਾਰੀ ਠੱਗੀ ਮਾਸ ਮਦਰਾ ਉਸਤਰਾ ਕੈਂਚੀ ਨੀਲ ਆਦਿਕ ਸਭ ਖੋਟੇ ਕੰਮ ਛਡਾਇ ਦੇਂਦੇ ਹਨ ਤੇ ਸ਼ੁਭ ਕਰਮਾਂ ਕੋ ਲਗਾਉਂਦੇ ਹਨ।

ਏਕ ਸਿੰਘ ਸੂਬਾ ਸਿੰਘ ਦੁਆਬੇ ਕਾ ਸੀ। ਬੰਬਈ ਤੋਂ ਇਕ ਅੰਬ ਸਵਾ ਸੇਰ ਤੋਲ ਕਾ ਸਤਿਗੁਰੂ ਜੀ ਕੇ ਅੱਗੇ ਲਿਆਇ ਮੱਥਾ ਟੇਕਿਆ। ਦੀਨਾਨਾਥ ਜੀ ਬਚਨ ਕੀਤਾ ਉਸਨੂੰ ਦੇਦੇ ਜੇੜ੍ਹਾ ਤੂਸ਼ ਵਜਾਂਵਦਾ ਹੈ। ਦੇ ਤਾ ਦੀਆ, ਚੇਹਰਾ ਚਿੱਟਾ ਹੋਇਆ ਤੇ ਦਲੀਲਾਂ ਕਰਨੇ ਲਗਾ ਮੈਂ ਸ੍ਰੀ ਸਤਿਗੁਰੂ ਜੀ ਕੇ ਵਾਸਤੇ ਆਂਦਾ ਸੀ ਅੰਬ, ਏਹ ਖਵਰੇ ਕੌਣ ਹੈ? ਅੰਤਰਜਾਮੀ ਜੀ ਬਚਨ

1 ਸਾਂਵਲ ਸ਼ਾਹ ਦੇ ਰੂਪ ਵਿਚ।

ਕੀਤਾ ਤੂੰ ਸੰਸਾ ਨ ਕਰ, ਜਿੱਥੇ ਤੋੜੀ ਇਸਦਾ ਅਵਾਜ਼ਾ ਜਾਏਗਾ ਓਥੇ ਤੋੜੀ ਤੇਰੇ ਅੰਬ ਦਾ ਅਵਾਜ਼ਾ ਜਾਏਗਾ। ਜੇੜ੍ਹਾ ਸੰਸਾ ਸੀ ਸੋ ਦੂਰ ਹੋਇਆ ਕਿ ਮੇਰੇ ਦਿਲ ਕੀ ਵਾਰਤਾ ਕਰੀ ਹੈ। ਠੀਕ ਅੰਤਰਜਾਮੀ ਅਕਾਲ ਪੁਰਖ ਹੈਂ। ਪਾਪੀਆਂ ਜੀਆਂ ਨੂੰ ਪਾਰ ਕਰਨ ਵਾਸਤੇ ਅਵਤਾਰ ਧਾਰਿਆ ਹੈ। ਐਸੇ ਪ੍ਰਗਟ ਹੋਏ ਹੈਂ ਜੈਸੇ ਸੂਰਜ ਚੜ੍ਹਦਾ ਹੈ। ਸਾਰੀ ਸ੍ਰਿਸ਼ਟੀ ਮੈ ਚਾਨਣ ਹੋਇ ਗਿਆ ਹੈ।

ਸਤਿਗੁਰੂ ਜੀ ਕਾ ਮਸਤਕ ਚੌੜਾ, ਭਵਾਂ ਕਮਾਨ ਕੀ ਨਿਆਈਂ। ਨੇਤਰ ਮਾਨੋ ਸੂਰਜ ਚੰਦ੍ਰਮਾ ਦਿਸਦੇ ਹੈਂ। ਦੂਰੋਂ ਹੀ ਧੀਰਜ ਆਇ ਜਾਂਦੀ ਹੈ ਦਰਸ਼ਨ ਕਰਕੇ। ਲੰਬਾ ਤਿੱਖਾ ਨੱਕ ਖੰਡੇ ਕੀ ਤਰ੍ਹਾਂ, ਸੁੰਦਰ ਕਪੋਲ[1] ਦੋਨੋਂ ਲਾਲ ਦਗ ਦਗ ਕਰਦੇ ਹੈਂ। ਘੇਰੇਦਾਰ ਤੇ ਲੰਬਾ ਦਾਹੜਾ ਹੈ ਮਾਨੋ ਸੂਰਜ ਕੋ ਪ੍ਰਵਾਰ ਲੱਗਾ ਹੋਇਆ ਹੈ। ਮੁਖ ਪਰ ਮਾਤਾ ਕੇ ਦਾਗ ਹੈਂ। ਹੋਠ ਪਤਲੇ ਹੈਂ, ਸੇਬ ਕੇ ਸਮਾਨ ਠੋਡੀ ਹੈ, ਦੰਦ ਵਿਰਲੇ ਹੈਂ। ਲੰਬੀ ਗਰਦਨ ਹੈ ਹੰਸ ਕੀ ਮਾਨਿੰਦ। ਛਾਤੀ ਚੌੜੀ, ਦੋਨੋਂ ਬਾਹਾਂ ਲੰਬੀਆਂ ਹੈਂ ਗੋਡਿਆਂ ਤੱਕ। ਅਜਾਨੁ ਬਾਹਾਂ। ਕਟ[2] ਕੇਹਰ ਕੀ ਨਿਆਈਂ, ਜੰਘਾਂ ਕੇਲੇ ਕੇ ਸਮਾਨ, ਚਰਨ ਕਮਲ ਮੇਂ ਪਦਮ ਹੈ। ਉਂਗਲੀਆਂ ਸਿੱਧੀਆਂ ਸੂਖਮ ਹੈਂ। ਅੰਗ ਸਾਰੇ ਹੀ ਸਰੀਰ ਕੇ ਸੁੰਦਰ ਹੈਂ। ਪਿੱਠ ਪਰ ਭ੍ਰਿਗੁਲਤਾ[3] ਹੈ। ਸੱਜੇ ਗੋਡੇ ਕੇ ਅਗਲੇ ਪਾਸੇ ਨਿੰਮ ਕੇ ਪੱਤੇ ਜੈਸਾ ਲਾਲ ਲਸਨ ਹੈ। ਸਰੂ[4] ਵਾਂਗੂ ਸਾਰਾ ਸਰੀਰ ਲੰਬਾ ਹੈ। ਜੋਤੀ ਸਰੂਪ ਦਮਕਦੇ ਹੈਂ ਲਾਲ ਕੀ ਤਰਾਂ।

## ਰਾਮੋਂ ਨੂੰ ਸਰਾਪ

ਸ਼ੀਂਹੇ ਦੀ ਔਰਤ ਰਾਮੋਂ, ਸੁੱਖੂ ਨੰਬਰਦਾਰ ਦੀ ਭਰਜਾਈ ਸੀ। ਪਿੰਡ ਦੇ ਮੁੰਡਿਆਂ ਕੁੜੀਆਂ ਕੋ, ਗੁਰੂ ਜੀ ਕੇ ਮੰਦਰਾਂ ਕੀਆਂ ਕੰਧਾਂ ਨਾਲ ਮਦਾਨ ਫਰਾਇ ਜਾਂਦੀ ਸੀ। ਸਤਿਗੁਰੂ ਜੀ ਬਚਨ ਕੀਤਾ ਕਿ ਤੂੰ ਏਥੇ ਸਾਡੀਆਂ ਕੰਧਾਂ ਨਾਲ ਮਦਾਨ ਫਿਰਾਇ ਜਾਂਦੀ ਹੈਂ। ਕਹਿਣੇ ਲਗੀ ਤੂੰ ਸਾਡਾ ਲੁਹਾਰ ਹੋਕੇ ਸਾਡੀਆਂ ਜ਼ਮੀਨਾਂ ਵਿੱਚੋਂ ਹਟੌਂਦਾ ਹੈਂ? ਬਚਨ ਕੀਤਾ ਤੇਜੀ ਮੇਂ ਹੋਇਕੇ ਸੀਤਲਾ ਭੀ ਕਿਤੇ ਸੁੱਤੀ ਪਈ ਹੈ। ਉਸੀ ਵਕਤ ਲੜਕੀ ਲੜਕੇ ਨੂੰ ਤਾਪ ਹੋਇ ਗਿਆ। ਮਾਤਾ ਕੇ ਚਿੰਨ੍ਹ ਪਿੰਡੇ ਪਰ ਆਨ ਹੋਏ। ਘਰ ਆ ਕੇ ਆਪਣੇ ਪਤੀ ਨੂੰ ਦੱਸਿਆ। ਉਹ ਭੀ ਨੱਸਾ ਆਇਆ। ਕਹਿਣੇ ਲਗਾ ਤੂੰ ਸਾਡਾ ਲੁਹਾਰ ਹੋਕੇ ਸਾਡੀਆਂ ਜ਼ਮੀਨਾਂ ਵਿਚ ਨਿਆਣੇ ਨਹੀਂ ਹਗੌਣ ਦਿੰਦਾ ਹੈਂ, ਨਾਲੇ ਗਾਲ਼ਾਂ ਕੱਢੀਆਂ ਹਨ ਮੇਰੀਂ ਤੀਮੀ ਨੂੰ । ਸਤਿਗੁਰੂ ਜੀ ਬਚਨ ਕੀਤਾ, ਜਾ ਸੰਬਰ ਸੂਰੀ[5] ਫਿਰ ਗਈ ਹੈ। ਆਈ ਸੰਬਰ ਸੂਰੀ । ਪਾਂਚ ਦਿਨ ਮੈ ਲੜਕਾ ਲੜਕੀ ਮਰ ਗਏ। ਆਪ ਬੀਮਾਰ ਹੋਕੇ ਬੇੜ੍ਹੇ ਕੇ ਬੀਚ ਅਰੜਾਇਕੇ ਮੋਇਆ। ਤੀਵੀਂ ਨੇ ਹੋਰ ਪਿੰਡ ਜਾਇ ਖਸਮ ਕੀਤਾ। ਪੂਰੇ ਗੁਰੂ ਜੀ ਕੇ ਸਰਾਫ਼ ਨਾਲ ਏਕ ਮਹੀਨੇ ਮੇਂ ਹੀ ਖਾਨਾ ਖ਼ਰਾਬ ਹੋਇਕੇ ਸੰਬਰ ਸੂਰੀ ਫਿਰ ਗਈ। ਸੁਣ ਕੇ ਦੇਖਕੇ ਲੋਕ ਅਸਚਰਜ ਰਹੇ। ਆਗੇ ਭੀ ਭੈ ਕਰਦੇ ਥੇ, ਉਸ ਦਿਨ ਥੀਂ ਜਾਦੇ ਭੈ

1 ਗਲ੍ਹ।

2 ਲੱਕ।

3 ਉਹ ਨਿਸ਼ਾਨ ਜੋ ਭ੍ਰਿਗੁ ਰਿਖੀ ਦੇ ਪੈਰ ਮਾਰਨ ਨਾਲ ਭਗਵਾਨ ਵਿਸ਼ਨੂੰ ਦੇ ਸਰੀਰ ਤੇ ਪਾਇਆ।

4 ਰੁੱਖ ਦਾ ਨਾਮ ਜੋ ਲੰਬਾ ਹੁੰਦਾ ਹੈ।

5 ਕੁਝ ਨਾ ਰਹਿਣਾ, ਸਤਿਆ ਨਾਸ਼।

ਕਰਨ ਲੱਗੇ। ਕਹਿੰਦੇ ਹੈਂ ਇਹ ਤੇ ਕਰਮਾਤੀ ਹੈ।

## ਮੂੰਡੀਆਂ ਮੈ ਗਏ

ਸਤਿਗੁਰੂ ਜੀ ਮੂੰਡੀਆਂ ਮੈ ਗਏ। ਇਕ ਸਿੱਖ (ਸੁਜਾਨ ਸਿੰਘ) ਨੂੰ ਬਚਨ ਕੀਤਾ ਕਿ ਤੂੰ ਭਜਨ ਲੈ ਲੈ। ਉਸਨੇ ਕਿਹਾ ਜੀ ਮੈਂ ਗਰੀਬ ਹਾਂ। ਆਏ ਸਿੰਘ ਦੀ ਸੇਵਾ ਕਰਨੀ ਮੁਸ਼ਕਿਲ ਹੈ। ਗੁਰੂ ਜੀ ਬਚਨ ਕੀਤਾ ਜੇਕਰ ਪਰਸ਼ਾਦਾ ਨਾ ਹੋਵੇ, ਆਏ ਸਿੰਘ ਕੋ ਆਦਰ ਸੇ ਜਲ ਕਾ ਛੰਨਾ ਲੈ ਕੇ ਹੀ ਮਿਲ ਪਈਏ, ਜਗ੍ਹਾ ਦੇ ਦਈਏ ਤਾਂ ਪਰਸ਼ਾਦੇ ਨਾਲੋਂ ਭੀ ਜ਼ਿਆਦਾ ਫਲ ਹੈ। ਆਏ ਸਿੰਘ ਕੋ ਉਠਾਵੇ ਨਾ, ਮਿੱਠਾ ਬੋਲਾ ਕਰੇ ਤਾਂ ਭੀ ਸਿੱਖੀ ਰਹਿ ਆਉਂਦੀ ਹੈ। ਸੁਜਾਨ ਸਿੰਘ ਨੇ ਭਜਨ ਲੈ ਲਿਆ। ਮਾੜੇ ਕਰਮਾਂ ਦਾ ਤਿਆਗ ਕੀਤਾ।

## ਨਫ਼ਾ ਆਇਆ

ਸੋਭਾ ਸਿੰਘ[1] ਤੇ ਮਹਾਰਾਜ ਬੁੱਧ ਸਿੰਘ ਜੀ ਦੋਨੋਂ ਦਾਣਿਆਂ ਦੇ ਗੱਡੇ ਭਰ ਕੇ ਅੰਬਾਲੇ ਨੂੰ ਗਏ। ਜਾਂ ਮੁੜਕੇ ਆਏ ਤਾਂ ਬਚਨ ਕੀਤਾ ਗੁਰੂ ਜੀ ਸੋਲਾਂ ਰੁਪਈਏ ਬੁੱਧ ਸਿੰਘ ਕੋ ਨਫ਼ਾ ਆਇਆ ਹੈ ਤੇ ਅੱਠ ਰੁਪਈਏ ਸੋਭਾ ਸਿੰਘ ਛੱਜਾਵਾਲ ਕੋ ਆਏ ਹੈਂ। ਸੁਣਕੇ ਕਹਿਣ ਧੰਨ ਅੰਤਰਜਾਮੀ ਹੈਂ ਬਿਨਾ ਦੱਸੇ ਥੀਂ ਸਾਨੂੰ ਦੱਸ ਦਿੱਤਾ ਹੈ।

## ਤਾਰੇ ਟੁੱਟਣੇਂ

ਏਕ ਰਾਤ ਪਹਿਲੀ ਰਾਤ ਹੀ ਤਾਰੇ ਟੁੱਟਣ ਲੱਗ ਪਏ। ਚੌਹੀਂ ਪਾਸੀਂ ਤਾਰੇ ਟੁਟਦੇ ਸਰਬ ਸਿੰਘਾਂ ਨੇ ਦੇਖੇ, ਔਰ ਸਿੰਘਾਂ ਨੇ ਦੇਖਿਆ ਕਿ ਸਤਿਗੁਰੂ ਜੀ ਪਲੰਘ ਪਰ ਬਿਰਾਜਮਾਨ ਨਹੀਂ ਹੈਂ। ਚਿਤ ਵਿਚ ਅਸਚਰਜ ਮੰਨਕੇ ਸਿੰਘ ਚਾਨਣ ਕਰਕੇ ਲੱਗੇ ਭਾਲਣ। ਕੀ ਦੇਖਦੇ ਹੈਨ ਜੋ ਅਹਿਰਨ-ਹਾਲੀ ਵਿਚ ਕਾਨੇ ਦੀ ਸਫ਼ ਵਿਛੀ ਹੋਈ ਹੈ ਔਰ ਗੁਰੂ ਜੀ ਉੱਪਰ ਬੈਠੇ ਮਾਲਾ ਫੇਰਦੇ ਤੇ ਭਜਨ ਕਰਦੇ ਹੈਂ। ਸਿੰਘਾਂ ਨੂੰ ਬਚਨ ਕੀਤਾ ਚਲੇ ਜਾਓ। ਸਿੰਘ ਮੁੜ ਆਏ। ਅਗਨੇ ਦਿਨ ਸਿੰਘਾਂ ਨੇ ਪੁੱਛਿਆ ਜੀ ਰਾਤੀਂ ਤਾਰੇ ਟੁੱਟਣ ਦਾ ਕੀ ਕਾਰਨ ਸੀ? ਦੀਨ ਦਿਆਲ ਜੀ ਬਚਨ ਕੀਤਾ ਦੇਵਤੇ ਆਏ ਹੈਂ ਤੁਹਾਡੀ ਰੱਖਿਆ ਵਾਸਤੇ ਤੇ ਆਪਣੀ ਮੁਕਤੀ ਵਾਸਤੇ। ਦੇਵਤੇ ਭੀ ਮਨੁੱਖਾ ਸਰੀਰ ਧਾਰ ਕੇ ਨਾਮ ਜਪ ਕੇ ਚੁਰਾਸੀ ਦੇ ਗੇੜ ਚੋਂ ਬਚਣੇ ਵਾਸਤੇ ਆਏ ਹੈਂ। ਦੇਵਤੇ ਸਿੰਘਾਂ ਕੇ ਘਰੀਂ ਜਨਮ ਲੈਕਰ, ਨਾਮ ਸੁਣਕੇ ਤੇ ਭਜਨ ਕਰਕੇ ਫੇਰ ਚੁਰਾਸੀ ਮੇਂ ਨਹੀਂ ਪੈਣਗੇ। ਜਾਂ ਮਿਲੇਗਾ ਤਾਂ ਮਨੁੱਖਾ ਸਰੀਰ ਹੀ ਮਿਲੇਗਾ।

## ਮਹੰਤ ਸੁੱਧ ਸਿੰਘ ਦੁਰਗਾਪੁਰੀਆ

ਸੁੱਧ ਸਿੰਘ ਦੁਰਗਾਪੁਰੀਆ ਮਹੰਤ ਸੀ। ਜਿੱਥੇ ਉਸਨੇ ਜਾਣਾ ਗੜਵਾ, ਡੋਰੀ, ਪਊਏ, ਪੁਸਤਕ, ਕਛਹਿਰੇ ਹਮੇਸ਼ਾਂ ਕੋਲ ਰੱਖਣੇ। ਜਿੱਥੇ ਇਕੰਤ ਦੇਖਣਾ ਉੱਥੇ ਹੀ ਇਸ਼ਨਾਨ ਕਰਕੇ

---

1 ਪਿਤਾ ਸ੍ਰ. ਗੁਲਾਬ ਸਿੰਘ ਤਰਖਾਣ, ਪਿੰਡ ਛੱਜਾਵਾਲ ਜ਼ਿਲ੍ਹਾ ਲੁਧਿਆਣਾ।

ਨਿਤਨੇਮ ਕਰਨਾ, ਬਾਣੀ ਪੜ੍ਹਨੀ। ਸੂਖਮ ਪ੍ਰਸ਼ਾਦ ਛਕ ਕੇ ਛਿਨ ਭਰ ਟੇਡੇ ਹੋਇਕੇ ਫੇਰ ਦੀਵਾਨ ਲਾਵਣਾ। ਸੁੱਧ ਸਿੰਘ ਰਾਗ ਵੀ ਕਰ ਲੈਂਦਾ ਸੀ। ਇਕ ਦਿਨ ਸੁੱਧ ਸਿੰਘ ਨੇ ਸ਼ਰਦਾਈ ਬਣਾਈ। ਗੁਰੂ ਜੀ ਨੂੰ ਛਕਾਵਣ ਲੱਗੇ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਤੁਸੀਂ ਬਿਹੰਗਮ ਸਾਧ ਹੋ ਮੈਂ ਗ੍ਰਿਸਤੀ ਹਾਂ, ਤੁਹਾਨੂੰ ਸੰਤਾਂ ਨੂੰ ਛਕਾ ਕੇ ਮੈਨੂੰ ਛਕਣਾ ਚਾਹੀਏ।

ਇਕ ਦਿਨ ਸ੍ਰੀ ਸਤਿਗੁਰੂ ਜੀ ਬਚਨ ਕੀਤਾ ਹੋਰ ਸਾਰੇ ਬਿਮਾਰੀ ਪਈ ਹੈ ਲਹਿਣਾ ਸਿੰਘ, ਸਾਡੇ ਕਰਕੇ ਤੇਰੇ ਘਰ ਬਿਮਾਰੀ ਨਹੀਂ ਹੈ।

♦

# ਸ੍ਰੀ ਹਜ਼ੂਰੋਂ ਸਾਹਿਬ ਜਾਣਾ

## (੧੯੧੫ ਬਿਕ੍ਰਮੀ-੧੮੫੮ ਈ.)

ਅਬ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਹਜ਼ਰੋਂ ਸਾਹਿਬ ਨੂੰ ਚੱਲੇ ਹੈਂ। ਰਾਮਦਾਸ ਪੁਰੇ ਸੇ ਅਰਦਾਸਾ ਕਰਕੇ ਤੁਰੇ। ਸ੍ਰੀ ਅੰਮ੍ਰਿਤਸਰ ਮੈ ਜੋ ਭਜਨੀ ਸਿੰਘ ਸੇ ਸੋ ਸਭ ਆਏ, ਸ੍ਰੀ ਸਤਿਗੁਰੂ ਜੀ ਦਾ ਦਰਸ਼ਨ ਕੀਤਾ। ਬਿਬੇਕਸਰ ਪਰ ਉਤਰੇ ਸੇ। ਸਭਨਾਂ ਸਿੰਘਾਂ ਨੂੰ ਬਚਨ ਕੀਤਾ ਸ੍ਰੀ ਸਤਿਗੁਰੂ ਜੀ ਅਸੀਂ ਹਜ਼ਰੋਂ ਨੂੰ ਚੱਲੇ ਹੈਂ, ਚੱਲੋ ਜਿਸ ਚਲਣਾ ਹੈ। ਰੋਜ਼ ਚਿੱਠੀਆਂ ਆਉਂਦੀਆਂ ਹੈਨ। ਪੱਚੀ ਸਿੰਘ ਹੋਰ ਤਿਆਰ ਹੋਏ। ਅਰਦਾਸਾ ਕਰਕੇ ਤੁਰੇ।

### ਹਜ਼ੂਰੋਂ ਸਾਹਿਬ ਆਏ

ਸ੍ਰੀ ਹਜ਼ਰੋਂ ਮੈ ਇਕ ਸਿੱਖ ਕਿਸ਼ਨ ਸ਼ਾਹ, ਸ੍ਰੀ ਗੁਰੂ ਬਾਲਕ ਸਿੰਘ ਜੀ ਪਾਸ ਰੋਜ਼ ਅਰਜ਼ ਕਰਿਆ ਕਰੇ ਜੀ ਮੇਰੇ ਘਰ ਪ੍ਰਸ਼ਾਦਾ ਛਕੋ। ਗੁਰੂ ਬਾਲਕ ਸਿੰਘ ਜੀ ਬਚਨ ਕਰ ਛਡਣਾ ਜਦ ਠਾਕੁਰ ਜੀ ਆਵਣਗੇ ਤਾਂ ਤੇਰੇ ਘਰ ਪ੍ਰਸ਼ਾਦਾ ਛਕਾਵਾਂਗੇ। ਸਮਾਂ ਪਾਇਕੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਗਏ ਹਜ਼ਰੋਂ ਮੈ। ਗੁਰੂ ਯਾਰ੍ਹਵੇਂ ਜੀ, ਗੁਰੂ ਬਾਰ੍ਹਵੇਂ ਜੀ ਕਾ ਔਣਾ ਸੁਣਕੇ ਅੱਗੇ ਆਏ ਮਿਲਨੀ ਕਰਨ। ਗੁਰੂ ਬਾਲਕ ਸਿੰਘ ਜੀ ਨਾਲ ਭਾਈ ਮੁੱਖਾ ਤੇ ਸਤਿਗੁਰੂ ਰਾਮ ਸਿੰਘ ਜੀ ਨਾਲ ਬਾਬਾ ਕਾਹਨ ਸਿੰਘ ਨਿਹੰਗ। ਸ੍ਰੀ ਸਤਿਗੁਰੂ ਜੀ ਦੀ ਮਿਲਨੀ ਕੀਤੀ। ਜਿੱਥੇ ਬਗੀਚੀ ਹੈ ਓਥੇ ਜਾਇ ਉਤਰੇ। ਬੜਾ ਆਦਰ ਕੀਤਾ ਸਤਿਗੁਰੂ ਜੀ ਕਾ।

ਸਤਿਗੁਰੂ ਰਾਮ ਸਿੰਘ ਜੀ ਬਚਨ ਕੀਤਾ ਸਾਡੀ ਤਾਂ ਇਹ ਮਨਸ਼ਾ ਹੈ ਥਾਲੀਆਂ ਭਰ ਭਰ ਕੇ ਕੜਾਹ ਪ੍ਰਸ਼ਾਦ ਦੀਆਂ ਛਕਾਵਾਂ। ਗੁਰੂ ਬਾਲਕ ਸਿੰਘ ਜੀ ਬਚਨ ਕੀਤਾ ਅੰਮ੍ਰਿਤ ਵੇਲੇ ਦੇਖਿਆ ਜਾਸੀ। ਅੰਮ੍ਰਿਤ ਵੇਲੇ ਬਚਨ ਕੀਤਾ ਗੁਰੂ ਬਾਲਕ ਸਿੰਘ ਜੀ, ਠਾਕੁਰੋ ਅਸੀਂ ਭੀ ਸਮਾਧੀ ਲਾਉਂਦੇ ਹੈਂ ਤੇ ਤੁਸੀਂ ਭੀ ਸਮਾਧੀ ਲਾਇਕੇ ਬੈਠੋ। ਜੋ ਹੁਕਮ ਹੋਵੇ ਤੁਸੀਂ ਭੀ ਦੱਸੋ ਤੇ ਅਸੀਂ ਭੀ ਦੱਸਾਂਗੇ। ਜਾਂ ਥੋੜ੍ਹਾ ਚਿਰ ਹੋਇਆ ਬੈਠਿਆਂ ਨੂੰ ਤਾਂ ਗੁਰੂ ਬਾਲਕ ਸਿੰਘ ਜੀ ਦੀ ਸਮਾਧੀ ਖੁਲ੍ਹੀ। ਬਚਨ ਕੀਤਾ ਠਾਕੁਰੋ ਜੋ ਤੁਸੀਂ ਕਰੋਗੇ ਸੋ ਥੀਸੀ। ਸਾਰੀ ਸੰਗਤ ਸ਼ਹਿਰ ਕੀ ਕੋ ਹੁਕਮ ਸੁਣਾਇ ਦੀਆ ਏਹੀ ਠਾਕੁਰ ਹੈਂ ਦਰਸ਼ਨ ਕਰ ਲਵੋ।

### ਕ੍ਰਿਸ਼ਨ ਸ਼ਾਹ ਦਾ ਲੰਗਰ

ਯਾਰ੍ਹਵੇਂ ਗੁਰੂ ਜੀ ਬਚਨ ਕੀਤਾ ਤੁਸੀਂ ਹੁਣ ਸਿੱਖਾਂ ਦੇ ਘਰੀਂ ਪ੍ਰਸ਼ਾਦ ਛਕੋ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਚਨ ਕੀਤਾ ਤੁਹਾਡਾ ਹੁਕਮ ਹੈ ਕਿਰਤ ਕਰਕੇ ਛਕੋ। ਇਕ ਇਕ ਰੁਪਈਆ ਪਾਇਕੇ ਇਕੱਠਾ ਹੀ ਲੰਗਰ ਬਣਦਾ ਹੈ। ਗੁਰੂ ਬਾਲਕ ਸਿੰਘ ਜੀ ਬਚਨ ਕੀਤਾ ਤੁਸਾਂ ਬਚਨ ਮੰਨਣਾ ਹੈ ਕਿ ਬਰਾਬਰੀ ਕਰਨੀ ਹੈ? ਸ੍ਰੀ ਸਤਿਗੁਰੂ ਜੀ ਸਤਿਬਚਨ ਕਰਕੇ, ਲਗੇ ਸਿੰਘਾਂ ਦੇ ਘਰੀਂ ਪ੍ਰਸ਼ਾਦਾ ਛਕਣ।ਸਾਰੀ ਸੰਗਤ ਨੇ ਘਰ ਘਰ ਪ੍ਰਸ਼ਾਦ ਛਕਾਇਆ। ਸਾਰੀ ਸਿੱਖੀ ਗੁਰੂ ਯਾਰ੍ਹਵੇਂ ਜੀ ਬਾਰ੍ਹਵੇਂ ਗੁਰੂ ਜੀ ਕੀ ਚਰਨੀ ਲਾਈ। ਬਚਨ ਕੀਤਾ ਏਹੁ ਹੀ ਬਾਰ੍ਹਵਾਂ ਗੁਰੂ ਹੈ।

ਕਿਸ਼ਨ ਸ਼ਾਹ ਨੇ ਭੀ ਅਰਜ਼ ਕੀਤੀ ਜੀ ਹੁਣ ਤਾਂ ਠਾਕੁਰ ਜੀ ਆ ਗਏ ਹੈਂ, ਮੇਰਾ ਭੀ ਪ੍ਰਸ਼ਾਦ ਛਕਾਵੋ, ਮੇਰੇ ਘਰ ਲੰਗਰ ਬਣੇ। ਗੁਰੂ ਬਾਲਕ ਸਿੰਘ ਜੀ ਠਾਕੁਰਾਂ ਵੰਨੋਂ ਅਖਵਾਇ ਭੇਜਿਆ ਕਿ ਕਿਸ਼ਨ ਸ਼ਾਹ ਦੇ ਘਰ ਜਾਇਕੇ ਪ੍ਰਸ਼ਾਦ ਬਣਾਓ ਤੇ ਛਕੋ। ਕਿਸ਼ਨ ਸ਼ਾਹ ਯਾਰਵੇਂ ਗੁਰੂ ਜੀ ਪਾਸ ਆਇ ਅਰਜ਼ ਕਰੀ ਕਿ ਪ੍ਰਸ਼ਾਦ ਨਹੀਂ ਛਕਣਾ ਮੰਨਦੇ ਹੈਂ। ਗੁਰੂ ਜੀ ਸੱਦ ਭੇਜੇ। ਬਾਰ੍ਹਵੇਂ ਗੁਰੂ ਜੀ ਆਇ ਸੀਸ ਨਿਵਾਇਆ। ਗੁਰੂ ਬਾਲਕ ਸਿੰਘ ਜੀ ਬਚਨ ਕੀਤਾ ਏਸ ਸਿੱਖ ਦਾ ਪ੍ਰਸ਼ਾਦ ਕਿਉਂ ਨਹੀਂ ਮੰਨਦੇ ਹੈਂ? ਤੁਸਾਂ ਮੇਰਾ ਕਹਿਣਾ ਕਰਨਾ ਹੈ ਕਿ ਆਪਣਾ ਕਹਿਣਾ ਕਰਨਾ ਹੈ। ਸਤਿਗੁਰੂ ਜੀ ਹੱਥ ਜੋੜਕੇ ਬਚਨ ਕੀਤਾ ਧੁਆਡਾ ਹੀ ਬਚਨ ਮੰਨਣਾ ਹੈ। ਬਚਨ ਕੀਤਾ ਜੇ ਮੇਰਾ ਬਚਨ ਮੰਨਣਾ ਹੈ ਤਾਂ ਏਸ ਸਿੱਖ ਦਾ ਪ੍ਰਸ਼ਾਦ ਛਕੋ। ਸਤਿਗੁਰੂ ਰਾਮ ਸਿੰਘ ਜੀ ਹੱਥ ਜੋੜਕੇ ਖੜੇ ਹੋਇਕੇ ਬਚਨ ਕੀਤਾ ਪ੍ਰਸ਼ਾਦ ਤਾਂ ਅਸੀਂ ਏਧਾ ਛਕਾਂਗੇ ਪਰ ਤੁਹਾਡਾ ਹੁਕਮ ਹੈ ਪੂਜਾ ਕਾ ਪ੍ਰਸ਼ਾਦ ਨਹੀਂ ਛਕਣਾ, ਪੂਜਾ ਨਹੀਂ ਲੈਣੀ। ਇਸ ਵਾਸਤੇ ਨਹੀਂ ਛਕਦੇ ਹੈਂ। ਅਸੀਂ ਤਾਂ ਆਪ ਦੇ ਹੁਕਮ ਪਰ ਚਲਦੇ ਹੈਂ। ਬਚਨ ਹੋਇਆ ਸਾਡੇ ਕਹੇ ਏਸ ਸਿੱਖ ਦਾ ਪ੍ਰਸ਼ਾਦ ਛਕੋ।

ਪ੍ਰਸ਼ਾਦ ਬਣਨ ਲੱਗਾ। ਜਾਂ ਤਿਆਰ ਹੋਇਆ, ਗੁਰੂ ਜੀ ਪ੍ਰਸ਼ਾਦ ਛਕਣ ਗਏ, ਨਾਲ ਸੰਗਤ। ਓਸ ਦੇਸ ਕੀ ਰੀਤੀ ਹੈ, ਦਲੀਜ਼ ਦੇ ਅੰਦਰ ਬਾਹਰ ਕਪੜਾ ਵਿਛਾਇ ਦਿੱਤਾ। ਕਪੜੇ ਪਰ ਪੈਰ ਧਰਕੇ ਅੰਦਰਲੇ ਪਰ ਧਰਨਾ। ਸਤਿਗੁਰੂ ਜੀ ਅੰਦਰ ਜਾਇ ਬੈਠੇ ਹੈਂ। ਬਾਬਾ ਕਾਹਨ ਸਿੰਘ ਛਾਲ ਮਾਰਕੇ ਲੰਘ ਗਿਆ। ਕਪੜਿਆਂ ਪਰ ਪੈਰ ਨਾ ਧਰਿਆ। ਸਭ ਪ੍ਰਸ਼ਾਦ ਛਕ ਗਏ ਤਾਂ ਘਰ ਵਾਲੇ ਨੇ ਗੁਰੂ ਬਾਲਕ ਸਿੰਘ ਜੀ ਪਾਸ ਅਰਜ਼ ਕੀਤੀ ਜੀ ਹੋਰ ਤਾਂ ਸਾਰੇ ਚਰਨ ਧਰਕੇ ਲੰਘੇ ਹੈਂ ਬਾਬਾ ਕਾਹਨ ਸਿੰਘ ਨਹੀਂ ਲੰਘਿਆ ਹੈ। ਅਸੀਂ ਅਫ਼ਸੋਸ ਕਰਦੇ ਹੈਂ ਕਿਉਂ ਨਹੀਂ ਚਰਨ ਧਰਕੇ ਲੰਘੇ। ਗੁਰੂ ਜੀ ਪੁੱਛਿਆ ਕਾਹਨ ਸਿੰਘ ਚਰਨ ਕਿਓਂ ਨਹੀਂ ਧਰਿਆ? ਕਾਹਨ ਸਿੰਘ ਨੇ ਕਹਾ ਗੁਰੂ ਜੀ ਅਸੀਂ ਆਪਣੀ ਕਰਤੂਤ ਜਾਣਦੇ ਹਾਂ। ਸਾਰਾ ਦਿਨ ਕੰਮ ਕਰਕੇ ਘਰ ਔਣਾ, ਅੱਗੋਂ ਜਨਾਨੇ ਸਰੀਰਾਂ ਨੇ ਗਾਲ਼ਾਂ ਕੱਢਣੀਆਂ। ਆਗੇ ਤੇ ਨਾ ਬੋਲਣਾ ਤੇ ਬਾਜਰੇ ਕਾ ਦਲੀਆ ਖਾਣ ਨੂੰ ਦੇਣਾ। ਏਸ ਵਾਸਤੇ ਮੈਂ ਪੈਰ ਧਰਕੇ ਨਹੀਂ ਲੰਘਿਆ ਹਾਂ। ਸਿੱਖਾਂ ਕਾ ਸੰਸਾ ਦੂਰ ਹੋਇਆ।

ਸਾਰਿਆਂ ਸਿੱਖਾਂ ਕੇ ਘਰੀਂ ਪ੍ਰਸ਼ਾਦ ਛਕਿਆ ਪਰ ਕੁਛ ਸਿੱਖ ਰਹਿ ਗਏ। ਗੁਰੂ ਯਾਰਵੇਂ ਥੀਂ ਰੁਖ਼ਸਦ ਮੰਗੀ ਤਾਂ ਜੇਹੜੇ ਸਿੱਖ ਰਹਿੰਦੇ ਸੇ ਉਨ੍ਹਾਂ ਨੇ ਅਰਜ਼ ਕੀਤੀ ਜੀ ਸਾਡੇ ਘਰ ਨਿਉਂਦਾ ਨਹੀਂ ਛਕਿਆ ਹੈ। ਅਸੀਂ ਭੀ ਛਕਾਵਣਾ ਹੈ। ਗੁਰੂ ਬਾਲਕ ਸਿੰਘ ਜੀ ਬਚਨ ਕੀਤਾ ਸਤਿਗੁਰੂ ਜੀ ਕੋ, ਤੁਸੀਂ ਕੀ ਬਣਕੇ ਆਏ ਹੋ? ਬਾਰ੍ਹਵੇਂ ਗੁਰੂ ਜੀ ਬਚਨ ਕੀਤਾ ਜੀ ਸਿੱਖ ਬਣਕੇ ਆਏ ਹਾਂ। ਯਾਰ੍ਹਵੇਂ ਗੁਰੂ ਜੀ ਬਚਨ ਕੀਤਾ ਜਿਵੇਂ ਅਸੀਂ ਕਹਿੰਦੇ ਹੈਂ ਤਿਵੇਂ ਹੀ ਕਰੋ। ਅਸੀਂ ਭਾਵੇਂ ਕਿਸੇ ਕੇ ਘਰ ਛਕਾਈਏ, ਤੁਸਾਂ ਛਕਣਾ ਹੈ। ਜਦ ਸਾਰਿਆਂ ਦੇ ਨਿਉਂਦੇ ਛਕ ਲਵੋਗੇ ਤਾਂ ਜਾਣਾ ਮਿਲੇਗਾ।

ਏਕ ਪ੍ਰਭੋ ਨਾਮ ਕੀ ਮਾਈ ਸੀ ਬੜੇ ਭਰੋਸੇ ਵਾਲੀ। ਉਸ ਨੂੰ ਗੁਰੂ ਯਾਰ੍ਹਵੇਂ ਜੀ ਆਪਣੇ ਬਰਾਬਰ ਬੈਠਾਇ ਲੈਂਦੇ ਹੈਂ ਪੈਂਦ ਵਾਲੇ ਪਾਸੇ ਪਲੰਘ ਪਰ। ਏਕ ਦਿਨ ਪ੍ਰਭੋ ਨੂੰ ਗੁਰੂ ਬਾਲਕ ਸਿੰਘ ਜੀ ਬਚਨ ਕੀਤਾ ਪ੍ਰਭੋ ਲਾਓ ਠਾਕੁਰਾਂ ਕੀ ਚਰਨੀਂ ਹੱਥ। ਪ੍ਰਭੋ ਤਾਂ ਦੇਖਦੀ ਰਹੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸ਼ਤਾਬੀ ਨਾਲ ਉਸਦੇ ਚਰਨੀਂ ਹੱਥ ਲਾਇ ਦਿੱਤਾ। ਗੁਰੂ ਯਾਰ੍ਹਵੇਂ ਜੀ ਬਚਨ ਕੀਤਾ ਜਾ ਪ੍ਰਭੋ ਤੂੰ ਪੱਟੀ ਗਈ ਹੈਂ।

## ਨਿਮਰਤਾ

ਏਕ ਸਿੰਘ ਘੁੰਗਣੀਆਂ ਵੇਚਣ ਵਾਲਾ ਸੀ। ਜਦ ਉਹ ਗੁਰੂ ਬਾਲਕ ਸਿੰਘ ਜੀ ਕੋਲ ਆਵੇ ਤਾਂ ਗੁਰੂ ਜੀ ਉਸਕੋ ਸ਼ਾਹ ਜੀ ਕਰਕੇ ਸੱਦਦੇ ਸੀ। ਗੁਰੂ ਜੀ ਕੇ ਵਾਕ ਨਾਲ ਲਾਖੋਂ ਪਤੀ ਹੋਇ ਗਿਆ। ਉਸਦਾ ਗੁਰੂ ਜੀ ਪਰ ਬੜਾ ਭਰੋਸਾ ਸੀ। ਤਿਸ ਸ਼ਾਹ ਨੂੰ ਗੁਰੂ ਬਾਲਕ ਸਿੰਘ ਜੀ ਸਤਿਗੁਰੂ ਰਾਮ ਸਿੰਘ ਜੀ ਪਾਸ ਲੈ ਗਏ। ਬਚਨ ਕੀਤਾ ਠਾਕੁਰੋ ਇਸ ਸ਼ਾਹ ਦੀ ਪਿੱਠ ਉੱਤੇ ਰੱਖੋ ਥਾਪਣਾਂ। ਸ੍ਰੀ ਸਤਿਗੁਰੂ ਜੀ ਹੱਥ ਜੋੜਕੇ ਖੜੇ ਹੋਇਕੇ ਬਚਨ ਕੀਤਾ ਗੋਲੀ ਕੀਹਦੀ ਤੇ ਗੈਹਣੇ ਕੀਹਦੇ? ਮੈਂ ਕਿਸ ਦਾ ਹਾਂ। ਉਸ ਵਕਤ ਹੋਰ ਸਿੱਖ ਭੀ ਖੜ੍ਹੇ ਥੇ ਪਾਂਚ ਬੜੇ ਭਰੋਸਿਆਂ ਵਾਲੇ। ਗੁਰੂ ਯਾਰ੍ਹਵੇਂ ਜੀ ਉਨ੍ਹਾਂ ਸਿੱਖਾਂ ਨੂੰ ਬਚਨ ਕੀਤਾ ਤੁਸੀਂ ਠਾਕੁਰਾਂ ਦੇ ਚਰਨੀਂ ਹੱਥ ਲਾਵੋ। ਸਿੱਖ ਤਾਂ ਦੇਖਦੇ ਹੀ ਰਹਿ ਗਏ ਤੇ ਸ੍ਰੀ ਸਤਿਗੁਰੂ ਜੀ ਝੱਟ ਦੇਣੀਂ ਉਨ੍ਹਾਂ ਸਿੱਖਾਂ ਦੇ ਚਰਨੀਂ ਹੱਥ ਲਗਾਇ ਦਿੱਤਾ ਪਾਂਚੋਂ ਕੇ। ਯਾਰ੍ਹਵੇਂ ਗੁਰੂ ਜੀ ਬਚਨ ਕੀਤਾ ਪੱਟ ਦਿੱਤੀ ਸੂ, ਲੈ ਗਿਆ ਹੈ ਜਿਸ ਕੀ ਵਸਤ ਸੀ। ਏਹ ਵਸਤ ਏਸੇ ਭਾਂਡੇ ਵਿੱਚ ਸਮਾਣੇ ਵਾਲੀ ਹੈ। ਹੋਰ ਦੇ ਨਹੀਂ ਸਮਾਵਣ ਵਾਲੀ ਸੀ।

## ਭਜਨ ਦਾ ਉਪਦੇਸ਼

ਏਕ ਵਸਤੀ ਰਾਮ ਭਗਤ ਸੀ। ਉਸਕੇ ਬਾਣੀ ਬਹੁਤ ਕੰਠ ਸੀ। ਪੜ੍ਹਦੇ ਪੜ੍ਹਦੇ ਮੁਕਦੀ ਨਾ ਸੀ। ਗੁਰੂ ਬਾਲਕ ਸਿੰਘ ਜੀ ਬਚਨ ਕੀਤਾ ਤੂੰ ਰਾਤ ਦਿਨੇ ਭਜਨ ਕਰਿਆ ਕਰ। ਉਸਨੇ ਕਹਾ ਕਿ ਮੈਂ ਨਹੀਂ ਛੱਡ ਸਕਦਾ ਹਾਂ ਬਾਣੀ। ਗੁਰੂ ਜੀ ਬਚਨ ਕੀਤਾ ਜਿਸ ਵੇਲੇ ਜੋਰ ਨਾਲ ਭਜਨ ਕਰਸੇਂ ਤਾਂ ਆਪੇ ਹੀ ਛੁੱਟ ਜਾਸੀ। ਤਿਸ ਸਿੱਖ ਨੇ ਬਾਰ੍ਹਵੇਂ ਗੁਰੂ ਜੀ ਕੀ ਚਰਨੀਂ ਹੱਥ ਲਾਇਆ ਤੇ ਸਾਰਾ ਬ੍ਰਿਤੰਤ ਕਹਿ ਸੁਣਾਇਆ। ਸਤਿਗੁਰੂ ਜੀ ਬਚਨ ਕੀਤਾ ਬਾਣੀ ਭੀ ਪੜ੍ਹੋ ਤੇ ਭਜਨ ਭੀ ਕਰੋ। ਘਿਓ ਖੰਡ ਰਲਾਇਕੇ ਛਕੋ, ਹੱਛੀ ਹੁੰਦੀ ਹੈ। ਮੈਂ ਤਾਂ ਰਪਟੀਆ ਹਾਂ, ਹੁਕਮ ਪਾਤਸ਼ਾਹ ਕਾ ਹੈ। ਜੇਕਰ ਪਾਤਸ਼ਾਹ ਹੁਕਮ ਦੇਵੇ ਤਾਂ ਪਿਰਥੀ ਥਰ-ਥਰ ਕੰਬਦੀ ਹੈ। ਝੱਟ ਹੁਕਮ ਵਜਾਂਵਦੇ ਹੈਂ, ਪਰ ਆਗੇ ਜਾਇਕੇ ਰਪਟੀਆ ਈ ਸੁਣਾਉਂਦਾ ਹੈ। ਜੋ ਪਾਤਸ਼ਾਹਾਂ ਕਾ ਹੁਕਮ ਹੈ ਸੋ ਮੈਂ ਕਹਿੰਦਾ ਹਾਂ। ਪਾਤਸ਼ਾਹ ਉਹੀ ਹੈਂ ਗੁਰੂ ਬਾਲਕ ਸਿੰਘ ਜੀ। ਮੈਂ ਤਾਂ ਉਨ੍ਹਾਂ ਕਾ ਰਪਟੀਆ ਹਾਂ। ਜੋ ਹੁਕਮ ਥਾ ਸੋ ਤੈਨੂੰ ਸੁਣਾਇ ਦੀਆ ਹੈ।

ਏਕ ਸਿੱਖ ਨੇ ਅਰਜ਼ ਕੀਤੀ ਗੁਰੂ ਬਾਲਕ ਸਿੰਘ ਜੀ ਕੇ ਹਜ਼ੂਰ ਜੀ ਮੈਨੂੰ ਅਰਥ ਦੱਸੋ ਜੋ ਮੈਨੂੰ ਅਰਥ ਆਇ ਜਾਣ। ਗੁਰੂ ਜੀ ਬਚਨ ਕੀਤਾ ਨੱਢਿਆ, ਸਿੱਖਿਆਂ ਅਰਥ ਨਹੀਂ ਔਂਦੇ ਹੈ। ਭਜਨ ਕਰਨੇ ਸੇ ਆਪੇ ਹੀ ਅਰਥ ਆਇ ਜਾਂਦੇ ਹੈਂ।

## ਮੁਠੱਡੀਂ ਆਏ: ਵਜੀਰੇ ਕੋ ਭਜਨ

ਸ੍ਰੀ ਹਜ਼ਰੋਂ ਸਾਹਿਬ ਥੀਂ ਮੁੜੇ ਤਾਂ ਮੁਠੱਡੀਂ ਆਏ। ਆਗੇ ਕੋਈ ਸਿੰਘ ਨਾ ਸੀ ਉੱਥੇ। ਵਜੀਰਾ ਲੁਹਾਰ ਸੀ, ਉਸਨੂੰ ਬਚਨ ਕੀਤਾ ਪਹਿਲੇ ਤੈਨੂੰ ਭਜਨ ਦੇਣਾ ਹੈ। ਵਜੀਰੇ ਨੇ ਕਹਾ ਜੀ ਫੇਰ ਲਊਂਗਾ ਭਜਨ। ਬਚਨ ਹੋਇਆ ਤੈਨੂੰ ਭਜਨ ਦੇ ਕੇ ਸਿੰਘ ਸਜਾਉਣਾ ਹੈ। ਸਤਿਬਚਨ ਕਹਿਕੇ ਉਸ ਮਨਜ਼ੂਰ ਕਰ ਲਿਆ। ਭਜਨ ਦਾ ਗੱਫਾ ਦੇ ਸ੍ਰੀ ਸਤਿਗੁਰੂ ਜੀ ਰਾਮਦਾਸ ਪੁਰੇ

ਆਏ।

ਦਿਨ ਚੜ੍ਹੇ ਆਪਣਿਆਂ ਮੇਲੀਆਂ ਕੋ ਵਜੀਰ ਸਿੰਘ ਕਹਿਣੇ ਲਗਾ ਏਕ ਸੰਤ ਰਾਤ ਆਇਆ ਸੀ। ਉਨਕਾ ਦਰਸ਼ਨ ਕਰਕੇ ਸ਼ਾਂਤ ਆਉਂਦੀ ਹੈ। ਪਾਪ ਦੂਰ ਹੁੰਦੇ ਹਨ। ਮੈਨੂੰ ਭਜਨ ਦੇ ਗਏ ਹੈਂ। ਭੈਣੀ ਰਹਿੰਦੇ ਹੈਂ। ਚੱਲੋ ਤੁਹਾਨੂੰ ਵੀ ਭਜਨ ਦਿਵਾਕੇ ਜਹਾਜ਼ ਚੜ੍ਹਾ ਲਿਆਵਾਂ, ਤੁਹਾਡਾ ਭਲਾ ਹੋਇ ਜਾਵੇਗਾ। ਰਾਈਆਂ ਪਿੰਡ ਕਾ ਨਾਮ ਦੱਸ ਗਏ ਹੈਂ। ਵਜੀਰ ਸਿੰਘ ਕੀ ਅੰਤਰ ਬਿਰਤੀ ਹੁੰਦੀ ਜਾਵੇ ਤੇ ਵਿਹਾਰ ਕੀ ਬਿਰਤੀ ਘਟਦੀ ਜਾਵੇ। ਰਸਨਾ ਆਪ ਹੀ ਚਲਦੀ ਰਹਿੰਦੀ ਹੈ ਨਾਮ ਨਾਲ।

ਮੁਠੱਡੀਂ ਕਹਿ ਆਏ ਸੀ ਕਿ ਏਥੇ ਫੇਰ ਆਇਕੇ ਭਜਨ ਦੇਵਾਂਗਾ। ਫੇਰ ਸ੍ਰੀ ਸਤਿਗੁਰੂ ਜੀ ਮੁਠੱਡੀਂ ਗਏ ਤਾਂ ਧਰਮਸਾਲਾ ਮੇਂ ਉੱਤਰੇ। ਵਜੀਰ ਸਿੰਘ ਚਰਨੀਂ ਆਇ ਪਿਆ। ਹੋਰ ਜਿਹੜੇ ਲੋਕ ਭਜਨ ਲੈਣ ਨੂੰ ਕਹਿੰਦੇ ਸੀ ਸੋ ਸਭ ਵਜੀਰ ਸਿੰਘ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅੱਗੇ ਹਾਜ਼ਰ ਕਰ ਦੀਏ। ਇਸ਼ਨਾਨ ਕਰਾਇਕੇ ਭਜਨ ਦਵਾਇ ਦਿੱਤਾ। ਅੰਮ੍ਰਿਤ ਛਕਾ ਸਭਨਾਂ ਕੋ ਕਛਹਿਰੇ ਪਵਾਇ ਦਿੱਤੇ। ਰਹਿਤ ਸਭ ਦੱਸ ਦਿੱਤੀ। ਨਾਮ ਬੀਜਣਾ ਸ਼ੁਰੂ ਕਰ ਦਿੱਤਾ। ਧੁਲੇਤੇ ਤੋਂ ਹੋ ਕੇ ਦੁਰਗਾਪੁਰੇ ਵਿਚੋਂ ਮੁੜ ਆਏ ਰਾਮਦਾਸ ਪੁਰੇ।

ਫੇਰ ਮੁਠੱਡੀਂ ਗਏ। ਫੇਰ ਹੋਰ ਸਿੰਘ ਸਜੇ। ਹੌਲੀ ਹੌਲੀ ਸਾਰੇ ਪਿੰਡ ਵਿਚੋਂ ਥੋੜ੍ਹੇ ਹੀ ਬਾਕੀ ਰਹਿ ਗਏ, ਹੋਰ ਸਭਨਾਂ ਨੇ ਭਜਨ ਲੈ ਲਿਆ। ਸਿੰਘ ਤਿਆਰ ਬਰ ਤਿਆਰ ਸਜ ਗਏ। ਜੋ ਨਾਮ ਸੁਣਦਾ ਤਿਸਕੀ ਜਨਮ ਮਰਨ ਕੀ ਫਾਸੀ ਕੱਟੀ ਜਾਂਦੀ ਹੈ। ਨਾਮ ਕੀ ਮਾਲਾ ਨਾਲ ਪਰੋਤੇ ਜਾਂਦੇ ਹੈਂ।

## ਬਾਬਾ ਸਾਹਿਬ ਸਿੰਘ ਆਇਆ

ਬਾਬਾ ਸਾਹਿਬ ਸਿੰਘ ਜੀ ਆਇਆ[1]। ਕਹਿਣ ਲੱਗਾ ਜੀ ਮੇਰਾ ਏਥੇ ਰਹਿਣ ਕਾ ਸੰਕਲਪ ਹੈ। ਮ੍ਹੈਂਸਾਂ[2] ਚਾਰ ਲਿਆਇਆ ਕਰਾਂਗਾ। ਗੁਰੂ ਜੀ ਕਿਹਾ ਚੰਗਾ। ਰਹਿਣੇ ਲਗਾ। ਫੇਰ ਵਿੱਦਿਆ ਪੜਾਉਣੇ ਲਗਾ ਮੁੰਡਿਆਂ ਨੂੰ। ਸਤਿਗੁਰੂ ਜੀ ਬਚਨ ਕੀਤਾ ਪਹਿਲੇ ਮੈਂ ਆਪਣੇ ਹੱਥੀਂ ਸੇਵਾ ਕਰਦਾ ਹੁੰਦਾ ਸਾਂ। ਜਾਂ ਮੈਂ ਅੱਠ ਬਰਸਾਂ ਕਾ ਸੀ ਤਾ ਮੈਂ ਮ੍ਹੈਂਸਾਂ ਚਾਰਨ ਜਾਂਦਾ ਹੁੰਦਾ ਸੀ। ਮੈਂ ਆਪਣੇ ਹੱਥੀਂ ਸੇਵਾ ਕੀਤਾ ਹੈ ਤਾਂ ਅੱਗੇ ਹੁਣ ਸੇਵਾ ਕਰਨ ਵਾਲੇ ਹਾਜ਼ਰ ਆਣ ਹੋਏ ਹੈਂ। ਜੋ ਜੋ ਮੈਂ ਸੇਵਾ ਕੀਤੀ ਹੈ ਆਪਣੇ ਹੱਥੀਂ, ਸੋ ਸੋ ਅਕਾਲ ਪੁਰਖ ਨੇ ਆਪੇ ਹੀ ਸੰਭਾਲੀ ਹੈ। ਸਾਨੂੰ ਕੋਈ ਜਤਨ ਨਹੀਂ ਕਰਨਾ ਪਿਆ। ਲੰਕਾ ਜਦ ਡੰਕਾ ਬਜਾਕੇ ਫਤ੍ਹੇ ਕੀਤੀ ਸੀ ਤਾਂ ਹਨੂੰਮਾਨ ਜੀ ਵਰ ਮੰਗਿਆ ਸੀ ਕਿ ਜੇ ਮਾਤ ਲੋਕ ਮੈ ਆਵੋ ਤਾਂ ਨਾਲ ਹੀ ਆਈਏ, ਜੇ ਬੈਕੁੰਠ ਮੈ ਜਾਵੋ ਤਾਂ ਨਾਲ ਹੀ ਜਾਈਏ। ਤਿੰਨਾਂ ਕੋ ਪੈਦਾ ਕਰਨ ਲੱਗੇ ਹਾਂ।

---

1 ੧੯੧੬ ਬਿ, ੧੮੫੯-੬੦ ਈ.।

2 ਮੱਝਾਂ।

## ੧੯੧੭ ਬਿਕਰਮੀ ਦਾ ਕਾਲ (੧੮੬੦ ਈ.)

ਮਹਾਰਾਜ ਬੁੱਧ ਸਿੰਘ ਜੀ ਖੇਤੀ ਕਰਦੇ ਸਨ ਤੇ ਗੱਡਾ ਵੀ ਵਾਂਹਦੇ ਸਨ, ਅਰ ਰੰਬਾ ਫ਼ਾਲਾ ਬੀ ਚੰਡਦੇ ਸਨ। ਜੋ ਅੰਨ ਕਾ ਅਰਥੀ[1] ਔਂਦਾ ਹੈ ਉਸਨੂੰ ਪ੍ਰਸ਼ਾਦ ਛਕਾਉਂਦੇ ਹਨ। ਸਤਿਜੁਗ ਕੀ ਲੜੀ ਵਰਤਦੀ ਹੈ। ਦਿਨੋਂ ਦਿਨ ਨਾਮ ਕਾ ਪ੍ਰਕਾਸ਼ ਅਤੇ ਧਰਮ ਕਾ ਡੰਕਾ ਬਜਨੇ ਲਗਾ ਹੈ।

ਸੰਮਤ ੧੯੦੯ ਬਿ. ਤੱਕ ਸਤਿਗੁਰੂ ਜੀ ਖੇਤੀ ਕੀਤੀ[2] ਫੇਰ ਤੀਨ ਬਰਸ ਫ਼ਿਰੋਜ਼ਪੁਰੇ ਰਹੇ[3]। ਚੌਦ੍ਹੇ ਮੇਂ ਦਾਣੇ ਖਰੀਦੇ, ਸੋਲ੍ਹੇ ਮੇਂ ਅੰਨ ਘਟਿਆ। ਸਤ੍ਹਾਰੇ ਮੇਂ ਕਾਲ ਪਿਆ[4]। ਸਤ੍ਹਾਰੇ ਮੇਂ ਪਹਿਲੇ ਦੋ ਮਣ (ਰੁਪਏ ਕਾ) ਦਾਣਾ ਵਿਕਿਆ। ਫੇਰ ਤੀਸ ਸੇਰ ਤੱਕ ਵਿਕਿਆ। ਖਾਤਾ[5] ਪੁੱਟ ਕੇ ਵਿਚ ਦਾਣੇ ਰੱਖੇ ਹੋਏ ਸੇ। ਦੋ ਸੇਰ ਭਾਉ ਤੇ ਵੱਧ ਦੇਣਾ। ਨਾਲੇ ਆਏ ਗਏ ਸਿੱਖ ਕੋ ਪ੍ਰਸ਼ਾਦ ਛਕਾਵਣਾ। ਗ਼ਰੀਬ ਲੋਕਾਂ ਬਹੁਤ ਆਵਣਾ। ਸ਼ਹਿਰ ਥੀਂ ਬਗੈਰ ਦਾਣਾ ਕਿਤੇ ਹੱਥ ਨਹੀਂ ਅੰਦਾ ਹੈ। ਗ਼ਰੀਬ ਲੋਕ ਆਕੇ ਪ੍ਰਸ਼ਾਦਾ ਛਕਦੇ ਤੇ ਅਸੀਸਾਂ ਦਿੰਦੇ ਜਾਂਦੇ ਹੈ। ਕਹਿੰਦੇ ਹੈਂ ਏਹੋ ਜੇਹੀ ਗੱਲ ਕੌਣ ਕਰ ਸਕਦਾ ਹੈ ਜੋ ਭਾਉ[6] ਥੀਂ ਦੋ ਸੇਰ ਜ਼ਿਆਦਾ ਦਿੰਦੇ ਹੈਂ ਨਾਲੇ ਪ੍ਰਸ਼ਾਦ ਭੀ ਛਕਾਉਂਦੇ ਹੈਂ। ਨਾਲੇ ਏਨ੍ਹਾਂ ਦੇ ਕੋਲ ਸਿੰਘ ਬੜੇ ਆਉਂਦੇ ਜਾਂਦੇ ਹੈਂ। ਬੜਾ ਖਰਚ ਹੈ। ਦਾਣਿਆਂ ਤੇ ਗੁਰੂ ਜੀ ਨੂੰ ਬਹੁਤ ਨਫ਼ਾ ਹੋਇਆ। ਹੱਟੀ ਸੱਚ ਦੀ ਚਲਣੇ ਲਗੀ ਹੈ। ਨਾਮ ਕੀ ਖ਼ਰੀਦ ਵਾਲੇ ਵਣਜਾਰੇ ਸਿੱਖ ਆਵਣ ਲਗੇ ਹੈਂ।

ਮੁਖਵਾਕ- ਘਰ ਮੰਦਰ ਹਟਨਾਲੇ ਸੋਹੇ ਜਿਸੁ ਵਿਚਿ ਨਾਮੁ ਨਿਵਾਸੀ ਰਾਮ॥
ਸੰਤ ਭਗਤ ਹਰਿਨਾਮੁ ਅਰਾਧਹਿ ਕਟੀਐ ਜਮ ਕੀ ਫਾਸੀ ਰਾਮ॥

ਸ੍ਰੀ ਗ੍ਰੰਥ ਸਾਹਿਬ ਕੀ ਜੋ ਬਾਣੀ ਹੈ ਸੋ ਸਾਰੀ ਵਿਚ ਨਾਮ ਜਪਣਾ ਦੱਸਿਆ ਹੈ। ਜੈਸੇ ਦਵਾਈ ਪਥ[7] ਬਿਨਾ ਫ਼ਾਇਦਾ ਨਹੀਂ ਕਰਦੀ ਤੈਸੇ ਨਾਮ ਕਾ ਭੀ ਪਥ ਹੈ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਾਰ੍ਹਵਾਂ ਜਾਮਾ ਧਾਰਕੇ ਦਸਵੇਂ ਪਾਤਸ਼ਾਹ ਵਾਲੀ ਮਰਯਾਦਾ ਤੋਰੀ ਹੈ।

## ਮੁਠੱਡੀਂ ਗਏ

ਸਤ੍ਹਾਰੇ ਕੇ ਚੜ੍ਹਦੇ ਚੇਤਿ[8] ਮੈ ਮੁੱਠਡੀਂ ਗਏ ਸ੍ਰੀ ਸਤਿਗੁਰੂ ਜੀ। ਸਿੰਘਾਂ ਨੂੰ ਬੜੀ ਖੁਸ਼ੀ ਹੋਈ। ਆਣਕੇ ਸੀਸ ਨਿਵਾਇਕੇ ਚਰਨੀਂ ਹੱਥ ਲਾਂਵਦੇ ਹੈਂ। ਰਾਤ ਨੂੰ ਮੈਂਗਲ ਸਿੰਘ[9] ਦੇ ਪੇਟ ਮੇਂ ਦਰਦ ਹੋਈ। ਏਕ ਸਿੰਘ ਨੇ ਆਇ ਅਰਜ਼ ਕੀਤੀ ਜੀ ਮੈਂਗਲ ਸਿੰਘ ਕੇ ਪੇਟ ਮੇਂ ਦਰਦ ਹੁੰਦੀ

---

1 ਲੋੜਵੰਦ।
2 ੧੮੫੨ ਈ.।
3 ੧੯੧੨ ਬਿ. (੧੮੫੫ ਈ.) ਵਿਚ ਵਾਪਸ ਆਏ।
4 1917 ਬਿਕ੍ਰਮੀਂ (1860 ਈ.)
5 ਟੋਆ।
6 ਤਹਿ ਰੇਟ ਤੋਂ।
7 ਤੋਲ ਦਾ ਪੈਮਾਨਾ ਭਾਵ ਸਹੀ ਮਾਤਰਾ (ਮਿਆਦ)
8 ਮਾਰਚ ੧੮੬੧ ਈ.
9 . ਸਪੁੱਤਰ ਸ੍ਰ. ਫੜ੍ਹੇ ਸਿੰਘ, ਪਿੰਡ ਮੁਠੱਡੇ ਜ਼ਿਲ੍ਹਾਂ ਜਲੰਧਰ

ਹੈ। ਬਚਨ ਕੀਤਾ ਭਜਨ ਕਰੇ। ਜਦ ਚੌਥੀ ਵੇਰੀ ਫੇਰ ਆਇਆ ਸਿੰਘ, ਗੁਰੂ ਜੀ ਤੇਜੀ ਮੈ ਹੋਇਕੇ ਬਚਨ ਕੀਤਾ ਤੂੰ ਮੈਨੂੰ ਕੀ ਜਾਣਿਆ ਹੈ? ਚਤੁਰਾਈ ਤਾਂ ਮੈਂ ਕਿਸੇ ਵਿੱਚ ਨਹੀਂ ਛੱਡਣੀ। ਬਾੜਾ ਬਗਲਿਆ ਹੈ, ਤਾੜਨਾ ਭੀ ਕਰਾਂਗਾ। ਬਾਲਕ ਪਾਂਚ ਬਰਸ ਕਾ ਹੋਵੇ ਬਾਤ ਸੌ ਬਰਸ ਕੇ ਸਮਾਨ ਕਰੇ ਤਾਂ ਓਹ ਹੀ ਅਕਲ ਵਾਲਾ ਵੱਡਾ ਹੈ।

## ਧੁਲੇਤੇ ਵਿੱਚ

ਫੇਰ ਧੁਲੇਤੇ ਗਏ। ਆਗੇ ਢੱਕੀ ਮੈ ਜਾਇ ਉੱਤਰੇ ਸੁਤੰਤਰ ਜਗ੍ਹਾ ਦੇਖਕੇ। ਏਕ ਨਾਂਗਾ ਆਇਆ। ਕਹਿਣੇ ਲਗਾ ਮੈਨੂੰ ਮਾਰੂ ਕਾ ਸ਼ਬਦ ਸੁਣਾਓ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਮਾਰੂ ਕਾ ਵੇਲਾ ਨਹੀਂ ਹੈ। ਉਸ ਨਾਂਗੇ ਨੇ ਕਹਿਆ ਮੈਂ ਤਾਂ ਮਾਰੂ ਹੀ ਸੁਣਨਾ ਹੈ। ਸਤਿਗੁਰੂ ਜੀ ਬਚਨ ਕੀਤਾ ਏਸ ਨੂੰ 'ਮਾਰੂ' ਹੀ ਸੁਣਾਓ। ਰਾਗੀਆਂ ਨੇ ਮਾਰੂ ਰਾਗ ਅਲਾਪਿਆ। ਯਥਾ- "ਕਹੁ ਨਾਨਕ ਸਭ ਤੇਰੀ ਵਡਿਆਈ ਕੋਈ ਨਾਉ ਨ ਜਾਣੈ ਮੇਰਾ।" ਕਈਆਂ ਸਿੰਘਾਂ ਕੋ ਸੂਤਰ ਹੋਇਆ। ਨਾਂਗੇ ਕੋ ਕੁੱਟਿਆ। ਸ਼ਬਦ ਬੰਦ ਕੀਤਾ, ਸੂਤਰ ਹਟ ਗਿਆ। ਸ੍ਰੀ ਸਤਿਗੁਰੂ ਜੀ ਨਾਂਗੇ ਕੋ ਬਚਨ ਕੀਤਾ ਤੈਨੂੰ ਜੁ ਕਹਿੰਦੇ ਸੀ ਮਾਰੂ ਕਾ ਵੇਲਾ ਨਹੀਂ ਹੈ। ਹੁਕਮ ਦਿੱਤਾ ਕਿ ਰਾਤ ਕੋ ਮੁਠੱਡੀਂ ਚੱਲ ਰਹਿਣਾ ਹੈ, ਏਥੇ ਜਗ੍ਹਾ ਥੋੜੀ ਹੈ।

## ਫੇਰ ਮੁਠੱਡੀਂ ਆਏ

ਮੁਠੱਡੀਂ ਆਏ ਗਏ। ਸ੍ਰੀ ਸਤਿਗੁਰੂ ਜੀ ਸ਼ਬਦ ਉਚਾਰਿਆ "ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ। ਮੈ ਨਿਰਗੁਣਿਆਰੇ ਕੋ ਗੁਣੁ ਨਾਹੀ ਆਪੇ ਤਰਸੁ ਪਇਓਈ।" ਸ਼ਤਾਬੀ ਨਾਲ ਉੱਠਕੇ ਖੜ੍ਹੇ ਹੋਇਕੇ ਹੱਥ ਤੇ ਹੱਥ ਮਾਰਕੇ ਬਚਨ ਕੀਤਾ ਰਾਮ ਰਾਮ, ਹਰੇ ਹਰੇ। ਏਤਨੇ ਮੇਂ ਏਕ ਸਿੰਘ ਕੋ ਸੂਤਰ ਹੋ ਗਿਆ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਬਾਣੀਆਂ ਪੜ੍ਹੋ। ਜਿਨ੍ਹਾਂ ਦੇ ਕੰਠ ਸੀ ਬਾਣੀ ਸੋ ਪੜ੍ਹਨ ਲੱਗੇ। ਹੁਕਮ ਕੀਤਾ ਕਿ ਸਭ ਲੋਗ ਬਾਣੀ ਕੰਠ ਕੀਤਾ ਕਰੋ। ਲੜਕੇ ਲੜਕੀਆਂ ਕੋ ਗੁਰਮੁਖੀ ਅੱਖਰ ਪੜ੍ਹਾਓ। ਨਾਲੇ ਹੁਕਮ ਦਿੱਤਾ ਵੈਸਾਖੀ ਨੂੰ ਗੰਗਾ ਪਰ ਚੱਲਾਂਗੇ। ੧੯੧੮ ਬਿਕਰਮੀ ਨੂੰ ਅੱਧ ਕੁੰਭੀ ਹੈ ਐਤਕੀਂ।

ਪਿਛਲੇ ਪਹਿਰ ਦੇ ਦੀਵਾਨ ਮੈ ਸ੍ਰੀ ਸਤਿਗੁਰੂ ਜੀ ਸੂਰਜ ਵਤ ਦਰਸ਼ਨ ਦੇਂਦੇ ਹੈਂ। ਸਿੰਘਾਂ ਕਾ ਪ੍ਰਵਾਰ ਲੱਗਾ ਹੋਇਆ ਹੈ। ਸ਼ਬਦ ਕੀਰਤਨ ਹੋ ਰਿਹਾ ਹੈ। ਲੰਬੀ ਗਰਦਨ ਹੈ ਗੁਰੂ ਜੀ ਕੀ, ਦੂਰ ਸੇ ਦਰਸ਼ਨ ਹੁੰਦਾ ਹੈ।

ਕਬਿੱਤ॥ ਮੁੱਖ ਬੜਾ ਆਬ ਹੈ ਜਿਓ ਕਮਲ ਗੁਲਾਬ ਹੈ,
ਸਰੀਰ ਖਾਸ ਭਾਗ ਹੈ ਜੋ ਆਪ ਨਿਰੰਕਾਰ ਹੈ।
ਸੰਗਤ ਕੇ ਬੀਚ ਬੈਠੇ ਸੋਭਤੇ ਹੈਂ ਏਸ ਤੌਰ,
ਤਾਰਿਆਂ ਕੇ ਬੀਚ ਜੈਸੇ ਸਸੀ ਕਾ ਅਕਾਰ ਹੈ।
ਸੋਂਹਦੀ ਗ੍ਰੀਵਾ ਉੱਚੀ ਜੈਸੇ ਸਰੂ ਬਾਗ ਵਿੱਚ,
ਕੋਮਲ ਸੇ ਅੰਗ ਰੰਗ ਕਨਕ ਸਮਾਰ ਹੈ।

ਕੱਟੇ ਜਾਂਦੇ ਪਾਪ ਕਈ ਜਨਮਾਂ ਦੇ ਕਵੀ ਸਿੰਘਾ,
ਜੇੜ੍ਹਾ ਨੈਨੀ ਦੇਖੇ ਇਕ ਵਾਰ ਹੀ ਨਿਹਾਰ ਹੈ।

ਸਾਰਾ ਸਰੂਪ ਸੁੰਦਰ ਹੈ ਮਾਨੋਂ ਪੂਰਨਮਾਸ਼ੀ ਕਾ ਚੰਦ੍ਰਮਾ ਹੈ। ਕੁਦਰਤ ਕਾ ਅਵਾਜ਼ਾ ਹੋਇਆ ਜੈਸੇ ਘੜਾ ਵਜਦਾ ਹੈ। ਲਹਿਣਾ ਸਿੰਘ ਕਹਿਣੇ ਲਗਾ ਉੱਚੀ ਪੁਕਾਰ ਕੇ ਕਿ ਘੜੇ ਬਜ ਗਏ ਹੈਂ। ਫੇਰ ਕਹਾ ਘੰਟੇ ਬਜ ਗਏ ਹੈਂ। ਤਾਂ ਕਈਆਂ ਸਿੰਘਾਂ ਕੋ ਸੂਤਰ ਹੋਇਆ। ਲੰਮੀਆਂ ਭੁਜਾਂ ਉਲਾਰ ਕੇ ਚਾਰ ਸਿੰਘ ਸੱਦ ਲਏ ਸਤਿਗੁਰੂ ਜੀ। ਸੰਗਤ ਕੋ ਹੁਕਮ ਦਿੱਤਾ ਕਿ ਤੁਸੀਂ ਤਾਂ ਕਲ ਕੋ ਆਇਓ ਤੇ ਆਪ ਉਸੀ ਵਕਤ ਤੁਰ ਪਏ। ਲੁਧਿਆਣੇ ਆਇ ਰਹੇ।

## ਪੰਛੀ ਛੁਡਾਏ

ਮਾਮੀਂ ਦੇ ਘਰੋਂ ਪ੍ਰਸ਼ਾਦ ਛਕ ਕੇ ਦਰਿਆ[1] ਪਰ ਜਾਇ ਰਹੇ। ਨਾਲ ਗਏ ਸਿੰਘਾਂ ਨੂੰ ਬਚਨ ਕੀਤਾ ਤੁਸੀਂ ਬਰਾਜ ਜਾਓ ਤੇ ਮੈਂ ਪਹਿਰਾ ਦੇਂਦਾ ਹਾਂ। ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਤੁਰੇ ਤਾਂ ਹੁਕਮ ਦਿੱਤਾ ਦਸ-ਦਸ ਕਦਮ ਕੇ ਫਾਸਲੇ ਛੱਡਕੇ ਤੁਰੋ। ਬਾਣੀ ਪੜ੍ਹਦੇ ਚੱਲੋ ਤੇ ਭਜਨ ਕਰਦੇ ਚੱਲੋ। ਗੱਲਾਂ ਨਾ ਕਰੋਂ ਆਪਸ ਮੈ। ਆਗੇ ਹੋਏ ਤਾਂ ਏਕ ਫੰਧਕ ਨੇ ਪੰਛੀ ਫੜ੍ਹੇ ਹੋਏ ਹੈਂ। ਸ੍ਰੀ ਸਤਿਗੁਰੂ ਜੀ ਦੇਖਕੇ ਬਚਨ ਕੀਤਾ ਸਾਹਿਬ ਸਿੰਘਾਂ ਏਨ੍ਹਾਂ ਪੰਛੀਆਂ ਕੋ ਛੁਡਾਇ ਦੇਵੋ। ਬਾਬੇ ਜੀ ਫੰਧਕ ਸੇ ਪੁੱਛਿਆ ਭਾਈ ਏਨ੍ਹਾਂ ਪੰਛੀਆਂ ਕਾ ਕੀ ਲੈਣਾ ਹੈ? ਫੰਧਕ ਨੇ ਕਹਾ ਦੋ ਰੁਪਏ ਲੈਣੇ ਹੈਂ। ਸ੍ਰੀ ਸਤਿਗੁਰੂ ਜੀ ਪਟਾਰ ਕੋ ਚਰਨ ਮਾਰਿਆ ਕਿ ਛੱਡ ਦਿਓ। ਬਾਬੇ ਜੀ ਕਹਾ ਜੀ ਮੈਂ ਛੁਡਾਇ ਦੇਂਦਾ ਹਾਂ। ਸਾਰੇ ਪੰਛੀ ਛੱਡ ਦਿੱਤੇ। ਦੋ ਸਹੇ ਥੇ ਹੋਰ ਤਿੱਤਰ ਬਟੇਰੇ ਥੇ। ਫੰਧਕ ਰੋਣ ਲੱਗਾ ਕਿ ਮੇਰੇ ਦਸ ਰੁਪਏ ਕੇ ਪੰਛੀ ਸੇ। ਜਾਲ ਭੀ ਉਸਕਾ ਤੋੜ ਦਿੱਤਾ, ਰੁਪਏ ਦਿੱਤੇ ਤੇ ਬਚਨ ਕੀਤਾ ਗੁਰੂ ਜੀ ਜਾਓ ਸਾਨ੍ਹੇਵਾਲ ਕੇ ਥਾਨੇ ਜਾ ਕੇ ਫ਼ਰਿਆਦ ਕਰੋ। ਰਾਮਦਾਸ ਪੁਰੇ ਆਏ, ਸਿੰਘਾਂ ਨੇ ਚਰਨੀਂ ਹੱਥ ਲਾਇਕੇ ਮੁਖ ਪਰ ਦੀ ਹੱਥ ਫੇਰਿਆ।

◆

1 ਸਤਿਲੁਜ ਦਰਿਆ।

# ਅੱਧ-ਕੁੰਭੀ ਕਾ ਮੇਲਾ, ਹਰਿਦੁਆਰ
## (ਅਪ੍ਰੈਲ 1861 ਈ.)

ਗੁਰੂ ਬਾਰ੍ਹਵੇਂ ਜੀ ਸੁੱਤਿਆਂ ਨੂੰ ਜਗਾਵਣ ਲਗੇ ਹੈਂ। ਬਚਨ ਹੈ "ਜਬ ਲਗ ਗੰਗਾ ਧਰਨ ਮੈ, ਤਬ ਲਗ ਤੁਰਕਨ ਬੀਜ।[1] ਇਸੀ ਸਾਲ ਮੈ ਮੋਨਿ ਨ੍ਰਿਪ ਭੋਗੇ ਰਾਜ ਰਵੀਸ।" ਤਾਂਤੇ ਪਹਿਲੇ ਸੱਤਿਆ ਗੰਗਾ ਕੀ ਕੱਢਣੇ ਚਲੇ ਹੈਂ। ਰਾਮਸਰ ਮੈ ਸੱਤਿਆ ਪਾਵੇਂਗੇ। ਸਾਰੇ ਤੀਰਥ ਰਾਮਸਰ ਕੀ ਤਾਬਿਆ ਕਰਨੇ ਹੈਂ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਾਰ੍ਹਵਾ ਜਾਮਾ ਧਾਰਕੇ ਕਲਾ ਵਰਤਾਵਣ ਲਗੇ ਹੈਂ।

ਹੁਕਮ ਦਿੱਤਾ ਕਿ ਸਭ ਦੇਸਾਂ ਮੈ ਅਰਦਾਸਾਂ ਭੇਜੋ ਠਾਕੁਰ ਜੀ ਗੰਗਾ ਚੱਲੇ ਹੈਂ। ਜਿਸਨੇ ਜਾਣਾ ਹੈ ਸੋ ਆ ਜਾਵੇ, ਅੱਧ ਕੁੰਭੀ ਕਾ ਮੇਲਾ ਹੈ। ਅਸੀਂ ਵੈਸਾਖੀ ਕੋ ਗੰਗਾ ਪਰ ਜਾਵਾਂਗੇ। ਸੁਣਕੇ ਸ੍ਰੀ ਹਜ਼ਰੋਂ ਸਾਹਿਬ ਦੀ ਭੀ ਸੰਗਤ ਆਈ। ਅਰਦਾਸਾਂ ਸੁਣਕੇ ਸਭ ਸਿੰਘ ਤਿਆਰ ਹੋਏ ਆਏ ਕਿ ਠਾਕੁਰ ਜੀ ਗੰਗਾ ਨੂੰ ਚੱਲੇ ਹੈਂ। ਜਿਨ੍ਹਾਂ ਜਿਨ੍ਹਾਂ ਨੂੰ ਪ੍ਰੇਰਿਆ ਸੋ ਸੋ ਆਏ। ਨੌਕਰੀ ਕੇ ਬਕਤ ਕੇ ਸਿੰਘ ਭੀ ਆਏ। ਕਰਮਾਂ ਕੁਟ ਹੋਵੇਗੀ। ਜੇੜ੍ਹੇ ਕਰਮ, ਜਨਮ ਧਾਰਕੇ ਭੋਗਣੇ ਸੇ ਸੋ ਮਾਰ ਕੁੱਟ ਕੇ ਭੁਗਾਇ ਦੇਣੇ ਹੈਂ, ਕਿਉਂਕਿ ਜਿਨ੍ਹਾਂ ਨੇ ਚਾਰ ਅੱਖਰ ਕਾ ਭਜਨ ਸੁਣਿਆ ਹੈ ਸੋ ਫੇਰ ਚੁਰਾਸੀ ਮੇਂ ਨਹੀਂ ਜਾਵਣਗੇ ਤੇ ਜੇੜ੍ਹੇ ਪਿਛਲੇ ਜਨਮਾਂ ਦੀਆਂ ਗਠੜੀਆਂ ਬੱਝੀਆਂ ਹੋਈਆਂ ਹੈਨ ਸੋ ਮਾਰ ਕੁਟ ਕੇ ਭੁਗਾਇ ਦੇਣਗੇ। ਥੋੜ੍ਹੇ ਮੈ ਹੀ ਕਰਮ ਕੱਟੇ ਜਾਣਗੇ।

ਅਠਾਰਾਂ ਸੈ ਬਹੱਤਰੇ ਅਵਤਾਰ ਧਾਰਿਆ ਸੀ ਰਾਮਦਾਸ ਪੁਰੇ ਮੈ। ਪਤਾਲੋਂ ਨੀਹ ਧਰਕੇ ਲਿਆਂਦੀ ਹੈ। ਤੁਰਕਾਂ ਕੀ ਜੜ੍ਹ ਪਤਾਲੋਂ ਪੁੱਟ ਸੁੱਟੀ ਹੈ। ਸੰਤ ਖਾਲਸੇ ਕੀ ਜੜ੍ਹ ਪਤਾਲ ਮੇਂ ਲਾਈ ਹੈ। ਕੋਈ ਕੁਝ ਨਹੀਂ ਕਹਿ ਸਕਦਾ ਸੰਤ ਖਾਲਸੇ ਨੂੰ। ਪਾਪ ਕੀ ਸਫ਼ ਚੁੱਕ ਕੇ ਧਰਮ ਕੀ ਸਫ਼ ਬਛੌਣੀ ਸ਼ੁਰੂ ਕੀਤੀ ਹੈ। ਜੋ ਜੋ ਨਾਮ ਜਪਣਗੇ ਸੋ ਤਿਨਾਕੋ ਸਰਬ ਤੀਰਥਾਂ ਕਾ ਮਹਾਤਮ ਪ੍ਰਾਪਤ ਹੋਊਗਾ। ਸੌ ਡੇਢ ਸੌ ਸਿੰਘ ਇਕੱਠੇ ਹੋਇਕੇ ਆਏ।

ਕੁਝ ਰੁਪਈਏ ਕੀਆਂ ਥੈਲੀਆਂ ਧਰਕੇ ਉੱਪਰ ਸਲੋਤਰ ਮਾਰ ਕੇ ਬਚਨ ਕੀਤਾ ਗੁਰੂ ਜੀ, ਜਾ ਚਲੀ ਜਾ, ਅਸੀਂ ਨਹੀਂ ਤੈਨੂੰ ਰੱਖਦੇ। ਲਛਮੀ ਹੱਥ ਬੰਨ੍ਹਕੇ ਖੜੀ ਹੋਇਕੇ ਕਹਿਣੇ ਲਗੀ ਜੀ ਮੈਨੂੰ ਵਰਤੋ। ਬਚਨ ਕੀਤਾ ਤੈਨੂੰ ਨਹੀਂ ਵਰਤਦੇ, ਮਗਰੋਂ ਤੂੰ ਚਲੀ ਜਾਂਦੀ ਹੈਂ। ਜੇ ਨਾ ਜਾਣਾ ਹੋਵੇ ਤਾਂ ਤੈਨੂੰ ਵਰਤਦੇ ਹਾਂ। ਕਹਿਣੇ ਲਗੀ ਜੀ ਮੈਂ ਹੁਣ ਨਹੀਂ ਜਾਂਦੀ ਹਾਂ ਪਰ ਮੈਨੂੰ ਨਾ ਤਿਆਗੋ, ਮੈਨੂੰ ਵਰਤੋ ਏਥੇ ਹੀ ਨਿਵਾਸ ਕਰਾਂਗੀ। ਮਾਰਨੋਂ ਹਟ ਗਏ।

### ਤਿਆਰ

ਸ੍ਰੀ ਸਤਿਗੁਰੂ ਜੀ ਦੇ ਸੀਸ ਪਰ ਏਕ ਪਰਨਾ ਹੈ। ਏਕ ਪਰਨਾ ਮੋਢਿਆਂ ਉੱਤੇ ਹੈ। ਲੱਕ

---

1 ਛਪੀ ਹੋਈ ਸੌ ਸਾਖੀ ਵਿਚ ਇਹ ਪੰਕਤੀ ਇਸ ਤਰਾਂ ਹੈ- ਗੰਗਾ ਜਾ ਲਗੁ ਧਰਨਿ ਪਰੁ, ਤਾ ਲਗ ਤੁਰਕਨ ਬੀਜ
-ਸਾਖੀ ੬੦

ਕਛਹਿਰਾ, ਹੱਥ ਮੇਂ ਸਲੋਤਰ, ਭਿਆਨਕ ਰੂਪ ਧਾਰਿਆ ਹੋਇਆ ਹੈ। ਚੇਹਰੇ ਵੱਲ ਦੇਖਕੇ ਭੈ ਆਉਂਦਾ ਹੈ। ਪਾਪੀਆਂ ਕੇ ਪਾਪ ਕੱਢਣ ਲੱਗੇ ਹੈਨ। ਪਾਂਚ ਰੁਪਈਏ ਕਾ ਕੜਾਹ ਪ੍ਰਸ਼ਾਦ ਕਰਾਉਣ ਕਾ ਹੁਕਮ ਦਿੱਤਾ। ਕੜਾਹ ਪ੍ਰਸ਼ਾਦ ਹੋਣ ਲੱਗਾ। ਦਸੌਂਧਾ ਸਿੰਘ ਤੇ ਵਸਾਵਾ ਸਿੰਘ ਉਬੋਕੇ ਦੋਨੋਂ ਕੋ ਨਾਲ ਲੈ ਕੇ ਪਿੰਡ ਦੇ ਦਵਾਲੇ ਸੋਟੀ ਨਾਲ ਕਾਰ ਮਾਰੀ ਤੇ ਬਚਨ ਕੀਤਾ ਕੋਈ ਦੁਸ਼ਟ ਦੈਂਤ ਨਾ ਆ ਕੇ ਅਕਾਵੇ। ਅੰਮ੍ਰਿਤ ਬਣਵਾਇਆ, ਸਿੰਘਾਂ ਨੂੰ ਛਕਾਇਆ। ਰੀਤੀ ਮਰਯਾਦਾ ਸਾਰੀ ਕਰੀ। ਬੀਬੀ ਨੰਦਾਂ ਕੋ ਗੁਰੂ ਜੀ ਕਹਾ ਕਿ ਤੂੰ ਨਾ ਜਾਹ। ਏਥੇ ਹੀ ਰਹਿ, ਕਾਨੂੰ ਜਾਣਾ ਹੈ। ਬੀਬੀ ਕਹਿਣੇ ਲਗੀ ਮੈਂ ਗੰਗਾ ਦੇਖੀ ਨਹੀਂ ਹੈ, ਦੇਖ ਆਵਾਂਗੀ।

ਸਰਕੜੇ ਕਾ ਕਾਲੂਚਾ[1] ਜਾਲ ਕੇ ਬਚਨ ਕੀਤਾ ਖਾਲਸੇ ਨੂੰ, ਤੁਹਾਡਾ ਦਰਿਦ੍ਰ ਫੂਕਿਆ ਹੈ। ਚੱਕਰ ਚਲਾਇਕੇ ਬਚਨ ਕੀਤਾ ਮਾਰੋ ਭਗਵਾਨੇ ਚੌਂਕੀਦਾਰ ਕੋ। ਸੁੱਖੂ ਨਿੰਦਕ ਕੋ ਬੀ ਮਾਰੋ। ਸਾਡੀ ਨਿੰਦਿਆ ਕਰਦੇ ਹੈਨ। ਗੜੇ ਪੈ ਕੇ ਹਟੇ, ਤੇ ਬਚਨ ਕੀਤਾ ਸਗਨ ਕਰਕੇ ਤੁਰੇ ਹੈਂ। ਪੰਜਾਂ ਰੁਪਈਆਂ ਕਾ ਕੜਾਹ ਪ੍ਰਸ਼ਾਦ ਜੋ ਕੀਤਾ ਸੀ ਸੋ ਏਤਨੀ ਬਰਕਤ ਪਈ ਕਿ ਸਾਰੇ ਸਿੰਘਾਂ ਨੇ ਅਨੰਦ ਹੋਕੇ ਛਕਿਆ। ਅਤੁੱਟ ਦੇਗ ਵਰਤੀ। ਬਾਕੀ ਬਚਦਾ ਪਿੰਡ ਮੈ ਵਰਤਾਇਆ। ਜੋ ਨੇੜੇ ਕੇ ਘਰ ਵਾਲੇ ਸੇ ਸੋ ਘਰੀਂ ਲੈ ਗਏ ਕੜਾਹ ਪ੍ਰਸ਼ਾਦ। ਤੁਰਨ ਲੱਗੇ ਤਾਂ ਬਚਨ ਕੀਤਾ ਗੰਗਾ ਤਾਂ ਆਗੇ ਬਿਦਾ ਕੀਤੀ ਸੀ ਹੁਣ ਦਾਸੀ ਨੂੰ ਬਿਦਾ ਕਰਨ ਚੱਲੇ ਹਾਂ।

## ਬੀਬੀ ਦਇਆ ਕੌਰ ਨੂੰ ਸਰਾਪ

ਪਿੰਡ ਦਾ ਚੌਂਕੀਦਾਰ ਆਇਆ। ਉਸ ਨੂੰ ਕੁੱਟਿਆ ਕਾਮੜੇ ਨਾਲ। ਸੁੱਧ ਸਿੰਘ ਕੋਲ ਖਜ਼ਾਨੇ ਦੀਆਂ ਕੁੰਜੀਆਂ ਸੀਆਂ। ਉਸਨੂੰ ਬਚਨ ਕੀਤਾ ਲੈ ਸੁੱਧ ਸਿੰਘ ਕਾਮੜਾ ਕੋਲ ਰੱਖ। ਜਦ ਮੈਂ ਮੰਗਾਂ ਤਾਂ ਤੂੰ ਮੈਨੂੰ ਦੇ ਦੇਵੀਂ। ਸਲੋਤ੍ਰ ਕਾ ਨਾਮ ਕਾਮੜਾ ਰੱਖਿਆ, ਕੁਟਣੇ ਵਾਲਾ ਜੋ ਹੈ। ਮਾਰਦਾ ਦੇਖਕੇ ਬੀਬੀ ਦਇਆ ਕੌਰ ਨੇ ਕਹਾ ਕਿ ਬਾਪੂ ਤਾਂ ਕਮਲਾ ਹੋ ਗਿਆ ਹੈ, ਸਿੰਘਾਂ ਨੂੰ ਮਾਰਦਾ ਹੈ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਤੇਰਾ ਸਿਰ ਭੀ ਕੁਹਾੜੇ ਨਾਲ ਪਾਟੇਗਾ। ਸੋ ਬੀਬੀ ਦਾ ਅੰਤ ਕੁਹਾੜੇ ਨਾਲ ਹੀ ਹੋਇਆ ਸੀ।

ਅਰਦਾਸਾ ਕਰਕੇ ਤੁਰੇ ਤਾਂ ਸਤਿਗੁਰੂ ਜੀ ਨੱਸ ਚੱਲੇ। ਸੰਗਤ ਹੌਲੀ ਹੌਲੀ ਚਲਦੀ ਹੈ। ਇਕ ਕੋਲ ਕਾਮੜਾ ਤਿਆਰ-ਬਰ-ਤਿਆਰ ਰੱਖਣਾ। ਸੁੱਧ ਸਿੰਘ ਜ਼ਮੀਨ ਨਾਲ ਅੱਡੀਆਂ ਘਸਾਕੇ ਤੁਰਨੇ ਲਗਾ ਤਾਂ ਸ੍ਰੀ ਸਤਿਗੁਰੂ ਜੀ ਬਚਨ ਕੀਤਾ ਜੇਹੜੇ ਹੁਣੇ ਅੱਡੀਆਂ ਘਸਾਕੇ ਤੁਰਦੇ ਹੈਨ ਓਨਾਂ ਅੱਗੇ ਕੀ ਪੂਰੀ ਪੌਣੀ ਹੈ। ਛਕ ਛਕ ਐਵੇਂ ਹੀ ਪੇਟ ਵਧਾਇਆ ਹੈ। ਆਗੇ ਸਰਾਂ[2] ਆਈ ਉਸ ਮੇਂ ਜਾਇ ਵੜੇ। ਪਹਿਲੇ ਮੁਨਸ਼ੀ ਕੋ ਜਗਾਇਆ। ਕਿਸੇ ਨੂੰ ਸੋਟੇ ਕੀ ਹੁਝ ਨਾਲ ਜਗਾਇਆ ਤੇ ਕਿਸੇ ਨੂੰ ਅਵਾਜ਼ਾ ਮਾਰਕੇ ਜਗਾਇਆ। ਜੋ ਜੀਅ ਸੀ ਸਭ ਕੋ ਜਗਾਇ ਦਿੱਤਾ। ਰੌਲਾ ਪੈ ਗਿਆ। ਸਤਿਗੁਰੂ ਜੀ ਚਲੇ ਆਏ। ਹੱਥ ਮੈ ਕਾਮੜਾ ਤਿਆਰ ਬਰ ਤਿਆਰ ਰੱਖਣਾ। ਸਭ ਨੂੰ ਭੈ ਰਹਿੰਦਾ ਸੀ ਕਿ ਹੁਣ ਵੀ ਮਾਰੇ, ਹੁਣ ਭੀ ਮਾਰੇ। ਭਜਨ ਬਹੁਤ ਫੁਰਦਾ ਹੈ। ਰਸਨਾ ਸਭ ਕੀ ਤੁਰੀ ਰਹਿੰਦੀ ਹੈ।

---

1 ਬਾਰੀਕ ਕਾਨਿਆਂ ਦੇ ਬੂਟੇ ਦਾ ਉਪਰਲਾ ਹਿੱਸਾ

2 ਦੋਰਾਹੇ ਅਤੇ ਚਾਵੇ ਦੇ ਵਿਚਕਾਰ ਕੋਟ ਦੀ ਸਰਾਂ

## ਪਹਿਲਾ ਪੜਾਓ ਖੰਨੇ

ਪਹਿਲਾ ਪੜਾਓ ਖੰਨੇ ਜਾਇ ਕੀਤਾ। ਦਸੌਂਧਾ ਸਿੰਘ ਨੂੰ ਬਚਨ ਕੀਤਾ ਘਿਓ ਰੱਖੀਂ ਹਵਨ ਕਰਾਂਗੇ। ਸਵਾ ਪਹਿਰ ਰਾਤ ਰਹਿੰਦੀ ਨਾਲ ਇਸ਼ਨਾਨ ਕੀਤਾ। ਆਸਾ ਦੀ ਵਾਰ ਲਗਣੇ ਲਗੀ। ਬਚਨ ਹੋਇਆ ਚੁਗ ਲੈ ਆਓ ਡੱਕੇ[1]। ਸਿੰਘ ਲਿਆਇ ਕੇ ਧਰੀ ਜਾਵਣ। ਨੈਣਾ ਸਿੰਘਾਂ[2] ਕੋਲ ਬੈਠਾ ਸੀ। ਦੋ ਦੋ ਡੱਕੇ ਫੜੀਂਦਾ ਸੀ। ਬਚਨ ਹੋਇਆ ਇਕ ਇਕ ਡੱਕਾ ਫੜਾਓ। ਨਾ ਹਟਿਆ, ਫੇਰ ਫੜਾਉਣੇ ਲਗਾ। ਸ੍ਰੀ ਸਤਿਗੁਰੂ ਜੀ ਪੁੱਠਾ ਪਰਸਰਾਮ[3] ਮਾਰਿਆ, ਸਿਰ ਵਿਚ ਲੱਗਾ। ਬਚਨ ਕੀਤਾ ਦੋ ਦੋ ਡੱਕੇ ਕਿਓ ਫੜੀਂਦਾ ਹੈਂ? ਫੇਰ ਦੋ ਫੜੌਨ ਲੱਗਾ। ਦੋ ਪੁੱਠੇ ਪਰਸਰਾਮ ਮਾਰੇ ਸਿਰ ਵਿਚ। ਪਿੱਛੇ ਨੂੰ ਮੁੜਨ ਲੱਗਾ ਤਾਂ ਪਿੰਨੀ ਉੱਥੇ ਸਿੱਧਾ ਪਰਸਰਾਮ ਮਾਰਿਆ। ਮਛਲੀ ਵੱਢੀ ਗਈ, ਲਹੂ ਪਰਨਾਲੇ ਵਾਂਗ ਪੈਣ ਲੱਗਾ। ਧਰਤੀ ਲਹੂ ਨਾਲ ਲਾਲ ਹੋ ਗਈ। ਘੁਮੇਟਨੀ ਖਾਇਕੇ ਡਿਗ ਪਿਆ ਪਿੱਛੇ ਨੂੰ। ਦੇਖਕੇ ਸਿੰਘ ਥਰ ਥਰ ਕੰਬਦੇ ਹੈਂ ਕਿ ਸਾਨੂੰ ਬੀ ਮਾਰਨਗੇ। ਹਵਨ ਮੇਂ ਜਲ ਪਾਇ ਦੀਆ। ਚੱਕਰ ਨਾਲ ਚੰਡੀ ਨੂੰ ਡਰੌਣ ਲੱਗੇ, ਜੇਕਰ ਨਾ ਜਲੇਂਗੀ ਤਾਂ ਤੈਨੂੰ ਚੱਕਰ ਨਾਲ ਵੱਢਾਂਗੇ ਤਾਂ ਫੇਰ ਜੋਤ ਜਗੀ। ਫੇਰ ਜਲ ਪਾਇਆ, ਘੂਰੀ ਤੇ ਫੇਰ ਜਗੀ। ਫੇਰ ਜਲ ਪਾਇ ਦੀਆ। ਫੇਰ ਘੂਰੀ ਜੇ ਨਾ ਜਗੇਂਗੀ ਤਾਂ ਤੈਨੂੰ ਚੱਕਰ ਨਾਲ ਵੱਢਾਂਗੇ। ਤੀਜੀ ਵਾਰੀ ਫੇਰ ਜਗੀ।

## ਡੱਬੂ-ਕਾਲੂ

ਸ੍ਰੀ ਸਤਿਗੁਰੂ ਜੀ ਹਵਨ ਕੁੰਡ ਮੈ ਚੱਕਰ ਮਾਰਿਆ। ਸਿੰਘਾਂ ਨੂੰ ਬਚਨ ਕੀਤਾ ਤੁਸੀਂ ਬੀ ਸਫ਼ਾਜੰਗ ਲਿਆਇਕੇ ਮਾਰੋ। ਹੋਰ ਵੀ ਸਿੰਘ ਸਫ਼ਾਜੰਗ ਚਲਾਵਣੇ ਲਗੇ। ਸਤਿਗੁਰੂ ਜੀ ਨਾਲੇ ਚੱਕਰ ਚਲਾਵਣ ਲਗੇ ਨਾਲੇ ਬਚਨ ਕਰਨ ਰਾਜਿਆਂ ਕੀ ਤੇ ਡੱਬੂ-ਕਾਲੂ ਕੀ ਲੜਾਈ ਹੋਣੀ ਹੈ। ਰੂਸਾਂ ਕੋ ਚਾੜ੍ਹ ਕੇ ਲਿਆਵਾਂਗੇ। ਡੱਬੂ ਕੋ ਮਰਵਾਵਾਂਗੇ। ਏਸ ਦੇਸੋਂ ਕਢਾਵਾਂਗੇ। ਗਊ ਬਧ ਕੋ ਹਟਾਵਾਂਗੇ। ਸਾਰੀ ਧਰਤੀ ਤੇ ਧਰਮ ਵਰਤਾਵਾਂਗੇ। ਪਾਪ ਕੀ ਸਫ਼ਾਂ ਉਠਾਵਾਂਗੇ। ਟਕੂਆਂ ਨਾਲ ਤੇ ਚੱਕਰ ਨਾਲ ਹਵਨ ਵਿੱਢਿਆ। ਡੱਬੂ-ਕਾਲੂ ਦਾ ਜੁੱਧ ਕੀਤਾ ਹੈ। ਡੱਬੂ ਨਾਮ ਫਰੰਗੀਆਂ ਕਾ ਹੈ ਤੇ ਕਾਲੂ ਨਾਮ ਰੂਸਾਂ ਕਾ ਹੈ।

ਲਾਲ ਰੰਗ ਦਾ ਚੇਹਰਾ ਹੈ। ਚੇਹਰੇ ਵਲ ਝਾਕਿਆ ਨਹੀਂ ਜਾਂਦਾ, ਭੈ ਆਉਂਦਾ ਹੈ ਚੇਹਰੇ ਵਲ ਦੇਖਕੇ। ਕੋਟ ਸੂਰਜ ਵਰਗਾ ਪ੍ਰਕਾਸ਼। ਅਗੇ ਕੋਈ ਉੱਚਾ ਸੁਆਸ ਨਹੀਂ ਲੈਂਦਾ ਹੈ ਡਰਦਾ ਮਾਰਿਆ। ਨੇਤਰ ਸਾਹਮਣੇ ਨਾ ਸੀ ਲੱਗਦੇ। ਨੈਣਾ ਸਿੰਘ ਕੋ ਪੱਟੀ ਨਹੀਂ ਬਨ੍ਹਣ ਦਿੱਤੀ। ਜਾਂ ਸ੍ਰੀ ਸਤਿਗੁਰੂ ਜੀ ਅਰਦਾਸਾ ਕਰਕੇ ਤੁਰੇ, ਨੈਣਾ ਸਿੰਘ ਨੇ ਸਮਝਿਆ ਜੇ ਮੈਂ ਨਾਲ ਚੱਲਾਂ ਤਾਂ ਦਰਦ ਥੋੜ੍ਹੀ ਹੋਵੇਗੀ। ਉਸੀ ਵਕਤ ਜੋ ਮਾਸ ਬੱਚਿਆ ਹੋਇਆ ਥਾ ਹਾਥ ਸੇ ਹੀ ਦਬਾ ਕੇ ਮਾੜੀ ਜਿਹੀ ਲੀਰ ਬਨ੍ਹ ਦਿੱਤੀ। ਮਛਲੀ ਪਿੰਨ੍ਹ ਦੀ ਦਰਦ, ਗੁਰੂ ਜੀ ਕੇ ਪ੍ਰਤਾਪ ਸੇ ਝੱਟ ਬੰਦ ਹੋ ਗਈ। ਨਾਲ ਹੀ ਤੁਰਿਆ ਗਿਆ। ਐਨ ਉਸੀ ਤਰ੍ਹਾਂ ਰਾਜੀ ਹੋਇ ਗਿਆ।

---

1 ਲੱਕੜਾਂ।

2 ਪਿਤਾ ਸ੍ਰ. ਸਮੁੰਦ ਸਿੰਘ, ਪਿੰਡ ਵਰਿਆਂਹ ਜ਼ਿਲ੍ਹਾ ਅੰਮ੍ਰਿਤਸਰ

3 ਕੁਹਾੜਾਂ।

ਖੰਨੇ ਥੀਂ ਤੁਰਨੇ ਕੇ ਵੇਲੇ ਧੁੱਪ ਨਿਕਲ ਆਈ। ਬਚਨ ਕੀਤਾ ਕਰਦੇ ਓਏ ਇੰਦਰਾ ਛਾਉਂ ਤਾਂ ਤੈਨੂੰ ਛੱਡਦੇ ਹਾਂ। ਨਾ ਛਾਇਆ ਕਰੇਂ ਤਾਂ ਤੈਨੂੰ ਕੋਈ ਨਹੀਂ ਛੱਡਦੇ। ਕੁਝ ਕੁ ਅੱਗੇ ਤੁਰੇ ਤਾਂ ਬਦਲੀ ਨਿਕਲ ਆਈ। ਪਹਿਲੇ ਕੋਈ ਬਦਲੀ ਨ ਸੀ। ਤਾਂ ਹੀ ਖ਼ਬਰ ਹੋਈ ਕਿ ਤਤ ਛਿਨ ਬੱਦਲ ਛਾਇ ਗਏ। ਛਾਇਆ ਹੋਇ ਗਈ। ਸਿੰਘ ਕਹਿੰਦੇ ਹੈਂ ਧੰਨ ਗੁਰੂ ਸੱਚਾ ਪਾਤਸ਼ਾਹ ਸਰਬ ਘਟਾਂ ਕੇ ਅੰਤਰਯਾਮੀ ਹੈਨ।

ਸ੍ਰੀ ਸਤਿਗੁਰੂ ਜੀ ਤੁਰੇ। ਅੱਗੇ ਜਾਇਕੇ ਯੱਕਾ ਘਲਿਆ ਕਿ ਨੈਣਾ ਸਿੰਘ ਕੋ ਯੱਕੇ ਪਰ ਚੜ੍ਹਾਇਕੇ ਲੈ ਆਵੋ। ਯੱਕੇ ਪਰ ਨ ਚੜ੍ਹਿਆ ਨੈਣਾ ਸਿੰਘ, ਗੁਰੂ ਜੀ ਕੇ ਪ੍ਰਤਾਪ ਨਾਲ ਤੁਰਿਆ ਹੀ ਆਇਆ। ਸਿੰਘਾਂ ਨੇ ਅਸਚਰਜ ਮੰਨਿਆ ਕਿ ਧੰਨ ਗੁਰੂ ਜੀ ਹੈਨ ਜਿਨ੍ਹਾਂ ਨੇ ਸੱਤਿਆ ਬਖਸ਼ ਕੇ ਤੋਰ ਕੇ ਹੀ ਲੈ ਆਂਦਾ ਹੈ।

## ਅੰਬਾਲੇ ਪੁੱਜੇ

ਖੰਨੇ ਤੋਂ ਬਾੜੇ ਪੜਾਅ ਕੀਤਾ। ਤੁਰਦਿਆਂ ਤੁਰਦਿਆਂ ਅੰਬਾਲੇ ਜਾਇ ਮੰਜ਼ਲ ਕੀਤੀ, ਪੜਾਓ ਕੀਤਾ। ਕੋਲ ਵਪਾਰੀ ਘੋੜਿਆਂ ਕੇ ਉਤਰੇ ਹੋਏ ਸੇ। ਵਿਚ ਸਮੁੰਦ ਸਿੰਘ ਖੋਟਿਆਂ[1] ਕਾ ਸੀ। ਉਸ ਨੂੰ ਸਤਿਗੁਰੂ ਜੀ ਬਚਨ ਕੀਤਾ ਐਤਕੀਂ ਦੀ ਵਾਰ ਘੋੜੇ ਨਹੀਂ ਵਿਕਣੇ। ਉਸ ਸਾਲ ਗੰਗਾ ਪਰ ਕੋਈ ਘੋੜਾ ਨਹੀਂ ਵਿਕਿਆ। ਉੱਥੇ ਹੀ ਬੀਬੀ ਨੰਦਾਂ ਨੂੰ ਢੀਮ ਉਗ੍ਰੀ[2] ਤੇ ਬਚਨ ਕੀਤਾ ਕਰ ਦਿਆਂ ਕਾਣੀ ਤੈਨੂੰ? ਤੂੰ ਦਇਆ ਕੌਰ ਨੂੰ ਕਾਣੀ ਕਹਿੰਦੀ ਹੁੰਦੀ ਸੈਂ।

ਅਰਦਾਸਾ ਕਰਕੇ ਤੁਰ ਪਏ। ਅੱਗੇ ਏਕ ਡਾਕ ਲਈ ਜਾਂਦਾ ਮਿਲਿਆ। ਉਸਕੇ ਸਿਰ ਪਰ ਟੋਪੀ ਸੀ। ਸੋ ਸਤਿਗੁਰੂ ਜੀ ਉਤਾਰ ਕੇ ਚੀਰ ਫਾੜ ਡਾਲੀ ਤੇ ਬਚਨ ਕੀਤਾ ਡਾਕਾਂ ਤਾਂ ਬੰਦ ਕੀਤੀਆਂ ਸਨ, ਅਜੇ ਬਾਹਵੰਦੇ ਹੋ ਡਾਕਾਂ। ਥਾਣਾ ਕੋਲ ਸੀ। ਉਹ ਜਾਕੇ ਕਹਿਣ ਲਗਾ ਮੈਨੂੰ ਮਾਰਿਆ ਹੈ। ਮਗਰੇ ਸ੍ਰੀ ਸਤਿਗੁਰੂ ਜੀ ਭੀ ਜਾਇ ਰਹੇ। ਨਾਲ ਤਾਇਆ ਸੀ। ਏਸ ਨੂੰ ਅੱਗ ਵਿੱਚ ਪਾ ਕੇ ਕੱਢਿਆ ਸੀ। ਅੱਗੇ ਮੁਨਸ਼ੀ ਸੀ, ਉਸਕੇ ਚਰਨੀਂ ਹੱਥ ਲਾਇਆ। ਤਾਏ ਨੂੰ ਬਚਨ ਕੀਤਾ ਤੂੰ ਬੀ ਚਰਨੀਂ ਹੱਥ ਲਾ, ਇਹ ਬੱਡਾ ਸਾਧ ਹੈ। ਤਾਏ ਨੇ ਭੀ ਉਸਦੇ ਪੈਰੀਂ ਹੱਥ ਲਾਇਆ। ਮੁਨਸ਼ੀ ਨੇ ਡਾਕ ਵਾਲੇ ਨੂੰ ਕਹਿਆ ਤੂੰ ਤਾਂ ਟੋਪੀ ਨੂੰ ਰੋਂਦਾ ਹੈਂ ਸਗੋਂ ਤੂੰ ਏਨ੍ਹਾਂ ਦੇ ਚਰਨੀਂ ਹੱਥ ਲਾਇਕੇ ਬਖਸ਼ਾਇ ਲੈ। ਏਹ ਤਾਂ ਬੜੇ ਮਹਾਤਮਾ ਹੈਨ। ਡਾਕੀਏ ਨੇ ਸਤਿਗੁਰੂ ਜੀ ਕੇ ਚਰਨੀਂ ਹੱਥ ਲਾਇਆ। ਕਿਹਾ ਜੀ ਮੈਂ ਭੁਲ ਗਿਆਂ।

## ਮਾਰਕੰਡਾ ਨਦੀ ਤੇ

ਆਗੇ ਨਦੀ (ਮਾਰਕੰਡਾ) ਆਈ। ਖੜੋਇਕੇ ਬਚਨ ਕੀਤਾ ਗੁਰੂ ਜੀ ਰੇਤੇ ਕੇ ਗੋਲੇ ਵੱਟ ਵੱਟ ਕੇ ਫੜਾਵੋ। ਸਿੰਘ ਲੱਗੇ ਫੜੌਣ। ਹਾਥ ਮੈ ਲੈ ਲੈ ਕੇ ਲੈਂਧੀ ਧਰਤੀ ਨੂੰ ਚਲਾਉਣ ਲੱਗੇ। ਲਹਿਣਾ ਸਿੰਘ ਨੇ ਪੁੱਛਿਆ ਜੀ ਏਹ ਕੀ ਕਾਰਨ ਹੈ? ਗੁਰੂ ਜੀ ਬਚਨ ਕੀਤਾ ਲੈਂਧੀ ਤਰਫ਼ ਸੇ ਰੂਸ

1 ਪਿਤਾ ਸ੍ਰ. ਸਾਧਾ ਸਿੰਘ।

2 ਅੱਖ ਤੇ ਫੋੜਾ ਹੋਇਆ।

ਆਵਣਗੇ। ਤ੍ਰਾਸ ਝੱਲਿਆ ਨਹੀਂ ਜਾਵੇਗਾ। ਪੁੱਛਿਆ ਜੀ ਕਦ? ਬਚਨ ਕੀਤਾ ਸੌ ਵਰ੍ਹੇ ਥੀਂ ਉਰੇ ਉਰੇ, ਫੇਰ ਜਦ ਆਇ ਜਾਵਣ।

ਸਿੰਘਾਂ ਨੇ ਸੰਕਲਪ ਕੀਤਾ ਦਿਨ ਬਹੁਤੇ ਹੈਨ। ਰਸਤੇ ਮੈ ਜਾਂਦਿਆਂ ਰਾਤ ਕੋ ਮੀਂਹ ਤੇ ਗੜੇ ਪੈਣ ਲੱਗੇ। ਮਦਾਨ ਵਿੱਚ ਡੇਰਾ ਸੀ। ਗੁਰੂ ਜੀ ਬਚਨ ਕੀਤਾ ਜਿਸ ਜਿਸ ਨੇ ਭਜਨ ਬਾਣੀ ਪੜ੍ਹੀ ਹੈ ਸਭ ਫਲ ਦੇਵੋ ਜੋ ਗੜਾ ਬੰਦ ਹੋਵੇ। ਸਿੰਘਾਂ ਨੇ ਆਪੋ ਆਪਣੀ ਭਜਨ ਬੰਦਗੀ ਦਾ ਫਲ ਦੇ ਦਿੱਤਾ। ਕਿਸੇ ਨੇ ਮਾਲਾ, ਕਿਸੇ ਨੇ ਬਾਣੀ ਦਾ ਫਲ ਦਿੱਤਾ। ਏਕ ਸਿੰਘ ਨੇ ਕਹਾ ਕਿ ਅੱਧੀ ਸੁਖਮਨੀ ਕਾ ਮੇਰਾ ਵੀ ਪਾਇ ਲਵੋ। ਗੁਰੂ ਜੀ ਬਚਨ ਕੀਤਾ ਅੱਧੀ ਤੈਂ ਘਰ ਲੈ ਜਾਣੀ ਹੈ? ਬਾਬੇ ਸਾਹਿਬ ਸਿੰਘ ਨੇ ਕਿਹਾ ਕਿ ਜੀ ਜਿਤਨਾ ਚਿਰ ਮੈਂ ਜੀਉਂਦਾ ਰਹਾਂ, ਜਿਤਨਾ ਭਜਨ ਬਾਣੀ ਕਰਾਂ ਸੋ ਸਭ ਕਾ ਫਲ ਦੇ ਦਿੱਤਾ ਹੈ। ਉਸੇ ਵਕਤ ਗੜਾ ਬਾਰਸ਼ ਬੰਦ ਹੋ ਗਈ।

ਬਾਬਾ ਸੁੱਧ ਸਿੰਘ ਕੋ ਚਰਨਾਂ ਕੀ ਮਾਰ ਕਰਨੀ ਸ਼ੁਰੂ ਕੀਤੀ। ਬਾਬੇ ਸੁੱਧ ਸਿੰਘ ਨੇ ਹੱਥ ਜੋੜਕੇ ਅਰਜ਼ ਕੀਤੀ ਜੀ ਮੈਨੂੰ ਇਕ ਦਿਨ ਮਾਰ ਲਓ ਜੇੜ੍ਹਾ ਮਾਰਨਾ ਹੈ। ਰੋਜ਼ ਰੋਜ਼ ਕਾਨੂੰ ਮਾਰਦੇ ਹੋ। ਦੀਨ ਦਿਆਲ ਜੀ ਬਚਨ ਕੀਤਾ ਤੇਰੇ ਮਾਰਕੇ, ਮੇਰੇ ਚਰਨਾਂ ਕੋ ਅਰਾਮ ਆਉਂਦਾ ਹੈ। ਸੁੱਧ ਸਿੰਘ ਹੱਥ ਜੋੜਕੇ ਕਹਿਣ ਲਗਾ ਜੀ ਜੇਕਰ ਤੁਹਾਡੇ ਚਰਨਾਂ ਕੋ, ਮਾਰਿਆਂ ਸੁਖ ਹੁੰਦਾ ਹੈ ਤਾਂ ਮਾਰ ਲਵੋ।

ਆਗੇ ਉਲੇਹੇ[1] ਕਾ ਖੇਤ ਆ ਗਿਆ ਪੱਟ ਪੱਟ ਉੱਚਾ। ਦੀਨਾਨਾਥ ਜੀ ਬਚਨ ਕੀਤਾ ਸੁੱਧਿਆ ਨੱਸ ਕੇ ਉੱਤੋਂ ਦੀ ਲੰਘ ਆਓ। ਉਸੀ ਵਕਤ ਨੱਸਕੇ ਲੰਘ ਆਇਆ। ਸਾਰਾ ਸਰੀਰ ਪੱਛਿਆ ਗਿਆ। ਬਚਨ ਹੋਇਆ ਸੁੱਧਿਆ ਤੇਰੀ ਚੁਰਾਸੀ ਕੱਟੀ ਗਈ ਹੈ। ਸਿੰਘਾਂ ਨੂੰ ਬਚਨ ਕੀਤਾ ਕਰਨ, ਤੈਨੇ ਫਲਾਨਾ ਕੰਮ ਕੀਤਾ ਹੈ। ਜੇ ਤਾ ਸੱਚ ਦੱਸ ਦੇਣਾ ਤਾਂ ਕੁਝ ਨ ਕਹਿਣਾ, ਅੱਗੇ ਨੂੰ ਹਟਾਇ ਦੇਣਾ। ਜੇਕਰ ਮੁੱਕਰ ਜਾਣ ਤਾਂ ਬਚਨ ਕਰਨਾ ਤੇਜੀ ਮੈ ਹੋਇਕੇ ਦਰਗਾਹ ਦੀਆਂ ਚਿੱਠੀਆਂ ਤਾਂ ਮੇਰੇ ਕੋਲ ਆਈਆਂ ਹੋਈਆਂ ਹਨ, ਤੁਸੀਂ ਮੇਰੇ ਸਾਮ੍ਹਣੇ ਮੁੱਕਰਦੇ ਹੋ? ਮੈਨੂੰ ਤੁਸੀਂ ਜੀਅ ਹੀ ਜਾਣਿਆ ਹੈ ਤਾਂ ਹੀ ਮੈਥੋਂ ਮੁੱਕਰਦੇ ਹੋ। ਧੁਆਨੂੰ ਬਖਸ਼ ਲਊਂਗਾ ਪਰ ਜੇ ਸੱਚ ਦੱਸੋ।

## ਕੁਰਛੇਤਰ ਦਾ ਦਰਸ਼ਨ

ਆਗੇ ਆ ਕੇ ਸਿੰਘਾਂ ਕਹਿਆ ਕੁਰਛੇਤਰ ਕਾ ਭੀ ਦਰਸ਼ਨ ਕਰੀਏ। ਇਤਨੇ ਮੇਂ ਏਕ ਬੁੱਢੀ ਆਇ ਗਈ। ਮਾੜਾ ਜਿਹਾ ਘਗਰਾ ਪਾਇਆ ਹੋਇਆ ਹੈ। ਮੈਲਾ ਜਿਹਾ ਰੂਪ ਹੈ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਬਾਨਰੋ ਤੁਸੀਂ ਕੈਂਹਦੇ ਸੀ ਪਹੋਵੇ ਕੁਲਖੇਤਰ ਕਾ ਦਰਸ਼ਨ ਕਰੀਏ। ਸੋ ਕਰ ਲਵੋ ਏਹ ਕੁਲਖੇਤਰ ਹੈ। ਚੈਨ ਸਿੰਘ[2] ਥੀਂ ਪੰਜੀਰੀ ਲੈ ਕੇ ਦਿੱਤੀ ਦੋ ਉਂਜਲ[3] ਭਰਕੇ। ਬਚਨ ਕੀਤਾ ਓਥੇ ਜਾਕੇ ਬੀ ਟੱਕਰਾਂ ਮਾਰਨੀਆਂ ਥੀਆਂ, ਏਥੇ ਹੀ ਦਰਸ਼ਨ ਕਰ ਲਵੋ। ਮੈਂ ਪਿੱਛੇ ਨਹੀਂ ਕੋਈ ਰੱਖ ਲਿਆ ਹੈ। ਸਾਰੇ ਏਸੇ ਈ ਸੰਗਤ ਵਿੱਚ ਆਏ ਹੈਂ, ਪਰ ਤੁਹਾਡੀ ਮਤ ਜਾਨਵਰਾਂ

---

1 ਕੰਡੇਦਾਰ ਜੰਗਲੀ ਬੂਟਾ, ਜਵੀ ਦੇ ਪੱਤਿਆਂ ਵਰਗਾ।

2 ਪਿਤਾ ਸ੍ਰ. ਧੰਨਾ ਸਿੰਘ, ਪਿੰਡ ਗੁੱਜਰਵਾਲ, ਜ਼ਿਲ੍ਹਾ ਲੁਧਿਆਣਾ।

3 ਬੁੱਕ।

ਬਰਗੀ ਹੈ।

ਏਤਨੇ ਮੇਂ ਏਕ ਸਰੀਰ ਕਾਲੇ ਰੰਗ ਕਾ ਤੇੜ ਕਛ ਤੇ ਨੇਤਰ ਲਾਲ। ਨੇਤਰ ਮਸ਼ਾਲ ਵਾਂਗ ਜਲਦੇ ਹੈਂ, ਦਰਸ਼ਨ ਦੇ ਕੇ ਗੁਪਤ ਹੋ ਗਿਆ। ਸਿੰਘ ਦੇਖਦੇ ਹੀ ਰਹੇ ਕੁਦਰਤ ਦੇ ਰੰਗ ਨੂੰ ਗੁਰੂ ਜੀ ਬਚਨ ਕੀਤਾ ਏਹ ਕੌਣ ਥਾ? ਸਿੰਘਾਂ ਨੇ ਕਹਾ ਜੀ ਤੁਹਾਡੀਆਂ ਤੁਸੀਂ ਜਾਣੋ। ਬਚਨ ਕੀਤਾ ਦੈਂਤ ਦਾ ਨਾਮ ਲੈ ਕੇ, ਉਹ ਸੀ। ਚੈਨ ਸਿੰਘ ਕੇ ਸਿਰ ਪਰ ਹੱਥ ਧਰਕੇ ਬਚਨ ਕੀਤਾ ਏਹ ਨਰਮ ਦੈਂਤ ਹੈ। ਜੁੱਧ ਮੇਂ ਇਸਨੇ ਸਾਨੂੰ ਜਲ ਦਿੱਤਾ ਥਾ। ਬਿਗਸ ਕੇ ਬਚਨ ਕੀਤਾ ਲਿਆਓ ਤੁਹਾਡੇ ਵੱਡੇ ਵਡੇਰਿਆਂ ਦੀ ਮੁਕਤੀ ਕਰੀਏ। ਪਿੰਨ ਭਰਾਵੋ। ਰੇਤ ਕੇ ਗੋਲੇ ਵੱਟ ਵੱਟ ਕੇ ਫੜਾਓ। ਸਿੰਘ ਵੱਟ ਵੱਟ ਕੇ ਲਗੇ ਫੜਨ। ਗੁਰੂ ਜੀ ਆਪਣੇ ਹੱਥ ਮੈ ਲੈ ਕੇ ਜਲ ਮੈ ਪਾਇਕੇ ਬਚਨ ਕਰਨਾ 'ਮੁਕਤਾ'। ਸਭਨਾਂ ਸਿੰਘਾਂ ਦੀਆਂ ਕੁਲਾਂ ਤਾਰ ਦਿੱਤੀਆਂ। ਬਚਨ ਕੀਤਾ ਆਪਣਾ ਬੀ ਕੋਈ ਨਾ ਰਹਿ ਜਾਵੇ ਮੁਕਤੀ ਬਿਨਾ। ਵੱਟ ਵੱਟ ਰੇਤ ਕੇ ਗੋਲੇ ਜਲ ਮੈਂ ਮਾਰੇ ਵੱਡਿਆਂ ਵਡੇਰਿਆਂ ਕਾ ਨਾਮ ਲੈ ਲੈ ਕੇ। ਬਚਨ ਕੀਤਾ ਨਾਨਕਿਆਂ ਦਾ ਕੋਈ ਨਹੀਂ ਪਿੰਨ ਭਰਾਉਣ ਵਾਲਾ। ਕਹਿੰਦੇ ਹੈ ਦੋਹਤੇ ਦੇ ਹੱਥੋਂ ਲੱਗਦਾ ਹੈ। ਨਾਨਕਿਆਂ ਦੇ ਬੀ ਪਿੰਨ ਵੱਟ ਵੱਟ ਕੇ ਮਾਰੇ ਜਲ ਮੈ ਨਾਮ ਲੈ ਲੈ ਕੇ। ਫੇਰ ਦੇਵਤੇ ਦੈਂਤਾਂ ਕੀ ਮੁਕਤੀ ਕੀਤੀ। ਭੂਤਾਂ ਪ੍ਰੇਤਾਂ ਕੀ ਬੀ ਮੁਕਤੀ ਕੀਤੀ। ਨਾਉਂ ਲੈ ਲੈ ਕੇ ਪਿੰਨ ਸੁੱਟੇ ਜਲ ਹੈ।

ਫੇਰ ਬਚਨ ਕੀਤਾ ਲਿਆਓ ਹਮਨ ਕਰੀਏ। ਸਮਧਾ[1] ਨਾ ਥੀ। ਪੱਤੇ ਅੰਬਾਂ ਕੇ ਲੈ ਕੇ ਇਕੱਠੇ ਕਰਕੇ ਅਗਨੀ ਲਗਾਇ ਦਿੱਤੀ। ਕਈਆਂ ਕੋ ਸੱਦਕੇ ਕੁੱਟਿਆ। ਫੇਰ ਅਗਨੀ ਕੇ ਉਪਰ ਦੀ ਕਦੇ ਇਧਰ ਕਦੇ ਉਧਰ ਹੋਏ। ਹੋਰ ਬੀ ਸਿੰਘ ਸੱਦਕੇ ਕੁੱਟੇ। ਬਚਨ ਇਹ ਕਰਨਾ ਕਿ ਤੈਂ ਫਲਾਨੇ ਵੇਲੇ ਫਲਾਨਾ ਕਰਮ ਕੀਤਾ ਹੈ। ਜੇ ਦੱਸੇ ਨਾ, ਤਾਂ ਮਾਰਨਾ। ਰਾਤ ਕੱਟੀ।

ਆਸਾ ਕੀ ਵਾਰ ਕੇ ਵਕਤ ਬਚਨ ਕੀਤਾ ਸੁੱਧ ਸਿੰਘ ਨੂੰ ਰੋਗਾਂ ਨੇ ਘੇਰ ਲਿਆ ਹੈ। ਜਾਂ, ਜਾਇਕੇ ਸਿੰਘਾਂ ਨੇ ਦੇਖਿਆ ਤਾਂ ਬੇਹੋਸ਼ ਹੋਇਆ ਪਿਆ ਹੈ। ਸਿੰਘਾਂ ਅਰਜ਼ ਕੀਤੀ ਜੀ ਸੁੱਧ ਸਿੰਘ ਬੇਹੋਸ਼ ਪਿਆ ਹੈ। ਬਚਨ ਹੋਇਆ ਚੁਕ ਕੇ ਲੈ ਆਵੋ। ਚੁਕ ਕੇ ਲੈ ਆਏ। ਗੁਰੂ ਜੀ ਬਚਨ ਕੀਤਾ ਹੁਣ ਰੋਗਾਂ ਨੇ ਦਬਾਇ ਲੀਆ ਹੈ। ਏਸਦੇ ਰੋਗ ਮੈਂ ਫਲਾਣੇ ਰਾਜੇ ਨੂੰ ਦੇ ਆਉਂਦਾ ਹਾਂ। ਐਸਾ ਬਚਨ ਕਰਕੇ ਸਮਾਧੀ ਲਾਇ ਲਈ। ਕੁਝ ਦੇਰ ਬਾਦ ਨੇਤਰ ਖੋਲ੍ਹੇ। ਬਚਨ ਕੀਤਾ ਰੋਗ ਏਸ ਦੇ ਛੱਡ ਆਇਆ ਹਾਂ। ਏਤਨੇ ਮੇਂ ਸੁੱਧ ਸਿੰਘ ਕੋ ਹੋਸ਼ ਆਈ, ਨੇਤਰ ਖੋਲ੍ਹੇ। ਬੋਲਿਆ ਜੀ ਮੇਰੇ ਉੱਤੇ ਹਜ਼ਾਰਾਂ ਮਣ ਭਾਰ ਪਿਆ ਹੋਇਆ ਸੀ। ਬਚਨ ਕੀਤਾ ਪਿਰਥੀ ਕੇ ਰੋਗਾਂ ਨੇ ਦਬਾਇ ਲੀਤਾ ਸੀ। ਅਸੀਂ ਹੁਣ ਫਲਾਨੇ ਰਾਜੇ ਕੋ ਦੇ ਆਏ ਹਾਂ ਤੇ ਰਾਗ ਲੈ ਆਏ ਹਾਂ। ਆਸਾ ਦੀ ਵਾਰ ਕਾ ਅਰਦਾਸਾ ਕਰਕੇ ਤੁਰੇ। ਬਚਨ ਕੀਤਾ ਜੋ ਜੁੱਧ ਹੋਣਾ ਹੈ ਆਗੇ ਕੌਣ ਚੜੂਗਾ? ਸਿੰਘਾਂ ਕਹਿਆ ਜੀ ਤੁਸਾਂ ਦੀਆਂ ਤੁਸੀਂ ਹੀ ਜਾਣੋ। ਸੋਟੀ ਸਿਰ ਤੇ ਧਰ ਕੇ ਬਚਨ ਕੀਤਾ ਚੈਨ ਸਿੰਘ ਚੜੂਗਾ।

---

1 ਹੋਮ ਕਰਨ ਯੋਗ ਲਕੜੀ।

## ਦਿੱਤੂ ਰਾਗੀ ਨੂੰ ਵਰ

ਏਕ ਅੰਬ ਕੇ ਬੂਟੇ ਨਾਲੋਂ ਸਕ ਲਾਹ ਕੇ ਚੱਕਰ ਨਾਲ ਲੋਹੇ ਕੇ ਬਾਟੇ ਮੈ ਪਾਇਕੇ ਜਲ, ਸਵੈਯੇ ਪੜ੍ਹੇ ਤੇ ਬਚਨ ਕੀਤਾ ਇਹ ਸੁਟਣੇ ਦੀ ਲਾਇਕ ਨਹੀਂ ਹੈ। ਦਿੱਤੂ ਰਾਗੀ ਨੂੰ ਬਚਨ ਕੀਤਾ ਛਕ ਲੈ, ਤੇਰਾ ਕੰਠ ਕਦੇ ਨਹੀਂ ਬੈਠੇਗਾ। ਸਾਰੀ ਪਿਰਥੀ ਕੀ ਸੱਤਾ ਇਸ ਦੇ ਵਿਚ ਹੈ। ਉਸਨੇ ਛਕ ਲਿਆ। ਲੇਖਕ ਨੇ ਨੇਤਰੀਂ ਦੇਖਿਆ ਹੈ ਬਾਲਕ ਵਰਗਾ ਕੰਠ ਸੀ ਮਰਦਿਆਂ ਤੱਕ। ਲਾਭ ਸਿੰਘ ਭੀ ਰਾਗੀ ਸੀ। ਉਸਨੇ ਭੀ ਅਰਜ਼ ਕੀਤੀ ਜੀ ਮੈਨੂੰ ਭੀ ਮਿਲੇ। ਸਕ ਸੀ ਜੇੜ੍ਹਾ ਉਸਨੂੰ ਮਾਰਿਆ, ਕਢਕੇ ਤੇ ਬਚਨ ਕੀਤਾ ਲੈ ਸਕ ਵਾਂਗੂ ਆਕੜਿਆ ਰਹਿਆ ਕਰੇਂਗਾ। ਬਾਟਾ ਭੀ ਫੜਾਇ ਦੀਆ। ਉਸੀ ਵਕਤ ਅੰਮ੍ਰਿਤ ਜਾਣ ਛਕ ਲਿਆ। ਉਹ ਭੀ ਨੇਤਰੀਂ ਦੇਖਿਆ ਹੈ ਲਿਖਾਰੀ ਨੇ ਆਕੜਿਆ ਹੀ ਰਹਿੰਦਾ ਸੀ। ਇਹ ਭੀ ਬਚਨ ਕੀਤਾ ਜੋ ਮੇਰਾ ਕਹਿਣਾ ਨਹੀਂ ਮਨੂੰਗਾ ਸੋ ਕੋਹੜੀ ਹੋਕੇ ਮਰੂਗਾ।

## ਇਓਂ ਅਦਬ ਰੱਖੀਦਾ ਹੈ

ਆਗੇ ਨਿਰਮਲੇ ਆਇ ਗਏ। ਉਨ੍ਹਾਂ ਦੇ ਕੋਲ ਗ੍ਰੰਥ ਸਾਹਿਬ ਸੀ। ਡੇਰਾ ਕੀਤਾ ਸੀ ਉਨ੍ਹਾਂ ਨੇ। ਗੁਰੂ ਜੀ ਨਿਰਮਲਿਆਂ ਦੇ ਕੋਲ ਜਾਇਕੇ ਲੇਪਨ ਦੁਆਇਕੇ ਉੱਥੇ ਆਸਨ ਬਿਛਾਇਕੇ ਉੱਪਰ ਸ੍ਰੀ ਗ੍ਰੰਥ ਸਾਹਿਬ ਧਰਵਾਇਕੇ ਬਚਨ ਕੀਤਾ ਇਓਂ ਅਦਬ ਰੱਖੀਦਾ ਹੈ। ਸੰਗਤ ਸ਼ਬਦ ਪੜ੍ਹਨੇ ਲਗੀ। ਸੰਗਤ ਕੇ ਪਿਛਲੇ ਪਾਸੇ ਹੋਇਕੇ ਠੀਕਰੀਆਂ ਦੀ ਮੁੱਠੀ ਭਰਕੇ ਮਲੀਦਾ ਕਰਕੇ ਦੋਹਾਂ ਹੱਥਾਂ ਨਾਲ ਸੁੱਟੀ ਜਾਵਣ। ਨਿਰਮਲਿਆਂ ਦੇਖਕੇ ਕਹਾ ਕਿ ਓਹ ਸਿੰਘ ਠੀਕਰੀਆ ਕੀ ਮੁੱਠੀ ਭਰਕੇ ਤੇ ਮਿੱਟੀ ਕਰਕੇ ਸੁੱਟੀ ਜਾਂਦਾ ਹੈ ਬਡਾ ਬਲੀ ਸਿੰਘ ਹੈ। ਗੁਲ੍ਹਰ ਬ੍ਰਿਛ ਖੜਾ ਸੀ ਉਸਕੇ ਫਲ ਵੱਢ ਕੇ, ਮਲਕੇ ਦੋਨੋਂ ਹਾਥੋਂ ਸੇ, ਰਸ ਕਢਕੇ ਦਿੱਤੂ ਰਾਗੀ ਨੂੰ ਪਿਲਾਇਆ। ਬਚਨ ਕੀਤਾ ਤੇਰਾ ਗਲਾ ਕਦੀ ਨਹੀਂ ਬੈਠੇਗਾ।

ਮੀਂਹ ਹਨੇਰੀ ਬਹੁਤ ਆਈ। ਅਗਨੀ ਬੁਝ ਗਈ। ਕਣੀ ਕਣੀ ਮੀਂਹ ਕੀ ਪੈਂਦੀ ਸੀ। ਗੁਰੂ ਜੀ ਬਰਾਜੇ ਹੋਏ ਥੇ। ਹਾ-ਹਾ ਕਰਕੇ ਬਚਨ ਕੀਤਾ ਲਿਆਓ ਅਗਨ ਹਵਨ ਕਰੀਏ। ਬਡੇ ਜਤਨ ਸੇ ਅਗਨ ਬਾਲੀ। ਬਚਨ ਕੀਤਾ ਬੈਸੰਤਰ ਦੇਵਤਾ ਤੂੰ ਭੀ ਸਾਡੇ ਨਾਲ ਏਉਂ ਕਰਨ ਲੱਗਾ ਹੈ? ਬਸੰਤਰ ਜਗਿਆ, ਮੀਂਹ ਹਨੇਰੀ ਬੰਦ ਹੋਈ। ਫੇਰ ਪ੍ਰਸ਼ਾਦ ਤਿਆਰ ਹੋਇਆ ਤਾ ਆਪ ਸ੍ਰੀ ਸਤਿਗੁਰੂ ਜੀ ਵਰਤਾਵਣ ਲਗੇ। ਬਚਨ ਹੋਇਆ ਥੋੜ੍ਹਾ ਛਕੋ ਡਾਇਣੋ ਬਹੁਤਾ ਨ ਖਾਓ। ਫੇਰ ਹੁਕਮ ਕੀਤਾ ਜੋ ਕੋਈ ਡੱਕੇ[1] ਚੁਣ ਕੇ ਲਿਆਵੇਗਾ ਉਸਕੀ ਬਹੁਤ ਭਲਾਈ ਹੋਵੇਗੀ। ਸਾਰੀ ਸੰਗਤ ਨੇ ਚੁਣ ਕੇ ਢੇਰ ਲਾ ਦੀਆ।

## ਗੁਪਤ ਹੋਇ ਗਏ

ਸ੍ਰੀ ਸਤਿਗੁਰੂ ਜੀ ਘਿਓ ਮਲਕੇ ਸਰੀਰ ਨੂੰ ਬਚਨ ਕੀਤਾ ਚੈਨਿਆ ਤੂੰ ਬੜਾ ਜ਼ੋਰ ਵਾਲਾ

1 ਲੱਕੜਾਂ।

ਸੁਣੀਂਦਾ ਹੈਂ, ਮੇਰਾ ਕੜਾ ਕੂਣੀ ਦੇ ਉੱਤੇ ਚਾੜ੍ਹ ਦੇ। ਚੈਨ ਸਿੰਘ ਜ਼ੋਰ ਲਾਇ ਰਿਹਾ ਕੜਾ ਨ ਚੜ੍ਹਿਆ। ਆਪ ਥੋੜ੍ਹੇ ਜ਼ੋਰ ਨਾਲ ਮੋਢੇ ਉੱਤੇ ਚਾੜ੍ਹ ਦਿੱਤਾ। ਚੈਨ ਸਿੰਘ ਦਾ ਹੰਕਾਰ ਦੂਰ ਹੋਇਆ। ਫੇਰ ਅਗਨੀਂ ਦੇ ਉੱਤੇ ਦੀ ਛਾਲਾਂ ਮਾਰੀਆਂ। ਜਲਦੀਆਂ ਲਾਟਾਂ ਉੱਪਰ ਦੀ ਟੱਪੇ ਏਧਰ ਉਧਰ, ਫੇਰ ਦੀਵਾਨ ਲਾਇਆ। ਰਾਤ ਨੂੰ ਸੰਗਤ ਵਿੱਚੋਂ ਗੁਪਤ ਹੋਇ ਗਏ। ਸਿੰਘਾਂ ਨੇ ਸੰਸਾ ਕੀਤਾ ਕਿ ਸਤਿਗੁਰੂ ਜੀ ਅਲੋਪ ਹੋਇ ਗਏ ਹੈਨ। ਏਹ ਕੀ ਭਾਣਾ ਵਰਤਾਇਆ ਹੈ। ਦਿਨ ਚੜ੍ਹੇ ਜਾਂ ਸੰਗਤ ਤੁਰੀ ਤਾਂ ਸ੍ਰੀ ਸਤਿਗੁਰੂ ਜੀ ਆਗੇ ਖੇਤ ਮੈ ਖੜ੍ਹੇ ਹੈਂ। ਸਿੰਘ ਦਰਸ਼ਨ ਕਰਕੇ ਹਰੇ ਹੋਏ। ਸਿੰਘ ਆਗੇ ਹੋਣ ਲਗੇ ਤਾਂ ਬਚਨ ਕੀਤਾ ਅੱਗੇ ਨ ਕੋਈ ਆਵੇ। ਇਕ ਸਿੰਘ ਅੱਗੇ ਆਇਆ। ਉਸਦੇ ਦੋ ਚਾਰ ਲਾਈਆਂ।

## ਦਇਆ ਕੌਰ ਨੂੰ ਚੱਕਰ

ਉੱਥੋਂ ਤੁਰੇ ਤਾਂ ਅੱਗੇ ਰਸਤੇ ਮੇਂ ਜਲ ਸੀ, ਉੱਥੇ ਖੜੇ ਹੋਇ ਗਏ। ਬੀਬੀ ਦਇਆ ਕੌਰ ਕੋ ਤੀਨ ਚੱਕਰ ਦੇ ਦਿੱਤੇ। ਏਕ ਗ਼ਲ ਮੈ, ਏਕ ਸੀਸ ਪਰ, ਏਕ ਹੱਥ ਮੈਂ। ਬੀਬੀ ਸੂਤਰ ਵਿਚ ਹੋਇ ਗਈ ਤੇ ਰੋਣ ਲਗੀ। ਸੰਗਤ ਵੀ ਵੈਰਾਗਮਾਨ ਹੋਈ। ਗੁਰੂ ਜੀ ਬਚਨ ਕੀਤਾ ਤੂੰ ਦੇਵੀ ਹੈਂ, ਦਰਸ਼ਨ ਦੇ ਸੰਗਤ ਫਿਰਕੇ। ਐਸਾ ਤੇਜ ਹੋਇਆ ਬੀਬੀ ਦੇ ਮੁਖ ਤੇ ਸੁਰਖੀ ਆਇ ਗਈ। ਚਿੱਕੜ ਤੇ ਜਲ ਤੇ ਘਾਸ ਏਕ ਰੂਪ ਹੋਇਆ। ਸਿੰਘ ਕੁਦਰਤ ਦੇਖਕੇ ਅਸਚਰਜ ਰਹੇ।

## ਜਮਨਾ ਦਰਸ਼ਨ

ਜਮਨਾ ਕਾ ਪੁਲ ਲੰਘਕੇ ਜਮਨਾ ਪਰ ਬੈਠੇ ਥੇ। ਏਕ ਬੁੱਢੀ ਕਾਲਾ ਜਿਹਾ ਰੂਪ, ਮਾੜੀ ਜੇਹੀ ਘੱਗਰੀ ਪਾਈ ਹੋਈ, ਨੱਕ ਵਿਚ ਚਾਂਦੀ ਦੀ ਨੱਥ, ਸਿਰ ਪਰ ਝੰਡ ਹੋਰ ਸਾਰੀ ਨੰਗੀ। ਸ੍ਰੀ ਸਤਿਗੁਰੂ ਜੀ ਚਾਦਰ ਉਤਾਰ ਕੇ ਉਸ ਉੱਥੇ ਦੇ ਦਿੱਤੀ। ਬੁੱਢੀ ਬੈਠ ਗਈ। ਸ੍ਰੀ ਸਤਿਗੁਰੂ ਜੀ ਇਕ ਲਟ ਉਸ ਦੀ ਪੁੱਟੀ, ਇਕ ਲੱਟ ਆਪਣੀ ਪੁੱਟੀ ਤੇ ਜਮਨਾ ਕੇ ਜਲ ਮੈ ਸੁੱਟੀ। ਬਚਨ ਕੀਤਾ ਸੰਗਤ ਨੂੰ ਜਿਸ ਨੇ ਕੁਝ ਦੇਣਾ ਹੈ ਸੋ ਏਥੇ ਦੇ ਦਿਓ। ਜਮਨਾ ਆਪਣੇ ਹਾਥ ਸੇ ਮੰਗਦੀ ਹੈ। ਦੇਖੋ ਇਸਦਾ ਪਾਪਾਂ ਨੇ ਕੀ ਹਾਲ ਕੀਤਾ ਹੋਇਆ ਹੈ। ਭੱਜੀ ਲੁਕਦੀ ਫਿਰਦੀ ਹੈ। ਰੁਪਏ ਨਾ ਦੇਵੋ, ਦਵਾਨੀਆਂ ਚਵਾਨੀਆਂ ਪੈਸੇ ਦੇਵੋ। ਛੱਲਾ ਛਾਪ ਡੰਡੀਆਂ ਚੂੜੀਆਂ ਸਭ ਦੇ ਦੇਵੋ। ਸਰਬ ਸਿੰਘਾਂ ਨੇ ਭੇਟਾ ਦਿੱਤੀ। ਕਿਸੇ ਨੇ ਕੁਝ ਕਿਸੇ ਨੇ ਕੁਝ, ਨਾਲੇ ਦਰਸ਼ਨ ਕਰਦੇ ਹੈਂ। ਕਹਿੰਦੇ ਹੈਂ ਧੰਨ ਸੱਚਾ ਪਾਤਸ਼ਾਹ ਹੈ ਜਿਸਦੇ ਅੱਗੇ ਤੀਰਥ ਹੱਥ ਜੋੜੀ ਖੜੇ ਹੈਂ, ਅੱਗੇ ਆਇ ਮਿਲੇ ਹੈਂ। ਰੂਪ ਧਾਰ ਧਾਰ ਕੇ ਔਂਦੇ ਹੈਂ। ਬਾਰ੍ਹਵੇਂ ਗੁਰੂ ਜੀ ਕੀ ਅਰਦਲ ਮੇਂ ਸ਼ਹੀਦ ਹਾਜ਼ਰ ਹੁੰਦੇ ਹੈਂ। ਜੋ ਹੁਕਮ ਸਤਿਗੁਰੂ ਜੀ ਕਰਦੇ ਹੈਂ ਸੋ ਬਜਾਇ ਲਿਆਉਂਦੇ ਹੈਂ। ਤਤ ਛਿਨ ਮੈ ਹਾਜ਼ਰ ਕਰਦੇ ਹੈਂ।

ਅੱਛੀ ਗਠੜੀ ਹੋਇ ਗਈ ਧਨ ਦੀ। ਗੁਰੂ ਜੀ ਬਚਨ ਕੀਤਾ ਪਾਂਚ ਸ਼ਹੀਦ ਦੇ ਕੇ ਭੇਜ ਦੇਵਾਂਗੇ। ਚੈਨ ਸਿੰਘ ਨੇ ਕਹਾ ਮਨ ਵਿਚ ਕਿ ਮੈਨੂੰ ਬੀ ਸ਼ਹੀਦ ਆਂਦੇ ਹੈਂ, ਮੈਨੂੰ ਹੀ ਭੇਜਣਗੇ। ਅੰਤਰਯਾਮੀ ਜੀ ਦੇਖਕੇ ਚੈਨੇ ਵੱਲ ਬਚਨ ਕੀਤਾ ਬਾਂਦਰਾ ਤੈਨੂੰ ਕੌਣ ਭੇਜਦਾ ਹੈ। ਗੁਪਤ ਸ਼ਹੀਦ ਜਾਵਣਗੇ। ਬੁੱਢੀ ਬੰਨ੍ਹ ਕੇ ਗਠੜੀ ਤੁਰੀ। ਥੋੜੀ ਦੂਰ ਜਾਂਦੀ ਦੇਖੀ ਫੇਰ ਗੁਪਤ ਹੋਇ ਗਈ।

## ਗੋਤ ਕਨਾਲਾ

ਅਗਲੇ ਪੜਾਓ ਜਾਇ ਲੰਗਰ ਕੀਤਾ। ਬਚਨ ਕੀਤਾ ਗੁਰੂ ਜੀ ਆਓ ਗੋਤ ਕਨਾਲਾ[1] ਕਰੀਏ। ਕੜਾਹ ਪ੍ਰਸ਼ਾਦ ਕਰਵਾਇਆ। ਏਕ ਬਾਟੇ ਮੈਂ ਦਾਲ, ਅੱਧ ਕੁ ਸੇਰ ਲਾਲ ਮਿਰਚਾਂ ਪਵਾਈਆਂ। ਰਲਾ ਕੇ ਗੁਰੂ ਜੀ ਛਕਣੇ ਲਗੇ। ਰੜਕਣ ਦੰਦਾਂ ਹੇਠਾਂ। ਜੇੜ੍ਹਾ ਸੀਤ ਪ੍ਰਸ਼ਾਦ ਮੰਗੇ ਉਸਨੂੰ ਬਚਨ ਕਰਨਾ ਕੋੜ੍ਹੀ ਹੋਣਾ ਹੈ ਤਾਂ ਲੈ ਲੈ। ਪੰਜਾਂ ਸਿੰਘਾਂ ਨੇ ਮੰਗਿਆ, ਨਹੀਂ ਦਿੱਤਾ। ਫੇਰ ਚੈਨ ਸਿੰਘ ਨੇ ਆਇ ਮੰਗਿਆ। ਕਹਾ ਜੀ ਮੈਨੂੰ ਕੋਹੜ ਮਨਜ਼ੂਰ ਹੈ, ਮੈਨੂੰ ਸੀਤ ਪ੍ਰਸ਼ਾਦ ਮਿਲੇ। ਬਚਨ ਕੀਤਾ ਮੁੱਢ ਦਾ ਗ੍ਹੋਰੀ[2] ਹੈ। ਫੇਰ ਹਵਨ ਕਰਨ ਲੱਗੇ।

ਏਕ ਜਨਾਨੀ ਨੇ ਆਇ ਅਰਜ਼ ਕੀਤੀ। ਕਪਾਹ ਦੀਆਂ ਛੱਟੀਆਂ ਕਾ ਮੁੱਠਾ ਫੜ ਕੇ ਮਾਰਿਆ। ਬੁੱਢੀ ਡਰਦੀ ਨਸ ਗਈ। ਫੇਰ ਹਵਨ ਕਰਨ ਲੱਗੇ। ਬਚਨ ਕੀਤਾ ਲੈ ਆਓ ਘਿਓ। ਕਈ ਸਿੰਘਾਂ ਨੇ ਲੈ ਆਂਦਾ। ਚਾਰ ਫੇਰੀ ਚੈਨ ਸਿੰਘ ਦੀ ਭੈਣ ਨੇ ਦਿੱਤਾ। ਪੰਜਵੀਂ ਵਾਰੀ ਕੁੱਪੀ ਹੀ ਫੜਾ ਦਿੱਤੀ। ਚੈਨ ਸਿੰਘ ਨੇ ਮਨ ਵਿੱਚ ਸੋਚਿਆ ਕਿ ਬੀਬੀ ਨੇ ਕੁੱਪੀ ਕਿਉਂ ਫੜਾਈ ਹੈ? ਘਿਓ ਤਾ ਛਕਣਾ ਸੀ। ਅਹੂਤੀ ਪਾਇਕੇ ਬਚਨ ਕੀਤਾ ਚੈਨਾ ਸਾਤੋਂ ਦੋ ਰੁਪਏ ਲੈ ਗਿਆ ਸੀ, ਅਸੀਂ ਇਕ ਰੁਪਏ ਕਾ ਘਿਓ ਫੂਕ ਦੇਂਦੇ ਹਾਂ। ਇਕ ਰੁਪਈਆ ਫੇਰ ਲੈ ਲਵਾਂਗੇ। ਚੈਨ ਸਿੰਘ ਕੇ ਮਨ ਮੇਂ ਆਈ ਮੈਂ ਤਾਂ ਚਾਰ ਰੁਪਈਏ ਲੈਣੇ ਸੇ, ਸਗੋਂ ਮੈਨੂੰ ਕਹਿੰਦੇ ਹੈਂ। ਘਿਓ ਸਾਰਾ ਫੂਕ ਕੇ ਕੁੱਪੀ ਧਰਤੀ ਨਾਲ ਮਾਰੀ ਤੇ ਬਚਨ ਕੀਤਾ ਲੈ ਚੈਨਿਆਂ ਕੁੱਪੀ।

## ਸਹਾਰਨਪੁਰੇ ਪੁੱਜੇ

ਅੱਗੇ ਸਹਾਰਨਪੁਰੇ ਜਾਇਕੇ ਡੇਰਾ ਕੀਤਾ। ਕੋਲ ਮਸੀਤ ਸੀ, ਉਸ ਪਰ ਜਾਇ ਚੜ੍ਹੇ। ਸ੍ਰੀ ਸਤਿਗੁਰੂ ਜੀ ਹੋਕਾ ਏਹ ਦੇਵਨ ਚਿਤਰ ਗੁਪਤੋ, ਪਿਆਰਿਓ, ਸਚਿਆਰਿਓ, ਸ਼ਹੀਦੋ, ਮੁਰੀਦੋ, ਹੱਠੀਓ, ਤਪੀਓ, ਤੀਰਥੋ ਸਾਰੇ ਹੀ ਸੁਣਦੇ ਹੋ। ਭਜਨ ਕਾ ਨਾਮ ਲੈ ਕੇ ਬੋਲਾ ਕੀਤਾ ਏਹ ਹੀ ਮੰਤਰ ਹੈ ਏਸ ਜੁਗ ਦਾ। ਏਸ ਨੂੰ ਜਪੋ, ਏਹੀ ਸੱਚਾ ਮੰਤਰ ਹੈ। ਬਚਨ ਹੋਇਆ ਤੀਰਥਾਂ ਕੋ ਤੇ ਗੁਪਤਾਂ ਕੋ ਪਹਿਲੇ ਭਜਨ ਸੁਣਾਇਆ ਹੈ। ਅਕਾਸਾਂ ਪਤਾਲਾਂ ਨੂੰ ਜੋ ਗੁਪਤ ਸੀ ਸੋ ਪ੍ਰਗਟ ਕਰਕੇ ਸਭ ਕੋ ਭਜਨ ਦਿੱਤਾ ਹੈ। ਇਸ ਵੇਲੇ ਨਾਮ ਕਾ ਖਜ਼ਾਨਾ ਖੁਲ੍ਹਾ ਹੈ, ਬਰਤਣਾ ਸ਼ੁਰੂ ਹੈ। ਹੇਠਾਂ ਉੱਤਰ ਆਏ।

## ਰੁੜਕੀ ਪਹੁੰਚੇ

ਅੱਗੇ ਰੁੜਕੀ ਜੁਆਰ ਕੇ ਬੱਢ ਵਿਚ ਡੇਰਾ ਕੀਤਾ। ਪ੍ਰਸ਼ਾਦ ਛਕਿਆ। ਨੇੜੇ ਨਹਿਰ ਸੀ, ਕਈ ਸਿੰਘ ਜਾਇਕੇ ਛਾਲਾਂ ਮਾਰਨ ਲੱਗੇ। ਗੁਰੂ ਜੀ ਬਚਨ ਕੀਤਾ ਡੇਰੇ ਨਹੀਂ ਵੜਨ ਦੇਣੇ। ਸੁਣਕੇ ਸਿੰਘ ਚੁਪ ਚਾਪ ਹੀ ਡੇਰੇ ਆਇ ਵੜੇ। ਰਾਤ ਨੂੰ ਮਾੜੀਆਂ-ਮਾੜੀਆਂ ਕਣੀਆਂ ਪੈਂਦੀਆਂ ਰਹੀਆਂ। ਅੱਠ-ਅੱਠ ਦਸ-ਦਸ ਇਕੱਠੇ ਹੋਇਕੇ ਪੈ ਰਹੇ। ਬਿਜਲੀ ਲਿਸ਼ਕੇ ਤੇ ਬੱਦਲ ਗਰਜੇ। ਭਿਯਾਨਕ ਰੂਪ ਇੰਦਰ ਨੇ ਦਿਖਾਇਆ ਹੈ। ਭੈ ਆਵੇ, ਹਨੇਰੀ ਐਸੀ ਆਈ ਧਰਤੀ ਪੱਟੀ ਜਾਂਦੀ

1 ਭਾਵ ਇੱਕਠੇ ਬੈਠਕੇ ਖਾਣ ਤੋਂ ਹੈ।

2 ਅਘੋਰੀ ਇਕ ਭੇਖ ਜੋ ਸਭ ਕੁਝ ਖਾਂ ਜਾਂਦੇ ਹਨ ਜਿਨ੍ਹਾਂ ਦੀ ਕੋਈ ਮਰਯਾਦਾ ਨਹੀਂ ਹੁੰਦੀ

ਹੈ। ਸਤਿਗੁਰੂ ਜੀ ਬਰਾਜੇ ਉੱਠੇ ਤੇ ਬਚਨ ਕੀਤਾ ਘਿਓ ਲਿਆਵੋ ਜਲਦੀ। ਦੇਖਣ ਤਾਂ ਅਗਨੀ ਬੀ ਨਹੀਂ ਹੈ। ਬਚਨ ਕੀਤਾ ਗੁਰੂ ਜੀ, ਮੇਰੀ ਕੋਈ ਵਾਹ ਨਹੀਂ ਇੰਦਰ ਗੁੱਸੇ ਨਾਲ ਆਇਆ ਹੈ। ਅਗਨੀ ਬਿਨਾਂ ਕੁਝ ਨਹੀਂ ਬਣਦਾ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਸਫ਼ਾਜੰਗ ਲੈ ਆਵੋ ਔਰ ਸਲੋਤਰ ਲੈ ਆਵੋ। ਬਚਨ ਕੀਤਾ ਮਾਰੋ ਇੰਦਰ ਦੀ ਤੀਵੀਂ ਨੂੰ ਜਿਸਨੇ ਧਗੜਾ[1] ਚਾਹੜ ਕੇ ਲੈ ਆਂਦਾ ਹੈ। ਸਿੰਘ ਧਰਤੀ ਨੂੰ ਕੁੱਟਣ ਲੱਗੇ। ਆਪ ਬੀ ਸ੍ਰੀ ਸਤਿਗੁਰੂ ਜੀ ਕੁੱਟਣ ਲੱਗੇ। ਬਚਨ ਕੀਤਾ ਮਾਰੋ ਇਸ ਨੂੰ, ਜਾਣੇ ਨ ਪਾਵੇ। ਮੀਂਹ ਬੰਦ ਹੋ ਗਿਆ, ਤਾਰੇ ਨਿਕਲ ਆਏ।

ਦਿਨ ਕੋ ਅਰਦਾਸਾ ਕਰਕੇ ਤੁਰੇ। ਉਸ ਖੇਤ ਕੀ ਹੱਦ ਛੱਡਕੇ ਗੜੇ ਨੇ ਬਿਰਛਾਂ ਦੀਆਂ ਬਿਕਾਂ[2] ਲਾਹੀਆਂ। ਬੰਨੇ ਖੇਤ ਦੇ ਖੜੇ ਹੋਇਕੇ ਬਚਨ ਕੀਤਾ ਏਹੋ ਜੇਹਾ ਹਾਲ ਤੁਹਾਡਾ ਹੋਣਾ ਸੀ। ਗੁਰੂ ਜੀ ਕੀ ਕਿਰਪਾ ਨਾਲ ਤੁਹਾਡੇ ਉੱਤੇ ਰੱਛਿਆ ਹੋਈ ਹੈ। ਚੈਨ ਸਿੰਘ ਨੇ ਮਨ ਮੇਂ ਸੋਚੀ ਜੇ ਮੈਨੂੰ ਮਾਰਨਗੇ ਤਾ ਮੈਂ ਭੱਜਣਾ ਨਹੀਂ। ਅੱਗੇ ਤੁਰੇ ਔਂਦੇ ਉੱਥੇ ਦੋ ਨਿਹੰਗ ਦੇਖੇ। ਬਚਨ ਕੀਤਾ ਨਿਹੰਗ ਆਉਂਦੇ ਹੈਂ। ਤਾਏ ਨੂੰ ਬਚਨ ਕੀਤਾ ਮੈਂ ਤੇ ਤੂੰ ਦੋਵੇਂ ਨਿਹੰਗ ਬਣਦੇ ਆਏ ਹਾਂ। ਤਿੰਨ ਵਾਰੀ ਬਚਨ ਕੀਤਾ।

## ਘੱਗੂ ਨਾਥ

ਸੜਕ ਪਰ ਏਕ ਮੋਨੀ ਸਾਧ ਤੁਰਿਆ ਜਾਂਦਾ ਸੀ ਕਾਹਲੇ ਕਦਮ। ਬੁਲਾਇਆ ਤੇ ਨਾ ਬੋਲਿਆ। ਸ੍ਰੀ ਸਤਿਗੁਰੂ ਜੀ ਬੀ ਕਾਹਲਾ ਕਦਮ ਚੁਕ ਕੇ ਨਾਲ ਤੁਰੇ। ਕਾਮੜੇ ਨਾਲ ਛੇੜੀ ਗਏ। ਕਦੀ ਓਸ ਮੋਢੇ ਕਦੀ ਓਸ ਮੋਢੇ ਕਾਮੜਾ ਧਰਨ। ਤਿੰਨ ਕੋਸ ਛੇੜੀ ਗਏ, ਬੋਲਿਆ ਨਾ। ਮੋਨੀ ਸੜਕ ਤੋਂ ਉੱਤਰ ਕੇ ਸੂਰਜ ਕੇ ਸਨਮੁਖ ਖੜੋਇਕੇ ਕਹਿਣੇ ਲਗਾ ਤੇਰੀ ਸੰਗਤ ਕੇ ਰਿਦੇ ਲੂਹ ਦਿਊਂਗਾ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਅਸੀਂ ਬੀ ਸੂਰਜ ਨੂੰ ਪੁੱਛ ਲਈਏ। ਸੂਰਜ ਵੱਲੇ ਨਿਗਾਹ ਕਰਕੇ ਬਚਨ ਕੀਤਾ ਸਾਨੂੰ ਬੀ ਹੁਕਮ ਆਇ ਗਿਆ ਹੈ। ਏਦ੍ਹੇ ਆਖਿਆਂ ਕੁਝ ਨਹੀਂ ਬਣਦਾ। ਐਵੇਂ ਪਿਆ ਭੌਂਕਦਾ ਹੈ, ਚਲੋ ਚੱਲੀਏ। ਫੇਰ ਸੜਕ ਪਰ ਆਇ ਚੜ੍ਹੇ। ਜਾਂ ਸਿੰਘਾਂ ਪੁੱਛਿਆ ਜੀ ਏਹ ਕੌਣ ਸੀ, ਸ੍ਰੀ ਸਤਿਗੁਰੂ ਜੀ ਬਚਨ ਕੀਤਾ ਘੁੱਗੂਨਾਥ ਸੀ। ਚਾਰ ਜੁਗ ਬੋਲਿਆ ਨਾ ਸੀ, ਹੁਣ ਬੋਲਿਆ ਹੈ ਛੇਕੜ[3]।

## ਸਾਹਬੋ ਨਾਲ ਕੌਤਕ

ਅੱਗੇ ਮਾਈ ਸਾਹਬੋ ਪੱਧਰੀ ਵਾਲੀ ਨੂੰ ਬਚਨ ਕੀਤਾ ਜੱਟੀਏ ਕੋਹੜ ਬੀ ਮੇਰੇ ਅਖ਼ਤਿਆਰ ਹੈ। ਉਸੀ ਵਕਤ ਧੱਫੜ ਨਿਕਲ ਆਏ ਮਾਈ ਕੇ ਪਿੰਡੇ ਪਰ। ਧੱਫੜ ਦੇਖਕੇ ਹੱਥ ਨਾਲ ਟੋਹਨ ਲੱਗੀ। ਪਛਤੌਣ ਲੱਗੀ ਕਿ ਮੈਂ ਕਿਓਂ ਔਣਾ ਸੀ। ਗੁਰੂ ਜੀ ਬਚਨ ਕੀਤਾ ਜੱਟੀਏ ਗੜਵਾ ਭਰਕੇ ਜਲ ਦਾ ਸੁਟ ਆਓ ਦੂਰ ਜਾਕੇ। ਆਖੀਂ ਕੇ ਕੋਹੜ ਜਾਏ। ਮਾਈ ਸਾਹਬੋ ਜਲ ਸੁਟ ਆਈ।

---

1 ਪਤੀ ।

2 ਛਿਲੜਾਂ।

3 ਅਖੀਰ।

ਇਓਂ ਕਹਿਣੇ ਸੇ ਧੱਫੜ ਹਟ ਗਏ, ਰਾਜੀ ਹੋਈ। ਫਿਰ ਬਚਨ ਕੀਤਾ ਗੁਰੂ ਜੀ, ਜੱਟੀਏ ਦਲਿਦ੍ਰ ਬੀ ਮੇਰੇ ਅਖ਼ਤਿਆਰ ਹੈ। ਮਾਈ ਸਾਹਬੋ ਦੇ ਜੂੰਆਂ ਪੈ ਗਈਆਂ। ਲੰਬੀਆਂ ਕਾਲੇ ਮੂੰਹ ਵਾਲੀਆਂ। ਚੁਣ ਚੁਣ ਕੇ ਲੱਗੀ ਸੁੱਟਣ। ਅੰਤਰਯਾਮੀ ਜੀ ਹੱਸਨੇ ਲਗੇ। ਬਚਨ ਕੀਤਾ ਜੱਟੀਏ ਏਹ ਦਲਿਦ੍ਰ ਸੀ। ਜੂਆਂ ਹਟ ਗਈਆਂ। ਗੁਰੂ ਜੀ ਬਚਨ ਕੀਤਾ ਜੱਟੀਏ ਨਰਕ ਬੀ ਮੇਰੇ ਅਖ਼ਤਿਆਰ ਹੈ। ਪੁੱਤਰ ਲਾਲ ਸਿੰਘ ਸੀ। ਉਸਨੂੰ ਮਦਾਨ ਆਇਆ। ਮਦਾਨ ਫਿਰਾਉਣ ਗਈ। ਦੇਖੇ ਕੀ ਜੋ ਇਕ ਮੈਲੇ ਕੀ ਖਾਈ ਭਰੀ ਹੋਈ ਹੈ। ਬਦਬੋ ਆਂਵਦੀ ਹੈ। ਗੜਬੜ ਗੜਬੜ ਹੋਇ ਰਹੀ ਹੈ। ਆਈ ਨੂੰ ਬੋਲੇ, ਜੱਟੀਏ ਏਹ ਨਰਕ ਹੈ।

## ਕਿਉਂ ਨਾ ਬਾਬਾ ਕਹੀਏ

ਅੱਗੇ ਗਏ ਤਾਂ ਜਨਕ ਤਲਾ ਆਇਆ। ਗੁਰੂ ਜੀ ਬਚਨ ਕੀਤਾ ਬਾਬਾ ਜਵਾਹਰ ਸਿੰਘ ਨੂੰ, ਤੂੰ ਤਾਂ ਰਾਜਾ ਜਨਕ ਥਾ, ਜੱਸਾਂ ਤੇਰੀ ਪੁੱਤਰੀ ਸੀ। ਏਹ ਤੇਰਾ ਤਲਾਉ ਹੈ। ਬਾਬੇ ਜੀ ਬਚਨ ਕੀਤਾ ਜੇਕਰ ਮੈਂ ਰਾਜਾ ਜਨਕ ਸੀ ਤਾਂ ਆਪ ਭੀ ਤਾ ਕੁਛ ਹੋਵੋਗੇ। ਸਤਿਗੁਰੂ ਜੀ ਬਚਨ ਕੀਤਾ ਤੂੰ ਕੈਂਹਦਾ ਹੈਂ ਮੈਨੂੰ ਬਾਬਾ ਨਾ ਕਹੋ। ਬਾਬਾ ਕਿਉਂ ਨਾ ਕਹੀਏ? ਤੈਂ ਸਾਨੂੰ ਪੁੱਤਰੀ ਦਿੱਤੀ ਸੀ ਰਾਮ ਚੰਦਰ ਦੇ ਵੇਲੇ। ਤੈਂ ਛੇ ਪਾਤਸ਼ਾਹੀਆਂ ਕੋ ਤਿਲਕ ਦਿੱਤਾ ਹੈ। ਤਦੋਂ ਬੀ ਬਾਬਾ ਬਣਿਆ ਸੈਂ, ਹੁਣ ਕਿਉਂ ਨਾ ਬਾਬਾ ਕਹੀਏ?

ਗੜਵਾ ਕੋਈ ਸਿੰਘ ਲੈ ਗਿਆ ਥਾ। ਸੋ ਯਾਦ ਕੀਤਾ। ਗੜਵਾ ਲੈ ਕੇ ਧਰਤੀ ਦੇ ਨਾਲ ਮਾਰਿਆ। ਆਪ ਨੱਸ ਚੱਲੇ। ਮਗਰ ਕੋ ਸਿੰਘ ਗਏ। ਆਗੇ ਗੁਰੂ ਜੀ ਏਕ ਬੂਟੇ ਕੇ ਮੁਢ ਨਾਲ ਜਾਇ ਬੈਠੇ। ਮਗਰੇ ਸਿੰਘ ਬੀ ਜਾਇ ਬੈਠੇ। ਬਚਨ ਕੀਤਾ ਹੁਣ ਤਾਂ ਮੈਨੂੰ ਟੋਲ ਲਿਆ ਹੈ, ਫੇਰ ਏਹੋ ਜੇਹਾ ਲੁਕਾਂਗਾ ਲੱਭਾਂਗਾ ਨਹੀਂ। ਅਤਰ ਸਿੰਘ ਨੇ ਕਹਾ ਜੀ ਏਹੋ ਜੇਹੀ ਕਦ ਹੋਵੇਗੀ? ਬਚਨ ਕੀਤਾ ਜਦ ਰੂਸ ਆਵਣਗੇ। ਤੁਹਾਨੂੰ ਕੁਝ ਨਹੀਂ ਆਖਣਗੇ। ਸੁੱਧ ਸਿੰਘ ਨੇ ਕਹਾ ਜੇ ਤੁਸੀਂ ਜਾਣਾ ਹੈ ਤਾਂ ਸਾਡਾ ਕੀ ਹਾਲ ਹੋਊਗਾ? ਬਚਨ ਕੀਤਾ ਸੁੱਧਿਆ ਮੈਂ ਤੈਨੂੰ ਜਾਣਦਾ ਹਾਂ। ਅੱਗੇ ਤੂੰ ਮੰਦੋਦਰੀ ਦਾ ਅਵਤਾਰ ਸੀ। ਤੈਂ ਸੀਤਾ ਦੇ ਅੱਗੇ ਹੱਥ ਜੋੜੇ ਸੇ ਤਾਂ ਤੈਨੂੰ ਮਨੁੱਖਾ ਜਨਮ ਮਿਲਿਆ ਹੈ, ਤਾਂ ਤੂੰ ਬੋਲਦਾ ਹੈਂ।

ਸ੍ਰੀ ਸਤਿਗੁਰੂ ਜੀ ਕੋ ਐਸਾ ਸੂਤਰ ਹੋਇਆ ਕੇ ਚੌਂਕੜੀ ਲੱਗੀ ਲਗਾਈ ਉੱਚੇ ਚਲੇ ਜਾਵਣ। ਕੋਲ ਘੋੜਿਆਂ ਵਾਲੇ ਉੱਤਰੇ ਹੋਏ ਸੇ। ਬਰਾਜਣ ਕੇ ਵਕਤ ਢੋਲਕੀ ਬਜਾਇਕੇ ਬੋਲੀਆਂ ਪਾਉਂਦੇ ਹੈਂ। ਗੁਰੂ ਜੀ ਘੋੜਿਆਂ ਵਾਲਿਆਂ ਕੋ ਸੁਨਾਇਕੇ ਬੋਲਾ ਉੱਚੀ ਸੇ ਕੀਤਾ ਸੁਣੋ ਹੋ ਚੋਰੋ ਮੈਂ ਰੱਸੇ ਵੱਢ ਦੇਂਦਾ ਹਾਂ, ਲੈ ਜਾਓ ਤੁਸੀਂ। ਹੁਕਮ ਮੇਰਾ ਤੇ ਜ਼ੋਰ ਤੁਹਾਡਾ। ਘੋੜਿਆਂ ਵਾਲਿਆਂ ਨੇ ਸੁਣਕੇ ਢੋਲਕੀ ਬੰਦ ਕੀਤੀ। ਉਨ੍ਹਾਂ ਨੇ ਸਮਝਿਆ ਰਾਤ ਕਾ ਵੇਲਾ ਹੈ ਚੋਰ ਨਾ ਆਇ ਜਾਣ। ਖਾਲਸਾ ਬਰਾਜ ਗਿਆ।

ਪੱਧਰੀ ਵਾਲੀ ਸਾਹਿਬ ਕੌਰ ਨੂੰ ਭੈ ਰਹਿੰਦਾ ਸੀ ਕਿ ਮੈਨੂੰ ਨਾ ਮਾਰਨ। ਅੰਤਰਯਾਮੀ ਗੁਰੂ ਜੀ ਬਚਨ ਕੀਤਾ ਜੱਟੀਏ ਜਿਨ੍ਹਾਂ ਨੂੰ ਇਨ੍ਹਾਂ ਹੱਥਾਂ ਦੀਆਂ ਲੱਗ ਗਈਆਂ ਹਨ ਓਨ੍ਹਾਂ ਦਾ ਜਨਮ ਮਰਨ ਕੱਟਿਆ ਗਿਆ ਹੈ। ਫੇਰ ਮਾਈ ਕੋ ਫੁਰਨਾ ਹੋਇਆ ਕਦੀ ਮੇਰੇ ਕੋ ਓਨ੍ਹਾਂ ਹੱਥਾਂ ਦੀਆਂ

ਲੱਗਣ ਜਿਨ੍ਹਾਂ ਨਾਲ ਜਨਮ ਮਰਨ ਕੱਟਿਆ ਜਾਂਦਾ ਹੈ।

ਇਕ ਸਿੰਘ ਨੇ ਅਰਜ਼ ਕੀਤੀ ਜੀ ਮੇਰੇ ਮੈ ਗੁੱਸਾ ਬਹੁਤ ਹੈ ਹਟ ਜਾਵੇ। ਬਚਨ ਕੀਤਾ ਏਥੇ ਹੀ ਰਹਿਣ ਦੇਵੋ। ਏਕ ਤੂਤ ਰਸਤੇ ਮੈ ਆਇਆ। ਬਚਨ ਕੀਤਾ ਜਿਸਨੇ ਤੂਤੀਆਂ ਛਕਣੀਆਂ ਹਨ ਸੋ ਏਸ ਤੂਤ ਦੀਆਂ ਛਕੋ। ਸਿੰਘਾਂ ਨੇ ਛਕੀਆਂ। ਕਈ ਤਰ੍ਹਾਂ ਕੇ ਰਸ ਆਵਣ ਲੱਗੇ। ਏਕ ਖੂਹੀ ਆਈ। ਬਚਨ ਕੀਤਾ ਜਲ ਛਕ ਲਵੋ।ਆਪ ਜਲ ਕੱਢਕੇ ਛਕਾਵਣ ਲਗੇ। ਪੈਹਲੇ ਜਲ ਸੁੱਧ ਸਿੰਘ ਕੋ ਪਲਾਵਨ ਲਗੇ। ਕਦੀ ਥੋੜਾ ਪਾਵਣ ਕਦੀ ਗੜਵਾ ਹੀ ਮੂਧਾ ਕਰ ਦੇਣ। ਬਚਨ ਕੀਤਾ ਬਹੁਤਾ ਜਲ ਨਾ ਪੀ, ਥੋੜਾ ਪੀ।

ਅੱਗੇ ਤੁਰੇ। ਇਕ ਆਦਮੀ ਹੁੱਕਾ ਪੀਂਦਾ ਆਇਆ। ਸੁੱਧ ਸਿੰਘ ਨੇ ਉਸਨੂੰ ਕਹਾ ਕਿ ਤੂੰ ਲਾਂਭੇ ਹੋ ਜਾ, ਨਾ ਮੰਨਿਆ। ਸ੍ਰੀ ਸਤਿਗੁਰੂ ਜੀ ਮਾਰਕੇ ਕਾਮੜਾ ਹੁੱਕਾ ਭੰਨ ਦਿੱਤਾ। ਬਚਨ ਕੀਤਾ ਤੇਰੀ ਈ ਮਰਜ਼ੀ ਚਲੇਗੀ ? ਮੈਂ ਐਵੇਂ ਹੀ ਹੋਇਆ? ਹੁੱਕਾ ਨਹੀਂ ਛੱਡਣਾ ਹੈ ਸਾਰੀ ਪ੍ਰਿਥਵੀ ਪਰ।

ਅੱਗੇ ਏਕ ਜਨਾਨੀ ਮਿਲੀ। ਉਸਨੇ ਵੰਗਾਂ ਪੈਹਰੀਆਂ ਹੋਈਆਂ ਸੀਆਂ। ਫੁਰਤੀ ਸੇ ਕਾਮੜਾ ਮਾਰਕੇ ਵੰਗਾਂ ਭੰਨ ਦਿੱਤੀਆਂ ਇਕ ਦੱਮ। ਜਨਾਨੀ ਕੈਹਣੇ ਲਗੀ ਵੰਗਾਂ ਫੋੜ ਗਿਆ ਹੈ ਓਹ ਜੋ ਲੰਬਾ ਸਾ ਆਦਮੀ ਹੈ। ਅੱਗੇ ਤੁਰੇ ਤਾਂ ਏਕ ਸਾਧ ਰੋਡੇ ਸਿਰ ਵਾਲਾ ਆਉਂਦਾ ਸੀ। ਗੁਰੂ ਜੀ ਸਲੋਤਰ ਮਾਰਿਆ ਸਿਰ ਵਿੱਚ। ਲਹੂ ਨਿਕਲ ਆਇਆ। ਬਚਨ ਕੀਤਾ ਕਦੋਂ ਦਾ ਫਿਰਦਾ ਸੀ। ਏਕ ਰੁਪਈਆ ਘਿਓ ਕਾ ਦੇ ਦੀਆ।

ਅੱਗੇ ਏਕ ਕੁਸ਼ਟੀ ਮਿਲਿਆ। ਬਚਨ ਕੀਤਾ ਤੇਰਾ ਰੋਗ ਹਟ ਜਾਏਗਾ। ਅੱਗੇ ਪੜਾਓ ਕੀਤਾ। ਕਾਹਨ ਸਿੰਘ ਕੋ ਤਾਪ ਚੜ੍ਹ ਗਿਆ। ਅਰਜ਼ ਕੀਤੀ ਜੀ ਤਾਪ ਹੋ ਗਿਆ ਹੈ। ਬਚਨ ਕੀਤਾ ਜਲ ਪਾਓ ਸਿਰ ਵਿਚ। ਲੱਗੇ ਜਲ ਪੌਣ। ਘੜਿਆਂ ਕੇ ਘੜੇ ਪਾਏ। ਥਰ ਥਰ ਕੰਬਣ ਲੱਗਾ। ਕਹੇ ਜੀ ਮੈਨੂੰ ਨਹੀਂ ਹੈ ਤਾਪ।

ਗੁਰੂ ਜੀ ਇਕ ਬੂਟੀ ਪੁੱਟ ਕੇ ਬਚਨ ਕੀਤਾ ਇਹ ਪਾਪ ਕੀ ਜੜ੍ਹ ਪੱਟੀ ਹੈ। ਸਿੰਘਾਂ ਸੇ ਬੀ ਪੁਟਵਾਈਆਂ। ਜੇ ਜੜ੍ਹ ਸਾਰੀ ਨਿਕਲੇ ਤਾਂ ਬਚਨ ਕਰਨਾ ਏਹ ਚੰਗੀ ਹੈ। ਉੱਥੇ ਬਹੁਤ ਬੂਟੀਆਂ ਖੜੀਆਂ ਸੀ।

## ਟੱਪਾ ਕਿ ਭਜਨ

ਏਕ ਸਿੱਖਣੀ ਨੇ ਭਜਨ ਲਿਆ ਸੀ। ਉਹ ਕੈਹਣੇ ਲਗੀ ਜੀ ਮੈਨੂੰ ਟੱਪਾ ਭੁੱਲ ਗਿਆ ਹੈ। ਗੁਰੂ ਜੀ ਗੜਵਾ ਮਾਰਿਆ ਤੇ ਬਚਨ ਕੀਤਾ ਭਜਨ ਨੂੰ ਟੱਪਾ ਦਸਦੀ ਹੈਂ ?

ਜਦੋਂ ਗੜਵੇ ਲੱਗੇ ਤਾਂ ਕੈਹਣ ਲੱਗੀ ਬਸ ਭਾਈ ਮੈਨੂੰ ਟੱਪਾ ਆ ਗਿਆ ਹੈ। ਨਾਲ ਪੁੱਤਰ ਸੀ ਉਸ ਦਾ। ਉਸਨੇ ਕਹਾ ਜੀ ਜਾਣ ਦੇਣੋ। ਏਕ ਗੜਵਾ ਉਸਕੇ ਬੀ ਮਾਰਿਆ।

ਸਾਹਿਬ ਸਿੰਘ ਨੇ ਅਰਜ਼ ਕੀਤੀ ਜੀ ਬਖਸ਼ਿਓ ਜੀ। ਗੁਰੂ ਜੀ ਬਚਨ ਕੀਤਾ ਤੇਰਾ ਪਿਓ ਮਾਰਿਆ ਸੀ। ਅੰਗਦ ਤੇਰਾ ਨਾਮ ਸੀ। ਤਦੋਂ ਤੁਸਾਂ ਵਰ ਮੰਗਿਆ ਸੀ ਕਿ ਜੁਗੋ ਜੁਗ ਨਾਲ

ਰੱਖੀਂ। ਸੋ ਤੁਸੀਂ ਨਾਲ ਆਏ ਹੋ। ਨਾਲੇ ਬਾਨਰਾਂ ਕੀ ਭੀ ਮੰਗ ਏਹੋ ਸੀ। ਸੋ ਤੁਹਾਨੂੰ ਨਾਲ ਰੱਖਿਆ ਹੈ। ਕੋਲੋਂ ਬਾਬੇ ਜਵਾਹਰ ਸਿੰਘ ਨੇ ਬੀ ਅਰਜ਼ ਕੀਤੀ ਬਖਸ਼ੀਏ ਜੀ।

## ਗੰਗਾ (ਹਰਿਦੁਆਰ) ਪਹੁੰਚੇ

ਜਾਂ ਗੰਗਾ ਪਰ ਗਏ ਤਾਂ ਬਚਨ ਕੀਤਾ ਜਿੱਥੇ ਨਿਰਮਲਿਆਂ ਦਾ ਰਾਹ ਹੈ ਉਥੇ ਉੱਤਰੋ। ਚੜ੍ਹਦੀ ਦਿਸ਼ਾ ਕੋ ਜਾਇ ਉੱਤਰੇ ਭੀਮ ਗੋਡੇ ਕੋਲ। ਨਿਰਮਲਿਆਂ ਕੇ ਔਣੇ ਜਾਣੇ ਕੀ ਸੜਕ ਸੀ। ਲੰਗਰ ਹੋਣੇ ਲਗਾ। ਦੌਲੀ[1] ਭਾਂਡੇ ਮਾਂਜਣ ਲੱਗੀ। ਗੁਰੂ ਜੀ ਬਚਨ ਕੀਤਾ ਏਸ ਨੂੰ ਬਰਤਨ ਨਹੀਂ ਮਾਂਜਣ ਦੇਣਾ ਹੈ। ਪਿਛਲੇ ਪਹਿਰ ਦਾ ਦੀਵਾਨ ਲੱਗਾ ਜਾਂ ਭੋਗ ਪਿਆ ਤਾਂ ਬਚਨ ਕੀਤਾ ਲਿਆਓ ਰਾਗੀਆਂ ਨੂੰ ਰੁਪਏ ਦੇਈਏ। ਏਕ ਮੁੱਠੀ ਭਰਕੇ ਰੁਪਈਆਂ ਦੀ ਦਿੱਤੀ। ਏਤਨੇ ਮੇਂ ਰੋਡਿਆਂ ਸਿਰਾਂ ਵਾਲੇ ਆਇ ਗਏ। ਗੁਰੂ ਜੀ ਆਦਰ ਨਾਲ ਬਿਠਾਏ। ਚਰਨ ਧੋਤੇ, ਹੁਕਮ ਦਿੱਤਾ ਏਨ੍ਹਾਂ ਨੂੰ ਪਕਵਾਨ ਛਕਾਵੋ, ਹਲਵਾਈ ਨਾਲ ਮਗਰੋਂ ਹਿਸਾਬ ਕਰਾਂਗੇ। ਪ੍ਰਸ਼ਾਦ ਪਕਵਾਨ ਛਕਾਇਆ। ਸਿੰਘਾਂ ਨੇ ਪੁੱਛਿਆ ਜੀ ਏਹ ਕੌਣ ਸੇ? ਬਚਨ ਕੀਤਾ ਏਹ ਸਾਧਾਂ ਕੀ ਮੰਡਲੀ ਹੈ। ਜਿਤਨਾਂ ਚਿਰ ਰਹੇ, ਅੱਠੀ ਪੈਹਰੀਂ ਛਕ ਜਾਂਦੇ ਰਹੇ।

## ਗੰਗਾ ਦੇ ਦਰਸ਼ਨ

ਬਚਨ ਕੀਤਾ ਤੁਹਾਨੂੰ ਗੰਗਾ ਦਿਖਾਈਏ? ਤੀਨ ਸਿੰਘਾਂ ਨੂੰ ਨਾਲ ਲੈ ਕੇ ਅੱਗੇ ਗਏ। ਅੱਗੇ ਏਕ ਝੁੱਗੀ ਸੀ। ਉਸ ਮੈਂ ਏਕ ਬੁੱਢੀ ਚੱਕੀ ਪੀਂਹਦੀ ਸੀ। ਅੱਗੇ ਹੋਇਕੇ ਸ੍ਰੀ ਸਤਿਗੁਰੂ ਜੀ ਇਕ ਰੁਪਈਆ ਜਾਇ ਦਿੱਤਾ। ਬਚਨ ਕੀਤਾ ਇਹ ਗੰਗਾ ਹੈ। ਸਿੰਘਾਂ ਨੇ ਬੀ ਦਿੱਤਾ ਜੋ ਕੁਝ ਸਰਿਆ।

## ਮਾਈ ਸੁੱਖਾਂ

ਏਕ ਮਾਈ ਸੁੱਖਾਂ ਲੋਹਟਬੱਦੀ[2] ਕੀ ਥੀ। ਨਿਰਮਲਿਆਂ ਕੀ ਸੇਵਾ ਕਰਦੀ ਸੀ ਪਰ ਸ਼ਾਂਤ ਨਾ ਆਵੇ। ਮੰਗੇ ਕੇ ਗੁਰੂ ਜੀ ਮੇਰੇ ਦਿਲ ਕੀ ਵਾਸ਼ਨਾ ਪੁਰੀ ਕਰੋ। ਸ੍ਰੀ ਸਤਿਗੁਰੂ ਜੀ ਕੀ ਮੂਰਤੀ ਕਾ ਦਰਸ਼ਨ ਹੋਇਆ ਰਾਤ ਨੂੰ, ਨਾਲੇ ਭਜਨ ਦੇ ਦਿੱਤਾ। ਸਮਝਿਆ ਏਹ ਤਾਂ ਪੂਰਨ ਗੁਰੂ ਹੈ। ਉਹ ਬੀ ਗੰਗਾ ਪਰ ਜਾਇ ਰਹੀ। ਗੁਰੂ ਜੀ ਕੀ ਮੂਰਤੀ ਦੇਖਦਿਆਂ ਸਾਰ ਪ੍ਰਤੀਤ ਹੋਈ ਕਿ ਏਹੀ ਗੁਰੂ ਹੈ ਜਿਸਨੇ ਮੈਨੂੰ ਸੁਪਨੇ ਵਿੱਚ ਦਰਸ਼ਨ ਦਿੱਤਾ ਸੀ। ਚਰਨਾਂ ਉੱਤੇ ਡਿਗ ਪਈ। ਕਹੇ ਕਿ ਮੈਨੂੰ ਏਸ ਮੂਰਤੀ ਕਾ ਦੀਦਾਰ ਹੋਇਆ ਸੀ। ਏਹ ਪੂਰਨ ਗੁਰੂ ਹੈ ਅੰਤਰਯਾਮੀ। ਦਰਸ਼ਨ ਕਰਕੇ ਸ਼ਾਂਤ ਆਇ ਜਾਂਦੀ ਹੈ। ਧੰਨ ਗੁਰੂ ਹੈ। ਚਰਨਾਂ ਪਰ ਸੀਸ ਰੱਖਿਆ। ਸ੍ਰੀ ਸਤਿਗੁਰੂ ਜੀ ਆਪ ਸੀਸ ਉਠਾਇਆ। ਭਜਨ ਦੇ ਕੇ ਨਿਹਾਲ ਕੀਤਾ।

ਅੱਗੇ ਚਲੇ ਆਏ। ਔਂਦਿਆਂ ਬਚਨ ਕੀਤਾ ਲਿਆਵੋ ਸਾਮਗਰੀ ਹਵਨ ਕਰੀਏ। ਸਿੰਘਾਂ

---

1 ਮਾਈ ਦੌਲੀ ਪਿੰਡ ਕਿਆਮਪੁਰ ਦੀ, ਬਾਬਾ ਜਮੀਤ ਸਿੰਘ ਗਿੱਲਾਂ ਵਾਲਿਆਂ ਕੋਲ ਰਹਿੰਦੀ ਸੀ।

2 ਜ਼ਿਲ੍ਹਾ ਸੰਗਰੂਰ।

ਨੇ ਹਾਜ਼ਰ ਕੀਤੀ। ਲੱਗੇ ਹਵਨ ਕਰਨ। ਲੁਧਿਆਣੇ ਕਾ ਇਕ ਕਾਰੀਗਰ ਹਰ ਵਕਤ ਨਾਲ ਰਹਿੰਦਾ ਸੀ ਨੰਗੇ ਪੈਰੀਂ, ਭਾਵੇਂ ਕੰਡੇ ਹੋਣ ਭਾਵੇਂ ਕੁਛ ਹੋਵੇ। ਜਿੱਧਰ ਜਾਣ ਨਾਲ ਹੀ ਜਾਵੇ। ਸਤਿਗੁਰੂ ਜੀ ਤੁਰਨਾ ਤੇ ਉਸਨੇ ਵੀ ਨਾਲ ਹੀ ਤੁਰਨਾ, ਜੇ ਬੈਠਣ ਤਾਂ ਨਾਲ ਹੀ ਬੈਠਣਾ। ਹਮੇਸ਼ਾ ਕੋਲ ਹੀ ਰਹਿਣਾ। ਮਾਲੂਮ ਹੋਏ ਜੋ ਪਿਛਲੇ ਜਨਮ ਕਾ ਨਿਕਟਵਰਤੀ ਹੈ।

## ਹਜ਼ਰੋਂ ਦੀ ਸੰਗਤ ਨੂੰ ਲੰਗਰ

ਅੰਮ੍ਰਿਤ ਵੇਲਾ ਹੋ ਗਿਆ ਤਾਂ ਸ੍ਰੀ ਸਤਿਗੁਰੂ ਜੀ ਬਚਨ ਕੀਤਾ ਹਜ਼ਰੋਂ ਵਾਲੀ ਸੰਗਤ ਕੋ ਪ੍ਰਸ਼ਾਦ ਛਕਾਈਏ। ਜੂਠੇ ਬਰਤਨ ਮੈਂ ਮਾਂਜਾਂਗਾ। ਸਾਰੇ ਬਰਤਨ ਆਪ ਮਾਂਜੇ। ਸਤਿਗੁਰੂ ਜੀ ਸਿੱਖੀ ਕਾ ਬੱਡਾ ਅਦੱਬ ਰੱਖਿਆ। ਗੁਰੂ ਬਾਲਕ ਸਿੰਘ ਜੀ ਕੇ ਮੁਖ਼ਾਰਬਿੰਦ ਕੇ ਬਚਨ ਸੁਣੇ। ਖੁਸ਼ੀ ਕੀ ਖ਼ਬਰ ਸੁਣਕੇ ਸਭ ਹਰੇ ਹੋਏ ਗਏ। ਉਨ੍ਹਾਂ ਕੀ ਸੇਵਾ ਟਹਲ ਬੜੇ ਪ੍ਰੇਮ ਨਾਲ ਕੀਤੀ। ਗੁਰੂ ਜੀ ਬਚਨ ਕੀਤਾ ਲਿਆਓ ਹੱਥ ਮੈਂ ਧੁਆਂਦਾ ਹਾਂ। ਗੜਵਾ ਭਰ ਕੇ ਹੱਥ ਧੁਆਏ ਸਭਨਾਂ ਕੇ ਪ੍ਰੇਮ ਨਾਲ।

## ਗੰਨੇ ਵਰਤਾਏ

ਗੁਰੂ ਜੀ ਗੰਨੇ ਮੰਗਵਾਇਕੇ ਢੇਰ ਲਾਇ ਲੀਆ। ਆਏ ਨੂੰ ਗੰਨਾ ਦੇਣਾ। ਜੇੜ੍ਹਾ ਨਾ ਲਵੇ ਉਸਦੇ ਓਹੀ ਗੰਨਾ ਮਾਰਕੇ ਤੋੜ ਦੇਣਾ। ਲੋਕ ਡਰਦੇ ਨੱਸ ਜਾਂਦੇ ਹਨ। ਜੈਸੇ ਕੇਹਰ ਤੇ ਮਿਰਗ ਕੋ ਭੈ ਹੁੰਦਾ ਹੈ ਤੈਸੇ ਪਾਪੀਆਂ ਜੀਆਂ ਕੋ ਭੈ ਆਉਂਦਾ ਹੈ। ਜੇੜ੍ਹਾ ਨਿਰਮਲਾ ਗੰਨਾ ਨਾ ਲਵੇ ਉਸਦੇ ਓਹੀ ਗੰਨਾ ਮਾਰਕੇ ਛੱਡ ਦੇਣਾ। ਨਿਰਮਲਿਆਂ ਨੇ ਫ਼ਰਿਆਦ ਕੀਤੀ ਏਕ ਸਿੰਘ ਕਮਲਾ ਹੈ। ਸਾਨੂੰ ਮਾਰਦਾ ਹੈ ਰਸਤੇ ਜਾਂਦਿਆਂ ਨੂੰ। ਏਕ ਫ਼ਰੰਗੀ ਹਾਥੀ ਪਰ ਚੜ੍ਹਕੇ ਆਇਆ। ਸ੍ਰੀ ਸਤਿਗੁਰੂ ਜੀ ਗੰਨੇ ਫ਼ਰੰਗੀ ਕੋ ਫੜਾਏ। ਜੇੜਾ ਅਰਜ਼ੀ ਵਾਲਾ ਕਾਗਜ਼ ਸੀ ਸੋ ਉਸਨੇ ਪਾੜ ਦਿੱਤਾ। ਕਹੇ ਏਹ ਤਾ ਸੰਤ ਹੈਨ, ਗੰਨੇ ਬਰਤਾਉਂਦੇ ਹੈਨ, ਪੁੰਨ ਕਰਦੇ ਹੈਨ।

## ਅਵਧੂਤ ਰੂਪ

ਮਤਾਬ ਸਿੰਘ ਉਬੋਕਿਆਂ[1] ਵਾਲੇ ਕੋ ਨਾਲ ਲਜਾਇਕੇ ਇਕ ਜਗ੍ਹਾ ਦਿਖਾਈ। ਜਾਂ ਪੁੱਟੀ ਤਾਂ ਚਿੱਟੀ ਬਿਭੂਤ ਨਿਕਲੀ। ਗੁਰੂ ਜੀ ਸਰੀਰ ਪਰ ਮਲ ਲਈ। ਦੁੱਧ ਵਾਂਗੂੰ ਸਰੀਰ ਚਿੱਟਾ ਹੋਇ ਗਿਆ। ਨਾਂਗਿਆਂ ਵਾਂਗੂ ਭੈ ਆਵੇ। ਹੱਸਕੇ ਬਚਨ ਕੀਤਾ ਨਾਂਗੇ ਭੇਖ ਤਾਂ ਚੰਗਾ ਸੀ ਪਰ ਭੁਲ ਗਏ, ਸਵਾਲੀ ਹੋ ਗਏ। ਨਾਂਗਿਆਂ ਵਾਲੇ ਕਰਮ ਸਭ ਤਿਆਗ ਦਿੱਤੇ ਹੈਂ। ਕੁਕਰਮਾਂ ਮੈ ਲੱਗ ਗਏ ਹੈਂ। ਬਚਨ ਹੋਇਆ ਮੈਂ ਏਥੇ ਬੜਾ ਤੱਪ ਕੀਤਾ ਸੀ ਬਿਭੂਤ ਮਲਕੇ ਉਦੋਂ ਦੀ ਸਾਡੀ ਧੂਣੀ ਦੀ ਬਿਭੂਤ ਦੱਬੀ ਹੋਈ, ਅਮਾਨਤ ਰੱਖੀ ਹੋਈ ਧਰਤੀ ਕੋਲੋਂ, ਅੱਜ ਅਸਾਂ ਕੱਢੀ ਹੈ। ਅਵਧੂਤ ਰੂਪ ਸੋਭਾ ਪਾਇ ਰਿਹਾ ਹੈ। ਫੇਰ ਗੰਗਾ ਮੈ ਜਾਇ ਧੋਤੀ।

---

1 ਪਿਤਾ ਸ੍ਰ. ਤੇਗ ਸਿੰਘ ਨੰਬਰਦਾਰ, ਪਿੰਡ ਉਬੋਕੇ ਜ਼ਿਲ੍ਹਾ ਅੰਮ੍ਰਿਤਸਰ।

## ਮਾਰ ਕੁੱਟ

ਰਾਤ ਕੋ ਚੈਨ ਸਿੰਘ ਸੱਦ ਮੰਗਵਾਇਆ। ਚੈਨ ਸਿੰਘ ਕੋ ਤਾ ਆਪ ਕੁੱਟਿਆ, ਸੋਭਾ ਸਿੰਘ[1] ਤਾਏ ਥੀਂ ਕੁਟਵਾਇਆ। ਬਚਨ ਕੀਤਾ ਮਾੜੇ ਕਰਮ ਤਾਂ ਆਪ ਕਰਦੇ ਹੈਨ ਤੇ ਭੈ ਮੈਨੂੰ ਲੱਗਦਾ ਹੈ। ਆਪਣੇ ਕਰਮ ਆਪ ਜ਼ਾਹਰ ਕਰੋ ਨਹੀਂ ਤਾਂ ਮੈਂ ਜ਼ਾਹਰ ਕਰੂੰਗਾ। ਸੋਭਾ ਸਿੰਘ ਦਾ ਦਿਲ ਡਰਿਆ। ਅੰਤਰਯਾਮੀ ਜੀ ਬਚਨ ਕੀਤਾ ਤੇਰਾ ਕੰਮ ਭੁਗਤ ਗਿਆ ਹੈ, ਤੂੰ ਨਾ ਡਰ। ਧੁਆਡਾ ਡਰ ਦੂਰ ਕੀਤਾ ਹੈ।

ਸਿੰਘਾਂ ਨੂੰ ਹੁਕਮ ਦਿੱਤਾ ਬਾਬੇ[2] ਉੱਤੇ ਗੜਵੇ ਪਾਣੀ ਦੇ ਪਾਓ। ਜਾਂ ਚਾਰ ਗੜਵੇ ਪਾਣੀ ਦੇ ਪਾਏ ਤਾਂ ਬਾਬੇ ਜੀ ਕਹਾ ਮੈਨੂੰ ਮਾਰ ਦੇਣਾ ਹੈ, ਬਸ ਕਰੋ। ਗੁਰੂ ਜੀ ਬਚਨ ਕੀਤਾ ਜੇਕਰ ਸਤ ਗੜਵੇ ਪਵਾ ਲੈਂਦਾ ਤਾਂ ਤੇਰਾ ਦਲਿਦ੍ਰ ਦੂਰ ਹੋ ਜਾਂਦਾ। ਬਚਨ ਕੀਤਾ ਛੋਟੇ ਭਾਈ ਕੋ, ਭਾਈ ਗੱਡੇ ਉੱਥੇ ਧਰ ਕੇ ਫੂਕ ਦੇਈਏ ਬਾਬੇ ਕੋ, ਫੇਰ ਗੰਗਾ ਆਉਂਦੇ ਫਿਰਾਂਗੇ। ਹੱਸ ਕੇ ਲਾਲ ਹੋਇ ਗਏ।

ਦਾਲ ਕਾ ਬਾਟਾ ਭਰਕੇ ਤਰੋ ਤਰੀ ਮਿਰਚਾਂ ਪਾਕੇ ਬਾਬੇ ਜਵਾਹਰ ਸਿੰਘ ਕੋ ਬਚਨ ਕੀਤਾ ਛਕੋ। ਬਾਬੇ ਕਹਾ ਜੀ ਪੈਹਲੇ ਮੈਨੂੰ ਮਾਰ ਕੁੱਟ ਲਵੋ। ਮੇਰੇ ਤੇ ਛਕਿਆ ਨਹੀਂ ਜਾਣਾ ਫੇਰ ਬੀ ਮਾਰੋਗੇ। ਸੋ ਤੁਸੀਂ ਪੈਹਲੇ ਹੀ ਮਾਰ ਲਵੋ। ਬਚਨ ਕੀਤਾ ਠੀਕ ਬਾਬਾ ਕਰਨੀ ਏਮੇਂ ਸੀ। ਤੈਂ ਸਮਝ ਲਈ ਹੈ, ਤੈਨੂੰ ਨਹੀਂ ਮਾਰਦੇ। ਜੇੜ੍ਹੇ ਮਾਰੇ ਕੁੱਟੇ ਹੋਏ ਸਨ ਉਨ੍ਹਾਂ ਨੂੰ ਬਹੁਤ ਖੌਫ਼ ਹੋਇਆ ਕਿ ਸਾਨੂੰ ਹੋਰ ਨਾ ਮਾਰਨ।

## ਗੇਲੀ ਚੁੱਕਣੀ

ਏਕ ਲੱਠਾ ਦਯਾਰ[3] ਕਾ ਪੜਾ ਸੀ। ਚੁੱਕਕੇ ਉਸ ਕੋ ਧੂਣੀ ਮੇਂ ਲਾਵਣ ਲੱਗੇ। ਇਕ ਪਾਸਿਓਂ ਆਪ ਚੁੱਕਿਆ ਇਕ ਪਾਸੇ ਸਿੰਘ ਚੁੱਕਣ ਲੱਗੇ। ਗੁਰੂ ਜੀ ਆਪਣਾ ਪਾਸਾ ਉਠਾਇ ਲਿਆ। ਸਿੰਘਾਂ ਦਾ ਪਾਸਾ ਨਾ ਉਠਿਆ। ਗੁਰੂ ਜੀ ਬਚਨ ਕੀਤਾ ਬੁੱਧ ਸਿੰਘ ਆਓ ਭਾਈ ਮੈਂ ਤੇ ਤੂੰ ਚੁੱਕੀਏ ਏਨ੍ਹਾਂ ਥੀਂ ਨਹੀਂ ਚੁੱਕਿਆ ਜਾਂਦਾ। ਜੋ ਮੈਂ ਔਰ ਤੈਂ ਕਾਰ ਕਰਨੀ ਹੈ ਸੋ ਏਨਾਂ ਥੀਂ ਨਹੀਂ ਹੋਣੀ। ਦੋਹਾਂ ਭਾਈਆਂ ਲੱਠਾ ਚੁੱਕ ਕੇ ਧੂਣੀ ਪਰ ਧਰ ਕੇ ਅੱਗ ਲਗਾਇ ਦਿੱਤੀ। ਪੈਹਰੇ ਵਾਲਾ ਸੰਤਰੀ ਆਇਕੇ ਕੈਹਣੇ ਲਗਾ ਜੀ ਮੇਰਾ ਤਾ ਰਿਜ਼ਕ ਮਾਰਿਆ ਜਾਏਗਾ। ਉਸ ਕੋ ਦੋ ਰੁਪਏ ਦੇ ਦਿੱਤੇ ਤੇ ਲੱਠਾ ਚੁੱਕ ਕੇ ਗੰਗਾ ਮੈ ਸਿੱਟਿਆ। ਅੱਗ ਬੁਝਾਈ। ਬਚਨ ਕੀਤਾ ਸਿੰਘਾਂ ਕੋ ਟਹਿਲ ਸੇਵਾ ਕਰਿਆ ਕਰੋ।

ਰਾਤ ਕੋ ਪਖਲੀਆਂ[4] ਕੀ ਪਾਲ ਕਰਕੇ ਬਿਰਾਜੇ। ਉੱਤੇ ਕੰਬਲੀ ਪਾਈ ਹੋਈ ਸੀ। ਬਚਨ ਕੀਤਾ ਬਾਬੇ ਜੱਸਾ ਸਿੰਘ ਨੂੰ ਤੈਨੂੰ ਪਿਛਲੇ ਜਨਮ ਕੀ ਖ਼ਬਰ ਹੈ? ਬਾਬੇ ਜੀ ਕਹਾ ਨਹੀਂ। ਬਚਨ ਕੀਤਾ ਪਿਛਲੇ ਜਨਮ ਭੀ ਸਾਡੇ ਨਾਲ ਹੀ ਥਾ।

---

1 ਪਿਤਾ ਸ੍ਰ. ਗੁਲਾਬ ਸਿੰਘ, ਪਿੰਡ ਛੱਜਾਵਾਲ ਜ਼ਿਲ੍ਹਾ ਲੁਧਿਆਣਾ, ਚੰਦੋ ਦਾ ਪਤੀ।

2 ਪਿਤਾ ਜੱਸਾ ਸਿੰਘ ਜੀ।

3 ਇਕ ਪਹਾੜੀ ਰੁੱਖ (ਦਿਉਦਾਰ)

4 ਹਵਾ ਨੂੰ ਰੋਕਣ ਲਈ ਕੀਤਾ ਪੜਦਾ।

## ਰਾਮਰਾਇ ਦੇ ਡੇਰੇ ਦਾ ਮਹੰਤ

ਰਾਮਰਾਇ ਕੇ ਡੇਰੇ ਕਾ ਇਕ ਮਹੰਤ ਆਇਆ ਹੋਇਆ ਸੀ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਚਲੋ ਰਾਮਰਾਇ ਦੇ ਡੇਰੇ ਕੇ ਮਹੰਤ ਦਾ ਦਰਸ਼ਨ ਕਰਵਾਇ ਲਿਆਵੀਏ। ਯੱਕੇ ਪਰ ਚੜ੍ਹਕੇ ਗਏ। ਇਕ ਰੁਪਈਆ ਪਤਾਸਿਆਂ ਮੇਂ ਧਰ ਦੀਆ। ਗੁਰੂ ਜੀ ਪੁੱਛਿਆ ਤੂੰ ਡੇਰੇ ਦਾ ਮਹੰਤ ਹੈਂ? ਸਲਵਾਰ ਪਾਈ ਹੋਈ ਸੀ। ਗੁਰੂ ਜੀ ਸਲਵਾਰ ਨੂੰ ਹੱਥ ਲਾਇਕੇ ਬਚਨ ਕੀਤਾ ਤੂੰ ਤਾਂ ਕੰਜਰਾਂ ਦਾ ਬਾਣਾ ਪੈਹਰੀ ਬੈਠਾ ਹੈਂ। ਤੇਰੇ ਸਿੱਖ ਕੇਹੜਾ ਬਾਣਾ ਪੈਹਨਣਗੇ? ਕੰਜਰਾਂ ਥੀਂ ਹੋਰ ਬਾਣਾ ਪਰ੍ਹੇ ਨਹੀਂ ਹੈ। ਪਟੀਆਂ ਢਾਲੀਆਂ ਹੋਈਆਂ, ਕੇਸ ਗਲ਼ ਵਿੱਚ ਖੁਲੇ ਜ਼ੁਲਫਾਂ ਵਾਂਗੂ ਤੇ ਬਿੰਦੀਆਂ ਲਾਈਆਂ ਹੋਈਆਂ ਸਨ। ਗੁਰੂ ਜੀ ਬਚਨ ਕੀਤਾ ਰਾਮ ਰਾਮ ਜਪਿਆ ਕਰ। ਉਸ ਮਹੰਤ ਨੇ ਕਹਾ ਕਿ ਤੂੰ ਮੇਰੇ ਕੋ ਸਿਖਿਆ ਦੇਣ ਆਇਆ ਹੈਂ ਕਿ ਲੈਣ ਆਇਆ ਹੈਂ? ਗੁਰੂ ਜੀ ਬਚਨ ਕੀਤਾ ਤੈਥੋਂ ਕੀ ਸਿੱਖਿਆ ਲੈਣੀ ਹੈ? ਫੇਰ ਉਸਦੀ ਸਲਵਾਰ ਨੂੰ ਹੱਥ ਲਾਇ ਬਚਨ ਕੀਤਾ ਖੂਬ ਕੰਜਰਾਂ ਕਾ ਬਾਣਾ ਹੈ। ਮਹੰਤ ਨੇ ਗੁੱਸੇ ਹੋਕੇ ਕਹਾ ਕਿ ਉਠਾਇਲੈ ਆਪ ਦੀ ਪੂਜਾ, ਨਹੀਂ ਬ੍ਰਤਾਮਦੇ ਹੈਂ। ਗੁਰੂ ਜੀ ਝੱਟ ਦੇ ਕੇ ਪਤਾਸੇ ਉਠਾਇ ਲਏ। ਇਕ ਵੱਟਾ ਮਾਰਿਆ। ਮਹੰਤ ਤੰਬੂ ਮੇਂ ਜਾਇ ਵੜਿਆ। ਗੁਰੂ ਜੀ ਡੇਰੇ ਆਇ।

### ਆਗਤ-ਭਾਗਤ

ਆਗੇ ਨਿਰਮਲੇ ਆਏ ਹੋਏ ਸੇ ਕਿ ਗਿਆਨ ਚਰਚਾ ਕਰਾਂਗੇ। ਗੁਰੂ ਜੀ ਬਚਨ ਕੀਤਾ ਸਿੱਖਾਂ ਨੂੰ, ਧੁਆਨੂੰ ਆਗਤ ਭਾਗਤ ਕਰਨੀ ਨਹੀਂ ਆਉਂਦੀ ਹੈ। ਕੰਬਲੀ ਵਿਛਾਇ ਦਿੱਤੀ, ਆਦਰ ਭਾਉ ਕਰਕੇ ਬਿਠਾਏ। ਗੁਰੂ ਜੀ ਬੋਲੇ ਸੁੱਧਿਆ ਲਿਆਓ ਮੇਰਾ ਕਾਮੜਾ। ਸੁੱਧ ਸਿੰਘ ਨੇ ਲਿਆਇ ਫੜਾਇਆ। ਫੜਕੇ ਕਾਮੜਾ ਐਸੀ ਫੁਰੇਤੀ ਕੀਤੀ ਅੱਠਾਂ ਕੋ ਏਕ ਏਕ ਲਗਾਈ। ਨਿਰਮਲੇ ਨੱਸ ਚੱਲੇ। ਸਤ ਤਾਂ ਇਕ ਪਾਸੇ ਨੂੰ ਨੱਸੇ ਜੁੱਤੀਆਂ ਫੜਕੇ, ਇਕ ਇਕ ਪਾਸੇ ਨੂੰ ਨੱਸਿਆ। ਜਿਸਨੂੰ ਕਾਮੜਾ ਲੱਗਾ ਨ ਸੀ ਉਸਨੂੰ ਮਾਰਨ ਗਏ। ਨਿਰਮਲਿਆਂ ਨੇ ਜੋੜੇ ਚੁੱਕੇ ਨਾਲੇ ਕੈਹਣ ਧੁਆਨੂੰ ਆਗਤ ਭਾਗਤ ਕਰਨੀ ਚੰਗੀ ਆਉਂਦੀ ਹੈ। ਸਿਘਾਂ ਕਹਿਆ ਸਾਡੇ ਵਿੱਚ ਤਾਂ ਏਹੀ ਆਗਤ ਭਾਗਤ ਕਰਨੇ ਵਾਲੇ ਹੈਨ। ਇਕ ਨਿਰਮਲਾ ਮੇਲੀ ਥਾ ਰਾਇਪੁਰੇ ਕਾ। ਜਾਣੇ ਲਗਾ ਸਤਿਗੁਰੂ ਜੀ ਵੱਲੋਂ। ਸਿੰਘਾਂ ਕਹਾ ਆਗੇ ਨਾ ਜਾਓ। ਤੇਰਾ ਕੰਮ ਨਹੀਂ ਹੈ ਆਗੇ ਜਾਣ ਦਾ। ਗੁਰੂ ਜੀ ਬੋਲਾ ਕੀਤਾ ਆਓ ਅੱਗੇ, ਤੇਰੇ ਮੂੰਹ ਮੈਂ ਦੇਂਦਾ ਹਾਂ ਢਾਂਡੀ ਦਾ ਹੱਡ[1]। ਡਰਦਾ ਮੁੜ ਗਿਆ। ਸਿੰਘਾਂ ਕਹਿਆ ਕੀ ਗਲ ਹੈ? ਤੈਨੂੰ ਜੋ ਕਹਿੰਦੇ ਸੇ ਕਿ ਅੱਗੇ ਨਾ ਜਾਓ। ਨਿਰਮਲੇ ਨੇ ਕਹਾ ਕੋਈ ਗਲ ਨਹੀਂ।

ਫੇਰ ਬਚਨ ਕੀਤਾ ਸੁੱਧਿਆ ਜੇੜ੍ਹਾ ਨਿਰਮਲਾ ਆਉਂਦਾ ਹੈ ਉਸ ਨੂੰ ਕਹੋ ਜੋ ਆਗੇ ਸੇ ਹਟ ਜਾਏ, ਮੈਂ ਮਾਰੂੰਗਾ ਨਹੀਂ। ਜਾਂ ਨਾ ਹਟਿਆ ਤਾਂ ਸੁੱਧ ਸਿੰਘ ਹੱਲਾ ਕਰਕੇ ਮਗਰ ਪਿਆ। ਨਿਰਮਲਾ ਨੱਸ ਚੱਲਿਆ। ਮਗਰੋਂ ਗੁਰੂ ਜੀ ਅਵਾਜ਼ਾਂ ਮਾਰੀਆਂ ਸੁੱਧਿਆ ਮੁੜ ਆਓ, ਨੱਸੇ ਕੇ ਮਗਰ ਨਹੀਂ ਜਾਈਦਾ।

---

1 ਡੰਗਰ ਦੀ ਹੱਡੀ ।

ਨਿਰਮਲਿਆਂ ਨੇ ਰਲ ਕੇ ਸਲਾਹ ਕਰਕੇ ਅਰਜ਼ੀ ਜਾਇ ਪਾਈ ਕੇ ਏਕ ਸਿੰਘ ਹੈ ਜੋ ਸਭ ਕੋ ਮਾਰਦਾ ਹੈ। ਸ੍ਰੀ ਸਤਿਗੁਰੂ ਜੀ ਸਿੰਘਾਂ ਨੂੰ ਬਚਨ ਕੀਤਾ ਕਿ ਤੁਸੀਂ ਹੁਣ ਨਹੀਂ ਬਚਦੇ ਹੋ। ਸੁੱਧ ਸਿੰਘ ਨੇ ਕਹਾ ਜੀ ਜਿਵੇਂ ਬਚਦੇ ਹਾਂ ਤਿਵੇਂ ਬਿਧ ਕਰੋ। ਸਾਹਿਬ ਸਿੰਘ ਕੋ ਹੁਕਮ ਦਿੱਤਾ ਜੋ ਦੋ ਨਿਰਮਲੇ ਜਾਂਦੇ ਹੈਂ ਜੇੜ੍ਹਾ ਲੰਮਾ ਉਨ੍ਹਾਂ ਵਿੱਚੋਂ ਹੈ, ਦੇ ਦੋ ਧੌਲਾਂ ਮਾਰ ਦੇਣੀਆਂ। ਸਾਹਿਬ ਸਿੰਘ ਕੋਲ ਜਾਕੇ ਦੋ ਧੌਲਾਂ ਗਿਚੀ ਵਿਚ ਮਾਰੀਆਂ। ਨਿਰਮਲੇ ਪੁੱਛਿਆ ਮੈਨੂੰ ਕਿਉਂ ਮਾਰਿਆ ਹੈ? ਕਹਾ ਕਿ ਮੈਨੂੰ ਦੋ ਕਾ ਈ ਹੁਕਮ ਸੀ ਸੋ ਮੈਂ ਮਾਰੀਆਂ ਹੈਂ। ਤੀਆ ਹੱਥ ਨਹੀਂ ਉਠਾਇਆ ਹੈ। ਕੋਲੋਂ ਦੂਏ ਨਿਰਮਲੇ ਕਹਾ ਕਿ ਚੱਲੋ ਕਿਤੇ ਹੋਰ ਹੁਕਮ ਨਾ ਚੜ੍ਹ ਜਾਏ ਦਸ ਬੀਸ ਕਾ।

## ਗੰਗਾ, ਜਮਨਾ, ਸਰਸਵਤੀ

ਸ੍ਰੀ ਸਤਿਗੁਰੂ ਜੀ ਇਸ਼ਨਾਨ ਕਰਨ ਗਏ। ਗੰਗਾ ਜਮਨਾ ਸਰਸਵਤੀ ਤਿੰਨੇ ਹੱਥ ਜੋੜ ਆਇ ਖੜੀਆਂ ਹੋਈਆਂ। ਜਲ ਥੀਂ ਛਾਤੀ ਬਾਹਰ ਹੈ। ਗੁਰੂ ਜੀ ਉਨ੍ਹਾਂ ਨੂੰ ਘੂਰਿਆ ਤਾਂ ਗੁਪਤ ਹੋ ਗਈਆਂ। ਸਿੰਘਾਂ ਪੁੱਛਿਆ ਜੀ ਏਹ ਕੌਣ ਸੀਆਂ? ਗੁਰੂ ਜੀ ਬਚਨ ਕੀਤਾ ਗੰਗਾ ਜਮਨਾ ਸੁਰਸਤੀ ਤਿੰਨੇ ਸੀਆਂ। ਕਪੜਾ ਮੰਗਵਾਇਕੇ ਕਿਸੇ ਨੂੰ ਪਰਨਾ ਕਿਸੇ ਨੂੰ ਚਾਦਰ ਦੇਣੀ ਸ਼ੁਰੂ ਕੀਤੀ। ਗੁਰੂ ਜੀ ਬਚਨ ਕੀਤਾ ਜੇੜ੍ਹਾ ਮੇਰੀ ਰੀਸ ਕਰੇਗਾ ਸੋ ਕੋੜ੍ਹੀ ਹੋਵੇਗਾ। ਤਾਏ ਨੇ ਕਹਾ ਮੈਥੋਂ ਰੀਸ ਕਰਾਉਂਦੇ ਹੋ। ਬਚਨ ਕੀਤਾ ਤੈਨੂੰ ਹੁਕਮ ਹੈ। ਨਿਹੰਗ ਸਿਘ ਕੋ ਤਾਪ ਹੋਇ ਗਿਆ। ਅਰਜ਼ ਹੋਈ ਜੀ ਮੈਨੂੰ ਤਾਪ ਹੋਇ ਗਿਆ ਹੈ। ਬਚਨ ਹੋਇਆ ਗੰਗਾ ਮੈ ਤੀਨ ਗੋਤੇ ਲਾਓ ਤਾਪ ਹੱਟ ਜਾਏਗਾ। ਗੰਗਾ ਮੇਂ ਗੋਤੇ ਲਾਏ, ਤਾਪ ਉਤਰ ਗਿਆ।

ਗੁਰੂ ਜੀ ਬਚਨ ਕੀਤਾ ਗੁਜਰਵਾਲੀਏ ਕਾ ਡੇਰਾ ਪੁੱਟ ਦਿਓ। ਚੈਨ ਸਿੰਘ ਕਾ ਸਤ ਮਣ ਕਾ ਬਿਸਤਰਾ ਸੀ ਸੋ ਸਾਰਾ ਹੀ ਚੁੱਕ ਲਿਆ ਰਾਮਰਾਇ ਕੇ ਡੇਰੇ ਗਿਆਂ। ਗੋਪਾਲ ਸਿੰਘ ਕੀ ਬਾਂਹ ਟੁੱਟੀ ਹੋਈ ਸੀ। ਤੁਰੇ ਜਾਂਦੇ ਚੈਨ ਸਿੰਘ ਦੇਖਕੇ ਗੋਪਾਲ ਸਿੰਘ ਨੂੰ ਕਹਾ ਜੇ ਗੁਰ ਸਾਂਗ ਵਰਤਦਾ ਸਿੱਖ ਸਿੱਦਕ ਨ ਹਾਰੇ। ਚੁਲ੍ਹੇ ਪਰ ਵਲਟੋਹੀ ਧਰਕੇ ਸ੍ਰੀ ਸਤਿਗੁਰੂ ਜੀ ਬਚਨ ਕੀਤਾ ਰਿਨ੍ਹਦਾ ਹਾਂ ਚੈਨੇ ਨੂੰ। ਬਚਨ ਕੀਤਾ ਗੋਪਾਲ ਸਿੰਘ ਕੋ, ਕਰਮੋ ਕੋ ਤੇ ਦਇਆ ਕੌਰ ਕੋ ਲੈ ਆਵੋ। ਹੈ ਹੈ ਕਰਦੀ ਸੀ। ਚੈਨ ਸਿੰਘ ਨੇ ਕਹਾ ਕਿ ਤੂੰ ਤਾ ਕੈਂਦੀ ਸੀ ਮੈਂ ਜੁੱਧ ਕਰੂੰਗੀ। ਪਿਓ ਦੇ ਮਾਰਿਆਂ ਹੈ ਹੈ ਕਰਦੀ ਹੈਂ।

## ਜੱਸਾਂ ਨੂੰ ਗੋਤੇ

ਮਾਈ ਜੱਸਾਂ ਨੇ ਅਰਜ਼ ਕੀਤੀ ਕੁੜੀਆਂ ਮਾਰਕੇ ਵੱਢਕੇ ਸੁੱਟੀਆਂ ਹੈਨ। ਏਨਾ ਨੂੰ ਕੁਝ ਛਕਣ ਨੂੰ ਨਹੀਂ ਦੇਣਾ? ਬਚਨ ਕੀਤਾ ਛਕਾਓ। ਮਾਈ ਜੱਸਾਂ ਨੇ ਚੂਰੀ ਕੁੱਟਕੇ ਛਕਾਈ। ਮਹਿਲ ਜੱਸਾਂ ਕੋ ਫੜਕੇ ਗੰਗਾ ਮੈ ਗੋਤੇ ਦਿੱਤੇ। ਮਾਤਾ ਨੇ ਸਿੰਘਾਂ ਨੂੰ ਕਹਾ ਤੁਸੀਂ ਮੇਰੇ ਏਤਨੇ ਪੁੱਤਰ ਹੋ ਮੈਨੂੰ ਛੁਡਾਇ ਦਿਓ। ਮੈਂ ਮਾਰ ਦਿੱਤੀ ਹਾਂ। ਸ੍ਰੀ ਸਤਿਗੁਰੂ ਜੀ ਡੰਡੀਆਂ[1] ਲਾਹ ਕੇ ਗੰਗਾ ਵਿੱਚ ਸੁਟ ਦਿੱਤੀਆਂ। ਬਚਨ ਕੀਤਾ ਗੰਗਾ ਡੰਡੀਆਂ ਮੰਗਦੀ ਹੈ।

---

1 ਕੰਨਾਂ ਵਿੱਚ ਪਾਉਣ ਵਾਲਾ ਗਹਿਣਾ।

ਹਜ਼ਰੋਂ ਸਾਹਿਬ ਵਾਲੀ ਸੰਗਤ ਰੋਇ ਪਿਆ ਕਰੇ ਤੇ ਕੈਹਣ ਧੰਨ ਸਿੱਖੀ ਹੈ ਬਾਬੇ ਕੀ। ਸਿੱਖੀ ਕੀ ਨੀਂਹ ਰੱਖੀ ਹੋਈ ਹੈ। ਮੈਂ ਵਾਰੀ ਵਾਰੀ ਜਾਵਾਂ ਐਸੀ ਸੰਗਤ ਦੇ।

ਜਿੱਥੇ ਜਾਇਕੇ ਉੱਤਰੇ ਸੀ ਓਥੇ ਓਧੇ ਸਾਮ੍ਹਣੇ ਵੱਟੇ ਧਰਕੇ ਬਚਨ ਕੀਤਾ ਏਥੇ ਮਹਾਤਮ ਹੈ ਗੰਗਾ ਕਾ। ਏਥੇ ਨ੍ਹਾਵੋ ਜਿਸ ਨ੍ਹਾਵਣਾ ਹੈ। ਸਿੰਘ ਓਥੇ ਹੀ ਨ੍ਹਾਵਣ ਲੱਗੇ। ਬਚਨ ਕੀਤਾ ਗੁਰੂ ਜੀ, ਜੋ ਹੋਰ ਪੰਥਾਂ ਵਾਲੇ ਹੈਨ ਮੈਂ ਸਾਰਿਆਂ ਪੰਥਾਂ ਨੂੰ ਦਰਗਾਹ ਮੈ ਝੂਠੇ ਕਰਕੇ ਆਇਆ ਹਾਂ। ਜਿਹੜੀ ਮੈਂ ਚਾਹਵਾਂਗਾ ਸੋ ਕਰਾਂਗਾ।

ਅੰਮ੍ਰਿਤ ਵੇਲੇ ਹਵਨ ਕੀਤਾ। ਏਕ ਮੁੰਡਾ ਖੜਾ ਸੀ। ਉਸ ਕੀ ਚੁੰਨੀ ਮੈ ਪਾਇਕੇ ਹਵਨ, ਗੰਗਾ ਮੇਂ ਜਾਇ ਪਾਇਆ। ਚਾਦਰ ਕੇ ਲੜ ਦੋ ਕੌਡੀਆਂ ਬੱਧੀਆਂ ਸੀ। ਖੋਲ੍ਹ ਕੇ ਸਿਲਾ ਪਰ ਪੀਸਕੇ ਮਸਤਕ ਪਰ ਲਾਈਆਂ। ਬਚਨ ਕੀਤਾ ਕੌਡੀ ਜਿਤਨੀ ਬੀ ਮਾਇਆ ਨਹੀਂ ਛੱਡਣੀ। ਖਿੱਚਕੇ ਅਕੱਠੀ ਕੀਤੀ ਹੈ। ਅਕੱਠੀ ਕਰਕੇ ਲੰਗਰ ਲਾਇ ਦੇਵਾਂਗੇ। ਏਤਨੇ ਮੇਂ ਦੋ ਨਿਰਮਲੇ ਆਏ ਕਿ ਗਿਆਨ ਚਰਚਾ ਕਰਾਂਗੇ। ਅੰਤਰਯਾਮੀ ਗੁਰੂ ਜੀ ਕਾਮੜਾ ਫੜਕੇ ਮਾਰਨੇ ਲਗੇ। ਨਿਰਮਲੇ ਨੱਸ ਚੱਲੇ। ਹੱਥ ਮੈਂ ਜੁੱਤੀਆਂ ਫੜਕੇ ਜਿੰਦ ਬਚਾਇ ਗਏ। ਗੁਰੂ ਜੀ ਬਚਨ ਕੀਤਾ ਝੂਠੇ ਗੁਰੂ ਸਦਾਉਂਦੇ ਹੋ। ਤੁਸੀਂ ਖੁਦ ਨੂੰ ਖੁਦਾਇ ਅਖਵਾਉਂਦੇ ਹੋ। ਜੀਆਂ ਕੋ ਬਿਗਾੜ ਦੇਂਦੇ ਹੋ। ਝੂਠਾ ਪਾਜ ਉੱਤਰ ਜਾਏਗਾ।

ਬੀਮਾਰੀ ਪਈ, ਲੋਕ ਮਰਨੇ ਲਗੇ। ਸਿੰਘਾਂ ਨੂੰ ਬੀ ਤਾਪ ਚੜ੍ਹਿਆ। ਬਚਨ ਕੀਤਾ ਜੋ ਲੰਗਰ ਕੀ ਸੇਵਾ ਕਰੇਗਾ ਸੋ ਰਾਜੀ ਰਹੇਗਾ। ਕਿਸੇ ਦਾ ਮਾਰਕੇ ਹਟਾਇਆ ਤਾਪ, ਕਿਸੇ ਦੇ ਉੱਤੇ ਜਲ ਪਾਇਆ, ਕਿਸੇ ਨੂੰ ਬਚਨ ਕਰਕੇ ਹਟਾਇਆ। ਸਭਨਾਂ ਸਿੰਘਾਂ ਦੀ ਰੱਛਿਆ ਕੀਤੀ, ਸਭ ਰਾਜੀ ਹੋ ਗਏ।

ਰਾਤ ਕੋ ਏਕ ਸਾਧ ਆਇਆ। ਬੱਡਾ ਆਦਰ ਕੀਤਾ ਉਸਦਾ। ਪ੍ਰਸ਼ਾਦ ਛਕਾਇਆ। ਬਚਨ ਬਲਾਸ ਖੂਬ ਕੀਤੇ। ਸੀਸ ਨਿਵਾਇਆ ਤੇ ਚਲਾ ਗਿਆ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਏਹ ਧੰਨਾ ਭਗਤ ਸੀ।

## ਭੂਆ ਲਗਦੀ ਹੈ

ਜਲ ਕੇ ਗੜਵੇ ਮੰਗਵਾਇਕੇ ਬਾਂਸ ਕੀ ਪੋਰੀ ਪਰ ਪਵਾਈ ਗਏ। ਗੁਰੂ ਜੀ ਬਚਨ ਕੀਤਾ ਬਿਲਿਆਂ ਕੀਆਂ ਤੋਪਾਂ ਮੈ ਪਾਣੀ ਪਾਇਆ ਹੈ। ਰਾਤ ਨੂੰ ਪੈਹਰੇ ਵਾਲੇ ਸਿੰਘਾਂ ਨੂੰ ਬਚਨ ਕੀਤਾ ਕੋਈ ਚੋਰ ਆਵੇ ਤਾਂ ਖ਼ਬਰ ਕਰਨੀ। ਕੂਕਰ ਬੋਲਿਆ। ਸੱਦਕੇ ਪੁੱਛਿਆ ਕੈਸਾ ਸ਼ਬਦ ਹੁੰਦਾ ਹੈ? ਪੈਹਰੇ ਵਾਲੇ ਨੇ ਕਹਾ ਜੀ ਏਕ ਜਨਾਨੀ ਹੁੱਕਾ ਪੀ ਰਹੀ ਹੈ। ਸ੍ਰੀ ਸਤਿਗੁਰੂ ਜੀ ਜੱਸਾਂ ਕੋ ਨਾਲ ਲੈ ਕੇ ਗਏ। ਜਾਕੇ ਬੁੱਢੀ ਨੂੰ ਪੁੱਛਿਆ ਤੇਰੀ ਕੀ ਜਾਤ ਹੈ? ਉਹ ਬੋਲੀ ਮੈਂ ਤਰਖਾਣੀ ਹਾਂ। ਗੁਰੂ ਜੀ ਬਚਨ ਕੀਤਾ ਤੂੰ ਸਾਡੀ ਭੂਆ ਲਗਦੀ ਹੈਂ। ਜੱਸਾ ਨੂੰ ਬਚਨ ਕੀਤਾ ਭੂਆ ਲਗਦੀ ਹੈ ਮਿਲ ਲੈ। ਉਹ ਤੀਵੀਂ ਹੁੱਕਾ ਅੱਗੇ ਨੂੰ ਕਰੇ, ਜੱਸਾਂ ਨੂੰ ਕਹੇ ਹੁੱਕਾ ਪੀ ਲੈ। ਜੱਸਾਂ ਪਿੱਛੇ ਨੂੰ ਹਟਦੀ ਜਾਵੇ ਨਾਲੇ ਗਾਲਾਂ ਕੱਢੇ। ਗੁਰੂ ਜੀ ਜਲ ਕਾ ਘੜਾ ਮੰਗਵਾਇਆ। ਉਸਕੇ (ਹੁੱਕੇ ਵਾਲੇ) ਧੂੰਏਂ ਮੈਂ ਪਾਇਕੇ

ਅਗਨੀ ਬੁਝਾਇਕੇ ਚਲੇ ਆਏ।

ਉਬੋਕੇ ਵਾਲੇ ਬਹਾਦਰ ਸਿੰਘ ਕੋ ਨਾਲ ਲੈ ਕੇ ਗੰਗਾ ਪਰ ਜਾਇ ਬੈਠੇ। ਸੂਰਜ ਤੇ ਗੰਗਾ ਦੋਵੇਂ ਆਏ ਰੂਪ ਧਾਰਕੇ। ਪਤਾਸੇ ਪ੍ਰਸ਼ਾਦ ਦਿੱਤਾ ਤੇ ਬਚਨ ਕੀਤਾ ਆਪਣੇ ਆਪਣੇ ਆਸਣਾਂ ਪਰ ਜਾਇ ਬੈਠੋ । ਆਸਣ ਛੱਡਕੇ ਕਿਉਂ ਆਏ ਹੋ?

ਏਕ ਰਾਤ ਬਚਨ ਹੋਇਆ ਮੇਰੇ ਉੱਤੇ ਲੋਈਆਂ ਪਾਓ। ਜਿਓਂ ਜਿਓਂ ਲੋਈਆਂ ਪਾਵਣ ਤਿਓਂ ਤਿਓਂ ਬਚਨ ਕਰਨ ਪਾਲਾ ਲਗਦਾ ਹੈ। ਫੇਰ ਫੁਰੇਤੀ ਨਾਲ ਉੱਠਕੇ ਬਚਨ ਕੀਤਾ ਕਰਮ ਤਾਂ ਏਹ ਕਰਦੇ ਹੈਨ ਔਰ ਪਾਲਾ ਮੈਨੂੰ ਲਗਦਾ ਹੈ।

## ਪਛਤਾਏ

ਦੋ ਦੋ ਰੁਪਈਏ ਸਾਰੀ ਸੰਗਤ ਥੀਂ ਪਵਾਏ ਲੰਗਰ ਵਿੱਚ ਕਿ ਲੰਗਰ ਏਕ ਜਗ੍ਹਾ ਬਣੇ ਸਾਰਿਆਂ ਕਾ। ਦੜਪ ਵਾਲਿਆਂ ਨੇ ਨਾ ਪਾਏ ਰੁਪਏ ਵੱਖਰਾ ਈ ਲੰਗਰ ਕਰਦੇ ਰਹੇ। ਜਾਂ ਸ੍ਰੀ ਸਤਿਗੁਰੂ ਜੀ ਪ੍ਰਸ਼ਾਦ ਛਕ ਕੇ ਹਟੇ ਤਾਂ ਦੜਪ ਵਾਲਿਆਂ ਨੂੰ ਬਚਨ ਕੀਤਾ ਨੀਚੋਪ੍ਰਸ਼ਾਦ ਛਕ ਲਿਆ? ਛੋਟੀਆਂ ਗੜਵੀਆਂ ਮੋਢਿਆਂ ਪਰ ਪਾਇਕੇ ਤੁਰਦੇ ਹੈਂ ਨੀਚਾਂ ਵਾਂਗੂ। ਸੰਗਤ ਕੇ ਤਾ ਦੋ ਦੋ ਰੁਪਏ ਖ਼ਰਚ ਆਏ ਤੇ ਦੜਪ ਵਾਲਿਆਂ ਕੇ ਚਾਰ ਚਾਰ ਖ਼ਰਚ ਆਏ। ਪਛਤਾਏ ਕਿ ਨਾਲੇ ਬੇ-ਮੁਖੀ ਨਾਲੇ ਦੂਣਾ ਖ਼ਰਚ ਹੋਇਆ ਹੈ ਨਾਲੇ ਨੀਚ ਸਦਵਾਇਆ ਹੈ।

ਗੁਰੂ ਜੀ ਗੰਗਾ ਕੇ ਕਿਨਾਰੇ ਪਰ ਗਏ। ਦਸੌਂਧਾ ਸਿੰਘ ਖੜਾ ਸੀ। ਇਕ ਨਿਰਮਲਾ ਰੁੜ੍ਹਿਆ ਆਉਂਦਾ ਸੀ। ਦਸੌਂਧਾ ਸਿੰਘ ਨੇ ਕਹਾ ਕਿ ਤੂੰ ਬੱਨੇ ਲੱਗਿਆ ਹੈਂ। ਗੁਰੂ ਜੀ ਪੁੱਛਿਆ ਕੌਣ ਹੈ ? ਕਹਾ ਜੀ ਨਾ-ਮਿਲਾ ਹੈ। ਬਚਨ ਕੀਤਾ ਤੂੰ ਏਹ ਨ ਸੀ ਆਖਣਾ, ਤੂੰ ਇਹ ਕਹਿੰਦੋਂ ਆ ਤਾਂ ਕਿੱਧਰ ਆਉਂਦਾ ਹੈ। ਜੇਕਰ ਇਓਂ ਆਖਦੋ ਤਾਂ ਮਰ ਜਾਂਦਾ ਵਿਚੇ ਹੀ। ਇਹ ਬੜਾ ਪਾਪੀ ਥਾ ਜਿਨ੍ਹਾਂ ਨੇ ਜੀਆਂ ਨੂੰ ਗੁਰਬਾਣੀ ਵੱਲੋਂ ਹਟਾ ਕੇ ਬੇਦ ਵੰਨੀ ਲਾਏ ਹੈਂ। ਗੁਰੂ ਜੀ ਕੀ ਬਾਣੀ ਵੱਲੋਂ ਹਟਾਏ ਹੈਂ। ਆਪਕੋ ਪ੍ਰਮੇਸਰ ਸਦਵਾਉਂਦੇ ਹੈਂ।

ਗੁਰੂ ਜੀ ਦਸੌਂਧਾ ਸਿੰਘ ਕੋ ਬਚਨ ਕੀਤਾ ਦੇਖ ਤਾਂ ਪਾਣੀ ਕਿਧਰੋਂ ਉੱਚਾ ਹੈ ਕਿੱਧਰੋਂ ਨੀਵਾਂ ਹੈ। ਦਸੌਂਧਾ ਸਿੰਘ ਕਹਾ ਕਿ ਲੈਂਹਦੇ ਵੱਲੋਂ ਉੱਚਾ ਹੈ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਮਹਾਂ ਮੰਦ ਉੱਚਾ ਰਿਹਾ ਹੈ। ਤਿੰਨ ਕੁਟਾਂ ਤਾਂ ਸੋਧ ਲਈਆਂ ਹਨ। ਹੁਣ ਮਹਾਂ ਮੰਦ ਦੀ ਜੜ੍ਹ ਪੁੱਟਾਂਗੇ ਪਤਾਲ ਜਾਇਕੇ। ਫੇਰ ਨਾ ਕਦੀ ਹਰੀ ਹੋਵੇਗੀ।

## ਸੰਤ ਖਾਲਸੇ ਕੀ ਜੜ੍ਹ ਲਾਈ ਹੈ

ਸੁੱਧ ਸਿੰਘ ਕੋ ਨਾਲ ਲੈ ਕੇ ਚੱਲੇ। ਅੱਗੇ ਪਹਾੜੀ ਆਈ। ਵਿਚ ਜਾਇਕੇ ਆਸਨ ਵਿਛਾਇਕੇ ਬੈਠੇ। ਧਿਆਨ ਰੂਪ ਹੋਏ। ਜਾਂ ਸੁੱਧ ਸਿੰਘ ਦੇਖਣ ਲੱਗਾ ਤਾਂ ਸਤਿਗੁਰੂ ਜੀ ਗੁਪਤ ਹੋਇ ਗਏ। ਜਾਂ ਆਸਨ ਦੇਖੇ ਤਾਂ ਸ੍ਰੀ ਸਤਿਗੁਰੂ ਜੀ ਨਹੀਂ ਹੈਂ। ਦਿਲ ਵਿੱਚ ਸੋਚ ਰਿਹਾ ਹੈ ਕੀ ਸਾਂਗ ਵਰਤਿਆ ਹੈ? ਏਕ ਘੜੀ ਭਰ ਮੂਰਤੀ ਗੁਪਤ ਰਹੀ। ਸੁੱਧ ਸਿੰਘ ਆਸਨ ਦੇਖੇ ਤਾਂ ਇਕ

ਕਮਲ ਪ੍ਰਗਟ ਭਇਆ ਹੈ। ਕਮਲ ਕੇ ਬੀਚ ਮੂਰਤੀ ਪ੍ਰਗਟ ਹੋਈ। ਇਸਨੇ ਲਗੀ ਸੂਖਮ ਮੂਰਤੀ। ਵਧਦੀ ਵਧਦੀ ਜਿਤਨੀ ਮੂਰਤੀ ਗੁਰੂ ਜੀ ਕੀ ਹੈ ਉਤਨੀ ਹੋਈ। ਗੁਰੂ ਜੀ ਸੁੱਧ ਸਿੰਘ ਨੂੰ ਪੁੱਛਿਆ ਕੀ ਕਾਰਨ ਦੇਖਿਆ ਹੈ? ਕਹਾ ਕਿ ਕੋਈ ਖ਼ਬਰ ਨਹੀਂ। ਗੁਰੂ ਜੀ ਬਚਨ ਕੀਤਾ ਸੰਤ ਖਾਲਸੇ ਕੀ ਜੜ੍ਹ ਲਾਈ ਹੈ ਤੇ ਮਲੇਸ਼ਾਂ ਕੀ ਜੜ੍ਹ ਪਤਾਲ ਤੇ ਪੁੱਟ ਦਿੱਤੀ ਹੈ ਤੇ ਜਾਇਕੇ ਖਾਰੇ ਸਮੁੰਦਰ ਮੇਂ ਸੁੱਟੀ ਹੈ, ਫੇਰ ਨ ਹਰੀ ਹੋਵੇਗੀ। ਮੇਰੇ ਵਰਗੇ ਜਾਂ ਪੰਜ ਹੋ ਜਾਣਗੇ ਤਾਂ ਉਸ ਦਿਨ ਥੀਂ ਖਾਲਸੇ ਕਾ ਰਾਜ ਹੋ ਜਾਵੇਗਾ।(ਸੁੱਧ ਸਿੰਘ ਨੇ ਸੁਣਾਈ ਤੇ ਲਿਖਾਰੀ ਨੇ ਲਿਖੀ)।

ਜਾਂ ਡੇਰੇ ਆਏ ਤਾ ਏਕ ਲਾਠੀ ਉੱਤੇ ਬਸਤਰ ਪਾਇਕੇ ਉਤਾਂਹ ਖੜਾ ਕੀਤਾ। ਬਚਨ ਗੁਰੂ ਜੀ ਏਹ ਕੀਤਾ, ਲੈਂਧੀ ਧਰਤੀ ਥੀਂ ਰੂਸ ਕਾ ਨਿਸ਼ਾਨ ਖੜਾ ਕੀਤਾ ਹੈ। 'ਜਬ ਰੂਸ ਪੰਜਾਬੇ ਆਵੇ। ਦੁਨੀਆਂ ਮਰੇ ਅੰਨ ਕੇ ਹਾਵੇ।' ਤਿਸ ਰੂਸ ਕਾ ਨਿਸ਼ਾਨ ਖੜਾ ਕੀਤਾ ਹੈ ਜੋ ਪੰਜਾਬ ਧਰਤੀ ਨੂੰ ਆਉਂਦਾ ਹੈ।

ਸਾਖੀ: 'ਜਬ ਲਗ ਗੰਗਾ ਧਰਨ ਮੈ ਤਬ ਲਗ ਤੁਰਕਨ ਬੀਜ[1]॥'

'ਤੁਰਕ ਗਏ ਮੁੰਡੀਆ ਮਰੇ ਜਗਯੋ ਖਾਲਸਾ ਮੀਤ[2]॥'

'ਤੇਰਾਂ ਸਦੀ ਮੁਕਾਇਕੇ ਗੁਰ ਫ਼ਤੇ ਬੁਲਾਈ॥'

ਗੰਗਾ ਕੀ ਔਧ ਬੀ ਪੁੱਜ ਗਈ ਹੈ। ਤੇਰਾਂ ਸਦੀ ਬੀ ਪੂਰੀ ਹੋਣੇ ਵਾਲੀ ਹੈ। ਦਸਵੇਂ ਪਾਤਸ਼ਾਹ ਕੇ ਬਚਨ ਅਨੁਸਾਰ ਬਾਰ੍ਹਵਾਂ ਜਾਮਾ ਜੋਤ ਕਾ ਧਾਰ ਬੈਠੇ ਹੈਂ।

ਬਚਨ ਕੀਤਾ ਗੁਰੂ ਜੀ ਬੇਦ ਸ਼ਾਸਤ੍ਰ ਪੁਰਾਨ ਕੁਰਾਨ ਨਹੀਂ ਮੰਨਣੇ ਹੈਂ। ਪਿਤਰ ਜਠੇਰੇ ਭੂਤ ਪ੍ਰੇਤ ਮੜੀ ਗੋਰ ਮਸਾਨ ਮੀਆਂ ਬੀਬੜੀਆਂ ਕੋਈ ਨਾ ਮੰਨੋਂ। ਬਚਨ ਕੀਤਾ ਜੋ ਨਾਮ ਪਿਰਥੀ ਕੇ ਪਟੜੇ ਪਰ ਹੈ ਸਭ ਕੋ ਭਜਨ ਦੇ ਕੇ ਫੇਰ ਪਸ਼ੂਆਂ ਨੂੰ ਦੇਵਾਂਗੇ, ਫੇਰ ਕੀੜੀ ਪ੍ਰਯੰਤ ਦੇਵਾਂਗੇ ਅਤੇ ਫੇਰ ਬਨਾਸਪਤੀ ਕੋ ਦੇਵਾਂਗੇ। ਅਕਾਲ ਅਕਾਲ ਸਭ ਜਪੇਂਗੇ। ਘਰ ਘਰ ਮੈ ਮੰਗਲਾਚਾਰ ਹੋਣਗੇ। ਦਾਨ ਲੈਣ ਵਾਲੇ ਥੋੜ੍ਹੇ ਹੋਣਗੇ। ਸਰਬ ਸੁਖ ਹੋਣਗੇ ਖਾਲਸੇ ਨੂੰ। ਸਰਬ ਦੁਖ ਦੂਰ ਹੋਣਗੇ ਖਾਲਸੇ ਦੇ। ਬਚਨ ਹੋਇਆ ਗੁਰੂ ਕਾ ਝੰਡਾ ਖੜਾ ਹੋਯਾ ਹੈ। ਹੋਰ ਨਿਸ਼ਾਨ ਸਭ ਢਹਿ ਜਾਣਗੇ। ਪੂਜਾ ਹਟ ਜਾਇਗੀ। ਜੇੜ੍ਹੇ ਮੇਲੇ ਲਗਦੇ ਹੈਂ ਸੋ ਸਭ ਬੰਦ ਹੋ ਜਾਣਗੇ। ਜਗ੍ਹਾ ਪਰ ਜਗ੍ਹਾ ਭੋਗ ਸ੍ਰੀ ਗ੍ਰੰਥ ਸਾਹਿਬ ਜੀ ਕੇ ਪੈਣਗੇ। ਪੀਰਾਂ ਫ਼ਕੀਰਾਂ ਕੇ ਜੋ ਮੇਲੇ ਹੈਨ ਸੋ ਸਭ ਬੰਦ ਹੋ ਜਾਣਗੇ। ਹੋਰ ਨਿਸ਼ਾਨ ਸਭ ਢਹਿ ਜਾਣਗੇ। ਧਰਮ ਨਿਸ਼ਾਨ ਖੜਾ ਹੋਇਆ ਹੈ।

## ਮਾਰ-ਕੁੱਟ

ਸ੍ਰੀ ਸਤਿਗੁਰੂ ਜੀ ਬਚਨ ਕੀਤਾ ਸੋਭਾ ਸਿੰਘ ਨੂੰ, ਭੋਲੀ ਨੂੰ ਲੈ ਆਵੋ। ਸੱਦ ਲਿਆਏ। ਕਹਾ ਕਿ ਭੋਲੀ ਆਈ ਹੈ। ਪੰਜ ਪਰਸਰਾਮ ਪੁੱਠੇ ਮਾਰੇ। ਅਵਾਜ਼ਾ ਹੋਇਆ ਨੱਸ ਜਾ ਜੇ ਹੈ ਬਚਣਾ। ਭੋਲੀ ਨੱਸ ਚੱਲੀ। ਕੁੜੀਆਂ ਵਿਚ ਜਾਇ ਬੈਠੀ। ਫੇਰ ਦਇਆ ਕੌਰ ਮੰਗਵਾਈ। ਸਿੱਧੇ

---

1 'ਗੰਗਾ ਜਾ ਲਗੁ ਧਰਨਿ ਪੁਰ, ਤਾ ਲਗ ਤੁਰਕਨ ਬੀਜ' ਸਾਖੀ ੬੦ਵੀਂ, ਸੌ ਸਾਖੀਂ।
2 ਸਾਖੀ ੫੧ਵੀ, ਸੌ ਸਾਖੀ।

ਪਰਸ ਰਾਮ ਨਾਲ ਮਾਰੀ। ਇਕ ਮੱਥੇ ਵਿੱਚ ਮਾਰਿਆ, ਦੂਜਾ ਸਿਰ ਵਿੱਚ ਮਾਰਿਆ। ਪੰਜ ਪਰਸਰਾਮ ਮਾਰੇ। ਪੰਜੇ ਥਾਈਂ ਜ਼ਖਮ ਹੋਇ ਗਏ। ਲਹੂ ਚੱਲਣ ਲੱਗ ਪਿਆ।

ਜਾਂ ਪਹਿਰ ਦਿਨ ਚੜਿਆ ਜਿੱਥੇ ਭੋਲੀ ਬੈਠੀ ਸੀ ਉੱਥੇ ਜਾਇ ਬੈਠੇ। ਬਚਨ ਕੀਤਾ ਦਇਆ ਕੌਰ ਪਈ ਹੈ? ਕੋਲੋਂ ਕਹਾ ਜੀ ਭੋਲੀ ਪਈ ਹੈ। ਬਾਂਸ ਕੀ ਛਟੀ ਸੀ ਦੋ ਮਾਰੀਆਂ। ਭੋਲੀ ਨੱਸ ਚੱਲੀ। ਅੱਗੇ ਝਾੜ ਕਾ ਬੂਟਾ ਆਇਆ, ਉਸਕੇ ਦਵਾਲੇ ਫਿਰਨੇ ਲਗੀ। ਉਧਰ ਹੋਵੇ ਤਾਂ ਉਧਰ ਹੋ ਜਾਣ। ਹਾਰ ਕੇ ਵਾਹਣਾਂ ਦੇ ਵਿਚ ਦੀ ਨੱਸ ਚੱਲੀ। ਸਤਿਗੁਰੂ ਜੀ ਮੁੜ ਆਏ। ਭੋਲੀ ਥਰ ਥਰ ਕੰਬਦੀ ਫਿਰੇ। ਦੂਰ ਜਾਏ ਬੈਠੀ। ਭੋਲੀ ਦੇ ਕੋਲ ਕੁੜੀਆਂ ਆਇ ਬੈਠੀਆਂ। ਪੁੱਛਨ ਲਗੀ ਗੁਰੂ ਜੀ ਕੀ ਬਚਨ ਕਰਦੇ ਹੈਂ? ਕੁੜੀਆਂ ਨੇ ਕਹਾ ਕਿ ਗੁਰੂ ਜੀ ਬਚਨ ਕਰਦੇ ਹੈਂ ਭੋਲੀ ਜਾਦੂ ਟੂਣੇ ਕਰਦੀ ਹੈ, ਤਾਂ ਮਾਰੀ ਹੈ। ਅਗਲੇ ਦਿਨ ਬਚਨ ਕੀਤਾ ਕੁੜੀਆਂ ਏਥੇ ਹੈਨ? ਮਾਈ ਜੱਸਾਂ ਜੀ ਬਚਨ ਕੀਤਾ ਕੁੱਟੀਆਂ ਫਟੀਆਂ ਪਈਆਂ ਹਨ।

ਗੁਰੂ ਜੀ ਮਹਾਰਾਜ ਬੁੱਧ ਸਿੰਘ ਜੀ ਕੋ ਏਕ ਰੁਪਯਾ ਦਿੱਤਾ। ਆਇਕੇ ਦੇਣ ਲੱਗੇ ਮਹਾਰਾਜ ਜੀ ਦਇਆ ਕੌਰ ਨੂੰ। ਦਇਆ ਕੌਰ ਕੈਂਹਦੀ ਮੈਂ ਦੋ ਰੁਪਈਏ ਲਊਂਗੀ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਜਾਇਕੇ ਆਖੀਂ ਕਿ ਤੈਂ ਸਾਡੇ ਰੱਖੜੀ ਬਧੀ ਸੀ, ਅਸਾਂ ਤੈਨੂੰ ਕੱਟਾ ਦਿੱਤਾ ਸੀ। ਸੋ ਕੱਟਾ ਰੁਪਈਏ ਕਾ ਸੀ।

ਬਚਨ ਹੋਇਆ ਚੈਨ ਸਿੰਘ ਆਂਹਦਾ ਹੁੰਦਾ ਸੀ ਮੈਨੂੰ ਮਾਰਨਗੇ ਤਾਂ ਮੈਂ ਨੱਸੂੰਗਾ ਨਹੀਂ। ਹੁਣ ਨੱਸਾ ਫਿਰਦਾ ਹੈ ਡਰ ਦਾ ਮਾਰਿਆ ਹੋਇਆ। ਜਿਸ ਨੂੰ ਕੁੱਟਣ ਸਤਿਗੁਰੂ ਜੀ ਚੈਨ ਸਿੰਘ ਉਸਦੇ ਪਾਸ ਜਾਏ। ਜਾਂ ਦੇਖੇ ਤਾਂ ਸ੍ਰੀ ਸਤਿਗੁਰੂ ਜੀ ਆਉਂਦੇ ਹੈ। ਏਕ ਪਰਨਾ ਸੀਸ ਪਰ ਏਕ ਪਰਨੇ ਕਾ ਕਮਰਕੱਸਾ ਮੋਢੇ ਉੱਤੋਂ ਦੀ ਕੀਤਾ ਹੋਇਆ ਹੈ। ਏਕ ਬਾਂਸ ਮੋਢੇ ਪਰ ਧਰਿਆ ਹੋਇਆ ਹੈ। ਉਸ ਪਰ ਕਛੈਹਰਾ ਸੋਭਾ ਪਾ ਰਿਹਾ ਹੈ। ਜੇੜ੍ਹੇ ਮਾਰੇ ਸੇ ਸੋ ਡਰਨ ਕਿ ਹੁਣ ਬੀ ਮਾਰਨਗੇ। ਰਾਤ ਕੋ ਭੋਲੀ, ਚੈਨ ਸਿੰਘ ਕੋਲ ਜਾਇ ਰਹੀ। ਅਗਲੇ ਦਿਨ ਮਾਈ ਜੱਸਾਂ ਕੋ ਤੇ ਲਹਿਣਾ ਸਿੰਘ ਕੋ ਤੇ ਦਯਾਲ ਸਿੰਘ ਤਿਨਾਂ ਕੋ ਬਚਨ ਕੀਤਾ ਲੈ ਆਓ ਜੇਹੜੇ ਕੁੱਟੇ ਫਟੇ ਹੋਏ ਹਨ। ਲੈਣ ਗਏ। ਚੈਨ ਸਿੰਘ ਸਮੇਤ ਸਾਰਾ ਡੇਰਾ ਈ ਆਇਆ।

## ਕੋਹੜ ਦੂਰ ਹੋਇਆ

ਗੰਗਾ ਪਰ ਬੈਠੇ ਹੋਏ ਥੇ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਇਸ਼ਨਾਨ ਕਰੋ ਸਣੇ ਕਪੜੀਂ। ਏਥੇ ਗੰਗਾ ਕਾ ਮਹਾਤਮ ਹੈ। ਏਥੋਂ ਕੋਹੜੀ ਨਾਤ੍ਹੇ ਤਾਂ ਕੋਹੜ ਹਟ ਜਾਂਦਾ ਹੈ। ਇਕ ਨੈਣ ਲੁਧਿਆਣੇ ਕੀ ਥੀ, ਉਸਕੋ ਕੋਹੜ ਸਤਿਗੁਰੂ ਜੀ ਦੇ ਹੁਕਮ ਨਾਲ ਹੋਇਆ ਹੋਇਆ ਸੀ। ਜਦੋਂ ਸਤਿਗੁਰੂ ਜੀ ਫ਼ੌਜ ਵਿੱਚੋਂ ਲੁਧਿਆਣੇ ਆਏ ਸਨ ਮਾਮੀਂ ਦੇ ਘਰ, ਲੁਧਿਆਣੇ ਕੀ ਨੈਣ ਕਹਿਨੇ ਲਗੀ ਮੈਂ ਵਛਾਊਂਗੀ ਸਤਿਗੁਰੂ ਜੀ ਕਾ ਵਛਾਵਣਾ। ਸਤਿਗੁਰੂ ਜੀ ਨੇ ਕਰੋਪ ਹੋਇਕੇ ਆਖਿਆ ਸਾਡੀ ਤੂੰ ਧੀ ਲਗਦੀ ਹੈਂ। ਗੁੱਸੇ ਹੋ ਕੇ ਸਰਾਫ ਦਿੱਤਾ ਜਾਹ ਤੈਨੂੰ ਕੋਹੜ ਹੋ ਜਾਵੇ, ਪੱਟੀ ਜਾਵੇਂ। ਝੱਟ ਕੋਹੜ ਹੋ ਗਿਆ ਸੀ। ਫਿਰਦੀ ਫਿਰਦੀ ਨੈਣ ਵੀ ਗੰਗਾ ਪਰ ਜਾਇ ਰਹੀ। ਸੋ ਉਸ ਵਕਤ ਹਾਜ਼ਰ ਸੀ। ਉਸਨੇ ਸੋਚਿਆ ਹੁਣ ਬਚਨ ਕਰਦੇ ਹੈਨ, ਝਟ ਪਟ ਇਸ਼ਨਾਨ ਕੀਤਾ। ਝਟ ਕੋਹੜ

ਹਟ ਗਿਆ। ਕੰਚਨ ਦੇਹ ਹੋ ਗਈ। ਜਿਸ ਗੁਰੂ ਕੇ ਵਾਕ ਨਾਲ ਕੁਸ਼ਟ ਹੋਇਆ ਸੀ ਉਸੀ ਦੇ ਬਚਨ ਨਾਲ ਹਟ ਗਿਆ। ਨਿਸਚਾ ਹੋਇਆ ਜੋ ਏਹ ਪਰਮੇਸ਼ਰ ਹੈ।

## ਪੱਧਰੀ ਵਾਲੀ ਮਾਈ ਨਾਲ ਕੌਤਕ

ਪੱਧਰੀ ਵਾਲੀ ਸਾਹਿਬ ਕੌਰ ਦਿਲ ਵਿਚ ਕਹੇ ਕਿ ਮੈਨੂੰ ਕਦ ਉਨ੍ਹਾਂ ਹੱਥਾਂ ਦੀਆਂ ਲੱਗਣ ਜਿਨ੍ਹਾਂ ਨਾਲ ਜਨਮ ਮਰਨ ਕੱਟੀਦਾ ਹੈ। ਗੁਰੂ ਜੀ ਬਚਨ ਕੀਤਾ ਰੁਪਈਏ ਲੈ ਆਵੋ। ਉਸੀ ਵਕਤ ਰੁਪਈਏ ਹਾਜ਼ਰ ਹੋਏ। ਸਾਹਬੋ ਕੇ ਅੱਗੇ ਧਰਕੇ ਬਚਨ ਕੀਤਾ ਸਾਰੇ ਈ ਚੁਕ ਲੈ। ਚੁੱਕਣ ਲੱਗੀ ਤਾਂ ਸਾਰੇ ਨਾ ਚੁਕ ਹੋਏ ਤਾਂ ਦੋ ਕਾਮੜੇ ਮਾਰੇ। ਬਚਨ ਕੀਤਾ ਜੱਟੀਏ ਤੈਨੂੰ ਦਸ ਦਿਨ ਹੋਏ ਸੇ ਉਡੀਕਦੀ ਨੂੰ ਕਿ ਕਦ ਲੱਗਣ ਉਨ੍ਹਾਂ ਹੱਥਾਂ ਦੀਆਂ ਜਿਨ੍ਹਾਂ ਨਾਲ ਜਨਮ ਮਰਨ ਕਟਿਆ ਜਾਂਦਾ ਹੈ।

ਗੁਰੂ ਜੀ ਬਚਨ ਕੀਤਾ ਜੱਟੀਏ ਤੇਰੇ ਪੁੱਤਰ ਨੂੰ ਤੇ ਤੈਨੂੰ ਸ਼ਹੀਦੀ ਮੁਰਾਤਬਾ ਦੇਵਾਂਗੇ। ਲਿਆ ਹਵਨ ਕਰੀਏ। ਅੱਗੇ ਹਰ ਵਕਤ ਹਾਜ਼ਰ ਰੈਂਹਦੀ ਸੀ। ਉਸ ਦਿਨ ਇਤਨਾ ਮੋਹ ਪਾਇਆ ਕਿ ਸਾਹਬੋ ਲੜਕੇ ਕੋ ਲੈਕੇ ਦੂਰ ਜਾਇ ਲੁਕ ਰਹੀ। ਹਵਨ ਕਰਨ ਲੱਗੇ ਤੇ ਬਚਨ ਕੀਤਾ ਮੋਹ ਨੇ ਘੇਰ ਲਈ ਹੈ। ਕੀਰਨੇ ਪਾਉਂਦੀ ਹੈ ਲੜਕੇ ਦਾ ਮੂੰਹ ਦੇਖਕੇ। ਸਦਾਇ ਲਈ। ਲਕੜੀਆਂ ਚੁਣਕੇ ਉੱਪਰ ਬਿਠਾ ਦਿੱਤੀ। ਸਣੇ ਲੜਕੇ ਦੇ ਬੈਠ ਗਈ ਸਾਹਬੋ ਕੰਬਲੀ ਕੀ ਬੁੱਕਲ ਮਾਰਕੇ। ਅਗਨੀ ਲਾਇ ਦਿੱਤੀ। ਜਾਂ ਅਗਨੀ ਮਚੀ ਤਾਂ ਸਾਹਬੋ ਕੇ ਦਿਲ ਮੇਂ ਹੋਈ ਕਿ ਲੜਕੇ ਕੋ ਮੈਂ ਬਾਹਰ ਸੁੱਟ ਦੇਵਾਂ। ਅੰਤਰਯਾਮੀ ਜੀ ਆਵਾਜ਼ਾ ਕੀਤਾ ਸੁੱਟ ਤਾਂ ਕੀਵੇਂ ਸੁੱਟਦੀ ਹੈਂ ਬਾਹਰ? ਬਰਛੀ ਮਾਰਕੇ ਪੇਟ ਪਾੜ ਦੇਵਾਂਗਾ ਲੜਕੇ ਕਾ। ਮਾਈ ਦੇ ਉੱਤੇ ਕਾਲੀ ਕੰਬਲੀ ਸੀ। ਕੰਬਲੀ ਦੇ ਉੱਤੇ ਜੋ ਅੱਗ ਸੀ ਕੰਬਲ ਨੂੰ ਥੋੜਾ ਜਿਹਾ ਹਿਲਾ ਕੇ ਦੇਖਿਆ ਤਾਂ ਅੱਗ ਝੜ ਗਈ। ਕੰਬਲ ਦਾ ਇਕ ਲੂੰ ਵੀ ਨਾ ਸੜਿਆ। ਨਿਸਚਾ ਹੋਇਆ ਹੁਣ ਸੇਕ ਨਹੀਂ ਲਗਦਾ। ਜਾਂ ਅਗਨੀ ਠੰਢੀ ਹੋਈ ਤਾਂ ਬਚਨ ਦੇ ਨਾਲ ਲਾਲ ਸਿੰਘ ਕੋ ਬਾਹਰ ਸੁਟਿਆ। ਜਰਾ ਭਰ ਅਗਨੀ ਨਾ ਲੱਗੀ ਕਿਸੇ ਬਸਤਰ ਕੋ, ਨਾ ਮਾਈ ਕੋ।

## ਗੰਗਾ ਤੋਂ ਵਾਪਸੀ

ਆਸਾ ਕੀ ਵਾਰ ਕਾ ਅਰਦਾਸਾ ਸੋਧਕੇ ਤੁਰੇ। ਦਿੱਤੂ ਰਾਗੀ ਕੋ ਬਚਨ ਕੀਤਾ ਰਾਗ ਤੈਨੂੰ ਦਿੱਤਾ।

ਰਾਹ ਮੇਂ ਖੂਹੀ ਤੇ ਸੱਕਾ[1] ਪਾਣੀ ਭਰਦਾ ਸੀ। ਉਸਨੂੰ ਹਟਾਇ ਰਹੇ, ਨਾ ਹਟਿਆ। ਗੁਰੂ ਜੀ ਕਾਮੜਾ ਮਾਰਿਆ ਨਾਲੇ ਏਕ ਰੁਪਯਾ ਘਿਓ ਨੂੰ ਦਿੱਤਾ। ਆਗੇ ਗੁਰੂ ਜੀ ਲੀਕ ਕੱਢੀ। ਬਚਨ ਕੀਤਾ ਮੇਰੇ ਮਗਰ ਨਹੀਂ ਆਉਂਣਾ। ਸਭ ਸਿੰਘ ਖੜੇ ਹੋਇ ਗਏ। ਗੁਰੂ ਜੀ ਅੱਗੇ ਕੋ ਚਲੇ ਗਏ। ਦਿਸਣੋਂ ਬੰਦ ਹੋ ਗਏ ਤਾਂ ਸਾਰੇ ਸਿੰਘ ਤੁਰ ਪਏ। ਇਕ ਬਾਬਾ ਜਵਾਹਰ ਸਿੰਘ ਜੀ ਖੜੇ ਰਹੇ, ਅੱਗੇ ਨਾ ਗਏ। ਆਗੇ ਆਕੇ ਗੁਰੂ ਜੀ ਬਚਨ ਕੀਤਾ ਬਾਬਾ ਜਵਾਹਰ ਸਿੰਘ ਨਹੀਂ ਆਇਆ?

1 ਝਿਊਰ, ਮਹਿਰਾ, ਪਾਣੀ ਢੋਣ ਵਾਲਾ।

ਸਿੰਘ ਭੇਜਕੇ ਬਾਬਾ ਜੀ ਕੋ ਮੰਗਵਾਇਆ।

ਜਲ ਪਰ ਗੁਰੂ ਜੀ ਦਾਤਣ ਕਰਦੇ ਸੇ। ਦੋ ਜਨਾਨੀਆਂ ਆਈਆਂ। ਬਚਨ ਕੀਤਾ ਅੱਗੇ ਜਾਇ ਨਹਾਵੋ। ਨਾ ਹਟੀਆਂ। ਕਪੜੇ ਲਾਹੁਣ ਲਗੀਆਂ। ਸ੍ਰੀ ਸਤਿਗੁਰੂ ਜੀ ਚਿੱਕੜ ਫੜ੍ਹਕੇ ਮਾਰਨ ਲਗੇ। ਨੱਸ ਗਈਆਂ। ਬੇ-ਮੁਹਤਾਜ ਬਾਪ ਬੇ-ਪ੍ਰਵਾਹ ਰੂਪ ਧਾਰਿਆ ਹੋਇਆ ਹੈ।

## ਮਾਰਕੰਡੇ ਆਏ

ਮਾਰਕੰਡੇ ਆਏ। ਸੜਕ ਪਰ ਤੁਰਿਆ ਜਾਂਦਾ ਘੋੜਾ ਹਿਣਕਿਆ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਕਿਓਂ ਹਿਣਕਦਾ ਹੈ? ਅੰਨ ਘਾਸ ਥੋੜ੍ਹਾ ਹੋ ਜਾਵੇਗਾ। ਅੰਨ ਰੁਪਏ ਕਾ ਸੇਰ ਹੋ ਜਾਵੇਗਾ। ਕਾਲ ਪੈ ਜਾਵੇਗਾ। ਜੁੱਧ ਹੋਣਗੇ, ਰੁਲਕੇ ਪਿਰਥੀ ਖਪ ਜਾਵੇਗੀ। ਲਹੂ ਕੀ ਨਦੀ ਵਗੇਗੀ। ਬਚਨ ਹੋਇਆ ਰੇਤ ਕੇ ਗੋਲੇ ਵੱਟ ਵੱਟ ਦੇਵੋ। ਸਿੰਘ ਵੱਟ ਵੱਟ ਦੇਣ। ਸਤਿਗੁਰੂ ਜੀ ਚੜਦੀ ਦਿਸ਼ਾ ਕੋ ਚਲਾਵਣ ਲੱਗੇ। ਸਿੰਘਾਂ ਨੇ ਪੁੱਛਿਆ ਜੀ ਏਹ ਕੀ ਸਾਂਗ ਹੈ? ਬਚਨ ਹੋਇਆ ਕਾਲੂ-ਡਬੂ ਕੀ ਲੜਾਈ ਹੋਵੇਗੀ। ਗਊ ਬੱਧ ਕੋ ਹਟਾਵਾਂਗੇ। ਸਾਰੀ ਧਰਤੀ ਪਰ ਧਰਮ ਚਲਾਵਾਂਗੇ। 'ਜਬ ਰੂਸ ਪੰਜਾਬੇ ਆਵੇ, ਦੁਨੀਆਂ ਮਰੇ ਅੰਨ ਕੇ ਹਾਵੇ।'

ਤੁਰੇ ਜਾਂਦੇ ਰਸਤੇ ਮੇਂ ਏਕ ਖੇਤ ਆਇਆ ਉਲੇਹੇ[1] ਕਾ। ਬਚਨ ਕੀਤਾ ਜੋ ਏਸ ਖੇਤ ਦੇ ਵਿਚ ਦੀ ਲੰਘ ਜਾਵੇਗਾ ਉਸਨੂੰ ਜੁੱਧ ਵਿੱਚ ਸ਼ਸਤਰ ਨਹੀਂ ਲੱਗੇਗਾ। ਤਿੰਨ ਸਿੰਘ ਨਾਲ ਥੇ। ਵੱਟਿਆਂ ਉੱਤੇ ਦੀ ਪੈਰ ਧਰਕੇ ਲੰਘੇ। ਸ੍ਰੀ ਸਤਿਗੁਰੂ ਜੀ ਸਿੱਧੇ ਈ ਖੇਤ ਦੇ ਵਿਚ ਦੀ ਲੰਘੇ।

ਜੇੜ੍ਹਾ ਜਲ ਗੰਗਾ 'ਚੋਂ ਸ਼ੀਸ਼ੀਆਂ ਵਿਚ ਪਾਇਆ ਸੀ ਤਿਸਕਾ ਰੰਗ ਕਾਲਾ ਜਿਹਾ ਹੋ ਕੇ ਮੁਸ਼ਕ ਗਿਆ। ਸਿੰਘਾਂ ਨੇ ਜਾਣਿਆ ਜੋ ਸੱਤਾ ਕੱਢ ਆਂਦੀ ਹੈ ਤਾਂ ਜਲ ਮੁਸ਼ਕ ਗਿਆ ਹੈ। ਜਿਨ੍ਹਾਂ ਕੋਲ ਸ਼ੀਸ਼ੀਆਂ ਸੀਆਂ ਸੋ ਭੰਨ ਦਿੱਤੀਆਂ।

ਆਗੇ ਬ੍ਰਹਾਮਣਾਂ ਕਾ ਖੂਹ ਸੀ, ਡੇਰਾ ਕਰ ਦਿੱਤਾ। ਬਚਨ ਕੀਤਾ ਲੰਗਰ ਕੀ ਜਗ੍ਹਾ ਦੇਖਕੇ ਲੰਗਰ ਕਰੋ। ਸਿੰਘ ਦੇਖਣ ਤਾ ਬ੍ਰਾਹਮਣ ਹੀ ਬ੍ਰਾਹਮਣ ਨਜ਼ਰ ਆਵਣ। ਸਾਰੇ ਰਸੋਈ ਕਰਦੇ ਸੀ। ਸਿੰਘ ਨੇੜੇ ਨੂੰ ਜਾਣ ਤੇ ਓਹ ਕੈਹਣ ਸਾਡੀ ਰਸੋਈ ਛੂਤ ਕਰਦੇ ਹੋ। ਗੁਰੂ ਜੀ ਭੀ ਆਏ। ਉਨ੍ਹਾਂ ਨੇ ਕਹਾ ਕਿ ਸਿੰਘ ਸਾਡੀ ਰਸੋਈ ਭਿਟਦੇ ਹੈਨ। ਬਚਨ ਕੀਤਾ ਏਹ ਬਾਂਦਰ ਬੇੜਾ ਕੱਠਾ ਹੋਯਾ ਹੈ। ਕੈਹਣਾ ਨਹੀਂ ਮੰਨਦੇ ਹੈਂ। ਬਚਨ ਕੀਤਾ ਮੈਂ ਭੀ ਏਨ੍ਹਾਂ ਦੇ ਨਾਲ ਮਲੰਗ ਹੋਇ ਗਿਆ ਹਾਂ। ਏਹ ਸਾਰੇ ਹੀ ਕਮਲੇ ਹੈਂ। ਚਰਨ ਚੌਂਕੇ ਪਰ ਧਰ ਦੀਆ। ਬ੍ਰਾਹਮਣਾਂ ਨੇ ਆਟਾ ਦਾਲ ਚੁਕ ਲਿਆ। ਚੌਂਕਾ ਖਾਲੀ ਕਰ ਦਿੱਤਾ। ਸਿੰਘ ਲੇਪਨ ਦੇ ਕੇ ਪ੍ਰਸ਼ਾਦ ਸਜਾਉਣ ਲੱਗੇ। ਪੰਮੇ[2] ਨੂੰ ਪੁੱਛਿਆ ਖੋਰੀ[3] ਦੇਵੇਂਗਾ ਜਾਲਨ ਕੋ। ਪੰਮਾ ਜਲਿਆ ਬਲਿਆ ਕ੍ਰੋਧ ਨਾਲ ਖੋਰੀ ਨਾ ਦਿੱਤੀ। ਡੱਕੇ ਜਾਲਕੇ ਪ੍ਰਸ਼ਾਦ ਕੀਤਾ।

---

1 ਇਕ ਪ੍ਰਕਾਰ ਦਾ ਜੰਗਲੀ ਘਾਹ, ਜੋ ਬਰਸਾਤ ਵਿਚ ਉਗਦਾ ਹੈ, ਇਸ ਦੇ ਬੀਜ ਉੱਤੇ ਨਿੱਕੇ-ਨਿੱਕੇ ਕੰਢੇ ਬਹੁਤ ਹੁੰਦੇ ਹਨ ਜਰਾ ਛੂਹਣ ਤੇ ਅਜਿਹੇ ਚਿਮੜੇ ਹਨ ਕਿ ਔਖਿਆਂ ਉਤਰਦੇ ਹਨ।

2 ਬ੍ਰਾਹਮਣ।

3 ਗੰਨੇ ਦੇ ਆਗ ਤੋਂ ਹੇਠਾਂ ਦੇ ਸੁੱਕੇ ਪੱਤਰ।

ਏਤਨੇ ਮੇਂ ਏਕ ਫ਼ਰੰਗੀ ਆਇਆ। ਬੱਘੀ ਪਰ ਚੜਿਆ ਹੋਇਆ ਸੀ। ਗੁਰੂ ਜੀ ਫੁਰਤੀ ਨਾਲ ਉੱਠੇ, ਲਾਠੀ ਮਾਰੀ ਬੱਘੀ ਪਰ ਜਾਇਕੇ। ਫ਼ਰੰਗੀ ਘੋੜੇ ਨੂੰ ਛੇੜਕੇ ਲੈ ਗਿਆ ਬੱਘੀ ਭਜਾਇਕੇ। ਮਗਰ ਮਿੱਟੀ ਦੀਆਂ ਮੁਠੀਆਂ ਮਾਰੀਆਂ। ਬਚਨ ਕੀਤਾ ਧੁਆਡੀਆਂ ਡਾਕਾਂ ਬੰਦ ਕੀਤੀਆਂ ਹੈਨ।

ਸਵਾ ਪਹਿਰ ਦੇ ਤੜਕੇ ਬਚਨ ਕੀਤਾ ਗਰਮ ਜਲ ਲਿਆਵੋ, ਗਰਮ ਜਲ ਨਾਲ ਇਸ਼ਨਾਨ ਕਰਾਂਗੇ। ਜਲ ਕੀ ਵਲਟੋਹੀ ਤੱਤੀ ਕਰਕੇ ਸਿੰਘ ਇਸ਼ਨਾਨ ਕਰਾਵਣ। ਗੁਰੂ ਜੀ ਉੱਤੇ ਪਾਣੀ ਪੌਣ ਤੇ ਝੱਟ ਠੰਢਾ ਹੋਇ ਜਾਵੇ। ਏਕ ਸਿੰਘ ਨੇ ਜਲ ਨੂੰ ਹੱਥ ਲਾਇਕੇ ਦੇਖਿਆ ਤਾਂ ਪਾਣੀ ਠੰਢਾ ਹੈ। ਬਚਨ ਕੀਤਾ ਪਾਣੀ ਠੰਢਾ ਹੈ। ਆਸਾ ਕੀ ਵਾਰ ਦਾ ਅਰਦਾਸਾ ਕੀਤਾ। ਫੇਰ ਅੰਬਾਲੇ ਆਏ।

## ਗੁਰਦੁਆਰਾ ਮੰਜੀ ਸਾਹਿਬ

ਗੁਰਦੁਵਾਰਾ ਸ੍ਰੀ ਨੌਵੀਂ ਪਾਤਸ਼ਾਹੀ ਕਾ ਮੰਜੀ ਸਾਹਿਬ। ਏਥੇ ਆਇਕੇ ਗੁਰੂ ਜੀ ਢੋਲਕੀ ਨਾਲ ਸ਼ਬਦ ਪੜੇ "ਫਰੀਦਾ ਰੁਤਿ ਫਿਰੀ ਵਣੁ ਕੰਬਿਆ ਪਤ ਝੜੇ ਝੜਿ ਪਾਹਿ॥ ਚਾਰੇ ਕੁੰਡਾ ਢੂਢੀਆਂ ਰਹਣੁ ਕਿਥਾਊ ਨਾਹਿ॥[1]"

## ਬਾੜੇ ਕੇ ਪੜਾਓ ਆਏ

ਬਾੜੇ ਕੇ ਪੜਾਓ ਆਇ ਉੱਤਰੇ। ਗੱਡਾ ਸੜਕ ਪਰ ਖੜ੍ਹਾ ਕਰਕੇ ਆਪ ਗੁਰੂ ਜੀ ਖੂਹ ਪਰ ਜਾਇਕੇ ਕੇਸੂ[2] ਪਾਣੀ ਮੇਂ ਭਿਓਂ ਦਿੱਤੇ। ਏਕ ਆਪਨੀ ਦਸਤਾਰ, ਇਕ ਬਾਬੇ ਸਾਹਿਬ ਸਿੰਘ ਕੀ ਰੰਗੀ। ਬਾਕੀ ਜੱਸਾਂ ਪਰ ਛਿੜਕੇ ਤੇ ਸੋਭਾ ਸਿੰਘ ਪਰ ਛਿੜਕੇ। ਲਾਠੀ ਫੜਕੇ ਅੱਕ ਦੀਆਂ ਕੁਕੜੀਆਂ ਕੋ ਮਾਰ ਕੇ ਕੱਟ ਦੇਣ। ਸੋਭਾ ਸਿੰਘ ਨੂੰ ਪੁੱਛਿਆ ਕੀ ਵੱਢਿਆ ਹੈ? ਉਸ ਕਹਾ ਕਿ ਅੱਕ ਕਾ ਟੂਸਾ ਵੱਢਿਆ ਹੈ। ਬਚਨ ਕੀਤਾ ਫ਼ਰੰਗੀ ਵੱਢੇ ਹੈਂ। ਸੋਭਾ ਸਿੰਘ ਨੇ ਪੁੱਛਿਆ ਕਿੰਨ ਵੱਢੇ ਹੈਂ? ਬਚਨ ਕੀਤਾ ਰੂਸਾਂ ਨੇ। ਸੋਭਾ ਸਿੰਘ ਪੁੱਛਿਆ ਕਿ ਰੂਸ ਕਿੱਧਰ ਹੈਂ? ਬਚਨ ਹੋਇਆ ਕਿ ਲੈਂਦ੍ਹੀ ਧਰਤੀ ਥੀਂ ਆਵੇਗਾ।

ਅਗੇ ਤੁਰੇ ਤਾ ਰਸਤੇ ਮੈਂ ਇਕ ਥਾਣੇਦਾਰ ਆਇਆ। ਹੁੱਕਾ ਉਸ ਕੇ ਹਾਥ ਮੇਂ ਥਾ। ਗੁਰੂ ਜੀ ਕਾਮਤਾ ਮਾਰਿਆ, ਚਿਲਮ ਟੁਟ ਗਈ। ਥਾਣੇਦਾਰ ਨੇ ਕਹਾ ਕੋਈ ਸਪਾਹੀ ਹੈ? ਸ੍ਰੀ ਸਤਿਗੁਰੂ ਜੀ ਬਚਨ ਕੀਤਾ ਕੋਈ ਸਿੰਘ ਹੈ? ਥਾਣੇਦਾਰ ਘੋੜੇ ਨੂੰ ਅੱਡੀ ਲਾ ਭਜਾਇਕੇ ਜਾਨ

1 ਅੰਬਾਲੇ ਗੁਰੂ ਤੇਗ ਬਹਾਦਰ ਜੀ ਦੇ ਗੁਰਦੁਆਰੇ ਮੰਜੀ ਸਾਹਿਬ ਵਾਲੀ ਜਗ੍ਹਾ ਦੇ ਬਾਹਰ ਪ੍ਰਕਰਮਾ ਦੇ ਥੜੇ ਤੋਂ ਚੜ੍ਹਦੇ ਵੱਲ ਸਤਿਗੁਰੂ ਜੀ ਹੱਥ ਵਿੱਚ ਇੱਕ ਨਿੰਮ ਦੀ ਛੁਟੀ ਲੈਕੇ ਬੈਠ ਗਏ। ਛਟੀ ਦਾ ਇਕ ਸਿਰਾ ਜਮੀਨ ਤੇ ਰੱਖਕੇ ਦੂਜਾ ਆਪਣੇ ਕਰਕਮਲਾਂ ਨਾਲ ਹਿਲਾਈ ਗਏ ਅਤੇ ਸਿੱਖਾਂ ਨੂੰ ਹੁਕਮ ਕੀਤਾ ਕਿ ਉਸ ਜਗ੍ਹਾ ਪਾਣੀ ਪਾਈ ਜਾਓ। ਸਿੰਘ ਗਾਗਰਾਂ ਅਤੇ ਗੜਵਿਆਂ ਨਾਲ ਪਾਣੀ ਪਾਈ ਜਾਣ। ਪਾਣੀ ਇੰਝ ਸੜੀ ਜਾਂਦਾ ਸੀ ਜਿਸ ਤਰ੍ਹਾਂ ਤੱਤੇ ਤਵੇ ਤੇ ਪਾਣੀ ਦੀ ਬੂੰਦ। ਇਸ ਤਰ੍ਹਾਂ ਇੱਕ ਪਹਿਰ ਪਾਣੀ ਪਾਈ ਗਏ।
ਸਿੰਘਾਂ ਬੇਨਤੀ ਕੀਤੀ ਸੱਚੇ ਪਾਤਸ਼ਾਹ ਜੀ ਏਹ ਕੀ ਕੌਤਕ ਹੈ? ਬਚਨ ਕੀਤਾ ਇਹ ਓਹ ਮੰਤਰ ਸੀ ਜੇੜ੍ਹਾ ਨਿਰਮਲਿਆਂ ਨੇ ਗੰਗਾ ਤੇ ਸਾਡੇ ਉੱਤੇ ਛੱਡਿਆ ਸੀ ਕਾਗਜ਼ ਤੇ ਲਿਖਕੇ। ਹੁਣ ਉਸ ਦਾ ਖ਼ਾਤਮਾ ਕੀਤਾ ਹੈ। ਮੰਤਰ ਦੀ ਸ਼ਕਤੀ ਨਾਲ ਹੀ ਪਾਣੀ ਸੜੀ ਜਾਂਦਾ ਸੀ।

2 ਢੱਕ ਦੇ ਰੁੱਖ ਨੂੰ ਲੱਗਣ ਵਾਲੇ ਫੁੱਲ।

ਬਚਾਇ ਗਿਆ। ਗੁਰੂ ਜੀ ਕੀ ਸਿਆਨ ਰੱਖੀ ਥਾਨੇਦਾਰ ਨੇ।

## ਖੰਨੇ ਪਹੁੰਚੇ

ਅੱਗੇ ਖੰਨੇ ਆਏ। ਉਥੇ ਥਾਣੇਦਾਰ ਖੜਾ ਸੀ ਜਿਸਕੀ ਚਿਲਮ ਭੰਨੀ ਸੀ। ਉਸਨੇ ਆਦਮੀਂ ਇਕੱਠੇ ਕੀਤੇ ਹੋਏ ਸੀ। ਥਾਣੇਦਾਰ ਨੇ ਕਹਾ ਫੜ ਕੇ ਲੈ ਆਵੋ ਲੰਬੀ ਗਰਦਨ ਵਾਲੇ ਕੋ। ਸੰਗਤ ਆਗੇ ਤੋਰੀ। ਤੁਰਕ ਆਏ। ਆਗੇ ਗੁਰੂ ਜੀ ਨੇ ਲਾਠੀ ਦਿਖਾਈ। ਉਨ੍ਹਾਂ ਵਿੱਚੋਂ ਇਕ ਤੁਰਕ ਆਇਆ। ਉਸਨੇ ਆਉਂਦੇ ਨੇ ਲਾਠੀ ਚਲਾਈ। ਗੁਰੂ ਜੀ ਲਾਠੀ ਬੋਚ ਲਈ। ਜਾਂ ਗੁਰੂ ਜੀ ਲਾਠੀ ਮਾਰੀ ਤਾਂ ਉਸ ਕੀ ਪੁੜਪੁੜੀ ਪਰ ਲਗੀ। ਤੁਰਕ ਬੇਹੋਸ਼ ਹੋ ਕੇ ਧਰਤੀ ਪਰ ਡਿਗ ਗਿਆ। ਥਾਣੇਦਾਰ ਨੇ ਸਮਝਿਆ ਖ਼ੂਨ ਹੋ ਗਿਆ ਹੈ। ਉਸਨੇ ਸਪਾਹੀ ਹਿੰਦੂ ਸਿੱਖ ਭੇਜੇ ਜਾਇਕੇ ਅਗੇ ਤੋਰ ਆਵੋ। ਸਪਾਹੀ ਹੱਥ ਜੋੜਕੇ ਅਧੀਨਗੀ ਨਾਲ ਕੈਹਣੇ ਲਗੇ ਜੀ ਥਾਣੇਦਾਰ ਨੇ ਮਾੜੀ ਕੀਤੀ ਹੈ। ਹੁਣ ਥਰ-ਥਰ ਕੰਬਦਾ ਹੈ। ਆਪ ਬਖਸ਼ਣ ਯੋਗ ਹੋ। ਆਪ ਖਿਮਾ ਕਰੋ ਜੀ। ਜੀਵ ਸਦਾ ਈ ਭੁਲਣਹਾਰ ਹੈ। ਬਚਨ ਕੀਤਾ ਜ਼ੋਰ ਲਾਇ ਲਿਆ ਜੇੜ੍ਹਾਂ ਲਾਵਣਾ ਸੀ? ਗੰਗਾ ਯਾਤਰੂਆਂ ਕੋ ਮਰਵਾਂਵਦਾ ਹੈ। ਅਸੀਂ ਉਸਦੇ ਅਫ਼ਸਰ ਤੇ ਬੰਦੋਬਸਤ ਕਰਵਾਵਾਂਗੇ। ਏਹ ਬੇ-ਅਦਲ ਕਮਾਂਵਦਾ ਹੈ।

ਖੰਨੇ ਕੀ ਢੱਕੀ ਮੇਂ ਉਦਾਸੀ ਸਾਧਾਂ ਕਾ ਡੇਰਾ ਸੀ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਸਾਫ਼ ਰੰਗ ਲਵੋ। ਉਸੀ ਵਕਤ ਸਭ ਨੇ ਬਸਤਰ ਚਿੱਟੇ ਪਹਿਰੇ ਤੇ ਸਾਫ਼ੇ ਕੇਸੂਆਂ ਵਿੱਚ ਰੰਗ ਲਏ। ਸਭ ਸੁੰਦਰ ਛਬ ਜੰਵ ਵਾਂਗੂੰ ਲਗੇ ਮਾਨੋਂ ਹੰਸਾਂ ਕੀ ਡਾਰ ਵਾਂਗੂੰ ਦਿਸਦੇ ਹੈਂ। ਏਕ ਬਾਟੇ ਮੇਂ ਕੇਸੂ ਭਿਓਂ ਦਿੱਤੇ। ਜਾਂ ਰੰਗ ਹੋਇਆ ਤਾਂ ਸਿੰਘਾਂ ਪਰ ਛਿੜਕਿਆ।

## ਤੇਰੀਆਂ ਤੂੰ ਹੀ ਜਾਣੇਂ

ਬਚਨ ਕੀਤਾ ਬਾਬੇ ਜੱਸਾ ਸਿੰਘ ਕੋਲ ਜਾਇਕੇ, ਬੁੱਧ ਸਿੰਘ ਮੈਂ ਤੈਨੂੰ ਕਹਿ ਰਿਹਾ ਸਾਂ ਬਾਬੇ ਨੂੰ ਹੁਣੇ ਧਰਕੇ ਗੱਡੇ ਸਣੇ ਫੂਕ ਕੇ ਸੁਟ ਚਲੀਏ ਗੰਗਾ ਮੇਂ, ਨਾਲੇ ਦਮੇਂ ਕੀ ਬਿਮਾਰੀ ਚਲੀ ਜਾਂਦੀ। ਬਾਬੇ ਜੀ ਹੱਥ ਬੰਨ੍ਹ ਕੇ ਕਹਾ ਕਿ ਤੇਰੀਆਂ ਤੂੰ ਹੀ ਜਾਣੇਂ।

ਗੁਰੂ ਜੀ ਬਚਨ ਕੀਤਾ ਦਾਈ ਕਿਸ ਨੂੰ ਬਣਾਈਏ? ਚੰਦੋ ਨੇ ਕਹਾ ਜੀ ਜਿਸ ਨੂੰ ਤੁਹਾਡੀ ਮਰਜੀ ਹੈ ਤਿਸ ਨੂੰ ਬਣਾਓ। ਬਚਨ ਕੀਤਾ ਜੱਸਾਂ ਨੂੰ ਨੈਣ ਬਣਾ ਲੈਂਦੇ ਹਾਂ। ਜੱਸਾਂ ਕੇ ਸਿਰ ਪਰ ਜਾਇ ਖੜੇ ਹੋਏ। ਬਚਨ ਕੀਤਾ ਨਿਕੀਆਂ ਅੱਖੀਆਂ ਭਿਨਕਣ ਮੱਖੀਆਂ, ਮੋਮ ਦਾ ਟਿੱਕਾ ਲਾਇਆ। ਬਚਨ ਕੀਤਾ ਜੱਸਾਂ ਤੇਰੇ ਨਾਲ ਚੁੜੇਲਾਂ ਰਹਿੰਦੀਆਂ ਸੀਆਂ ਸੋ ਕਢੀਆਂ ਹਨ। ਮਾਈ ਨੇ ਕਹਿਆ ਛੁਡਾ ਵੇ ਸੁੱਧਿਆ, ਮੈਂ ਤੁਹਾਡੀ ਮਾਂ ਲਗਦੀ ਹਾਂ। ਨੇੜੇ ਡਰਦਾ ਕੋਈ ਨਾ ਸੀ ਜਾਂਦਾ ਕਿਉਂਕਿ ਮਾਰਦੇ ਹੈਨ।

ਮਾਈ ਜੱਸਾਂ ਬੀਬੜੀਆਂ[1] ਕੋ ਮੰਨਦੀ ਹੁੰਦੀ ਸੀ। ਗਲ਼ ਮੇਂ ਚਾਂਦੀ ਕੀ ਚੌਕੀ ਪਾਈ ਹੋਈ

1 ਨੈਨਾ ਦੇਵੀ, ਜਵਾਲਾ ਦੇਵੀ, ਚਿੰਤਪੁਰਨੀ ਆਦਿ ਦੇਵੀਆਂ।ਬੀਬੜੀਆਂ ਦਾ ਮੇਲਾ ਪਿੰਡ ਸ਼ਹਿਣਾ(ਬਰਨਾਲਾ) ਵਿਖੇ ਲੱਗਦਾ ਹੈ।

ਸੀ। ਉਸ ਪਰ ਬੀਬੜੀਆਂ ਕੀ ਮੂਰਤ ਬਣੀ ਹੋਈ ਸੀ। ਗੁਰੂ ਜੀ ਚੌਕੀ ਲਾਹ ਲਈ।

## ਆਵੋ ਮਹੰਤੀ ਦੇਵੀਏ

ਸਫ਼ਾਜੰਗ ਹੱਥ ਵਿੱਚ ਲੈ ਕੇ ਬਚਨ ਕੀਤਾ ਏਸ ਪਰਸਰਾਮ ਨਾਲ ਵਜੀਰਾ ਨੰਬਰਦਾਰ ਕੁਟਣਾ ਹੈ। ਫ਼ੇਰ ਬਚਨ ਕੀਤਾ ਆਵੋ ਮਹੰਤੀ ਦੇਵੀਏ ਜਿਸਨੇ ਲੈਣੀ ਹੈ। ਮਾਰ ਤੇ ਡਰਦਾ ਕੋਈ ਨੇੜੇ ਨਾ ਆਇਆ। ਮਹੰਤੀ, ਮਾਰ ਕੀ ਦੇਣਗੇ। ਸਭ ਚੁਪ ਕਰ ਰਹੇ। ਕਿਸੇ ਦਾ ਹੌਂਸਲਾ ਨਾ ਪਵੇ ਅੱਗੇ ਜਾਣ ਦਾ। ਜਾਂ ਕੋਈ ਨਾ ਅੱਗੇ ਹੋਇਆ ਤਾਂ ਪਰਸਰਾਮ ਕੋ ਇਸ਼ਨਾਨ ਕਰਵਾਇਆ ਤੇ ਤਿਲਕ ਚੜ੍ਹਾਇਆ। ਉੱਥੇ ਰੁਮਾਲ ਪਾਇਆ ਤੇ ਅੱਗੇ ਮੱਥਾ ਟੇਕਿਆ। ਗੁਰੂ ਜੀ ਬਚਨ ਕੀਤਾ ਕੋਈ ਨਹੀਂ ਲੈਂਦਾ ਮਹੰਤੀ ਤਾਂ ਪਰਸਰਾਮ ਕੋ ਦਿੱਤੀ ਹੈ ਮਹੰਤੀ। ਮਾਨੋਂ ਨਰਸਿੰਘ ਰੂਪ ਧਾਰਿਆ ਹੈ। ਡਰਦਾ ਨੇੜੇ ਕੋਈ ਨਹੀਂ ਜਾਂਦਾ ਹੈ।

## ਰਾਮਦਾਸ ਪੁਰੇ ਸਾਹਿਬ ਆਏ

ਅਰਦਾਸਾ ਕਰਕੇ ਚੱਲੇ। ਦੋ ਸਿੰਘਾਂ ਨੇ ਅਰਜ਼ ਕੀਤੀ ਜੀ ਸਾਨੂੰ ਰੁਖ਼ਸਦ ਦੇਵੋ ਅਸੀਂ ਜਾਈਏ ਘਰਾਂ ਨੂੰ। ਗੁਰੂ ਜੀ ਚਪੇੜ ਉਘਰੀ ਤੇ ਬਚਨ ਕੀਤਾ ਰਾਮਦਾਸ ਪੁਰੇ ਤੇ ਜਾਣਾ ਮਿਲੇਗਾ।

ਅੱਗੇ ਏਕ ਮੁਨਸ਼ੀ ਥੀਂ ਚੌਂਤੀ ਰੁਪਏ ਲੈਣੇ ਸੇ। ਗੁਰੂ ਜੀ ਮੰਗੇ ਤਾਂ ਉਸਨੇ ਕਹਾ ਜੀ ਮੈਂ ਘਰ ਦੇ ਆਵਾਂਗਾ। ਅੱਗੇ ਆਏ। ਮਗਰੋਂ ਏਕ ਸਿੰਘ ਨੇ ਗਾਲ਼ ਕਢੀ ਉਸਨੂੰ, ਤਾਂ ਉਸਨੇ ਉੱਠਕੇ ਸਿੰਘ ਕੇ ਗਲ਼ ਮੇ ਕਪੜਾ ਪਾਇਕੇ ਖੜਾ ਕੀਤਾ। ਗੁਰੂ ਜੀ ਪਿਛੋਂ ਮੁੜਕੇ ਦੇਖਕੇ ਬਚਨ ਕੀਤਾ ਤੈਂ ਕਿਓਂ ਏਸ ਨੂੰ ਗਾਲ਼ਾਂ ਕਢੀਆਂ ਹਨ? ਮੇਰੀ ਰੀਸ ਕਰਦੇ ਹੈਂ? ਮੈਂ ਤਾਂ ਜਿਸਨੂੰ ਗਾਲ਼ ਕਢਦਾ ਹਾਂ ਉਸਦੀ ਸੱਤਿਆ ਪੈਹਲੇ ਕੱਢ ਲੈਂਦਾ ਹਾਂ। ਮੈਂ ਭਮਾਂ[1] ਮਾਰ ਬੀ ਲਵਾਂ ਤਾਂ ਭੀ ਅੱਗੋਂ ਕੋਈ ਨਹੀਂ ਬੋਲਦਾ ਹੈ। ਸਤਿਗੁਰੂ ਜੀ ਰਾਮਦਾਸਪੁਰੇ ਮੇਂ ਆਏ।

♦

1 ਭਾਵੇਂ।

# ਪ੍ਰਚਾਰ ਵਧਦਾ ਗਿਆ

## ਵਜੀਰੇ ਨੰਬਰਦਾਰ ਨੂੰ ਕੁੱਟਿਆ

ਅੱਗੇ ਵਜੀਰਾ ਨੰਬਰਦਾਰ ਸੀ, ਤਿਸਨੇ ਆਇ ਮੱਥਾ ਟੇਕਿਆ। ਪੁੱਠੇ ਪਰਸਰਾਮ ਨਾਲ ਕੁੱਟਿਆ। ਬਚਨ ਕੀਤਾ ਤੁਸੀਂ ਦਿਲ ਦੇ ਖੋਟੇ ਹੋ। ਪਾਪੀ ਆਦਮੀ ਪਿਛਲੇ ਜਨਮ ਥੀਂ ਲੈ ਕੇ ਖੁਟਿਆਈਆਂ ਕਰਦੇ ਹੋ ਨਾਲੇ ਸਾਡੀ ਚੁਗਲੀ ਕਰਦੇ ਹੋ ਨਾਲੇ ਸਾਡੇ ਚਰਨੀਂ ਪੈਂਦੇ ਹੋ। ਝੂਠੀ ਭਗਤੀ ਜਗਾਉਂਨਾ ਹੈਂ? ਝੂਠੇ ਕੀ ਤਾਂ ਜੜ ਪਟਣੀ ਹੈ। ਸਾਨੂੰ ਝੂਠੇ ਲੋਕ ਅੱਛੇ ਨਹੀਂ ਲਗਦੇ, ਚਾਹੇ ਆਪਣਾ ਹੋਵੇ ਚਾਹੇ ਪਰਾਇਆ ਹੋਵੇ। ਝੂਠਿਆਂ ਕੋ ਮਾਰ ਕੇ ਖਪਾਇ ਦੇਵਾਂਗੇ। ਸੱਚ ਨੂੰ ਦੇਖਕੇ ਰਾਜੀ ਹੁੰਦੇ ਹੈਂ। ਸੱਚ ਹੀ ਪਿਆਰਾ ਲਗਦਾ ਹੈ। ਮਾਰ ਤਾਂ ਹੁਣੇ ਦੇਣਾ ਸੀ ਪਰ ਸਾਡੇ ਜੁੰਮੇਂ ਲਗਣਾ ਸੀ। ਤੀਏ ਵਰ੍ਹੇ ਕੋ ਮਰੇਂਗਾ। ਏਸੇ ਤਰ੍ਹਾਂ ਹੋਇਆ। ਗੱਡੇ ਹੇਠਾਂ ਆਇਕੇ ਤੀਏ ਵਰ੍ਹੇ ਮਰ ਗਿਆ ਸੀ।

ਨੰਬਰਦਾਰ ਕਾ ਪੁੱਤ ਮੰਜੇ ਉੱਤੇ ਪਾਇਕੇ ਲੈ ਗਿਆ। ਥਾਣੇ ਜਾਇਕੇ ਇਤਲਾਹ ਦਿੱਤੀ ਰਾਮ ਸਿੰਘ ਲੁਹਾਰ ਨੇ ਮੇਰਾ ਪਿਓ ਜ਼ਖਮੀਂ ਕਰ ਦਿੱਤਾ ਹੈ। ਥਾਣੇਦਾਰ ਨੇ ਸਤਿਗੁਰੂ ਜੀ ਨੂੰ ਸਦਵਾਇਆ। ਗੁਰੂ ਜੀ ਪੈਹਲੇ ਇਸ਼ਨਾਨ ਕੀਤਾ ਫੇਰ ਹਵਨ ਕੀਤਾ। ਚਿੱਟੀ ਪੁਸ਼ਾਕ ਪਾਇਕੇ ਗਏ। ਥਾਣੇਦਾਰ ਨੇ ਨੰਬਰਦਾਰ ਦੇ ਪੁਤ ਥੀਂ ਪੁੱਛਿਆ ਕਿਵੇਂ ਹੋਈ ਹੈ। ਉਸਨੇ ਕਹਿਆ ਕਿ ਚੋਰਾਂ ਯਾਰਾਂ ਨੂੰ ਰੱਖਦਾ ਹੈ। ਮਾਝੇ ਦੇ ਧਾੜਵੀ ਰੱਖਦਾ ਹੈ। ਮੇਰਾ ਪਿਓ ਮੱਥਾ ਟੇਕਣ ਗਿਆ ਸੀ, ਕੁਹਾੜੀਆਂ ਮਾਰੀਆਂ ਸੂ। ਥਾਣੇਦਾਰ ਨੇ ਕਹਾ ਕਿ ਤੇਰਾ ਇਜ਼ਹਾਰ ਝੂਠਾ ਹੈ ਜੋ ਤੂੰ ਕੈਂਹਦਾ ਹੈਂ ਚੋਰਾਂ ਯਾਰਾਂ ਨੂੰ ਰੱਖਦਾ ਹੈ। ਜੇ ਚੋਰਾਂ ਯਾਰਾਂ ਨੂੰ ਰੱਖਦਾ ਹੋਵੇ ਤਾਂ ਨੰਬਰਦਾਰ ਦਾ ਕੀ ਮਤਲਬ ਹੈ ਚਰਨੀਂ ਲਗਣ ਦਾ, ਮੱਥਾ ਟੇਕਣ ਦਾ? ਤੂੰ ਸੰਤਾਂ ਉੱਤੇ ਝੂਠਾ ਤੂਫਾਨ ਲਾਉਂਦਾ ਹੈਂ। ਤੂੰ ਸੰਤਾਂ ਨਾਲ ਖੈਂਹਦਾ ਹੈਂ। ਥਾਣੇਦਾਰ ਨੇ ਕਹਾ ਸੰਤੋਂ ਆਪ ਜਾਵੋ, ਤੁਸੀਂ ਮਹਾਤਮਾ ਹੋ। ਘਰ ਕੋ ਆਇ ਗਏ।

## ਧਰਤੀ ਪਰ ਧਰਮ ਚਲਾਵਾਂਗੇ

ਰਾਤ ਕੋ ਮੰਦਰਾਂ ਉੱਤੇ ਸੰਗਤ ਪਈ ਸੀ। ਬਚਨ ਕੀਤਾ ਸਤਿਗੁਰੂ ਜੀ ਪੇਟ ਭਰ ਕੇ ਜੱਟ ਪਏ ਹਨ। ਜੇੜ੍ਹਾ ਕੋਈ ਜਾਗਦਾ ਸੀ ਸੋ ਪਿਆ ਹੀ ਸੁਣੀ ਜਾਂਦਾ ਸੀ। ਸਤਿਗੁਰੂ ਜੀ ਬਚਨ ਕੀਤਾ ਝੂਠੇ ਗੁਰੂਆਂ ਤੇ ਝੂਠੇ ਪੀਰਾਂ ਨੂੰ ਦਰਗਾਹ ਮੈ ਝੂਠੇ ਕਰਕੇ ਆਇਆ ਹਾਂ। ਸੇਲੇ[1] ਲਈ ਹੱਥਾਂ ਮੈ ਤੁਰੇ ਆਉਂਦੇ ਹੈਂ। ਬਿਕਰਾਲ ਰੂਪ ਧਾਰਕੇ ਦਿਖਾਲਦੇ ਹੈਂ। ਆਖਦੇ ਹੈਂ ਸਾਡੇ ਸਿੱਖਾਂ ਸੇਵਕਾਂ ਨੂੰ ਖੋਹਕੇ ਆਪਣੇ ਸਿੱਖ ਬਣਾਈ ਜਾਂਦਾ ਹੈ। ਮੇਰੇ ਉੱਤੇ ਕਰੋਪ ਕਰਦੇ ਚਿਪ ਚਿਪ ਕੇ ਆਉਂਦੇ ਹੈ ਪਰ ਪੇਸ਼ ਕਿਸੇ ਦੀ ਨਹੀਂ ਜਾਂਦੀ। ਝੂਠੇ ਹੋਇ ਹੋਇਕੇ ਤੁਰੇ ਜਾਂਦੇ ਹੈਂ। ਆਗੇ ਠਹਿਰਨੇ ਨਹੀਂ

1 ਬਰਛਾ

ਪੈਂਦੇ ਹੈਂ। ਸ਼ਹੀਦ ਮਾਰਕੇ ਹਟਾਇ ਦੇਂਦੇ ਹੈਂ। ਮੈਨੂੰ ਅਕਾਲ ਪੁਰਖ ਨੇ ਭੇਜਿਆ ਹੈ, ਖੌਸੜਾ[1] ਫੜ੍ਹ ਕੇ ਆਇਆ ਹਾਂ। ਜੇੜ੍ਹਾ ਆਪਣਾ ਆਪ ਜਨਾਵੇਗਾ ਤਿਸ ਕੋ ਖੌਸੜੇ ਨਾਲ ਸਿੱਧਾ ਕਰਾਂਗਾ।

ਕਿਸੇ ਸਿੰਘ ਨੇ ਕਹਿਆ ਕਿ ਰਾਜੇ ਰਾਜੇ ਮਿਲ ਜਾਵਣਗੇ। ਗੁਰੂ ਜੀ ਬਚਨ ਕੀਤਾ ਸ੍ਰੀ ਗ੍ਰੰਥ ਸਾਹਿਬ ਮੇਂ ਲਿਖਾ ਹੈ- "ਸਾਧ ਬਚਨ ਅਟਲਾਧਾ"। ਭਾਵੇਂ ਲੈਹਦਿਓਂ ਸੂਰਜ ਚੜ੍ਹੇ, ਧਰਤੀ ਬਾਰਸ਼ ਕਰੇ, ਜਲ ਉੱਪਰ ਕੋ ਜਾਏ, ਜੋ ਜੋ ਗੰਗਾ ਪਰ ਬਚਨ ਕੀਤੇ ਹੈਨ ਸੋ ਸਭ ਪੂਰੇ ਹੋਵਣਗੇ। ਆਗੇ ਪਾਪੀਆਂ ਕੀਆਂ ਜੜ੍ਹਾਂ ਪਟਕੇ ਪਤਾਲ ਤੋਂ, ਧਰਤੀ ਪਰ ਧਰਮ ਚਲਾਵਾਂਗੇ।

## ਸੰਤਾਂ ਕੇ ਬਚਨ ਐਸੇ ਹੀ ਹੁੰਦੇ ਹੈਂ

ਰਾਤ ਕੋ ਦੌਲੀ[2] ਕੇ ਸਿਰ ਪਰ ਖੜੇ ਹੋਇਕੇ ਬਚਨ ਕੀਤਾ ਤੈਨੂੰ ਲੋਕ ਲਾਜ ਤੇ ਛੁਡਾਇਆ ਹੈ। ਮਾਈ ਜੱਸਾਂ ਦੌਲੀ ਅਰ ਭੋਲੀ ਕੋ ਤੋਰਨ ਗਈ। ਭੋਲੀ ਨੇ ਕਹਾ ਕਿ ਜਿਤਨੀ ਮਾਰ ਪਈ ਹੈ ਸੋ ਫੁੱਲਾਂ ਵਾਂਗ ਲੱਗੀ ਹੈ। ਭੈ ਬੜਾ ਸੀ ਕਿ ਮਾਰ ਨਾ ਦੇਵਣ। ਗੱਲਾਂ ਕਰਦੀ ਡਰਦੀ ਮਾਰੀ ਮਾਈ ਜੱਸਾਂ ਬੀ ਚਲੀ ਗਈ ਲੁਧਿਹਾਣੇ। ਮਾਮੀਂ ਰਾਮੀਂ ਕੋ ਕਹਿਣੇ ਲਗੀ ਕਿ ਮੈਨੂੰ ਲੁਕਾਇ ਲੈ। ਮੈਂ ਮਾਰ ਥੀਂ ਡਰਦੀ ਆਈ ਹਾਂ। ਮਾਮੀਂ ਨੇ ਕਹਾ ਮੈਂ ਤੈਨੂੰ ਕਿੱਥੇ ਲੁਕਾਵਾਂ? ਉਨ੍ਹਾਂ ਕੋਲੋਂ ਤਾ ਭੈ ਆਂਵਦਾ ਹੈ। ਮਾਈ ਜੱਸਾਂ ਨੇ ਬੀ ਗੰਗਾ ਕੇ ਬਚਨ ਸੁਣਾਏ। ਸੁਣਕੇ ਮਾਮੀਂ ਬੜੀ ਭੈ ਮਾਨ ਹੋਈ। ਕਹਾ ਕਿ ਉਹ ਤਾਂ ਅੰਤਰਯਾਮੀ ਹੈ। ਸਾਡੀ ਕੁਲ ਪਵਿਤ੍ਰ ਕਰੀ ਹੈ। ਸਰਬ ਘਟਾਂ ਕੀ ਜਾਨਣਹਾਰੇ ਹੈਂ।

ਅੰਮ੍ਰਿਤ ਵੇਲੇ ਗੁਰੂ ਜੀ ਬੀ ਲੁਧਿਹਾਣੇ ਮੇਂ ਜਾਇ ਰਹੇ। ਮਾਮੀਂ ਰਾਮੀਂ ਨੇ ਕਹਾ ਤੂੰ ਏਸਨੂੰ ਕਾਹਨੂੰ ਘੂਰਦਾ ਹੈਂ? ਜਾਂ ਰਾਮਦਾਸ ਪੁਰੇ ਨੂੰ ਆਏ ਤਾਂ ਗੁਰੂ ਜੀ ਬਚਨ ਕੀਤਾ ਜੱਸਾਂ ਤੂੰ ਡਰੀ ਕਿਉਂ ਥੀ? ਸੰਤਾਂ ਕੇ ਬਚਨ ਐਸੇ ਹੀ ਹੁੰਦੇ ਹੈਂ। ਭਿਆਨਕ ਰੂਪ ਧਾਰਿਆ ਹੋਇਆ ਸੀ। ਸਾਹਮਣੇ ਕੋਈ ਝਾਕ ਨਹੀਂ ਸੀ ਸਕਦਾ।

## ਮਾਈ ਟਰਪੱਲਿਆਂ ਵਾਲੀ

ਏਕ ਸਮੇਂ ਬਾਬੇ ਜਮੀਤ ਸਿੰਘ ਦੇ ਨਾਲ ਮਾਈ ਗੁਰ੍ਹਾਈ ਟਰਪੱਲਿਆਂ[3] ਵਾਲੀ ਗਈ ਹਜ਼ਰੋਂ ਮੈ। ਗੁਰੂ ਬਾਲਕ ਸਿੰਘ ਜੀ ਦਾ ਦੀਦਾਰ ਕੀਤਾ। ਸੀਸ ਨਿਵਾਇਕੇ ਅਰਜ਼ ਕੀਤੀ ਜੀ ਮੈਨੂੰ ਭਜਨ ਦਿਓ। ਗੁਰੂ ਜੀ ਬਚਨ ਕੀਤਾ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਇਕੰਤ ਬੈਠਕੇ ਦੇਖ, ਤੈਨੂੰ ਨਾਮ ਮਿਲੇਗਾ। ਮਾਈ ਇਕੰਤ ਬੈਠੀ। ਪਾਂਚ ਵੇਰ ਅਵਾਜ਼ਾ ਹੋਇਆ ਕੰਨ ਮੈ, ਭਜਨ ਦਾ। ਮਾਈ ਨੇ ਆਕੇ ਮੱਥਾ ਟੇਕਿਆ ਤੇ ਕਹਾ ਕਿ ਧੰਨ ਸੱਚਾ ਪਾਤਸ਼ਾਹ ਹੈ। ਗੁਰੂ ਜੀ ਕੀ ਉਸਤਤ ਕਰਨੇ ਲਗੀ। ਬੜਾ ਉਤਸ਼ਾਹ ਤੇ ਖੁਸ਼ੀ ਹੋਈ। ਜਾਂ ਤੁਰਨੇ ਲਗੇ ਤਾਂ ਗੁਰੂ ਜੀ (ਉਸਦੇ ਪਤੀ ਨੂੰ) ਬਚਨ

---

1 ਪੁਰਾਣੀ ਟੁੱਟੀ ਹੋਈ ਜੁੱਤੀ

2 ਇਹ ਮਾਈ ਗਿੱਲਾਂ ਦੀ, ਨੰਬਰਦਾਰ ਦੇ ਘਰੋਂ ਸੀ। ਇਸ ਦਾ ਪਤੀ ਸਾਧ ਸੰਗਤ ਵਿੱਚ ਜਾਣ ਨਹੀਂ ਸੀ ਦੇਂਦਾ। ਬਾਬਾ ਜਮੀਤ ਸਿੰਘ ਦੇ ਦਰਸ਼ਨ ਬਿਨਾਂ ਮਾਈ ਪ੍ਰਸ਼ਾਦ ਨਹੀਂ ਸੀ ਛਕਦੀ। ਜਿਨ੍ਹਾਂ ਚਿਰ ਮਾਈ ਦੌਲੀ ਵੀ ਲੰਗਰ ਵਿੱਚ ਨਾ ਆਵੇ ਬਾਬਾ ਜੀ ਭੀ ਪ੍ਰਸ਼ਾਦ ਨਹੀਂ ਸਨ ਛਕਦੇ।

3 ਜ਼ਿਲ੍ਹਾ ਸਿਆਲਕੋਟ, ਅੱਜਕਲ ਜ਼ਿਲ੍ਹਾ ਗੁਰਦਾਸਪੁਰ।

ਕੀਤਾ ਤੂੰ ਇਸ ਨੂੰ ਗੁਰੂ ਰੂਪ ਜਾਣੀਂ। ਜੋ ਕਹੇ ਸੋ ਮੰਨੀਂ। ਇਸਦਾ ਪੱਲਾ ਨਾ ਛੱਡੀਂ। ਗੁਰ੍ਹਾਈ ਆਪਣੇ ਘਰ ਮੇਂ ਆਈ। ਭਜਨ ਕਰਦੀ ਰਹੀ। ਨਿਗਾਹ ਹੋਇ ਗਈ ਸੀ।

ਉਸਕਾ ਚਲਨ ਦੇਖਕੇ ਉਸਕੇ ਪਤੀ ਨੇ ਕਹਾ ਗੁਰ੍ਹਾਈਏ ਮੇਰੇ ਪਰ ਭੀ ਨਿਗਾਹ ਕਰ। ਮਾਈ ਗੁਰ੍ਹਾਈ ਨੇ ਉਸਕੋ ਕਹਾ ਕਿ ਖਜ਼ਾਨਾ ਹੁਣ ਰਾਮਦਾਸ ਪੁਰੇ ਆਇ ਗਿਆ ਹੈ। ਲੁਧਿਹਾਣੇ ਸੇ ਦਸ ਕੋਸ ਹੈ। ਉਸਦਾ ਪਤੀ ਰਾਮਦਾਸ ਪੁਰੇ ਆਇ ਗਿਆ। ਦੀਦਾਰ ਕਰਕੇ ਸਤਿਗੁਰੂ ਜੀ ਕਾ, ਬੇਨਤੀ ਕੀਤੀ ਸੀਸ ਨਿਵਾਇਕੇ, ਜੀ ਮੈਂ ਗੁਰ੍ਹਾਈ ਕਾ ਭੇਜਿਆ ਆਇਆ ਹਾਂ। ਓਹ ਮੇਰੇ ਘਰੋਂ ਹੈ। ਉਸਨੇ ਮੈਨੂੰ ਆਪਕੀ ਦੱਸ ਪਾਈ ਹੈ ਤਾਂ ਮੈਂ ਚੱਲਕੇ ਆਇਆ ਹਾਂ। ਮੈਨੂੰ ਭਜਨ ਕਾ ਗਫ਼ਾ ਮਿਲੇ। ਇਸ਼ਨਾਨ ਕਰਾ ਕੇ ਭਜਨ ਦੇ ਕੇ ਸਤਿਗੁਰੂ ਜੀ ਬਚਨ ਕੀਤਾ ਗੁਰ੍ਹਾਈ ਭੀ ਏਹੀ ਭਜਨ ਕਰਦੀ ਹੈ। ਉਸਕੋ ਦਸਣ ਦਾ ਹੁਕਮ ਨਹੀਂ ਹੈ। ਤੀਨ ਵਾਰ ਥਾਪੀ ਦਿੱਤੀ। ਖੁਸ਼ੀਆਂ ਲੈ ਕੇ ਘਰ ਆਇਆ। ਭਜਨ ਕਰਿਆ ਕਰੋ।

ਏਕ ਦਿਨ ਦਿਲ ਵਿੱਚ ਸੋਚ ਹੋਈ ਕਿ ਮੈਨੂੰ ਦਰਸ਼ਨ ਨਹੀਂ ਹੁੰਦਾ। ਭਜਨ ਭੀ ਕੀਆ ਤੇ ਲੈ ਕੇ ਭੀ ਏਡੀ ਦੂਰੋਂ ਆਇਆ ਹਾਂ। ਰੋਜ਼ ਨਿਤ ਚਿਤਵਨੀਆਂ ਕਰੇ। ਥੋੜੀ ਦੇਰ ਬਾਅਦ ਸਤਿਗੁਰਾਂ ਨੇ ਦੀਦਾਰ ਦਿੱਤਾ। ਜਿਸ ਮੂਰਤੀ ਕਾ ਦੀਦਾਰ ਕਰਕੇ ਆਇਆ ਸੀ ਸੋਈ ਮੂਰਤੀ ਧਾਰਕੇ ਅੱਗੇ ਆਏ ਬੈਠੇ। ਜਾਂ ਚਰਨੀਂ ਹੱਥ ਲੈਣ ਕੇ ਹੱਥ ਅੱਗੇ ਕੀਤਾ ਹੱਥ ਮੇਂ ਕੁਝ ਨ ਆਇਆ। ਫੇਰ ਅੰਤ ਤੱਕ ਉਸੀ ਮੂਰਤੀ ਦਾ ਦੀਦਾਰ ਹੁੰਦਾ ਰਿਹਾ। ਆਪਣੀ ਸਿੰਘਣੀ ਨੂੰ ਕਹਾ ਕਰੇ ਗੁਰ੍ਹਾਈਏ ਤੇਰੇ ਪ੍ਰਤਾਪ ਨਾਲ ਮੈਨੂੰ ਭੀ ਸਤਿਗੁਰੂ ਜੀ ਕਾ ਰੋਜ਼ ਦੀਦਾਰ ਹੁੰਦਾ ਹੈ। ਸਵਾਸ ਸਵਾਸ ਭਜਨ ਕਰਦੇ ਰਹੇ। ਆਤਮ ਸੁਖ ਪ੍ਰਾਪਤ ਹੋਇਆ। ਇਕ ਦਿਨ ਕੈਹਨੇ ਲਗਾ ਗੁਰ੍ਹਾਈਏ ਤੂੰ ਵੀ ਸਤਿਗੁਰਾਂ ਦਾ ਦਰਸ਼ਨ ਕਰ ਲੈ। ਗੁਰ੍ਹਾਈ ਨੇ ਕਹਾ ਕਿ ਮੈਨੂੰ ਭੀ ਰੋਜ਼ ਦਰਸ਼ਨ ਹੁੰਦਾ ਹੈ ਪਰ ਤੂੰ ਬਾਲਕਾਂ ਨੂੰ ਨਾ ਕਿਹਾ ਕਰ ਕਿ ਮੈਨੂੰ ਦਰਸ਼ਨ ਹੁੰਦਾ ਹੈ। ਅੱਠੇ ਪਹਿਰ ਭਜਨ ਕਰਿਆ ਕਰੋ।

ਏਕ ਦਿਨ ਸਵਾ ਪਹਿਰ ਰਾਤ ਸੇ ਦੋਨੋਂ ਇਸ਼ਨਾਨ ਕਰਕੇ ਬੈਠੇ ਭਜਨ ਕਰਦੇ ਰਹੇ। ਸਿੰਘ ਨੇ ਕਹਾ ਕਿ ਗੁਰ੍ਹਾਈਏ ਕੁਝ ਦੇਖਿਆ ਈ। ਕਹਿਣੇ ਲਗੀ ਸਤਿਗੁਰੂ ਜੀ ਖੜ੍ਹੇ ਹੈਨ। ਹਾਥ ਮੈ ਸਲੋਤਰ ਹੈ। ਤੈਨੂੰ ਬਚਨ ਕਰਦੇ ਹੈਨ ਕਿ ਅੱਠੇ ਪਹਿਰ ਭਜਨ ਕਰਿਆ ਕਰ। ਗੁਰੂ ਜੀ ਬਚਨ ਕੀਤਾ ਹੈ ਕਿ ਬੋਕੇ ਕਾ ਜਲ ਨਾ ਛਕਿਆ ਕਰੋ। ਜਲ ਆਪ ਭਰਿਆ ਕਰੋ। ਝਿਊਰ ਭੀ ਹਟਾ ਦਿਓ। ਬਰਤਨ ਮਾਂਜਕੇ ਜਲ ਭਰਿਆ ਕਰੋ ਡੋਲ ਗੜਵੇ ਨਾਲ। ਚੌਂਕਾ ਦੇ ਕੇ ਪ੍ਰਸ਼ਾਦ ਕਰੋ। ਜੋੜੇ ਵਾਲੇ ਪੈਰ ਧੋਕੇ ਪਊਏ ਪਾਓ। ਮਦਾਨ ਵਾਲਾ ਗੜਵਾ ਦੋ ਵੇਰ ਮਾਂਜੋ। ਕਪਾਹਾ ਕਪੜਾ ਮਦਾਨ ਜਾ ਕੇ ਧੋ ਲਵੋ। ਚੀਤਾ ਜਲ ਨਾਲ ਛੱਡੋ। ਜੇ ਕਿਸੇ ਨਾਲ ਪੱਲਾ ਛੋ ਜਾਵੇ ਤਾਂ ਨਹਾ ਲੈਣਾ।

ਗੁਰੂ ਜੀ ਜਦ ਗੰਗਾ ਗਏ ਸੀ ਗੁਰ੍ਹਾਈ ਭੀ ਗਈ ਸੀ। ਰਾਮਦਾਸ ਪੁਰੇ ਆਇਕੇ ਗੁਰੂ ਜੀ ਬਚਨ ਕੀਤਾ ਤੈਨੂੰ ਭਜਨ ਕਰਨ ਕੋ ਜੋ ਕਹਾ ਸੀ ਸੋ ਤੂੰ ਭਜਨ ਕੀਤਾ ਕਰ। ਏਹ ਬੀ ਬਚਨ ਕੀਤਾ ਬਾਲਕ ਰੂਪ ਬਣ ਕੇ ਦਿਖਾਈਏ? ਗੁਰ੍ਹਾਈ ਨੇ ਕਹਾ ਜਿਵੇਂ ਆਪ ਕੀ ਰਜਾਇ ਹੈ ਤਿਵੇਂ

ਕਰੋ। ਗੁਰੂ ਜੀ ਚਾਦਰ ਮੁਖ ਪਰ ਲੈ ਕੇ ਲੰਮੇ ਪੈ ਗਏ। ਜਿਉਂ ਤਰੀਣ[1] ਦਿੱਤੀ ਹੈ ਅੱਗੇ ਨਾਲੋਂ ਦੋ ਗਜ਼ ਲੰਮੇ ਹੋ ਗਏ। ਫ਼ੇਰ ਸੂਖ਼ਮ ਸਰੀਰ ਕਰ ਲਿਆ। ਮਲੂਮ ਹੋਵੇ ਕਿ ਚਾਦਰ ਧਰਤੀ ਦੇ ਨਾਲ ਲੱਗੀ ਪਈ ਹੈ ਜਾਂ ਕਾਹਨ ਸਿੰਘ ਨੇ ਬੁਕਲ ਨੂੰ ਹੱਥ ਪਾਇਕੇ ਦੇਖਿਆ ਤਾਂ ਬਾਲਕ ਰੂਪ ਹੋਏ ਹੈਂ। ਮਾਈ ਗੁਰ੍ਹਾਈ ਨੇ ਭੀ ਹੱਥ ਪਾਇਕੇ ਦੇਖਿਆ ਤਾਂ ਬਾਲਕ ਰੂਪ ਹੋਏ ਹੋਇ ਹੈਂ। ਅੱਛੀ ਤਰ੍ਹਾਂ ਸੇ ਹੱਥ ਪਾਇਕੇ ਦੇਖਿਆ, ਸਾਰੇ ਸਰੀਰ ਕੇ ਅੰਗ ਦੇਖੇ। ਚਰਨ, ਉਂਗਲੀਆਂ, ਲੱਤਾਂ ਸਾਰਾ ਸਰੀਰ ਬਾਲਕ ਕਾ ਦੇਖਿਆ। ਦੇਖਕੇ ਕੌਤਕ ਕੋ ਅਸਚਰਜ ਰਹੇ।

## ਸੰਗਤ ਰਹੇਗੀ

ਏਕ ਪਰਨਾ ਲੈ ਕੇ ਸ੍ਰੀ ਸਤਿਗੁਰੂ ਜੀ ਲੀਰਾਂ ਲੀਰ ਕੀਤਾ। ਬਚਨ ਏਹ ਹੋਇਆ ਕਿ ਫ਼ਰੰਗੀਆਂ ਦੀ ਅਦਾਲਤ ਪਾੜੀ ਹੈ। ਹੁਣ ਅਦਾਲਤ ਨਾ ਰਹੇਗੀ। ਬੇ-ਅਦਾਲਤੀਆਂ ਕਰਨਗੇ ਤੇ ਰਾਜ ਏਨ੍ਹਾਂ ਕਾ ਜਾਏਗਾ।

ਅਗਲੇ ਦਿਨ ਸਿੰਘ ਤੁਰਨੇ ਲਗੇ ਤਾਂ ਸਤਿਗੁਰੂ ਜੀ ਭੀ ਨਾਲ ਗਏ ਅਗੇ ਤੋੜੀ ਤੋਰਨ। ਅੱਗੇ ਜਾਇਕੇ ਬਚਨ ਕੀਤਾ- "ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ।" ਏਹ ਨਾ ਜਾਨਣਾ ਜੋ ਮੈਂ ਦੂਰ ਹਾਂ। ਮੈਂ ਓਥੇ ਭੀ ਹਾਜ਼ਰ ਹਜ਼ੂਰ ਹਾਂ। ਸੰਗਤ ਨੇ ਚਰਨਾਂ ਪਰ ਮੱਥਾ ਟੇਕਿਆ। ਖ਼ੁਸ਼ੀਆਂ ਲੈ ਕੇ ਗਏ।

## ਤਾੜਨਾ

ਗੁਰੂ ਜੀ ਸ਼ਰਦਾਈ ਛਕ ਕੇ ਮਦਾਨ ਹੋਣ ਗਏ। ਮਗਰ ਸਿੰਘ ਭੀ ਗਏ। ਕਿਸੇ ਪਾਸ ਗੜਵਾ, ਕੋਈ ਖਾਲੀ, ਸਭ ਨੱਸੇ ਆਵਣ। ਅੰਤਰਯਾਮੀ ਜੀ ਪਿਛਾਂ ਨੂੰ ਦੇਖਿਆ ਖਾਲੀ ਚਲੇ ਆਉਂਦੇ ਹੈਂ। ਬਚਨ ਕੀਤਾ ਬਚਨ ਤਾਂ ਮੰਨਦੇ ਨਹੀਂ ਹੋ ਤੇ ਮਗਰ ਨੱਸੇ ਆਉਂਦੇ ਹੋ। ਆਪਣੀ ਮਤ ਵਰਤਦੇ ਹੋ। ਸਿੰਘਾਂ ਨੇ ਸਮਝਿਆ ਅਸੀਂ ਗੜਵੇ ਨਹੀਂ ਲਿਆਏ। ਸਿੰਘ ਗੜਵੇ ਲੈਣ ਮੁੜੇ। ਗੁਰੂ ਜੀ ਮਾਰਿਆ ਬੀ ਤੇ ਚੱਕਰ ਬੀ ਚਲਾਏ। ਫੇਰ ਚੱਕਰ ਹਾਥ ਮੈ ਲੈ ਕੇ ਬਚਨ ਕੀਤਾ ਜਿਨ੍ਹਾਂ ਨੇ ਮਾੜੇ ਕਰਮ ਕੀਤੇ ਹੈਂ ਤਿੰਨਾਂ ਕੋ ਏਤਨੀ ਮਾਰ ਕੀਤੀ ਹੈ। ਜੇ ਫੇਰ ਕਰਨਗੇ ਤਾਂ ਪਹਿਲੇ ਏਕ ਉਂਗਲੀ ਵੱਢਾਂਗੇ, ਜੇ ਫੇਰ ਨਾ ਹਟੇ ਤਾਂ ਏਕ ਪੌਂਚਾ ਵੱਢਾਂਗੇ। ਜੇ ਤੀਜੀ ਵਾਰੀ ਵੀ ਨਾ ਹਟੇ ਤਾਂ ਗੋਡਿਆਂ ਤਾਈਂ ਲੱਤਾਂ ਤੇ ਅਰਕਾਂ ਤਾਈਂ ਬਾਹਵਾਂ ਵੱਢਾਂਗੇ। ਚੱਕਰ ਨਾਲ ਨੱਕ ਵੱਢਾਂਗੇ। ਏਕ ਦੋ ਕੋ ਐਸੀ ਸਜ਼ਾ ਦੇਵਾਂਗੇ ਕੋਈ ਮਾੜਾ ਕਰਮ ਨਹੀਂ ਕਰੇਗਾ।

## ਨਾਲੇ ਜਗੀਰਾਂ ਦੇਵਾਂਗੇ

ਏਕ ਦਿਨ ਖੁਸ਼ੀ ਮੇਂ ਹੋਇਕੇ ਗੁਰੂ ਜੀ ਬਚਨ ਕੀਤਾ ਸੁੱਧ ਸਿੰਘ ਕੋ, ਪਾਂਚ ਸਿੰਘਣੀਆਂ ਬ੍ਰਹਮਾ ਸਿੰਘ ਕੋ ਔਰ ਪਾਂਚ ਸੁੱਧ ਸਿੰਘ ਕੋ ਦੇਵਾਂਗੇ। ਬ੍ਰਹਮਾ ਸਿੰਘ ਨੇ ਅਰਜ਼ ਕੀਤੀ ਜੀ ਮੈਥੋਂ ਤਾਂ ਇਕ ਵੀ ਨਹੀਂ ਸਾਂਭੀ ਜਾਣੀ। ਗੁਰੂ ਜੀ ਬਚਨ ਕੀਤਾ ਜਾਂ ਪਾਂਚ ਸਿੰਘਣੀਆਂ ਦੇਵਾਂਗੇ ਤਾਂ

---

1 ਦਿੱਲ ਦਿੱਤੀ ।

ਨਾਲ ਹੀ ਸਤ-ਸੰਤੋਖ ਦੇਵਾਂਗੇ। ਆਪਣੇ ਹੱਕ ਪਰ ਰਹਿਣਗੀਆਂ ਨਾਲੇ ਜਗੀਰਾਂ ਦੇਵਾਂਗੇ।

## ਝੂਠੀ ਪੂਜਾ

ਏਕ ਸ਼ਹੀਦਾਂ ਕੀ ਜਗ੍ਹਾ ਸੀ, ਲੋਕ ਪੂਜਦੇ ਸੇ। ਗੁਰੂ ਜੀ ਛਿੱਤਰ ਮਾਰੇ ਉਸ ਜਗ੍ਹਾ ਪਰ ਬਚਨ ਕੀਤਾ ਮਿੱਟੀ ਇਕੱਠੀ ਕਰਕੇ ਦੁਨੀਆਂ ਪੂਜਣ ਲੱਗੀ ਹੋਈ ਹੈ। ਝੂਠੇ ਲੋਕ ਭੇਡ ਚਾਲ ਚਲਦੇ ਹੈਨ।

## ਦਲਿਦ੍ਰ ਫੂਕਿਆ

ਕਾਨ੍ਹੇਂ ਤਰਖਾਣ ਦੇ ਕਾਰਖਾਨੇ ਜਾਇ ਰਹੇ। ਏਕ ਛੱਪਰ ਸੀ, ਹੇਠਾਂ ਸੁਟਕੇ ਗੁਰੂ ਜੀ ਬਚਨ ਕੀਤਾ ਲਿਆਓ ਤੁਹਾਡਾ ਦਲਿਦ੍ਰ ਫੂਕੀਏ। ਸਭ ਚੁਪ ਚਾਪ ਖੜੇ ਦੇਖਦੇ ਰਹੇ। ਬੋਲ ਨਹੀਂ ਸਕਦਾ ਕੋਈ। ਅਗਨੀ ਲਾਇਕੇ ਬਚਨ ਕੀਤਾ ਲਿਆ ਨਾਭਾਂ[1] ਭੀ ਵਿੱਚੇ ਫੂਕ ਦੇਈਏ। ਚੁੱਕਣ ਲੱਗੇ ਤਾਂ ਕਾਨ੍ਹੇ ਨੇ ਕਹਾ ਜੀ ਏਹ ਰਹਿਣ ਦਿਓ ਸੱਚੇ ਪਾਤਸ਼ਾਹ। ਝੱਟ ਦੇਣੀ ਪਿਛਾਂਹ ਮੁੜ ਆਏ। ਬਚਨ ਕੀਤਾ ਗੁਰੂ ਜੀ, ਅੱਧਾ ਦਲਿਦ੍ਰ ਰਹਿ ਗਿਆ ਹੈ। ਥੋੜਾ ਧਨ ਗੁਜ਼ਾਰੇ ਜੋਗਾ ਹੋਵੇਗਾ।

## ਜੈ ਭਾਵੈ ਤੈ ਦੇਇ

ਏਕ ਰੋਜ਼ ਰਾਤ ਕੋ ਸਤਿਗੁਰੂ ਜੀ ਛੋਲਿਆਂ ਕਾ ਘੜਾ ਭਰ ਕੇ ਉੱਤੇ ਮੰਦਰ ਦੇ ਚੜ੍ਹਕੇ, ਪਿਛਲੇ ਪਾਸੇ ਜ਼ਿਮੀਂਦਾਰ ਸੇ, ਤਿਨਾਂ ਵਿਚੋਂ ਇਕ ਦਾ ਨਾਮ ਲੈ ਕੇ ਅਵਾਜ਼ ਮਾਰੀ। ਬਚਨ ਕੀਤਾ ਆ ਤੈਨੂੰ ਕੁਝ ਦੇਈਏ। ਜ਼ਿਮੀਂਦਾਰ ਅੰਦਰ ਪਿਆ ਹੀ ਸੁਣੀ ਜਾਂਦਾ ਸੀ। ਬਾਹਰ ਨਾ ਸੀ ਨਿਕਲਿਆ ਡਰਦਾ, ਕਿ ਮੈਨੂੰ ਮਾਰਨਗੇ। ਜਾਂ ਕੋਈ ਨਾ ਨਿਕਲਿਆ ਤਾ ਘੜਾ ਸੁੱਟਿਆ। ਵੇਹੜੇ ਮੈ ਦਾਣੇ ਖਿੰਡ ਗਏ। ਰਾਤ ਤਾਂ ਕਿਸੇ ਨੇ ਨਾ ਛੇੜੇ ਪਰ ਦਿਨ ਚੜ੍ਹੇ ਲਹਿਣਾ ਸਿੰਘ ਬੀ ਆਇਆ ਦਾਣਿਆਂ ਦੇ ਕੋਲ, ਅੰਤਰਯਾਮੀ ਗੁਰੂ ਜੀ ਭੀ ਆਏ। ਕੋਠੇ ਉੱਤੋਂ ਦੀ ਬਚਨ ਕੀਤਾ ਗੁਰੂ ਜੀ ਦਾਣੇ ਸਾਂਭ ਲੈ ਤੇਰੀ ਗ਼ਰੀਬੀ ਨਿਕਲ ਜਾਵੇਗੀ। ਏਕ ਤੀਵੀਂ ਸੀ, ਉਸਦਾ ਨਾਮ ਲੈ ਕੇ ਬਚਨ ਕੀਤਾ ਇਹ ਬੜੀ ਪਾਪਣ ਹੈ। ਏਸ ਨੂੰ ਨਾ ਦੇਈਂ। ਇਸਨੇ ਕੁੜੀਆਂ ਮਾਰੀਆਂ ਸੀ। ਉਸਦੇ ਪਤੀ ਕਾ ਨਾਮ ਲੈ ਕੇ ਬਚਨ ਕੀਤਾ ਇਹ ਬੜਾ ਪਾਪੀ ਹੈ ਵੱਢ ਦੇਣੇ ਕੇ ਲਾਇਕ ਹੈ। ਲਹਿਣਾ ਸਿੰਘ ਨੇ ਦਾਣੇ ਇਕੱਠੇ ਕਰ ਲਏ ਤੇ ਗ਼ਰੀਬੀ ਨਿਕਲ ਗਈ। ਗੁਜ਼ਾਰਾ ਤੁਰ ਪਿਆ।

## ਤੇਰੀਆਂ ਤੂੰ ਹੀ ਜਾਣੇਂ

ਚੈਨ ਸਿੰਘ ਕੋ ਬਚਨ ਕੀਤਾ ਤੇਰੀ ਭਾਜ ਦੇਖਣੀ ਹੈ। ਗੁਰੂ ਜੀ ਚੱਕਰ ਚਲਾਇਆ। ਬਚਨ ਕੀਤਾ ਚੈਨਿਆ ਲਿਆ ਦੌੜਕੇ। ਜਾਂ ਦੌੜਿਆ ਤਾ ਤਿਲਕ ਜਾਵੇ। ਤਿੰਨ ਵਾਰੀ ਡਿਗ ਕੇ ਲੈ ਆਇਆ ਚੱਕਰ। ਬਚਨ ਕੀਤਾ ਤੂੰ ਤੇ ਭੱਜੇ ਜਾਂਦੇ ਸਾਨ੍ਹ ਦੀ ਪੂਛ ਫੜਕੇ ਖੜਾ ਕਰ ਦੇਂਦਾ ਸੀ ਹੁਣ ਕੀ ਹੋਇਆ? ਹੱਥ ਜੋੜਕੇ ਕੈਹਣੇ ਲਗਾ ਜੀ ਤੇਰੀਆਂ ਤੂੰ ਹੀ ਜਾਣੇਂ।

---

1 ਗੱਡੇ ਦੇ ਪਹੀਏ ਦੀ ਹੱਥ।

# ਸਤਿਗੁਰੂ ਜੀ ਦਾ ਸੁਭਾਉ

ਏਕ ਸਮੇਂ ਬੀਬੀ ਨੰਦਾਂ ਨੇ ਪੁੱਛਿਆ ਬਾਪੂ ਤੈਨੂੰ ਭੁਖ ਨਹੀਂ ਲਗਦੀ ਹੈ? ਬਚਨ ਕੀਤਾ ਜਿਸ ਟੋਏ ਮੈ ਅੰਨ ਪੈਂਦਾ ਸੀ ਸੋ ਟੋਆ ਨਾਮ ਨਾਲ ਭਰ ਗਿਆ ਹੈ। ਇਹ ਭੀ ਸੁਭਾ ਸੀ ਸਤਿਗੁਰੂ ਜੀ ਕਾ ਜੇ ਬਾਹਰ ਜਾਣਾ ਤਾਂ ਗੜਵਾ ਜਲ ਕਾ ਭਰਕੇ ਲੈ ਜਾਣਾ। ਜੋ ਹਲ ਵਾਹੁੰਦਾ ਹੋਵੇ ਤਿਹਾਇਆ, ਤਿਸਕੋ ਪਿਆਇ ਦੇਣਾ। ਜੇ ਕਿਸੇ ਨੇ ਦੂਰੋਂ ਯਾਦ ਕਰਨਾ ਤੇ ਓਸ ਕੋਲ ਜਾਇ ਰਹਿਣਾ। ਜੋ ਉਸਕੇ ਦਿਲ ਮੈ ਫੁਰਨਾ ਹੋਵੇ ਸੋ ਕਹਿ ਦੇਣਾ। ਸੁਣਨ ਵਾਲੇ ਨੇ ਜਾਨਣਾ ਏਉ ਤਾ ਅੰਤਰਯਾਮੀ ਹੈ। ਦਿਲ ਦੇ ਫੁਰਨੇ ਉੱਤੇ ਬੋਲਣਾ।

ਪਹਿਲਾਂ ਗਊ ਕੀ ਪੂਛ ਕੀਆਂ ਚੌਰੀਆਂ ਸੀਆਂ। ਸ੍ਰੀ ਸਤਿਗੁਰੂ ਜੀ ਹੁਕਮ ਦੀਆ ਕਿ ਗਊ ਕੀ ਪੂਛ ਕੀ ਚੌਰੀ ਨਾ ਚਾਹੀਏ। ਪੱਠੇ ਕੀ ਯਾ ਮੋਰ ਛੜ ਕੀ ਮਨਜ਼ੂਰ ਹੈ। ਚੌਰੀਆਂ ਦੇ ਗੁੱਲੇ ਉਖੇਰ ਕੇ ਸੁਟ ਦਿੱਤੇ। ਜਾਂ ਪੱਠੇ ਕੀਆਂ ਜਾਂ ਮੋਰ ਛੋੜ ਕੀਆਂ ਰਹੀਆਂ।

# ਦਰਬਾਰਾ ਸਿੰਘ

ਏਕ ਸਮੇਂ ਦਰਬਾਰਾ ਸਿੰਘ[1] ਘਾਹ ਖੋਤਦੇ ਨੂੰ ਦੋ ਸ਼ਹੀਦ ਮਿਲੇ। ਉਹਨਾਂ ਨੇ ਚਿੱਠੀ ਫੜਾਈ। ਸ੍ਰੀ ਸਤਿਗੁਰੂ ਜੀ ਕਾ ਨਾਮ ਲੈ ਕੇ ਕਹਾ ਕਿ ਉਨ੍ਹਾਂ ਦੇ ਹੱਥ ਫੜਾਈਂ। ਚਿੱਠੀ ਸਤਿਗੁਰੂ ਜੀ ਕੋ ਫੜਾਈ। ਬਚਨ ਹੋਇਆ ਓਹੋ ਭਾਈ ਸ਼ਹੀਦ ਸੇ। ਗੋਰੇ ਰੰਗ ਤੇ ਗੁਰਮੁਖੀ ਦਸਤਾਰੇ। ਏਕ ਸਮੇਂ ਦਰਬਾਰਾ ਸਿੰਘ ਨੂੰ ਬਚਨ ਕੀਤਾ ਭਾਈ ਤੁਸੀਂ ਭਾਵੇਂ ਕਿਤਨੀਆਂ ਗਊਆਂ ਭੈਸਾਂ ਰੱਖਣੀਆਂ ਏਥੇ ਦੇ ਜ਼ਿਮੀਂਦਾਰਾਂ ਨੂੰ ਬੇਟ[2] ਭੇਜਾਂਗੇ। ਏਕ ਪਾਸੇ ਘੋੜੇ ਭਜਾਉਣ ਨੂੰ ਜਗ੍ਹਾ ਹੋਵੇਗੀ ਮੈਦਾਨ ਖੁਲ੍ਹਾ। ਦੂਜੇ ਪਾਸੇ ਬੀੜ ਹੋਵੇਗਾ। ਮਹੀਂ ਗਊਆਂ ਕੇ ਵਾਸਤੇ ਖੁਲੀ ਥਾਂ ਹੋਵੇਗੀ।

# ਧਰੌੜੀਂ ਗਏ

ਸ੍ਰੀ ਸਤਿਗੁਰੂ ਜੀ ਧਰੌੜਾਂ ਚੱਲੇ। ਅੱਗੇ ਧਰਮੋਂ ਆਉਂਦੀ ਸੀ। ਮਨ ਮੇਂ ਡਰਦੀ ਸੀ ਕਿ ਮੈਨੂੰ ਮਾਰਨ ਨਾ। ਅੰਤਰਯਾਮੀ ਜੀ ਬਚਨ ਕੀਤਾ ਨਾ ਡਰ ਤੈਨੂੰ ਕੁਝ ਨਹੀਂ ਆਖਦੇ। ਅਸੀਂ ਧਰੌੜਾਂ ਚੱਲੇ ਹੈਂ ਸੱਯਦ ਦੀ ਸੱਤਿਆ ਕੱਢਣ ਨੂੰ। ਹੱਟੀ ਵਾਲਾ ਸਿੰਘ ਮਗਰ ਗਿਆ। ਦੇਖੇ ਕੀ ਜੋ ਸਤਿਗੁਰੂ ਜੀ ਦੀ ਮੂਰਤੀ ਛੋਟੀ ਹੋਇ ਗਈ। ਥੋੜੀ ਦੇਰ ਬਾਅਦ ਫੇਰ ਜਿਤਨੀ ਸੀ ਉਤਨੀ ਹੋਇ ਗਈ ਮੂਰਤੀ। ਇਹ ਕੌਤਕ ਦੇਖਕੇ ਸਿੰਘ ਮੁੜ ਆਇਆ।

ਧਰੌੜਾਂ ਜਾਇਕੇ ਮੰਜੇ ਪਰ ਬੈਠੇ। ਜਿਸ ਮੰਜੇ ਪਰ ਬੈਠੇ ਥੇ ਤਿਸ ਕਾ ਏਕ ਪਾਸੇ ਕਾ ਵਾਣ ਵੱਢ ਦਿੱਤਾ। ਸਾਹਬੂ[3] ਨੇ ਕਹਾ ਇਹ ਕੀ ਕਰਦੇ ਹੋ? ਗੁਰੂ ਜੀ ਬਚਨ ਕੀਤਾ ਤੁਹਾਨੂੰ ਨਹੀਂ ਖ਼ਬਰ ਹੈ, ਇਹ ਤੁਹਾਡਾ ਦਲਿਦ੍ਰ ਕੱਟਿਆ ਹੈ। ਬਚਨ ਕੀਤਾ ਅੱਗ ਲੱਗ ਜਾਵੇਗੀ। ਸਾਹਬੂ ਨੇ ਕਹਾ ਜੀ ਏਡਾ ਬਚਨ ਕਰ ਦਿੱਤਾ ਹੈ। ਬਚਨ ਕੀਤਾ ਸਾਹਬੂ ਤੂੰ ਨਾ ਡਰ ਤੇਰੇ ਨਹੀਂ ਲੱਗਦੀ। ਕਈ ਸਾਲ

1 ਸਤਿਗੁਰੂ ਰਾਮ ਸਿੰਘ ਜੀ ਦੇ ਤਾਏ ਨੱਥੇ ਦਾ ਪੁੱਤਰ।

2 ਦਰਿਆਈ ਨੇੜੇ ਦੀ ਨੀਵੀਂ ਧਰਤੀ।

3 ਮਾਤਾ ਜੱਸਾਂ ਦਾ ਪਿਤਾ।

ਪਿੱਛੇ ਤੇ ਪਿੰਡ ਮੇਂ ਆਪੇ ਅੱਗ ਲੱਗ ਗਈ ਪਰ ਸਾਹਬੂ ਕੇ ਘਰ ਨਾ ਲੱਗੀ। ਜਾਣਿਆ ਜੋ ਗੁਰੂ ਜੀ ਬਚਨ ਕੀਤਾ ਸੀ ਸੋ ਪੂਰਾ ਹੋ ਗਿਆ ਹੈ।

ਗੁਰੂ ਜੀ ਸਾਹਬੂ ਨੂੰ ਬਚਨ ਕੀਤਾ ਸੱਯਦ ਤੇਰਾ ਲੰਗੋਟੀਆ ਯਾਰ ਹੈ। ਉਸਨੂੰ ਕਹੋ ਕਲਾਮ ਮੈਨੂੰ ਲਿਖਕੇ ਦਿਖਾਏ ਕੇੜੀਆਂ ਕਲਾਮਾਂ ਹਨ? ਜਾਂ ਆਇਕੇ ਲਿਖਕੇ ਦਿਖਾਈਆਂ ਤਾਂ ਗੁਰੂ ਜੀ ਅਗਨੀ ਵਿਚ ਫੂਕ ਦਿੱਤੀਆਂ। ਸੱਯਦ ਨੇ ਕਹਾ ਜੀ ਇਹ ਕੀ ਕੀਤਾ ਹੈ। ਬਚਨ ਕੀਤਾ ਕਲਾਮਾਂ ਤੇਰੀਆਂ ਹੈਨ ਏਸ ਕਰਕੇ ਫੂਕੀਆਂ ਹੈਨ। ਸੱਯਦ ਸਲਾਮ ਕਰਕੇ ਚਲਾ ਗਿਆ। ਸੱਯਦ ਦੀ ਸ਼ਕਤੀ ਕੱਢੀ। ਸੱਯਦ ਪਾਸ ਇਹ ਸ਼ਕਤੀ ਸੀ ਕਿ ਜਿਨ੍ਹਾਂ ਨੂੰ ਭੂਤ ਪ੍ਰੇਤ ਚੁੜੇਲਾਂ ਆਦਕ ਲਗਦੇ, ਸਭ ਹਟਾਇ ਦੇਂਦਾ ਸੀ। ਸਭ ਹਿੰਦੂ ਮੁਸਲਮਾਨ ਮੰਨਦੇ ਥੇ। ਸੋ ਸੱਤਿਆ ਸਭ ਕੱਢ ਲਈ। ਲੋਕ ਮੰਨਣੋਂ ਹਟ ਗਏ।

## ਮਲੋਟ ਵਿਚ ਦਰਸ਼ਨ

ਮਲੋਟ[1] ਮੇਂ ਪ੍ਰੇਮੀ ਸਿੰਘ ਰਹਿੰਦੇ ਸੇ। ਏਧਰੋਂ ਸਿੰਘ ਨਾਲ ਗਏ ਅੰਬ ਚੂਪਣੇ ਕੋ। ਉੱਥੇ ਅਕਬਰ ਬਾਦਸ਼ਾਹ ਕਾ ਕਿਲਾ ਸੀ। ਉੱਥੇ ਦੀਵਾਨ ਲੱਗਾ। ਗੁਰੂ ਜੀ ਬਚਨ ਕੀਤਾ ਬੜੀਆਂ ਦੇਹੀਆਂ ਮੈਨੂੰ ਮਾਲੂਮ ਹੁੰਦੀਆਂ ਹਨ। ਸਿੰਘਾਂ ਨੇ ਕਹਾ ਜੀ ਮੂਸਲਾਂ[2] ਜੇਡੇ ਅਕਾਰ ਮਾਲੂਮ ਹੁੰਦੇ ਹਨ। ਗੁਰੂ ਜੀ ਬਚਨ ਕੀਤਾ ਜਦ ਸਮਾਂ ਆਵੇਗਾ ਤਾਂ ਏਹੋ ਜੇਹਾ ਪਾਂਚ ਸੈ ਸਿੰਘ ਉੱਠੇਗਾ ਜੇੜ੍ਹੇ ਰਵਾਲਸਰ ਤੋਂ ਉੱਠਕੇ ਅਟਕ ਪਰ ਜਾਇ ਅਟਕੇਂਗੇ। ਏਹੋ ਜੇਹੇ ਬਲੀ ਹੋਣਗੇ। ਕੋਈ ਦਿਨ ਰਹਿਕੇ ਮੁੜ ਆਏ ਨਿਹਾਲ ਕਰਦੇ ਪਿਰਥੀ ਨੂੰ।

## ਦਿਆਲ ਪੁਰਾ

ਏਕ ਸਮੇਂ ਨਕਟਪੁਰੇ[3] ਕੇ ਸਿੰਘ ਸਤਿਗੁਰੂ ਜੀ ਕੋ ਲੈ ਗਏ। ਸੋਭਾ ਸੁਣ ਕੇ ਛੱਬ ਦੇਖਕੇ ਗੁਰੂ ਜੀ ਕੀ ਮੋਹਤ ਹੋ ਜਾਂਦੇ ਹੈਂ। ਕਈਆਂ ਭੋਗ ਪਵਾਏ ਤੇ ਭਜਨ ਲੈ ਲਏ। ਬੜੀ ਭਾਵਨਾ ਸੇ ਸੇਵਾ ਕੀਤੀ, ਬੜੇ ਪ੍ਰਸੰਨ ਹੋਏ। ਨਕਟਪੁਰਾ ਉਸ ਪਿੰਡ ਦਾ ਨਾਮ ਸੀ। ਸ੍ਰੀ ਸਤਿਗੁਰੂ ਜੀ ਦਿਆਲਪੁਰਾ ਨਾਮ ਧਰਿਆ। ਸਿੰਘ ਸਭ ਦਿਆਲਪੁਰਾ ਨਾਮ ਸੱਦਦੇ ਹਨ।

## ਬਖ਼ਸ਼ ਦਿੱਤਾ

ਬਘੌਰ[4] ਮੇਂ ਇਕ ਸਿੰਘ ਸੀ। ਉਸਨੇ ਅਰਜ਼ ਕੀਤੀ ਜੀ ਮੇਰੇ ਵੀ ਚਰਨ ਪਾਓ। ਬਚਨ ਹੋਇਆ ਤੂੰ ਗ਼ਰੀਬ ਹੈਂ। ਉਸ ਕਹਾ ਜੀ ਗ਼ਰੀਬ ਦਾ ਭਲਾ ਕਰੋ। ਸਤਿਗੁਰੂ ਜੀ ਬਘੌਰ ਗਏ। ਏਕ ਨੇ ਅਰਜ਼ ਕੀਤੀ ਜੀ ਇਹ ਨਾਈ ਕੂਕਾ ਜੋ ਹੈ ਇਹ ਏਕ ਸੁਨਿਆਰੀ ਨਾਲ ਰਹਿੰਦਾ ਹੈ। ਘਰ ਮੈ ਏਸ ਦੀ ਸਿਖਣੀ ਭੀ ਹੈ। ਖੋਟੇ ਲੁੱਚੇ ਕੰਮ ਕਰਦਾ ਹੈ। ਸਤਿਗੁਰੂ ਜੀ ਬਚਨ ਕੀਤਾ

1 ਜ਼ਿਲ੍ਹਾ ਹੁਸ਼ਿਆਰ ਪੁਰ।

2 ਤੂੜੀ ਆਦਿ ਦਾ ਕੁੱਪ।

3 ਸਮਰਾਲੇ (ਜ਼ਿਲ੍ਹਾ ਲੁਧਿਆਣੇ) ਦੇ ਕੋਲ ਪਿੰਡ।

4 ਖੰਨੇ ਨੇੜੇ ਪਿੰਡ, ਜ਼ਿਲੇ ਲੁਧਿਆਣੇ ਦੇ ਵਿਚ।

ਦਲੇਲ ਸਿੰਘ ਦਾ ਆਟਾ ਲੰਗਰ ਵਿਚੋਂ ਕੱਢ ਦਿਓ। ਉਸਨੇ ਹੱਥ ਜੋੜਕੇ ਅਰਜ਼ ਕੀਤੀ ਜੀ ਬਖਸ਼ ਲਵੋ। ਸਤਿਗੁਰੂ ਜੀ ਬਚਨ ਕੀਤਾ ਫੇਰ ਪਰ ਰਹਿਆ, ਹੁਣ ਨਹੀਂ ਬਖਸ਼ੀ ਦਾ।

ਦਲੇਲ ਸਿੰਘ ਨੇ ਜਦ ਦਰਸ਼ਨ ਕਰਨ ਆਉਣਾ ਰਾਮਦਾਸ ਪੁਰੇ ਮੈ, ਸ੍ਰੀ ਸਤਿਗੁਰੂ ਜੀ ਏਹੋ ਬਚਨ ਕਰਨਾ ਕਿ ਦੇਖੀਂ ਖ਼ਬਰਦਾਰ ਰਹਿਣਾ। ਮੰਦਾ ਕਰਮ ਨਹੀਂ ਕਰਨਾ। ਆਪਣੀ ਸਿਖਣੀ ਪਰ ਸਿਦਕ ਰੱਖਣਾ ਚਾਹੀਦਾ ਹੈ। ਹੋਰ ਕਿਸੇ ਦੀ ਸਿੰਘਣੀ ਨਹੀਂ ਬਰਤਣੀ ਚਾਹੀਦੀ। ਖ਼ਬਰਦਾਰ ਰਹੋ, ਮੈਂ ਤੈਨੂੰ ਬਹੁਤੀਆਂ ਥਾਵਾਂ ਤੇ ਰੱਖਿਆ ਹੈ। ਬਖਸ਼ ਦਿੱਤਾ।

## ਸਰਦਾਰ ਅਤੇ ਮਿਸਰ ਨੂੰ ਭਜਨ

ਉਪਮਾ ਸੁਣਕੇ ਏਕ ਸਰਦਾਰ ਏਕ ਬ੍ਰਾਹਮਣ ਕੋ ਲੈ ਕੇ ਆਇਆ ਦਰਸ਼ਨ ਕਰਨ ਕੋ ਰਾਮਦਾਸ ਪੁਰੇ ਮੈ। ਸ੍ਰੀ ਰਾਮਸਰ ਕਾ ਦਰਸ਼ਨ ਕੀਤਾ। ਅੱਗੇ ਦੇਖੇ ਤਾਂ ਬਹੁਤੇ ਸਿੰਘ ਕਾਰ ਕੱਢਦੇ ਹੈਂ। ਜਾਂ ਨੇੜੇ ਆ ਕੇ ਦੇਖਣ ਤਾਂ ਕਾਰ ਕੱਢਣ ਵਾਲੇ ਸਿੰਘ ਕਿੱਧਰ ਗਏ? ਮਾਲੂਮ ਹੋਇਆ ਅੰਤਰਯਾਮੀ ਗੁਰੂ ਜੀ ਦਾਤਣ ਕਰਦੇ ਹੈਂ। ਅਵਾਜ਼ਾ ਕੀਤਾ ਆਓ ਮਿਸਰ ਜੀ। ਲੋਈ ਦਾ ਪੱਲਾ ਵਿਛਾਇ ਦਿੱਤਾ। ਬਚਨ ਕੀਤਾ ਮਿਸਰ ਜੀ ਤੁਸੀਂ ਚੁਪਚਾਪ ਕਿਓ ਖੜੇ ਹੋ? ਮਿਸਰ ਨੇ ਕਹਾ ਜੀ ਮੈਨੂੰ ਦੂਰੋਂ ਸੌ ਡੇਢ ਸੌ ਸਿੰਘ ਕਾਰ ਕੱਢਦੇ ਦਿਸਦੇ ਸੀ ਜਾਂ ਕੋਲ ਗਏ ਤਾਂ ਏਕ ਭੀ ਨਹੀਂ ਦਿਸਦਾ। ਦੇਖਕੇ ਅਸਚਰਜ ਹੋ ਰਹੇ ਹਾਂ। ਸਤਿਗੁਰੂ ਜੀ ਬਚਨ ਕੀਤਾ ਏਥੇ ਦੀ ਕਾਰ ਸ਼ਹੀਦ ਕੱਢਦੇ ਹੈਨ। ਇਕ ਸਾਧ ਰੱਬ ਵਰਗਾ ਸੀ। ਉਹ ਕਹਿਣ ਲੱਗਾ ਮੈਂ ਕਾਲੇ ਕਾਂਉਂ ਨਹਾ ਕੇ ਚਿੱਟੇ ਹੁੰਦੇ ਦੇਖੇ ਹੈਨ। ਫੇਰ ਮਿਸਰ ਕੋ ਡੇਰੇ ਲੈ ਆਏ ਅਤੇ ਸਕੰਧ ਪੁਰਾਣ ਮਗਾਇਕੇ ਏਕ ਧਿਆਏ ਸੁਣਾਇਆ ਅਤੇ ਤਮਾਕੂ ਕੀ ਨਖੇਧੀ ਲਿਖੀ ਹੋਈ ਦਿਖਾਈ ਜੋ ਤਮਾਕੂ ਵਰਤਣ ਵਾਲਾ ਗ੍ਰਾਮ ਕਾ ਸੂਕਰ ਹੁੰਦਾ ਹੈ। ਸੁਣਕੇ ਮਿਸਰ ਕੋ ਗਿਆਨ ਹੋਇ ਗਿਆ। ਸਰਦਾਰ ਨੇ ਤੇ ਮਿਸਰ ਨੇ ਦੋਹਾਂ ਨੇ ਭਜਨ ਲੈ ਲਿਆ। ਮਿਸਰ ਨੇ ਤਮਾਕੂ ਉਸੀ ਦਿਨ ਛੱਡ ਦਿੱਤਾ ਤੇ ਸਿੰਘ ਸਜ ਗਿਆ। ਸੁਣ ਸੁਣ ਵਣਜਾਰੇ ਸਿੰਘ ਲੱਗੇ ਆਵਣ।

## ਆਪਣ ਹਥੀਂ ਆਪਣਾ

ਏਕ ਸਮੇਂ ਆਟਾ ਨਾ ਸੀ ਪੀਸਿਆ ਹੋਇਆ। ਸ੍ਰੀ ਸਤਿਗੁਰੂ ਜੀ ਧੜੀ ਕਣਕ ਪਾਇਕੇ ਪੀਸਣ ਬੈਠੇ। ਸਿੰਘਾਂ ਨੇ ਕਹਾ ਜੀ ਤੁਸੀਂ ਹਟ ਜਾਓ ਅਸੀਂ ਪੀਂਹਦੇ ਹਾਂ। ਸਤਿਗੁਰੂ ਜੀ ਬਚਨ ਕੀਤਾ ਕਣਕ ਤਾਂ ਬਥੇਰੀ ਆਪਣੇ ਘਰ ਪਈ ਹੈ, ਪਾ ਕੇ ਪੀਹਣ ਲੱਗੋ। ਦਸ ਸੇਰ ਕਣਕ ਆਪਣੇ ਹੱਥੀਂ ਪੀਸੀ। ਸਾਰਾ ਆਟਾ ਸਵਾ ਮਣ ਹੋਇਆ। ਚਕੀਆਂ ਨਾਲ ਹੀ ਗੁਜਾਰਾ ਚਲਦਾ ਸੀ।

ਏਕ ਸਮੇਂ ਅਕਾਲ ਬੁੰਗੇ ਪਰ ਇਸ਼ਨਾਨ ਕਰਨ ਚੱਲੇ ਸਵੇਰੇ। ਹਰਨਾਮ ਸਿੰਘ ਛੂਤੀਏ ਨੇ ਕਹਾ ਕਿ ਲਿਆਓ ਜੀ ਮੈਂ ਇਸ਼ਨਾਨ ਕਰਾਉਂਦਾ ਹਾਂ। ਇਕ ਗੜਵਾ ਕੱਢ ਦਿੱਤਾ, ਗੁਰੂ ਜੀ ਡੋਲ੍ਹ ਦਿੱਤਾ। ਉਸਨੇ ਕਹਾ ਜੀ ਏਹ ਗੜਵਾ ਕਿਓਂ ਡੋਲ੍ਹ ਦਿੱਤਾ ਹੈ? ਗੁਰੂ ਜੀ ਬਚਨ ਕੀਤਾ ਜੇਕਰ ਨਾ ਡੋਲ੍ਹਦੇ ਤਾਂ ਤੂੰ ਹੋਰ ਕੱਢ ਦਿੰਦਾ। ਕਹਾ ਜੀ ਦੋਸ਼ ਕੀ ਹੈ? ਬਚਨ ਕੀਤਾ ਗੁਰੂ ਜੀ, ਮੈਂ ਆਪਣੀ ਕਿਰਿਆ ਕਰਨ ਦੇ ਸਮਰੱਥ ਹਾਂ। ਤੁਸੀਂ ਆਪਣੀ ਕਰੋ, ਮੈਂ ਆਪਣੀ ਕਰੂੰਗਾ।

ਏਕ ਦਿਨ ਲਹਿਣਾ ਸਿੰਘ ਕੋ ਨਾਲ ਲੈ ਗਏ ਸਤਿਗੁਰੂ ਜੀ। ਰਾਈਆਂ ਵਾਲੇ ਰਸਤੇ ਪਰ ਜਾਇ ਖੜੇ ਹੋਏ। ਬਚਨ ਕੀਤਾ ਮੈਂ ਚੱਕਰ ਚਲਾਊਂਗਾ ਤੂੰ ਬੋਚੀਂ। ਲਹਿਣਾ ਸਿੰਘ ਨੇ ਕਹਾ ਜੀ ਮੈਥੋਂ ਨਹੀਂ ਬੋਚ ਹੋਣਾ। ਮੈਨੂੰ ਕਿਧਰੇ ਵੱਢ ਨਾ ਦਿਓ। ਬਚਨ ਹੋਇਆ ਮਾਰਦੇ ਨਹੀਂ, ਵਿੱਦਿਆ ਸਿਖਾਲਦੇ ਹਾਂ ਤੈਨੂੰ। ਬਚਨ ਹੋਇਆ ਸਿੱਧੀ ਬਾਂਹ ਕਰ ਮੇਰੀ ਵਨ੍ਹੀਂ। ਐਸਾ ਨਿਸ਼ਾਨਾ ਮਾਰਿਆ ਚੱਕਰ ਬਾਂਹ ਵਿੱਚ ਜਾਇ ਪਿਆ। ਦੋ ਫੇਰੀਂ ਚੱਕਰ ਵਿਚ ਜਾਇ ਪਿਆ। ਜਦ ਲਹਿਣਾ ਸਿੰਘ ਚੱਕਰ ਚਲਾਵੇ ਤਾਂ ਦੋ ਪੋਟਿਆਂ ਨਾਲ ਹੀ ਫੜ੍ਹ ਲੈਣ ਸੱਜੇ ਹੱਥ ਮੈ।

ਏਕ ਕੁੜੀ ਮੁਕਲਾਵੇ ਚੱਲੀ ਤਾਂ ਰੋਈ। ਗੁਰੂ ਜੀ ਬਚਨ ਕੀਤਾ ਕਿਓਂ ਰੋਂਦੀ ਹੈਂ? ਭਲਕੇ ਏਸੇ ਵੇਲੇ ਮੁੜ ਆਵੇਂਗੀ। ਜਾਂ ਪਿੰਡ ਦੇ ਨੇੜੇ ਗਏ ਆਗੇ ਸੇ ਆਦਮੀਂ ਮਿਲੇ। ਉਨ੍ਹਾਂ ਨੇ ਕਹਾ ਪਿੰਡ ਤਾਂ ਉਡਾਇ ਦੇਣਾ ਹੈ। ਤੁਸੀਂ ਬਲਦੀ ਅੱਗ ਵਿਚ ਕਿਓਂ ਜਾਂਦੇ ਹੋ। ਮੁੜ ਜਾਓ। ਪਿਛਲੇ ਪੈਰੀ ਮੁੜ ਆਏ। ਸੁਣਨ ਵਾਲੇ ਕਹਿਣ ਧੰਨ ਅੰਤਰਯਾਮੀ ਗੁਰੂ ਹੈ ਘਟ ਘਟ ਕੇ ਜਾਨਣਹਾਰੇ।

## ਜੈਸੀ ਭਾਵਨਾ ਹੋਵੇਗੀ

ਏਕ ਸਮੇਂ ਗੁਰੂ ਜੀ ਬਾਹਰ ਭਜਨ ਕਰਕੇ ਆਏ। ਏਕ ਘੜੀ ਰਾਤ ਗਈ ਮੰਦਰ ਦੇ ਅੰਦਰ ਵੜਨ ਲੱਗੇ ਤਾਂ ਹੱਸੇ। ਹਰਨਾਮ ਸਿੰਘ ਨੇ ਚਰਨੀਂ ਹੱਥ ਲਾਇਆ। ਚਰਨ ਧੋਇਕੇ ਥੜੇ ਸਾਹਿਬ ਪਰ ਬੈਠੇ। ਹਰਨਾਮ ਸਿੰਘ ਨੇ ਅਰਜ਼ ਕੀਤੀ ਜੀ ਆਪ ਜੋ ਹੱਸੇ ਹੋ ਸੋ ਕਿਸ ਬਾਤ ਸੇ ਹੱਸੇ ਹੋ? ਬਚਨ ਕੀਤਾ ਜਗਤ ਵਨ੍ਹੀਂ ਦੇਖਕੇ ਹੱਸੇ ਹੈਂ। ਸਾਰਾ ਜਗਤ ਤਾਰੂ ਪੱਤਣ[1] ਨੂੰ ਛੱਡਕੇ ਡੋਬੂ ਪੱਤਣ ਨੂੰ ਹੋ ਗਿਆ ਹੈ। ਹਰਨਾਮ ਸਿੰਘ ਨੇ ਕਹਾ ਜਗਤ ਨੂੰ ਤਾਰੂ ਡੋਬੂ ਪੱਤਣ ਦੀ ਖ਼ਬਰ ਨਹੀਂ ਹੈ। ਤਾਰੂ ਡੋਬੂ ਦੀ ਆਪਕੋ ਹੀ ਖ਼ਬਰ ਹੈ। ਜਿਸ ਪਾਸੇ ਕਿਸੇ ਦਾ ਮੂੰਹ ਕਰੋਗੇ ਉਧਰੇ ਹੀ ਹੋ ਜਾਵੇਗਾ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਏਹ ਬਾਰਤਾ ਨਹੀਂ ਹੈ ਜਿਵੇਂ ਤੂੰ ਕਹਿੰਦਾ ਹੈਂ। ਮੈਂ ਤੈਨੂੰ ਸਚ ਕੈਂਦਾ ਹਾਂ ਤੂੰ ਪ੍ਰਤੀਤ ਜਾਣੀਂ। ਹਰਨਾਮ ਸਿੰਘ ਨੇ ਕਹਾ ਜੀ ਜਿੱਥੇ ਸੱਚ ਕੈਹਣ ਲੱਗੇ ਹੋ ਪ੍ਰਤੀਤ ਭੀ ਬਖ਼ਸ਼ੋ ਆਪਣੇ ਖਜਾਨੇ ਵਿਚੋਂ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਜੈਸੀ ਜੈਸੀ ਕੋਈ ਭਾਵਨਾ ਕਰੇਗਾ ਤੈਸੀ ਤੈਸੀ ਹੋਵੇਗੀ। ਜੋ ਮੈਨੂੰ ਯਾਰ ਕਲਪੇਗਾ ਉਸਕੀ ਕੁਲ ਵਿਚ ਯਾਰੀ ਹੋ ਜਾਏਗੀ। ਜੋ ਮੈਨੂੰ ਚੋਰ ਕਲਪੇਗਾ ਉਸ ਦੀ ਕੁਲ ਮੈ ਚੋਰੀ ਪੈ ਜਾਵੇਗੀ। ਜੋ ਮੈਨੂੰ ਦੁਸ਼ਮਨ ਕਲਪੇਗਾ, ਜਿੱਥੇ ਜਿੱਥੇ ਜਾਇਕੇ ਜਨਮ ਧਾਰੇਗਾ ਓਥੇ ਓਥੇ ਹੀ ਉਸਕੇ ਸਿਰ ਪਰ ਦੁਸ਼ਮਨ ਖੜਾ ਰਹੇਗਾ। ਜੋ ਮੈਨੂੰ ਅਕਾਲ ਪੁਰਖ ਕਲਪੇਗਾ ਉਸਦਾ ਪ੍ਰੀਤਮ ਅਕਾਲ ਪੁਰਖ ਹੋਵੇਗਾ। ਹਰਨਾਮ ਸਿੰਘ ਨੇ ਹੱਥ ਜੋੜਕੇ ਅਰਜ਼ ਕੀਤੀ ਜੀ ਮੈਨੂੰ ਏਹ ਦਾਨ ਦਿਓ ਕਿਰਪਾ ਕਰਕੇ ਕਿ ਸਦਾ ਹੀ ਤੁਹਾਡੀ ਦੇਹ ਪਰ ਮੈਨੂੰ ਪ੍ਰਤੀਤ ਰਹੇ। ਤੁਸੀਂ ਮੈਨੂੰ ਅਕਾਲ ਪੁਰਖ ਕੀ ਮੂਰਤੀ ਨਜ਼ਰ ਆਉਂਦੇ ਹੋ। ਗੁਰੂ ਜੀ ਬਚਨ ਕੀਤਾ ਭਾਈ ਸਾਧਾਂ ਵਾਸਤੇ ਹੀ (ਆਪਣਾਂ ਆਪ) ਰੱਖਿਆ ਹੈ।

---

1 ਉਹ ਜਗ੍ਹਾ ਜਿੱਥੋਂ ਦਰਿਆ ਪਾਰ ਕੀਤਾ ਜਾਂਦਾ ਹੈ।

ਏਕ ਸਮੇਂ ਹਰਨਾਮ ਸਿੰਘ ਮੰਦਰ ਮੈਂ ਵੜਿਆ। ਦੇਖੇ ਕੀ ਜੋ ਗੁਰੂ ਜੀ ਕੀ ਮੂਰਤੀ ਕਾ ਸੀਸ ਛੱਤ ਨਾਲ ਲਗਿਆ ਹੋਇਆ ਹੈ। ਹਰਨਾਮ ਸਿੰਘ ਕੇ ਨੇਤਰ ਮੀਟੇ ਗਏ, ਭੈਮਾਨ ਹੋਇਆ। ਦੇਹ ਕੰਬਣ ਲਗ ਪਈ। ਜਾਂ ਨੇਤਰ ਖੋਲ੍ਹੇ ਤਾਂ ਉਹੀ ਮੂਰਤੀ ਦਿਸੀ ਜਿਤਨੀ ਅੱਗੇ ਸੀ। ਬਚਨ ਕੀਤਾ ਗੁਰੂ ਜੀ ਤੂੰ ਭੈ ਕੀਤਾ ਸੀ। ਉਸਨੇ ਕਹਿਆ ਜੀ ਮੈਨੂੰ ਭੈ ਬਹੁਤ ਆਇਆ ਸੀ। ਗੁਰੂ ਜੀ ਬਚਨ ਕੀਤਾ ਫੇਰ ਨਾ ਭੈ ਕਰੀਂ। ਸਾਡੀ ਦੇਹ ਵੱਧ-ਘੱਟ ਜਾਂਦੀ ਹੈ।

## ਦੋਨੋਂ ਭਾਈ ਏਕ ਰੂਪ

ਏਕ ਸਿੰਘ ਨੇ ਕਹਾ ਜੀ ਮੈਨੂੰ (ਅਕਾਲ ਪੁਰਖ ਵੱਲੋਂ) ਅਵਾਜਾ ਹੋਇਆ ਹੈ ਜੋ ਦੋਨੋਂ ਭਾਈ ਏਕੋ ਰੂਪ ਹਨ, ਮੇਰੇ ਸਮਾਨ ਜਾਨਣਾ, ਤਾਂ ਮੈਂ ਜਾਣਿਆ ਹੈ ਜੋ ਦੋਨੋਂ ਭਾਈ ਏਕ ਰੂਪ ਹੈਂ।

## ਮੁਠੱਡਿਆਂ ਦੇ ਬ੍ਰਾਹਮਣ

ਮੁਠੱਡੀਂ ਗਏ ਗੁਰੂ ਜੀ। ਖੂਹ ਪਰ ਦੀਵਾਨ ਲਾਇਆ ਹੋਇਆ ਸੀ। ਬ੍ਰਾਹਮਣਾਂ ਨੇ ਸਲਾਹ ਕੀਤੀ ਜਦ ਏਨ੍ਹਾਂ ਕੀ ਪੰਗਤ ਲੱਗੇਗੀ ਤਾਂ ਹੁੱਕੇ ਦਾ ਪਾਣੀ ਸੁੱਟਾਂਗੇ। ਸਿੰਘਾਂ ਨੇ ਗੁਰੂ ਜੀ ਪਾਸ ਅਰਜ਼ ਕੀਤੀ ਜੀ ਪੰਮੇਂ ਏਹ ਕਹਿੰਦੇ ਹੈ ਕਿ ਹੁੱਕੇ ਦਾ ਪਾਣੀ ਡੋਲ੍ਹਾਂਗੇ। ਬਚਨ ਕੀਤਾ ਗੁਰੂ ਜੀ ਉਸ ਵਕਤ ਕੋਈ ਸਿੰਘ ਕੋਲ ਨਹੀਂ ਸੀ? ਦਿਆਲ ਸਿੰਘ ਨੇ ਕਹਾ ਜੀ ਕੋਈ ਨਾ ਸੀ। ਤਿੰਨਾਂ ਸਿੰਘਾਂ ਨੂੰ ਹੁਕਮ ਦਿੱਤਾ ਤੁਸੀਂ ਜਾਇਕੇ ਪੁੱਛੋ। ਬਾਬਾ ਜਵਾਹਰ ਸਿੰਘ ਤੇ ਬਾਬਾ ਕਾਹਨ ਤੇ ਬਾਬਾ ਸੁੱਧ ਸਿੰਘ ਤਿੰਨਾਂ ਨੂੰ ਹੁਕਮ ਹੋਇਆ। ਗੁਰੂ ਜੀ ਪਾਸੋਂ ਪੁੱਛਿਆ ਹੱਥੋਂ ਖਾਲੀ ਜਾਈਏ ਕਿ ਸਲੋਤਰ ਲੈ ਜਾਈਏ। ਬਚਨ ਹੋਇਆ ਹੱਥੋਂ ਖਾਲੀ ਜਾਣ ਦਾ ਕੀ ਕੰਮ ਹੈ? ਤਿੰਨਾਂ ਨੇ ਜਾਇਕੇ ਪੁੱਛਿਆ ਬ੍ਰਾਹਮਣਾਂ ਕੋ ਕੇੜ੍ਹਾ ਕੇੜ੍ਹਾ ਕਹਿੰਦਾ ਹੈ ਹੁੱਕੇ ਕਾ ਪਾਣੀ ਪੰਗਤ ਮੈ ਤੁਣਕਾਵਾਂਗੇ? ਪੰਮੇਂ ਬੋਲੇ ਤੁਸੀਂ ਪਿੰਡ ਲੁੱਟਣ ਆਏ ਹੋ? ਬਾਬੇ ਕਾਹਨ ਸਿੰਘ ਨੇ ਸਲੋਤਰ ਮਾਰਿਆ ਤੇ ਕਹਾ ਕਿ ਲੁੱਟਣ ਵਾਲਿਆਂ ਦੀਆਂ ਤਾਂ ਅਸੀਂ ਜੜ੍ਹਾਂ ਪੁੱਟਣ ਨੂੰ ਫਿਰਦੇ ਹਾਂ। ਬ੍ਰਾਹਮਣਾਂ ਨੇ ਨੜੀ[1] ਮਾਰੀ ਸਿੰਘ ਦੇ, ਸਿੰਘ ਦੇ ਸਿਰ ਵਿੱਚ ਲੱਗੀ। ਤਿੰਨੇ ਹੀ ਲੱਗੇ ਮਾਰਨ। ਪੰਮੇਂ ਭੀ ਇੱਟਾਂ ਵੱਟੇ ਲੱਗੇ ਚਲਾਵਣ। ਲੜਾਈ ਮਚ ਪਈ। ਤਿੰਨ ਪੰਮੇ ਦੜ ਮਾਰੇ ਧਰਤੀ ਪਰ, ਛੇ ਕੁ ਪੰਮੇਂ ਗਲੀ ਮੇਂ ਵੜ ਗਏ ਦੌੜ ਕੇ । ਬਾਕੀ ਦਿਆਂ ਨੇ ਅੰਦਰੀਂ ਵੜਕੇ ਕੁੰਡੇ ਮਾਰ ਲਏ। ਸ਼ੇਰਾਂ ਦੇ ਅੱਗੇ ਮਿਰਗਾਂ ਵਾਂਗੂੰ ਭੱਜਕੇ ਜਾਇ ਲੁਕੇ।

ਪੰਮੇਂ ਥਾਣੇ ਨੂੰ ਗਏ। ਅੰਤਰਯਾਮੀ ਜੀ ਦੇ ਬਚਨ ਤੇ ਲੱਖਾ ਸਿੰਘ ਨੇ ਪੈਹਲੇ ਹੀ ਜਾਇਕੇ ਥਾਣੇ ਇਤਲਾਹ ਦਿੱਤੀ ਕੇ ਬ੍ਰਾਹਮਣਾਂ ਨੇ ਹੁੱਕੇ ਕੇ ਪਾਣੀ ਸੁੱਟਣ ਦੀ ਸਲਾਹ ਕੀਤੀ ਸੀ, ਸਾਡੇ ਨਾਲ ਹੋਰ ਬਹੁਤ ਦੰਗਾ ਕੀਤਾ ਹੈ। ਥਾਣੇਦਾਰ ਨੇ ਬ੍ਰਾਹਮਣਾਂ ਕੋ ਆਉਂਦਿਆਂ ਨੂੰ ਹਵਾਲਾਤ ਵਿਚ ਦੇ ਦਿੱਤਾ। ਇਹ ਨਹੀਂ ਪੁੱਛਿਆ ਕੇ ਕੇੜੀ ਗੱਲ ਦਾ ਦੰਗਾ ਹੋਇਆ ਹੈ। ਅਗਲੇ ਦਿਨ ਗੁਰੂ ਜੀ ਫ਼ਲੌਰ ਦਾ ਪੱਤਣ ਲੰਘਣ ਆਏ ਤੇ ਉਨ੍ਹਾਂ ਨੂੰ ਛੁਡਾਇ ਕੇ ਰਾਮਦਾਸ ਪੁਰੇ ਆਏ।

---

1 ਨਾਲੀ, ਹੁੱਕੇ ਦੀ ਨਲਕੀ।

## ਰਾਮਦਾਸ ਪੁਰੇ ਮੈ

ਸਤਿਗੁਰੂ ਜੀ ਦੇ ਦਰਸ਼ਨ ਨੂੰ ਸਿੰਘ ਆਏ। ਹੋਰਨਾਂ ਕੋਲ ਦੋ-ਦੋ ਰੁਪਏ ਤੇ ਇਕ ਸਿੰਘ ਪਾਸ ਏਕ ਰੁਪਯਾ ਸੀ। ਉਸਨੇ ਦਿਲ ਵਿੱਚ ਸਮਝਿਆ ਜੋ ਮੇਰੇ ਪਾਸ ਥੋੜੀ ਭੇਟਾ ਹੈ।ਅੰਤਰਯਾਮੀ ਜੀ ਬਚਨ ਕੀਤਾ ਏਤਨੀ ਖੇਚਲ ਕਿਓਂ ਕੀਤੀ ਹੈ? ਏਥੇ ਗੁਰੂ ਦੀ ਦੇਗ ਤੁਰੀ ਹੋਈ ਹੈ।

ਦਇਆ ਸਿੰਘ ਕੋ ਤਾਪ ਚੜ ਗਿਆ ਸੀ। ਮਰਨ ਵਾਲਾ ਹੋਯਾ ਸੀ। ਸੰਕਲਪ ਕੀਤਾ ਹੋਰ ਤਾਂ ਸਭ ਕੁਛ ਹੋਯਾ, ਸਤਿਗੁਰੂ ਰਾਮ ਸਿੰਘ ਜੀ ਕਾ ਦਰਸ਼ਨ ਨਹੀਂ ਹੋਇਆ ਹੈ। ਤਤ-ਛਿਨ ਸਤਿਗੁਰੂ ਜੀ ਕੀ ਮੂਰਤੀ ਨਜ਼ਰ ਆਈ। ਮੋਢੇ ਪਰ ਪਰਨਾ, ਕੇਸਾਂ ਕਾ ਜੂੜਾ ਕੀਤਾ ਹੋਇਆ, ਕਛਹਿਰਾ ਪਹਿਨੇ ਹੋਏ ਸੀ। ਚਰਨਾਂ ਪਰ ਮੱਥਾ ਟੇਕਿਆ। ਫੇਰ ਦੇਖੇ ਤਾਂ ਝੱਟ ਗੁਪਤ ਹੋ ਗਏ। ਫੇਰ ਰਾਜੀ ਹੋਇ ਗਿਆ। ਜਾਣਿਆ ਜੋ ਅੰਤਰਯਾਮੀ ਜੀ ਸਭ ਬਿਧ ਕਰਕੇ ਪੂਰਨ ਹੈਨ। ਉਸ ਨੇ ਆਪਣੇ ਮਿਤਰਾਂ ਕੋ ਕਹਾ ਕਿ ਮੈਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਦਰਸ਼ਨ ਦਿੱਤਾ ਹੈ। ਉਨ੍ਹਾਂ ਕੋ ਪ੍ਰਤੀਤ ਨਾ ਆਈ ਕਿ ਏਥੇ ਕਿੱਥੇ ਆਏ ਹੈਂ। ਏਹ ਕਿੱਥੇ ਬੈਠਾ ਹੈ ਉਹ ਕਿੱਥੇ ਹੈਨ। ਸਾਰੇ ਜਗਤ ਵਿਚ ਪੰਥ ਦੀ ਉਪਮਾ ਹੋਈ। ਜਿਸਨੂੰ ਭਜਨ ਦਿੰਦੇ ਹੈਂ ਉਸੀ ਕੋ ਸ਼ਾਂਤ ਆਇ ਜਾਂਦੀ ਹੈ।

ਏਕ ਸਮੇਂ ਸਤਿਗੁਰੂ ਜੀ ਬਚਨ ਕੀਤਾ ਸਰਫ਼ਾ ਰੱਖੇ ਨਾ, ਸੰਜਮ ਨਾਲ ਵਰਤੀ ਜਾਏ। ਗੁਰੂ ਬਾਲਕ ਸਿੰਘ ਜੀ ਕਾ ਬਚਨ ਹੈ ਜੇ ਆਸਣ ਪਾਟ ਜਾਏ, ਜੇਕਰ ਭੂਰੇ ਕੀ ਲੀਰ ਪਾਟ ਜਾਏ ਤਾਂ ਲੀੜੇ ਕੀ ਟਾਕੀ ਲਾਇ ਲਵੇ। ਚਾਹੇ ਕੋਈ ਬਸਤਰ ਹੋਵੇ ਸਭ ਨੂੰ ਸੀਊਣਾ ਚਾਹੀਏ। ਨਾ ਸੀਵੀਏਂ ਤਾਂ ਪਾਟਦਾ ਪਾਟ ਜਾਂਦਾ ਹੈ। ਸੀਵੇਂ ਤੇ ਕਈ ਮਹੀਨੇ ਕੱਢ ਜਾਂਦਾ ਹੈ।

## ਤੁਸੀਂ ਮੈਨੂੰ ਕਾਣਿਆਂ ਕੀਤਾ ਹੈ

ਭਾਦਰੋਂ ਦੇ ਮਹੀਨੇ[1] ਬੀਬੀ ਨੰਦਾਂ ਕੀਆਂ ਅੱਖਾਂ ਦੁਖਣੇ ਆਇ ਗਈਆਂ। ਬੀਬੀ ਰਸੌਂਤ ਕਾ ਫੁਲ ਭਰਕੇ ਅੱਖ ਵਿੱਚ ਪਾ ਲਿਆ। ਅੱਖੀਆਂ ਕਾ ਜਿਆਦਾ ਬਧਾਨ ਹੋਇ ਗਿਆ। ਆਖ਼ਰ ਕੋ ਏਕ ਆਂਖ ਮੇਂ ਫੋਲਾ ਪੈ ਗਿਆ। ਦਿਸਣੋਂ ਰਹਿ ਗਿਆ। ਬੀਬੀ ਨੰਦਾਂ ਨੇ ਰਾਮਦਾਸ ਪੁਰੇ ਮੈ ਆਇਕੇ ਗੁਰੂ ਜੀ ਕਾ ਦਰਸ਼ਨ ਕੀਤਾ। ਕੈਹਣ ਲਗੀ ਜੀ ਤੁਸੀਂ ਮੈਨੂੰ ਕਾਣੀਂ ਕੀਤਾ ਹੈ। ਜਦੋਂ ਤੁਸੀਂ ਕਿਹਾ ਸੀ ਕਰ ਦਿਆਂ ਕਾਣੀਂ, ਮੈਂ ਤਾਂ ਜਦੇ ਸਮਝ ਗਈ ਸੀ ਇਹ ਬਚਨ ਹੋਇਕੇ ਰਹੇਗਾ, ਖਾਲੀ ਨਹੀਂ ਜਾਂਦਾ। ਸੋ ਤੁਸੀਂ ਮੈਨੂੰ ਕਾਣਿਆਂ ਕੀਤਾ ਹੈ। ਗੁਰੂ ਜੀ ਬਚਨ ਕੀਤਾ ਸ਼ੁਕਰ ਕਰ ਇਕ ਅੱਖ ਵੀ ਬਚ ਰਹੀ ਹੈ। ਬੀਬੀ ਚੁਪ ਕਰ ਰਹੀ।

## ਸੂਤਰ

ਮਾਤਾ ਜੱਸਾਂ ਨੇ ਅਰਜ਼ ਕੀਤੀ ਜੀ ਸੂਤਰ ਕਿਸ ਨੂੰ ਕਹਿੰਦੇ ਹੈਂ। ਬਚਨ ਕੀਤਾ

---

1 ੧੯੧੮ ਬਿਕਰਮੀ/੧੮੬੧ ਈ. ਦੇ ਅਗਸਤ ਦਾ ਅਖ਼ੀਰ।

ਦਿਖਾਵਾਂਗੇ। ਰਾਮਸਰ ਮਾਈ ਬੈਠੀ ਸੀ। ਹੋਰ ਕਈ ਮਾਈਆਂ ਬੀਬੀਆਂ ਭੀ ਕੋਲ ਬੈਠੀਆਂ ਸੀਆਂ। ਗੁਰੂ ਜੀ ਬੰਦਗੀ ਇਕੰਤ ਬੈਠਕੇ ਕਰਦੇ ਸੀ। ਜਾਂ ਆਏ ਤਾਂ ਐਸਾ ਰੂਪ ਦਿਖਾਇਆ, ਸਭ ਮਸਤਾਨੀਆਂ ਹੋਈਆਂ ਘੁੰਮਦੀਆਂ ਫਿਰਦੀਆਂ ਹੈਂ। ਫੇਰ ਇਸ਼ਨਾਨ ਪਾਨ ਕਰਕੇ ਚੁਬਾਰੇ ਮੈ ਦੀਵਾਨ ਲਗਾਇਆ। ਜੋ ਸਿੰਘ ਆਵਨ, ਚੁਬਾਰੇ ਮੈ ਸਮਾਉਂਦੇ ਜਾਣ।

## ਗੜਵੇ ਰੱਖੋ

ਰਾਇ ਸਿੰਘ ਖਟੜੇ ਜ਼ਿਲਾ ਲੁਦਿਹਾਣਾ ਅਕਾਲ ਬੁੰਗੇ ਆਇਕੇ ਖੇਲ[1] ਮੇਂ ਹੱਥ ਧੋਣ ਲਗਾ। ਗੁਰੂ ਜੀ ਭੀ ਦੇਖਦੇ ਸੀ। ਜਾਂ ਹੱਥ ਧੋਇ ਹਟਿਆ ਤਾਂ ਸਤਿਗੁਰੂ ਜੀ ਬਚਨ ਕੀਤਾ ਖੇਲ ਮੇਂ ਹੱਥ ਨਹੀਂ ਧੋਣੇ ਚਾਹੀਏ। ਏਥੇ ਹਰ ਇਕ ਆਦਮੀਂ ਹੱਥ ਧੋ ਜਾਂਦਾ ਹੈ, ਜਾਨਵਰ ਵੀ ਪਾਣੀ ਪੀ ਜਾਂਦਾ ਹੈ। ਜੇਕਰ ਤੁਸੀਂ ਕਹੋ ਕਿ ਗੜਵੇ ਦਾ ਭਾਰ ਹੈ, ਜਿੱਥੇ ਸੰਦਾ ਦਾ ਭਾਰ ਚੁਕਦੇ ਹੋ ਉੱਥੇ ਗੜਵੇ ਦਾ ਭਾਰ ਵੀ ਚੁੱਕੋ। ਗੜਵਾ ਰੱਖੇ ਬਿਨ੍ਹਾਂ ਕੁਛ ਨਹੀਂ ਬਣਦਾ। ਗੜਵੇ ਤੁਹਾਨੂੰ ਰੱਖਣੇ ਪੈਣਗੇ। ਨਾਲੋ ਇਹ ਵੀ ਹੁਕਮ ਦਿੱਤਾ ਕਿ ਭਾਈ ਜੂਨਾਂ ਉਹ ਵੀ ਹਨ ਜਿਨ੍ਹਾਂ ਨੂੰ ਜੰਗਲ ਵਾਲੇ ਹੱਥਾਂ ਤੋਂ ਬਾਦ ਦਾ ਪਾਣੀ ਪੀਣ ਨੂੰ ਮਿਲਦਾ ਹੈ। ਏਸ ਕਰਕੇ ਗੜਵਾ ਲੈ ਜਾਣਾ ਚਾਹੀਦਾ ਹੈ। ਉਸ ਦਿਨ ਤੋਂ ਸਾਰੇ ਸਿੰਘ ਮਦਾਨ ਗੜਵੇ ਨਾਲ ਲੈ ਜਾਣ ਲੱਗੇ।

♦

1 ਪਸ਼ੂਆਂ ਆਦਿ ਲਈ ਪਾਣੀ ਪੀਣ ਲਈ ਬਣਾਇਆ ਖੁਰਲੀ ਦੀ ਸ਼ਕਲ ਦਾ ਲੰਮਾ ਚੁਬੱਚਾ।

# ਮਾਘੀ ਦਾ ਮੇਲਾ ਮੁਕਤਸਰ

## (1962 ਈ.)

ਮਾਘੀ ਕੋ ਮੁਕਤਸਰ ਨੂੰ ਚੱਲੇ ਸ੍ਰੀ ਸਤਿਗੁਰੂ ਜੀ ਸੰਮਤ ਬਿਕ੍ਰਮੀ ੧੯੧੮ ਕੋ[1]। ਜੋਗਾ ਸਿੰਘ ਧੂੜਕੋਟੀਆ, ਗੰਗਾ ਗਿਆ ਸੀ ਸੁਰਖੀ ਘੋੜੀ ਵੇਚਣ। ਤਿੰਨ ਵਾਰ ਘੋੜੀ ਵੇਚਣ ਗਿਆ ਸੀ ਪਰ ਜਦੋਂ ਜਾਂਦਾ ਸੀ ਘੋੜੀ ਲੰਙੀ ਹੋ ਜਾਂਦੀ ਸੀ। ਉੱਥੇ ਅਲਖ ਰਾਮ ਸਾਧੂ ਮਿਲਿਆ। ਉਸਨੇ ਕਹਾ ਕਿ ਘੋੜੀ ਲੈ ਕੇ ਆਪਣੇ ਗੁਰੂ ਕੋ ਜਾਇ ਮਿਲ। ਜਾਂ ਜੋਗਾ ਸਿੰਘ ਪਟਿਆਲੇ ਆਇਆ ਤਾਂ ਅਵਾਜ਼ਾ ਹੋਇਆ ਮਾਘੀ ਮੁਕਤਸਰ ਮੇਲਾ ਹੋਵੇਗਾ, ਅੱਗੇ ਐਸਾ ਨਹੀਂ ਹੋਇਆ। ਗੁਰੂ ਆਵੇਗਾ ਮੁਕਤਸਰ।

ਜੋਗਾ ਸਿੰਘ[2] ਧੂੜਕੋਟ ਆਇਕੇ ਆਖਦਾ ਫਿਰੇ ਗੁਰੂ ਪ੍ਰਗਟ ਹੋਇਆ ਹੈ, ਮੁਕਤਸਰ ਨੂੰ ਆਉਂਦਾ ਹੈ। ਅਲਖ ਰਾਮ ਸਾਧੂ ਕਮਾਈ ਵਾਲੇ ਹੈਨ। ਜੋ ਬੋਲਾ ਮੁਖ ਸੇ ਕਹਿੰਦੇ ਹੈ ਸੋ ਪੂਰਾ ਹੋ ਜਾਂਦਾ ਹੈ। ਪੁੱਤਰ ਭੀ ਦੇਂਦੇ ਹੈਨ। ਨਾਲ ਸਾਧ (ਜਮਾਤ) ਰੈਂਹਦੇ ਹੈਂ। ਬਚਨ ਕੀ ਸਿੱਧੀ ਹੈ ਅਤੇ ਲੰਗੋਟੇ ਦਾ ਜਤੀ ਹੈ। ਲੋਕ ਸਭ ਮੰਨਦੇ ਹੈਂ।

ਸ੍ਰੀ ਸਤਿਗੁਰੂ ਜੀ ਅਰਦਾਸਾ ਕਰਕੇ ਚੱਲੇ। ਅਰਦਾਸਾਂ ਭੇਜੀਆਂ ਸੀਆਂ ਸਾਰੇ ਦੇਸ਼ ਵਿਚ, ਸ੍ਰੀ ਸਤਿਗੁਰੂ ਜੀ ਮੁਕਤਸਰ ਆਵਨਗੇ। ਸਭ ਸਿੰਘ ਇਕੱਠੇ ਹੋਕੇ ਆਏ। ਫਰੀਦਕੋਟ ਮੇਂ ਗਏ। ਲੰਗਰ ਕੇ ਬਰਤਨਾਂ ਕੇ ਵਾਸਤੇ ਸਿੰਘ ਰਾਜੇ ਕੋਲ ਆਏ। ਅੱਗੇ ਨੌਕਰ ਨੇ ਕਹਿਆ ਕਿ ਜੀ ਅਜੇ ਰਾਜਾ ਸਾਹਿਬ ਸੁੱਤੇ ਪਏ ਹੈਂ। ਆਕੇ ਸਿੰਘਾਂ ਨੇ ਕਹਿਆ ਕਿ ਕਹਿੰਦੇ ਹੈਂ ਕਿ ਬਰਤਨ ਰਾਜਾ ਉੱਠ ਕੇ ਦੇਵੇਗਾ।[3] ਸਤਿਗੁਰੂ ਜੀ ਬਚਨ ਕੀਤਾ ਏਨੇਂ ਕੀ ਸਾਰਨਾ ਹੈ ਜੇੜ੍ਹਾ ਹੁਣ ਤਾਈਂ ਸੁੱਤਾ ਪਿਆ ਹੈ।

## ਮੁਖ਼ਬਰ ਨਾਈ

ਇਕ ਨਾਈ ਆ ਕੇ ਭਜਨ ਲੈ ਕੇ ਵਿਚ ਰੈਹਣ ਲੱਗਾ। ਕਛਹਿਰੇ ਚੁਰਾਇ ਲਏ। ਅਰਜ਼ ਹੋਈ ਜੀ ਜਿਸ ਦਿਨ ਦਾ ਏਹ ਨਾਈ ਆਇਆ ਹੈ ਉਸੀ ਦਿਨ ਤੇ ਕਈ ਕਛਹਿਰੇ ਚੁੱਕੇ ਗਏ ਹਨ। ਗੁਰੂ ਜੀ ਬਚਨ ਕੀਤਾ ਤਲਾਸ਼ੀ ਲੈ ਲਵੋ। ਜਾਂ ਤਲਾਸ਼ੀ ਲਈ ਤਾਂ ਸਭ ਕਛਹਿਰੇ ਨਿਕਲ ਆਏ। ਬਚਨ ਕੀਤਾ ਜਾਹ ਓਏ ਸਰਾਫਿਆ ਹੋਇਆ, ਉਠਾਏ ਦੇਵੋ ਮੇਰੇ ਸਾਮ੍ਹਣੇ ਤੇ। ਉਸੀ ਵਕਤ ਉਠਾਏ ਦਿੱਤਾ। ਏਹ ਨਾਈ ਰਾਜਾ ਫ਼ਰੀਦਕੋਟ ਨੇ ਮੁਖ਼ਬਰ ਛੱਡਿਆ ਥਾ। ਕਛਹਿਰੇ ਟਕਾ ਪੈਸਾ ਚੁਰਾਇ ਲੈਂਦਾ ਸੀ।

ਚਰਨ ਪੌਂਦੇ ਧਰਤੀ ਕੋ ਪਵਿਤ੍ਰ ਕਰਦੇ ਸਤਿਗੁਰੂ ਜੀ ਮੁਕਤਸਰ ਆਏ। ਜੇੜ੍ਹੇ ਜੇੜ੍ਹੇ ਸਿੰਘ

---

1 ਜਨਵਰੀ ੧੯੬੨ ਈ

2 ਪਿਤਾ ਗਰਜਾ ਸਿੰਘ।

3 ਰਾਜਾ ਵਜੀਰ ਸਿੰਘ

ਸਜੇ ਹੋਏ ਸੇ, ਜਿਨ੍ਹਾਂ ਨੇ ਭਜਨ ਲਏ ਹੋਏ ਸੇ, ਸੋ ਸਭ ਆਏ। ਉਸ ਸਮੇਂ ਸਰਾਇ ਬਣਦੀ ਸੀ। ਤਿੰਨ ਕੋਠੜੀਆਂ ਬਣੀਆਂ ਸੀਆਂ। ਸਤਿਗੁਰੂ ਜੀ ਇਕ ਕੋਠੜੀ ਵਿਚ, ਦੂਈ ਵਿਚ ਸੰਗਤ, ਔਰ ਤੀਸਰੀ ਵਿਚ ਲੰਗਰ ਬਣਨੇ ਲਗਾ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਬਿਸਤਰੇ ਜਮਾਏ[1] ਲਵੋ ਮੀਂਹ ਅਤੇ ਹਨੇਰੀ ਆਵੇਗੀ। ਰਾਤ ਕੋ ਮੀਂਹ ਹਨੇਰੀ ਆਈ। ਕਹਿਣ ਧੰਨ ਗੁਰੂ ਅੰਤਰਯਾਮੀ ਹੈ ਅੱਗੋਂ ਹੀ ਦੱਸ ਦਿੱਤਾ ਹੈ। ਸਵਾ ਪਹਿਰ ਰਾਤ ਸੇ ਰਾਗੀਆਂ ਨੇ ਆਸਾ ਦੀ ਵਾਰ ਲਾਈ, ਸਿੰਘਾਂ ਨੇ ਪ੍ਰੇਮ ਨਾਲ ਸੁਣੀ। ਜੇੜ੍ਹਾ ਆਕੇ ਮੋਹਣੀ ਮੂਰਤ ਦਾ ਦਰਸ਼ਨ ਕਰੇ ਸੋ ਮੋਹਿਆ ਜਾਵੇ। ਅਰਦਾਸਾ ਕੀਤਾ, ਸਤਿ ਸ੍ਰੀ ਅਕਾਲ ਉੱਚੀ ਸੇ ਗਜਾਈ।

## ਮੈਣ ਦੁਆਬ ਦੀ ਮਾਈ

ਏਕ ਮਾਈ ਆਈ। ਚਰਨਾਂ ਪਰ ਸੀਸ ਨਿਵਾਇਆ। ਹਾਥ ਜੋੜਕੇ ਅਰਜ਼ ਕੀਤੀ ਜੀ ਮੈਂ ਜੱਸ ਸੁਣਕੇ ਆਈ ਹਾਂ। ਤੁਸੀਂ ਗੁਰੂਗੱਦੀ ਪਰ ਬੈਠੇ ਹੋ, ਮੈਨੂੰ ਭੀ ਭਜਨ ਮਿਲੇ। ਸਤਿਗੁਰੂ ਜੀ ਬਚਨ ਕੀਤਾ ਮੈਂ ਤਰਖਾਣ ਹਾਂ ਲਕੜੀ ਕੀ ਕਾਣ ਕੱਢਣ ਵਾਲਾ। ਮਾਈ ਨੇ ਕਹਾ ਕਿ ਮੈਂ ਦੂਰੋਂ ਚਲਕੇ ਆਈ ਹਾਂ। ਦੁਨੀਆਂ ਕਹਿੰਦੀ ਹੈ ਜਿਸ ਨੂੰ ਭਜਨ ਦਿੰਦੇ ਹੈਂ, ਕੰਨ ਵਿੱਚ ਫੂਕ ਮਾਰਦੇ ਹੈਂ, ਉਸੀ ਵਕਤ ਸਰੀਰ ਕੀ ਸੁਧ ਬੁਧ ਭੁਲ ਜਾਂਦੀ ਹੈ। ਮਸਤ ਹੋਇ ਜਾਂਦਾ ਹੈ। ਸ਼ਬਦ ਪੜਦਾ ਹੈ, ਖੇਡਣ ਲੱਗ ਪੈਂਦਾ ਹੈ। ਖਵਰੇ ਕੀ ਮੰਤਰ ਕੰਨ ਵਿੱਚ ਸੁਣਾਉਂਦੇ ਹਨ ਸਰੀਰ ਕੀ ਤਾਸੀਰ ਬਦਲ ਜਾਂਦੀ ਹੈ। ਰੰਗ ਭੀ ਵਟ ਜਾਂਦਾ ਹੈ। ਅੱਖ ਕੇ ਝਮੱਕੇ ਮੇਂ ਮੰਤਰ ਸੁਣਾਇਕੇ ਕਮਲਾ ਕਰ ਦਿੰਦੇ ਹਨ। ਮਾਈ ਨੇ ਕਹਾ ਜੀ ਏਸ ਤਰ੍ਹਾਂ ਦੀ ਉਪਮਾ ਤੇਰੇ ਪੰਥ ਕੀ ਹੋ ਰਹੀ ਹੈ। ਮੈਂ ਭੀ ਸੁਣਕੇ ਆਈ ਹਾਂ। ਮੇਰਾ ਜਨਮ ਮਰਨ ਕੱਟ ਦਿਓ। ਚੁਰਾਸੀ ਕੀ ਫਾਸੀ ਮੇਰੀ ਕੱਟੀ ਜਾਵੇ। ਮੇਰੀ ਵਾਸ਼ਨਾ ਪੁਰੀ ਕਰੋ। ਉਸ ਮਾਈ ਕੀ ਬੇਨਤੀ ਸੁਣਕੇ ਮੇਹਰਬਾਨ ਹੋਇਕੇ ਭਜਨ ਸੁਣਾਇਆ ਸਤਿਗੁਰੂ ਜੀ ਨੇ। ਸੰਗਤ ਨਾਲ ਰਲਾਈ। ਬਚਨ ਕੀਤਾ ਕਿਸੇ ਨੂੰ ਦਸੀਂ ਨਾ। ਨਾਮ ਸੁਣਦੇ ਸਾਰ ਸ਼ਾਂਤ ਆਇ ਗਈ।

ਸਿੰਘ ਸੁਣ ਸੁਣ ਕੇ ਦੂਰੋਂ ਦੂਰੋਂ ਆਏ। ਬਹੁਤ ਖਾਲਸਾ ਇਕੱਠਾ ਹੋਇਆ। ਸਿੰਘਾਂ ਕੋ ਦੇਖਕੇ ਫ਼ਰੰਗੀਆਂ ਕੋ ਭੀ ਭੈ ਪ੍ਰਾਪਤ ਹੂਆ। ਨਯਾ ਪੰਥ ਪੈਦਾ ਹੋਇਆ ਹੈ। ਬਿਨਾਂ ਦਮਾਂ ਥੀਂ ਆਇਕੇ ਸੀਸ ਵੇਚਦੇ ਹੈਂ। ਐਸੇ ਹਮਾਰੇ ਨੌਕਰ ਨਹੀਂ ਕਹਾ ਮੰਨਦੇ ਜੈਸੇ ਇਹ ਮੰਨਦੇ ਹੈਂ। ਤੇਜ ਪ੍ਰਤਾਪ ਸਭ ਪਰ ਛਾਇ ਗਿਆ ਹੈ। ਜੈਸੇ ਸੂਰਜ ਕੇ ਚੜ੍ਹੇ ਤੇ ਚਾਨਣਾ ਹੋ ਆਉਂਦਾ ਹੈ।

## ਜੋਗਾ ਸਿੰਘ ਧੂੜਕੋਟ ਨੇ ਭਜਨ ਲਿਆ

ਧੂੜਕੋਟੀਆ ਜੋਗਾ ਸਿੰਘ ਤਿਸਨੇ ਆਇ ਭਜਨ ਸੁਣਿਆ ਅਰਜ਼ ਕਰਕੇ। ਸੁਣਦੇ ਸਾਰ ਹੀ ਮੰਤਰ ਜੋਗਾ ਸਿੰਘ ਕਿਧਰੇ ਨਹੀਂ ਗਿਆ ਨਾਲੇ ਅਲਖ ਰਾਮ ਵਾਲਾ ਬਚਨ ਭੀ ਕੀਤਾ। ਬਚਨ ਕੀਤਾ ਗੁਰੂ ਜੀ ਅੱਛਾ ਸਾਧ ਹੈ। ਪੁੱਛਿਆ ਤੇਰਾ ਕਿਤਨਾ ਕੁ ਖ਼ਰਚ ਹੈ? ਕੈਹਣੇ ਲਗਾ ਜੀ ਮੈਂ ਲਾਡਲਾ ਰਹਿਆ ਹਾਂ। ਦੁਖ ਕੋਈ ਨਹੀਂ ਦੇਖਿਆ। ਰਸਤ ਲਾਇ ਦਿੱਤੀ ਤੇ ਕੋਲ ਹੀ ਰਹਿਣ

1 ਵਿਛਾ ਲਵੋ।

ਲਗਾ। ਘੋੜੀ ਅਰਦਾਸ ਕਰਵਾ ਦਿੱਤੀ। ੧੦੦) ਸਤਿਗੁਰਾਂ ਨੇ ਦਿੱਤਾ। ਨਿਸਚਾ ਹੋਇਆ ਕਿ ਏਹ ਸੱਚਾ ਪੰਥ ਹੈ। ਗੁਰੂ ਜੀ ਕਾ ਪ੍ਰਤਾਪ ਦਿਨੋਂ ਦਿਨ ਫੈਲਨੇ ਲਗਾ। ਸ਼ਬਦ ਕਾ ਤੀਰ ਮਾਰਦੇ ਹੈਨ। ਜਿਸਕੇ ਤਨ ਮੇਂ ਲਗਦਾ ਹੈ ਉਸਕੀ ਜਨਮ ਮਰਨ ਦੀ ਚੁਰਾਸੀ ਕੱਟੀ ਜਾਂਦੀ ਹੈ।

ਜੈਸੇ ਬਨ ਮੈ ਕੇਹਰ ਕੇ ਭੈ ਸੇ ਮ੍ਰਿਗ ਆਦਿਕ ਡਰਦੇ ਹੈਂ, ਤਿਸੀ ਤਰ੍ਹਾਂ ਰਾਜਾ ਪਰਜਾ ਡਰਨੇ ਲਗੀ ਕਿ ਇਹ ਕੋਈ ਕਲਾ ਪ੍ਰਗਟ ਹੋਈ ਹੈ। ਸਵਾ ਪਹਿਰ ਸੇ ਅਸ਼ਨਾਨ ਕੀਤਾ, ਆਸਾ ਦੀ ਵਾਰ ਲੱਗੀ। ਅਰਦਾਸਾ ਕੀਤਾ ਤੇ ਪੜਿਆ- 'ਉਠ ਗਈ ਸਫ਼ਾ ਮੁਹੰਮਦੀ ਕਰ ਕੂੜ ਪਸਾਰਾ। ਐਸੇ ਦੰਦ ਕਲੇਸ ਮੈ ਖਪਿਓ ਸੰਸਾਰਾ। ਤੁਧ ਬਿਨ ਕੋਈ ਨਹੀਂ ਸੱਚੇ ਪਾਤਸ਼ਾਹ, ਭੈ ਕਾਟਣਹਾਰਾ। ਬੋਲੇ ਸੋ ਜੈਕਾਰਾ ਬੋਲ ਗੁਰੂ ਕਾ ਪਿਆਰਾ।' ਸਤਿ ਸ੍ਰੀ ਅਕਾਲ ਗੁਰਬਰ ਅਕਾਲ। ਨਿਤਨੇਮ ਬਾਣੀ ਪੜ੍ਹੀ।

## ਟਿੱਬੀ ਸਾਹਿਬ ਗਏ

ਸ੍ਰੀ ਸਤਿਗੁਰੂ ਜੀ ਪ੍ਰਸੰਨ ਹੋਇਕੇ ਬਚਨ ਕੀਤਾ ਸਭ ਸਿੰਘ ਫ਼ੌਜ ਵਾਂਗੂੰ ਖੜੇ ਹੋਵੋ। ਸਭ ਸਿੰਘ ਫ਼ੌਜ ਵਾਂਗੂੰ ਖੜੇ ਕੀਤੇ। ਸਲੋਤਰ ਸੇ ਸਿੰਘਾਂ ਦੇ ਕੋਲ। ਜਿਨ੍ਹਾਂ ਦੇ ਕੋਲ ਨਾ ਸੇ ਸਲੋਤਰ ਤਿਨਾਂ ਨੂੰ ਬਚਨ ਕੀਤਾ ਚਰੀ ਚੁਕ ਲਵੋ। ਮੋਟੀ ਚਰੀ ਕੋਲ ਪਈ ਸੀ। ਏਕ ਏਕ ਸਭਨਾਂ ਸਿੰਘਾਂ ਨੇ ਫੜਕੇ ਬੰਦੂਕ ਵਾਂਗੂੰ ਸਿੱਧੇ ਕਰਕੇ ਸਭ ਸਿੰਘ ਖੜੇ ਹੋਇ ਗਏ। ਟਿੱਬੀ ਸਾਹਿਬ ਜਾਣਾ ਸੀ। ਫ਼ਰੰਗੀ ਨੇ ਕਹਿਆ ਕਿ ਟਿੱਬੀ ਸਾਹਿਬ ਜਾਣ ਕੇ ਵਕਤ ਸਲੋਤਰ ਕੋਈ ਨਾ ਲਜਾਵੇ। ਬਚਨ ਹੋਇਆ ਪਾਂਚ ਤਾਂ ਸਲੋਤਰ ਲੈ ਹੀ ਲਵੋ। ਫੇਰ ਸਾਰਿਆਂ ਸਿੰਘਾਂ ਨੇ ਲੈ ਲਏ ਸਲੋਤਰ ਹਾਥ ਮੇਂ। ਸੁਰਖੀ ਘੋੜੀ ਸੀ ਤਿਸ ਪਰ ਅਸਵਾਰ ਹੋਇਕੇ ਗੁਰੂ ਜੀ ਅੱਗੇ ਤੇ ਪਿੱਛੇ ਫ਼ੌਜ ਹੈ। ਮਾਨੋਂ ਹੰਸਾਂ ਕੀਆਂ ਡਾਰਾਂ ਨਜ਼ਰ ਆਉਂਦੀਆਂ ਹੈਂ। ਮਿਰਗਾਂ ਵਾਂਗੂੰ ਛਾਲਾਂ ਮਾਰਦੇ ਝਾੜ ਬੂਟੇ ਟੱਪਦੇ ਸਿੰਘ ਖੁਸ਼ੀ ਵਿੱਚ ਹੋਏ ਤੁਰੇ ਜਾਂਦੇ ਹੈਂ। ਆਗੇ ਸਿੰਘ ਤੇ ਪਾਛੇ ਦੇਵੀ ਦਲ[1], ਪਰ ਦੂਰ ਸੀ। ਸ੍ਰੀ ਸਤਿਗੁਰੂ ਜੀ ਪਿਛਾਂ ਦੀਦਾਰ ਦੇ ਕੇ ਬਚਨ ਕੀਤਾ ਦੇਵੀ ਦਲ ਭੀ ਆਉਂਦਾ ਹੈ। ਏਤਨੇ ਬਚਨ ਕਰਨੇ ਸੇ ਦੇਵੀ ਦਲ ਆਗੇ ਹੋਇ ਗਿਆ। ਸਿੰਘ ਦੇਖਕੇ ਅਸਚਰਜ ਹੋਏ।

ਏਕ ਫ਼ਰੰਗੀ ਘੋੜੇ ਪਰ ਚੜ੍ਹਕੇ ਆਇਆ। ਸ੍ਰੀ ਸਤਿਗੁਰੂ ਜੀ ਕੇ ਆਗੇ ਹੋਇਕੇ ਕਹਿਣੇ ਲਗਾ ਬਾਬਾ ਰਾਮ ਸਿੰਘ ਤੁਮਕੋ ਕਹਿਆ ਸੀ ਸਲੋਤਰ ਕੋਈ ਨਾ ਲਿਆਓ। ਬੰਦ ਕੀਤੇ ਸੀ। ਤੁਸੀਂ ਕਿਓਂ ਲਿਆਏ ਹੋ? ਏਕ ਸਿੰਘ ਮਸਤਾਨੇ ਨੇ ਘੋੜੀ ਕੀ ਪਿੱਠ ਪਰ ਸਲੋਤਰ ਮਾਰਿਆ। ਐਸਾ ਭੈ ਕੀਤਾ ਫ਼ਰੰਗੀ ਭੱਜਕੇ ਜਾਨ ਬਚਾਕੇ ਕੋਠੀ ਮੇਂ ਜਾਇ ਵੜਿਆ। ਸਿੰਘ ਸਭ ਟਿੱਬੀ ਸਾਹਿਬ ਕਾ ਦੀਦਾਰ ਕਰਕੇ ਮੁੜ ਆਏ। ਦੁਨੀਆਂ ਹੱਕੀ ਬੱਕੀ ਰਹਿ ਗਈ ਕਿ ਕੈਸਾ ਪੰਥ ਰਚਿਆ ਹੈ? ਨਾਲੇ ਸਿੱਖੀ ਬਾਣਾ ਹੈ ਨਾਲੇ ਖੇਡਦੇ ਹੈਂ[2]। ਖ਼ਵਰੇ ਕੀ ਸੁਨਾਉਂਦਾ ਹੈ ਕੰਨ ਵਿਚ, ਫੂਕ ਮਾਰਕੇ ਮੋਹ ਲੈਂਦਾ ਹੈ।

---

1 ਮਾਈਆਂ ਦਾ ਜਥਾ।

2 ਮਸਤਾਨੇ ਹੁੰਦੇ ਹੈ।

## ਗੁਰਦੁਆਰਿਆਂ ਦੇ ਦਰਸ਼ਨ

ਅਗਲੇ ਦਿਨ ਗੁਰਦੁਆਰਿਆਂ ਕਾ ਦਰਸ਼ਨ ਕਰਨ ਗਏ। ਢੋਲਕ ਵੱਜੇ ਅਤੇ ਸ਼ਬਦ ਪੜ੍ਹਨ ਸਿੰਘ। ਧਮਕ ਪੈਂਦੀ ਜਾਵੇ। ਅੰਮ੍ਰਿਤ ਕੀ ਬਾਰਸ਼ ਹੁੰਦੀ ਜਾਵੇ। ਜੋ ਸੁਣੇ ਸੋ ਦੇਖਦਾ ਹੀ ਰਹਿ ਜਾਏ ਛੱਬ ਕੇ। ਕੋਈ ਪੁਜਾਰੀ ਨਹੀਂ ਬੋਲਿਆ। ਦਰਸ਼ਨ ਕਰਕੇ ਮੁੜ ਆਏ।

ਜਦ ਸਤਿਗੁਰੂ ਜੀ ਫ਼ੌਜ ਮੈ ਥੇ ਇਕ ਸਿੰਘ ਨਾਲ ਥਾ। ਜਦ ਪੰਥ ਤੁਰਿਆ ਤਾ ਗੁਰੂ ਜੀ ਨੇ ਸਦਵਾਇਆ ਪਰ ਨਾ ਆਇਆ। ਮਾਘੀ ਮੁਕਤਸਰ ਦਸੌਂਧਾ ਸਿੰਘ ਕੇ ਨਾਲ ਆਇਆ। ਗੁਰੂ ਜੀ ਬਚਨ ਕੀਤਾ ਏਸਨੂੰ ਕਿਓਂ ਆਂਦਾ ਹੈ? ਏਹ ਤਾਂ ਕੜਛੀ ਕੀ ਤਰ੍ਹਾਂ ਹੈ। ਬੜਾ ਦੁਖ ਪਾਇਕੇ ਮਰੇਗਾ। ਅੰਤ ਕੋ ਦੁਖ ਪਾਇਕੇ ਅਰੜਾਇਕੇ ਮੋਇਆ।

## ਖੁਸ਼ਕ ਖੂਹੀ ਤੋਂ ਅਮੁਕ ਜਲ

ਤੀਸਰੇ ਦਿਨ ਆਸਾ ਕੀ ਵਾਰ ਲੱਗੀ ਅਤੇ ਅਰਦਾਸਾ ਕੀਤਾ। ਸਤਿ ਸ੍ਰੀ ਅਕਾਲ ਬੁਲਾਈ। ਸੁਨੀਆਂ ਕੇ ਚੱਕ ਦੇ ਸਿੰਘ ਥੇ ਸੋ ਅਰਜ਼ ਕਰਕੇ ਲੈ ਗਏ ਸਤਿਗੁਰੂ ਜੀ ਕੋ। ਲਾਂਗਰੀ ਅਰਜ਼ ਕਰਨ ਲੱਗੇ ਖੂਹੀ ਜਲ ਨਹੀਂ ਦੇਂਦੀ। ਸ੍ਰੀ ਸਤਿਗੁਰੂ ਜੀ ਖੂਹੀ ਉੱਤੇ ਖੜੇ ਹੋਇਕੇ ਬਚਨ ਕੀਤਾ ਉਜਾੜ ਬਰ ਬਰ ਮੈ ਹੋਰ ਕਿਤੋਂ ਪਾਣੀ ਨਹੀਂ ਮਿਲ ਸਕਦਾ। ਖਾਲਸਾ ਤਿਹਾਇਆ ਨਾ ਮਾਰੀਂ। ਰਾਮ ਗਊਆਂ ਆਣ ਇਕੱਠੀਆਂ ਹੋਈਆਂ ਹੈਨ। ਏਤਨੇ ਬਚਨ ਕਰਕੇ ਚੌਕੀ ਪਰ ਬੈਠ ਗਏ। ਕੋਲ ਹੀ ਲੰਗਰ ਥਾ। ਲਾਂਗਰੀ ਗੜਵਾ ਭਰਨ ਲੱਗਾ ਤਾਂ ਪਹਿਲਾ ਗੜਵਾ ਗੈਹਰਾ ਨਿਕਲਿਆ। ਦੂਜਾ ਗੜਵਾ ਉਸ ਤੇ ਅਛਾ ਨਿਕਲਿਆ। ਤੀਸਰਾ ਗੜਵਾ ਜਲ ਕਾ ਨਿਰਮਲ ਨਿਕਲਿਆ। ਰਾਜੇ ਬਰੂ[1] ਨੇ ਹੁਕਮ ਮੰਨਿਆ ਅਤੇ ਜਲ ਦਿੱਤਾ। ਲਾਂਗਰੀਆਂ ਨੇ ਜਲ ਖੁਲ੍ਹਾ ਵਰਤਿਆ। ਲੰਗਰ ਵਿਚ ਵੀ ਵਰਤਿਆ ਅਤੇ ਇਸ਼ਨਾਨ ਬੀ ਕੀਤਾ ਸਭਨਾਂ ਸਿੰਘਾਂ ਨੇ। ਜਲ ਕੀ ਤੋਟ ਨਾ ਆਈ। ਦੇਖ ਸੁਣਕੇ ਸਭ ਪ੍ਰਸੰਨ ਹੋਏ। ਧੰਨ ਗੁਰੂ ਸੱਚਾ ਪਾਤਸ਼ਾਹ ਹੈ। ਸਭ ਏਨ੍ਹਾਂ ਦੇ ਹੁਕਮ ਵਿੱਚ ਹੈ।

## ਤਿਨ ਚੁਆਨੀਆਂ

ਏਕ ਲਾਂਗਰੀ ਦੀਆਂ ਤਿੰਨ ਚੁਆਨੀਆਂ ਕਿਸੇ ਨੇ ਖੋਲ੍ਹ ਲਈਆਂ। ਉਸ ਸਿੰਘ ਨੇ ਰਸਤੇ ਮੇਂ ਅਰਜ਼ ਕੀਤੀ ਜੀ ਸੱਚੇ ਪਾਤਸ਼ਾਹ ਮੇਰੀਆਂ ਤਿੰਨ ਚੁਆਨੀਆਂ ਕਿਸੇ ਖੋਲ੍ਹ ਲਈਆਂ ਹੈਨ। ਸ੍ਰੀ ਸਤਿਗੁਰੂ ਜੀ ਉਸੀ ਜਗ੍ਹਾ ਖੜੇ ਹੋਇ ਗਏ। ਸਾਰੀ ਸੰਗਤ ਕੋ ਹੁਕਮ ਕੀਤਾ ਏਸ ਸਿੰਘ ਦੀਆਂ ਜਿਸ ਨੇ ਚੁਆਨੀਆਂ ਖੋਲ੍ਹੀਆਂ ਹੈਨ ਸੋ ਦੇ ਦਿਓ। ਕੋਈ ਸਿੰਘ ਨਾ ਬੋਲਿਆ। ਦੇਖ ਦੇਖਕੇ ਸਿੰਘਾਂ ਨੂੰ ਟੋਹੀ ਗਏ। ਪਾਛੇ ਛੇ ਸਿੰਘ ਰਹਿ ਗਏ। ਬਚਨ ਕੀਤਾ ਗੁਰੂ ਜੀ ਜੇ ਤੁਹਾਡੇ ਵਿਚੋਂ ਕਿਸੇ ਕੋਲ ਹੈਨ ਤਾ ਦੇ ਦਿਓ ਬੜਾ ਪੁੰਨ ਹੈ। ਸਿੰਘ ਕੋ ਜੋੜੇ ਵਾਸਤੇ ਦਿੱਤੀਆਂ ਸਨ। ਫੇਰ ਦੋ ਸਿੰਘ ਟੋਹੇ। ਬਚਨ ਕੀਤਾ ਹੁਣ ਤਾਂ ਦੇ ਦਿਓ, ਧੁਆਡੇ ਵਿਚੋਂ ਹੀ ਹੈ। ਮੈਂ ਵੀ

---

1 ਜਲ ਦਾ ਦੇਵਤਾ ਵਰੁਣ

ਪਾਂਚ ਜਪੁ ਸਾਹਿਬ ਕਾ ਮਹਾਤਮ ਦਿੱਤਾ ਹੈ। ਅਸੀਂ ਬੜੇ ਪ੍ਰਸੰਨ ਹਾਂ। ਦੋ ਸਿੰਘ ਵਿਚੋਂ ਹੋਰ ਟੋਹੇ। ਬਚਨ ਕੀਤਾ ਹੁਣ ਤਾਂ ਦੇ ਦਿਓ। ਫੇਰ ਬੀ ਕੋਈ ਨਾ ਬੋਲਿਆ। ਫੇਰ ਅੰਤਰਯਾਮੀ ਗੁਰੂ ਜੀ ਓਥੇ ਆਪ ਹੱਥ ਮਾਰਿਆ ਜਿੱਥੇ ਚੁਆਨੀਆਂ ਬਨ੍ਹੀਆਂ ਹੋਈਆਂ ਸੀਆਂ। ਬਚਨ ਕੀਤਾ ਹੁਣ ਤਾਂ ਖੋਲ੍ਹ ਲੱਕ ਨਾਲ ਬੱਧੀਆਂ ਹੋਈਆਂ ਖੋਲ੍ਹੀਆਂ। ਜਿਸ ਦੀਆਂ ਸੀਆਂ ਉਸ ਕੋ ਦੇ ਦਿੱਤੀਆਂ। ਜਿਸਨੇ ਖੋਲ੍ਹੀਆਂ ਸੀਆਂ ਉਸਕੋ ਬਚਨ ਹੋਇਆ ਤੈਨੂੰ ਇਹ ਸਜ਼ਾ ਹੈ ਕਿ ਤੂੰ ਸੰਗਤ ਵਿਚ ਨਾ ਵੜੀਂ। ਫੇਰ ਨਹੀਂ ਪਤਾ ਲਗਾ ਉਹ ਸਿੰਘ ਕਿਧਰ ਗਿਆ। ਮੁੜਕੇ ਸੰਗਤ ਮੇਂ ਨਹੀਂ ਵੜਿਆ।

## ਮਾਘੀ ਤੋਂ ਵਾਪਸੀ

ਆਗੇ ਮਾਲਵੇ ਕੋ ਨਿਹਾਲ ਕਰਕੇ ਲੋਪੋ[1] ਹੁਕਮ ਦੇ ਆਏ ਕਿ ਹਜ਼ਰੋਂ ਜਾਵਾਂਗੇ। ਰੂਮੀ, ਜਗਰਾਵਾਂ ਵਿਚ ਦੀ ਆਏ ਨਾਮ ਦਾ ਛਿੱਟਾ ਦੇਂਦੇ। ਰਾਮਦਾਸ ਪੁਰੇ ਮੇਂ ਆਏ। ਸਿੰਘਾਂ ਨੇ ਚਰਨਾਂ ਪਰ ਸੀਸ ਨਿਵਾਇਆ। ਬੜੀ ਖੁਸ਼ੀ ਹੋਈ ਦਰਸ਼ਨ ਕਰਕੇ ਸਿੰਘਾਂ ਕੋ।

## ਪ੍ਰਤਾਪ ਵਧਣ ਲਗਾ

ਦਿਨੋ ਦਿਨ ਪ੍ਰਤਾਪ ਫੈਲਣੇ ਲਗਾ ਜੈਸੇ ਪਾਣੀ ਪਰ ਤੇਲ ਫੈਲਦਾ ਹੈ। ਸਤਿਗੁਰੂ ਜੀ ਕੀ ਸੋਭਾ ਸੁਣਕੇ ਸਿੰਘ ਆਉਂਦੇ ਹੈਂ। ਜੇੜ੍ਹਾ ਭਜਨ ਲੈ ਜਾਂਦਾ ਹੈ ਜਾਇਕੇ ਹੋਰਨਾਂ ਨੂੰ ਕੈਂਹਦਾ ਹੈ ਕਿ ਨਵਾਂ ਪੰਥ ਪੈਦਾ ਹੋਇਆ ਹੈ। ਜਿਸਕੋ ਭਜਨ ਕੰਨ ਮੈ ਦਸਦੇ ਹੈਂ ਸੋਈ ਸੂਤਰ ਖੇਡਣ ਲੱਗ ਪੈਂਦਾ ਹੈ। ਪੱਗ ਕਿਧਰੇ ਜਾਇ ਪੈਂਦੀ ਹੈ, ਕਪੜੇ ਕਿਧਰੇ ਜਾਏ ਪੈਂਦੇ ਹੈਂਨ ਅਤੇ ਬੇ-ਸੁਧ ਹੋਇ ਜਾਂਦਾ ਹੈ। ਲੋਕਾਂ ਨੂੰ ਭੈ ਹੋਇਆ ਜੋ ਜਿਸਨੇ ਭਜਨ ਸੁਣ ਲਿਆ ਹੈ ਸੋ ਸਾਡੇ ਕੰਮੋਂ ਗਿਆ। ਖ਼ਵਰੇ ਕੀ ਪੌਣ ਚਾੜ ਦੇਂਦੇ ਹੈਨ। ਖ਼ਵਰੇ ਕੀ ਮੰਤਰ ਜਾਦੂ ਦਸਦੇ ਹੈਨ। ਬੜਾ ਬਲੀ ਗੁਰੂ ਪ੍ਰਗਟ ਹੋਇਆ ਹੈ। ਜਿਨ੍ਹਾਂ ਕੇ ਮਸਤਕ ਮੈ ਲਿਖਿਆ ਹੈ ਤਿਨਾਂ ਨੂੰ ਸੁਣਕੇ ਪ੍ਰੇਰਨਾ ਹੋਈ ਕਿ ਦੇਖਣਾ ਚਾਹੀਏ ਕਿ, ਕੀ ਕੰਨ ਮੈ ਸੁਣਾਉਂਦੇ ਹੈਂ। ਸ਼ਬਦ ਹੈ ਕਿ ਕੋਈ ਮੰਤਰ ਹੈ। ਜਾਂ ਆਇਕੇ ਦਰਸ਼ਨ ਕਰਨਾ ਤਾ ਸ਼ਾਂਤ ਆਇ ਜਾਣੀ। ਜਿਤਨੇ ਸੰਸੇ ਹੋਣੇ ਸੋ ਸਭ ਦੂਰ ਹੋਇ ਜਾਣੇ। ਇਸ਼ਨਾਨ ਕਰਾ ਕੇ ਭਜਨ ਦੇਣਾ। ਧਰਮ ਕੀ ਵੇਲ ਵਧਣੇ ਲਗੀ। ਦਿਨੋਂ ਦਿਨ ਪ੍ਰਤਾਪ ਵਧਣ ਲਗਾ। ਅਕਾਲ ਪੁਰਖ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਆਪ ਮਾਲੀ ਬਣਕੇ ਪੰਥ ਰੂਪ ਬਗੀਚੇ ਕੋ ਪਾਲਣ ਲਗੇ ਹੈਂ ਨਾਮ ਕਾ ਪਾਣੀ ਪਾਕੇ। ਸੁਣ ਸੁਣ ਕੇ ਸਿੰਘ ਆਵਣੇ ਲਗੇ। ਗੁਰੂ ਬਾਲਕ ਸਿੰਘ ਜੀ ਦਾ ਬਚਨ ਹੈ ਅਸਾਂ ਤਾਂ ਸਨ੍ਹ ਲਾਈ ਸੀ ਪਰ ਠਾਕਰਾਂ ਨੇ ਘਰਲਾ[2] ਹੀ ਖੋਲ੍ਹ ਦਿੱਤਾ ਹੈ। ਸੋ ਘਰਲਾ ਕੁਲ ਦੇਸ ਕੋ ਤਾਰ ਦੇਊਗਾ।

---

1 ਜ਼ਿਲ੍ਹਾ ਮੋਗਾ ਦਾ ਪਿੰਡ।

2 ਖੁੱਲ੍ਹਾ ਭੰਡਾਰਾ (ਕੰਧ ਨੂੰ ਵੱਡਾ ਪਾੜ ਪਾਉਣਾ)

## ਸ੍ਰ. ਮੰਗਲ ਸਿੰਘ ਬਿਸ਼ਨਪੁਰੀਆ[1]

ਮੰਗਲ ਸਿੰਘ ਸਰਦਾਰ ਜਾਂ ਭਜਨ ਸੁਣਿਆ ਤਾਂ ਕਿਸੇ ਨੇ ਉਸ ਨੂੰ ਕਹਿਆ ਕੂਕਾ ਹੋ ਗਿਆ ਹੈਂ? ਕੂਕਿਆਂ ਕੀ ਕਲਾਮ ਸੁਣ ਲਈ ਸੁ ਮੁਸਲਮਾਨੀ। ਦਸਵੇਂ ਪਾਤਸ਼ਾਹ ਕੋ ਛੱਡਕੇ ਤਰਖਾਣ ਕਾ ਸਿੱਖ ਬਣਿਆ ਹੈਂ। ਮਾਰੋ, ਇਸ ਨੂੰ ਵਿੱਚੋਂ ਕਢੋ। ਸਾਕ ਉਸਕੇ ਰਾਜਿਆਂ ਨਾਲ ਸੇ। ਰਾਜੇ ਜਾਂ ਕਰੋਪ ਹੋਏ, ਮੰਗਲ ਸਿੰਘ ਸ੍ਰੀ ਸਤਿਗੁਰੂ ਜੀ ਕੇ ਹਜ਼ੂਰ ਅਰਜ਼ ਕੀਤੀ ਸੱਚੇ ਪਾਤਸ਼ਾਹ ਜੀ ਮੇਰੇ ਉੱਤੇ ਪਰਬਤ ਉਲਟਿਆ ਔਂਦਾ ਹੈ, ਆਪ ਹੱਥ ਦੇ ਕੇ ਰੱਖੋ। ਸ੍ਰੀ ਸਤਿਗੁਰੂ ਜੀ ਬਿਗਸ ਕੇ ਬਚਨ ਕੀਤਾ ਪੰਤਾਲੀ ਰੁਪਈਏ ਖ਼ਰਚ ਤੇਰਾ ਰੋਜ਼ ਹੈ, ਤੈਨੂੰ ਕੋਈ ਨਹੀਂ ਮਾਰ ਸਕਦਾ।

## ਚੀਨੀ ਘੋੜੀ

ਲੱਛੋ ਇਕ ਛੋਟੇ ਜਿਹੇ ਕਦ ਦੀ ਘੋੜੀ ਸੀ। ਉਹ ਖੁਲ੍ਹੀ ਰਹਿੰਦੀ ਸੀ। ਸ੍ਰੀ ਸਤਿਗੁਰੂ ਜੀ ਜਿਸ ਵਕਤ ਉਸ ਨੂੰ ਅਵਾਜ਼ ਮਾਰਨੀ ਤਾਂ ਉਸ ਨੇ ਪੈਰ ਚੁੱਕ ਕੇ ਕੰਧ ਨਾਲ ਅੱਡਾ ਲਾ ਲੈਣਾ। ਇਹ ਘੋੜੀ ਮੰਗਕੇ ਸ੍ਰ. ਮੰਗਲ ਸਿੰਘ ਨੇ ਲੈ ਲਈ ਤੇ ਇਸ ਦੇ ਬਦਲੇ ਵਿਚ ਚੀਨੀ ਘੋੜੀ ਸ੍ਰੀ ਸਤਿਗੁਰੂ ਜੀ ਕੋ ਦੇ ਦਿੱਤੀ।

## ਕੁਸ਼ਾਲ ਸਿੰਘ ਨੂੰ ਦ੍ਰਿਸ਼ਟਾਂਤ

ਏਕ ਸਿੰਘ ਆਇਆ ਕੁਸ਼ਾਲ ਸਿੰਘ ਨਾਮ ਕਾ। ਸ੍ਰੀ ਸਤਿਗੁਰੂ ਜੀ ਉਸਕੋ ਆਪਣੇ ਹਾਥ ਸੇ ਦਹੀ ਨਾਲ ਇਸ਼ਨਾਨ ਕਰਾਇਆ। ਸਿੰਘ ਕੀ ਬਿਰਤੀ ਅਸਤ ਤੇ ਬੇਅਸਤ ਹੋਈ। ਭਰੋਸਾ ਭੀ ਕੁਝ ਢਿਲਾ ਹੋਇ ਗਿਆ। ਉਸਦਾ ਭਰੋਸਾ ਬਨ੍ਹਾਵਣੇ ਕੋ ਏਕ ਦ੍ਰਿਸ਼ਟਾਂਤ ਦਿਖਾਵਣ ਲਗੇ। ਦ੍ਰਿਸ਼ਟਾਂਤ ਮੇਂ ਬਚਨ ਕੀਤਾ ਲੈ ਸਿੰਘਾ ਅਕਾਲ ਬੁੰਗੇ ਵਾਲੇ ਖੂਹ ਵਿੱਚੋਂ ਗੜਵਾ ਜਲ ਕਾ ਕੱਢ ਲਿਆ। ਖੂਹ ਪਰ ਲਕੜੀ ਪਈ ਸੀ ਉਸ ਪਰ ਪੈਰ ਧਰਕੇ ਖਿਚਣ ਲਗਾ ਗੜਵਾ। ਲਕੜੀ ਟੁਟ ਗਈ ਅਤੇ ਖੂਹ ਮੈ ਜਾਇ ਪਿਆ। ਪੈਰ ਨਾ ਲੱਗਣ। ਸਮਝਿਆ ਜੋ ਮੈ ਡੁਬ ਜਾਵਾਂਗਾ। ਏਤਨੀ ਚਿੰਤਾ ਕਰਨੇ ਸੇ ਪੈਰ ਲੱਗ ਗਏ। ਦੇਖੇ ਕੀ ਜੋ ਗੁਰੂ ਨਾਨਕ ਜੀ ਬੈਠੇ ਹੈਂ। ਪਹਾੜ ਕੀ ਤਰਫ਼ ਦੇਖੇ ਤਾਂ ਸਤਿਗੁਰੂ ਰਾਮ ਸਿੰਘ ਜੀ ਬੈਠੇ ਹੈਂ। ਗੁਰੂ ਨਾਨਕ ਜੀ ਸੇ ਬੋਲਾ ਆਇਆ ਓਹ ਜੋ ਬੈਠੇ ਹੈਂ ਤ੍ਰਿਲੋਕੀ ਕੇ ਨਾਥ ਹੈਂ। ਫੇਰ ਗੁਰੂ ਨਾਨਕ ਜੀ ਤਿਲਕ ਦਿੱਤਾ ਵਖਰੋ ਵਖਰਾ ਸਭ ਪਾਤਸ਼ਾਹੀਆਂ ਕੋ। ਫੇਰ ਗੁਰੂ ਰਾਮ ਸਿੰਘ ਜੀ ਕੋ ਤਿਲਕ ਦਿੱਤਾ। ਏਤਨਾ ਬ੍ਰਿਤਾਂਤ ਦੇਖਕੇ ਅੱਖ ਖੁਲ ਗਈ। ਜੋ ਭਰੋਸਾ ਢਿਲਾ ਹੋਇਆ ਸੀ ਸੋ ਸਾਬਤ ਹੋਇ ਗਿਆ। ਜਾਂ ਆਇਕੇ ਗੁਰੂ ਜੀ ਕਾ ਦਰਸ਼ਨ ਕੀਤਾ ਤਾਂ ਬਚਨ ਹੋਇਆ ਦੇ ਖ਼ਬਰ ਰਾਤ ਕੀ। ਸਿੰਘ ਨੇ ਕਹਿਆ ਜੀ ਤੁਸੀਂ ਅੰਤਰਯਾਮੀ ਸਭ ਜਾਣ ਰਹੇ ਹੋ।

ਏਕ ਦ੍ਰਿਸ਼ਟਾਂਤ ਹੋਰ ਹੋਇਆ ਕਿ ਸਿੰਘ ਸਮੁੰਦਰ ਦੇ ਕਿਨਾਰੇ ਪਰ ਖੜਾ ਹੈ। ਏਕ

---

1 ਸ੍ਰ. ਮੰਗਲ ਸਿੰਘ ਪਟਿਆਲੇ ਦੇ ਮਹਾਰਾਜਾ ਨਰੇਦ੍ਰ ਸਿੰਘ (ਦੇਹਾਂਤ ੧੩ ਦਸੰਬਰ ੧੯੬੨ ਈ.) ਦੇ ਭਣਵੱਈਏ ਦਾ ਲੜਕਾ, ਬਿਸ਼ਨਪੁਰੇ ਦਾ ਨਿਵਾਸੀ ਸੀ। ਲੁਧਿਆਣੇ ਜ਼ਿਲ੍ਹੇ ਦੇ ਪਿੰਡ ਰਾਏਪੁਰ ਦਾ ਵੀ ਇਹ ਸਰਦਾਰ ਜਾਗੀਰਦਾਰ ਸੀ।

ਜਹਾਜ਼ ਆਂਵਦਾ ਹੈ। ਵਿਚ ਸਿੰਘ ਹਨ। ਜਾਂ ਕੰਢੇ ਪਰ ਆਇਆ ਤਾਂ ਸਿੰਘ ਨੇ ਫਤ੍ਹੇ ਬੁਲਾਈ। ਜਹਾਜ਼ ਪਰ ਚੜ੍ਹਕੇ ਦੇਖੇ ਤਾਂ ਥੋੜੀ ਜੇਹੀ ਗਲੀ ਹੈ। ਜਾਂ ਉਸਦੇ ਵਿਚੋਂ ਦੀ ਦੇਖੇ ਤਾਂ ਮੋਤੀ ਮਲੂਮ ਹੋਏ। ਜਹਾਜ਼ ਵਾਲੇ ਨੇ ਕਿਹਾ ਏਹ ਮੋਤੀ ਹੈਨ। 'ਰਾਮਦਾਸਪੁਰੇ ਨਗਰ ਸਤਦ੍ਰਵ ਕਿਨਾਰੇ। ਜਹਾਂ ਧਰੇ ਹੈਂ ਉਨ ਅਵਤਾਰੇ।' ਛਿਨਵੇਂ ਕਰੋੜੀ ਮਾਲਾ ਹੈ, ਸੰਗਤ ਕੋ ਵਰਤੇਗੀ। ਚਿੱਟੀ ਉੱਨ ਕੀ ਹੈ। ਏਸ ਕੋ ਕਾਲਾ ਦਾਗ ਨਹੀਂ ਲਗੇਗਾ। ਸਭ ਨਾਮ ਜਪਣਗੇ।

ਏਕ ਹੋਰ ਦ੍ਰਿਸ਼ਟਾਂਤ ਹੋਇਆ। ਦੇਖੋ ਕੀ ਜੋ ਹਨੇਰੀ ਆਇ ਗਈ ਹੈ। ਤੀਨ ਸਰੀਰ ਜਿਨ੍ਹਾਂ ਕੇ ਬੜੇ ਬੜੇ ਆਕਾਰ ਹੈਂ ਸੋ ਦਿਸਣ। ਜਾਂ ਕੁਸ਼ਾਲ ਸਿੰਘ ਕੇ ਕੋਲ ਆਏ, ਇਕ ਤਾਂ ਮਰਦ ਕਾ ਭੇਸ ਅਤੇ ਦੋ ਜਨਾਨੇ ਕੇ ਭੇਸ ਥੇ। ਸਿੰਘ ਕੋ ਕੈਹਣੇ ਲਗੇ ਬਾਰਵੇਂ ਗੁਰੂ ਕੋ ਸਾਡਾ ਇਕ ਸੁਨੇਹਾਂ ਦੇ ਦੇਣਾ ਕਿ ਉਹ ਕੈਂਹਦੇ ਸੇ ਜੋ ਤੁਹਾਡੀ ਅਮਾਨਤ ਧਰੀ ਹੋਈ ਹੈ ਸੋ ਆਪ ਸਾਂਭ ਲਵੋ। ਇਤਨਾ ਬਚਨ ਕਹਿਕੇ ਗੁਪਤ ਹੋਇ ਗਏ। ਕੁਸ਼ਾਲ ਸਿੰਘ ਨੇ ਸ੍ਰੀ ਸਤਿਗੁਰੂ ਜੀ ਕੇ ਪਾਸ ਅਰਜ਼ ਕੀਤੀ। ਕੈਹਣੇ ਲਗਾ ਜੀ ਏਕ ਮਰਦ ਸੀ ਦੋ ਜਨਾਨੇ ਸੇ। ਸਰੂ ਵਾਂਗੂੰ ਸਿੱਧਾ ਸਰੀਰ ਸੀ। ਗੰਢ ਬੀ ਨਾ ਸੀ ਕੋਈ ਸਰੀਰ ਮੇਂ ਮਲੂਮ ਹੁੰਦੀ। ਕੈਹਣੇ ਲਗੇ ਚਰਨਾਂ ਪਰ ਸਾਡੀ ਨਮਸਕਾਰ ਕਰਨੀ। ਕੈਂਹਦੇ ਸੇ ਜੋ ਧੁਆਡੀ ਅਮਾਨਤ ਧਰੀ ਹੋਈ ਹੈ ਸੋ ਸਾਂਭ ਲਵੋ। ਉਜਾੜ ਮੇਂ ਮੈਨੂੰ ਮਿਲੇ ਸੇ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਸਮੇਂ ਨਾਲ ਸਾਭਾਂਗੇ। ਕੋਲੋਂ ਸਿੰਘ ਨੇ ਪੁੱਛਿਆ ਸਾਨੂੰ ਨਾ ਪਤਾ ਲਗਿਆ ਕੀ ਬਾਤ ਸੀ? ਸਤਿਗੁਰੂ ਜੀ ਬਚਨ ਕੀਤਾ ਸਮੁੰਦਰ ਤੇ ਸਤਲੁਜ ਤੇ ਅਟਕ ਸੀ। ਕੈਂਹਦੇ ਸੇ ਦਸਵੇਂ ਪਾਤਸ਼ਾਹ ਵਾਲੀ ਜੋ ਮਾਇਆ ਹੈ ਸੋ ਸਾਂਭੋ। ਅਧੀਨ ਹੋਏ ਆਏ ਸੇ।

ਏਕ ਸਿੰਘ ਨੇ ਆਇਕੇ ਦਰਸ਼ਨ ਕੀਤਾ ਤੇ ਫਤ੍ਹੇ ਬੁਲਾਈ। ਕੈਹਣੇ ਲਗਾ ਜੀ ਮੈਂ ਪਰਵਾਰ[1] ਗਿਆ ਸੀ। ਦੇਖ ਆਇਆ ਹਾਂ ਮੈਂ, ਸੋਨੇ ਕੇ ਸਿੰਘਾਸਨ ਪਰ ਆਪ ਕੀ ਮੂਰਤੀ ਬੈਠੀ ਹੈ। ਜੇੜ੍ਹੇ ਸਿੰਘ ਹੈਨ ਉਹ ਤਾਂ ਤੁਹਾਡੀ ਪੁਰੀ ਕੋ ਆਉਂਦੇ ਹੈਂ, ਜੋ ਹੋਰ ਚੁਰਾਸੀ ਕੇ ਜੀਵ ਹੈਨ ਤਿਨਾਂ ਕੋ ਧਰਮਰਾਇ ਕੇ ਗਣ ਲਈ ਜਾਂਦੇ ਹੈਂ।

## ਸ਼ਿਕਾਰੀਆਂ ਨੂੰ ਮਾਰ

ਕੋਟ ਕੀ ਢੱਕੀ ਮੇਂ ਸ਼ਿਕਾਰੀ ਆਏ। ਏਕ ਸਹਿਆ ਖੱਡ ਮੈ ਵੜ ਗਿਆ, ਨਿਕਲੇ ਨਾ। ਦਲੇਲ ਸਿੰਘ ਕਟਾਣੀਵਾਲਾ ਢੱਕੀ ਮੈ ਆਇਆ। ਉਸਨੇ ਕਹਾ ਤੁਹਾਡਾ ਕੀ ਲਿਆ ਹੈ ਏਸਨੇ, ਏਸ ਕੋ ਮਾਰਦੇ ਹੋ? ਨਾ ਕਢੋ ਨਾ ਮਾਰੋ। ਅੱਗੋਂ ਬੋਲੇ ਤੇਰੇ ਹਟਾਏ ਹਟ ਜਾਂਦੇ ਹਾਂ? ਅਸੀਂ ਕਦੇ ਨਹੀਂ ਹਟਾਂਗੇ, ਮਾਰਾਂਗੇ। ਉਸ ਸ੍ਰੀ ਸਤਿਗੁਰੂ ਜੀ ਪਾਸ ਆਇ ਅਰਜ਼ ਕੀਤੀ। ਛੇ ਸਿੰਘ ਨਾਲ ਦਿੱਤੇ। ਸ਼ਿਕਾਰੀਆਂ ਕੋ ਮਾਰਿਆ। ਕਹਾ ਕਿ ਜਾਓ ਅਰਜ਼ੀ ਪਾਓ। ਅਸੀਂ ਆਪਣੀ ਜਮੀਨ ਮੈਂ ਜੀਅ ਨਹੀਂ ਮਾਰਨ ਦੇਂਦੇ।

ਇਕ ਵਾਰੀ ਸਿੰਘਾਂ ਨੇ ਫੰਦਕ[2] ਕੁੱਟਿਆ। ਜਾਲੀ ਖੋਹ ਲਈ। ਕਹਾ ਕਿ ਜਾਓ ਪਾਪੀਓ

---

1 ਇੱਕ ਵਾਰ ਮਰਕੇ ਫੇਰ ਜੀਉ ਪੈਣਾ।

2 ਜਾਲਸਾਜ਼ (ਸ਼ਿਕਾਰੀ ਜੋ ਜਾਲ ਸੁੱਟ ਕੇ ਪੰਛੀਆਂ ਨੂੰ ਫੜਦਾ ਹੈ)

ਜੀਆਂ ਨੂੰ ਫਾਂਹਵਦੇ ਹੋ। ਧੁਆਡਾ ਕੀ ਨੁਕਸਾਨ ਕਰਦੇ ਹੈਨ? ਮਾਰਕੇ ਵੇਚਦੇ ਹੋ ਅਤੇ ਖਾਂਦੇ ਹੋ। ਪਾਪ ਕਰਦੇ ਹੋ, ਨਰਕ ਕੇ ਅਧਿਕਾਰੀ ਹੋਂਦੇ ਹੋ। ਮੁੜਕੇ ਫੰਦਕ ਫੇਰ ਨਹੀਂ ਆਇਆ ਇਸ ਧਰਤੀ ਤੇ, ਨਾ ਜਾਲ ਲਾਇਆ।

## ਲੱਲਾਂ ਦੇ ਸਿੰਘ

ਗੁਰੂ ਜੀ ਦੀ ਸੋਭਾ ਸੁਣਕੇ ਭਜਨ ਲੈਣ ਆਏ ਹੋਏ ਸਰੀਰ ਬਾਬਾ ਮਸਤਾਨ ਸਿੰਘ ਪਿੰਡ ਲੱਲ (ਗੁਰੂਸਰ) ਪਟਿਆਲਾ ਤੇ ਬਾਬਾ ਅਤਰ ਸਿੰਘ (ਬਾਬਾ ਬਿਸ਼ਨ ਸਿੰਘ ਦੇ ਪਿਤਾ) ਸ੍ਰੀ ਸਤਿਗੁਰੂ ਜੀ ਕਾ ਦਰਸ਼ਨ ਕੀਤਾ ਤੇ ਭਜਨ ਮੰਗਿਆ ਜੀ ਸਾਨੂੰ ਨਾਮ ਮਿਲੇ। ਥੜੇ ਸਾਹਿਬ ਵਾਲੇ ਮੰਦਰ ਮੇਂ ਭਜਨ ਕਰਦੇ ਸੇ ਬੈਠੇ। ਸ੍ਰੀ ਸਤਿਗੁਰੂ ਜੀ ਹੁਕਮ ਦਿੱਤਾ ਜੋ ਸੌ ਸੌ ਪਾਠ ਜਪੁ ਸਾਹਿਬ ਦਾ ਕਰਕੇ ਤੇ ਪਾਂਚ ਪਾਂਚ ਸਿੰਘਾਂ ਕੋ ਪ੍ਰਸ਼ਾਦ ਛਕਾਇਕੇ ਆਵੋ ਤਾਂ ਭਜਨ ਦਿਆਂਗੇ। ਜਾਇਕੇ ਸੌ ਸੌ ਪਾਠ ਕੀਤਾ ਅਤੇ ਪਾਂਚ ਪਾਂਚ ਸਿੰਘਾਂ ਕੋ ਪ੍ਰਸ਼ਾਦ ਛਕਾਇਕੇ ਆਏ। ਭਜਨ ਲੈ ਲਿਆ ਆਇਕੇ। ਗੁਰੂ ਜੀ ਬਚਨ ਕੀਤਾ ਜਪੁ ਸਾਹਿਬ ਦਾ ਪਾਠ ਨਿਤਨੇਮ ਨਾਲ ਕਰੋ ਨਾਲੇ ਕੰਠ ਕਰੋ। ਦੋਹਾਂ ਨੇ ਅਰਜ਼ ਕੀਤੀ ਜੀ ਅਸੀਂ ਬਿਹੰਗਮ ਹੋਣਾ ਚਾਹੁੰਦੇ ਹਾਂ। ਮਸਤਾਨ ਸਿੰਘ ਕੀ ਵਾਰੀ ਚੁਪ ਕਰ ਰਹੇ ਤੇ ਅਤਰ ਸਿੰਘ ਕੀ ਵਾਰੀ ਕਹਾ ਕਿ ਤੂੰ ਗ੍ਰਿਸਤੀ ਹੈਂ, ਹੁਣ ਚਲੇ ਜਾਓ। ਬਚਨ ਮੰਨਕੇ ਚਲੇ ਗਏ।

## ਬਚਨ ਪੂਰਾ ਹੋਇਆ

ਏਕ ਸਮੇਂ ਸ੍ਰੀ ਸਤਿਗੁਰੂ ਜੀ ਲੱਲਾਂ ਵਾਂਲੇ ਗੁਰਦੁਆਰੇ ਗਏ। ਉਥੇ ਬੋਹੜ ਖੂਹ ਵਿਚ ਖੜਾ ਸੀ। ਉਸ ਦੀਆ ਜੜ੍ਹਾਂ ਨੇਂ ਖੂਹ ਰੋਕ ਲਿਆ ਸੀ। ਓਥੇ ਬੋਹੜ ਹੇਠਾਂ ਦੀਵਾਨ ਲਗਵਾਇਆ ਅਤੇ ਅਨੂਪ ਸਿੰਘ ਨੰਬਰਦਾਰ ਕੋ ਬਚਨ ਕੀਤਾ ਏਹ ਬੋਹੜ ਦੇ ਦਿਓ। ਜਿਤਨਾ ਖੂਹ ਢੈਹ ਜਾਵੇਗਾ ਬਣਾਇ ਦੇਵਾਂਗੇ। ਗੁਰੂ ਜੀ ਬਚਨ ਕੀਤਾ ਏਹੋ ਕੌਡਾ ਰਾਖਸ਼ ਹੈ। ਇਕ ਸਿਆਹੜ ਹੈ, ਦੂਜਾ ਘੁੰਘਰਾਣੇ ਹੈ। ਏਹ ਤਿੰਨੋਂ ਇਕੋ ਜੇਹੇ ਹੈਨ। ਪਰ ਲੱਲਾਂ ਵਾਲਾ ਵੱਡਾ ਹੈ। ਉਸਨੇ ਨਾ ਮੰਨਿਆ। ਗੁਰੂ ਜੀ ਬਚਨ ਕੀਤਾ ਨਾ ਖੂਹ ਰਹੇਗਾ ਨਾ ਬਰੋਟਾ ਰਹੇਗਾ। ਗੁਰੂ ਜੀ ਕਾ ਬਚਨ ਸਮਾਂ ਪਾਕੇ ਪੂਰਾ ਹੋਇਆ।

ਸਮਾਂ ਪਾਕੇ ਖੂਹ ਬੰਦ ਹੋਇਆ ਅਤੇ ਬਰੋਟਾ ਸੰਮਤ ੧੯੫੬ (੧੮੯੯ ਈ.) ਮੈ ਰਾਮਦਾਸ ਪੁਰੇ ਜਲਿਆ ਲੰਗਰ ਮੇਂ। ਲਿਖਾਰੀ ਨੇ ਨੇਤਰੀਂ ਦੇਖਿਆ ਹੈ।

## ਹੱਟੀ ਚਲਣੀ

ਪਹਿਲੇ ਗੁਲਾਬ ਸਿੰਘ ਸੀ ਹੱਟੀ ਵਿਚ। ਫੇਰ ਗੁਪਾਲ ਸਿੰਘ ਕੀਤਾ ਹੱਟੀ ਵਿਚ। ਉਸਕੋ ਹੁਕਮ ਕੀਤਾ ਕਿ ਘੱਟ ਨਹੀਂ ਤੋਲਣਾ। ਭਾ ਥੀਂ ਘੱਟ ਨਹੀਂ ਦੇਣਾ ਅਤੇ ਸੱਚ ਬੋਲਣਾ। ਗੁਪਾਲ ਸਿੰਘ ਨੇ ਵਣਜ ਕਰਨਾ ਸ਼ੁਰੂ ਕੀਤਾ। ਸੌਦਾ ਹੱਟੀ ਮੇਂ ਲਿਆਉਣਾ। ਲੋਹਾ ਆਦਿਕ ਸੌਦਾ ਭੀ ਵਿਕ ਜਾਵੇ। ਹੱਟੀ ਚੰਗੀ ਚੱਲਣ ਲੱਗ ਪਈ। ਸੌਦਾ ਲਿਆਉਣ ਤੇ ਥੋੜੇ ਨਫ਼ੇ ਤੇ ਵੇਚੀ ਜਾਣ।

## ਸਾਧੂ ਸਿੰਘ ਨੂੰ ਸਰਾਪ

ਸੰਮਤ ੧੯੧੯ ਵਿਖੇ ਰਾਈਆਂ ਕਾ ਮਹੰਤ ਨਿਹਾਲ ਦਾਸ ਸੀ। ਉਸਕੇ ਚੇਲੇ ਭਗਤ ਰਾਮ ਨੇ ਭਜਨ ਲੀਤਾ। ਸਾਧੂ ਸਿੰਘ ਸਜਿਆ। ਕਛਿਹਰੇ ਪਾਏ ਲੀਤੇ, ਅੰਮ੍ਰਿਤ ਛਕਿਆ। ਮਹੰਤ ਨੇ ਕਹਾ ਤੂੰ ਕੂਕਾ ਹੋ ਗਿਆ ਹੈਂ, ਕਲਾਮ ਸੁਣ ਲਈ ਹੈ। ਸਾਡੇ ਕੰਮ ਦਾ ਤੂੰ ਨਾ ਰਿਹਾ। ਸਾਧੂ ਸਿੰਘ ਨੇ ਪਿੰਡੋਂ ਬਾਹਰ ਡੇਰਾ ਪਾਇ ਲੀਆ ਤੇ ਮੁੰਡੇ ਪੜਾਉਣ ਲਗ ਪਿਆ। ਪਹਿਲਾ ਨਾਮ ਭਗਤ ਰਾਮ ਸੀ। ਲੱਗਾ ਭਗਤੀ ਕਰਨੇ। ਜਾਂ ਨਿਹਾਲ ਦਾਸ ਨੇ ਦੇਖਿਆ ਕਿ ਚੰਗਾ ਨੇਕ ਚਲਣ ਹੈ ਕਿਓਂ ਨਾ ਏਸ ਦੇ ਨਾਉ ਜ਼ਮੀਨ ਕਰਾਵਾਇ ਦੇਵਾਂ। ਨਿਹਾਲ ਦਾਸ ਨੇ ਕਿਹਾ ਕਿ ਤੂੰ ਕਛਹਿਰੇ ਭੀ ਰੱਖ ਤੇ ਕੇਸ ਭੀ ਰੱਖ। ਸਾਡਾ ਡੇਰਾ ਸਾਂਭ। ਸਾਧੂ ਸਿੰਘ ਨੇ ਉਸਦਾ ਕਹਾ ਨਾ ਮੰਨਿਆ ਤਾਂ ਨਿਹਾਲ ਦਾਸ ਸ੍ਰੀ ਸਤਿਗੁਰੂ ਜੀ ਪਾਸ ਆਇਆ। ਅਰਜ਼ ਕੀਤੀ ਜੀ ਸਾਧੂ ਸਿੰਘ ਕੇ ਨਾਮ ਮੈਂ ਸਾਰਾ ਡੇਰਾ ਤੇ ਜ਼ਮੀਨ ਲੁਵਾਇ ਦਿੰਦਾ ਹਾਂ, ਸਾਰਾ ਡੇਰਾ ਸਾਂਭੇ। ਸਤਿਗੁਰੂ ਜੀ ਬਚਨ ਕੀਤਾ ਸਾਧੂ ਸਿੰਘ ਕਰਵਾਇ ਲੈ ਡੇਰਾ ਆਪਣੇ ਨਾਉਂ। ਨਿਹਾਲ ਦਾਸ ਦੀ ਏਹ ਮਨਸ਼ਾ ਹੈ ਜਿਵੇਂ ਮਹੰਤੀ ਲਵੇਂ ਤਿਵੇਂ ਦੇਣੀਂ ਹੈ। ਏਧਾ ਬਚਨ ਮੰਨ ਲੈ। ਮਹੰਤੀ ਹੱਥੀਂ ਦੇਂਦਾ ਹੈ ਤੂੰ ਲੈ ਲੈ। ਅੱਗੋਂ ਸਾਧੂ ਸਿੰਘ ਬੋਲਿਆ ਮੈਂ ਕਾਹਨੂੰ ਬੇ-ਸਿਦਕ ਹੋਕੇ ਮਰਾਂ? ਬੇ-ਸਿਦਕ ਕਰਕੇ ਮਾਰਦੇ ਹੋ? ਜਾਂ ਨਾ ਬਚਨ ਮੰਨਿਆ ਤਾਂ ਬਚਨ ਕੀਤਾ ਜਾ ਪੌ ਖੂਹ ਵਿਚ ਨਹੀਂ ਲੈਂਦਾ ਤਾਂ। ਤੈਨੂੰ ਆਪਣੇ ਹੱਥੀਂ ਦੇਂਦਾ ਸੀ ਨਿਹਾਲ ਦਾਸ ਮਹੰਤੀ। ਅੰਤ ਕੋ ਸਾਧੂ ਸਿੰਘ ਖੂਹ ਵਿਚ ਪੈ ਕੇ ਮਰਿਆ ਸੀ।[1]

## ਰਾਏ ਸਿੰਘ ਹਜ਼ੂਰ ਸਾਹਿਬ ਭੇਜਿਆ[2]

ਏਕ ਸਿੰਘ (ਭਾਈ ਰਾਏ ਸਿੰਘ) ਹਜ਼ੂਰ ਸਾਹਿਬ ਭੇਜਿਆ ਕਿ (ਦਸਮ ਗੁਰੂ ਕੀ) ਰੀਤੀ ਦੇਖ ਆਵੇ। ਸਿੰਘ ਨੇ ਜਾਇਕੇ ਅੰਦਰਲੇ ਪੁਜਾਰੀ ਕੀ ਰੀਤੀ ਦੇਖੀ। ਸਵਾ ਪਹਿਰ ਰਾਤ ਸੇ ਸਣਕੇਸੀਂ ਇਸ਼ਨਾਨ ਕਰਨਾ ਨਾਲੇ ਸ਼ਸਤਰਾਂ ਕਾ ਇਸ਼ਨਾਨ ਕਰਾਉਣਾ। ਫੇਰ ਸ਼ਸਤਰ ਸੁਕਾਉਣੇ। ਸਾਰੇ ਮੰਦਰ ਦਾ ਵਿਚੋਂ ਇਸ਼ਨਾਨ ਕਰਾਉਣਾ ਰਾਤੋਂ ਰਾਤ। ਅੰਦਰ ਸੁਖਨਿਧਾਨ ਦੀ ਦੇਗ ਦਾ ਭੋਗ ਲਗਦਾ ਹੈ। ਦੂਸਰੀ ਵਾਰੀ ਫੇਰ ਸੁਖ ਨਿਧਾਨ ਕਾ ਭੋਗ ਲਗਦਾ ਹੈ। ਜੋ ਤਨਖਾਹੀਆ ਹੋਵੇ ਉਸਕੋ ਮੁਸ਼ਕਾਂ ਆਇ ਜਾਂਦੀਆਂ ਹਨ। ਜੋ ਰੀਤੀ ਅਬਚਲ ਨਗਰ ਕੇ ਪੁਜਾਰੀਆਂ ਕੀ ਥੀ ਸੋ ਸਿੰਘ ਦੇਖ ਆਇਆ। ਸ੍ਰੀ ਸਤਿਗੁਰੂ ਜੀ ਪਾਸ ਆਇ ਸਾਰੀ ਬਾਰਤਾ ਕਹੀ।

1 ਸਾਧੂ ਸਿੰਘ ਦੇ ਖੂਹ ਵਿੱਚ ਪੈ ਕੇ ਮਰ ਜਾਣ ਬਾਰੇ ਜ਼ਿਕਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਰੰਗੂਨ ਤੋਂ ਲਿਖੇ ਇੱਕ ਹੁਕਮਨਾਮੇ ਵਿੱਚ ਵੀ ਕੀਤਾ ਹੈ। -ਦੇਖੋ ਕੂਕਾ ਮੂਵਮੈਂਟ-ਫ਼ਰੀਡਮ ਸਟ੍ਰਗਲ ਇਨ ਪੰਜਾਬ, ਪੰਨਾ ੯੦.

2 ਪਿੰਡ ਮਦੀਹਰ ਜ਼ਿਲ੍ਹਾ ਫਿਰੋਜ਼ਪੁਰ। ਭਾਈ ਰਾਏ ਸਿੰਘ ਦਾ ਪਹਿਲਾ ਨਾਂ ਭੂਪ ਸਿੰਘ ਸੀ।

# ਸਤਿਗੁਰੂ ਬਾਲਕ ਸਿੰਘ ਜੀ ਦਾ ਜੋਤੀ ਜੋਤ ਸਮਾਉਣਾ

ਇਕ ਵਾਰ ਬਾਬੇ ਜਮੀਤ ਸਿੰਘ ਗਿੱਲਾਂ ਵਾਲੇ ਨੇ ਅਰਜ਼ ਕੀਤੀ ਗੁਰੂ ਯਾਰ੍ਹਵੇਂ ਕੋਲ, ਜੀ ਮੇਰੀ ਸ਼ਰਧਾ ਤੁਹਾਡੀ ਮੂਰਤੀ ਉੱਤੇ ਹੈ। ਓਨ੍ਹਾਂ ਕੀ (ਸਤਿਗੁਰੂ ਰਾਮ ਸਿੰਘ ਜੀ ਦੀ) ਮੂਰਤੀ ਉੱ ਸ਼ਰਧਾ ਨਹੀਂ ਹੈ ਕਿਉਂਕਿ ਇਕੱਠੇ ਹੀ ਨੌਕਰ ਥੇ। ਓਥੇ ਭੀ ਜੋ ਬਚਨ ਕਰਦੇ ਸੇ ਸੋ ਪੂਰਾ ਹੁੰਦਾ ਸੀ। ਅੜਬੰਗ ਸਿੰਘ ਨਾਮ ਭੀ ਕਰ ਬੁਲਾਉਂਦੇ ਸੀ। ਯਾਰ੍ਹਵੇਂ ਗੁਰੂ ਜੀ ਬਚਨ ਕੀਤਾ ਜਦ ਠਾਕੁਰਾਂ ਉੱਤੇ ਤੁਹਾਡੀ ਸ਼ਰਧਾ ਹੋਊਗੀ ਤਾਂ ਕਈ ਜਨਮਾਂ ਕੇ ਪਾਪ ਤੁਹਾਡੇ ਕੱਟੇ ਜਾਣਗੇ। ਏਹ ਭੀ ਬਚਨ ਕੀਤਾ ਅਸੀਂ ਤਾਂ ਰਾਖੇ ਬੈਠੇ ਸੀ, ਠਾਕੁਰ ਜੀ ਲੈ ਗਏ ਅਮਾਨਤ ਤੁਹਾਡੀ ਧਰਤੀ ਤੇ।

## ਹੇਮ ਕੌਰ ਦੀ ਮਿਰਗੀ ਹਟਾਈ

ਹੁਕਮ ਸਿੰਘ ਸਖਾਣਿਆਂ[1] ਦਾ ਸੀ। ਉਸ ਦੀ ਸਿਖਣੀ ਹੇਮ ਕੌਰ ਸੀ। ਉਸਨੂੰ ਮਿਰਗੀ ਵਾਂਗੂੰ ਮੂਰਛਾ ਹੋਇ ਜਾਂਦੀ ਸੀ। ਸ੍ਰੀ ਹਜ਼ਰੋਂ ਜੀ ਗਿਆ। ਜਾਇਕੇ ਸ੍ਰੀ ਗੁਰੂ ਬਾਲਕ ਸਿੰਘ ਜੀ ਕਾ ਦਰਸ਼ਨ ਕੀਤਾ। ਅੰਤਰਯਾਮੀ ਗੁਰੂ ਜੀ ਬਚਨ ਕੀਤਾ ਹੁਣ ਤਾਂ ਛੱਡ ਸ਼ੋਹਦੀ ਨੂੰ। ਸਰਨ ਆਇ ਪਈ ਹੈ। ਹੁਣ ਕਿੱਥੇ ਜਾਏ? ਜੇਹੜੀ ਮਿਰਗੀ ਔਂਦੀ ਸੀ ਸੋ ਹਟ ਗਈ। ਫੇਰ ਨਹੀਂ ਆਈ ਮਿਰਗੀ। ਬਚਨ ਹੋਇਆ ਜੇਕਰ ਨਾ ਫੜੀ ਹੋਈ ਹੁੰਦੀ ਤਾ ਏਥੇ ਕਿਵੇਂ ਔਂਦੀ? ਬਚਨ ਕੀਤਾ ਜਪੁ ਸਾਹਿਬ ਦੇ ਪਾਂਚ ਪਾਠ ਰੋਜ਼ ਕਰਿਆ ਕਰ। ਜੇ ਪਾਂਚ ਪਾਠ ਨਾ ਕਰੇਂਗੀ ਰੋਜ਼ ਤਾਂ ਤੇਰਾ ਸਰੀਰ ਬਿਨਸ ਜਾਏਗਾ। ਜਿਨਾਂ ਚਿਰ ਪਾਂਚ ਪਾਂਚ ਪਾਠ ਰੋਜ਼ ਕਰੇਂਗੀ ਓਨ੍ਹਾਂ ਚਿਰ ਰਾਜੀ ਰਹੇਂਗੀ। ਫੇਰ ਬਚਨ ਕੀਤਾ ਏਸ ਬੀਬੀ ਨੇ ਮਰ ਜਾਣਾ ਸੀ ਪਰ ਮਹਾਂਪੁਰਖਾਂ ਕਾ ਦਰਸ਼ਨ ਕਰਨੇ ਕਰਕੇ ਬਚ ਗਈ ਹੈ। ਹੁਕਮ ਸਿੰਘ ਆਏ ਸਿੱਖਾਂ ਸੰਤਾਂ ਕੋ ਲੰਗਰ ਛਕਾਂਵਦਾ ਹੈ। ਏਕ ਦਿਨ ਕੈਹਣੇ ਲਗਾ ਜੀ ਲੜਕੇ ਕੀ ਖੁਸ਼ੀ ਤਾਂ ਬੜੀ ਹੈ ਪਰ ਵਿਸ਼ਟੇ ਮੈਂ ਹੱਥ ਰਹਿੰਦਾ ਹੈ। ਬੜੇ ਦੋਜ਼ਖਾਂ ਨਾਲ ਪਲਦਾ ਹੈ ਪਰ ਅੰਤ ਕੋ ਵਫ਼ਾ ਨਹੀਂ ਕਰਦਾ ਹੈ। ਤਾਂ ਤੇ ਹੇ ਗੋਬਿੰਦ ਲੜਕਾ ਨਾ ਹੋਵੇ ਹੱਛਾ ਹੈ। ਹੁਕਮ ਸਿੰਘ ਨੇ ਤੀਨ ਵਿਆਹ ਕਰਵਾਏ, ਔਲਾਦ ਨਹੀਂ ਹੋਈ। ਫੇਰ ਪਛਤਾਵੇ ਕਿ ਮੈਂ ਇਹ ਮੰਗ ਕਿਓਂ ਮੰਗਣੀ ਸੀ ਜੋ ਲੜਕਾ ਨਾ ਹੋਵੇ? ਕਿਸੇ ਵੇਲੇ ਕੀ ਐਸੀ ਮੰਗ ਮੰਗੀ ਹੋਈ ਫੇਰ ਤਰਸਦਾ ਰਿਹਾ। ਬਥੇਰੇ ਜਤਨ ਕੀਤੇ ਪਰ ਲੜਕਾ ਨਾ ਹੋਇਆ।

## ਡੇਹਰੇ ਸਾਹਿਬ ਦਾ ਚਲਨ

ਜਿੱਥੇ ਡੇਰਾ ਸਾਹਿਬ ਹੈ ਏਥੇ ਗੁਰੂ ਬਾਲਕ ਸਿੰਘ ਜੀ ਕੇ ਜਾਣ ਕਾ ਵਕਤ ਹੋਣਾਂ ਤਾਂ ਪਹਿਲੇ ਤੁਨਕਾਉ ਕਰਕੇ ਝਾੜੂ ਦੇਣਾ। ਵਿਛਾਵਣੇ ਵਿਛਾਇ ਦੇਣੇਂ। ਅਮਰ ਸਿੰਘ ਰਾਗੀ, ਉਸਨੇ ਪਿਛਲੇ ਪਹਿਰ ਕਾ ਸ਼ਬਦ ਰਾਗ ਵਿੱਚ ਕਰਨਾ। ਸਾਰੀ ਸੰਗਤ ਨੇ ਆਇ ਜਾਣਾ। ਗੁਰੂ ਬਾਲਕ ਸਿੰਘ ਜੀ

1 ਪਿਤਾ ਸ਼ਾਹ ਝੰਡਾ ਸਿੰਘ, ਪਿੰਡ ਸਖਾਣੇ ਜਿਲ੍ਹਾ ਗੁਜਰਾਂਵਾਲਾ।

ਭੀ ਆਇ ਜਾਣਾ। ਅੱਗੇ ਤੇ ਸਭਨੇ ਉੱਠ ਕੇ ਨਮਸਕਾਰ ਕਰਨੀ। ਬੜੇ ਅਦਬ ਸੇ ਸੀਸ ਸਭ ਨੇ ਨਿਵਾਉਣਾ। ਨਾਮ ਹੀ ਚਿਤ ਆਂਵਦਾ ਹੈ। ਸ਼ਾਂਤ ਰੂਪ ਮੂਰਤੀ ਕਾ ਦਰਸ਼ਨ ਕਰਕੇ ਚਿਤ ਕੋ ਸ਼ਾਂਤੀ ਆਇ ਜਾਂਦੀ ਹੈ। ਨਿਗਾਹ ਕਰਕੇ ਚਿਤ ਕੋ ਅਨੰਦ ਕਰ ਦੇਂਦੇ ਹੈਂ। ਜੋ ਬਚਨ ਮੁਖ ਸੇ ਉਚਾਰਦੇ ਹੈਂ ਸੋ ਸਿੰਘ ਤਤਕਾਲ ਬਜਾਇ ਲੈਂਦੇ ਹੈਂ। ਬਾਗ ਮੇਂ ਕਥਾ ਕੀਰਤਨ ਅਤੇ ਭਜਨ ਕਰਨਾ। ਅਮਰ ਸਿੰਘ ਰਾਗੀ ਨੇ ਕੀਰਤਨ ਕਰਕੇ ਗੁਰੂ ਜੀ ਦੇ ਨਾਲ ਹੀ ਹਾਜ਼ਰ ਰੈਹਣਾ। ਜਦ ਗੁਰੂ ਬਾਲਕ ਸਿੰਘ ਜੀ ਤੁਰਦੇ ਸੇ ਅੱਗੇ ਬੇਸ਼ੁਮਾਰ ਸੰਗਤ ਅਰਦਲੀਆਂ ਵਾਂਗੂੰ ਆਗੇ ਪੀਛੇ ਚਲਦੀ ਹੈ। ਹਾਂ ਜੀ, ਹਾਂ ਜੀ ਕਰਦੇ ਹੈਂ। ਮਿੱਠੇ ਮਿਠੇ ਬੋਲ ਬੋਲਣੇ ਸੰਗਤ ਨੇ। ਆਪਸ ਮੇਂ ਮਿਲਕੇ ਚਲਣੇ ਲਗੇ। ਸਤਿਜੁਗੀ ਸੁਭਾਉ ਹੋਇ ਗਏ ਹੈਂ। ਪਰਮੇਸਰ ਕਾ ਨਾਮ ਚਿਤਾਰਨ ਲਗੇ। ਰਸਨਾ ਨਾਮ ਜਪਣ ਨੂੰ ਆਪੇ ਚਾਹੁੰਦੀ ਹੈ ਮਾਨੋਂ ਦੇਵਤਿਆਂ ਕਾ ਸਮੂਹ ਹੈ। ਮੂੰਹ ਪਰ ਸਭਨਾਂ ਕੇ ਲਾਲੀਆਂ ਦਗਣ। ਪਾਂਚੋ ਭੂਤ ਜੋ ਕਾਮ ਕ੍ਰੋਧ ਲੋਭ ਮੋਹ ਹੰਕਾਰ ਹੈਨ ਸੋ ਨਾਸ ਹੋਇ ਜਾਂਦੇ ਹੈਨ ਗੁਰੂ ਜੀ ਕੀ ਕਿਰਪਾ ਸੇ। ਨਾਮ ਤੋਂ ਬਿਨਾਂ ਹੋਰ ਕੋਈ ਚਿਤਵਨਾ ਨਹੀਂ ਚਿਤਵਦਾ।

ਇਹ ਜੋ ਬਚਨ ਹੈਨ ਸੋ ਛੌਕਾ ਰਾਮ ਕਵੀਸ਼ਰ, ਸ੍ਰੀ ਹਜ਼ਰੋਂ ਸਾਹਿਬ ਮੇਂ ਰਹਿੰਦਾ ਸੀ, ਉਸ ਨੇ ਆਪਣੇ ਨੇਤਰੀਂ ਦੇਖਕੇ ਲਿਖੇ ਹੈਨ। ਬਾਬਾ ਕਾਨ੍ਹ ਸਿੰਘ ਜੋ ਮਹੰਤ ਸੀ ਹਜ਼ਰੋਂ ਸਾਹਿਬ ਵਾਲਾ ਸੋ ਆਇਆ ਰਾਮਦਾਸ ਪੁਰੇ ਮੈ, ਲਿਖਾਰੀ (ਸੰਤੋਖ ਸਿੰਘ) ਨੇ ਦੇਖਕੇ ਉਤਾਰ ਲਏ।[1] ਵੱਡੀ ਰਾਤ ਸੇ ਇਸ਼ਨਾਨ ਕਰਕੇ ਸਿੱਖਾਂ ਗੁਰੂ ਸਾਹਿਬ ਜੀ ਦਾ ਦੀਦਾਰ ਕਰਨਾ। ਸਵੇਰੇ ਆਸਾ ਜੀ ਦੀ ਵਾਰ ਸੁਣਨੀ ਅਤੇ ਰਸਨਾ ਤੇ ਭਜਨ ਕਰਦੇ ਰਹਿਣਾ ਮਾਨੋਂ ਸਤਿਜੁਗ ਕੀ ਲੜੀ ਵਰਤਦੀ ਹੈ। ਸਤਿਜੁਗ ਦੀ ਨੀਂਹ ਉਸਾਰਦੇ ਹੈਂ। ਦਸਾਂ ਗੁਰੂਆਂ ਨੇ ਜੋ ਨੀਂਹ ਉਸਾਰੀ ਸੀ ਸੋ ਹੁਣ ਯਾਰਵੇਂ ਗੁਰੂ ਜੀ ਭੀ ਉਸਾਰਦੇ ਹੈਨ। ਕੰਧ ਉਨ੍ਹਾਂ ਉਸਾਰੀ ਹੈ ਤੇ ਛੱਤ ਬਾਰ੍ਹਵੇਂ ਗੁਰੂ ਨੇ ਪਾਈ ਹੈ। "ਅਬਿਚਲ ਨੀਵ ਧਰੀ ਗੁਰ ਨਾਨਕ ਨਿਤ ਨਿਤ ਚੜੈ ਸਵਾਈ।" ਗੁਰੂ ਬਾਲਕ ਸਿੰਘ ਜੀ ਕੀ ਉਪਮਾ, ਲਿਖਾਰੀ ਕੈਂਹਦਾ ਹੈ, ਮੈਂ ਦਾਸ ਕੀਹ ਕਰ ਸਕਤਾ ਹੂੰ? ਆਪ ਕੀ ਉਪਮਾ ਸ਼ੇਸ਼ਨਾਗ ਰੋਜ਼ ਸਹੰਸਰ ਮੁਖ ਸੇ ਚਿਤਾਰਦਾ ਹੈ। ਸੋ ਉਸਨੇ ਭੀ ਆਪਕੀ ਕੁਦਰਤ ਕਾ ਅੰਤ ਨਹੀਂ ਪਾਇਆ। ਮੈਂ ਆਪਕੀ ਉਪਮਾ ਕੀ ਕਰ ਸਕਤਾ ਹੂੰ। ਜੋ ਮੇਰੇ ਤੇ ਉਪਮਾ ਕਰਾਵੋਗੇ ਸੋ ਕਰਾਂਗਾ।

ਜੋ ਕੋਈ ਕਿਸੇ ਨੇ ਅਰਜ਼ ਕਰਨੀ, ਉਸੇ ਵਕਤ ਗੁਰੂ ਬਾਲਕ ਸਿੰਘ ਜੀ ਸੁਣ ਲੈਣੀ। ਕਈ ਸਿੰਘ ਹੱਥ ਜੋੜੀ ਖੜੇ ਰਹਿੰਦੇ। ਹਾਲ ਆਪੋ ਆਪਣੇ ਸਭ ਨੇ ਸੁਨਾਉਣੇ। ਸਭਨਾਂ ਕੋ ਉਤੱਰ ਦੇ ਕੇ ਗੁਰੂ ਜੀ ਸੰਸਾ ਦੂਰ ਕਰਦੇ ਹੈਂ। ਜਬ ਬਚਨ ਕਰਦੇ ਹੈਂ ਤਾ ਮੁਖ ਸੇ ਮਾਨੋਂ ਮੋਤੀ ਕਿਰਦੇ ਹੈਂ। ਜੋ ਹੰਸ ਹੈਂ ਸਿੱਖ, ਸੋ ਸੁਣਕੇ ਹਿਰਦੇ ਮੇਂ ਧਰਦੇ ਹੈਂ ਮਾਨੋ ਮਾਨ ਸਰੋਵਰ ਪ੍ਰਗਟ ਹੋਇਆ ਹੈ। ਸ਼ਬਦ ਪੜਕੇ ਆਰਤੀ ਸੋਹਲੇ ਦਾ ਪਾਠ ਕਰਦੇ ਹੈਂ ਅਤੇ ਅਰਦਾਸਾ ਕਰਕੇ ਸਿੰਘ ਆਪੋ ਆਪਣੇ ਘਰਾਂ ਕੋ ਚਲੇ ਜਾਂਦੇ ਹੈਂ।

---

1 ਭਾਈ ਸੰਤੋਖ ਸਿੰਘ ੧੯੯੨ ਈ. ਵਿਚ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਪਾਸ ਸ੍ਰੀ ਭੈਣੀ ਸਾਹਿਬ ਆਇਆ ਸੀ। ਸਤਿਗੁਰੂ ਹਰੀ ਸਿੰਘ ਜੀ ਦੇ ਹੁਕਮ ਨਾਲ ਹੀ ਸਾਧਾਂ ਸੰਤਾਂ ਪਾਸੋਂ ਪੁੱਛ-ਸੁਣ ਕੇ ਉਸਨੇ 'ਸਤਿਗੁਰੂ ਬਿਲਾਸ' ਲਿਖਣਾ ਸ਼ੁਰੂ ਕੀਤਾ। ਗੁਰੂ ਬਾਲਕ ਸਿੰਘ ਜੀ ਦਾ ਭਤੀਜਾ ਬਾਬਾ ਕਾਨ੍ਹ ਸਿੰਘ ਜੋ ਉਸ ਵਕਤ ਹਜ਼ਰੋਂ ਵਿਖੇ ਡੇਰੇ ਦਾ ਮਹੰਤ ਸੀ, ਸਰਕਾਰੀ ਰਿਕਾਰਡਾਂ ਅਨੁਸਾਰ, ੧੯੯੫ ਈ. ਵਿੱਚ ਸ੍ਰੀ ਭੈਣੀ ਸਾਹਿਬ ਆਇਆ। ਉਸ ਸਮੇਂ ਇਹ ਪ੍ਰਸੰਗ ਲਿਖਾਰੀ ਨੇ ਉਤਾਰੇ ਸਨ।

ਚੇਲ ਨਾਮ ਨਦੀ ਹੈ। ਓਥੇ ਜਾਇਕੇ ਗੁਰੂ ਬਾਲਕ ਸਿੰਘ ਜੀ ਬੰਦਗੀ ਕਰਨੀ ਤੇ ਸਵਾ ਪਹਿਰ ਰਾਤ ਨਾਲ ਮੁੜ ਆਵਣਾ। ਫੇਰ ਆਸਾ ਕੀ ਵਾਰ ਲਗਣੀ। ਪ੍ਰੇਮ ਨਾਲ ਸੁਣਨੀ ਅਤੇ ਸਭਨਾਂ ਨੇ ਰਸਨਾ ਕਾ ਭਜਨ ਕਰਨਾ। ਦਿਨ ਚੜੇ ਅਰਦਾਸਾ ਕਰਕੇ ਸੁਣਕੇ ਸਭਨਾਂ ਨੇ ਆਪੋ ਆਪਣੀ ਕਿਰਤ ਕਰਨੀ। ਥੋੜੇ ਦਿਨ ਨਾਲ ਫੇਰ ਆਇ ਜਾਣਾ ਬਾਗ ਮੈ। ਜੇੜ੍ਹਾ ਪੜ੍ਹਦਾ ਭੁਲ ਜਾਏ ਉਸ ਕੋ ਧੀਰਜ ਨਾਲ ਦੱਸ ਦੇਣਾ। ਜੇੜ੍ਹਾ ਬਚਨ ਸਹਿਜ ਸੁਭਾਓ ਕਰਦੇ ਹੈਂ ਸੋ ਪੂਰਾ ਹੋ ਜਾਂਦਾ ਹੈ। ਸਭ ਲੋਕ, ਸਾਧ ਭੀ ਤੇ ਹੋਰ ਭੀ, ਪੂਜਦੇ ਹੈਨ ਤੇ ਡਰਦੇ ਹੈਂ ਕਿ ਕਰਾਮਾਤੀ ਹੈਂ। ਮੁਸਲਮਾਨ ਪੀਰ ਜਾਣਕੇ ਮੱਥਾ ਟੇਕਦੇ ਹੈਂ। ਕਹਿੰਦੇ ਹੈਂ ਏਹ ਪੂਰਾ ਸੂਰਾ ਔਲੀਆ ਹੈ। ਮਾੜੇ ਕਰਮਾਂ ਥੀਂ ਛਡਾਇਕੇ ਤੇ ਚੰਗੇ ਕਰਮੀਂ ਲਾਉਂਦੇ ਹੈਂ। ਗੁਰੂ ਜੀ ਕੇ ਚੇਹਰੇ ਕਾ ਰੰਗ ਲਾਲ ਸੂਹੇ ਸੇਬ ਵਰਗਾ ਹੈ। ਨੇਤਰ ਮੋਟੇ ਅਤੇ ਘੇਰੇਦਾਰ ਦਾਹੜਾ। ਸੋਨੇ ਕੀਆਂ ਤਾਰਾਂ ਵਾਂਗੂੰ ਸਾਰੇ ਸਰੀਰ ਕੇ ਰੋਮ ਹੈਨ। ਸਿੰਘ ਕਹਿੰਦੇ ਹੈਂ ਧੰਨ ਗੁਰੂ ਨਾਨਕ ਦੇਵ ਜੀ ਕੀ ਜੋਤ ਹੈ, ਕਲੂਕਾਲ ਮੈਂ ਪਾਪੀਆਂ ਜੀਆਂ ਕਾ ਭਲਾ ਕਰਦੇ ਹੈਨ।

## ਬਾਬਾ ਸੰਗਤਾ ਜੀ

ਏਕ ਸੰਗਤਾ ਨਾਮ ਕਾ ਅਰੋੜਾ ਆਇਆ ਬਰੋਠਿਆਂ ਦਾ। ਗੁਰੂ ਬਾਲਕ ਸਿੰਘ ਜੀ ਇਸ਼ਨਾਨ ਕੀਤਾ। ਸੰਗਤੇ ਨੇ ਸਾਰਾ ਜਲ ਛਕ ਲਿਆ। ਤਤਕਾਲ ਬਿਦੇਹ ਰੂਪ ਹੋਇਆ। ਸਮਾਧੀ ਲੱਗ ਗਈ। ਬਹੁਤ ਚਿਰ ਪਿੱਛੋਂ ਨੇਤਰ ਖੋਲ੍ਹੇ ਅਤੇ ਸੁਰਤੀ ਸੰਭਾਲੀ ਅਤੇ ਭਜਨ ਮੰਗਕੇ ਲਿਆ। ਫੇਰ ਜਿੱਥੇ ਭਜਨ ਕਰਨ ਬੈਠਣਾ ਤਾ ਸਮਾਧੀ ਲੱਗ ਜਾਣੀ। ਅੱਠੇ ਪਹਿਰ ਭਜਨ ਕਰਦੇ ਰਹਿਣਾ। ਕਈ ਵਾਰਾਂ ਦੋ-ਦੋ ਦਿਨ ਬੈਠੇ ਰਹਿਣਾ ਜਿੱਥੇ ਭਜਨ ਕਰਨ ਲਗਣਾ। ਗੁਰੂ ਜੀ ਸਿੰਘਾਂ ਕੋ ਭੇਜਦੇ ਹੈਂ। ਸਿੱਖ ਢੂੰਢਕੇ ਮੁੱਠੀਆਂ ਭਰ ਕੇ ਉਨ੍ਹਾਂ ਕੋ ਲੈ ਆਉਂਦੇ ਹੈਂ। ਜਾਂ ਸੂਰਤ ਆਉਂਦੀ ਤਾਂ ਇਹ ਪੁਛਣਾ ਕਿ ਮਦਾਨ ਜਾਣ ਕਾ ਵਕਤ ਹੋ ਗਿਆ ਹੈ? ਜੇ ਚੀਤਾ ਕਰਨ ਬੈਠਣਾ ਤਾ ਕਿਤਨਾ ਕਿਤਨਾ ਚਿਰ ਬੈਠੇ ਰਹਿਣਾ। ਏਕ ਦਿਨ ਬਚਨ ਕੀਤਾ ਗੁਰੂ ਜੀ ਸੰਗਤੇ ਕੀ ਦੱਤਾ ਤ੍ਰੈ ਵਾਲੀ ਸਮਾਧੀ ਹੈ। ਜਗਤ ਕੀਆਂ ਜੋ ਚੰਚਲ ਬਿਰਤੀਆਂ ਹੈਨ ਸੋ ਸਭ ਹਟ ਗਈਆਂ ਹੈਂ। ਨਾਮ ਜਪਦਿਆਂ ਨਾਮ ਕਾ ਰੂਪ ਹੋਇ ਜਾਂਦੇ ਹੈ।

ਬਾਬੇ ਸੰਗਤੇ ਦਾ ਭਜਨ ਨਾਲ ਹੀ ਵਿਹਾਰ ਸੀ, ਹੋਰ ਕੁਝ ਨਾ ਸੀ। ਏਕ ਗ੍ਰਾਉਂ[1] ਹੱਟੀ ਜਾਇ ਪਾਈ। ਬਾਬਾ ਸੰਗਤਾ ਜੀ ਦੇ ਪੁੱਤਰ ਛੋਲੇ ਲੈਣ ਗਏ। ਏਕ ਧੜੀ ਏਧਰ ਆਇ ਗਈ ਪਰ ਪੁੱਤਰ ਨੇ ਦੱਸੀ ਨਾ, ਚੁਪ ਕਰ ਰਹੇ। ਜਾਂ ਦਾਣੇ ਵੇਚਣ ਗਧੇ ਬੰਨ੍ਹਕੇ ਗਏ, ਉਪਰ ਢਾਈ ਰੁਪਏ ਦਾ ਖੇਸ ਸੀ ਪਾਇਆ ਹੋਇਆ, ਸੋ ਕਿਸੇ ਨੇ ਉਤਾਰ ਲਿਆ। ਦੋ ਰੁਪਏ ਨਫ਼ਾ ਆਇਆ। ਬਾਬੇ ਨੇ ਪੁਛਿਆ ਪੁੱਤਰ ਕੋਲੋਂ, ਖਾਮੋਸ਼ ਹੋਇਆ ਖੜਾ ਹੈਂ ? ਤਿੰਨ ਵਾਰੀਂ ਕੈਹਕੇ ਬਾਬੇ ਸੰਗਤੇ ਜੀ ਬਚਨ ਕੀਤਾ ਤੈਨੂੰ ਸਜ਼ਾ ਲੱਗੀ ਹੈ। ਏਹ ਕੰਮ ਫੇਰ ਨਾ ਤੂੰ ਕਰੀਂ। ਏਹ ਕੰਮ ਜੋ ਉਸਕੋ ਤੇ ਪਤਾ ਨਾ ਸੀ ਪਰ ਤੈਨੂੰ ਮਾਲੂਮ ਸੀ। ਅੱਗੇ ਕੋ ਕੰਨ ਕੇ ਹੱਥ ਲਾਇਲੈ। ਬਾਬਾ ਸੰਗਤਾ ਜੀ ਸੱਚ ਬੋਲਦੇ ਹੈਂ ਤੇ ਸਭ ਕੋ ਸੱਚਾ ਉਪਦੇਸ਼ ਕਰਦੇ ਹੈਂ। ਲੋਕਾਂ ਕੋ ਮਾਸ ਤੇ ਸ਼ਰਾਬ ਤੇ

1 ਪਿੰਡ।

ਹਟਾਉਂਦੇ ਹੈਂ, ਸ਼ੁਭ ਉਪਦੇਸ਼ ਦੇ ਦੇ ਕੇ ਖਲਕਤ ਦਾ ਉਧਾਰ ਕਰਦੇ ਹੈਂ।

ਤਿੰਨ ਆਦਮੀ ਤੁਰੇ ਜੋ ਭਜਨ ਲੈ ਆਈਏ। ਰਸਤੇ ਮੈਂ ਮੂਲੀਆਂ ਕਾ ਖੇਤ ਸੀ, ਤਿਸ ਵਿੱਚੋਂ ਇਕ ਮੂਲੀ ਪੁਟ ਲਈ। ਤੀਨ ਡਕਰੇ ਕਰਕੇ ਵਰਤਾਇ ਲਏ ਅਤੇ ਖਾਇ ਲਈਆਂ। ਆਇਕੇ ਬਾਬੇ ਸੰਗਤੇ ਜੀ ਕਾ ਦਰਸ਼ਨ ਕੀਤਾ। ਸੀਸ ਨਿਵਾਇਆ ਤੇ ਭਜਨ ਮੰਗਿਆ। ਬਾਬੇ ਜੀ ਬਚਨ ਕੀਤਾ ਠਹਿਰੋ। ਛਿਨ ਪਾਛੇ ਫੇਰ ਕਹਿਣ ਲੱਗੇ ਸਾਨੂੰ ਭਜਨ ਦਿਓ। ਬਚਨ ਕੀਤਾ ਬਾਬੇ ਜੀ ਏਥੇ ਮੂਲੀਆਂ ਤਾ ਨਹੀਂ ਕਿ ਡਕਰੇ ਕਰਕੇ ਖਾਇ ਲੈਣੀਆਂ ਹਨ। ਸੁਣਦੇ ਸਾਰ ਤਿੰਨੇਂ ਚਰਨੀਂ ਢੈਹ ਪਏ। ਸ਼ਰਧਾ ਪੂਰੀ ਹੋਈ ਕਿ ਇਹ ਅੰਤਰਯਾਮੀ ਹੈਂ ਜਿਨ੍ਹਾਂ ਨੇ ਦਿਲ ਕੀ ਜੋ ਬਾਤ ਸੀ ਸੋ ਦੱਸ ਦਿੱਤੀ ਹੈ। ਭਜਨ ਲੈਕੇ ਸਿੰਘ ਸਜੇ। ਮਾੜੇ ਕਰਮ ਛੱਡ ਦੀਏ, ਸ਼ੁਭ ਕਰਮੀਂ ਲੱਗ ਗਏ। ਇਸੀ ਤਰ੍ਹਾਂ ਕੇ ਕਈ ਹੋਰ ਬਿਲਾਸ ਹੁਏ। ਸੰਗਤਾ ਜੀ ਨੇ ਕਈ ਵੇਰਾਂ ਦਸ-ਦਸ, ਬੀਸ-ਬੀਸ ਦਿਨ ਕੀ ਸਮਾਧੀ ਲਾਈ ਸੀ ਤੇ ਲੋਕਾਂ ਨੇ ਮੁਰਦਾ ਸਮਝਣਾ ਤੇ ਜਿਨ੍ਹਾਂ ਕੋ ਨਿਸਚਾ ਸੀ ਸੋ ਉਨ੍ਹਾਂ ਕੋ ਤਾਂ ਪਤਾ ਹੀ ਸੀ। ਸਮਾਧੀ ਲਾ ਕੇ ਨਿਰੰਕਾਰ ਕੇ ਦੁਆਰ ਚਲੇ ਜਾਣਾ। ਉੱਥੇ ਹੀ ਰਹਿਣਾ ਕਿਤਨਾ ਕਿਤਨਾ ਚਿਰ।

## ਜੋਤੀ ਜੋਤ ਸਮਾਉਣਾ

ਜੋਤੀ ਜੋਤ ਸਮਾਣ ਦਾ ਜਾਂ ਸਮਾਂ ਆਇਆ ਤਾ ਪਿਛਲੇ ਪਹਿਰ ਗੁਰੂ ਬਾਲਕ ਸਿੰਘ ਜੀ ਦਾ ਸਰੀਰ ਬੇ-ਆਰਾਮ ਹੋਇਆ। ਹਕੀਮ ਭੀ ਸਦਵਾਏ ਪਰ ਦਵਾਈ ਕੋਈ ਅਸਰ ਨਾ ਕਰੇ। ਰੰਗ ਸਰੀਰ ਕਾ ਸਾਰਾ ਬਦਲ ਗਿਆ। ਸਾਰੀ ਸੰਗਤ ਇਕੱਠੀ ਹੋਈ। ਅੰਦਰ ਬਾਹਰ ਸੰਗਤ ਹੀ ਸੰਗਤ ਨਜ਼ਰ ਆਉਂਦੀ ਹੈ। ਸਿੰਘਾਂ ਕੋ ਦਿਲ ਮੇਂ ਖਿਆਲ ਹੋਇਆ ਕਿ ਜੋ ਹੁਣ ਗੁਰੂ ਜੀ ਪਰਲੋਕ ਕਾ ਤਿਆਰਾ ਕਰਨਗੇ। ਏਹ ਤਾ ਧਰਮ ਕਾ ਥੰਮ ਹੈਨ। ਵੈਦਾਂ ਕੀ ਦਵਾਈ ਕੋਈ ਨਾ ਲੱਗੀ। ਅਖ਼ੀਰ ਗੁਰੂ ਬਾਲਕ ਸਿੰਘ ਜੀ ਜੋਤੀ ਜੋਤ ਸਮਾਏ ਸੰਮਤ ੧੯੧੯ ਕੋ ਮੱਘਰ ਕੇ ਮਹੀਨੇ। ਮੱਘਰ ਕੀ ਪੂਰਨਮਾਸ਼ੀ ਸ਼ਨੀਚਰ ਵਾਰ ਸੀ ਜਦ ਜੋਤੀ ਜੋਤ ਸਮਾਏ।[1]

ਇਸ਼ਨਾਨ ਕਰਾਇਕੇ ਸ਼ਬਦ ਪੜ੍ਹਦੇ ਲੈ ਗਏ ਬਾਗ ਮੇਂ ।ਸਸਕਾਰ ਕੀਤਾ ਰੀਤੀ ਮਰਯਾਦਾ ਨਾਲ। ਸਾਰੇ ਸ਼ਹਿਰ ਮੇਂ, ਸਭ ਕੇ ਘਰੋਂ ਮੇਂ ਅਤੇ ਘਟ-ਘਟ ਮੇਂ ਉਪਮਾ ਗੁਰੂ ਬਾਲਕ ਸਿੰਘ ਜੀ ਕੀ ਹੋ ਗਈ, ਨਾਲੇ ਹਾ-ਹਾ ਕਾਰ ਬੀਤਿਆ। ਮਾਨੋਂ ਚੰਦ੍ਰਮਾ ਛਿਪ ਗਿਆ ਹੈ। ਚੰਦ੍ਰਾ ਛਿਪੇ ਤੇ ਜੋ ਹਨੇਰਾ ਹੋ ਗਿਆ ਹੈ ਸੋ ਹੁਣ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸੂਰਜ ਕੀ ਨਿਆਈਂ ਹੋਕੇ ਰਾਤ ਔਰ ਅਗਿਆਨ ਰੂਪ ਹਨੇਰੇ ਕੋ ਦੂਰ ਕਰਨਗੇ।

ਸਿੰਘ ਗੁਰੂ ਬਾਲਕ ਸਿੰਘ ਜੀ ਕੀ ਮੂਰਤੀ ਕਾ ਚਿਤਵਨ ਕਰਦੇ ਹੈਂ। ਵੈਰਾਗ ਮੈ ਹੋਇਕੇ ਗੁਰੂ ਜੀ ਕੇ ਬਚਨ ਯਾਦ ਕਰਦੇ ਹੈਂ ਨਾਲੇ ਹਰ ਵਕਤ ਮੂਰਤੀ ਕਾ ਧਿਆਨ ਚਿਤ ਮੈ ਰੱਖਦੇ ਹੈ। ਸਿੰਘ ਐਸੇ ਵੈਰਾਗ, ਮੈਂ ਰਹਿਦੇ ਹੈਂ ਜੈਸੇ ਸੱਪ ਕੀ ਮਣੀ ਖੋਈ ਜਾਂਦੀ ਹੈ। ਨਾਨਾ ਬਿਧ ਕੀਆਂ ਚਿਤਵਨੀਆਂ ਚਿਤਵਦੇ ਹੈਂ। ਗੁਰੂ ਜੀ ਕੇ ਵਿਛੋੜੇ ਕਾ ਬੜਾ ਦੁੱਖ ਪ੍ਰਾਪਤ ਹੋ ਰਿਹਾ ਹੈ। ਗੁਰੂ ਜੀ

1 ੬ ਦਸੰਬਰ ੧੯੬੨ ਈ.।

ਵਿਛੋੜੇ ਕਾ ਬਾਣ ਮਾਰਕੇ ਆਪ ਸੱਚਖੰਡ ਕੋ ਸਿਧਾਰ ਗਏ ਹੈਂ। ਅਸੀਂ ਸਿੱਖ ਨਿਤਾਣੇ ਸਬਰ ਕਰੀ ਬੈਠੇ ਹੈਂ। ਜਿਹੜੀ ਰੌਣਕ ਅਤੇ ਖੁਸ਼ੀਆਂ ਸੀਆਂ ਸੋ ਚੁਕੀਆਂ ਗਈਆਂ। ਉਦਾਸੀ ਜੇਹੀ ਵਰਤ ਗਈ ਹੈ। ਮਨ ਜੋ ਨਾਮ ਕੋ ਲੱਗਾ ਹੋਇਆ ਸੀ ਸੋ ਨਾ ਲੱਗੇ। ਸਾਰਾ ਦਿਨ ਵੈਰਾਗ ਕੀਆਂ ਬਾਤਾਂ ਮੈ ਗੁਜ਼ਰ ਜਾਂਦਾ ਹੈ। ਕੋਈ ਵੈਰਾਗ ਮੈ ਬੈਠਾ ਹੈ, ਕੋਈ ਭਜਨ ਕਰਦਾ ਹੈ, ਕੋਈ ਧਰਤੀ ਨਾਲ ਹੱਥ ਮਾਰਦੇ ਹੈਨ। ਅੰਗੀਠੇ ਕੇ ਉਦਾਲੇ ਸਿੰਘ ਸ਼ਬਦ ਕੀਰਤਨ ਕਰਦੇ ਹੈਂ। ਸ਼ਬਦ ਪੜਦੇ ਹੈਂ ਵਿਛੋੜੇ ਕੇ। ਸ੍ਰੀ ਗੁਰੂ ਜੀ ਕੀ ਜੁਦਾਈ ਕੇ ਤੀਰ ਸੀਨਾ ਚੀਰਦੇ ਜਾਂਦੇ ਹੈ। ਆਮ ਲੋਕ ਭੀ ਬਹੁਤ ਆਉਂਦੇ ਹੈਂ। ਦੇਖ-ਦੇਖਕੇ ਰੁਦਨ ਕਰਦੇ ਹੈਂ। ਹਜ਼ਰੋਂ ਸਾਹਿਬ ਮੈ ਉਜਾੜ ਮਾਲੂਮ ਹੋਵੇ। ਸਾਰੇ ਸੁੰਨ ਮਸਾਨ ਹੋ ਗਈ। ਫੇਰ ਸਿੰਘਾਂ ਨੇ ਕਹਿਆ ਸ਼ੁਕਰ ਕਰੋ, ਰਜਾਇ ਮੰਨੋ। ਗੁਰੂ ਜੀ ਕੋ ਦਰਗਾਹ ਮੈ ਯਾਦ ਕੀਤਾ ਹੈ ਨਿਰੰਕਾਰ ਨੇ। ਚੌਥੇ ਦਿਨ ਫੁਲ ਚੁਗਕੇ ਭਸਮ ਅਟਕ ਨਦੀ ਮੈ ਸਿੱਟ ਦਿੱਤੀ, ਦੇਹੁਰਾ ਬਣਾਇ ਦਿੱਤਾ, ਓਥੇ ਸਿੰਘ ਮੱਥਾ ਟੇਕਣ ਲੱਗੇ। ਸਤੱਤਰ ਸਾਲ ਤੇ ਨੌ ਮਹੀਨੇ ਉਮਰ ਸੀ ਸ੍ਰੀ ਸਤਿਗੁਰੂ ਜੀ ਕੀ। ਤੀਏ ਮਹੀਨੇ ਫੁਲ ਗੰਗਾ ਕੋ ਲੈ ਚਲੇ। ਦਸ ਸਿੰਘ ਸੇ ਨਾਲ, ਮੰਨਾ ਸਿੰਘ ਭੀ ਸੀ। ਗੁਰੂ ਬਾਲਕ ਸਿੰਘ ਜੀ ਦੇ ਹੱਥੀਂ ਲਿਖੀ ਹੋਈ ਪਹਿਲੇ ਦੀ ਚਿੱਠੀ ਗਿੱਲੀਂ ਆਈ। ਮੈਂਗਲ ਸਿੰਘ ਲੈ ਕੇ ਆਇਆ ਸੀ।

## ਅਸੀਂ ਨਹੀਂ ਰਹਿਣਾ

ਰੂਈ, ਬੀੜੇ ਕੀ ਨੂੰਹ ਸੀ। ਉਸਕਾ ਲੜਕਾ ਮਰਨ ਵਾਲਾ ਹੋਇਆ। ਗੁਰੂ ਜੀ ਪਾਸ ਲੈ ਆਈ। ਚਰਨੀਂ ਹੱਥ ਲਾਇਆ। ਚਰਨ ਛੱਡਣ ਨਾ। ਬਚਨ ਕੀਤਾ ਗੁਰੂ ਜੀ ਕਿਓਂ ਕੀ ਆਂਦਾ ਹੈਂ? ਭਾਈ ਬੀੜੇ ਕਹਿਆ ਜੀ ਆਪ ਕੀ ਨੂੰਹ ਹੈ। ਬਧੂ ਨੇ ਕਹਿਆ ਜੀ ਏਹ ਲੜਕਾ ਰਾਜੀ ਹੋ ਜਾਵੇ, ਸਖ਼ਤ ਬੀਮਾਰ ਹੈ। ਆਪ ਕਿਰਪਾ ਕਰੋ। ਚਰਨ ਨਾ ਛੱਡੇ। ਬਚਨ ਹੋਇਆ ਝੱਲੀਏ ਛੱਡਦੇ ਚਰਨ, ਨਾ ਛੱਡੇ। ਮੁੜ ਮੁੜ ਕੇ ਅਰਜ਼ ਕਰੇ ਕਿ ਮੈਨੂੰ ਗ਼ਰੀਬਣੀ ਨੂੰ ਬਖ਼ਸ਼ੋ। ਮੇਰੇ ਇਕ ਪੁਤ ਹੈ, ਮੈਂ ਨਿਮਾਣੀ ਪਰ ਕਿਰਪਾ ਕਰੋ। ਬਚਨ ਹੋਇਆ ਰਾਜੀ ਹੋਇ ਜਾਏਗਾ। ਘਰ ਚਲੀ ਗਈ। ਨੱਢਾ ਰਾਜੀ ਹੋ ਗਿਆ।

ਏਕ ਹੋਰ ਸਿੰਘ ਥਾ। ਉਸਕੇ ਲੜਕੇ ਕੋ ਹੈਜ਼ਾ ਹੋ ਗਿਆ ਸੀ ਪਿਸ਼ਾਵਰ ਮੈ। ਮਰਨ ਵਾਲਾ ਸੀ। ਉਸਦੀ ਮਾਈ ਨੇ ਆਣ ਅਰਜ਼ ਕੀਤੀ ਜੀ ਖ਼ਬਰ ਆਈ ਹੈ ਕਿ ਲੜਕੇ ਕੋ ਹੈਜਾ ਹੋਇਆ ਹੈ ਆਪ ਰੱਛਿਆ ਕਰੋ। ਬਚਨ ਹੋਇਆ ਹੋ ਜਾਏਗਾ ਰਾਜੀ। ਬੱਚਾ ਰਾਜੀ ਹੋਇ ਗਿਆ। ਇਸੀ ਤਰ੍ਹਾਂ ਜੇੜ੍ਹਾ ਆਵੇ ਸੋ ਸਵਾਲੀ ਲੋਕ ਹੀ ਆਵੇ। ਅਰਜ਼ਾਂ ਕਰਨੀਆਂ। ਅੰਤਰਯਾਮੀ ਜੀ ਨੇ ਅੰਦਰ ਦੀਆਂ ਦੱਸ ਦੇਣੀਆਂ। ਕਈਆਂ ਨੇ ਕਹਿਣਾ ਕਿ ਮੇਰਾ ਫ਼ਲਾਣਾ ਕੰਮ ਹੋ ਜਾਵੇ। ਸੁਣਕੇ ਸੋਚਣਾ ਕਿ ਦੁਨੀਆਂ ਤਾਂ ਕਰਾਮਾਤਾਂ ਮੰਗਦੀ ਹੈ, ਅਸੀਂ ਨਹੀਂ ਦੇਣੀ ਹੈ। ਸਾਨੂੰ ਗੁਪਤ ਰੱਖਣ ਕਾ ਹੁਕਮ ਹੈ। ਲੋਕ ਰਹਿਣ ਨਹੀਂ ਦੇਂਦੇ ਹੈਂ। ਸਾਨੂੰ ਕਰਾਮਾਤ ਦੇਣ ਕਾ ਹੁਕਮ ਨਹੀਂ ਹੈ। ਆਏ ਦਾ ਜੇਕਰ ਸਵਾਲ ਨਾ ਪੂਰਾ ਹੋਵੇ ਤਾਂ ਉਹ ਦਲਗੀਰ ਹੋਇ ਜਾਂਦਾ ਹੈ। ਨਰਾਜ਼ ਭੀ ਨਾ ਕਰਨਾ ਚਾਹੀਏ। ਸਾਡੀ ਉਮਰ ਸੱਤ ਸਾਲ ਹੋਰ ਰਹਿੰਦੀ ਹੈ। ਸਾਨੂੰ ਸਵਾਲੀ ਲੋਕ ਨਹੀਂ ਰਹਿਣ ਦੇਂਦੇ ਹੈਂ। ਸਾਡਾ ਖ਼ਿਆਲ ਨਹੀਂ ਛੱਡਦੇ ਹੈਂ। ਸਾਨੂੰ ਅਗਲੇ ਦੀ ਦੀਨਤਾ ਦੇਖਕੇ ਦਇਆ ਆਇ ਜਾਂਦੀ ਹੈ। ਕਿਸੇ

ਦਾ ਦੁਖ ਨਹੀਂ ਸਹਾਰਿਆ ਜਾਂਦਾ। ਸੋ ਨਵਿਰਤ ਕਰਨਾ ਪੈਂਦਾ ਹੈ ਅਤੇ ਕਰਾਮਾਤ ਨਾਮ ਕਹਿਰ ਦਾ ਹੈ। ਗੋਬਿੰਦ ਜੀ ਕੀ ਕੀਤੀ ਹੋਈ ਕੋ ਹਟਾਉਣਾ ਜਾਂ ਪ੍ਰਮੇਸਰ ਕੀ ਰਜਾਇ ਹਟੀ ਤਾ ਕਰਾਮਾਤ ਹੋਈ। ਤਾਂ ਕਰਕੇ ਅਸੀਂ ਸਭ ਬਰਸ ਪਹਿਲੇ ਹੀ ਚੋਲਾ ਛੱਡ ਜਾਵਾਂਗੇ। ਅਸੀਂ ਨਹੀਂ ਰਹਿਣਾ। ਰੋਜ਼-ਰੋਜ਼ ਕਰਾਮਾਤਾਂ ਕੇਹੜਾ ਦੇਵੇ। ਰਾਵਲਪਿੰਡੀ ਸਾਈਂ ਜੀ ਨੂੰ ਚਿੱਠੀ ਲਿਖੀ ਅਸੀਂ ਨਹੀਂ ਰਹਿੰਦੇ। ਲੋਕ ਕਰਾਮਾਤਾਂ ਮੰਗਦੇ ਹੈਨ। ਸੁਣਕੇ ਸਾਂਈ ਜੀ ਨੇ ਸੰਸਾ ਕੀਤਾ। ਗੁਰੂ ਬਾਲਕ ਸਿੰਘ ਜੀ ਭਾਈ ਮੰਨਾ ਸਿੰਘ ਕੋ ਬਚਨ ਕੀਤਾ ਸੀ ਕਿ ਸਾਡੀ ਦੇਹ ਸੱਤ ਸਾਲ ਹੋਰ ਰਹੂਗੀ, ਅਜੇ ਤਾਂ ਸੱਤ ਬਰਸ ਬਾਕੀ ਹੋਰ ਰਹਿੰਦੇ ਸੇ। ਮੰਨਾ ਸਿੰਘ ਨੇ ਭੀ ਅਫ਼ਸੋਸ ਕੀਤਾ ਕਿ ਅਜੇ ਤਾ ਸੱਤ ਸਾਲ ਰਹਿੰਦੇ ਸੇ, ਸੋ ਹੁਣੇ ਈਂ ਭਾਣਾ ਵਰਤਾ ਗਏ?

ਬਾਬਾ ਸੰਗਤਾ ਜੀ ਸਾਲੇ ਕੇ ਘਰ ਆਇਕੇ ਅੰਦਰ ਵੜ ਗਏ ਅਤੇ ਲੰਮੇਂ ਪੈ ਗਏ ਸਮਾਧੀ ਲਾਇਕੇ। ਨੇਤਰ ਮੀਟ ਕੇ ਚਾਲ੍ਹੀ ਦਿਨ ਸਮਾਧੀ ਲੱਗੀ ਰਹੀ। ਲੋਕ ਆਖਣ ਭਾਈ ਨੰਦਾ ਤੁਸਾਂ ਮੁਰਦਾ ਘਰ ਕਿਓਂ ਰੱਖਿਆ ਹੈ, ਤੇ ਹਕੀਮ ਭੀ ਆਖਣ ਭਾਈ ਜੀ ਏ ਨਹੀਂ ਹੁਣ ਬਚਦਾ। ਇਸਦੇ ਅੰਦਰ ਅੰਨ ਪਾਣੀਂ ਨਹੀਂ ਗਿਆ। ਜਾਂ ਚਾਲੀ ਰੋਜ਼ ਗੁਜ਼ਰੇ ਤਾ ਅੰਗੂਠਾ ਹਿੱਲਿਆ, ਫੇਰ ਲੱਤ ਹਿੱਲੀ। ਜਾਂ ਬੁਲਾਏ ਤਾਂ ਸੂਖ਼ਮ ਅਵਾਜ਼ਾ ਹੋਇਆ। ਦੂਸਰੇ ਦਿਨ ਬਾਬਾ ਸੰਗਤਾ ਜੀ ਉੱਠ ਬੈਠੇ। ਸੂਖ਼ਮ ਖਾਣਾ ਖਾਣ ਲੱਗੇ। ਦੁੱਧ ਚਾਵਲ ਖਾਣਾ। ਅੱਗੇ ਬਾਬੇ ਸੰਗਤੇ ਕਾ ਪੁੱਤਰ[1] ਭੀ ਏਸੇ ਤਰ੍ਹਾਂ ਕਰਦਾ ਰਿਹਾ। ਰਾਤ ਕੋ ਇਸ਼ਨਾਨ ਕਰਨਾ ਤੇ ਚਰਨ ਧੂੜ ਮਲਨੀ। ਗਲ਼ ਮੈ ਪੱਲਾ ਪਾਇਕੇ ਅਰਜ਼ ਕਰਨੀ ਸੱਚੇ ਪਾਤਸ਼ਾਹ ਜੀ ਪਰਾਏ ਧਨ ਤੇ ਪੂਜਾ ਦੇ ਧਾਨ ਤੇ ਬਖਸ਼ੋ। ਤੇ ਇਨ੍ਹਾਂ ਤੇ ਨਹੀਂ ਰੱਖਿਆ ਕਰਨੀ ਤਾ ਏਸ ਵੱਲ ਨੂੰ ਪੁਟ ਛੱਡੋ।

## ਜੋਤੀ ਜੋਤ ਸਮਾਵਣੇ ਕੀ ਖ਼ਬਰ ਆਈ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮੁਠੱਡੀਂ ਗਏ ਹੋਏ ਸੇ। ਅਰਦਾਸ ਆਈ, ਨਾਲ ਹੀ ਖ਼ਬਰ ਆਈ ਹਜ਼ਰੋਂ ਸਾਹਿਬ ਸੇ ਕਿ ਮੱਘਰ ਕੀ ਪੁਨਿਆ ਕੋ ਜੋਤੀ ਜੋਤ ਸਮਾ ਗਏ ਹੈਂ। ਗੁਰੂ ਬਾਲਕ ਸਿੰਘ ਜੀ ਆਪਣੇ ਹੱਥੀਂ ਅਰਦਾਸ ਲਿਖ ਦਿੱਤੀ ਸੀ ਕਿ ਠਾਕੁਰਾਂ ਕੋ ਪਹੁੰਚਾ ਦੇਣੀਂ। ਨਾਲੇ ਸੰਗਤ ਕੋ ਕਹਿ ਗਏ ਜੋ ਠਾਕੁਰ ਜੀ ਬਚਨ ਕਰਨ ਸੋ ਮੰਨਣਾ। ਅਰਦਾਸ ਮੇਂ ਏਹ ਲਿਖਾ ਸੀ ਕਿ ਠਾਕੁਰੋ ਅਸਾਂ ਤਾਂ ਚੜਾਈ ਕੀ ਤਿਆਰੀ ਕੀਤੀ ਹੈ, ਤੁਸੀਂ ਸੰਗਤ ਕੋ ਸਾਂਭੋ। ਤੁਸੀਂ ਠਾਕੁਰੋ ਬਾਢੀ ਜਾਤ ਹੋ, ਐਸੀ ਚੂਨੇ ਇਟ ਲਾਉਣੀਂ ਜੇਹੜੀ ਫੇਰ ਨਾ ਉਖੜੇ। ਅਸੀਂ ਧੁਆਡੇ ਪਾਸ ਹਰ ਵਕਤ ਹਾਜ਼ਰ ਰਹਾਂਗੇ। ਕੁੰਜੀ ਤੁਹਾਨੂੰ ਬਖਸ਼ੀ ਹੈ। ਕੂੰਜੀ ਲਾਵੋ ਖਜਾਨੇ ਨੂੰ ਤੇ ਵਰਤੋ। ਅਸੀਂ ਤੇ ਸਹਿਜਧਾਰੀ ਸਿੱਖੀ ਕੀਤੀ ਹੈ, ਤੁਸੀਂ ਕੇਸਾਧਾਰੀ ਖਾਲਸਾ ਵਧਾਓ। ਤੁਸੀਂ ਦਸਵੇਂ ਪਾਤਸ਼ਾਹ ਵਾਲੀ ਰੀਤੀ ਤੋਰੋ। ਚਿੱਠੀ ਪੜਕੇ ਸਤਿਗੁਰੂ ਜੀ ਕੋ ਵੈਰਾਗ ਹੋਇਆ। ਸਿੰਘਾਂ ਨੇ ਪੁੱਛਿਆ ਤੇ ਸਤਿਗੁਰੂ ਜੀ ਬਚਨ ਕੀਤਾ ਗੁਰੂ ਬਾਲਕ ਸਿੰਘ ਜੀ ਜੋਤੀ ਜੋਤ ਸਮਾਏ ਹੈਨ। ਸੁਣਕੇ ਸਿੰਘਾਂ ਕੋ ਭੀ ਵੈਰਾਗ ਹੋਇਆ।

---

1 ਨਰੈਣ ਸਿੰਘ।

## ਹਜ਼ਰੋਂ ਨੂੰ ਤੁਰੇ

ਸਤਿਗੁਰੂ ਜੀ ਰਾਮਦਾਸਪੁਰੇ ਮੈ ਆਇਕੇ ਫੇਰ ਤੁਰੇ ਹਜ਼ਰੋਂ ਸਾਹਿਬ ਕੋ। ਜਾਂ ਰਾਈਆਂ ਕੋਲ ਆਏ ਤਾ ਸਿੰਘਾਂ ਕੋ ਮੋੜਨੇ ਲਗੇ। ਬੀਬੀ ਦਇਆ ਕੌਰ ਕੋ ਭੀ ਹੁਕਮ ਦਿੱਤਾ ਕਿ ਤੂੰ ਭੀ ਮੁੜ ਜਾ। ਬੀਬੀ ਨੇ ਕਹਾ ਕਿ ਮੈ ਭੀ ਨਾਲ ਹੀ ਜਾਵਾਂਗੀ। ਗੁਰੂ ਜੀ ਬਚਨ ਕੀਤਾ ਮੇਰਾ ਚਿਤ ਇਹ ਕਹਿੰਦਾ ਹੈ ਕਿ ਤੈਨੂੰ ਰਤੀ ਰਤੀ ਕਰਕੇ ਵੱਢ ਦੇਵਾਂ।ਤੂੰ ਕਹਾ ਨਹੀਂ ਮਨਦੀ ਹੈ। ਰਾਤ ਕੋ ਮੁਠੱਡੀਂ ਜਾਇ ਰਹੇ। ਏਕ ਸਨਿਆਸੀ ਨੇ ਭਜਨ ਸੁਣਿਆ ਤੇ ਰਿਖੀ ਸਿੰਘ ਨਾਮ ਰੱਖਿਆ। ਬਚਨ ਕੀਤਾ ਏਹ ਦੱਤਾ ਤ੍ਰੇਵ ਹੈ, ਕਲ੍ਹਾ ਕਾ ਮੂਲ ਹੈ।

ਅੱਗੇ ਸ੍ਰੀ ਅੰਮ੍ਰਿਤਸਰ ਜੀ ਸੇ ਤੁਰੇ। ਸੜਕ ਪਰ ਜਾਂਦੇ ਸੋ ਪਾਂਚ ਗੋਰੇ ਮਿਲੇ। ਗੁਰੂ ਜੀ ਹੁਕਮ ਦਿੱਤਾ ਸਿੰਘਾਂ ਕੋ ਕਿ ਸਤਿ ਸ੍ਰੀ ਅਕਾਲ ਕਾ ਜੈਕਾਰਾ ਬੁਲਾਵੋ ਉੱਚੀ ਸੇ। ਸਿੰਘਾਂ ਜੈਕਾਰਾ ਉੱਚੀ ਸੇ ਗਜਾਇਆ। ਗੋਰੇ ਹੱਸਕੇ ਕਹਿਣ ਲੱਗੇ ਇਹੀ ਸਿੰਘ ਹੈਨ ਜੋ ਨਵਾਂ ਪੰਥ ਪੈਦਾ ਹੋਇਆ ਹੈ, ਜਿਨ੍ਹਾਂ ਨੂੰ ਕੂਕਾ ਪੰਥ ਆਖਦੇ ਹੈਨ। ਗਿੱਲਾਂ ਦੇ ਵਿੱਚੋਂ ਦੀ ਚੱਲੇ ਹਜ਼ਰੋਂ ਸਾਹਿਬ ਨੂੰ।

ਜਾਂ ਵਜ਼ੀਰਾਬਾਦ ਗਏ ਸ੍ਰੀ ਸਤਿਗੁਰੂ ਰਾਮ ਸਿੰਘ ਜੀ, ਅੱਗੇ ਸਿੰਘ ਯਾਰ੍ਹਵੇਂ ਗੁਰੂ ਜੀ ਕੇ 'ਫੁਲ' ਲਈ ਆਉਂਦੇ ਮਿਲੇ। ਪੱਤਣ ਪਰ ਪਹਿਲੇ ਹੀ ਉੱਤਰ ਆਏ। ਚੌਕੀ ਪਰ ਫੁਲ ਰੱਖੇ ਸਿਰ ਉੱਤੇ ਚੁਕੇ ਹੋਏ ਸੇ। ਬੇੜੀਆਂ ਦਾ ਦਰਿਆ ਵਿੱਚ ਮੇਲ ਹੋਇਆ। ਸਾਰੀ ਸੰਗਤ ਨੇ ਫਤ੍ਹੇ ਬੁਲਾਈ ਉੱਚੀ ਸੇ। ਸ਼ਬਦ ਪੜਦੇ ਵਜ਼ੀਰਾਬਾਦ ਕੋ ਆਏ। ਰਾਤ ਕੋ ਰਹੇ। ਖਾਤਰ ਬਹੁਤ ਕੀਤੀ ਸਿੰਘਾਂ ਕੀ ਪ੍ਰੇਮ ਨਾਲ ਬੁਢਾ ਸਿੰਘ ਮਸਤਾਨੇ ਨੇ। ਏਕ ਕੀ ਪਗੜੀ ਲਾਲ ਸੀ ਸੋ ਉਤਾਰ ਕੇ ਸਤਿਗੁਰੂ ਜੀ ਲੀਰਾਂ ਲੀਰ ਕਰ ਦਿੱਤੀ। ਅਗਲੇ ਦਿਨ ਆਸਾ ਕੀ ਵਾਰ ਦਾ ਭੋਗ ਪਿਆ ਤੇ ਅਰਦਾਸਾ ਕਰਦੇ ਤੁਰੇ।

## ਗਿੱਲਾਂ ਦਾ ਦੈਂਤ

ਗਿੱਲਾਂ ਦੇ ਉਰੇ ਇਕ ਥੇਹ ਸੀ, ਉਥੇ ਆਏ ਤਾਂ ਜੋਗਾ ਸਿੰਘ ਕੋ ਧੱਕਾ ਲੱਗਾ। ਡਿਗਦਾ ਡਿਗਦਾ ਸੰਭਲਿਆ ਨਾ ਜਾਏ। ਸਤਿਗੁਰੂ ਜੀ ਨੇ ਬਚਨ ਕੀਤਾ ਤੈਨੂੰ ਕੀ ਹੋਇਆ ਹੈ? ਬਚਨ ਕੀਤਾ ਕਿ ਜਪੁ ਸਾਹਿਬ ਕਾ ਪਾਠ ਕਰੋ। ਸਿੰਘ ਲੱਗੇ ਪਾਠ ਕਰਨ। ਜਿਨ੍ਹਾਂ ਦੇ ਬਾਣੀ ਕੰਠ ਸੀ ਸੋ ਪੜ੍ਹੀ ਸਭਨਾਂ ਸਿੰਘਾਂ ਨੇਂ। ਜੋਗਾ ਸਿੰਘ ਨੇ ਕਹਾ ਜੀ ਮੇਰੇ ਉੱਥੇ ਹਜ਼ਾਰਾਂ ਮਣ ਭਾਰ ਪਿਆ ਹੋਇਆ ਹੈ। ਇਕ ਹੋਰ ਸਿੰਘ ਨੇ ਜਾਇ ਜੱਫ਼ਾ ਪਾਇਆ ਜੋਗਾ ਸਿੰਘ ਕੋ। ਜੋਗਾ ਸਿੰਘ ਕਾ ਭਾਰ ਹੌਲਾ ਹੋਇ ਗਿਆ। ਜਿਹੜੇ ਸਿੰਘ ਨੇ ਜੱਫ਼ਾ ਪਾਇਆ ਸੀ ਸਾਰਾ ਬੋਝ ਉਸ ਪਰ ਪੈ ਗਿਆ। ਉਹ ਸਿੰਘ ਵੀ ਲਗਾ ਕੰਬਣੇ। ਕਹਿੰਦਾ ਹੁਣ ਮੇਰੇ ਉੱਤੇ ਹਜ਼ਾਰਾਂ ਮਣਾਂ ਦਾ ਭਾਰ ਪੈ ਗਿਆ ਹੈ। ਅੰਤਰਯਾਮੀ ਜੀ ਬਚਨ ਕੀਤਾ ਮਾਰੋ ਏਸ ਕੇ ਜੁੱਤੀਆਂ। ਜਾਂ ਜੁੱਤੀਆਂ ਪੈਣ ਲਗੀਆਂ ਤਾਂ ਸਿੰਘਾਂ ਨੇ ਦੈਂਤ ਜਾਂਦਾ ਦੇਖਿਆ ਕਿ ਬੜੇ ਬੜੇ ਦੰਦ ਹੈਨ। ਬੜਾ ਬਿਕਰਾਲ ਰੂਪ ਸੀ ਧਾਰਿਆ ਹੋਇਆ। ਗੁਰੂ ਜੀ ਬਚਨ ਕੀਤਾ ਦੈਂਤ ਨੂੰ ਤੈਨੂੰ ਦਿਸਦੇ ਨਾ ਸੀ ਕਿ ਇਹ ਸਿੰਘ ਹਨ? ਸਮੁੰਦਰੋਂ ਪਾਰ ਹੋ ਜਾ, ਏਸ ਦੇਸ ਨਾ ਰਹੀਂ। ਫ਼ਰੰਗੀ ਕੇ ਦੇਸ ਜਾਇ ਰਹੋ। ਹੋਰ ਜੋ ਲੋਕ ਥੇ ਦੁਆਲੇ ਕੇ ਪਿੰਡਾਂ ਦੇ

ਓਨ੍ਹਾਂ ਨੇ ਕਹਾ ਜੀ ਏਸ ਦੈਂਤ ਨੇ ਪਸੂ ਅਤੇ ਆਦਮੀਂ ਬੜੇ ਮੁਕਾਏ ਹੈਨ। ਫੇਰ ਓਥੇ ਨਹੀਂ ਕਿਸੇ ਦਾ ਨੁਕਸਾਨ ਹੋਇਆ।

ਮੈਦਾਨ ਮੇਂ ਡੇਰਾ ਜਾਇ ਕੀਤਾ। ਕੋਲ ਗਧਿਆਂ ਵਾਲੇ ਉੱਤਰੇ ਹੋਏ ਸੇ। ਹੁੱਕਾ ਪੀਣੋਂ ਬੰਦ ਨਾ ਹੋਵਣ। ਸ੍ਰੀ ਸਤਿਗੁਰੂ ਜੀ ਜਾਇਕੇ ਕੁੱਟੇ ਅਤੇ ਸੰਗਤ ਮੈ ਆਇ ਗਏ। ਘੁਮਾਰ ਮਸ਼ਾਲ ਬੰਨ੍ਹ ਜਗਾ ਕੇ ਆਇਆ। ਕੈਹਣੇ ਲਗਾ ਜੀ ਤੇਰੇ ਸਿੰਘ ਸਾਨੂੰ ਮਾਰ ਕੇ ਆਏ ਹੈਂ। ਸਤਿਗੁਰੂ ਜੀ ਬਚਨ ਕੀਤਾ ਸਿਆਣ ਲਵੋ, ਕਿਤੇ ਹੋਰ ਨਾ ਹੋਵਣ। ਮੁੜ ਗਿਆ, ਕੋਈ ਪੇਸ਼ ਨਾ ਗਈ।

## ਬਾਬਾ ਜਮੀਤ ਸਿੰਘ ਦੀ ਸ਼ਰਧਾ

ਅਗਲੇ ਦਿਨ ਗਿੱਲੀਂ ਗਏ। ਬਾਬੇ ਜਮੀਤ ਸਿੰਘ ਜੀ 'ਫੁੱਲਾਂ' ਕੇ ਆਗੇ ਮੱਥਾ ਟੇਕਿਆ, ਬੜਾ ਜਗ ਕੀਤਾ। ਬਹਿੰਗਮ ਸਿੰਘਾਂ ਕੋ ਪੁਸ਼ਾਕਾਂ ਦਿੱਤੀਆਂ। ਗਊਆਂ ਦਿੱਤੀਆਂ ਸੱਤ ਅਤੇ ਸੱਤ ਭੋਗ ਪਵਾਏ ਗ੍ਰੰਥ ਸਾਹਿਬ ਕੇ। ਬਾਬੇ ਜਮੀਤ ਸਿੰਘ ਨੇ ਤਿਨ ਥਾਨ ਲਿਆਂਦੇ ਮੱਥਾ ਟੇਕਣ ਕੋ। ਏਕ ਤਾ ਗੁਰੂ ਬਾਲਕ ਸਿੰਘ ਜੀ ਕੇ ਫੁੱਲਾਂ ਵਿੱਚੋਂ ਫੁੱਲ ਲੈਕੇ ਦੇਹੁਰਾ ਬਨਾਣ ਕਾ ਇਰਾਦਾ ਕਰਕੇ ਮੱਥਾ ਟੇਕਿਆ, ਦੂਸਰਾ ਜਿੱਥੇ ਗੁਰੂ ਜੀ ਨੇ ਦਸਤਾਰ ਸਜਾਈ ਸੀ, ਤੀਸਰੀ ਥਾਂ ਜਿੱਥੇ ਬੈਠਕੇ ਪ੍ਰਸ਼ਾਦ ਛਕਿਆ ਹੈ। ਗੁਰੂ ਜੀ ਬਚਨ ਕੀਤਾ ਥੜਿਆਂ ਪਰ ਕੁੱਤੇ ਮੂਤ ਮੈਲਾ ਕਰ ਦੇਂਦੇ ਹੈਨ। ਆਏ ਗਏ ਸਿੰਘ ਕੀ ਚੰਗੀ ਸੇਵਾ ਕਰਨੀ ਚਾਹੀਏ।

ਗੁਰੂ ਯਾਰ੍ਹਵੇਂ ਜੀ ਨੇ ਬਚਨ ਕੀਤਾ ਸੀ ਜਮੀਤ ਸਿੰਘ ਕੋ ਕਿ ਤੁਸੀ ਠਾਕੁਰਾਂ ਕੀ ਮੂਰਤੀ ਪਰ ਭਰੋਸਾ ਕਰੋ ਤਾਂ ਤੁਹਾਡਾ ਭਲਾ ਹੋਵੇਗਾ। ਧੁਹਾਡੇ ਕਈ ਜਨਮਾਂ ਦੇ ਪਾਪ ਕੱਟਣਗੇ। ਜਮੀਤ ਸਿੰਘ ਨੇ ਕਹਿਆ ਸੀ ਜੀ ਅਸੀਂ ਇੱਕੋ ਫ਼ੌਜ ਦੇ ਰਹਿਣ ਵਾਲੇ ਹਾਂ। ਇਕੱਠੇ ਹੀ ਨੌਕਰ ਸੀ। ਜੋ ਬਚਨ ਕਰਦੇ ਸੇ ਸੋ ਪੂਰਾ ਹੋ ਜਾਂਦਾ ਸੀ। ਅੜਬੰਗ ਸਿੰਘ ਨਾਉਂ ਕਰਕੇ ਭੀ ਬੁਲਾਉਂਦੇ ਸੇ। ਸ਼ਰਧਾ ਵਧਾਵਣੇ ਕੇ ਵਾਸਤੇ ਜਮੀਤ ਸਿੰਘ ਕੇ ਮਨ ਮੇਂ ਹੋਈ ਕਿ ਏਕ 'ਫੁੱਲ' ਬਿਚ ਤੇ ਰੱਖ ਲਈਏ। ਦੇਹੁਰਾ ਬਣਾਕੇ ਵਿੱਚ ਗ੍ਰੰਥ ਸਾਹਿਬ ਪ੍ਰਕਾਸ਼ਾਂਗਾ। ਗੁਰੂ ਅੰਤਰਯਾਮੀ ਜੀ ਨੇ ਬਚਨ ਕੀਤਾ ਜਮੀਤ ਸਿੰਘ ਵਿੱਚੋਂ 'ਫੁੱਲ' ਨਾ ਕੱਢ ਲਈਂ। ਜਮੀਤ ਸਿੰਘ ਨੇ ਦੋ ਫੁੱਲ ਵਿੱਚੋਂ ਰੱਖ ਲਏ। ਰਾਤ ਕੋ ਕੱਢੇ। ਦਿਨ ਚੜੇ ਅੰਤਰਯਾਮੀ ਗੁਰੂ ਜੀ ਬਚਨ ਕੀਤਾ ਜਮੀਤ ਸਿੰਘ ਤੈਨੇ ਵਿੱਚੋਂ ਦੋ ਫੁੱਲ ਤਾ ਨਹੀਂ ਕੱਢੇ? ਕਹਾ ਕਿ ਨਹੀਂ ਜੀ। ਸ੍ਰੀ ਸਰਬ ਘਟਾਂ ਕੇ ਜਾਨਣ ਵਾਲਿਆਂ ਨੇ ਬਚਨ ਕੀਤਾ ਤੇਰੀ ਮਨਸ਼ਾ ਸੀ ਕਿ ਗੁਰੂ ਬਾਲਕ ਸਿੰਘ ਜੀ ਕੇ ਨਾਮ ਦੇਹੁਰਾ ਪਵਾਊਂਗਾ। ਦੇਹੁਰਾ ਬਣਾਕੇ ਵਿੱਚ ਗ੍ਰੰਥ ਸਾਹਿਬ ਪ੍ਰਕਾਸ਼ਾਂਗਾ। ਜਾਂ ਏਹ ਬੋਲਾ ਅੰਤਰਯਾਮੀ ਜੀ ਸੇ ਸੁਣਿਆ ਤਾ ਭੈ ਆਇਆ ਤੇ ਸਮਝਿਆ ਜੋ ਠੀਕ ਠਾਕੁਰ ਜੀ ਅੰਤਰਯਾਮੀ ਹੈਨ। ਮੈਂ ਕਿਓਂ ਮੁਕਰਦਾ ਹਾਂ। ਹਾਥ ਜੋੜਕੇ ਕਹਿਣ ਲਗਾ ਸੱਚੇ ਪਾਤਸ਼ਾਹ ਜੀ ਮੈਨੇ ਦੋ 'ਫੁਲ' ਕੱਢੇ ਹੈਨ। ਸਤਿਗੁਰੂ ਜੀ ਬਚਨ ਕੀਤਾ ਪਰ ਤੂੰ ਜੋ ਮੁਕਰਦਾ ਸੀ ਸੋ ਤੈਨੂੰ ਮੁਕਰਨ ਨਾ ਸੀ ਦੇਂਦੇ। ਉਸੇ ਦਿਨ ਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਤੇ ਪੂਰਾ ਭਰੋਸਾ ਹੋ ਗਿਆ ਜਮੀਤ ਸਿੰਘ ਕਾ ਕਿ ਠੀਕ ਮੇਰਾ ਭਲਾ ਕਰਨਗੇ। ਗੁਰੂ ਯਾਰ੍ਹਵੇਂ ਜੀ ਕੇ ਬਚਨ ਪੂਰੇ ਹੋਏ ਹੈਂ।

ਹੋਰ ਬਚਨ ਗੁਰੂ ਬਾਲਕ ਸਿੰਘ ਜੀ ਕਾ ਜਮੀਤ ਸਿੰਘ ਕੋ ਸੀ ਕਿ ਚੱਕੀ ਨਾਲ ਆਪ

ਪੀਹਕੇ ਸੰਗਤ ਨੂੰ ਛਕਾਵੇਂਗਾ ਤਾਂ ਤੈਨੂੰ ਲਾਭ ਹੋਵੇਗਾ। ਬਾਬਾ ਜਮੀਤ ਸਿੰਘ ਜੀ ਚੱਕੀ ਨਾਲ ਪੀਹ ਕੇ ਆਪ ਛਕਾਉਂਦਾ ਸੀ ਆਈ ਸੰਗਤ ਕੋ। ਗੁਰੂ ਬਾਰ੍ਹਵੇਂ ਜੀ ਬਚਨ ਕੀਤਾ ਹੁਣ ਚੱਕੀ ਨਾਲ ਨਾ ਪੀਹਿਆ ਕਰੋ, ਖਰਾਸ ਲਾਇ ਲਵੋ। ਬਹੁਤ ਖਰਚ ਹੋਊਗਾ। ਨਾਲੇ ਬਾਬੇ ਜਮੀਤ ਸਿੰਘ ਕੋ ਕਾਮ ਕਾ ਫੁਰਨਾ ਬਹੁਤ ਫੁਰੇਦਾ ਸੀ। ਗੁਰੂ ਅੰਤਰਯਾਮੀ ਜੀ ਉਸਕੇ ਸਰੀਰ ਪਰ ਹੱਥ ਲਾਇਕੇ ਬਚਨ ਕੀਤਾ ਧੁਆਨੂੰ ਕਾਨੂੰ ਫੁਰਨਾ ਕਾਮ ਦਾ ਹੋਣਾ ਹੈ। ਉਸੀ ਦਿਨ ਤੇ ਸ਼ਾਂਤ ਆਇ ਗਈ ਅਤੇ ਬ੍ਰਹਮਚਰਜ ਧਾਰਨ ਕੀਤਾ। ਜਮੀਤ ਸਿੰਘ ਕਾ ਨਿਸਚਾ ਠੀਕ ਹੋਇਆ ਜੋ ਏਹ ਪੂਰਨ ਪੁਰਖ ਅਬਿਨਾਸ਼ੀ ਹੈਂ। ਘਟ ਘਟ ਕੇ ਵਾਸੀ ਠਾਕੁਰ ਸਰਬ ਘਟਾਂ ਕੇ ਜਾਨਣ ਵਾਲੇ ਹੈਂ। ਅੱਗੇ ਤਾ ਮੈਂ ਗੁਰਭਾਈ ਜਾਣਦਾ ਸੀ, ਉਸ ਦਿਨ ਤੇ ਜਾਣਿਆ ਜੋ ਪੂਰਨ ਗੁਰੂ ਅਵਤਾਰ ਹੈਂ, ਬਾਰ੍ਹਵੀ ਪਾਤਸ਼ਾਹੀ ਹੈਂ। ਗੁਰੂ ਬਾਲਕ ਸਿੰਘ ਜੀ ਕਾ ਬਚਨ ਪੂਰਾ ਹੋਇਆ ਹੈ। ਮੇਰਾ ਨਿਸਚਾ ਨਾ ਸੀ, ਹੁਣ ਨਿਸਚਾ ਹੋਇਆ ਹੈ। ਏ ਹੀ ਠਾਕੁਰ ਬਾਰ੍ਹਵੇਂ ਪਾਤਸ਼ਾਹ ਅੰਤਰਯਾਮੀ ਹੈਨ। ਜੋ ਦਵੈਤ ਬੁਧ ਸੀ ਸੋ ਦੂਰ ਹੋਈ। ਤਤਕਾਲ ਕਛਹਿਰੇ ਭੀ ਪਾਇ ਲਏ।

ਫੇਰ ਬਾਬੇ ਜਮੀਤ ਸਿੰਘ ਜੀ ਬਚਨ ਕੀਤਾ ਭੁਲੀਏ ਸੰਗਤ ਗੁਰੂ ਲੱਭਾ ਹੈ। ਏਹੀ ਕਲਕੀ ਅਵਤਾਰ ਗੁਰੂ ਹੈ ਬਾਰ੍ਹਵਾਂ ਗੁਰੂ ਜਿਸਦਾ ਜੱਸ ਵੇਦ ਪੁਰਾਨ ਗਾਇ ਰਹੇ ਹੈਂ। ਏਹੀ ਠਾਕੁਰ ਅਬਿਨਾਸ਼ੀ ਹਨ। ਅੱਗੇ ਮੈਂ ਗੁਰਭਾਈ ਜਾਣਦਾ ਸੀ, ਹੁਣ ਗੁਰੂ ਜਾਣਿਆ ਹੈ। ਸਤਿਗੁਰੂ ਜੀ ਬੋਲਾ ਕੀਤਾ ਕਿ ਮਾਰਿਆ ਹੈ ਵੱਡਾ ਸਿਰ ਕੋਪ। ਸਿੰਘਾਂ ਪੁੱਛਿਆ ਜੀ ਕੇਹੜਾ ਵੱਡਾ ਸਿਰ ਕੋਪ? ਬਚਨ ਕੀਤਾ ਜਮੀਤ ਸਿੰਘ ਮੈਨੂੰ ਗੁਰੂ ਭਾਈ ਜਾਣਦਾ ਸੀ, ਅੱਜ ਗੁਰੂ ਰੂਪ ਜਾਣਿਆ ਹੈ। ਏਹੀ ਸਿਰ ਕੋਪ ਹੈ।

## ਸਤਿਗੁਰਾਂ ਨੂੰ ਦਸਤਾਰ ਭੇਟ

ਗਿੱਲੀਂ ਜੇਹੜੀ ਸੰਗਤ ਸੀ ਉਸਨੇ ਸਤਿਗੁਰਾਂ ਨੂੰ ਦਸਤਾਰ ਦਿੱਤੀ ਕਿ ਗੁਰੂ ਬਾਲਕ ਸਿੰਘ ਜੀ ਦਾ ਸਰੀਰ ਹੁਣ ਮਾਤਲੋਕ ਵਿੱਚ ਨਹੀਂ ਹੈ, ਹੁਣ ਆਪ ਨੂੰ ਏਹ ਦਸਤਾਰ ਭੇਟਾ ਹੈ। ਨਾਲ ਅੰਮ੍ਰਿਤ ਬਣਾਇਆ ਸੋਧ ਕੇ ਵਾਸਤੇ। ਸਿੰਘਾਂ ਕੋ ਅੰਮ੍ਰਿਤ ਛਕਾਉਣਾ ਸ਼ੁਰੂ ਕੀਤਾ। ਸ੍ਰੀ ਸਤਿਗੁਰੂ ਜੀ ਹੁਕਮ ਏਹ ਸੁਣਾਇਆ ਜੋ ਮੰਦਾ ਕਰਮ ਕਰਨ ਵਾਲਾ ਹੈ ਭਾਵੇਂ ਸਿੰਘ ਹੋਏ ਭਾਵੇਂ ਸਿੰਘਣੀ ਹੋਏ ਸੋ ਮੈਨੂੰ ਮੂਲ ਨਹੀਂ ਭਾਂਵਦਾ। ਜੋ ਅਗਲੇ ਮਾੜੇ ਕਰਮ ਹੈਨ ਸੋ ਸਾਰੇ ਬਖਸ਼ੇ ਹੈਂ। ਅੱਗੇ ਜੋ ਮਾੜਾ ਕਰਮ ਨਾ ਕਰੇ ਸੋ ਸਾਨੂੰ ਅੱਛਾ ਲਗਦਾ ਹੈ ਤੇ ਜੇੜ੍ਹੇ ਸਾਡੇ ਹਟਾਏ ਨਾ ਹਟਣ ਮਾੜੇ ਕਰਮਾਂ ਤੇ ਸੋ ਮਹਾਂ ਨਰਕ ਚੁਰਾਸੀ ਗੇੜਾ। ਸੋ ਹੁਣ ਸਮਾਂ ਹੈ ਭਾਵੇਂ ਸਿੰਘ ਹੋਵੇ ਭਾਵੇਂ ਸਿੰਘਣੀ ਹੋਵੇ, ਜੋ ਰਹਿਤ ਰੱਖਣ ਵਾਲੇ ਹੈਨ ਸੋ ਸਭ ਬੈਕੁੰਠੇ ਕੋ ਜਾਣਗੇ। ਧਰਮ ਕੀ ਅਦਾਲਤ ਹੋਊਗੀ। ਸਤਿਗੁਰੂ ਜੀ ਬਚਨ ਕੀਤਾ ਵੱਡਾ ਪਾਪ ਗਊ ਬੱਧ ਕਾ ਹੈ, ਸੋ ਅਸੀਂ ਬੰਦ ਕਰਾਂਗੇ। ਸਾਰੀ ਧਰਤੀ ਪਰ ਧਰਮ ਚੱਲੇਗਾ। ਰਾਜਾ ਪਰਜਾ ਸਭ ਧਰਮ ਕਮਾਵਣਗੇ, ਝੂਠਿਆਂ ਕੋ ਮਾਰਨਗੇ।

## ਹਜ਼ਰੋਂ ਦੀ ਸੰਗਤ ਅੰਮ੍ਰਿਤਸਰ ਨੂੰ

ਗਿੱਲਾਂ ਥੀਂ ਫੁੱਲ ਵਿਦਾ ਕੀਤੇ। ਗੁਰੂ ਜੀ ਬਚਨ ਕੀਤਾ ਸ੍ਰੀ ਅੰਮ੍ਰਿਤਸਰ ਕੋ ਚਲਦੇ ਹਾਂ

ਨਾਲ। ਮੰਨਾਂ ਸਿੰਘ ਨੇ ਕਹਾ ਕਿ ਆਪ ਰਹੋ ਅਸੀਂ ਜਾਨੇ ਹਾਂ। ਅੰਮ੍ਰਿਤਸਰ ਤੋੜੀ ਸਿੰਘ ਨਾਲ ਦਿੱਤੇ ਗੁਰੂ ਜੀ ਨਾਲੇ ਚਿੱਠੀ ਲਿਖ ਦਿੱਤੀ ਮਈਏ ਖੱਤਰੀ ਨੂੰ ਜੋ ਗੁਰੂ ਕੇ ਬਜ਼ਾਰ ਰੈਂਹਦਾ ਸੀ, ਉਸਕੋ ਨਾਲ ਲੈ ਲੈਣਾ। ਬਾਰ੍ਹਵੇਂ ਗੁਰੂ ਜੀ ਕੇ ਚਰਨਾਂ ਪਰ ਸੀਸ ਟਿਕਾਕੇ ਸੰਗਤ ਖੁਸ਼ੀਆਂ ਲੈਕੇ ਤੁਰੀ। ਹਜ਼ਰੋਂ ਵਾਲੀ ਬੇਬੇ ਦਾਤੋ ਗੁਰੂ ਬਾਲਕ ਸਿੰਘ ਜੀ ਕੀ ਭੈਣ ਸੀ, ਉਹ ਭੀ ਨਾਲ ਸੀ। ਗੁਰੂ ਜੀ ਕਾ ਵਿਸਾਹ ਨਾ ਸੀ ਕਰਦੀ, ਹਰ ਵਕਤ ਹਾਜ਼ਰ ਰੈਂਹਦੀ ਸੀ। ਹਜ਼ਰੋਂ ਸਾਹਿਬ ਵਾਲੀ ਸੰਗਤ ਅੰਮ੍ਰਿਤਸਰ ਆਈ, ਸਰਾਏ ਮੈ ਉਤਰੇ।

ਗੁਲਾਬ ਸਿੰਘ ਅਰੂੜ ਸਿੰਘ ਪੁਛਦੇ ਪੁਛਾਂਦੇ ਮਈਏ ਖਤਰੀ ਪਾਸ ਆਏ। ਫੂੱਲ ਪਾਲਕੀ ਵਿੱਚ ਧਰਕੇ ਅੱਗੇ ਡਫਾਂ ਬਜਾਈਆਂ, ਬਜ਼ਾਰ ਵਿੱਚੋਂ ਦੀ ਦਰਬਾਰ ਸਾਹਿਬ ਆਏ। ਉਪਰ ਦੀ ਪੁਸ਼ਪਾਂ ਦੀ ਬਾਰਸ਼ ਕਰਦੇ ਆਏ। ਕੁਝ ਪੈਸੇ ਵੀ ਸੁੱਟੇ ਨਾਲੇ ਚੌਰ ਕਰਦੇ ਆਏ। ਹਜ਼ਰੋਂ ਵਾਲੀ ਸੰਗਤ ਨੇ ਤੀਨ ਪ੍ਰਦੱਖਨਾਂ ਕੀਤੀਆਂ। ਫੁੱਲਾਂ ਕੋ ਹਰ ਕੀਆਂ ਪੌੜੀਆਂ ਮੈਂ ਇਸ਼ਨਾਨ ਕਰਾਇਆ ਨਾਲੇ ਕੜਾਹ ਪ੍ਰਸ਼ਾਦਿ ਚੜ੍ਹਾਇਆ ਅਤੇ ਅਰਦਾਸ ਕਰਾਈ। ਸੀਸ ਝੁਕਾਇਕੇ ਫਤ੍ਹੇ ਬੁਲਾਈ। ਸ਼ਬਦ ਪੜ੍ਹਦੇ ਬੁੰਗੇ ਆਏ। ਭੇਟਾ ਧਰੀ, ਅਰਦਾਸ ਕਰਵਾਈ, ਫੇਰ ਸ਼ਬਦ ਪੜ੍ਹਦੇ ਬਾਬੇ ਅਟਲ ਜੀ ਆਏ। ਅਰਦਾਸ ਕਰਾਕੇ ਨਾਲੇ ਝੰਡੇ ਬੁੰਗੇ ਅਰਦਾਸਾ ਕਰਾਇਆ ਅਤੇ ਭੇਟਾ ਧਰੀ। ਬੜੀ ਸੇਵਾ ਟਹਿਲ ਕੀਤੀ ਸੰਗਤ ਦੀ। ਅਗਲੇ ਦਿਨ ਅੰਮ੍ਰਿਤ ਵੇਲੇ ਸ਼ਬਦ ਪੜਦੇ ਅਤੇ ਫਤ੍ਹੇ ਬੁਲਾਉਂਦੇ ਤੁਰੇ ਗੰਗਾ ਨੂੰ।

## ਪਸਰੂਰ ਵਿੱਚ ਲੜਾਈ

ਸਤਿਗੁਰੂ ਜੀ ਤੇ ਸੰਗਤ ਪਸਰੂਰ ਦੇ ਵਿੱਚੋਂ ਦੀ ਚੱਲੇ।ਰਿਖੀ ਸਿੰਘ ਨੇ ਏਕ ਬਾਣੀਏ ਦੇ ਹੁੱਕੇ ਦੀ ਚਿਲਮ ਤੋੜ ਦਿੱਤੀ। ਬਾਣੀਏ ਰਿਖੀ ਸਿੰਘ ਕੋ ਮਾਰਨੇ ਕੋ ਆਏ। ਰਿਖੀ ਸਿੰਘ ਨੱਸ ਚਲਿਆ, ਮਗਰ ਬਾਣੀਏ ਨੱਸੇ। ਸਿੰਘਾਂ ਨੇ ਦਬਕਾ ਕੇ ਸ਼ਹਿਰ ਮੇਂ ਵਾੜੇ ਮੋੜਕੇ। ਆਗੇ ਜਾਇਕੇ ਡੇਰਾ ਕੀਤਾ। ਪ੍ਰਸ਼ਾਦ ਸਜਾਉਣ ਲੱਗ ਪਏ। ਪਸਰੂਰ ਵਾਲਿਆਂ ਨੇ ਚੈਨਾਂ ਵਾਲਿਆਂ ਨੂੰ ਕਿਹਾ ਕਿ ਸਾਨੂੰ ਏਹ ਮਾਰਕੁਟ ਕੇ ਆਏ ਹੈਨ। ਏਨ੍ਹਾਂ ਨੂੰ ਏਥੋਂ ਉਠਾਏ ਦੇਵੋਂ ਨਹੀਂ ਤਾ ਏਹ ਤੁਹਾਨੂੰ ਭੀ ਮਾਰਨਗੇ। ਜ਼ਿਮੀਦਾਰਾਂ ਨੇ ਸਿੰਘਾਂ ਕੋ ਆਇਕੇ ਪੁੱਛਿਆ ਕਿ ਤੁਸੀਂ ਕੌਣ ਹੋ? ਜੋਗਾ ਸਿੰਘ ਨੇ ਕਹਿਆ ਸਤਿਗੁਰੂ ਜੀ ਹੈਨ, ਨਾਲ ਸਿੰਘ ਹੈਨ। ਜੱਟ ਨੇ ਪੱਗ ਲਾਹਕੇ ਜੋਗਾ ਸਿੰਘ ਦੀ ਲੱਤ ਨੂੰ ਪਾਇਕੇ ਗੰਢ ਦੇ ਲਈ ਨਾਲੇ ਆਪ ਕੀ ਲੱਤ ਕੋ ਗੰਢ ਦੇ ਲਈ। ਜੋਗਾ ਸਿੰਘ ਨੇ ਪੁੱਛਿਆ ਕਿ ਕਿਧਰ ਨੂੰ ਲੈ ਚਲਿਆ ਹੈ? ਕਹਿਣੇ ਲਗਾ ਖੂਹ ਮੇਂ ਛਾਲ ਮਾਰਦੇ ਹਾਂ, ਜੋ ਗੁਰੂ ਜੀ ਹੋਣਗੇ ਤਾਂ ਰੱਖ ਲੈਣਗੇ।ਜਾਂ ਉਸਨੇ ਖਿਚਿਆ ਤਾ ਰਿਖੀ ਸਿੰਘ ਕੋਲ ਪਿਪਲ ਨਾਲ ਬੱਧਾ ਹੋਇਆ ਸੰਗਲ ਜਿਓਂ ਝਟਕਾ ਮਾਰਿਆ, ਉਹ ਸੰਗਲ ਤੋੜਕੇ ਉਸੀ ਸੰਗਲ ਨਾਲ ਜ਼ਿਮੀਦਾਰ ਕੋ ਕੁੱਟਣ ਲੱਗ ਪਿਆ। ਸਿਰ ਵਿੱਚ ਸੰਗਲ ਮਾਰੇ। ਹੋਰ ਲੋਕ ਬੀ ਆਇ ਗਏ। ਲੜਾਈ ਮਚ ਪਈ। ਕੋਲ ਕੋਠਿਆਂ ਪਰ ਮੰਜੇ ਲਟਕਾਏ ਹੋਏ ਸੇ। ਸਿੰਘਾਂ ਨੇ ਮੰਜੇ ਤੋੜਕੇ ਸੇਰਵੇ ਲੈ ਲਏ ਤੇ ਮਾਰਨੇ ਲਗੇ। ਵਿੱਚੇ ਸਿੰਘਣੀਆਂ ਭੀ ਮਾਰਨ, ਲੋਕਾਂ ਕੁਸੰਗੀਆਂ ਕੋ। ਸ੍ਰੀ ਸਤਿਗੁਰੂ ਜੀ ਭੀ ਆਇ ਗਏ ਅਤੇ ਬਚਨ ਕੀਤਾ ਜਾਣੇ ਨਾ ਪਾਵਣ। ਬਹੁਤ ਮਾਰ ਪਈ। ਡਰਦੇ ਮਾਰੇ ਲੋਕ ਪਾਸ ਟੋਬਾ ਸੀ ਉਸ ਮੈ

ਜਾਇ ਵੜੇ। ਕਈ ਪਾਣੀ ਮੈ ਚੁੱਬੇ ਮਾਰਨ। ਜਦੋਂ ਸਿਰ ਕੱਢਣ ਸਿਰ ਮੈ ਫੜਾਕਾ ਪਏ। ਬਾਈਆਂ ਸਰੀਰਾਂ ਕੋ ਮੰਜਿਆਂ ਪਰ ਪਾਇਕੇ ਲੈ ਗਏ ਥਾਣੇ ਨੂੰ।

ਥਾਣੇਦਾਰ ਨੇ ਆਕੇ ਪੁੱਛਿਆ। ਗੁਰੂ ਜੀ ਬਚਨ ਕੀਤਾ ਸਿੰਘ ਪ੍ਰਸ਼ਾਦ ਬਣਾਂਵਦੇ ਸੇ। ਪਿੱਛੋਂ ਜੱਟਾਂ ਨੇ ਆਕੇ ਛੇੜਖਾਨੀ ਕੀਤੀ ਹੈ। ਸਿੰਘ ਕਹਿ ਰਹੇ ਕਿ ਪ੍ਰਸ਼ਾਦਾ ਛਕ ਕੇ ਚਲੇ ਜਾਂਦੇ ਹਾਂ। ਏਕ ਸਿੰਘ ਕੀ ਲੱਤ ਕੋ ਪੱਗ ਪਾ ਕੇ ਖਿਚਣੇਂ ਲੱਗਾ ਜੱਟ। ਮੱਲੋ ਮੱਲੀ ਗਲ਼ ਆ ਪਏ ਜੱਟ ਸਾਡੇ। ਥਾਣੇਦਾਰ ਨੇ ਕਹਿਆ ਜੀ ਮੇਰੇ ਕੁਝ ਅਖ਼ਤਿਆਰ ਨਹੀਂ ਹੈ, ਮੈਂ ਤਾਂ ਚਲਾਣ ਕਰ ਦੇਣਾ ਹੈ। ਜ਼ਿਲੇ ਮੇਂ ਭੇਜ ਦੇਊਂਗਾ। ਜੋਗਾ ਸਿੰਘ ਨਾਲ ਭੇਜਿਆ।

ਜਾਂ ਦੋ ਕੋਸ ਪਰ ਗਏ ਤਾ ਜੋਗਾ ਸਿੰਘ ਨੇ ਥਾਣੇਦਾਰ ਨੂੰ ਕਹਾ ਕਿ ਗ਼ਰੀਬ ਆਦਮੀ ਮਰ ਜਾਣਗੇ। ਥਾਣੇਦਾਰ ਨੇ ਕਹਾ ਕਿ ਮੋੜ ਲੈ ਜੇ ਮੁੜਦੇ ਹੈਨ, ਮੈਂ ਕੀ ਕੈਹਨਾ ਹਾਂ? ਜੋਗਾ ਸਿੰਘ ਨੇ ਕਹਿਆ ਕਿਓਂ ਮਰਦੇ ਹੋ, ਗ਼ਰੀਬ ਹੋ। ਚੱਲੋ ਤੁਹਾਨੂੰ ਘਿਓ ਵਾਸਤੇ ਗਫ਼ਾ ਦਵਾ ਦੇਂਦਾ ਹਾਂ। ਉਨ੍ਹਾਂ ਮੰਨਜੂਰ ਕਰ ਲਿਆ। ਮੁੜ ਆਏ। ਥਾਣੇਦਾਰ ਨਾਲ ਹੀ ਮੁੜ ਆਇਆ। ਦੂਰੋਂ ਦੇਖਕੇ ਸ੍ਰੀ ਸਤਿਗੁਰੂ ਜੀ ਬਚਨ ਕੀਤਾ ਮੁੜੇ ਆਉਂਦੇ ਹੈਂ। ਬਾਰ੍ਹਾਂ ਰੁਪਏ ਤੇ ਪੱਚੀ ਸੇਰ ਘਿਓ ਦੁਆਇਆ ਜੇੜੇ ਆਦਮੀ ਮੰਜਿਆਂ ਪਰ ਪਾਏ ਹੋਏ ਸੀ। ਲੱਤਾਂ ਬਾਹਾਂ ਟੁੱਟੀਆਂ ਛੁੱਟੀਆਂ ਪਈਆਂ ਸੀ। ਸੁਲ੍ਹਾ ਕਰਾਇਕੇ ਥਾਣੇਦਾਰ ਚਲਿਆ ਗਿਆ। ਕੁਲ ਜਗ ਪਰ ਖ਼ਬਰ ਹੋ ਗਈ ਕਿ ਬਾਰ੍ਹਵਾਂ ਜਾਮਾ ਪ੍ਰਗਟ ਹੋਇਆ, ਸੂਰਜ ਮਾਨਿੰਦ ਤੇਜ ਹੋ ਗਿਆ ਹੈ। ਪਾਪੀਆਂ ਲੋਕਾਂ ਕੋ ਸੇਕ ਪਹੁੰਚਦਾ ਹੈ।

## ਰਿਖੀ ਸਿੰਘ

ਰਿਖੀ ਸਿੰਘ ਐਸੀ ਫ਼ੁਰਤੀ ਕਰਦਾ ਸੀ, ਬਾਜ ਵਾਂਗੂੰ ਝਪਟ ਮਾਰਕੇ ਝਟ ਪਟ ਪਗੜੀ ਉਤਾਰ ਕੇ ਚੀਰ ਫਾੜ ਦੇਣੀ। ਟੋਪੀ ਤੇ ਲਾਲ ਪਗੜੀ ਜਿਤਨਿਆਂ ਕੇ ਸਿਰ ਪਰ ਹੋਵਣ ਸੋ ਸਭ ਲਾਹ ਕੇ ਚੀਰ ਫਾੜ ਦੇਣੀਆਂ। ਜੇ ਕੋਈ ਹੁੱਕੇ ਵਾਲਾ ਸਾਮ੍ਹਣੇ ਦਿਸੇ ਤਾਂ ਫ਼ੌਰਨ ਭੰਨ ਤੋੜ ਦੇਣਾ। ਅਗਲੇ ਨੇ ਝਾਕਦੇ ਹੀ ਰਹਿ ਜਾਣਾ। ਜੇ ਕੁਝ ਬੋਲੇ ਤਾਂ ਫੜਕੇ ਕੁੱਟਣਾ। ਖਾਲਸੇ ਪੰਥ ਤੋਂ ਸਭ ਦੁਨੀਆ ਭੈ ਕਰਨੇ ਲਗੀ। ਖ਼ਬਰ ਸੁਣਕੇ ਅੰਗ੍ਰੇਜ਼ ਭੀ ਭੈਮਾਨ ਹੋਏ ਕਿ ਐਸਾ ਏਕਾ ਹੋਰ ਕਿਸੇ ਕਾ ਨਹੀਂ ਜੈਸਾ ਏਸ ਨਵੇਂ ਪੰਥ ਦਾ ਹੋਇਆ ਹੈ। ਸਾਡੇ ਪਰ ਨਾ ਹਮਲਾ ਕਰਨ। ਸਭ ਦੇ ਮਨ ਮੈ ਸੰਸਾ ਪੈਦਾ ਹੋਇਆ।

## ਜੋ ਭਜਨ ਪੁਛਦਾ ਹੈ

ਬਹੁਤ ਲੋਕ ਅੰਮ੍ਰਿਤ ਛਕਕੇ ਸਿੰਘ ਤਿਆਰ-ਬਰ-ਤਿਆਰ ਹੋਏ। ਨਾਲੇ ਲੋਕ ਇਹ ਸੋਚਣ ਕਿ ਖ਼ਬਰੇ ਕੀ ਮੰਤਰ ਦਸਦੇ ਹੈਨ ਜੋ ਭਜਨ ਪੁੱਛਦਾ ਹੈ ਸੋ ਓਹਨਾਂ ਜੈਸਾ ਹੀ ਹੋ ਜਾਂਦਾ ਹੈ। ਚੰਗਾ ਭਲਾ ਜਾ ਕੇ ਖੇਡਣ ਲੱਗ ਪੈਂਦਾ ਹੈ। ਪਗੜੀ ਕਿਧਰੇ ਜਾਇ ਪੈਂਦੀ ਹੈ, ਮਿੱਟੀ ਮੇਂ ਕੇਸ ਰੁਲਦੇ ਹੈਨ। ਦੇਖੋ ਕੈਸਾ ਪੰਥ ਜਾਰੀ ਹੋਇਆ ਹੈ। ਏਸ ਪੰਥ ਦਾ ਨਵਾਂ ਹੀ ਚਾਲ ਚਲਣ ਹੈ। ਸ਼ਕਲਾਂ ਇਕੋ ਜੈਸੀਆਂ ਚਿੱਟੇ ਕਪੜੇ ਦੂਰੋਂ ਸੋਂਹਦੇ ਹੈਨ ਹੰਸਾਂ ਵਾਂਗੂੰ। ਗੁਰੂ ਜੀ ਕੀ ਮੂਰਤ ਲੰਬੀ ਅਰ ਪਤਲੀ ਸਰੂ ਵਾਂਗ ਸੋਂਹਦੀ ਹੈ। ਦਰਸ਼ਨ ਕਰਕੇ ਧੀਰਜ ਆਇ ਜਾਂਦੀ ਹੈ। ਬੜਾ ਸੁੰਦਰ ਸਰੀਰ

ਲੰਬੀ ਗਰਦਨ। ਦਰਸ਼ਨ ਕਰਕੇ ਦੁਖ ਦਲਿਦ੍ਰ ਦੂਰ ਹੋ ਜਾਂਦੇ ਹੈਨ।

ਲੋਕਾਂ ਨੂੰ ਇਹ ਭਰਮ ਪੈ ਗਿਆ ਕਿ ਜਿਸਨੇ ਭਜਨ ਲੈ ਲਿਆ ਸੋ ਸਾਡੇ ਕੰਮੋਂ ਗਿਆ। ਖ਼ਵਰੇ ਕੀ ਪਾਣ ਚਾੜ੍ਹ ਦੇਂਦੇ ਹੈਨ। ਮਸਤ ਹੋ ਕੇ ਖੇਡਣ ਲੱਗ ਪੈਂਦਾ ਹੈ। ਨਾਲੇ ਮਾਰ ਕੁਟ ਭੀ ਕਰਦੇ ਹੈਨ। ਬੜਾ ਬਲੀ ਗੁਰੂ ਪੈਦਾ ਹੋਇਆ ਹੈ। ਜਿੰਨ੍ਹਾ ਕੇ ਪੂਰਨ ਭਾਗ ਹੋਣ ਸੋ ਉਨ੍ਹਾਂ ਕੋ ਪ੍ਰੇਰਨਾ ਹੁੰਦੀ ਹੈ। ਦੇਖਣਾ ਚਾਹੀਏ, ਕੀ ਸੁਣਾਉਂਦੇ ਹੈਨ, ਸ਼ਬਦ ਹੈ ਕਿ ਕੋਈ ਮੰਤਰ ਹੈ। ਏਹ ਦਲੀਲਾਂ ਕਰਦਾ ਜੋ ਆਇਕੇ ਦਰਸ਼ਨ ਕਰਦਾ ਹੈ ਤਾਂ ਪਿਛਲੀਆਂ ਦਲੀਲਾਂ ਸਭ ਦੂਰ ਹੋ ਜਾਂਦੀਆਂ ਹੈਨ। ਪਰਮੇਸਰ ਯਾਦ ਆਇ ਜਾਂਦਾ ਹੈ। ਸਭ ਸੰਸੇ ਨਵਿਰਤ ਹੋ ਜਾਂਦੇ ਹੈਨ। ਭਜਨ ਮੰਗਣਾ ਤਾਂ ਕੈਹਣਾ ਇਸ਼ਨਾਨ ਕਰਕੇ ਆਓ। ਫੇਰ ਭਜਨ ਦੇਣਾ। ਕੈਹਣਾ ਦੱਸੀਂ ਨਾ ਕਿਸੇ ਨੂੰ। ਸਭ ਸੁੱਧ ਬੁੱਧ ਭੁੱਲ ਜਾਂਦੀ ਹੈ। ਜੋ ਹੋਰ ਲੋਕਾਂ ਪਾਸ ਗੱਲਾਂ ਬਾਤਾਂ ਕਰਦਾ ਹੁੰਦਾ ਸੀ, ਉਸਨੂੰ ਲੋਕਾਂ ਨੇ ਕੈਹਣਾ ਦੱਸ ਬਈ, ਉਸ ਚੁਪ ਕਰ ਰੈਹਣਾ। ਸਗੋਂ ਲੋਕਾਂ ਕੋ ਝਾੜਨਾ । ਮਤ ਜੁ ਪਲਟ ਆਉਂਦੀ ਹੈ। ਭਜਨ ਕੇ ਪ੍ਰਤਾਪ ਸੇ ਮੁਖ ਉੱਜਲ ਹੋਇ ਆਉਂਦਾ ਹੈ। ਏਹ ਜੋ ਨਾਮ ਹੈ ਦਰਗਾਹ ਕੇ ਜਾਣ ਦਾ ਟਿਕਟ ਹੈ। ਜਿਸ ਕੰਨ ਮੈ ਸੁਣਿਆ ਹੈ ਤਿਸੀ ਕੀ ਚੁਰਾਸੀ ਕੀ ਫਾਸੀ ਕੱਟੀ ਗਈ। ਬਾਰ੍ਹਵੇਂ ਗੁਰੂ ਜੀ ਆਪ ਬਚਨ ਕੀਤਾ ਜਿੰਨ੍ਹਾਂ ਨੇ ਕੰਨ ਮੈ ਭਜਨ ਸੁਣਿਆਂ ਹੈ ਓਨ੍ਹਾਂ ਕੀ ਚੁਰਾਸੀ ਕੱਟੀ ਗਈ। ਜਦ ਮਿਲੇਗਾ ਤਾਂ ਮਨੁੱਖਾ ਸਰੀਰ ਹੀ ਮਿਲੇਗਾ। ਜੋ ਭਜਨ ਸੁਣ ਆਵੇ ਸੋ ਜੇ ਅਗਲੇ ਪੁੱਛਣ ਨਾ ਦੱਸੇ। ਕਿਓਂਕਿ ਬੰਦ ਕੀਤਾ ਜਾਂਦਾ ਹੈ ਕਿ ਕਿਸੇ ਕੋ ਦੱਸੀਂ ਨਾ ਅਤੇ ਚੁਪ ਚਾਪ ਹੀ ਜਪੀ ਜਾਈਂ ਰਸਨਾ ਨਾਲ। ਜਿੰਨਾਂ ਕੇ ਮਸਤੱਕ ਮੈ ਲਿਖਿਆ ਹੈ ਅਤੇ ਪੂਰਬ ਦਾ ਕਰਮ ਜਾਗਿਆ ਹੈ ਸੋਈ ਸੋਈ ਆਇਕੇ ਭਜਨ ਲੈਣੇ ਲਗੇ। ਜੈਸੇ ਫੂਲ ਪਰ ਭੰਵਰਾ ਆਉਂਦਾ ਹੈ ਤੈਸੇ ਸਿੰਘ ਸਜਣ ਕੋ ਆਉਂਦੇ ਹੈਂ।

ਰਸਤੇ ਮੇਂ ਇਕ ਮੁਸਲਮਾਨ ਆਇਆ। ਉਸਨੇ ਸਿਰ ਨੀਵਾਂ ਕਰਕੇ ਮੱਥਾ ਟੇਕਿਆ ਤੇ ਮੂੰਹ ਚੋਂ ਏਹ ਬੋਲਾ ਕਰੇ ਧੰਨ ਹੈ ਤੇਰੀ ਕੁਦਰਤ। ਠਰੂ ਕਾ ਏਕ ਸਿੰਘ ਥਾ ਉਸਨੇ ਉਸਕੇ ਸਿਰ ਮੈ ਸਲੋਤਰ ਮਾਰਿਆ। ਮੁਸਲਮਾਨ ਨੇ ਬੇਨਤੀ ਕੀਤੀ ਜੀ ਮੈਨੂੰ ਨਿਦੋਸ਼ੇ ਕੋ ਮਾਰਿਆ ਹੈ। ਸ੍ਰੀ ਸਤਿਗੁਰੂ ਜੀ ਨੇ ਸਿੰਘ ਕੋ ਸਰਾਫ ਦੇ ਦਿੱਤਾ ਤੂੰ ਬੱਡਾ ਪਾਪੀ ਹਤਿਆਰਾ ਹੈਂ। ਤੈਂ ਬਿਨਾ ਗੁਨਾਹ ਥੀਂ ਮਾਰਿਆ ਹੈ। ਤੈਂ ਆਪਣੀ ਜੜ ਆਪ ਪੁੱਟ ਲਈ ਹੈ। ਸਿੰਘ ਉਸੀ ਦਿਨ ਤੇ ਕਮਲਾ ਹੋ ਗਿਆ ਅਤੇ ਕੁਰੰਗ ਚੁੱਕਣੇ ਲਗਾ। ਬਹੁਤ ਹੀ ਮਤ ਮਾਰੀ ਗਈ।

## ਉੱਗੂ ਚੱਕ ਤੋਂ ਗੁਰੂ ਚੱਕ

ਨਾਮ ਦਾ ਛਿੱਟਾ ਦੇਂਦੇ ਉੱਗੂ ਚੱਕ ਆਏ। ਗੰਡਾ ਸਿੰਘ ਨੇ ਮੇਲਾ ਕੀਤਾ ਅਤੇ ਚੰਬਾ ਘੋੜਾ ਭੇਟ ਕੀਤਾ। ਅਰਜ਼ ਕੀਤੀ ਸੱਚੇ ਪਾਤਸ਼ਾਹ ਏਥੇ ਡੇਕ ਦਾ ਪਾਣੀ ਚੜ੍ਹ ਜਾਂਦਾ ਹੈ। ਏਕ ਜਗ੍ਹਾ ਸੁਕੀ ਰੈਂਹਦੀ ਸੀ। ਉੱਥੇ ਬੈਠਕੇ ਸ੍ਰੀ ਸਤਿਗੁਰੂ ਜੀ ਭਜਨ ਕਰਦੇ ਹੈਨ। ਬਚਨ ਕੀਤਾ ਏਥੇ ਪਿੰਡ ਬਨ੍ਹਾ ਲਓ। ਗੁਰੂਚੱਕ ਨਾਮ ਰੱਖੋ। ਉਹ ਪਿੰਡ ਛੱਡਕੇ ਏਥੇ ਆਇ ਬਨ੍ਹੋ। ਗੰਡਾ ਸਿੰਘ ਨੇ ਓਥੇ ਘਰ ਆ ਪਾਇਆ ਤੇ ਗੁਰੂਚੱਕ ਨਾਮ ਰੱਖਿਆ। ਉਸ ਕੱਲਰ ਮੈ ਸੱਪ ਬਹੁਤ ਸੀ। ਗੁਰੂ ਜੀ ਨੇ ਕਹਾ ਡਡੀਆਂ ਮਛੀਆਂ ਹੋ ਜਾਣਗੇ। ਜਲ ਓਥੇ ਹਰ ਸਾਲ ਫਿਰ ਜਾਂਦਾ ਹੈ। ਗੁਰੂਚੱਕ ਕੇ ਰੈਹਣੇ

ਵਾਲੇ ਕਹਿੰਦੇ ਹੈਂ ਹੁਣ ਸਰਪ ਨਹੀਂ ਹਨ। ਗੰਡਾ ਸਿੰਘ ਨੇ ਟੱਪ ਲਾਇ ਦੀਆ। ਖੂਹੀ ਲਾਈ। ਉਸ ਖੂਹੀ ਦਾ ਜਲ ਜਿਸ ਦਿਨ ਸਾਧ ਸੰਗਤ ਦਾ ਬਹੁਤ ਮੇਲਾ ਹੋਵੇ ਇਕ ਹੱਥ ਉਪੱਰ ਚੜ੍ਹ ਜਾਂਦਾ ਹੈ।

ਸ੍ਰੀ ਸਤਿਗੁਰੂ ਜੀ ਸੁੱਧ ਸਿੰਘ ਕੋ ਬਚਨ ਕੀਤਾ ਕਿ ਤੇਰਾ ਸਾਡਾ ਵੈਹਦਾ ਸੀ ਕਿ ਜੋ ਅਸਵਾਰੀ ਪੈਹਲੇ ਮਿਲੇਗੀ ਸੋ ਤੈਨੂੰ ਦੇਵਾਂਗੇ। ਸੋ ਚੰਬਾ ਘੋੜਾ ਤੂੰ ਲੈ ਲੈ। ਸੁੱਧ ਸਿੰਘ ਨੇ ਕਹਿਆ ਲਵਾਂਗਾ ਪਰ ਇਹ ਤਾ ਆਪ ਕੀ ਲਾਇਕ ਹੈ। ਆਪ ਚੜ੍ਹੋ ਤਾਂ ਸਹੀ। ਸ੍ਰੀ ਸਤਿਗੁਰੂ ਜੀ ਚੜ੍ਹ ਕਰ ਫੇਰ ਸੁੱਧ ਸਿੰਘ ਕੋ ਦੇ ਦੀਆ।

## ਕੂਕੇ

ਲੋਕਾਂ ਨੇ ਅਰਜ਼ ਕੀਤੀ ਜੀ ਲੋਕ ਸਾਥੋਂ ਪੁੱਛਦੇ ਹੈਨ, ਕੀ ਨਾਓਂ ਹੈ ਪੰਥ ਦਾ, ਕੀ ਦੱਸੀਏ? ਸਤਿਗੁਰੂ ਜੀ ਬਚਨ ਕੀਤਾ "ਕੂਕਾ" ਨਾਮ ਕਹਿ ਦਿਆ ਕਰੋ। ਜੋ ਪੁੱਛੇ ਸੋ ਤਿਸਕੋ ਕੂਕਾ ਹੀ ਕੈਹਣਾ। ਸੋ ਫਿਰ 'ਕੂਕਾ' ਹੀ ਅਲ ਪੈ ਗਈ। ਉਂਜ ਤੇ 'ਨਾਮਧਾਰੀ' ਪੰਥ ਦਾ ਨਾਮ ਹੈ।

## ਵੈਸਾਖੀ ਅੰਮ੍ਰਿਤਸਰ, ੧੯੨੦ ਬਿ. ਅਪ੍ਰੈਲ ੧੮੬੩ ਈ.

ਅੰਮ੍ਰਿਤਸਰ ਜੀ ਆਏ ਜਾਂ ਦਰਵਾਜਾ ਲੰਘਣ ਲੱਗੇ ਤਾਂ ਸਿਪਾਹੀ ਨੇ ਕਹਾ ਮਹਾਰਾਜ ਜੀ ਆਪ ਨਾਲ ਥੋੜੇ ਸਿੰਘ ਲੈ ਕੇ ਜਾਵੋ। ਬਾਕੀ ਸਿੰਘ ਹੋਰ ਦਰਵਜੀਂ ਲੰਘ ਜਾਣ। ਸ੍ਰੀ ਸਤਿਗੁਰੂ ਜੀ ਵਿੱਚੋਂ ਦੀ ਲੰਘ ਕੇ ਬਬੇਕਸਰ ਪਰ ਜਾਇ ਡੇਰਾ ਕੀਤਾ। ਸਭ ਸੰਗਤ ਇਕੱਤਰ ਹੋਇ ਗਈ। ਰਿਖੀ ਸਿੰਘ ਕੋ ਸੰਗਲ ਪਾਇ ਕਰ ਬੱਧਾ ਸੀ। ਏਕ ਤਖ਼ਤਪੋਸ਼ ਪਰ ਬੈਠਾ ਸੀ ਤੇ ਮੁਖ ਤੇ ਕਹੀ ਜਾਏ ਕਿ ਅੱਜ ਮੈਂ ਤਖ਼ਤ ਪਰ ਬੈਠਾ ਹਾਂ।

ਦੋ ਲੁੱਚੇ ਸਲਾਹ ਕਰਕੇ ਆਏ ਕਿ ਚਲੋ ਦੇਖੀਏ ਕੀ ਹੈ? ਏਕ ਨਾਂਗਾ ਸਿਰ ਤੇ ਜਟਾਂ ਅਤੇ ਦੂਜਾ ਨਿਹੰਗ ਸੀ। ਨੀਲਾ ਦੁਮਾਲਾ ਸਿਰ ਤੇ ਬੰਨ੍ਹਿਆ ਹੋਇਆ ਸੀ। ਬੋਲ ਕੁਬੋਲ ਬੋਲਣ ਲਗੇ। ਸਿੰਘ ਹਟਾਇ ਰਹੇ, ਨਾ ਹਟੇ। ਏਤਨੇ ਮੇਂ ਜਿਓਂ ਝਟਕਾ ਮਾਰਿਆ ਰਿਖੀ ਸਿੰਘ ਨੇ ਸੰਗਲ ਤੋੜ ਦਿੱਤਾ ਅਤੇ ਆਇਕੇ ਦੋਨੋਂ ਕੋ ਫੜ੍ਹ ਲਿਆ। ਨਾਂਗੇ ਦੀਆਂ ਜਟਾਂ ਫੜ੍ਹ ਲਈਆਂ, ਨਿਹੰਗ ਕਾ ਦੁਮਾਲਾ। ਦੋਵੇਂ ਫੜ੍ਹ ਲਏ, ਹਿਲਣ ਨਹੀਂ ਦਿੱਤੇ। ਮਾਰ ਮਾਰ ਕੇ ਫਾਵੇ ਬਨਾਇ ਦਿੱਤਾ। ਕੁੱਟ ਕੁੱਟ ਕੇ ਧੱਕੇ ਦੇ ਕੇ ਦੂਰ ਛੱਡ ਆਇਆ। ਫੇਰ ਆਇਕੇ ਤਖ਼ਤ ਪਰ ਜਾਇ ਬੈਠਾ। ਜਟਾਂ ਬੰਨ੍ਹਕੇ ਉਹ ਦੋਵੇਂ ਫੇਰ ਮੂੰਹੋਂ ਬਕਦੇ ਆਏ। ਸ੍ਰੀ ਸਤਿਗੁਰੂ ਜੀ ਵੰਨੇ ਹੱਥ ਚਲਾਵਣ ਲੱਗੇ। ਸਿੰਘਾਂ ਨੇ ਧੱਕੇ ਦੇ ਕੇ ਬਾਹਰ ਕੱਢ ਦਿੱਤੇ। ਦੋਨਾਂ ਨੇ ਕੁਤਵਾਲੀ ਜਾਇ ਪੁਕਾਰਿਆ ਜੋ ਨਵਾਂ ਪੰਥ ਕੂਕਿਆਂ ਕਾ ਪੈਦਾ ਹੋਇਆ ਹੈ ਓਨਾਂ ਨੇ ਸਾਨੂੰ ਮਾਰਿਆ ਹੈ। ਥਾਣੇਦਾਰ ਨੇ ਕਹਾ ਚਲਦੇ ਹਾਂ।

ਦੋ ਫ਼ਰੰਗੀ ਥਾਣੇਦਾਰ ਸਿਪਾਹੀ ਲੈ ਕੇ ਤੁਰੇ, ਬਬੇਕਸਰ ਕੋ ਆਏ। ਅੱਗੇ ਪ੍ਰਸ਼ਾਦ ਬਣਦਾ ਹੈ। ਅੰਤਰਯਾਮੀ ਜੀ ਹੁਕਮ ਦਿੱਤਾ ਕਿ ਸਲੋਤਰ ਸਭ ਜਲਾਇ ਦੇਵੋ। ਸੋਹਣੇ ਸੋਹਣੇ ਸਲੋਤਰ ਸੇ, ਬਚਨ ਮੰਨਕੇ ਸਭਨਾਂ ਨੇ ਫੂਕ ਦਿੱਤੇ ਅਤੇ ਸ਼ਬਦ ਪੜਨਾ ਸ਼ੁਰੂ ਕੀਤਾ। ਫ਼ਰੰਗੀ ਭੀ ਆਇ ਗਏ

। ਦੋ ਫ਼ਰੰਗੀ ਅਤੇ ਨਾਲ ਪੁਲਿਸ ਹੈ। ਸਿੰਘ ਸੋਚਾਂ ਕਰਦੇ ਹੈਂ ਦੇਖੋ ਕਰਤਾਰ ਕੀ ਬਿਧ ਬਣਾਉਂਦਾ ਹੈ। ਮਨ ਵਿਚ ਭੈ ਕੀਤਾ ਖ਼ਵਰੇ ਕੀ ਹੋਵੇਗੀ? ਬਿੱਲਾ ਬੋਲਿਆ ਬਾਬਾ ਰਾਮ ਸਿੰਘ ਜੀ ਏਨ੍ਹਾ ਨੇ ਪੁਕਾਰ ਕੀਤੀ ਹੈ ਕਿ ਸਾਨੂੰ ਮਾਰਿਆ ਹੈ। ਸਤਿਗੁਰੂ ਜੀ ਬਚਨ ਕੀਤਾ ਰਿਖੀ ਸਿੰਘ ਨੇ ਮਾਰੇ ਹੈਂ। ਏਹ ਹੀ ਕਲਾ ਕਾ ਮੂਲ ਹੈ। ਫ਼ਰੰਗੀ ਨੇ ਕਹਾ ਮੁਕਬਲ ਕੈਂਹਦੇ ਹੈਂ ਸਲੋਤਰ ਰੱਖਦੇ ਹੈਂ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਦੇਖ ਲਵੋ, ਸਿੰਘਾਂ ਦੇ ਕੋਲ ਜੇ ਹੋਣਗੇ ਤਾ ਮਲੂਮ ਹੋ ਜਾਣਗੇ। ਫ਼ਰੰਗੀ ਨੇ ਪੁੱਛਿਆ ਤੁਸੀਂ ਕਿੱਧਰ ਗਏ ਸੀ? ਬਚਨ ਕੀਤਾ ਕਿ ਗੁਰੂ ਬਾਲਕ ਸਿੰਘ ਜੀ ਸਰੀਰ ਛੱਡ ਗਏ ਹੈਨ। ਸਾਡੇ ਗੁਰੂ ਸੇ। ਓਧਰੋਂ ਆਏ ਹਾਂ। ਰਿਖੀ ਸਿੰਘ ਕੋ ਫੜਕੇ ਲੈ ਗਏ। ਫ਼ਰੰਗੀ ਨੇ ਕਹਾ ਬਾਬਾ ਸਾਹਿਬ ਆਪ ਕੂਚ ਕਰ ਜਾਓ। ਘਰ ਕੋ ਚਲੇ ਜਾਓ। ਉਸੀ ਵਕਤ ਕੂਚ ਕਰਕੇ ਚਲੇ। ਸਿੰਘ ਆਪੋ ਆਪਣੇ ਘਰਾਂ ਕੋ ਗਏ ਖੁਸ਼ੀਆਂ ਲੈ ਕੇ। ਜੋ ਸਿਪਾਹੀ ਰਿਖੀ ਸਿੰਘ ਕੋ ਫੜੀ ਜਾਂਦੇ ਸੇ ਤਿਨਾਂ ਕੀਆਂ ਪੱਗਾਂ ਲਾਹ ਕੇ ਰਿਖੀ ਸਿੰਘ ਨੇ ਫੜ ਲਈਆਂ। ਕਹਾ ਕਿ ਤੁਸੀ ਭੀ ਸਿਰੋਂ ਨਗੇ ਚੱਲੋ ਮੇਰੇ ਵਾਂਗ। ਜਾ ਕੇ ਹਵਾਲਾਤ ਮੈ ਦੇ ਦੀਆ ਰਾਮਬਾਗ ਮੇਂ।

## ਕਰਤਾਰਪੁਰੇ ਆਏ

ਮਾਈ ਟਰਪੱਲਿਆਂ ਵਾਲੀ ਕਾ ਦੇਵੀ ਦਲ ਪਰ ਹੁਕਮ ਸੀ ਨਾਲੇ ਕਵੈਦ ਕਰਾਉਂਦੀ ਹੁੰਦੀ ਸੀ। ਏਤਨੀ ਕੁ ਕਵੈਦ ਸੀ ਜਦ ਸਤਿ ਸ੍ਰੀ ਅਕਾਲ ਬੁਲਾਵੇ ਤਾਂ ਅੱਗੇ ਕੋ ਕਰਕੇ ਸਲੋਤਰ ਖੜਾ ਰੱਖੇ। ਜਦ ਗੁਰਬਰ ਅਕਾਲ ਕਹੇ ਤਾਂ ਸੱਜੇ ਮੋਢੇ ਕੇ ਨਾਲ ਸਲੋਤਰ ਜਾਇ ਲਾਵਣਾ। ਪਿਰਥੀ ਕੋ ਨਿਹਾਲ ਕਰਦੇ, ਨਾਮ ਕਾ ਗੱਫਾ ਵਰਤਾਂਦੇ ਸਤਿਗੁਰੂ ਜੀ ਆਇ ਕਰਤਾਰਪੁਰੇ ਡੇਰਾ ਕੀਤਾ।

ਰਾਤ ਕੋ ਏਕ ਸਿੰਘ ਕੁੜੀਆਂ ਦੇ ਕੋਲ ਜਾਇਕੇ ਛੇੜਖਾਨੀ ਕਰਨੇ ਲਗਾ। ਬੀਬੀ ਦਇਆ ਕੌਰ ਨੇ ਗਾਲ਼ਾਂ ਕਢੀਆਂ ਤਾਂ ਸ਼ਰਮਿੰਦਾ ਹੋ ਕੇ ਚਲਿਆ ਗਿਆ। ਜਾਂ ਮੁਠੱਡੀਂ ਆਏ ਤਾਂ ਸੁੱਧ ਸਿੰਘ ਨੇ ਕਹਿ ਦੀਆ ਕਿ ਫਲਾਣਾ ਸਿੰਘ ਰਾਤੀਂ ਕੁੜੀਆਂ ਕੋ ਛੇੜਦਾ ਸੀ। ਸਦਵਾਇਕੇ ਪੁੱਠੇ ਪਰਸਰਾਮ ਨਾਲ ਕੁੱਟਿਆ ਤੇ ਜੋਗਾ ਸਿੰਘ ਕੋ ਹੁਕਮ ਦੀਆ ਕਿ ਇਸ ਕੋ ਸੰਗਤ ਮੇਂ ਨਾ ਵੜਨ ਦੇਈਂ। ਜੋਗਾ ਸਿੰਘ ਨੇ ਅਰਜ਼ ਕੀਤੀ ਜੀ ਮੇਰੀ ਕੁੜੀ ਕਾ ਅਨੰਦ ਪੜ੍ਹਾਇ ਦਿਓ, ਆਪ ਕੀ ਰੀਤੀ ਅਨੁਸਾਰ। ਸ੍ਰੀ ਸਤਿਗੁਰੂ ਜੀ ਅਰਦਾਸਾ ਕਰ ਦਿੱਤਾ। ਅਨੰਦ ਪੜਣ ਦਾ ਦਿਨ ਠਹਿਰਾ ਦੀਆ।

## ਹਜ਼ਰੋਂ ਦੀ ਸੰਗਤ ਗੰਗਾ ਤੋਂ ਵਾਪਸ

ਹਜ਼ਰੋਂ ਸਾਹਿਬ ਦੀ ਜੋ ਸੰਗਤ ਫੁੱਲ ਗੰਗਾ ਪਾਉਣ ਗਈ ਸੀ ਸੋ ਮੁੜ ਆਈ। ਵਿੱਚੋਂ ਇਕ ਦੋ ਸਰੀਰਾਂ ਕਹਾ ਕਿ ਅਸੀਂ ਰਾਮਦਾਸ ਪੁਰੇ ਠਾਕੁਰਾਂ ਕਾ ਦਰਸ਼ਨ ਕਰਕੇ ਚੱਲਾਂਗੇ। ਭਾਈ ਮੰਨਾ ਸਿੰਘ ਨੇ ਕਹਾ ਕਿ ਅਸੀਂ ਸਿੱਧੇ ਹੀ ਚਲਣਾ ਹੈ। ਜੇਕਰ ਅੰਤਰਯਾਮੀ ਗੁਰੂ ਹੈਨ ਤਾਂ ਆਪੇ ਹੀ ਦਰਸ਼ਨ ਦੇਣਗੇ ਸਾਨੂੰ। ਦੋ ਸਿੱਖ ਤਾਂ ਰਾਮਦਾਸ ਪੁਰੇ ਕੋ ਆਏ, ਭਾਈ ਮੰਨਾ ਸਿੰਘ ਸਮੇਤ ਸੰਗਤ ਫ਼ਲੌਰ ਕਾ ਪੱਤਣ ਲੰਘ ਕੇ ਮੁਠੱਡੀਂ ਗਏ। ਅੰਤਰਯਾਮੀ ਜੀ ਅੱਗੇ ਹੀ ਮੁਠੱਡੀਂ ਆਏ ਹੋਏ ਸੀ। ਮੰਨਾ ਸਿੰਘ ਨੇ ਚਰਨਾਂ ਪਰ ਸੀਸ ਝੁਕਾਇਆ। ਸੰਗਤ ਨੇ ਨਮਸਕਾਰ ਕੀਤੀ ਅਤੇ ਬੜੀ

ਖੁਸ਼ੀ ਹੋਈ। ਸਭ ਸੰਗਤ ਨੇ ਦਰਸ਼ਨ ਕੀਤਾ। ਪੱਕਾ ਨਿਸਚਾ ਹੋਇਆ ਜੋ ਏਹ ਪੂਰਨਪੁਰਖ ਅੰਤਰਯਾਮੀ ਹੈਨ। ਸਾਡੇ ਅੰਦਰ ਕੀ ਜਾਣਕੇ ਸਾਨੂੰ ਦਰਸ਼ਨ ਦਿੱਤਾ ਹੈ। ਚਰਨੀਂ ਹੱਥ ਲਾਇਕੇ ਖੁਸ਼ੀਆਂ ਲਈਆਂ ਅਤੇ ਤੁਰੇ ਸ੍ਰੀ ਹਜ਼ਰੋਂ ਸਾਹਿਬ ਕੋ।

ਭਾਈ ਮੰਨਾ ਸਿੰਘ ਨੇ ਹਜ਼ਰੋਂ ਜਾਇਕੇ ਵਰ੍ਹੇ ਪਿੱਛੋਂ ਦੇਹੁਰਾ ਬਣਾਇਆ ਬਗੀਚੀ ਮੈ ਜਿੱਥੇ ਗੁਰੂ ਬਾਲਕ ਸਿੰਘ ਜੀ ਬੈਠਕੇ ਬੰਦਗੀ ਕੀਤੀ ਸੀ। ਸ੍ਰੀ ਗ੍ਰੰਥ ਸਾਹਿਬ ਜੀ ਕਾ ਭੋਗ ਪਵਾਇਆ, ਜਗ ਕੀਤਾ। ਸਾਰੀ ਸੰਗਤ ਇਕੱਠੀ ਹੋਈ ਮਾਨੋਂ ਸਵਰਗ ਕੀ ਪੂਰੀ ਬਣੀ ਹੈ। ਜੋ ਨਾਮ ਦੇ ਜਪਣੇ ਵਾਲੇ ਹੈਂ ਸੋ ਉੱਥੇ ਆਇਕੇ ਮੱਥਾ ਟੇਕਦੇ ਹੈਂ। ਜੋ ਭਾਵਨਾ ਕਿਸੇ ਦੀ ਹੈ ਸੋ ਸਭ ਪੁਰੀ ਹੁੰਦੀ ਹੈ। ਹਰੇਕ ਸੰਗਰਾਂਦ ਕੜਾਹ ਪ੍ਰਸ਼ਾਦ ਕਰਵਾਉਂਦੇ ਹੈਨ। ਬੜੇ ਸ਼ਬਦ ਪੜ੍ਹਦੇ ਹੈਂ ਸਿੰਘ ਦੇਹੁਰਾ ਸਾਹਿਬ ਕੇ ਸਾਮ੍ਹਣੇ ਅਤੇ ਧੂੜ ਮਸਤਕ ਕੋ ਲਾਉਂਦੇ ਹੈਨ। ਸਾਰੀ ਸੰਗਤ ਨਿਤਨੇਮ ਨਾਲ ਆਇ ਦਰਸ਼ਨ ਕਰਦੇ ਹੈਨ। ਸਵੇਰੇ ਆਸਾ ਦੀ ਵਾਰ ਲਗਦੀ ਹੈ ਅਤੇ ਪਿਛਲੇ ਪਹਿਰ ਕਥਾ ਹੁੰਦੀ ਹੈ। ਓਥੇ ਕਾਨ੍ਹ ਸਿੰਘ ਮਹੰਤ ਕੀਤਾ। ਕਾਨ੍ਹ ਸਿੰਘ ਬਾਬੇ ਮੰਨਾ ਸਿੰਘ ਦਾ ਪੁੱਤਰ ਹੈ। ਸ੍ਰੀ ਗੁਰੂ ਬਾਲਕ ਸਿੰਘ ਜੀ ਦਾ ਬਾਬੇ ਸੰਗਤੇ ਕੋ ਭੀ ਭਜਨ ਦੇਣ ਦਾ ਹੁਕਮ ਸੀ ਸੋ ਸਦਾ ਹੀ ਸਮਾਧੀ ਮੇਂ ਰਹਿੰਦੇ ਸੇ। ਦੁਨੀਆਂ ਕੀ ਕੋਈ ਖ਼ਬਰ ਨਹੀਂ ਸੀ।

## ਰਾਮਦਾਸ ਪੁਰੇ ਨੂੰ

ਸਤਿਗੁਰੂ ਰਾਮ ਸਿੰਘ ਜੀ ਲੁਦਿਹਾਣਿਓਂ ਰਸਤੇ ਮੈਂ ਜਮਾਲਪੁਰੇ ਦੇ ਬਰਾਬਰ ਆਏ ਤਾਂ ਭੋਲੀ ਨਾਲ ਸੀ। ਮਾਮੀਂ ਰਾਮੀਂ ਕੀ ਨੂੰਹ ਹਜ਼ਰੋਂ ਸਾਹਿਬ ਨੂੰ ਨਾਲ ਗਈ ਸੀ। ਉਸਕੇ ਹਾਥ ਮੈ ਜੋੜਾ ਫੜਿਆ ਸੀ। ਸੋ ਜੋੜਾ ਕੁਦਰਤ ਨਾਲ ਕਬੂਤਰੋਂ ਕਾ ਜੋੜਾ ਬਣ ਗਿਆ। ਭੋਲੀ ਨੇ ਸ਼ਤਾਬੀ ਸੇ ਸ੍ਰੀ ਸਤਿਗੁਰੂ ਜੀ ਕੋ ਕਹਾ ਜੀ ਮੇਰੇ ਹੱਥ ਮੈ ਜੋੜਾ ਸੀ ਸੋ ਕਬੂਤਰੋਂ ਕਾ ਜੋੜਾ ਹੋ ਗਿਆ ਹੈ। ਬਚਨ ਕੀਤਾ ਦੇਖੋ ਸਿੰਘੋ ਭੋਲੀ ਕੇ ਹਾਥ ਮੇਂ ਕਬੂਤਰ ਹੈਨ। ਕੇੜ੍ਹੇ ਦੇਸੋਂ ਆਏ ਹਨ? ਸਾਰੀ ਸੰਗਤ ਕੋ ਦਿਖਾਇ ਕੇ ਦੋਨੋਂ ਕਬੂਤਰ ਛੋੜ ਦਿੱਤੇ। ਸਿੰਘ ਦੇਖਕੇ ਅਸਚਰਜ ਰਹੇ। ਕੈਂਹਦੇ ਹੈਂ ਧੰਨ ਹੈਂ ਸੱਚੇ ਪਾਤਸ਼ਾਹ ਜਿਸ ਵਿਚ ਐਸੀਆਂ ਸ਼ਕਤੀਆਂ ਹਨ ਜਿੰਨ੍ਹਾਂ ਨੇ ਮੋਏ ਚਮੜੇ ਮੈ ਜਿੰਦ ਪਾਇ ਦਿੱਤੀ ਹੈ।

ਰਾਤ ਕੋ ਮੂੰਡੀਆਂ ਰਹੇ, ਅਗਲੇ ਦਿਨ ਤੁਰੇ। ਜਾਹਰ ਬਲੀ ਕੀ ਜਗ੍ਹਾ ਹੈ, ਫਕੀਰ ਸਾ ਮੁਸਲਮਾਨ। ਸੁੱਖਾਂ ਪੂਰੀਆਂ ਹੁੰਦੀਆਂ ਸੀਆਂ। ਖੂਹ ਕੇ ਮਣ ਪਰ ਬੈਠਕੇ ਲਤਾਂ ਵਿਚ ਨਿਸਾਲ[1] ਲਈਆਂ। ਏਤਨੇ ਚਿਰ ਮੈ ਭੋਲੀ ਆਇ ਗਈ। ਉਸ ਨੇ ਸੋਚਿਆ ਮੈਨੂੰ ਤਾਪ ਚੜਿਆ ਸੀ ਤਾ ਮੇਰੀ ਭੈਣ ਨੇ ਜਾਹਰ ਬਲੀ ਕੀ ਸੁਖ ਸੁੱਖੀ ਸੀ ਤੇ ਮੇਰਾ ਤਾਪ ਹਟ ਗਿਆ ਸੀ। ਤਾਂ ਤੇ ਮੇਰੇ ਸਿਰ ਚੌਂਕੀ ਨਾ ਰਹਿ ਜਾਏ। ਹੁੱਕਾ ਪਿਆ ਸੀ, ਚੁੱਕ ਕੇ ਖੂਹ ਵਿੱਚ ਮਾਰਿਆ। ਸਤਿਗੁਰੂ ਜੀ ਪੁੱਛਿਆ ਭੋਲੀਏ ਏਹ ਕੀ ਕੀਤਾ ਹੈ? ਕੈਹਣੇ ਲਗੀ ਜੀ ਮੈਨੂੰ ਤਾਪ ਚੜਿਆ ਸੀ, ਮੇਰੀ ਭੈਣ ਨੇ ਚੌਂਕੀ ਸੁੱਖੀ ਸੀ ਸੋ ਦਿੱਤੀ ਹੈ। ਸ੍ਰੀ ਸਤਿਗੁਰੂ ਜੀ ਨੇ ਬਹੁਤ ਝਿੜਕੀ, ਕਿ ਤੂੰ ਮੁਸਲੇ ਕੀਆਂ ਸੁੱਖਾਂ

1 ਲਮਕਾ।

ਸੁਖਦੀ ਹੈ।

ਫੇਰ ਸ੍ਰੀ ਸਤਿਗੁਰੂ ਜੀ ਰਾਮਦਾਸ ਪੁਰੇ ਮੈ ਆਇ। ਸਿੰਘਾਂ ਕੋ ਬੜੀ ਖੁਸ਼ੀ ਪ੍ਰਾਪਤ ਹੋਈ। ਜੋਗਾ ਸਿੰਘ ਕੋ ਹੁਕਮ ਦਿੱਤਾ ਪਿੰਡ (ਧੂੜ ਕੋਟ) ਜਾਇਕੇ ਪਾਠ ਖੁਲਾ ਦੇ। ਅਸੀਂ ਭੀ ਆਵਾਂਗੇ। ਦੋ ਵਕਤ ਦੀਵਾਨ ਲਾਵਣਾ ਸ਼ੁਰੂ ਕੀਤਾ।

## ਘਰ ਵਿੱਚ ਚੋਰੀ

ਏਕ ਹਿੰਦੂ ਚੌਂਕੀਦਾਰ[1] ਸੀ। ਸ਼ਰਦਾਈ ਛਕ ਜਾਂਦਾ ਸੀ ਨਾਲੇ ਪ੍ਰਸ਼ਾਦ ਛਕ ਜਾਂਦਾ ਸੀ। ਮਾਈ ਜੱਸਾਂ ਕੋ ਭੂਆ ਕਹਿਕੇ ਬੁਲਾਂਵਦਾ ਸੀ। ਰਾਤ ਕੋ ਚੋਰ ਸਦਵਾਏ ਅਤੇ ਕੰਧ ਪਾੜਕੇ ਦੋ ਕੋਠੇ ਪਰ ਬੈਠੇ, ਦੋ ਉਤਰ ਕੇ ਸੰਦੂਕ ਖੋਲ੍ਹਕੇ ਕਪੜੇ ਕੱਢ ਲਏ। ਹੋਰ ਜਿਤਨੇ ਕਪੜੇ ਲੀੜੇ ਹੱਥ ਲੱਗੇ ਲੈ ਕੇ ਨਿਕਲ ਗਏ। ਦਿਨ ਚੜ੍ਹੇ ਮਾਈ ਜੱਸਾਂ ਨੇ ਦੇਖਕੇ ਬੜਾ ਅਫ਼ਸੋਸ ਕੀਤਾ ਕਿ ਮੇਰੇ ਭਾਂਡੇ ਕਪੜੇ ਲੈ ਗਏ ਹੈਂ। ਸਤਿਗੁਰੂ ਜੀ ਬਚਨ ਕੀਤਾ ਏਹ ਥਾਲੀਆਂ ਕੀ ਅਨੇਕਾਂ ਥਾਲੀਆਂ ਏਥੇ ਹੋਣਗੀਆਂ। ਬਸਤਰਾਂ ਦਾ ਤੂੰ ਕੀ ਫਿਕਰ ਕਰਦੀ ਹੈਂ, ਬਸਤਰਾਂ ਦਾ ਕੋਈ ਅੰਤ ਨਹੀਂ ਰਹਿਣਾ। ਬਹੁਤ ਬਸਤਰ ਹੋਣਗੇ। ਦਿਨ ਚੜ੍ਹੇ ਸਤਿਗੁਰੂ ਅੰਤਰਯਾਮੀ ਜੀ ਚੌਂਕੀਦਾਰ ਨੂੰ ਬਚਨ ਕੀਤਾ ਤੇਰੇ ਉਤੇ ਸਾਡਾ ਭਰਮ ਹੈ। ਤੇਰੀ ਹੀ ਪੈੜ ਮਿਲਦੀ ਹੈ। ਇਹ ਭੀ ਤੂੰ ਦਸਦੇ ਜੋ ਜੋ ਤੇਰੇ ਨਾਲ ਹੈਂ। ਚੌਂਕੀਦਾਰ ਮੁਕਰ ਗਿਆ ਕਿ ਮੈਨੂੰ ਨਹੀਂ ਖ਼ਬਰ ਹੈ। ਬਚਨ ਕੀਤਾ ਚੱਲ ਠਾਣੇ ਕੋ, ਲੈ ਕੇ ਤੁਰ ਪਏ। ਜਾ ਭੈਰੋਂ ਮੁੰਨੇ[2] ਗਏ ਤਾਂ ਸਤਿਗੁਰੂ ਜੀ ਬਚਨ ਕੀਤਾ ਹੁਣ ਵੀ ਵੇਲਾ ਹੈ ਮੰਨ ਲੈ। ਕੈਦ ਤੋਂ ਡਰਦੇ ਨੇ ਦੱਸ ਦਿੱਤਾ। ਕਹਿੰਦਾ ਸਭੋ ਕੁਝ ਮੇਰੇ ਪਾਸ ਹੀ ਹੈ। ਜਾਂ ਮੰਨ ਲਿਆ ਤਾਂ ਗੁਰੂ ਜੀ ਉਸਕੋ ਬਹੁਤ ਲਾਹਨਤਾਂ ਦਿੱਤੀਆਂ। ਬਚਨ ਕੀਤਾ ਨਾਲੇ ਸਾਡੇ ਘਰ ਸ਼ਰਦਾਈਆਂ ਛਕੇਂ ਨਾਲੇ ਪ੍ਰਸ਼ਾਦਾ ਛਕੇਂ ਨਾਲੇ ਸਾਡੇ ਘਰ ਕੋ ਪਾੜ ਲਵਾ ਦੀਆ। ਤੂੰ ਤਾਂ ਕੈਦ ਦੀ ਹੀ ਲਾਇਕ ਥਾ। ਹੱਥ ਜੋੜਕੇ ਕੈਹਣੇ ਲਗਾ ਜੀ ਮੈਨੂੰ ਬਖ਼ਸ਼ੋ, ਮੈਂ ਭੁੱਲ ਗਿਆ ਹਾਂ। ਬਚਨ ਕੀਤਾ ਸਾਡਾ ਅਸਬਾਬ ਦੇ ਦੇ ਤੇ ਅੱਗੇ ਕੋ ਕੰਨਾਂ ਕੋ ਹੱਥ ਲਾ ਕੇ ਜੇ ਮੈਂ ਚੋਰੀ ਕਰਾਂ ਤਾ ਸੱਤ ਜਨਮ ਕੁਸ਼ਟੀ ਹੋਵਾਂ। ਚੌਂਕੀਦਾਰ ਨੇ ਸਾਰਾ ਅਸਬਾਬ ਦੇ ਦੀਆ।

♦

1 ਭਗਵਾਨਾ ਚੌਕੀਦਾਰ

2 ਸਾਹਨੇਵਾਲ ਨੇੜੇ ਦਾ ਪਿੰਡ।

# ਅਨੰਦ ਮਰਯਾਦਾ ਦਾ ਆਰੰਭ

ਸ੍ਰੀ ਸਤਿਗੁਰੂ ਜੀ ਜੋਗਾ ਸਿੰਘ ਕੀ ਲੜਕੀ ਕਾ ਅਨੰਦ ਪੜੌਣ ਵਾਸਤੇ ਧੂੜਕੋਟ ਕੋ ਤੁਰੇ ਤੇ ਰਸਤੇ ਵਿੱਚ ਸਿਆੜ੍ਹ[1] ਠਹਰੇ। ਸ੍ਰੀ ਸਤਿਗੁਰੂ ਜੀ ਮਦਾਨ ਗਏ। ਕੁਸ਼ਾਲ ਸਿੰਘ[2] ਨੂੰ ਬਚਨ ਕੀਤਾ ਛੱਪੜੋਂ ਭਰ ਲਿਆਓ ਗੜਵਾ ਜਲ ਕਾ। ਅੱਗੇ ਜਨਾਨੀਆਂ ਨੰਗੀਆਂ ਨਹਾਉਂਦੀਆਂ ਸੀਆਂ।ਮੁੜ ਆਇਕੇ ਕਹਿਣ ਲੱਗਾ ਜੀ ਜਨਾਨੇ ਸਰੀਰ ਨਹਾਉਂਦੇ ਹੈਂ ਨਗਨ। ਬਚਨ ਕੀਤਾ ਮੂੰਹ ਉੱਥੇ ਪੱਲਾ ਲੈ ਕੇ ਭਰ ਲਿਆਓ ਜਲ। ਪੱਲਾ ਮੂੰਹ ਉੱਤੇ ਲੈ ਕੇ ਜਲ ਭਰ ਲਿਆਇਆ। ਮਦਾਨ ਖੇਡਕੇ ਆਇਕੇ ਬਚਨ ਕੀਤਾ ਸੋ ਗੁਰਮਤਾ ਕਰੋ ਜਿਸ ਸੇ ਜਨਾਨੇ ਸਰੀਰ ਜਲ ਵਿਚ ਨੰਗੇ ਨਾ ਨ੍ਹਾਵਣ। ਜਲ ਮੈ ਨਗਨ ਨ੍ਹਾਵਣ ਕਾ ਬਡਾ ਦੋਸ਼ ਹੈ। ਕੋਲੋਂ ਗਿਆਨ ਸਿੰਘ ਨੇ ਕਹਾ ਕਿ ਬਿਸ਼ਨ ਪੁਰਾਣ ਮੈ ਲਿਖਿਆ ਹੈ ਢਾਈ ਹਾਥ ਕਾ ਪਰਨਾ ਤੇੜ ਪਾਇਕੇ ਨਾਏ। ਧਰਮ ਸ਼ਾਸਤ੍ਰ ਵਿੱਚ ਵੀ ਲਿਖਾ ਹੈ ਨਗਨ ਨਾ ਜਲ ਸਿਓਂ ਸਪਰਸ਼ ਕਰੇ। ਪ੍ਰਿਥਮੇ ਜਲ ਦੇਵਤੇ ਕਾ ਅਦਬ ਹੈ। ਦੂਏ ਦੇਵੀ ਦੇਵਤੇ ਸ਼ਹੀਦ ਦੇਖਦੇ ਹੈ ਨਾਲੇ ਚਿਤਰ ਗੁਪਤ ਹਰ ਵੇਲੇ ਦੇਖਦਾ ਰਹਿੰਦਾ ਹੈ ਜੋ ਜੋ ਕਰਮ ਕਰਦਾ ਹੈ ਪ੍ਰਾਣੀ।

## ਮਾਈਆਂ ਨੂੰ ਅੰਮ੍ਰਿਤ

ਸਤਿਗੁਰੂ ਜੀ ਬਚਨ ਕੀਤਾ ਬਸਤਰ ਲੈ ਕੇ ਨੌਣੇ ਕੀ ਰੀਤੀ ਤੋਰੋ ਜਿਵੇਂ ਤੁਰਦੀ ਹੈ। ਬਾਬੇ ਲੱਖਾ ਸਿੰਘ ਨੇ ਕਹਾ ਕਿ ਮਾਈਆਂ ਕੋ ਖੰਡੇ ਕਾ ਅੰਮ੍ਰਿਤ ਤੇ ਕਛਹਿਰੇ ਪਵਾਏ ਜਾਵਣ। ਪੰਜ ਕੱਕੇ ਕੀ ਰੀਤੀ ਰੱਖਣ ਜਨਾਨੇ, ਦਸਤਾਰੇ ਰੱਖਣ ਸਿਰ ਪਰ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਮੇਰੀ ਭੀ ਏਹੀ ਮਨਸ਼ਾ ਹੈ ਪਰ ਜਨਾਨੇ ਕਾ ਏਕ ਅੰਗ ਨੀਵਾਂ ਚਾਹੀਏ। ਜੇ ਸਿੰਘ ਸਮਾਨ ਹੋਈ ਤਾ ਮੈਥੁਨ ਕਰਨਾ ਬੜਾ ਦੋਸ਼ ਹੈ। ਜੇ ਦਸਤਾਰ ਬੰਨ੍ਹੇ ਤਾ ਗਰਿਸਤ ਨਾ ਵਰਤੇ। ਗਿੱਚੀ ਮੈ ਜੂੜਾ ਰੱਖਣਾ ਧਰਮ ਹੈ। ਉਸੀ ਵਕਤ ਹੁਕਮ ਲਾਇ ਦਿੱਤਾ ਜਨਾਨੇ ਸਰੀਰ ਭੀ ਕਛਹਿਰੇ ਪਾਵਣ, ਅੰਮ੍ਰਿਤ ਛਕਣ ਤੇ ਰੀਤੀ ਰੱਖਣ।

ਬਾਬੇ ਜਵਾਹਰ ਸਿੰਘ ਕੋ ਬੀਬੀ ਦਇਆ ਕੌਰ ਤੇ ਉਤਮੀਂ ਪਿੰਡ ਚੱਕ ਕੀ (ਜਿਸ ਕੋ ਦੇਸਰਾਜ ਤੇ ਅਨ੍ਹਿਆਂ ਕਾ ਚੱਕ ਭੀ ਕਹਿੰਦੇ ਹੈਂ) ਤੇ ਬੀਬੀ ਕਰਮ ਕੌਰ ਗੁਜਰਵਾਲ ਕੀ ਕਹਿਣ ਲੱਗੀਆਂ ਜੀ ਅਸੀਂ ਭੀ ਅੰਮ੍ਰਿਤ ਛਕਿਣਾ ਚਾਹੁੰਦੀਆਂ ਹਾਂ। ਬਾਬੇ ਜੀ ਬਚਨ ਕੀਤਾ ਕਿ ਸਿਰ ਖੋਲ੍ਹਣੇ ਪੈਣਗੇ ਅਤੇ ਕਛਹਿਰੇ ਪੌਣੇ ਪੈਣਗੇ। ਏਕ ਪੌਂਚਾ ਲਾਹੁਣਾ ਤੇ ਏਕ ਪੌਣਾ। ਬੜੀ ਕਰੜੀ ਧਾਰਨਾ ਹੈ। ਉਨ੍ਹਾਂ ਨੇ ਕਹਾ ਕਿ ਸਾਨੂੰ ਮਨਜ਼ੂਰ ਹੈ। ਕੇਸ ਖੋਲ੍ਹਕੇ ਕਛਹਿਰੇ ਪੌਣੇ ਮਨਜ਼ੂਰ ਕਰ ਲਏ ਤਿੰਨਾਂ ਨੇ।

ਸ੍ਰੀ ਸਤਿਗੁਰੂ ਜੀ ਸਿਆਹੜ ਮੈ ਮਾਈਆਂ ਕੋ ਅੰਮ੍ਰਿਤ ਛਕਾਇਆ ਤੇ ਕਛਹਿਰੇ

---

1 ਜ਼ਿਲ੍ਹਾ ਲੁਧਿਆਣਾ ਦਾ ਪਿੰਡ।

2 ਪਿਤਾ ਸ੍ਰ: ਕਰਮ ਸਿੰਘ ਪਿੰਡ ਥਰਾਜਵਾਲਾ।

ਪਵਾਏ[1]। "ਸੁਚ ਹੋਵੈ ਤਾ ਸਚ ਪਾਈਐ।" ਏਸ ਵਾਸਤੇ ਬੀਬੀਆਂ ਲਈ ਵੀ ਸੋਧ ਕੀ ਰੀਤੀ ਤੋਰੀ ਹੈ। ਝੀਊਰ, ਸੱਕਿਆਂ ਦਾ ਪਾਣੀ ਅਤੇ ਬੋਕੇ ਦਾ ਪਾਣੀ ਹਟਾਇ ਦਿੱਤੇ ਹੈ। ਬਚਨ ਕੀਤਾ ਆਪ ਪਾਣੀ ਭਰਿਆ ਕਰੋ। ਚੌਂਕਾ ਦੇ ਕੇ ਪ੍ਰਸ਼ਾਦ ਸਜਾਇਆ ਕਰੋ। ਏਸੇ ਤਰ੍ਹਾਂ ਦਰਸ਼ਨ ਦੇਂਦੇ ਧੂੜਕੋਟ ਚਲੇ ਗਏ। ਜੋਗਾ ਸਿੰਘ ਦੇ ਘਰ ਭੋਗ ਪਾ ਕੇ ਫੇਰ ਪਿੰਡ ਖੋਟੀਂ ਗਏ।[2]

## ਅਨੰਦ ਮਰਯਾਦਾ ਦਾ ਆਰੰਭ: ਪਿੰਡ ਖੋਟੇ

ਧੂੜਕੋਟ ਸੇ ਸੰਮਤ ੧੯੨੦ ਬਿਕਰਮੀ, ਮਹੀਨਾ ਜੇਠ, ਸ਼ਬਦ ਪੜ੍ਹਦੇ ਖੋਟੇਂ ਆਇ ਪਹੁੰਚੇ ਸ੍ਰੀ ਸਤਿਗੁਰੂ ਜੀ। ਦੁਨੀਆਂ ਦਰਸ਼ਨਾ ਕੋ ਆਉਂਦੀ ਹੈ। ਕੈਂਹਦੇ ਹੈਂ ਇਹ ਕੂਕਿਆਂ ਕਾ ਗੁਰੂ ਹੈ।ਅੰਤਰਯਾਮੀ ਅਕਾਲ ਪੁਰਖ ਜੀ ਆਪ ਮਨੁੱਖਾ ਸਰੀਰ ਧਾਰਿਆ ਹੈ ਇਸ ਸੰਸਾਰ ਕਾ ਉਧਾਰ ਕਰਨੇ ਕੇ ਵਾਸਤੇ।

ਛੇ ਅਨੰਦ ਪੜ੍ਹਾਏ[3]। ਏਕ ਅਨੰਦ ਪੜ੍ਹਾਇਆ ਤਰਖਾਨ ਸਿੰਘ ਕੀ ਲੜਕੀ, ਅਰੋੜਿਆਂ ਸਿੰਘਾਂ ਕਾ ਲੜਕਾ। ਦੀਨ ਦਿਆਲ ਜੀ ਬਚਨ ਕੀਤਾ ਪਹਿਲੇ ਆਪਣੇ ਘਰ ਸੇ ਰੀਤੀ ਤੋਰੀ ਹੈ, ਸਰਬ ਖਾਲਸੇ ਨੂੰ ਕਰਨੀ ਬਣੇਗੀ। ਕਈਆਂ ਸਿੰਘਾਂ ਨੇ ਅਰਜ਼ਾਂ ਕੀਤੀਆਂ ਜੀ ਸਾਡੀ ਲੜਕੀਆਂ ਕੇ ਅਨੰਦ ਆਪਕੇ ਹਜ਼ੂਰ ਪੜੇ ਜਾਵਣ ਤਾਂ ਅਸੀਂ ਪ੍ਰਸਨ ਹੈਂ।

ਖੋਟੀਂ ਸਾਰੇ ਪਿੰਡ ਮੈਂ ਏਹੀ ਬਾਤਾਂ ਹੋਵਨ ਅਨੰਦ ਕੀਆਂ ਕਿ ਨਵੀਂ ਰੀਤੀ ਤੋਰੀ ਹੈ ਅਤੇ ਬ੍ਰਾਹਮਣਾਂ ਕੋ ਮੰਨਣਾ ਭੀ ਛੋਡ ਦੀਆ ਹੈ। ਦੇਖੋ ਕੈਸਾ ਅਚਰਜ ਪੰਥ ਪੈਦਾ ਹੋਇਆ ਹੈ। ਅੱਗੇ ਚਾਰ ਜੁਗਾਂ ਮੈ ਬੇਦਾਂ ਕੋ ਮੰਨਦੇ ਆਏ ਹੈਂ। ਏਸ ਗੁਰੂ ਨੇ ਨਿਆਰਾ ਹੀ ਪੰਥ ਤੋਰਿਆ ਹੈ।

## ਬ੍ਰਾਹਮਣਾਂ ਅਰਜ਼ੀ ਪਾਈ

ਪਿੰਡ ਖੋਟਿਆਂ ਦੇ ਬ੍ਰਾਹਮਣਾਂ ਨੇ ਸਰਕਾਰੇ ਅਰਜ਼ੀ ਜਾਇ ਦਿੱਤੀ ਇੱਕਠੇ ਹੋ ਕੇ ਸਲਾਹ ਕਰਕੇ ਕਿ ਜੋ ਨਵਾਂ ਪੰਥ ਪੈਦਾ ਹੋਇਆ ਹੈ ਸੋ ਸਾਨੂੰ ਮਾਰਦੇ ਹੈਂ ਅਤੇ ਬੇਦ ਰੀਤੀ ਬੰਦ ਕਰ ਦਿੱਤੀ ਹੈ। ਅੱਗੇ ਸਾਨੂੰ ਵਿਆਹ ਸ਼ਾਦੀ ਪਰ ਬੁਲਾਉਂਦੇ ਸੇ, ਸੋ ਏਨ੍ਹਾਂ ਸਾਨੂੰ ਬੰਦ ਕਰ ਦੀਆ ਹੈ। ਸਾਕ ਅੰਗ ਕੋ ਭੀ ਨਹੀਂ ਜਾਣਦੇ, ਸਿੰਘ ਹੋਵੇ ਭਾਵੇਂ ਕੋਈ ਹੋਵੇ। ਔਰ ਏਨ੍ਹਾਂ ਨੇ ਦੇਸ ਵਿਗਾੜ ਦੀਆ ਹੈ। ਫ਼ਰੰਗੀ ਨੇ ਥਾਣੇਦਾਰ ਭੇਜਿਆ। ਗੁਰੂ ਜੀ ਕੋ ਕਹਿਣੇ ਲਗਾ ਜੀ ਆਪ ਕੋ ਅੰਗ੍ਰੇਜ਼ ਨੇ ਸੱਦਿਆ ਹੈ, ਬਾਘੇ ਪੁਰਾਣੇ ਮੈ ਉਤਰਿਆ ਹੋਇਆ ਹੈ।

ਸ੍ਰੀ ਸਤਿਗੁਰੂ ਜੀ ਤੁਰ ਪਏ। ਰਸਤੇ ਮੇਂ ਜੋਗਾ ਸਿੰਘ ਨੂੰ ਕਹਾ ਕਿ ਤੂੰ ਕਹਿਣਾ ਕਿ ਮੈਂ

---

1 ਜੇਠ ਸੁਦੀ ਪੂਰਨਮਾਸ਼ੀ, ਸੰਮਤ ੧੯੨੦ ਬਿ. ਮੁਤਾਬਕ ੧ ਜੂਨ ੧੮੬੩ ਈ, ਦਿਨ ਸੋਮਵਾਰ।

2 ਸਰਦਾਰ ਜੋਗਾ ਸਿੰਘ ਦੀ ਬੇਨਤੀ ਤੇ ਅਨੰਦ ਪਹਿਲਾਂ ਧੂੜਕੋਟ ਹੀ ਕਰਨੇ ਸਨ। ਪਿੰਡ ਵਿੱਚ ਇਹ ਇਕੋ ਹੀ ਨਾਮਧਾਰੀ ਘਰ ਸੀ। ਬ੍ਰਾਹਮਣਾਂ ਦੇ ਵਿਰੋਧ ਨੂੰ ਧਿਆਨ ਵਿੱਚ ਰੱਖਦਿਆਂ ਅਨੰਦ ਕਾਰਜ ਖੋਟੀ ਜਾ ਕੇ ਸੰਪੰਨ ਕੀਤੇ ਗਏ ਜਿੱਥੇ ਕਾਫ਼ੀ ਘਰ ਨਾਮਧਾਰੀਆਂ ਸਿੰਘਾਂ ਦੇ ਸਨ। ਓਥੇ ਵੀ ਬ੍ਰਾਹਮਣਾਂ ਨੇ ਕਿਹਾ ਕਿ ਜਿਸ ਵੇਲੇ ਅਨੰਦ ਪੜ੍ਹਾਏ ਜਾਣ ਉਸ ਵੇਲੇ ਉਹ ਸਭ ਚਿਖਾ ਬਣਾ ਕੇ ਵਿੱਚ ਪੈ ਸੜ ਕੇ ਮਰ ਜਾਣਗੇ। ਸਤਿਗੁਰੂ ਜੀ ਨੂੰ ਜਦੋਂ ਪਤਾ ਲੱਗਾ ਹੁਕਮ ਕੀਤਾ ਖਾਲਸਾ ਜੀ ਜੇ ਬ੍ਰਾਹਮਣ ਚਿਖਾ ਵਿੱਚ ਨਾ ਪੈਣ ਤਾਂ ਤੁਸੀ ਆਪ ਚੁੱਕ ਕੇ ਚਿਖਾ ਵਿੱਚ ਸੁੱਟ ਦਿਓ।

3 ਹਾੜ ਵਦੀ ਦੂਜ, ਸੰਮਤ ੧੯੨੦ ਬਿ, ੩ ਜੂਨ ੧੮੬੩ ਈ.

ਸੱਦੇ ਹੈਂ। ਖੋਟਿਆਂ ਵਾਲੇ ਕੋ ਕਹਾ ਕਿ ਤੂੰ ਕਹਿ ਦੇਵੀਂ ਕਿ ਜੋਗਾ ਸਿੰਘ ਕੋ ਦੇਖਕੇ ਮੈਂ ਬੀ ਅਨੰਦ ਪੜ੍ਹਾਇਆ ਹੈ। ਬਾਘੇ ਪੁਰਾਣੇ ਵਾਲੇ ਫ਼ਰੰਗੀ ਨੇ ਜੋਗਾ ਸਿੰਘ ਕੋ ਕਹਾ ਕਿ ਤੁਸੀਂ ਏਨ੍ਹਾਂ (ਸਤਿਗੁਰਾਂ) ਨੂੰ ਮੰਨੋ ਅਤੇ ਬ੍ਰਾਹਮਣਾਂ ਨੂੰ ਵੀ ਕੁਝ ਦੇਵੋ। ਜੋਗਾ ਸਿੰਘ ਨੇ ਕਹਾ ਕਿ ਪਾਂਚ ਘੁਮਾਂ ਮੇਰੀ ਜ਼ਮੀਨ ਹੈ ਉਸਕਾ ਤੁਸੀਂ ਮਾਮਲਾ ਛੱਡ ਦਿਓ ਤਾਂ ਮੈਂ ਬ੍ਰਾਹਮਣਾ ਨੂੰ ਦੇਂਦਾ ਹਾਂ। ਫ਼ਰੰਗੀ ਨੇ ਕਹਾ ਅੱਛਾ ਮੈਂ ਖਾਣਾ ਖਾ ਆਵਾਂ। ਵਾਪਸ ਆਇਕੇ ਫ਼ਰੰਗੀ ਨੇ ਬ੍ਰਾਹਮਣਾ ਕੋ ਕਹਾ ਕਿ ਲਿਆਓ ਵਹੀ ਜੇਹੜੀ ਪਰ ਤੁਮ੍ਹਾਰਾ ਲੈਣਾ ਲਿਖਾ ਹੈ। ਬ੍ਰਾਹਮਣ ਬੋਲੇ ਵਹੀ ਤਾਂ ਨਹੀਂ ਹੈ, ਸਾਡਾ ਤਾਂ ਪੁੰਨ ਹੀ ਹੈ। ਉਸੀ ਵਕਤ ਫ਼ਰੰਗੀ ਨੇ ਕਹਾ ਪੁੰਨ ਅਦਾਲਤ ਮੇਂ ਨਹੀਂ ਲਿਖਾ ਹੈ। ਕੋਈ ਪਾਂਚ ਸੌ ਲਵੇ ਕੋਈ ਨਾ ਲਵੇ। ਕੋਈ ਅਨੰਦ ਪੜ੍ਹਾਏ ਕੋਈ ਵਿਆਹ ਕਰੇ, ਚਾਹੇ ਆਪਣੀ ਮਰਜੀ ਸੇ ਕੁਛ ਕਰੇ ਕੁਛ ਨਾ ਕਰੇ। ਉਸੀ ਵਕਤ ਬ੍ਰਾਹਮਣਾਂ ਕੋ ਕਹਾ ਕਿ ਜਾਓ ਅਰਜ਼ੀ ਖਾਰਜ। ਜੋਗਾ ਸਿੰਘ ਨੇ ਕਹਾ ਕਿ ਸਾਡੀ ਅਦਾਲਤ ਨਹੀਂ ਹੋਈ ਹੈ। ਅੱਜ ਤਾਂ ਏਨ੍ਹਾਂ ਅਰਜ਼ੀ ਪਾਈ ਹੈ। ਖਾਲਸੇ ਕੀ ਰੀਤੀ ਅਨੰਦ ਕੀ ਹੈ ਕਿਓਂਕਿ ਖਾਲਸਾ ਜੋ ਤੀਸਰਾ ਪੰਥ ਹੈ ਸੋ ਨਿਆਰਾ ਹੀ ਹੈ। ਕਲ ਕੋ ਸਾਡੇ ਗਲ਼ੇ ਕੋਈ ਬ੍ਰਾਹਮਣ ਪੈ ਕੇ ਮਰ ਜਾਵੇਗਾ ਫੇਰ ਸਰਕਾਰ ਸਾਡੇ ਨਾਓਂ ਲਾਵੇਗੀ। ਫੇਰ ਸਾਨੂੰ ਨਾ ਕਹੇ ਸਰਕਾਰ। ਉਸੀ ਵਕਤ ਫ਼ਰੰਗੀ ਨੇ ਲਿਖ ਲਿਆ ਜੋ ਕੁਝ ਜੋਗਾ ਸਿੰਘ ਨੇ ਕਹਾ ਸੀ। ਕੰਮ ਫਤ੍ਹੇ ਹੋ ਗਿਆ। ਫ਼ਰੰਗੀ ਨੇ ਹੱਥ ਜੋੜਕੇ ਕਹਾ ਬਾਬਾ ਸਾਹਿਬ ਜੀ ਆਪ ਘਰ ਕੋ ਚਲੇ ਜਾਓ ਰੌਲਾ ਬਹੁਤ ਪੈ ਗਿਆ ਹੈ। ਮੈਨੂੰ ਨਮੋਸ਼ੀ ਆਉਂਦੀ ਹੈ। ਫ਼ਰੰਗੀ ਨੇ ਥਾਣੇਦਾਰ ਕੋ ਕਹਾ ਕਿ ਬਾਬਾ ਸਾਹਿਬ ਕੋ ਭੈਣੀ ਛੋਡ ਆਓ। ਸਤਿਗੁਰੂ ਜੀ ਨੂੰ ਠਾਣੇ ਠਾਣੀਂ ਭੈਣੀ ਸਾਹਿਬ ਪਹੁੰਚਾਇ ਦੀਆ।

ਸ੍ਰੀ ਸਤਿਗੁਰੂ ਜੀ ਰਾਮਦਾਸ ਪੁਰੇ ਆਏ। ਸਿੰਘਾਂ ਨੇ ਬੜੀ ਖੁਸ਼ੀ ਮਨਾਈ। ਜੋਗਾ ਸਿੰਘ ਕੋ ਸਤਿਗੁਰੂ ਜੀ ਹੁਕਮ ਦਿੱਤਾ ਕਿ ਜਾ ਧੂੜਕੋਟ ਕੋ। ਉਸ ਇਲਾਕੇ ਕੇ ਜੋ ਨਾਮਧਾਰੀ ਹੈਂ ਸੋ ਉਨ੍ਹਾਂ ਕੇ ਘਰੀਂ ਸ੍ਰੀ ਗ੍ਰੰਥ ਸਾਹਿਬ ਕਾ ਭੋਗ ਪਵਾਓ ਅਤੇ ਸ਼ਬਦ ਕੀਰਤਨ ਕਰਿਆ ਕਰੋ। ਜੋਗਾ ਸਿੰਘ ਚਲਿਆ ਗਿਆ। ਜਾਇਕੇ ਸਿੱਖਾਂ ਦੇ ਘਰੀਂ ਪਾਠ ਖੁਲਾਇ ਦਿੱਤੇ ਤੇ ਭੋਗ ਪਵਾਏ। ਦੋਨੋਂ ਵਕਤ ਦੀਵਾਨ ਲਾਵਣਾ ਸ਼ੁਰੂ ਕੀਤਾ। ਜੋ ਆਂਵਦਾ ਹੈ ਸੋ ਭਜਨ ਲੈ ਕੇ ਤ੍ਰਿਪਤ ਹੋਏ ਜਾਂਦਾ ਹੈ।

◆

# ਸ੍ਰੀ ਭੈਣੀ ਸਾਹਿਬ ਵਿਚ ਨਜ਼ਰਬੰਦੀ
# (ਜੂਨ ੧੮੬੩ ਤੋਂ ਮਾਰਚ ੧੮੬੭ ਈ.)

ਜੋ ਕੋਈ ਭਜਨ ਲੈਣ ਵਾਲਾ ਹੋਵੇ ਸੋ ਰਾਮਦਾਸ ਪੁਰੇ ਆਇ ਜਾਂਦਾ ਹੈ। ਗੁਰੂ ਰੀਤੀ ਮਨਜ਼ੂਰ ਕਰਨੀ, ਭਜਨ ਲੈਣਾ। ਨਾਮ ਦਾਨ ਇਸ਼ਨਾਨ ਤਿਨਾਂ ਚੀਜਾਂ ਕਾ ਧਨੀ ਹੋਣਾ ਔਰ ਜਾਕੇ ਸਾਰੇ ਉਪਮਾ ਕਰਨੀ ਜਿਸਨੇ ਅੰਮ੍ਰਿਤ ਛਕ ਜਾਣਾ।

## ਨਵੀਂ ਸਫ਼ ਵਿਛਾਇ ਦਿਤੀ ਹੈ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਇੱਕੋ ਨਾਮ ਦਿੱਤਾ ਤੇ ਇੱਕੋ ਰੀਤੀ ਇਸਤਰੀ ਪੁਰਖ ਕੀ ਕੀਤੀ ਹੈ। ਜਨਾਨੇ ਸਰੀਰਾਂ ਕੋ ਅੱਗੇ ਕਛਿਹਰੇ ਕਿਸੇ ਨਹੀਂ ਪਵਾਏ, ਏਸ ਬਾਰ੍ਹਵੇਂ ਗੁਰੂ ਜੀ ਪਵਾਏ ਹੈਨ। ਨਵਾਂ ਹੀ ਪੰਥ ਤੇ ਨਵੀਂ ਹੀ ਰੀਤੀ। ਪੁਰਾਣੀ ਸਫ਼ ਉਠਾਇਕੇ ਨਵੀਂ ਸਫ਼ ਵਿਛਾਇ ਦਿੱਤੀ ਹੈ। ਜੋ ਸਿੰਘ ਚੜਾਈ ਕਰ ਜਾਏ ਉਸਕਾ ਭੀ ਭੋਗ ਪਵਾਇ ਦੇਣਾ। ਬ੍ਰਾਹਮਣਾਂ, ਮੀਆਂ, ਮਹਿਤਾ, ਜਿੰਨ, ਭੂਤ, ਮੜੀ, ਗੋਰ, ਪਿਤਰ ਜਠੇਰੇ ਕੁਲ ਸਭ ਮੰਨਣੇ ਛੁਡਾਇ ਦਿੱਤੇ ਹੈਂ। ਹੋਰ ਬਾਰਾਂ ਪੰਥਾ ਕਾ ਜੰਜਾਲ, ਪੰਜ ਪੀਰ ਕੀ ਮਨਤਾ ਸਭ ਛੁਡਾਇ ਦਿੱਤੀ ਹੈ। ਦੋਨੋਂ ਹੀ ਸ੍ਰੀ ਗ੍ਰੰਥ ਸਾਹਿਬ ਅਤੇ ਭਾਈ ਗੁਰਦਾਸ ਕੀ ਬਾਣੀ ਪੜ੍ਹਨੀ।ਪੰਜ ਕੱਕੇ ਹਮੇਸ਼ਾਂ ਤਿਆਰ ਬਰ ਤਿਆਰ ਰੱਖਣੇ। ਜੈਸੀ ਰੀਤੀ ਰਹਿਤ ਦਸਵੇਂ ਪਾਤਸ਼ਾਹ ਨੇ ਦੱਸੀ ਸੀ ਤੈਸੀ ਹੀ ਰੀਤੀ ਚਲਾਈ ਹੈ। ਮਾਸ ਸ਼ਰਾਬ ਚੋਰੀ ਜਾਰੀ ਝੂਠ ਨਿੰਦਿਆ ਇਹ ਕਰਮ ਸਭ ਛੁਡਾਇ ਦਿੰਦੇ ਹੈਨ।ਸ਼ੁਭ ਕਰਮਾਂ ਵੰਨੀਂ ਲਾਇ ਦੇਂਦੇ ਹੈਨ। ਸਤ ਸੰਤੋਖ ਦਿਆ ਧਰਮ ਖਿਮਾ ਸਭਨਾਂ ਕੋ ਏਹ ਕਰਮ ਦ੍ਰਿੜਾਉਂਦੇ ਹੈਨ।

## ਬੀਬੀ ਦਇਆ ਕੌਰ ਨੂੰ ਸਰਾਪ

ਬੀਬੀ ਦਇਆ ਕੌਰ ਪੁਸਤਕ ਪੜ੍ਹਦੀ ਸੀ। ਰਿਖੀ ਸਿੰਘ ਸੋਟੀ ਲਾਇਕੇ ਕੈਹਣੇ ਲਗਾ ਸਤਿਗੁਰੂ ਜੀ ਦੀ ਧੀ ਬਣੀ ਫਿਰਦੀ ਹੈ। ਬੀਬੀ ਨੇ ਸੋਟਾ ਮਾਰਿਆ ਬਾਂਹ ਪਰ। ਬਾਂਹ ਸੁਜ ਗਈ। ਰਿਖੀ ਸਿੰਘ ਨੇ ਕਹਿਆ ਤੈਂ ਮੈਨੂੰ ਮਾਰਿਆ ਹੈ ਪਰ ਤੂੰ ਭੀ ਯਾਦ ਰੱਖੀਂ ਤੈਨੂੰ ਟਕੂਏ ਨਾਲ ਵੱਢਾਂਗੇ ਨਾਲੇ ਤੇਰਾ ਨੱਕ ਵੱਢਾਂਗੇ। ਸ੍ਰੀ ਸਤਿਗੁਰੂ ਜੀ ਆਏ ਤਾਂ ਦਇਆ ਕੌਰ ਨੇ ਰੋਇ ਕੇ ਕਹਾ ਕਿ ਰਿਖੀ ਸਿੰਘ ਕਹਿੰਦਾ ਹੈ ਤੇਰਾ ਨੱਕ ਵੱਢਾਂਗਾ। ਗੁਰੂ ਜੀ ਬਚਨ ਕੀਤਾ ਖ਼ਵਰੇ ਏਹ ਭੀ ਹੋ ਜਾਏਗਾ, ਕਿਓਂ ਬੋਲਦੀ ਹੈਂ? ਸਾਧੂ ਬੋਲੇ ਸਹਿਜ ਸੁਭਾਇ, ਸਾਧ ਕਾ ਬੋਲਿਆ ਬਿਰਥਾ ਨਾ ਜਾਇ।

## ਗਊ ਕਿ ਗਧਾ

ਬਾਬਾ ਰਘੁਬੀਰ ਸਿੰਘ ਉਦਾਸੀਆਂ ਵਿੱਚੋਂ ਆਇਕੇ ਭਜਨ ਲੀਤਾ। ਬਿਦਿਆ ਪੜ੍ਹਾਉਂਦਾ ਹੁੰਦਾ ਸੀ। ਲੰਗੋਟੀ ਰੱਖਦਾ ਸੀ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਕਾਲੂ ਕਾ ਚੋਲਾ ਹੈ, ਗੁਰੂ

ਨਾਨਕ ਜੀ ਕੇ ਪਿਤਾ ਵਾਲਾ। ਅਨੇਕ ਭੁਜੰਗੀ ਪੜ੍ਹਾਏ ਜਿਤਨਾ ਚਿਰ ਜੀਊਂਦਾ ਰਿਹਾ। ਇਸ ਕਰਕੇ ਸਭ ਅਦਬ ਰੱਖਦੇ ਹੈਂ। ਖਟੜੀਂ ਗਏ ਹੋਏ ਸੀ। ਬਾਬੇ ਕੀ ਸੇਵਾ ਨੂੰ ਲਾਲ ਸਿੰਘ ਲਤਾਲੇ ਵਾਲਾ[1] ਕੀਤਾ। ਬਚਨ ਹੋਇਆ ਨਾਲੇ ਸੇਵਾ ਕਰੀਂ ਨਾਲੇ ਬਿਦਿਆ ਪੜ੍ਹੀ। ਲਾਲ ਸਿੰਘ ਕਛਹਿਰੇ ਰੱਖਦਾ ਸੀ। ਏਕ ਦਿਨ ਆਪਸ ਮੇਂ ਬੋਲ ਪਏ। ਲਾਲ ਸਿੰਘ ਨੇ ਕਹਾ ਮੇਰਾ ਗਊ ਗਧੇ ਵਾਲਾ ਮੇਲ ਬਣਾ ਦਿੱਤਾ ਹੈ। ਬਾਬੇ ਰਘੁਬੀਰ ਸਿੰਘ ਕਹਾ ਲਾਲ ਸਿੰਘ ਗਊ ਕੌਣ ਤੇ ਗਧਾ ਕੌਣ? ਲਾਲ ਸਿੰਘ ਕਹਾ ਗਊ ਮੈਂ ਤੇ ਗਧਾ ਤੂੰ। ਬਾਬੇ ਗੁਰੂ ਜੀ ਅੱਗੇ ਫਰਿਆਦ ਕੀਤੀ ਮੈਨੂੰ ਗਧਾ ਕਿਓਂ ਕਹਾ ਹੈ ਤੇ ਤੁਸੀਂ ਸੰਤ ਕਿਓਂ ਕਹਿੰਦੇ ਹੋ? ਬਚਨ ਹੋਇਆ ਤੁਹਾਨੂੰ ਗਧਾ ਕਿਓਂ ਕਹਿਣਾ ਹੈ ਉਸਨੇ। ਬਾਬੇ ਕਹਾ ਲਾਲ ਸਿੰਘ ਕਹਿੰਦਾ ਹੈ। ਸਦਵਾਇਕੇ ਲਾਲ ਸਿੰਘ ਨੂੰ ਬਚਨ ਕੀਤਾ ਬਾਬੇ ਨੂੰ ਗਧਾ ਕਿਓਂ ਕਹਿਆ ਹੈ? ਲਾਲ ਸਿੰਘ ਕਹਾ ਕਿ ਲੰਗੋਟੀ ਵਾਲਾ ਗਧਾ ਹੈ ਤੇ ਕਛਹਿਰੇ ਵਾਲਾ ਗਊ ਹੈ। ਗੁਰੂ ਜੀ ਬਚਨ ਕੀਤਾ ਬਾਬਾ ਏਹ ਬੋਲਾ ਅਕਾਲ ਪੁਰਖ ਕਾ ਹੈ। ਏਸ ਕੇ ਕੁਛ ਅਖ਼ਤਿਆਰ ਨਹੀਂ ਹੈ। ਅਕਾਲ ਪੁਰਖ ਕਾ ਹੁਕਮ ਕਛਹਿਰਿਆਂ ਕਾ ਹੈ। ਅਸੀਂ ਏਸ ਨੂੰ ਭੀ ਕੁਛ ਨਹੀਂ ਕਹਿੰਦੇ। ਬਾਬੇ ਕਹਾ ਜੇ ਏਹ ਗੱਲ ਹੈ ਤਾਂ ਮੈਂ ਕਛਿਹਰੇ ਪਾਇਕੇ ਹੀ ਪ੍ਰਸ਼ਾਦ ਛਕਾਂਗਾ। ਤੱਤ ਛਿਨ ਮੇਂ ਅੰਮ੍ਰਿਤ ਛਕ ਲਿਆ ਕਛਹਿਰੇ ਪਾਇ ਲੀਏ। ਬਾਬੇ ਲਾਲ ਸਿੰਘ ਨੂੰ ਕਹੇ ਕਿ ਤੈਂ ਮੇਰੇ ਤੇ ਬੜਾ ਉਪਕਾਰ ਕੀਤਾ ਹੈ। ਖ਼ਵਰੇ ਮੈਂ ਕਦੇ ਕਛਹਿਰੇ ਪੌਣੇ ਸੀ ਕਿ ਨਹੀਂ। ਸ਼ਤਾਬੀ ਕਾਰਜ ਹੋਇ ਗਿਆ ਹੈ।

## ਤਾਂ ਛਕਣਾ

ਇਕ ਸਿੰਘ ਨੇ ਅਰਜ਼ ਕੀਤੀ ਕਿ ਸਾਨੂੰ ਕੁਸੰਗੀ ਲੋਕ ਕਹਿੰਦੇ ਹੈਂ ਕਿ ਸਾਡੇ ਘਰ ਕਾ ਪ੍ਰਸ਼ਾਦ ਛਕੋ। ਆਪ ਕਾ ਹੁਕਮ ਹੈ ਕਿਸੇ ਕੇ ਘਰ ਕਾ ਪ੍ਰਸ਼ਾਦ ਨਾ ਛਕੋ। ਅਸੀ ਕੀ ਉੱਤਰ ਦੇਈਏ? ਸਤਿਗੁਰੂ ਜੀ ਬਚਨ ਕੀਤਾ ਜੋ ਕੁਸੰਗੀ ਕਹੇ ਸਾਡੇ ਘਰ ਕਾ ਪ੍ਰਸ਼ਾਦ ਛਕੋ ਉਸਕੋ ਕੈਹਣਾ ਕਿ ਤੂੰ ਭਜਨ ਲੈ ਲੈ ਤੇ ਮਾਸ ਸ਼ਰਾਬ ਛੋਡ ਦੇ। ਜੇ ਲੈ ਲਵੇ ਤਾਂ ਛਕਣਾ ਨਹੀਂ ਨਾ ਛਕੋ।

ਬਾਬਾ ਹਰਸਾ ਸਿੰਘ ਗ੍ਰੰਥੀ ਚੁਗਾਵਾਂ ਕੰਗਨਪੁਰੇ ਕੋ ਬਚਨ ਕੀਤਾ ਭਾਈ ਬੀਰ ਸਿੰਘ ਕੀ ਕੈਂਹਦਾ ਸੀ? ਹਰਸਾ ਸਿੰਘ ਨੇ ਕਹਿਆ ਕਿ ਕੈਂਹਦਾ ਸੀ ਬੀਰ ਸਿੰਘ ਕੇ ਲਾਹੌਰ ਕਾ ਰਾਜ ਨਹੀਂ ਰਹੇਗਾ। ਫ਼ਰੰਗੀਆਂ ਕਾ ਰਾਜ ਸਾਰੇ ਹੋਇ ਜਾਏਗਾ। ਫੇਰ ਫ਼ਰੰਗੀ ਸਤਿਗੁਰੂ ਜੀ ਕੋ ਜਲਾਵਤਨ ਕਰ ਦੇਣਗੇ।

ਏਕ ਰਾਗੀ ਸਿੰਘ ਨੇ ਏਕ ਰੁਪਿਆ ਭੇਟਾ ਕੀਤਾ। ਸਤਿਗੁਰੂ ਜੀ ਦਾਤਣ ਕਰਦੇ ਸੇ। ਦਾਤਣ ਨਾਲ ਰੁਪਿਆ ਪਰ੍ਹਾਂ ਕੀਤਾ ਕਿ ਉਠਾਇ ਲੈ। ਰਾਗੀ ਨੇ ਕਹਾ ਜੀ ਆਪ ਕਾ ਹੀ ਹੈ ਸਭੋ ਕੁਛ। ਗੁਰੂ ਜੀ ਬਚਨ ਕੀਤਾ ਅਜਕਲ ਤਾਂ ਰੁਪਿਆ ਮੋਹਰ ਸਮਾਨ ਹੈ, ਐਸਾ ਸਮਾਂ ਆਊ ਜੋ ਮੋਹਰ ਭੀ ਰੁਪਏ ਸਮਾਨ ਹੋ ਜਾਊਗੀ।

ਏਕ ਦਿਨ ਸ੍ਰੀ ਸਤਿਗੁਰੂ ਜੀ ਬਚਨ ਕੀਤਾ ਕਿ ਦਰਗਾਹ ਮੈ ਇਕ ਕੜਛਾ ਵਰਤਾਇਆ

---

1 ਪਿਤਾ ਸ੍ਰ. ਗੁਰਦਿਆਲ ਸਿੰਘ।

ਸੀ ਤਾਂ ਸਾਰਾ ਬ੍ਰਹਿਮੰਡ ਤ੍ਰਿਪਤ ਹੋ ਗਿਆ ਸੀ। ਏਹ ਲੰਗਰ ਅਕਾਲ ਪੁਰਖ ਕਾ ਹੈ, ਅਤੁੱਟ ਵਰਤੇਗਾ। ਏਕ ਨਿਹੰਗ ਨੇ ਆਇ ਕਹਾ ਜੀ ਮੇਰਾ ਮਨ ਬੜਾ ਗ਼ਰੀਬ ਹੈ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਮੇਰਾ ਮਨ ਤੇਰੇ ਤੇ ਭੀ ਗ਼ਰੀਬ ਹੈ। ਮੇਰੇ ਜਿੱਡਾ ਗਰੀਬ ਮਨ ਕਿਸੇ ਦਾ ਨਹੀਂ ਹੈ।

ਸ੍ਰੀ ਸਤਿਗੁਰੂ ਜੀ ਸਵਾ ਪਹਿਰ ਤੜਕੇ ਇਸ਼ਨਾਨ ਕਰਨਾ, ਆਸਾ ਦੀ ਵਾਰ ਲਗਣੀ। ਸਿੰਘਾਂ ਨੇ ਪ੍ਰੇਮ ਨਾਲ ਸ਼ਬਦ ਪੜ੍ਹਨੇ ਅਤੇ ਕਈਆਂ ਕੋ ਪ੍ਰੇਮ ਮੇਂ ਹੋ ਕਰ ਸੂਤਰ ਹੋ ਜਾਣਾ। ਦੋਨੋਂ ਵਕਤ ਸ਼ਬਦ ਪੜ੍ਹਨੇ ਤੇ ਕਥਾ ਸੂਰਜ ਪ੍ਰਕਾਸ਼ ਕੀ ਕਰਨੀ।

## ਸੰਤ ਖਾਲਸਾ

ਸੰਤ ਖਾਲਸਾ ਜੋ ਹੈ ਚੰਦਨ ਕੇ ਮਾਨਿੰਦ ਹੈ ਤੇ ਜਿਸ ਕੇ ਨਾਲ ਸੰਗਤ ਹੋ ਜਾਂਦੀ ਹੈ ਸੋ ਚੰਦਨ ਮਾਫਕ ਹੋ ਜਾਂਦਾ ਹੈ ਅਤੇ ਜੋ ਸਾਕਤ ਲੋਕ ਹੈਨ ਸੋ ਬਾਂਸ ਵਰਗੇ ਹੈਂ। ਜੈਸੇ ਬਾਂਸ ਕੋ ਸੁਗੰਧਤਾ ਚੰਦਨ ਕੀ ਨਹੀਂ ਪ੍ਰਾਪਤ ਹੋਤੀ ਵੈਸੇ ਸਾਕਤ ਪੁਰਖੋਂ ਕੋ ਸ਼ਾਂਤੀ ਜੋਗ ਜੋ ਅੰਮ੍ਰਿਤ ਹੈ ਸੋ ਤਿਨ੍ਹਾਂ ਕੋ ਅਸਰ ਨਹੀਂ ਕਰ ਸਕਦਾ। ਪੰਚ ਭੂਤ ਜੋ ਅਤਿ ਸੈ ਕਰਕੇ ਬਲੀ ਹੈਂ ਸੋ ਸੰਤ ਖਾਲਸੇ ਕੇ ਨੇੜੇ ਨਹੀਂ ਆ ਸਕਦੇ।

ਸਿੰਘਾਂ ਕਾ ਸਿੱਧਾ ਦਾੜ੍ਹਾ ਔਰ ਸਿੱਧਾ ਦਸਤਾਰਾ ਹੈ। ਸਭ ਸਣੇ ਕੇਸੀਂ ਇਸ਼ਨਾਨ ਕਰਦੇ ਹੈਨ ਅਤੇ ਬਾਣੀਆਂ ਪ੍ਰੇਮ ਨਾਲ ਪੜਦੇ ਹੈਨ। ਆਏ ਗਏ ਸਿੰਘਾਂ ਕੀ ਸੇਵਾ ਪ੍ਰੇਮ ਨਾਲ ਕਰਦੇ ਹੈਨ। ਜੋ ਨਾਮਧਾਰੀ ਸਿੰਘ ਹੋਵੇ ਸੋ ਸਭ ਕੋ ਆਪਣਾ ਭਾਈ ਸਮਝਣਾ। ਪਰਾਈ ਸਿੰਘਣੀ ਧੀ ਭੈਣ ਸਮਝਣੀ। 'ਦੇਖ ਪਰਾਈਆਂ ਚੰਗੀਆਂ ਮਾਵਾਂ ਭੈਣਾ ਧੀਆਂ ਜਾਣੇ।' ਏਹ ਰਹਿਤ ਕੁਲ ਖਾਲਸੇ ਕੋ ਸਤਿਗੁਰੂ ਜੀ ਨੇ ਦ੍ਰਿੜਾਵਨੀ। ਰੀਤੀ ਏਹ ਦਸਣੀ ਪਹਿਲੇ ਮਦਾਨ ਜਾਣਾ, ਫੇਰ ਦੋ ਵੇਰੀ ਗੜਵਾ ਮਾਂਜਨਾਂ। ਫੇਰ ਸੱਤ ਵੇਰੀਂ ਹੱਥ ਮਾਂਜਨੇ। ਫੇਰ ਦਾਤਨ ਕਰਕੇ ਸਣੇ ਕੇਸੀਂ ਇਸ਼ਨਾਨ ਕਰਨਾ ਸਵਾ ਪਹਿਰ ਰਾਤ ਰਹਿੰਦੀ ਨਾਲ। ਫੇਰ ਜੇ ਮਦਾਨ ਆ ਜਾਵੇ ਤਾ ਆਕੇ ਮਦਾਨ ਤੇ ਇਸ਼ਨਾਨ ਕਰਨਾ। ਅੱਠੀ ਪਹਰੀਂ ਪ੍ਰਸ਼ਾਦ ਛਕਣਾ। ਕੰਮ ਕਰਨ ਵਾਲੇ ਭਾਵੇਂ ਦੋਇ ਵੇਲੇ ਪ੍ਰਸ਼ਾਦ ਛਕਣ ਪਰ ਹੋਰ ਰੀਤੀ ਓਹੀ ਹੈ ਜੋ ਬਿਹੰਗਮਾਂ ਕੀ ਹੈ।

ਪਹਿਲੇ ਇਕ ਸਿੰਘ ਸੁਧਾ ਸਿੰਘ ਤੇ ਹੱਟੀ ਲਗਾਈ ਸ੍ਰੀ ਸਤਿਗੁਰੂ ਜੀ ਨੇ। ਹੱਟੀ ਬੜੀ ਚੱਲੇ ਅਰ ਲੋਹਾ ਆਦਿਕ ਦੋ ਦੋ ਚਾਰ ਚਾਰ ਕੋਸ ਕੇ ਲੁਹਾਰ ਲੈ ਜਾਣ। ਇਕ ਸਿੰਘ ਮਰਾਜ ਕਾ ਭਾਈ ਮਹਾਂ ਸਿੰਘ ਸੀ, ਸੋ ਚੱਕੀ ਪੀਸਿਆ ਕਰੇ ਬੜੀ ਸ਼ਰਧਾ ਨਾਲ ਤੇ ਬਾਣੀ ਭੀ ਪੜਿਆ ਕਰੇ।

## ਹਠੂਰ ਗਏ

ਸਤਿਗੁਰੂ ਜੀ ਸੇ ਸਭ ਭੈ ਕਰਦੇ ਸੇ ਬ੍ਰਾਹਮਣ, ਖਤਰੀ ਅਤੇ ਕੁਸੰਗੀ। ਕੋਈ ਚਿਰ ਗੁਜ਼ਰਿਆ ਤੇ ਬਚਨ ਕੀਤਾ ਜ਼ਿਲੇ ਦੇ ਅਰਜ਼ੀ ਦੇਓ, ਦੇਖੀਏ ਕੀ ਉੱਤਰ ਦਿੰਦੇ ਹੈਂ। ਅਰਜ਼ੀ

ਦਿੱਤੀ ਤੇ ਲੁਧਿਹਾਣੇ ਕੇ ਜ਼ਿਲੇ ਕੀ ਛੁੱਟੀ ਮਨਜ਼ੂਰ ਕਰੀ ਜ਼ਿਲੇ ਨੇ। ਦੀਨਾਨਾਥ ਜੀ ਅਠੂਰ[1] ਜਾਇ ਰਹੇ। ਮਾਲਵੇ ਕੀ ਸਾਰੀ ਸੰਗਤ ਆਈ। ਜਿਨ੍ਹਾਂ ਨੇ ਭਜਨ ਲਏ ਹੋਏ ਸੇ, ਦਰਸ਼ਨ ਕਰਕੇ ਨਿਹਾਲ ਹੋਏ। ਸਭ ਰਸਤਾਂ ਨਾਲ ਹੀ ਲੈ ਆਏ ਸੇ। ਸਭ ਸਿੰਘਾਂ ਨੇ ਮਿਲ ਕੇ ਲੰਗਰ ਕੀਤਾ ਤੇ ਬੜੀ ਖੁਸ਼ੀ ਕੀਤੀ। ਸਿੰਘਾਂ ਕੋ ਹੁਕਮ ਸੀ ਕਿ ਇਕੱਲਾ ਇਕੱਲਾ ਜਾਇਕੇ ਭਜਨ ਕਰਿਆ ਕਰੋ।

ਏਕ ਟਾਲੀ ਕੇ ਹੇਠ ਰੋਜ਼ ਭਜਨ ਕਰਨ ਜਾਂਦੇ ਸੇ ਸਤਿਗੁਰੂ ਜੀ। ਜਿਤਨੇ ਦਿਨ ਰਹੇ ਉਤਨੇ ਦਿਨ ਰੋਜ਼ ਜਾਂਦੇ ਰਹੇ। ਜ਼ਮੀਨ ਵਾਲੇ ਜ਼ਿਮੀਂਦਾਰ ਨੇ ਅਰਜ਼ ਕਰੀ ਜੀ ਏਥੇ ਕੁਝ ਨਹੀਂ ਜੰਮਦਾ ਹੈ। ਬਚਨ ਕੀਤਾ ਅੱਛਾ ਹੁਣ ਚੰਗਾ ਜੰਮਿਆ ਕਰੇਗਾ। ਉਸ ਦਿਨ ਸੇ ਸਭ ਕੁਛ ਪੈਦਾ ਹੋਣ ਲਗਾ। ਬਚਨ ਚੰਗਾ ਫਲਿਆ।

## ਖਾਲੀ ਹੀ ਗਏ

ਰਾਗੀਆਂ ਨੇ ਆਸਾ ਕੀ ਵਾਰ ਲਗਾਈ ਪ੍ਰੇਮ ਨਾਲ। ਬਚਨ ਕੀਤਾ ਸਾਡੇ ਨਾਲ ਰਹੋ ਅਤੇ ਸਿੰਘ ਸਜ ਜਾਓ। ਪੰਜ ਰੁਪਏ ਰੋਜ਼ ਲਓ ਅਤੇ ਮਾਸ ਸ਼ਰਾਬ ਨਾ ਵਰਤੋ। ਰਾਗੀ ਬੋਲੇ ਰੁਪਏ ਤਾਂ ਭਾਵੇਂ ਦੋ ਹੀ ਮਿਲਣ ਪਰ ਮਾਸ ਸ਼ਰਾਬ ਰੋਜ਼ ਚਾਹੀਏ ਖਾਣ ਕੋ। ਬਚਨ ਹੋਇਆ ਜੇਕਰ ਤੁਸੀਂ ਮਾਸ ਸ਼ਰਾਬ ਨਹੀਂ ਛਡਦੇ ਤਾਂ ਅਸੀਂ ਤੁਹਾਡਾ ਸ਼ਬਦ ਨਹੀਂ ਸੁਣਦੇ। ਕਰਮਾਂ ਤੇ ਹੀਣੇ ਖਾਲੀ ਹੀ ਗਏ ਗੁਰੂ ਘਰ ਤੇ। ਪੈਹਲੇ ਰਾਗੀ ਸੁੱਧ ਸਿੰਘ ਥਾ ਫੇਰ ਦਿੱਤੂ ਰਹਾ ਬਹੁਤ ਚਿਰ ਫੇਰ ਕੁਝ ਦਿਨ ਭਦੌੜੀਏ[2] ਆਏ ਰਹੇ।

## ਜੀਵਨ ਦਾਨ

ਏਕ ਸਿੰਘ ਛੋਟੀ ਕਟਾਣੀ ਕਾ ਦਲੇਲ ਸਿੰਘ ਸੀ। ਉਸਕੇ ਲੜਕੇ ਕੋ ਅਜੀਬ ਬਿਮਾਰੀ ਸੀ। ਮਰਨ ਵਾਲਾ ਸੀ। ਉਸਨੂੰ ਲੈ ਕੇ ਆਏ। ਸਤਿਗੁਰੂ ਜੀ ਅਕਾਲ ਬੁੰਗੇ ਸਨ। ਸਿੰਘਾਂ ਨੇ ਚਰਨੀਂ ਹੱਥ ਲਾਇਕੇ ਸਾਰਾ ਹਾਲ ਸੁਣਾਇਆ। ਸ੍ਰੀ ਸਤਿਗੁਰੂ ਜੀ ਲੈ ਕੇ ਛਾਤੀ ਨਾਲ ਲਾਇਆ ਤੇ ਬਚਨ ਕੀਤਾ ਤੈਨੂੰ ਕੌਣ ਮਾਰਨ ਵਾਲਾ ਹੈ? ਤੂੰ ਤਾਂ ਸ਼ੇਰ ਕਾ ਪੁਤ ਹੈਂ। ਲੜਕਾ ਮਾਈ ਕੋ ਦੇ ਦੀਆ। ਬਚਨ ਕੀਤਾ ਲੈ ਜਾ। ਪਿਛਾਂ ਮੁੜਕੇ ਨਾ ਦੇਖੀਂ। ਏਤਨੇ ਮੇਂ ਲੜਕਾ ਟਹਿਕ ਆਇਆ। ਰਸਤੇ ਮੈਂ ਗੱਲਾਂ ਕਰਨ ਲੱਗ ਪਿਆ। ਜੋ ਦੇਖਣ ਵਾਲੇ ਸੇ ਸੋ ਸਮਝੇ ਕਿ ਲੜਕਾ ਮਰ ਗਿਆ ਹੋਊ। ਜਾਂ ਘਰ ਆ ਕੇ ਲੋਕ ਦੇਖਣ ਤਾਂ ਅਸਚਰਜ ਹੋਏ। ਸਤਿਗੁਰੂ ਜੀ ਕੀ ਉਪਮਾ ਲੱਗੇ ਕਰਨ ਲੋਕ ਕਿ ਕੈਸਾ ਬੇਅੰਤ ਹੈ ਗੁਰੂ ਜਿਸਨੇ ਸੁਕੇ ਹੋਏ ਨੂੰ ਲਹਿ ਲਹਿ ਕਰਨ ਲਗਾਇ ਦਿੱਤਾ ਹੈ। ਏਸ ਲੜਕੇ ਕੋ ਮੌਤ ਕੇ ਮੂੰਹ ਚੋਂ ਕਢ ਲਿਆ ਹੈ।

ਇਕ ਵਾਰੀ ਕਟਾਣੀ ਦਲੇਲ ਸਿੰਘ ਕੀ ਭੈਂਸ ਮਰਨ ਕੰਢੇ ਹੋ ਗਈ। ਸਿੰਘ ਪਾਸ ਬੈਠ ਕੇ ਭੈਂਸ ਕੇ ਭਜਨ ਕਰਨ ਲੱਗੇ ਅਤੇ ਅੰਦਰੋਂ ਏਹੀ ਸੰਕਲਪ ਕਿ ਭੈਂਸ ਬਚ ਹੋ ਜਾਵੇ। ਜਿਉਂ ਤਿਉਂ ਕਰਕੇ ਰਾਜੀ ਹੋ ਜਾਵੇ। ਭਾਵੇਂ ਆਪਣੀ ਨਿਗਾਹ ਨਾਲ ਕੁੱਤੇ ਦੇ ਪ੍ਰਾਣ ਪਾਇ ਦਿਓ, ਪਰ ਜੇ ਨਾ

1 ਜ਼ਿਲ੍ਹੇ ਲੁਧਿਆਣੇ ਅਤੇ ਜਗਰਾਓਂ ਤਹਸੀਲ ਦਾ ਪਿੰਡ।

2 ਪ੍ਰੇਮ ਸਿੰਘ।

ਭੈਂਸ ਠੀਕ ਨਾ ਹੋਈ ਤਾਂ ਲੋਕ ਆਖਣਗੇ ਨਾਮਧਾਰੀਏ ਹੋਏ ਕਰਕੇ ਭੈਂਸ ਮਰ ਗਈ। ਸਤਿਗੁਰੂ ਪ੍ਰਮੇਸ਼ਰ ਅੰਤਰਯਾਮੀ ਨੇ ਉਸ ਕੀ ਅਰਜ਼ ਸੁਣਕੇ ਭੈਂਸ ਠੀਕ ਕਰ ਦਿੱਤੀ। ਸੁਣਕੇ ਲੋਕਾਂ ਕੋ ਬੜਾ ਭਰੋਸਾ ਹੋਇਆ ਕਿ ਠੀਕ ਪ੍ਰਮੇਸਰ ਨਾਮਧਾਰੀਆਂ ਕੇ ਅੰਗ ਸੰਗ ਹੈ। ਅੱਗੇ ਏਨ੍ਹਾਂ ਕਾ ਮੁੰਡਾ ਬੀ ਮਰਿਆ ਹੋਇਆ ਜੀਊਂਦਾ ਕਰ ਦਿੱਤਾ ਸੀ ਅਤੇ ਹੁਣ ਭੈਂਸ ਵਾਲੀ ਗੱਲ ਦੇਖੋ ਅਚਰਜ। ਕਟਾਣੀ ਵਾਲਿਆਂ ਸਿੰਘਾਂ ਕੋ ਬਚਨ ਕੀਤਾ ਸਤਿਗੁਰੂ ਜੀ ਕਿ ਐਸੀਆਂ ਕਰਾਮਾਤਾਂ ਵਾਲੀਆਂ ਗੱਲਾਂ ਨਾ ਕਰਿਆ ਕਰੋ।

## ਨਾਮ ਜਪਿਆ ਕਰੋ

ਸਤਿਗੁਰੂ ਜੀ ਇਕ ਵਾਰੀ ਸ੍ਰੀ ਭੈਣੀ ਸਾਹਿਬ ਬ੍ਰਾਹਮਣਾਂ ਕੇ ਖੂਹ ਪਰ ਇਸ਼ਨਾਨ ਕਰਦੇ ਸੇ। ਏਕ ਸਿੰਘ ਰਾਈਆਂ ਤੇ ਆਇਆ। ਉਸ ਕਹਾ ਜੀ ਮੈਂ ਰੋਜ਼ ਆਰਤੀ ਸੋਹਿਲੇ ਕਾ ਪਾਠ ਕਰਦਾ ਹਾਂ ਔਰ ਅਰਦਾਸੇ ਮੇਂ ਗੁਰੂ ਬਾਲਕ ਸਿੰਘ ਜੀ ਕਾ ਭੀ ਨਾਉਂ ਲੈਂਦਾ ਹਾਂ ਅਤੇ ਤੁਹਾਡਾ ਨਾਮ ਭੀ ਲੈਂਦਾ ਹਾਂ। ਆਪਨੇ ਅੱਗੇ ਬਚਨ ਕੀਤਾ ਸੀ ਕਿ ਜੋ ਸਾਨੂੰ ਗੁਰੂ ਕਹੇਗਾ ਸੋ ਕੋੜੀ ਹੋਵੇਗਾ ਪਰ ਸਤਿਗੁਰੂ ਰਾਮ ਸਿੰਘ ਕਹੇ ਬਿਨਾਂ ਸਾਤੇ ਨਹੀਂ ਰਹਿਆ ਜਾਂਦਾ। ਸਤਿਗੁਰੂ ਜੀ ਚੁਪ ਕਰ ਰਹੇ। ਬਚਨ ਕੀਤਾ ਪ੍ਰਮੇਸਰ ਕਾ ਭਜਨ ਕਰਿਆ ਕਰੋ। ਦਿਨ ਰਾਤ ਨਾਮ ਜਪਿਆ ਕਰੋ।

## ਸੁਨਿਆਰੇ 'ਤੇ ਬਖਸ਼ਿਸ਼

ਉਟਾਲਾਂ ਮੈਂ ਇਕ ਦੀਦਾਰ ਸਿੰਘ ਸੁਨਿਆਰਾ ਗ਼ਰੀਬ ਸਿੱਖ ਸੀ।[1] ਉਸਨੇ ਗੁਰੂ ਜੀ ਅੱਗੇ ਅਰਜ਼ ਕੀਤੀ ਜੀ ਮੈਂ ਗ਼ਰੀਬ ਹਾਂ। ਗੁਜ਼ਾਰਾ ਨਹੀਂ ਚਲਦਾ ਹੈ। ਗੁਰੂ ਜੀ ਬਚਨ ਕੀਤਾ ਜਿਸ ਕੋਠੀ ਵਿੱਚ ਦਾਣੇ ਹੈਨ ਉਸ ਦਾ ਉੱਤੋਂ ਮੂੰਹ ਨਹੀਂ ਖੋਲ੍ਹਣਾ ਹੇਠੋਂ ਦਾਣੇ ਕੱਢੀ ਜਾਣੇ। ਖੁਸ਼ੀ ਲੈ ਕੇ ਘਰ ਆਇਆ। ਖੁਲ੍ਹੇ ਦਾਣੇ ਵਰਤਣੇ ਲਗਾ। ਗ਼ਰੀਬੀ ਦੂਰ ਹੋ ਗਈ। ਜੋ ਗੁਆਂਢੀ ਹੈਂ ਉਹ ਕਹਿੰਦੇ ਹੈਂ ਇਹ ਭੁੱਖੇ ਮਰਦੇ ਗ਼ਰੀਬ ਸਨ, ਜਿਸ ਦਿਨ ਕੇ ਗੁਰੂ ਜੀ ਕੋ ਮਿਲੇ ਹੈਨ ਉਸ ਦਿਨ ਕਾ ਰੱਜ ਕੇ ਅੰਨ ਖਾਣ ਲੱਗੇ ਹੈਨ।

ਇਕ ਵਾਰੀ ਗੁਰੂ ਜੀ ਦੇ ਚੰਗੇ ਬਸਤਰ ਪਹਿਰੇ ਹੋਏ ਸਨ। ਸਿੰਘਾਂ ਕੋ ਸੰਕਲਪ ਹੋਆ ਕਿ ਕੈਸੀ ਸੁੰਦਰ ਛਬ ਹੈ। ਗੁਰੂ ਅੰਤਰਯਾਮੀ ਜੀ ਬਚਨ ਕੀਤਾ ਜਾਂ ਸਮਾਂ ਆਵੇਗਾ ਤਾਂ ਧੁਆਨੂੰ ਵੀ ਏਹੋ ਜੇਹੀਆਂ ਪੁਸ਼ਾਕਾਂ ਪਵਾਵਾਂਗੇ, ਮੇਰਾ ਆਤਮਾ ਤਾਂ ਰਾਜੀ ਹੋਵੇਗਾ ਕੜਾਹੇ ਕੜਾਹ ਪ੍ਰਸ਼ਾਦ ਦੇ ਭਰੇ ਹੋਏ ਹੋਵਨ, ਗਹਿਰੇ ਗ਼ਫੇ ਰੋਜ਼ ਬਰਤਾਈਏ ਅਤੇ ਖੁਲ੍ਹਾ ਪਦਾਰਥ ਹੋਵੇ ਪਾਸ। ਖਾਲਸੇ ਪਰ ਈਨ ਕਿਸੇ ਕੀ ਨਾ ਹੋਵੇ।

## ਜਲ ਨਾ ਛਕਾਉਣ ਤੇ ਤਨਖ਼ਾਹ

ਇਕ ਦਿਨ ਸੂਬਾ ਪਹਾੜਾ ਸਿੰਘ ਖੂਹ ਪਰ ਇਸ਼ਨਾਨ ਕਰਦਾ ਸੀ। ਕਿਸੇ ਨੇ ਆ ਕੇ ਜਲ ਮੰਗਿਆ। ਗੜਵਾ ਮਾਂਜਣ ਦੇ ਮਾਰੇ ਨੇ ਜਲ ਨਾ ਪਿਲਾਇਆ। ਸ੍ਰੀ ਸਤਿਗੁਰੂ ਜੀ ਸੁਣਕੇ ਬਚਨ

---

1 ਇਸ ਸਿੱਖ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਆਪ ਮਾਲਾ ਬਣਾਉਣ ਦੀ ਜਾਚ ਦੱਸੀ ਸੀ।

ਕੀਤਾ ਜੇਕਰ ਤੁਸਾਂ ਖੂਹ ਪਰ ਜਲ ਨਾ ਪਿਲਾਇਆ ਤਾਂ ਹੋਰ ਕੀ ਸਵਾਰਨਾ ਹੈ। ਸਤਿਗੁਰੂ ਜੀ ਉਸਨੂੰ ਤਨਖਾਹ ਲਾਈ ਕਿ ਸਵਾ ਮਣ ਦਾਣੇ ਪੀਹ। ਬਾਬਾ ਪਹਾੜਾ ਸਿੰਘ ਨੇ ਸਵਾ ਮਣ ਦਾਣੇ ਪੀਸੇ।

## ਨੇੜੇ ਕੇ ਦੂਰ

ਗੁਪਾਲ ਸਿੰਘ ਹੱਟੀ ਵਾਲੇ ਕੋ ਹੁਕਮ ਕੀਤਾ ਕੋਈ ਕੁਝ ਮੰਗੇ ਸੋ ਤੂੰ ਦੇ ਦੇਈਂ। ਏਕ ਸਿੰਘ ਨੇ ਕਹਾ ਜੀ ਧੁਆਡੇ ਕੋਲ ਦੇ ਲੋਕ ਨਾਮ ਤੋਂ ਖਾਲੀ ਹੈਂ। ਇਹਨਾਂ ਨੂੰ ਬੀ ਭਜਨ ਦਿਓ। ਬਚਨ ਕੀਤਾ ਜਿਨ੍ਹਾਂ ਨੂੰ ਨਹੀਂ ਲਿਖਿਆ ਸਤਿਗੁਰੂ ਜੀ ਕੇ ਖਜ਼ਾਨੇ ਵਿੱਚੋਂ ਉਹ ਭਾਵੇਂ ਮੇਰੇ ਪਾਸ ਹੀ ਬੈਠੇ ਹੈਨ, ਨਾਮ ਕਾ ਗ਼ਫਾ ਉਹਨਾਂ ਨੂੰ ਨਹੀਂ ਮਿਲਦਾ। ਜਿਨ੍ਹਾਂ ਦੇ ਮਸਤਕ ਵਿੱਚ ਲਿਖਿਆ ਹੈ ਗੁਰੂ ਨਾਨਕ ਜੀ ਨੇ, ਜਿਨ੍ਹਾਂ ਨੂੰ ਹੁਕਮ ਹੈ ਉਹ ਭਾਵੇਂ ਸਮੁੰਦਰ ਪਾਰ ਹੋਵਨ, ਸੋ ਉਨ੍ਹਾਂ ਕੋ ਓਥੇ ਜਾ ਕੇ ਭਜਨ ਦੇਵਾਂਗੇ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਜੋ ਮੈਨੂੰ ਹੁਕਮ ਸੀ ਸੋ ਮੈਂ ਕਰਦਾ ਹਾਂ। ਜੋ ਮਾੜੇ ਕੰਮ ਕਰਨ ਵਾਲੇ ਹੈਂ ਉਨ੍ਹਾਂ ਕੇ ਮਾੜੇ ਕਰਮ ਹਟਾ ਕੇ ਸਿੰਘ ਸਜਾਵਾਂਗੇ। ਸਾਰੀ ਦੁਨੀਆਂ ਪਰ ਧਰਮ ਵਰਤੇਗਾ।

ਏਕ ਸਮੇਂ ਸਤਿਗੁਰੂ ਜੀ ਬਚਨ ਕੀਤਾ ਏਥੇ ਰਾਮ ਚੰਦਰ ਜੀ ਨੇ ਭੀ ਤਪ ਕੀਤਾ ਸੀ। ਐਸਾ ਸਮਾਂ ਆਵੇਗਾ ਏਥੇ ਰੋਜ਼ ਭੋਗ ਪਿਆ ਕਰਨਗੇ। ਸਰਬ ਤੀਰਥ ਰਾਮਸਰ ਕੀ ਤਾਬਿਆ ਕੀਤੇ ਹੈਨ। ਜੋ ਏਕ ਵਾਰ ਇਸ਼ਨਾਨ ਕਰੇਗਾ ਤਿਸਕੇ ਸਰਬ ਪਾਪ ਮੁੰਚਤ ਹੋ ਜਾਣਗੇ।

## ਏਹ ਹਾਲ ਹੋਵੇਗਾ

ਜੈਮਲ ਸਿੰਘ ਨੇ ਇਕ ਸਿੰਘਣੀ ਕੋ ਮੰਦਾ ਚੰਗਾ ਬੋਲਿਆ। ਸ੍ਰੀ ਸਤਿਗੁਰੂ ਜੀ ਨੇ ਉਸਕੇ ਗ਼ਲ ਮੈ ਛਿੱਤਰਾਂ ਕਾ ਹਾਰ ਪਾਇਆ ਤੇ ਤਨਖਾਹ ਲਾਈ ਤੇ ਗਧੇ ਪਰ ਚਾੜ੍ਹਿਆ। ਮਗਰ ਢੋਲ ਬਜਾਉਣਾ ਸ਼ੁਰੂ ਕੀਤਾ ਤੇ ਮੁਖ ਤੇ ਏਹ ਕੈਹਣ ਜੋ ਕੋਈ ਮਾੜਾ ਕਰਮ ਕਰੇਗਾ ਉਸਕਾ ਏਹ ਹਾਲ ਹੋਵੇਗਾ। ਜੋ ਕੋਈ ਨਹੀਂ ਮੰਨੇਗਾ ਉਸਕੋ ਇਸ ਤੇ ਬੀ ਜ਼ਿਆਦਾ ਸਜ਼ਾ ਦੇਵਾਂਗੇ ਅਤੇ ਉਸ ਕਾ ਨੱਕ ਬਢ ਦੇਵਾਂਗੇ। ਮਾੜਾ ਕਰਮ ਕੋਈ ਨਹੀਂ ਕਰਦਾ। ਸਾਰੇ ਧਰਮ ਵਰਤ ਗਿਆ।

## ਉਪਦੇਸ਼

ਸ੍ਰੀ ਸਤਿਗੁਰੂ ਜੀ ਅਕਾਲ ਬੁੰਗੇ ਬੈਠੇ ਸੇ। ਅਤਰ ਸਿੰਘ ਆਇਆ ਤੇ ਫਤ੍ਹੇ ਬੁਲਾਈ। ਅਤਰ ਸਿੰਘ ਕਰਤਾਰਗੜ੍ਹ ਨੂੰ ਸਤਿਗੁਰੂ ਜੀ ਬਚਨ ਕੀਤਾ ਕੁਝ ਦੇਖਿਆ ਹੈ? ਉਸਨੇ ਕਹਿਆ ਜੀ ਲੋਕ ਕੈਂਹਦੇ ਹੈਂ ਕਲਾਮ ਲੈ ਆਇਆ ਹੈ ਸੱਯਦ ਦੀ ਲੜਕੀ ਥੀਂ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਹਾਂ ਭਾਈ ਠੀਕ ਲੋਕ ਆਖਦੇ ਹੈਨ ਕਲਾਮ। ਏਹ ਪ੍ਰਮੇਸਰ ਕਾ ਨਾਮ ਹੈ। ਹਰੇਕ ਜੀਵ ਕਾ ਉਧਾਰ ਕਰਦਾ ਹੈ ਏਹ ਨਾਮ। ਜਿਨ੍ਹਾਂ ਕੀ ਬੁਧ ਭ੍ਰਿਸ਼ਟ ਹੋਈ ਹੋਈ ਹੈ ਸੋ ਸ਼ਬਦ ਕੋ ਕਲਾਮ ਆਖਦੇ ਹੈਨ। ਉਨ੍ਹਾਂ ਕਾ ਕਿਤੇ ਭਲਾ ਨਹੀਂ ਹੋਣਾ। ਪ੍ਰਮੇਸਰ ਤੇ ਭੁੱਲੇ ਹੋਏ ਹੈਨ ਉਹ। ਕੋਈ ਕੁਛ ਕਹੇ ਮਸਤ ਹੋ ਕੇ ਪ੍ਰਮੇਸਰ ਕਾ ਨਾਮ ਜਪੋ। ਜੋ ਸਰੇ ਸੋ ਦਾਨ ਕਰਨਾ। ਇਸ਼ਨਾਨ ਹਮੇਸ਼ਾਂ ਕਰਨਾ

ਅਤੇ ਵੰਡ ਖਾਣਾ। ਹੋਰ ਲੋਕਾਂ ਕੋ ਭੀ ਉਪਦੇਸ਼ ਐਸਾ ਹੀ ਦੇਣਾ। ਕਿਸੇ ਕੀ ਨਿੰਦਿਆ ਨਹੀਂ ਕਰਨੀ। ਗੁਰੂ ਕੀ ਨਿੰਦਿਆ ਕੰਨੀਂ ਨਹੀਂ ਸੁਣਨੀ। ਹਰ ਏਕ ਕੋ ਮਾਤਾ ਭੈਣ ਕਰਕੇ ਸਮਝਣਾ। ਕਿਸੇ ਕੋ ਬੁਰਾ ਉਪਦੇਸ਼ ਨਹੀਂ ਦ੍ਰਿੜਾਉਣਾ। ਮਿੱਤਰ ਬਣਾ ਕੇ ਠੱਗੀ ਨਹੀਂ ਕਰਨੀ। ਆਪਣੇ ਧਰਮ ਪਰ ਕਾਇਮ ਰੈਹਣਾ। ਮਾੜੇ ਕੰਮ ਥੀਂ ਹਮੇਸ਼ਾ ਬਚੇ ਰੈਹਣਾ। ਕਿਸੇ ਦੇ ਜੁਮੇਂ ਨਿਹੱਕਾ ਦੋਸ਼ ਨਹੀਂ ਲਾਵਣਾ। ਦਿਨ ਰਾਤ ਪ੍ਰਮੇਸਰ ਕਾ ਨਾਮ ਜਪਣਾ। ਜੇੜ੍ਹੇ ਗੁਰੂ ਜੀ ਕੇ ਸ਼ਬਦ ਕੋ ਕਲਾਮ ਕੈਂਹਦੇ ਹੈਨ ਉਨਕਾ ਕਿਤੇ ਭਲਾ ਨਹੀਂ ਹੋਣਾ। ਧਰਤੀ ਪਰ ਅਨੇਕ ਪਾਪ ਹੋਣ ਲਗ ਪਏ ਹੈਂ ਤਾਂ ਮੈਨੂੰ ਪ੍ਰਮੇਸ਼ਰ ਨੇ ਭੇਜਿਆ ਹੈ ਕਿ ਧਰਮ ਚਲਾਓ। ਸੱਚਾ ਉਪਦੇਸ਼ ਦੇਵੋ। ਸੋ ਤਾਂ ਅਸੀਂ ਆਏ ਹਾਂ। ਭਾਈ ਕੋਈ ਕੁਛ ਕਹੇ ਚੁਪ ਕਰ ਰੈਹਣਾ। ਆਪਣੇ ਸ਼ਬਦ ਮੈਂ ਮਸਤ ਰੈਹਣਾ।

♦

# ਅਨੰਦਪੁਰ ਸਾਹਿਬ ਵਿਖੇ ਪਹਿਲਾ ਹੋਲਾ

## (੧੯੨੩ ਬਿ-ਮਾਰਚ ੧੯੬੭ ਈ.)

ਸੰਮਤ ੧੯੨੩ ਬਿਕਰਮੀ, ਗੁਰੂ ਜੀ ਕੀ ਅਨੰਦਪੁਰੇ ਸਾਹਿਬ ਹੋਲਾ ਦੇਖਣ ਕੀ ਮਨਸ਼ਾ ਹੋਈ। ਨਾਲੇ ਫ਼ਰੰਗੀ ਕੀ ਸ਼ਰਤ ਬੀ ਸੀ ਕਿ ਡੇਰੇ ਸੇ ਬਾਹਰ ਨਹੀਂ ਜਾਣਾ। ਲੱਖਾ ਸਿੰਘ ਸੂਬੇ ਕੋ ਲਾਹੌਰ ਭੇਜਿਆ ਕਿ ਅਰਜ਼ੀ ਦੇ ਆ ਕਿ ਅਸੀਂ ਅਨੰਦਪੁਰੇ ਹੋਲੇ ਕੇ ਮੇਲੇ ਜਾਣਾ ਹੈ। ਲੱਖਾ ਸਿੰਘ ਨੇ ਆ ਕੇ ਕਹਾ ਕਿ ਫ਼ਰੰਗੀ ਕਮਿਸ਼ਨਰ ਨੇ ਕਹਾ ਹੈ ਕਿ ਅਨੰਦਪੁਰੇ ਨਹੀਂ ਜਾਣਾ ਮਿਲੇਗਾ। ਏਥੇ ਈ ਹੋਲਾ ਕਰ ਲਓ। ਅਨੰਦਪੁਰੇ ਜਾਣ ਕਾ ਹੁਕਮ ਨਹੀਂ ਹੈ।

ਸ੍ਰੀ ਸਤਿਗੁਰੂ ਜੀ ਬਚਨ ਕੀਤਾ ਸਾਨੂੰ ਕੌਣ ਹੈ ਹਟਾਉਣ ਵਾਲਾ? ਬਚਨ ਕੀਤਾ ਕਿ ਖਾਲਸੇ ਕੋ ਦੇਸਾਂ ਦੇਸਾਂ ਮੈਂ ਚਿੱਠੀਆਂ ਲਿਖੋ ਕਿ ਰਾਮਦਾਸ ਪੁਰੇ ਮੈ ਮੇਲਾ ਹੈ ਹੋਲੇ ਕਾ। ਸਾਰੇ ਦੇਸਾਂ ਕੋ ਖ਼ਬਰਾਂ ਪੁਚਾਈਆਂ ਰਾਮਦਾਸ ਪੁਰੇ ਦੇ ਮੇਲੇ ਦੀਆਂ। ਜੋ ਪਿੰਡ ਦੇ ਜ਼ਿਮੀਂਦਾਰ ਸੇ ਉਨ੍ਹਾਂ ਨੇ ਅਰਜ਼ੀ ਜਾਇ ਪਾਈ ਕਿ ਰਾਮ ਸਿੰਘ ਮੇਲਾ ਰਚਨੇ ਲਗਾ ਹੈ ਭੈਣੀ ਸਾਹਿਬ ਮੇਂ। ਏਨ੍ਹਾਂ ਦੇ ਸਿੰਘ ਆਉਣਗੇ ਬਹੁਤ ਸਾਰੇ ਤੇ ਅਸੀਂ ਮਾਮਲਾ ਕਿੱਥੋਂ ਦੇਵਾਂਗੇ? ਉਨ੍ਹਾਂ ਨੇ ਬੜੇ ਅਫਸਰ ਕੋ ਤਾਰ ਕੇ ਜਰੀਏ ਖ਼ਬਰ ਦਿੱਤੀ ਤੇ ਸਾਰਾ ਹਾਲ ਸੁਣਾਇਆ। ਉੱਥੋਂ ਹੁਕਮ ਆਇਆ ਕਿ ਜਾਣ ਦੇਵੋ ਉਨ੍ਹਾਂ ਕੋ ਅਨੰਦਪੁਰ ਦੇ ਮੇਲੇ। ਕਿਉਂ ਹਟਾਉਂਦੇ ਹੋ? ਕੋਈ ਹੋਰ ਨੁਕਸਾਨ ਹੋਵੇਗਾ ਹਟਾਉਣ ਮੇਂ। ਫ਼ਰੰਗੀ ਨੇ ਹੁਕਮ ਭੇਜ ਦਿੱਤਾ ਕਿ ਜਾਓ ਅਨੰਦਪੁਰ ਕੇ ਹੋਲੇ ਕੋ। ਸ੍ਰੀ ਸਤਿਗੁਰੂ ਜੀ ਹੁਕਮ ਦਿੱਤਾ ਕਿ ਅੱਗੇ ਤਾਂ ਅਰਦਾਸਾਂ ਸੀਆਂ ਕਿ ਰਾਮਦਾਸ ਪੁਰੇ ਕੋ ਆਓ, ਸੋ ਹੁਣ ਏਹ ਲਿਖ ਦੇਵੋ ਕਿ ਸਾਰੀ ਸੰਗਤ ਅਨੰਦਪੁਰ ਕੋ ਚੱਲੇ, ਉੱਥੇ ਮੇਲਾ ਕਰਾਂਗੇ। ਸ੍ਰੀ ਸਤਿਗੁਰੂ ਜੀ ਬਾਬੇ ਕਾਹਨ ਸਿੰਘ ਕੋ ਚਿੱਠੀ ਭੇਜੀ, ਮਲੋਟ ਮੈਂ ਰਹਿੰਦਾ ਸੀ ਭਜਨ ਕਰਦਾ, ਕਿ ਅਨੰਦਪੁਰ ਆਉਣਾ ਹੈ ਤੁਸਾਂ ਅਤੇ ਅਸੀਂ ਭੀ ਆਵਾਂਗੇ।

ਦੋ ਸੂਬੇ ਪਹਿਲਾਂ ਅਨੰਦਪੁਰ ਗੁਰਦਵਾਰੇ ਘੱਲੇ ਕਿ ਤੁਸਾਂ ਜਾ ਕੇ ਪੈਹਲੇ ਪੇਸੇ ਅਤੇ ਰੁਪਏ ਦਾ ਬਹੁਤ ਖ਼ਰਚ ਕਰਨਾ, ਸਿਟਣੇ ਬਹੁਤ ਸਾਰੇ। ਬਾਬਾ ਲੱਖਾ ਸਿੰਘ ਅਤੇ ਹੋਰ ਦੂਸਰੇ ਸੂਬੇ, ਦੋਹਾਂ ਨੇ ਜਾ ਕੇ ਅਰਦਾਸਾਂ ਕਰਾਈਆਂ। ਜਾਂ ਗੁਰੂ ਤੇਗ ਬਹਾਦਰ ਜੀ ਦੇ ਗੁਰਦਵਾਰੇ ਗਏ ਤਾਂ ਪੁਜਾਰੀ ਕਹਿੰਦੇ ਏਥੇ ਹੀ ਖੜੇ ਹੋ ਜਾਓ। ਸੂਬਿਆਂ ਕਹਿਆ ਕਿਓਂ? ਪੁਜਾਰੀ ਕੈਂਹਦੇ ਤੁਸੀਂ ਤਨਖਾਹੀਏ ਹੋ, ਤੁਹਾਡੀ ਪੱਗ ਉਤਰ ਜਾਂਦੀ ਹੈ ਸੂਤਰ ਮੈ। ਕੇਸਾਂ ਦੀ ਬੇਅਦਬੀ ਅਰ ਕਲਾਮ ਪੜਦੇ ਹੋ। ਸੂਬਿਆਂ ਕਹਾ ਕਿ ਪ੍ਰਮੇਸਰ ਕੀ ਦਰਗਾਹ ਤੇ ਝੂਠੇ, ਸ਼ਬਦ ਕੋ ਕਲਾਮ ਦਸਦੇ ਹੋ? ਸ਼ਬਦ ਕੇ ਪ੍ਰੇਮ ਮੇਂ ਮਸਤਾਨੇ ਹੋ ਕੇ ਉਨ੍ਹਾਂ ਕੋ ਸਰਬ ਰੂਪ ਏਕ ਹੀ ਨਜ਼ਰ ਆਉਂਦਾ ਹੈ। ਧੁਆਡੇ ਘਰ ਦੀਆਂ ਸਿੰਘਣੀਆਂ ਤਮਾਕੂ ਦੀ ਨਸਵਾਰ ਵਰਤਦੀਆਂ ਹਨ। ਧੁਆਨੂੰ ਓਨਾਂ ਹੱਥਾਂ ਨਾਲ ਪ੍ਰਸ਼ਾਦਾ ਪਕਾ ਕੇ ਛਕਾਉਂਦੀਆਂ ਹਨ। ਤੁਸੀਂ ਤਾਂ ਆਪ ਤਨਖਾਹੀਏ ਹੋ। ਸਾਨੂੰ ਤੁਸਾਂ ਕੀ ਤਨਖਾਹ ਲੌਣੀ ਹੈ। ਸੂਬਿਆਂ ਕਹਾ ਕਿ ਦੋ ਚਿੱਠੀਆਂ ਲਿਖਕੇ ਅਗਨ ਮੇਂ ਸੁਟ ਦੇਂਦੇ ਹੈਂ। ਜੋ ਸਾਬਤ ਬਚ ਰਹੀ ਸੋ ਸੱਚੇ। ਕੋਲ ਹੀ ਥਾਣੇਦਾਰ ਤੇ ਤਸੀਲਦਾਰ ਸੇ। ਉਨ੍ਹਾਂ ਕਹਾ ਕਿ ਅਦਾਲਤ ਸਹੀ ਹੈ। ਏਸੇ ਤਰ੍ਹਾਂ

ਕਰੋ। ਏਕ ਨਿਹੰਗ ਨੇ ਉੱਚੀ ਸੇ ਪੁਕਾਰ ਕੇ ਕਹਿਆ ਕਿ ਚਿੱਠੀਆਂ ਅਗਨ ਮੈ ਨਾ ਪਾਇਓ। ਧੁਆਡੀ ਚਿੱਠੀ ਅਗਨ ਮੇ ਜਲ ਜਾਊਗੀ। ਝੂਠੇ ਹੋਇ ਜਾਵੋਗੇ। ਸੂਬਿਆਂ ਨੇ ਕਹਿਆ ਤੁਸੀਂ ਇਸ਼ਨਾਨ ਭੀ ਨਹੀਂ ਕਰਦੇ। ਅਸੀਂ ਸਣਕੇਸੀਂ ਇਸ਼ਨਾਨ ਕਰਦੇ ਹਾਂ ਅਤੇ ਨਿਤਨੇਮ ਦਾ ਪਾਠ ਕਰਦੇ ਹਾਂ। ਸਾਨੂੰ ਤੁਸੀਂ ਗੁਰਦਵਾਰੀਂ ਨਹੀਂ ਚੜ੍ਹਨ ਦੇਂਦੇ। ਤੁਸੀ ਆਦਿ ਅੰਤ ਤੇ ਹੀ ਝੂਠੇ ਹੋ। ਹੋਲੇ ਕੋ ਅਸੀਂ ਆਪਣੇ ਸਤਿਗੁਰੂ ਜੀ ਕੋ ਲੈ ਕੇ ਆਵਾਂਗੇ।

ਫੇਰ ਸੂਬਿਆਂ ਨੇ ਪੈਸੇ ਅਤੇ ਕੌਡੀਆਂ ਦੀਆਂ ਮੁੱਠਾਂ ਭਰ ਭਰ ਕੇ ਮਾਰੀਆਂ। ਪੁਜਾਰੀ ਲੱਗੇ ਚੁਗਣ। ਮੱਖੀਆਂ ਵਾਂਗ ਪੁਜਾਰੀ ਡਿੱਗਣ। ਕਈਆਂ ਕੀਆਂ ਪੱਗਾਂ ਲਹਿ ਗਈਆਂ। ਲੋਕ ਹੱਸਣ ਕਿ ਤੁਸੀਂ ਤਾਂ ਕੂਕਿਆਂ ਕੋ ਕਹਿੰਦੇ ਹੋ ਕਿ ਪੱਗਾਂ ਲਾਹ ਦੇਂਦੇ ਹੈਂ ਹੁਣ ਧੁਆਡੀਆਂ ਪੱਗਾਂ ਆਪੇ ਹੀ ਲਹਿ ਗਈਆਂ ਹੈਨ। ਕੂਕਿਆਂ ਦੀ ਪੱਗ ਤਾਂ ਸ਼ਬਦ ਕੀ ਮਸਤੀ ਨਾਲ ਲਹਿ ਜਾਂਦੀ ਹੈ, ਧੁਆਡੀ ਪੱਗ ਪੈਸਿਆਂ ਪਿੱਛੇ ਲਹਿ ਜਾਂਦੀ ਹੈ। ਧੁਆਨੂੰ ਸ਼ਰਮ ਨਹੀਂ ਆਉਂਦੀ ਓਨ੍ਹਾਂ ਕੋ ਤਨਖਾਹੀਏ ਕੈਂਹਦੇ ਹੋ, ਨਾਲੇ ਓਨ੍ਹਾਂ ਕੀ ਪੂਜਾ ਲੈਂਦੇ ਹੋ। ਥਾਣੇਦਾਰ ਔਰ ਤਸੀਲਦਾਰ ਨੇ ਐਸੀ ਫਿਟ ਲਾਨਤ ਕਰੀ ਕਿ ਪੁਜਾਰੀ ਸ਼ਰਮ ਦੇ ਮਾਰੇ ਚੁਪ ਕਰ ਰਹੇ। ਕੋਈ ਜਬਾਬ ਨਾ ਆਵੇ ਅੱਗੇ ਸੇ। ਉਸ ਮੇਲੇ ਮੈ ਤਿੰਨ ਚਾਰ ਸੌ ਸਿੰਘ ਸੀ ਨਾਮਧਾਰੀਆ। ਤਿਨ ਸੂਬੇ ਸਨ ਬਾਬਾ ਲੱਖਾ ਸਿੰਘ, ਸੁੱਧ ਸਿੰਘ ਅਤੇ ਬਾਬਾ ਕਾਨ੍ਹ ਸਿੰਘ। ਲੋਕਾਂ ਕੇ ਦਿਲ ਮੇਂ ਭਰਮ ਕਿ ਹੈਨ ਤਾਂ ਸਿੰਘ ਬਾਣੀ ਬਹੁਤ ਪੜਦੇ ਪਰ ਜੋ ਭਜਨ ਲੈਂਦਾ ਹੈ ਸੋਈ ਖੇਡਣ ਲੱਗ ਪੈਂਦਾ ਹੈ। ਏਹੋ ਜਿਹਾ ਭਰਮ ਲੋਕਾਂ ਕੇ ਦਿਲ ਮੈ ਸੀ। ਕੋਈ ਉਸਤਤ ਕਰਦਾ ਸੀ ਪੰਥ ਦੀ ਤੇ ਕੋਈ ਨਿੰਦਿਆ ਕਰਦਾ ਸੀ।

## ਸਤਿਗੁਰੂ ਜੀ ਅਨੰਦਪੁਰੇ ਨੂੰ ਚੱਲੇ

ਅਰਦਾਸਾ ਕਰਕੇ ਸ੍ਰੀ ਸਤਿਗੁਰੂ ਜੀ ਚੱਲੇ। ਪੈਹਲੇ ਦਿਨ ਤੁਰੇ ਤਾਂ ਖੁਮਾਣੋਂ ਜਾਇ ਰਹੇ। ਓਥੇ ਸਰਦਾਰਾਂ ਨੇ ਬੜੇ ਪ੍ਰੇਮ ਸੇ ਸੰਗਤ ਕੀ ਸੇਵਾ ਕੀਤੀ। ਸਰਦਾਰ ਪ੍ਰਤਾਪ ਸਿੰਘ ਨੇ ੩੦੦ ਰੁਪਏ ਥਾਲੀ ਮੇਂ ਭੇਟਾ ਧਰੇ ਅਤੇ ਰੁਮਾਲ ਉਤਾਰਿਆ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਏਤਨੇ ਰੁਪਏ ਕਾਸਨੂੰ ਲਿਆਵਣੇ ਸੀ? ਕਹਿਣੇ ਲਗਾ ਜੀ ਅਜੇ ਤਾਂ ਹੋਰ ਲਿਆਵਣ ਕਾ ਸੰਕਲਪ ਸੀ। ਏਸ ਤੋਂ ਤਾਂ ਮੈਂ ਜ਼ਿਆਦਾ ਦੀ ਸ਼ਰਾਬ ਪੀ ਜਾਂਦਾ ਸੀ ਪਰ ਹੁਣ ਤੁਹਾਡੀ ਕਿਰਪਾ ਹੋ ਗਈ ਹੈ। ਦੀਵਾਨ ਲੱਗਾ ਤੇ ਕਿਤਨੇ ਹੀ ਸਿੰਘ ਸਜੇ ਅੰਮ੍ਰਿਤ ਛਕ ਕੇ।

ਅਗਲੇ ਦਿਨ ਅਰਦਾਸਾ ਕਰਕੇ ਤੁਰੇ। ਇਕ ਮਲੀਨ ਜੇਹੇ ਨੇ ਅਰਜ਼ ਕੀਤੀ ਜੀ ਮੈਨੂੰ ਭਜਨ ਮਿਲੇ। ਸ੍ਰੀ ਸਤਿਗੁਰੂ ਜੀ ਝੱਟ ਭਜਨ ਦੇ ਦੀਆ। ਸਿੰਘਾਂ ਕਹਿਆ ਜੀ ਏਸ ਨੂੰ ਕੋਈ ਰੀਤੀ ਨਹੀਂ ਦੱਸੀ। ਐਵੇਂ ਭਜਨ ਦੇ ਦੀਆ ਹੈ। ਬਚਨ ਕੀਤਾ ਨਾਮ ਆਪੇ ਹੀ ਰੀਤੀ ਦੱਸ ਦੇਵੇਗਾ। ਅੱਗੇ ਭੋਜੋ ਮਾਜਰਾ ਜਾਇ ਪੜਾਓ ਕੀਤਾ। ਏਥੇ ਦੇ ਬ੍ਰਾਹਮਣ ਸਿੰਘ ਸਜੇ। ਅਗਲੇ ਦਿਨ ਰੋਪੜ ਦੇ ਵਿੱਚ ਦੀ ਲੰਘੇ। ਲੋਕਾਂ ਖਤਰੀਆਂ ਬ੍ਰਾਹਮਣਾਂ ਅਤੇ ਜ਼ਿਮੀਂਦਾਰਾਂ ਸਭ ਨੇ ਦਰਸ਼ਨ ਕੀਤਾ ਸ੍ਰੀ ਸਤਿਗੁਰੂ ਜੀ ਕਾ।

## ਕੀਰਤਪੁਰ ਪਹੁੰਚੇ

ਅੱਗੇ ਕੀਰਤਪੁਰੇ ਗਏ। ਬਾਬੇ ਗੁਰਦਿੱਤੇ ਦੇ ਪੌੜਾਂ ਅੱਗੇ ਬਾਗ ਮੈ ਜਾਇ ਡੇਰਾ ਕੀਤਾ। ਸੰਗਤ ਨਾਲ ਬਾਗ ਸਾਰਾ ਭਰ ਗਿਆ। ਐਸੀ ਸੋਭਾ ਮਾਨੋਂ ਦੇਵਪੁਰੀ ਮਾਤ ਲੋਕ ਮੈ ਆਇ ਉਤਰੀ ਹੈ।

ਸ੍ਰੀ ਸਤਿਗੁਰੂ ਜੀ ਮਦਾਨ ਗਏ ਸੇ। ਅੱਗੇ ਨਾਂਗਿਆਂ ਸਾਧਾਂ ਕਾ ਡੇਰਾ ਉੱਤਰਿਆ ਹੋਇਆ ਸੀ। ਜੇੜ੍ਹਾ ਉਨ੍ਹਾਂ ਦਾ ਮਹੰਤ ਸੀ ਤਿਸਨੂੰ ਸਤਿਗੁਰੂ ਜੀ ਮੁੱਠੀਆਂ ਭਰਨ ਲੱਗ ਪਏ। ਸਾਰੰਗੀ ਵਾਲਾ ਗਾਉਂਦਾ ਸੀ। ਸਤਿਗੁਰੂ ਜੀ ਬਚਨ ਕੀਤਾ ਸਾਰੰਗੀ ਵਿੱਚ ਬੋਲੀਆਂ ਨਾ ਸੁਣਨੀਆਂ ਚਾਹੀਏ। ਰਾਗ ਅਲਾਪ ਕੇ ਸ਼ਬਦ ਪੜ੍ਹਨੇ ਸੁਣਨੇ ਚਾਹੀਦੇ ਹਨ। ਨਾਂਗਾ ਬੋਲਿਆ ਕੂਕਾ ਹੋਵੇਗਾ? ਇਕ ਫ਼ੌਜੀ ਕਰਨੈਲ ਸੀ ਸਤਿਗੁਰੂ ਜੀ ਦਾ ਪਿਆਰਾ। ਸਤਿਗੁਰੂ ਜੀ ਨੇ ਸਿੰਘ ਭੇਜਿਆ ਕਿ ਕਰਨੈਲ ਨੂੰ ਕਹੋ ਕਿ ਪੱਚੀ ਸਪਾਹੀ ਲੈ ਆਵੇ। ਸਿੰਘ ਨੇ ਕਰਨੈਲ ਕੋ ਕਹਾ। ਤੁਰੰਤ ਪੱਚੀ ਸਪਾਹੀ ਲੈ ਕੇ ਆਇਆ। ਬਚਨ ਕੀਤਾ ਇਨ੍ਹਾਂ ਉੱਤੇ ਮਾਰ ਪਵੇ। ਪੈਹਲੇ ਸਾਰੰਗੀ ਭੰਨੀ, ਫੇਰ ਸੋਟਾ ਬਰਸਨ ਲੱਗਾ। ਨਾਂਗੇ ਭੱਜ ਚੱਲੇ। ਬਚਨ ਕੀਤਾ ਹੁਣ ਕਿਓਂ ਨੱਸਦੇ ਹੋ, ਠਹਿਰੋ ਹੁਣ? ਸਤਿਗੁਰੂ ਜੀ ਚਲੇ ਆਏ।

## ਦਸਤਾਰੇ ਰੰਗ ਲਵੋ

ਲੰਗਰ ਕਰਨ ਦਾ ਹੁਕਮ ਦਿੱਤਾ। ਸਿੰਘਾਂ ਨੇ ਰਸਦ ਕੱਠੀ ਕਰਕੇ ਲੰਗਰ ਕੀਤਾ ਤੇ ਸਭ ਕੋ ਛਕਾਇਆ। ਅੰਮ੍ਰਿਤ ਵੇਲੇ ਆਸਾ ਕੀ ਵਾਰ ਲੱਗੀ ਅਤੇ ਰਾਗੀਆਂ ਕੋ ਹੁਕਮ ਦਿੱਤਾ ਕਿ ਸਭ ਦਸਤਾਰੇ ਰੰਗ ਲਵੋ। ਪਹਿਲੇ ਸ੍ਰੀ ਸਤਿਗੁਰੂ ਜੀ ਨੇ ਦਸਤਾਰ ਆਪਣੀ ਰੰਗ ਲਈ ਫੇਰ ਹੋਰ ਸਾਰੀ ਸੰਗਤ ਨੇ ਭੀ ਤੇ ਰਾਗੀਆਂ ਨੇ ਭੀ ਸਭ ਦਸਤਾਰੇ ਰੰਗ ਲਏ। ਸਾਰੇ ਬਸੰਤ ਹੀ ਬਸੰਤ ਨਜ਼ਰ ਆਉਂਦਾ ਹੈ। ਖੁਸ਼ੀਆਂ ਮੇਂ ਸਭ ਕੇ ਮੂੰਹ ਪਰ ਲਾਲੀਆਂ ਦਗ ਰਹੀਆਂ ਹੈਨ।

## ਗਲਤ ਰੁਪਯਾ

ਏਕ ਸਿੰਘ ਨੇ ਏਕ ਰੁਪਯਾ ਅਰਦਾਸ ਕਰਾਇਆ। ਸ੍ਰੀ ਸਤਿਗੁਰੂ ਜੀ ਰੁਪਯਾ ਚੁਕ ਕੇ ਦੂਰ ਮਾਰਿਆ। ਦੋ ਵੇਰੀ ਸਿੱਟਿਆ। ਤੀਜੀ ਵੇਰੀ ਫੇਰ ਉਸ ਅੱਗੇ ਰੱਖਿਆ। ਬਾਬੇ ਜਵਾਹਰ ਸਿੰਘ ਜੀ ਪੁੱਛਿਆ ਸੱਚੇ ਪਾਤਸ਼ਾਹ ਏ ਕੈਸਾ ਰੁਪਯਾ ਹੈ? ਸਤਿਗੁਰੂ ਜੀ ਬਚਨ ਕੀਤਾ ਸਿੰਘਣੀ ਵੇਚ ਕੇ ਲਿਆਇਆ ਹੈ। ਬਾਬੇ ਜੀ ਸਿੰਘ ਨੂੰ ਪੁੱਛਿਆ। ਕੈਹਣੇ ਲਗਾ ਅੰਤਰਯਾਮੀ ਜੀ ਜਾਣਦੇ ਹਨ। ਮੈਂ ਸਿੰਘਣੀ ਜਰੂਰ ਵੇਚੀ ਹੈ ਸੌ ਰੁਪਏ ਕੋ। ਬਚਨ ਕੀਤਾ ਏਸ ਕੋ ਕੱਢੋ ਸੰਗਤ ਵਿੱਚੋਂ। ਹੱਥ ਜੋੜਕੇ ਕੈਹਣ ਲੱਗਾ ਜੀ ਬਖਸ਼ੋ। ਗੁਰੂ ਜੀ ਬਚਨ ਕੀਤਾ ਜਿਸ ਸਿੰਘ ਕੀ ਸਿੰਘਣੀ ਹੈ ਉਸ ਕੋ ਮੋੜ ਦੇ। ਰੁਪਏ ਵਾਲੇ ਕੋ ਰੁਪਏ ਮੋੜ ਦੇ। ਤੂੰ ਕਾਲਾ ਮੂੰਹ ਕਰਕੇ ਗਲ਼ ਮੇਂ ਛਿੱਤਰਾਂ ਕਾ ਹਾਰ ਪਾਕੇ ਸੰਗਤ ਮੇਂ ਕਹੁ ਕਿ ਮੇਂ ਏਹ ਕਰਮ ਕੀਤਾ ਹੈ ਤਾਂ ਮੈਨੂੰ ਏਹ ਸਜਾਇ ਮਿਲੀ ਹੈ। ਅੱਗੇ ਕੋ ਐਸਾ ਕੰਮ ਨਹੀਂ ਕਰਨਾ। ਤੇਰੇ ਪਿਛਲੇ ਔਗੁਣ ਬਖਸ਼ੇ ਹੈਨ। ਸਿੰਘ ਨੇ ਏਸੇ ਤਰ੍ਹਾਂ ਕੀਤਾ।

ਕਾਲਾ ਮੂੰਹ ਤੇ ਛਿੱਤਰਾਂ ਕਾ ਹਾਰ ਪਾਇਆ।[1]

ਏਕ ਹੋਰ ਸਿੰਘ ਬੋਲਿਆ ਜੀ ਮੈਂ ਭੀ ਪਾਂਚ ਸੌ ਰੁਪਏ ਕੀ ਘੋੜੀ ਚੁਰਾਈ ਹੈ। ਭਜਨ ਤਾਂ ਮੈਂ ਜੀ ਕਲ ਲਿਆ ਹੈ, ਘੋੜੀ ਮੇਰੇ ਘਰ ਅਗਲੀ ਖੜੀ ਹੈ। ਕਹੋ ਤਾਂ ਧੁਆਨੂੰ ਰੁਪਏ ਵੱਟ ਕੇ ਲਿਆਇ ਦੇਵਾਂ। ਏਸ ਸਿੱਖ ਕਾ ਸਾਂਗ ਦੇਖਕੇ ਮੇਰੇ ਸੇ ਚੁਪ ਨਹੀਂ ਕੀਤਾ ਗਿਆ। ਬਚਨ ਕੀਤਾ ਸ੍ਰੀ ਸਤਿਗੁਰੂ ਜੀ ਕਿ ਘੋੜੀ ਵਾਲੇ ਕੀ ਘੋੜੀ ਮੋੜ ਦੇ ਤਾਂ ਤੂੰ ਬਖਸ਼ਿਆ ਜਾਵੇਗਾ। ਉਸੀ ਵਕਤ ਸਿੰਘ ਘੋੜੀ ਮੋੜਨ ਚਲਿਆ ਗਿਆ।

## ਭਜਨ ਵੀ ਨਹੀਂ ਮਿਲਦਾ

ਦੋ ਸਿੱਖ ਹੋਰ ਆਇਕੇ ਕਹਿਣੇ ਲੱਗੇ ਜੀ ਸਾਨੂੰ ਭਜਨ ਮਿਲੇ। ਗੁਰੂ ਜੀ ਬਚਨ ਕੀਤਾ ਇਸ਼ਨਾਨ ਕਰਕੇ ਆਓ। ਏਕ ਕੋ ਭਜਨ ਦੇ ਦੀਆ ਦੂਸਰੇ ਕੋ ਨਾ ਦੀਆ। ਉਹ ਕਹੇ ਜੀ ਭਜਨ ਮਿਲੇ। ਅੰਤਰਯਾਮੀ ਗੁਰੂ ਜੀ ਬਚਨ ਕੀਤਾ ਤੂੰ ਖੋਟਾ ਕਰਮ ਕਰਦਾ ਹੈਂ। ਛਡਦਾ ਨਹੀਂ ਹੈਂ ਖੋਟਾ ਕਰਮ। ਕੈਹਣੇ ਲਗਾ ਜੀ ਹਾਂ ਕਰਦਾ ਹਾਂ। ਬਚਨ ਕੀਤਾ ਜੇ ਛੱਡਣਾ ਹੈ ਤਾਂ ਭਜਨ ਦੇਵਾਂਗੇ। ਕੈਹਣ ਲਗਾ ਜੀ ਏਹ ਨਹੀਂ ਛੁਟਦਾ ਹੈ। ਬਚਨ ਕੀਤਾ ਭਜਨ ਭੀ ਨਹੀਂ ਮਿਲਦਾ ਹੈ।

## ਬਾਬੇ ਗੁਰਦਿੱਤੇ ਦੇ ਡੇਰੇ

ਪਿਛਲੇ ਪਹਿਰ ਕਾ ਦੀਵਾਨ ਬਾਬੇ ਗੁਰਦਿੱਤੇ ਕੇ ਡੇਰੇ ਪਾਸ ਲੱਗਿਆ। ਐਸੀ ਭੀੜ ਹੋਈ ਕਿ ਪੈਰ ਧਰਨੇ ਕੋ ਜਗ੍ਹਾ ਭੀ ਨਾ ਰਹੀ। ਸਾਰੇ ਪਾਸੇ ਬਸੰਤ ਹੀ ਬਸੰਤ ਨਜ਼ਰ ਆਵੇ। ਐਸਾ ਸ਼ਬਦ ਕਾ ਅਨੰਦ ਆਇਆ ਕਿ ਇਕ ਵਾਰ ਹੀ ਸਭਨਾਂ ਕੋ ਸੂਤਰ ਹੋ ਗਿਆ। ਵਿੱਚੇ ਰਾਗੀ ਭੀ ਮਸਤਾਨੇ ਹੋਇ ਗਏ। ਐਸਾ ਸ਼ਬਦ ਕਾ ਅਨੰਦ ਆਇਆ ਮਾਨੋਂ ਅੰਮ੍ਰਿਤ ਕੀ ਬਰਖਾ ਹੋਇ ਗਈ ਹੈ। ਸਿਪਾਹੀ ਭੀ ਦੂਰ ਚਲੇ ਗਏ। ਸਿੰਘ ਹੀ ਸਿੰਘ ਨਜ਼ਰ ਆਉਂਦੇ ਹੈਂ। ਸ਼ਬਦ ਭੀ ਬਸੰਤ ਰਾਗ ਮੇਂ ਪੜ੍ਹਦੇ ਹੈਂ। ਉਂਝ ਵੀ ਬਸੰਤ ਹੀ ਬਸੰਤ ਨਜ਼ਰ ਆਂਵਦਾ ਹੈ। ਬੈਕੁੰਠ ਪੁਰੀ ਬਣੀ ਹੋਈ ਹੈ। ਸ੍ਰੀ ਸਤਿਗੁਰੂ ਜੀ ਦੀਵਾਨ ਕੇ ਵਿੱਚ ਬੈਠੇ ਹੈਂ। ਸੰਗਤ ਖੂਬ ਜੁੜੀ ਹੋਈ ਹੈ ਮਾਨਿੰਦ ਬੈਕੁੰਠ ਕੇ। ਖਾਲਸੇ ਕੀ ਸੁੰਦਰ ਛਬ ਕੋ ਦੇਖ ਕੇ ਚਿਤ ਅਨੰਦ ਹੋ ਜਾਂਦਾ ਹੈ। ਲੋਕ ਦਰਸ਼ਨ ਕਰਕੇ ਬਹੁਤ ਅਨੰਦ ਹੁੰਦੇ ਹੈਂ। ਭੋਗ ਪਿਆ ਤਾਂ ਜੈਕਾਰਾ ਸਤਿ ਸ੍ਰੀ ਅਕਾਲ ਉੱਚੀ ਸੋ ਬੁਲਾਇਆ।

ਰਾਤ ਕੋ ਭੀ ਸਿੰਘ ਸ਼ਬਦ ਪੜ੍ਹਨੇ ਲਗੇ। ਸ਼ਬਦ ਪੜ ਕਰ ਸੌਂ ਗਏ। ਸਵੇਰੇ ਆਸਾ ਕੀ ਵਾਰ ਲੱਗੀ। ਰੋਪੜ ਕੇ ਪਾਸ ਸਾਲਾਂਪੁਰੇ ਕੇ ਝੀਓਰ ਸਿੰਘ ਨੇ ਅੰਮ੍ਰਿਤ ਛਕਿਆ। ਅੱਗੇ ਉਹ ਤਮਾਕੂ ਪੀਂਦਾ ਸੀ। ਉਸਕੇ ਦਿਲ ਮੇਂ ਜੋ ਸੰਸਾ ਸੀ ਸੋ ਦੂਰ ਹੋ ਗਿਆ। ਜੋ ਕੈਂਹਦੇ ਸੇ ਕਿ ਕਲਾਮ ਪੜਦੇ ਹੈਂ ਕੂਕੇ ਸੋ ਸਭ ਨਿਵਿਰਤ ਹੋ ਗਿਆ ਸੰਸਾ।

---

1 ਇਸ ਨੇ ਕਿਸੇ ਦੀ ਸਿੰਘਣੀ ਵੇਚਣ ਵਿੱਚ ਵਿਚੋਲ ਗਿਰੀ ਕੀਤੀ ਸੀ।

## ਅਨੰਦਪੁਰ ਪਹੁੰਚੇ : (੧੯ ਮਾਰਚ ੧੮੬੭ ਈ.)

ਸ੍ਰੀ ਸਤਿਗੁਰੂ ਜੀ ਚੀਨੀ ਘੋੜੀ ਪਰ ਚੜੇ ਜਾਂਦੇ ਸੇ। ਪਿੱਛੇ ਸਾਰਾ ਖਾਲਸਾ ਤੁਰਿਆ ਆਉਂਦਾ ਹੈ। ਅੱਗੇ ਛੇਵੀਂ ਪਾਤਸ਼ਾਹੀ ਕਾ ਗੁਰਦਵਾਰਾ ਸੀ। ਨਿਹੰਗ ਪੁਜਾਰੀ ਸੇ। ਅੱਗੇ ਅਨੰਦਪੁਰ ਕੋ ਤੁਰ ਪਏ। ਕੀਰਤਪੁਰ ਤੇ ਖਾਲਸੇ ਕਾ ਲਾਰਾ[1] ਹੀ ਦਿਸਦਾ ਹੈ। ਸਤਿਗੁਰੂ ਜੀ ਸਿੰਘਾਂ ਕੋ ਹੁਕਮ ਦਿੱਤਾ ਕਿ ਜਿਸ ਵਕਤ ਮੈਂ ਬਾਂਹ ਖੜੀ ਕਰਾਂਗਾ ਤਾਂ ਸਾਰਿਆਂ ਨੇ ਖੜ ਜਾਣਾ। ਜਾਂ ਤੰਬੂਆਂ ਕੇ ਬਰਾਬਰ ਆਏ ਤਾਂ ਸ੍ਰੀ ਸਤਿਗੁਰੂ ਜੀ ਬਾਂਹ ਖੜੀ ਕਰਕੇ ਸਤਿ ਸ੍ਰੀ ਅਕਾਲ ਬੁਲਾਈ ਅਤੇ ਨਾਲੇ ਸਾਰੀ ਸੰਗਤ ਨੇ ਬੁਲਾਈ। ਸਭ ਖੜੇ ਹੋਇ ਗਏ। ਜਾਂ ਫ਼ਰੰਗੀ ਨੇ ਜੈਕਾਰਾ ਸੁਣਿਆ ਤਾਂ ਤਤਕਾਲ ਤੰਬੂ ਸੇ ਬਾਹਰ ਨਿਕਲੇ। ਫ਼ਰੰਗੀ ਨੇ ਪੂਛਾ ਏਹ ਕੌਣ ਹੈ? ਕਿਸ ਜਗ੍ਹਾ ਕਾ ਰਾਜਾ ਹੈ? ਨੌਕਰ ਬੋਲੇ ਜੋ ਕੂਕਿਆਂ ਕਾ ਗੁਰੂ ਕੈਂਹਦੇ ਹੈਂ ਸੋ ਹੈ। ਫ਼ਰੰਗੀ ਸ੍ਰੀ ਸਤਿਗੁਰੂ ਜੀ ਕੋ ਤੰਬੂ ਮੇਂ ਲੈ ਗਏ, ਨਾਲ ਹੀ ਬਾਬਾ ਜਵਾਹਰ ਸਿੰਘ ਨਾਲ ਹੀ ਇਕ ਮਸਤਾਨਾ। ਸਾਹਿਬ ਨੇ ਟੋਪੀ ਲਾਹ ਕੇ ਸਲਾਮ ਕੀਤੀ, ਕੁਰਸੀ ਦਿੱਤੀ, ਬੈਠੇ। ਅਧੀਨਗੀ ਸੇ ਫ਼ਰੰਗੀ ਨੇ ਕਹਾ ਜੀ ਆਪ ਬੜਾ ਇਕੱਠ ਕਰਕੇ ਲਿਆਏ ਹੋ, ਜੇ ਦੰਗਾ ਹੋ ਗਿਆ ਤਾਂ ਲੰਦਨ ਤੋੜੀਂ ਸਾਡੀ ਬਦਨਾਮੀ ਹੋਵੇਗੀ। ਇਹ ਕਮਿਸ਼ਨਰ[2] ਸੀ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਸਾਡੀ ਤਾਂ ਦੰਗੇ ਕੀ ਮਨਸ਼ਾ ਬਿਲਕੁਲ ਨਹੀਂ ਹੈ। ਤੁਸੀਂ ਭਾਂਵੇਂ ਸਾਨੂੰ ਛੇੜਖਾਨੀ ਕਰੋ ਪਰ ਅਸੀਂ ਬਿਲਕੁਲ ਹੱਥ ਖੜਾ ਨਹੀਂ ਕਰਨਾ। ਸਾਡੀ ਸਾਰੀ ਸੰਗਤ ਤਾਂ ਨਹੀਂ ਆਈ, ਸਿਰਫ ਕਿਸੇ ਕਿਸੇ ਨਗਰ ਤੇ ਇਕ ਇਕ ਆਦਮੀ ਆਇਆ ਹੈ।

## ਮੇਂਮ ਨੂੰ ਦਰਸ਼ਨ

ਅੰਗ੍ਰੇਜ਼ਾਂ ਨੇ ਤੰਬੂ ਬਹੁਤ ਖੜੇ ਕੀਤੇ ਹੋਏ ਸੀ। ਬਹੁਤ ਹੀ ਫ਼ੌਜ ਸੀ। ਦੇਖਣ ਕੋ ਸਿਪਾਹੀ ਖੁਫ਼ੀਆ ਭੇਜੇ ਕਿ ਦੇਖ ਆਓ ਕੀ ਹੈ ਇਨ੍ਹਾਂ ਦੇ ਪਾਸ ਕਿਤੇ ਸ਼ਸਤਰ ਤਾਂ ਨਹੀਂ ਹਨ? ਸਿਪਾਹੀਆਂ ਨੇ ਆ ਕੇ ਕਹਿਆ ਜੀ ਸਭਨਾ ਪਾਸ ਗੜਵੇ ਡੋਰੀਆਂ ਅਤੇ ਮਾਲਾ ਉੱਨ ਦੀਆਂ ਹੈਨ, ਹੋਰ ਕੁਛ ਨਹੀਂ ਹੈ ਉਨ੍ਹਾਂ ਕੇ ਪਾਸ। ਸਭ ਲੋਕ ਝੂਠੇ ਹੈਨ ਜੋ ਝੂਠੀਆਂ ਮੁਕਬਰੀਆਂ ਕਰਦੇ ਹੈਂ। ਫ਼ਰੰਗੀ ਕਮਿਸ਼ਨਰ ਨੇ ਸਤਿਗੁਰੂ ਜੀ ਕੋ ਕਹਾ ਕਿ ਮੇਰੀ ਔਰਤ ਹੈ ਸੋ ਆਪ ਕਾ ਦਰਸ਼ਨ ਕਰਨਾ ਚਾਹੁੰਦੀ ਹੈ।

ਸ੍ਰੀ ਸਤਿਗੁਰੂ ਜੀ ਇਕੱਲੇ ਹੀ ਗਏ। ਮਖ਼ਮਲਾਂ ਕੇ ਗਦੇਲੇ ਵਿਛਾ ਕੇ ਉੱਪਰ ਕੁਰਸੀ ਡਾਹੀ ਹੋਈ ਸੀ। ਸੋ ਉਸ ਪਰ ਸ੍ਰੀ ਸਤਿਗੁਰੂ ਜੀ ਬਿਠਾਏ ਅਤੇ ਪੱਚੀ ਮੋਹਰਾਂ ਰੱਖਕੇ ਫ਼ਰੰਗਣ ਨੇ ਮੱਥਾ ਟੇਕਿਆ। ਦੀਨ ਦਯਾਲ ਜੀ ਬਚਨ ਕੀਤਾ ਕਿ ਤੁਸੀਂ ਰਾਜੇ ਅਸੀਂ ਰੱਯਤ ਹਾਂ। ਮੇਮ ਨੇ ਕਹਿਆ ਕਿ ਅਸੀਂ ਸੰਤਾਂ ਕੇ ਦਾਸ ਹਾਂ। ਆਪ ਤਾਂ ਸਾਨੂੰ ਈਸਾ ਕੇ ਸਮਾਨ ਹੋ। ਮੁੜ ਆਏ ਸਤਿਗੁਰੂ ਜੀ। ਮੋਹਰਾਂ ਨਾ ਲਈਆਂ।

---

1 ਜੱਥਾ।

2 ਮਿ. ਪਰਕਿਨਜ਼ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ।

## ਕੋਰਾ ਜਵਾਬ

ਫ਼ਰੰਗੀ ਨੇ ਕਹਿਆ ਕਿ ਬਾਬਾ ਰਾਮ ਸਿੰਘ ਜੀ ਜੇ ਕਿਤੇ ਸਰਕਾਰ ਕੋ ਜ਼ਰੂਰਤ ਹੋਵੇ ਤਾਂ ਆਪ ਮਦਦ ਦੇਵੋਗੇ? ਸ੍ਰੀ ਸਤਿਗੁਰੂ ਜੀ ਬਚਨ ਕੀਤਾ ਆਪ ਨੇ ਕੋਈ ਬਾਤ ਨਹੀਂ ਸੋਚੀ। ਅਸੀਂ ਧੁਆਨੂੰ ਮਦਦ ਕਾਸ ਕੀ ਦੇਵੀਏ? ਸਾਡਾ ਤਾਂ ਭਜਨ ਬੰਦਗੀ ਕਾ ਹੀ ਮੇਲਾ ਹੈ। ਮੇਲਾ ਦੇਖ ਕੇ ਸਿੰਘ ਆਪੋ ਆਪਣੇ ਘਰਾਂ ਨੂੰ ਚਲੇ ਜਾਣਗੇ। ਮੈਂ ਤਾਂ ਇਕੱਲਾ ਹੀ ਹਾਂ। ਹੋਲੇ ਤੋੜੀ ਮੇਲਾ ਹੈ। ਫ਼ਰੰਗੀ ਨੇ ਕਹਾ ਬਿਨਾਂ ਦਮਾਂ ਸੇ ਤੁਹਾਡੀ ਫ਼ੌਜ ਹੈ। ਸਿੰਘ ਤੁਹਾਡਾ ਹੁਕਮ ਮੰਨਦੇ ਹੈਨ। ਤੁਸਾਂ ਇਕਵਾਰੀ ਬਾਂਹ ਉਠਾਇ ਕੇ ਕਹਾ ਹੈ, ਸਿੰਘਾਂ ਨੇ ਉੱਥੋਂ ਪੈਰ ਨਹੀਂ ਪੁੱਟਿਆ। ਤੁਸੀਂ ਤੰਬੂ ਮੈਂ ਬੈਠੇ ਹੋ, ਸਿੰਘ ਉੱਥੋਂ ਕਦਮ ਨਹੀਂ ਹਿੱਲੇ। ਅੱਜ ਰੱਬ ਤੁਹਾਡੇ ਤੇ ਮੇਹਰਬਾਨ ਹੈ। ਜੋ ਚਾਹੋ ਕਰਾਇ ਲਵੋ।

ਸ੍ਰੀ ਸਤਿਗੁਰੂ ਜੀ ਬਚਨ ਕੀਤਾ ਸਾਨੂੰ ਹਜ਼ਰੋਂ ਸਾਹਿਬ ਤੇ ਹੁਕਮ ਹੋਇਆ ਹੈ ਕਿ ਭਜਨ ਦੇ ਦਿਆ ਕਰੋ। ਸੋ ਮੈਂ ਸਿੰਘਾਂ ਕੋ ਭਜਨ ਦੇ ਦੇਂਦਾ ਹਾਂ। ਅਸੀ ਤਾਂ ਗੁਰੂ ਬਾਲਕ ਸਿੰਘ ਜੀ ਕਾ ਕਹਿਆ ਮੰਨਦੇ ਹਾਂ। ਸਾਰੇ ਸਿੰਘ ਗੁਰੂ ਬਾਲਕ ਸਿੰਘ ਜੀ ਕੇ ਹੈਨ ਅਤੇ ਅਸੀਂ ਭੀ ਉਨ੍ਹਾਂ ਕੇ ਹੀ ਸੇਵਕ ਹਾਂ। ਮੈਂ ਤਾਂ ਗ਼ਰੀਬ ਬਾਢੀ ਹਾਂ। ਮੇਰੀ ਕੋਈ ਜ਼ਮੀਨ ਨਹੀਂ ਹੈ। ਮੈਂ ਕੋਈ ਰਾਜਾ ਨਹੀਂ ਹਾਂ। ਮੇਰੀ ਕੋਈ ਫ਼ੌਜ ਨਹੀਂ ਹੈ। ਤੁਸੀਂ ਮੈਥੋਂ ਕੀ ਮਦਦ ਮੰਗਦੇ ਹੋ? ਮੇਰੇ ਪਾਸ ਧਨ ਨਹੀਂ ਜੋ ਮੈਂ ਫ਼ੌਜ ਰੱਖ ਲਵਾਂ। ਏਹ ਜੋ ਸਿੰਘ ਧੁਆਨੂੰ ਦਿਸਦੇ ਹੈਨ ਏਹ ਜੁਧ ਕਰਨੇ ਵਾਲੇ ਨਹੀਂ, ਇਹ ਤਾ ਭਜਨ ਬੰਦਗੀ ਕਰਨੇ ਵਾਲੇ ਹੈਨ। ਪ੍ਰਮੇਸਰ ਅਕਾਲ ਪੁਰਖ ਕਾ ਨਾਮ ਜਪਣੇ ਵਾਲੇ ਹੈਨ। ਹੋਲਾ ਦੇਖਕੇ ਆਪਨੇ ਆਪਨੇ ਘਰਾਂ ਕੋ ਚਲੇ ਜਾਣਗੇ। ਫ਼ਰੰਗੀ ਨੇ ਕਹਿਆ ਜੀ ਹਮ ਤੋ ਸੰਤਾਂ ਕਾ ਜੂਠਾ ਟੁਕੜਾ ਖਾਣ ਵਾਲੇ ਹੈਂ। ਹਮ ਤੋ ਕੂਕਰ ਕੇ ਸਮਾਨ ਹਾਂ। ਮਰਜੀ ਚਾਹੇ ਟੁਕੜਾ ਪਾਓ ਮਰਜੀ ਚਾਹੇ ਨਾ ਪਾਓ। ਫ਼ਰੰਗੀ ਨੇ ਇਹ ਭੀ ਪੁੱਛਿਆ ਕਿ ਗੁਰਦਵਾਰੇ ਅਭੀ ਜਾਵੋਗੇ ਕਿ ਫੇਰ। ਬਚਨ ਕੀਤਾ ਡੇਰਾ ਕਰਕੇ। ਫ਼ਰੰਗੀ ਨੇ ਕਹਾ ਕਿ ਜਬ ਗੁਰਦਵਾਰੇ ਜਾਵੋ ਤਾਂ ਪਹਿਲੇ ਸਾਨੂੰ ਖ਼ਬਰ ਕਰਨੀ।

ਫ਼ਰੰਗੀ ਨੇ ਤੰਬੂ ਚਾਨਣੀ ਆਪਣੀ ਤਰਫ਼ ਸੋ ਦਿੱਤਾ, ਨਾਲ ਪੈਹਰੇ ਦਿੱਤੇ ਕਿ ਜਿੱਥੇ ਜਾਇ ਕੇ ਉਤਰਨ ਉੱਥੇ ਉਤਾਰਾ ਕਰਵਾ ਦੇਣਾ। ਸਿਪਾਹੀ ਆਗੇ ਸੇ ਹਟਾਉਂਦੇ ਜਾਣ। ਉਤਾਰਾ ਕੀਤਾ, ਤੰਬੂ ਲਗਾਇ ਦੀਆ। ਸਿੰਘਾਂ ਨੇ ਚਾਰ ਚਾਰ ਪੈਸੇ ਪਾਇਕੇ ਲੰਗਰ ਸਜਾਇਆ। ਬੜੀ ਧੁੱਪ ਲੱਗੀ ਹੋਈ ਸੀ।

ਏਕ ਫ਼ਰੰਗੀ[1] ਨੇ ਪੁਜਾਰੀਆਂ ਕੋ ਜਾਇਕੇ ਕਹਿਆ ਕਿ ਅਸੀਂ ਪਾਂਚ ਫ਼ਰੰਗੀ ਏਨ੍ਹਾਂ ਕੀ ਅਰਦਲ ਮੇਂ ਹੈਂ। ਜਿਸ ਤਰ੍ਹਾਂ ਲੋਕ ਦਰਸ਼ਨ ਕਰਦੇ ਹੈਂ ਉਸੀ ਤਰ੍ਹਾਂ ਏਨ੍ਹਾਂ ਕੋ ਦਰਸ਼ਨ ਕਰਨ ਦੇਓ। ਪੁਜਾਰੀਆਂ ਨੇ ਕਹਿਆ ਓਹ ਤਨਖਾਹੀਏ ਹੈਂ। ਫ਼ਰੰਗੀਆਂ ਨੇ ਕਹਾ ਜੋ ਤਨਖ਼ਾਹ ਉਨਕੇ ਜ਼ੁੰਮੇਂ ਹੈ ਸੋ ਸਾਨੂੰ ਲਿਖਕੇ ਦਿਖਾਓ। ਉਨ੍ਹਾਂ ਦਾ ਬੀ ਬਿਆਨ ਲਵਾਂਗੇ। ਜਿਸ ਮੇਂ ਕਸੂਰ ਹੋਵੇਗਾ ਉਸ ਸੇ ਪੁੱਛਾਂਗੇ। ਪੁਜਾਰੀਆਂ ਨੇ ਕਹਿਆ ਜੇਕਰ ਉਹ ਤਖਤੀਂ ਚੜੇ ਤਾਂ ਤਲਵਾਰ ਖੜਕ

1 ਕਰਨਲ ਮੈਕ ਐਂਡਰਿਊ, ਡੀ. ਆਈ. ਜੀ. ਪੁਲਿਸ ਲਾਹੌਰ।

ਪਵੇਗੀ। ਏਕ ਨੇ ਵਿੱਚੋਂ ਕਹਿਆ ਉਨ੍ਹਾਂ ਕੂਕਿਆਂ ਕੀ ਫਤ੍ਹੇ ਹੋਵੇਗੀ ਤੇ ਤੁਸੀਂ ਹਾਰੋਗੇ। ਫ਼ਰੰਗੀ ਨੇ ਹੁਕਮ ਸੁਣਾਇਆ ਕਿ ਚੌਦਾਂ ਸਾਲ ਜੇਲ੍ਹਖਾਨਾ ਅਤੇ ਜਾਗੀਰ ਕੁਰਕੀ ਜਾਵੇਗੀ ਕਲਕਤੇ ਤਾਈਂ ਜੋ ਗੁਰਦਵਾਰੇ ਹੈਂ ਸਭਨਾ ਕੀ। ਫ਼ਰੰਗੀ ਨੇ ਸ੍ਰੀ ਸਤਿਗੁਰੂ ਜੀ ਕੋ ਆ ਕੇ ਕਹਿਆ ਜਦ ਜਾਣਾ ਹੋਵੇ ਤਾ ਦੋ ਘੰਟੇ ਅੱਗੋਂ ਸਾਨੂੰ ਖ਼ਬਰ ਕਰਨੀ।

## ਗੁਰਦੁਆਰਿਆਂ ਦੇ ਦਰਸ਼ਨ

ਉਹ ਰਾਤ ਗੁਜ਼ਰੀ, ਅਗਲਾ ਦਿਨ ਚੜ੍ਹਿਆ। ਆਸਾ ਕੀ ਵਾਰ ਲੱਗੀ ਅਤੇ ਅਰਦਾਸਾ ਕੀਤਾ ਤੇ ਜੈਕਾਰਾ ਗਜਾਇਆ। ਨਿਤਨੇਮ ਕੀ ਬਾਣੀ ਬੀ ਪੜ੍ਹੀ ਅਤੇ ਖ਼ਬਰ ਭੇਜੀ ਫ਼ਰੰਗੀ ਕੋ ਕਿ ਅਸੀਂ ਦਰਸ਼ਨ ਕਰਨ ਕੋ ਜਾਵਾਂਗੇ। ਕਮਿਸ਼ਨਰ ਨੇ ਨਿਹੰਗਾਂ ਪਰ ਪੈਹਰੇ ਬਠਾਲ ਦਿੱਤੇ ਕਿ ਏਹ ਫ਼ਸਾਦ ਨਾ ਕਰਨ ਅਤੇ ਸਲੋਤਰ ਰਖਵਾਏ ਲਏ। ਹੁਕਮ ਏਹ ਦਿੱਤਾ ਕਿ ਗੁਰੂ ਰਾਮ ਸਿੰਘ ਜਦ ਤੱਕ ਦਰਸ਼ਨ ਨਾ ਕਰ ਜਾਣ ਤਦ ਤੱਕ ਏਹ ਹਿਲਣੇ ਨਾ ਪਾਵਣ। ਪੁਜਾਰੀਆਂ ਨੂੰ ਇਕੱਠੇ ਕਰਕੇ ਇਕ ਬਾਰਾਂਦਰੀ ਮੈ ਬੰਦ ਕਰ ਦਿੱਤਾ। ਸ਼ਹਿਰ ਮੇਂ ਹਰੇਕ ਜਗ੍ਹਾ ਪਰ ਪੈਹਰੇ ਖੜ੍ਹੇ ਕਰ ਦਿੱਤੇ। ਜਿਤਨਾ ਚਿਰ ਗੁਰੂ ਜੀ ਦਰਸ਼ਨ ਕਰਨ ਜਾਵਣ ਉਤਨਾ ਚਿਰ ਹੋਰ ਕੋਈ ਨਾ ਅੰਦਰ ਵੜੇ। ਸਭ ਨਾਮਧਾਰੀਏ ਦਰਸ਼ਨ ਕਰਨ ਤੇ ਲੋਕ ਸਭ ਪਿੱਛੇ ਹਟਾਏ ਜਾਣ। ਹੱਟੀਆਂ ਵਾਲੇ ਲੋਕ ਹੱਟੀਆਂ ਪਰ ਬੈਠੇ ਰਹੇ। ਹੋਰ ਕੋਈ ਫਾਲਤੂ ਆਦਮੀ ਨਾ ਕਿਧਰੇ ਹਿੱਲੇ। ਨਾਮਧਾਰੀਆਂ ਕੇ ਨਾਲ ਹੋਰ ਕਿਸੇ ਮਜ਼੍ਹਬ ਦਾ ਕੋਈ ਆਦਮੀ ਨਾ ਰਲੇ। ਪਾਂਚ ਫ਼ਰੰਗੀ ਸੇ ਘੋੜਿਆਂ ਪਰ ਚੜੇ ਹੋਏ। ਥਾਂ ਪਰ ਥਾਂ ਤਕੜਾਈਆਂ ਕਰਦੇ ਫਿਰਨ। ਸ੍ਰੀ ਸਤਿਗੁਰੂ ਜੀ ਪਾਸ ਪਾਂਚੋ ਫ਼ਰੰਗੀ ਆਇ ਗਏ। ਅਦਬ ਸੇ ਸਲਾਮੀ ਦਈ। ਤੁਰੇ ਦਰਸ਼ਨ ਕਰਨ ਕੋ ਗੁਰਦਵਾਰਿਆਂ ਕਾ।[1]

ਸਾਰੀ ਸੰਗਤ ਫ਼ੌਜ ਵਰਗੀ ਮਲੂਮ ਹੋਵੇ। ਏਕ ਪੁਜਾਰੀ ਸੀ। ਉਸਨੇ ਅਰਦਾਸਾ ਨਾ ਕੀਤਾ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਬ੍ਰਹਮਾ ਸਿੰਘ ਕਰ ਅਰਦਾਸਾ। ਅਸੀਂ ਕੋਈ ਅਰਦਾਸਾ ਕਰਨਾ ਭੁੱਲੇ ਹੋਏ ਤਾਂ ਨਹੀਂ। ਬਾਬਾ ਬ੍ਰਹਮਾ ਸਿੰਘ ਨੇ ਅਰਦਾਸਾ ਕੀਤਾ ਤੇ ਪ੍ਰਸ਼ਾਦ ਵਰਤਾਇਆ। ਸਾਰੇ ਗੁਰਦਵਾਰਿਆਂ ਕਾ ਦਰਸ਼ਨ ਕਰਵਾ ਕੇ ਫ਼ਰੰਗੀ ਚਲੇ ਗਏ। ਫੇਰ ਖਾਲਸੇ ਕਾ ਭੀ ਮਗਰ ਬਹੀਰ ਪੈ ਗਿਆ। ਸਾਰੇ ਨਾਮਧਾਰੀਏ ਖਾਲਸੇ ਹੀ ਖਾਲਸਾ ਨਜ਼ਰ ਆਉਂਦਾ ਹੈ। ਹੋਰ ਕਿਸੇ ਮਜ਼੍ਹਬ ਕਾ ਆਦਮੀ ਨਹੀਂ ਦਿਸਦਾ। ਸਿੰਘ ਦਰਸ਼ਨ ਕਰਕੇ ਭੇਟਾ ਦੇ ਕੇ ਆਪੇ ਹੀ ਅਰਦਾਸ ਕਰ ਦਿਆ ਕਰਨ। ਬੜੀ ਖੁਸ਼ੀ ਸੇ ਸੰਗਤ ਡੇਰੇ ਕੋ ਵਾਪਸ ਆਈ। ਕੈਂਹਦੇ ਹੈਂ ਧੰਨ ਹੈ ਸੱਚਾ ਪਾਤਸ਼ਾਹ, ਤੇਰਾ ਅੰਤ ਕਿਸੇ ਨਹੀਂ ਪਾਇਆ। ਪੁਜਾਰੀਆਂ ਕਾ ਖ਼ਵਰੇ ਕਿਸ ਤਰ੍ਹਾਂ ਬੰਦੋਬਸਤ ਕਰ ਦਿੱਤਾ ਹੈ। ਪੁਜਾਰੀਆਂ ਅਤੇ ਨਿਹੰਗਾਂ ਕਾ ਨਾਮ ਨਿਸ਼ਾਨ ਭੀ ਨਹੀਂ। ਖ਼ਵਰੇ ਕਿੱਧਰ ਕੱਢ ਦਿੱਤੇ ਹੈਂ। ਬੜੇ ਖੁਲ੍ਹੇ ਦਰਸ਼ਨ ਕੀਤੇ ਸੰਗਤ ਨੇ।

ਜਾਂ ਸਭ ਨਾਮਧਾਰੀਏ ਦਰਸ਼ਨ ਕਰ ਗਏ ਤਾਂ ਹੋਰਾਂ ਕੋ ਜਾਣਾ ਮਿਲਿਆ ਗੁਰਦਵਾਰੀਂ ਅਤੇ ਪੁਜਾਰੀ[2] ਛੱਡ ਦਿੱਤੇ। ਆਪੋ ਆਪਣੇ ਗੁਰਦਵਾਰਿਆਂ ਵਿੱਚ ਬੈਠੇ ਕੈਂਹਦੇ ਹੈਂ ਕਿ ਕੀ ਸਲਾਹ ਸੀ

---

1 ੨੦ ਮਾਰਚ ੧੮੬੭ ਈ. ਸਵੇਰੇ ੭ ਵਜੇ ।

2 ਮੁਖ ਪੁਜਾਰੀ ਭਾਈ ਹਰੀ ਸਿੰਘ

ਅਤੇ ਕੀ ਹੋ ਗਈ। ਅਸੀਂ ਕੀ ਕਰੀਏ, ਏਨ੍ਹਾਂ ਕੋ ਅਕਾਲ ਬੁੰਗੇ ਵਾਲਿਆਂ ਨੇ ਤਨਖਾਹੀਏ ਲਿਖਾ ਹੈ। ਏਹ ਕਲਾਮ ਪੜਦੇ ਹੈਂ ਅਤੇ ਕੇਸਾਂ ਕੀ ਬੇਅਦਬੀ ਕਰਦੇ ਹੈਂ। ਪੱਗ ਭੀ ਏਨ੍ਹਾਂ ਕੀ ਜ਼ਰੂਰ ਲਹਿ ਜਾਂਦੀ ਹੈ। ਪਰ ਏਹ ਪੜਦੇ ਤਾਂ ਗ੍ਰੰਥ ਸਾਹਿਬ ਕੀ ਬਾਣੀ ਹੀ ਹੈਨ ਅਤੇ ਸਾਰੇ ਇਨ ਕੀ ਸੇਵਾ ਕਰਦੇ ਹੈਨ। ਇਨਕਾ ਦਰਸ਼ਨ ਕਰਨੇ ਸੇ ਹੀ ਚਿਤ ਖੁਸ਼ ਹੋਇ ਜਾਂਦਾ ਹੈ। ਸਫ਼ੈਦ ਬਸਤਰ ਅਤਿ ਨਿਰਮਲ ਹੈਨ। ਜਿਸ ਨੇ ਸਤਿਗੁਰੂ ਦਾ ਦਰਸ਼ਨ ਕਰ ਲਿਆ ਹੈ ਤਿਸ ਕਾ ਸੁਤੇ ਹੀ ਮਨ ਮੋਹਿਆ ਗਿਆ।

## ਮਹੱਲਾ ਖੇਡਿਆ

ਸ੍ਰੀ ਸਤਿਗੁਰੂ ਜੀ ਬਚਨ ਕੀਤਾ ਮਹੱਲੇ ਕੋ ਚਲੀਏ। ਸ੍ਰੀ ਸਤਿਗੁਰੂ ਜੀ ਚੀਨੀ ਘੋੜੀ ਪਰ ਅਸਵਾਰ ਸੇ। ਸਿੰਘਾਂ ਕੋ ਕਹਾ ਜੇਹੜੇ ਪੈਦਲ ਸਨ, ਕਿ ਤੁਸੀਂ ਚੱਲੋ ਅੱਗੇ ਅਸੀਂ ਭੀ ਆਉਂਦੇ ਹਾਂ। ਕੁਝ ਸਿੰਘ ਅੱਗੇ ਕੁਝ ਸਿੰਘ ਪਿੱਛੇ ਸ੍ਰੀ ਸਤਿਗੁਰੂ ਜੀ ਕੇ, ਛਾਲਾਂ ਮਾਰਦੇ ਮਿਰਗਾਂ ਵਾਂਗ ਚਲੇ। ਵੇਖਕੇ ਸਿੰਘਾਂ ਕੋ ਲੋਕ ਅਸਚਰਜ ਹੁੰਦੇ ਹੈਂ। ਨਿਸ਼ਾਨਾ ਵਾਲੇ ਚਰਨ ਗੰਗਾ ਕੇ ਕਿਨਾਰੇ ਜਾਏ ਖੜੇ। ਸੋਢੀ ਭੀ ਹਾਥੀ ਪਰ ਚੜ੍ਹੇ ਹੋਏ ਸਨ। ਫ਼ਰੰਗੀ ਪੰਜ ਨਾਲ ਸੇ। ਜਾਂ ਗੁਰੂ ਜੀ ਔਰ ਸੋਢੀ ਨਾਲੇ ਫ਼ਰੰਗੀ ਆਮੋ ਸਾਹਮਣੇ ਹੋਏ ਤਾਂ ਫ਼ਰੰਗੀ ਨੂੰ ਸਤਿਗੁਰੂ ਜੀ ਨੇ ਬੋਲਾ ਕੀਤਾ ਤੁਸੀਂ ਵਿੱਚੋਂ ਹਟ ਜਾਓ। ਅਸੀਂ ਸਾਰਾ ਇੱਕੋ ਟੱਬਰ ਹਾਂ। ਫ਼ਰੰਗੀ ਨੇ ਕਹਾ ਜੀ ਅਸੀਂ ਤਾਂ ਡਰਦੇ ਹਾਂ ਕਿ ਦੰਗਾ ਨਾ ਹੋ ਜਾਏ। ਇਸ ਵਾਸਤੇ ਧੁਆਨੂੰ ਇਕੱਠੇ ਨਹੀਂ ਹੋਣ ਦਿੰਦੇ

ਗੁਰੂ ਜੀ ਬਚਨ ਕੀਤਾ ਸੋਢੀਆਂ ਨੂੰ ਤੁਸੀਂ ਖੇਡੋ ਜਾ ਕੇ ਰਾਜਿਆਂ ਨਾਲ। ਸਾਡੇ ਨਾਲ ਕੀ ਖੇਡਣਾ ਹੈ? ਮੈਂ ਗ਼ਰੀਬ ਆਦਮੀ ਹਾਂ। ਸੋਢੀਆਂ ਨੇ ਕਹਾ ਕਿ ਤੂੰ ਤਾਂ ਪਾਤਸ਼ਾਹਾਂ ਕਾ ਪਾਤਸ਼ਾਹ ਨਜ਼ਰ ਆਂਵਦਾ ਹੈਂ। ਅਸੀਂ ਆਪ ਕੋ ਪਾਤਸ਼ਾਹ ਜਾਣਕੇ ਹੋਲਾ ਖੇਡਣ ਆਏ ਹਾਂ। ਸ੍ਰੀ ਸਤਿਗੁਰੂ ਜੀ ਸੋਢੀਆਂ ਕੋ ਬਚਨ ਕੀਤਾ ਕਿ ਪੈਹਲੇ ਵਾਰ ਤੁਸੀਂ ਕਰੋ। ਹਾਥੀ ਉਪਰੋਂ ਉਨ੍ਹਾਂ ਨੇ ਰੰਗ ਦੀ ਪੋਟਲੀ ਮਾਰੀ। ਸ੍ਰੀ ਸਤਿਗੁਰੂ ਜੀ ਨੇ ਸੱਜੇ ਹੱਥ ਨਾਲ ਬੋਚ ਲਈ। ਤਿਨ ਵਾਰ ਹੋ ਲਏ ਤਾ ਗੁਰੂ ਜੀ ਬਚਨ ਕੀਤਾ ਲਓ ਹੁਣ ਸਾਡਾ ਵਾਰ ਹੈ। ਜਾਂ ਭਰ ਕੇ ਮੁਠ ਗੁਲਾਲ ਕੀ ਮਾਰੀ ਕਾੜ ਦੇ ਕੇ ਸੋਢੀਆਂ ਦੇ ਮੂੰਹਾਂ ਪਰ ਪਈ। ਅਖੀਆਂ ਲਗੇ ਮਲਨ। ਮੂੰਹ ਭਰ ਗਏ ਰੰਗਾਂ ਨਾਲ। ਅੱਖਾਂ ਸਭਨਾਂ ਕੀਆਂ ਮੀਚ ਹੋਇ ਗਈਆਂ। ਸਾਰਾ ਸਰੀਰ ਰੰਗ ਨਾਲ ਭਰ ਦਿੱਤਾ। ਸ੍ਰੀ ਸਤਿਗੁਰੂ ਜੀ ਕੇ ਸਿੰਘ ਦੇਖਕੇ ਬੜੇ ਪ੍ਰਸੰਨ ਹੁੰਦੇ ਹੈਂ। ਸ੍ਰੀ ਸਤਿਗੁਰੂ ਜੀ ਹਾਥੀ ਦੀ ਸੁੰਡ ਦੇ ਪਾਸ ਘੋੜੀ ਕਰਕੇ ਮੁਠ ਰੰਗ ਦੀ ਬੱਧੀ ਬਧਾਈ ਸੋਢੀਆਂ ਦੇ ਮੂੰਹ ਪਰ ਲੱਗੇ ਮਾਰਨ। ਉਹ ਅੱਖਾਂ ਮਲਦੇ ਹੀ ਰਹਿ ਜਾਵਣ।ਜੇੜਾ ਵਾਰ ਕਰਨ ਸੋ ਖਾਲੀ ਨਹੀਂ ਜਾਂਦਾ। ਜਾਂ ਮੂੰਹ ਪਰ ਪਵੇ ਜਾਂ ਅੱਖਾਂ ਪਰ ਪਵੇ।

ਸ੍ਰੀ ਸਤਿਗੁਰੂ ਜੀ ਵੱਲੋਂ ਹਵਾ ਦਾ ਰੁਖ ਹੋ ਗਿਆ। ਸੋਢੀਆਂ ਦਾ ਗੁਲਾਲ ਰਾਹ ਵਿੱਚ ਹੀ ਰਹਿ ਜਾਂਦਾ ਸੀ। ਜੇਹੜਾ ਸੋਢੀ ਸਿਟਦੇ ਉਹ ਵੀ ਉਨ੍ਹਾਂ ਦੇ ਹੀ ਮੂੰਹ ਪਰ ਪਵੇ। ਬਹੁਤ ਚਿਰ ਖੇਲੇ, ਅਖੀਰ ਕੋ ਸੋਢੀ ਹਾਥੀ ਭਜਾਇਕੇ ਲੇ ਗਏ ਕਿ ਏਹ ਤਾ ਕਿਸੇ ਕੋ ਅੰਧਾ ਕਰ ਦੇਵੇਗਾ। ਸੋਢੀਆਂ ਦੇ ਨਾਲ ਦੇ ਸਭ ਸਿੱਖ ਭੀ ਮਦਾਨ ਛੱਡ ਭਜ ਗਏ ਜੈਸੇ ਸਿੰਘ ਕੇ ਭੈ ਸੇ ਮਿਰਗ ਭਜਦੇ

ਹੈਂ। ਅਨੰਦਪੁਰ ਕੇ ਰਹਿਣ ਵਾਲੇ ਅਸ਼ਕੇ[1] ਮਨਾਇ ਗਏ। ਜਦ ਸੋਢੀਆਂ ਕੀ ਕੋਈ ਪੇਸ਼ ਨਾ ਚੱਲੀ ਤਾਂ ਖੱਟੇ ਨਿੰਬੂ ਮਾਰਨ ਲੱਗ ਪਏ। ਕਹਿੰਦੇ ਹੈਂ ਇਹ ਕੂਕੇ ਬੜੇ ਤਕੜੇ ਹੈਨ। ਫੇਰ ਸ੍ਰੀ ਸਤਿਗੁਰੂ ਜੀ ਆਪਣੇ ਸਿੰਘਾਂ ਪਰ ਭੀ ਲਗੇ ਗੁਲਾਲ ਪੌਣ। ਫੁਰਤੀ ਸੇ ਸਭ ਸਿੰਘਾਂ ਕੋ ਲਾਲ ਹੀ ਲਾਲ ਕਰ ਦਿੱਤਾ। ਉਸ ਦਿਨ ਬਹੁਤ ਹੀ ਗੁਲਾਲ ਉੱਡਿਆ। ਧਰਤੀ ਰੰਗ ਹੋ ਗਈ। ਸ੍ਰ. ਮੰਗਲ ਸਿੰਘ ਨੇ ਕਹਿਆ ਜੀ ਚਲੋ ਡੇਰੇ ਨੂੰ। ਉਸੀ ਵਕਤ ਵਾਗਾਂ ਮੋੜੀਆਂ, ਜਿਓਂ ਦੌੜਾਏ ਹੈਂ ਪੌਣ ਵੇਗ ਘੋੜੇ ਡੇਰੇ ਆਇ ਦਮ ਲੀਆ।

ਨਿਹੰਗਾਂ ਪੁਜਾਰੀਆਂ ਨੇ ਸਮਝਿਆ ਜੇੜ੍ਹੇ ਪਿਛਾਂ ਹੀ ਮੁੜ ਗਏ ਹੈਨ ਕਿਧਰੇ ਗੁਰਦਵਾਰੇ ਨਾ ਰੋਕ ਲੈਣ। ਨਿਹੰਗਾਂ ਨੂੰ ਕੁਝ ਨਹੀਂ ਸੁੱਝਿਆ। ਵਾਹੋ ਦਾਹੀ ਨੱਸੇ। ਜੇੜ੍ਹੇ ਰਸਤੇ ਔਣਾ ਸੀ ਸੋ ਰਸਤਾ ਭੀ ਭੁਲ ਗਿਆ ਸ਼ਤਾਬੀ ਮੈ। ਜਿਵੇਂ ਕਿਸੇ ਦੇ ਸਿਰ ਪਰ ਗਨੀਮ ਔਂਦਾ ਹੈ ਨੱਸੇ ਆ ਕੇ ਸ਼ਤਾਬੀ ਸੇ ਜਿੰਦਰੇ ਮਾਰ ਲਏ। ਮਗਰੇ ਫ਼ਰੰਗੀ ਆਇਆ। ਪਹਿਲੇ ਤਾਂ ਗੁਰਦਵਾਰੇ ਨੂੰ ਗਿਆ। ਪੁਛਨੇ ਲਗਾ ਅੰਦਰ ਆਇ ਬੜੇ ਹੈਨ? ਪੁਜਾਰੀਆਂ ਨੇ ਕਹਾ ਕਿ ਨਹੀਂ ਆਏ। ਅਸੀਂ ਤਾਂ ਨਹੀਂ ਅੰਦਰ ਬੜਨ ਦਿੰਦੇ ਹਾਂ। ਫ਼ਰੰਗੀ ਸ੍ਰੀ ਸਤਿਗੁਰੂ ਜੀ ਪਾਸ ਆਇਆ। ਟੋਪੀ ਲਾਹ ਕੇ ਸਲਾਮ ਕੀਤੀ। ਕੈਹਣੇ ਲਗਾ ਵੈਲ ਆਪ ਕਿਓਂ ਚਲੇ ਆਏ ਹੋ। ਬਚਨ ਕੀਤਾ ਗੁਰੂ ਜੀ ਜੇਕਰ ਉਸ ਜਗ੍ਹਾ ਬੋਲਾ ਹੋਇ ਜਾਂਦਾ ਤਾਂ ਬੜੀ ਮਾੜੀ ਗੱਲ ਸੀ। ਅਸੀਂ ਬੋਲਿਓਂ ਡਰਦੇ ਹਾਂ। ਬਚਨ ਕੀਤਾ ਓਹ ਕੋਲ ਜਾਇਕੇ ਮੱਥਾ ਟੇਕ ਲੈਂਦੇ ਹੈਂ ਅਸੀਂ ਦੂਰੋਂ ਹੀ ਟੇਕ ਲਿਆ ਹੈ। ਫ਼ਰੰਗੀ ਨੇ ਪੁੱਛਿਆ ਤੁਮ ਗੁਰਦਵਾਰੇ ਭੀ ਗਏ? ਗੁਰੂ ਜੀ ਬਚਨ ਕੀਤਾ ਨਹੀਂ ਗਏ ਹੈਂ। ਕੀ ਹੈ? ਇੱਟਾਂ ਹੈ ਖੜੀਆਂ। ਫ਼ਰੰਗੀ ਨੇ ਕਹਾ ਹਮਾਰੇ ਪਰ ਤਾਂ ਨਹੀਂ ਨਰਾਜ਼ ਹੋ? ਦੀਨਾਨਾਥ ਜੀ ਬਚਨ ਕੀਤਾ ਤੇਰੇ ਉੱਤੇ ਅਸੀਂ ਬੜੇ ਰਾਜੀ ਹੈ। ਫ਼ਰੰਗੀ ਨੇ ਕਹਾ ਹੋਰ ਖਿਦਮਤ ਕਾ ਹੁਕਮ ਕਰੋ। ਸ੍ਰੀ ਸਤਿਗੁਰੂ ਜੀ ਹੁਕਮ ਇਹ ਦਿੱਤਾ ਏਹ ਸਿੰਘਾਂ ਕਾ ਗੁਰਦਵਾਰਾ ਹੈ। ਅੱਗੇ ਕਰਕੇ ਸਾਰੰਗੀ ਬਜਦੀ ਹੈ, ਨਾਂਗੇ ਸੁਣਦੇ ਹੈਂ। ਗੁਰੂ ਕਾ ਸ਼ਬਦ ਤਾਂ ਕੋਈ ਨਹੀਂ ਪੜਦੇ ਹੈਂ। ਬੋਲੀਆਂ ਪਾਇਕੇ ਗੰਦੇ ਗੀਤ ਪੜਦੇ ਹੈਂ। ਢੱਡ ਸਾਰੰਗੀ ਨਾ ਬਜੇ। ਫ਼ਰੰਗੀ ਨੇ ਨਾਲ ਸਿਪਾਹੀ ਲਜਾਇਕੇ ਜਿੱਥੇ ਜਿੱਥੇ ਵਜਦੀ ਸੀ ਢੱਡ ਸਾਰੰਗੀ ਸਭ ਬੰਦ ਕਰ ਦਿੱਤੀ।

## ਸ਼ਹਿਰ ਦੇ ਲੋਕਾਂ ਨੂੰ ਦਰਸ਼ਨ

ਸ਼ਹਿਰ ਦੇ ਲੋਕਾਂ ਦੇ ਮਨ ਮੈ ਇਹ ਹੋਈ ਕਿ ਜੇਕਰ ਉਸ ਦਸਵੇਂ ਪਾਤਸ਼ਾਹ ਵਾਲੀ ਜੋਤ ਹੈ ਤਾਂ ਸਾਨੂੰ ਹੱਟੀਆਂ ਪਰ ਬੈਠਿਆਂ ਨੂੰ ਦਰਸ਼ਨ ਦੇਵਣ। ਸ੍ਰੀ ਸਤਿਗੁਰੂ ਅੰਤਰਯਾਮੀ ਜੀ ਇਕਪਾਸੇ ਤੇ ਦਰਸ਼ਨ ਦੇਂਦੇ ਦੂਜੇ ਪਾਸੇ ਕੋ ਆਇ ਗਏ। ਸਭਨਾਂ ਨੇ ਦਰਸ਼ਨ ਅੱਛੀ ਤਰ੍ਹਾਂ ਪ੍ਰਸੰਨ ਹੋ ਕੇ ਕੀਤਾ। ਉਨ੍ਹਾਂ ਕੇ ਮਨ ਕੀਆਂ ਭਾਵਨਾਂ ਪੁਰੀਆਂ ਹੋਈਆਂ। ਹੱਟੀਆਂ ਵਾਲਿਆਂ ਨੇ ਗੁਲਾਲ ਬੀ ਸਿੱਟਿਆ ਨਾਲੇ ਪਤਾਸੇ ਨਾਲੇ ਪੈਸੇ ਸਿੱਟੇ ਅਰ ਮੁਖ ਤੇ ਇਹ ਕੈਂਹਦੇ ਹੈਂ ਧੰਨ ਗੁਰੂ ਹੈ ਜਿਸ ਨੇ ਸਾਨੂੰ ਹੱਟੀਆਂ ਪਰ ਬੈਠਿਆਂ ਦਰਸ਼ਨ ਦਿੱਤਾ ਹੈ। ਏਹ ਉਹੀ ਦਸਵੇਂ ਪਾਤਸ਼ਾਹ ਵਾਲੀ ਜੋਤ ਹੈ, ਸਾਨੂੰ ਪੂਰਾ ਨਿਸਚਾ ਹੈ।

---

1 ਪ੍ਰਸੰਨ ਹੋ ਗਏ।

## ਸਫ਼ ਸਮੇਟ ਲੈ

ਮੀਹਾਂ ਸਿੰਘ ਲੂਲੋ ਵਾਲੇ ਮਸਤਾਨੇ ਨੇ ਫ਼ਰੰਗੀ ਦੇ ਕੋਲ ਜਾ ਕੇ ਕਹਿਆ ਕਿ ਆਪਣੀ ਸਫ਼ ਸਮੇਟ ਲੈ[1], ਅਬ ਗੁਰੂ ਆਇ ਗਿਆ ਹੈ। ਸੱਚਾ ਗੁਰੂ ਆ ਪ੍ਰਗਟ ਹੋਇਆ ਹੈ। ਤੁਸੀਂ ਕਿੱਥੇ ਏਥੇ ਆ ਗਏ ਹੋ ਨੰਦਨੋਂ? ਆਇਕੇ ਏਥੇ ਬੁਚੜਖਾਨੇ ਲਾਇ ਦਿੱਤੇ ਹੈਂ ਪੰਜਾਬ ਮੈ। ਧਰਤੀ ਕਾ ਮਾਲਕ ਧਰਤੀ ਪਰ ਆਇ ਗਿਆ ਹੈ। ਹੁਣ ਥੋੜੇ ਚਿਰ ਤੱਕ ਤੁਹਾਡੀ ਸਫ਼ ਚੁੱਕੀ ਜਾਣੀ ਹੈ ਔਰ ਤੁਸੀਂ ਚਲੇ ਜਾਓ ਜਿੱਧਰੋਂ ਆਏ ਹੋ।

## ਜੈਮਲ ਸਿੰਘ

ਜੈਮਲ ਸਿੰਘ ਗਧੇਵਾਲਾ ਤਿਸ ਨੇ ਠਾਣੇਦਾਰ ਕੇ ਨੱਕ ਪਰ ਟਕੂਆ ਮਾਰਿਆ। ਠਾਣੇਦਾਰ ਸ੍ਰੀ ਸਤਿਗੁਰੂ ਜੀ ਪਾਸ ਆਇਆ। ਕੈਹਣੇ ਲਗਾ ਸੱਚੇ ਪਾਤਸ਼ਾਹ ਤੁਮ੍ਹਾਰੇ ਸਿੰਘ ਨੇ ਮੇਰੇ ਨੱਕ ਪਰ ਟਕੂਆ ਮਾਰਿਆ ਹੈ ਬੇ-ਗੁਨਾਹੇ ਦੇ। ਗੁਰੂ ਜੀ ਬਚਨ ਕੀਤਾ ਜੋ ਐਸਾ ਕਰਨ ਵਾਲਾ ਹੈ ਤਿਸ ਕੋ ਫੜੋ। ਫ਼ਰੰਗੀ ਨੇ ਸੁਣ ਕੇ ਕਹਾ ਕਿ ਟਕੂਏ ਸਭ ਲੈ ਲਓ ਜਿਨ੍ਹਾਂ ਜਿਨ੍ਹਾਂ ਪਾਸ ਹਨ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਚੰਗੇ ਚੰਗੇ ਰੱਖ ਲਓ, ਮਾੜੇ ਮੋਟੇ ਮੱਥੇ ਮਾਰੋ। ਦੋ ਕੁ ਸੌ ਟਾਕੂਆ ਲੈ ਲਿਆ ਤਾਂ ਲੂਲੋਂ ਵਾਲੇ ਮੀਹਾਂ ਸਿੰਘ ਨੇ ਕਿਹਾ ਕਿ ਮੈਂ ਹਾਂ ਸਾਰਿਆਂ ਦਾ ਪੈਕੰਬਰ। ਜੋ ਕੁਝ ਪੁੱਛਣਾ ਹੈ ਸੋ ਮੈਨੂੰ ਪੁੱਛ ਲਵੋ। ਫ਼ਰੰਗੀ ਨੇ ਫ਼ੜ ਲਿਆ।

ਜੈਮਲ ਸਿੰਘ ਕੋ ਫ਼ਰੰਗੀ ਕਹਿਣ ਲਗਾ ਕਿ ਤੁਮ ਨੇ ਗਧਾ ਕਿਓਂ ਰੱਖਿਆ ਹੈ? ਰੱਖਣਾ ਹੈ ਤਾਂ ਘੋੜਾ ਜਾਂ ਘੋੜੀ ਰੱਖ। ਜੈਮਲ ਸਿੰਘ ਨੇ ਕਹਿਆ ਕਿ ਮੇਰਾ ਗਧਾ ਤੂੰ ਲੈ ਲੈ ਤੇ ਮੈਨੂੰ ਆਪਦੀ ਘੋੜੀ ਦੇ ਦੇ।

ਪੰਜਾਂ ਮਸਤਾਨਿਆਂ ਕੋ, ਜੋ ਐਸੇ ਹੀ ਜੈਮਲ ਸਿੰਘ ਵਰਗੇ ਸੇ, ਫੜਕੇ ਫ਼ਰੰਗੀ ਗੁਰੂ ਜੀ ਕੇ ਪਾਸ ਲੈ ਆਇਆ। ਕਹਿਣ ਲਗਾ ਯੇ ਤੁਮਾਰੇ ਸਿੰਘ ਗੁਲ ਮਚਾਂਦੇ ਹੈਂ। ਗੁਰੂ ਜੀ ਬਚਨ ਕੀਤਾ ਏਹ ਪਾਂਚੋ ਹੀ ਬੇ-ਪਰਵਾਹ ਰਹਿੰਦੇ ਹੈ। ਜੋ ਤੁਮਾਰੀ ਮਰਜ਼ੀ ਹੈ ਸੋ ਕਰੋ। ਪਾਂਚੋ ਕੋ ਹੀ ਫ਼ਰੰਗੀ ਲੈ ਗਿਆ। ਤੰਬੂ ਮੈ ਲਜਾਇਕੇ ਪੈਹਰਾ ਲਗਾ ਦੀਆ ਉਨ੍ਹਾਂ ਕੇ ਉੱਪਰ।

ਸ੍ਰੀ ਸਤਿਗੁਰੂ ਜੀ ਮਦਾਨ ਚੱਲੇ ਤਾਂ ਪੰਜਾਹ ਸਿੱਖ ਸਤਿਗੁਰੂ ਜੀ ਕੇ ਨਾਲ ਤੁਰੇ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਕਿ ਅਸੀਂ ਮਦਾਨ ਹੋ ਕੇ ਆਉਂਦੇ ਹਾਂ, ਤੁਸੀਂ ਏਥੇ ਹੀ ਠਹਰੋ। ਕੁਛ ਠਹਿਰੇ ਤੇ ਕੁਛ ਨਾਲ ਹੀ ਚਲੇ ਗਏ। ਮੁੜ ਆਏ ਗੁਰੂ ਜੀ।

ਮਾਈ ਭਾਗਨ ਪਊਏ ਹੀ ਸਦਾ ਪੈਰੀਂ ਰੱਖਦੀ ਸੀ। ਸੌ ਕੁ ਸਿੰਘਾਂ ਦਾ ਇਕ ਟੋਲਾ ਆ ਗਿਆ। ਚਰਨਾਂ ਪਰ ਆਇ ਮੱਥਾ ਟੇਕਿਆ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਭਾਈ ਦੂਰੋਂ ਹੀ ਫ਼ਤੇ ਬੁਲਾਇਆ ਕਰੋ। ਕੋਈ ਸਿੰਘ ਕਹੇ ਕਿ ਸਤਿਗੁਰੂ ਰਾਮ ਸਿੰਘ ਜੀ ਹੀ ਅਕਾਲ ਪੁਰਖ ਹੈਂ। ਕੋਈ ਆਪ ਮੁਹਾਰਾ ਮਸਤਾਨਾ ਹੋਇਆ ਹੋਇਆ ਕੁਛ ਕੈਂਹਦਾ ਹੈ ਕੋਈ ਕੁਛ ਬੋਲਦਾ ਹੈ। ਸ੍ਰੀ

---

1 ਬਿਸਤਰਾ ਗੋਲ ਕਰ ਲੈ।

ਸਤਿਗੁਰੂ ਜੀ ਬਚਨ ਕੀਤਾ ਮੈਂ ਤੁਹਾਡੀ ਕਰਤੂਤ ਮੁੱਢੋਂ ਹੀ ਜਾਣਦਾ ਹਾਂ। ਤੁਸੀਂ ਉਹ ਸਿੱਖ ਹੋ ਜਿਨ੍ਹਾਂ ਨੇ ਦਸਵੇਂ ਪਾਤਸ਼ਾਹ ਦੇ ਵੇਲੇ ਕਿਹਾ ਸੀ ਕਿ ਅਸੀਂ ਤੇਰੇ ਸਿੱਖ ਨਹੀਂ ਹਾਂ ਤੇ ਤੂੰ ਸਾਡਾ ਗੁਰੂ ਨਹੀਂ ਹੈਂ। ਸਿੱਖੀ ਕਾ ਬੇਦਾਵਾ ਲਿੱਖ ਦਿੱਤਾ ਸੀ। ਹੁਣ ਤੁਸੀਂ ਆਪਸ ਮੈ ਆਪਣੀ ਮਤ ਵਰਤਦੇ ਹੋ। ਕੋਈ ਦਿਨ ਐਸਾ ਆਵੇਗਾ ਕਿ ਤੁਸੀਂ ਸਿੱਖੀ ਤੇ ਹੀ ਜਬਾਬ ਦੇ ਜਾਣਾ ਹੈ। ਤੁਹਾਡੀਆਂ ਕਰਤੂਤਾਂ ਮੈਨੂੰ ਮਾਲੂਮ ਹਨ। ਚੁਪ ਕਰ ਰਹੋ, ਛੇੜਖਾਨੀ ਨਾ ਕਰੋ। ਤੁਸੀਂ ਕਛਹਿਰੇ ਖੂੰਜੀਂ ਲੁਕਾਇ ਦੇਵੋਂਗੇ। ਥੋੜ੍ਹੇ ਚਿਰ ਮੈ ਹੀ ਕਹੋਗੇ ਅਸੀਂ ਸਿੰਘ ਨਹੀਂ ਹਾਂ। ਹੋਰ ਬਚਨ ਬਹੁਤ ਕੀਤੇ। ਬਚਨ ਕੀਤਾ ਏਹੀ ਸੰਤ ਖਾਲਸਾ ਹੈ ਜੋ ਦਸਵੇਂ ਪਾਤਸ਼ਾਹ ਨੇ ਕਹਿਆ ਹੈ। ਸ੍ਰੀ ਸਤਿਗੁਰੂ ਜੀ ਨੇ ਖਾਲਸੇ ਕੋ ਬਹੁਤ ਦਾਤਾਂ ਬਖਸ਼ੀਆਂ ਹੈਨ। ਰਾਮ ਚੰਦਰ ਅਪਨੀ ਅਜੁਧਿਆ ਨਗਰੀ ਬੈਕੁੰਠ ਧਾਮ ਕੋ ਲੈ ਗਿਆ ਸੀ ਅਤੇ ਏਕ ਨਗਰੀ ਹਰੀ ਚੰਦ ਨਾਲ ਲੈ ਗਿਆ ਸੀ। ਸਾਨੂੰ ਅਕਾਲ ਪੁਰਖ ਕਾ ਹੁਕਮ ਹੈ ਕਿ ਨਾਮ ਕੇ ਜਹਾਜ਼ ਪਰ ਚਾੜ੍ਹਕੇ ਉਦੇ ਅਸਤ ਤੋੜੀ ਸਭ ਲੈ ਜਾਣੇ ਹੈਨ। ਰਾਜੇ ਜਨਕ ਵਾਂਗ ਨਰਕ ਮੈ ਕੋਈ ਨਹੀਂ ਜਾਣ ਦੇਣਾ।

## ਕਿਤਨੇ ਕੁ ਨਾਮਧਾਰੀ ਆਏ

ਹਾਥੀਆਂ ਉੱਤੇ ਚੜ੍ਹੇ ਹੋਏ ਤਿੰਨ ਫ਼ਰੰਗੀ ਆਏ। ਪੁਛਨੇ ਲਗੇ ਜੋ ਤੁਮ੍ਹਾਰੇ ਸਿੰਘ ਕਿਤਨੇ ਕੁ ਹੈਨ। ਬਚਨ ਕੀਤਾ ਅਸੀਂ ਤਨਖਾਹ ਨਹੀਂ ਦੇਂਦੇ ਹਾਂ ਜੋ ਸਾਡੇ ਕਾਗਜ਼ ਪਰ ਲਿਖੇ ਹੋਣ। ਜੋ ਸਾਡੇ ਪਾਸ ਕਾਗਜ਼ ਹੋਵੇ ਤਾਂ ਧੁਆਨੂੰ ਦੱਸ ਵੀ ਦੇਈਏ। ਜੇਕਰ ਧੁਆਨੂੰ ਭਰਮ ਹੈ ਤਾਂ ਤੁਸੀਂ ਲਿਖ ਲਵੋ। ਜਾਂ ਲਿਖਣੇ ਲਗੇ ਤਾਂ ਦੋ ਹਜ਼ਾਰ ਸਿੰਘ ਲਿਖਿਆ ਤਾਂ ਦਿਨ ਥੋੜਾ ਰਹਿ ਗਿਆ। ਫ਼ਰੰਗੀ ਨੇ ਦੇਖਿਆ ਜੋ ਅਣਲਿਖੇ ਬਹੁਤ ਨਜ਼ਰ ਪਏ ਅਤੇ ਲਿਖੇ ਹੋਏ ਵੱਲ ਦੇਖਿਆ ਤਾਂ ਬਹੁਤ ਥੋੜ੍ਹਾ ਖਾਲਸਾ ਦਿਸਿਆ। ਫ਼ਰੰਗੀ ਨੇ ਸੋਚਿਆ ਜੋ ਏਹ ਨਹੀਂ ਲਿਖ ਹੁੰਦਾ। ਗੁੱਸੇ ਨਾਲ ਕਾਗਜ਼ ਪਾੜ ਦਿੱਤਾ। ਦੀਵਾਨ ਵਿੱਚ ਲਿਖਦਾ ਸੀ।[1] ਦੀਵਾਨ ਤਾਂ ਲੱਗਾ ਰਿਹਾ ਇਕ ਸਿੰਘ ਨੇ ਅਰਜ਼ ਕੀਤੀ ਜੀ ਸਾਰੇ ਸਿੰਘ ਨਹੀਂ ਗਏ ਗੁਰਦਵਾਰੇ ਮੇਂ। ਸਤਿਗੁਰੂ ਜੀ ਬਚਨ ਕੀਤਾ ਭਾਈ ਇੱਟਾਂ ਖੜੀਆਂ ਹੈਨ, ਵਿੱਚ ਕਾਊਂ ਬੜੇ ਬੈਠੇ ਹੈਂ।

ਸ੍ਰੀ ਸਤਿਗੁਰੂ ਜੀ ਰੰਗ ਮੇਂ ਹੋਇਕੇ ਦੋਨੋਂ ਭੁਜਾਂ ਉਤਾਂਹ ਕਰਕੇ ਦੋਨੋਂ ਹਾਥੋਂ ਕੋ ਦਬਾਇਕੇ ਬਚਨ ਕੀਤਾ ਖਾਲਸਾ ਜੀ ਗੁਰੂ ਸਾਹਿਬਾਂ ਨੇ ਕਿਸੇ ਭੇਖ ਮੇਂ, ਕਿਸੇ ਗੁਰਦਵਾਰੇ ਮੇਂ, ਕਿਸੇ ਮੜ੍ਹੀ ਮਸਾਣੀਂ ਮੇਂ, ਅਕਾਸ ਪਤਾਲ ਮੇਂ, ਧਰਤੀ ਮੇਂ ਸੱਤਿਆ ਨਹੀਂ ਛੱਡੀ। ਸਭਨਾਂ ਦੀ ਸੱਤਿਆ ਖਿਚ ਲਈ ਹੈ। ਏਤਨੇ ਬਚਨ ਕਰਕੇ ਗੁਰੂ ਜੀ ਉੱਠ ਖੜੇ ਹੋਏ। ਸਾਰਾ ਦੀਵਾਨ ਭੀ ਖੜਾ ਹੋਇਆ। ਬੈਠੇ ਸੇ ਸੋ ਸਭ ਖੜੇ ਹੋਇ ਗਏ। ਜਗ੍ਹਾ ਨਾ ਰਹੀ। ਗੁਰੂ ਜੀ ਧੱਕਾ ਦੇ ਕੇ ਦੋਨੋਂ ਹਾਥੋਂ ਕਾ ਦੀਵਾਨ ਖੋਲ੍ਹ ਦੀਆ।ਥਰ ਕਾ ਥਰ ਪਾਸੇ ਹਟਦਾ ਜਾਵੇ। ਚਾਰੋਂ ਤਰਫ਼ ਦੀਵਾਨ ਖੁਲ੍ਹ ਗਿਆ ਥਾਨੇਦਾਰ ਨੇ ਕਹਾ ਜੀ ਫ਼ਰੰਗੀ ਸੂਤਰ ਦੇਖਣ ਆਏ ਹੈਂ। ਫ਼ਰੰਗੀ ਭੀ ਕੈਹਣੇ ਲਗੇ ਕੇ ਹਮਨੇ ਸੂਤਰ ਦੇਖਣਾ ਹੈ।ਦਿੱਤੂ ਰਾਗੀ ਕੋ ਹੁਕਮ ਹੋਇਆ "ਖੰਡਾ ਪ੍ਰਿਥਮੈ ਸਾਜਿ ਕੈ ਜਿਨਿ ਸਭ ਸੈਸਾਰੁ

1 ਇੰਸਪੈਕਟਰ ਹੁਸ਼ਿਆਰਪੁਰ ਫ਼ਜ਼ਲ ਹੁਸੈਨ ਦੀ ਰਿਪੋਰਟ ਮੁਤਾਬਕ ੮੦੦੦ ਦੇ ਕਰੀਬ ਨਾਮਧਾਰੀ ਇਸ ਹੋਲੇ ਵਿੱਚ ਪਹੁੰਚੇ ਸਨ। ਨਾਮਧਾਰੀ ਸਰੋਤਾਂ ਅਨੁਸਾਰ ੨੪੦੦੦ ਦੇ ਕਰੀਬ ਸਨ ਨਾਮਧਾਰੀ।

ਉਪਾਇਆ" ਇਹ ਪੜੋ। ਏਹ ਤੁਕ ਪੜਨੇ ਸੇ ਸਭਕੋ ਸੂਤਰ ਹੋਇ ਗਿਆ। ਸਾਰੇ ਦੀਵਾਨ ਮੈ ਸਾਰੇ ਸਿੰਘ ਬੈਠੇ ਬੈਠੇ ਸੀਸ ਹਲਾਉਣ ਲੱਗ ਪਏ। ਕਈ ਤਰ੍ਹਾਂ ਕੇ ਬੋਲੇ ਅਤੇ ਕਿਲਕਾਰੀਆਂ ਮਾਰਦੇ ਹੈਂ। ਨਾਨਾ ਪ੍ਰਕਾਰ ਕੇ ਰੰਗ ਨਜ਼ਰ ਔਂਦੇ ਹੈਂ। ਸਭ ਕੇ ਮੁਖ ਪਰ ਲਾਲੀਆਂ ਅਰ ਸਿੰਘ ਸੂਰਮੇਂ ਨਾਮ ਕੇ ਰੰਗ ਮੈ ਮਸਤ ਹੋਇ ਹੋਇ ਹੈਨ। ਨੇਤਰ ਖਾਲਸਿਆਂ ਕੇ ਮਸ਼ਾਲਾਂ ਵਾਂਗ ਜਗਦੇ ਹੈਂ। ਐਸੇ ਲਾਲੋ ਲਾਲ ਹੋਇ ਕਿ ਫ਼ਰੰਗੀਆਂ ਕੋ ਭੈ ਔਣੇ ਲਗਾ। ਕੈਹਣ ਲਗੇ ਬਾਬਾ ਸਾਹਿਬ ਜੀ ਸੂਤਰ ਬੰਦ ਕਰੋ। ਸ਼ਬਦ ਪੜਨੋ ਹਟਾਏ ਗਏ ਤਾਂ ਸੂਤਰ ਬੰਦ ਹੋਇਆ। ਚਾਰੋਂ ਤਰਫ਼ ਦੀਵਾਨ ਕਾ ਅਨੰਦ ਹੋਇਆ ਮਾਨੋਂ ਬੈਕੁੰਠ ਧਾਮ ਬਣਿਆ ਹੋਇਆ ਹੈ। ਫ਼ਰੰਗੀ ਚਲੇ ਗਏ।

## ਫਤੇ ਸਿੰਘ ਸੋਢੀ ਨੂੰ ਭਜਨ

ਫਤੇ ਸਿੰਘ ਸੋਢੀ[1] ਨਾਲ ਡਿਪਟੀ ਸੀ, ਦੀਵਾਨ ਮੇਂ ਆਇਆ। ਅਰਜ਼ ਕੀਤੀ ਜੀ ਸੂਤਰ ਦੇਖਣਾ ਚਾਹੁੰਦੇ ਹਾਂ। ਰਾਗੀਆਂ ਕੋ ਬਚਨ ਕੀਤਾ ਕਿ ਕਲਕੀ ਅਵਤਾਰ ਕੇ ਸਵੈਯੇ ਪੜੋ। ਪੜਨੇ ਲਗੇ। ਬਹੁਤ ਸਿੰਘਾਂ ਕੋ ਸੂਤਰ ਹੋਇਆ।ਸਿੰਘ ਉੱਚੀ ਉੱਚੀ ਕੂਕਾਂ ਮਾਰਨ। ਡਿਪਟੀ ਡਰ ਕੇ ਉੱਠਣ ਲੱਗਾ। ਅੰਤਰਯਾਮੀ ਜੀ ਬਚਨ ਕੀਤਾ ਧੁਆਨੂੰ ਕੁਝ ਨਹੀਂ ਕਹਿੰਦੇ। ਫਤ ਸਿੰਘ ਸੋਢੀ ਨੇ ਭਜਨ ਮੰਗਿਆ। ਗੁਰੂ ਜੀ ਬਚਨ ਕੀਤਾ ਤੁਸੀਂ ਆਪ ਸੋਢੀ ਸਾਹਿਬਜ਼ਾਦੇ ਗੁਰੂ ਹੋ। ਅਸੀਂ ਕਿੱਲੇ ਘੜਨ ਵਾਲੇ ਤਰਖਾਣ ਹਾਂ। ਸੋਢੀ ਨੇ ਕਹਿਆ ਜੀ ਏਹ ਸਰੀਰ ਸਾਰਾ ਤਰਖਾਣ ਕਾ ਹੀ ਘੜਿਆ ਹੋਇਆ ਹੈ। ਮੈਂ ਤਾਂ ਜ਼ਰੂਰ ਭਜਨ ਲੈਣਾ ਹੈ। ਉਸੀ ਵਕਤ ਆਪ ਸੋਢੀ ਫਤੇ ਸਿੰਘ ਕੋ ਭਜਨ ਦਿੱਤਾ ਏਹ।[2] ਭੀ ਬਚਨ ਕੀਤਾ ਕਿ ਤੂੰ ਲੋਕਾਂ ਕੋ ਭੀ ਭਜਨ ਦਿਆ ਕਰ ਜੋ ਕੋਈ ਸ਼ਰਧਾ ਸੇ ਮੰਗੇ।

ਸਿੰਘਾਂ ਨੇ ਅਰਜ਼ ਕੀਤੀ ਜੀ ਕਈ ਸਿੰਘ ਆਪੇ ਹੀ ਭਜਨ ਦੇਂਦੇ ਹੈਂ। ਸਤਿਗੁਰੂ ਜੀ ਬਚਨ ਕੀਤਾ ਜਿਨ੍ਹਾਂ ਕੋ ਭਜਨ ਦੇਣ ਕਾ ਹੁਕਮ ਨਹੀਂ ਉਹ ਆਪੇ ਨਾ ਭਜਨ ਦੇਣ। ਸਭਨਾਂ ਕੋ ਤਾੜਿਆ ਕਿ ਤੁਸੀਂ ਬਿਨਾ ਹੁਕਮ ਥੀਂ ਕਿਓਂ ਭਜਨ ਦੇਂਦੇ ਹੋ।

## ਬ੍ਰਾਹਮਣਾਂ ਕੋ ਉੱਤਰ

ਜੋ ਏਕ ਬ੍ਰਾਹਮਣ ਆਇਆ। ਬੋਲਿਆ ਤੁਸੀਂ ਬੇਦ ਰੀਤੀ ਬੰਦ ਕੀਤੀ ਹੈ। ਕੇਹੜੀ ਰੀਤੀ ਤੋਰੀ ਹੈ? ਦੂਈ ਜਾਤ ਕੇ ਦੂਈ ਜਾਤ ਕੋ ਬਿਆਹ ਦੇਂਦੇ ਹੋ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਤੁਸੀਂ ਸ਼ਰਮਿੰਦੇ ਨਹੀਂ ਹੁੰਦੇ? ਕੇਹੜੇ ਮੂੰਹ ਨਾਲ ਬੋਲਦੇ ਹੋ? ਝੀਵਰ ਕੀ ਧੀ ਕੇ ਸਾਥ ਸੰਗ ਕਰਨੇ ਸੇ ਬਿਆਸ ਪੈਦਾ ਹੋਇਆ ਹੈ। ਤੁਸੀਂ ਉਸ ਕੀ ਉਲਾਦ ਹੋ ਅਤੇ ਹੋਰ ਧੁਆਡਾ ਵੱਡਾ ਜੋ ਬ੍ਰਹਮਾ ਹੋਇਆ ਹੈ, ਜਿਸ ਨੇ ਆਪਨੀ ਧੀ ਕੋ ਦੇਖ ਕਰ ਚਾਹਿਆ ਕਿ ਮੈਂ ਇਸ ਕੇ ਸਾਥ ਸੰਗ ਕਰਾਂ ਸੁਰਸਤੀ ਅਕਾਸ ਕੋ ਉੱਡ ਗਈ। ਧੁਆਡੇ ਵੱਡੇ ਤਾਂ ਏਹੋ ਜੇਹੀਆਂ ਕਰਤੂਤਾਂ ਕਰਦੇ ਸੇ ਤੇ ਸਾਨੂੰ

1 ਪਿੰਡ ਬੁੱਟਰ ਜ਼ਿਲ੍ਹਾ ਫ਼ਿਰੋਜ਼ਪੁਰ।

2 ਸੋਢੀਆਂ ਵਿੱਚੋਂ ਪ੍ਰਤਾਪ ਸਿੰਘ ਰਸੋਲੀਵਾਲਾ ਆਪਣੇ ਪੁੱਤਰ ਦੇਵਾ ਸਿੰਘ ਸਹਿਤ ਕੂਕਾ ਸੱਜਿਆ। ਸੋਢੀ ਨਰਿੰਦਰ ਸਿੰਘ ਕੁਰਾਲੀ ਵਾਲਾ ਸਣੇ ਸੋਢੀ ਹੀਰਾ ਸਿੰਘ ਦੇ, ਦੋਵੇਂ ਕੂਕੇ ਬਣਨ ਵਾਲੇ ਹਨ।
–ਰਿਪੋਰਟ ਇੰਸਪੈਕਟਰ ਫ਼ਜ਼ਲ ਹੁਸੈਨ, ਮੈਕਨਾਬ ਇੰਕੁਆਰੀ ਰਿਪੋਰਟ ਪੰਨਾ –੨੪੬੨,

ਜਾਤਾਂ ਦੇ ਮੇਹਣੇ ਮਾਰਦੇ ਹੋ? ਸ਼ਰਮ ਕੇ ਮਾਰੇ ਤੁਸੀਂ ਡੁਬ ਕੇ ਕਿਓਂ ਨਹੀਂ ਮਰ ਜਾਂਦੇ? ਜਿਨ੍ਹਾਂ ਕੇ ਵਡਾਰੂ ਐਸੇ ਕਰਮ ਕਰਦੇ ਹੈਂ ਸਾਨੂੰ ਕੇਹੜੀ ਜਬਾਨ ਸੇ ਐਸੇ ਕੈਂਹਦੇ ਹੋ? ਸ਼ਰਮ ਨਹੀਂ ਆਉਂਦੀ ਕਹਿੰਦਿਆਂ ਨੂੰ? ਬ੍ਰਾਹਮਣ ਸ਼ਰਮਿੰਦਾ ਹੋ ਕੇ ਚਲਿਆ ਗਿਆ। ਕੋਈ ਉੱਤਰ ਨਾ ਫੁਰਿਆ।

ਏਕ ਨਿਰਮਲਾ ਆਇਆ। ਕਹਿਣੇ ਲਗਾ ਕਿ ਤੁਸੀਂ ਗੁਰੂ ਸਦਵਾਉਂਦੇ ਹੋ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਮੈਂ ਕਿਸੇ ਕੋ ਨਹੀਂ ਕੈਂਹਦਾ ਕਿ ਮੈਨੂੰ ਗੁਰੂ ਆਖੋ। ਪ੍ਰਮੇਸਰ ਅਕਾਲ ਪੁਰਖ ਏਕ ਹੈ, ਓਹ ਸਭਨਾਂ ਕਾ ਗੁਰੂ ਹੈ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਅਸੀਂ ਸ੍ਰੀ ਗ੍ਰੰਥ ਸਾਹਿਬ ਕੀ ਬਾਣੀ ਪਰ ਭਰੋਸਾ ਰੱਖਦੇ ਹਾਂ। ਹੋਰ ਬਾਣੀ ਸਾਨੂੰ ਅੱਛੀ ਨਹੀਂ ਲਗਦੀ, ਨਾ ਅਸੀਂ ਪੜ੍ਹਦੇ ਹੀ ਹਾਂ। ਐਸੀ ਸ੍ਰੀ ਸਤਿਗੁਰੂ ਜੀ ਕੀ ਅਨੰਦਪੁਰ ਮੇਂ ਸੋਭਾ ਹੋਈ ਜੋ ਘਰੋ ਘਰੀਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਕੀਆਂ ਬਾਤਾਂ ਹੁੰਦੀਆਂ ਹੈਂ। ਸਾਰੇ ਸੋਭਾ ਹੋ ਰਹੀ ਹੈ ਕਿ ਧੰਨ ਸਤਿਗੁਰੂ ਰਾਮ ਸਿੰਘ ਜੀ ਹੈਨ ਜਿਨ੍ਹਾਂ ਕਾ ਐਸਾ ਪ੍ਰਤਾਪ ਹੈ। ਇਹ ਸਚ ਮੁਚ ਕਲਾ ਵਾਲੇ ਹੈਨ।

## ਵਾਪਸੀ

ਜਿਸ ਦਿਨ ਹੋਲਾ ਮਹੱਲਾ ਖੇਡਿਆ ਉਸ ਦਿਨ ਫ਼ਰੰਗੀ ਆਇਆ। ਟੋਪੀ ਲਾਹ ਕੇ ਗੁਰੂ ਜੀ ਕੋ ਸਲਾਮੀ ਦਈ। ਕੈਹਣੇ ਲਗਾ ਗੁਰੂ ਜੀ ਅਬ ਮੇਲਾ ਹੋ ਗਿਆ ਹੈ। ਹੁਣ ਦੱਸੋ ਕਿ ਆਪ ਕਦ ਏਥੋਂ ਕੂਚ ਕਰੋਗੇ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਕਿ ਕੱਲ ਕੋ ਅਸਾਂ ਚਲੇ ਜਾਣਾ ਹੈ। ਉਸ ਦਿਨ ਸਭ ਖਾਲਸੇ ਨੇ ਬਸਤਰ ਧੋਤੇ ਅਤੇ ਤਿਆਰੇ ਸਜਾਏ। ਜਦ ਤੁਰਨ ਕੀ ਤਿਆਰੀ ਕਰੀ ਤਾ ਪੁਲਿਸ ਨੇ ਮਸਤਾਨਿਆਂ ਕੋ ਬੀ ਛੋਡ ਦਿੱਤਾ। ਗੁਰੂ ਜੀ ਬਚਨ ਕੀਤਾ ਚੱਲੋ ਘਰਾਂ ਕੋ ਚੱਲੀਏ ਹੋਰ ਨਾ ਉਪਾਧੀ ਕੋਈ ਛੇੜੇ। ਕੂਚ ਕਰਕੇ ਪਿਛਲੇ ਪਹਿਰ ਪੱਤਣ ਪਰ ਜਾਇ ਰਹੇ।ਪਾਰ ਉਤਰ ਕੇ ਨੂਰਪੁਰ ਜਾਇ ਡੇਰਾ ਕੀਤਾ।

## ਫੋਟੋ ਨਾ ਉਤਰੀ

ਉਥੇ ਏਕ ਫ਼ਰੰਗੀ ਉਤਰਿਆ ਹੋਇਆ ਸੀ।ਉਸ ਕੀ ਮਨਸ਼ਾ ਹੋਈ ਕਿ ਉਹ ਸ੍ਰੀ ਸਤਿਗੁਰੂ ਜੀ ਕੀ ਮੂਰਤੀ (ਫੋਟੋ) ਉਤਾਰ ਲਵੇ। ਸ੍ਰੀ ਸਤਿਗੁਰੂ ਜੀ ਕੋ ਆਪਨੇ ਡੇਰੇ ਮੇਂ ਸੱਦਿਆ। ਮਖ਼ਮਲ ਵਿਛਾਇ ਉਪਰ ਦੀ ਕੁਰਸੀ ਡਹਾਇ ਦਿੱਤੀ। ਕੈਮਰਾ ਲੈ ਆਂਦਾ, ਮੂਰਤ ਉਤਾਰਨ ਲੱਗੇ। ਪੈਹਲੇ ਉਸ ਕੀ ਲੜਕੀ ਨੇ ਫੋਟੋ ਉਤਾਰਿਆ ਸੋ ਖ਼ਰਾਬ ਹੋ ਗਿਆ। ਫੇਰ ਫ਼ਰੰਗੀ ਨੇ ਆਪ ਉਤਾਰੀ। ਫੇਰ ਬੀ ਅੱਛੀ ਤਰ੍ਹਾਂ ਨਾ ਉਤਰੀ, ਖ਼ਰਾਬ ਹੋ ਗਈ। ਮੂਰਤੀ ਦੇਖਕੇ ਸਤਿਗੁਰੂ ਜੀ ਬਚਨ ਕੀਤਾ ਮੇਰਾ ਖਾਕਾ ਬਿਲਕੁਲ ਸਹੀ ਨਹੀਂ ਉਤਰਿਆ। ਬਚਨ ਕੀਤਾ ਕਦੇ ਨਹੀਂ ਅੱਛੀ ਉੱਤਰਦੀ ਮੂਰਤੀ ਭਾਵੇਂ ਜ਼ੋਰ ਲਾਇ ਲਵੋ। ਮੁੜ ਆਏ ਸ੍ਰੀ ਸਤਿਗੁਰੂ ਜੀ। ਸਵੇਰੇ ਆਸਾ ਦੀ ਵਾਰ ਕਾ ਅਰਦਾਸਾ ਕਰਕੇ ਜੈਕਾਰੇ ਬੁਲਾਉਂਦੇ ਧਰਤੀ ਕੋ ਨਿਹਾਲ ਕਰਦੇ ਦੁਰਗਾਪੁਰ ਆਏ ਪਹੁੰਚੇ।

## ਸ਼ਹੀਦ ਮਿਲਿਆ

ਅੱਗੇ ਏਕ ਸ਼ਹੀਦ ਮਿਲਿਆ, ਪਾਂਚ ਸ਼ਸਤਰ ਸਜੇ ਹੋਏ ਸੇ। ਪਾਂਚ ਚੱਕਰ ਸਿਰ ਅਤੇ ਪਾਂਚ ਚੱਕਰ ਗਲ਼ ਮੈ। ਪਾਂਚ ਪਾਂਚ ਚੱਕਰ ਬਾਹਾਂ ਮੈਂ। ਆਉਂਦੇ ਨੇ ਫ਼ਤੇ ਬੁਲਾਈ ਸੀਸ ਨਿਵਾਇਕੇ। ਸ੍ਰੀ ਸਤਿਗੁਰੂ ਜੀ ਕੀ ਬੜੀ ਉਪਮਾ ਕੀਤੀ। ਕੈਹਣੇ ਲਗਾ ਕਿ ਧੰਨ ਹੈਂ ਤੂੰ ਓਹੀ ਗੁਰੂ ਗੋਬਿੰਦ ਸਿੰਘ ਬਾਰ੍ਹਵਾਂ ਜਾਮਾ ਧਾਰਿਆ ਹੈ। ਉਹੀ ਮੂਰਤੀ ਮੈਨੂੰ ਨਜ਼ਰ ਆਉਂਦੀ ਹੈ ਤੇ ਉਹੀ ਤੇਰੀ ਸੰਗਤ। ਦਰਸ਼ਨ ਕਰਕੇ ਬੜਾ ਪ੍ਰਸੰਨ ਹੋਇਆ। ਕਹਾ ਕਿ ਹੇ ਸੱਚੇ ਪਾਤਸ਼ਾਹ ਬਖ਼ਸ਼ੋ ਮੈਨੂੰ। ਏਤਨਾ ਕਹਿ ਕੇ ਸ਼ਹੀਦ ਵਿੱਚੋਂ ਹੀ ਗੁਪਤ ਹੋਇ ਗਿਆ।

## ਦੁਰਗਾਪੁਰ ਆਏ

ਮੰਗਲ ਸਿੰਘ ਕੇ ਪਾਸ ਸਭ ਸੇ ਉਮਦਾ ਘੋੜੀ ਸੀ। ਉਸਨੇ ਸ੍ਰੀ ਸਤਿਗੁਰੂ ਜੀ ਕੇ ਬਰਾਬਰ ਘੋੜੀ ਕਰਨੀ ਚਾਹੀ ਤਾ ਨਾ ਹੋਈ। ਮੰਗਲ ਸਿੰਘ ਨੇ ਕਹਾ ਕਿ ਏਹ ਪ੍ਰਮੇਸਰ ਕੀ ਘੋੜੀ ਸੀ ਜੇਹੜੀ ਮੂਹਰੇ ਨਿਕਲ ਗਈ। ਜੀਵ ਕੀ ਘੋੜੀ ਕੋ ਤਾਂ ਮੇਰੀ ਘੋੜੀ ਕਦੇ ਨਾ ਸੀ ਅੱਗੇ ਲੰਘਣ ਦੇਂਦੀ। ਸ੍ਰੀ ਸਤਿਗੁਰੂ ਜੀ ਐਸੀ ਘੋੜੀ ਭਜਾਈ ਕਿ ਗੁਪਤ ਹੋਇ ਗਏ ਅਤੇ ਦਿਸਣੋ ਰਹਿ ਗਏ। ਸਿੰਘਾਂ ਨੇ ਸੋਚਿਆ ਖ਼ਵਰੇ ਕਿੱਧਰ ਅਲੋਪ ਹੋ ਗਏ ਹੈਂ। ਦੋ ਪਹਿਰ ਅਲੋਪ ਰਹੇ, ਫੇਰ ਆਥਣ ਹੋ ਗਿਆ। ਸੂਬਿਆਂ ਦੇਖਿਆ ਕਿ ਸ੍ਰੀ ਸਤਿਗੁਰੂ ਜੀ ਔਂਦੇਂ ਹੈਂ। ਸੂਬੇ ਅੱਗੇ ਹੋ ਕੇ ਜਾਇ ਮਿਲੇ ਸ੍ਰੀ ਸਤਿਗੁਰੂ ਜੀ ਕੋ।

ਮੰਗਲ ਸਿੰਘ ਬਿਸ਼ਨਪੁਰੀਏ ਨੇ ਏਕ ਮਸਤਾਨੇ ਕੋ ਮਾਰਿਆ। ਗੁਰੂ ਜੀ ਪੁੱਛਿਆ ਕਿਓਂ ਮਾਰਿਆ ਹੈ? ਸਰਦਾਰ ਨੇ ਕਹਾ ਜੀ ਮੈਨੂੰ ਬਖਸ਼ੋ, ਮੈਂ ਭੁੱਲ ਗਿਆ ਹਾਂ। ਬਚਨ ਹੋਇਆ ਜਿਸ ਕੋ ਮਾਰਿਆ ਹੈ ਉਸ ਤੇ ਬਖਸ਼ਾ ਜਾਇਕੇ। ਮਸਤਾਨੇ ਕੀ ਚਰਨੀ ਪਵੇ ਤੇ ਕਹੇ ਮੈਂ ਭੁਲ ਗਿਆ, ਮੈਨੂੰ ਬਖਸ਼ੋ।

## ਤਾੜਨਾ

ਅੰਤਰਯਾਮੀ ਜੀ ਬਚਨ ਕੀਤਾ ਨਾਉਂ ਲੈ ਲੈ ਕੇ ਕਿ ਫ਼ਲਾਨੇ ਫ਼ਲਾਨੇ ਸਿੰਘ ਕੋ ਕੱਢੋ। ਪੱਚੀ ਸਿੰਘ ਕੱਢੇ। ਬਚਨ ਕੀਤਾ ਏਨ੍ਹਾਂ ਕੇ ਪੱਚੀ ਪੱਚੀ ਜੁੱਤੀਆਂ ਮਾਰੋ। ਕੇਸਾਂ ਮੈ ਨਹੀਂ ਮਾਰਨੀਆਂ, ਮੌਰਾਂ ਮੇਂ ਮਾਰੋ। ਏਹ ਮਾੜੇ ਕਰਮਾਂ ਥੀਂ ਨਹੀਂ ਹੱਟਦੇ ਹੈਂ। ਅਸੀਂ ਧਰਮ ਕਾ ਜਹਾਜ ਬੱਧਾ ਹੈ, ਏਹ ਧਰਮ ਰੂਪੀ ਬੇੜੇ ਕੋ ਛੇਕ ਕਰ ਰਹੇ ਹੈਂ। ਮੀਂਹ ਵਾਂਗ ਜੁੱਤੀਆਂ ਵਰ੍ਹੀਆਂ। ਫੇਰ ਬਚਨ ਕੀਤਾ ਹੁਣ ਤਾਂ ਏਹ ਸਜ਼ਾ ਹੈ ਮਾੜੇ ਕਰਮਾਂ ਕੀ। ਜੇ ਨਾ ਹਟੋਗੇ ਤਾਂ ਗੋਡਿਆਂ ਤਾਈਂ ਲੱਤਾਂ ਅਤੇ ਅਰਕਾਂ ਤਾਈਂ ਬਾਹਾਂ ਵੱਢ ਦੇਵਾਂਗੇ। ਅਤੇ ਏਹ ਭੀ ਬਚਨ ਕੀਤਾ ਗੁਰੂ ਜੀ ਕਿ ਐਸਾ ਸਮਾਂ ਆਵੇਗਾ ਕਿ ਧਨ ਪਦਾਰਥ ਦੇ ਉਤੋਂ ਦੀ ਮੇਰੇ ਸਿੰਘ ਲੰਘ ਜਾਣਗੇ ਚੁੱਕਣਗੇ ਨਹੀਂ। ਘਾਟਾ ਕਿਸੇ ਚੀਜ ਦਾ ਨਹੀਂ ਹੋਊ। ਦੁਧ ਦੇ ਸਮੁੰਦਰ ਹੋ ਜਾਣਗੇ, ਪਾਰਸਾਂ ਕੇ ਪਰਬਤ ਹੋ ਜਾਣਗੇ।

ਸਤਿਗੁਰੂ ਜੀ ਬਚਨ ਕੀਤਾ ਦਰਿੰਦਿਆਂ ਪਰਿੰਦਿਆਂ ਕੋ ਭੀ ਭਜਨ ਮਿਲੇਗਾ। ਕੀੜੀ ਸੇ

ਹਾਥੀ ਤਾਈਂ ਸਭਨਾਂ ਕੋ ਨਾਮ ਜਪਾਵਣਾ ਹੈ। ਜੜ ਦਰਖਤਾਂ ਕੋ ਭੀ ਨਾਮ ਜਪਾਵਣਾ ਹੈ। ਨਾਮ ਕੇ ਪ੍ਰਤਾਪ ਸੇ ਅੰਨ੍ਹੇ ਸੁਜਾਖੇ ਕਰਨੇ ਹੈਨ। ਕੁਸ਼ਟੀਆਂ ਕੇ ਕੁਸ਼ਟ ਦੂਰ ਕਰਨੇ ਹੈਨ। ਗਿਆਨ ਸਿੰਘ ਸੂਬੇ ਨੇ ਅਰਜ਼ ਕਰੀ ਜੀ ਰੂਸ ਕੈਂਹਦੇ ਹੈਂ ਆਵਣ ਕੋ, ਸੋ ਆਵੇਗਾ? ਗੁਰੂ ਜੀ ਬਚਨ ਕੀਤਾ ਜਰੂਰ ਆਵੇਗਾ। ਦੀਨ ਮਜ਼ਹਬ ਵਿਗੜੇਗਾ। ਅੰਗ੍ਰੇਜ਼ ਉਸਕੇ ਸਾਹਮਣੇ ਨਹੀਂ ਹੋਣਗੇ।

## ਰਾਮਦਾਸ ਪੁਰੇ ਆਏ

ਸਿੰਘ ਖੁਸ਼ੀਆਂ ਲੈ ਲੈ ਆਪੋ ਆਪਣੇ ਘਰਾਂ ਕੋ ਚੱਲੇ। ਕਈ ਬਿਹੰਗਮ ਸਿੰਘ ਸ੍ਰੀ ਸਤਿਗੁਰੂ ਜੀ ਕੇ ਹਜ਼ੂਰ ਹੀ ਰਹਿ ਗਏ, ਬਹੁਤ ਚਲੇ ਗਏ। ਸ੍ਰੀ ਸਤਿਗੁਰੂ ਜੀ ਰਾਮਦਾਸ ਪੁਰੇ ਮੈ ਆਏ। ਸਿੰਘਾਂ ਨੇ ਬੜੀ ਖੁਸ਼ੀ ਮਨਾਈ। ਅੱਗੇ ਜੇਠ ਹਾੜ ਕੇ ਮਹੀਨੇ ਆਏ।

## ਸੂ: ਮੰਗਲ ਸਿੰਘ ਦੇ ਭਰਾ ਦੀ ਸ਼ਾਦੀ

ਸੂ: ਮੰਗਲ ਸਿੰਘ ਦੇ ਭਰਾ ਦੀ ਸ਼ਾਦੀ ਸੀ। ਮੰਗਲ ਸਿੰਘ ਸਤਿਗੁਰੂ ਜੀ ਕੋ ਲੈਣ ਆਇਆ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਤਾਂ ਚਲਦੇ ਹਾਂ ਜੇਕਰ ਅਨੰਦ ਪੜੋਣਾ ਹੈ। ਮੰਗਲ ਸਿੰਘ ਨੇ ਕਹਿਆ ਸੱਚੇ ਪਾਤਸ਼ਾਹ ਜੀ ਆਪ ਚੱਲੋ ਤਾਂ ਅਨੰਦ ਹੀ ਪੜਾਇ ਲਵਾਂਗੇ। ਜਾਂ ਜਾਇ ਢੁਕੇ ਤਾਂ ਮੰਗਲ ਸਿੰਘ ਕਹਿਆ ਕੁੜੀ ਵਾਲਿਆਂ ਕੋ ਕਿ ਗੁਰੂ ਜੀ ਸਾਡੇ ਨਾਲ ਹੈਨ। ਅਨੰਦ ਕੀ ਰੀਤੀ ਸੇ ਅਸੀਂ ਫੇਰੇ ਲਵਾਂਗੇ। ਉਸਨੇ ਕਹਿਆ ਕਿ ਫੇਰੇ ਬ੍ਰਾਹਮਣਾਂ ਕੀ ਰੀਤੀ ਸੇ ਲਵੋ ਤਾਂ ਮੈਂ ਲੜਕੀ ਦੇਵਾਂਗਾ। ਬਿਨਾਂ ਬੇਦ ਰੀਤੀ ਸੇ ਮੈਂ ਨਹੀਂ ਫੇਰੇ ਦੇਂਦਾ। ਗੁਰੂ ਜੀ ਬਚਨ ਕੀਤਾ ਕਿਜੇ ਕਰ ਅਨੰਦ ਕੀ ਰੀਤੀ ਸੇ ਨਹੀਂ ਫੇਰੇ ਦੇਂਦਾ ਤਾਂ ਮੁੜ ਚੱਲੋ। ਗੁਰੂ ਜੀ ਕਾ ਬਚਨ ਮੰਨਕੇ ਮੁੜ ਆਏ।

ਬਰਮਾਲੀਪੁਰ ਹਰਨਾਮ ਸਿੰਘ ਨਾਮਧਾਰੀ ਕੀ ਏਕ ਲੜਕੀ ਸੀ। ਉਸਨੇ ਕਹਿਆ ਸੱਚੇ ਪਾਤਸ਼ਾਹ ਮੇਰੀ ਲੜਕੀ ਕਾ ਅਨੰਦ ਪੜਾਇ ਦੇਵੋ। ਲੜਕੀ ਮੁਟਿਆਰ ਹੈ। ਉਸੀ ਵੇਲੇ ਹਵਨ ਕੀਤਾ, ਬੇਦੀ ਗਡਵਾਈ ਅਰ ਸ੍ਰੀ ਗ੍ਰੰਥ ਸਾਹਿਬ ਪ੍ਰਕਾਸ਼ ਕੇ ਬਚਨ ਕੀਤਾ ਸਿੰਘਾਂ ਕੋ ਪੜ੍ਹੋ ਲਾਵਾਂ। ਲਾਵਾਂ ਪੜ੍ਹਾ ਕੇ ਮੰਗਲਾਚਾਰ ਕੇ ਸ਼ਬਦ ਪੜ੍ਹੇ। ਲੋਕ ਬਹੁਤ ਖੁਸ਼ ਹੋਏ। ਦੇਖਕੇ ਕਹਿਣ ਧੰਨ ਤੇਰੀ ਕੁਦਰਤ ਹੈ। ਮੰਗਲ ਸਿੰਘ ਕੋ ਬੜੀ ਖੁਸ਼ੀ ਪ੍ਰਾਪਤ ਹੋਈ, ਨਹੀਂ ਤਾਂ ਲੋਕਾਂ ਨੇ ਮਸ਼ਕਰੀਆਂ ਕਰਨੀਆਂ ਸੀਆਂ। ਸ੍ਰੀ ਸਤਿਗੁਰੂ ਜੀ ਰਾਮਦਾਸਪੁਰੇ ਕੋ ਮੁੜ ਆਏ।

ਤਬੇਲੇ ਛੱਤਣੇ ਕਾ ਹੁਕਮ ਦਿੱਤਾ। ਪੈਹਲੇ ਦੱਖਣ ਕੀ ਤਰਫ਼ ਕੀ ਬਾਹੀ ਛੱਤੀ। ਸੁੱਖੂ ਪਾਸੋਂ ਤਬੇਲੇ ਵਾਸਤੇ ਜਗ੍ਹਾ ਮੰਗੀ। ਨਾ ਦਿੱਤੀ ਤਾਂ ਸ਼ਹੀਦਾਂ ਨੇ ਫੜ੍ਹ ਲਿਆ। ਬਹੁਤ ਕੁੱਟਿਆ। ਫੇਰ ਸੁੱਖੂ ਨੇ ਜਗ੍ਹਾ ਦਿੱਤੀ। ਜੇਠ ਕਾ ਮਹੀਨਾ ਸੀ, ਕੰਧਾਂ ਉਸਾਰਦੇ ਸੇ ਤਬੇਲੇ ਕੀਆਂ। ਇਕ ਬਾਹੀ ਛੱਤੀ ਸੀ, ਹੋਰ ਉਸਾਰ ਰਹੇ ਸੀ।

## ਕਿਰਤ ਕਰਨਾ ਹੀ ਧਰਮ ਹੈ

ਏਕ ਸਿੰਘ ਕੋ ਸੰਕਲਪ ਹੋਇਆ ਘਰ ਛੱਡ ਚਲੋ ਭਜਨ ਬੰਦਗੀ ਕਰਾਂਗੇ। ਰਾਮਦਾਸ ਪੁਰੇ ਕੋ ਆਇਆ। ਮਗਰ ਹੀ ਸਿੰਘਣੀ ਆਈ। ਕੈਹਣੇ ਲਗੀ ਜੀ ਘਰ ਨਹੀਂ ਜਾਂਦਾ ਹੈ। ਤੁਸੀਂ

ਕਹੋਗੇ ਤਾਂ ਜਾਊਗਾ। ਗੁਰੂ ਜੀ ਬਚਨ ਕੀਤਾ ਏਨ੍ਹਾਂ ਕੇ ਨਾਲ ਮੁੜ ਜਾ। ਕੈਹਣ ਲਗਾ ਜੀ ਹੋਰ ਲੋਕ ਭੀ ਮੇਲਾ ਦੇਖਦੇ ਹੈਂ, ਮੈਂ ਭੀ ਮੇਲੇ ਦੇਖਾਂਗਾ। ਰਾਤ ਕੋ ਤਾਪ ਹੋ ਗਿਆ। ਨਾਲ ਦੇ ਸਿੰਘਾਂ ਕੋ ਗੁਰੂ ਜੀ ਪੁੱਛਿਆ ਫਲਾਣਾ ਸਿੰਘ ਨਹੀਂ ਆਇਆ? ਕਹਾ ਜੀ ਤਾਪ ਹੋਇਆ ਹੋਇਆ ਹੈ। ਮੱਛੀ ਵਾਂਗ ਤੜਫ਼ਦਾ ਹੈ। ਗੁਰੂ ਜੀ ਬਚਨ ਕੀਤਾ ਲਿਆਵੋ ਜਲ ਅਤੇ ਮਿਸਰੀ, ਸੀਤ ਪ੍ਰਸ਼ਾਦ ਕਰਕੇ ਦੇਈਏ। ਤਤਕਾਲ ਜਲ ਮਿਸਰੀ ਲੈ ਆਏ। ਸੀਤ ਪ੍ਰਸ਼ਾਦ ਕਰਕੇ ਦੀਆ। ਬਚਨ ਕੀਤਾ ਛਕਾਓ ਰਾਜੀ ਹੋ ਜਾਏਗਾ। ਜਾਂ ਜਲ ਛਕਾਇਆ ਤਤਕਾਲ ਬੁਖਾਰ ਉਤਰ ਗਿਆ। ਉਸੀ ਵਕਤ ਦੀਵਾਨ ਮੇਂ ਲੈ ਆਏ। ਬਚਨ ਕੀਤਾ ਹੁਣ ਜਾਣਾ ਹੈ ਕਿ ਨਹੀਂ। ਹੱਥ ਜੋੜਕੇ ਕੈਹਣੇ ਲਗਾ ਜੀ ਹਾਂ ਜਾਣਾ ਹੈ। ਮੇਰੀ ਭੁੱਲ ਬਖਸ਼ੋ। ਘਰ ਚਲਿਆ ਗਿਆ। ਕਿਰਤ ਕਰਕੇ ਛਕਣੇ ਛਕਾਵਣੇ ਲਗਾ।

ਏਕ ਸਮੇਂ ਨਿਹੰਗ ਬੈਠੇ ਸੇ ਅਤੇ ਹੋਰ ਸਿੰਘ ਬੀ ਬੈਠੇ ਸੇ। ਬਚਨ ਕੀਤਾ ਭਾਈ ਨਿਓਂ ਜਾਣਾ ਅੱਛਾ ਹੈ। ਏਕ ਸਿੰਘ ਨੇ ਕਹਾ ਜੀ ਆਪਕਾ ਹੀ ਬਚਨ ਹੈ ਕਿ ਏਹ ਪੰਥ ਕਿਸੇ ਅੱਗੇ ਨਹੀਂ ਨਿਵੇਂਗਾ। ਐਸਾ ਪੰਥ ਸਾਜਿਆ ਹੈ। ਬਚਨ ਕੀਤਾ ਹੈ ਤਾਂ ਏਸੇ ਤਰ੍ਹਾਂ ਪਰ ਨੀਵਾਂ ਹੋ ਕੇ ਹੀ ਦੀਦਾਰ ਸਾਈਂ ਕਾ ਪਾਵੇਗਾ।

♦

# ਦੀਪਮਾਲਾ ਸ੍ਰੀ ਅੰਮ੍ਰਿਤਸਰ

## ੧੯੨੪ ਬਿ. (ਅਕਤੂਬਰ ੧੮੬੭ ਈ.)

ਬਾਬਾ ਕਾਹਨ ਸਿੰਘ ਤੇ ਬਾਬਾ ਸਾਹਿਬ ਸਿੰਘ ਦੋਵੇਂ ਲਾਹੌਰ ਗਏ। ਜਾਇ ਅਰਜ਼ੀ ਦਿੱਤੀ ਕਿ ਦੀਪਮਾਲਾ ਕੀ ਛੁੱਟੀ ਮੰਗਦੇ ਹਾਂ। ਫ਼ਰੰਗੀ ਬੋਲਿਆ ਕਿ ਛੁੱਟੀ ਨਾ ਮਿਲੇਗੀ। ਸਿੰਘਾਂ ਨੇ ਕਹਾ ਕਿ ਦਰਵੇਸ਼ ਲੋਕ ਹੈਂ ਕਿਸੇ ਕਾ ਹਰਜ ਨਹੀਂ ਕਰਦੇ। ਫ਼ਰੰਗੀ ਨੇ ਕਹਾ ਤੁਮ ਦਰਵੇਸ਼ ਨਹੀਂ ਹੈਂ। ਕੜਾਹ ਪ੍ਰਸ਼ਾਦ ਛਕਦੇ ਹੋ। ਲਾਲੀਆਂ ਧੁਆਡੇ ਮੂੰਹ ਪਰ ਦਗਦੀਆਂ ਹੈਨ। ਦਰਵੇਸ਼ਾਂ ਵਾਲਾ ਧੁਆਡਾ ਕੋਈ ਕੰਮ ਨਹੀਂ। ਤੁਮਾਰਾ ਤੌਰ ਪਾਤਸ਼ਾਹਾਂ ਵਾਲਾ ਹੈ। ਅਸੀਂ ਧੁਆਨੂੰ ਖੁੱਲ੍ਹੇ ਕਰਕੇ ਆਪਨੇ ਰਾਜ ਸੇ ਹੱਥ ਧੋਇ ਬੈਠੀਏ? ਜਾਓ ਛੁੱਟੀ ਨਹੀਂ ਮਿਲੇਗੀ।

ਲੁਦਿਹਾਣੇ ਕਾ ਏਕ ਫ਼ਰੰਗੀ ਸੀ। ਉਸਕੋ ਕਹਾ ਕਿ ਸਾਨੂੰ ਛੁੱਟੀ ਦਿਓ। ਉਸਨੇ ਕਹਾ ਕਿ ਛੁੱਟੀ ਲਾਟ ਕੇ ਅਖ਼ਤਿਆਰ ਹੈ। ਸੂਬਿਆਂ ਨੇ ਆਇ ਕਹਿਆ ਜੀ ਲਾਟ ਛੁੱਟੀ ਨਹੀਂ ਦਿੰਦਾ। ਸ੍ਰੀ ਸਤਿਗੁਰੂ ਜੀ ਤੇਜੀ ਮੈ ਹੋਇਕੇ ਬਚਨ ਕੀਤਾ ਚੱਲੋ ਖਾਲਸਾ ਜੀ ਅੰਮ੍ਰਿਤਸਰ ਕੋ, ਅਸੀਂ ਬੀ ਆਏ। ਸਿੰਘਾਂ ਨੇ ਆਖਿਆ ਜੇਕਰ ਛੁੱਟੀ ਨਾ ਦਿੱਤੀ ਫਿਰ ਕਿਵੇਂ ਕਰੋਗੇ? ਮਦਾਨ ਖੇਡ ਕੇ ਆਏ, ਅਕਾਲ ਬੁੰਗੇ ਗੁਰੂ ਜੀ ਬਚਨ ਕੀਤਾ ਜੇਕਰ ਛੁੱਟੀ ਨਾ ਦਿੱਤੀ ਤਾਂ ਅਗਨ ਲਗਾਇ ਦੇਵਾਂਗੇ। ਏਤਨਾ ਬਚਨ ਕਰਨੇ ਸੇ ਜਿਸ ਲਾਟ ਨੇ ਛੁੱਟੀ ਨਾ ਸੀ ਦਿੱਤੀ ਉਸ ਨੇ ਹੀ ਛੁੱਟੀ ਕੀ ਮਨਜੂਰੀ ਭੇਜ ਦਿੱਤੀ। ਸਬੱਬ ਇਹ ਸੀ ਕਿ ਉਸ ਕੀ ਬਾਂਹ ਜਲਣ ਲੱਗ ਪਈ। ਜਿਉਂ ਜਿਉਂ ਦਵਾਈ ਡਾਕਟਰ ਲਾਵੇ ਤਿਵੇਂ ਤਿਵੇਂ ਜਾਦੇ ਹੁੰਦੀ ਜਾਏ ਜਲਣ। ਅਗਨੀ ਵਾਂਗ ਸਰੀਰ ਤਪੇ। ਅਰਾਮ ਨਾ ਹੋਇਆ ਤਾਂ ਪਾਦਰੀ ਸੱਦਿਆ। ਉਸਨੇ ਕਹਾ ਕਿ ਕਿਸੇ ਸੰਤ ਕੋ ਦੁਖਾਇਆ ਹੈ। ਸ਼ੈਦ ਜੋ ਧੁਆਡੇ ਪਾਸ ਕੋਈ ਸਿੰਘ ਜਹੇ ਛੁੱਟੀ ਮੰਗਦੇ ਸੀ ਕਿ ਦੀਵਾਲੀ ਦੇਖਣ ਕੀ ਰੁਖ਼ਸਤ ਦੇਵੋਗੇ, ਆਪਨੇ ਨਾ ਮਨਜੂਰੀ ਕਰੀ। ਉਹ ਆਦਮੀ ਈਸਾ ਕਾ ਪਿਆਰਾ ਹੋਵੇਗਾ। ਉਸਕੋ ਰੁਖ਼ਸਦ ਦੇ ਦੋ ਤਾਂ ਉਮੀਦ ਹੈ ਕਿ ਰਾਜੀ ਹੋਇ ਜਾਵੋਗੇ। ਉਸੀ ਵੇਲੇ ਲੁਦਿਹਾਣੇ ਕੋ ਤਾਰ ਪਾਈ ਕਿ ਜ਼ਿਲਾ ਸਾਹਿਬ, ਗੁਰੂ ਰਾਮ ਸਿੰਘ ਕੋ ਛੁੱਟੀ ਦੇ ਦਿਓ। ਜ਼ਿਲਾ ਔਰ ਕਪਤਾਨ ਸਾਹਿਬ ਨੇ ਛੁੱਟੀ ਦੇ ਦਿੱਤੀ ਦੀਪਮਾਲਾ ਦੇਖਨ ਕੀ। ਛੁੱਟੀ ਸੁਣਕੇ ਗੁਰੂ ਜੀ ਬੜੇ ਪ੍ਰਸੰਨ ਹੋਏ।

ਖੁਸ਼ੀ ਮੇਂ ਹੋਇਕੇ ਬਚਨ ਕੀਤਾ ਚਲੋ ਮੁਠੱਡੀਂ, ਜੋ ਬ੍ਰਾਹਮਣ ਕੈਂਹਦਾ ਸੀ ਕਿ ਜੇ ਛੁੱਟੀ ਮਿਲੇ ਤਾਂ ਮੇਰੀ ਦਾੜ੍ਹੀ ਗਧੇ ਦੇ ਮੂਤਰ ਨਾਲ ਮਨਾਇ ਦਿਓ। ਸੋ ਹੁਣ ਛੁੱਟੀ ਮਿਲ ਗਈ ਹੈ। ਮੁਠੱਡਿਆਂ ਵਾਲੇ ਸਿੰਘਾਂ ਨੇ ਕਹਿਆ ਜੀ ਸਾਡਾ ਗ੍ਰੰਥੀ ਕੋਈ ਨਹੀਂ ਹੈ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਮੈਂ ਧੁਆਡਾ ਗ੍ਰੰਥੀ ਰਹਿਆ। ਸੂਬਿਆਂ ਅਰਜ਼ ਕਰੀ ਕੰਮ ਬੰਦ ਹੋ ਜਾਏਗਾ, ਸਿੰਘ ਨਾਲ ਚਲੇ ਜਾਣਗੇ। ਬਚਨ ਹੋਇਆ ਕੋਈ ਚਿੰਤਾ ਨਾ ਕਰੋ। ਉਹ ਆਪਣੀ ਸੱਤਿਆ ਨਾਲ ਕੰਮ ਕਰਾਉਂਦੇ ਹੈਨ। ਅਕਾਲ ਪੁਰਖ ਅੰਤਰਯਾਮੀ ਹੈ। ਬਾਬੇ ਦਰਬਾਰਾ ਸਿੰਘ[1] ਨੇ ਅਰਜ਼ ਕਰੀ ਜੀ ਰਾਇਪੁਰੇ ਦੇ ਵਿਚੋਂ ਦੀ ਦਰਸ਼ਨ ਦੇਂਦੇ ਜਾਓ। ਸੰਗਤ ਦੂਰ ਦੂਰ ਤੇ ਇਕੱਠੀ ਹੋਈ ਕਿ ਕਈ

---

1 ਪਿਤਾ ਸ੍ਰ: ਮਹਿਤਾਬ ਸਿੰਘ ਪਿੰਡ ਰਾਇਪੁਰ ਜ਼ਿਲ੍ਹਾ ਲੁਧਿਆਣਾ।

ਸਾਲ ਕੀ ਬੰਦਸ਼ ਹੋਈ ਹੋਈ ਐਤਕੀ ਮੇਲੇ ਕੋ ਭੀ ਛੁੱਟੀ ਮਿਲ ਗਈ ਹੈ। ਬੇਅੰਤ ਖਾਲਸਾ ਆਇਆ। ਛੁੱਟੀ ਕੀ ਸਾਰੇ ਦੇਸ ਮੈ ਖ਼ਬਰ ਹੋਇ ਗਈ।

ਸਤਿਗੁਰੂ ਜੀ ਰਾਇਪੁਰੇ ਗਏ। ਬਹੁਤ ਖ਼ਰਚ ਹੋਣ ਲੱਗਾ। ਬਚਨ ਕੀਤਾ ਏਹ ਸ਼ਬਦ ਪੜੋ "ਸਬਦੁ ਅਖੁਟੁ ਬਾਬਾ ਨਾਨਕਾ ਖਾਹਿ ਖਰਚਿ ਧਨੁ ਮਾਲੁ।" ਸਿੰਘ ਏਹ ਸ਼ਬਦ ਪੜਦੇ ਰਹੇ। ਸਭ ਚੀਜ਼ ਮੈ ਬਰਕਤ ਪੈ ਜਾਇਆ ਕਰੇ। ਅਤੁਟ ਭੰਡਾਰਾ ਵਰਤਿਆ। ਰਾਇਪੁਰ ਮੈ ਦੀਵਾਨ ਲੱਗੇ। ਸਿੰਘਾਂ ਕੋ ਮਹਾਂ ਅਨੰਦ ਪ੍ਰਾਪਤ ਹੁਆ। ਤੁਰ ਪਏ ਅਰਦਾਸਾ ਕਰਕੇ, ਮੁਠੱਡੀਂ ਆਇ ਪੜਾਓ ਕੀਤਾ।

ਬਚਨ ਕੀਤਾ ਲਿਆਓ ਬ੍ਰਾਹਮਣ ਕੋ ਜੋ ਕੈਂਹਦਾ ਸਾ ਛੁੱਟੀ ਨਹੀਂ ਮਿਲਦੀ ਕਦੇ ਬੀ। ਯੋਰ ਲਾਇ ਲੈਣਾ। ਸੋ ਲਿਆਓ ਉਸ ਕੀ ਗਧੇ ਕੇ ਮੂਤ ਨਾਲ ਦਾਹੜੀ ਮੁੰਨੀਏ। ਬ੍ਰਾਹਮਣ ਸਦਿਆ। ਕੈਂਹਦਾ ਜੀ ਮੈਂ ਭੁਲ ਗਿਆ। ਸਤਿਗੁਰੂ ਜੀ ਬਖਸ਼ ਦੀਆ। ਮੁਠੱਡਿਆਂ ਕੇ ਸਿੰਘਾਂ ਨੇ ਬੜੀ ਸ਼ਰਧਾ ਸੇ ਸੇਵਾ ਕੀਤੀ ਸਤਿਗੁਰੂ ਜੀ ਕੀ।

ਫੇਰ ਜਲੰਧਰ ਜਾਇ ਪੜਾਓ ਕੀਤਾ। ਸੁਣ ਸੁਣ ਕੇ ਖਤਰੀ ਮਹਾਜਨ ਆਏ ਦਰਸ਼ਨ ਕੋ। ਸਾਰੀ ਰਾਤ ਮਸ਼ਾਲਾਂ ਜਲਦੀਆਂ ਰਹੀਆਂ। ਲੋਕ ਦਰਸ਼ਨ ਕੋ ਆਉਂਦੇ ਜਾਂਦੇ ਰਹੇ। ਕੈਂਹਦੇ ਹੈਂ ਕੁਸੰਗੀ ਭੀ, ਧੰਨ ਭਾਗ ਹੈਂ ਜੋ ਕਲੂ ਕਾਲ ਮੈ ਅਵਤਾਰ ਕਾ ਦਰਸ਼ਨ ਹੋਇਆ ਹੈ। ਸ਼ਬਦ ਕੀਰਤਨ ਸਾਰੀ ਰਾਤ ਹੁੰਦਾ ਰਿਹਾ। ਸਵੇਰੇ ਆਸਾ ਕੀ ਵਾਰ ਲੱਗੀ ਅਤੇ ਅਰਦਾਸਾ ਕਰਕੇ ਤੁਰੇ। ਤੁਰੇ ਜਾਂਦੇ ਐਸੇ ਸੁਭਾਇਮਾਨ ਹੈਂ ਜੈਸੇ ਹੰਸਾਂ ਕੀਆਂ ਡਾਰਾਂ ਜਾਂਦੀਆਂ ਹੈਂ। ਸਭਨਾਂ ਕੇ ਨਿਰਮਲ ਅਤੇ ਸੁਕਲ ਬਸਤਰ ਅਤੇ ਸਫੈਦ ਮਾਲਾ ਸਭਨਾਂ ਕੇ ਹੱਥਾਂ ਮੈਂ। ਸ੍ਰੀ ਸਤਿਗੁਰੂ ਜੀ ਖਾਲਸੇ ਵਿੱਚੋਂ ਨਿਕਲ ਕੇ ਲਾਂਭੇ ਹੋਇ ਗਏ। ਏਕ ਮਸਤਾਨਾ ਮਗਰ ਹੀ ਗਿਆ। ਬਚਨ ਕੀਤਾ ਜਿਸ ਦਿਨ ਅਸਾਂ ਜਾਣਾ ਹੈ ਏਸੇ ਤਰ੍ਹਾਂ ਚਲੇ ਜਾਵਾਂਗੇ ਖਾਲਸੇ ਚੋਂ ਨਿਕਲਕੇ ਜਿਸ ਤਰ੍ਹਾਂ ਹੁਣ ਨਿਕਲਕੇ ਸੜਕ ਕੇ ਲਾਂਭੇ ਹੋ ਗਏ ਹਾਂ। ਏਸੇ ਤਰ੍ਹਾਂ ਲਾਂਭੇ ਹੋ ਜਾਵਾਂਗੇ।

ਬਿਆਸ ਦੇ ਪਤਣੋਂ ਪਾਰ ਜਾਇ ਪੜਾਓ ਕੀਤਾ। ਜਾ ਤੁਰੇ ਤਾਂ ਸਤਿਗੁਰੂ ਜੀ ਪੈਦਲ, ਬਾਬਾ ਸਾਹਿਬ ਸਿੰਘ, ਬਾਬਾ ਦਰਬਾਰਾ ਸਿੰਘ ਏਹ ਅਸਵਾਰ ਸੇ ਘੋੜਿਆਂ ਪਰ। ਉਨ੍ਹਾਂ ਕਹਾ ਜੀ ਅਸੀਂ ਭੀ ਤੁਰੇ ਚਲਦੇ ਹਾਂ। ਬਚਨ ਕੀਤਾ ਮੇਰੇ ਨਾਲ ਤੁਹਾਥੋਂ ਨਹੀਂ ਤੁਰਿਆ ਜਾਣਾ। ਤੀਨ ਕੋਸ ਕੇ ਫ਼ਾਸਲੇ ਪਰ ਜਾਇਕੇ ਲੰਮੇ ਪੈ ਗਏ।

## ਅੰਮ੍ਰਿਤਸਰ ਪਹੁੰਚੇ

ਸ੍ਰੀ ਸਤਿਗੁਰੂ ਜੀ ਅੰਮ੍ਰਿਤਸਰ ਸਮਦੂ ਕੇ ਤਲਾਇ ਪਰ ਜਾਇ ਉਤਰੇ।[1] ਬੜੀ ਸੰਗਤ ਇਕੱਠੀ ਹੋਈ। ਜਾਂ ਇਸ਼ਨਾਨ ਕਰਕੇ ਹਟੇ ਤਾਂ ਇਕਮਾਈ ਚਰਨਾਂ ਪਰ ਆਇ ਡਿੱਗੀ। ਸਤਿਗੁਰੂ

---

1 ਇਹ ਥਾਂ ਸੁਲਤਾਨ ਵਿੰਡ ਗੇਟ ਤੋਂ ਬਾਹਰ ਲਗਪਗ ਇੱਕ ਕਿਲੋਮੀਟਰ ਅੱਗੇ ਦਿੱਲੀ ਵੱਲ ਨੂੰ ਸੁਲਤਾਨ ਵਿੰਡ ਰੋਡ ਤੇ ਖੱਬੇ ਪਾਸੇ ਹੈ। ਮੀਆਂ ਸਮਦੂ ਕਸ਼ਮੀਰੀ ਉੱਚੇ ਦਰਜੇ ਦਾ ਬੰਦਗੀ ਕਰਨ ਵਾਲਾ ਨੇਕ ਮੁਸਲਮਾਨ ਸੀ। ਮਹਾਰਾਜਾ ਰਣਜੀਤ ਸਿੰਘ ਨਾਲ ਗੁਲ਼ ਬੇਗਮ ਦੇ ਵਿਆਹ ਵੇਲੇ ਮੀਆਂ ਸਮਦੂ ਮਹਾਰਾਜੇ ਦਾ ਮੁਸਾਹਿਬ ਬਣਿਆ ਸੀ।

ਜੀ ਬਚਨ ਕੀਤਾ ਕਈਆਂ ਜਨਮਾਂ ਕੇ ਵਿਛੜੇ ਮਿਲੇ ਹੈਂ। ਸੁਣ ਸੁਣ ਕੇ ਸਿੰਘ ਆਏ ਜਿਨ੍ਹਾਂ ਨੇ ਭਜਨ ਲਏ ਹੋਏ ਸੇ। ਜਾਂ ਦੀਵਾਨ ਲੱਗਾ ਤਾਂ ਦੂਰ ਦੂਰ ਤੱਕ ਦੁਨੀਆਂ ਖੜੀ ਸੀ। ਸਭਨਾਂ ਕੇ ਦਿਲ ਮੇਂ ਸੰਕਲਪ ਸੀ ਕਿ ਸਾਨੂੰ ਏਥੇ ਬੈਠਿਆਂ ਨੂੰ ਦਰਸ਼ਨ ਹੋਵੇ। ਦੀਵਾਨ ਵਿੱਚੋ ਉੱਠਕੇ ਲੰਘਕੇ ਸਤਿਗੁਰੂ ਜੀ ਆਏ ਅਤੇ ਉੱਚੀ ਜਗ੍ਹਾ ਖੜਕੇ ਦਰਸ਼ਨ ਦੀਆ। ਸਿੰਘ ਦਰਸ਼ਨ ਕਰਕੇ ਕਹਿੰਦੇ ਹੈਂ ਧੰਨ ਅੰਤਰਯਾਮੀ ਹੈਂ ਜਿਨ੍ਹਾਂ ਨੇ ਸਾਡੇ ਦਿਲ ਦੀ ਜਾਣਕੇ ਦਰਸ਼ਨ ਦਿੱਤਾ ਹੈ। ਬੀਸ ਸਿੰਘ ਭਜਨ ਲੈਣ ਵਾਲੇ ਖੜੇ ਸੀ। ਉਨ੍ਹਾਂ ਨੇ ਅਰਜ਼ ਕੀਤੀ ਜੀ ਸਾਨੂੰ ਭਜਨ ਮਿਲੇ। ਇਕੋ ਵਾਰੀ ਭਜਨ ਕਾ ਨਾਮ ਲੀਆ ਅਤੇ ਬਚਨ ਕੀਤਾ ਕਿਸੇ ਸਮੇਂ ਏਸੇ ਤਰ੍ਹਾਂ ਇਕੱਠਿਆਂ ਨੂੰ ਹੀ ਭਜਨ ਸੁਣਾਵਾਂਗੇ। ਰਾਤ ਕੋ ਦੀਪਮਾਲਾ ਹੋਈ।

ਅਗਲੇ ਦਿਨ ਸ੍ਰੀ ਸਤਿਗੁਰੂ ਜੀ ਦਰਬਾਰ ਸਾਹਿਬ ਕਾ ਦਰਸ਼ਨ ਕਰਨ ਗਏ।[1] ਫ਼ਰੰਗੀ ਨੇ ਕਹਾ ਕਿ ਪੰਜਾਹ ਸਿੰਘਾਂ ਕੋ ਨਾਲ ਲੈ ਕੇ ਦਰਸ਼ਨ ਕਰਨਾ ਦਰਬਾਰ ਕਾ। ਜਾਂ ਦਰਸ਼ਨ ਕੋ ਚੱਲੇ ਤਾਂ ਪੰਜਾਹ ਸਿੰਘਾਂ ਕੋ ਸਾਥ ਲੈਂਦੇ ਚਲੇ। ਹੋਰ ਸਿੰਘ ਹੋਰ ਹੋਰ ਦਰਵਾਜੀਂ ਔਣ ਲਗੇ। ਸ਼ਬਦ ਪੜਦੇ ਤੇ ਦਰਸ਼ਨ ਦੇਂਦੇ ਜਾਂ ਚੁਗਾਨ ਮੈ ਆਏ ਤੇ ਸਰਬ ਖਾਲਸਾ ਆਸੇ ਪਾਸੇ ਸੇ ਆਇ ਇਕੱਠੇ ਹੋਏ। ਸ਼ਬਦ ਜੋਟੀਆਂ ਦੇ ਪੜ੍ਹਦੇ ਗਏ। ਸਤਿਗੁਰੂ ਜੀ ਅਕਾਲ ਬੁੰਗੇ ਗਏ।[2] ਸੀਸ ਨਵਾਇਆ ਅਤੇ ਭੇਟਾ ਧਰੀ। ਪੁਜਾਰੀ ਬੋਲਿਆ ਤੁਹਾਡੀ ਪੂਜਾ ਨਹੀਂ ਲੈਣੀਂ, ਨਾ ਤੁਹਾਡੀ ਅਰਦਾਸ ਕਰਨੀ ਹੈ। ਨਾ ਤੁਹਾਨੂੰ ਤਖ਼ਤ ਪਰ ਚੜਨਾ ਮਿਲੇ। ਤੁਸੀਂ ਤਨਖਾਹੀਏ ਹੋ, ਤੁਹਾਡੀ ਪੱਗ ਲਹਿ ਜਾਂਦੀ ਹੈ। ਕੇਸਾਂ ਕੀ ਬੇਅਦਬੀ ਹੁੰਦੀ ਹੈ। ਏਹ ਬੜਾ ਭਾਰੀ ਗੁਨਾਹ ਹੈ। ਤੁਸਾਂ ਭੈਣੀ ਮੇਂ ਆਪਣਾ ਪੰਥ ਨਿਆਰਾ ਪੈਦਾ ਕੀਤਾ ਹੈ। ਨਿਹੰਗਾਂ ਕਹਿਆ ਪਾਂਚ ਲਾਖ ਰੁਪਯਾ ਤੁਹਾਨੂੰ ਤਨਖਾਹ ਨਾਲੇ ਤੇਰੇ ਸਿੱਖ ਨਾ ਸਦਵਾਵਣ ਅਤੇ ਨੀਲਾ ਬਾਣਾ ਵੀ ਪਹਿਨਣ ਅਤੇ ਸੂਤਰ ਕੱਢਕੇ ਸਿੰਘ ਕੇਸ ਨਾ ਖਲਾਰਨ ਤਾ ਅਸੀਂ ਚੜ੍ਹਨ ਦੇਵਾਂਗੇ। ਸ੍ਰੀ ਸਤਿਗੁਰੂ ਜੀ ਆਪੇ ਅਰਦਾਸ ਕਰਕੇ ਕੜਾਹ ਪ੍ਰਸ਼ਾਦ ਵਰਤਾਇ ਦਿੱਤਾ। ਬਚਨ ਕੀਤਾ ਅਸੀਂ ਤਿੰਨ ਵੇਲੇ ਸਣੇ ਕੇਸੀਂ ਇਸ਼ਨਾਨ ਕਰਦੇ ਹਾਂ ਤੇ ਬਾਣੀਆਂ ਪੜ੍ਹਦੇ ਹਾਂ। ਤੁਸੀਂ ਸਾਨੂੰ ਤਨਖਾਹੀਏ ਕਹਿੰਦੇ ਹੋ? ਜੇ ਕਦੇ ਕਰਤਾਰ ਨੇ ਸਮਾਂ ਅਦਾਲਤ ਕਾ ਕੀਤਾ ਤਾਂ ਤੁਹਾਨੂੰ ਤਨਖਾਹ ਲਾ ਕੇ ਦੱਸਾਂਗੇ। ਬਚਨ ਕੀਤਾ ਤੁਸੀਂ ਅਕਾਲ ਬੁੰਗੇ ਨੂੰ ਜੰਦਰੇ ਲਾਇ ਦੇਵੋ। ਪਹਿਲੇ ਤੁਸੀਂ ਅਰਜ਼ ਕਰੋ। ਜੇ ਤੁਹਾਡੀ ਅਰਜ਼ ਨਾਲ ਜੰਦਰਾ ਨਾ ਖੁਲ੍ਹਿਆ ਸਾਡੀ ਅਰਜ਼ ਕੀਤਿਆਂ ਖੁਲ੍ਹ ਗਿਆ ਤਾਂ ਤੁਸੀਂ ਨਾਮਧਾਰੀਏ ਬਣ ਜਾਓ। ਦੇਖਿਆ ਜਾਊ ਕਿ ਕੌਣ ਤਨਖਾਹੀਆ ਹੈ। ਨਿਹੰਗਾਂ ਨੇ ਇਹ ਨਾ ਮਨਜੂਰ ਕੀਤਾ। ਕਹਿਣ ਲੱਗੇ ਇਹ ਤਾਂ ਮੰਤਰ ਪੜ੍ਹਕੇ ਜੰਦਰਾ ਖੁਲਾਏ ਲਵੇਗਾ। ਸਤਿਗੁਰੂ ਜੀ ਬਚਨ ਕੀਤਾ ਜੋ ਸਾਡਾ ਸਿੰਘ ਹੈ ਸੋ ਏਥੋਂ ਹੀ ਖੜ ਕੇ ਮੱਥਾ ਟੇਕੇ[3], ਅੱਗੇ ਤਖ਼ਤ ਕੋਲ ਨਾ ਜਾਏ।

ਸ੍ਰੀ ਸਤਿਗੁਰੂ ਜੀ ਸ੍ਰੀ ਗੁਰੂ ਰਾਮਦਾਸ ਜੀ ਦੇ ਦਰਬਾਰ ਕੋ ਚੱਲੇ। ਦਰਸ਼ਨ ਕੀਤਾ ਤੇ ਭੇਟਾ ਦਿੱਤੀ ਅਤੇ ਗੋਲਕ ਪਾਈ। ਪੁਜਾਰੀਆਂ ਅਰਦਾਸ ਕੀਤੀ, ਸ੍ਰੀ ਸਤਿਗੁਰੂ ਜੀ ਕੋ ਸਿਰੋਪਾਓ

---

1 ੨੭ ਅਕਤੂਬਰ ਨੂੰ ਸਵੇਰੇ ੫.੩੦ ਵਜੇ ਗਏ। ਫੇਰ ੨੮ ਤਾਰੀਖ਼ ਨੂੰ ਦੂਸਰੀ ਵਾਰ ਸ੍ਰੀ ਦਰਬਾਰ ਸਾਹਿਬ ਗਏ ਸਨ ਸਤਿਗੁਰੂ ਜੀ।

2 ਸ੍ਰੀ ਅਕਾਲ ਤਖ਼ਤ

3 ਇਸ ਜਗ੍ਹਾ ਕਾਲੇ ਸੰਗਮਰਮਰ ਦੀ ਲਕੀਰ ਨਿਕਲੀ ਹੋਈ ਸੀ, ਉਸਦੇ ਕੋਲ ਖਲੋ ਕੇ ਬਚਨ ਕੀਤਾ ਸੀ।

ਦਿੱਤਾ। ਦਸਤਾਰ ਬੰਧਾਈ ਅਤੇ ਮਿਲੌਨੀ ਕੀਤੀ। ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ। ਏਕ ਨੇ ਭਜਨ ਲਿਆ। ਜੋ ਅੰਮ੍ਰਿਤ ਰਾਮਚੰਦਰ ਜੀ ਕੀ ਸੈਨਾ ਵਾਸਤੇ ਲਿਆਂਦਾ ਸੀ ਪਤਾਲੋਂ, ਸੈਨਾ ਸੁਰਜੀਤ ਕਰਕੇ ਬਾਕੀ ਅੰਮ੍ਰਿਤ ਏਥੇ ਦਬਾ ਦਿੱਤਾ ਸੀ। ਏਹ ਅਸਥਾਨ ਸ੍ਰੀ ਗੁਰੂ ਰਾਮਦਾਸ ਜੀ ਨੇ ਪ੍ਰਗਟ ਕੀਤਾ। ਓਹੀ ਅਵਤਾਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸੈਨਾ ਸਮੇਤ ਖੜੇ ਹੈਨ। "ਆਦਿ ਅੰਤਿ ਏਕੈ ਅਵਤਾਰਾ। ਸੋਈ ਗੁਰੂ ਸਮਝੀਅਹੁ ਹਮਾਰਾ।" ਤਿੰਨ ਪ੍ਰਦੱਖਣਾਂ ਕੀਤੀਆਂ ਅਤੇ ਉੱਚੀ ਸੇ ਜੈਕਾਰਾ ਗਜਾਇਆ ਖਾਲਸੇ ਨੇ। ਸ਼ਬਦ ਪੜ੍ਹਦੇ ਮੁੜੇ ਦਰਬਾਰ ਤੇ।[1]

ਏਕ ਸਿੰਘ ਨੇ ਕਹਾ ਜੀ ਰੂਸ ਆਵੇਗਾ? ਏਕ ਸਿੰਘ ਨੇ ਕੋਲੋਂ ਕਹਿਆ ਫ਼ਰੰਗੀ ਬੜਾ ਭਾਰਾ ਹੈ। ਏਸ ਨਾਲ ਕੋਈ ਨਹੀਂ ਲੜਨ ਬਾਲਾ। ਗੁਰੂ ਜੀ ਬਚਨ ਕੀਤਾ ਐਸੀ ਬਾਤ ਫੇਰ ਨਹੀਂ ਕੈਹਣੀ। ਜੀਵ ਕੋਈ ਨਹੀਂ ਭਾਰਾ। ਭਾਰਾ ਸੋ ਹੈ ਜਿਸਕੇ ਸਿਰ ਪਰ ਪ੍ਰਮੇਸਰ ਕਾ ਹੱਥ ਹੈ। ਜੇਕਰ ਕੋਈ ਫ਼ਰੰਗੀ ਕਾ ਮਿੱਤਰ ਹੈ ਸੋ ਫ਼ਰੰਗੀ ਕੋ ਕਹਿ ਦੇਵੇ ਕਿ ਰਾਮ ਸਿੰਘ ਏਸ ਤਰ੍ਹਾਂ ਕੈਂਹਦਾ ਹੈ। ਫੜ੍ਹ ਲਜਾਵਣ ਸਾਨੂੰ ਤੇ ਉਸ ਦਿਨ ਛੱਡਣ ਜਿਸ ਦਿਨ ਮੋਹੜੀ ਪੱਟੀ ਜਾਵੇ ਫ਼ਰੰਗੀਆਂ ਕੀ। ਫੇਰ ਡੇਰੇ ਆਏ ਤੇ ਪਤਾਸਿਆਂ ਕਾ ਢੇਰ ਲੱਗ ਗਿਆ।

ਏਕ ਸਿੰਘ ਕਾ ਪਤਾਸੇ ਲੈਣ ਕਾ ਸੰਕਲਪ ਹੋਇਆ। ਅੰਤਰਯਾਮੀ ਜੀ ਬੋਲਾ ਕੀਤਾ ਏਹ ਪਤਾਸੇ ਬਿਖ ਹੈਨ। ਜਿਸਨੇ ਲੈਣੇ ਹੈਨ ਸੋ ਲਵੇ। ਇਹ ਬਚਨ ਸੁਣਕੇ ਸਿੰਘ ਕਾ ਸੰਕਲਪ ਹਟ ਗਿਆ।

## ਪੁਜਾਰੀਆਂ ਨੂੰ ਤਾੜਨਾ

ਗੁਰਦਵਾਰੇ ਕਾ ਸਰਬਰਾਹ ਸਰਦਾਰ ਮੰਗਲ ਸਿੰਘ ਸੀ। ਉਸਨੇ ਪੁਜਾਰੀਆਂ ਕੋ ਕਹਾ ਕਿ ਮਹਾਰਾਜ ਜੀ ਨਾਲ ਗ੍ਰੰਥ ਕਾ ਬਚਨ ਕਰੋ ਨਹੀਂ ਤੇ ਮੈਂ ਹੱਥਕੜੀ ਲਾਇਕੇ ਰਾਮਬਾਗ ਮੈ ਪੁਚਾਇ ਦੇਵਾਂਗਾ ਡਿਪਟੀ ਕਮਿਸ਼ਨਰ ਕੋਲ। ਪੁਜਾਰੀਆਂ ਨੇ ਕਹਿਆ ਕਿ ਅਮਕ[2] ਦਿਨ ਕੋ ਕਰਾਂਗੇ ਸਲਾਹ ਕਰਕੇ। ਸ਼ਮਸ਼ੇਰ ਸਿੰਘ ਰਾਜਾਸਾਂਸੀ ਸੀ ਸਰਦਾਰ। ਉਸਨੇ ਅਰਜ਼ ਕੀਤੀ ਜੀ ਮੇਰੇ ਅਖ਼ਤਿਆਰ ਹੈ ਕੈਦ ਕਰਨੀ। ਕਹੋ ਤਾਂ ਪੁਜਾਰੀਆਂ ਕੋ ਕੈਦ ਕਰਾਇ ਦੇਵਾਂ। ਬਚਨ ਕੀਤਾ ਕਾਸ ਨੂੰ ਕੈਦ ਕਰਨੇ ਹੈਨ। ਫੇਰ ਆਪ ਸ਼ਮਸ਼ੇਰ ਸਿੰਘ ਗਿਆ ਅਕਾਲ ਬੁੰਗੇ ਕੋ ਉਸ ਕੀ ਪੁਜਾਰੀ ਖ਼ਤਾ ਬਖਸ਼ਣ ਲਗੇ। ਸਰਦਾਰ ਸ਼ਮਸ਼ੇਰ ਸਿੰਘ ਸ਼ੇਰ ਸਮਾਨ ਗੱਜ ਕੇ ਕੈਹਣੇ ਲਗਾ ਮੇਰੀ ਤਨਖਾਹ ਬਖਸ਼ਦੇ ਹੋ ਡਰਦੇ ਮਾਰੇ, ਮੁਲ੍ਹਾਜਾ ਰੱਖਦੇ ਹੋ। ਮੇਰਾ ਔਗੁਣ ਕੋਈ ਨਹੀਂ ਪੁੱਛਦੇ ਹੋ। ਵੇਸਵਾਬਾਜ ਮੈਂ ਹਾਂ, ਕੁੱਠਾ ਮੈਂ ਖਾਂਦਾ ਹਾਂ, ਮੁਸਲੀ ਮੈਂ ਵਰਤਦਾ ਹਾਂ। ਪੰਜੇ ਐਬ ਮੈਂ ਕਰਦਾ ਹਾਂ ਫੇਰ ਮੇਰੀ

---

1 ਸਰਕਾਰੀ ਰਿਪੋਰਟਾਂ ਅਨੁਸਾਰ ਇਸ ਦੀਪਮਾਲਾ ਤੇ ਅੰਮ੍ਰਿਤਸਰ ਨਿਵਾਸੀਆਂ ਵਿੱਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਦੀ ਭਾਰੀ ਖਿਚ ਸੀ। ਅਨੇਕਾਂ ਹਿੰਦੂ, ਸਿੱਖ ਅਤੇ ਮੁਸਲਮਾਨ ਪਤਵੰਤੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨਾਂ ਨੂੰ ਡੇਰੇ ਆਏ। ਅਨੇਕਾਂ ਥਾਨ ਕਪੜੇ ਦੇ ਅਤੇ ਮਾਇਆ ਭੇਟਾ ਧਰੀ। ਇਨ੍ਹਾਂ ਤੋਂ ਇਲਾਵਾ ਉੱਘੇ ਸਰਦਾਰ ਸ਼ਮਸ਼ੇਰ ਸਿੰਘ ਰਾਜਾਸਾਂਸੀ ਅਤੇ ਉਸ ਦਾ ਭਰਾ ਸਰਦਾਰ ਠਾਕੁਰ ਸਿੰਘ, ਮਿਸਟਰ ਕਲਾਰਕ, ਮਿ. ਸਟੋਕਰਜ਼ ਅਤੇ ਮਿ. ਕ੍ਰਿਸਟੀ, ਅਸਿਸਟੈਂਟ ਸੁਪਰਡੈਂਟ ਆਫ਼ ਪੁਲਿਸ ਵੀ ਸਤਿਗੁਰੂ ਜੀ ਦੇ ਡੇਰੇ ਪਧਾਰੇ ਸਨ।

– ਗੁਰੂ ਰਾਮ ਸਿੰਘ ਐਂਡ ਦੀ ਕੂਕਾ ਸਿੱਖਜ਼ – ਪੰਨਾ ੨੬

2 ਫਲਾਣੇ ਦਿਨ।

ਤਨਖਾਹ ਬਖਸ਼ਦੇ ਹੋ ਔਰ ਜੋ ਸਵਾ ਪਹਿਰ ਰਾਤ ਸੇ ਇਸ਼ਨਾਨ ਕਰਦੇ ਹੈਂ ਅਤੇ ਬਾਣੀ ਪੜਦੇ ਹੈਂ ਅਤੇ ਭਜਨ ਕਰਦੇ ਹੈਂ ਸੋ ਉਨ੍ਹਾਂ ਕੋ ਤੁਸੀਂ ਤਨਖਾਹੀਏ ਬਨਾਉਂਦੇ ਹੋ। ਤੁਸੀਂ ਸਾਰੇ ਪੁਜਾਰੀ ਕੈਦ ਕੀ ਲਾਇਕ ਹੈ। ਐਸੇ ਪ੍ਰਮੇਸ਼ਰ ਕੇ ਪਿਆਰਿਆਂ ਕੋ ਤੁਸੀਂ ਤਖਤੀਂ ਨਹੀਂ ਚੜ੍ਹਨ ਦੇਂਦੇ, ਨਾ ਓਨ੍ਹਾਂ ਕਾ ਅਰਦਾਸਾ ਕਰਦੇ ਹੋ, ਨਾ ਗੋਲਕ ਪਾਈ ਹੈ। ਉਲਟਾ ਉਨਕੋ ਤਨਖਾਹੀਏ ਦਸਦੇ ਹੋ। ਤੁਸੀਂ ਸਾਰੇ ਕਰਮ ਤਨਖਾਹੀਆਂ ਦੇ ਕਰਦੇ ਹੋ। ਉਸ ਸਰਦਾਰ ਕੇ ਮੂਹਰੇ ਕੋਈ ਉੱਤਰ ਨਾ ਫੁਰਿਆ ਪੁਜਾਰੀਆਂ ਕੋ।[1]

## ਮੁਰਾਦ ਪੂਰੀ ਹੋਈ

ਬਾਬੇ ਅਟੱਲ ਤੋਂ ਹੁੰਦੇ ਹੋਏ ਸ੍ਰੀ ਸਤਿਗੁਰੂ ਜੀ ਘੜਿਆਲੀਆਂ ਵਾਲੇ ਤਲਾਇ ਪਰ ਆਏ।[2] ਸਾਰੇ ਬਜਾਰਾਂ ਮੈਂ ਨਾਮਧਾਰੀਏ ਸਿੰਘ ਹੀ ਨਜ਼ਰ ਆਉਂਦੇ ਦਿਸਣ। ਐਸੀ ਭੀੜ ਬਜਾਰਾਂ ਮੈ ਹੋਈ ਕਿ ਜਾਣੋ ਤਿਲ ਸੁਟਣ ਕੋ ਥਾਉਂ ਨਹੀਂ। ਕਾਹਨ ਸਿੰਘ ਬ੍ਰਮਾਲੀਪੁਰੇ ਕੋ ਅਤੇ ਇਕਹੋਰ ਸਿੰਘ ਕੋ ਸੰਕਲਪ ਹੋਇਆ ਸਾਡੀ ਮਨਸ਼ਾ ਚਰਨ ਚੁੰਮਣ ਕੀ ਸੀ, ਹੁਣ ਘੋੜੀ ਪਰ ਚੜ੍ਹੇ ਜਾਂਦੇ ਹੈਂ ਭਜਾਈ। ਫੇਰ ਦੀਵਾਨ ਮੈ ਜਾਇ ਬੈਠਣਗੇ। ਸਿੰਘਾਂ ਕੀ ਭੀੜ ਮੇਂ ਸਾਨੂੰ ਕਿਸ ਜਾਣ ਦੇਣਾ ਹੈ। ਕੁਦਰਤ ਨਾਲ ਘੋੜੀ ਥਾਂ ਕੀ ਥਾਂ ਖੜੀ ਹੋਇ ਗਈ। ਦੋਵੇਂ ਸਿੰਘਾਂ ਕੀ ਮੁਰਾਦ ਪੂਰੀ ਹੋਇ ਗਈ। ਅੱਛੀ ਤਰ੍ਹਾਂ ਚਰਨ ਚੁੰਮੇਂ ਅਤੇ ਆਖਦੇ ਹੈਂ ਕਿ ਧੰਨ ਸੱਚੇ ਪਾਤਸ਼ਾਹ ਹੈ ਜਿਸਨੇ ਸਾਡੇ ਦਿਲ ਕੀ ਸਮਝ ਕੇ ਸਾਨੂੰ ਦਰਸ਼ਨ ਦਿੱਤਾ ਹੈ।

ਸ੍ਰੀ ਸਤਿਗੁਰੂ ਜੀ ਦੇ ਦਰਸ਼ਨਾਂ ਕੋ ਏਤਨੀ ਪ੍ਰਿਥਵੀ ਆਈ ਕਿ ਕੁਝ ਅੰਤ ਨਾ ਰਹਿਆ। ਚਾਰ ਬਰਨ ਆਇ ਸੀਸ ਨਿਵਾਂਵਦੇ ਹੈਂ। ਮਾਇਆ ਅਤੇ ਪਤਾਸੇ ਭੇਟਾ ਲੈ ਲੈ ਕੇ ਆਉਂਦੇ ਹੈਂ। ਪਤਾਸਿਆਂ ਕਾ ਢੇਰ ਲੱਗ ਗਿਆ। ਕੁਲ ਸਾਧ ਸੰਗਤ ਦਰਸ਼ਨ ਕੇ ਵਾਸਤੇ ਆਈ। ਦਰਸ਼ਨ ਕਰਨੇ ਸੇ ਚਿਤ ਕੋ ਸ਼ਾਂਤੀ ਪ੍ਰਾਪਤ ਹੁੰਦੀ ਹੈ। ਬਹੁਤ ਸਿੰਘ ਸਜੇ। ਜਿਨ੍ਹਾਂ ਕੇ ਮਸਤਕ ਪਰ ਭਾਗ ਹੈ ਸੋ ਨਾਮ ਰੂਪੀ ਜਹਾਜ਼ ਪਰ ਚੜਦੇ ਹੈਂ। ਸ੍ਰੀ ਸਤਿਗੁਰੂ ਜੀ ਉੱਚੀ ਸੇ ਭਜਨ ਕਾ ਨਾਮ ਲੈ ਕੇ ਬਚਨ ਕੀਤਾ ਜੋ ਕੋਈ ਏਸ ਸ਼ਬਦ ਕੋ ਏਕ ਫੇਰਾਂ ਕੰਨ ਮੈ ਸੁਣ ਲਏਗਾ ਸੋ ਚੁਰਾਸੀ ਮੇਂ ਨਹੀਂ ਔਂਦਾ। ਜਦ ਮਿਲੇਗਾ ਮਨੁੱਖਾ ਜਨਮ ਹੀ ਮਿਲੇਗਾ। ਜੋ ਹਮੇਸ਼ਾ ਨਾਮ ਜਪੇਗਾ ਸੋ ਸੱਚਖੰਡ ਕੋ ਜਾਏਗਾ। ਏਹ ਸਮਾਂ ਆਵੇਗਾ ਕਿ ਸੌ-ਸੌ, ਹਜ਼ਾਰ-ਹਜ਼ਾਰ ਕੋ ਇਕਵਾਰੀ ਹੀ ਭਜਨ ਦੇਵਾਂਗੇ। ਇਕ ਇਕ ਕੋ ਕਿੱਥੋਂ ਸੁਣਾਈਏ, ਇਕੱਠਿਆਂ ਕੋ ਹੀ ਭਜਨ ਸੁਣਾਇਆ ਕਰਾਂਗੇ।

## ਪਠਾਣ ਦਾ ਸ੍ਰੀ ਸਾਹਿਬ

ਦਸਵੇਂ ਪਾਤਸ਼ਾਹ ਕੱਲੇ ਰਾਇਕੋਟ ਵਾਲੇ ਪਠਾਣ ਨੂੰ ਸ੍ਰੀ ਸਾਹਿਬ ਦੀਆ ਸੀ। ਹੁਕਮ ਏਹ ਦੀਆ ਕਿ ਏਹ ਸ੍ਰੀ ਸਾਹਿਬ ਰੱਖੋ, ਧੂਪ ਦੀਆ ਕਰੋ। ਪਠਾਣ ਕੋ ਸੰਕਲਪ ਹੋਇਆ ਕਿ ਸ੍ਰੀ

1 ੧੯੬੭ ਈ. ਦੀ ਦੀਪਮਾਲਾ ਸਮੇਂ ਗੁਰਦੁਵਾਰੇ ਦਾ ਸਰਬਰਾਹ ਸਰਦਾਰ ਮੰਗਲ ਸਿੰਘ ਰਾਮਗੜੀਆ ਸ੍ਰੀ ਸਤਿਗੁਰੂ ਜੀ ਤੋ ਬਹੁਤ ਪ੍ਰਭਾਵਤ ਹੋਇਆ ਅਤੇ ਉਸਨੇ ਕਰਨਲ ਮੈਕ ਐਂਡਰਯੂ ਕੋਲ ਸਤਿਗੁਰੂ ਜੀ ਦੀ ਤਾਰੀਫ਼ ਵੀ ਕੀਤੀ ਸੀ।

2 ਇਸਨੂੰ ਫਤਿਹ ਸਿੰਘ ਘੜਿਆਲੀਏ ਨੇ ਗਲਵਾਲੀ ਦਰਵਾਜਿਉਂ ਬਾਹਰ ਬਣਵਾਇਆ ਸੀ।

ਸਾਹਿਬ ਬੇਚ ਦੇਵਾਂ। ਜਾਂ ਏਹ ਸੰਕਲਪ ਕੀਤਾ ਤਾਂ ਰਾਤ ਕੋ ਚੀਨੀਂ ਘੋੜੀ ਪਰ ਅਸਵਾਰ ਲੰਬੀ ਗਰਦਨ ਮੋਹਣੀ ਮੂਰਤ ਜੀ ਕਾ ਦਰਸ਼ਨ ਹੋਇਆ ਅਤੇ ਅਵਾਜ਼ਾ ਆਇਆ ਕਿ ਤੂੰ ਸ੍ਰੀ ਸਾਹਿਬ ਵੇਚਦਾ ਹੈ ਕੂਕਿਆਂ ਕੀ ਭੈਣੀਂ ਪੁੱਛਦਾ ਆਵੀਂ। ਨੇਤਰ ਖੁਲ ਗਏ। ਭੈਣੀਂ ਨਹੀਂ ਪਹੁੰਚਾ ਪਰ ਪੁਛਦਾ ਪੁਛਦਾ ਅੰਮ੍ਰਿਤਸਰ ਆਇ ਮਿਲਿਆ। ਦਰਸ਼ਨ ਕਰਕੇ ਨਿਸਚਾ ਹੋਇਆ ਕਿ ਏਹੀ ਸੀ। ਉਸਨੇ ਸ੍ਰੀ ਸਾਹਿਬ ਸ੍ਰੀ ਸਤਿਗੁਰੂ ਜੀ ਕੇ ਆਗੇ ਰੱਖ ਦਿੱਤਾ ਕਿ ਏਹੀ ਦਸਵਾਂ ਪਾਤਸ਼ਾਹ ਹੈਨ ਜਿਨ੍ਹਾਂ ਨੇ ਮੈਨੂੰ ਦ੍ਰਿਸ਼ਟਾਂਤ ਮੈ ਦਰਸ਼ਨ ਦੇ ਕੇ ਲੈ ਆਂਦਾ ਹੈ। ਸੋ ਸ੍ਰੀ ਸਾਹਿਬ ਲੈ ਕੇ ਆਇਆ ਹਾਂ। ਸਿੰਘ ਦਰਸ਼ਨ ਕਰਦੇ ਹੈਂ ਭੇਟਾ ਧਰਦੇ ਹੈਂ।

## ਮੈਂ ਨਹੀਂ ਰਹਿੰਦਾ ਹਾਂ

ਗੁਰੂ ਜੀ ਚੀਤਾ ਛੱਡਣ ਜਾਣ ਤਾਂ ਸਿੰਘਾਂ ਨੇ ਅੱਗੇ ਪਿੱਛੇ ਹੋਇ ਜਾਣਾ। ਬਚਨ ਕੀਤਾ ਕਿ ਧੁਆਡੇ ਵਿੱਚੋਂ ਚਲੇ ਜਾਵਾਂਗੇ। ਤੁਸੀਂ ਮੈਨੂੰ ਹੁਣ ਚੀਤਾ ਭੀ ਨਹੀਂ ਛੱਡਣ ਦੇਂਦੇ। ਪਰ ਮੈਂ ਧੁਆਡੇ ਵਿਚੋਂ ਨਿਕਲਕੇ ਨਿਆਰਾ ਜਾਇਕੇ ਭਜਨ ਕਰਾਂਗਾ। ਰਾਮਦਾਸ ਪੁਰੇ ਸਤਿਜੁਗ ਕੀ ਨਗਰੀ ਹੈ। ਮੈਂ ਇਕੱਲਾ ਜਾਇ ਬੈਠਾਂਗਾ। ਇਕੱਲਿਆਂ ਭਜਨ ਬੰਦਗੀ ਚੰਗੀ ਹੁੰਦੀ ਹੈ। ਬਚਨ ਕੀਤਾ ਸੋ ਕੰਮ ਕੀਤਾ ਹੈ ਜਿਸਕੇ ਉਪਾਓ ਸੇ ਸੰਗਤ ਕੇ ਅਨੇਕਾਂ ਦੁਖ ਦੂਰ ਹੋਣਗੇ। ਮੈਂ ਨਹੀਂ ਤੁਹਾਡੇ ਵਿੱਚ ਰਹਿੰਦਾ ਹਾਂ। ਮੈਂ ਇਹੋ ਜਿਹਾ ਜਾਵਾਂਗਾ ਤੁਹਾਨੂੰ ਲੱਭਦਿਆਂ ਕੋ ਹੱਥ ਨਹੀਂ ਆਵਾਂਗਾ। ਤੁਸੀਂ ਪਛਤਾਵੋਗੇ। ਹੁਣ ਤਾਂ ਮੇਰਾ ਕੈਹਣਾ ਨਹੀਂ ਮੰਨਦੇ ਹੋ, ਯਾਦ ਰੱਖਿਓ ਵਿੱਚੋਂ ਹੀ ਚਲਾ ਜਾਵਾਂਗਾ, ਤੁਸੀਂ ਦੇਖਦੇ ਹੀ ਰਹਿ ਜਾਵੋਗੇ। ਇਕੰਤ ਭਜਨ ਬੰਦਗੀ ਕਰਾਂਗਾ। ਫ਼ੇਰ ਉੱਚੀ ਆਵਾਜ਼ ਸੇ ਬੋਲਾ ਕੀਤਾ ਅਬ ਰਾਮ ਸਿੰਘ ਸਸਤਾ ਹੈ, ਕਿਸੇ ਦਿਨ ਕੋ ਮਹਿੰਗਾ ਹੋ ਜਾਊਗਾ। ਫੇਰ ਨਾ ਆਖਿਓ ਕਿ ਪੈਹਲੇ ਨਾ ਸੀ ਖ਼ਬਰ ਕੀਤੀ। ਅਸੀਂ ਹੁਣ ਉੱਚੀ ਸੇ ਪੁਕਾਰ ਕੇ ਆਖਦੇ ਹਾਂ ਪਰ ਤੁਸੀਂ ਸਮਝਦੇ ਨਹੀਂ ਹੋ, ਫੇਰ ਪਛਤਾਵੋਗੇ।

ਗੁਰੂ ਜੀ ਪਹਿਰ ਦਿਨ ਚੜ੍ਹੇ ਨਿਕਲੇ, ਤੁਰੇ ਸੰਗਤ ਦੇ ਵਿੱਚੋਂ। ਹੁਕਮ ਏਹ ਦੀਆ ਜੋ ਮੇਰੇ ਮਗਰ ਆਵੇਗਾ ਉਸਕਾ ਮੂੰਹ ਕਾਲਾ ਹੋਵੇਗਾ। ਪੈਹਲੇ ਮੰਗਲ ਸਿੰਘ ਸਰਦਾਰ ਮਗਰ ਗਿਆ। ਮਗਰ ਨੱਸਿਆ ਗੁਰੂ ਜੀ ਕੇ। ਏਕ ਛਾਪ ਸੀ ਸੋਨੇ ਕੀ, ਵਿੱਚ ਦੋ ਸੌ ਰੁਪਏ ਹੀਰੇ ਕੀ ਕਣੀਂ ਲੱਗੀ ਹੋਈ ਸੀ, ਸੋ ਮੰਗਲ ਸਿੰਘ ਨੇ ਹੀ ਚਾਹੜੀ ਸੀ। ਗੁਰੂ ਜੀ ਛਾਪ ਲਾਹ ਕੇ ਭੁਇ ਨਾਲ ਮਾਰੀ ਤੇ ਬਚਨ ਕੀਤਾ ਏਸੇ ਵਾਸਤੇ ਮੇਰੇ ਮਗਰ ਨੱਸਿਆ ਆਉਂਦਾ ਹੈਂ? ਛਾਪ ਫੜਕੇ ਮੁੜ ਆਇਆ ਮੰਗਲ ਸਿੰਘ। ਕੈਹਣੇ ਲਗਾ ਸ੍ਰੀ ਸਤਿਗੁਰੂ ਜੀ ਨਹੀਂ ਮੁੜਦੇ, ਨੱਸੇ ਜਾਂਦੇ ਹੈਂ।

ਅੱਗੇ ਰਾਈਆਂ ਕਾ ਦੀਦਾਰ ਸਿੰਘ ਮਿਲਿਆ। ਬਚਨ ਕੀਤਾ ਚਲ ਰਾਮਦਾਸ ਪੁਰੇ ਕੋ ਚਲੀਏ। ਫੇਰ ਬਚਨ ਕੀਤਾ ਸਾਨੂੰ ਦੋ ਦਰਿਆ ਰਸਤੇ ਮੈ ਆਵਣੇਂ ਹੈਂ, ਸੋ ਦਰਿਆਵਾਂ ਕੇ ਉਪਰ ਦੀ ਲੰਘ ਜਾਵਾਂਗੇ ਰੜੇ ਥਾਉਂ ਵਾਂਗੂੰ। ਤੂੰ ਮਗਰ ਭਜਨ ਕਰਦਾ ਆਵੀਂ ਜੋ ਭਜਨ ਤੈਨੂੰ ਦਿੱਤਾ ਹੋਇਆ ਹੈ। ਮੈਂ ਅੰਦਰ ਥੜੇ ਪਰ ਬੈਠਾ ਭਜਨ ਕਰਾਂਗਾ। ਨਾ ਅੰਨ ਨਾ ਪਾਣੀ ਕੁਛ ਨਹੀਂ ਛਕਾਂਗਾ। ਨਾਮ ਕੇ ਆਸਰੇ ਹੀ ਜੀਊਂਗਾ। ਤੂੰ ਅੰਦਰ ਬੈਠਾ ਰਹੀਂ, ਭੁਖ ਤੇਹ ਤੇਰੀ ਭੀ ਬੰਦ ਕਰ ਦੇਵਾਂਗਾ। ਏਹ ਲੋਕ ਬੁਚੜਾਂ ਪਾਸ ਗਊਆਂ ਵੇਚਕੇ ਅਤੇ ਕੁੜੀਆਂ ਕੇ ਰੁਪਏ ਲੈ ਕੇ ਅਤੇ ਕੁੜੀਆਂ

ਮਾਰ ਕੇ ਮੇਰੇ ਪੈਰੀਂ ਹੱਥ ਕਿਉਂ ਲਾਉਂਦੇ ਹੈਂ? ਮੈਨੂੰ ਦਰਗਾਹ ਸੇ ਭਜਨ ਮਿਲਿਆ ਹੈ, ਸੋ ਮੈਂ ਧੁਹਾਨੂੰ ਲੋਕਾ ਨੂੰ ਦੇਂਦਾ ਹਾਂ। ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਏਸ ਭਜਨ ਕੋ ਕਰਿਆ ਕਰੋ। ਜਿੱਥੇ ਕਾ ਹੈ ਸੋ ਤਿੱਥੇ ਧੁਆਨੂੰ ਲੈ ਜਾਏਗਾ। ਸਾਹਿਬ ਸਿੰਘ ਅਤੇ ਮੰਗਲ ਸਿੰਘ ਹਟਾਉਂਦੇ ਨਹੀਂ ਹੈਂ ਚਰਨੀਂ ਹੱਥ ਲਾਉਂਦਿਆਂ ਨੂੰ।

ਬਾਬਾ ਜਵਾਹਰ ਸਿੰਘ ਜੀ ਮੂੰਹ ਕਾਲਾ ਕਰਕੇ ਗਏ। ਬਾਬਾ ਸਾਹਿਬ ਸਿੰਘ ਅਤੇ ਬਾਬਾ ਦਰਬਾਰਾ ਸਿੰਘ ਭੀ ਮਗਰੇ ਭੱਜੇ ਗਏ। ਹਾਥ ਜੋੜਕੇ ਬੇਨਤੀ ਕੀਤੀ ਜੀ ਸੱਚੇ ਪਾਤਸ਼ਾਹ ਚੱਲੋ ਮੁੜਕੇ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਸੰਗਤ ਬਣਾਇ ਦਿੱਤੀ ਹੈ, ਮਹੰਤ ਬਣਾਏ ਹੈਨ ਭਜਨ ਦੇਣ ਨੂੰ। ਮੈਂ ਨਹੀਂ ਰੈਂਹਦਾ ਹਾਂ। ਤੁਸੀਂ ਮੈਨੂੰ ਚੀਤਾ ਭੀ ਨਹੀਂ ਛੱਡਣ ਦੇਂਦੇ। ਬਾਬੇ ਜਵਾਹਰ ਸਿੰਘ ਅਰਜ਼ ਕੀਤੀ ਜੀ ਧੁਆਡੇ ਬਿਨਾ ਸੰਗਤ ਦਾ ਕੀ ਹਾਲ ਹੋਊਗਾ? ਗੁਰੂ ਜੀ ਬਚਨ ਕੀਤਾ ਮੈਂ ਤਾਂ ਚਲਦਾ ਹਾਂ ਪਰ ਮੇਰੀ ਚਰਨੀਂ ਹੱਥ ਨਾ ਲਾਓ। ਗਊਆਂ ਕਸਾਈਆਂ ਕੋ ਵੇਚਣ ਵਾਲੇ ਅਤੇ ਕੁੜੀਆਂ ਮਾਰਨ ਵਾਲੇ, ਕੁੜੀਆਂ ਕਾ ਪੈਸਾ ਲੈਣ ਵਾਲੇ ਇਹ ਮੇਰੇ ਚਰਨੀਂ ਹੱਥ ਕਿਉਂ ਲਾਉਂਦੇ ਹੈਂ? ਏਨ੍ਹਾਂ ਕੋ ਹੱਥ ਲਾਵਣ ਸੇ ਤੁਸੀਂ ਹਟਾਂਵਦੇ ਨਹੀਂ ਹੋ। ਬਾਬੇ ਜਵਾਹਰ ਸਿੰਘ ਜੀ ਬੇਨਤੀ ਕੀਤੀ ਜੀ ਆਪ ਮੁੜ ਚੱਲੋ, ਹੁਣ ਅਸੀਂ ਹਟਾਵਾਂਗੇ। ਬਾਬੇ ਜੀ ਕੀ ਅਰਜ਼ ਮੰਨਕੇ ਮੁੜ ਆਏ। ਗੁਰੂ ਜੀ ਕੇ ਹਜ਼ੂਰ ਪੈਹਰਾ ਖੜਾ ਕਰ ਦਿੱਤਾ। ਵੱਟ ਜਿਹੀ ਕਰ ਦਿੱਤੀ ਕਿ ਏਸਦੇ ਬਾਹਰ ਖੜ ਕੇ ਦਰਸ਼ਨ ਕਰੋ। ਚਰਨੀਂ ਹੱਥ ਕੋਈ ਨਾ ਲਾਵੇ।

ਫੇਰ ਕ੍ਰਿਸਟੀ ਸਾਹਿਬ ਨੇ ਆਕੇ ਕਹਾ ਕਿ ਬਾਬਾ ਸਾਹਿਬ ਜੀ ਕੋ ਤੁਮ ਚੀਤਾ ਨਹੀਂ ਛੱਡਣ ਦੇਂਦੇ ਹੋ। ਫ਼ਰੰਗੀ ਨੇ ਕਹਾ ਕਿ ਜਾਂ ਤੁਮ ਆਪਣੇ ਪੈਹਰੇ ਖੜੇ ਕਰੋ ਨਹੀਂ ਤਾਂ ਅਸੀਂ ਪੈਹਰਾ ਖੜਾ ਕਰਦੇ ਹਾਂ। ਬਾਬਾ ਸਾਹਿਬ ਕੋਲ ਕੋਈ ਨਾ ਜਾਵੇ ਬਿਨਾਂ ਹੁਕਮ ਥੀਂ। ਜਿਸ ਕੋ ਹੁਕਮ ਦੇਵਣ ਸੋ ਜਾਵੇ। ਫ਼ਾਲਤੂ ਆਦਮੀ ਬਿਨਾ ਸੱਦੇ ਤੇ ਨਾ ਜਾਵੇ। ਪੈਹਰਾ ਹਰ ਵਕਤ ਹਾਜ਼ਰ ਰਹੇ। ਸਿੰਘਾਂ ਨੇ ਫ਼ਰੰਗੀ ਕੋ ਕਹਾ ਕਿ ਅਸੀਂ ਹੁਣ ਪੈਹਰਾ ਖੜਾ ਕਰ ਦਿੱਤਾ ਹੈ। ਹਰ ਵੇਲੇ ਪੈਹਰੇ ਵਾਲਾ ਸਿੰਘ ਹਾਜ਼ਰ ਰੈਂਹਦਾ ਹੈ। ਜੋ ਆਵੇ ਸੋ ਦੂਰ ਤੇ ਹੀ ਮੱਥਾ ਟੇਕ ਦੇਵੇ। ਗੁਰੂ ਜੀ ਬਚਨ ਕੀਤਾ ਕਿ ਜਪੁ ਸਾਹਿਬ ਕੇ ਪਾਂਚ ਪਾਂਚ ਪਾਠ ਕਰਿਆ ਕਰੋ ਨਹੀਂ ਤਾਂ ਇਕ ਇਕ ਤਾਂ ਜ਼ਰੂਰ ਕਰਿਆ ਕਰੋ। ਜੋ ਨਾਮ ਜਪੇਗਾ ਉਸਕੋ ਸਰਬ ਸੁਖ ਪ੍ਰਾਪਤ ਹੋਣਗੇ। ਜਾਂ ਰਹਿਰਾਸ ਕਾ ਭੋਗ ਪਿਆ ਤਾਂ ਹੁਕਮ ਦਿੱਤਾ ਭਜਨੀ ਸਿੰਘ ਡੇਰੇ ਮੇਂ ਰਹੋ, ਫਾਲਤੂ ਨਾ ਰਹੋ। ਪਲੰਘ ਪਰ ਬੈਠ ਕੇ ਬਚਨ ਕੀਤਾ ਉੱਚੀ ਉੱਚੀ ਭਜਨ ਕਰਕੇ ਜੋ ਮੈਨੂੰ ਦਰਗਾਹੋਂ ਮਿਲਿਆ ਹੈ ਸੋ ਮੈਂ ਤੁਹਾਨੂੰ ਦਿਤਾ ਹੈ। ਜੋ ਜੋ ਨਾਮ ਜਪਦੇ ਹੈਂ ਸੋ ਸੋ ਗੁਰੂ ਨਾਨਕ ਦੇਵ ਜੀ ਕੀ ਪੁਰੀ ਕੋ ਜਾਂਦੇ ਹੈਂ।

ਬੜਾ ਮੇਲਾ ਹੋਇਆ। ਬਹੁਤ ਸਿੰਘਾਂ ਨੇ ਭਜਨ ਲਿਆ। ਚੀਨੀ ਪਰ ਅਸਵਾਰ ਹੋ ਕੇ ਮੁੜ ਆਏ ਰਾਮਦਾਸ ਪੁਰੇ ਕੋ ਸ੍ਰੀ ਸਤਿਗੁਰੂ ਜੀ।

## ਪੁਜਾਰੀਆਂ ਦੀ ਚਿੱਠੀ

ਇਕ ਸਿੱਖ ਨੂੰ ਚਿੱਠੀ ਦੇ ਕੇ ਅਕਾਲ ਬੁੰਗੇ ਦੇ ਪੁਜਾਰੀਆਂ ਨੇ ਹਜ਼ੂਰ ਸਾਹਿਬ ਭੇਜਿਆ। ਸਿੰਘ ਕੋ ਪ੍ਰੇਰਨਾ ਹੋਈ ਅਤੇ ਉਹ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਪਾਸ ਰਾਮਦਾਸ ਪੁਰੇ ਆਇ

ਗਿਆ। ਅਰਦਾਸ ਕੱਢਕੇ ਗੁਰੂ ਜੀ ਅੱਗੇ ਰੱਖੀ। ਕੈਹਣ ਲੱਗਾ ਜੀ ਏਹ ਅਰਦਾਸ ਪੁਜਾਰੀਆਂ ਨੇ ਦਿੱਤੀ ਹੈ ਕਿ ਅਬਚਲ ਨਗਰ ਕੋ ਜਾਓ। ਮੈਨੂੰ ਪ੍ਰੇਰਨਾ ਹੋਈ ਤਾਂ ਮੈਂ ਹਜ਼ੂਰ ਦੀ ਤਾਬਿਆ ਲਿਆਇ ਧਰੀ ਹੈ। ਗੁਰੂ ਜੀ ਕਹਿਆ ਲੈ ਜਾ। ਕੈਹਣੇ ਲਗਾ ਜੀ ਮੈਨੂੰ ਅਕਾਲ ਪੁਰਖ ਨੇ ਹੁਕਮ ਕੀਤਾ ਕਿ ਤੂੰ ਸਤਿਗੁਰੂ ਜੀ ਕੋ ਮਿਲ, ਸੋ ਤਾਂ ਮੈਂ ਆਇਆ ਹਾਂ। ਮੈਂ ਨਹੀਂ ਜਾ ਸਕਦਾ। ਸਭਨੀਂ ਗੁਰਦਵਾਰੀਂ ਅਰਦਾਸਾਂ ਭੇਜੀਆਂ ਹਨ ਕਿ ਕੂਕੇ ਕਲਾਮ ਪੜਦੇ ਹੈਨ, ਏਨ੍ਹਾਂ ਕੋ ਤਖ਼ਤ ਨਹੀਂ ਚੜ੍ਹਨ ਦੇਣਾ। ਏਨ੍ਹੀਂ ਗੁਰਦਵਾਰੀਂ ਚਿੱਠੀਆਂ ਭੇਜੀਆਂ ਹਨ-ਮੁਕਤਸਰ, ਦਮਦਮੇ ਸਾਹਿਬ, ਅਨੰਦਪੁਰੇ ਸਾਹਿਬ, ਪਟਣੇ ਸਾਹਿਬ ਅਤੇ ਅਬਚਲ ਨਗਰ।

ਚਿੱਠੀ ਪੜ੍ਹੀ। ਗੁਰੂ ਜੀ ਬਚਨ ਕੀਤਾ ਜਿਨ੍ਹਾਂ ਨੇ ਗੁਰੂ ਕੇ ਸ਼ਬਦ ਕੋ ਕਲਾਮ ਕਹਿਆ ਹੈ ਓਨ੍ਹਾਂ ਕੇ ਸਿਰ ਮੈ ਤੱਤਾ ਤੇਲ ਪਉ ਅਤੇ ਮੂੰਹ ਕਾਲਾ, ਨੀਲੇ ਪੈਰ। ਗੁਰੂ ਕੇ ਦਰਬਾਰ ਤਨਖਾਹੀਏ ਹੋਵਣਗੇ। ਐ ਬਈਮਾਨੋਂ ਗੁਰੂ ਕੇ ਸ਼ਬਦ ਕੋ ਕਲਾਮ ਕਹੀ ਹੈ?

ਜੋ ਕੁਸੰਗੀ ਲੋਕ ਆਵੇ ਗੁਰੂ ਜੀ ਕਹਿਣਾ ਭਜਨ ਲੈ ਲੈ। ਜੋ ਨਾ ਲਵੇ ਤਾਂ ਗੁੱਸੇ ਹੋਣਾ। ਏਕ ਨਿਹੰਗ ਦਰਸ਼ਨ ਕਰਕੇ ਕੈਹਣੇ ਲਗਾ ਮੈਂ ਜਾਣਦਾ ਹਾਂ ਸੰਤ ਖਾਲਸਾ ਤੇਰੀ ਦੇਹ ਚੋਂ ਪ੍ਰਗਟ ਹੋਇਆ ਹੈ। ਗਊ ਕਾ ਛੁਰਾ ਨਹੀਂ ਹਟਿਆ ਹੈ। ਗੁਰੂ ਜੀ ਬਚਨ ਕੀਤਾ, ਹੈ ਤਾਂ ਏਸੇ ਤਰ੍ਹਾਂ ਜਿਸ ਤਰ੍ਹਾਂ ਆਪ ਨੇ ਆਖਿਆ ਹੈ। ਜਿਸ ਨਾਲ ਕਰਾਰ ਕੀਤਾ ਜਾਂਦਾ ਹੈ ਸੋ ਉਸ ਤੋਂ ਉਰੇ ਨਹੀਂ ਬੁਲਾਈ ਦਾ। ਦਿਨ ਪੂਰੇ ਹੋਇਆਂ ਤੇ ਦੇਖੋ ਕੀ ਬਣਦਾ ਹੈ।

## ਮਾਂ ਤੇ ਪੁੱਤ

ਇਕ ਲੜਕੇ ਨੇ ਭਜਨ ਸੁਣਿਆ ਅਤੇ ਸਿੰਘ ਸੱਜ ਗਿਆ। ਉਸਕੀ ਮਾਂ ਨੇ ਸੁਣਿਆ, ਆਈ ਮਾਰੋ ਮਾਰ ਕਰਦੀ। ਕੈਹਣ ਲਗੀ ਕੂਕੇ ਠੱਗ ਹੈਂ। ਮੇਰਾ ਪੁੱਤਰ ਕੂਕਾ ਬਣਾ ਲਿਆ ਹੈ। ਗੁਰੂ ਜੀ ਬਚਨ ਕੀਤਾ 'ਹੱਲਾ'। ਲੱਗੀ ਗ਼ੈਬੀ ਮਾਰ ਪੈਣ। ਐਸੀ ਮਾਰ ਬਰਸੀ ਜੈਸੇ ਮੀਂਹ ਬਰਸਦਾ ਹੁੰਦਾ ਹੈ। ਬੋਹੜਾਂ ਹੇਠਾਂ ਜਾ ਕੇ ਛੱਡੀ। ਥੋੜ੍ਹੀ ਦੇਰ ਬਾਦ ਮਾਂ ਪੁਤ ਦੋਵੇਂ ਸ਼ਬਦ ਪੜਨੇ ਲਗੇ। ਹੱਥ ਜੋੜਕੇ ਕੈਹਣੇ ਲੱਗੀ ਜੀ ਮੈਂ ਭੁਲ ਗਈ। ਮੈਨੂੰ ਬਖ਼ਸ਼ੋ, ਜੋ ਮੈਂ ਤੁਹਾਡੇ ਸਾਹਮਣੇ ਕਰੜਾ ਬੋਲੀ ਹਾਂ। ਸੋ ਬਖ਼ਸ਼ੋ ਜੀ। ਜੋ ਹੰਕਾਰ ਸੀ ਸੋ ਦੂਰ ਹੋਇਆ। ਭਜਨ ਲੈ ਲਿਆ। ਸਿੰਘਣੀ ਬਣ ਕੇ ਗਈ। ਜਾਨਿਆ ਜੋ ਪੂਰਨ ਗੁਰੂ ਹੈ।

## ਹੱਲਾ

ਏਕ ਮੁਕਬਰ ਚੋਰੀ ਖ਼ਬਰ ਲੈਣ ਕੋ ਡੇਰੇ ਆਇਆ। ਖੁਫ਼ੀਆ ਅੰਗ੍ਰੇਜ਼ਾਂ ਰਾਹੀਂ ਬਣ ਕੇ ਆਇਆ ਸੀ। ਉਸ ਕੋ ਬੀ ਬਚਨ ਹੋਇਆ 'ਹੱਲਾ'। ਬਹੁਤ ਕੁੱਟਿਆ ਸਿੰਘਾਂ ਨੇ। ਬਚਨ ਕੀਤਾ ਕਿ ਜਾਇਕੇ ਅਰਜ਼ੀ ਦੇ ਕਿ ਮੈਨੂੰ ਕੁੱਟਿਆ ਹੈ। ਜਾ ਚਲਾ ਜਾ। ਇਕ ਹੋਰ ਆਇਆ, ਕੈਹਣੇ ਲਗਾ ਕਿ ਮੈਂ ਸੁਲਤਾਨ ਹਾਂ। ਹੁਕਮ ਹੋਇਆ ਇਸ ਕੋ ਬੀ ਅੱਛਾ ਕਰੋ। ਸਿੰਘਾਂ ਨੇ ਬਹੁਤ ਕੁੱਟਿਆ ਅਤੇ ਧੱਕੇ ਦੇ ਕੇ ਬਾਹਰ ਕੱਢਿਆ।

## ਅਕਾਲ ਪੁਰਖ ਕਿਵੇਂ?

ਪੰਜਾਂ ਸਿੰਘਾਂ ਨੇ ਰਲ ਕੇ ਗੁਰੂ ਜੀ ਸੇ ਪੁੱਛਿਆ ਕਿ ਅਕਾਲ ਪੁਰਖ ਤਾਂ ਅਦ੍ਰਿਸ਼ਟ ਹੁੰਦਾ ਹੈ। ਤੁਸੀਂ ਕਿਵੇਂ ਦ੍ਰਿਸ਼ਟਾ ਹੋਏ ਹੋ? ਅਸੀਂ ਅਕਾਲ ਪੁਰਖ ਆਪਕੇ ਸਰੀਰ ਕੋ ਸਮਝਦੇ ਹਾਂ ਨਾਲੇ ਸਾਨੂੰ ਸੰਕਲਪ ਹੈ ਕਿ ਅਕਾਲ ਪੁਰਖ ਜੰਮਣ-ਮਰਨ ਤੇ ਰਹਿਤ ਹੈ। ਆਪ ਜੀ ਕਲੇਵਰ ਕਿਵੇਂ ਧਾਰਿਆ ਹੈ। ਸਾਨੂੰ ਸੰਸਾ ਹੈ ਆਪ ਨਿਵਰਤ ਕਰੋ। ਅੰਤਰਯਾਮੀ ਜੀ ਬਚਨ ਕੀਤਾ ਜੱਸਾ ਸਿੰਘ ਸੇ ਜਾਇ ਪੁੱਛੋ। ਜਾਇਕੇ ਲਗੇ ਪੁੱਛਣ ਕਿ ਕਿਵੇਂ ਅਵਤਾਰ ਧਾਰਿਆ ਹੈ। ਬਾਬੇ ਨੇ ਕਹਾ ਕਿ ਉਨ੍ਹਾਂ ਸੇ ਪੁੱਛੋ। ਪੰਜ ਵਾਰ ਸਿੰਘ ਫਿਰੇ। ਛੇਵੀਂ ਵਾਰ ਬਚਨ ਕੀਤਾ ਸਿੰਘਾਂ ਨੂੰ ਬਾਬੇ ਜੀ, ਕਿਓਂ ਖਿਆਲੀਂ ਪਏ ਹੋ? ਪੈਹਲੇ ਮਸ਼ਕ ਜੈਸਾ ਅਕਾਰ ਜਨਮਿਆ ਸੀ। ਸਾਨੂੰ ਸ਼ਰਮ ਪ੍ਰਾਪਤ ਹੋਈ ਕਿ ਸਾਡੇ ਘਰ ਕੀ ਜਨਮਿਆ ਹੈ। ਪੁੱਤਰ ਕੀ ਆਸ ਕਰਦੇ ਸੇ। ਸੋ ਦੇਖਕੇ ਉਦਾਸ ਹੋਇ ਗਏ। ਬਾਬੇ ਜੀ ਕਹਾ ਕਿ ਜਮੀਨ ਮੇਂ ਦਬਾਇ ਦਿੱਤੀ ਸੀ ਮਸ਼ਕ ਜੇਹੀ। ਮੈਂ ਨੇਤਰਾਂ ਨਾਲ ਸਾਰਾ ਬ੍ਰਿਤਾਂਤ ਦੇਖਿਆ। ਮੂਰਤੀ ਧਾਰ ਕੇ ਮਾਤਾ ਕੀ ਗੋਦ ਮੇਂ ਪ੍ਰਗਟ ਹੋਏ ਬੈਠੇ।

## ਵਾਇਸਰਾਇ ਨਾਲ ਬਚਨ

ਇਕ ਵੇਰੀਂ ਲੁਧਿਹਾਣੇ ਕਲਕੱਤੇ ਵਾਲਾ ਲਾਟ ਆਇਆ। ਸ੍ਰੀ ਸਤਿਗੁਰੂ ਜੀ ਭੀ ਸੱਦੇ ਗਏ। ਘੋੜਿਆਂ ਪਰ ਸਵਾਰ ਹੋ ਕੇ ਗਏ ਅਤੇ ਸਿੰਘ ਭੀ ਨਾਲ ਗਏ। ਅੱਗੇ ਲਾਟ ਚੱਲਿਆ ਆਉਂਦਾ ਸੀ। ਲੋਕ ਅੱਗੇ ਸੇ ਪਿੱਛੇ ਹਟ ਜਾਣ। ਜਾਂ ਲਾਟ ਨੇ ਸੁਣਿਆ ਤੇ ਪੁੱਛਿਆ ਕੇ ਕੌਣ ਹੈ ਔਂਦਾ ਜਿਸਦੇ ਆਉਣੇ ਸੇ ਲੋਕ ਮੂੰਹ ਹਲਾਉਣ ਲੱਗ ਪਏ ਹੈ? ਕੋਲੋਂ ਏਕ ਨੇ ਕਹਾ ਜੀ ਏਹ ਕੂਕਿਆਂ ਕਾ ਗੁਰੂ ਹੈ। ਲਾਟ ਨੇ ਪੈਹਲੇ ਇਕ ਆਦਮੀ ਭੇਜਿਆ, ਉਸ ਨੇ ਮੱਥਾ ਟੇਕਿਆ। ਫੇਰ ਲਾਟ ਭੀ ਆਇਆ ਅਤੇ ਟੋਪੀ ਲਾਹ ਕੇ ਸਲਾਮ ਕੀਤੀ। ਉਸ ਵਕਤ ਬਾਰਸ਼ ਨਹੀਂ ਪੈਂਦੀ ਸੀ। ਲਾਟ ਨੇ ਸਵਾਲ ਕੀਤਾ ਜੀ ਬਾਰਸ਼ ਨਹੀਂ ਪੈਂਦੀ। ਕਿਰਪਾ ਕਰੋ ਤਾਂ ਬਾਰਸ਼ ਪੈ ਜਾਏ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਇਹ ਲੋਕ ਬਿਆਜ ਛੱਡ ਦੇਣ ਅਤੇ ਧੀਆਂ ਦਾ ਪੈਸਾ ਲੈਣਾ ਛੱਡ ਦੇਣ ਅਤੇ ਮਿਰਗਾਂ ਕੋ ਨਾ ਕੋਈ ਮਾਰੇ ਤਾਂ ਅਸੀਂ ਬੀ ਪ੍ਰਮੇਸ਼ਰ ਪਾਸ ਅਰਜ਼ ਕਰਾਂਗੇ ਮੀਂਹ ਪੈ ਜਾਏਗਾ। ਲਾਟ ਕੋ ਬਚਨ ਕੀਤਾ ਤੁਸੀਂ ਗਊ ਬੱਧ ਛੱਡ ਦਿਓ ਤਾਂ ਪ੍ਰਮੇਸਰ ਤੁਹਾਡੇ ਪਰ ਖੁਸ਼ ਹੋਵੇਗਾ, ਪਰਜਾ ਸੁਖੀ ਵਸੇਗੀ। ਸਭ ਚੁਪ ਹੋਇ ਗਏ। ਸਣੇ ਲਾਟ ਕੋਈ ਨਾ ਬੋਲਿਆ। ਇਤਨੇ ਬਚਨ ਕਰਕੇ ਸਤਿਗੁਰੂ ਜੀ ਘੋੜੀ ਪਰ ਚੜ੍ਹ ਗਏ। ਘੋੜੀ ਭਜਾਇ ਪੌਣ ਕੀਤੀ, ਦੇਖਦੇ ਰਹੇ ਲੋਕ। ਰਾਜੇ ਕਈ ਆਏ ਹੋਏ ਸੀ, ਸੋ ਦੇਖਕੇ ਅਸਚਰਜ ਰਹੇ। ਕਹਿਣ ਸਾਡੀ ਤਾ ਅਜੇ ਮਿਲਣੀ ਭੀ ਨਹੀਂ ਹੋਈ ਅਤੇ ਗੁਰੂ ਰਾਮ ਸਿੰਘ ਜੀ ਮਿਲਕੇ ਚਲੇ ਭੀ ਗਏ। ਲਾਟ ਨੇ ਭੀ ਅਗੋਂ ਕੋਈ ਉਜਰ ਨਹੀਂ ਕੀਤਾ।

## ਬਾਬਾ ਜੀ ਨੇ ਕਛਹਿਰੇ ਪਾਏ

ਬਾਬਾ ਜੱਸਾ ਸਿੰਘ ਕਛਹਿਰੇ ਨਾ ਸੀ ਪੌਂਦੇ। ਬਾਬੇ ਕੋ ਰਾਤ ਕੋ ਦ੍ਰਿਸ਼ਟਾਂਤ ਹੋਇਆ ਕਿ ਦਰਗਾਹ ਮੇਂ ਬਾਬਾ ਜੀ ਗਏ। ਕਛਹਿਰੇ ਨਾ ਹੋਣੇ ਸੇ ਅੰਦਰ ਦਰਗਾਹ ਕੇ ਨਾ ਜਾਣ ਦਿੱਤਾ।

ਸਤਿਗੁਰੂ ਰਾਮ ਸਿੰਘ ਜੀ ਕਾ ਦਰਸ਼ਨ ਬੀ ਹੋਇਆ। ਅੱਗੋਂ ਅਵਾਜ਼ਾ ਆਇਆ ਕਿ ਬਗੈਰ ਕਛਹਿਰੇ ਕੇ ਅੰਦਰ ਨਹੀਂ ਜਾਣ ਦੇਂਦੇ। ਇਹ ਦ੍ਰਿਸ਼ਟਾਂਤ ਹੋਇਕੇ ਨੇਤਰ ਖੁਲ ਗਏ। ਬਾਬਾ ਜੀ ਨੇ ਸਾਰਾ ਬ੍ਰਿਤਾਂਤ ਸੁਣਾਇਆ। ਬਾਬੇ ਜੀ ਆਖਿਆ ਕਿ ਮੈਨੂੰ ਅੰਮ੍ਰਿਤ ਛਕਾਓ ਅਤੇ ਸਿੰਘ ਸਜਾਓ। ਤਤਕਾਲ ਬਾਬੇ ਜੀ ਅੰਮ੍ਰਿਤ ਛਕ ਲਿਆ। ਉਸ ਦਿਨ ਬਾਬੇ ਜੀ ਕਾ ਪੁਰਾ ਨਿਸਚਾ ਹੋਇਆ ਕਿ ਸਰਬ ਘਟਾਂ ਕੇ ਅੰਤਰਯਾਮੀ ਹੈਨ।

ਏਕ ਸਮੇਂ ਸਤਿਗੁਰੂ ਜੀ ਅਕਾਲ ਬੁੰਗੇ ਭਜਨ ਕਰਦੇ ਥੇ। ਬਚਨ ਕੀਤਾ ਹੇ ਅਕਾਲ ਪੁਰਖ ਕਿਸੇ ਨੇ ਜਾਣਿਆ ਹੈ ਕਿਸੇ ਨੇ ਨਹੀਂ ਜਾਣਿਆ।ਜੇਕਰ ਏਸ ਪੰਥ ਕੋ ਉੱਚਾ ਕਰਨਾ ਹੈ ਤਾਂ ਤੋਰੋ ਨਹੀਂ ਤਾਂ ਨਾ ਤੋਰੋ। ਜੇਕਰ ਨਹੀਂ ਵਧਾਉਣਾ ਤਾਂ ਏਸ ਪੰਥ ਕੋ ਏਥੇ ਹੀ ਰਹਿਣ ਦੇਵੋ। ਅਵਾਜਾ ਹੋਇਆ ਇਹ ਪੰਥ ਬੰਦ ਨਹੀਂ ਕਰਨਾ ਹੈ। ਇਹ ਪੰਥ ਦਿਨੋਂ ਦਿਨ ਸਵਾਇਆ ਵਧੇਗਾ।

♦

# ਮੁਕਤਸਰ ਦੀ ਮਾਘੀ ਅਤੇ ਪ੍ਰਚਾਰ

## (੧੯੨੪ ਬਿ., ਜਨਵਰੀ ੧੮੬੮ ਈ.)

### ਮਾਘੀ ਮੁਕਤਸਰ

ਦਰਸ਼ਨ ਦੇਂਦੇ ਲੋਕਾਂ ਕੋ ਨਿਹਾਲ ਕਰਦੇ ਮੁਕਤਸਰ ਜਾ ਪਹੁੰਚੇ। ਸਿੰਘਾਂ ਨਾਮਧਾਰੀਆਂ ਕੋ ਬੜੀ ਖੁਸ਼ੀ ਪ੍ਰਾਪਤ ਹੋਈ ਸਤਿਗੁਰੂ ਜੀ ਕੇ ਔਣੇਂ ਕੀ। ਆਇਕੇ ਦਰਸ਼ਨ ਕਰਨ। ਜਾਂ ਦੀਵਾਨ ਲੱਗਿਆ ਸੂਤਰੀਆਂ ਸਿੰਘਾਂ ਸੂਤਰ ਕੱਢਿਆ। ਸਿੰਘ ਦਰਸ਼ਨ ਕਰਕੇ ਨਿਹਾਲ ਹੋਂਦੇ ਹੈਂ। ਚੰਗੇ ਚੰਗੇ ਸਰਦਾਰ ਪੁਜਾਰੀਆਂ ਨੇ ਦੇਖਕੇ ਆਖਿਆ ਕਿ ਠੀਕ ਇਨ੍ਹਾਂ ਕੀ ਪੱਗ ਲੈਂਹਦੀ ਹੈ। ਏਹ ਜਰੂਰ ਤਨਖਾਹੀਏ ਹੈਨ। ਅਕਾਲ ਬੁੰਗੇ ਵਾਲਿਆਂ ਨੇ ਲਿਖਾ ਹੈ ਕਿ ਕੂਕੇ ਕਲਾਮ ਪੜਦੇ ਹੈਂ। ਏਨ੍ਹਾਂ ਕੀ ਅਰਦਾਸ ਨਹੀਂ ਕਰਨੀ।

ਸਤਿਗੁਰੂ ਜੀ ਮੱਥਾ ਟੇਕਣ ਚੱਲੇ। ਸ਼ਬਦ ਪੜਦੇ ਗਏ। ਪੈਹਲੇ ਤੰਬੂ ਸਾਹਿਬ ਗਏ। ਜਾਇਕੇ ਬੈਠਕੇ ਨਿਹੰਗਾਂ ਨੇ ਮਲੌਨੀ[1] ਕੇ ਬਚਨ ਕੀਤੇ। ਇਕ ਨੀਲੀ ਦਸਤਾਰ ਅੱਗੇ ਭੇਟਾ ਧਰੀ। ਕੈਹਣ ਲਗੇ ਜੀ ਧੁਆਡੇ ਮਗਰ ਸਾਰੀ ਸੰਗਤ ਲੱਗੀ ਹੈ। ਸਤਿਗੁਰੂ ਜੀ ਨੇ ਦਸਤਾਰ ਲੈ ਕੇ ਉਪਰ ਦੀ ਸਜਾ ਲਈ ਅਤੇ ਪੁਜਾਰੀਆਂ ਨੇ ਆਖਿਆ ਕਿ ਹੇਠਾਂ ਹੀ ਖੜੋਂਵੋ ਜਦ ਤੋੜੀਂ ਤਨਖਾਹ ਨਹੀਂ ਲਵਾ ਲੈਂਦੇ। ਸ੍ਰੀ ਸਤਿਗੁਰੂ ਜੀ ਝਟ ਹੇਠਾਂ ਉੱਤਰ ਗਏ। ਜੋੜਿਆਂ ਵਾਲੇ ਥਾਂ ਖੜੇ ਹੋਇ ਗਏ। ਸਿੰਘਾਂ ਨੇ ਗ਼ਿਲਾ ਮਨਾਇਆ ਕਿ ਜੋੜਿਆਂ ਵਾਲੇ ਥਾਂ ਕਿਓਂ ਖੜ ਗਏ ਹੈਂ। ਨਿਹੰਗ ਪੁਜਾਰੀਆਂ ਨੇ ਕਹਿਆ ਕਿ ਤਲਾਇ ਕੀ ਇਕ ਬਾਹੀ ਬਨਵਾਇ ਦੇ, ਤੈਨੂੰ ਏਹ ਤਨਖਾਹ ਹੈ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਮੈਂ ਤਾਂ ਗ਼ਰੀਬ ਤਰਖਾਣ ਹਾਂ। ਇਹ ਜੋ ਸਿੰਘ ਤੁਹਾਨੂੰ ਦਿਖਦੇ ਹੈਂ ਸੋ ਇਨ ਕੋ ਆਏ ਗਏ ਸਿੰਘ ਕੋ ਪ੍ਰਸ਼ਾਦ ਛਕਾਉਣ ਕੀ ਸਮਰੱਥਾ ਹੈ, ਜ਼ਿਆਦਾ ਨਹੀਂ ਹੈ। ਮੈਂ ਏਨ੍ਹਾਂ ਕੋ ਕੈਹ ਭੀ ਕੁਝ ਨਹੀਂ ਸਕਦਾ। ਫੇਰ ਕੈਹਣ ਲਗੇ ਧੁਆਨੂੰ ੧੧੦੦ ਰੁਪਯਾ ਤਨਖਾਹ ਹੈ। ਬਚਨ ਕੀਤਾ ਮੈਂ ਤਾਂ ਗ਼ਰੀਬ ਕੋ ਦੁਖ ਨਹੀਂ ਦਿੰਦਾ ਹਾਂ। ਫੇਰ ਪੁਜਾਰੀਆਂ ਨੇ ਆਖਿਆ ਅੱਛਾ ਅਕੋਤ੍ਰ ਸੌ ਰੁਪਯਾ ਦੇ। ਬਚਨ ਕੀਤਾ ਕਿਸ ਤਰ੍ਹਾਂ ਦਾ ਰੁਪਯਾ ਤੁਸੀਂ ਮੰਗਦੇ ਹੋ। ਪੁਜਾਰੀਆਂ ਨੇ ਆਖਿਆ ਤਨਖਾਹ ਕਾ। ਗੁਰੂ ਜੀ ਤੇਜੀ ਮੇਂ ਹੋਇਕੇ ਬਚਨ ਕੀਤਾ ਤਨਖਾਹਾਂ ਤਾਂ ਚੋਰਾਂ ਯਾਰਾਂ ਨੂੰ ਲਾਈਦੀ ਹੈ। ਜੋ ਨੀਲੀ ਦਸਤਾਰ ਸੀ ਸੋ ਝਟ ਪਟ ਲਾਹ ਕੇ ਲੀਰਾਂ ਕਰ ਦਿੱਤੀ ਅਤੇ ਗੱਜ ਕੇ ਬਚਨ ਕੀਤਾ ਤੁਸਾਂ ਮੈਨੂੰ ਕੀ ਜਾਣਿਆ ਹੈ? ਡੇਢ ਸੈ ਬਰਸ ਹੋਏ ਹਨ ਧੁਆਨੂੰ ਪੂਜਾ ਖਾਂਦਿਆਂ ਨੂੰ ਅਤੇ ਧੁਆਡੇ ਤੇ ਤਲਾਅ ਭੀ ਨਹੀਂ ਬਣਿਆ? ਜੋ ਮਸਤਾਨੇ ਸਿੰਘ ਸੇ ਸੋ ਆਪਣੇ ਸਰੀਰਾਂ ਪਰ ਗੜਵੇ ਮਾਰਨ ਲੱਗੇ। ਕੋਈ ਸੋਟੇ ਮਾਰਨ, ਕੋਈ ਹੱਥ ਮੂੰਹ ਮੈ ਲੈ ਕੇ ਕਚੀਚੀਆਂ ਵੱਢਣ। ਹੁਕਮ ਮੰਨੀ ਖੜੇ ਹੈਂ। ਬਚਨ ਕੀਤਾ ਸਾਡੇ ਪਾਸ ਕੋਈ ਜਾਗੀਰ ਨਹੀਂ ਹੈ ਅਰ ਏਹ ਸਿੰਘ ਪੰਜ ਪੰਜ ਰੁਪਯੈ ਵੀ ਤਨਖਾਹ ਦੇਣ ਜੋਗੇ ਨਹੀਂ ਹਨ। ਬਚਨ ਕੀਤਾ ਜਦ ਸਮਾਂ ਆਵੇਗਾ ਤਾਂ ਅਸੀਂ ਆਪੇ ਤਲਾਅ ਪੱਕਾ

---

1 ਮੇਲ-ਜੋਲ।

ਕਰਵਾਇ ਲਵਾਂਗੇ। ਤੁਹਾਨੂੰ ਤਨਖਾਹ ਕੈਸੀ ਦੇਣੀ ਹੈ? ਬੇਗਾਨੀਆਂ ਇਸਤਰੀਆਂ ਤੁਸੀਂ ਭੋਗੋ ਅਤੇ ਤਨਖਾਹ ਸਾਨੂੰ ਲਾਉਂਦੇ ਹੋ। ਸਮਾਂ ਪਾ ਕੇ ਅਸੀਂ ਤਨਖਾਹ ਲਾ ਕੇ ਦਿਖਾਵਾਂਗੇ। ਬਚਨ ਕੀਤਾ ਜਿਨ੍ਹਾਂ ਨਿਸ਼ਾਨਾਂ ਕਾ ਮਾਣ ਕਰਦੇ ਹੋ ਸੋ ਢਹਿ ਜਾਣਗੇ। ਨਿਸ਼ਾਨਾਂ ਕੇ ਮਾਲਕ ਕੋ ਤਨਖਾਹੀਆ ਕਹਿੰਦੇ ਹੋ? ਗੁਰੂ ਜੀ ਮੁੜ ਆਏ। ਅਗੇ ਨਿਹੰਗ ਮਿਲੇ। ਸਤਿਗੁਰੂ ਜੀ ਵਿਚਾਲੇ ਔਰ ਅਗੇ ਪਿੱਛੇ ਖਾਲਸਾ ਹੀ ਖਾਲਸਾ ਹੈ।

## ਤੁਸੀਂ ਅਕਾਲ ਪੁਰਖ ਆਖਿਆ ਕਰੋ

ਫ਼ਿਰੋਜ਼ਪੁਰੀਏ ਕੀ ਜਗ੍ਹਾ ਮੇਂ ਜਾਏ ਉਤਰੇ ਅਤੇ ਉੱਚੀ ਜਗ੍ਹਾ ਖੜੋਇ ਕੇ ਸਭਨਾਂ ਕੋ ਦਰਸ਼ਨ ਦਿੱਤਾ। ਸਿੰਘਾਂ ਨੇ ਅਰਜ਼ ਕਰੀ ਜੀ ਜਦ ਅਸੀਂ ਧੁਆਨੂੰ 'ਸਤਿਗੁਰੂ' ਆਖਦੇ ਹਾਂ ਤਾਂ ਪੁਜਾਰੀਆਂ ਕੋ ਏਹ ਬਾਤ ਨਹੀਂ ਭੌਂਦੀ ਅਤੇ ਜਲ ਜਾਂਦੇ ਹੈਂ ਕਿ ਸਤਿਗੁਰੂ ਕਿਓਂ ਆਖਦੇ ਹੋ? ਸ੍ਰੀ ਸਤਿਗੁਰੂ ਜੀ ਬਚਨ ਕੀਤਾ ਤੁਸੀਂ 'ਅਕਾਲ ਪੁਰਖ' ਆਖਿਆ ਕਰੋ।

ਜਾਂ ਦੀਵਾਨ ਲਗਦਾ ਹੈ ਤਾਂ ਲੋਕ ਦੇਖਦੇ ਹੈਨ। ਦੇਖ ਦੇਖ ਕੇ ਸਿੰਘਾਂ ਕੇ ਰੰਗ ਤਮਾਸ਼ੇ ਦਿਲਾਂ ਮੈਂ ਅਸਚਰਜ ਮੰਨਦੇ ਹੈਂ ਕਿ ਕੈਸਾ ਏਕਾ ਹੈ ਔਰ ਕੈਸੀ ਜੋਤ ਜਗਦੀ ਹੈ ਗੁਰੂ ਰਾਮ ਸਿੰਘ ਜੀ ਕੀ। ਦੇਖਕੇ ਕਈਆਂ ਕੇ ਮਨ ਪਰੇਰੇ ਜਾਂਦੇ ਹੈਂ। ਭਜਨ ਲੈ ਕੇ ਸਿੰਘ ਤਿਆਰ-ਬਰ-ਤਿਆਰ ਸਜ ਜਾਂਦੇ ਹੈ। ਔਰ ਕਈਆਂ ਲੋਕਾਂ ਕੇ ਚਿਤ ਮੈ ਸੰਕਲਪ ਹੋਇਆ ਕੇ ਦੇਖੋ ਕੇੜੀ ਕਲਾਮ ਪੜ੍ਹਦੇ ਹੈਂ ਜੋ ਪੜ੍ਹਦੇ ਸਾਰ ਹੀ ਖੇਲਣ ਲੱਗ ਪੈਂਦਾ ਹੈ। ਸੋ ਐਸਾ ਨਾਮ ਕਾ ਪ੍ਰਤਾਪ ਹੈ ਭਜਨ ਲੈਂਦੇ ਹੀ ਸੂਤਰ ਨਿਕਲਣ ਲਗ ਪੈਂਦਾ ਹੈ। ਨਾਮ ਕੇ ਪ੍ਰਤਾਪ ਸੇ ਮੁਖ ਲਾਲ ਹੋਇ ਜਾਂਦਾ ਹੈ। ਸਾਰੇ ਨਰ ਨਾਰ ਸਤਿਗੁਰੂ ਜੀ ਕੀ ਉਪਮਾ ਕਰਦੇ ਹੈਂ।

ਸ੍ਰੀ ਸਤਿਗੁਰੂ ਜੀ ਮਦਾਨ ਗਏ। ਜਾਂ ਅੱਗੇ ਨਿਹੰਗ ਮਿਲੇ ਤਾਂ ਸ੍ਰੀ ਸਤਿਗੁਰੂ ਜੀ ਗੜਵਿਆਂ ਨਾਲ ਕੁੱਟਣ ਲੱਗ ਪਏ। ਚੱਕਰ ਦੁਮਾਲੇ ਦੂਰ ਜਾਇ ਪਏ। ਪੁਲਿਸ ਭੀ ਸਾਮ੍ਹਣੇ ਦੇਖਦੀ ਸੀ। ਫ਼ਰੰਗੀ ਕੇ ਤੰਬੂ ਭੀ ਪਾਸ ਲੱਗੇ ਹੋਏ ਸੇ। ਬਚਨ ਕੀਤਾ ਸਮਾਂ ਪਾ ਕੇ ਅਸੀਂ ਧੁਆਨੂੰ ਤਨਖਾਹ ਲਾ ਕੇ ਦਿਖਲਾਵਾਂਗੇ। ਧੁਆਨੂੰ ਨਹੀਂ ਤਨਖਾਹ ਲੈਣੀ ਔਂਦੀ। ਨਿਹੰਗ ਸਭ ਨੱਸ ਗਏ ਦੁਮਾਲੇ ਖੁਹਾ ਕੇ। ਸਤਿਗੁਰੂ ਜੀ ਦੇ ਤੇਜ ਅਗੇ ਕੋਈ ਨਾ ਠਹਿਰ ਸਕੇ।

## ਮੰਤਰ ਸੱਚਾ ਹੈ

ਜਾਂ ਅਠੂਹਰ ਗਏ ਤਾਂ ਓਥੇ ਛੇ ਸਰੀਰ ਆਏ। ਕੈਹਣੇ ਲਗੇ ਜੀ ਅਸੀਂ ਭਜਨ ਲੈਣਾ ਹੈ। ਅੰਤਰਯਾਮੀ ਗੁਰੂ ਜੀ ਬਚਨ ਕੀਤਾ ਮੈਂ ਜਾਣਦਾ ਹਾਂ ਧੁਆਡੀ ਏਹ ਮਨਸ਼ਾ ਹੈ ਕਿ ਅਸੀਂ ਭਜਨ ਸੁਣਕੇ ਅਗੇ ਲੋਕਾਂ ਕੋ ਦਸੀਏ। ਪੁਛਕੇ ਫੇਰ ਮਖੌਲ ਕਰਾਂਗੇ। ਮੈਂ ਸਭ ਕੁਝ ਜਾਣਦਾ ਹਾਂ। ਤੁਸੀਂ ਸਮਝਿਆ ਹੈ ਕਿ ਕੋਈ ਐਵੇਂ ਹੀ ਹੈ। ਸਾਨੂੰ ਤਾਂ ਅਕਾਲ ਪੁਰਖ ਨੇ ਭੇਜਿਆ ਹੈ। ਅਸੀਂ ਤਾਂ ਸੱਚੀ ਕਾਰ ਚਲਾਵਣੀ ਹੈ। ਜੋ ਜੋ ਅਕਾਲ ਪੁਰਖ ਕਾ ਹੁਕਮ ਹੈ ਸੋ ਸੋ ਅਸੀਂ ਮਨਾਣਾ ਹੈ। ਐਸੇ ਐਸੇ ਬਚਨ ਸੁਣਕੇ ਅੰਤਰਯਾਮੀ ਜੀ ਕੇ ਉਨ੍ਹਾਂ ਕੋ ਭੈ ਪ੍ਰਾਪਤ ਹੋਇਆ ਅਤੇ ਭਜਨ ਨਾ ਲਿਆ।

ਜੋ ਕੋਈ ਭਜਨ ਲੈ ਕੇ ਰੀਤੀ ਨਾ ਰੱਖੇ ਸੋ ਕੱਚੇ ਮਸਾਣ ਕੀ ਤਰ੍ਹਾਂ ਹੈ। ਮੰਤਰ ਸੱਚਾ ਹੈ

ਪਰ ਜਿਸ ਨੇ ਨਹੀਂ ਜਾਣਿਆ ਉਸ ਕੋ ਨਹੀਂ ਫਲ ਪ੍ਰਾਪਤ ਹੁੰਦਾ। ਜੋ ਕੋਈ ਨਾਮ ਜਪੇਗਾ ਮਨ ਅਤੇ ਤਨ ਸੇ ਲਗਾ ਕੇ ਸੋ ਦੂਈ ਵਾਰ ਫੇਰ ਚੁਰਾਸੀ ਮੈਂ ਨਹੀਂ ਆਉਂਦਾ। ਏਹੀ ਕਲਜੁਗ ਕਾ ਮੰਤਰ ਹੈ। ਏਸੇ ਕੋ ਜਪੋ, ਏਹ ਸੱਚਾ ਮੰਤਰ ਹੈ। ਏਸ ਮੰਤਰ ਕੋ ਜਪਣੇ ਸੇ ਮਨੁੱਖ ਕੀ ਮੁਕਤੀ ਹੋਊਗੀ। ਗੁਰੂ ਜੀ ਰੀਤੀ ਦਸਦੇ ਹਨ ਜਿਸ ਨਾਲ ਮਾਣਸ ਥੀਂ ਦੇਵਤਾ ਹੋ ਜਾਵੇ।

ਮੁਖਵਾਕ – ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ।

(ਆਸਾ ਮ: ੧, ਪੰਨਾ ੪੬੨)

## ਸੁੱਚਮ

ਸ੍ਰੀ ਸਤਿਗੁਰੂ ਜੀ ਬਚਨ ਕੀਤਾ ਲਾਂਗਰੀ ਸਿੰਘ ਨੂੰ ਜੇਕਰ ਚੀਤਾ ਛੱਡਣਾ ਹੋਵੇ ਤਾਂ ਆਸਣ ਲੈ ਕੇ ਗੋਡਿਆਂ ਤੋੜੀ ਅਰੁ ਕਛਹਿਰੇ ਪਰ ਸਾਰੇ ਆਸਣ ਲਪੇਟ ਕੇ ਅਤੇ ਕੌਲ ਲੈ ਜਾਵੇ। ਫੇਰ ਚੀਤਾ ਛੱਡ ਕੇ ਗੋਡਿਆਂ ਤਾਂਈ ਲੱਤਾਂ ਅਤੇ ਅਰਕਾਂ ਤਾਈਂ ਬਾਹਾਂ ਧੋਵੇ ਅਤੇ ਕੁਰਲੇ ਕਰੇ ਅਰ ਮੁਖ ਧੋਵੇ ਅਤੇ ਰੁਮਾਲ ਨਾਲ ਮੂੰਹ ਪੂੰਝੇ।

## ਦੇਵਾ ਸਿੰਘ ਦੀ ਪਰਖ

ਮੁਕਤਸਰੋਂ ਸ੍ਰੀ ਸਤਿਗੁਰੂ ਜੀ ਤਾਂ ਆਇ ਗਏ, ਮਗਰੋਂ ਰਾਜੇ (ਫ਼ਰੀਦਕੋਟ) ਨੇ ਦੇਵਾ ਸਿੰਘ ਨੂੰ ਪੁੱਛਿਆ ਕਿ ਤੈਂ ਕੂਕਿਆਂ ਦੀ ਕਲਾਮ ਸੁਣੀ ਹੈ? ਆਖਿਆ ਕਿ ਕੂਕਪਣਾ ਛੱਡ ਦੇ। ਦੇਵਾ ਸਿੰਘ ਨੇ ਆਖਿਆ ਮੈਂ ਮਸਾਂ ਮਸਾਂ ਗੁਰੂ ਲੱਭਾ ਹੈ, ਸੱਚੇ ਗੁਰੂ ਕੀ ਸ਼ਰਨ ਲਈ ਹੈ। ਰਾਜੇ ਨੇ ਦੇਵਾ ਸਿੰਘ ਨੂੰ ਸਿਪਾਹੀ ਸੇ ਕੁਟਵਾਇਆ। ਕਹੇ ਕਿ ਤੂੰ ਤਰਖਾਣ ਕਾ ਸਿੱਖ ਕਿਓਂ ਹੋਇਆ ਹੈ। ਦੇਵਾ ਸਿੰਘ ਨੇ ਕਹਿਆ ਕਿ ਉਹ ਤਾਂ ਅਕਾਲ ਪੁਰਖ ਹੈ। ਉਸ ਕੋ ਫੇਰ ਕੁਟਵਾਇਆ ਕਿ ਤੂੰ ਤਰਖਾਣ ਕੋ ਅਕਾਲ ਪੁਰਖ ਕਿਓਂ ਆਖਦਾ ਹੈਂ। ਦੇਵਾ ਸਿੰਘ ਏਹੀ ਆਖੀ ਗਿਆ ਕਿ ਉਹ ਤਾਂ ਆਪ ਅਕਾਲ ਪੁਰਖ ਹੈਂ। ਰਾਜੇ ਨੇ ਬਥੇਰਾ ਜ਼ੋਰ ਲਾਇਆ ਪਰ ਸਿੰਘ ਸਤਿਗੁਰਾਂ ਨੂੰ ਅਕਾਲ ਪੁਰਖ ਕਹਿਣੋਂ ਨਾ ਹਟਿਆ। ਮਾਰ ਮਾਰ ਕੇ ਛੋਡ ਦੀਆ, ਕੋਈ ਪੇਸ਼ ਨਾ ਗਈ। ਦੇਵਾ ਸਿੰਘ ਗੰਗੋਰਾਂ ਕਾ ਨਾਈ ਸਿੱਖ ਸੀ।

## ਕੂਕਪਣਾ

ਸੰਗਰੂਰ ਵਾਲੇ (ਰਾਜੇ) ਨੇ ਸਿੰਘ ਫੜਕੇ ਆਪਣੇ ਇਲਾਕੇ ਵਿਚੋਂ ਅੰਮ੍ਰਿਤਸਰ ਭੇਜੇ। ਆਖਿਆ ਕਿ ਏਨ੍ਹਾਂ ਕਾ ਕੂਕਪੁਣਾ ਕੱਢੋ। ਪੁਜਾਰੀਆਂ ਨੇ ਪੁਛਿਆ ਕੀ ਹੈ ਕੂਕਪੁਣਾ? ਸਿੰਘਾਂ ਨੇ ਆਖਿਆ ਕਿ ਸਵਾ ਪਹਿਰ ਕੇ ਤੜਕੇ ਇਸ਼ਨਾਨ ਕਰਨਾ ਸੁਣ ਕੇਸੀਂ, ਸਿੱਧੀ ਦਸਤਾਰ ਬਨ੍ਹਣੀ, ਮਾਸ-ਸ਼ਰਾਬ ਨਹੀਂ ਵਰਤਦੇ, ਸ੍ਰੀ ਗ੍ਰੰਥ ਸਾਹਿਬ ਤੋਂ ਬਿਨਾਂ ਹੋਰ ਬਾਣੀਂ ਨਹੀਂ ਪੜ੍ਹਦੇ। ਪੁਜਾਰੀਆਂ ਨੇ ਆਖਿਆ ਹੋਰ ਤਾ ਸਭ ਕੁਝ ਅੱਛਾ ਹੈ ਪਰ ਇਕ ਪੱਗ ਉਤਰਨੀ ਅਰ ਕੇਸਾ ਕੀ ਬੇਅਦਬੀ ਹੋਣੀ ਏਹ ਬਹੁਤ ਬੁਰੀ ਬਾਤ ਹੈ ਅਤੇ ਕਲਾਮ ਪੜਦੇ ਹੋ ਏਸ ਕਰਕੇ ਤਨਖਾਹੀਏ ਹੋ। ਹੋਰ ਬਥੇਰੇ ਜਬਾਬ ਹੋਏ। ਸਿੰਘ ਮੁੜ ਆਏ, ਅੰਮ੍ਰਿਤ ਨਾ ਛਕਿਆ।

ਜਦੋਂ ਸਿੰਘਾਂ ਸ੍ਰੀ ਸਤਿਗੁਰੂ ਜੀ ਕਾ ਦਰਸ਼ਨ ਕੀਤਾ ਤਾਂ ਅੰਤਰਯਾਮੀ ਗੁਰੂ ਜੀ ਬਚਨ ਕੀਤਾ ਕਿ ਕੀ ਕੈਂਹਦੇ ਸੇ? ਫੇਰ ਬਚਨ ਕੀਤਾ ਏਹ ਸੱਚਾ ਸੰਤ ਖਾਲਸਾ ਬਣਾਇਆ ਹੈ। ਪ੍ਰਮੇਸਰ ਅਕਾਲ ਪੁਰਖ ਕੀ ਮਰਜੀ ਸੇ ਇਹ ਪੰਥ ਪੈਦਾ ਕੀਤਾ ਹੈ। ਸੋ ਸਭ ਸ਼ੁਭ ਕਰਮਾਂ ਕੋ ਲਗਾਏ ਹੈਂ ਖੋਟੇ ਕਰਮਾਂ ਤੇ ਛੁਡਾਇਕੇ। ਜੋ ਮੈਨੂੰ ਪ੍ਰਮੇਸਰ ਕੀ ਆਗਿਆ ਹੈ ਸੋ ਮੈਂ ਬਜਾਉਣੀ ਹੈ।

## ਤਾਂ ਤੁਹਾਨੂੰ ਪਤਾ ਲੱਗੂ

ਬਚਨ ਕੀਤਾ ਰਾਤ ਸੇ ਦਿਨ ਅਤੇ ਦਿਨ ਸੇ ਰਾਤ। ਸੂਬਿਆਂ ਨੇ ਅਰਜ਼ ਕਰੀ ਜੀ ਸਾਨੂੰ ਕੁਝ ਸਮਝ ਨਹੀਂ ਪਿਆ। ਬਚਨ ਹੋਇਆ ਕਿ ਜਿਨ੍ਹਾਂ ਨੇ ਗੁਰੂ ਨਹੀਂ ਜਾਣਿਆ ਹੈ ਓਨ੍ਹਾਂ ਕਾ ਬੁਰਾ ਹਾਲ ਹੋਵੇਗਾ। ਨਾਲੇ ਹੋਰ ਬਚਨ ਕੀਤਾ ਬਾਬੇ ਜੀ ਕੋ, ਬਾਬਾ ਜੇ ਤਾਂ ਸੱਤਾਂ ਵਰ੍ਹਿਆਂ ਵਿੱਚ ਰਹਿ ਜਾਂਦੇ ਤਾਂ ਰਹਿ ਜਾਂਦੇ, ਹੁਣ ਸ਼ਿਲਾ ਟੱਪ ਗਿਆ ਹੈ। ਖਾਲਸਾ ਹੁਣ ਕਿਸੇ ਦੇ ਫੜਨ ਦਾ ਨਹੀਂ। ਹੁਣ ਜ਼ੋਰ ਲਾਇ ਲੈਣ ਪੁਜਾਰੀ ਅਤੇ ਨਿਹੰਗ ਹੁਣ ਖਾਲਸੇ ਕੋ ਫੜਨ ਵਾਲਾ ਕੋਈ ਨਹੀਂ ਹੈ। ਪੁਜਾਰੀਆਂ ਨੇ ਆਪਣਾ ਜ਼ੋਰ ਲਾਇ ਲਿਆ ਹੈ ਪਰ ਸਾਡੇ ਪਰ ਕੁਛ ਜ਼ੋਰ ਨਹੀਂ ਚੜ੍ਹ ਸਕਿਆ।ਸਿੰਘਾਂ ਨੇ ਬਚਨ ਕੀਤਾ ਜੀ ਅੰਗ੍ਰੇਜ਼ ਤਾਂ ਚੰਗੇ ਹੈਨ ਕੁਛ ਨਹੀਂ ਕਿਸੇ ਕੋ ਆਖਦੇ। ਬਚਨ ਕੀਤਾ ਤੁਸੀਂ ਉਸ ਦਿਨ ਜਾਣੋਂਗੇ ਜਿਸ ਰੋਜ਼ ਤੁਹਾਨੂੰ ਫ਼ੜਨਗੇ ਅਤੇ ਮੈਨੂੰ ਹੱਥ ਪਾਵਨਗੇ ਤਾਂ ਤੁਹਾਨੂੰ ਪਤਾ ਲੱਗੂ। ਮੈਨੂੰ ਜਲਾਵਤਨ ਕਰ ਦੇਣਗੇ। ਬਹੁਤ ਤਕਲੀਫ਼ਾਂ ਦੇਣਗੇ।

## ਗੁਰਮੁਖੀ ਪੜ੍ਹੋ

ਏਕ ਕੱਕੜਾਂ ਕਾ ਬੂਟਾ ਸਿੰਘ ਨਾਮੇ ਸਿੰਘ ਸੀ। ਉਹ ਫ਼ਾਰਸੀ ਪੜ੍ਹਦਾ ਸੀ। ਤਿਸ ਕੋ ਸੰਕਲਪ ਹੋਇਆ ਜੋ ਗੁਰੂ ਰਾਮ ਸਿੰਘ ਜੀ ਕਾ ਦਰਸ਼ਨ ਕਰਾਂ। ਜਿਓਂ ਸੜਕੇ ਪਿਆ ਹੈ ਰਾਤ ਦਿਨ, ਤੀਸਰੇ ਰੋਜ਼ ਰਾਮਦਾਸ ਪੁਰੇ ਆਇ ਪਹੁੰਚਾ। ਜਾਂ ਗੁਰੂ ਜੀ ਕਾ ਦੀਦਾਰ ਕੀਤਾ ਤਾਂ ਅੰਤਰਯਾਮੀ ਗੁਰੂ ਜੀ ਬਚਨ ਕੀਤਾ ਤੂੰ ਬਿਨਾਂ ਪੁੱਛੇ ਕਿਓਂ ਆਇਆ ਹੈਂ। ਤੈਨੇ ਪੁਛ ਕੇ ਔਣਾ ਸੀ। ਘਰਦਿਆਂ ਕੋ ਭੀ ਤੈਨੇ ਖ਼ਬਰ ਨਹੀਂ ਕੀਤੀ। ਘਰਦਿਆਂ ਕੋ ਤਾ ਖ਼ਬਰ ਕਰਕੇ ਔਣਾ ਸੀ। ਗੁਰੂ ਜੀ ਬਚਨ ਕੀਤਾ ਜੱਸਾਂ ਏਹ ਬਾਲਕ ਤਿੰਨ ਦਿਨ ਕਾ ਭੁੱਖਾ ਹੈ। ਏਸ ਕੋ ਪ੍ਰਸ਼ਾਦ ਛਕਾਉਣਾ ਪ੍ਰਸੰਨ ਕਰਕੇ। ਬਚਨ ਕੀਤਾ ਫ਼ਾਰਸੀ ਕਾਸ ਨੂੰ ਪੜ੍ਹਨੀ ਹੈ। ਫ਼ਾਰਸੀ ਤਾਂ ਕੋਈ ਦਿਨ ਤੱਕ ਕੌਡੀਆਂ ਤੋਂ ਭੀ ਸਸਤੀ ਹੋ ਜਾਵੇਗੀ। ਫ਼ਾਰਸੀ ਜੋ ਹੈ ਸੋ ਤੁਰਕਾਨੀ ਵਿੱਦਿਆ ਹੈ। ਸਿੰਘਾਂ ਕੋ ਨਹੀਂ ਪੜ੍ਹਨੀ ਚਾਹੀਏ। ਗੁਰਮੁਖੀ ਹੀ ਪੜ੍ਹਨੀ ਚਾਹੀਦੀ ਹੈ।

## ਬਜਰ ਸਰੀਰ

ਏਕ ਸਮੇਂ ਸ੍ਰੀ ਸਤਿਗੁਰੂ ਜੀ ਅਕਾਲ ਬੁੰਗੇ ਬਰਾਜੇ ਹੋਏ ਸੀ। ਸਿੰਘ ਆ ਕੇ ਮੁੱਠੀਆਂ ਭਰਨ ਲੱਗ ਪਏ। ਸਿੰਘ ਜੇਹੜਾ ਆਵੇ ਸੋਈ ਮੁੱਠੀਆਂ ਭਰਨ ਲੱਗ ਪਵੇ। ਸ੍ਰੀ ਸਤਿਗੁਰੂ ਜੀ ਐਸੀ ਕੁਦਰਤ ਕਰੀ ਕਿ ਸਿੰਘ ਜਿਓਂ ਜਿਓਂ ਆਉਣ ਤਿਓਂ ਤਿਓਂ ਆਪਣਾ ਸਰੀਰ ਵਧਾਈ ਜਾਣ। ਐਸਾ ਸਖ਼ਤ ਸਰੀਰ ਹੋ ਗਿਆ ਸਿੰਘਾਂ ਕਾ ਹੱਥ ਐਓਂ ਫਿਰੇ ਜਿਸ ਤਰ੍ਹਾਂ ਲੋਹੇ ਪਰ

ਫਿਰਦਾ ਹੈ। ਸਿੰਘ ਮੁੱਠੀਆਂ ਭਰਦੇ ਭਰਦੇ ਥਕ ਗਏ। ਐਸੀ ਕੁਦਰਤ ਦੇਖਕੇ ਸਿੰਘ ਅਸਚਰਜ ਹੋਏ ਅਤੇ ਜਿਨ੍ਹਾਂ ਕਾ ਨਿਸਚਾ ਕੱਚਾ ਥਾ ਸੋ ਉਨ੍ਹਾਂ ਕੋ ਭੀ ਪੁਰਾ ਨਿਸਚਾ ਹੋਇਆ।

## ਬੀਬੀ ਦਇਆ ਕੌਰ ਦਾ ਕਤਲ

ਬੀਬੀ ਦਇਆ ਕੌਰ ਨਾਰੰਗਵਾਲ ਬਿਆਹੀ ਹੋਈ ਸੀ। ਉਸਕੇ ਪਤੀ ਕਾ ਨਾਮ ਮਤਾਬ ਸਿੰਘ[1] ਸੀ। ਮਤਾਬ ਸਿੰਘ ਰਾਮਦਾਸ ਪੁਰੇ ਸਾਹਿਬ ਆਇਆ ਤੇ ਸਤਿਗੁਰੂ ਜੀ ਨੂੰ ਕੈਹਣ ਲਗਾ ਕਿ ਦਇਆ ਕੌਰ ਕੋ ਭੇਜ ਦਿਓ। ਸਤਿਗੁਰੂ ਜੀ ਬਚਨ ਕੀਤਾ ਭਜਨ ਲੈ ਕੇ ਕਛਹਿਰੇ ਪਾਵੇਂਗਾ ਤੇ ਰੀਤੀ ਰੱਖੇਂਗਾ ਤਾਂ ਤੇਰੇ ਨਾਲ ਤੋਰਾਂਗੇ ਦਇਆ ਕੌਰ ਕੋ। ਗੁਰੂ ਰੀਤੀ ਧਾਰੇ ਬਿਨਾਂ ਅਸੀਂ ਨਹੀਂ ਤੇਰੇ ਨਾਲ ਤੋਰਦੇ। ਕੁੜੀ ਸਭ ਰੀਤੀ ਰੱਖਦੀ ਹੈ। ਉਸਨੇ ਕਛਹਿਰੇ ਨਾ ਮਨਜੂਰ ਕੀਤੇ। ਫੇਰ ਬਚਨ ਕੀਤਾ ਗੁਰੂ ਜੀ, ਗੁਰੂ ਰੀਤੀ ਧਾਰੇ ਤੋਂ ਬਿਨਾਂ ਅਸੀਂ ਨਹੀਂ ਕੁੜੀ ਭੇਜਦੇ। ਸਿੰਘ ਸਜੇਂਗਾ ਤਾਂ ਭੇਜਾਂਗੇ ਨਹੀਂ ਅਸੀਂ ਨਹੀਂ ਭੇਜਾਂਗੇ। ਦਇਆ ਕੌਰ ਨੇ ਬੀ ਏਹੀ ਆਖਿਆ ਜੇ ਗੁਰੂ ਰੀਤੀ ਨਹੀਂ ਧਾਰਦਾ ਤਾਂ ਮੈਂ ਨਹੀਂ ਜਾਣਾ। ਜੇ ਗੁਰੂ ਰੀਤੀ ਧਾਰੇਂ ਤਾਂ ਮੈਂ ਜਾਵਾਂਗੀ। ਬੀਬੀ ਦਇਆ ਕੌਰ ਨਿਤਨੇਮ ਪੰਜ ਗ੍ਰੰਥੀ ਰੋਜ਼ ਪੜ੍ਹਿਆ ਕਰੇ ਅਤੇ ਘਰ ਕਾ ਵਿਹਾਰ ਭੀ ਕਰਿਆ ਕਰਦੀ ਸੀ। ਪਰ ਸੁਭਾਉ ਬੀਬੀ ਕਾ ਬਹੁਤ ਕੌੜਾ ਸੀ। ਘਰ ਬਾਬੇ ਜੱਸਾ ਸਿੰਘ ਕੋ ਭੀ ਗੁੱਸੇ ਕਰ ਦਿੰਦੀ ਸੀ ਅਤੇ ਆਪ ਬੀ ਗੁੱਸੇ ਹੋ ਜਾਂਦੀ ਸੀ। ਮਤਾਬ ਸਿੰਘ ਨਾਲ ਬੀ ਗੁੱਸੇ ਰਹਿੰਦੀ ਸੀ। ਇਕ ਵਾਰੀ ਲੜ ਕੇ ਦੁਰਗਾਪੁਰੇ ਚਲੀ ਗਈ ਸੀ। ਫੇਰ ਸ੍ਰੀ ਸਤਿਗੁਰੂ ਜੀ ਨੇ ਜਾਇਕੇ ਲਿਆਂਦੀ ਸੀ। ਬਾਬੇ ਜੱਸਾ ਸਿੰਘ ਕੋ ਦਇਆ ਕੌਰ ਨੇ ਗਾਲ਼ਾਂ ਕੱਢੀਆਂ ਤੇ ਸ੍ਰੀ ਸਤਿਗੁਰੂ ਜੀ ਬਚਨ ਕੀਤਾ ਕਿ ਤੂੰ ਵੱਢਣ ਦੀ ਲਾਇਕ ਹੈਂ। ਸ੍ਰੀ ਸਤਿਗੁਰੂ ਜੀ ਕਾ ਵਾਕ ਪੂਰਾ ਹੋਣ ਲੱਗਾ ਹੈ।

ਇਕ ਦਿਨ ਚੁਬਾਰੇ ਮੈਂ ਬੈਠੇ ਥੇ, ਥੋੜਾ ਦਿਨ ਚੜ੍ਹਿਆ ਸੀ। ਗੁਰੂ ਜੀ ਬਚਨ ਕੀਤਾ ਰਾਤ ਮੈਨੂੰ ਸੁਪਨਾ ਆਇਆ ਹੈ ਜਾਦੀਂ ਧਰਤੀ ਲਹੂ ਨਾਲ ਲਾਲ ਹੋਈ ਹੋਈ ਹੈ। ਜਿਸ ਦਿਨ ਭਾਵੀ ਨੇ ਆਵਣਾ ਸੀ ਉਹ ਦਿਨ ਆਇਆ। ਮਤਾਬ ਸਿੰਘ ਕੋ ਕੈਹਣ ਲੱਗੀ ਕਿ ਜਦ ਤੋੜੀ ਤੂੰ ਗੁਰੂ ਰੀਤੀ ਨਹੀਂ ਧਾਰਨ ਕਰਦਾ ਤਦ ਤੋੜੀ ਮੈਂ ਤੇਰੇ ਘਰ ਨਹੀਂ ਜਾਣਾ। ਉਸਕੇ ਮਨ ਮੇਂ ਐਸਾ ਗੁੱਸਾ ਆਇਆ, ਭਾਵੀ ਨੇ ਮਤ ਫੇਰ ਦਿੱਤੀ। ਏਕ ਸਫ਼ਾਜੰਗ ਉਸਕੇ ਪਾਸ ਸੀ। ਸੋ ਉਸ ਕੋ ਤਿੱਖਾ ਕਰ ਲਿਆ। ਭਾਵੀ ਵਾਲੇ ਰੋਜ਼, ਹੁਕਮੀ[2] ਨਾਲ ਸੀ, ਰਾਮਸਰ ਦੇ ਵਿੱਚੋਂ ਦੀ ਮਦਾਨ ਗਈਆਂ। ਜਾਂ ਮੁੜ ਕੇ ਆਈਆਂ ਤਾਂ ਮਤਾਬ ਸਿੰਘ ਅੱਗੇ ਜਾਇ ਮਿਲਿਆ। ਕੈਹਣੇ ਲਗਾ ਤੈਂ ਚਲਣਾ ਹੈ ਨਾਰੰਗਵਾਲ ਕੋ ਕੇ ਨਹੀਂ? ਬੀਬੀ ਨੇ ਕਹਿਆ ਤੈਨੂੰ ਜੂ ਕਹਿਆ ਹੈ ਕਿ ਗੁਰੂ ਰੀਤੀ ਧਾਰਨ ਕਰ ਲੈ ਮੈਂ ਤਾਂ ਜਾਊਂਗੀ, ਨਹੀਂ ਮੈਂ ਨਹੀਂ ਜਾਂਦੀ, ਏਥੇ ਹੀ ਰਹਾਂਗੀ। ਹੱਸ ਕੇ ਬਿਲਾਸ ਕਰਦੀ ਸੀ ਅਤੇ ਕਾਲ ਬੀ ਖੜਾ ਦੇਖਦਾ ਸੀ। ਇਤਨਾ ਕੈਹਣੇ ਸੇ ਮਤਾਬ ਸਿੰਘ ਕੋ ਗੁੱਸਾ ਆਇਆ। ਉਸਨੇ ਸਫ਼ਾਜੰਗ ਸਿਰ ਵਿੱਚ ਮਾਰਿਆ। ਦੂਜਾ ਮੂੰਹ ਉੱਤੇ ਮਾਰਿਆ। ਇਕ ਹੋਰ ਚਲਾਇਆ।

ਹੁਕਮੀਂ ਨੱਸੀ ਨੱਸੀ ਡੇਰੇ ਆਈ। ਕੈਹਣ ਲਗੀ ਬੀਬੀ ਮਾਰ ਦਿੱਤੀ ਹੈ ਮਤਾਬ ਸਿੰਘ ਨੇ।

---

1 ਪਿਤਾ ਸ੍ਰ: ਟੇਕ ਸਿੰਘ, ਪਿੰਡ ਨਾਰੰਗਵਾਲ, ਜ਼ਿਲ੍ਹਾ ਲੁਧਿਆਣਾ।

2 ਸਪੁੱਤਰੀ ਭਾਈ ਰਤਨ ਸਿੰਘ, ਪਿੰਡ ਵਰਿਆਂਹ ਜ਼ਿਲ੍ਹਾ ਅੰਮ੍ਰਿਤਸਰ।

ਸਿੰਘ ਨੱਸੇ ਗਏ ਰਾਮਸਰ ਕੋ। ਸੂਬੇ ਬੀ ਤੇ ਹੋਰ ਸਿੰਘ ਬੀ ਆਏ। ਉਸਨੇ ਹੋਰ ਸੱਟਾਂ ਬੀ ਬਥੇਰੀਆਂ ਮਾਰੀਆਂ। ਏਤਨੇ ਮੇਂ ਸਿੰਘ ਆਇ ਗਏ। ਮਾਰ ਕੇ ਨੱਸ ਚਲਿਆ। ਸਿੰਘਾਂ ਨੇ ਜਾਇ ਘੇਰਿਆ। ਬਾਬਾ ਕਾਹਨ ਸਿੰਘ ਅੱਗੇ ਹੋਇਕੇ ਫੜਨ ਲਗਾ, ਉਸ ਕੋ ਟਕੂਆ ਗੋਡੇ ਪਰ ਮਾਰਿਆ ਅਤੇ ਦੂਜਾ ਸਿਰ ਕੋ ਮਾਰਿਆ। ਦੋ ਸੱਟਾਂ ਖਾਇਕੇ ਜਾਇ ਫੜਿਆ ਬਾਬੇ ਕਾਹਨ ਸਿੰਘ ਨੇ। ਜਫ਼ੇ ਮੈ ਲੈ ਲਿਆ, ਹਿੱਲਣ ਨਹੀਂ ਦਿੱਤਾ। ਫੜ ਕੇ ਡੇਰੇ ਲੈ ਆਏ। ਕਾਬੂ ਕਰਕੇ ਸੰਗਲ ਮਾਰ ਦਿੱਤਾ ਅਤੇ ਪੈਹਰਾ ਖੜਾ ਕਰ ਦਿੱਤਾ। ਚੌਕੀਦਾਰ ਥਾਨੇਦਾਰ ਕੋ ਲੈ ਆਇਆ। ਬੀਬੀ ਕੋ ਮੰਜੇ ਪਰ ਪਾਇਕੇ ਲੁਧਿਹਾਣੇ ਲੈ ਗਏ ਹਸਪਤਾਲ ਮੈਂ। ਡਾਕਟਰ ਨੇ ਦੇਖਿਆ ਕਿ ਅੰਗ ਅੰਗ ਵੱਢਿਆ ਪਿਆ ਹੈ। ਮਾਤਾ ਜੱਸਾਂ ਵੀ ਨਾਲ ਗਈ ਹੋਈ ਸੀ। ਡਾਕਟਰ ਦੇਖਕੇ ਬਹੁਤ ਭੈਮਾਨ ਹੋਇਆ ਕਿ ਕੈਸਾ ਬੇ ਭੈ ਹੋ ਕੇ ਵੱਢੀ ਹੈ। ਦੋ ਦਿਨ ਪਿੱਛੋਂ ਬੀਬੀ ਮਰ ਗਈ। ਸਿੰਘ ਲੋਥ ਚੁੱਕ ਕੇ ਲੈ ਆਏ ਰਾਮਦਾਸ ਪੁਰੇ ਕੋ। ਗੁਰੂ ਜੀ ਬੀਬੀ ਕੋ ਦੇਖਕੇ ਆਖਿਆ ਕੈਂਹਦੀ ਹੁੰਦੀ ਸੈਂ ਤੇਰੀਆਂ ਜੜ੍ਹਾਂ ਪਟੀਆਂ ਜਾਣ, ਸੋ ਆਪਕੀਆਂ ਹੀ ਜੜਾਂ ਪੁਟਾਇ ਬੈਠੀ ਹੈ। ਰਾਮਸਰ ਮੇਂ ਦਾਹ ਕਰ ਦੀਆ।

ਏਕ ਦਿਨ ਸਿੰਘਾਂ ਅਰਜ਼ ਕੀਤੀ ਜੀ ਸੱਚੇ ਪਾਤਸ਼ਾਹ ਆਪ ਕੀਆਂ ਲੜਕੀਆਂ ਤੇ ਸੁਭਾ ਐਹੋ ਜਿਹਾ ਹੈ। ਸਤਿਗੁਰੂ ਜੀ ਬਚਨ ਕੀਤਾ ਅਕਾਲ ਪੁਰਖ ਦੇ ਕੋਲ ਦੈਂਤਾਂ ਨੇ ਅਰਜ਼ ਕੀਤੀ ਕਿ ਆਪਸ ਮੇਂ ਰਾਜੀਨਾਮਾ ਕਰ ਲਈਏ ਸਕੀਰੀ ਕਰਕੇ। ਅਕਾਲ ਪੁਰਖ ਜੀ ਬਚਨ ਕੀਤਾ ਸੀ ਧੀ ਤਾਂ ਸਾਡੇ ਆਦ ਅੰਤ ਨਹੀਂ ਹੋਈ, ਸਕੀਰੀ ਕਾਹਦੀ ਕਰਨੀ ਹੈ? ਪਰ ਸਮਾਂ ਪਾਇਕੇ ਤੁਹਾਡੀਆਂ ਧੁਆਨੂੰ ਦੇਵਾਂਗੇ। ਬੀਬੀ ਦਇਆ ਕੌਰ ਵੱਲੋਂ ਬਚਨ ਤੁਰਿਆ ਸੀ। ਦਇਆ ਕੌਰ ਗਾਲ਼ਾਂ ਕੱਢਦੀ ਸੀ ਤੇ ਸਾਹਮਣੇ ਬੋਲਦੀ ਹੁੰਦੀ ਸੀ। ਉਸਕੇ ਪਤੀ ਨੇ ਵੀ ਕਿਹਾ ਨਾ ਮੰਨਿਆ। ਦੈਂਤਾਂ ਵਾਲੀ ਕੀਤੀ ਕੁੜੀ ਸਫ਼ਾਜੰਗ ਨਾਲ ਵੱਢ ਦਿੱਤੀ। ਬੱਢਣ ਟੁੱਕਣ ਦਾ ਕੰਮ ਪੈਹਲੇ ਘਰੋਂ ਹੀ ਤੋਰ ਦਿੱਤਾ ਹੈ।

ਮਤਾਬ ਸਿੰਘ ਕੋ ਫ਼ਰੰਗੀ ਪੁੱਛਣੇ ਲਗਾ ਕਿ ਤੈਂਨੇ ਕਿਸ ਗੁਨਾਹ ਸੇ ਮਾਰੀ ਹੈ? ਕੈਹਣ ਲਗਾ ਗੁਨਾਹ ਭੀ ਕੋਈ ਨਹੀਂ, ਕੀ ਗੁਨਾਹ ਦੱਸਾਂ? ਤਿੰਨ ਵੇਰੀ ਫ਼ਰੰਗੀ ਨੇ ਪੁੱਛਿਆ ਕਿਸ ਗੁਨਾਹ ਕਰਕੇ ਮਾਰੀ ਹੈ ਦੱਸ। ਤਿੰਨ ਵੇਰੀ ਹੀ ਕਹਾ ਕਿ ਗੁਨਾਹ ਨਹੀਂ ਸੀ ਕੀਤਾ। ਸ੍ਰੀ ਸਤਿਗੁਰੂ ਜੀ ਲੁਧਿਹਾਣੇ ਸੱਦੇ। ਫ਼ਰੰਗੀ ਗੁਰੂ ਜੀ ਸੇ ਪੁੱਛਣ ਲੱਗਾ ਕਿ ਕੀ ਸਜ਼ਾ ਚਾਹੀਏ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਜੋ ਮਰਜੀ ਧੁਆਡੀ ਹੈ ਸੋ ਕਰੋ। ਏਤਨਾ ਉੱਤਰ ਦੇ ਕੇ ਮੁੜ ਆਏ। ਫ਼ਰੰਗੀ ਨੇ ਫਾਂਸੀ ਕਾ ਹੁਕਮ ਦੇ ਦਿੱਤਾ ਕਿਉਂਕਿ ਬਿਨਾਂ ਗੁਨਾਹ ਮਾਰੀ ਹੈ। ਅੰਤ ਕਾ ਝੂਟਾ ਆਇਆ, ਪ੍ਰਾਣ ਨਿਕਲ ਗਏ[1] ਦਰਿਆਉ ਪਰ ਫੂਕ ਦਿੱਤਾ। ਦੋ ਭੋਗ ਪਵਾਇ ਦਿੱਤੇ ਉਸਦੇ ਨਾਮ ਕੇ ਗੁਰੂ ਜੀ ਬਚਨ ਕੀਤਾ ਜੋ ਲਹੂ ਦਿਸਿਆ ਸੀ ਸੁਪਨੇ ਮੈਂ, ਸੋ ਪੂਰਾ ਹੋ ਗਿਆ ਸੁਪਨਾ।

## ਪਟਿਆਲੇ ਦੇ ਮਹਾਰਾਜੇ ਨੂੰ ਸਰਾਪ

ਸਕਰੌਦੀ ਵਾਲੇ ਹੀਰਾ ਸਿੰਘ ਕੇ ਪਿਤਾ ਕਾ ਭਜਨ ਲਿਆ ਹੋਇਆ ਸੀ। ਉਸ ਦੀ ਮਨਸ਼ਾ

1 ਜੁਲਾਈ ੧੮੬੮ ਈ-੧੯੨੫ ਬਿ.।

ਹੋਈ ਜਾ ਰਾਮਦਾਸ ਪੁਰੇ ਸਾਹਿਬ ਤੇ ਸਿੰਘ ਲਿਆਇਕੇ ਭੋਗ ਪਵਾਈਏ ਸ੍ਰੀ ਗ੍ਰੰਥ ਸਾਹਿਬ ਕਾ ਰਾਮਦਾਸ ਪੁਰੇ ਮੇਂ ਆਇਕੇ ਦਰਸ਼ਨ ਕੀਤਾ ਸ੍ਰੀ ਸਤਿਗੁਰੂ ਜੀ ਕਾ ਅਤੇ ਅਰਜ਼ ਕੀਤੀ ਜੀ ਮੈਂ ਭੋਗ ਪਵਾਵਣੇ ਹੈਂ ਜੇਕਰ ਸਿੰਘ ਭੇਜੋ ਤਾਂ ਭੋਗ ਪਾਇ ਆਵਣ। ਦੋ ਸੂਬੇ ਤੇ ਰਾਗੀ ਦਿੱਤੇ ਸ੍ਰੀ ਸਤਿਗੁਰੂ ਜੀ, ਨਾਲ ਪੰਚੀ ਸਿੰਘ ਪਾਠੀ। ਜਾਇ ਪਟਿਆਲੇ ਡੇਰੇ ਲਾਏ। ਬਾਗ ਮੇਂ ਤੰਬੂ ਲਵਾਇ ਦਿੱਤੇ। ਸਿੰਘਾਂ ਕੀ ਉਪਮਾ ਸੁਣਕੇ ਰਾਜਾ ਬੜਾ ਪ੍ਰਸੰਨ ਹੋਇਆ ਪਰ ਏਹ ਸੰਸਾ ਕਿ ਇਹ ਸਿਰ ਕਿਓਂ ਫੇਰਦੇ ਹੈਂ ਅਤੇ ਨਿਰਤਕਾਰੀ ਕਿਓਂ ਕਰਦੇ ਹੈਂ? ਹੋਵੇ ਤਾਂ ਡੇਉਢੀਦਾਰ ਕੋ ਭੇਜੀਏ, ਜੋ ਸੁਣ ਆਵੇਗਾ ਸੋ ਸਾਨੂੰ ਸੁਣਾਇ ਦੇਵੇਗਾ।

ਏਕ ਸਪਾਹੀ ਜੋ ਪੰਜੇ ਐਬ ਸ਼ਰਈ ਅਤੇ ਮਸਕਰਾ ਸੀ ਤਿਸ ਕੋ ਰਾਜੇ ਨੇ ਕਹਾ ਕਿ ਸਿੰਘਾਂ ਤੇ ਭਜਨ ਲੈ ਆ। ਮੈਨੂੰ ਆਇਕੇ ਦੱਸ ਦੇਵੀਂ ਜੋ ਤੈਨੂੰ ਦੱਸਣਗੇ। ਜੇ ਗੁਰੂ ਕਾ ਸ਼ਬਦ ਹੋਇਆ ਤਾਂ ਸੁਣ ਲਵਾਂਗੇ, ਜੇਕਰ ਹੋਰ ਹੋਇਆ ਤਾਂ ਨਾ ਸੁਣਾਂਗੇ। ਸਪਾਹੀ ਸਿੰਘਾਂ ਕੇ ਪਾਸ ਆਇਆ। ਫਤੇ ਬੁਲਾਈ, ਸੀਸ ਝੁਕਾਇਆ। ਸਿੰਘਾਂ ਕੋ ਸਾਰਾ ਹਾਲ ਦਸਿਆ ਕਿ ਮੈਨੂੰ ਰਾਜੇ ਨੇ ਭਜਨ ਲੈਣ ਕੇ ਭੇਜਿਆ ਹੈ। ਸਿੰਘਾਂ ਉਸ ਕਾ ਇਸ਼ਨਾਨ ਕਰਾਇਆ, ਸਿੱਧਾ ਦਸਤਾਰਾ ਬੰਧਾਇਆ ਅਤੇ ਕਹਾ ਕਿ ਅੱਗੇ ਨਾ ਕਿਸੇ ਕੋ ਦੱਸੀਂ। ਸਾਰੀ ਰੀਤੀ ਸਮਝਾਇਕੇ ਭਜਨ ਦੇ ਦਿੱਤਾ ਕੰਨ ਮੇਂ। ਪੈਹਲੇ ਹੋਛਾ ਜੇਹਾ ਰੰਗ ਸੀ ਸਪਾਹੀ ਦਾ, ਨਾਮ ਕੇ ਪ੍ਰਤਾਪ ਸੇ ਮੁਖ ਲਾਲ ਹੋਇ ਗਿਆ। ਭਜਨ ਸੁਣਨੇ ਸੇ ਰੰਗ ਵੱਟ ਗਿਆ ਅਤੇ ਚਾਨਣ ਹੋਇ ਗਿਆ। ਅਗਿਆਨ ਰੂਪੀ ਅਨ੍ਹੇਰਾ ਚੁਕਿਆ ਗਿਆ।

ਜਾਂਦੇ ਕੋ ਹੀ ਰਾਜੇ ਨੇ ਆਖਿਆ ਸੁਣਾਓ ਜੋ ਮੰਤਰ ਸੁਣਿਆ ਹੈ। ਅੱਗੇ ਸੇ ਤੇਜੀ ਮੇਂ ਹੋਇਕੇ ਸਪਾਹੀ ਬੋਲਿਆ ਮੈਂ ਰਾਜਿਆਂ ਕਾ ਰਾਜਾ ਦੇਖਿਆ ਹੈ। ਮੈਂ ਤਾਂ ਸੱਚਾ ਰਾਜਾ ਦੇਖਿਆ ਹੈ। ਤੁਸੀਂ ਝੂਠੇ ਰਾਜੇ ਹੋ, ਮੈਂ ਚਕ੍ਰਵਰਤੀ ਰਾਜਾ ਦੇਖਿਆ ਹੈ। ਸਪਾਹੀ ਕਾ ਨਾਮ ਦੂਲਾ ਸਿੰਘ ਸੀ। ਰਾਜੇ ਨੇ ਹਾਸੀ ਸਮਝੀ। ਫੇਰ ਉਸਕੋ ਕੈਹਣੇ ਲਗਾ ਕਿ ਤੂੰ ਸੱਚ ਕਹੁ ਕੀ ਸੁਣਕੇ ਆਇਆ ਹੈਂ? ਬਾਰ ਬਾਰ ਕੇ ਪੁੱਛਣੇ ਸੇ ਬੀ ਸ਼ਬਦ ਨਹੀਂ ਦੱਸਿਆ। ਫੇਰ ਸਿੰਘਾਂ ਪਾਸ ਆਇਕੇ ਸਪਾਹੀ ਕੈਹਣੇ ਲਗਾ ਜੀ ਮੈਂ ਸ਼ਬਦ ਦੱਸਿਆ ਨਹੀਂ। ਮੈਨੂੰ ਰਾਜਾ ਪੁੱਛ ਬਥੇਰਾ ਰਿਹਾ। ਮੈਂ ਏਹ ਆਖਿਆ ਕਿ ਨੌਕਰੀ ਤਾ ਮੈਂ ਛੱਡ ਦੇਵਾਂਗਾ ਪਰ ਭਜਨ ਨਹੀਂ ਦੱਸਦਾ। ਅੱਗੇ ਜੀਵੇਂ ਤੁਸੀਂ ਕਹੋ ਤਿਵੇਂ ਕਹਿ ਦੇਵਾਂਗਾ। ਸਿੰਘਾਂ ਨੇ ਉਸਨੂੰ ਬਚਨ ਕੀਤਾ ਕਿ ਇਕੱਲਾ ਲਜਾਇਕੇ ਦਸ ਦੇਵੀਂ। ਆਗਿਆ ਲੈ ਕੇ ਆਇਆ ਰਾਜੇ ਕੋਲ। ਰਾਜੇ ਕੋ ਇਕੱਲਾ ਲਜਾ ਕੇ ਭਜਨ ਦੱਸ ਦਿੱਤਾ ਕੰਨ ਮੈਂ। ਭਜਨ ਸੁਣਕੇ ਰਾਜੇ ਨੇ ਆਖਿਆ ਮੰਤਰ ਤਾਂ ਓਹੀ ਦਸਾਂ ਗੁਰੂਆਂ ਵਾਲਾ ਹੈ। ਰਾਜੇ ਨੇ ਉਸ ਸੇ ਆਖਿਆ ਕੇ ਮੇਰੇ ਵਾਸਤੇ ਪ੍ਰਸ਼ਾਦ ਲਿਆਵੋ। ਉਸਨੇ ਆਇ ਸਿੰਘਾਂ ਨੂੰ ਆਖਿਆ ਜੀ ਭਜਨ ਮੈਂ ਦੱਸ ਆਇਆ ਹਾਂ ਪਰ ਰਾਜਾ ਸਾਹਿਬ ਜੀ ਪ੍ਰਸ਼ਾਦ ਮੰਗਦੇ ਹੈਂ ਸੋ ਦੇ ਦਿਓ ਔਰ ਨਾਲੇ ਰਾਜਾ ਕਹਿੰਦਾ ਹੈ ਮੇਰਾ ਪ੍ਰਸ਼ਾਦ ਛਕੋ। ਸਿੰਘਾਂ ਨੇ ਆਖਿਆ ਜੇ ਸਾਤੋਂ ਭਜਨ ਸੁਣੇਗਾ ਤਾਂ ਪ੍ਰਸ਼ਾਦ ਛਕਾਂਗੇ। ਦੂਲਾ ਸਿੰਘ ਨੇ ਰਾਜੇ ਨੂੰ ਸਾਰਾ ਹਾਲ ਸੁਣਾਇਆ ਕਿ ਏਸ ਤਰ੍ਹਾਂ ਕਹਿੰਦੇ ਹੈਂ ਸਿੰਘ। ਫੇਰ ਰਾਜੇ ਨੇ ਕਹਿ ਭੇਜਿਆ ਮੈਂ ਰਾਜਿਆਂ (ਫ਼ਰੰਗੀਆਂ) ਕਾ ਭੈ ਕਰਦਾ ਹਾਂ, ਮੈਨੂੰ ਗੁਪਤ ਹੀ ਰਹਿਣ ਦੇਵੋ। ਨਾ ਰਾਜੇ ਆਣ ਕੇ

ਭਜਨ ਸੁਣਿਆ ਤੇ ਨਾ ਸਿੰਘਾਂ ਨੇ ਪ੍ਰਸ਼ਾਦ ਛਕਿਆ।[1] ਜੇ ਕਿਸੇ ਕੇ ਘਰ ਨਿਉਤਾ ਹੋਵੇ, ਸਿੰਘਾਂ ਉਸ ਕੇ ਘਰ ਜਾਇਕੇ ਭਜਨ ਦੱਸ ਕੇ ਪ੍ਰਸ਼ਾਦਸਜਾਇ ਲੈਣਾ। ਜੇ ਕੋਈ ਭਰੋਸੇ ਸੇ ਪ੍ਰਸ਼ਾਦਛਕਾਵੇ ਤਾਂ ਛਕਦੇ ਹੈਂ।

ਰਾਜੇ ਕੀ ਫ਼ੌਜ ਮੇਂ ਕਈਆਂ ਸਿੰਘਾਂ ਨੇ ਭਜਨ ਲਿਆ। ਭੋਗ ਪਏ ਤਾਂ ਸਿੰਘਾਂ ਨੇ ਸਲਾਹ ਕੀਤੀ ਕਿ ਬਹਾਦਰ ਗੜ੍ਹ ਦੇ ਕਿਲੇ ਦੀ ਸੈਰ ਕਰੀਏ।[2]

ਫ਼ੌਜੀ ਸਿੰਘਾਂ ਥੀਂ ਘੋੜੇ ਲੈ ਕੇ ਗਏ ਸੈਰ ਕਰਨ ਕੋ। ਪਹਿਲੇ ਗੁਰਦਵਾਰੇ ਮੱਥਾ ਟੇਕਿਆ ਅਤੇ ਫਤੇ ਬੁਲਾਈ, ਜੈਕਾਰਾ ਗਜਾਇਆ ਅਤੇ ਕਿਲੇ ਕੇ ਉਪਰ ਜਾਇ ਚੜ੍ਹੇ। ਖਾਲਸਾ ਜੀ ਮੁੜ ਆਏ ਦਰਸ਼ਨ ਕਰਕੇ। ਨਿੰਦਕਾਂ ਨੇ ਰਾਜੇ ਪਾਸ ਜਾਇਕੇ ਕਹਾ ਕਿ ਸਿੰਘ ਤੋਪਾਂ ਪਰ ਹੱਥ ਰੱਖਕੇ ਕੈਂਹਦੇ ਸੇ ਏਹ ਮੇਰੀ ਤੋਪ ਹੈ ਇਹ ਮੇਰੀ ਤੋਪ ਹੈ। ਰਾਜੇ ਦੇ ਮਨ ਮੈ ਅਗੇ ਹਰਖ ਸੀ ਕਿ ਮੇਰਾ ਪ੍ਰਸ਼ਾਦਨਾ ਛਕਿਆ ਨਾਲੇ ਮੇਰੀ ਫ਼ੌਜ ਵਿੱਚੋਂ ਘੋੜੇ ਲੈ ਗਏ, ਕਿਤੇ ਐਸਾ ਨਾ ਹੋਵੇ ਕੋਈ ਉਪਾਧ ਖੜੀ ਕਰ ਦੇਣ। ਰਾਜੇ ਕੋ ਗੁੱਸਾ ਆਇਆ। ਉਸਨੇ ਕੁਤਵਾਲ ਭੇਜਿਆ ਕਿ ਕਹੋ ਸਿੰਘ ਐਸ ਵੇਲੇ ਹੀ ਕੂਚ ਕਰ ਜਾਣ। ਕੁਤਵਾਲ ਨੇ ਜਾਇ ਆਖਿਆ ਕਿ ਧੁਆਨੂੰ ਹੁਕਮ ਹੈ ਕਿ ਐਸੇ ਵੇਲੇ ਹੀ ਕੂਚ ਕਰ ਜਾਓ।

ਦੀਵਾਨ ਲੱਗਾ ਹੋਇਆ ਸੀ। ਸੁੱਖਾ ਸਿੰਘ ਉਟਾਲਾਂ[3] ਕਾ ਰਾਗੀ ਸਿੰਘ ਸੀ। ਉਸਨੇ ਸਤਾਰ ਸਿੱਧੀ ਕਰਕੇ ਕਹਾ ਹਟ ਜਾਓ, ਮਾਰ ਕੇ ਤੇਰਾ ਸਿਰ ਪਾੜ ਦੇਵਾਂਗੇ। ਤੇਰਾ ਕਾਲ ਨੇੜੇ ਆਇਆ ਹੋਇਆ ਹੈ। ਕੁਤਵਾਲ ਚਲਾ ਗਿਆ ਅਤੇ ਖਾਲਸਾ ਰਾਜੇ ਪਰ ਕਰੋਪ ਹੋ ਗਿਆ। ਸ਼ਬਦ ਕਾ ਅੰਮ੍ਰਿਤ ਰੂਪੀ ਰਸ ਬਣਿਆ ਹੋਇਆ ਸੀ ਸੋ ਬੇ-ਰਸ ਹੋਇ ਗਿਆ। ਫੇਰ ਹੋਰ ਸਪਾਹੀ ਆਇਆ। ਕੈਹਣੇ ਲਗਾ ਰਾਜੇ ਕਾ ਹੁਕਮ ਹੈ ਇਸੀ ਵਕਤ ਚਲੇ ਜਾਓ। ਸਭ ਲੋਕ ਚਲੇ ਗਏ। ਖਾਲਸਾ ਕੈਂਹਦਾ ਹੈ ਕਿ ਕੇਹੜੇ ਵੇਲੇ ਕੱਢਣ ਲੱਗਾ ਹੈ। ਜੜ੍ਹਾਂ ਪੱਟੀਆਂ ਜਾਣ ਏਸ ਰਾਜੇ ਕੀਆਂ। ਦੀਵੇ ਬਲੇ ਵੇਲੇ ਖਾਲਸਾ ਤੁਰਿਆ। ਸਰਾਫ ਦਿੱਤਾ ਕਿ ਸਾਨੂੰ ਕਿਸ ਵੇਲੇ ਕੱਢਿਆ ਹੈ, ਤੈਨੂੰ ਭੀ ਔਖੀ ਬਣੂ[4]। ਜਿਨ੍ਹਾਂ ਜਿਨ੍ਹਾਂ ਸਿੰਘਾਂ ਨੇ ਭਜਨ ਲਏ ਸੇ ਰਾਜੇ ਨੇ ਉਨ੍ਹਾਂ ਕੇ ਨਾਮ ਕੱਟ ਦਿੱਤੇ। ਲੈਹਣਾ ਸਿੰਘ ਦਾ ਭੀ ਨਾਮਾ ਕੱਟ ਦਿੱਤਾ। ਜਿਸ ਸੇ ਰਾਜੇ ਨੇ ਭਜਨ ਲਿਆ ਸੀ ਉਸਕੋ ਰਾਜਾ ਮੰਨਣੇ ਲਗਾ। ਲੋਕ ਭੀ ਉਸ ਕਾ ਭੈ ਕਰਨੇ ਲਗੇ, ਸਭ ਆਦਰ ਕਰਨ।

---

1 ਇਸ ਸਮੇਂ ਨਾਬਾਲਗ ਮਹਾਰਾਜਾ ਮਹੇਂਦ੍ਰ ਸਿੰਘ ਪਟਿਆਲੇ ਦੀ ਗੱਦੀ ਤੇ ਸੀ। ਇਸ ਦਾ ਜਨਮ ੧੬ ਸਤੰਬਰ ੧੮੫੨ ਈ. ਨੂੰ ਹੋਇਆ। ਪਿਤਾ ਮਹਾਰਾਜਾ ਨਰਿੰਦਰ ਸਿੰਘ ਦੇ ਦੇਹਾਂਤ ਮਗਰੋਂ ੨੯ ਜਨਵਰੀ ੧੮੬੨ ਈ. ਨੂੰ ੧੦ ਵਰ੍ਹੇ ਦੀ ਉਮਰ ਵਿੱਚ ਮਹਾਰਾਜਾ ਮਹੇਂਦ੍ਰ ਸਿੰਘ ਗੱਦੀ ਨਸ਼ੀਨ ਹੋਇਆ। ਨਾ-ਬਾਲਗ ਹੋਣ ਕਰਕੇ 'ਕੌਂਸਲ ਆਫ਼ ਰੀਜੈਂਸੀ' ਰਾਜ ਦਾ ਪ੍ਰਬੰਧ ਸੰਭਾਲਦੀ ਸੀ। ਇਸ ਘਟਨਾ ਦੇ ਸਮੇਂ ਤੱਕ ਮਹਾਰਾਜਾ ਮਹੇਂਦ੍ਰ ਸਿੰਘ ਦੇ ਹੱਥਾਂ ਵਿੱਚ ਰਾਜ ਪ੍ਰਬੰਧ ਨਹੀਂ ਸੀ ਆਇਆ। ਸ਼ਾਇਦ ਏਸੇ ਕਰਕੇ ਹੀ ਪ੍ਰਤੱਖ ਤੌਰ ਤੇ ਰਾਜਾ ਨਾਮਧਾਰੀ ਸਿੰਘਾਂ ਨਾਲ ਮਿਲਨਾ ਨਹੀਂ ਸੀ ਚਾਹੁੰਦਾ। ੧੮੭੦ ਈ. ਵਿੱਚ ਹੀ ਰਾਜ ਪ੍ਰਬੰਧ ਉਸ ਦੇ ਹੱਥਾਂ ਵਿੱਚ ਆਇਆ ਸੀ।

2 ਸੈਫੂਦੀਨ ਸਰਦਾਰ ਦਾ ਬਣਾਇਆ ਹੋਇਆ ਕਿਲ੍ਹਾ। ਇਸ ਕਿਲ੍ਹੇ ਅੰਦਰ ਗੁਰੂ ਤੇਗ ਬਹਾਦੁਰ ਜੀ ਚੁਮਾਸੇ ਦੌਰਨ ਠਹਿਰੇ ਸਨ। ਇਸ ਯਾਦ ਵਿੱਚ ਕਿਲ੍ਹੇ ਅੰਦਰ ਗੁਰਦੁਆਰਾ ਬਣਿਆ ਹੋਇਆ ਹੈ।

3 ਪਿਤਾ ਰੁਲਦੂ। ਇਹ ਨਾਈ ਸਿੰਘ ਸੀ।

4 ਮਹਾਰਾਜਾ ਮਹੇਂਦ੍ਰ ਸਿੰਘ ੧੪ ਅਪ੍ਰੈਲ ੧੮੭੬ ਈ. ਨੂੰ ੨੩ ਸਾਲ ੭ ਮਹੀਨੇ ਦੀ ਅਲਪ ਉਮਰ ਵਿੱਚ ਹੀ ਅਕਾਲ ਚਲਾਣਾ ਕਰ ਗਿਆ ਸੀ।

ਲਾਲ ਸਿੰਘ ਗੁਮਟੀਵਾਲਾ ਰਾਮਦਾਸ ਪੁਰੇ ਆਇਆ ਅਤੇ ਸ੍ਰੀ ਸਤਿਗੁਰੂ ਜੀ ਕਾ ਦਰਸ਼ਨ ਕੀਤਾ। ਉਸਨੇ ਦੂਲਾ ਸਿੰਘ ਕਾ ਹਾਲ ਸੁਣਾਇਆ। ਸ੍ਰੀ ਸਤਿਗੁਰੂ ਜੀ ਸਾਹਿਬ ਸਿੰਘ ਸੂਬੇ ਸੇ ਪੁੱਛਿਆ ਏਥੇ ਬੀ ਕਦੀ ਆਇਆ ਹੈ? ਕਹਿਆ ਜੀ ਏਥੇ ਨਹੀਂ ਕਦੀ ਆਇਆ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਤਾਂ ਐਵੇਂ ਹੀ ਹੈ। ਸੋ ਵਾਪਸ ਜਾਇਕੇ ਲਾਲ ਸਿੰਘ ਨੇ ਦੇਖਿਆ ਤਾਂ ਉਹੀ ਲਾਲ ਪਗੜੀ ਬੱਧੀ ਹੋਈ ਹੈ ਅਤੇ ਅਥਰਬਣ ਬੇਦ ਕੀਆਂ ਗੱਲਾਂ ਕਰਦਾ ਹੈ। ਸੋ ਉਸੇ ਤਰ੍ਹਾਂ ਦਾ ਹੀ ਅਨਮਤੀਆ ਹੋਇ ਗਿਆ। ਜੋ ਭਜਨ ਕੀ ਸੱਤਿਆ ਸੀ ਸੋ ਸ੍ਰੀ ਸਤਿਗੁਰੂ ਜੀ ਕੱਢ ਲਈ ਹੈ। ਐਨ ਉਸੀ ਤਰ੍ਹਾਂ ਕਾ ਹੋ ਗਿਆ ਜੈਸੇ ਪੈਹਲੇ ਥਾ। ਲੋਕ ਕੋਈ ਅਦਬ ਨਾ ਕਰੇ। ਉਹੀ ਦਰਬਾਨ ਸਮਝਣ ਜੋ ਪੈਹਲੇ ਸੀ। ਜੋ ਲੋਕ ਅਦਬ ਕਰਦੇ ਸੇ, ਸੋ ਭਜਨ ਕੇ ਪ੍ਰਤਾਪ ਸੇ ਕਰਦੇ ਸੀ। ਸੋ ਸੱਤਾ ਸ੍ਰੀ ਸਤਿਗੁਰੂ ਜੀ ਨੇ ਖੈਂਚ ਲਈ, ਖਾਲੀ ਰਹਿ ਗਿਆ। ਕੁਛ ਚਿਰ ਪਾਇਕੇ ਫ਼ੇਰ ਲਾਲ ਸਿੰਘ ਆਇਆ ਦਰਸ਼ਨ ਕਰਨ ਕੋ ਅਤੇ ਅਰਜ਼ ਕੀਤੀ ਜੀ ਏਡੀ ਬੰਦਗੀ ਕਰਨ ਵਾਲੇ ਕਾ ਏਹ ਹਾਲ ਹੋਇਆ ਹੈ ਤਾਂ ਸਾਡਾ ਕੀ ਹਾਲ ਹੋਵੇਗਾ? ਬਚਨ ਕੀਤਾ ਜਿਸ ਕੇ ਅੰਦਰ ਨਾਮ ਹੈ ਸੋ ਰਹਿ ਜਾਏਗਾ। ਬਾਹਰਲਾ ਪਾਜ ਜੋ ਝੂਠਾ ਹੈ ਸੋ ਉਤਰ ਜਾਏਗਾ।

## ਬੀਬੀ ਨੰਦਾਂ ਦੀ ਰੋਗ ਮੁਕਤੀ

ਏਕ ਦਿਨ ਸ੍ਰੀ ਸਤਿਗੁਰੂ ਜੀ ਖੱਟੜਿਆਂ ਕੰਨੀਂ ਹੱਥ ਕਰਕੇ ਕੈਹਣੇ ਲੱਗੇ ਏਸ ਦਿਸ਼ਾ ਅਜ ਕੋਈ ਮਰ ਗਿਆ ਹੈ। ਮਾਤਾ ਜੱਸਾਂ ਸੋਚ ਕੀਤੀ ਕਿ ਮੇਰੀਆਂ ਦੋ ਕੁੜੀਆਂ ਸੀਆਂ, ਇਕ ਮਰ ਗਈ ਹੈ ਇਕ ਰੈਂਹਦੀ ਹੈ। ਸੋ ਉਹ ਹੀ ਨਾ ਕਿਤੇ ਮਰ ਜਾਵੇ। ਮਾਤਾ ਜੱਸਾਂ ਜੀ ਖੱਟੜੀਂ ਗਏ ਤਾਂ ਬੀਬੀ ਨੰਦਾ ਬੀਮਾਰ ਪਈ ਸੀ। ਗੱਡੇ ਪਰ ਚਾੜ੍ਹ ਕੇ ਲੈ ਆਏ ਰਾਮਦਾਸ ਪੁਰੇ ਨੂੰ। ਇਲਾਜ ਕੀਤਾ ਪਰ ਕੁਛ ਫੈਦਾ ਨਜ਼ਰ ਨਾ ਆਇਆ। ਬੀਬੀ ਮਰਨ ਵਾਲੀ ਹੋਇ ਗਈ। ਨਾੜਾਂ ਭੀ ਮੁੜ ਗਈਆਂ। ਛਾਤੀ ਪਰ ਸਵਾਸ ਆਇ ਗਏ। ਬਚਨੇ ਕੀ ਕੋਈ ਆਸ ਨਾ ਸੀ। ਮਰ ਜਾਣੇ ਮੇਂ ਕੋਈ ਫ਼ਰਕ ਨਹੀਂ ਸੀ। ਸ੍ਰੀ ਸਤਿਗੁਰੂ ਜੀ ਅੱਗੇ ਬਹੁਤ ਅਰਜ਼ਾਂ ਕੀਤੀਆਂ। ਬਦਨ ਸਿੰਘ ਭਾਈ ਰੂਪਾ ਕੋ ਬਚਨ ਕੀਤਾ ਸ੍ਰੀ ਸਤਿਗੁਰੂ ਜੀ, ਤੂੰ ਦਵਾਈ ਦੇ। ਕਹਿਆ ਜੀ ਪ੍ਰਾਣ ਤਾਂ ਛਾਤੀ ਵਿੱਚ ਆਏ ਹੋਏ ਹੈਂ, ਮੈਂ ਕੀ ਦਵਾਈ ਦੇਵਾਂ? ਕੋਈ ਦਵਾਈ ਨਹੀਂ ਕਾਟ ਕਰਦੀ ਹੈ। ਬਚਨ ਹੋਇਆ ਦੇ ਤਾਂ ਸਹੀ ਕੋਈ ਦਵਾਈ। ਬਦਨ ਸਿੰਘ ਨੇ ਜਵੈਣ ਕਾੜ ਕੇ ਜਲ ਨਾਲ ਦਿੱਤੀ। ਜਾਂ ਜਲ ਅੰਦਰ ਗਿਆ ਤਾਂ ਜੋ ਨਾੜਾਂ ਹਟੀਆਂ ਹੋਈਆਂ ਸੀਆਂ ਸੋ ਅੱਛੀ ਤਰ੍ਹਾਂ ਚੱਲਣ ਲੱਗ ਪਈਆਂ। ਅਗਲੇ ਦਿਨ ਅੱਛਾ ਫਾਇਦਾ ਹੋਇਆ। ਹੁੰਦੇ ਹੁੰਦੇ ਦਿਨੋ ਦਿਨ ਤੰਦਰੁਸਤ ਹੁੰਦੀ ਗਈ। ਬਚਨ ਕੀਤਾ ਕੁੜੀ ਨੇ ਮਰ ਜਾਣਾ ਸੀ, ਆਪਣੀ ਉਮਰ ਵਿੱਚੋ ਉਮਰ ਦਿੱਤੀ ਹੈ। ਬੱਚੇ ਇੰਞਾਣੇ ਸੇ, ਕਿਨ ਪਾਲਣੇ ਸੇ? ਸੂਰਤ ਸਿੰਘ, ਹਰਨਾਮ ਸਿੰਘ ਅਤੇ ਨਰੈਣ ਸਿੰਘ ਛੋਟੇ ਛੋਟੇ ਸਨ। ਬੀਬੀ ਨੰਦਾਂ ਰਾਜੀ ਹੋਇ ਗਈ।

ਸ੍ਰੀ ਸਤਿਗੁਰੂ ਜੀ ਸ੍ਰੀ ਗ੍ਰੰਥ ਸਾਹਿਬ ਕਾ ਪਾਠ ਕਰਦੇ ਸੀ। ਬੀਬੀ ਨੰਦਾਂ ਕੋਲ ਆਇ ਬੈਠੀ। ਬਚਨ ਕੀਤਾ ਕੁੜੀਏ ਫੁਲ ਭੀ ਚੁਗ ਲੈਣੇ ਸੇ, ਮਕਾਣਾਂ ਭੀ ਆਇ ਜਾਣੀਆਂ ਸੀਆਂ। ਬੀਬੀ ਨੇ ਸੁਣ ਤਾਂ ਲਿਆ ਬਚਨ ਪਰ ਸਮਝ ਨਾ ਆਈ ਕਿ ਕੀ ਬਚਨ ਕਰਦੇ ਹੈਂ। ਬੀਬੀ ਨੰਦਾਂ

ਨੇ ਕਹਿਆ ਜੀ ਅਸੀਂ ਧੁਆਡੀ ਸੇਵਾ ਨਹੀਂ ਕਰਦੇ, ਸਾਡਾ ਭਲਾ ਕਿਸ ਤਰ੍ਹਾਂ ਹੋਵੇਗਾ। ਬਚਨ ਕੀਤਾ ਭਜਨ ਬੰਦਗੀ ਕਰਨਾ ਸਾਰੇ ਟਹਿਲ ਸੇਵਾ ਕੇ ਸਿਰ ਟਹਿਲ ਹੈ ਅਤੇ ਸਤ ਸੰਤੋਖ ਰੱਖੇ। ਇਸ ਕਮਾਈ ਜੈਸੀ ਹੋਰ ਸੇਵਾ ਕੋਈ ਨਹੀਂ ਹੈ। ਬੀਬੀ ਰਾਜੀ ਹੋਇਕੇ ਖਟੜੀਂ ਜਾਇ ਰਹੀ।

## ਬੰਦਗੀ ਕਰਿਆ ਕਰੋ

ਏਕ ਸਮੇਂ ਹਰਿਮੰਦਰ ਮੇਂ ਬੈਠੇ ਥੇ ਸ੍ਰੀ ਸਤਿਗੁਰੂ ਜੀ। ਏਕ ਮਾਈ ਆਈ। ਉਸਕਾ ਲੜਕਾ ਮਰ ਗਿਆ ਸੀ। ਉਸ ਨੇ ਆਇਕੇ ਅਰਜ਼ ਕਰੀ ਜੀ ਸੱਚੇ ਪਾਤਸ਼ਾਹ ਜੀ ਸਾਡੇ ਉਲਾਦ ਨਹੀਂ ਰੈਂਦੀ। ਤੁਸੀਂ ਕਿਰਪਾ ਕਰੋ ਤਾਂ ਸਾਡੇ ਕੋਈ ਲੜਕਾ ਬਾਲਾ ਬਚਿਆ ਰਹੇ, ਸਾਡੀ ਬੰਸ ਤੁਰੇ। ਬਚਨ ਕੀਤਾ ਬੰਦਗੀ ਕਰਿਆ ਕਰੋ, ਲੜਕਾ ਹੋ ਜਾਊ। ਬਚਨ ਕਰਨੇ ਸੇ ਦੋ ਲੜਕੇ ਹੋਇ ਗਏ।

## ਸੱਦਾਂ ਮਸਤਾਨੀ

ਦੁਰਗਾਪੁਰੇ ਕੀ ਸੱਦਾਂ ਮਸਤਾਨੀ ਨੇ ਥਾਨੇਦਾਰ ਕੋ ਗਾਲ਼ਾਂ ਕਢੀਆਂ। ਥਾਨੇਦਾਰ ਨੇ ਗੁਰੂ ਜੀ ਪਾਸ ਅਰਜ਼ ਕੀਤੀ ਜੀ ਸਾਨੂੰ ਏਹ ਜਨਾਨੀ ਗਾਲ਼ਾਂ ਕਢਦੀ ਹੈ। ਗੁਰੂ ਜੀ ਨੇ ਮਸਤਾਨੀ ਕੋ ਪੁੱਛਿਆ ਤੈਨੇ ਥਾਨੇਦਾਰ ਕੋ ਗਾਲ਼ਾਂ ਕਢੀਆਂ ਹੈਨ? ਮਸਤਾਨੀ ਨੇ ਥਾਨੇਦਾਰ ਕੋ ਕਹਾ ਕਿਓਂ ਵੇ ਸੂਰ ਖਾਣਿਆਂ, ਮੈਂ ਤੈਨੂੰ ਗਾਲ਼ਾਂ ਕੇਹੜੇ ਵੇਲੇ ਦਿੱਤੀਆਂ ਹਨੈ? ਥਾਨੇਦਾਰ ਚੁਪ ਕਰ ਗਿਆ। ਫੇਰ ਕੈਹਣੇ ਲਗੀ ਕਿਓਂ ਵੇ ਸੂਰ ਖਾਣਿਆਂ ਬੋਲਦਾ ਨਹੀਂ, ਚੁਪ ਕਿਉਂ ਹੋ ਗਿਆ ਹੈਂ?

## ਤਾਂ ਸ਼ਾਂਤ ਆਈ

ਸੂਬਾ ਸਿੰਘ ਰਾਗੀ (ਦੁਆਬਾ) ਮੋਰੋਂ ਦਾ ਸੀ। ਉਸ ਕੋ ਬਚਨ ਕੀਤਾ ਤੈਨੂੰ ਅਸਵਾਰੀ ਕੇ ਵਾਸਤੇ ਘੋੜੀ ਦੇਂਦੇ ਹੈਂ। ਤਿੰਨ ਫੇਰੀ ਬਚਨ ਮੋੜਿਆ ਮੈਂ ਨਹੀਂ ਚੜਦਾ ਹਾਂ। ਗੁਰੂ ਜੀ ਫੇਰ ਨਹੀਂ ਬੋਲੇ, ਚੁਪ ਕਰ ਰਹੇ। ਸੂਬਾ ਸਿੰਘ ਕੇ ਚਿਤ ਕੋ ਸ਼ਾਂਤ ਨਾ ਆਵੇ ਕਿ ਮੈਂ ਬਚਨ ਨਹੀਂ ਮੰਨਿਆ। ਮੈਨੂੰ ਤਿੰਨ ਫੇਰੀਂ ਬਚਨ ਕੀਤਾ ਸੀ ਮੈਂ ਮਨਜ਼ੂਰ ਨਾ ਕੀਤਾ। ਕੋਈ ਦਿਨ ਗੁਜਰੇ ਤਾਂ ਸੂਬਾ ਸਿੰਘ ਘੋੜੀ ਮੁਲ ਲੈ ਕੇ ਚੜ੍ਹਿਆ ਤਾਂ ਸ਼ਾਂਤ ਆਈ।

## ਸੰਤ ਸਰਾਪ

ਏਕ ਸਿੰਘ ਆਏ ਗਏ ਕਿ ਸੇਵਾ ਕਰਦਾ ਸੀ। ਉਸਕੇ ਹੱਥ ਟੁੰਡੇ ਹੋਏ ਹੋਏ ਸੀ। ਬਾਬੇ ਨਿਹੰਗ ਸਿੰਘ ਨੇ ਆਖਿਆ ਜੀ ਬਖਸ਼ੋ ਜੇ ਰਾਜੀ ਹੋ ਜਾਏ। ਆਏ ਗਏ ਸਿੰਘ ਕੀ ਸੇਵਾ ਪ੍ਰੇਮ ਨਾਲ ਕਰਦਾ ਹੈ। ਇਸ ਕੇ ਹੱਥ ਰਾਜੀ ਹੋ ਜਾਣ। ਬਚਨ ਕੀਤਾ ਏਸ ਨੇ ਪਿਛਲੇ ਜਨਮ ਸਾਧਾਂ ਨੂੰ ਮਾਰਿਆ ਹੈ ਤਾਂ ਏਸ ਨੂੰ ਸੰਤ ਸਰਾਫ ਹੋਇਆ ਹੈ। ਏਸ ਜਨਮ ਨਹੀਂ ਰਾਜੀ ਹੁੰਦਾ। ਅਗਲੇ ਜਨਮ ਰਾਜੀ ਹੋ ਜਾਵੇਗਾ।

ਏਕ ਸਮੇਂ ਭਜਨ ਕਰਦੇ ਸੇ ਇਕੰਤ ਜਾਇਕੇ ਸ੍ਰੀ ਸਤਿਗੁਰੂ ਜੀ। ਬਾਬਾ ਸਾਹਿਬ ਸਿੰਘ

ਲੱਸੀ ਛਕਾਵਣ ਕੋ ਲੈ ਗਿਆ। ਗੁਰੂ ਜੀ ਬਚਨ ਕੀਤਾ ਤੈਨੂੰ ਰੰਗ ਦਿਖਾਵੀਏ। ਆਖਿਆ ਜੀ ਆਪ ਕੀ ਰਜਾਇ ਹੈ। ਏਤਨਾ ਕੈਹਣੇ ਸੇ ਗੁਰੂ ਜੀ ਕੇ ਚਰਨ ਧਰਤੀ ਨਾਲ ਅਤੇ ਸੀਸ ਅਕਾਸ਼ ਵਿੱਚ। ਬਾਬਾ ਸਾਹਿਬ ਸਿੰਘ ਐਸੀ ਕੁਦਰਤ ਦੇਖਕੇ ਅਸਚਰਜ ਹੋ ਗਿਆ। ਫੇਰ ਆਪਣੇ ਸਰੀਰ ਮੈ ਹੋਇਕੇ ਬਚਨ ਕੀਤਾ ਸਾਹਿਬ ਸਿੰਘ ਜੇ ਕੋਈ ਏਸ ਰੂਪ ਕਾ ਦਰਸ਼ਨ ਕਰ ਲਵੇਗਾ ਤਿਸਕੋ ਸਾਰੀ ਉਮਰ ਕੇ ਭਜਨ ਕਾ ਫਲ ਪ੍ਰਾਪਤ ਹੋਵੇਗਾ।

## ਦੂਰ ਜਾਂ ਨੇੜੇ ਰਹਿਣ ਵਾਲੇ

ਏਕ ਸਮੇਂ ਸੂਬਿਆਂ ਨੇ ਅਰਜ਼ ਕੀਤੀ ਜੀ ਦੂਰੋਂ ਆਵਣ ਵਾਲਿਆਂ ਕਾ ਤੇ ਨੇੜੇ ਰਹਿਣ ਵਾਲਿਆਂ ਕਾ ਕਿਤਨਾ ਫ਼ਰਕ ਹੈ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਚਿੱਚੜ ਥਨਾਂ ਕੇ ਕੋਲ ਹੀ ਹੁੰਦਾ ਹੈ ਅਤੇ ਵੱਛਾ ਕਿੱਲੇ ਨਾਲੋਂ ਖੁਲ੍ਹ ਕੇ ਜਾਂਦਾ ਹੈ, ਤਾਂ ਵੀ ਉਹ ਦੁੱਧ ਪੀਂਦਾ ਹੈ। ਚਿੱਚੜ ਲਹੂ ਕੋ ਪੀਂਦਾ ਹੈ। ਏਸੇ ਤਰ੍ਹਾਂ ਨੇੜੇ ਵਾਲਾ ਬਿਨਾਂ ਸ਼ਰਧਾ ਹੋਵੇ ਸੋ ਤਾਂ ਕਿਸੇ ਕੰਮ ਨਹੀਂ। ਸੂਬਿਆਂ ਨੇ ਆਖਿਆ ਜੀ ਅਸੀਂ ਕੋਲ ਰਹਿੰਦੇ ਹਾਂ ਸਾਡਾ ਕੀ ਹਾਲ ਹੈ? ਗੁਰੂ ਜੀ ਬਚਨ ਕੀਤਾ ਤੁਸੀਂ ਜਾਣੋ।

ਦਿਨੋ ਦਿਨ ਸ੍ਰੀ ਸਤਿਗੁਰੂ ਜੀ ਕਾ ਪ੍ਰਤਾਪ ਜਾਗਣੇ ਲਗਾ ਹੈ। ਦਰਿਆਇ ਕੇ ਵੈਹਣ ਵਾਂਗੂੰ ਸਿੰਘ ਚਲੇ ਆਉਂਦੇ ਹੈਂ। ਕਾਮ ਕ੍ਰੋਧ ਕਿਸੇ ਕੋ ਨਹੀਂ ਫੁਰਦਾ। ਨਾਮ ਕਾ ਉਚਾਰ ਹੀ ਹੋ ਰਿਹਾ ਹੈ। ਨਾਮ ਕਾ ਪ੍ਰਤਾਪ ਐਸਾ ਹੈ ਕਿ ਸਿੰਘ ਸਿੰਘਨੀਆਂ ਇੱਕੋ ਜਗ੍ਹਾ ਰਹਿੰਦੇ ਹੈ ਪਰ ਕਿਸੇ ਕੋ ਕਾਮ ਚੇਸ਼ਟਾ ਨਹੀਂ ਫੁਰੇਦੀ। ਐਸਾ ਧਰਮ ਵਰਤਣ ਲੱਗ ਪਿਆ। ਸਿੰਘਾਂ ਕਾ ਦਰਸ਼ਨ ਕਰਕੇ ਸ਼ਾਂਤ ਆਇ ਜਾਂਦੀ ਹੈ। ਨਾਮ ਰੂਪੀ ਰੰਗ ਸੇ ਭੀ ਚੇਹਰੇ ਲਾਲ ਹੁੰਦੇ ਹੈਂ ਅਤੇ ਜੇਕਰ ਕਾਮ ਕ੍ਰੋਧ ਤੋਂ ਬਚਿਆ ਰਹੇ ਮਨੁੱਖ ਤਾਂ ਭੀ ਚੇਹਰੇ ਦਾ ਰੰਗ ਲਾਲ ਹੋਇ ਜਾਂਦਾ ਹੈ। ਸੋ ਨਾਮ ਕੇ ਜਪਣ ਵਾਲੇ ਸਿੰਘਾਂ ਕੇ ਚੇਹਰੇ ਲਾਲ ਸੂਹੇ ਦਗ ਰਹੇ ਹੈਂ।

## ਸਤਿਜੁਗ ਵਰਤਣ ਲਗ ਪਿਆ

ਸ੍ਰੀ ਸਤਿਗੁਰੂ ਜੀ ਨੇ ਨਾਮ ਦਾਨ ਇਸ਼ਨਾਨ ਦ੍ਰਿੜਾਇਆ ਹੈ ਅਤੇ ਬੁਰੇ ਕੰਮਾਂ ਸੇ ਹਟਾਇਆ ਹੈ। ਸਾਰੀ ਸੰਗਤ ਕੋ ਇਹੀ ਹੁਕਮ ਦ੍ਰਿੜਾਇਆ ਹੈ ਕਿ ਪਰਾਈ ਇਸਤਰੀ ਨਾਲ ਭੋਗ ਕਰਨਾ ਦੋਸ਼ ਹੈ। ਸਭ ਸਿੰਘ ਬੜੀ ਕੋ ਮਾਂ ਕੇ ਸਮਾਨ ਅਤੇ ਬਰਾਬਰ ਕੀ ਕੋ ਭੈਣ ਕੇ ਸਮਾਨ ਅਰੁ ਜੋ ਆਪ ਸੇ ਛੋਟੀ ਹੋਵੇ ਤਿਸ ਕੋ ਧੀ ਕੇ ਸਮਾਨ ਸਮਝਤੇ ਹੈਂ। ਕਿਸੇ ਕੀ ਤਰਫ਼ ਕੋਈ ਮਾੜੀ ਨਿਗਾਹ ਨਾਲ ਨਹੀਂ ਦੇਖਦਾ। ਐਸੀ ਸ਼ਕਤੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਕੀ ਹੈ। ਸਤਿਜੁਗ ਵਰਤਣ ਲੱਗ ਪਿਆ। ਐਸੇ ਸਤਿਗੁਰਾਂ ਕਾ ਦਰਸ਼ਨ ਹੋਣਾ ਕਲੂਕਾਲ ਮੈ ਬੜਾ ਦੁਰਲੱਭ ਹੈ।

ਸ੍ਰੀ ਸਤਿਗੁਰੂ ਜੀ ਬਚਨ ਕੀਤਾ ਸਾਰਿਆਂ ਦੀਆਂ ਜੜ੍ਹਾਂ ਪੱਟੀਆਂ ਜਾਣਗੀਆਂ ਜਿਨ੍ਹਾਂ ਜਿਨ੍ਹਾਂ ਨੇ ਨਾਮ ਨਾਲ ਵੈਰ ਖਾਧਾ ਹੈ, ਆਪਣੀ ਜੜ੍ਹ ਆਪ ਪੱਟਣ ਲਗੇ ਹੈਂ। ਝੂਠੇ ਲੋਕ ਨਾਮ ਕੋ ਕਲਾਮ ਕੈਂਹਦੇ ਹੈਂ। ਰਾਜੇ ਅਤੇ ਪੁਜਾਰੀ ਅਤੇ ਹੋਰ ਨਿੰਦਕ ਏਹਨਾਂ ਦੀਆਂ ਜੜ੍ਹਾਂ ਅਸੀਂ ਪਤਾਲ ਵਿਚੋਂ ਪੁੱਟ ਦਿੱਤੀਆਂ ਹੈਨ। ਪੁੱਟ ਕੇ ਖ਼ਾਰੇ ਸਮੁੰਦਰ ਮੈ ਸੁੱਟ ਦਿੱਤੀਆਂ ਹੈਨ। ਹੁਣ ਫੇਰ ਨਹੀਂ

ਜੰਮਣਗੀਆਂ ਏਨਾਂ ਦੀਆਂ ਜੜ੍ਹਾਂ।

## ਖਾਲਸਾ ਤੇਰੇ ਪੁੱਤਰ ਹੈਨ

ਏਕ ਦਿਨ ਜੱਸਾਂ ਜੀ ਅਰਜ਼ ਕੀਤੀ ਜੀ ਜੇਕਰ ਧੁਆਡੇ ਘਰ ਪੁੱਤਰ ਹੋਵੇ ਤਾਂ ਮੈਂ ਰਾਜੀ ਹਾਂ। ਬਚਨ ਕੀਤਾ ਸਤਿਗੁਰੂ ਜੀ ਕਿਸੇ ਕੇ ਇਕ ਪੁੱਤਰ ਹੋਊ ਕਿਸੇ ਕੇ ਦੋ ਹੋਣਗੇ, ਤੇਰੇ ਹਜ਼ਾਰਾਂ ਲੱਖਾਂ ਹੀ ਪੁੱਤਰ ਹੈਂ। ਜੋ ਨਾਮ ਖਾਲਸਾ ਹੈ ਸੋ ਸਭ ਤੇਰੇ ਪੁੱਤਰ ਹੀ ਹੈਨ। ਜੱਸਾਂ ਜੀ ਕਹਾ ਮੈਂ ਜਾਣਦੀ ਹਾਂ ਐਵੇਂ ਹੀ ਕਹਿ ਦੇਂਦੇ ਹੋ। ਤੁਸੀਂ ਏਹੋ ਜੇਹੇ ਹੀ ਹੋ। ਗੁਰੂ ਜੀ ਤੇਜੀ ਮੇਂ ਹੋਇਕੇ ਬਚਨ ਕੀਤਾ ਕਹੁ ਤਾਂ ਮੈਂ ਕਿਹੋ ਜਿਹਾ ਹਾਂ? ਮੈਂ ਕੌਣ ਹਾਂ? ਜੱਸਾਂ ਜੀ ਚੁੱਪ ਰਹੀ।

ਏਕ ਦਿਨ ਸਤਿਗੁਰੂ ਜੀ ਬਚਨ ਕੀਤਾ ਜੱਸਾਂ ਰਾਜੀ ਹੈਂ? ਜੱਸਾਂ ਨੇ ਆਖਿਆ ਜੀ ਕੋਈ ਸੁਖ ਨਹੀਂ ਲੜਕਾ ਦੇਖੇ ਬਿਨਾ। ਮੈਨੂੰ ਲੜਕਾ ਬਖ਼ਸ਼ੋ। ਬਚਨ ਕੀਤਾ ਜੇ ਲੜਕਾ ਹੁੰਦਾ ਤਾਂ ਬੜਾ ਦੁਖ ਪਾਉਂਦੀ। ਉਸਨੇ ਤੇਰਾ ਬਚਨ ਨਹੀਂ ਸੀ ਮੰਨਣਾ। ਖੋਟਿਆਂ ਪੁਰਖਾਂ ਕਾ ਸੰਗ ਕਰਨਾ ਸੀ। ਅਸੀਂ ਉਸ ਕੋ ਕੈਹਣਾ ਸੀ, ਉਸਨੇ ਮੰਨਣਾ ਨਹੀਂ ਸੀ। ਸਗੋਂ ਹੋਰ ਦੁਖ ਖੜਾ ਹੋਇ ਜਾਣਾ ਸੀ। ਹੁਣ ਖਾਲਸਾ ਸਾਡਾ ਬਚਨ ਮੰਨਦਾ ਹੈ ਜਿਵੇਂ ਅਸੀਂ ਆਖਦੇ ਹਾਂ। ਏਹ ਸਾਡੇ ਪੁੱਤਰ ਹੈਨ। ਜੋ ਸੁਖ ਸਾਨੂੰ ਪੁੱਤਰਾਂ ਨੇ ਦੇਣਾ ਸੀ ਸੋ ਸੁਖ ਸਾਨੂੰ ਖਾਲਸਾ ਦੇਵੇਗਾ।

## ਆਪ ਸਰਬ ਕੇ ਠਾਕੁਰ ਹੋ

ਬਾਬੇ ਜੱਸਾ ਸਿੰਘ ਕੋ ਏਕ ਦਿਨ ਬਚਨ ਕੀਤਾ ਬਾਬਾ ਤੂੰ ਸਰ੍ਹਾਣੇ ਬੈਠ। ਬਾਬੇ ਜੀ ਕਹਾ ਕਿ ਮੈਂ ਸਰ੍ਹਾਣੇ ਕੀ ਲਾਇਕ ਨਹੀਂ ਹਾਂ, ਸਰ੍ਹਾਣੇ ਕੀ ਤਰਫ਼ ਤੁਸੀਂ ਬੈਠੋ। ਗੁਰੂ ਜੀ ਬਚਨ ਕੀਤਾ ਤੂੰ ਸਾਡਾ ਪਿਤਾ ਹੈਂ ਅਸੀਂ ਤੇਰੇ ਪੁੱਤਰ ਹਾਂ। ਬਾਬੇ ਜੀ ਕਹਾ ਤਦ ਮੈਂ ਕਹਿੰਦਾ ਸੀ ਜਦ ਮੈਨੂੰ ਖ਼ਬਰ ਨਹੀਂ ਸੀ। ਹੁਣ ਮੈਨੂੰ ਜਣਾਈ ਹੈ। ਤੁਸੀਂ ਪੈਹਲੇ ਸੇ ਏਹੀ ਸਾਂਗ ਕਰਦੇ ਆਏ ਹੋ। ਤੁਸੀਂ ਬੇਅੰਤ ਹੋ। ਜਨਮ ਮਰਨ ਮੇਂ ਨਹੀਂ ਆਉਂਦੇ ਹੋ। ਮੈਨੂੰ ਤਾਂ ਮਾਲੂਮ ਹੈ ਜਿਵੇਂ ਆਪ ਨੇ ਅਵਤਾਰ ਧਾਰਿਆ ਹੈ। ਆਪ ਸਰਬ ਕੇ ਠਾਕੁਰ ਹੋ।

ਏਕ ਸਮੇਂ ਗਿਆਨ ਸਿੰਘ ਨੇ ਅਰਜ਼ ਕੀਤੀ ਜੀ ਸਿੰਘ ਆਪ ਕੋ ਕਿਤਨੇ ਕੁ ਪਿਆਰੇ ਹੈਨ। ਬਚਨ ਕੀਤਾ ਸਾਡੀ ਦੇਹ ਸੇ ਸਾਨੂੰ ਸਿੰਘ ਪਿਆਰੇ ਹੈਂ। ਅਸੀਂ ਸਿੰਘਾਂ ਕੋ ਬਡੀਆਂ ਦਾਤਾਂ ਬਖਸ਼ੀਆਂ ਹੈਂ। ਜੇਕਰ ਦਾਣੇ ਮੋਤੀਆਂ ਕੇ ਤੁਲ ਹੋ ਜਾਣ, ਸਾਡਾ ਸਿੰਘ ਤਦ ਭੀ ਭੁੱਖਾ ਨਹੀਂ ਮਰੇਗਾ। ਸਿੰਘਾਂ ਆਖਿਆ ਜੋ ਸਾਕ ਸਰਬੰਧ ਮੈਂ ਫਸਿਆ ਰਹਿ ਜਾਊਗਾ ਉਸਕਾ ਕੀ ਹਾਲ? ਸਤਿਗੁਰੂ ਜੀ ਬਚਨ ਕੀਤਾ ਚਾਹੇ ਕੈਸਾ ਹੈ ਜਿਸ ਨੇ ਭਜਨ ਲਿਆ ਹੈ ਸੋ ਨਗਰ ਕੋ ਰੱਖ ਲਵੇਗਾ।

ਏਕ ਸਿੰਘ ਦਰਸ਼ਨ ਕੋ ਆਉਂਦਾ ਸੀ। ਰਸਤੇ ਮੇਂ ਉਸਨੇ ਏਕ ਜਨਾਨੇ ਸਰੀਰ ਕੋ ਮਸ਼ਕਰੀ ਕੀਤੀ। ਜਾਂ ਰਾਮਦਾਸ ਪੁਰੇ ਮੈ ਆਇਆ, ਤਾਂ ਅਗੇ ਸ੍ਰੀ ਸਤਿਗੁਰੂ ਜੀ ਵਹੀ ਕੱਢੀ ਬੈਠੇ ਹੈਂ। ਅੰਤਰਯਾਮੀ ਗੁਰੂ ਜੀ ਨੇ ਉਸ ਸਿੱਖ ਕੋ ਔਂਦੇ ਕੋ ਹੀ ਬਚਨ ਕੀਤਾ ਪਰਾਈ ਇਸਤਰੀ ਕੋ ਮਸ਼ਕਰੀ ਨਹੀਂ ਕਰਨੀ ਚਾਹੀਦੀ। ਪਰਾਈ ਇਸਤਰੀ ਕੋ ਧੀ ਭੈਣ ਸਮਝਣਾ ਚਾਹੀਦਾ ਹੈ। ਸਿੰਘ ਦਿਲ ਵਿੱਚ ਸ਼ਰਮਿੰਦਾ ਹੋਇਆ ਕਿ ਮੈਂ ਮਸ਼ਕਰੀ ਤਾਂ ਜਰੂਰ ਕੀਤੀ ਸੀ। ਗੁਰੂ

ਅੰਤਰਯਾਮੀ ਹੈਂ ਦਿਲ ਦੀਆਂ ਜਾਨਣ ਵਾਲੇ ਹੈਂ। ਐਸਾ ਸ਼ਰਮਿੰਦਾ ਹੋਇਆ ਕਿ ਸਿੰਘ ਕੋ ਧਰਤੀ ਵੇਹਲ ਨਾ ਦੇਵੇ।

## ਨਿਸਚਾ ਪੱਕਾ ਹੋਇਆ

ਏਕ ਸਿੰਘ ਨੇ ਸੰਕਲਪ ਧਾਰਿਆ ਕਿ ਜੇਕਰ ਮੈਨੂੰ ਸ੍ਰੀ ਸਤਿਗੁਰੂ ਜੀ ਆਪ ਛਕਾਉਣਗੇ ਤਾਂ ਮੈਂ ਛਕਾਂਗਾ। ਪੈਹਲੇ ਤਾਂ ਗੁਰੂ ਜੀ ਨੇ ਦੁੱਧ ਦਾ ਛੱਨਾਂ ਪਿਲਾਇਆ, ਫੇਰ ਆਪ ਪ੍ਰਸ਼ਾਦ ਛਕਾਇਆ ਤਾਂ ਸਿੰਘ ਨੇ ਛਕਿਆ। ਫੇਰ ਏਹ ਸੰਕਲਪ ਕੀਤਾ ਕਿ ਮੈਨੂੰ ਰਜਾਈ ਆਪ ਦੇਣ ਤਾਂ ਮੈਂ ਲਵਾਂਗਾ। ਏਸੇ ਤਰ੍ਹਾਂ ਗੁਰੂ ਜੀ ਨੇ ਸਿੰਘ ਕੋ ਆਪ ਰਜਾਈ ਦਿੱਤੀ। ਸਿੰਘ ਕਾ ਨਿਸਚਾ ਪੱਕਾ ਹੋਇਆ। ਮਨ ਮੇਂ ਨਿਸਚਾ ਕਰ ਲਿਆ ਕਿ ਏਹ ਅਕਾਲ ਪੁਰਖ ਹੈਨ, ਘਟ ਘਟਕੇ ਬਾਸੀ ਹੈਨ।

## ਨਿਸ਼ਾਨੀ ਤੁਰੀ ਆਉਂਦੀ ਹੈ

ਏਕ ਸਮੇਂ ਰਾਮਦਾਸਪੁਰੇ ਸਾਹਿਬ ਮੇਂ ਬੈਠੇ ਸੇ। ਪੈਰ ਦੀ ਚੀਚੀ ਉਂਗਲੀ ਦਬਾਈ। ਚੀਚੀ ਚੋਂ ਲਹੂ ਕੇ ਤੁਬਕੇ ਡਿੱਗੇ। ਮੁਖ ਸੇ ਬਚਨ ਕੀਤਾ ਅਜੇ ਨਿਸ਼ਾਨੀ ਨਹੀਂ ਜਾਂਦੀ, ਨਾਲ ਹੀ ਤੁਰੀ ਆਉਂਦੀ ਹੈ। ਸਿੰਘਾਂ ਕੇ ਪੁਛਣੇ ਤੇ ਬਚਨ ਕੀਤਾ ਜਦ ਗੁਰੂ ਨਾਨਕ ਦੇਵ ਜੀ ਗੁਰਿਆਈ ਦੇਣ ਦੇ ਵਕਤ ਚਰਨੀਂ ਹੱਥ ਲਾਇਆ ਤਾਂ ਅੰਗਦ ਜੀ ਬਚਨ ਕੀਤਾ ਇਹ ਪੈਰ ਕੋਹੜੀ ਹੋ ਜਾਣ ਜਿਨ੍ਹਾਂ ਕੋ ਗੁਰੂ ਜੀ ਹੱਥ ਲਾਇਆ ਹੈ। ਗੁਰੂ ਨਾਨਕ ਦੇਵ ਜੀ ਬਚਨ ਕੀਤਾ ਅੱਛਾ ਤੇਰਾ ਬਚਨ ਬੀ ਖਾਲੀ ਨਹੀਂ ਜਾਂਦਾ। ਪੈਰ ਪਰ ਨਿਸ਼ਾਨੀ ਰਹਿਆ ਕਰੇਗੀ, ਸੋ ਨਿਸ਼ਾਨੀ ਹੈ।

ਏਕ ਮੁਸਲਮਾਨ ਗਊ ਲਈ ਜਾਂਦਾ ਸੀ। ਸ੍ਰੀ ਸਤਿਗੁਰੂ ਜੀ ਸੱਦ ਲਿਆ। ਮੰਜੇ ਪਰ ਬਿਠਾਇਆ। ਹੁਕਮ ਹੋਇਆ ਨਿਸਾਸਤੇ ਕੀਆਂ ਪਿੰਨੀਆਂ ਲਿਆਇਕੇ ਦੇਵੋ। ਸਿੰਘਾਂ ਨੇ ਹੁਕਮ ਮੰਨਕੇ ਲਿਆਇ ਦਿੱਤੀਆਂ। ਤੁਰਕ ਕੈਹਣੇ ਲਗਾ ਜੀ ਪਿੰਨੀਆਂ ਮੇਂ ਬੜੀ ਲੱਜਤ ਹੈ। ਸਤਿਗੁਰੂ ਜੀ ਬਚਨ ਕੀਤਾ ਸੂਰ ਖਾਣੇ ਕੀ ਭੀ ਬੜੀ ਲੱਜਤ ਹੈ। ਸ਼ਰਮਿੰਦਾ ਹੋਇਕੇ ਚਲਾ ਗਿਆ। ਗਊ ਛਡਾਇ ਲਈ। ਏਕ ਸਮੇਂ ਫੰਦਕ ਮਿਲੇ। ਫੰਦਕਾਂ ਕੋ ਗਾਲ਼ਾਂ ਕੱਢੀਆਂ। ਬਚਨ ਕੀਤਾ ਪਾਪੀਓ ਲੋਕੋ ਜੀਆਂ ਕੋ ਫਸਾਂਮਦੇ ਹੋ ਤੇ ਵੇਚਦੇ ਹੋ। ਐਸਾ ਪਾਪ ਕਿੱਥੇ ਤਰੇਗਾ। ਲੇਖਾ ਦੇਣਾ ਪਵੇਗਾ।

## ਪਊਇਆਂ ਕਾ ਮੰਤਰ

ਏਕ ਸਾਧ ਨੇ ਆਇ ਪੁੱਛਿਆ ਜੀ ਪਊਇਆਂ ਕਾ ਕੀ ਮੰਤਰ ਹੈ? ਬਚਨ ਕੀਤਾ ਜੋੜੇ ਵਾਲੇ ਪੈਰ ਧੋ ਕੇ ਪਊਇਆਂ ਪਰ ਧਰਨੇ ਚਾਹੀਏ। ਲੰਗਰ ਕੇ ਵੇਲੇ ਜਾਂ ਪਾਠ ਕਰਨ ਵੇਲੇ ਪਊਏ ਹਾਜ਼ਰ ਰੱਖਣੇ ਚਾਹੀਏ। ਪਊਇਆਂ ਕੋ ਗੰਦੀ ਮੰਦੀ ਜਗ੍ਹਾ ਨਾ ਲਜਾਵੇ। ਇਸ਼ਨਾਨ ਕਰਨ ਵੇਲੇ ਪਊਏ ਪਾਣੇ। ਲਾਂਗਰੀ ਸਿੰਘ ਬਗੈਰ ਪਊਇਆਂ ਤੇ ਬਾਹਰ ਨਾ ਨਿਕਲੇ। ਪਊਇਆਂ ਕਾ ਏਹ ਮੰਤਰ ਹੈ। ਸਾਧ ਚੁਪ ਕਰ ਗਿਆ, ਫੇਰ ਨਹੀਂ ਬੋਲਿਆ।

ਸ੍ਰੀ ਸਤਿਗੁਰੂ ਜੀ ਪੈਹਲੇ ਪਊਇਆਂ ਕੀ ਕਤਾ ਚਰਨ ਦਾਸ ਸਾਧੂ ਸੇਹ ਪਿੰਡ ਵਾਲੇ ਕੋ ਦੱਸੀ ਔਰ ਕਛਹਿਰੇ ਕੀ ਕਾਟ ਸ਼ਾਮ ਸਿੰਘ ਦਰਜੀ ਫ਼ਲੌਰ ਵਾਲੇ ਕੋ ਆਪ ਦੱਸੀ।

## ਪਾਪ

ਏਕ ਸਰਦਾਰਨੀ ਆਈ। ਕੈਹਣ ਲੱਗੀ ਮੈਨੂੰ ਸੱਤ ਬਰਸ ਹੋਏ ਹੈਂ ਰੰਡੀ ਹੋਈ ਨੂੰ। ਐਨੇ ਕੈਹਣੇ ਸੇ ਅੰਤਰਯਾਮੀ ਗੁਰੂ ਜੀ ਬਚਨ ਕੀਤਾ ਪੰਜ ਦਿਨ ਹੋਏ ਹੈਂ ਤੈਨੂੰ ਵਿਸ਼ਾ ਭੋਗੇ ਨੂੰ। ਫੇਰ ਕੈਹਣ ਲਗੀ ਜੀ ਨਹੀਂ ਮੈਨੂੰ ਤਾਂ ਸੱਤ ਬਰਸ ਹੋਏ ਹੈਂ। ਬਚਨ ਕੀਤਾ ਝੂਠੀਏ ਤੂੰ ਫ਼ਲਾਣੇ ਪੁਰਖ ਨਾਲ ਨਹੀਂ ਰੈਂਹਦੀ? ਤੈਂ ਉਸ ਨਾਲ ਪੰਜਵੇਂ ਦਿਨ ਭੋਗ ਕੀਤਾ ਹੈ। ਜੋ ਤੈਨੇ ਗਰਭ ਗਿਰਾਏ ਹੈਨ ਉਨ੍ਹਾਂ ਕਾ ਪਾਪ ਕਦੇ ਨਹੀਂ ਉਤਰਨਾ। ਗਰਭ ਕਾ ਗਿਰਾਵਣਾ ਮਹਾਂ ਪਾਪ ਹੈ। ਅੰਤਰਯਾਮੀ ਜੀ ਕੇ ਬਚਨ ਸੁਣਕੇ ਫੇਰ ਨਹੀਂ ਬੋਲੀ।

## ਲੂਟ ਲੈ ਗਏ

ਏਕ ਰੰਗੀ ਰਾਮ ਬੈਰਾਗੀ ਸਾਧ ਵੱਡੀ ਨੀਲੋਂ ਮੇਂ ਰਹਿੰਦਾ ਸੀ। ਰਾਮ ਰਾਮ ਕਾ ਸਿਮਰਨ ਕਰਦਾ ਹੁੰਦਾ ਸੀ। ਉਸਕਾ ਵਾਕ ਭੀ ਪੂਰਾ ਹੋਇ ਜਾਂਦਾ ਸੀ। ਮੇਲਾ ਭੀ ਲਵਾਉਂਦਾ ਸੀ। ਸ੍ਰੀ ਸਤਿਗੁਰੂ ਜੀ ਜਾਇਕੇ ਉਸਕੇ ਪੈਰੀਂ ਹੱਥ ਲਾਇਆ ਤਾਂ ਸਾਧ ਬੋਲਿਆ ਕਿ ਲੂਟ ਲੈ ਗਿਆ ਹੈ। ਏਹੀ ਕਹੇ ਲੂਟ ਲੈ ਗਿਆ ਹੈ। ਬਾਬਾ ਲੂਟ ਲੈ ਗਏ ਮੈਨੂੰ। ਸਤਿਗੁਰੂ ਜੀ ਸੱਤਿਆ ਕੱਢਕੇ ਲੈ ਆਏ। ਲੋਕ ਮੰਨਣੋਂ ਹੱਟ ਗਏ ਰੰਗੀ ਰਾਮ ਕੋ। ਫੇਰ ਨਹੀਂ ਉਸ ਕਾ ਮੇਲਾ ਲੱਗਿਆ।

ਭੂਪ ਸਿੰਘ ਕੁਸੇਵਾਲਾ ਜ਼ਿਲਾ ਫ਼ਿਰੋਜਪੁਰੇ ਦਰਸ਼ਨ ਕੋ ਆਇਆ। ਆਇਕੇ ਚਰਨਾਂ ਪਰ ਮੱਥਾ ਟੇਕ ਕੇ ਫਤੇ ਬੁਲਾਈ। ਗੁਰੂ ਜੀ ਮੇਹਰਬਾਨ ਹੋ ਕੇ ਬਚਨ ਕੀਤਾ ਨਵਾਂ ਕੋਈ ਨਹੀਂ ਆਇਆ। ਸਭ ਪਹਿਲੇ ਕੇ ਹੀ ਆਇ ਆਇ ਮਿਲੇ ਹੈਨ।

## ਅਕਾਲ ਪੁਰਖ ਦੇ ਰੰਗ

ਮੰਗਲ ਸਿੰਘ ਸਰਦਾਰ ਨੇ ਅਰਜ਼ ਕੀਤੀ ਜੀ ਸਭ ਸੰਗਤ ਮੰਗਵਾਇ ਲਵੋ, ਨਾਲੇ ਹਾਥੀ ਲਿਆਵੀਏ। ਤੁਸੀਂ ਹਾਥੀ ਪਰ ਚੜ੍ਹੋ ਅਤੇ ਅੱਗੇ ਧੌਂਸਾ ਵਜਦਾ ਜਾਵੇ। ਫ਼ੌਜਾਂ ਕੇ ਨਗਾਰੇ ਵਜਦੇ ਜਾਵਣ। ਪਟਿਆਲੇ ਕੇ ਵਿੱਚ ਦੀ ਲੰਘੀਏ ਜਿਓਂ ਕੁਰਛੇਤਰ ਮੇਂ ਦਲ ਗਿਆ ਸੀ। ਗੁਰੂ ਜੀ ਬਚਨ ਕੀਤਾ ਤੇਰੀ ਸੁਰਤੀ ਗੰਗਾ ਕੇ ਇਸ਼ਨਾਨ ਕੀ ਹੈ। ਮੰਗਲ ਸਿੰਘ ਨੇ ਕਹਿਆ ਇਸ਼ਨਾਨ ਕਰਨ ਕੀ ਥੋੜੀ ਹੈ ਅਤੇ ਰੰਗ ਦੇਖਣ ਕੀ ਬਹੁਤੀ ਹੈ। ਹਜ਼ੂਰ ਕੀ ਮੂਰਤ ਨਾਲ ਸਾਰੀ ਸੰਗਤ ਹੋਵੇ। ਸੰਗਤ ਕਾ ਦਲ ਬੱਧਾ ਜਾਵੇ ਤਾਂ ਮੇਰਾ ਚਿਤ ਦੇਖਕੇ ਖੁਸ਼ ਹੋਵੇ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਇਸ ਰੰਗ ਕਾ ਕੀ ਦੇਖਣਾ ਹੈ? ਉਸ ਤੇ ਉਰੇ ਉਰੇ ਅਕਾਲ ਪੁਰਖ ਰੰਗ ਵਧ ਕੇ ਦਿਖਾਵੇਗਾ। ਮੰਗਲ ਸਿੰਘਾ ਭਾਈਚਾਰਾ ਕਾਹਲੀਆਂ ਕਰਦਾ ਹੈ। ਬੰਦੂਕ ਕੀ ਮਾਰ ਸੌ ਕਰਮ ਤੱਕ ਅਤੇ ਤੋਪ ਕੀ ਮਾਰ ਕੋਹ ਤੱਕ। ਭਜਨ ਕੀ ਮਾਰ ਬੇਅੰਤ ਕੋਹਾਂ ਤੱਕ ਹੈ। ਐਥੇ ਬੈਠੇ ਹੀ ਭਜਨ ਕੇ ਪ੍ਰਤਾਪ ਸੇ ਬੇਅੰਤ ਕੋਹਾਂ ਤੱਕ ਮਾਰ ਕਰ ਸਕਦੇ ਹਾਂ, ਪਰ ਅਜੇ ਕਰਨੀ ਨਹੀਂ।

## ਏਹ ਮਨੁੱਖਾ ਸਰੀਰ ਕਿਵੇਂ ਮਿਲਿਆ ਹੈ

ਮੰਗਲ ਸਿੰਘ ਜਦ ਅਸੀਂ ਲੰਕਾ ਮਾਰੀ ਸੀ ਤਾਂ ਰਿੱਛਾਂ ਬਾਂਦਰਾਂ ਨਾਲ ਮਰਵਾ ਦਿੱਤੀ ਸੀ।

ਹੁਣ ਤਾਂ ਮਨੁੱਖ ਹੈਨ, ਸਿੰਘ ਸਜੇ ਹੋਏ ਸ਼ੇਰਾਂ ਸਮਾਨ। ਸੰਗਤ ਸਾਡੀ ਉਹੀ ਹੈ ਲੰਕਾ ਵਾਲੀ। ਮੰਗਲ ਸਿੰਘ ਨੇ ਪੁੱਛਿਆ ਜੀ ਏਨ੍ਹਾਂ ਕੋ ਮਨੁੱਖਾ ਸਰੀਰ ਕਿਵੇਂ ਮਿਲਿਆ ਹੈ? ਸ੍ਰੀ ਸਤਿਗੁਰੂ ਜੀ ਬਚਨ ਕੀਤਾ ਲਛਮਨ ਕੋ ਮੂਰਛਾ ਆਈ ਹੋਈ ਸੀ। ਹਨੂੰਮਾਨ ਕੋ ਰਾਮਚੰਦਰ ਜੀ ਬਚਨ ਕੀਤਾ ਬੈਦ ਲੈ ਕੇ ਆਓ ਲੰਕਾ ਸੇ। ਹਨੂੰਮਾਨ ਬੈਦ ਕੋ ਸੁੱਤੇ ਪਏ ਕੋ ਸਣੇ ਮੰਜੇ ਚੁੱਕ ਕੇ ਲੈ ਆਇਆ। ਉਸਨੇ ਆਖਿਆ ਕਿ ਦੋਹਣਾ ਪਰਬਤ ਪਰ ਬੂਟੀ ਹੈ। ਉਹ ਬੂਟੀ ਆਵੇ ਤਾਂ ਲਛਮਨ ਰਾਜੀ ਹੋਊ। ਉਸ ਪਰਬਤ ਕੇ ਰਸਤੇ ਮੈਂ ਤਿੰਨ ਚੌਕੀਆਂ ਹੈਨ। ਏਕ ਸ਼ਿਵਾਂ ਕੀ ਅਤੇ ਏਕ ਪਰੀਆਂ ਕੀ ਅਤੇ ਤੀਸਰੀ ਏਕ ਤਲਾ ਹੈ, ਉਸ ਮੈ ਤੰਦੂਆ ਹੈ। ਇਨ੍ਹਾਂ ਸੇ ਬਚ ਕੇ ਜਾਵੇ ਤਾਂ ਉਸ ਪਰਬਤ ਪਰ ਪਹੁੰਚੇ, ਉਥੋਂ ਔਸ਼ਧੀ ਲਿਆਵੇ ਤਾਂ ਲਛਮਨ ਰਾਜੀ ਹੋਵੇਗਾ।

ਰਾਮ ਚੰਦਰ ਜੀ ਦੁਖੀ ਹੋਏ ਹੋਏ ਸੇ ਕੈਹਣ ਲੱਗੇ ਐਸ ਵੇਲੇ ਭਾਈ ਭਰਥ ਚਾਹੀਦਾ ਸੀ। ਹਨੂੰਮਾਨ ਨੇ ਉਸ ਵੇਲੇ ਦਿਲ ਮੇਂ ਸਮਝਿਆ ਕਿ ਭਰਥ ਮੇਰੇ ਤੇ ਬਲੀ ਹੋਣਾ ਹੈ। ਰਾਮ ਚੰਦਰ ਜੀ ਨੇ ਫੇਰ ਹਨੂੰਮਾਨ ਕੋ ਹੀ ਅਧੀਨਗੀ ਸੇ ਆਖਿਆ ਬਈ ਹਨੂੰਮਾਨ ਤੂੰ ਬੜਾ ਜੋਧਾ ਬਲੀ ਹੈਂ, ਤੂੰ ਸੰਜੀਵਨੀ ਬੂਟੀ ਲਿਆਓ। ਹਨੂੰਮਾਨ ਬਚਨ ਮੰਨਕੇ ਚਲਾ ਗਿਆ। ਬਲੀ ਸੀ, ਸਾਰੀਆਂ ਚੌਕੀਆਂ ਟੱਪਕੇ ਸੰਜੀਵਨੀ ਬੂਟੀ ਵਾਲਾ ਪਹਾੜ ਜਾਇ ਟੋਲਿਆ। ਅੱਗੇ ਕੀ ਦੇਖੇ ਸਾਰੀਆਂ ਬੂਟੀਆਂ ਮਸ਼ਾਲਾਂ ਵਾਂਗੂੰ ਜਲਦੀਆਂ ਹੈਨ। ਬੂਟੀ ਦੀ ਹਨੂੰਮਾਨ ਕੋ ਕੋਈ ਪਹਿਚਾਨ ਨਾ ਆਈ ਤਾਂ ਹਨੂੰਮਾਨ ਨੇ ਉਹ ਬੂਟੀਆਂ ਵਾਲਾ ਪਰਬਤ ਹੀ ਚੁਕ ਲਿਆ।

ਹਨੂੰਮਾਨ ਉੱਡਿਆ ਜਾਏ। ਜਾਂ ਅਜੁਧਿਆ ਕੇ ਉਪਰੋਂ ਦੀ ਲੰਘਿਆ ਤਾਂ ਭਰਥ ਨੇ ਸਮਝਿਆ ਕਿ ਅਕਾਸ਼ ਮੇਂ ਦੈਂਤ ਕੋਈ ਉਡਿਆ ਜਾ ਰਿਹਾ ਹੈ। ਭਰਥ ਨੇ ਹਨੂੰਮਾਨ ਕੋ ਬਾਣ ਮਾਰਿਆ। ਬਾਣ ਲਗਣੇ ਸੇ ਹਨੂੰਮਾਨ ਕੇ ਮੂੰਹ ਸੇ ਰਾਮ ਰਾਮ ਕਾ ਆਵਾਜਾ ਆਇਆ। ਰਾਮ ਰਾਮ ਸੁਣ ਕੇ ਭਰਥ ਨੇ ਸਮਝਿਆ ਕਿ ਏਹ ਤਾਂ ਕੋਈ ਰਾਮ ਚੰਦਰ ਜੀ ਕਾ ਭਗਤ ਮਾਰਿਆ ਗਿਆ ਹੈ। ਫੇਰ ਅਫ਼ਸੋਸ ਕਰੇ, ਤਾਂ ਹਨੂੰਮਾਨ ਨੇ ਮਚਲਾ ਹੋ ਕੇ ਆਖਿਆ ਅਬ ਮੈਂ ਲੰਕਾ ਜੁਧ ਭੂਮੀ ਨਹੀਂ ਜਾ ਸਕਦਾ। ਹਮਾਰੇ ਸਖ਼ਤ ਚੋਟ ਲਗੀ ਹੈ ਤੁਮਾਰੇ ਤੀਰ ਕੀ। ਭਰਥ ਏਹ ਬਾਤ ਸੁਣਕੇ ਬੜਾ ਦੁੱਖੀ ਹੋਇਆ ਕਿ ਰਾਮ ਚੰਦਰ ਜੀ ਮੈਨੂੰ ਕੀ ਕੈਹਣਗੇ ਕਿ ਸਾਨੂੰ ਮੁਸੀਬਤ ਮੇਂ ਭਰਥ ਨੇ ਸੁੱਖ ਦੀ ਜਗਾ ਦੁੱਖ ਦਿੱਤਾ। ਐਸੇ ਸੋਚ ਕੇ ਭਰਥ ਹਨੂੰਮਾਨ ਕੋ ਕਹਿਣੇ ਲਗਾ ਕਿ ਹਨੂੰਮਾਨ ਤੂੰ ਨਾਲੇ ਪਹਾੜ ਮੇਰੇ ਇਸ ਤੀਰ ਕੀ ਮੁਖੀ ਪਰ ਬੈਠ ਜਾਓ। ਮੈਨੂੰ ਦੱਸੋ ਕਿ ਲੰਕਾ ਕਿਧਰ ਹੈ, ਨਾਲੇ ਦੱਸੋ ਕਿ ਕਿਤਨੀ ਕੁ ਦੂਰ ਹੈ। ਕਿਤੇ ਐਸਾ ਨਾ ਹੋਵੇ ਕਿ ਲੰਕਾ ਥੀਂ ਦੂਰ ਜਾਇ ਡਿੱਗੋਂ। ਹਨੂੰਮਾਨ ਨੇ ਆਖਿਆ ਅੱਛਾ ਬਠਾਇ ਲੈ ਮੈਨੂੰ ਭੀ ਤੀਰ ਕੀ ਮੁਖੀ ਪਰ। ਭਰਥ ਕੈਹਣ ਲਗਾ ਦੱਸ ਚਲਾਇ ਦੇਵਾਂ ਤੀਰ?

ਹਨੂੰਮਾਨ ਕਾ ਹੰਕਾਰ ਟੁਟ ਗਿਆ ਕਿ ਐਸਾ ਬਲੀ ਜਿਸਨੇ ਮੈਨੂੰ ਨਾਲੇ ਪਹਾੜ ਕੋ ਚੁਕ ਲਿਆ ਹੈ ਤੀਰ ਕੀ ਮੁਖੀ ਪਰ। ਸੋ ਉਮੀਦ ਹੈ ਕਿ ਏਹ ਜ਼ਰੂਰ ਜੁਧ ਭੂਮੀਂ ਮੇਂ ਪੁਚਾਇ ਦੇਵੇਗਾ। ਚੋਟ ਤਾਂ ਕੋਈ ਜ਼ਿਆਦਾ ਨਹੀਂ ਸੀ। ਜਾਣ ਕੇ ਪਰਤਿਆਉਂਦਾ ਸੀ ਕਿ ਰਾਮ ਚੰਦਰ ਜੀ ਕਹਿੰਦੇ ਸੇ ਕਿ ਜੇਕਰ ਭਰਥ ਹੁੰਦਾ ਤਾਂ ਜਰੂਰ ਸ਼ੀਘਰ ਹੀ ਬੂਟੀ ਲੈ ਆਉਂਦਾ। ਸੋ ਹਨੂੰਮਾਨ ਨੇ ਪਰਤਾਇ ਲਿਆ ਕਿ ਜਰੂਰ ਏਹ ਮੇਰੇ ਨਾਲੋਂ ਭੀ ਬਲਵਾਨ ਹੈ। ਐਸੇ ਸਮਝ ਕੇ ਝੱਟ ਤੀਰ ਸੇ ਹੇਠਾਂ ਉਤਰ

ਕਰ ਕੈਹਨੇ ਲਗਾ ਜੀ ਮੈਂ ਆਪੇ ਚਲਿਆ ਜਾਊਂ। ਮੈਂ ਤਾਂ ਆਪ ਕਾ ਬਲ ਹਾੜਦਾ[1] ਸੀ। ਐਸਾ ਕਹਿਕੇ ਹਨੂੰਮਾਨ ਰਾਮ ਰਾਮ ਕਹਿਕੇ ਚਲਿਆ ਗਿਆ। ਰਾਤੋ ਰਾਤ ਰਾਮ ਚੰਦਰ ਜੀ ਪਾਸ ਪਹੁੰਚ ਗਿਆ ਅਤੇ ਬੂਟੀ ਮਲਕੇ ਉਸਕਾ ਪਾਣੀ ਲਛਮਣ ਕੇ ਮੂੰਹ ਮੇਂ ਪਾਇਆ ਤੇ ਲਛਮਣ ਰਾਜੀ ਹੋਇ ਗਿਆ, ਰਾਮ ਰਾਮ ਕਰਕੇ ਜਾਗ ਪਿਆ। ਰਾਮ ਚੰਦਰ ਜੀ ਹਨੂੰਮਾਨ ਕੋ ਛਾਤੀ ਨਾਲ ਲਾਇਕੇ ਬਚਨ ਕੀਤਾ ਹਨੂੰਮਾਨ ਮੰਗ ਜੋ ਕੁਝ ਮੰਗਣਾ ਹੈ। ਜੋ ਮੰਗੇਂਗਾ ਸੋ ਦੇਵਾਂਗੇ। ਹਨੂੰਮਾਨ ਨੇ ਏਹ ਮੰਗਿਆ ਕਿ ਸੱਚੇ ਪਾਤਸ਼ਾਹ ਜੋ ਆਪ ਮਾਤ ਲੋਕ ਮੇਂ ਆਵੋ ਤਾਂ ਅਸੀਂ ਨਾਲ ਹੀ ਆਈਏ। ਜੇਕਰ ਬੈਕੁੰਠ ਕੋ ਜਾਵੋ ਤਾਂ ਨਾਲ ਜਾਈਏ। ਮੈਨੂੰ ਆਪਕਾ ਨਾਮ ਚੇਤੇ ਰਹੇ। ਏਹੀ ਵਰ ਮੰਗਿਆ ਸੀ ਤਾਂ ਮਨੁੱਖਾ ਸਰੀਰ ਮਿਲਿਆ ਹੈ। ਨਾਲ ਹੀ ਆਈਏ ਤੇ ਨਾਲ ਹੀ ਜਾਈਏ, ਏਹ ਵਰ ਪੂਰਾ ਕੀਤਾ ਹੈ। ਸੋ ਓਹੀ ਫ਼ੌਜ ਹੈ ਲੰਕਾ ਕੇ ਵਕਤ ਕੀ।

ਮੰਗਲ ਸਿੰਘ ਨੇ ਕਹਾ ਸੱਚੇ ਪਾਤਸ਼ਾਹ ਜੀ ਮੈਨੂੰ ਆਪ ਅਕਾਲ ਪੁਰਖ ਸਾਖ਼ਿਆਤ ਦਿਸਦੇ ਹੋ। ਗੁਰੂ ਜੀ ਬਚਨ ਕੀਤਾ ਅਕਾਲ ਪੁਰਖ ਤਾਂ ਨਹੀਂ ਪਰ ਜੈਸੇ ਰਪਟੀਆ ਸਰਕਾਰ ਕਾ ਛੱਡਿਆ ਹੋਇਆ ਹੁੰਦਾ ਹੈ ਤਿਸੀ ਤਰ੍ਹਾਂ ਅਸੀਂ ਵੀ ਹਾਂ। ਅਕਾਲ ਪੁਰਖ ਦੇ ਭੇਜੇ ਹੋਏ ਜੀਵਾਂ ਦੇ ਰਖਵਾਲੇ ਹੈਂ।

## ਹਾਲ ਫਕੀਰਾਂ ਦਾ ਕਹਿਣਾ

ਏਕ ਸਿੰਘ ਬਾਣੀ ਪੜਦਾ ਸੀ- ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾ ਦਾ ਕਹਿਣਾ। ਸਤਿਗੁਰੂ ਜੀ ਬਚਨ ਕੀਤਾ ਸਿੰਘ ਗਲਤ ਪੜ੍ਹਦਾ ਹੈ। ਦਸਵੇਂ ਪਾਤਸ਼ਾਹ ਜੀ ਇਉਂ ਉਚਾਰਿਆ ਹੈ- ਹਾਲ ਫਕੀਰਾਂ ਦਾ ਕਹਿਣਾ, ਕਿਉਂਕਿ ਗੁਰੂ ਜੀ ਨੇ ਫਕੀਰੀ ਵੇਸ ਧਾਰਿਆ ਹੋਇਆ ਸੀ।

## ਸਾਡੇ ਕੰਮੋਂ ਗਿਆ

ਮਾਲਵੇ ਮੈ ਭਜਨ ਦੇਣ ਵਾਸਤੇ ਬਾਬਾ ਜਵਾਹਰ ਸਿੰਘ ਗਿਆ।ਜਾਂ ਨਥਾਣੇ ਮੇਂ ਗਏ ਤਾਂ ਮੁੰਡੇ ਦਲੀਲਾਂ ਕਰਦੇ ਹੈਂ ਭਜਨ ਲੈਣ ਦੀਆਂ। ਹਰਨਾਮ ਸਿੰਘ[2] ਕੇ ਦਿਲ ਵਿੱਚ ਹੋਈ ਸਭ ਲੋਕ ਚਲੇ ਜਾਣਗੇ ਤਾਂ ਭਜਨ ਲਵਾਂਗਾ। ਏਕ ਨੀਵੀਂ ਜਾਤ ਕਾ ਆਇਆ। ਕੈਹਣੇ ਲਗਾ ਜੀ ਮੈਨੂੰ ਭਜਨ ਮਿਲੇ। ਹੁਕਮ ਹੋਇਆ ਇਸ਼ਨਾਨ ਕਰ ਆਓ ਸਣ ਕਪੜੀਂ। ਕੋਲ ਛਪੜੀ ਸੀ, ਝੱਟ ਇਸ਼ਨਾਨ ਕਰ ਮੁੜ ਆਇਕੇ ਭਜਨ ਲੈ ਲਿਆ। ਹਰਨਾਮ ਸਿੰਘ ਨੇ ਦੇਖਕੇ ਗੈਰਤ ਕੀਤੀ ਦਿਲ ਵਿੱਚ ਕਿ ਨੀਵੀਂ ਜਾਤ ਕੋ ਭੀ ਓਹੋ ਮੰਤਰ, ਅਸੀਂ ਨਹੀਂ ਲੈਂਦੇ ਹੈਂ। ਫੇਰ ਪੰਡਤ ਨਰੈਣ ਸਿੰਘ ਗਿਆ ਤਾਂ ਹਰਨਾਮ ਸਿੰਘ ਨੇ ਭਜਨ ਲਿਆ। ਜਾਂ ਕੰਨ ਵਿੱਚ ਸੁਣਿਆ ਤਾਂ ਸ਼ਾਂਤ ਆਈ। ਘਰ ਦੇ ਕਹਿਣ ਸਾਡੇ ਕੰਮੋਂ ਗਿਆ ਜੇੜ੍ਹਾ ਕੂਕਾ ਹੋਇ ਗਿਆ ਹੈ। ਪਤਾ ਨਹੀਂ ਕੀ ਕਲਾਮ ਸੁਣਾਇ ਕੇ ਮੋਹ ਲੈਂਦੇ ਹੈਂ?

---

1 ਨਾਮ ਦਾ।

2 ਪਿਤਾ ਸ੍ਰ: ਦੀਪ ਸਿੰਘ

## ਜਲ ਪਿਲਾਇਆ

ਏਕ ਸਮੇਂ ਅਕਾਲ ਬੁੰਗੇ ਭਜਨ ਕਰਦੇ ਸੀ ਸ੍ਰੀ ਸਤਿਗੁਰੂ ਜੀ। ਇਕ ਜੱਟ ਹਲ਼ ਵਾਹੁੰਦਾ ਸੀ, ਉਸਕੋ ਤੇਹ ਲੱਗੀ। ਪਾਣੀ ਪੀਣ ਆਇਆ। ਖੂਹ ਪਰ ਇਕ ਸਿੰਘ ਸੀ, ਉਸ ਤੇ ਜਲ ਮੰਗਿਆ। ਸਿੰਘ ਨੇ ਜਲ ਨਾ ਪਿਲਾਇਆ। ਸ੍ਰੀ ਸਤਿਗੁਰੂ ਜੀ ਹੱਲੇ ਨਾਲ ਆਇਕੇ ਉਸਨੂੰ ਜਲ ਪਿਲਾਇਆ। ਉਸ ਸਿੱਖ ਨੂੰ ਬਚਨ ਕੀਤਾ ਤੂੰ ਬੁਰੇ ਹਾਲ ਹੋਇਕੇ ਮਰੇਂਗਾ। ਉਸੇ ਰਾਤ ਨੱਠ ਕੇ ਚਲਾ ਗਿਆ। ਕੋਈ ਚਿਰ ਪਿੱਛੋਂ ਹੱਥਾਂ ਮੈ ਕਿਰਮ ਪੈ ਕੇ ਮੋਇਆ ਬੁਰੇ ਹਾਲੀਂ।

ਸ੍ਰੀ ਸਤਿਗੁਰੂ ਜੀ ਕਾ ਏਹ ਸੁਭਾਓ ਸੀ ਕਿ ਬਾਹਰ ਜਾਣਾ ਤਾਂ ਜਲ ਕਾ ਗੜਵਾ ਭਰ ਕੇ ਨਾਲ ਲੇ ਜਾਣਾ। ਜੇ ਕੋਈ ਹਲ਼ ਵਾਹੁਣ ਵਾਲਾ ਤਿਹਾਇਆ ਹੋਵੇ ਤਾਂ ਉਸਨੂੰ ਜਲ ਪਿਲਾ ਦੇਣਾ। ਆਪ ਹੋਰ ਭਰ ਕੇ ਲੈ ਜਾਣਾ। ਉਸ ਦਾ ਹਾਲ ਹਵਾਲ ਬੀ ਪੁੱਛਣਾ, ਦੁਖ-ਸੁਖ ਕੀ ਬਾਰਤਾ ਪੁੱਛਣੀ।

ਏਕ ਦਿਨ ਹਰਿਮੰਦਰ ਮੈ ਬੈਠੇ ਸੀ ਸ੍ਰੀ ਸਤਿਗੁਰੂ ਜੀ। ਇਕ ਇਸਤਰੀ ਨੇ ਆਇਕੇ ਅਰਜ਼ ਕੀਤੀ ਜੀ ਜੇਕਰ ਮੇਹਰ ਕਰੋ ਤਾਂ ਔਲਾਦ ਹੋ ਜਾਏ। ਸਤਿਗੁਰੂ ਜੀ ਬਚਨ ਕੀਤਾ ਵੱਡਾ ਪ੍ਰਵਾਰ ਗੁਰੂ ਕਾ ਨਾਮ ਹੈ। ਨਾਮ ਬਿਨਾ ਹੋਰ ਮੰਗਣਾ ਸਿਰ ਦੁਖਾਂ ਦੇ ਦੁਖ ਹੈ।

ਚੌਧੇ ਥੀਂ ਲੈ ਕੇ ਚੋਵੀਏ ਤਾਈਂ ਮਨ ਅਫੁਰ ਰਿਹਾ। ਨਾਮ ਕਾ ਹੀ ਫੁਰਨਾ ਫੁਰੇਦਾ ਸੀ। ਭਜਨ ਬਾਣੀ ਬਿਨਾ ਕੁਛ ਅੱਛਾ ਨਹੀਂ ਸੀ ਲਗਦਾ। ਪੱਚੀਏ ਸਾਲ[1] ਮੇਂ ਏਕ ਸਿੰਘ ਨੇ ਅਰਜ਼ ਕੀਤੀ ਜੀ ਭਜਨ ਕਰਦਿਆਂ ਮਨ ਨਿਕਲ ਜਾਂਦਾ ਹੈ, ਅੱਗੇ ਨਹੀਂ ਸੀ ਨਿਕਲਦਾ। ਮਨ ਹੁਣ ਫੁਰਦਾ ਹੈ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਅੰਦਰ ਕੀ ਅਰਜ਼ ਸ਼ਤਾਬੀ ਸੁਣਦਾ ਹੈ ਗੁਰੂ। ਬਾਹਰ ਕੀ ਛੇਤੀ ਨਹੀਂ ਸੁਣਦਾ। ਜੋ ਅਰਜ਼ ਕਰਨੀ ਹੋਵੇ ਤਾਂ ਅੰਦਰੋਂ ਅਰਜ਼ ਕਰੋ। ਫੇਰ ਬਚਨ ਕੀਤਾ ਮਨ ਕੀ ਤਾ ਧੁਆਨੂੰ ਖ਼ਬਰ ਹੋਈ ਹੈ, ਹੋਰ ਕੋ ਤਾ ਮਨ ਕੀ ਬੀ ਖ਼ਬਰ ਨਹੀਂ।

ਏਕ ਸਮੇਂ ਬਹੁਤ ਸਿੰਘ ਮੁੱਠੀਆਂ ਭਰਨ ਲਗੇ। ਸਰੀਰ ਲੰਬਾ ਕਰੀ ਗਏ ਗੁਰੂ ਜੀ ਜੈਸੇ ਰਾਜਾ ਬਲ ਕੇ ਘਰ ਪਰ ਬਾਵਨ ਭਗਵਾਨ ਨੇ ਢਾਈ ਕਰਮਾਂ ਵਿੱਚ ਤਲੋਕੀ ਮਿਣ ਕਰ ਦਿਖਾਈ ਸੀ। ਜੇੜ੍ਹਾ ਆਵੇ ਮੁੱਠੀਆਂ ਭਰਨ ਲੱਗ ਜਾਵੇ। ਦੇਖਕੇ ਸਿੰਘ ਕਹਿੰਦੇ ਹੈਂ ਧੰਨ ਗੁਰੂ ਜੀ ਜਿਨ੍ਹਾਂ ਨੇ ਏਸ ਕਲੂਕਾਲ ਮੈ ਕਲਾ ਧਾਰੀ ਹੈ।

## ਭੰਨ ਕੇ ਘੜਨੀ ਹੈ

ਅਰਜ਼ ਕੀਤੀ ਸਿੰਘਾਂ ਨੇ ਜੀ ਅੱਗੇ ਤਾਂ ਚਿਤ ਦੀਆਂ ਬਿਰਤੀਆਂ ਨਾਮ ਨੂੰ ਜਪਦੀਆਂ ਸੀਆਂ। ਨਾਮ ਨੂੰ ਜੇਹੜੀ ਸੁਰਤੀ ਅੱਗੇ ਜਪਦੀ ਸੀ ਸੋ ਹੁਣ ਫੁਰਦੀ ਹੈ। ਕਾਮ ਕਰੋਧ ਕਾ ਫੁਰਨਾ ਅੱਗੇ ਨਾ ਸੀ ਫੁਰਦਾ, ਹੁਣ ਫੁਰਦਾ ਹੈ। ਸਿੰਘਾਂ ਕਹਿਆ ਜੀ ਅੱਗੇ ਭਜਨ ਬਾਣੀ ਕਰਕੇ ਅਰਦਾਸਾ ਕਰਨਾ, ਅੱਠੇ ਪਹਿਰ ਨਾਮ ਨੂੰ ਜਪਣਾ। ਹੁਣ ਕਈ ਤਰ੍ਹਾਂ ਕੇ ਫੁਰਨੇ ਫੁਰਦੇ ਹੈਂਨ।

1 ੧੯੨੫ ਬਿਕਰਮੀ, ੧੮੬੮ ਈਸਵੀ।

ਹੁਣ ਤਾਂ ਜੀ ਭਜਨ ਬਾਣੀ ਮੈ ਭੀ ਫੁਰਦਾ ਹੈ, ਅਰਦਾਸਾ ਕੀਤੇ ਥੀਂ ਪਾਛੇ ਭੀ ਫੁਰਦਾ ਹੈ। ਭਜਨ ਬਾਣੀ ਥੋੜਾ ਕਰਦੇ ਹੈਂ ਘਰ ਬਿਵਹਾਰ ਦੀਆਂ ਗੱਲਾਂ ਬਹੁਤ ਕਰਦੇ ਹੈਂ। ਅੱਗੇ ਬਿਵਹਾਰ ਕੀਆਂ ਗੱਲਾਂ ਨਾ ਸੇ ਕਰਦੇ, ਭਜਨ ਬਾਣੀ ਕਰਦੇ ਸੇ। ਹੁਣ ਕੀ ਹੋ ਗਿਆ ਹੈ? ਸ੍ਰੀ ਸਤਿਗੁਰੂ ਜੀ ਬਚਨ ਕੀਤਾ ਭੰਨ ਕੇ ਘੜਨੀ ਹੈ। ਹੁਣ ਐਸਾ ਹੀ ਸਮਾਂ ਹੈ। ਗੁਰੂ ਨਾਨਕ ਜੀ ਬਚਨ ਕੀਤਾ ਸੀ ਅਜਿਤਿਆ ਤੂੰ ਭੀ ਭੁਲ ਜਾਏਂਗਾ ਓਸ ਸਮੇਂ ਮੇਂ। ਗੁਰੂ ਨੂੰ ਚੋਰ ਯਾਰ ਕਹਿਣਗੇ। ਮਣ ਭਰ ਹੋਵੇਗੀ ਤਾਂ ਕਣ ਭਰ ਭੀ ਨਾ ਸੁਣਾਵਣਗੇ। ਸੋ ਸਮਾ ਅਜੇ ਆਉਂਣਾ ਹੈ।

## ਸੱਚ ਰਹਿ ਜਾਏਗਾ

ਕਿਸੇ ਕਿਸੇ ਦਿਨ ਗੁਰੂ ਜੀ ਨੇ ਮਸਤਾਨੇ ਹੋ ਕੇ ਵੈਣ ਪੌਣੇ। ਬਚਨ ਕਰਨਾ ਉੱਚੇ ਮੰਦਰਾਂ ਵਾਲਿਓ, ਨੱਥਾਂ ਲਾਹੋ ਜੀ ਸੁਹਾਗਣੋਂ, ਨੀ ਭਾਗਣੋਂ। ਡੰਡੀਆਂ ਡਬਿਆਂ ਵਿੱਚ ਪਾਇਕੇ ਰੱਖੋ ਨੀ ਸੁਹਾਗਣੋਂ ਨੀਂ ਭਾਗਣੋਂ। ਦੋ ਦੋ ਚੋਲੀਆਂ ਸੁਆਇ ਲਵੋ ਨੀ ਸੁਹਾਗਣੋਂ ਨੀ ਭਾਗਣੋਂ। ਬਿਪਤਾ ਪੈ ਗਈ ਵੇ ਉੱਚੇ ਮੰਦਰਾਂ ਵਾਲਿਓ। ਸਦ ਦੇ ਭਾਉ ਜਾ ਵੈਣ ਦੇ ਭਾਉ ਕਰਕੇ ਉਚਾਰਨਾ। ਲਾਠੀ ਉੱਤੇ ਬਸਤਰ ਪਾਇਕੇ ਖੜਾ ਕਰਕੇ ਬਚਨ ਕਰਨਾ ਰੂਸਾਂ ਕਾ ਨਿਸ਼ਾਨ ਖੜਾ ਕੀਤਾ ਹੈ। ਏਧਰੋਂ ਪੰਥ ਪੈਦਾ ਕੀਤਾ ਹੈ, ਓਧਰੋਂ ਰੱਛਿਆ ਕੇ ਵਾਸਤੇ ਰੂਸ ਚੜ੍ਹਾਕੇ ਆਂਦਾ ਹੈ। ਹੁਣ ਧੁਆਨੂੰ ਸੁਖ ਦੇਣਾ ਹੈ। ਸੁਖਾਂ ਕੇ ਗੱਡੇ ਹੋਣਗੇ। ਸਿੱਖੀ ਮੌਲੇ ਕੀ ਅਰ ਪੌਲੇ[1] ਕੀ ਹੋਵੇਗੀ। ਮੌਲੇ ਕੀ ਤਾਂ ਹੁਣ ਹੈ, ਜੇੜ੍ਹੇ ਆਪੇ ਆਇਕੇ ਭਜਨ ਸੁਣਦੇ ਹੋ। ਜੇੜ੍ਹੇ ਜ਼ੋਰ ਨਾਲ ਬਣਾਵਣੇ ਹੈਂ ਸੋ ਪੌਲੇ ਕੀ ਸਿੱਖੀ ਹੋਵੇਗੀ। ਹੋਰ ਕੋਈ ਕੰਮ ਨਹੀਂ ਕਰਨਾ ਹੈ। ਕੂੜ ਚੁੱਕਿਆ ਜਾਵੇਗਾ, ਸੱਚ ਰਹਿ ਜਾਵੇਗਾ।

## ਮੈਂ ਭੁਲ ਗਿਆ ਹਾਂ

ਏਕ ਸਮੇਂ ਸ੍ਰੀ ਸਤਿਗੁਰੂ ਜੀ ਮਦਾਨ ਗਏ। ਅੱਗੇ ਸੁਲਤਾਨ ਆਇ ਮਿਲਿਆ। ਨੀਲੀ ਬਰਦੀ ਪਹਿਰੀ ਹੋਈ ਸੀ। ਕੈਹਣੇ ਲਗਾ ਜੀ ਤੇਰੇ ਸਿੰਘ ਮੈਨੂੰ ਗਾਲ਼ਾਂ ਕਢਦੇ ਹੈਂ, ਹਟਾਇ ਲੈ ਨਹੀਂ ਤਾਂ ਗੱਡੇ ਕੇ ਹੇਠਾਂ ਸੁੱਟ ਕੇ ਮੀਣੇ ਬੈਲ ਕੋ ਮਾਰਾਂਗਾ। ਅਗਲੇ ਦਿਨ ਗੱਡਾ ਤੁਰਿਆ ਤਾਂ ਗੁਰੂ ਜੀ ਬਚਨ ਕੀਤਾ ਥੋੜਾ ਭਾਰ ਪਾਇਕੇ ਲੈ ਆਉਣਾ। ਕੁਦਰਤ ਨਾਲ ਗੱਡਾ ਪਾਸ ਮਾਰ[2] ਗਿਆ ਅਤੇ ਮੀਣਾ ਬੈਲ ਹੇਠਾਂ ਆਇ ਗਿਆ। ਖੁੰਢਾਂ ਦਾ ਗੱਡਾ ਭਰਿਆ ਹੋਇਆ ਸੀ। ਅਰਜ਼ ਕੀਤੀ ਜੀ ਮੀਣਾ ਬੈਲ ਹੇਠਾਂ ਆਇ ਗਿਆ ਹੈ। ਬਚਨ ਹੋਇਆ ਮਰਦਾ ਨਹੀਂ ਹੈ। ਹੌਲ਼ੀ ਹੌਲ਼ੀ ਖੁੰਢ ਉਤਾਰ ਲਵੋ। ਖੁੰਢ ਲਾਹੇ ਤਾ ਹੇਠਾਂ ਬੈਲ ਬੈਠਾ ਉਗਾਲੀ ਕਰਦਾ ਨਿਕਲ ਆਇਆ। ਅਗਲੇ ਦਿਨ ਸ੍ਰੀ ਸਤਿਗੁਰੂ ਜੀ ਮਦਾਨੇ ਗਏ ਤਾ ਫੇਰ ਮਿਲਿਆ ਸੁਲਤਾਨ। ਸਤਿਗੁਰੂ ਜੀ ਬਚਨ ਕੀਤਾ ਲਾਇ ਲਿਆ ਹੈ ਜ਼ੋਰ ਬੈਲ ਕੋ ਮਾਰਨੇ ਕਾ? ਚਰਨਾਂ ਉੱਤੇ ਡਿੱਗ ਪਿਆ। ਕਹਿਆ ਜੀ ਮੈਂ ਭੁਲ ਗਿਆ ਹਾਂ, ਮੈਂ ਜਾਣਦਾ ਨਹੀਂ ਸੀ। ਮੈਂ ਤਾਂ ਕੋਈ ਸਿੱਖ ਹੀ ਜਾਣਿਆ ਸੀ। ਹੁਣ ਜਾਣਿਆ ਤੁਸੀਂ ਅਕਾਲ ਪੁਰਖ ਹੋ। ਮੈਨੂੰ ਭੀ ਚਰਨਾਂ ਵਿੱਚ ਰੱਖੋ। ਮੈਂ ਤਾਂ ਚਰਨਾਂ ਵਿੱਚ ਹੀ ਰਹਾਂਗਾ।

1 ਜੁੱਤੀ ਦੇ ਜ਼ੋਰ ਨਾਲ।

2 ਪਲਟ ਗਿਆ।

ਕਿਸੇ ਨੇ ਮੁਠ ਚਲਾਈ। ਸ੍ਰੀ ਸਤਿਗੁਰੂ ਜੀ ਮਲ੍ਹੇਆਣਾ ਕੇ ਛੱਪੜ ’ਤੇ ਭਜਨ ਕਰਨ ਗਏ ਹੋਏ ਸੀ। ਵੱਡੀ ਸਾਰੀ ਇੱਟ ਗੁਰੂ ਜੀ ਸੇ ਫ਼ਰਕ ਨਾਲ ਆਇ ਪਈ। ਗੁਰੂ ਜੀ ਬਚਨ ਕੀਤਾ ਮੇਰੇ ’ਤੇ ਕਿਸੇ ਨੇ ਮੁਠ ਚਲਾਈ ਪਰ ਮੇਰੇ ਤਾਈਂ ਸ਼ਹੀਦ ਨਹੀਂ ਆਉਣ ਦੇਂਦੇ।

## ਸੇਵਾ ਕਰਨੀ ਉੱਤਮ ਹੈ

ਦਸ ਸਿੰਘ ਸੇ ਲੰਗਰ ਵਰਤਾਣੇ ਵਾਲੇ । ਏਕ ਸਿੰਘ ਹਰਨਾਮ ਸਿੰਘ, ਚਿਰਕਾ ਆਇਆ। ਅਰਜ਼ ਹੋਈ। ਉਸ ਥੀਂ ਪੁੱਛਿਆ ਤਾਂ ਉਸ ਨੇ ਕਹਿਆ ਕਿ ਮੈਂ ਤਾਂ ਪਾਂਚ ਗ੍ਰੰਥੀ ਬਾਣੀ ਪੜ ਕੇ ਔਂਦਾ ਹੁੰਦਾ ਹਾਂ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਸਾਡੇ ਊਠਾਂ ਗੱਡਿਆਂ ਵਾਲੇ ਸਿੰਘ ਮੂੰਹ ਵੀ ਨਹੀਂ ਧੋਂਦੇ ਹੈਂ, ਉਨ੍ਹਾਂ ਕੀ ਮੁਕਤ ਨਾ ਚਾਹੀਏ? ਪਾਂਚ ਗ੍ਰੰਥੀ ਬਾਣੀ ਪੜਨ ਵਾਲੇ ਕੀ ਮੁਕਤ ਹੋਈ ਚਾਹੀਏ, ਹੋਰ ਨਾ ਮੁਕਤ ਹੋਵੇ? ਸੇਵਾ ਕਰਨੀ ਭਜਨ ਬਾਣੀਂ ਥੀਂ ਉੱਤਮ ਹੈ।

## ਤੂੰ ਮੈਨੂੰ ਕੀ ਜਾਣਦੀ ਹੈਂ

ਪੱਚੀਏ ਸਾਲ[1] ਮੈਂ ਕਾਲ ਪੈ ਗਿਆ। ਗੁਰੂ ਜੀ ਬਚਨ ਕੀਤਾ ਦੋ ਮੋਟੇ ਪਰਸ਼ਾਦੇ ਕਰੜਾ ਦਾਲਾ ਦੇਈ ਜਾਓ। ਸਿੰਘ ਵਰਤਾਂਵਦੇ ਸੇ। ਮਾਈ ਜੱਸਾਂ ਜੀ ਸਿੰਘਾਂ ਦੇ ਕੋਲ ਆਇਕੇ ਕੈਹਣੇ ਲੱਗੀ ਕੋਈ ਕਿਤੋਂ ਦਾ ਕੋਈ ਕਿਤੋਂ ਦਾ, ਲੁਟਾਉਣ ਲੱਗੇ ਹੈ। ਸਿੰਘਾਂ ਕਹਿਆ ਅਸੀਂ ਸ੍ਰੀ ਸਤਿਗੁਰੂ ਜੀ ਦੇ ਹੁਕਮ ਨਾਲ ਵਰਤਾਂਵਦੇ ਹੈਂ। ਮਾਈ ਜੱਸਾਂ ਬੋਲੀ ਮੈਂ ਜਾਣਦੀ ਹਾਂ ਤੁਹਾਡੇ ਗੁਰੂ ਨੂੰ। ਏਤਨਾ ਬਚਨ ਸੁਣਕੇ ਹੱਲੇ ਨਾਲ ਨਿਕਲ ਆਏ ਸਤਿਗੁਰੂ ਜੀ। ਬਚਨ ਕੀਤਾ ਤੂੰ ਮੈਨੂੰ ਕੀ ਜਾਣਦੀ ਹੈਂ? ਸਫ਼ਾਜੰਗ ਲਿਆਓ ਅੰਦਰੋਂ ਮਾਰਨੇ ਕੋ। ਸਿੰਘਾਂ ਨੇ ਮਾਈ ਲੁਕਾਇ ਲਈ। ਕਈ ਬਚਨ ਕੀਤੇ ਤੇਜੀ ਮੈ ਹੋਇਕੇ।

## ਨਰਕਾਂ ਮੇਂ ਜਾਇ ਪਿਆ

ਮੰਦਰ ਮੇਂ ਸ੍ਰੀ ਗ੍ਰੰਥ ਸਾਹਿਬ ਪੜਦੇ ਹੈਂ ਗੁਰੂ ਜੀ। ਏਕ ਮੁਖ਼ਬਰ ਆਇਆ। ਦੇਖਕੇ ਗੁਰੂ ਜੀ ਬਚਨ ਕੀਤਾ ‘ਹੱਲਾ’। ਲੱਗੀ ਮਾਰ ਪੈਣ। ਲੱਤ ਮੁੱਕੀ ਮਾਰਨੇ ਕੋ ਉਸਕੇ ਪਿੰਡੇ ਪਰ ਜਗ੍ਹਾ ਨਾ ਦਿਸੇ। ਸਾਵਣ ਕੇ ਮੀਂਹ ਵਾਂਗੂੰ ਮਾਰ ਪਈ। ਗੁਰੂ ਜੀ ਹੁਕਮ ਦੀਆ ਬਸ, ਸਭ ਹਟ ਗਏ। ਜਿਨ੍ਹਾਂ ਦੀਆਂ ਉਘਰੀਆਂ ਸੀਆਂ ਓਥੇ ਹੀ ਹਟ ਗਏ। ਹੁਕਮ ਹੋਇਆ ਉਸ ਮੁਖ਼ਬਰ ਨੂੰ ਤੂੰ ਜਾਇਕੇ ਅਰਜ਼ੀ ਪਾਇਦੇ। ਉਸਨੇ ਜਾਇਕੇ ਅਰਜ਼ੀ ਪਾਈ ਕਿ ਮੈਨੂੰ ਰਾਮ ਸਿੰਘ ਨੇ ਕੁਟਵਾਇਆ ਹੈ ਸਿੰਘਾਂ ਕੋਲੋਂ, ਨਾਲੇ ਮੇਰੇ ਕੜੇ ਖੋਹ ਲਏ ਹਨ। ਉਹ ਸ੍ਰੀ ਗ੍ਰੰਥ ਸਾਹਿਬ ਪੜਦਾ ਸੀ। ਜਾਂ ਹਾਕਮ ਮੌਕਾ ਦੇਖਣ ਆਇਆ ਐਸੀ ਮਤ ਮਾਰੀ ਉਸ ਮੁਖ਼ਬਰ ਕੀ ਘੋੜਿਆਂ ਵਾਲੀ ਜਗ੍ਹਾ ਲਜਾਇ ਖੜਾ ਕੀਤਾ ਲਿੱਦ ਮੇਂ। ਸ੍ਰੀ ਸਤਿਗੁਰੂ ਜੀ ਕ੍ਰੋਧ ਹੋਇਕੇ ਧਰਤੀ ਪਰ ਦੁਹੱਥੜ ਮਾਰੀ ਤੇ ਬਚਨ ਕੀਤਾ ਜਿਸ ਦਿਨ ਅਸੀਂ ਕੜੇ ਲਾਹੁਣ ਲੱਗ ਪਏ ਤਾਂ ਧਰਤੀ ਗ਼ਰਕ ਹੋ ਜਾਏਗੀ। ਉਸੀ ਵਕਤ ਧਰਤੀ ਕੰਬੀ ਜੈਸੇ ਭੁਚਾਲ ਆਉਂਦਾ ਹੈ। ਧਰਤੀ ਕੰਬੀ ਦੇਖਕੇ ਉਸ ਮੁਖ਼ਬਰ ਨੂੰ ਹਾਕਮ ਨੇ

1 1925 ਬਿ. (1869 ਈ.)

ਕਹਾ ਕਿ ਬਈਮਾਨ ਤੂੰ ਝੂਠ ਬੋਲਦਾ ਹੈਂ। ਤੂੰ ਤਾਂ ਕਹਿੰਦਾ ਸੀ ਗ੍ਰੰਥ ਸਾਹਿਬ ਵਾਲੀ ਜਗ੍ਹਾ ਮੇਰੇ ਕੜੇ ਲਾਹੇ ਹੈਂ ਔਰ ਹੁਣ ਸਾਨੂੰ ਲਿੱਦ ਮੈ ਲਿਆ ਖੜਾ ਕੀਤਾ ਹੈ। ਤਾਂ ਤੇ ਜਾਣਿਆ ਤੂੰ ਝੂਠ ਬੋਲਦਾ ਹੈਂ। ਸੰਤਾ ਕੋ ਇਲਜਾਮ ਲਾਉਂਦਾ ਹੈ। ਨਿੰਦਕ ਨਿੰਦਾ ਕਰਦਾ ਨਰਕਾਂ ਮੈ ਜਾਇ ਪਿਆ। ਦੋ ਬਰਸ ਕੀ ਕੈਦ ਹੋਈ।

ਬਿਸ਼ਨ ਸਿੰਘ ਨਾਮੇ ਲੜਕਾ ਰਾਮਦਾਸ ਪੁਰੇ ਰਹਿੰਦਾ ਹੁੰਦਾ ਸੀ। ਇਕ ਦਿਨ ਮੈਸਾਂ ਚਾਰਨ ਨਾ ਗਿਆ। ਜਾਂ ਪੁੱਛਿਆ ਕਹਾ ਕਿ ਜੀ ਮੇਰੇ ਬਰਨਾਮਾ[1] ਨਿਕਲਿਆ ਹੋਇਆ ਹੈ। ਬਚਨ ਹੋਇਆ ਤੂੰ ਜਾਹ ਮੈਸਾਂ ਚਾਰਨ, ਰਾਜੀ ਹੋ ਜਾਵੇਗਾ। ਜਾਂ ਲੈ ਕੇ ਗਿਆ ਚਾਰਨ ਤਾਂ ਬਰਨਾਮਾ ਫਿਸ ਗਿਆ। ਆਰਾਮ ਆਇ ਗਿਆ।

## ਖ਼ਤਾ ਮਾਫ਼ ਕਰਨੀ

ਏਕ ਥਾਨੇਦਾਰ ਘੁਆੜੇ[2] ਕਾ ਸੀ। ਉਸਨੇ ਏਕ ਮਸਤਾਨੇ ਨੂੰ ਕੋਟੜਾ[3] ਮਾਰਿਆ। ਉਸੀ ਦਿਨ ਥਾਨੇ ਤਾਈਂ ਜਾਂਦਿਆਂ ਉਸ ਦੀ ਬਾਂਹ ਭੱਜ ਗਈ। ਥਾਨੇਦਾਰ ਨੇ ਏਕ ਸਿਪਾਹੀ ਹੱਥ ਕਹਾਇ ਭੇਜਿਆ ਕਿ ਮੈਂ ਮਸਤਾਨੇ ਨੂੰ ਕੋਟੜਾ ਮਾਰਿਆ ਸੀ ਮੇਰੀ ਬਾਂਹ ਭੱਜ ਗਈ ਹੈ। ਮੇਰੀ ਖ਼ਤਾ ਮਾਫ਼ ਕਰਨੀ। ਮੇਰੇ ਸੇ ਬੜਾ ਗੁਨਾਹ ਹੋਇਆ ਹੈ। ਨਾਲੇ ਉਸ ਥਾਨੇਦਾਰ ਕਾ ਪੁੱਤਰ ਮਰ ਗਿਆ।

ਸਤਿਗੁਰੂ ਜੀ ਕੇ ਤਾਏ ਨੱਥੇ ਕਾ ਗੁਲਾਬੂ ਪੁੱਤਰ ਸੀ। ਸ੍ਰੀ ਸਤਿਗੁਰੂ ਜੀ ਉਸਨੂੰ ਬਚਨ ਕੀਤਾ ਤੂੰ ਤਮਾਕੂ ਛੱਡ ਦੇ ਤੇ ਦੋ ਰੁਪਏ ਲੈ ਲੈ ਘਿਓ ਨੂੰ। ਉਸ ਤਮਾਕੂ ਛੋਡ ਦਿੱਤਾ ਤੇ ਭਜਨ ਲੈ ਲਿਆ। ਗੁਲਾਬ ਸਿੰਘ ਨਾਮ ਰੱਖਿਆ ਤੇ ਕਛਹਿਰੇ ਪਾਇ ਲਏ।

## ਪ੍ਰਤਾਪ ਸਿੰਘ ਹੋਵੇਗਾ ਵੱਡੇ ਪ੍ਰਤਾਪ ਵਾਲਾ

ਏਕ ਸਮੇਂ ਗੜ੍ਹੀ ਵਾਲੇ ਕਾਨ੍ਹ ਸਿੰਘ ਨੂੰ ਬਚਨ ਕੀਤਾ ਪ੍ਰਤਾਪ ਸਿੰਘ ਹੋਵੇਗਾ ਵੱਡੇ ਪਰਤਾਪ ਵਾਲਾ। ਬਾਬੇ ਕਾਨ੍ਹ ਸਿੰਘ ਪੁੱਛਿਆ ਕਿੱਥੋਂ ਹੋਵੇਗਾ। ਗੁਰੂ ਜੀ ਬਚਨ ਕੀਤਾ ਏਕ ਸਮੇਂ ਮੈਂ ਬਾਬੇ ਜੱਸਾ ਸਿੰਘ ਨੂੰ ਪੁੱਛਿਆ ਸੀ ਬਾਬਾ ਤੂੰ ਰਾਜੀ ਖੁਸ਼ੀ ਹੈਂ? ਬਾਬੇ ਨੇ ਕਹਿਆ ਤਾਂ ਮੈਂ ਰਾਜੀ ਖੁਸ਼ੀ ਹਾਂ ਕਿ ਤੁਹਾਡੇ ਘਰ ਬਾਲਕ ਹੋਵੇ ਜਾਂ ਬੁੱਧ ਸਿੰਘ ਦੇ ਘਰ ਖੇਡਦਾ ਦੇਖਾਂ, ਤਾਂ ਮੈਂ ਰਾਜੀ ਹਾਂ। ਮੈਂ ਕਹਿਆ ਬਾਬਾ ਮੇਰੇ ਤਾਂ ਨਹੀਂ ਪਰ ਬੁੱਧ ਸਿੰਘ ਦੇ ਘਰ ਸਮਾਂ ਪਾ ਕੇ ਹੋਵੇਗਾ।

## ਤੂੰ ਨਹੀਂ ਰੱਜੇਂਗਾ

ਏਕ ਸਰੀਰ ਆਇਆ ਸੁੱਕਾ ਜੇਹਾ ਸਤਿਗੁਰੂ ਜੀ ਪੁੱਛਿਆ ਮਾੜੂ ਕੀ ਛਕਣਾ ਹੈ? ਉਸ ਕਹਿਆ ਜੀ ਮੈਨੂੰ ਭੁੱਖ ਨਹੀਂ ਲਗਦੀ ਹੈ। ਸਤਿਗੁਰੂ ਜੀ ਹੁਕਮ ਦਿੱਤਾ ਕਿ ਦੁੱਧ ਪਿਲਾਓ। ਫੇਰ

---

1 ਅੰਗੂਠੇ ਅਤੇ ਉਂਗਲ ਦਾ ਪਾਕਾ।

2 ਕੁਹਾੜਾ ਜ਼ਿਲ੍ਹਾ ਲੁਧਿਆਣੇ ਦਾ ਕਸਬਾ।

3 ਕੋਰੜਾ, ਚਾਬੁਕ।

ਪੁੱਛਿਆ ਕਿ ਮਾੜੂ ਕਾਧੀ ਲੋੜ ਹੈ। ਉਸਨੇ ਉਹੋ ਈ ਕਹਿਆ ਜੀ ਮੈਨੂੰ ਭੁੱਖ ਨਹੀਂ ਲਗਦੀ ਹੈ। ਬਾਬੇ ਜਵਾਹਰ ਸਿੰਘ ਨੇ ਕਹਿਣਾ ਹੇ ਗੁਰੂ ਜੀ ਤੇਰੀਆਂ ਕੁਦਰਤਾਂ। ਅਸੀਂ ਸਵਾ ਪਹਿਰ ਰਾਤ ਕੇ ਇਸ਼ਨਾਨ ਕਰਕੇ ਬਾਣੀ ਪੜਦੇ ਹੈਂ, ਭਜਨ ਕਰਦੇ ਹੈਂ। ਸਾਡੇ ਨਾਲ ਬਚਨ ਵੀ ਨਹੀਂ ਕਰਦੇ ਹੋ। ਉਹ ਘੁਮਿਆਰ ਜੇਹਾ ਨ੍ਹਾਵੇ ਧੋਵੇ ਨਾ, ਉਸਕੇ ਪਾਸ ਮੁੜ ਮੁੜ ਕੇ ਜਾਇ ਖੜੋਂਦੇ ਹੋ। ਕਈ ਦਿਨ ਗੁਜ਼ਰ ਗਏ, ਫੇਰ ਬਚਨ ਹੋਇਆ ਮਾੜੂ ਕੀ ਲੋੜ ਹੈ? ਕਹਿਣੇ ਲਗਾ ਜੀ ਭੁੱਖ ਨਹੀਂ ਲਗਦੀ ਹੈ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਜਾਹ ਤੂੰ ਨਹੀਂ ਰੱਜੇਂਗਾ। ਬਹੁਤ ਭੁੱਖ ਲੱਗੇਗੀ। ਐਸੀ ਭੁੱਖ ਲੱਗੀ ਉਸ ਦਿਨ ਸੇ ਫੇਰ ਰੱਜੇ ਨਾ। ਜੋ ਦੇਈਏ ਸੋ ਛਕੀ ਜਾਏ। ਮਾੜਾ ਸਰੀਰ ਸੀ ਫੇਰ ਮੋਟਾ ਹੋਇ ਗਿਆ।

## ਹਜ਼ਰੋਂ ਦੀ ਮਹੰਤੀ

੧੯੨੫ ਸਾਲ ਮੇਂ[1] ਗੁਰੂ ਬਾਲਕ ਸਿੰਘ ਜੀ ਕਾ ਭਤੀਜਾ ਕਾਹਨ ਸਿੰਘ ਰਾਮਦਾਸ ਪੁਰੇ ਮੈ ਆਇਆ। ਹਜ਼ਰੋਂ ਸਾਹਿਬ ਕੀ ਮਹੰਤੀ ਦੇਣ ਕੀ ਮਨਸ਼ਾ ਹੋਈ ਸ੍ਰੀ ਸਤਿਗੁਰੂ ਜੀ ਕੀ। ਏਕ ਤਾਂ ਪੁਸ਼ਾਕ ਲਈ ਏਕ ਦੁਸ਼ਾਲਾ ਲੀਆ ਨਾਲ ਘੋੜੀ ਲਈ ਜੀਨ ਕਸੀ ਕਸਾਈ, ਜਿੱਥੇ ਕਾਹਨ ਸਿੰਘ ਸੀ ਓਥੇ ਆਇ ਸ਼ਬਦ ਪੜ੍ਹਦੇ। ਗੁਰੂ ਜੀ ਉਸਦੇ ਚਰਨਾਂ ਨੂੰ ਹੱਥ ਲਾਵਣ ਲੱਗੇ ਤਾਂ ਓਹ ਨਾ ਲਾਉਣ ਦੇਵੇ। ਗੁਰੂ ਜੀ ਬਚਨ ਕੀਤਾ ਜੇ ਭਜਨ ਲੈਣਾ ਹੈ ਤਾਂ ਚਰਨੀਂ ਹੱਥ ਲਾਇ ਲੈਣ ਦਿਓ। ਚਰਨੀ ਹੱਥ ਲਾਇਕੇ ਗਲੇ ਮਿਲੇ ਤੇ ਭਜਨ ਦਿੱਤਾ ਕਾਹਨ ਸਿੰਘ ਨੂੰ। ਬਚਨ ਕੀਤਾ ਹਜ਼ਰੋਂ ਮੈ ਭਜਨ ਸੁਣਾਇਆ ਕਰੋ। ਦਸਤਾਰ ਬੰਧਾਈ। ਬਾਬੇ ਕਾਹਨ ਸਿੰਘ ਦੀ ਲੜਕੀ ਨਾਲ ਬੀ ਬਚਨ ਹੋਇਆ। ਬਚਨ ਕੀਤਾ ਬੀਬੀ ਕੋਕਲਾਂ ਤੈਨੂੰ ਕੀ ਦੇਈਏ? ਬੀਬੀ ਨੇ ਕਹਾ ਕਿ ਮੈਨੂੰ ਭਰਾਓ ਦਿਓ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਅਸੀਂ ਤਾਂ ਦਾਸ ਹੈਂ ਗੁਰੂ ਬਾਲਕ ਸਿੰਘ ਜੀ ਕੇ। ਤੁਸੀਂ ਓਥੇ ਅਰਜ਼ ਕਰਨੀ ਸੀ। ਸਭ ਕੁਛ ਮਿਲ ਜਾਏਗਾ, ਬਹੁਤੇ ਭਰਾ ਹੋ ਜਾਣਗੇ। ਤ੍ਰਿੰਨ ਹੋਇ ਜਾਣਗੇ। ਫੇਰ ਕਾਹਨ ਸਿੰਘ ਮਹੰਤ ਹੋਇਆ ਭਜਨ ਦੇਣ ਨੂੰ।

## ਬਘੇਲ ਸਿੰਘ ਦਾ ਬਦਲਾ

ਊਠ ਆਪਣੇ ਆਏ। ਬਘੇਲ ਸਿੰਘ ਊਠ ਚਾਰਨ ਗਿਆ ਕੋਟ ਕੀ ਜੂਹ ਮੇਂ ਏਕ ਨੇ ਅਵਾਜਾ ਮਾਰਿਆ ਹਟਾਇ ਲੈ। ਏਤਨੇ ਮੇਂ ਜ਼ਿਮੀਂਦਾਰ ਨੇ ਆਇਕੇ ਆਸਨ ਨੂੰ ਹੱਥ ਮਾਰਿਆ। ਲੋਕ ਆਇ ਇਕੱਠੇ ਹੋਏ। ਬਹੁਤ ਮਾਰਿਆ ਬਘੇਲ ਸਿੰਘ ਨੂੰ। ਪਿੰਡੇ ਉੱਤੇ ਲਾਸਾਂ ਪੈ ਗਈਆਂ। ਜੁਦਾ ਜੁਦਾ ਦਿਸਣ। ਮਾਰਨ ਵਾਲੇ ਕਹਿਣ ਸੱਦ ਜੇਹੜਾ ਘੋੜੀ ਟਪਾਉਂਦਾ ਫਿਰਦਾ ਹੁੰਦਾ ਹੈ। ਸੱਦ ਹੁਣ ਛੁਡਾਵੇ ਤੈਨੂੰ। ਮਾਰ ਖਾ ਕੇ ਬਘੇਲ ਸਿੰਘ ਸੰਗਦਾ ਸੰਗਦਾ ਆਇਆ ਅਕਾਲ ਬੁੰਗੇ। ਸ੍ਰੀ ਸਤਿਗੁਰੂ ਜੀ ਔਂਦੇ ਨੂੰ ਬੋਲਾ ਕੀਤਾ ਊਠਾਂ ਵਾਲਾ ਬਘੇਲ ਸਿੰਘ ਹੈਂ? ਕਹਾ ਕਿ ਹਾਂ ਜੀ ਮੈਂ ਹੀ ਹਾਂ। ਸ੍ਰੀ ਸਤਿਗੁਰੂ ਜੀ ਉਸ ਕਾ ਕੁੜਤਾ ਲਾਹ ਕੇ ਦੇਖਿਆ। ਤੇਜੀ ਮੇਂ ਹੋਇਕੇ ਬਚਨ ਕੀਤਾ ਬੇ-ਗੁਨਾਹ ਕਿਓਂ ਮਾਰਿਆ ਹੈ। ਜਿਸ ਤਰ੍ਹਾਂ ਉਨ੍ਹਾਂ ਨੇ ਮਾਰਿਆ ਹੈ ਉਸੀ ਤਰ੍ਹਾਂ ਮਾਰਾਂਗੇ। ਲੈਹਣਾ

1 ੧੯੬੮ ਈਸਵੀ।

ਸਿੰਘ ਨੂੰ ਬੋਲਾ ਕੀਤਾ ਹੁਣੇ ਜਾਈਏ। ਚੀਨੀ ਪਰ ਕਾਠੀ ਪਾਇਕੇ ਚੱਲੇ। ਨਾਲ ਸੂਬਾ ਗੋਪਾਲ ਸਿੰਘ ਲੈ ਲਿਆ। ਗੋਪਾਲ ਸਿੰਘ ਮਾਰ ਕੁਟ ਭੀ ਲੈਂਦਾ ਸੀ ਜਿਸ ਪਰ ਕਰੋਪ ਹੋਵੇ। ਲੈਹਣਾ ਸਿੰਘ ਨੇ ਕਹਾ ਹੁਣ ਮਾਰੇ ਬਿਨਾਂ ਨਹੀਂ ਛੱਡਣਗੇ। ਜੇੜ੍ਹਾ ਕਹਿੰਦਾ ਸੀ ਕਿੱਥੇ ਹੈ ਤੇਰਾ ਘੋੜੀ ਟਪੌਣ ਵਾਲਾ, ਸੋ ਚੀਨੀ ਪਰ ਸਵਾਰ ਹੋ ਕੇ ਟਪਾਂਵਦੇ ਚਲੇ ਕੋਟ ਨੂੰ

ਅੱਗੇ ਵਾੜ ਕਰਨ ਵਾਲੇ ਤੇ ਸੁਹਾਗਾ ਦੇਣ ਵਾਲੇ ਨੱਸ ਗਏ ਕਿ ਮਾਰਨਗੇ। ਇਕ ਢੀਮਾਂ ਭੰਨਦਾ ਸੀ, ਸੋਟੀ ਇਕਦੇ ਮਾਰੀ ਨਾਲ ਈ ਸੁਚੇਤਾ[1] ਨਿਕਲ ਗਿਆ। ਇਕ ਹੋਰ ਖੜਾ ਸੀ, ਉਹ ਲੰਗੋਟੀ ਖੋਲ੍ਹਕੇ ਬੈਠ ਗਿਆ। ਬਚਨ ਹੋਇਆ ਮਾਰੋ ਛਡਣਾ ਕਿਉਂ ਹੈ। ਗੋਪਾਲ ਸਿੰਘ ਨੇ ਕਹਾ ਦੀਨ ਦਿਆਲ ਜੀ ਉਹ ਤਾ ਡਰਦਾ ਮਾਰਾ ਅੱਗੇ ਹੀ ਸੁਚੇਤੇ ਬੈਠ ਗਿਆ ਹੈ। ਪਿੰਡ ਆਏ, ਅੱਗੇ ਮੰਜਾ ਡਾਹਿਆ। ਬੈਠ ਕੇ ਬਚਨ ਕੀਤਾ ਜਿਨ ਸਾਡੇ ਸਿੰਘ ਨੂੰ ਮਾਰਿਆ ਹੈ ਸੋ ਦੱਸੋ ਬੇਗੁਨਾਹਾ ਕਿਓਂ ਮਾਰਿਆ ਹੈ? ਸਾਰੇ ਹੱਥ ਜੋੜਕੇ ਕੈਹਣ ਲਗੇ ਜੀ ਆਪ ਕੀ ਨਗਰੀ ਹੈ। ਜ਼ਿਮੀਂਦਾਰ ਡਰਦਾ ਮਾਰਿਆ ਹੱਟੀ ਮੇਂ ਜਾਇ ਲੁਕਿਆ। ਤਿਨ ਸਿੰਘ ਭੇਜੇ। ਗੋਪਾਲ ਸਿੰਘ, ਹੂਰੇ ਉਸ ਕੀ ਵੱਖੀ ਮੇਂ ਮਾਰੇ। ਦੋਹਾਂ ਸਿੰਘਾਂ ਦੋਨਾਂ ਬਖੀਆਂ ਵਿੱਚ ਮੁੱਕੇ ਮਾਰੇ ਬੇਅੰਤ ਹੀ। ਬਖੀਆਂ ਸੇਕੀਆਂ, ਪਿੰਡਾ ਸੁਜਾਇ ਦਿੱਤਾ ਜਿਵੇਂ ਬਘੇਲ ਸਿੰਘ ਦਾ ਪਿੰਡਾ ਸੁੱਜਾ ਸੀ। ਮਾਰਦੇ ਹੀ ਲੈ ਆਏ ਸ੍ਰੀ ਸਤਿਗੁਰੂ ਜੀ ਕੇ ਹਜੂਰ। ਉਸਕੋ ਸਿਰੋਂ ਫੜਕੇ ਨੀਵਾਂ ਕਰਕੇ ਦੋ ਮੁੱਕੇ ਹੋਰ ਮਾਰੇ ਜ਼ੋਰ ਸੇ। ਪਟੜੇ ਵਾਂਗੂੰ ਵਿਛਾਇ ਸੁਟਿਆ। ਸਤਿਗੁਰੂ ਜੀ ਮੁੜ ਆਏ। ਸੰਮਤ ੧੯੨੫ ਵਿਚ ਇਹ ਬਾਰਤਾ ਹੋਈ।

♦

1 ਮਲ ਤਿਆਗਣਾ, ਪਖਾਣਾ ।

# ਅੰਮ੍ਰਿਤਸਰ ਅਤੇ ਦੜਪ ਇਲਾਕੇ ਵਿਚ ਪ੍ਰਚਾਰ

## 1925 ਬਿ. (1868 ਈ.)

੧੯੨੫ ਦੀ ਦੀਪਮਾਲਾ ਆਈ। ਸ੍ਰੀ ਸਤਿਗੁਰੂ ਜੀ ਗਏ ਦੁਆਬੇ ਵਿਚੋਂ ਦੀ ਤਾਰਦੇ ਸੰਗਤ ਨੂੰ। ਮਹੀਨਾ ਅਸੂ ਬਾਰਸ਼ ਹੁੰਦੀ ਰਹੀ। ਦਰਿਆਓ ਚੜ੍ਹਿਆ ਹੋਇਆ ਸੀ। ਦੋ ਫੇਰੀ ਤਾ ਸਤਿਗੁਰੂ ਜੀ ਮੁੜ ਆਏ। ਤੀਜੀ ਫੇਰੀ ਬਚਨ ਕੀਤਾ ਹੁਣ ਨਹੀਂ ਅਟਕਣਾ ਹੈ, ਬੇੜੀ ਪਰ ਚੜ੍ਹ ਬੈਠੇ। ਮਲਾਹਾਂ ਕਹਾ ਜੀ ਦਿਨ ਥੋੜਾ ਰਹਿ ਗਿਆ ਹੈ। ਬਚਨ ਕੀਤਾ ਹੋਰ ਥੋੜਾ ਖਿਚ ਕੇ ਰੱਬ ਨੂੰ ਯਾਦ ਕਰਕੇ ਛੱਡ ਦਿਓ ਬੇੜੀ। ਚਾਰ ਬੇੜੀਆਂ ਹੋਰ ਤੇ ਪੰਜਵੀਂ ਸਤਿਗੁਰਾਂ ਵਾਲੀ, ਪੰਜੇ ਬੇੜੀਆਂ ਅਕੱਠੀਆਂ ਛੱਡੀਆਂ। ਦੋ ਬੇੜੀਆਂ ਦਾ ਕੁਛ ਪਤਾ ਨਹੀਂ ਲੱਗਾ। ਪੁਲ ਰੇਲ ਦਾ ਬਣਦਾ ਸੀ, ਟਕਰਾ ਕੇ ਡੁਬ ਗਈਆਂ। ਚੌਥੀ ਬੇੜੀ ਜੋ ਥੀ ਤਿਸ ਵਿੱਚ ਗੱਡਾ ਸੀ, ਦੋ ਬੈਲ ਥੇ ਵਿੱਚ। ਮੌਲਾਹਾਂ ਨੇ ਪੁਕਾਰ ਕੀਤੀ ਸਾਡੀ ਕੋਈ ਵਾਹ ਨਹੀਂ ਹੈ। ਬੇੜੀ ਪਾਟ ਚੱਲੀ ਹੈ। ਸੂਬਾ ਗਿਆਨ ਸਿੰਘ ਨੇ ਪੁਕਾਰ ਕੀਤੀ ਸੱਚੇ ਪਾਤਸ਼ਾਹ ਜੀ ਤੇਰੇ ਸਾਮ੍ਹਣੇ ਗਊਆਂ ਮਰਨਗੀਆਂ, ਰੱਛਿਆ ਕਰੋ। ਤਤਕਾਲ ਬੇੜੀ ਬਰੇਤੀ ਪਰ ਲੱਗੀ। ਜੋ ਸਤਿਗੁਰਾਂ ਜੀ ਵਾਲੀ ਬੇੜੀ ਸੀ ਸੋ ਭੀ ਪਾਣੀ ਦੇ ਜ਼ੋਰ ਨਾਲ ਬਹੁਤ ਚੱਲੀ ਬੇਵੱਸ ਹੋਇਕੇ। ਮਲਾਹਾਂ ਨੇ ਪੁਕਾਰ ਕੀਤੀ ਜੀ ਬੇੜੀ ਬੇਵਸ ਹੋ ਗਈ ਹੈ, ਸਾਡੀ ਕੋਈ ਵਾਹ ਨਹੀਂ ਹੈ। ਰੱਛਿਆ ਕਰੋ। ਤਾਂ ਹੀ ਖ਼ਬਰ ਲੱਗੀ ਜਾਂ ਬੇੜੀ ਪੱਤਣ ਕੋ ਸਿੱਧੀ ਜਾਇ ਲੱਗੀ। ਮੱਲਾਹ ਨੇ ਉੱਚੀ ਸੇ ਪੁਕਾਰ ਕੀਤੀ ਬੇੜੀ ਬੇਵਸ ਹੋਈ ਹੋਈ ਬੰਨੇਂ ਲੱਗੀ ਹੈ, ਏਹ ਤਾਂ ਆਪ ਖੁਦਾਇ ਹੈ। ਅੱਗੇ ਪਾਣੀ ਲੰਘਣਾ ਸੀ, ਮਲਾਹਾਂ ਨੇ ਡੋਲ਼ੇ ਵਾਂਗੂੰ ਚੁੱਕ ਕੇ ਲੰਘਾਏ ਸਤਿਗੁਰੂ ਜੀ। ਕਹਿਣ ਅੱਜ ਬੇੜੀ ਏਨ੍ਹਾਂ ਕੇ ਪਰਤਾਪ ਨਾਲ ਬੰਨੇ ਲੱਗੀ ਹੈ ਨਹੀਂ ਤੇ ਡੁੱਬ ਜਾਂਦੀ।

### ਮੁਠੱਡੀਂ ਪੁੱਜੇ

ਸੱਤ ਦਿਨ ਸਤਿਗੁਰੂ ਜੀ ਮੁਠੱਡੀਂ ਰਹੇ। ਬਚਨ ਕੀਤਾ ਸਤਿਗੁਰੂ ਜੀ ਏਕ ਸਮੇਂ ਦੁਨੀਆਂ ਮੁਰਲੀ ਨਾਲ ਮੋਹੀ ਸੀ। ਤਿਸੀ ਤਰ੍ਹਾਂ ਮੇਰਾ ਸ਼ਬਦ ਮੁਰਲੀ ਹੈ, ਜੋ ਸੁਣੇਗਾ ਸੋ ਮੋਹਿਆ ਜਾਵੇਗਾ। ਖੜੇ ਹੋਇਕੇ ਗੁਰੂ ਜੀ ਬਚਨ ਕੀਤਾ ਤੁਸੀਂ ਮੈਨੂੰ ਕੀ ਜਾਣਿਆ ਹੈ? ਹਰਦਿੱਤ ਸਿੰਘ ਨੇ ਕਹਿਆ ਜੀ ਤੁਸੀਂ ਸਾਡੇ ਪਾਤਸ਼ਾਹ ਹੋ। ਗੁਰੂ ਨਾਨਕ ਜੀ ਕਾ ਰੂਪ ਹੋ। ਹੋਰ ਪਿੰਡਾਂ ਦੇ ਭੀ ਸਿੰਘ ਬਹੁਤ ਆਏ ਹੋਏ ਸੇ। ਏਹ ਮਨਸ਼ਾ ਧਾਰਕੇ ਆਏ ਸੇ ਕਿ ਰਾਜ ਤਾ ਏਨ੍ਹਾਂ ਕਾ ਹੋ ਹੀ ਜਾਣਾ ਹੈ ਹੁਣੇ ਈ ਭਜਨ ਲੈ ਲਈਏ। ਅੱਗੋਂ ਹੀ ਮਿਲ ਪਈਏ। ਪਰਤਾਪ ਸਤਿਗੁਰੂ ਜੀ ਕਾ ਦੇਖਕੇ ਕਈ ਭਜਨ ਲੈ ਲੈ ਕਹਿੰਦੇ ਹੈਂ ਆਪ ਪ੍ਰਮੇਸਰ ਜੀ ਅਵਤਾਰ ਧਾਰਿਆ ਹੈ ਜੀਆਂ ਕੇ ਉੱਧਾਰ ਕਰਨੇ ਵਾਸਤੇ।

### ਸ਼ੁੱਧ ਪਾਠ

ਸੂਬਿਆਂ ਨੂੰ ਗੁਰੂ ਜੀ ਬਚਨ ਕੀਤਾ ਜਪੁ ਸਾਹਿਬ ਜੀ ਕਾ ਪਾਠ ਸੁਣਾਓ। ਸੂਬੇ ਸੁਣਾਉਣ ਲੱਗੇ। ਸੁਣਕੇ ਗੁਰੂ ਜੀ ਬਚਨ ਕੀਤਾ ਧੁਆਡੇ ਸਾਰਿਆਂ ਦੇ ਪਾਠ ਖੰਡਤ ਹੈਂ। ਜਪੁ ਸਾਹਿਬ ਸ਼ੁਧ ਨਹੀਂ ਕੰਠ ਹੋਏ। ਹਾਹੇ ਰਹਿ ਜਾਂਦੇ ਹੈਨ। ਜਪੁ ਜਾਪ ਮੈਥੋਂ ਸੁਣ ਲਵੋ ਲਗਾਂ ਮਾਤਰਾਂ ਸਮੇਤ

ਅਖਰਾਂ ਕੇ ਜਪੁ ਸਾਹਿਬ ਕਿਸੇ ਤੋਂ ਨਹੀਂ ਸ਼ੁਧ ਪੜਿਆ ਜਾਂਦਾ। ਲਗਾਂ ਮਾਤਰਾਂ ਰਹਿ ਜਾਂਦੀਆਂ ਹੈਂ।

## ਦੀਪਮਾਲਾ ਸ੍ਰੀ ਅੰਮ੍ਰਿਤਸਰ (੧੯੬੮ ਈ.)

੧੯੨੫ ਦੀ ਦੀਪਮਾਲਾ ਆਈ। ਸ੍ਰੀ ਸਤਿਗੁਰੂ ਜੀ ਤਾਰਦੇ ਸੰਗਤ ਨੂੰ ਸ੍ਰੀ ਅੰਮ੍ਰਿਤਸਰ ਜੀ ਘੜਿਆਲੀਆਂ ਕੇ ਤਲਾਓ ਪਰ ਜਾਇ ਉੱਤਰੇ। ਚੁਫ਼ੇਰੇ ਕੀਆਂ ਸੰਗਤਾਂ ਆਈਆਂ। ਸਤਿਗੁਰੂ ਜੀ ਕੀ ਮੂਰਤੀ ਕੇ ਦਰਸ਼ਨ ਕਰਕੇ ਸਰਬ ਦੁਖ ਖੋਏ। ਆਸਾ ਕੀ ਵਾਰ ਕਾ ਅਰਦਾਸਾ ਕੀਤਾ। ਹੁਕਮ ਦਿੱਤਾ ਗੁਰੂ ਜੀ ਆਦਿ ਗ੍ਰੰਥ ਸਾਹਿਬ ਤੇ ਦਸਮ ਗ੍ਰੰਥ ਸਾਹਿਬ ਪੜ੍ਹਨੇਂ ਤੇ ਭਾਈ ਗੁਰਦਾਸ ਕੀ ਬਾਣੀ ਭੀ ਪੜਨੀ। ਜੋ ਸਿੰਘ ਹੈ ਸੋ ਏਸ ਬਾਣੀ ਬਿਨਾਂ ਹੋਰ ਬਾਣੀ ਨਾ ਪੜ੍ਹੇ। ਏਹ ਬਾਣੀ ਮੇਰੇ ਤੁਕ ਤੁਕ ਯਾਦ ਹੈ, ਅੱਖਰ ਅੱਖਰ ਜੁਦਾ ਜੁਦਾ।

ਲੈਹਣਾ ਸਿੰਘ ਕੇ ਘਰ ਕੋਲ ਪਿਛਲਾ ਪਹਿਰ ਹੋਇਆ ਦੀਵਾਨ ਲਗਾ[1]। ਸੂਰਜ ਕੀ ਤਰ੍ਹਾਂ ਪਰਵਾਰ ਲੱਗ ਪਿਆ। ਬੀਚ ਮੇਂ ਸ੍ਰੀ ਸਤਿਗੁਰੂ ਜੀ ਦਰਸ਼ਨ ਦੇਂਦੇ ਹੈ। ਸੁਣ ਸੁਣ ਕੇ ਚਾਰ ਬਰਨ ਦਰਸ਼ਨ ਆਨ ਕਰਦੇ ਹੈਂ। ਲੰਮੀਂ ਗਰਦਨ ਕੇ ਦੂਰ ਸੇ ਦਰਸ਼ਨ ਹੁੰਦੇ ਹੈਂ। ਸਿੰਘ ਸੂਤਰ ਕਢਦੇ ਹੈਂ, ਦੁਨੀਆਂ ਦੇਖਨੇ ਕੋ ਔਂਦੀ ਹੈ। ਕਹਿੰਦੇ ਹੈਂ ਧੰਨ ਗੁਰੂ ਜੀ ਹੈਂ। ਦੇਖਕੇ ਗੁਰੂ ਜੀ ਕੇ ਰੰਗ ਕੋ ਅਸਚਰਜ ਰਹੀ ਦੁਨੀਆਂ। ਗੁਰੂ ਜੀ ਕੀ ਕੇਡੀ ਲੰਬੀ ਮੂਰਤੀ ਹੈ। ਸੂਖ਼ਮ ਸਿੱਧੀ ਸਰੂ ਵਾਂਗੂ ਦੂਰੋਂ ਦਿਸਦੇ ਹੈਂ। ਸਾਰਿਆਂ ਥੀ ਉੱਚੇ ਮਾਲੂਮ ਹੁੰਦੇ ਹੈ। ਕੈਂਹਦੇ ਹੈਂ ਐਸੇ ਘੋਰ ਕਲਜੁਗ ਮੈ ਜੀਵ ਧਰਮ ਵੱਨੀ ਲਾਏ ਹੈਂ।

ਦੀਵਾਨ ਲਗੇ ਸੇ ਪੁਜਾਰੀ ਆਇਕੇ, ਦੇਖਕੇ ਸੂਤਰ, ਕੈਂਹਦੇ ਹੈਂ ਠੀਕ ਮੁਸਲਮਾਨੀ ਕਲਾਮ ਹੈ। ਹਾਲ ਖੇਡਦੇ ਹੈਂ, ਕੇਸ ਮਿੱਟੀ ਮੈ ਰੁਲਾਉਂਦੇ ਹੈਂ। ਏਹ ਤਨਖ਼ਾਹੀਏ ਹੈਨ। ਏਹਨਾਂ ਕਾ ਪੰਥ ਦਿਨੋਂ ਦਿਨ ਵਧਦਾ ਜਾਂਦਾ ਹੈ। ਏਨਾਂ ਕੀ ਪੱਗ ਉੱਤਰ ਜਾਂਦੀ ਹੈ। ਪੰਮੇਂ ਅਤੇ ਪੁਜਾਰੀ ਬਹੁਤ ਨਿੰਦਿਆ ਕਰਦੇ ਹੈਂ। ਜੇਹੜੇ ਗੁਰੂ ਕੇ ਪਿਆਰੇ ਹੈਂ ਸੋ ਕਹਿੰਦੇ ਹੈਂ ਧੰਨ ਗੁਰੂ ਜੀ ਹੈਂ ਜਿਸਨੇ ਐਸਾ ਪੰਥ ਪੈਦਾ ਕੀਤਾ ਹੈ। ਏਹ ਜਾਮਾਂ ਬਾਰ੍ਹਵਾਂ ਹੈ ਜੋ ਸਾਖੀਆਂ ਮੈ ਲਿਖਾ ਹੋਇਆ ਹੈ। ਬੜੀ ਸ਼ਰਧਾ ਸੇ ਆਇਕੇ ਭਜਨ ਸੁਣਦੇ ਹੈਂ।

ਸਤਿਗੁਰੂ ਜੀ ਮਸਤਾਨ ਸਿੰਘ ਕੀ ਝੋਲੀ ਮੇਂ ਪਤਾਸੇ ਪਾਏ। ਬਚਨ ਕੀਤਾ ਰਬਾਬੀਆਂ ਕੋ ਬਾਂਟ ਦੇਵੋ। ਦਿੱਤੂ ਰਾਗੀ ਸੀ ਉਸ ਕੋ ਦੇ ਦੀਏ। ਹੋਰ ਰਾਗੀਆਂ ਕੋ ਬੀ ਦੀਏ। ਬਸੰਤ ਸਿੰਘ ਕੋ ਭੀ ਦਿੱਤੇ, ਆਪ ਬੀ ਆਪਣਾ ਹਿੱਸਾ ਲੈ ਲਿਆ।ਸ੍ਰੀ ਸਤਿਗੁਰੂ ਜੀ ਬਚਨ ਕੀਤਾ ਮਸਤਾਨ ਸਿੰਘ ਨੇ ਰਾਗ ਬਰਤਾਇਆ ਹੈ। ਜਿਨਾਂ ਜਿਨਾਂ ਨੇ ਪਤਾਸੇ ਛਕੇ ਸੋ ਸਰਬ ਰਾਗਾਂ ਕੇ ਜਾਨਣ ਵਾਲੇ ਹੋਏ।

ਜੈਸੇ ਕੇਹਰ ਕਾ ਬਨ ਵਿਖੇ ਭੈ ਹੁੰਦਾ ਹੈ ਤਿਸੀ ਤਰ੍ਹਾਂ ਸ੍ਰੀ ਸਤਿਗੁਰੂ ਜੀ ਕਾ ਡਰ ਪਿਰਥੀ

---

1 ਸਪੁੱਤਰ ਸ੍ਰ. ਬੁਲਾਕਾ ਸਿੰਘ। ਲਹਿਣਾ ਸਿੰਘ ਅੰਮ੍ਰਿਤਸਰ ਦੀ ਨਾਮਧਾਰੀ ਸਾਧ-ਸੰਗਤ ਦਾ ਮੁਖੀ ਸੀ ਅਤੇ ਇਸ ਦਾ ਘਰ ਬਾਬਾ ਅਟੱਲ ਜੀ ਦੇ ਗੁਰਦੁਆਰੇ ਦੇ ਨੇੜੇ ਸੀ। ਅੰਮ੍ਰਿਤਸਰ ਬੁੱਚੜ ਕੇਸ ਵਿੱਚ ਇਸਨੂੰ ਕਾਲੇ ਪਾਣੀ ਦੀ ਸਜ਼ਾ ਹੋਈ ਸੀ ।

ਕੋ ਪੈ ਗਿਆ। ਪੰਮੇਂ ਪੁਜਾਰੀ ਰਾਜੇ ਫ਼ਰੰਗੀਆਂ ਕੀ ਅੱਖ ਕਾ ਤਿਣ ਪੈਦਾ ਹੋਇਆ ਹੈ। ਸੋਚਾਂ ਅਰ ਵਿਚਾਰਾਂ ਨਾਨਾ ਪ੍ਰਕਾਰ ਕੀਆਂ ਕਰ ਰਹੇ ਹੈਂ। ਫਿਕਰ ਪਿਆ ਰਹਿੰਦਾ ਹੈ ਕਿ ਜੇਕਰ ਸਾਡੇ ਵਿੱਚੋਂ ਕਿਸੇ ਨੇ ਭਜਨ ਸੁਣ ਲਿਆ ਸੋ ਸਾਡੇ ਕੰਮੋਂ ਗਿਆ। ਫ਼ਰੰਗੀ ਨੇ ਕਹਿ ਭੇਜਿਆ ਬਾਬਾ ਸਾਹਿਬ ਆਪ ਥੋੜੇ ਜੇਹੇ ਸਿੰਘ ਨਾਲ ਲੈ ਕੇ ਦਰਬਾਰ ਕਾ ਦਰਸ਼ਨ ਕਰਨਾ।

ਦਰਸ਼ਨ ਕਰਨ ਚੱਲੇ। ਸ਼ਬਦ ਢੋਲਕੀ ਕਾ ਹੋਣ ਲਗਾ। ਅੰਮ੍ਰਿਤ ਰੂਪੀ ਸ਼ਬਦ ਪੜਨੇ ਲੱਗੇ। ਦੁਨੀਆਂ ਦਰਸ਼ਨ ਕਰਕੇ ਕੈਂਹਦੀ ਹੈ ਇਹ ਤਾਂ ਕੋਈ ਹੰਸਾਂ ਕੀ ਤਰ੍ਹਾਂ ਸ਼ਕਲਾਂ ਹੈਨ। ਦਰਸ਼ਨ ਕਰਕੇ ਪ੍ਰਸੰਨ ਹੁੰਦੇ ਹੈਂ। ਦਰਬਾਰ ਮੈ ਕੋਈ ਸਿੰਘ ਕਿਸੇ ਰਸਤੇ ਕੋਈ ਕਿਸੇ ਰਸਤੇ ਆਇ ਇਕੱਠੇ ਹੋਏ।

## ਦਰਬਾਰ ਸਾਹਿਬ ਕਾ ਦਰਸ਼ਨ

ਸ੍ਰੀ ਸਤਿਗੁਰੂ ਜੀ ਗੁਰੂ ਰਾਮਦਾਸ ਜੀ ਕੇ ਆਸਣ ਕਾ ਦਰਸ਼ਨ ਆਇ ਕੀਤਾ। ਜੈਕਾਰਾ ਬੁਲਾਇਆ ਅਤੇ ਸਿੰਘਾਂ ਨੇ ਸਰੋਵਰ ਮੈ ਇਸ਼ਨਾਨ ਕੀਤਾ। ਨਿਸ਼ਾਨਾਂ ਦੀ ਪਰਦੱਖਣਾ ਕਰਕੇ ਜੋਟੀਆਂ ਦੇ ਸ਼ਬਦ ਪੜ੍ਹੇ। ਸ਼ਬਦ ਕੇ ਪ੍ਰੇਮ ਮੈ ਸਿੰਘਾਂ ਕੇ ਮੂੰਹ ਪਰ ਲਾਲੀਆਂ ਦੱਗ ਰਹੀਆਂ ਹੈਨ ਨਾਮ ਕੇ ਰੰਗ ਸੇ। ਬੁੰਗੇ, ਗਲੀ ਬਾਜਾਰ ਮੈ, ਗਲੀ ਕੂਚੇ ਮੈ ਸਾਰੇ ਗੁਰੂ ਜੀ ਕੀ ਉਪਮਾ ਹੋਇ ਰਹੀ ਹੈ। ਦਰਸ਼ਨ ਕਰਨੇ ਸੇ ਚਿਤ ਕੋ ਸ਼ਾਂਤੀ ਆਇ ਜਾਂਦੀ ਹੈ। ਜਾਂ ਅਕਾਲ ਬੁੰਗੇ ਜਾਣ ਕਾ ਇਰਾਦਾ ਕੀਤਾ ਤਾਂ ਬਾਬੇ ਸਾਹਿਬ ਸਿੰਘ ਜੀ ਕਹਿਆ ਜੀ ਗੁਰੂ ਸਰਬੱਗ ਹੈ। ਕੀ ਕਰਨਾ ਹੈ ਜਾਇਕੇ। ਏਥੋਂ ਹੀ ਮੱਥਾ ਟੇਕ ਲਵੋ। ਜੇ ਜਾਈਦਾ ਹੈ ਤਾਂ ਸਾਨੂੰ ਤਨਖ਼ਾਹੀਏ ਕਹਿੰਦੇ ਹੈਂ। ਅਸੀਂ ਨਿਤਨੇਮ ਕਾ ਪਾਠ ਕਰਦੇ ਹਾਂ ਅਤੇ ਓਹ ਸ਼ਰਮਿੰਦੇ ਨਹੀਂ ਹੋਂਦੇ ਸਾਨੂੰ ਤਨਖਾਹੀਏ ਕਹਿੰਦੇ ਹੋਏ।

## ਤੁਸੀਂ ਕੈਹ ਦਿਓ

ਗਧੇ ਵਾਲਾ ਜੈਮਲ ਸਿੰਘ ਅੱਗੇ ਜਾਇ ਖੜਾ ਹੋਇਆ ਹੱਥ ਜੋੜਕੇ। ਬਚਨ ਹੋਇਆ ਕੀ ਕੈਂਹਦਾ ਹੈਂ? ਕੈਹਣੇ ਲਗਾ ਤੁਸੀਂ ਕੈਹ ਦਿਓ ਮੈਂ ਗੁਰੂ ਹਾਂ। ਉਸਕੇ ਕੰਨ ਵਿੱਚ ਬੋਲਾ ਕੀਤਾ ਮੈਂ ਗੁਰੂ ਹਾਂ। ਕੈਹਣ ਲਗਾ ਇਓਂ ਨਹੀਂ ਮੈਂ ਮੰਨਦਾ ਹਾਂ, ਉੱਚੀ ਕਹੋ ਕਿ ਮੈਂ ਅਕਾਲ ਪੁਰਖ ਹਾਂ। ਸਤਿਗੁਰੂ ਜੀ ਉੱਚੀ ਕਿਹਾ ਚਿਤ੍ਰ ਗੁਪਤੋ ਖੰਡੋ ਬ੍ਰਹਮੰਡੋ ਮੈਂ ਅਕਾਲ ਪੁਰਖ ਹਾਂ। ਸਭ ਕੋ ਨਾਮ ਨਾਲ ਮੇਲ ਕੇ ਦਰਗਾਹ ਕੇ ਲੈ ਜਾਵਾਂਗੇ।

## ਨੇਰੈ ਹੀ ਤੇ ਨੇਰਾ

ਏਕ ਮਸਤਾਨਾ ਬੈਠਾ ਸੀ ਚਾਦਰ ਵਿਛਾਈ। ਉੱਪਰ ਮੱਕੀ ਦੇ ਦਾਣੇ ਅਤੇ ਕਪਾਹ ਕੀਆਂ ਫੁੱਟੀਆਂ ਪਈਆਂ ਸੀ। ਉੱਪਰ ਏਕ ਵੱਟਾ ਪਿਆ ਸੀ। ਦੀਵਾਨ ਸੇ ਦਸ ਕਦਮ ਪਰ ਬੈਠਾ ਸੀ। ਲੱਧਾ ਸਿੰਘ ਭੀ ਕੋਲ ਜਾਇ ਬੈਠਾ ਪਰ ਦਿਲ ਮੈ ਸੋਚਾਂ ਕਰਦਾ ਹੈ ਕਿ ਦੀਵਾਨ ਵਿਚ ਕਿਓਂ ਔਣਾਂ ਸੀ। ਏਤਨੇ ਮੇਂ ਸ੍ਰੀ ਸਤਿਗੁਰੂ ਜੀ ਮਸਤਾਨੇ ਕੋਲ ਆਇ ਬੈਠੇ। ਗੁਰੂ ਜੀ ਬਚਨ ਕੀਤਾ ਮਸਤਾਨਿਆਂ ਹੱਟੀ ਲਾਈ ਬੈਠਾ ਹੈਂ? ਮਸਤਾਨੇ ਨੇ ਕਹਾ ਹਾਂ ਜੀ ਹੱਟੀ ਪਾਈ ਬੈਠਾ ਹਾਂ। ਹੱਥ ਲਾ

ਲਾ ਕੇ ਦੱਸੇ ਕਿ ਏਹ ਲੈ ਲੋ। ਹੱਸ ਹੱਸ ਕੇ ਬਚਨ ਕੀਤੇ। ਪਤਾਸੇ ਮਸਤਾਨੇ ਕੋ ਦੇ ਕੇ ਗੁਪਤ ਹੋਇ ਗਏ। ਲੱਧਾ ਸਿੰਘ ਨੇ ਦੇਖਿਆ ਜੋ ਦੀਵਾਨ ਮੈ ਭੀ ਮੂਰਤੀ ਬੈਠੀ ਹੈ ਅਤੇ ਮਸਤਾਨੇ ਕੋ ਭੀ ਦਰਸ਼ਨ ਦੇਂਦੇ ਹੈਂ। ਲੱਧਾ ਸਿੰਘ ਕਾ ਪਰਪੱਕ ਨਿਸਚਾ ਹੋਇਆ ਕਿ ਠੀਕ ਅੰਤਰਯਾਮੀ ਗੁਰੂ ਹੈਂ। ਘਟ ਘਟ ਕੇ ਵਾਸੀ ਹੈਨ। ਉਸ ਕੀ ਕਲਪਣਾ ਦੂਰ ਹੋਈ ਅਤੇ ਸ਼ਾਂਤ ਆਇ ਗਈ। ਮੁਖਵਾਕ- ਘਟ ਘਟ ਵਾਸੀ ਸਰਬ ਨਿਵਾਸੀ ਨੇਰੈ ਹੀ ਤੇ ਨੇਰਾ।

ਏਕ ਸਿੰਘ ਨੇ ਅਰਜ਼ ਕੀਤੀ ਕਿ ਹਜ਼ੂਰ ਕੀ ਮੂਰਤੀ ਕਾ ਦਰਸ਼ਨ ਕਰਨੇ ਸੇ ਮੇਰੀ ਵੱਖੀ ਦੁਖਣੋਂ ਹਟ ਗਈ ਹੈ। ਪੈਹਲੇ ਬੌਹਤ ਦੁਖਦੀ ਸੀ, ਮਰਨ ਵਾਲਾ ਹੋਇਆ ਹੋਇਆ ਸਾਂ। ਨਾਲੇ ਤਾਪ ਨਾਲੇ ਖੰਘ। ਸੋ ਸਭ ਰੋਗ ਟੁਟ ਗਏ ਦਰਸ਼ਨ ਕਰਨੇ ਸੇ। ਬਚਨ ਕੀਤਾ ਏਕ ਤਾਪ ਕੀ ਅਨੇਕਾਂ ਤਾਪ ਪਾਪ ਮੁਚਤ[1] ਹੋ ਜਾਂਦੇ ਹੈਂ।

ਏਕ ਸਿੰਘ ਦਸਵੇਂ ਪਾਤਸ਼ਾਹ ਕਾ, ਤਿਸਨੇ ਪੈਂਤੀ ਅੱਖਰੀ ਸਿੱਧ ਕੀਤੀ ਹੋਈ ਸੀ ਗੁਰੂ ਜੀ ਕੇ ਸਾਹਮਣੇ ਆਇਆ ਅਰ ਕੈਹਣੇ ਲੱਗਾ ਤੁਸੀਂ ਸਾਰਾ ਦਿਨ ਮੂੰਹ ਹਿਲਾਈ ਜਾਂਦੇ ਹੋ ਤੇ ਅਸੀਂ ਆਏ ਕੋ ਪੁੱਤਰ ਦੇਂਦੇ ਹਾਂ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਅਸੀਂ ਤਾਂ ਸਮਾਂ ਅਗਲੇ ਵੀ ਖੋਹ ਲੈਂਦੇ ਹਾਂ। ਚੁਪ ਕਰਕੇ ਚਲਾ ਗਿਆ ਸ਼ਰਮਿੰਦਾ ਹੋਇਕੇ। ਕੋਈ ਗੱਲ ਨਾ ਫੁਰੀ।

ਇਸ਼ਨਾਨ ਕਰਕੇ ਸਿੰਘ ਆਸਾ ਕੀ ਵਾਰ ਮੇਂ ਆਇ ਬੈਠਦੇ ਹੈਂ। ਹੰਸਾਂ ਕੀ ਮਾਨਿੰਦ ਸੱਜਦੇ ਜਾਂਦੇ ਹੈਂ। ਉੱਜਲ ਬਸਤਰ ਸੁਭਾਇਮਾਨ ਹੈ। ਦੀਵਾਨ ਭਰ ਗਿਆ, ਮਾਨੋਂ ਚੰਦ੍ਰਮਾਂ ਕੋ ਪ੍ਰਵਾਰ ਲੱਗਿਆ ਹੈ। ਏਕ ਸਿੰਘ ਕੇ ਮਨ ਮੇਂ ਆਈ ਕਿ ਚੀਤਾ ਛੱਡਕੇ ਮੁੜ ਔਂਦਾ ਹਾਂ। ਜਾਂ ਚੀਤਾ ਛੱਡ ਕੇ ਮੁੜਿਆ ਤਾਂ ਅੱਗੇ ਜਾਣ ਕੋ ਜਗ੍ਹਾ ਨਾ ਦਿਸੇ। ਮਨ ਮੇਂ ਪਛਤਾਇਆ ਕਿ ਮੈਂ ਕਿਓਂ ਜਾਣਾ ਸੀ।

## ਕਾਨ੍ਹੇ ਕਾਛੇ ਆਏ

ਸਤਿਗੁਰੂ ਜੀ ਦਰਸ਼ਨ ਦੇਂਦੇ ਨਿਹਾਲ ਕਰਦੇ ਜਾਂ ਕਾਨ੍ਹੇ ਕਾਛੇ ਆਏ ਤਾਂ ਲਾਹੌਰ ਵਾਲਿਆਂ ਨੇ ਅਰਜ਼ ਕੀਤੀ ਜੀ ਲਾਹੌਰ ਨੂੰ ਚੱਲੋ। ਬਚਨ ਕੀਤਾ ਰਾਜੇ ਜੰਗੀ ਜਾਵਾਂਗੇ। ਮਾਘੀ ਮੇਂ ਥੋੜੇ ਦਿਨ ਹੈਂ। ਕੇਸਰ ਸਿੰਘ ਨੇ ਅੰਮ੍ਰਿਤਸਰ ਅਰਜ਼ ਕੀਤੀ ਸੀ ਕਿ ਮੇਰੇ ਘਰ ਚਰਨ ਪੌਣੇਂ। ਸਿੰਘਾ ਨੇ ਕਹਿਆ ਜੀ ਲੈਣ ਤਾਂ ਕੋਈ ਨਹੀਂ ਆਇਆ ਹੈ। ਏਤਨੇ ਬਚਨ ਕਰਦਿਆਂ ਨੂੰ ਕੇਸਰ ਸਿੰਘ ਨੇ ਆਇ ਅਰਜ਼ ਕੀਤੀ।ਗੁਰੂ ਜੀ ਬਚਨ ਕੀਤਾ ਦੇਖੋ ਆਣ ਹਾਜ਼ਰ ਹੋਇਆ ਹੈ। ਸਾਨੂੰ ਓਧਰ ਕੀ ਖਿਚ ਹੋ ਰਹੀ ਸੀ।

## ਰਾਜੇ ਜੰਗੀ

ਸਤਿਗੁਰੂ ਜੀ ਕਾਛੇ ਸੇ ਰਾਜੇ ਜੰਗੀ ਆਏ। ਹੁਮ ਹੁਮਾਇਕੇ ਲੋਕ ਦਰਸ਼ਨ ਨੂੰ ਆਏ।

---

1 ਦੂਰ ਹੋ ਜਾਂਦੇ ।

ਦੀਨ ਦਿਆਲ ਜੀ ਬਚਨ ਕੀਤਾ ਗ਼ਰੀਬ ਸਿੰਘ ਹੈ ਸਬਜ ਪੁਲਾਉ[1] ਧਰੋ। ਉਸ ਕੜਾਹ ਪ੍ਰਸ਼ਾਦ ਕਰਕੇ ਛਕਾਇਆ। ਬਚਨ ਹੋਇਆ ਸਾਡਾ ਬਚਨ ਮੰਨਣਾ ਸੀ।

ਏਕ ਛੋਟਾ ਬਾਲਕ ਸੀ। ਉਸਨੂੰ ਐਸੀ ਜਨਾਈ ਕੇ ਸ਼ਰਾਬ ਕੇ ਦੋ ਬਰਤਨ ਭਰੇ ਪਏ ਸੇ ਘਰ ਮੇਂ ਸੋ ਫੜਕੇ ਬਾਹਰ ਡੋਲ੍ਹ ਦੀਏ। ਉਸਕਾ ਵੱਡਾ ਭਰਾ ਆਇਆ। ਉਸਨੇ ਕਹਾ ਕਿ ਤੂੰ ਕਿਓਂ ਡੋਲ੍ਹੀ ਹੈ ਸ਼ਰਾਬ। ਮੈਂ ਆਪੇ ਈ ਸਾਂਭ ਲੈਂਦਾ। ਪੱਚੀ ਰੁਪਏ ਕੀ ਸੀ। ਉਸ ਬਾਲਕ ਨੇ ਕਹਾ ਤੈਨੂੰ ਬੀ ਨਹੀਂ ਪੀਣੀਂ ਮਿਲਨੀ ਹੈ। ਰਾਤ ਗੁਜ਼ਰੀ, ਦਿਨ ਚੜ੍ਹੇ ਸਾਰੇ ਟੱਬਰ ਨੇ ਭਜਨ ਲਿਆ ਨਿੱਕਿਆਂ ਵੱਡਿਆਂ ਨੇ। ਬਾਰ੍ਹਾਂ ਜੀਅ ਥੇ, ਸਭ ਸਿੰਘ ਸਜੇ। ਬਾਰ੍ਹਵੇਂ ਗੁਰੂ ਜੀ ਕੋ ਮੰਨਣੇਂ ਲੱਗੇ। ਬਚਨ ਕੀਤਾ ਦੈਤਾਂ ਕੀ ਧਰਤੀ ਹੈ ਬੜੀ ਕਰੜੀ ਹੈ। ਕੰਡੇ ਦੈਂਤ ਕੀ ਹੈ। ਸਿੰਘਾਂ ਨੇ ਸੰਸਾ ਕੀਤਾ ਅਸੀਂ ਦੈਂਤ ਹੋਏ? ਅੰਤਰਯਾਮੀ ਗੁਰੂ ਜੀ ਬਚਨ ਕੀਤਾ ਧੁਹਾਨੂੰ ਭਜਨ ਦੇ ਕੇ ਦੇਵਤੇ ਬਣਾਇਆ ਹੈ। ਆਸਾ ਕੀ ਵਾਰ ਮੈ ਲਿਖਾ ਹੈ-ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ।

ਉਸ ਵਕਤ ਜਨਾਨੀਆਂ ਦੇ ਹੱਥੀਂ ਪਹੁੰਚੀਆਂ[2] ਬੱਧੀਆਂ ਹੋਈਆਂ ਦੇਖਕੇ ਬਚਨ ਕੀਤਾ ਲਿਆ ਭਾਈ ਸਾਹਿਬ ਸਿੰਘ ਰੰਬਾ, ਪਹੁੰਚੀਆਂ ਵੱਢੀਏ। ਵੱਢ ਕੇ ਬਚਨ ਕੀਤਾ ਭਾਈ ਫੇਰ ਨਹੀਂ ਗਹਿਣੇ ਚੂੜੀਆਂ ਆਦਿਕ ਪਹਿਰਨੀਆਂ।

## ਲਾਹੌਰ ਪੁੱਜੇ

ਅਰਦਾਸਾ ਕਰਕੇ ਚੱਲੇ। ਭਸੀਣ ਦੇ ਵਿੱਚੋਂ ਦੀ ਦਰਸ਼ਨ ਦਿੰਦੇ ਲਾਹੌਰ ਜਾਇ ਉੱਤਰੇ ਬੌਲੀ ਸਾਹਿਬ ਮੇਂ। ਜਾਂ ਦੀਵਾਨ ਲੱਗਾ ਤਾਂ ਲੋਕ ਸੁਣ ਸੁਣ ਕੇ ਦਰਸ਼ਨ ਨੂੰ ਔਂਦੇ ਹੈਂ। ਸੁਣਕੇ ਦੇਵਾ ਸਿੰਘ ਲਾਹੌਰ[3] ਕਾ ਭੀ ਆਇਆ।ਦਰਸ਼ਨ ਕੀਤਾ ਤੇ ਭਜਨ ਲਿਆ। ਨਿਸਚਾ ਹੋਇਆ ਜੋ ਪੂਰਨ ਗੁਰੂ ਹੈਨ। ਜਿਸ ਗੁਰੂ ਜੀ ਕੀ ਉਪਮਾ ਸ੍ਰੀ ਗ੍ਰੰਥ ਸਾਹਿਬ ਵਿੱਚ ਲਿੱਖੀ ਹੈ। ਸਾਖੀਆਂ ਵਿੱਚ ਲਿਖਾ ਹੈ-ਕਲਜੁਗ ਤੇ ਸਤਿਜੁਗ ਕਰ ਠਾਨੋ, ਤਬੀ ਬਾਰ੍ਹਵਾਂ ਬਹੁ ਪਹਿਚਾਨੋ[4]। ਮੁਸਲਮਾਨਾਂ ਪਾਸ ਗੁਰੂ ਜੀ ਜਾ ਕੇ ਬਚਨ ਕੀਤਾ ਸੁਣੋਂ ਮੁਸਲਮਾਨੋਂ, ਜਿੱਥੇ ਤੁਸੀਂ ਦਸ ਇਕੱਠੇ ਹੁੰਦੇ ਹੋ ਉੱਥੇ ਗਊ ਬੱਧ ਕਰਦੇ ਹੋ। ਦੇਖੋ ਅਸੀਂ ਹਰੇਕ ਜੀਵ ਕਾ ਭਲਾ ਕਰਦੇ ਹਾਂ। ਫ਼ਰੰਗੀ ਏਸ ਦੇਸੋਂ ਚਲੇ ਜਾਣਗੇ। ਪਾਛੇ ਖੜਕੇਗਾ ਪੌਲਾ। ਅੱਗੇ ਜਿਸ ਕੋ ਦੇਵੇ ਮੌਲਾ।

ਲਾਹੌਰ ਮੇਂ ਕਈ ਸਿੰਘਾਂ ਨੇ ਸਲਾਹ ਕੀਤੀ ਜੋ ਨਿੱਕਾ ਮੁੰਡਾ ਪੈਹਲੇ ਭੇਜਦੇ ਹਾਂ। ਭਾਈ ਧਿਆਨ ਸਿੰਘ ਨਾਮੇ ਭੇਜਿਆ। ਛੋਟਾ ਮੁੰਡਾ ਸਾਮ੍ਹਣੇ ਜਾਇਕੇ ਕੈਹਣੇ ਲੱਗਾ ਜੀ ਮੈਂ ਭਜਨ ਲੈਣਾ ਹੈ। ਝੱਟ ਭਜਨ ਦੇ ਦਿੱਤਾ। ਜਾਂ ਸੁਣਕੇ ਆਇਆ ਤਾਂ ਪਿਤਾ ਅਤੇ ਹੋਰ ਸਨਬੰਧੀ ਪੁੱਛਣ ਤਾਂ ਕੈਹਣੇ ਲਗਾ ਤੁਸੀਂ ਆਪ ਜਾ ਕੇ ਪੁੱਛ ਲਵੋ। ਹੱਕੇ ਬੱਕੇ ਰਹਿ ਗਏ ਕਿ ਦੇਖੋ ਇਸ ਇਵਾਣੇਂ ਕੋ

---

1 ਸਾਗ।

2 ਧਾਗੇ, ਮੌਲੀਆਂ ।

3 ਪਿਤਾ ਸ੍ਰ. ਸੋਭਾ ਸਿੰਘ

4 ਗੁਰਿੰਡਨਾਮਾ।

ਖ਼ਬਰ ਨਹੀਂ ਕੀ ਦੱਸਿਆ ਹੈ? ਸਖਾਲ ਕੇ ਭੇਜਿਆ ਸੀ ਪਰ ਦੱਸਦਾ ਨਹੀਂ ਹੈ। ਸਭ ਅਸਚਰਜ ਹੋਏ।

## ਹੁਕਮ ਸਿੰਘ ਨੂੰ ਭਜਨ

ਸ੍ਰੀ ਸਤਿਗੁਰੂ ਜੀ ਅਰਦਾਸਾ ਕਰਕੇ ਤੁਰੇ ਦੜਪ ਕੋ। ਇਕ ਪਿੰਡ ਜਾਇਕੇ ਪੜਾਓ ਕੀਤਾ। ਹੁਕਮ ਸਿੰਘ ਡਸਕੇ ਕਾ ਤਿਸਨੇ ਪੁੱਛਿਆ ਸੰਗਤਾਂ ਕਿੱਧਰ ਜਾਂਦੀਆਂ ਹਨ? ਕਹਿਆ ਕਿ ਨਾਮਧਾਰੀਆਂ ਕਾ ਗੁਰੂ ਰਾਮ ਸਿੰਘ ਆਇਆ ਹੈ। ਦੋ ਸਿੰਘ ਹੁਕਮ ਸਿੰਘ ਕੇ ਨਾਲ ਜਾਇਕੇ ਦੇਖਣ ਤਾਂ ਢੋਲਕੀ ਛੈਣੇ ਵਜਦੇ ਹੈਂ। ਸ਼ਬਦ ਕੀ ਧੁਨ ਹੋਇ ਰਹੀ ਹੈ। ਬੀਚ ਮੇਂ ਗੁਰੂ ਜੀ ਬੈਠੇ ਹੈਂ। ਚੌਹੀਂ ਪਾਸੀਂ ਸੂਬੇ ਖੜੇ ਹੈਂ। ਲੋਕਾਂ ਆਇਕੇ ਕੈਹਣਾ ਭਜਨ ਲੈਣਾ ਹੈ। ਜੇਕਰ ਲੈਣ ਵਾਲਾ ਹੋਵੇ ਤਾਂ ਦੇ ਦੇਣਾ। ਹੁਕਮ ਸਿੰਘ ਨੇ ਭੀ ਭਜਨ ਲੈ ਲਿਆ।

## ਚਾਹਲਾਂ ਵਿਖੇ ਦੀਵਾਨ

ਚਾਹਲਾਂ ਧਰਮਸਾਲ ਮੈ ਦੀਵਾਨ ਲੱਗਾ ਹੋਇਆ ਸੀ। ਇਕ ਮਸਤਾਨੇ ਸਿੰਘ ਨੇ ਜੋਤਾ ਸਿੰਘ ਨੂੰ ਫੜਕੇ ਜੂੜਿਓਂ ਹੇਠਾਂ ਸੁੱਟ ਲਿਆ ਤੇ ਕੁੱਟਿਆ। ਸ੍ਰੀ ਸਤਿਗੁਰੂ ਜੀ ਝੱਟ ਮਸਤਾਨੇ ਸਿੰਘ ਦੇ ਪਊਆ ਮਾਰਿਆ ਅਤੇ ਦੀਵਾਨ ਸੇ ਬਾਹਰ ਕਢਾਇ ਦਿੱਤਾ ਕਿਉਂਕਿ ਏਨੇ ਕੇਸਾਂ ਕੀ ਬੇਅਦਬੀ ਕੀਤੀ ਸੀ। ਬਚਨ ਕੀਤਾ ਏਸ ਸਿੰਘ ਕੀ ਜੋ ਅਰਜ਼ ਕਰੇਗਾ ਉਸਨੂੰ ਭੀ ਨਾਲ ਹੀ ਕੱਢਾਂਗੇ। ਡਰਦਾ ਮਾਰਿਆ ਕੋਈ ਅਰਜ਼ ਨਾ ਕਰੇ। ਫੇਰ ਜੋਤਾ ਸਿੰਘ ਦੇ ਸਿੱਖਾਂ ਨੇ ਉਹੀ ਸਿੰਘ ਮਾਰਿਆ ਜਿਸਨੇ ਜੋਤਾ ਸਿੰਘ ਨੂੰ ਮਾਰਿਆ ਸੀ। ਸੁਣਕੇ ਗੁਰੂ ਜੀ ਉਸ ਮਸਤਾਨੇ ਸਿੰਘ ਨੂੰ ਸੱਦ ਕੇ ਦੁੱਧ ਪਿਲਾਇਆ। ਉਸ ਸਿੱਖ ਕੋ ਬਚਨ ਕੀਤਾ ਤੈਂ ਨਾ ਸੀ ਮਾਰਨਾ।

## ਬਿਮਾਰੀ ਹਟਾਈ

ਫੱਤੇਵਾਲ ਮੇਂ ਬਿਮਾਰੀ ਪਈ ਸੀ। ਕਈ ਮਰਨੇ ਵਾਲੇ ਥੇ। ਅਰਜ਼ ਕੀਤੀ ਜੀ ਰੱਛਿਆ ਕਰੋ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਕੜਾਹ ਪ੍ਰਸ਼ਾਦ ਕਰਕੇ ਇਆਣਿਆਂ ਨੂੰ ਛਕਾਵੋ ਪ੍ਰਸੰਨ ਕਰਕੇ। ਕੜਾਹ ਪ੍ਰਸ਼ਾਦ ਕਰਕੇ ਛਕਾਇਆ। ਸਭ ਰਾਜੀ ਹੋਇ ਗਏ ਜੋ ਬਿਮਾਰ ਸੇ। ਲੋਕਾਂ ਨੂੰ ਇਹ ਭਰੋਸਾ ਹੋਇਆ ਜੋ ਪੂਰਨ ਪੁਰਖ ਅਵਤਾਰ ਧਾਰਿਆ ਹੈ। ਕਈਆਂ ਨੇ ਭਜਨ ਲਿਆ, ਸਿੰਘ ਸਜੇ।

ਅੰਮ੍ਰਿਤ ਵੇਲੇ ਪਹਿਲੇ ਸ੍ਰੀ ਸਤਿਗੁਰੂ ਜੀ ਇਸ਼ਨਾਨ ਕਰਨ ਜਾਣਾ ਫੇਰ ਸੂਬਿਆਂ ਨੇ ਜਾਣਾ। ਫੇਰ ਪਹਿਰੇ ਵਾਲੇ ਸਿੰਘਾਂ ਨੇ ਸਭ ਨੂੰ ਜਗਾਇ ਦੇਣਾ। ਆਸਾ ਕੀ ਵਾਰ ਕਾ ਉਚਾਰਨ ਕਰਨਾ। ਕਰ ਕਰ ਕੇ ਇਸ਼ਨਾਨ ਸਭ ਸਿੰਘ ਆਇ ਬੈਠ ਭਜਨ ਕਰਨਾ। ਦਰਸ਼ਨ ਕਰਨਾ ਗੁਰੂ ਜੀ ਕਾ। ਮਾਨ ਸਰੋਵਰ ਜੋ ਸਤਿਗੁਰੂ ਰਾਮ ਸਿੰਘ ਜੀ ਹੈਂ ਤਿਸ ਵਿਚੋਂ ਨਾਮ ਕੇ ਮੋਤੀ ਚੁਗਦੇ ਹੈਂ ਸਿੰਘ। ਜਿਸਦੇ ਬਾਣੀ ਕੰਠ ਹੈ ਸੋ ਕੰਠੋਂ ਪੜਦੇ ਹੈਂ, ਪੜ੍ਹਿਆ ਹੋਇਆ ਪੁਸਤਕ ਉਤੋ ਪੜ੍ਹਨ ਲੱਗ ਜਾਂਦਾ ਹੈ। ਨਾਮ ਕਾ ਗਫ਼ਾ ਦਿਨੋ ਦਿਨ ਵਰਤਾਈ ਜਾਂਦੇ ਹੈਂ ਸਤਿਗੁਰੂ ਜੀ। ਸੰਤ ਖਾਲਸਾ ਵੱਧਦਾ ਜਾਂਦਾ

ਹੈ। ਮਾਲਾ ਨਾਲ ਜੀਆਂ ਨੂੰ ਪਰੋਈ ਜਾਂਦੇ ਹੈਂ।

ਸ਼ਰਦਾਈ ਛਕਕੇ ਮਦਾਨੇ ਜਾਇਕੇ ਇਸ਼ਨਾਨ ਕਰਨਾ। ਇਕਾਂਤ ਬੈਠ ਕੇ ਨਿਤਨੇਮ ਜਪੁ ਜਾਪ ਪੜ੍ਹਨਾ, ਪਹਿਲੇ ਭਜਨ ਕਰਨਾ। ਚੀਨੀ ਸੁਰਖੀ ਦੋਨੋ ਘੋੜੀਆਂ ਹੈਨ। ਬਾਹਰੋਂ ਔਣੇਂ ਕਾ ਜਾਂ ਵਕਤ ਹੋਣਾਂ ਤਾਂ ਸੁਰਖੀ ਔਣੀਂ। ਪਹਿਰਾ ਦੂਰ ਖੜਾ ਰਹਿੰਦਾ ਸੀ। ਨਾਲੇ ਪੁਸ਼ਾਕ ਲਿਆਵਣੀ। ਪੁਸ਼ਾਕ ਗੁਰੂ ਜੀ ਪਾਇਕੇ ਫੇਰ ਸੁਰਖੀ ਪਰ ਚੜ੍ਹਕੇ ਔਣਾਂ ਡੇਰੇ ਮੇਂ। ਪੰਗਤ ਲਗਣੀ। ਗੁਰੂ ਜੀ ਪ੍ਰਸ਼ਾਦ ਛਕ ਕੇ ਛਿਨ ਭਰ ਬਰਾਜ ਜਾਣਾ, ਫੇਰ ਦੀਵਾਨ ਲਗਾਣਾ। ਦੀਵਾਨ ਕੇ ਬੀਚ ਗੁਰੂ ਜੀ ਦਰਸ਼ਨ ਦੇਂਦੇ ਹੈਂ। ਬੁੱਢਾ ਸਿੰਘ ਸੁਬਾਜਪੁਰੇ ਕਾ ਪਹਿਰੇ ਵਾਲਾ ਸੀ। ਅਰੂੜ ਸਿੰਘ ਨਾਲੇ ਇਸ਼ਨਾਨ ਕਰਾਉਂਦਾ ਸੀ ਨਾਲੇ ਦਾਤਣਾਂ ਲਿਆਉਂਦਾ ਸੀ। ਹੋਰ ਟਹਿਲ ਭੀ ਕਰਨੀ। ਏਕ ਦਾਤਣ ਦਾ ਸਵਾ ਰੱਤੀ ਸੁਇਨੇ ਕਾ ਮਹਾਤਮ ਹੈ।

## ਜੋਧ ਸਿੰਘ ਮਜ਼੍ਹਬੀ

ਇਕ ਜੋਧ ਸਿੰਘ ਮਜ਼੍ਹਬੀ ਸੀ। ਸਵਾ ਰੁਪਏ ਕਾ ਕੜਾਹ ਪ੍ਰਸ਼ਾਦ ਛਕ ਜਾਂਦਾ ਸੀ। ਫੇਰ ਹੋਰ ਭੀ ਮੰਗਣਾ। ਪਾਂਚ ਸਰੀਰਾਂ ਵਰਗਾ ਬੋਲਾ ਸੀ। ਸਤਿਗੁਰੂ ਜੀ ਬਚਨ ਕੀਤਾ ਕਿ ਅਜਰਾਈਲ[1] ਹੈ। ਏਹ ਕਮਾਈ ਵਾਲਾ ਸਾਧ ਹੈ। ਏਕ ਸਮੇਂ ਖਾਲ਼ ਪਰ ਇਸ਼ਨਾਨ ਕਰਦਾ ਸੀ। ਜ਼ਿਮੀਂਦਾਰਾਂ ਨੇ ਕਹਾ ਖਾਲ਼ ਕਾ ਪਾਣੀਂ ਤੋੜਦਾ ਹੈਂ ਚੂੜ੍ਹਿਆ? ਮਜ਼੍ਹਬੀ ਨੇ ਕਹਾ ਕਿ ਮਹਾਰਾਜ ਜੀ ਸੁਣਦੇ ਹੈਂ, ਮੰਦਾ ਨਾ ਬੋਲ। ਫੇਰ ਗਾਲ਼ ਕੱਢੀ ਤੀਜੀ ਫੇਰੀ। ਮਜ਼੍ਹਬੀ ਸਿੰਘ ਨੇ ਤੇਜੀ ਮੈ ਹੋਇਕੇ ਕਹਾ ਕਿ ਜਾਹ ਖੱਫਣ ਸੁਆਂ ਲੈ। ਜ਼ਿਮੀਂਦਾਰ ਨੇ ਕਹਾ ਤੂੰ ਕਿਧਰੇ ਸਿੱਧ ਤਾ ਨਹੀਂ ਹੈ। ਦੋ ਵਜੇ ਸੂਲ ਉੱਠਿਆ। ਉਸੀ ਦਿਨ ਚਿਖਾ ਮੈ ਜਾਇ ਪਿਆ ਮਾਨੋ ਬੋਲ ਬੰਦੂਕ ਕਾ ਦੁਗਾੜਾ ਲੱਗਾ। ਦੇਖਣੇ ਅਰ ਸੁਣਨੇ ਵਾਲੇ ਭੈ ਕਰਨੇ ਲੱਗੇ ਕਿ ਧੰਨ ਗੁਰੂ ਹੈ ਜਿਸ ਕਾ ਇਹ ਸਿੰਘ ਹੈ।

ਏਕ ਮਾਈ ਮੇਲੋਵਾਲੇ (ਜ਼ਿਲ੍ਹਾ ਗੁਜਰਾਂਵਾਲਾ) ਮੇਂ ਭੋਜਨ ਲੈਣ ਆਈ। ਅੰਤਰਯਾਮੀ ਜੀ ਬਚਨ ਕੀਤਾ ਘਰਦਿਆਂ ਤੋਂ ਧੱਕੋ ਧੱਕੀ ਸੁਣਨੇ ਲਗੀ ਹੈਂ। ਕਹਾ ਕਿ ਜੀ ਮੈਂ ਧੱਕੋ ਧੱਕੀ ਸੁਣਨ ਲੱਗੀ ਹਾਂ। ਗੁਰੂ ਜੀ ਬਚਨ ਕੀਤਾ ਧੱਕੋ ਧੱਕੀ ਹੀ ਸਹੀ, ਜੇਕਰ ਅੰਨ ਇਸ਼ਨਾਨ ਕਰਕੇ ਛਕੇਂਗੀ ਤਾਂ ਤੂੰ ਰਾਜੀ ਰਹੇਂਗੀ। ਜੇਕਰ ਨਾ ਇਸ਼ਨਾਨ ਕਰਕੇ ਛਕੇਂਗੀ ਤਾਂ ਮਰਦੀ ਜੀਊਂਦੀ ਰਹੇਂਗੀ। ਜਿਤਨਾ ਚਿਰ ਮਾਈ ਜੀਊਂਦੀ ਰਹੀ ਜੂਆਂ ਪਈਆਂ ਰਹੀਆਂ, ਇਸ਼ਨਾਨ ਨਾ ਹੋਇਆ।

## ਠਾਕੁਰ ਸਿੰਘ ਦਰਸ਼ਨਾਂ ਕੋ

ਕੰਨਣ ਸਿਆਣ ਲੰਗਰ ਹੋਇਆ ਤਾਂ ਨੇੜੇ ਕੇ ਪਿੰਡਾਂ ਦੇ ਲੋਕ ਦਰਸ਼ਨਾਂ ਕੋ ਆਏ। ਠਾਕੁਰ ਸਿੰਘ ਦਰਸ਼ਨਾਂ ਕੋ ਆਇਆ। ਦੀਵਾਨ ਮੈ ਗਿਆ। ਗੁਰੂ ਜੀ ਬਚਨ ਕੀਤਾ ਦੀਵਾਨ ਸੇ ਬਾਹਰ ਕੱਢ ਦਿਓ। ਠਾਕੁਰ ਸਿੰਘ ਉੱਚੀ ਸੇ ਰੋਣੇ ਲੱਗਾ। ਉਸਕੋ ਰੋਂਦੇ ਕੋ ਦੇਖ ਕਰ ਪੂਛਾ ਕੀ ਹੋਇਆ ਹੈ? ਠਾਕੁਰ ਸਿੰਘ ਹਾਥ ਜੋੜ ਕਹਾ ਜੀ ਸੱਚੇ ਪਾਤਸ਼ਾਹ ਦੁਨੀਆਂ ਕੀ ਅੱਗ ਬੁਝਾਣੇ ਤੇਰੇ ਪਾਸ

---

1 ਮੌਤ ਦਾ ਫਰਿਸ਼ਤਾ ।

ਆਏ ਹੈਂ, ਏਥੋਂ ਭੀ ਧੱਕੇ ਮਿਲੇ ਹੈਂ। ਹੁਣ ਕਿੱਧਰ ਜਾਮਾਂ? ਤਾਂ ਮੇਰਾ ਰੋਣ ਨਿਕਲਾ ਹੈ। ਗੁਰੂ ਜੀ ਥਾਪੜਾ ਦਿੱਤਾ ਤੇ ਪਿਆਰ ਸੇ ਕਹਾ ਬਾਲਕ ਜਵੰਦ ਸਿੰਘ ਕੀ ਔਰ ਨਿਗਾਹ ਕਰਕੇ, ਠਾਕੁਰ ਸਿੰਘ ਏਹ ਤੇਰਾ ਬੱਚਾ ਹੈ? ਕਹਾ ਜੀ ਆਪ ਹੀ ਕਾ ਹੈ। ਬਾਲਕ ਕੋ ਥਾਪੜਾ ਦੀਆ ਔਰ ਬਚਨ ਕੀਤਾ ਹਾਂ ਭਾਈ ਸਾਡਾ ਹੀ ਹੈਂ, ਬੜੇ ਕੰਮ ਕਰੇਗਾ। ਜਵੰਦ ਸਿੰਘ ਕੇ ਚਾਚੇ ਨੇ ਭੀ ਦੀਵਾਨ ਮੈਂ ਆਇਕੇ ਮੱਥਾ ਟੇਕਿਆ ਤੇ ਭਜਨ ਲਿਆ।

ਏਕ ਸਿੰਘ ਕਾ ਭਜਨ ਲਿਆ ਹੋਇਆ ਸੀ। ਉਹ ਬ੍ਰਾਹਮਣ ਨੜੀਮਾਰ[1] ਦੇ ਘਰ ਦਾ ਛਕ ਰਿਹਾ ਸੀ। ਸਿੰਘਾਂ ਨੇ ਅਰਜ਼ ਕੀਤੀ ਜੀ ਜਾਣ ਬੁਝ ਕੇ ਨੜੀਮਾਰ ਕੇ ਘਰ ਦਾ ਛਕਦਾ ਹੈ। ਸਤਿਗੁਰੂ ਜੀ ਬਚਨ ਕੀਤਾ ਇਸ ਕਾ ਬੁਰਾ ਹਾਲ ਹੋਵੇਗਾ ਜੇੜ੍ਹਾ ਜਾਣ ਕੇ ਖਾਂਦਾ ਹੈ। ਗੁਰੂ ਜੀ ਕਾ ਬਚਨ ਪੂਰਾ ਹੋਇਆ। ਢਿਡ ਵਧ ਗਿਆ ਮੰਗਦਾ ਖਾਂਦਾ ਮਰ ਗਿਆ।

## ਢਾਈ ਸਿੱਖ

ਕੁਝਰਾਂਵਾਲੇ ਲੈਹਣਾ ਸਿੰਘ ਨੇ ਲੰਗਰ ਮੰਗਿਆ।[2] ਕਰਨੇ ਲਗੇ। ਬਾਬਾ ਲੈਹਣਾ ਸਿੰਘ ਜੀ ਸਰਦਾਰ ਹਰੀ ਸਿੰਘ ਨਲੂਆ ਦੇ ਜੁਆਈ ਸਨ। ਸੂਬਿਆਂ ਨੇ ਕਹਾ ਜੀ ਲੰਗੋਟੀ ਵਾਲਾ ਹੈ, ਭਜਨ ਨਹੀਂ ਲਿਆ ਹੋਇਆ ਹੈ। ਸ੍ਰੀ ਸਤਿਗੁਰੂ ਅੰਤਰਯਾਮੀ ਜੀ ਬਚਨ ਕੀਤਾ ਸਾਨੂੰ ਇਸਦੀ ਲੰਗੋਟੀ ਹੀ ਚੰਗੀ ਹੈ। ਮੈਨੂੰ ਤਾ ਸਿੰਘ ਬਣੇ ਬਣਾਏ ਢਾਈ ਹੱਥ ਆਏ ਹੈ। ਇਕ ਏਹ ਲੈਹਣਾ ਸਿੰਘ ਤੇ ਦੂਜਾ ਜਮੀਤ ਸਿੰਘ ਕਾਹਨੇ ਕਾਛੇ ਕਾ ਤੇ ਅੱਧਾ ਜਮੀਤ ਸਿੰਘ ਗਿੱਲਾਂ ਦੜਪ ਮੈ। ਹੋਰ ਸਭ ਬਣਾਉਣੇ ਪਏ ਹੈਨ। ਭਾਈ ਲੈਹਣਾ ਸਿੰਘ ਨੇ ਭਜਨ ਮੰਗਿਆ ਤਾਂ ਬਚਨ ਕੀਤਾ ਤੂੰ ਤਾ ਨਾਮ ਕੀ ਮੂਰਤ ਹੈਂ। ਫੇਰ ਅਰਜ਼ ਕੀਤੀ ਜੀ ਰਤਨ ਸਿੰਘ ਨੇ ਸੇਵਾ ਦਾ ਉਪਦੇਸ਼ ਦਿੱਤਾ ਸੀ ਪਰ ਨਾਮ ਨਹੀਂ ਦਿੱਤਾ। ਆਪ ਕਿਰਪਾ ਕਰੋ, ਨਾਮ ਦਾ ਉਪਦੇਸ਼ ਦਿਓ। ਜੇਕਰ ਕਿਸੇ ਦੇ ਕੋਲ ਹਜ਼ਾਰ ਰੁਪਯਾ ਹੋਵੇ, ਅੱਗੇ ਹਜ਼ਾਰ ਰੁਪਯਾ ਹੋਰ ਮਿਲੇ ਤਾਂ ਛੱਡਣਾ ਕਿਓਂ ਹੈ? ਭਜਨ ਦਿੱਤਾ ਸਾਰੇ ਟੱਬਰ ਨੂੰ, ਕਛਹਿਰੇ ਬਖਸ਼ਾਇ ਲਏ।

ਸਤਿਗੁਰੂ ਜੀ ਬਾਬੇ ਲੈਹਣਾ ਸਿੰਘ ਦੇ ਘਰ ਲੰਗਰ ਕੀਤਾ। ਕੋਈ ਸਰੀਰ ਪ੍ਰਸ਼ਾਦਾ ਲੈਣ ਵਾਸਤੇ ਆਇ ਗਏ। ਬਾਬਾ ਜੀ ਨੇ ਉਸੇ ਤਰ੍ਹਾਂ ਲੰਗਰ ਵਿੱਚੋਂ ਪ੍ਰਸ਼ਾਦੇ ਚੁੱਕ ਕੇ ਦੇ ਦਿੱਤੇ। ਸਿੰਘਾਂ ਨੇ ਅਰਜ਼ ਕੀਤੀ ਜੀ ਸੱਚੇ ਪਾਤਸ਼ਾਹ ਜੀ ਲੰਗੋਟੀ ਵਾਲੇ ਬਾਬੇ ਨੇ ਲੰਗਰ ਵਿੱਚੋਂ ਪ੍ਰਸ਼ਾਦੇ ਚੁੱਕ ਕੇ ਦਿੱਤੇ ਹਨ। ਸਤਿਗੁਰੂ ਜੀ ਬਚਨ ਕੀਤਾ ਕਿ ਏਸਦੀ ਲੰਗੋਟੀ ਹੀ ਪ੍ਰਵਾਨ ਹੈ।

## ਛੋਟੀਆਂ ਗਲੋਟੀਆਂ ਦਾ ਗੁਰਦਿੱਤਾ

ਏਕ ਕਾਰੀਗਰ ਕੋ ਏਹ ਸੰਕਲਪ ਹੋਇਆ ਕਿ ਜੇਕਰ ਸੱਚਾ ਗੁਰੂ ਹੈ ਤਾਂ ਮੈਨੂੰ ਏਥੇ ਬੈਠੇ ਨੂੰ ਭਜਨ ਦੇਣਗੇ। ਹਲਟ ਕੀ ਗਾਧੀ ਵਾਹੁੰਦਾ ਸੀ। ਅੰਤਰਯਾਮੀ ਗੁਰੂ ਜੀ ਉਸੀ ਖੂਹ ਪਰ ਗਏ ਪਿੰਡ ਛੋਟੀਆਂ ਗਲੋਟੀਆਂ। ਸਿੰਘ ਦਾ ਨਾਮ ਗੁਰਦਿੱਤਾ ਸੀ। ਗਾਧੀ ਪਰ ਬੈਠੇ ਕੋ ਬਚਨ ਕੀਤਾ

---

1 ਹੁੱਕਾ ਪੀਣ ਵਾਲਾ ।

2 ਸਪੁੱਤਰ ਸ੍ਰ. ਕਾਹਨ ਸਿੰਘ ਪਿੰਡ ਘਰਜਾਖ, ਜ਼ਿਲ੍ਹਾ ਗੁਜਰਾਂਵਾਲਾ।

ਤੈਨੇ ਗਾਧੀ ਪਰ ਭਜਨ ਲੈਣਾ ਹੈ ਬੈਠੇ ਬਠਾਏ ਨੇ? ਉਸ ਕੋ ਸੂਤਰ ਹੋਇ ਗਿਆ। ਗੁਰੂ ਜੀ ਕੀ ਚਰਨੀਂ ਜਾਇ ਲੱਗਾ ਅਤੇ ਭਜਨ ਲੈ ਲਿਆ। ਕਈਆਂ ਨੇ ਭਜਨ ਲੀਤੇ। ਅਰਜ਼ ਕੀਤੀ ਜੀ ਏਸ ਖੂਹ ਪਰ ਕੰਡਿਆਲੀ ਬਹੁਤ ਹੁੰਦੀ ਹੈ, ਫਸਲ ਮਾਰ ਲੈਂਦੀ ਹੈ। ਸਤਿਗੁਰੂ ਜੀ ਬਚਨ ਕੀਤਾ ਕਿ ਖੂਹ ਦੀ ਹੱਦ ਅੰਦਰ ਜੰਗਲ ਕੋਈ ਨਾ ਜਾਵੇ। ਅੱਗੇ ਕੋ ਨਹੀਂ ਹੋਂਦੀ। ਫੇਰ ਨਹੀਂ ਉਥੇ ਕੰਡਿਆਲੀ ਹੋਈ ਜਿਨ੍ਹਾਂ ਚਿਰ ਜੰਗਲ ਨਹੀਂ ਬੈਠੇ। ਕਈ ਸਿੰਘ ਸਜਾਏ ਉਸ ਪਿੰਡ

ਬਾਬੇ ਸਾਹਿਬ ਸਿੰਘ ਨੇ ਅਰਜ਼ ਕੀਤੀ ਜੇਕਰ ਤੁਹਾਡਾ ਸਿੰਘ ਹੋਵੇ ਅਤੇ ਕਹੇ ਸਿੱਖੀ ਸੇ ਖਾਰਜ ਅਤੇ ਬੇਦਾਵਾ ਲਿਖ ਦੇਵੇ, ਉਸਕੇ ਵਾਸਤੇ ਕੀ ਬਚਨ ਹੈ? ਗੁਰੂ ਜੀ ਬਚਨ ਕੀਤਾ ਸਤ ਜਨਮਾਂ ਕਾ ਆਗੇ ਸਿੱਖ ਨਹੀਂ ਹੁਆ ਅਤੇ ਚੌਦਾਂ ਜਨਮ ਅੱਗੇ ਕੋ ਸਿੰਘ ਨਹੀਂ ਹੁੰਦਾ। ਇੱਕੀ ਜਨਮ ਕੀ ਟੇਢੀ ਉਸ ਕੇ ਵਾਸਤੇ ਹੈ। ਹੋਰ ਪ੍ਰਸ਼ਨ ਕੀਤਾ ਜੋ ਧੁਆਡੀ ਰੀਤੀ ਮਰਯਾਦਾ ਮੈ ਪੂਰਾ ਹੋਵੇ ਅਤੇ ਜੇ ਕੋਈ ਪੰਜ ਐਬ ਬੀ ਕਰਦਾ ਹੋਵੇ, ਸੋ ਉਸ ਕੋ ਕੀ ਚਾਹੀਏ? ਬਚਨ ਕੀਤਾ ਏਹ ਜੋ ਚਾਰ ਅੱਖਰਾ ਭਜਨ ਹੈ ਜਿਸ ਨੇ ਜਪਿਆ ਹੈ ਉਸ ਕੀ ਚੁਰਾਸੀ ਤਾਂ ਕੱਟੀ ਗਈ। ਜਦ ਮਿਲੇਗਾ ਤਾਂ ਮਨੁੱਖਾ ਜਨਮ ਹੀ ਮਿਲੇਗਾ। ਇਕ ਜਨਮ ਖੋਟੇ ਕਰਮ ਕਰੂ ਤਾਂ ਦੂਸਰੇ ਜਨਮ ਸੁਧਰ ਜਾਏਗਾ।

## ਗਿੱਲਾਂ ਵਿਖੇ ਮਾਘੀ

ਦਰਸ਼ਨ ਦੇਂਦੇ ਤਾਰਦੇ ਮਾਘੀ ਗਿੱਲੀਂ ਕੀਤੀ[1]। ਬੜੀ ਖੁਸ਼ੀ ਹੋਈ, ਭੋਗ ਪਾਇਆ ਸ੍ਰੀ ਗ੍ਰੰਥ ਸਾਹਿਬ ਜੀ ਕਾ। ਰੰਬਾ ਲੈ ਕੇ ਬੈਠੇ। ਜੇੜ੍ਹੀ ਮਾਈ ਬੀਬੀ ਕੇ ਪੌਂਚੀ ਹੋਵੇ ਸੋ ਵੱਢੀ ਜਾਵਣ। ਹੁਕਮ ਦੀਆ ਕਿ ਪੌਂਚੀਆਂ ਅਰ ਗਾਨੀਆਂ ਮਣਕੇ ਗਲ਼ ਮੈ ਨਹੀਂ ਪਾਵਣੇ। ਬਡੀਆਂ ਖੁਸ਼ੀਆਂ ਨਾਲ ਮੇਲਾ ਹੋਇਆ। ਜੇੜ੍ਹਾ ਦਰਸ਼ਨ ਕਰਦਾ ਹੈ ਸੋ ਮੋਹਿਆ ਜਾਂਦਾ ਹੈ। ਜੈਸੇ ਬੰਸੁਰੀ ਕੀ ਧੁਨ ਸੁਨਕੇ ਗੋਪੀਆਂ ਅਰ ਪੰਛੀ ਮੋਹੇ ਜਾਂਦੇ ਸੇ, ਤਿਸੀ ਤਰ੍ਹਾਂ ਜੀਆਂ ਕੇ ਦਿਲ ਮੋਹੇ ਜਾਂਦੇ ਹੈਂ।

ਪਕੌੜੇ ਬਣੇ। ਬਚਨ ਹੋਇਆ ਵਰਤਾਵਾਂਗੇ। ਜਾਂ ਵਰਤਾਵਣ ਲੱਗੇ ਤਾਂ ਜਮੀਤ ਸਿੰਘ ਦੇ ਦਿਲ ਮੇਂ ਹੋਈ ਕਿ ਜੇ ਮੈਨੂੰ ਮਿਸ਼ਰੀ ਦਿੱਤੀ, ਤਾਂ ਮੈਂ ਜਾਣਾਂਗਾ ਪੂਰਨ ਪਰਮੇਸ਼ਰ ਹੈਂ। ਜਾਂ ਗੁਰੂ ਜੀ ਪਕੌੜੇ ਵਰਤਾਂਵਦੇ ਵਰਤਾਂਵਦੇ ਜਮੀਤ ਸਿੰਘ ਪਾਸ ਆਏ ਤਾਂ ਬਚਨ ਕੀਤਾ ਲਿਆਓ ਮਿਸ਼ਰੀ ਜਮੀਤ ਸਿੰਘ ਕੋ ਦੇਵੀਏ। ਮਿਸ਼ਰੀ ਮੰਗਵਾਇਕੇ ਦਿੱਤੀ। ਉਸੀ ਵੇਲੇ ਜਾਣਿਆ ਜੋ ਪੂਰਨ ਪੁਰਖ ਹੈਨ। ਖਾਸ ਨਿਰੰਕਾਰ ਪ੍ਰਮੇਸਰ ਜੀ ਕੀ ਜੋਤ ਹੈਂ। ਸਭ ਭਰਮ ਦੂਰ ਹੋ ਗਿਆ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਜਮੀਤ ਸਿੰਘ ਚਿੱਟੇ ਕਪੜੇ ਪਹਿਰਿਆ ਕਰ, ਮੈਲੇ ਕਪੜੇ ਕਿਓਂ ਰੱਖਦਾ ਹੈਂ? ਦੋ ਪੁਸ਼ਾਕਾਂ ਰੱਖਿਆ ਕਰ। ਇਕ ਸਿੰਘ ਨਾਲ ਰੱਖਿਆ ਕਰ ਸੇਵਾ ਕਰਨ ਕੇ ਵਾਸਤੇ। ਇਕ ਘੋੜੀ ਰੱਖਿਆ ਕਰ ਚੜ੍ਹਨ ਕੇ ਵਾਸਤੇ। ਬਾਬੇ ਜਮੀਤ ਸਿੰਘ ਕਹਿਆ ਜੀ ਏਹ ਫੁਰਨੇਂ ਧੁਆਡੇ ਵਿਚੋਂ ਹੈਨ ਕਿਉਂਕਿ ਮਾਲਕ ਜੋ ਤੂੰ ਹੈਂ। ਮੇਰੇ ਦਾਸ ਪਰ ਮੇਹਰਬਾਨੀ ਰਖਣੀ। ਜੈਸਾ ਕਹਿੰਦੇ ਹੋ ਤੁਹਾਡੇ ਪ੍ਰਤਾਪ ਨਾਲ ਐਸਾ ਹੀ ਹੋ ਜਾਊਗਾ। ਸੰਗਤ ਬਹੁਤ ਇਕੱਤਰ ਹੋਈ। ਦੀਵਾਨ ਲਗਦਾ

1 ਜਨਵਰੀ ੧੯੬੯ ਈ.

ਹੈ, ਸੂਤਰੀਆਂ ਕੋ ਸੂਤਰ ਨਿਕਲਦਾ ਹੈ। ਇਲਾਕੇ ਕੇ ਲੋਕ ਦੇਖਣ ਕੋ ਆਉਂਦੇ ਹੈਂ। ਸਾਰੇ ਦੇਸ ਮੇਂ ਪੰਥ ਕੀਆਂ ਖ਼ਬਰਾਂ ਹੋ ਗਈਆਂ। ਐਸੀ ਲੀਲਾ ਰਚੀ, ਸਿੰਘ ਦੇਖਕੇ ਖੁਸ਼ ਹੋਏ।

## ਮਾਨਾਂਵਾਲੇ ਸਰਦਾਰ

ਅਰਦਾਸਾ ਕਰਕੇ ਤੁਰੇ ਅਤੇ ਕਾਲੇ ਖਤਾਈ ਆਏ। ਮਾਨਾਂਵਾਲੇ ਸਰਦਾਰ ਹੀਰਾ ਸਿੰਘ ਕੀਆਂ ਸਾਖੀਆਂ ਦੇਖੀਆਂ ਹੋਈਆਂ ਸੀਆਂ। ਉਸਨੇ ਸਮਝਿਆ ਕਿ ਸਮਾ ਭੀ ਪੁੱਜਾ ਹੋਇਆ ਹੈ, ਏਹ ਠੀਕ ਬਾਰ੍ਹਵਾਂ ਜਾਮਾਂ ਅਵਤਾਰ ਧਾਰਿਆ ਹੈ। ਸੰਕਲਪ ਹੋਇਆ ਕਿ ਦਰਸ਼ਨ ਕੀਤਾ ਚਾਹੀਏ। ਸਰਦਾਰ ਨੇ ਕਾਲੇ ਖਤਾਈ ਆਇ ਦਰਸ਼ਨ ਕੀਤਾ। ਚਰਨਾਂ ਪਰ ਸੀਸ ਧਰਕੇ ਮੱਥਾ ਟੇਕਿਆ।

ਅਰਜ਼ ਕੀਤੀ ਜੀ ਮੇਰੇ ਗ੍ਰਿਹਿ ਚਰਨ ਪਾਓ। ਬਚਨ ਕੀਤਾ ਕਿ ਤੂੰ ਭਜਨ ਲੈ ਲੇ, ਚਰਨ ਭੀ ਪਾਵਾਂਗੇ। ਜੇ ਅੰਮ੍ਰਿਤ ਛਕ ਲਵੇਂ ਤਾ ਤੇਰੇ ਘਰ ਦਾ ਅੰਨ ਪਾਣੀ ਭੀ ਗ੍ਰਹਿਣ ਕਰਾਂਗੇ। ਫੇਰ ਉਸਕੇ ਦਿਲ ਮੇਂ ਫੁਰਨਾ ਹੋਇਆ ਕਿ ਜੋ ਅਵਤਾਰ ਹੁੰਦਾ ਹੈ ਉਸ ਕੀ ਵੱਖੀ ਪਰ ਭ੍ਰਿਗੂਲਤਾ[1] ਹੁੰਦੀ ਹੈ। ਮੈਂ ਤਾਂ ਭਜਨ ਲਵਾਂਗਾ ਜਾਂ ਭ੍ਰਿਗੂਲਤਾ ਦੇਖੂੰਗਾ। ਸਰਦਾਰ ਕੇ ਫੁਰਨੇ ਕੋ ਅੰਤਰਯਾਮੀ ਗੁਰੂ ਜੀ ਜਾਣ ਕਰ ਬਚਨ ਕੀਤਾ ਇਸ਼ਨਾਨ ਕਰਾਵੋ। ਝੱਟ ਬਸਤਰ ਉਤਾਰ ਦਿੱਤੇ। ਸਰਦਾਰ ਨੇ ਦੇਖਿਆ ਭ੍ਰਿਗੂਲਤਾ ਕਾ ਚਿਨ੍ਹ ਵੱਖੀ ਪਰ ਹੈ। ਤਾਂ ਨਿਸਚਾ ਹੋਇਆ ਕਿ ਏਹ ਬਾਰ੍ਹਵਾਂ ਜਾਮਾ ਹੈ। ਤਤਛਿਨ ਭਜਨ ਲੈ ਲਿਆ। ਮਾਲਾ ਫੇਰਨ ਲੱਗ ਪਿਆ। ਮਨ ਤਨ ਸੇ ਭਜਨ ਕਰਨ ਲਗ ਗਿਆ। ਸ਼ਬਦ ਸੁਣਦੇ ਸਾਰ ਹੀ ਸੰਸੇ ਨਿਵਿਰਤ ਹੋਇ ਗਏ, ਸ਼ਾਤੀ ਪ੍ਰਾਪਤ ਹੋਇ ਗਈ। ਜਾਣਿਆ ਜੋ ਇਹ ਸ਼ਬਦ ਤਾ ਸ੍ਰੀ ਗ੍ਰੰਥ ਸਾਹਿਬ ਦਾ ਹੈ। ਅੰਨ੍ਹੇ ਲੋਕ ਕਲਾਮ ਕਹਿਦੇ ਹੈਂ। ਏਹ ਗੁਰੂ ਬਾਰ੍ਹਵਾਂ ਜਾਮਾ ਜੋਤ ਕਾ ਹੈ। ਖੁਸ਼ੀਆਂ ਲੈ ਕੇ ਘਰ ਆਇਆ।

## ਮਾਨਾਂਵਾਲੇ ਦਰਸ਼ਨ

ਘਰ ਆਇਕੇ ਸਰਦਾਰ ਹੀਰਾ ਸਿੰਘ ਆਪਨੀ ਸਿੰਘਨੀ ਕੋ ਕੈਹਣ ਲਗਾ ਕਿ ਦੇਖਣ ਮੈ ਅਤੇ ਸੁਣਨ ਮੈ ਬੜਾ ਫ਼ਰਕ ਹੈ। ਅੰਨ੍ਹੇ ਲੋਕ ਸ਼ਬਦ ਕੋ ਕਲਾਮ ਕੈਂਹਦੇ ਹੈਂ। ਏਹ ਤਾਂ ਬਾਰ੍ਹਵਾਂ ਜਾਮਾਂ ਅਵਤਾਰ ਹੈਨ। ਮੈਨੂੰ ਦਰਸ਼ਨ ਕਰਕੇ ਸ਼ਾਂਤੀ ਪ੍ਰਾਪਤ ਹੋਇ ਗਈ ਹੈ। ਬੜੇ ਪ੍ਰਸੰਨ ਹੋਕੇ ਦਸਵੇਂ ਪਾਤਸ਼ਾਹ ਕੀ ਤਰ੍ਹਾਂ ਬਚਨ ਕਰਦੇ ਹੈਨ।

ਸਰਦਾਰ ਦੇ ਘਰ ਆਏ ਸ੍ਰੀ ਸਤਿਗੁਰੂ ਜੀ। ਸਰਦਾਰ ਨੇ ਜਨਾਨੀਆਂ ਕੋ ਆਖਿਆ ਅਰਜ਼ ਨਹੀਂ ਕਰਨੀ ਕਿਸੇ ਤਰ੍ਹਾਂ ਦੀ । ਸਭ ਜਨਾਨੀਆਂ ਨੇ ਦਰਸ਼ਨ ਕੀਤਾ ਸਤਿਗੁਰੂ ਜੀ ਦਾ। ਸਰਦਾਰ ਕੀ ਸੱਸ ਨੇ ਅਰਜ਼ ਕੀਤੀ। ਸਰਦਾਰ ਨਰਾਜ ਹੋਣ ਲੱਗਾ ਕਿ ਤੂੰ ਕਿਓਂ ਅਰਜ਼ ਕੀਤੀ ਹੈਂ ਤਾਂ ਸਤਿਗੁਰੂ ਜੀ ਨੇ ਬਚਨ ਕੀਤਾ ਨਾ ਭਾਈ ਕੋਈ ਗੱਲ ਨਹੀਂ । ਕਹੋ ਕੀ ਕੈਂਹਦੀ ਹੈ। ਅਰਜ਼ ਕਰੀ ਸੱਚੇ ਪਾਤਸ਼ਾਹ ਮੇਰੇ ਦੋਹਤਾ ਨਹੀਂ ਹੈ ਕੋਈ। ਮੇਰੇ ਨੇਤਰਾਂ ਦੇ ਦੇਖਦੇ ਦੇਖਦੇ ਮੇਰੇ

---

1 ਭ੍ਰਿਗੂ ਰਿਸ਼ੀ ਦੀ ਲੱਤ ਦਾ ਨਿਸ਼ਾਨ ਜੋ ਵਿਸ਼ਨੂੰ ਅਵਤਾਰਾਂ ਦੇ ਸਰੀਰ ਤੇ ਹੁੰਦਾ ਹੈ ।

ਦੋਹਤਾ ਹੋ ਜਾਵੇ। ਬਚਨ ਕੀਤਾ ਕਿ ਅਗਲੇ ਸਾਲ ਕੋ ਹੋ ਜਾਏਗਾ।

ਏਕ ਮਾਈ ਉਸਕਾ ਭਜਨ ਲਿਆ ਹੋਇਆ ਸੀ। ਰਸਤੇ ਤੁਰੀ ਜਾਂਦੀ ਛੋਲਿਆਂ ਕਾ ਬੂਟਾ ਪੁੱਟਣੇ ਲਗੀ ਤਾਂ ਯਾਦ ਆਇਆ ਕਿ ਮੈਨੂੰ ਤਾਂ ਸਤਿਗੁਰੂ ਜੀ ਕਾ ਹੁਕਮ ਸੀ ਕਿ ਚੋਰੀ ਨਾ ਕਰਨੀ। ਭੈ ਕਰਕੇ ਬੂਟਾ ਨਾ ਪੁੱਟਿਆ। ਸ੍ਰੀ ਸਤਿਗੁਰੂ ਜੀ ਕੇ ਹਜ਼ੂਰ ਸਾਰਾ ਬ੍ਰਿਤਾਂਤ ਸੁਣਾਇਆ । ਸ੍ਰੀ ਸਤਿਗੁਰੂ ਜੀ ਬਚਨ ਕੀਤਾ ਤਾਂ ਧਰਮ ਵਰਤੇਗਾ ਜਾਂ ਏਹੋ ਜੇਹੇ ਰਿਦੇ ਸਭਕੇ ਹੋਣਗੇ। ਕਿਸੇ ਕੀ ਕੋਈ ਚੀਜ ਕਿਧਰੇ ਪਈ ਰਹੇ ਕੋਈ ਨਹੀਂ ਚੁੱਕੇਗਾ। ਚੋਰੀ ਯਾਰੀ ਦੋਨੋਂ ਹਟ ਜਾਣਗੀਆਂ।

## ਸਬਾਜ ਪੁਰੇ ਪਧਾਰੇ

ਅਰਦਾਸਾ ਕਰਕੇ ਸਿਆਲਕੋਟ ਕੋ ਜਾਇ ਦਰਸ਼ਨ ਦਿੱਤਾ। ਏਕ ਸਿਘ ਝਨਾਇ ਕੇ ਪਾਰ ਸਬਾਜਪੁਰੇ ਕਾ ਥਾ ਰੁਲਦੂ ਨਾਮੇਂ। ਉਸਨੇ ਅਰਜ਼ ਕੀਤੀ ਜੀ ਮੇਰੇ ਪਿੰਡ ਦਰਸ਼ਨ ਦਿਓ । ਜੇ ਹੁਣ ਨਾ ਚਰਨ ਪਾਏ ਤਾ ਫੇਰ ਕਦ ਪਾਓਗੇ ਚਰਨ। ਗੁਰੂ ਜੀ ਬਚਨ ਕੀਤਾ ਚੱਲਾਂਗੇ ਤੇਰੇ ਪਿੰਡ ਭੀ। ਸਿੰਘਾਂ ਨੇ ਕਹਾ ਕਿ ਜੀ ਖ਼ਰਚ ਬਹੁਤ ਹੋਵੇਗਾ। ਬਿਚ ਦਰਿਆ ਲੰਘ ਕੇ ਜਾਣਾ ਹੈ। ਗੁਰੂ ਜੀ ਬਚਨ ਕੀਤਾ ਖ਼ਰਚ ਕਿਸਦਾ ਹੈ ? ਸਿੱਖ ਦਾ ਹੀ ਸਭ ਕੁਛ ਹੈ। ਜਾਣਾ ਭੀ ਜ਼ਰੂਰ ਹੈ, ਵੱਡੀ ਮੰਜ਼ਲ ਹੈ। ਗੁਰੂ ਜੀ ਉਸਦੇ ਪਿੰਡ ਗਏ ਦਰਿਆਓ ਲੰਘਕੇ ਪ੍ਰੇਮ ਕੇ ਵਸੀ ਹੋਇ ਕਰ। ਪਿਰਥੀ ਹੁਮ ਹੁਮਾਇਕੇ ਦਰਸ਼ਨ ਕੋ ਆਈ। ਬਡੇ ਪ੍ਰੇਮ ਸੇ ਸੇਵਾ ਟਹਿਲ ਹੋਈ। ਚਰਨ ਪਾਇਕੇ ਮੁੜ ਆਏ।

## ਪਰਮ ਸੁਖ

ਇਕ ਦਿਨ ਬਚਨ ਕੀਤਾ ਕਿ ਤੁਹਾਨੂੰ ਪਰਮ ਸੁਖ ਜੋ ਹੈਂ ਸੋ ਦੇਵਾਂਗਾ। ਲਾਲ ਸਿੰਘ ਲਤਾਲੇ ਵਾਲੇ ਨੇ ਕਹਾ ਜੀ ਕਦ ਦੇਵੋਗੇ ਪਰਮ ਸੁਖ ? ਸਤਿਗੁਰੂ ਜੀ ਬਚਨ ਕੀਤਾ ਸਾਨੂੰ ਫ਼ਰੰਗੀ ਲੈ ਜਾਣਗੇ। ਫੇਰ ਆਇਆਂ ਤੇ ਸੁਖ ਹੋਊਗਾ। ਬਚਨ ਹੋਇਆ ਲਾਲ ਸਿੰਘ ਤੂੰ ਜਾਣਦਾ ਹੈ ਪਰਮ ਸੁਖ ਕੋ ? ਉਸ ਨੇ ਕਹਾ ਜੀ ਮੈਂ ਨਹੀਂ ਜਾਣਦਾ ਹਾਂ। ਬਚਨ ਕੀਤਾ ਕਿ ਇਸ ਲੋਕ ਕੇ ਅਰ ਪਰਲੋਕ ਕੇ ਸੁਖ, ਸੋ ਧੁਆਨੂੰ ਭੁਗਾਵਣੇ ਹੈਂ ਏਥੇ ਹੀ। ਲਾਲ ਸਿੰਘ ਨੇ ਕਹਾ ਜੀ ਤੁਸੀਂ ਕਹਿੰਦੇ ਹੋ ਚਲੇ ਜਾਣਾ ਹੈ, ਤੁਹਾਡੇ ਗਏ ਤੇ ਅਸੀਂ ਮਰ ਜਾਵਾਂਗੇ। ਸਾਡੇ ਤਾਂ ਖ਼ਰਚ ਦਾ ਕੋਈ ਅੰਤ ਨਹੀਂ। ਮੇਰੀ ਘੋੜੀ ਕੀ ਚਾਰ ਸੇਰ ਨਿਹਾਰੀ ਹੈ, ਦਸ ਸੇਰ ਦਾਣਾ ਹੈ ਅਤੇ ਮੇਰੇ ਖ਼ਰਚ ਕਾ ਅੰਤ ਨਹੀਂ ਹੈ। ਹਜ਼ੂਰ ਕੀ ਮੂਰਤੀ ਕੇ ਪਰਤਾਪ ਸੇ ਏਤਨਾ ਖ਼ਰਚ ਸਾਨੂੰ ਮਿਲਦਾ ਹੈ। ਧੁਆਡੇ ਪਿੱਛੇ ਸਾਡਾ ਕੀ ਹਾਲ ਹੋਊਗਾ ? ਕਿਨ ਦੇਖਣਾ ਹੈ ਪਰਮ ਸੁਖ ? ਬਚਨ ਕੀਤਾ ਏਹ ਜੇੜੇ ਸੁਖ ਹੈਨ, ਉਨ੍ਹਾਂ ਸੁਖਾਂ ਕੇ ਆਗੇ ਤੁਛ ਹੈਨ। ਤਿਨ ਫੇਰੀ ਬਚਨ ਕੀਤਾ ਨਾਮ ਜਪਣ ਵਾਲਿਆਂ ਕੋ ਪਰਮ ਸੁਖ ਹੋਣਗੇ।

ਏਕ ਪਿੰਡ ਮੈ ਜਾਇ ਉਤਰੇ। ਜੇੜ੍ਹਾ ਆਇਕੇ ਦਰਸ਼ਨ ਕਰੇ ਸੋਈ ਸੂਤਰ ਮੇਂ ਹੋਂਦਾ ਜਾਏ। ਦੀਨਾਨਾਥ ਜੀ ਬਚਨ ਕੀਤਾ ਕੇ ਅਗੇ ਆਇਕੇ ਨ੍ਰਿਤਕਾਰੀ ਕਰਦੇ ਹੈਂ। ਜਿਸ ਵਕਤ ਮੰਤਰ ਲੈਣਗੇ ਤਾਂ ਦੇਖਣਾ। ਇਹ ਸੁਣ ਕਈਆਂ ਨੇ ਭਜਨ ਲਿਆ, ਸਿੰਘ ਸਜੇ। ਧੰਨ ਗੁਰੂ ਧੰਨ

ਗੁਰੂ ਹੋਇ ਰਹੀ ਹੈ। ਕਹਿੰਦੇ ਹੈਂ ਕਲੂਕਾਲ ਮੈ ਜਾਹਰ ਕਲਾ ਧਾਰੀ ਹੈ ਔਰ ਕਲਕੀ ਅਵਤਾਰ ਹੈਂ।

## ਖੂਹ ਸ਼ੁੱਧੀ

ਏਕ ਪਿੰਡ ਕੇ ਖੂਹ ਮੈ ਗਊ ਪੈ ਕੇ ਮਰ ਗਈ ਸੀ। ਬ੍ਰਾਹਮਣ ਤਾ ਆਖਣ ਕਿ ਖੂਹ ਪੂਰ ਕੇ ਜੌਂ ਬੀਜ ਦਿਓ। ਜਾਂ ਜੌਂ ਉੱਗਣ ਤਾਂ ਫੇਰ ਕੱਢਕੇ, ਖੂਹ ਜਗ ਕਰਕੇ ਤਾਂ ਜਲ ਛਕੋ। ਲੋਕਾਂ ਅਰਜ਼ ਕੀਤੀ ਜੀ ਸੱਚੇ ਪਾਤਸ਼ਾਹ ਇਸ ਖੂਹੀ ਵਿੱਚ ਗਊ ਪੈ ਕੇ ਮਰ ਗਈ ਹੈ, ਇਸ ਨੂੰ ਕਿਸ ਤਰ੍ਹਾਂ ਪਵਿੱਤਰ ਕੀਤਾ ਜਾਵੇ? ਬ੍ਰਾਹਮਣ ਤਾਂ ਇਓਂ ਆਖਦੇ ਹਨ। ਅਗੇ ਆਪਕਾ ਜੋ ਹੁਕਮ ਹੋਵੇ ਸੋ ਵਰਤਿਆ ਜਾਵੇ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਪਹਿਲਾ ਪਾਣੀ ਕੱਢਕੇ ਅੰਮ੍ਰਿਤ ਬਨਾਇਕੇ ਖੂਹ ਮੈ ਪਾਇਕੇ ਜਲ ਵਰਤੋ, ਲੰਗਰ ਕਰੋ। ਅੰਮ੍ਰਿਤ ਖੂਹ ਮੈ ਪਾਇਕੇ ਲੰਗਰ ਕਰਨੇ ਲਗੇ। ਬ੍ਰਾਹਮਣਾਂ ਨੇ ਆਇਕੇ ਪੁੱਛਿਆ ਕਿ ਕਿਸ ਤਰ੍ਹਾਂ ਖੂਹ ਪਵਿੱਤਰ ਕੀਤਾ ਹੈ ? ਸਿੰਘਾਂ ਕਹਾ ਕਿ ਦਸਵੇਂ ਪਾਤਸ਼ਾਹ ਕੀ ਰੀਤੀ ਨਾਲ ਕੀਤਾ ਹੈ ਪਵਿੱਤਰ। ਬ੍ਰਾਹਮਣ ਚੁਪ ਕਰ ਰਹੇ ਕੋਈ ਉੱਤਰ ਨਾ ਦਿੱਤਾ।

## ਪੜਾਉ ਅਗਲੇ ਪਿੰਡ

ਅਗਲੇ ਪਿੰਡ ਜਾਇਕੇ ਪੜਾਉ ਕੀਤਾ। ਉਸ ਪਿੰਡ ਕੇ ਚੋਬਰ ਸੌਂਚੀ[1] ਪੱਕੀ ਖੇਲਣ। ਜੇੜ੍ਹਾ ਅਗੇ ਦੌੜੇ ਉਹ ਭੀ ਡਿਗ ਪਵੇ ਤੇ ਜੇੜ੍ਹਾ ਮਗਰ ਭੱਜੇ ਉਹ ਭੀ ਡਿਗ ਪਵੇ। ਅਰਕਾਂ ਗੋਡੇ ਦੋਹਾਂ ਕੇ ਰਗੜੇ ਜਾਣ। ਏਕ ਬ੍ਰਾਹਮਣ ਨੇ ਕਹਾ ਉਨਕੋ, ਕਿ ਸੰਤਾ ਸੇਤੀ ਮਸ਼ਕਰੀ ਕੁਲ ਡੋਬਣ ਕੀ ਰੀਤ। ਕੋਲ ਲੰਗਰ ਹੁੰਦਾ ਹੈ ਤੇ ਸ਼ਬਦ ਪੜਦੇ ਹੈਂ, ਤੁਸੀਂ ਕੋਲ ਕੀ ਕਰਦੇ ਹੋ ? ਸੰਤਾਂ ਨੇ ਜੁਗ ਉਲਟਾਇ ਦੀਏ ਹੈਂ। ਤਦੇ ਧੁਆਡੇ ਅਰਕਾਂ ਗੋਡੇ ਰਗੜੀਆਂ ਪਈਆਂ ਹੈਂ। ਲੋਕ ਹਟ ਗਏ ਉਸੀ ਵਕਤ।

ਏਕ ਮੁਲਾਣਾ ਆਇਆ। ਕਹਿਣ ਲਗਾ ਜੀ ਜੋ ਧੁਆਡੇ ਪਾਸ ਕਲਾਮ ਹੈ ਸੋ ਦਸੋ। ਬਚਨ ਹੋਇਆ ਇਸ਼ਨਾਨ ਕਰ ਆਓ। ਝੱਟ ਇਸ਼ਨਾਨ ਕਰਕੇ ਭਜਨ ਲੈ ਕੇ ਮੁੜ ਗਿਆ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਅੰਗ੍ਰੇਜਾਂ ਨੇ ਸਾਡੇ ਉੱਤੇ ਪੈਹਰਾ ਲਾਇ ਦਿੱਤਾ ਹੈ। ਕਹਿਦੇ ਹੈਂ ਇਸ ਨੇ ਮੁਲਖ ਵਿਗਾੜ ਦਿੱਤਾ ਹੈ।

## ਦੋ ਦੀ ਥਾਂ ਇੱਕੀ

ਵਰਨਾਂ ਮੈ ਏਕ ਰਾਗੀ ਦੋ ਤਾਰਾ ਵਜਾਂਵਦਾ ਸੀ। ਸ਼ਬਦ ਪੜਿਆ। ਮਾੜਾ ਜਿਹਾ ਸੀ। ਗੁਰੂ ਜੀ ਬਚਨ ਕੀਤਾ ਸਾਹਿਬ ਸਿੰਘਾ ਏਸ ਨੂੰ ਦੋ ਰੁਪਈਏ ਦਿਓ । ਸਾਹਿਬ ਸਿੰਘ ਨੇ ਕਹਾ ਚੁਆਨੀ ਅਠਿਆਨੀ ਦੇਣ ਦੀ ਲਾਇਕ ਹੈ। ਗੁਰੂ ਜੀ ਉੱਤੇ ਪਸ਼ਮੀਨੇ ਦੀ ਚਾਦਰ ਸੀ ਸੋ ਲਾਹਕੇ ਦੇ ਦਿੱਤੀ ਇੱਕੀ ਰੁਪਈਏ ਵਾਲੀ।

---

1 ਕਬੱਡੀ ਨਾਲ ਰਲਦੀ ਮਿਲਦੀ ਇਕ ਲੋਕ ਖੇਡ ।

ਸ੍ਰੀ ਸਤਿਗੁਰੂ ਜੀ ਬਚਨ ਕੀਤਾ ਜੋ ਰਾਮਦਾਸ ਪੁਰੇ ਸਾਹਿਬ ਮੇਂ ਲੰਗਰ ਮੈ ਪੈਂਦਾ ਹੈ ਸੋ ਮੇਰੇ ਮੁਖ ਮੇਂ ਪੈਂਦਾ ਹੈ।

## ਲੋਹੇ ਤੋਂ ਸੋਇਨਾ

ਪ੍ਰੇਮ ਸਿੰਘ ਨੂੰ ਭਜਨ ਦੇਣ ਲਗੇ। ਬਚਨ ਕੀਤਾ ਚੋਰੀ ਯਾਰੀ ਨਹੀਂ ਕਰਨੀ ਹੈ। ਕੋਲੋਂ ਇਕ ਬੋਲਿਆ ਚੋਰੀ ਯਾਰੀ ਕਰਨ ਨੂੰ ਅਸੀਂ ਥੋੜੇ ਹੈਂ। ਬਚਨ ਹੋਇਆ ਜਦ ਤੈਨੂੰ ਬੁਲਾਈਏ ਤਦ ਬੋਲੀਂ। ਇਤਨਾ ਬਚਨ ਕਰਨੇ ਸੇ ਚਰਨੀਂ ਪੈ ਗਿਆ ਤੇ ਕਹਾ ਜੀ ਮੈਨੂੰ ਬਖਸ਼ੋ ਤੇ ਭਜਨ ਦੇਵੋ। ਬਚਨ ਹੋਇਆ ਲੋਹਾ ਸਾਏਂ। ਕੋਲੋਂ ਇਕਨੇ ਕਹਿਆ ਜੀ ਪਾਰਸ ਨਾਲ ਲਗਕੇ ਹੁਣ ਸੋਇਨਾ ਹੋਣ ਲੱਗਾ ਹੈ। ਭਜਨ ਦੇ ਦੀਆ, ਸਿੱਧੀ ਦਸਤਾਰ ਕਰ ਲਈ। ਦੋਨੋ ਈ ਸਿੰਘ ਸਜੇ, ਚੋਰੀ ਯਾਰੀ ਤਿਆਗੀ । ਨਾਮ ਨਾਲ ਬਿਰਤੀਆਂ ਜੁੜੀਆਂ। ਸੱਚਾ ਗੁਰੂ ਦੇਖਿਆ।

ਏਕ ਸਿੰਘ ਨੇ ਨਿਓਤਾ ਦਿੱਤਾ ਜੀ ਮੇਰੇ ਘਰ ਚਰਨ ਪਾਓ। ਰਾਵੀ ਲੰਘ ਕੇ ਜਾਣਾ ਸੀ। ਜਾਂ ਬੇੜੀ ਵਿਚਾਲੇ ਗਈ ਤਾ ਚੱਲਣੋਂ ਖੜੋਇ ਗਈ। ਸਭਨੂੰ ਏਓ ਨਿਸਚਾ ਹੋਇਆ ਕਿ ਬੇੜੀ ਡੁਬ ਜਾਏਗੀ। ਏਹੁ ਨਾ ਖ਼ਬਰ ਜੋ ਵਿੱਚ ਅਕਾਲ ਪੁਰਖ ਬੈਠੇ ਹੈਂ। ਮਲਾਹ ਨੇ ਪੁਕਾਰ ਕੀਤੀ ਜੀ ਬੇੜੀ ਨਹੀਂ ਤੁਰਦੀ ਹੈ। ਬਚਨ ਕੀਤਾ ਹੁਣ ਲਾਓ ਵੰਝ, ਤੁਰੇਗੀ। ਜਾਂ ਵੰਝ ਲਾਇਆ ਤਾ ਬੇੜੀ ਤੁਰ ਪਈ। ਤਾਂ ਸਭ ਨੇ ਜਾਣਿਆ ਜੋ ਗੁਰੂ ਜੀ ਕੇ ਪ੍ਰਤਾਪ ਨਾਲ ਅਸੀਂ ਬਚ ਰਹੇ ਹੈਂ। ਲੰਗਰ ਛਕ ਕੇ ਮੁੜ ਆਏ।

## ਬਾਬਾ ਲੱਖਾ ਸਿੰਘ

ਏਕ ਸਮੇਂ ਸਿਆਲਕੋਟ ਦੌਰੇ ਫਿਰਦਿਆਂ ਏਕ ਖੂਹ ਪਰ ਬੈਠੇ ਥੇ। ਏਕ ਬਿਰਛ ਪਰ ਬਸਤਰ ਉਤਾਰ ਕਰ ਰੱਖੇ। ਇਤਨੇ ਮੇਂ ਏਕ ਬਰੋਲਾ ਆਇਆ। ਲੱਖਾ ਸਿੰਘ ਸੂਬਾ ਨਾਲ ਸੀ ਹੋਰ ਕੋਈ ਨਾ ਸੀ। ਪਹਿਲਾਂ ਤਾ ਸੂਬੇ ਕੇ ਦਿਲ ਵਿੱਚ ਆਈ ਕਿ ਬਸਤਰ ਉਤਾਰ ਕੇ ਫੜ ਰਖਾਂ। ਫੇਰ ਦਿਲ ਵਿੱਚ ਆਈ ਕਿ ਪੌਣ ਪਾਣੀ ਤਾ ਏਨ੍ਹਾਂ ਦੇ ਹੁਕਮ ਵਿੱਚ ਹੈ। ਬਰੋਲਾ ਆਇਕੇ ਸ੍ਰੀ ਸਤਿਗੁਰੂ ਜੀ ਕੇ ਅੱਗੇ ਘੁੰਮਦਾ ਰਿਹਾ। ਏਕ ਛਟੀ ਗੁਰੂ ਜੀ ਕੇ ਹਾਥ ਮੈ ਸੀ। ਬਰੋਲੇ ਨੂੰ ਲਗਾਈ ਤਾ ਬਰੋਲਾ ਚਲਾ ਗਿਆ। ਬਾਬੇ ਲੱਖਾ ਸਿੰਘ ਪੁੱਛਿਆ ਜੀ ਇਹ ਕੀ ਸੀ ? ਬਚਨ ਹੋਇਆ ਭਾਈ ਦੇਵਤੇ ਆਏ ਹੈਂ ਦਰਸ਼ਨਾਂ ਨੂੰ। ਏਤਨੇ ਮੈ ਹੋਰ ਸਿੰਘ ਆਇ ਗਏ। ਲੱਖਾ ਸਿੰਘ ਨੂੰ ਗੁਰੂ ਜੀ ਬਚਨ ਕੀਤਾ ਦਹੀ ਲੈ ਆਓ। ਪਿੰਡ ਗਿਆ ਲੈਣ। ਜਾਂ ਮੁੜਿਆ ਤਾਂ ਸਿੰਘਾਂ ਕੋ ਦਿਖਾਇਆ ਦੇਖੋ ਲੱਖਾ ਸਿੰਘ ਆਉਂਦਾ ਹੈ। ਜਾਂ ਦੇਖਣ ਤਾਂ ਸੀਸ ਅਕਾਸ ਨੂੰ ਤੇ ਪੈਰ ਧਰਤੀ ਨਾਲ। ਬਾਲੀ ਉਸਦਾ ਨਾਮ ਦੱਸਿਆ।

ਸ੍ਰੀ ਸਤਿਗੁਰੂ ਜੀ ਬਚਨ ਕਰਿਆ ਕਰਦੇ ਸਨ ਲੱਖਾ ਸਿੰਘ ਜਦੋਂ ਮੇਰੇ ਸਾਮ੍ਹਣੇ ਆਵੇ ਤਾ ਮੈਂ ਠੰਢਾ ਠਾਰ ਹੋ ਜਾਂਦਾ ਹਾਂ। ਇਹ ਸੁਣਕੇ ਬਾਬਾ ਲਾਲ ਸਿੰਘ ਲਤਾਲੀਏ ਨੇ ਕਹਿਆ ਭਾਈ ਦੇਖੀਏ ਤਾ ਸਹੀ ਕਿਸ ਤਰ੍ਹਾਂ ਠੰਢੇ ਹੁੰਦੇ ਹਨ। ਇਸ ਦੌਰੇ ਵਿੱਚ ਲੱਖਾ ਸਿੰਘ ਨੇ ਬਾਬੇ ਬ੍ਰਹਮਾ ਸਿੰਘ ਨੂੰ ਮਾਰਿਆ। ਸਤਿਗੁਰੂ ਜੀ ਨੂੰ ਪਤਾ ਲੱਗਾ ਤਾਂ ਨਰਾਜ ਹੋ ਕੇ ਬਾਬੇ ਸਾਹਿਬ ਸਿੰਘ ਨੂੰ

ਭੇਜਿਆ ਕਿ ਜਾ ਕੇ ਲੱਖੇ ਕੋਹੜੀ ਨੂੰ ਕਹੋ ਏਥੋਂ ਤੁਰ ਜਾਏ। ਬਾਬੇ ਸਾਹਿਬ ਸਿੰਘ ਜੀ ਬਾਬਾ ਲੱਖਾ ਸਿੰਘ ਜਾ ਕੇ ਕਹਿਆ ਭਾਈ ਲੱਖਾ ਸਿੰਘ ਸਤਿਗੁਰੂ ਜੀ ਕਹਿੰਦੇ ਹਨ ਤੁਸੀਂ ਚਾਰ ਦਿਨ ਏਧਰ ਓਧਰ ਤੁਰ ਫਿਰ ਆਓ। ਬਾਬੇ ਲੱਖਾ ਸਿੰਘ ਕਹਿਆ ਮੈਂ ਪੁੱਛਦਾ ਹਾਂ ਬਾਪੂ ਜੀ ਨੂੰ ਜਾਕੇ। ਏਹ ਸੁਣਕੇ ਕੋਲੋਂ ਬਾਬਾ ਲਾਲ ਸਿੰਘ ਦੌੜਕੇ ਸਤਿਗੁਰਾਂ ਪਾਸ ਪਹੁੰਚ ਗਏ ਕਿ ਦੇਖਾਂ ਹੁਣ ਕਿਸ ਤਰ੍ਹਾਂ ਬੋਲਦੇ ਹੈਨ। ਸਤਿਗੁਰੂ ਜੀ ਉਸ ਵਕਤ ਬਾਹਰ ਗਏ ਹੋਏ ਸਨ। ਜਿਸ ਵਕਤ ਬਾਬਾ ਲੱਖਾ ਸਿੰਘ ਬਾਹਰ ਨਿਕਲੇ ਤਾ ਸਤਿਗੁਰਾਂ ਨੇ ਦੇਖੇ। ਅਤਰ ਸਿੰਘ ਨੂੰ ਪੁੱਛਿਆ ਮਿਸ਼ਰੀ ਹੈ? ਲੱਖਾ ਸਿੰਘ ਆਉਂਦਾ ਹੈਂ, ਜਲ ਛਕਾਉਣਾ ਹੈ। ਤਾ ਅਤਰ ਸਿੰਘ ਨੇ ਕਹਿਆ ਜੀ ਖੰਡ ਹੈ। ਸਤਿਗੁਰਾਂ ਬਚਨ ਕੀਤਾ ਜਾ ਕੇ ਮਿਸ਼ਰੀ ਲੈ ਆਓ। ਏਤਨੇ ਚਿਰ ਨੂੰ ਲੱਖਾ ਸਿੰਘ ਆਇ ਗਿਆ ਤਾਂ ਸਤਿਗੁਰੂ ਜੀ ਉਹ ਬਚਨ ਹੀ ਨਹੀਂ ਛੇੜਿਆ। ਸਗੋਂ ਪੁੱਛਣ ਲਗੇ ਕਿ ਧੁਆਡੇ ਘੋੜੇ ਦਾ ਕੀ ਹਾਲ ਹੈ ? ਹੋਰ ਘੋੜੀਆਂ ਦਾ ਕੀ ਹਾਲ ਹੈ। ਏਸ ਤਰ੍ਹਾਂ ਬਚਨ ਪੁੱਛਦੇ ਰਹੇ। ਕੋਈ ਗੱਲ ਨਹੀਂ ਜਣਾਈ ਨਰਾਜਗੀ ਦੀ। ਸਿੰਘਾਂ ਪੁੱਛਿਆ ਸੱਚੇ ਪਾਤਸ਼ਾਹ ਜੀ ਇਹ ਕੀ ? ਬਚਨ ਹੋਇਆ ਕੇ ਏਸ ਦਾ ਏਕ ਕਰਮ ਕੀਤਾ ਹੋਇਆ ਹੈ, ਸੋ ਮੇਰੇ ਮੋਰ੍ਹੇ ਆਇ ਖੜੋਂਦਾ ਹੈ। ਪੁੱਛਿਆ ਜੀ ਕੀ ਕਰਮ ਹੈ। ਬਚਨ ਹੋਇਆ ਛੇਵੀਂ ਪਾਤਸ਼ਾਹੀ ਕੇ ਵਕਤ ਗਵਾਲੀਅਰ ਕੇ ਕਿਲੇ ਵਿੱਚ ਏਹ ਦਰੋਗਾ ਸੀ। ਹਰਿਦਾਸ ਨਾਂ ਸੀ। ਉਸ ਵਕਤ ਏਸਨੇ ਸਾਡੀ ਬੜੀ ਸੇਵਾ ਕੀਤੀ ਸੀ।

## ਜਾਣੀ ਜਾਣ ਸਤਿਗੁਰੂ

ਬਿਸ਼ਨਪੁਰੇ ਚਰ੍ਹੀ ਬੀਜੀ ਸੀ ਮੰਗਲ ਸਿੰਘ ਸਰਦਾਰ ਨੇ। ਬਹਾਦਰ ਸਿੰਘ ਰਾਮਦਾਸੀਏ ਨੂੰ ਚਰ੍ਹੀ ਕੀ ਰਾਖੀ ਭੇਜਿਆ ਸੀ। ਸਰਦਾਰ ਕੇ ਘਰ ਤੀਨ ਤਰ੍ਹਾਂ ਕੇ ਪਰਸਾਦੇ ਪਕਦੇ ਨੇਂ। ਮਿੱਸੇ ਪਰਸਾਦੇ ਜੋ ਥੇ ਤਿਨ੍ਹਾਂ ਵਿੱਚੋਂ ਦੇਣਾ ਬਹਾਦਰ ਸਿੰਘ ਨੂੰ। ਗੁਰੂ ਜੀ ਕੇ ਘਰ ਪ੍ਰਸ਼ਾਦ ਛਕਣੇ ਵਾਲੇ ਸੇ, ਮਿੱਸੇ ਪਰਸਾਦੇ ਨਾ ਛਕੇ ਗਏ। ਕਈ ਦਿਨ ਤਾ ਲਿਆਉਂਦਾ ਰਿਹਾ, ਫੇਰ ਪਰਸਾਦਾ ਲਿਆਉਣਾ ਛਡ ਦਿੱਤਾ। ਲਾਲ ਮਿਰਚਾਂ ਕੋਲ ਰੱਖ ਛਡੀਆਂ। ਜਦ ਭੁੱਖ ਲਗੇ ਤਾਂ ਲਾਲ ਮਿਰਚਾਂ ਦੇ ਨਾਲ ਪਰਸਾਦਾ ਛਕ ਲੈਣਾ। ਕਈ ਦਿਨ ਗੁਜਰ ਗਏ। ਅੰਤਰਯਾਮੀ ਜੀ ਦੜਪ ਦੇ ਦੌਰੇ ਵਿੱਚੋਂ ਚਿੱਠੀ ਵਿੱਚ ਲਿਖ ਭੇਜਿਆ ਗੁਪਾਲ ਸਿੰਘ ਨੂੰ ਗੁਰਦਵਾਰੇ ਰਾਮਦਾਸ ਪੁਰੇ, ਤੈਨੇ ਬਹਾਦਰ ਸਿੰਘ ਨੂੰ ਰਸਦ ਨਹੀਂ ਭੇਜੀ? ਛੇ ਦਿਨ ਦਾ ਭੁੱਖਾ ਹੈ। ਗੁਪਾਲ ਸਿੰਘ ਨੇ ਓਹੀ ਲਿਖਿਆ ਬਿਸ਼ਨਪੁਰੇ ਭੇਜਿਆ ਕੇ ਧੋਵੀਂ ਦਾਲ ਤੇ ਫੁਲਕਾ ਦਿਓ ਨਹੀਂ ਤਾ ਅਸੀਂ ਰਸਦ ਭੇਜਦੇ ਹਾਂ। ਚਿੱਠੀ ਦੇਖਕੇ ਸਰਦਾਰ ਝੱਟ ਉਸ ਸਿੱਖ ਕੋਲ ਗਿਆ। ਕਹਾ ਕੇ ਤੈਨੂੰ ਛੇ ਦਿਨ ਹੋਏ ਹੈਂ ਪ੍ਰਸ਼ਾਦ ਛਕੇ ਨੂੰ, ਤੂੰ ਛਕਣ ਕਿਓ ਨਹੀਂ ਗਿਆ? ਪਿੱਛੋਂ ਗੁਰੂ ਜੀ ਕਾ ਲਿਖਿਆ ਆਇਆ ਹੈ। ਚੱਲ ਪ੍ਰਸ਼ਾਦ ਛਕ। ਅੱਠੀ ਦਿਨੀ ਫੁਲਕਾ ਛਕਿਆ। ਓਧਰ ਗੁਰੂ ਜੀ ਦੜਪ ਦੇਸ ਕੋ ਤਾਰਦੇ ਫਿਰਦੇ ਹੈਂ। ਧਰਤੀ ਹਰੀ ਹੁੰਦੀ ਹੈ ਜਿੱਧਰ ਚਰਨ ਪੈਂਦੇ ਹੈਂ।

## ਜਗਦੀਸ਼ ਸਿੰਘ ਸੇਖਾਂ ਵਾਲਾ

ਜਗਦੀਸ਼ ਸਿੰਘ ਸੇਖਾਂਵਾਲਾ (ਜ਼ਿਲ੍ਹਾ ਫ਼ਿਰੋਜ਼ਪੁਰੇ) ਕੇ ਜੁੰਮੇਂ ਖ਼ੂਨ ਕਾ ਮੁਕੱਦਮਾ ਆਇ

ਗਿਆ। ਕਾਲੇ ਪਾਣੀ ਕਾ ਹੁਕਮ ਹੋਇਆ। ਜਮਾਨਾਤ ਦੇ ਕੇ ਸ੍ਰੀ ਸਤਿਗੁਰੂ ਜੀ ਕਾ ਦਰਸ਼ਨ ਕੀਤਾ ਦੜਪ ਮੈ। ਸਾਰਾ ਬ੍ਰਿਤਾਂਤ ਸੁਣਾਇਆ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਅਸੀਂ ਤੈਨੂੰ ਆਪ ਭੇਜਿਆ ਹੈ ਕਾਲੇ ਪਾਣੀ। ਓਥੇ ਸਿੰਘ ਆਏ ਹੋਏ ਹੈਂ ਫ਼ਰੰਗੀਆਂ ਦੇ ਫੜੇ ਹੋਏ ਕੈਦ ਵਿੱਚ, ਸੰਸਾ ਨਾ ਕਰ, ਤੈਨੂੰ ਅਸਾਂ ਆਪ ਭੇਜਿਆ ਹੈ ਭਜਨ ਦੇਣ ਨੂੰ। ਤੈਨੂੰ ਦਰਸ਼ਨ ਫੇਰ ਹੋਵੇਗਾ। ਆਗਿਆ ਲੈ ਕੇ ਗਿਆ। ਫ਼ਰੰਗੀ ਕਾਲੇ ਪਾਣੀ ਕੋ ਲੈ ਗਏ। ਜਿਸ ਟਾਪੂ ਮੇਂ ਸਿੰਘ ਸੇ, ਉਥੇ ਭਜਨ ਦੀਆ ਸਭਨਾਂ ਕੋ ਜਾਇਕੇ। ਜਗਦੀਸ਼ ਸਿੰਘ ਨੇ ਪੁੱਛਿਆ ਤੁਸੀਂ ਕਿਵੇਂ ਕੈਦ ਹੋਏ ਹੋ? ਉਨ੍ਹਾਂ ਨੇ ਕਹਾ ਕਿ ਨੌਕਰ ਥੇ ਪਲਟਨ ਮੈ, ਪੂਰਬੀਆਂ ਨੇ ਕੈਦ ਕਰਾ ਦਿੱਤੇ ਹੈਂ।

ਇਕ ਸ਼ਾਹੂਕਾਰ ਹੈ ਉਸ ਟਾਪੂ ਮੈ। ਉਸਕਾ ਪੈਸਾ ਅੰਗ੍ਰੇਜ਼ ਵਰਤਦੇ ਹੈਂ। ਉਸ ਸ਼ਾਹੂਕਾਰ ਨੇ ਭੀ ਭਜਨ ਲੀਤਾ ਤੇ ਧਨ ਬਹੁਤ ਚਾੜ੍ਹਿਆ। ਜਗਦੀਸ਼ ਸਿੰਘ ਨੇ ਕਹਾ ਕਿ ਧਨ ਤਾਂ ਸਾਡੇ ਕਿਸੇ ਕੰਮ ਨਹੀਂ ਹੈ। ਏਕ ਕਾਰਜ ਹੈ ਸੋ ਕਰੋ। ਸ਼ਾਹੂਕਾਰ ਨੇ ਕਹਾ ਕਹੋ ਕੀ ਕੰਮ ਹੈ ? ਕਹਾ ਕਿ ਇਹ ਜੋ ਸਿੰਘ ਕੈਦ ਕੀਤੇ ਹੈਂ ਸੋ ਨਿਹੱਕ ਕੀਤੇ ਹੈਂ, ਸੋ ਛੁਡਾਇ ਦੇਵੋ। ਨਾਮ ਜਪਣ ਵਾਲੀਆਂ ਗਊਆਂ ਹੈਨ। ਉਸ ਸੇਠ ਨੇ ਅੰਗ੍ਰੇਜ਼ ਕੋ ਕਹਾ ਇਹ ਭਜਨ ਕਰਨ ਵਾਲੇ ਗਊਆਂ ਹੈਨ, ਕਿਓਂ ਕੈਦ ਕੀਤੇ ਹੈਂ? ਇਨ੍ਹਾਂ ਨੂੰ ਛੱਡਿਆ ਚਾਹੀਏ। ਫਰੰਗੀ ਨੇ ਸੇਠ ਕਾ ਕਹਿਣਾ ਮੰਨਿਆ ਅਤੇ ਸਿੰਘ ਕੈਦੋਂ ਛੱਡਕੇ ਨੌਕਰ ਕਰ ਲਏ। ਜਿਸ ਤਰ੍ਹਾਂ ਅਗੇ ਨੌਕਰ ਸੇ ਉਸੀ ਤਰ੍ਹਾਂ ਬਹਾਲ ਕੀਤੇ। ਹੋਰ ਲੋਕਾਂ ਨੇ ਭੀ ਭਜਨ ਲੀਤੇ। ਜਗਦੀਸ਼ ਸਿੰਘ ਕੋ ਅਠ੍ਹਾਰੀਂ ਵਰੀਂ ਛੋਡ ਦੀਆ।

♦

# ਹੋਲਾ ਮਾਨਾਂਵਾਲੇ ਦਾ

## ਸੰਮਤ ੧੯੨੫ ਬਿ. (ਮਾਰਚ ੧੮੬੯ ਈ.)

ਮਾਨਾਂਵਾਲੀਏ ਸਰਦਾਰ ਨੇ ਆਇ ਅਰਜ਼ ਕੀਤੀ ਸੱਚੇ ਪਾਤਸ਼ਾਹ ਜੀ ਹੋਲਾ ਮਾਨਾਂਵਾਲੇ ਕਰੋ। ਮੇਰਾ ਗ੍ਰਿਹਿ ਪਵਿਤ੍ਰ ਕਰੋ। ਸਾਰੀ ਸੰਗਤ ਮੈ ਖ਼ਬਰਾਂ ਹੋਈਆਂ ਕਿ ਹੋਲਾ ਮਾਨਾਂਵਾਲੇ ਹੋਵੇਗਾ। ਸੁਣ ਸੁਣ ਕੇ ਸਿੰਘ ਚੁਫੇਰਿਓਂ ਆਏ ਮਾਨੋਂ ਭਾਦਰੋਂ ਕੇ ਬਾਦਲ ਦੀ ਤਰ੍ਹਾਂ ਫੌਜਾਂ ਆ ਰਹੀਆਂ ਹੈਂ। ਸ੍ਰੀ ਸਤਿਗੁਰੂ ਜੀ ਆਇ ਬਾਗ ਮੇਂ ਉੱਤਰੇ।

## ਅੰਮ੍ਰਿਤ ਬਰਸਦਾ ਰਿਹਾ

ਮੈਂ ਸਤਿਗੁਰੂ ਜੀ ਇਕੰਤ ਜਾਇਕੇ ਨਿਤਨੇਮ ਕਰਕੇ ਸੁਰਖੀ ਘੋੜੀ ਪਰ ਚੜ੍ਹ ਆਏ। ਦੀਵਾਨ ਮੈ ਗੁਰੂ ਜੀ ਬੈਠੇ ਮਾਨੋਂ ਸੂਰਜ ਕੋ ਪਰਵਾਰ ਲੱਗਾ ਹੈ। ਰਾਗ ਕਰਦੇ ਹੈਂ ਰਾਗੀ, ਮਾਨੋਂ ਇੰਦਰ ਸਭਾ ਭੀ ਲਜਿਆਵਾਨ ਹੁੰਦੀ ਹੈ। ਪਿਰਥੀ ਦਰਸ਼ਨ ਕੇ ਵਾਸਤੇ ਆਈ। ਸੂਤਰੀ ਸਿੰਘ ਸੂਤਰ ਕਢਦੇ ਹੈਂ। ਦੇਖਕੇ ਚੁਰਾਸੀ ਕੇ ਲੋਕਾਂ ਕੇ ਨੇਤਰ ਹਟਦੇ ਨਹੀਂ। ਮੋਹਣੀ ਮੂਰਤ ਦਾ ਦਰਸ਼ਨ ਕਰਕੇ ਕੈਂਹਦੇ ਹੈ ਧੰਨ ਗੁਰੂ ਜੀ ਹੈ ਜਿਨ੍ਹਾਂ ਇਹ ਪੰਥ ਸਾਜਿਆ ਹੈ। ਦਰਸ਼ਨ ਕਰਕੇ ਸ਼ਾਂਤ ਆਉਂਦੀ ਹੈ। ਮਨ ਕੀਆਂ ਦਲੀਲਾਂ ਸਭ ਦੂਰ ਹੋਇ ਜਾਂਦੀਆਂ ਹੈਨ। ਦਰਸ਼ਨ ਕਰਕੇ ਨਾਮ ਚਿਤ ਆਉਂਦਾ ਹੈ ਪਰਮੇਸ਼ਰ ਜੀ ਕਾ। ਬਿਰਤੀ ਇਕਾਗਰ ਹੋਇ ਜਾਂਦੀ ਹੈ। ਪਰਮ ਅਨੰਦ ਕਾ ਜੋ ਸੁਖ ਹੈ ਸੋ ਸੁਖ ਪ੍ਰਾਪਤ ਹੁੰਦਾ ਹੈ। ਕੈਂਹਦੇ ਹੈਂ ਖ਼ਵਰੇ ਕੀ ਸੁਣਾਇ ਦੇਂਦਾ ਹੈ ? ਸੁਣਦੇ ਸਾਰ ਹੀ ਝੱਟ ਮਸਤ ਹੋਇਕੇ ਖੇਡਦੇ ਹੈਂ। ਸੁਧ ਬੁਧ ਭੁਲ ਜਾਂਦੀ ਹੈ। ਸੋਦਰ ਪੜ੍ਹਿਆ, ਅਰਦਾਸਾ ਕੀਤਾ, ਜੈਕਾਰਾ ਗਜਾਇਆ ਖਾਲਸੇ ਨੇ। ਰਾਤ ਨੂੰ ਸ਼ਬਦ ਪੜ੍ਹੇ ਜੋਟੀਆਂ ਕੇ ਢੋਲਕੀ ਨਾਲ ਮਾਨੋਂ ਅੰਮ੍ਰਿਤ ਬਰਸਦਾ ਰਿਹਾ ਨਾਮ ਕਾ।

ਸਵਾ ਪਹਿਰ ਰਾਤ ਸੇ ਇਸ਼ਨਾਨ ਕੀਤਾ। ਆਸਾ ਦੀ ਵਾਰ ਲੱਗੀ। ਅਰਦਾਸਾ ਕੀਤਾ, ਨਿਤਨੇਮ ਕੀ ਬਾਣੀ ਪੜ੍ਹੀ। ਮਹੱਲੇ ਚੜ੍ਹਨੇ ਲਗੇ। ਅਲਤਾ[1] ਭੀ ਦੀਵਾਨ ਮੈ ਉਡਾਇਆ ਮਾਨੋਂ ਲਾਲੋ-ਈ-ਲਾਲ ਦਿਸਦੀ ਹੈ। ਮਾਨਾਵਾਲੀਏ ਸਰਦਾਰ ਨੇ ਕੇਸਰੀ ਪੁਸ਼ਾਕ ਪਹਿਰਾਈ ਸਤਿਗੁਰੂ ਜੀ ਕੋ। ਅਗਲੀ ਤਹਿ ਕਰਕੇ ਰੱਖੀ। ਮੱਥਾ ਟੇਕਦੇ ਹੈਂ ਹਮੇਸ਼ਾਂ ਹੀ। ਏਕ ਸਰਦਾਰ ਨੇ ਹਾਥੀ ਆਂਦਾ । ਤਿਸ ਪਰ ਸ੍ਰੀ ਸਤਿਗੁਰੂ ਜੀ ਸਹਿਤ ਸੂਬਿਆਂ ਦੇ ਬੈਠੇ। ਆਗੇ ਚਲੇ। ਪਾਛੇ ਸਭ ਸਿੰਘ ਹੋਲਾ ਮਹੱਲਾ ਖੇਡਣ ਚੱਲੇ ਹੈ। ਬੜੀ ਧੂਮਧਾਮ ਸੇ ਚੜ੍ਹੇ, ਲਾਰੇ ਕਾ ਲਾਰਾ।

## ਲੜਕਾ ਜਿਊਂਦਾ ਕੀਤਾ

ਏਕ ਲੜਕਾ ਘੁਮਿਆਰ ਕਾ, ਗਿਆਨਾ ਸਿੰਘ ਕੇ ਘੋੜੇ ਦੀ ਫੇਟ ਲਗਾਣੇਂ ਸੇ ਮਰ ਗਿਆ। ਰੌਲਾ ਪੈ ਗਿਆ। ਸਿੰਘਾਂ ਨੇ ਮਗਰੋਂ ਖ਼ਬਰ ਦਿੱਤੀ ਜੀ ਗਿਆਨ ਸਿੰਘ ਕੇ ਘੋੜੇ ਦੀ ਫੇਟ

---

1 ਵਿਆਹ ਅਤੇ ਹੋਲੀ ਦੇ ਮੌਕੇ ਤੇ ਵਰਤਿਆ ਜਾਣ ਵਾਲਾ ਲਾਖ ਤੋਂ ਬਣਾਇਆ ਹੋਇਆ ਇਕ ਪ੍ਰਕਾਰ ਦਾ ਰੰਗ ।

ਲਗਣੇ ਸੇ ਏਕ ਘੁਮਿਆਰ ਕਾ ਲੜਕਾ ਮਰ ਗਿਆ ਹੈ। ਪੁਲਿਸ ਕਹਿਣੇ ਲਗੀ ਮੁੰਡਾ ਕੂਕਿਆਂ ਨੇ ਮਾਰਿਆ ਹੈ। ਜੈਸੇ ਖੁਸ਼ੀ ਸੇ ਚੜ੍ਹੇ ਤੈਸੇ ਗ਼ਮੀਂ ਪੈਦਾ ਹੋਇ ਗਈ। ਸਿਘਾਂ ਨੇ ਅਰਜ਼ ਕੀਤੀ ਸੱਚੇ ਪਾਤਸ਼ਾਹ ਜੀ ਆਪ ਹੀ ਰੱਛਿਆ ਕਰੋਗੇ ਤਾਂ ਠੰਢ ਪਵੇਗੀ ਨਹੀਂ ਤੇ ਕੋਈ ਗੱਲ ਠੀਕ ਨਹੀਂ ਹੈ। ਜੈਸੇ ਦਰੋਪਦੀ ਕੀ ਲਾਜ ਰੱਖੀ ਸੀ, ਜੈਸੇ ਗਜ ਗ੍ਰਾਹ ਤੇ ਛੁਡਾਇਆ ਸੀ ਤਿਸੀ ਤਰ੍ਹਾਂ ਰੱਛਿਆ ਕਰੋ।

ਇਤਨੀ ਸੁਣਕੇ ਹਾਥੀ ਝੱਟ ਮੋੜਿਆ। ਜਿਸ ਜਗ੍ਹਾ ਲੜਕਾ ਪਿਆ ਸੀ, ਉਥੇ ਆਏ। ਉਤਰ ਕੇ ਉਸ ਮ੍ਰਿਤ ਲੜਕੇ ਨੂੰ ਹੱਥਾਂ ਉੱਤੇ ਚੁਕਕੇ ਬਚਨ ਕੀਤਾ ਲੜਕੇ ਕੋ ਮੂਰਛਾ ਆਈ ਹੋਈ ਹੈ। ਉੱਤੇ ਚਾਦਰ ਪਵਾਈ। ਜਾਂ ਹੱਥ ਧਰੇ ਨੂੰ ਛਿਨ ਭਰ ਗੁਜਰਿਆ ਤਾਂ ਅੰਗੂਠਾ ਹਿਲਿਆ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਦੇਖੋ ਅੰਗੂੰਠਾ ਹਿੱਲਿਆ ਹੈ, ਲੜਕਾ ਜਿਊਂਦਾ ਹੈ। ਏਕ ਘੜੀ ਪਿੱਛੇ ਲੜਕਾ ਉਠ ਬੈਠਾ। ਰਾਤ ਤੋੜੀ ਤੁਰਕੇ ਘਰ ਜਾਇ ਰਿਹਾ। ਦੂਜੇ ਪਿੰਡ ਸੋਹਲ ਕਾ ਸੀ। ਜ਼ਾਹਰ ਕਲਾ ਦੇਖਕੇ ਲੋਕ ਕਹਿੰਦੇ ਹੈਂ ਸਰਦਾਰ ਜੋ ਕਹਿੰਦਾ ਹੈ ਕਿ ਪੂਰਨ ਗੁਰੂ ਅਵਤਾਰ ਹੈਂ, ਸੋ ਠੀਕ ਹੈ। ਮੁਰਦੇ ਮੇਂ ਸਵਾਸ ਪਾਏ ਹੈਨ। ਧੰਨ ਗੁਰੂ ਧੰਨ ਗੁਰੂ ਹੋਇ ਰਹੀ ਹੈ। ਚਾਰੋਂ ਬਰਨ ਅਰ ਖਾਲਸਾ ਉਸਤਤ ਕਰ ਰਹੇ ਹੈਂ। ਖੁਸ਼ੀਆਂ ਖ਼ਾਲਸੇ ਨੂੰ ਚੜ੍ਹੀਆਂ ਹੋਈਆਂ ਹੈਂ। ਜੈਕਾਰੇ ਗਜਾਉਂਦੇ ਹੈਂ। ਸਰਬ ਦੁਨੀਆਂ ਦੇ ਦਿਲ ਨਰਮ ਹੋਏ। ਕਈਆਂ ਨੇ ਭਜਨ ਲੈ ਲਿਆ ਜਿਨ੍ਹਾਂ ਕੇ ਮਸਤਕ ਮੈਂ ਲਿਖਾ ਸੀ।

ਹੀਰਾ ਸਿੰਘ ਸਰਦਾਰ ਦਾ ਨਿਸਚਾ ਭੀ ਹੋਰ ਪਰਪੱਕ ਹੋਇਆ ਕਿ ਦਸਵੇਂ ਪਾਤਸ਼ਾਹ ਜੀ ਕੇ ਜੋ ਬਚਨ ਹੈਂ ਸੋ ਪੁਰੇ ਹੋਣ ਲਗੇ ਹੈ 'ਰਾਮ ਸਿੰਘ ਉਚ ਨੀਚਨ ਡਰੈ, ਅਵਨੀ ਏਕ ਰਸੋਈ ਕਰੈ।'।'ਰਿਲਪੁਰ ਬੀਚ ਬਾਢੀ ਸੁਤ ਹੋਈ, ਬਲੂਆ ਰਾਜ ਕਰੈਗਾ ਸੋਈ॥'[1] ਏਹ ਬਚਨ ਸਿੰਘਾਂ ਨੂੰ ਯਾਦ ਔਂਦੇ ਹੈਂ ਜੇੜ੍ਹੇ ਦਸਵੇਂ ਪਾਤਸ਼ਾਹ ਨੇ ਲਿਖੇ ਹਨ ਸਾਖੀਆਂ ਮੈ। ਘਟ ਘਟ ਮੈ ਉਸਤਤ ਹੋਇ ਰਹੀ ਹੈ। ਕੈਂਹਦੇ ਹੈ ਧੰਨ ਗੁਰੂ ਜੀ ਹੈਨ ਸਰਬ ਦੀ ਲਾਜ ਰੱਖੀ ਹੈ। ਖ਼ਾਲਸੇ ਕੋ ਲਾਲੀਆਂ ਚੜ੍ਹੀਆਂ। ਜੇੜੀ ਗ਼ਮੀ ਸੀ ਸੋ ਦੂਰ ਹੋਈ। ਜੈਸੇ ਗੁਰੂ ਨਾਨਕ ਜੀ ਮੁਰਦਾ ਜਿਵਾਇਆ ਸੀ, ਜੈਸੇ ਨਾਮਦੇਵ ਕੀ ਗਊ ਜਵਾਈ ਸੀ, ਤਿਸੀ ਤਰ੍ਹਾਂ ਰੱਛਿਆ ਕੀਤੀ ਹੈ।

ਸੋ ਗਦ ਗਦ ਹੋਇਕੇ ਹੋਲਾ ਮਹੱਲਾ ਖੇਡਿਆ। ਬੜੀ ਖੁਸ਼ੀ ਹੋਈ। ਗੁਲਾਲ ਬਹੁਤ ਉਡਾਇਆ। ਸਰਬ ਲਾਲੋ ਲਾਲ ਈ ਦਿਸ ਰਹੀ ਹੈ। ਜੈਸੇ ਲਾਲ ਜੋਤ ਦਮਕਦੀ ਹੈ ਤਿਸੀ ਤਰ੍ਹਾਂ ਸਰਬ ਸਿੰਘਾਂ ਪਰ ਲਾਲੀ ਸੋਭਾ ਪਾਇ ਰਹੀ ਹੈ ਮਾਨੋਂ ਲੰਕਾ ਵਾਲਾ ਦਲ ਮਿਲਕੇ ਖੇਡਦੇ ਹੈਂ। ਸੂਰਜ ਅਸਤ ਹੋਇਆ, ਚੰਦ੍ਰਮਾ ਪਰਗਟ ਹੋਇਆ। ਸਾਰੀ ਰਾਤ ਸ਼ਬਦ ਢੋਲਕੀ ਕਾ ਹੋਇਆ।

ਅੰਮ੍ਰਿਤ ਕੀ ਵਰਖਾ ਹੋਈ। ਬੇਸ਼ੁਮਾਰ ਸਿੰਘ ਇਕੱਠੇ ਹੋਏ ਹੋਏ ਸੇ। ਰਾਤ ਕੋ ਉਸ ਬਿਮਾਰ ਲੜਕੇ ਕੇ ਬਦਲੇ ਏਕ ਬ੍ਰਹਮਾ ਸਿੰਘ ਜਗਰਾਵਾਂ ਚੜ੍ਹਾਈ ਕਰ ਗਿਆ। ਸਵਾ ਪਹਿਰ ਰਾਤ ਸੇ ਆਸਾ ਕੀ ਵਾਰ ਲਗੀ। ਇਸ਼ਨਾਨ ਕਰਕੇ ਸਿੰਘ ਸ਼ਬਦ ਸੁਣਦੇ ਹੈਂ। ਅਰਦਾਸਾ ਕੀਤਾ। ਸਿੰਘ ਕਾ ਸਸਕਾਰ ਕੀਤਾ।

---

1. ਸੌ ਸਾਖੀ।

## ਜੋ ਨਾਮ ਜਪੇਗਾ

ਰੌਲਾ ਇਓ ਪੈ ਗਿਆ ਕਿ ਕੂਕਿਆਂ ਕੇ ਗੁਰੂ ਨੇ ਮੁਰਦਾ ਜਵਾਇ ਦੀਆ ਹੈ। ਦਰਸ਼ਨ ਕੇ ਵਾਸਤੇ ਉਲਟ ਪਈ ਲੋਕਾਈ। ਦਰਸ਼ਨ ਕਰਕੇ ਸ਼ਾਂਤ ਆਉਂਦੀ ਹੈ। ਕਈ ਬਚਨ ਕੀਤੇ, ਪਰ ਇਤਨੇ ਕੁ ਲਿਖਦੇ ਹਾਂ। ਸਾਖੀਆਂ ਕੇ ਬਚਨ ਚਲ ਪਏ। ਬਚਨ ਕੀਤਾ ਜੇੜ੍ਹੇ ਤੁਸੀਂ ਮੇਰੇ ਅੱਗੇ ਪਿੱਛੇ ਫਿਰਦੇ ਹੋ, ਸੋ ਮੈਂ ਸਭ ਕੋ ਦੇਖ ਲਵਾਂਗਾ। ਤੁਸੀਂ ਕਛਹਿਰੇ ਲਾਹ ਕੇ ਸੁਟੋਗੇ। ਦੁਪਹਿਰ ਨੂੰ ਵਣਾਂ ਮੈ ਤੇ ਝਾੜਾਂ ਮੈ ਤੇ ਖੂਹ ਮੈ ਲੁਕਾਉਂਦੇ ਫਿਰੋਗੇ। ਐਸਾ ਭਾਣਾ ਵਰਤੇਗਾ ਸਿਰ ਮੁਨਵਾਵਣਗੇ, ਹੱਥਾਂ ਮੈ ਹੁੱਕੇ ਫੜਨਗੇ। ਆਖਣਗੇ ਮੈਂ ਕੂਕਾ ਨਹੀਂ ਹਾਂ। ਭੰਨ ਕੇ ਘੜਨੀ ਹੈ। ਅਕੇਲਾ ਦੂਰ ਜਾਇਕੇ ਬੈਠਾਂਗਾ। ਤੁਸੀਂ ਭਜਨ ਨਹੀਂ ਕਰਨ ਦੇਂਦੇ ਹੋ। ਦੇਸ ਮੈਂ ਰੌਲੀ ਪਵੇਗੀ। ਫ਼ਰੰਗੀ ਸਿੰਘਾ ਕੋ ਦੁੱਖ ਦੇਣਗੇ। ਕੋਈ ਹਰਿਆ ਬੂਟ ਰਹਿਓ ਰੀ। ਨਾਮ ਜੋ ਜਪੇਗਾ ਸੋ ਬਚੇਗਾ ਜੈਸੇ ਚੱਕੀ ਮੈ ਦਾਣੇ ਕਿੱਲੀ ਕੇ ਆਸਰੇ ਬਚਦੇ ਹੈ। ਹੋਰ ਸਭ ਖਪ ਜਾਣਗੇ।

## ਜੋੜਾ ਦੀਆ ਨਾਲੇ ਖੁਸ਼ੀਆਂ

ਸਰਦਾਰ ਹੀਰਾ ਸਿੰਘ ਨੇ ਸੁਨਹਿਰੀ ਸਾਜ ਕਸਕੇ ਚੰਗੀ ਘੋੜੀ ਆਇ ਹਾਜ਼ਰ ਕੀਤੀ।ਬੇਨਤੀ ਕੀਤੀ ਜੀ ਏਸ ਪਰ ਇਕ ਵੇਰੀ ਚੜ੍ਹੋ। ਚੜ੍ਹਕੇ ਗੁਰੂ ਜੀ ਬਚਨ ਕੀਤਾ ਖਾਲਸਾ ਜੀ ਜਿਸਨੇ ਘੋੜੀ ਸ਼ਿਗਾਰ ਕੇ ਸਾਨੂੰ ਉੱਤੇ ਚੜ੍ਹਾਇਆ ਹੈ ਉਹ ਭੀ ਤਾਂ ਚੜ੍ਹਨਗੇ। ਇਕੋਤਰ ਸੌ ਰੁਪਿਆ ਬੀ ਸਰਦਾਰ ਨੇ ਭੇਟਾ ਕੀਤਾ। ਏਕ ਚੋਗਾ ਪਾਂਚ ਸੌ ਕੀਮਤ ਵਾਲਾ ਭੇਟਾ ਧਰਿਆ। ਸ੍ਰੀ ਸਤਿਗੁਰੂ ਜੀ ਬਾਬੇ ਸਾਹਿਬ ਸਿੰਘ ਕੋ ਦੇ ਦਿੱਤਾ। ਗਿਆਨਾ ਸਿੰਘ ਨੇ ਕੋਲੋਂ ਕਹਾ ਤੂੰ ਮੀਰਜਾਦਾ ਹੋਇ ਗਿਆ ਹੈਂ, ਉਤਾਰ ਲੈ ਲਿਆ ਹੈ। ਸਾਧੂ ਪਦ ਨਾ ਰਿਹਾ। ਗੁਰੂ ਜੀ ਬਚਨ ਕੀਤਾ ਤੂੰ ਦਿੱਤੂ ਰਾਗੀ ਕੋ ਦੇ ਦੇ। ਬਾਬੇ ਨੇ ਝੱਟ ਦਿੱਤੇ ਰਾਗੀ ਕੋ ਦੇ ਦਿੱਤਾ। ਜਾਂ ਤੁਰਨੇ ਕਾ ਵਕਤ ਹੋਇਆ ਤਾਂ ਸਰਦਾਰ ਨੇ ਏਕ ਜੋੜਾ ਅਗੇ ਆਇ ਧਰਿਆ। ਅਰਜ਼ ਕੀਤੀ ਸੱਚੇ ਪਾਤਸ਼ਾਹ ਜੀ ਸਾਨੂੰ ਮੱਥਾ ਟੇਕਣ ਨੂੰ ਕੁਝ ਚਾਹੀਏ, ਚਰਨਾਂ ਕਾ ਜੋੜਾ ਮਿਲੇ। ਜੋੜਾ ਦੀਆ ਨਾਲੇ ਖੁਸ਼ੀਆਂ ਦਿੱਤੀਆਂ। ਸਰਦਾਰ ਨੇ ਰੇਸ਼ਮ ਕੇ ਰੁਮਾਲ ਮੈ ਜੋੜਾ ਲਪੇਟ ਕੇ ਰੱਖ ਲਿਆ। ਰੋਜ਼ ਮੱਥਾ ਟੇਕਦੇ ਹੈਂ।

ਅਰਦਾਸਾ ਕਰਕੇ ਤੁਰੇ। ਜੇੜ੍ਹਾ ਪਰੇਮ ਨਾਲ ਲੈ ਜਾਂਦਾ ਹੈਂ ਉਸਦੇ ਜਾਂਦੇ ਹੈ। ਦੜਪ ਦੇਸ ਕੋ ਤਾਰਦੇ ਹੈਂ। ਨਾਮ ਕਾ ਛਿੱਟਾ ਦੇਂਦੇ ਹੈਂ। ਕਿਲਾ ਸੋਭਾ ਸਿੰਘ ਕੇ ਪੜਾਓ ਕੀਤਾ। ਦੀਵਾਨ ਲੱਗਾ। ਸੂਤਰ ਨੂੰ ਦੇਖਕੇ ਦੁਨੀਆਂ ਕਹਿੰਦੀ ਹੈ ਅਗੇ ਆਦਿ ਅੰਤ ਨਹੀਂ ਦੇਖਿਆ। ਨਾਲੇ ਸਿੱਖੀ ਪਾਂਚ ਕੱਕੇ ਦੀ ਰੀਤੀ ਦੀ ਹੈ। ਹੋਰ ਤਾਂ ਸਭ ਲੱਛਣ ਚੰਗੇ ਹਨ ਇਕ ਦਸਤਾਰ ਉਤਰ ਜਾਂਦੀ ਹੈ ਅਤੇ ਕੇਸਾਂ ਕੀ ਬੇਅਦਬੀ ਮਾੜੀ ਹੈ।

## ਅੰਤਰਯਾਮੀ ਗੁਰੂ

ਝੰਡਾ ਸਿੰਘ ਨੇ ਸੰਕਲਪ ਕੀਤਾ ਕਿ ਤਾਂ ਮੈਂ ਜਾਣਾਂਗਾ ਗੁਰੂ ਜੇਕਰ ਮੈਨੂੰ ਸੱਦਕੇ ਕੈਹਣਗੇ ਲੈ ਦੁੱਧ। ਏਤਨਾ ਫੁਰਨਾ ਕਰਨੇ ਸੇ ਅੰਤਰਯਾਮੀ ਜੀ ਬਚਨ ਕੀਤਾ ਸੱਦੋ ਝੰਡਾ ਸਿੰਘ ਨੂੰ ਦੁੱਧ ਪੀ ਲਵੇ। ਆਇਕੇ ਦੁੱਧ ਛਕਿਆ ਤੇ ਨਿਸਚਾ ਹੋਇਆ ਕਿ ਠੀਕ ਅੰਤਰਯਾਮੀ ਗੁਰੂ ਹੈ। ਘਟ ਘਟ

ਕੇ ਪਟ ਪਟ ਕੀ ਜਾਨੈ।

## ਬੇ-ਮੁਨਿਆਦਾ

ਏਕ ਗ੍ਰਾਮ ਮੈ ਜਾਇ ਉਤਰੇ। ਏਕ ਸਾਧ ਸੀ। ਉਸਨੇ ਨਵਾਂ ਈ ਡੇਰਾ ਉਸਾਰਿਆ ਸੀ। ਦੇਖਕੇ ਗੁਰੂ ਜੀ ਬਚਨ ਕੀਤਾ ਬੇ-ਮੁਨਿਆਦਾ ਹੈ। ਸਾਧ ਨੇ ਕਹਾ ਜੀ ਮੇਰਾ ਕੀ ਹਾਲ ਹੋਵੇਗਾ? ਬਚਨ ਹੋਇਆ ਤੂੰ ਸਾਡੇ ਨਾਲ ਚੱਲ। ਉਸਨੇ ਕਹਾ ਜੀ ਮੈਂ ਏਥੇ ਹੀ ਰਹਾਂਗਾ। ਬਚਨ ਹੋਇਆ ਸ਼ਤਾਬੀ ਚੜ੍ਹ ਜਾਏਂਗਾ।

ਗਲੇਲੇ ਵਟੇ ਸੁਕੇ ਪਏ ਥੇ। ਕੋਲ ਗੁਲੇਲ ਪਈ ਸੀ। ਤਖਤੇ ਅੜੇ ਹੋਏ ਥੇ। ਫੜ ਕੇ ਸ੍ਰੀ ਸਤਿਗੁਰੂ ਜੀ ਉਨ੍ਹਾਂ ਮੇਂ ਮਾਰੀ ਗਏ ਸਾੜ੍ਹ ਸਾੜ੍ਹ। ਜਾਂ ਪਾਂਚ ਗਲੇਲੇ ਰਹਿ ਗਏ ਤਾਂ ਬਚਨ ਕੀਤਾ ਲੈ ਸਾਹਿਬ ਸਿੰਘਾ ਤੂੰ ਚਲਾਓ। ਪਾਂਚ ਬਾਬੇ ਨੇ ਚਲਾਏ। ਉਸੀ ਸਾਲ ਮੇਂ ਸਾਧ ਮਰ ਗਿਆ। ਉਸ ਕਾ ਜੋ ਚੇਲਾ ਸੀ ਹਜ਼ਾਰਾਂ ਰੁਪਈਆਂ ਕੀ ਜਾਇਦਾਦ ਦੇਖ ਕੇ ਉਸ ਨੇ ਕੋਠੇ ਉਧੇੜ ਕੇ ਨਵੇਂ ਪਵਾਏ। ਲੋਕਾਂ ਕਹਿਆ ਗੁਰੂ ਜੀ ਦਾ ਜੋ ਵਾਕ ਸੀ ਸੋ ਪੂਰਾ ਹੋਇਆ ਹੈ। ਧੰਨ ਅੰਤਰਯਾਮੀ ਗੁਰੂ ਹੈ। ਦੇਖੋ ਸਾਧ ਸ਼ਤਾਬੀ ਮਰ ਗਿਆ ਤੇ ਜਗ੍ਹਾ ਬੀ ਢਹਿ ਕੇ ਪਈ ਹੈ।

## ਸੋ ਬਚੇਗਾ ਜੋ ਨਾਮ ਜਪੇਗਾ

ਇਕ ਪਿੰਡ ਅਰਜ਼ ਹੋਈ ਜੀ ਜੋ ਭਾਣਾ ਕਹਿੰਦੇ ਹੋ ਉਸ ਵਕਤ ਸੰਗਤ ਕਾ ਕੀ ਹਾਲ ਹੋਵੇਗਾ? ਦੀਨਾਨਾਥ ਜੀ ਬਚਨ ਕੀਤਾ ਸੋ ਬਚੇਗਾ ਜੋ ਨਾਮ ਜਪੇਗਾ। ਗੜਵਾ ਡੋਰੀ ਕਛਹਿਰਾ ਰੱਖੇਗਾ ਤੇ ਮਾਲਾ ਹੱਥ ਮੇਂ ਰੱਖਕੇ ਭਜਨ ਕਰੇਗਾ ਹਰ ਵਕਤ। ਉਸ ਵਕਤ ਮਾਲਾ ਫੇਰੇ ਤਾਂ ਭਾਂਵੇਂ ਜੰਗਲ ਮੈ ਹੀ ਬਹਿ ਰਹੇ ਤਾਂ ਭੀ ਉਸਕੀ ਰੱਛਿਆ ਹੋਵੇਗੀ। ਜੋ ਪਰਾਇਆ ਧਨ ਚੁਕੇਗਾ ਤੇ ਆਪਣੇ ਧਨ ਕੀ ਲਾਲਸਾ ਕਰੇਗਾ ਸੋ ਵਿੱਚੇ ਹੀ ਰਹਿ ਜਾਵੇਗਾ। ਪ੍ਰਸੰਨ ਹੋਇਕੇ ਬਚਨ ਕੀਤਾ ਦੇਖੋ ਛੱਤਰੀਆਂ ਬ੍ਰਾਹਮਣਾਂ ਕੇ ਕਰਮ ਖੋਹਕੇ ਧੁਆਨੂੰ ਦਿੱਤੇ ਹਨ। ਜੇ ਬ੍ਰਾਹਮਣ ਮਾੜੇ ਕਰਮ ਨਾ ਕਰਦੇ ਤਾ ਧੁਆਨੂੰ ਚੰਗੇ ਕਿਸਨੇ ਕਰਨ ਦੇਣੇ ਸੇ। ਤੁਹਾਡੇ ਕਰਮ ਬ੍ਰਾਹਮਣ ਕਰਦੇ ਹਨ ਤੇ ਤੁਸੀਂ ਬ੍ਰਾਹਮਣਾਂ ਦੇ ਕਰਮ ਕਰਨ ਲੱਗੇ ਹੋ। ਏਹ ਮਾੜੇ ਕਰਨ ਲੱਗ ਪਏ ਹਨ ਤੇ ਤੁਸੀਂ ਚੰਗੇ ਕਰਨ ਲੱਗ ਪਏ ਹੋ।

ਏਕ ਸਰੀਰ ਨੇ ਭਜਨ ਲੀਤਾ। ਸਰੀਰ ਕਾਂਪਨੇ ਲਗਾ। ਗੁਰੂ ਜੀ ਬਚਨ ਕੀਤਾ ਏਧਰ ਖੂਹ ਹੈ, ਪਾਛੇ ਨੀਵੀਂ ਜਗ੍ਹਾ ਹੈ। ਖ਼ਬਰਦਾਰ ਹੋ, ਤੂੰ ਡਿਗਦਾ ਹੈ। ਝੱਟ ਉਸਨੂੰ ਸੁਰਤ ਆਇ ਗਈ। ਭਜਨ ਕਰਨੇ ਲਗਾ, ਕੰਬਨੀ ਹਟ ਗਈ।

ਏਕ ਨਗਰ ਮੇਂ ਸਿੰਘਾਂ ਨੇ ਅਰਜ਼ ਕੀਤੀ ਜੀ ਜੇ ਕੋਈ ਕਾਰਜ ਹੋਵੇ ਤਾਂ ਕਿਵੇਂ ਕਰੀਏ? ਗੁਰੂ ਜੀ ਬਚਨ ਕੀਤਾ ਕਿ ਜੇ ਕੋਈ ਕਾਰਜ ਕਰਨਾ ਹੋਵੇ ਤਾ ਅੱਠ ਪਹਿਰ ਪਹਿਲੇ ਗੁਰੂ ਜੀ ਅਕਾਲ ਪੁਰਖ ਅੱਗੇ ਅਰਦਾਸ ਕਰੀਏ। ਅਠਵੇਂ ਪਹਿਰ ਕਾਰਜ ਕਾ ਉੱਤਰ ਮਿਲਦਾ ਹੈ।ਅੰਤਰਯਾਮੀ ਜੀ ਸਰਬ ਘਟਾਂ ਮੇਂ ਪੂਰਨ ਹੋਇ ਰਹਿਆ ਹੈ।ਸਰਬ ਦੀ ਪੁਕਾਰ ਸੁਣ ਰਿਹਾ ਹੈ। ਜੇਹੜੀ ਗੁਪਤ ਅਰਜ਼ ਹੈ ਉਹ ਸ਼ਤਾਬੀ ਸੁਣਦਾ ਹੈ।

## ਸਭ ਹਟ ਜਾਣਗੇ

ਮਢਿਆਲੀ ਕੀ ਪੰਚੈਤ ਆਈ ਕਿ ਚਲੋ ਕੋਈ ਬਚਨ ਸੁਣਾਂਗੇ ਕਹਾਂਗੇ। ਆਇਕੇ ਮੱਥਾ ਟੇਕ ਕੇ ਬੈਠੇ। ਅਰਜ਼ ਕੀਤੀ ਜੀ ਘੋੜੀਆਂ ਚੰਗੀਆਂ ਹੈਨ। ਅੱਗੇ ਨਹੀਂ ਏਹੋ ਜੇਹੀਆਂ ਦੇਖੀਆਂ। ਬਹੁਤ ਪਿਆਰੀਆਂ ਲਗਦੀਆਂ ਹੈਨ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਦਸਵੇਂ ਪਾਤਸ਼ਾਹ ਵਾਲੇ ਘੋੜੇ ਹੈਂ। ਪੰਚੈਤ ਨੇ ਕਹਾ ਜੀ ਬੁਚੜਖਾਨੇ ਜਗ੍ਹਾ ਪਰ ਜਗ੍ਹਾ ਲੱਗੇ ਹੋਏ ਹੈਂ। ਹਟ ਜਾਣਗੇ ਕਿ ਨਾ। ਗੁਰੂ ਜੀ ਬਚਨ ਕੀਤਾ ਸਮੇਂ ਸਮੇਂ ਨਾਲ ਸਭ ਕੁਝ ਹੋ ਜਾਏਗਾ। ਹਟ ਜਾਣਗੇ।

## ਹੁਣ ਖੁਭ ਗਏ ਚਰਨ

ਫੇਰ ਸ਼ੇਰਕੋਟ ਵਾਲੀ ਮਾਈ ਭਾਗਣ ਲੈ ਗਈ ਅਰਜ਼ ਕਰਕੇ। ਉਸ ਦੇ ਪਿਤਾ ਦਾ ਨਾਮ ਘਨੱਈਆ ਸਿੰਘ ਸੀ। ਮੀਂਹ ਪੈਂਦਾ ਰਿਹਾ, ਅਗਲੇ ਦਿਨ ਭੀ ਨਾ ਤੁਰੇ। ਦੋ ਪੜਾਓ ਕੀਤੇ। ਗੁਰੂ ਜੀ ਬਚਨ ਕੀਤਾ ਮਾਈ ਤੂੰ ਕਹਿੰਦੀ ਸੀ ਚਰਨ ਪਾਓ ਸੋ ਹੁਣ ਖੁਭ ਗਏ ਚਰਨ। ਤੀਏ ਦਿਨ ਨਿਰਮਲ ਹੋਇਆ ਤਾਂ ਤੁਰੇ।

## ਕਸ਼ਮੀਰੀ ਸਾਧੂ ਦੇ ਬਚਨ

ਕਸ਼ਮੀਰ ਮੈ ਏਕ ਸਾਧੂ ਸੀ ਤ੍ਰਿਕਾਲ ਦਰਸ਼ੀ। ਚੁਅੱਖਰਾ ਜਾਪ ਜਪਦਾ ਸੀ। ਉਸਨੇ ਕਹਿਣਾ ਸਤਿਲੁਦ ਕੇ ਕਿਨਾਰੇ ਪਰ ਪੂਰਨ ਪੁਰਖ ਪ੍ਰਗਟ ਹੋਣਗੇ। ਬਾਰ੍ਹਵਾਂ ਜਾਮਾਂ ਬਾਢੀ ਕੇ ਘਰ ਅਵਤਾਰ ਧਾਰੇਗਾ। ਧਰਮ ਕੀ ਲੜੀ ਜੇੜ੍ਹੀ ਕਹੀ ਹੈ ਗ੍ਰੰਥਾਂ ਮੈ ਸੋ ਚਲੇਗੀ। ਉਸ ਸਮੇਂ ਦੜਪ ਦੇਸ ਮੈਂ ਤਿਸ ਸੰਤ ਪਾਸੋਂ ਏਕ ਸਿੰਘ ਆਇਆ। ਉਸਨੇ ਜਦ ਸ੍ਰੀ ਸਤਿਗੁਰੂ ਜੀ ਕਾ ਦਰਸ਼ਨ ਕੀਤਾ ਤਾਂ ਜੋ ਨਿਸ਼ਾਨੀਆਂ ਸੰਤ ਦਸਦੇ ਹੁੰਦੇ ਸਨ ਓਹੋ ਹੀ ਪ੍ਰਤੀਤ ਹੋਈਆਂ। ਉਹ ਕੈਹਣੇ ਲਗਾ ਜੀ ਆਪ ਤਾ ਪੂਰਨ ਗੁਰੂ ਹੋ। ਨੇਤਰੀਂ ਦੇਖਣ ਸੇ ਸ਼ਾਂਤ ਆਉਂਦੀ ਹੈ, ਨਾਲੇ ਜੋ ਕਸ਼ਮੀਰ ਵਾਲੇ ਸੰਤਾਂ ਨੇ ਚਿਨ੍ਹ ਦੱਸੇ ਸਨ ਉਹ ਠੀਕ ਆਪ ਵਿਖੇ ਬੀਤਦੇ ਹੈਂ। ਕੈਹਣੇ ਲਗਾ ਜੀ ਪਹਿਲੇ ਉਹ ਸੰਤ ਕਾਬਲ ਵਿਖੇ ਰਹਿੰਦੇ ਸੀ। ਤਿਨ੍ਹਾਂ ਹੱਥੋਂ ਬਾਦਸ਼ਾਹ ਰੋਜ਼ ਕੜਾਹ ਪ੍ਰਸ਼ਾਦ ਛਕਦਾ ਹੁੰਦਾ ਸੀ। ਥੋੜੇ ਚਿਰ ਬਾਦ ਸ਼ਰਈਆਂ ਨੇ ਕਹਾ ਤੁਸੀਂ ਹਿੰਦੂ ਕੇ ਹਾਥ ਕਾ ਹਲਵਾ ਖਾਂਦੇ ਹੋ। ਹਿੰਦੂ ਸੂਰ ਖਾ ਲੇਤੇ ਹੈਂ। ਇਸੀ ਤੇ ਬਾਦਸ਼ਾਹ ਨੇ ਸੰਤਾਂ ਨੂੰ ਕਹਾ ਕਿ ਆਪ ਕਸ਼ਮੀਰ ਵਿਖੇ ਚਲੇ ਜਾਓ ਕਿਉਂਕਿ ਏਥੇ ਸ਼ਰਈ ਤੁਹਾਨੂੰ ਦੁੱਖ ਦੇਣਗੇ। ਇਸੀ ਤੇ ਸੰਤ ਕਸ਼ਮੀਰ ਵਿਖੇ ਆਇ ਰਹੇ ਸੀ। ਸੋ ਜੀ ਜੋ ਨਿਸ਼ਾਨੀਆਂ ਸੰਤ ਆਖਿਆ ਕਰਦੇ ਸੇ ਸੋ ਆਪ ਵਿਖੇ ਸਹੀ ਦੇਖੀਆਂ ਹੈਂ। ਆਪ ਸਰਬੱਗ ਈਸ਼ਵਰ ਹੋ।

## ਪਾਣੀ ਭਰਨ ਤੋਂ

ਇਸਤੇ ਮਗਰੋਂ ਦੂਸਰੇ ਪਿੰਡ ਜਾਇ ਉਤਰੇ। ਖੂਹ ਕੇ ਉਪਰ ਏਕ ਮੁਸਲਮਾਨ ਜਲ ਭਰਦਾ ਸੀ। ਉਸਨੂੰ ਖਾਲਸੇ ਨੇ ਕਹਿਆ ਤੂੰ ਪਰ੍ਹੇ ਹਟ ਜਾ ਅਸੀਂ ਜਲ ਭਰ ਲਈਏ। ਉਹ ਨਾ ਹਟਿਆ ਤਾਂ ਖਾਲਸੇ ਨੇ ਮਾਰਕੇ ਹਟਾਇਆ ਤੇ ਜਲ ਭਰਿਆ। ਸ੍ਰੀ ਸਤਿਗੁਰੂ ਜੀ ਉਸ ਵਕਤ ਪ੍ਰਸ਼ਾਦ

ਛਕਦੇ ਸੀ। ਸੁਣਕੇ ਬਚਨ ਕੀਤਾ ਬੜਾ ਮਾੜਾ ਕਮ ਕੀਤਾ ਹੈ ਜੇੜ੍ਹਾ ਐਵੇਂ ਮਾਰਿਆ ਹੈ ਬੇ-ਗੁਨਾਹੀ ਨੂੰ। ਭਾਵੇਂ ਕਿੱਡੀ ਬੰਦਗੀ ਕਰੇ ਉਸ ਨੂੰ ਕੁਛ ਨਹੀਂ ਪ੍ਰਾਪਤ ਹੋਊਗਾ। ਕੀਤਾ ਕਤਰਿਆ ਤਿਸਦਾ ਐਵੇਂ ਜਾਊਗਾ।

ਸ੍ਰੀ ਸਤਿਗੁਰੂ ਜੀ ਵੈਰਾਗਵਾਨ ਹੋਏ। ਨੇਤਰਾਂ ਵਿਚੋਂ ਜਲ ਜਾਣ ਲੱਗਾ। ਸਿੰਘ ਭੀ ਵੈਰਾਗਵਾਨ ਹੋਏ। ਦੀਵਾਨ ਰਾਗੀਆਂ ਨੇ ਲਾਇਆ। ਸਿੰਘਾਂ ਨੇ ਆਇ ਅਰਜ਼ ਕੀਤੀ ਜੀ ਦੀਵਾਨ ਲੱਗਾ ਹੈ। ਸਭ ਆਪ ਕੀ ਓਰ ਦੇਖਦੇ ਹੈਂ ਜੈਸੇ ਚੰਦ ਕੀ ਤਰਫ ਚਕੋਰ ਦੇਖਦਾ ਹੈ। ਗੁਰੂ ਜੀ ਨਾ ਗਏ, ਵੈਰਾਗ ਬਹੁਤ ਕੀਤਾ। ਉੱਥੇ ਬੈਠਿਆਂ ਨੂੰ ਦਿਨ ਲਹਿ ਗਿਆ। ਗੁਰੂ ਜੀ ਬਚਨ ਕੀਤਾ ਜੇੜ੍ਹਾ ਬਚਨ ਨਾ ਮੰਨੇ ਚਾਹੇ ਮੇਰੇ ਮੰਜੇ ਦੇ ਹੇਠਾਂ ਪਿਆ ਰਹੇ ਸੋ ਮੈਥੋਂ ਸੈਂਕੜੇ ਕੋਹ ਦੂਰ ਹੈ। ਜੇਹੜਾ ਸੈਂਕੜੇ ਕੋਹਾਂ ਪਰ ਬੈਠਾ ਨਾਮ ਜਪੇ ਸੋ ਮੇਰੀ ਛਾਤੀ ਕਾ ਰੋਮ ਹੈ। ਜੈਸੇ ਬਿਰਛ ਕੋ ਪਾਂਦਾਂ ਵਲੋਂ ਫਲ ਲਗਦਾ ਹੈ।

## ਲਾਹੌਰ ਆਏ

ਲਾਹੌਰ ਆਏ। ਹੀਰੇ ਬਾਗ ਮੇਂ ਆਏ ਉੱਤਰੇ। ਮੂਰਤੀ ਲਾਹੁਣ ਵਾਸਤੇ ਏਕ ਮੁਸੱਵਰ ਆਇਆ। ਮੂਰਤੀ ਉਤਾਰ ਕੇ ਕੋਲ ਰੱਖੀ। ਸਿੰਘਾਂ ਕੋ ਉਤਾਰ ਕੇ ਦੇਂਦਾ ਹੈ।

ਸ੍ਰੀ ਸਤਿਗੁਰੂ ਜੀ ਬਚਨ ਕੀਤਾ ਜੋ ਜਾਪ ਜਪੇਗਾ ਸੋਈ ਮੇਰੀ ਛਾਤੀ ਕਾ ਰੋਮ ਹੈ। ਜੋ ਜਾਪ ਅਜਪਾ ਨਾ ਜਪੇ, ਭਾਵੇਂ ਮੇਰੇ ਕੋਲ ਹੀ ਬੈਠਾ ਰਹੇ, ਪਥਰ ਵਾਂਗੂੰ ਭਿਜਦਾ ਨਹੀਂ ਹੈ। ਜਿਸ ਉੱਤੇ ਮੇਹਰ ਹੁੰਦੀ ਹੈ ਤਿਸ ਸੇ ਭਜਨ ਹੁੰਦਾ ਹੈ। ਨਾਮ ਥੀ ਬਿਨਾਂ ਕੱਲਰ ਦੀ ਕੰਧ ਹੈ। ਨਿਤਾਪ੍ਰਤੀ ਗਿਰਦਾ ਰਹਿੰਦਾ ਹੈ। ਸਿੰਘ ਸਾਰੇ ਮੇਰੇ ਰੋਮ ਹਨ। ਜੇੜ੍ਹੇ ਭਜਨ ਕਰਨ ਵਾਲੇ ਹੈਂ ਸੋ ਜਗ ਥੀਂ ਨਿਆਰੇ ਕੀਤੇ ਹੈਨ। ਪਿਛਲਾ ਪਹਿਰ ਹੋਇਆ ਦੀਵਾਨ ਲੱਗਾ। ਸ਼ਹਿਰ ਕੇ ਸਿੰਘ ਸਭ ਆਇ ਦਰਸ਼ਨ ਕਰਦੇ ਹੈਂ। ਸੂਤਰ ਕੋ ਦੇਖਕੇ ਲੋਕ ਕਹਿੰਦੇ ਹੈਨ ਕੁਛ ਖ਼ਬਰ ਨਹੀਂ ਕੀ ਸੁਣਇ ਦੇਂਦੇ ਹੈਂ।

ਅਰਦਾਸਾ ਕਰਕੇ ਤੁਰੇ ਤਾਂ ਅੱਗੇ ਫ਼ਰੰਗੀ ਮਿਲਿਆ। ਕੈਹਣੇ ਲਗਾ ਵੈਲ ਬਾਬਾ ਰਾਮ ਸਿੰਘ ਏਹ ਤੁਮਾਰੇ ਸਿਖ ਹੈਂ, ਤੁਮ ਭਜਨ ਦੇਂਦੇ ਹੋ? ਸ੍ਰੀ ਸਤਿਗੁਰੂ ਜੀ ਬਚਨ ਕੀਤਾ ਹਜ਼ਰੋਂ ਵਾਲਿਆਂ ਕਾ ਹੁਕਮ ਹੈ ਭਜਨ ਦੇਣ ਕਾ, ਸੋ ਮੈਂ ਭਜਨ ਦੇਂਦਾ ਹਾਂ। ਸਿੰਘ ਭੀ ਗੁਰੂ ਬਾਲਕ ਸਿੰਘ ਜੀ ਦੇ ਹੈਂ। ਮੈਂ ਭੀ ਉਨ੍ਹਾਂ ਦਾ ਸਿੱਖ ਹਾਂ। ਮੇਲਾ ਕਰਕੇ ਨਾਲ ਹਨ, ਫੇਰ ਸਭ ਆਪੋ ਆਪਣੇ ਘਰੀਂ ਚਲੇ ਜਾਣਗੇ।

## ਵਸਾਖੀ ਸ੍ਰੀ ਅੰਮ੍ਰਿਤਸਰ-ਸੰਮਤ ੧੯੨੬ ਬਿ. (੧੮੬੯ ਈ.)

ਸ੍ਰੀ ਅਮ੍ਰਿਤਸਰ ਜੀ ਆਏ। ਸ਼ਹਿਰ ਕੇ ਲੋਕ ਦਰਸ਼ਨ ਨੂੰ ਆਉਂਦੇ ਹੈਂ। ਅੱਗੇ ਪਤਾਸਿਆਂ ਕੇ ਢੇਰ ਲਗ ਜਾਂਦੇ ਹੈਂ। ਦਰਸ਼ਨ ਕਰਿਆਂ ਸ਼ਾਤ ਆਇ ਜਾਂਦੀ ਹੈ। ਸਰਬ ਲੋਕ ਪ੍ਰਸੰਨ ਹੋਏ ਦਰਸ਼ਨ ਕਰਕੇ। ਦਰਸ਼ਨ ਕਰਦਿਆਂ ਨੇਤਰ ਮੁੜਦੇ ਨਹੀਂ। ਜਾਂ ਦਰਬਾਰ ਸੇ ਮੁੜੇ ਦਰਸ਼ਨ ਕਰਕੇ ਫ਼ਰੰਗੀ ਤੀਨ ਖੜੇ ਸੇ, ਸਿਪਾਹੀ ਭੇਜਿਆ ਕੇ ਗੁਰੂ ਜੀ ਕੋ ਸੱਦੋ। ਬਿੱਲੇ ਕਹਾ ਕਿਤਨੇ ਕੁ ਸਿੰਘ ਹੈਨ? ਬਚਨ ਹੋਇਆ ਗਿਣ ਲਵੋ। ਫੇਰ ਪੁਛਿਆ ਤੁਮਾਰੇ ਪੁੱਤਰ ਕਿਤਨੇ ਹੈਂ? ਬਚਨ ਹੋਇਆ

ਏਹ ਸਾਰੇ ਮੇਰੇ ਪੁੱਤਰ ਹੈਂ। ਫ਼ਰੰਗੀ ਨੇ ਕਹਾ ਕਿ ਤੁਸ ਕੋ ਕਿਸੀ ਨੇ ਹਾਸੀ ਮਖੌਲ ਤੋਂ ਨਹੀਂ ਕੀਆ ਹੈ? ਹਮ ਉਸਕਾ ਬੰਦੋਬਸਤ ਕਰਾਂਗੇ। ਫ਼ਰੰਗੀ ਨੇ ਕਹਾ ਕਿ ਕਲ ਕੋ ਬਾਰ੍ਹਾਂ ਬਜੇ ਬੰਗਲੇ ਆਉਣਾ। ਅਗਲੇ ਦਿਨ ਬਾਰਾਂ ਬਜੇ ਸਤਿਗੁਰੂ ਜੀ ਉਸ ਬਿੱਲੇ ਕੇ ਬੰਗਲੇ ਜਾਇ ਰਹੇ। ਬਿੱਲਾ ਆਪਣੇ ਬਾਲਕ ਕੋ ਕਹਿਣੇ ਲਗਾ ਤੁਮ ਗੁਰੂ ਜੀ ਕੇ ਚਰਨੀਂ ਹੱਥ ਲਾਵੋ, ਰਾਜੀ ਹੋ ਜਾਓਗੇ। ਬੀਮਾਰ ਸੀ ਉਸਕਾ ਬੇਟਾ। ਚਰਨੀਂ ਹੱਥ ਲੌਣ ਨਾਲ ਰਾਜੀ ਹੋ ਗਿਆ। ਫ਼ਰੰਗੀ ਪ੍ਰਸੰਨ ਹੋਇਕੇ ਬੋਲਿਆ ਗੁਰੂ ਜੀ ਜੋ ਆਪਕੋ ਤਕਲੀਫ ਦੇਵੇਗਾ ਹਾਸੀ ਕਰੇਗਾ ਹਮ ਕੋ ਦੱਸੋ। ਉਸਦਾ ਬੰਦੋਬਸਤ ਕਰਾਂਗਾ। ਗੁਰੂ ਜੀ ਬਚਨ ਕੀਤਾ ਹੋਰ ਤਾਂ ਠੀਕ ਹੈ ਪਰ ਪੁਜਾਰੀ ਸਾਡਾ ਅਰਦਾਸਾ ਨਹੀਂ ਕਰਦੇ।

ਅਗਲੇ ਦਿਨ ਫ਼ਰੰਗੀ ਗਿਆ ਅਕਾਲ ਬੁੰਗੇ। ਪੁਜਾਰੀਆਂ ਸੇ ਪੁੱਛਿਆ ਤੁਸੀਂ ਇਨਾਂ ਦਾ ਅਰਦਾਸਾ ਕਿਉਂ ਨਹੀਂ ਕਰਦੇ? ਪੁਜਾਰੀ ਬੋਲਿਆ ਇਨ੍ਹਾਂ ਦੀ ਪੱਗ ਡਿਗ ਪੈਂਦੀ ਹੈ। ਫ਼ਰੰਗੀ ਨੇ ਕਹਾ ਅੱਛਾ ਕਾਮ ਭੀ ਕੋਈ ਕਰਤੇ ਹੈਂ? ਪੁਜਾਰੀ ਨੇ ਕਹਾ ਕਿ ਹੋਰ ਤਾਂ ਸਭ ਗੱਲ ਅਛੀ ਹੈ, ਚੰਗੀ ਰੀਤੀ ਰੱਖਦੇ ਹੈਂ, ਨਾਮ ਦਾਨ ਇਸ਼ਨਾਨ ਕਰਦੇ ਹੈਂ। ਬਾਣੀ ਭੀ ਗੁਰੂ ਕੀ ਪੜਦੇ ਹੈਂ। ਮਾਸ ਸ਼ਰਾਬ ਬੀ ਨਹੀਂ ਖਾਂਦੇ ਹੈਂ। ਵੇਸਵਾ ਕੇ ਭੀ ਨਹੀਂ ਜਾਂਦੇ, ਬਾਜਾਰ ਦੀ ਪੱਕੀ ਭੀ ਨਹੀਂ ਖਾਂਦੇ ਹੈਂ। ਹੋਰ ਤਾ ਹਰ ਤਰ੍ਹਾਂ ਅੱਛੇ ਹੈਂ ਏਕ ਪੱਗ ਉਤਰ ਜਾਣੇਂ ਕਰਕੇ ਤਨਖਾਹੀਏ ਹੈਨ। ਫ਼ਰੰਗੀ ਨੇ ਕਹਾ ਕਿ ਤੁਮ ਮਾਸ ਸ਼ਰਾਬ ਖਾਤੇ ਹੋ? ਪੁਜਾਰੀ ਨੇ ਕਹਾ ਕਿ ਹਮ ਸਭ ਕਰਮ ਕਰਦੇ ਹੈ। ਮਾਸ ਭੀ ਖਾਂਦੇ ਹੈ ਤੇ ਵੇਸਵਾ ਕੇ ਭੀ ਜਾਂਦੇ ਹੈਂ। ਫ਼ਰੰਗੀ ਬੋਲਿਆ ਤੁਮ ਸਭ ਐਬ ਕਰਨੇ ਵਾਲੇ ਤਾਂ ਨਾ ਤਨਖਾਹੀਏ ਹੋਏ ਤੇ ਇਨ ਕੀ ਪੱਗ ਗਿਰ ਜਾਤੀ ਹੈ ਤੋ ਯੇ ਤਨਖਾਹੀਏ ਹੋਏ। ਬਾਰ ਬਾਰ ਫ਼ਰੰਗੀ ਨੇ ਕਹਾ ਕਿ ਤੁਮ ਪੰਜੇ ਐਬ ਕਰਨੇ ਵਾਲੇ ਨਾ ਤਨਖਾਹੀਏ ਹੋਏ। ਉਨਕੋ ਤਨਖਾਹੀਆ ਕਹਿੰਦੇ ਹੋ। ਤੁਮ ਕਿਆ ਗ੍ਰੰਥ ਸਾਹਿਬ ਪੜੇ ਹੈਂ, ਹਮ ਭੀ ਗ੍ਰੰਥ ਸਾਹਿਬ ਪੜੇ ਹੈਂ। ਏਹੀ ਗੁਰੂ ਨਾਨਕ ਹੈ ਏਹੀ ਗੁਰੂ ਗੋਬਿੰਦ ਸਿੰਘ ਹੈ। ਫ਼ਰੰਗੀ ਨੇ ਕਹਾ ਕਿ ਇਨਕਾ ਅਰਦਾਸਾ ਕਰੋ। ਜੇ ਨਾ ਕਰੋਗੇ ਤਾਂ ਹਮ ਤੁਮਕੋ ਪੀਟੇਂਗੇ। ਪੁਜਾਰੀਆਂ ਨੇ ਕਹਾ ਕਿ ਮਹੰਤ ਏਥੇ ਨਹੀਂ ਹੈ ਅਰਦਾਸਾ ਕਰਨ ਵਾਲਾ।

## ਕੋਈ ਉੱਤਰ ਨਾ ਫੁਰਿਆ

ਏਕ ਸਿੰਘ ਨੇ ਬੜੇ ਪ੍ਰੇਮ ਨਾਲ ਗੁਰੂ ਜੀ ਬਠਾਏ ਧਰਮਸਾਲਾ ਮੈ। ਅੱਠ ਕੁ ਨਿਹੰਗ ਭੀ ਬੈਠੇ ਥੇ। ਕਹਿਣੇ ਲਗੇ ਜੀ ਸਾਡੇ ਏਕ ਦੋ ਪ੍ਰਸ਼ਨ ਹੈਂ ਸੋ ਫੇਰ ਸਹੀ। ਹੁਕਮ ਹੋਇਆ ਕਿ ਹੁਣੇਂ ਪੁੱਛੋ। ਕਹਾ ਕਿ ਜੁਦਾ ਜਦਾ ਕਿਓਂ ਛਕਦੇ ਹੋ, ਇਕ ਜਗਾ ਕਿਓਂ ਨਹੀਂ ਛਕਾਉਂਦੇ ਹੋ ? ਗੁਰੂ ਜੀ ਕਹਾ ਕਿ ਛਕਣਾ ਏਨ੍ਹਾਂ ਦਾ ਜੁਦਾ ਜੁਦਾ ਹੀ ਰਹੇਗਾ। ਜੂਠ ਖਾਣੇਂ ਸੇ ਮਤ ਮਾਰੀ ਜਾਂਦੀ ਹੈ। ਜੁਦਾ ਜੁਦਾ ਛਕਣ ਵਾਲੇ ਤਾ ਸਵਾ ਪਹਿਰ ਰਾਤ ਸੇ ਇਸ਼ਨਾਨ ਕਰਦੇ ਹੈਂ। ਤੁਸੀਂ ਕਿਤਨੀ ਰਾਤ ਨਾਲ ਇਸ਼ਨਾਨ ਕਰਦੇ ਹੋ ? ਚੁਪ ਕਰ ਰਹੇ, ਕੋਈ ਉੱਤਰ ਨਾ ਫੁਰਿਆ।

## ਅਰਜ਼ਾਂ

ਏਕ ਸਿੰਘ ਨੇ ਅਰਜ਼ ਕੀਤੀ ਜੀ ਮੇਰਾ ਮਨ ਧਾਂਵਦਾ[1] ਰਹਿੰਦਾ ਹੈ। ਗੁਰੂ ਜੀ ਬਚਨ ਕੀਤਾ ਸੌ ਪਤਰਾ ਰੋਜ਼ ਸ੍ਰੀ ਗ੍ਰੰਥ ਸਾਹਿਬ ਕਾ ਪੜਿਆ ਕਰ ਤਾ ਆਪੇ ਹੀ ਮਨ ਖੜੋ ਜਾਏਗਾ।

ਏਕ ਸਿੰਘ ਨੇ ਅਰਜ਼ ਕੀਤੀ ਜੀ ਏਕ ਸਾਧ ਕਹਿੰਦਾ ਸੀ ਅਗੇ ਗੁਰੂਆਂ ਨੇ ਬਾਣੀ ਉਚਾਰੀ ਹੈ। ਜੇਕਰ ਗੁਰੂ ਹੈਨ ਤਾਂ ਏਨ੍ਹਾਂ ਨੂੰ ਭੀ ਬਾਣੀ ਉਚਾਰਨੀ ਚਾਹੀਏ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਏਸ ਗ੍ਰੰਥ ਸਾਹਿਬ ਮੈ ਜੇ ਕੁਝ ਲਿਖਣਾ ਸੀ ਸੋ ਪੂਰਾ ਪੂਰਾ ਲਿਖਕੇ ਰੱਖ ਦਿੱਤਾ ਹੈ। ਏਹੋ ਹੀ ਬਹੁਤ ਬਾਣੀ ਉਚਰੀ ਹੋਈ ਹੈ। ਏਹੋ ਹੀ ਨਹੀਂ ਪੜ ਹੁੰਦੀ ।

ਗੁਰੂ ਜੀ ਬਚਨ ਕੀਤਾ ਜਿਤਨੇ ਪੁਜਾਰੀ ਹੈਨ ਸਭ ਔਰੰਗੇ ਕੀ ਫ਼ੌਜ ਹੈ। ਸਿੰਘਾਂ ਕੇ ਹੱਥੋਂ ਚੜ੍ਹਨੇ ਕਰਕੇ ਏਨ੍ਹਾਂ ਨੂੰ ਸਿੰਘਾਂ ਕੇ ਚੋਲੇ ਮਿਲੇ ਹੈਂ ਤਦੇ ਕਲਾਮ ਯਾਦ ਔਂਦੀ ਹੈ। ਕਲਾਮ ਪੜਨੇ ਵਾਲੇ ਹੈਂ, ਤਦੇ ਕਲਾਮ ਕਹਿੰਦੇ ਹੈਂ। ਸੱਚੇ ਸ਼ਬਦ ਨੂੰ ਝੂਠਾ ਸਮਝਿਆ ਹੋਇਆ ਹੈ।

ਦੇਵੀਦਾਸ ਪੁਰੇ[2] ਵਾਲੇ ਸਿੰਘਾਂ ਨੇ ਸੰਕਲਪ ਕੀਤਾ ਜੇਕਰ ਅੰਤਰਯਾਮੀ ਹੈਨ ਤਾਂ ਸਾਨੂੰ ਆਪੇ ਹੀ ਦਰਸ਼ਨ ਦੇਣਗੇ। ਅਜੇ ਏਹ ਚਿਤਵਨਾਂ ਚਿਤਵਦੇ ਹੀ ਸੀ ਕਿ ਸ੍ਰੀ ਸਤਿਗੁਰੂ ਜੀ ਸਮੇਤ ਸੰਗਤ ਆਇ ਫਤੇ ਬੁਲਾਈ। ਉਸ ਗ੍ਰਾਮ ਕੇ ਲੋਕਾਂ ਕਾ ਪੂਰਾ ਨਿਸਚਾ ਸ੍ਰੀ ਸਤਿਗੁਰੂ ਜੀ ਪਰ ਹੋਇਆ। ਬਚਨ ਹੋਇਆ ਜੋ ਗੱਜ ਕੇ ਜੈਕਾਰਾ ਬੁਲਾਵੇਗਾ ਸੋ ਨਿਹਾਲ ਹੋਵੇਗਾ।

ਦੇਵੀਦਾਸ ਪੁਰੇ ਸੇ ਤੁਰੇ। ਜਾਂ ਸੜਕ ਪਰ ਆਏ ਤਾਂ ਇਕ ਮਾਈ ਨੇ ਸਿਆਣ ਲਏ ਕਿ ਉਹੀ ਗੁਰੂ ਹੈ, ਉਹੀ ਨਾਲ ਸਿੰਘ ਹੈਂ ਜਿਨ੍ਹਾਂ ਕੋ ਰੋਜ਼ ਕੈਂਹਦੀ ਹੁੰਦੀ ਸੀ ਦਰਸ਼ਨ ਕਰਨ ਕੋ । ਗੁਰੂ ਜੀ ਬਾਰ੍ਹਵਾਂ ਜਾਮਾ ਨਿਹਕਲੰਕ ਅਵਤਾਰ ਹੈਨ। ਦਰਸ਼ਨ ਕਰਕੇ ਪਿੰਡ ਦੇ ਲੋਕਾਂ ਅਰਜ਼ ਕੀਤੀ ਜੀ ਚਾਰ ਜਾਮ[3] ਏਥੇ ਬਿਸਰਾਮ ਕਰੋ, ਪਰ ਨਾ ਠਹਿਰੇ। ਜਾਇ ਰਹੇ ਚੁਗਾਵੇਂ।

## ਤੁਸੀਂ ਨਹੀਂ ਮੰਨਣਾ

ਖੁਸ਼ੀ ਸੇ ਰਾਤ ਕੋ ਬਚਨ ਕੀਤਾ ਬਾਬੇ ਦਰਬਾਰਾ ਸਿੰਘ ਕੋ ਕਿ ਮੈਨੂੰ ਫ਼ਰੰਗੀ ਜ਼ਰੂਰ ਹੱਥ ਪਾਵਣਗੇ। ਮੈਨੂੰ ਦੇਸਾਂ ਪ੍ਰਦੇਸਾਂ ਕੋ ਲੈ ਜਾਵਣਗੇ। ਮੈਨੂੰ ਮਰ ਗਿਆ ਲਿਖਣਗੇ ਪਰ ਤੁਸੀਂ ਨਹੀਂ ਮੰਨਣਾ ਕਿ ਮਰ ਗਿਆ ਹੈ। ਮੈਂ ਅਗਨੀ ਨਾਲ ਜਲਦਾ ਨਹੀਂ, ਪਾਣੀਂ ਵਿਚ ਡੁਬਦਾ ਨਹੀਂ ਪੌਣ ਨਾਲ ਉੱਡਦਾ ਨਹੀਂ। ਮੈਂ ਏਹ ਝੂਠੇ ਕਰਕੇ ਮਾਰਨੇ ਹਨ। ਤਦ ਆਵਾਂਗੇ ਜਦ ਸਾਰੀ ਪ੍ਰਿਥੀ ਨਿਰਾਸ ਹੋ ਜਾਵੇਗੀ। ਸਮਾਂ ਬਹੁਤ ਬੁਰਾ ਆਵੇਗਾ।

ਬਾਬੇ ਬ੍ਰਹਮਾ ਸਿੰਘ ਨੇ ਕਹਿਆ ਜੀ ਜੇ ਲੋਕ ਕੈਹਣ ਦੇਹ ਛੱਡ ਗਏ ਹੈਨ ? ਅੰਤਰਯਾਮੀ ਜੀ ਬਚਨ ਕੀਤਾ ਇਹ ਦੇਹ ਉਸ ਦਿਨ ਛੱਡਾਂਗਾ ਜਿਸ ਦਿਨ ਸਾਰੇ ਧਰਮ ਵਰਤੇਗਾ ਤੇ ਸਾਰੀ ਧਰਤੀ ਪਰ ਸੰਬਰ ਸੂਰੀ ਫਿਰੂਗੀ।

---

1 ਟਿੱਕ ਕੇ ਬੈਠਦਾ ਨਹੀਂ ।

2 ਅੰਮ੍ਰਿਤਸਰ।

3 ਪਹਿਰ।

ਉਥੋਂ ਤੁਰੇ, ਦਰਸ਼ਨ ਦੇਂਦੇ ਹਰਿਗੋਬਿੰਦ ਪੁਰੇ ਆਇ ਪੜਾਉ ਕੀਤਾ। ਸ਼ਬਦ ਕੀਰਤਨ ਕੀ ਅੰਮ੍ਰਿਤ ਰੂਪੀ ਬਾਰਸ਼ ਹੋਈ। ਸਿੰਘਾਂ ਵਿੱਚ ਸਤਿਗੁਰੂ ਜੀ ਸੁਭਾਇਮਾਨ ਹੈ। ਇਕ ਦੁਸ਼ਟ ਨਿੰਦਿਆ ਕਰਦਾ ਸੀ ਕਿ ਕੂਕੇ ਕਲਾਮ ਪੜ੍ਹਦੇ ਹੈਂ। ਸੋ ਇਕ ਸਿੰਘ ਨੇ ਉਸਕੋ ਐਸਾ ਕੁਟਿਆ ਅਗੇ ਕੋ ਨਿੰਦਾ ਕਰਨ ਜੋਗਾ ਨਾ ਛਡਿਆ। ਅਰਦਾਸਾ ਕਰਕੇ ਤੁਰੇ। ਨਾਮ ਦਾ ਛਾਂਦਾ ਦੇਂਦੇ ਆਏ। ਰਾਮਦਾਸਪੁਰੇ ਆਏ ਛੇਈਂ ਮਹੀਨੀਂ। ਸਿੰਘਾਂ ਨੇ ਸੀਸ ਨਿਵਾਏ, ਬੜੀ ਖੁਸ਼ੀ ਹੋਈ।

## ਸਤਿਜੁਗ ਵਰਤਾਇਆ ਹੈ

ਪਹਿਲੇ ਦੋ ਕੋਠੜੀਆਂ ਸੀਆਂ। ਤੇਰ੍ਹੇ ਚੌਦੇ ਮੇਂ ਉਧੇੜ ਕੇ ਸੁਫ਼ਾ ਬਧਾਇ ਪਾਇਆ। ਭਜਨ ਕਰਨੇ ਕੋ ਥੜਾ ਸਾਹਿਬ ਬਣਾਇਆ। ਜਾਂ ਹਰਿਮੰਦਰ ਉੱਚਾ ਹੋਇਆ ਇਕੀਏ ਸਾਲ ਮੈ, ਏਹ ਅੰਦਰ ਨੀਵਾਂ ਹੋਇ ਗਿਆ। ਹੁਕਮ ਹੋਇਆ ਕਿ ਹਰਿਮੰਦਰ ਕੇ ਬਰਾਬਰ ਕਰਕੇ ਛੱਤ ਪਾਓ। ਉਧੇੜ ਕੇ ਦੋ ਥਮਲੇ ਬਣਾਇਕੇ ਫੇਰ ਛਤਿਆ। ਉਤੇ ਚੁਬਾਰੇ ਮੇਂ ਪਾਠ ਹੁੰਦੇ ਸੇ। ਜਾਂ ਹਰਿਮੰਦਰ ਬਣਿਆ ਤਾਂ ਹਰਿਮੰਦਰ ਮੈ ਪਾਠ ਕਰਨੇ ਲਗੇ। ਗੁਰੂ ਜੀ ਜਾਂ ਪਾਠ ਕਰਦੇ ਹੈਂ ਮਾਨੋਂ ਮੋਤੀ ਮੁਖੋਂ ਕਿਰਦੇ ਹੈਂ। ਨਾਮ ਨੂੰ ਆਪੇ ਈ ਰਸਨਾ ਜਪਦੀ ਹੈ। ਦਰਿਆਇ ਕੇ ਪਰਵਾਰ ਵਾਂਗੂੰ ਪ੍ਰਵਾਹ ਪੈ ਗਿਆ ਹੈ ਜੈਸੇ ਗੰਗਾ ਧਾਰ ਸਮੁੰਦ੍ਰ ਮੇਂ ਚਲਦੀ ਮਾਲੂਮ ਹੁੰਦੀ ਹੈ। ਤਿਸੀ ਤਰ੍ਹਾਂ ਸੰਸਾਰ ਸਾਗਰ ਮੇਂ ਧਰਮ ਕੀ ਕਾਰ ਚਲਾਇ ਦਿੱਤੀ ਹੈ। ਕਲੂਕਾਲ ਮੈ ਧਰਮ ਲੜੀ ਚੱਲੀ ਹੈ। 'ਕਲਜੁਗ ਮੈਂ ਸਤਿਜੁਗ ਵਰਤਾਊਂ, ਤਬੀ ਬਾਰਵਾਂ ਬਪੁ ਕਹਾਊਂ।' ਸੋ ਸਤਿਜੁਗ ਸਤਿਗੁਰੂ ਜੀ ਵਰਤਾਇਆ ਹੈ। ਪਾਪ ਨਾ ਕੋਈ ਕਮਾਵੇਗਾ। ਜੇਕਰ ਪਾਪ ਕਰੇਗਾ ਤਾਂ ਸ਼ਹੀਦ ਉਸ ਨੂੰ ਮੁਸ਼ਕਾਂ ਦੇਣਗੇ ।

## ਰਹਾਉ

ਸਤਿਗੁਰੂ ਜੀ ਬਚਨ ਕੀਤਾ ਗੁਪਤ ਪਾਠ ਕਾ ਬੜਾ ਮਹਾਤਮ ਹੈ। ਜੈਸੇ ਥੋੜੀਆਂ ਕਣੀਆਂ ਹੋਵਣ, ਬੀ ਪਾਈਏ ਤਾਂ ਚੰਗਾ ਉਗਦਾ ਹੈ। ਬਹੁਤ ਮੀਂਹ ਤਾ ਬੀ ਰੋਹੜ ਕੇ ਲੈ ਜਾਂਦਾ ਹੈ ਜੰਮਦਾ ਨਹੀਂ ਹੈ। ਜਨੌਰ ਚੁਗ ਲੈਂਦੇ ਹੈਂ, ਹਰਾ ਨਹੀਂ ਹੁੰਦਾ ਹੈ। ਗੁਪਤ ਪਾਠ ਕਾ ਏਹ ਮਹਾਤਮ ਹੈ। ਸਤਿਗੁਰੂ ਜੀ ਬਚਨ ਕੀਤਾ 'ਇਕ ਰਹਾਉ' ਨਹੀਂ ਕਹਿਣਾ, ਖਾਲੀ 'ਰਹਾਉ' ਹੀ ਕਹਿਣਾ ਸ੍ਰੀ ਗ੍ਰੰਥ ਸਾਹਿਬ ਮੇਂ।

ਏਕ ਸਮੇਂ ਤਸੀਲਦਾਰ ਤੇ ਫ਼ਰੰਗੀ ਦੋਨੋਂ ਗੁਰੂ ਜੀ ਸੋ ਪੁਛਣੇਂ ਲਗੇ ਤੁਮਾਰੇ ਸੂਬਿਆਂ ਦਾ ਕੀ ਨਾਮ ਹੈ ਤੇ ਵਜੀਰ ਦਾ ਕੀ ਨਾਉ ਹੈ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਸਾਡੇ ਸੂਬੇ ਰਾਜਿਆਂ ਵਾਂਗੂੰ ਨਹੀਂ ਹੈਂ। ਸਾਡੇ ਕੋਲ ਕੋਈ ਰਾਜ ਨਹੀਂ ਹੈ। ਏਹ ਸੂਬੇ ਨਾਮ ਕੇ ਸੁਨਾਉਣੇ ਵਾਲੇ ਹਨ। ਨਾਮ ਦਾ ਹੀ ਰਾਜ ਹੈ। ਹੋਰ ਰਾਜੇ ਝੂਠੇ ਹੈਂ। ਨਾਮ ਕਾ ਰਾਜ ਸੱਚਾ ਹੈ।

## ਸਾਰੇ ਸੁਖ ਖਾਲਸੇ ਨੂੰ

ਸਤਿਗੁਰੂ ਜੀ ਪ੍ਰਸੰਨ ਹੋਕੇ ਏਕ ਦਿਨ ਬਚਨ ਕੀਤਾ ਜਿਤਨਾ ਹਰਿਮੰਦਰ ਹੈ ਇਤਨਾ ਭਰਤ ਪੁਆਵਾਂਗੇ, ਏਤਨਾ ਉੱਪਰ ਤਖ਼ਤ ਰਚਾਵਾਂਗੇ। ਉੱਪਰ ਉਸ ਤਖ਼ਤ ਦੇ ਅਦਾਲਤ ਹੋਵੇਗੀ । ਉਸ

ਸਮੇਂ ਛਤਰ ਦਾ ਦਰਸ਼ਨ ਹੋਵੇਗਾ। ਨੰਗਾ ਭੁੱਖਾ ਅਰਥੀਆ ਖਾਲੀ ਕੋਈ ਨਾ ਜਾਏਗਾ। ਮਾਇਆ ਇਕੱਠੀ ਕਰਕੇ ਦੇਸਾਂ ਮੇਂ ਲੰਗਰ ਲਾਇਕੇ ਘਿਓ ਕਾ ਕੜਾਹਾ ਭਰਕੇ ਧਰ ਦੇਵਾਂਗੇ। ਉਸ ਮੇਂ ਫੁਲਕਾ ਲੋਹ ਤੋਂ ਲਾਹ ਕੇ ਭਿਓਂ ਕੇ ਕੱਢਿਆ ਜਾਵੇਗਾ। ਤਸਮਈ[1] ਹੋਵੇਗੀ। ਘਿਓ ਬੂਰੇ ਅਰ ਮੇਵਿਆਂ ਦੀਆਂ ਤਹੀਆਂ ਦੇਕੇ ਤੇ ਕੜਾਹ ਪ੍ਰਸ਼ਾਦ ਦਾ ਬੁਕ ਭਰਕੇ ਉਨ੍ਹਾਂ ਫੁਲਕਿਆਂ ਪਰ ਪਾਵਾਂਗੇ। ਐਸਾ ਪ੍ਰਸ਼ਾਦ ਜਿਸ ਦਿਨ ਛਕਾਵਾਂਗੇ ਤਾਂ ਰਾਜੀ ਹੋਵਾਂਗੇ। ਸਾਰੇ ਸੁਖ ਖਾਲਸੇ ਨੂੰ ਭੁਗੌਣੇ ਹਨ। ਬਚਨ ਕੀਤਾ ਗੁਰੂ ਜੀ ਜੋ ਏਹ ਬਾਲੜੀਆਂ ਫ਼ੌਜਾਂ ਹੈਨ ਇਨ੍ਹਾਂ ਦੇ ਜੁਆਨ ਹੁੰਦਿਆਂ ਨੂੰ ਸਾਰੇ ਸੁਖ ਹੋ ਜਾਣਗੇ। ਸੁਖ ਤਾਂ ਏਨ੍ਹਾਂ ਨੇ ਹੀ ਪੌਣਾ ਹੈ।

ਅਕਾਲ ਅਕਾਲ ਹੋਵੇਗਾ ਝਾੜ ਬੂਟੇ ਨਾਲ। ਰਿੱਧੀਆਂ ਸਿੱਧੀਆ ਹਾਜ਼ਰ ਖੜ੍ਹੀਆਂ ਰਹਿਣ ਗੀਆਂ। ਸਿਘਾਂ ਦੇ ਘਰੀਂ ਲੱਛਮੀ ਨਿਵਾਸ ਕਰੇਗੀ। ਸੰਤ ਖਾਲਸੇ ਦੇ ਹੱਥੀਂ ਵਰਤੇਗੀ। ਜੇਹੜਾ ਗਫ਼ਾ ਸਾਨੂੰ ਮਿਲਿਆ ਹੈ ਸੋ ਧੁਆਨੂੰ ਵੰਡ ਛਕਿਆ ਹੈ। ਫੇਰ ਜੇਹੜਾ ਲਿਆਵਾਂਗੇ ਸੋ ਭੀ ਵਰਤਾਇਕੇ ਛਕਾਂਗੇ। ਬੜੇ ਸੁਖ ਦੇਵਾਂਗੇ। ਜੋ ਕੁਛ ਕਰਦੇ ਹੈਂ ਸਭ ਸੰਤ ਖਾਲਸੇ ਦੇ ਵਾਸਤੇ ਕਰਦੇ ਹੈਂ। ਐਸਾ ਸਮਾਂ ਆਵੇਗਾ ਬਾਰ੍ਹੀਂ ਕੌਹੀਂ ਦੀਵਾ ਬਲੇਗਾ। ਬਾਰ੍ਹੀਂ ਕੋਹੀਂ ਪੜਾਉ ਹੋਵੇਗਾ। ਏਕ ਜਗਾ ਲੰਗਰ ਹੋਵੇਗਾ। ਅਦਾਲਤ ਭੀ ਏਕ ਜਗ੍ਹਾ ਹੋਵੇਗੀ। ਐਸੀ ਸਜਾਇ ਦੇਵਾਂਗੇ ਸਾਰੀ ਪਿਰਥੀ ਪਰ ਪਾਪ ਹਟ ਜਾਏਗਾ। ਕਾਗਜ਼ ਨਾਲ ਲਿਖਕੇ ਅਦਾਲਤ ਨਹੀਂ ਕਰਨੀ। ਅੰਤਰਯਾਮਤਾ ਸੇ ਅਦਾਲਤ ਹੋਵੇਗੀ। ਏਕ ਕੋ ਸਜਾਇ ਦੇਵਾਂਗੇ, ਸਾਰੀ ਧਰਤੀ ਪਰ ਧਰਮ ਚਲ ਜਾਵੇਗਾ। ਜੇਹਲਖਾਨੇਂ ਨਹੀਂ ਰਹਿਣਗੇ। ਹੋਰ ਹੀ ਵਰਤਾਰਾ ਵਰਤੇਗਾ। ਪੰਜ ਅਦਾਲਤਾਂ ਕਰਾਂਗੇ। ਜੋ ਫੇਰ ਪਾਪ ਕਰੇਗਾ ਸੋ ਫੜਿਆ ਜਾਵੇਗਾ। ਮੁਸ਼ਕਾਂ ਆਇ ਜਾਣਗੀਆਂ। ਫੇਰ ਜੋ ਸਾਧ ਸੰਗਤ ਕੋਲ ਸੱਚ ਦੱਸੇਗਾ ਕਿ ਮੈਂ ਇਹ ਪਾਪ ਕੀਤਾ ਹੈ ਮੈਨੂੰ ਬਖਸ਼ੋ ਜਾਂ ਸੰਗਤ ਬਖਸ਼ੇਗੀ ਤਾਂ ਬਖਸ਼ਿਆ ਜਾਵੇਗਾ। ਗੁਪਤ ਫ਼ੌਜਾਂ ਫ਼ੜ ਲੈ ਆਵਣਗੀਆਂ। ਫੇਰ ਧਰਮ ਵਰਤੇਗਾ। ਜੈ ਜੈਕਾਰ ਜਗਤ ਵਿੱਚ ਹੋਵੇਗੀ। ਉਦੇ ਅਸਤ ਤਾਈਂ ਧਰਮ ਵਰਤਾਵਾਂਗੇ।

## ਹੌਲ਼ਾ ਹੋਇਕੇ ਚਲਾ ਗਿਆ

ਏਕ ਗ੍ਰੰਥੀ ਸੀ। ਏਕ ਸਿੰਘ ਕੀ ਲੜਕੀ ਨਾਲ ਉਸਨੇ ਸਪਰਸ਼ ਕੀਤਾ। ਹੁਕਮ ਹੋਇਆ ਮਾਰ ਪਵੇ। ਲੱਗੀ ਮਾਰ ਪੈਣ। ਹੌਲ਼ਾ ਹੋਇਕੇ ਚਲਾ ਗਿਆ। ਜਿਨ੍ਹਾਂ ਸਿੰਘਾਂ ਨੇ ਮਾਰ ਪੈਂਦੀ ਦੇਖੀ ਸੀ ਤਿਨ੍ਹਾਂ ਕੋ ਭੈ ਪੈ ਗਿਆ। ਡਰਦਾ ਮਾਰਾ ਕੋਈ ਉੱਚਾ ਸੁਆਸ ਨਹੀਂ ਲੈ ਸਕਦਾ ਹੈ। ਮਾੜੇ ਕਰਮਾਂ ਥੀਂ ਭੈ ਔਂਦਾ ਹੈ। ਕਿਸੇ ਦਾ ਅੰਗ ਨਾ ਸੀ ਫੁਰਦਾ । ਮਨ ਕੀ ਬਿਰਤੀ ਇਕਾਗਰ ਹੋਇ ਜਾਂਦੀ ਹੈ।

1 ਚੌਲ ਅਤੇ ਖੰਡ ਪਾ ਕੇ ਬਣਾਈ ਖੀਰ ।

# ਥਰਾਜਵਾਲੇ ਦੀ ਘਟਨਾ
# (ਫ਼ਰਵਰੀ ੧੮੬੯ ਈ.)

ਮੁਕਤਸਰੀਆਂ ਮੈ ਕੀਵੇਂ ਬੀਤੀ ਸੋ ਸੁਣੋ। ਥਰਾਜਵਾਲੇ ਸਮੁੰਦ ਸਿੰਘ ਤਿਸਕੋ ਚਮਤਕਾਰਾ ਹੋਇਆ[1]। ਜੋ ਕੋਈ ਕਰਮ ਕਰੇ ਉਸਨੂੰ ਦੱਸ ਦੇਣਾ ਤੈਨੇ ਫਲਾਨਾ ਕਰਮ ਕੀਤਾ ਹੈ। ਸੱਚ ਸੱਚ ਦੱਸ ਦੇਵੇ ਤਾਂ ਬਖ਼ਸ਼ ਦੇਣਾ ਜੇ ਨਾ ਸੱਚ ਦੱਸੋ ਤਾਂ ਅਗਨ ਲਗ ਜਾਣੀ। ਫੇਰ ਸੱਚ ਦੱਸੇ ਤਾਂ ਸ਼ਾਂਤ ਔਣੀ। ਸਿੰਘ ਉਸਨੂੰ ਮੰਨਣ ਲਗ ਪਏ ਕਿ ਏ ਬੀ ਕਲਾ ਪ੍ਰਗਟ ਹੋਈ ਹੈ। ਕਈਆਂ ਸਿੰਘਾਂ ਕੇ ਆਪਸ ਮੇਂ ਸੁਭਾਉ ਮਿਲੇ। ਦਿਨੋਂ ਦਿਨ ਸਿੰਘ ਵਧਦੇ ਜਾਂਦੇ ਹੈਂ।

ਆਪਸ ਮੇਂ ਖਾਲਸੇ ਨੇ ਸਲਾਹ ਕੀਤੀ ਦਸਵੇਂ ਪਾਤਸ਼ਾਹ ਜੀ ਕਾ ਬਚਨ ਹੈ- ਮਾਲਵੇ ਤੇ ਪਹਿਲੋ ਭੈ ਖਾਈ, ਪਾਛੈ ਸਭ ਦੇਸਨ ਤੇ ਜਾਈ[2]। ਤਾਂ ਤੇ ਮਾਲਵੇ ਸੇ ਭੈ ਦਿੱਤਾ ਚਾਹੀਏ। ਏਹੀ ਮੌਕਾ ਹੈ। ਤੁਰਕ ਨਿਰਭੈ ਹੋਕੇ ਗਊਆਂ ਕਾ ਬੁਰਾ ਕਰਦੇ ਹੈਂ। ਛਤਰੀ ਕੇ ਦੇਸ ਮੇਂ ਜੇਕਰ ਗਊ ਬੱਧ ਹੋਵੇ ਤਾਂ ਉਸ ਕੋ ਪ੍ਰਸ਼ਾਦ ਛਕਣਾ ਹਰਾਮ ਹੈ। ਦਸਵੇਂ ਪਾਤਸ਼ਾਹ ਜੀ ਸੋਢ ਬੰਸ ਖਾਲਸਾ ਪੈਦਾ ਕੀਤਾ ਹੈ। ਏਤਨੇ ਛਤਰੀ ਬਣਾਏ ਹਨ ਗਊ ਬੱਧ ਕਿਸੇ ਤੇ ਬੰਦ ਨਹੀਂ ਹੋਇਆ ਹੈ। ਹਟਣਾ ਤੇ ਕਿਤੇ ਰਿਹਾ ਸਗੋਂ ਜ਼ਿਆਦਾ ਗਊ ਬੱਧ ਹੁੰਦਾ ਹੈ। ਤਾਂ ਤੇ ਹੁਣ ਭਾਣੇ ਕਾ ਵੇਲਾ ਹੈ। ਸੀਸ ਦੇਓ ਜਿਸ ਦੇਣਾ ਹੈ। ਹੱਲਾ ਕਰਕੇ ਜਿੱਧਰ ਪਵੋ ਉਧਰ ਹੀ ਤੁਰਕਾਂ ਨੂੰ ਮਾਰ ਲਵੋ। ਤੁਰਕਾਂ ਕੀਆਂ ਸਫ਼ਾਂ ਉਠਾਇ ਦੇਵੋ। ਬਿੱਲਿਆਂ ਕੀ ਮਦਦ ਨਾਲ ਤੁਰਕ ਗਊਆਂ ਦਾ ਬੁਰਾ ਕਰਦੇ ਹੈਂ। ਨੰਦਨੋਂ ਆਇਕੇ ਏਨ੍ਹਾਂ ਨੇ ਬਚੜਖਾਨੇ ਲਾਏ ਹੈਂ। ਅੱਗੇ ਤੁਰਕ ਗਊ ਬੱਧ ਚੋਰੀ ਕਰਦੇ ਸੀ। ਬਿੱਲਿਆਂ ਦੇ ਕਹੇ ਤੇ ਸ਼ਹਰ ਮੇਂ ਬੁਚੜਖਾਨੇ ਲਾਏ ਹੈਂ ਹਿੰਦੂ ਕੇ ਦੇਸ ਮੈ।

ਦੋ ਢਾਈ ਸੈ ਸਿੰਘ ਘਰ ਛਡ ਕੇ ਤੁਰ ਪਏ। ਏਹੋ ਈ ਬੋਲਾ ਕਰਨ ਕਿ ਮਾਰ ਲਵੋ ਤੁਰਕਾਂ ਕੋ ਜੋ ਅੱਗੇ ਆਵੇ। ਸਮੁੰਦ ਸਿੰਘ ਜਿਵੇਂ ਕਹੇ ਤਿਵੇਂ ਸਿੰਘ ਕਰਨ। ਨਾਮ ਕੀ ਖ਼ੁਮਾਰੀ ਮੈ ਮਸਤ ਹੋਇਕੇ ਨਿਰਭੈ ਫਿਰਨੇ ਲਗੇ। ਸਰੀਰ ਕੀ ਭੀ ਸੁਧ ਨਾ ਰੱਖੀ। ਸਮੁੰਦ ਸਿੰਘ ਨੇ ਕਹਿਆ ਕਿ ਜਿਸ ਪਾਸ ਧਨੁ ਹੈ ਸੋ ਸਾਰਾ ਲੈ ਆਵੋ। ਗਹਿਣੇ ਭੀ ਨਾ ਰੱਖੋ। ਸਿੰਘਣੀਆਂ ਦੇ ਸਿੰਘਾਂ ਨੇ ਗਹਿਣੇ ਲਾਹ ਕੇ ਦੇ ਦੀਏ। ਸਮੁੰਦ ਸਿੰਘ ਨੇ ਕਹਾ ਜੋ ਧੁਆਡੇ ਘਰੀਂ ਧਨ ਦਬਿਆ ਹੋਇਆ ਹੈ ਸੋ ਭੀ ਦਿਓ। ਸਭ ਸਿੰਘ ਮੁਕਰ ਗਏ ਕਿ ਸਾਡੇ ਘਰਾਂ ਮੈ ਨਹੀਂ ਹੈ ਦਬਿਆ ਹੋਇਆ। ਸਮੁੰਦ ਸਿਘ ਨੇ ਕਹਾ ਤੁਸੀਂ ਕਹਿੰਦੇ ਹੋ ਸਾਡੇ ਘਰ ਕੋਈ ਧਨ ਨਹੀਂ ਦਬਿਆ ਹੋਇਆ। ਜੇਕਰ ਅਸੀਂ ਕਢ ਲਈਏ ਤਾ ਧੁਆਡਾ ਦਾਵਾ ਨਾ ਰਿਹਾ। ਤਾਂ ਸਮੁੰਦ ਸਿੰਘ ਦੌਰਾ ਕਰਨ ਚੜ੍ਹਿਆ। ਇਸ

---

1 ਉਰਫ਼ ਮਸਤਾਨ ਸਿੰਘ। ਸਰਕਾਰੀ ਰਿਕਾਰਡਾਂ ਵਿੱਚ ਨਾਂ ਮਸਤਾਨ ਸਿੰਘ ਹੀ ਲਿਖਿਆ ਮਿਲਦਾ ਹੈ। ਦੇਖੋ ਗੁਰੂ ਰਾਮ ਸਿੰਘ ਐਂਡ ਦੀ ਕੂਕਾ ਸਿੱਖਜ਼-ਹਿੱਸਾ ੧, ਪੰਨਾ ੧੦੭-੧੧੦ ਅਤੇ ਹੋਮ ਡਿਪਾਰਟਮੈਂਟ ਜੁਡੀਸ਼ੀਅਲ ਪ੍ਰੋਸੀਡਿੰਗ-ਅਗਸਤ ੧੮੭੨, ਨੰ. ੨੭੩-੨੮੪, ਪੰਨਾ ੨੪੬੭੬੮। ਸੂਬਾ ਮਲੂਕ ਸਿੰਘ ਫੂਲੇਵਾਲ ਨੇ ੨੩ ਅਪ੍ਰੈਲ ੧੮੭੨ ਨੂੰ ਜੇ. ਡਬਲੂ, ਮੈਕਨਾਬ ਨੂੰ ਦਿੱਤੇ ਆਪਣੇ ਬਿਆਨ ਵਿੱਚ ਸਮੁੰਦ ਸਿੰਘ' ਨਾਮ ਹੀ ਲਿਆ ਸੀ। -ਹੋਮ ਜੁਡੀਸ਼ੀਅਲ ਪ੍ਰੋਸੀਡਿੰਗ, ਅਗਸਤ ੧੮੭੨, ਪੰਨਾ ੨੪੩੪,

2 ਸੌ ਸਾਖੀ।

ਦੌਰੇ ਵਿਚ ਉਸ ਨੇ ਅੱਠਾਂ ਨੌਵਾਂ ਘਰਾਂ ਕਾ ਧਨ ਕਢਾਇਆ। ਘਰ ਮੇਂ ਵੜਕੇ ਜਿੱਥੇ ਧਨ ਹੋਵੇ ਉੱਥੇ ਪੈਰ ਲਾਇ ਦੇਣਾ। ਜਾਂ ਪੁੱਟਣ ਤਾਂ ਧਨ ਨਿਕਲ ਆਵੇ। ਧਨ ਇੱਕਠਾ ਕਰੀ ਗਏ। ਚਾਂਦੀ ਦਸ ਮਣ ਕੇ ਕਰੀਬ ਹੋਇ ਗਈ। ਦੋ ਢਾਈ ਸੌ ਸਿੰਘ ਨਿਰ ਇੱਛਤ ਹੋਇ ਗਏ। ਮਾਰ ਲਵੋ ਮਾਰ ਲਵੋ ਏਹੀ ਬੋਲਾ ਰਾਤ ਦਿਨੇ ਬੋਲਦੇ ਹੈਂ। ਕਹਿੰਦੇ ਹੈਂ ਅਰਦਾਸਾ ਕਰਕੇ ਜਿੱਧਰ ਪੰਜ ਸਿੰਘ ਏਕਾ ਕਰਕੇ ਪੈਣ ਉਧਰੇ ਹੀ ਜੈ ਹੁੰਦੀ ਜਾਂਦੀ ਹੈ ਤੇ ਤੁਸੀਂ ਏਤਨਾ ਪੰਥ ਹੋ। ਜਿੱਧਰ ਪਵੋਗੇ ਜੈ ਹੁੰਦੀ ਜਾਵੇਗੀ। ਜੋ ਜੋ ਪ੍ਰਾਣੀ ਗਊ ਬੱਧ ਕਰਨ ਵਾਲੇ ਤੇ ਧਰਮ ਕੀ ਹਾਨੀ ਕਰਨ ਵਾਲੇ ਹੈਂ ਤਿਨ੍ਹਾਂ ਕੋ ਮਾਰ ਲਵੋ। ਐਸਾ ਮਤਾ ਕਰਕੇ ਭਰੇ ਭਰਾਏ ਘਰ ਛੱਡਕੇ ਸਭ ਤੁਰ ਪਏ। ਸਿੰਘ ਸਿੰਘਣੀਆਂ ਨਿੱਕਾ ਵੱਡਾ ਪਾਂਚ ਕੁ ਸੌ ਦਾ ਇਕੱਠ ਹੋਇਆ।

ਰੁਪਾਣਿਓਂ ਕੁਰਾਈਵਾਲੇ ਆਏ। ਲੋਕ ਕਹਿੰਦੇ ਹੈਂ ਕੂਕੇ ਕਮਲੇ ਹੋ ਗਏ ਹਨ। ਖੁਲ੍ਹੇ ਦਰਵਾਜੇ ਛੱਡਕੇ ਘਰਾਂ ਕੇ ਨੱਸ ਜਾਂਦੇ ਹੈਂ। ਏਨ੍ਹਾਂ ਨੂੰ ਕੀ ਹੋ ਗਿਆ ਹੈ ? ਥਾਨੇਦਾਰ ਨੇ ਸੁਣਿਆ ਕੂਕੇ ਭਰੇ ਭਰਾਏ ਘਰ ਛੱਡਕੇ ਇਕੱਤਰ ਹੋਏ ਹਨ। ਮਾਰੋ ਮਾਰ ਕਰਦੇ ਹੈਂ। ਜਿੱਧਰ ਪੈਣਗੇ ਓਧਰ ਹੀ ਦੰਗਾ ਕਰਨਗੇ। ਗ਼ਦਰ ਮਚਾਇ ਦੇਣਗੇ। ਨਿਰਭੈ ਹੈਂ, ਮਰਨੋਂ ਮਾਰਨੋਂ ਨਹੀਂ ਡਰਦੇ। ਬਹੁਤੇ ਇਕੱਠੇ ਹੋਇਕੇ ਜਾਣਗੇ। ਤਾਂ ਤੇ ਹੁਣੇ ਈ ਕੋਈ ਬੰਦੋਬਸਤ ਕਰਨਾ ਚਾਹੀਏ। ਫੇਰ ਕੋਈ ਜਤਨ ਨਹੀਂ ਹੋਵੇਗਾ। ਥਾਨੇਦਾਰ ਸਪਾਹੀ ਲੈਕੇ ਆਇਆ ਸਿੰਘਾਂ ਦੇ ਕੋਲ[1]। ਗਾਲ੍ਹਾਂ ਕੱਢਣ ਲੱਗਾ ਤੇ ਕਹਿਣ ਲੱਗਾ ਤੁਸੀਂ ਭੀ ਤਾਂ ਮੁਸਲਮਾਨ ਹੋ, ਮੁਸਲਮਾਨੀ ਕਲਾਮ ਪੜ੍ਹਦੇ ਹੋ। ਸਿੰਘਾਂ ਨੇ ਥਾਨੇਦਾਰ ਨੂੰ ਫੜ ਲਿਆ ਕਿ ਪਹਿਲੇ ਏਸ ਨੂੰ ਹੀ ਸੋਧ ਲਵੋ[2]। ਗੁੱਝੀ ਮਾਰ ਮਾਰੀ ਤੇ ਤਲਵਾਰ ਖੋਹ ਲਈ। ਥਾਨੇਦਾਰ ਕਿਸੇ ਦੇ ਘਰ ਜਾਕੇ ਲੁਕਿਆ ਡਰਦਾ ਮਾਰਿਆ। ਤੇੜ ਘਗਰੀ ਪਾਇਕੇ ਨਿਕਲਿਆ ਜਾਨ ਬਚਾਇਕੇ।

ਫ਼ਰੰਗੀ ਨੂੰ ਖ਼ਬਰ ਹੋਈ। ਗਾਰਦ ਨਾਲ ਲੈਕੇ ਆਇਆ। ਕਹਾ ਕਿ ਅਬ ਲੜਾਈ ਕਰੋ ਦੇਖੀਏ ਧੁਆਡੀ ਲੜਾਈ। ਮੁਕਬਰ ਨੇ ਕਹਿਆ ਕਈ ਸਿੰਘ ਭਜ ਗਏ ਹੈਨ। ਫ਼ਰੰਗੀ ਨੇ ਕਹਾ ਕਿ ਕੁਝ ਪ੍ਰਵਾਹ ਨਹੀਂ, ਨੱਸ ਜਾਣ ਦਿਓ। ਸੰਤਾਲੀ ਸਿੰਘ ਰਹੇ ਸੋ ਫੜ ਲਏ[3]। ਪਹਿਰੇ ਮੈ ਕਰ ਦੀਏ। ਪੁਲਿਸ ਵਾਲੇ ਫ਼ਰੰਗੀ ਨੇ ਹੁਕਮ ਉਡਾਉਣ ਕਾ ਦਿੱਤਾ[4]। ਏਤਨੇ ਮੇਂ ਫ਼ਰੰਗੀ ਜ਼ਿਲ੍ਹੇ ਵਾਲਾ ਆਇ ਗਿਆ[5]। ਕਹਿਣ ਲੱਗਾ ਤੁਮ ਇਨਕੋ ਉਡਾਓ ਹਮ ਤੁਮਕੋ ਉਡਾਵਾਂਗੇ। ਜੰਜੈਲ ਮੈ ਦਾਰੂ ਸਿੱਕਾ ਪਾਇ ਲਿਆ ਹੈ। ਕਹਿਣ ਲੱਗਾ ਐ ਪਾਗਲ ਜੇ ਤੂੰ ਏਨ੍ਹਾਂ ਨੂੰ ਉਡਾਵੇਂਗਾ ਤਾ ਚੌਦੇ ਵਾਲਾ ਗ਼ਦਰ ਮਚ ਜਾਏਗਾ। ਸਭ ਸਿੰਘ ਵਿਗੜ ਜਾਣਗੇ। ਇਤਨਾ ਕਹਿਕੇ ਸਿੰਘਾਂ ਨੂੰ ਗਰਿਫ਼ਤਾਰ ਕਰਕੇ ਲੈ ਗਏ ਮੁਕਤਸਰ ਮੈਂ। ਉਸ ਵਕਤ ਲੋਕ ਆਖਣ ਏਨ੍ਹਾਂ ਨੂੰ ਉਡਾਇ ਦੇਣਗੇ। ਜਿਨ੍ਹਾਂ ਨੂੰ ਥਾਨੇਦਾਰ ਨੇ ਕਹਾ ਕਿ ਏਨ੍ਹਾਂ ਮਾਰਿਆ ਸੀ ਉਨ੍ਹਾਂ ਨੂੰ ਤਾਂ ਬੇੜੀਆਂ ਪਾਈਆਂ, ਬਾਕੀ ਦਿਆਂ ਨੂੰ

1 ਡਿਪਟੀ ਇੰਸਪੈਕਟਰ ਦੀਵਾਨ ਬਖ਼ਸ਼।

2 ਬਲੀ ਸਿੰਘ ਪਿੰਡ ਥਰਾਜਵਾਲਾ ਅਤੇ ਮੰਨਾ ਸਿੰਘ ਪਿੰਡ ਚੁਨੂੰ, ਜ਼ਿਲਾ ਸਿਰਸਾ

3 ਚੁਤਾਲੀ ਸਿੰਘ ਪਕੜੇ ਗਏ ਸਨ। ਦੇਖੋ ਹੋਮ ਜੁਡੀਸ਼ੀਅਲ ਪ੍ਰੋਸੀਡਿੰਗ-ਅਗਸਤ ੧੮੭੨, ਨੰ. ੨੭੩-੨੮੪ ਪੰਨਾ ੨੪੬੮, ਅਤੇ ਗੁਰੂ ਰਾਮ ਸਿੰਘ ਐਂਡ ਦੀ ਕੂਕਾ ਸਿੱਖਜ਼- ਹਿੱਸਾ ੧, ਪੰਨਾ ੧੧੧,

4 ਡਿਸਟ੍ਰਿਕਟ ਸੁਪਰਡੈਂਟ ਪੁਲਿਸ ਮਿ. ਟਾਰਟਨ ਸਮਿੱਥ

5 ਅਸਿਸਟੈਂਟ ਕਮਿਸ਼ਨਰ ਮਿ. ਵਾਕਫੀਲਡ

ਕਹਿਆ ਕਿ ਤੁਮ ਘਰ ਛੱਡ ਛੱਡ ਕੇ ਨਾ ਫਿਰੋ। ਘਰੀਂ ਜਾਇਕੇ ਖੇਤੀਆਂ ਕਰੋ ਤੇ ਖਾਵੋ, ਵੇਹਲੇ ਨਾ ਫਿਰੋ। ਸਿੰਘ ਆਪੋ ਆਪਣੀਂ ਘਰੀਂ ਜਾਇ ਵੜੇ ਤੇ ਫ਼ਰੰਗੀ ਥਾਨੇਦਾਰ ਕੋ ਕਹੇ ਕਿ ਤੁਮ ਸਜ਼ਾ ਕੀ ਲਾਇਕ ਹੋ। ਸਮੁੰਦ ਸਿੰਘ ਨੂੰ ਦੋ ਵਰ੍ਹੇ ਕੀ ਕੈਦ ਕੀਤੀ। ਬਚਿੱਤਰ ਸਿੰਘ ਕੋ ਛੇ ਮਹੀਨੇ ਕੀ ਕੈਦ ਹੋਈ। ਅਨੋਖ ਸਿੰਘ[1] ਕੋ ਤੇ ਹਰਨਾਮ ਸਿੰਘ ਕੋ ਵਰ੍ਹੇ ਵਰ੍ਹੇ ਕੀ ਕੈਦ ਕੀਤੀ ਤੇ ਦਸ ਰੁਪਏ ਜੁਰਮਾਨਾ ਕੀਤਾ। ਚੁਪ ਚਾਪ ਹੋਇ ਗਈ। ਸਿੰਘ ਆਪੋ ਆਪਣੀ ਘਰੀ ਜਾਇਕੇ ਖੇਤੀਆਂ ਕਰਨੇ ਲਗੇ[2]।

ਫੇਰ ਰਿਖੀ ਸਿੰਘ ਸੁਆਂਗਾਂ[3] ਦਾ ਥਾ ਤਿਸ ਵਿੱਚ ਚਮਤਕਾਰਾ ਹੋਣ ਲੱਗਾ। ਫੇਰ ਓਵੇਂ ਹੀ ਸਿੰਘ ਮਸਤ ਹੋਇਕੇ ਫਿਰਨ ਲਗ ਪਏ। ਸਿੰਘਾਂ ਨੂੰ ਏਹੋ ਫੁਰਨਾ ਹੋਵੇ ਜੋ ਹੁਣੇ ਈ ਭਾਣਾ ਵਰਤਾਵਣਾ ਹੈ, ਦੇਰ ਨਾ ਕਰੋ। ਮਾਰ ਲੇਵੋ ਵੇਲਾ ਏਹੀ ਹੈ। ਪਰਮੇਸਰ ਜੀ ਕਾ ਕੰਮ ਧੀਰਜ ਕਾ ਹੈ। ਜੀਅ ਕਾਲ੍ਹੀਆਂ ਕਰਦੇ ਹੈਂ। ਫੇਰ ਰਿਖੀ ਸਿੰਘ ਕਾ ਸਭ ਹੁਕਮ ਮਨਣੇਂ ਲਗੇ। ਜੀਵੇਂ ਕਹੇ ਤਿਵੇਂ ਕਰਨ ਲਗੇ।

ਸ੍ਰੀ ਸਤਿਗੁਰੂ ਜੀ ਜਾਂ ਮਾਨਾਂਵਾਲਾ ਕਾ ਹੋਲਾ ਕਰਕੇ ਆਏ ਤਾਂ ਸਿੰਘਾਂ ਨੇ ਖ਼ਬਰ ਦਿੱਤੀ ਸ੍ਰੀ ਮੁਕਤਸਰੀਏ ਫੇਰ ਕਮਲਾ ਸੁਭਾਓ ਵਰਤਨ ਲੱਗ ਪਏ ਹਨ। ਰਿਖੀ ਸਿੰਘ ਕਾ ਹੁਕਮ ਮੰਨਣ ਲੱਗ ਪਏ ਹੈਂ। ਸ੍ਰੀ ਸਤਿਗੁਰੂ ਜੀ ਤਿਨ ਸੂਬੇ ਭੇਜੇ। ਬਾਬਾ ਜਵਾਹਰ ਸਿੰਘ ਬਾਬਾ ਲੱਖਾ ਸਿੰਘ ਬਾਬਾ ਗਿਆਨਾ ਸਿੰਘ ਸੁਆਂਗੀਂ[4] ਗਏ। ਰਿਖੀ ਸਿੰਘ ਕੋ ਕੁੱਟਿਆ ਨਾਲੇ ਜੋ ਹੋਰ ਹਾਜ਼ਰ ਸੇ ਉਨ੍ਹਾਂ ਕੋ ਭੀ ਕੁੱਟਿਆ। ਕੁਝ ਧਨ ਵੰਡ ਦਿੱਤਾ ਜਿਨ੍ਹਾਂ ਜਿਨ੍ਹਾਂ ਦਾ ਸੀ। ਫੇਰ ਰਿਖੀ ਸਿੰਘ ਕੋ ਫੜਕੇ ਲੈ ਆਏ ਰਾਮਦਾਸਪੁਰੇ ਮੈ। ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਕਹਿਣੇ ਲਗੇ ਜੀ ਦੋ ਦੋ ਧਫ਼ੇ ਮਾਰੇ ਸੀ ਸੋ ਭੀ ਨਾ ਝਲੇ। ਮਿਨਤਾਂ ਕਰਨ ਲਗ ਪਏ ਸੇ। ਗੁਰੂ ਜੀ ਬਚਨ ਕੀਤਾ ਏਹ ਕੇਹੜੀ ਕਲਾ ਹੈ ਅਸੀਂ ਭੀ ਦੇਖੀਏ ਨਾਲੇ ਅਸੀਂ ਸਹੀ ਪਾਇ ਦੇਵਾਂਗੇ। ਜੇਹੜੀ ਕਲਾ ਤੁਹਾਡੇ ਵਿੱਚ ਹੈ ਸੋ ਦਿਖਾਲੋ। ਕਿਧਰੇ ਸਾਡੀ ਕੰਧ ਦਾ ਲੇਉੜ ਤਾ ਨਹੀਂ ਸੀ ਜੇੜ੍ਹਾ ਲਾਹ ਕੇ ਲੈ ਗਏ ਹੋ। ਰਿਖੀ ਸਿਘ ਹੋਰਾਂ ਕਹਿਆ ਜੀ ਸਾਨੂੰ ਸੂਬਿਆਂ ਨੇ ਬਹੁਤ ਮਾਰਿਆ ਹੈ, ਅਸਾਂ ਹੱਥ ਨਹੀਂ ਉਠਾਇਆ ਹੈ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਲੱਖਾ ਸਿੰਘ ਤੈਨੂੰ ਲਿਆਵਣ ਨੂੰ ਕਹਿਆ ਸੀ, ਮਾਰਨ ਕੋ ਤਾਂ ਨਾ ਸੀ

---

1 ਛੱਡ ਦਿੱਤਾ ਗਿਆ ਸੀ।

2 ਫ਼ਿਰੋਜ਼ਪੁਰ ਦੇ ਡਿਪਟੀ ਕਮਿਸ਼ਨਰ ਮਿ. ਨੋਕਸ ਨੇ ਪਕੜੇ ਗਏ ਚੁਤਾਲੀ ਸਿੰਘਾਂ ਚੋਂ ਅਠੱਤੀ ਸਿੰਘਾਂ ਨੂੰ ਚੇਤਾਵਨੀ ਦੇ ਕੇ ਛੱਡ ਦਿੱਤਾ ਸੀ। ਬਾਕੀ ਬਚੇ ਛੇ ਕੂਕੇ ਸਿੰਘਾਂ ਨੂੰ ਹੇਠ ਲਿਖੀਆਂ ਸਜ਼ਾਵਾਂ ਦਿੱਤੀਆਂ ਗਈਆਂ

(ੳ) ਬਲੀ ਸਿੰਘ ਪਿੰਡ ਥਰਾਜਵਾਲਾ - ਦਸ ਰੁਪਏ ਜੁਰਮਾਨਾ ਜਾਂ ਨਾ ਭਰਨ ਤੇ ਤਿੰਨ ਮਹੀਨੇ ਦੀ ਸਧਾਰਨ ਕੈਦ

(ਅ) ਸਰਮੁਖ ਸਿੰਘ ਪਿੰਡ ਭੋਲੀਵਾਲਾ - ਦਸ ਰੁਪਏ ਜੁਰਮਾਨਾ ਜਾਂ ਨਾ ਭਰਨ ਤੇ ਤਿੰਨ ਮਹੀਨੇ ਦੀ ਸਧਾਰਨ ਕੈਦ।

(ੲ) ਬਚਿਤ੍ਰ ਸਿੰਘ ਪਿੰਡ ਕੁਰਾਈਵਾਲਾ - ਛੇ ਮਹੀਨੇ ਦੀ ਕੈਦ

(ਸ) ਹਰਨਾਮ ਸਿੰਘ ਪਿੰਡ ਉਲਕ- ਅਠਾਰਾਂ ਮਹੀਨੇ ਦੀ ਸਖ਼ਤ ਕੈਦ ਅਤੇ ਪੰਜਾਹ ਰੁਪਏ ਜੁਰਮਾਨਾ ਜਾਂ ਛੇ ਮਹੀਨੇ ਹੋਰ ਕੈਦ।

(ਹ) ਮੰਨਾ ਸਿੰਘ ਪਿੰਡ ਚੁਨੈ- ਇਕ ਸਾਲ ਦੀ ਸਖ਼ਤ ਕੈਦ ਅਤੇ ਪੱਚੀ ਰੁਪਏ ਜੁਰਮਾਨਾ ਜਾਂ ਤਿਨ ਮਹੀਨੇ ਦੀ ਹੋਰ ਕੈਦ।

(ਕ) ਮਸਤਾਨ ਸਿੰਘ (ਸਮੁੰਦ ਸਿੰਘ) ਥਰਾਜਵਾਲਾ - ਇਕ ਸਾਲ ਦੀ ਸਖ਼ਤ ਕੈਦ ਅਤੇ ਪੱਚੀ ਰੁਪਏ ਜੁਰਮਾਨਾ ਜਾਂ ਤਿਨ ਮਹੀਨੇ ਦੀ ਹੋਰ ਕੈਦ

3 ਜ਼ਿਲ੍ਹਾ ਮੁਕਤਸਰ ਦਾ ਪਿੰਡ ਸਮਾਘ ।

4 ਪੂਰਾ ਨਾਂ ਗਿਆਨੀ ਰਤਨ ਸਿੰਘ-ਗੁਰੂ ਰਾਮ ਸਿੰਘ ਐਂਡ ਦੀ ਕੂਕਾ ਸਿੱਖਜ਼, ਹਿੱਸਾ-੧, ਪੰਨਾ ੧੦੮-੧੧੧, ਅਤੇ ਹੋਮ ਜੁਡੀਸ਼ੀਅਲ ਪ੍ਰੋਸੀਡਿੰਗ, ਅਗਸਤ ੧੮੭੨, ਪੰਨਾ ੨੪੬੮-੬੯.

ਕਹਿਆ। ਤੈਂ ਕਿਓਂ ਏਨ੍ਹਾਂ ਨੂੰ ਮਾਰਿਆ ਹੈ ? ਤੁਸੀਂ ਸਭ ਮਨ ਹੱਠ ਕਮਾਂਵਦੇ ਹੋ। ਮੇਰਾ ਕਹਿਣਾ ਨਹੀਂ ਮਨਦੇ ਹੋ। ਮਨ ਦੇ ਚਾਲੇ ਪਰ ਚਲਦੇ ਹੋ। ਉਨ੍ਹਾਂ ਕਿਹਾ ਜੀ ਸਾਡੇ ਕੁਝ ਵਸ ਨਹੀਂ। ਜੀਵੇਂ ਤੁਸੀਂ ਚਲਾਉਂਦੇ ਹੋ ਤਿਵੇਂ ਚਲਦੇ ਹਾਂ। ਜੋ ਖੇਡ ਕਰਾਈ ਹੈ ਸੋਈ ਕੀਤੀ ਹੈ। ਅਸੀਂ ਜੀਵ ਭੁਲਣਹਾਰੇ ਹੈਂ ਅਜਾਣ । ਤੂੰ ਸਾਹਿਬ ਸੁਜਾਣ ਹੈਂ। ਜੋ ਖੇਲ ਤੁਸਾਂ ਸਾਥੋਂ ਕਰਾਇਆ ਹੈ ਸੋ ਅਸਾਂ ਕੀਤਾ ਹੈ ਯਾ ਨਾਮ ਨੇ ਕੀਤਾ ਹੈ। ਅਸੀਂ ਕੌਣ ਜੀਵ ਹਾਂ ਕਰਨ ਵਾਲੇ। ਅਸਾਂ ਆਪ ਨਹੀਂ ਕੀਤਾ ਹੈ। ਗੁਰੂ ਜੀ ਬਚਨ ਕੀਤਾ ਤੂੰ ਤਾ ਏਨ੍ਹਾਂ ਨੂੰ ਕੈਦ ਕਰਾਉਂਦਾ ਸੀ, ਏਨ੍ਹਾਂ ਦੇ ਚਰਨ ਧੋਇਕੇ ਪੀਤੇ ਚਾਹੀਏ। ਸਾਰਿਆਂ ਸਿੰਘਾਂ ਕੋ ਪਿਆਰ ਦਿੱਤਾ, ਆਦਰ ਕੇ ਬਚਨ ਕੀਤੇ। ਮਲਵਈਆਂ ਨੇ ਕਹਾ ਜੀ ਨਾਮ ਕੀ ਕਾਰ ਸੀ ਸਾਰੀ। ਹੁਣ ਅਸੀਂ ਨਾ ਕਰਾਂਗੇ। ਗੁਰੂ ਜੀ ਬਚਨ ਕੀਤਾ ਘਰੀਂ ਜਾਇਕੇ ਖੇਤੀਆਂ ਕਰੋ ਤੇ ਫਿਰੋ ਨਾ। ਸਿੰਘ-ਸਿੰਘਣੀਆਂ ਨੇ ਭੂਰਿਆਂ ਕੇ ਬਸਤਰ ਪਾਏ ਹੋਏ ਸੀ।

ਫੇਰ ਮੁਕਤਸਰੀਏ ਗੁਰਦਵਾਰੇ (ਰਾਮਦਾਸ ਪੁਰੇ) ਹੀ ਰਹਿਣ ਲੱਗੇ। ਝੁੱਗੀਆਂ ਪਾਇ ਲਈਆਂ। ਮਿੱਟੀ ਕੱਢ ਕੱਢ ਕੇ ਮੰਦਰ ਉਸਾਰੇ। ਜੇੜ੍ਹਾ ਟੋਆ ਹੋਇ ਗਿਆ ਸੀ ਤਬੇਲੇ ਵਾਲੀ ਜਗ੍ਹਾ ਰੇਤੇ ਕਾ ਟਿੱਬਾ ਮੁਕਤਸਰੀਏ ਢੋਣ ਲੱਗੇ। ਟੋਆ ਪੂਰਿਆ, ਟਿੱਬਾ ਚੱਕਿਆ ਗਿਆ।

ਏਕ ਸਮੇਂ ਰਿਖੀ ਸਿੰਘ ਮੁਕਤਸਰੀਆਂ ਕਾ ਜਲ ਭਰਦਾ ਸੀ। ਸ੍ਰੀ ਸਤਿਗੁਰੂ ਜੀ ਮਦਾਨੇ ਜਾਂਦਿਆਂ ਹੋਇਆ ਨੂੰ ਤੌੜਾ ਲਈ ਔਂਦਾ ਰਿਖੀ ਸਿੰਘ ਮਿਲਿਆ। ਮੋਢਿਓਂ ਫੜਕੇ ਬਚਨ ਕੀਤਾ ਭਗਵਾਨ ਸਿੰਘ ਤੂੰ ਤੀਵੀਂਆਂ ਕਾ ਪਾਣੀ ਢੋਨਾ ਹੈਂ[1]। ਏਹੋ ਗੁਰਿਆਈ ਹੈ? ਕਹਿਣ ਲਗਾ ਜੀ ਮੈਂ ਭੁਲ ਗਿਆ ਹਾਂ। ਕੋਲੋਂ ਬਾਬਾ ਜਵਾਹਰ ਸਿੰਘ ਬੋਲਿਆ ਜੀ ਜੀਵ ਸਦਾ ਹੀ ਭੁਲਣਹਾਰ ਹੈ। ਤੁਸੀਂ ਬਖ਼ਸ਼ਣਹਾਰ ਹੈ। ਇਸ ਤੋਂ ਮਗਰੋਂ ਜਦੋਂ ਨਹਿਰ ਪੱਟੀ ਸੀ, ਮੁਕਤਸਰੀਏ ਉੱਥੇ ਟਹਿਲਾ ਕਰਦੇ ਰਹੇ।[2]

◆

1 ਰਿਖੀ ਸਿੰਘ ਦਾ ਅਸਲ ਨਾਂ।

2 ਨਹਿਰ ਸਰਹਿੰਦ।

# ਸਮੇਂ ਸਮੇਂ ਦੇ ਬਚਨ

## ਭੁੱਲ ਗਿਆ ਹੈ, ਬਖ਼ਸ਼ੋ

ਏਕ ਸਮੇਂ ਤੇਲੀ ਸਰੋਂ ਲੈਣ ਆਇਆ। ਸਤਿਗੁਰੂ ਜੀ ਹੁਕਮ ਦੇ ਗਏ ਮਣ ਦੇ ਭਾਉ ਇਸਨੂੰ ਸਰੋਂ ਦੇ ਦੇਣੀ। ਵਰਿਆਮ ਸਿੰਘ ਨੇ ਕਹਾ ਕਿ ਸਤਿਗੁਰੂ ਜੀ ਹੁਕਮ ਦੇ ਗਏ ਹੈਂ ਮਣ ਕੇ ਭਾਉ ਸਰੋਂ ਦੇ ਦੇਣੀ। ਗੁਪਾਲ ਸਿੰਘ ਨੇ ਕਹਾ ਕਿ ਸਤਿਗੁਰਾਂ ਨੂੰ ਕੀ ਖ਼ਬਰ ਹੈ, ਅਜੇ ਨਹੀਂ ਵੇਚਣੀ। ਕੁਛ ਦਿਨ ਬਾਅਦ ਫੇਰ ਤੇਲੀ ਸਤਿਗੁਰੂ ਜੀ ਨੂੰ ਮਿਲਿਆ। ਬਚਨ ਹੋਇਆ ਚੰਗੇ ਵੇਲੇ ਸਰੋਂ ਲੈ ਲਈ। ਹੁਣ ਤੀਹ ਸੇਰ ਹੋ ਗਈ ਹੈ। ਤੇਲੀ ਨੇ ਕਹਾ ਜੀ ਗੁਪਾਲ ਸਿੰਘ ਨਹੀਂ ਦਿੱਤੀ ਸਰੋਂ। ਕਹਿੰਦਾ ਸੀ ਸਤਿਗੁਰੂ ਜੀ ਨੂੰ ਕੀ ਖ਼ਬਰ ਹੈ। ਸੁਣਕੇ ਗੁਰੂ ਜੀ ਆਇਕੇ ਕੁੰਜੀਆਂ ਲੈ ਲਈਆਂ। ਜੰਦਰਾ ਮਾਰ ਦਿੱਤਾ। ਬਚਨ ਕੀਤਾ ਤੂੰ ਕਹਿੰਦਾ ਸੀ ਸਤਿਗੁਰੂ ਜੀ ਨੂੰ ਕੀ ਖ਼ਬਰ ਹੈ ? ਹੱਟੀ ਵਿੱਚੋਂ ਬਾਹਰ ਹੋ ਜਾਓ। ਬਾਬੇ ਜਵਾਹਰ ਸਿੰਘ ਆਖਿਆ ਜੀ ਮੈਂ ਕੁਛ ਅਰਜ਼ ਕਰ ਸਕਦਾ ਹਾਂ ਜੇ ਬਖ਼ਸ਼ੋ। ਬਚਨ ਹੋਇਆ ਬਾਬਾ ਅਸੀਂ ਤੇਰਾ ਬਚਨ ਕਦੀ ਨਹੀਂ ਮੋੜਿਆ। ਅਰਜ਼ ਕੀਤੀ ਜੀ ਗੁਪਾਲ ਸਿਘ ਨੂੰ ਬਖ਼ਸ਼ੋ, ਭੁਲ ਗਿਆ ਹੈ। ਬਖ਼ਸ਼ ਦੀਆ। ਫੇਰ ਸਰੋਂ ਉਸੇ ਪਹਿਲੇ ਭਾ ਤੇਲੀ ਨੂੰ ਦਵਾਈ। ਧੌਂਕਲ ਨਾਮੇ ਤੇਲੀ ਸੀ ਕਟਾਣੀਂ ਦਾ।

ਏਕ ਨਿਰਮਲਾ ਆਇਆ। ਭਜਨ ਮੰਗਿਆ। ਬਚਨ ਕੀਤਾ ਭਜਨ ਲੈ ਲੈ ਪਰ ਨਿਰਮਲਿਆਂ ਦੇ ਵਿੱਚ ਬਹਿਕੇ ਗਿਆਨ ਨਾ ਕਰੀਂ, ਬੈਠ ਕੇ ਭਜਨ ਕਰੀਂ।

ਇਕ ਸਿੰਘ ਨੇ ਭਜਨ ਲੀਤਾ । ਦੰਦ ਉਸਦੇ ਪੀਲੇ ਸਨ। ਸਤਿਗੁਰੂ ਜੀ ਬਚਨ ਕੀਤਾ ਕੇਹੋ ਜੇਹੇ ਆਦਮੀ ਹੈਂ ਦਾਤਣ ਭੀ ਨਹੀਂ ਕਰਦੇ। ਹੁਕਮ ਦੀਆ ਰੋਜ਼ ਦਾਤਣ ਕਰਿਆ ਕਰੋ।

## ਸੋ ਮੇਰੇ ਮਨ ਭਾਂਵਦਾ ਹੈ

ਮਲਵਈਆਂ ਨੂੰ ਬਚਨ ਕੀਤਾ ਜੋ ਕਿਰਤ ਕਰਕੇ ਛਕੇਗਾ, ਪੂਜਾ ਦੇ ਨੇੜੇ ਨਾ ਜਾਵੇਗਾ ਉਸਨੂੰ ਮੈ ਤੇਜ ਦੇਵਾਂਗਾ। ਜੇੜ੍ਹਾ ਪੂਜਾ ਦਾ ਧਾਨ ਛਕਦਾ ਹੈ ਤਿਸਕੀ ਮਤ ਮਲੀਨ ਹੋਇ ਜਾਂਦੀ ਹੈ। ਜਾਂ ਬੰਦਗੀ ਕਰੋ ਤਾਂ ਪਚਦਾ ਹੈ ਪੂਜਾ ਕਾ ਧਾਨ ਜਾਂ ਟਹਿਲਾ ਕਰਕੇ ਛਕੇ ਤਾਂ ਪਚਦਾ ਹੈ। ਪਰ ਜੋ ਟਹਿਲਾ ਕਰਦੇ ਛਕੇ ਸੋ ਮੇਰੇ ਮਨ ਭਾਂਵਦਾ ਹੈ। ਏਹ ਬਚਨ ਸੁਣਕੇ ਮਲਵਈ, ਨਹਿਰ ਪੁੱਟੀ ਦੀ ਸੀ, ਮੇਹਨਤ ਕਰਕੇ ਛਕਣੇ ਲਗੇ।

## ਕੂਕੇ ਕਿਤਨੇ ਹੈਨ

ਫ਼ਰੰਗੀ ਨੇ ਸਰਦਾਰ ਮੰਗਲ ਸਿੰਘ ਬਿਸ਼ਨਪੁਰੇ ਵਾਲੇ ਤੇ ਪੁੱਛਿਆ ਕਿ ਕੂਕੇ ਕਿਤਨੇ ਕੁ ਹੈਨ। ਏਹ ਮਿਲਨੀ ਕਿਵੇਂ ਕਰਦੇ ਹੈਂ। ਸਰਦਾਰ ਨੇ ਕਹਾ ਕਿ ਸਤਿ ਸ੍ਰੀ ਅਕਾਲ ਦੂਰੋਂ ਬੁਲਾਉਂਦੇ ਹੈਂ। ਦਸ ਬਾਰ੍ਹਾਂ ਹਜ਼ਾਰ ਹੋਵੇਂਗੇ। ਫ਼ਰੰਗੀ ਨੇ ਕਹਾ ਤੁਮਕੋ ਕੁਛ ਖ਼ਵਰ ਨਹੀਂ ਹੈ। ਚਰਨੀਂ ਹੱਥ ਲਾਇਕੇ ਗਲੇ ਮਿਲਦੇ ਹੈਂ। ਬੇ-ਗਿਣਤ ਹੈਂ, ਗਿਣਤੀ ਨਹੀਂ ਏਨ੍ਹਾਂ ਦੀ।

## ਹੁਣੇ ਹੀ ਚਾਹੀਦਾ ਸੀ

ਮੰਗਲ ਸਿੰਘ ਸਰਦਾਰ ਨੇ ਅਰਜ਼ ਕੀਤੀ ਜੀ ਸਾਖੀਆਂ ਮੈ ਜੋ ਸੰਤ ਖਾਲਸੇ ਕਾ ਰਾਜ ਹੋਣਾ ਲਿਖਾ ਹੈ ਸੋ ਕਦੋਂ ਤੋੜੀ ਹੋਵੇਗਾ ? ਅੰਤਰਯਾਮੀ ਜੀ ਬਚਨ ਕੀਤਾ ਅਜੇ ਸਤੱਤਰ ਬਰਸ ਤੋੜੀਂ ਖਾਲਸੇ ਨੇ ਫ਼ਰੰਗੀਆਂ ਨੂੰ ਰਾਜ ਭੁਗੌਣਾ ਹੈ। ਸੁਣਕੇ ਕਹਿਣ ਲਗਾ ਜੀ ਤੁਸੀਂ ਤੇ ਦੂਰ ਠੱਡਾ ਲਾਇਆ ਹੈ। ਹੁਣੇ ਹੀ ਚਾਹੀਦਾ ਸੀ।

ਇਕ ਸਿੱਖ ਆਇਆ। ਆਇਕੇ ਕਹਿਣੇ ਲਗਾ ਮੈਂ ਪਿਛਲਿਆਂ ਨੂੰ ਕੁਝ ਨਹੀਂ ਜਾਣਦਾ ਹਾਂ। ਦੀਨਾਨਾਥ ਜੀ ਬਚਨ ਕੀਤਾ ਹੋਰ ਕਿਸ ਨੂੰ ਜਾਣਦਾ ਹੈ ? ਕਹੇ ਮੈਂ ਧੁਆਨੂੰ ਜਾਣਦਾ ਹਾਂ। ਬਚਨ ਕੀਤਾ ਹਟਾਇ ਦਿਓ ਮੇਰੇ ਸਾਮ੍ਹਣੇ ਤੇ। ਜੇਕਰ ਤੂੰ ਪਿਛਲਿਆਂ ਗੁਰੂਆਂ ਨੂੰ ਨਹੀਂ ਮੰਨਦਾ ਤਾਂ ਮੈਨੂੰ ਭੀ ਕੁਝ ਨਹੀਂ ਮੰਨਦਾ।

## ਭਾਈ ਬੁੱਧ ਸਿੰਘ ਕੇ ਹੋਊ

ਅਕਾਲ ਬੁੰਗੇ ਤੇ ਸ੍ਰੀ ਸਤਿਗੁਰੂ ਜੀ ਆਏ। ਬਾਬੇ ਜੱਸਾ ਸਿੰਘ ਨੇ ਖੜਿਆਂ ਦੇਖਕੇ ਕਹਾ ਜੀ ਧੁਆਡੇ ਘਰ ਲੜਕਾ ਹੋਵੇ। ਬਚਨ ਕੀਤਾ ਬਾਬਾ ਸਾਡੇ ਤਾ ਨਹੀਂ ਭਾਈ ਬੁੱਧ ਸਿੰਘ ਦੇ ਹੋਊ। ਬਾਬੇ ਜੀ ਪੁੱਛਿਆ ਸਾਹਬੋ ਕੇ ਹੋਊਗਾ। ਬਚਨ ਹੋਇਆ ਨਹੀਂ ਬਾਬਾ ਨਵੇਂ ਅਨੰਦ ਹੋਣਗੇ। ਬਾਬਾ ਅਸੀਂ ਤੇਰੇ ਪੁੱਤਰ ਹਾਂ । ਤੂੰ ਕਹਿੰਦਾ ਹੋਵੇਂਗਾ ਮੇਰੇ ਘਰ ਜਨਮ ਧਾਰਿਆ ਹੈ। ਅਸੀਂ ਅਕਾਲ ਪੁਰਖ ਕੇ ਹੁਕਮ ਨਾਲ ਆਏ ਹਾਂ। ਤੈਨੂੰ ਤਾਂ ਸਾਰਾ ਹਾਲ ਮਾਲੂਮ ਹੈ ਜੀਵੇਂ ਅਸੀਂ ਅਵਤਾਰ ਧਾਰਿਆ ਹੈ।

ਏਕ ਸਮੇਂ ਦੂਈ ਮੂਰਤੀ ਬੁੱਧ ਸਿੰਘ ਜੀ ਕੋ ਬਚਨ ਕੀਤਾ ਤੇਰਾ ਹੋਰ ਵਿਆਹ ਕਰਾ ਦੇਈਏ। ਮਹਾਰਾਜ ਬੁੱਧ ਸਿੰਘ ਜੀ ਚੁਪ ਕਰ ਰਹੇ। ਗੁਰੂ ਜੀ ਬਚਨ ਕੀਤਾ ਇਕ-ਥੀਂ ਜਾਨਾ ਹੈਂ ਸਮਾ ਪਾਇਕੇ ਦੋ ਹੋਣਗੀਆਂ।

## ਜਵਾਹਰਾਤ ਹੋਇ ਜਾਣਗੇ

ਸ੍ਰੀ ਸਤਿਗੁਰੂ ਜੀ ਬਚਨ ਕੀਤਾ ਏਕ ਜਹਾਜ਼ ਸਮੁੰਦਰ ਮੈਂ ਤੁਰਿਆ ਜਾਂਦਾ ਸੀ। ਸਮੁੰਦਰ ਕਾ ਜਲ ਉਤਰ ਗਿਆ। ਜਹਾਜ਼ ਬਰੇਤੀ ਮੈ ਬੈਠ ਗਿਆ। ਜਹਾਜ਼ ਕੇ ਬੀਚ ਏਕ ਸਿਆਣਾ ਸਰੀਰ ਸੀ। ਉਸਨੇ ਕਹਾ ਜੋ ਕੋਈ ਐਥੋਂ ਰੋੜ ਠੀਕਰੀਆਂ ਤੇ ਰੇਤਾ ਚੁਕ ਲਵੇਗਾ ਉਸਕੇ ਬੜਾ ਕਾਮ ਆਵੇਗਾ। ਕਿਸੇ ਨੇ ਓਧਾ ਬਚਨ ਮੰਨਕੇ ਚੁੱਕ ਲਿਆ ਸੇਰ ਦੋ ਸੇਰ ਪਾਂਚ ਸੇਰ ਧੜੀ, ਕਿਸੇ ਨੇ ਨਾ ਚੁੱਕਿਆ। ਕਹਾ ਠੀਕਰੀਆਂ ਰੋੜ ਆਪਣੇ ਦੇਸ ਥੋੜਾ ਹੈ। ਜਲ ਆਇ ਗਿਆ ਜਹਾਜ਼ ਤੁਰ ਪਿਆ। ਜਗ੍ਹਾ ਭੁਲ ਗਈ। ਰੋੜ ਠੀਕਰੀਆਂ ਜਵਾਹਰਾਤ ਹੋ ਗਏ। ਜਿਨ੍ਹਾਂ ਨੇ ਨਾ ਚੁੱਕਿਆ ਸੀ ਸੋ ਪਛਤਾਏ। ਦੇਖਕੇ ਝੂਰਨੇ ਲਗੇ। ਆਖਣ ਲਗੇ ਅਸੀਂ ਧੁਆਡੇ ਨਾਲ ਆਇਕੇ ਖਾਲੀ ਚੱਲੇ ਹੈਂ। ਤੁਸੀਂ ਸਾਨੂੰ ਕੁਝ ਹਿੱਸਾ ਦੇਵੋ। ਉਨ੍ਹਾਂ ਨੇ ਕਹਾ ਸਾਥੋਂ ਹਿੱਸਾ ਨਹੀਂ ਦਿੱਤਾ ਜਾਂਦਾ ਹੈ। ਤੁਸੀਂ ਸੇਵਕ ਤੇ ਅਸੀਂ ਸਰਦਾਰ। ਰਲ਼ ਮਿਲ ਛਕ ਲਵਾਂਗੇ।

ਸਤਿਗੁਰੂ ਜੀ ਬਚਨ ਕੀਤਾ ਕਿਸੇ ਸਮੇਂ ਧੁਆਡੇ ਨਾਲ ਹੋਵੇਗੀ। ਜੋ ਇਸ ਜਗ੍ਹਾ ਭਜਨ ਆ ਲੈਣਗੇ ਸੋ ਜਵਾਹਰਾਤ ਹੋ ਜਾਏਂਗੇ। ਜੋ ਜੋ ਨਾਮ ਨੂੰ ਨਾ ਲਗਣਗੇ ਸੋ ਪਛਤਾਉਣਗੇ। ਸੋ ਏਨ੍ਹਾਂ ਸਿਘਾਂ ਕੇ ਸੇਵਕ ਹੋਇਕੇ ਰਹਿਣਗੇ। ਏਸ ਸੁਖ ਕੋ ਭੋਗਣਗੇ।

## ਬਾਬਾ ਰਾਜੀ ਹੋਇ ਗਿਆ

ਬਾਬੇ ਜੱਸਾ ਸਿੰਘ ਕੋ ਦਮਾ ਸੀ। ਬਾਬੇ ਜੀ ਅਰਜ਼ ਕੀਤੀ ਜੀ ਮੈਨੂੰ ਕੁਝ ਆਰਾਮ ਹੋਵੇ। ਬਚਨ ਕੀਤਾ ਰਾਜੀ ਹੋ ਜਾਏਂਗਾ ਥੋੜੇ ਦਿਨਾਂ ਪਿੱਛੋਂ ਬਚਨ।

## ਗੁਰੂ ਲੁਹਾਰ ਵਤ ਹੈ

ਏਕ ਸਮੇਂ ਬਲ੍ਹਾੜੀ ਮੈ ਗੁਰਚਰਨ ਸਿੰਘ ਨੇ ਮੇਲਾ ਕੀਤਾ। ਸਰਦਾਰ ਮੰਗਲ ਸਿੰਘ ਪੰਜ ਸੌ ਰੁਪਯਾ ਆਇ ਧਰਿਆ। ਬਚਨ ਕੀਤਾ ਭਾਈ ਮੰਗਲ ਸਿੰਘ ਗੁਰੂ ਧਨ ਨਾਲ ਨਹੀਂ ਰੀਝਦਾ, ਸਿਦਕ ਸੰਤੋਖ ਨਾਲ ਰੀਝਦਾ ਹੈ। ਖੱਬੇ ਹੱਥ ਦੀ ਹਥੇਲੀ ਮੈ ਸੱਜੇ ਹੱਥ ਕੀ ਉਂਗਲੀ ਧਰਕੇ ਕੁਝ ਮਰੋੜਾ ਦੇ ਕੇ ਬਚਨ ਕੀਤਾ ਭਾਈ ਜਿਸ ਤਰ੍ਹਾਂ ਵਰਮਾ ਲਕੜੀ ਮੈ ਵਰਮ ਕਰਦਾ ਹੈ, ਜੇਕਰ ਇਸ ਤਰ੍ਹਾਂ ਸਿੱਖ ਹੋਵੇ ਗੁਰੂ ਨਾਲ ਤਾਂ ਜੀ ਰੱਜਦਾ ਹੈ। ਘੁਮਾਰ ਜੋ ਹੈ ਭਾਂਡਾ ਘੜਦਾ ਹੈ, ਅੰਦਰ ਕੇ ਹਾਥ ਮੇਂ ਕਨੇਰਾ[1] ਹੁੰਦਾ ਹੈ। ਉੱਤੋਂ ਥਸੂਏ ਨਾਲ ਕੁਟਦਾ ਹੈ ਤਾਂ ਭਾਂਡਾ ਵਧਦਾ ਹੈ। ਜੇ ਉੱਤੇ ਹੱਥ ਨਾ ਹੋਵੇ ਤਾਂ ਉੱਤੇ ਕੁਬ ਨਿਕਲ ਜਾਵੇ। ਜੇਕਰ ਅੰਦਰ ਹੱਥ ਨਾ ਹੋਵੇ ਤਾਂ ਅੰਦਰ ਕੁਬ ਨਿਕਲ ਜਾਵੇ। ਜੋ ਤਕਲਾ ਹੈ ਉਸ ਮੇਂ ਭੀ ਵਲ਼ ਹੁੰਦਾ ਹੈ। ਹੇਠਾਂ ਅਹਿਰਨ ਉੱਤੇ ਹਥੌੜੇ ਨਾਲ ਵਲ਼ ਕਢੀਦਾ ਹੈ। ਦੂਏ ਹੱਥ ਬਿਨਾ ਵਲ਼ ਨਹੀਂ ਨਿਕਲਦਾ ਹੈ। ਤਿਸੀ ਤਰ੍ਹਾਂ ਜੀਵ ਤਕਲੇ ਵਤ ਹੈਨ। ਗੁਰੂ ਲੁਹਾਰ ਵਤ ਹੈ। ਸੱਟਾਂ ਲਾਇਕੇ ਵਲ਼ ਕਢਦਾ ਹੈ। ਜੋ ਮਹਾਂਪੁਰਖ ਹੈਨ ਸੋ ਜੁਗਤ ਨਾਲ ਸਮਝਾਉਂਦੇ ਹਨ। ਉੱਤੋਂ ਮਾਇਆ ਦੀਆਂ ਸੱਟਾਂ ਮਾਰਦੇ ਹੈਂ, ਅੰਦਰੋਂ ਹੱਥ ਹੁੰਦਾ ਹੈ। ਗੁਰੂ ਏਤਨੇ ਜਤਨ ਨਾਲ ਸਿੱਖ ਬਣਾਉਂਦਾ ਹੈ।

## ਮੂਰਤੀ ਨਾ ਉਤਰੀ

ਇਕ ਬੇਦੀ ਅਮ੍ਰਿਤਸਰ ਜੀ ਸੇ ਰਾਮਦਾਸ ਪੁਰੇ ਮੈ ਆਇਆ । ਰੋਜ਼ ਸ੍ਰੀ ਸਤਿਗੁਰੂ ਜੀ ਕੀ ਮੂਰਤੀ ਉਤਾਰੇ।ਜਾਂ ਦੇਖੇ ਮੁਖ ਕਾ ਰੰਗ ਹੋਰ ਹੋ ਜਾਵੇ। ਮੂਰਤੀ ਪੂਰੀ ਨਾ ਉਤਰੇ। ਦੀਨ ਦਿਆਲ ਜੀ ਬਚਨ ਕੀਤਾ ਕਾਨੂੰ ਜ਼ੋਰ ਲਾਵਦਾ ਹੈਂ ਮੂਰਤੀ ਪੂਰੀ ਨਹੀਂ ਉਤਰੇਗੀ। ਹਾਰ ਕੇ ਹਟ ਜਾਵੇਗਾ। ਪੂਰੀ ਮੂਰਤੀ ਨਾ ਉਤਰੀ, ਚਲਾ ਗਿਆ।

## ਸੂਤਰ

ਸਤਿਗੁਰੂ ਜੀ ਬਚਨ ਕੀਤਾ ਮੈਂ ਤਰਖਾਣ ਹਾਂ, ਲਕੜੀ ਮੈ ਡਿੰਗ ਨਹੀਂ ਛੱਡਾਂਗਾ। ਹੁਣ ਕਾਣ ਨਹੀਂ ਰੱਖਣੀ, ਕਢਕੇ ਛੱਡਾਂਗਾ। ਸੂਤਰ ਨੂੰ ਦੇਖਕੇ ਦੁਨੀਆਂ ਕਹਿੰਦੀ ਹੈ ਕੂਕੇ ਨਚਦੇ ਕਿਓ ਹਨ?

---

1 ਘੁਮਿਆਰ ਦਾ ਇਕ ਸੰਦ।

ਮੁਖਵਾਕ ॥ ਵਾਜਾ ਮਤਿ ਪਖਾਵਜੁ ਭਾਉ। ਹੋਇ ਅਨੰਦੁ ਸਦਾ ਮਨਿ ਚਾਉ॥
ਏਹਾ ਭਗਤਿ ਏਹੋ ਤਪ ਤਾਉ। ਇਤੁ ਰੰਗਿ ਨਾਚਹੁ ਰਖਿ ਰਖਿ ਪਾਉ॥
ਪੂਰੇ ਤਾਲ ਜਾਣੈ ਸਾਲਾਹ। ਹੋਰੁ ਨਚਣਾ ਖੁਸੀਆ ਮਨ ਮਾਹ॥੧॥ ਰਹਾਉ॥
ਸਤੁ ਸੰਤੋਖੁ ਵਜਹਿ ਦੁਇ ਤਾਲ। ਪੈਰੀ ਵਾਜਾ ਸਦਾ ਨਿਹਾਲ।
ਰਾਗੁ ਨਾਦੁ ਨਹੀ ਦੂਜਾ ਭਾਉ॥ ਇਤੁ ਰੰਗਿ ਨਾਚਹੁ ਰਖਿ ਰਖਿ ਪਾਉ॥੨॥
ਭਉ ਫੇਰੀ ਹੋਵੈ ਮਨ ਚੀਤਿ। ਬਹਦਿਆ ਉਠਦਿਆ ਨੀਤਾ ਨੀਤਿ॥
ਲੇਟਣਿ ਲੇਟਿ ਜਾਣੈ ਤਨੁ ਸੁਆਹੁ। ਇਤੁ ਰੰਗਿ ਨਾਚਹੁ ਰਖਿ ਰਖਿ ਪਾਉ॥
ਸਿਖ ਸਭਾ ਦੀਖਿਆ ਕਾ ਭਾਉ। ਗੁਰਮੁਖਿ ਸੁਣਣਾ ਸਾਚਾ ਨਾਉ॥
ਨਾਨਕ ਆਖਣੁ ਵੇਰਾ ਵੇਰ। ਇਤੁ ਰੰਗਿ ਨਾਚਹੁ ਰਖਿ ਰਖਿ ਪੈਰ॥੩॥

(ਆਸਾ ਮ: ੧, ਪੰਨਾ ੩੫੦)

ਰਾਗ ਮੈ ਸ਼ਬਦ ਪੜਦੇ ਹੈਂ। ਮਨ ਇਕਾਗਰ ਹੋਇਕੇ ਮਸਤ ਬੇਪ੍ਰਵਾਹ ਹੋਇਕੇ ਸੂਤਰ ਨਿਕਲ ਆਉਂਦਾ ਹੈ।

ਏਕ ਸਿੰਘ ਨਵੇਂ ਸ਼ਹਿਰ ਦਾ ਸੀ। ਚਮਤਕਾਰੇ ਵਿੱਚ ਫ਼ਸ ਗਿਆ। ਦਰਸ਼ਨ ਨੂੰ ਨਾ ਆਵੇ। ਗੁਰੂ ਜੀ ਬਚਨ ਕੀਤਾ ਸੱਦ ਲਿਆਓ। ਸਿੰਘ ਸੱਦਣ ਗਿਆ। ਕਹਿਣੇ ਲਗਾ ਮੈਂ ਦਰਸ਼ਨ ਨਹੀਂ ਦੇਣਾ ਹੈ।

ਸੁਧਾ ਸਿੰਘ ਪਿੰਡ ਮੰਡੀਵਾਲੇ ਨੂੰ ਬਾਰ ਮੈ ਭੇਜਿਆ ਊਠ ਖਰੀਦਣ। ਲੈ ਆਇਆ ਊਠ। ਦਸੌਰ[1] ਕੀ ਚੀਜ਼ ਜੋ ਮਗਵਾਣੀ ਹੋਵੇ ਸੋ ਊਠਾਂ ਉੱਤੇ ਲੈਂ ਔਂਦੇ ਹੈਂ ਅੰਨ, ਘਿਓ, ਲੂਣ। ਘਿਓ ਕੁਪਿਆਂ ਵਿੱਚ ਆਇ ਜਾਂਦਾ ਹੈ। ਹੱਟੀ ਮੈ ਸਰਬ ਚੀਜ਼ ਵਿਕਦੀ ਹੈ। ਸਿੰਘਾਂ ਕਾ ਵਹਿਣ ਦਰਿਆਇ ਕੇ ਵਹਿਣ ਵਾਂਗੂੰ ਪੈ ਗਿਆ। ਦਿਨੋ ਦਿਨ ਖਾਲਸਾ ਵਧਦਾ ਜਾਂਦਾ ਹੈ। ਗਊ ਭੈਂਸਾਂ ਘੋੜੀਆਂ ਜ਼ਿਆਦੇ ਹੁੰਦੇ ਜਾਂਦੇ ਹੈ। ਚੀਨੀ ਸੁਰਖੀ ਗੁਰੂ ਜੀ ਕੀ ਅਸਵਾਰੀ ਵਾਸਤੇ ਹਾਜ਼ਰ ਰਹਿੰਦੀਆਂ ਹੈਂ।

## ਮਿਰਗ ਡਰਦੇ ਨਾ ਥੇ

ਸਤਿਗੁਰੂ ਜੀ ਬਾਹਰ ਭਜਨ ਕਰਨ ਜਾਂਦੇ ਤਾ ਜੋ ਹਿਰਨ ਹੈਂ ਸੋ ਗੁਰੂ ਜੀ ਦੇ ਕੋਲ ਆਇ ਜਾਂਦੇ। ਮਿੱਠਾ ਸੁੱਟਣਾ ਤਾ ਓਨਾ ਨੇ ਛਕ ਲੈਣਾ। ਸਿੰਘਾਂ ਥੀਂ ਭੀ ਮਿਰਗ ਡਰਦੇ ਨਾ ਥੇ। ਕੋਲ ਆਇ ਜਾਂਦੇ ਹੈਂ। ਮਿਰਗਾਂ ਦਾ ਝਕ ਲੱਥਾ ਹੋਇਆ ਸੀ।

ਏਕ ਪੰਜੇਟਿਆਂ ਕਾ ਜ਼ਿਮੀਦਾਰ ਸੀ। ਤਿਸਨੇ ਮਿਰਗ ਕੇ ਲਾਠੀ ਮਾਰੀ। ਸਿੰਘ ਘਾਹ ਖੋਤਦੇ ਸੇ ਫੜਕੇ ਲੈ ਆਏ ਸ੍ਰੀ ਸਤਿਗੁਰੂ ਜੀ ਕੇ ਪਾਸ। ਉਸਨੂੰ ਤਨਖਾਹ ਲਾਈ ਕਿ ਅੱਠ ਦਿਨ ਏਨੂੰ ਅੰਦਰ ਦੇ ਛੱਡੋ। ਉਸਕੇ ਮਾਂ ਪਿਓ ਆਇਕੇ ਬਖਸ਼ਾਇਕੇ ਲੈ ਗਏ।ਨਾਲੇ ਭਜਨ ਲੈ ਗਿਆ, ਸਿੱਖ ਹੋ ਗਿਆ।

---

1 ਪਰਦੇਸ ।

ਰਾਇ ਸਿੰਘ ਖਟੜਿਆਂ ਵਾਲੇ[1] ਨੂੰ ਬਚਨ ਕੀਤਾ ਜਾ ਮੇਰੇ ਪਊਏ ਪਾ ਕੇ ਅਕਾਲ ਬੁੰਗੇ ਦਾ ਦੀਵਾ ਬੁਝਾਇ ਆਓ। ਕਿਸੇ ਸਮੇਂ ਜੰਦਰੇ ਨਾ ਲੱਗਣਗੇ। ਰਾਇ ਸਿੰਘ ਨੇ ਕਹਾ ਜੀ ਮੈਂ ਧੁਆਡੇ ਪਊਆਂ ਉੱਤੇ ਨਹੀਂ ਚੜ੍ਹ ਸਕਦਾ। ਬਚਨ ਹੋਇਆ 'ਅਵਰ ਉਪਦੇਸੈ ਆਪਿ ਨ ਕਰੈ। ਆਵਤ ਜਾਵਤ ਜਨਮੈ ਮਰੈ।' ਉਹੀ ਗਲ ਕੀਤੀ। ਡਰਦੇ ਨੇ ਪਊਏ ਪਾਇਕੇ ਦੀਵਾ ਬੁਝਾਇਕੇ ਧੋਇਕੇ ਧਰ ਦੀਏ।

## ਆਜਾਨੁ ਬਾਹੁ

ਕੋਲੋਂ ਏਕ ਸਿੰਘ ਨੇ ਕਹਾ ਕਿ ਆਜਾਨ ਬਾਹੁ। ਬਚਨ ਹੋਇਆ ਤੈਂ ਦੇਖ ਲਿਆ ਹੈ ? ਕਹਾ ਕਿ ਤੁਸਾਂ ਦਿਖਾਇਆ ਤਾਂ ਦੇਖ ਲਿਆ ਹੈ। ਗੁਰੂ ਜੀ ਬਚਨ ਕੀਤਾ ਮੇਰੀਆਂ ਬਾਹਵਾਂ ਜਗਤ ਨਾਲੋਂ ਲੰਬੀਆਂ ਹਨ। ਮੇਰੇ ਗੁਰੂ ਦੀਆਂ ਮੇਰੇ ਨਾਲੋਂ ਭੀ ਲੰਬੀਆਂ ਸੀ। ਲੰਬੀ ਭੁਜਾ ਕਰਕੇ ਬਚਨ ਕੀਤਾ ਦੇਖ ਗੰਢ ਹੈ? ਅਤਰ ਸਿੰਘ ਨੇ ਹੱਥ ਲਾਇਕੇ ਕਹਾ ਜੀ ਗੰਢ ਨਹੀਂ ਹੈ।

ਸ੍ਰੀ ਸਤਿਗੁਰੂ ਜੀ ਬਚਨ ਕੀਤਾ ਦੇਖੋ ਮੈਂ ਜੱਸੇ ਲੁਹਾਰ ਕਾ ਪੁੱਤ ਹਾਂ ਚਾਰ ਆਨੇ ਕਰੰਡੀ ਕੀ ਮੇਹਨਤ ਕਰਨੇ ਵਾਲਾ। ਕੋਈ ਵੱਡਾ ਆਦਮੀ ਨਹੀਂ ਹਾਂ। ਪ੍ਰਮੇਸਰ ਕੇ ਪਰਤਾਪ ਨਾਲ ਸਭ ਮੱਥਾ ਟੇਕਦੇ ਹੈਂ। ਗੋਬਿੰਦ ਜੀ ਆਪਣਾ ਪਰਤਾਪ ਦਿਖਾਲਿਆ ਹੈ। ਰਾਜਾ ਪਰਜਾ ਬ੍ਰਾਹਮਣ ਖਤਰੀ ਸੂਦ੍ਰ ਵੈਸ਼ ਸਭ ਜਾਤ ਆਇਕੇ ਮੱਥਾ ਟੇਕਦੇ ਹੈ। ਅਕਾਲ ਪੁਰਖ ਨੇ ਆਪਣਾ ਰੂਪ ਦਿਖਾਇਆ ਹੈ। ਜੇ ਕਿਸੇ ਬ੍ਰਾਹਮਣ ਖਤਰੀ ਰਾਜੇ ਕੇ ਕਲਾ ਪ੍ਰਗਟ ਹੁੰਦੀ ਤਾਂ ਓਨਾਂ ਨੂੰ ਹੰਕਾਰ ਹੋਇ ਜਾਂਦਾ ਕਿ ਸਾਡੀ ਉੱਚੀ ਜਾਤ ਜਾਣਕੇ ਅਵਤਾਰ ਧਾਰਿਆ ਹੈ।

ਬਾਬਾ ਜਮੀਤ ਸਿੰਘ ਗਿੱਲਾਂ ਰਾਮਦਾਸਪੁਰੇ ਸਾਹਿਬ ਆਇਆ। ਦਰਸ਼ਨ ਕੀਤਾ ਸ੍ਰੀ ਸਤਿਗੁਰੂ ਜੀ ਦਾ। ਗੁਰੂ ਜੀ ਦੇ ਸੁੱਚੀ ਪੁਸ਼ਾਕ ਪਹਿਰੀ ਹੋਈ ਸੀ। ਬਾਬੇ ਜਮੀਤ ਸਿੰਘ ਕੇ ਮਨ ਮੈ ਹੋਈ ਕਿ ਏਹੋ ਜਿਹੀ ਚੰਗੀ ਪੋਸ਼ਾਕ ਪਹਿਰੀ ਬੈਠੇ ਹੈਂ ਤੇ ਭਜਨ ਕੇੜ੍ਹੇ ਵੇਲੇ ਕਰਦੇ ਹੋਣਗੇ। ਬਾਬੇ ਕਾ ਫੁਰਨਾ ਜਾਣਕੇ ਗੁਰੂ ਜੀ ਬਚਨ ਕੀਤਾ ਏਨ੍ਹਾਂ ਦੇ ਕਪੜੇ ਪਾਇਕੇ ਏਨ੍ਹਾਂ ਨੂੰ ਦਿਖਾਇ ਛਡਦਾ ਹਾਂ। ਮੇਰਾ ਤੇ ਏਹ ਹੈ ਆਸਨ, ਕਛਹਿਰਾ ਤੇ ਗੜਵਾ ਡੋਰੀ।

# ਕਈ ਜਨਮਾਂ ਕੇ ਇਕੱਠੇ ਹੈਂ

ਗੁਰੂ ਜੀ ਅਕਾਲ ਬੁੰਗੇ ਕੇ ਖੂਹ ਪਰ ਦਾਤਨ ਕਰਦਿਆਂ ਬਚਨ ਕੀਤਾ ਭਾਈ ਬੁੱਧ ਸਿੰਘ ਤੇ ਮੈਂ ਕਈ ਜਨਮਾਂ ਕੇ ਇਕੱਠੇ ਹੈਂ। ਏਹੋ ਬੋਲਾ ਤਿਨ ਫੇਰੀਂ ਕੀਤਾ ਮੈਂ ਤੇ ਬੁੱਧ ਸਿੰਘ ਕਈ ਜਨਮਾਂ ਕੇ ਇਕੱਠੇ ਹੈਂ। ਜਿੱਥੇ ਕਿੱਥੇ ਮੇਰੇ ਤੇ ਏਤੋਂ ਕੰਮ ਸਵਰਦਾ ਹੁੰਦਾ ਹੈ। ਜੋ ਇਸਦੀ ਨਿੰਦਿਆ ਕਰੂਗਾ ਉਸਦਾ ਕਦੇ ਭਲਾ ਨਾ ਹੋਊਗਾ।

---

1 ਪਿਤਾ ਪ੍ਰੋ. ਨੱਥਾ ਸਿੰਘ।

## ਸਤਿਗੁਰੁ ਜਾਗਤਾ ਹੈ ਦੇਉ

ਬਖ਼ਤਗੜ ਕੀ ਪੰਚੈਤ ਆਈ। ਪਹਿਰੇ ਵਾਲੇ ਨੇ ਕਿਹਾ ਸ੍ਰੀ ਸਤਿਗੁਰੂ ਜੀ ਬਰਾਜੇ ਹੋਏ ਹੈਂ। ਉਸੀ ਵਕਤ ਸਤਿਗੁਰੂ ਜੀ ਬਚਨ ਕੀਤਾ ਕੌਣ ਹੈ? ਪਹਿਰੇ ਵਾਲੇ ਨੇ ਕਹਾ ਸੱਚੇ ਪਾਤਸ਼ਾਹ ਜੀ ਬਖ਼ਤਗੜ ਕੀ ਪੰਚੈਤ ਦਰਸ਼ਨ ਨੂੰ ਆਈ ਹੈ। ਬਚਨ ਹੋਇਆ ਤੂੰ ਕੀ ਕਹਿਆ ਹੈ ? ਮੈਂ ਕਹਿਆ ਜੀ ਬਰਾਜੇ ਹੋਏ ਹੈਂ। ਦੀਨ ਦਿਆਲ ਜੀ ਬਚਨ ਕੀਤਾ ਏਹ ਨਹੀਂ ਕਦੀ ਕਹਿਣਾ ਕੇ ਬਰਾਜੇ ਹੋਏ ਹੈਂ। ਅਸੀਂ ਕਦੀ ਵੀ ਨਹੀਂ ਬਰਾਜੇ, ਸਦਾ ਈ ਜਾਗਦੇ ਹੈਂ। ਸਤਿਗੁਰੁ ਜਾਗਤਾ ਹੈ ਦੇਉ।

## ਝੂਠੇ ਲੋਕ ਕਲਾਮ ਕਹਿੰਦੇ ਹੈਂ

ਹਰਸਾ ਸਿੰਘ ਆਇਆ। ਪੁਛਣੇ ਲਗਾ ਕਿ ਸਤਿਗੁਰੂ ਜੀ ਕੇੜ੍ਹੇ ਹੈਂ ? ਸਿੰਘਾਂ ਨੇ ਦੂਰ ਸੇ ਦਸਿਆ ਕਿ ਔਹ ਲੰਬੀ ਮੂਰਤ ਹੈ ਦਿਸਦੀ ਦੂਰ ਸੇ। ਹਰਸਾ ਸਿੰਘ ਨੇ ਜਾਇਕੇ ਚਰਨਾਂ ਪਰ ਸੀਸ ਨਿਵਾਇਆ, ਫ਼ਤੇ ਬੁਲਾਈ। ਅੰਤਰਯਾਮੀ ਗੁਰੂ ਜੀ ਬਚਨ ਕੀਤਾ ਤੇਰੇ ਦਿਲ ਵਿੱਚ ਹੋਵੇਗੀ ਕਿ ਕਲਾਮ ਹੋਣੀ ਹੈ। ਭਾਈ ਜੋ ਕੋਈ ਇਕ ਵਾਰੀ ਕਲਾਮ ਆਖਦਾ ਹੈ ਤਿਸਦਾ ਸੌ ਵਾਰੀ ਮੂੰਹ ਕਾਲਾ ਹੁੰਦਾ ਹੈ। ਝੂਠੇ ਲੋਕ ਏਹ ਆਖਦੇ ਹੈਂ ਕੇ ਸੱਯਦ ਜਾਦੀ ਥੀਂ ਕਲਾਮ ਲੈ ਆਇਆ ਹੈ। ਜਿਨ੍ਹਾਂ ਨੂੰ ਕਲਾਮ ਸੁਣਾਉਂਦੇ ਹਨ ਸੋ ਕਮਲੇ ਹੋ ਜਾਂਦੇ ਹਨ। ਝੂਠੇ ਲੋਕ ਇਹ ਨਹੀਂ ਸਮਝਦੇ ਜੋ ਕਲਾਮ ਕੀ ਤੇ ਸਿੱਖੀ ਬਾਣਾ ਕੀ। ਜੇੜ੍ਹਾ ਕਲਾਮ ਪੜ੍ਹਦਾ ਹੈ ਸੋ ਸਿੱਖੀ ਬਾਣਾ ਕਿਓਂ ਰੱਖਦਾ ਹੈ ? ਸ੍ਰੀ ਗ੍ਰੰਥ ਸਾਹਿਬ ਦੀ ਬਾਣੀ ਕਾਨੂੰ ਮੰਨਦਾ ਹੈ ਕਲਾਮ ਪੜ੍ਹਨ ਵਾਲਾ। ਇਤਨਾ ਨਹੀਂ ਸੁਝਦਾ ਏਨਾਂ ਲੋਕਾਂ ਨੂੰ। ਸਾਰੇ ਈ ਸੱਚੀ ਮਣੀ ਕੋ ਝੂਠ ਆਖਦੇ ਹੈਂ। ਸੱਚੇ ਸ਼ਬਦ ਨੂੰ ਕਲਾਮ ਕਹਿੰਦੇ ਹੈਂ। ਮੈਂ ਤਾਂ ਭਾਈ ਸੱਚਾ ਸ਼ਬਦ ਦੇਂਦਾ ਹਾਂ। ਝੂਠ ਕੀ ਸਫ਼ਾ ਉਠਾਉਂਦਾ ਹਾਂ। ਸੱਚ ਵਰਤਾਉਂਦਾ ਹਾਂ। ਸਾਰੀ ਧਰਤੀ ਉਪਰ ਨਾਮ ਦਾ ਗੱਫ਼ਾ ਵਰਤਾਵਾਂਗਾ। ਸਾਰੀ ਪਿਰਥੀ ਨੂੰ ਤਾਰਾਂਗਾ। ਉਦੇ ਅਸਤ ਲੌਂ ਧਰਮ ਵਰਤਾਵਾਂਗਾ।

ਹਰਸਾ ਸਿੰਘ ਨੇ ਸਮਝਿਆ ਜੋ ਮੇਰੇ ਦਿਲ ਵਿੱਚ ਸੀ ਸੋ ਸਭ ਬਾਤਾਂ ਮੇਰੀਆਂ ਕਹੀਆਂ ਹੈਂ। ਸੰਸੇ ਸਭ ਦੂਰ ਹੋਏ। ਬਿਨਾ ਕਹੇ ਥੀਂ ਸਭ ਮੇਰੇ ਸੰਸੇ ਦੂਰ ਕੀਤੇ ਹੈਂ। ਬਿਨੁ ਬਕਨੇ ਬਿਨੁ ਕਹਨ ਕਹਾਵਨ ਅੰਤਰਜਾਮੀ ਜਾਨੈ। ਏਹੋ ਸੋ ਸਤਿਗੁਰੂ ਹੈ। ਹਰਸਾ ਸਿੰਘ ਨੇ ਭਜਨ ਲੀਤਾ ਸੁਣਦੇ ਸਾਰ ਹੀ ਭਜਨ ਭਰਮ ਦੂਰ ਹੋਇਆ। ਏਹ ਤਾਂ ਦਸ ਪਾਤਸ਼ਾਹੀਆਂ ਕਾ ਨਾਮ ਹੈ। ਝੂਠੇ ਲੋਕ ਕਲਾਮ ਕਹਿੰਦੇ ਹੈਂ।

ਹਰਸਾ ਸਿੰਘ ਗ੍ਰੰਥੀਆਂ ਵਿੱਚ ਪਾਠ ਕਰਿਆ ਕਰੇ। ਜੈਸਾ ਕੋਈ ਦਿਲ ਵਿੱਚ ਧਾਰ ਕੇ ਔਂਦਾ ਹੈ ਤੈਸਾ ਉਤਰ ਦਿੰਦੇ ਹੈਂ। ਜੈਸਾ ਅਰਾਧਦਾ ਹੈ ਤੈਸਾ ਫਲ ਪ੍ਰਾਪਤ ਹੁੰਦਾ ਹੈ। ਮਨੋਕਾਮਨਾ ਸਿੱਧ ਹੁੰਦੀ ਹੈ। ਮਾਨਸ ਤੇ ਦੇਵਤਾ ਹੋਇ ਜਾਂਦਾ ਹੈ।

ਇਕ ਨਾ-ਮਿਲਾ (ਨਿਰਮਲਾ) ਆਇਆ। ਕਹਿਣੇ ਲਗਾ ਮੈਨੂੰ ਸੋ ਭਜਨ ਮਿਲੇ ਜਿਸ ਤੇ ਸੂਤਰ ਹੁੰਦਾ ਹੈ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਸ੍ਰੀ ਗ੍ਰੰਥ ਸਾਹਿਬ ਮੈ ਲਿਖਾ ਹੈ ਸੋ ਖੋਜ ਲਵੋ।

ਨਾ ਭਜਨ ਦਿੱਤਾ।

ਏਕ ਦਿਨ ਬਚਨ ਕੀਤਾ ਐਸਾ ਸਮਾ ਆਵੇਗਾ ਇੱਕੋ ਵਾਰੀ ਸਾਰਿਆਂ ਨੂੰ ਭਜਨ ਸੁਣਾਇ ਦੇਵਾਂਗੇ ਉੱਚੀ ਜਗ੍ਹਾ ਖੜੋਇਕੇ। ਇਕ ਵਾਰੀ ਬੋਲਾ ਸਾਰੀ ਪ੍ਰਿਥਵੀ ਕੋ ਉੱਚੀ ਸੇ ਪੁਕਾਰ ਕੇ ਸੁਣਾਇ ਦੇਵਾਂਗੇ। ਸਾਰੀ ਪ੍ਰਿਥਵੀ ਇਕਵੇਰਾਂ ਨਾਮ ਜਪਣ ਲਗ ਜਾਵੇਗੀ। ਅਜੇ ਤਾਂ ਹੋਰ ਵੀ ਹਟ ਜਾਣਗੇ। ਜਦ ਫੇਰ ਸਮਾ ਆਉਗਾ ਤਾਂ ਦੱਸੂੰਗਾ ਏਕ ਵਾਰੀ ਜੈਸੇ ਸਾਵਨ ਦੀ ਬਾਰਸ਼ ਮੇਂ ਸਭ ਹਰਿਆਵਲ ਹੋਇ ਜਾਂਦੀ ਹੈ, ਤਿਸੀ ਤਰ੍ਹਾਂ ਇਕ ਵੇਰੀ ਨਾਮ ਜਪਣ ਸਭ ਲੱਗ ਪੈਣਗੇ। ਜਿਸ ਤਰ੍ਹਾਂ ਪੈਹਲੇ ਛਲੇ ਨਾਲ ਦਾਦਰ ਬੋਲਣ ਲੱਗ ਪੈਂਦੇ ਹਨ[1], ਜਾਂ ਫੇਰ ਦੀਦਾਰ ਹੋਵੇਗਾ ਤਾਂ ਸਾਰੇ ਟੁੱਟੇ ਭੱਨੇ ਮਿਲਣਗੇ। ਜੋ ਜੋ ਨਾਮ ਕੀ ਅੰਸ ਵਾਲਾ ਹੋਵੇਗਾ, ਸੋ ਸੋ ਜਾਗ ਉੱਠੇਗਾ। ਹੁਣ ਤਾਂ ਲੋਕ ਆਖਦੇ ਹੈਂ ਜਾਦੂ ਮੰਤਰ ਤੰਤਰ ਸੇ ਵਸ ਕਰ ਲਈ ਸੂ ਪ੍ਰਿਥਵੀ। ਸਾਨੂੰ ਹੁਕਮ ਹੈ ਨਾਮ ਜਪਾਵਣ ਕਾ। ਏਕ ਵਾਰੀ ਸਾਰੀ ਧਰਤੀ ਉੱਥੇ ਸੰਤ ਖਾਲਸਾ ਕਰ ਦੇਵਾਂਗੇ।

## ਜੀਉਣ ਦਾਸ ਉਦਾਸੀ

ਏਕ ਕਾਰੀਗਰ ਕਾ ਲੜਕਾ ਵੈਰਾਗੀ ਸੁਭਾਓ ਹੋਇਕੇ ਘਰੋਂ ਤੁਰਿਆ। ਸੂਲਰ ਗਾਉਂ ਮੇਂ ਉਦਾਸੀ ਸਾ ਤ੍ਰਿਕਾਲ ਦਰਸੀ, ਉਹ ਬੀ ਕਹਿੰਦਾ ਹੁੰਦਾ ਸੀ ਕਿ ਗੁਰੂ ਕਲਾ ਪ੍ਰਗਟ ਹੋਵੇਗੀ। ਕੇਸਾਧਾਰੀ ਪੰਥ ਪ੍ਰਗਟ ਕਰੇਗਾ। ਚਾਰ ਅੱਖਰਾ ਨਾਮ ਜਪਾਵੇਗਾ। ਰਾਜਾ ਪਰਜਾ ਸਭ ਭੈ ਕਰਨਗੇ। ਅਰ ਜੋ ਕੋਈ ਫੁਰਨਾ ਫੁਰੇਗਾ ਦਿਲ ਵਿੱਚ ਉਹ ਭੀ ਦਸੇਗਾ। ਸਾਧੂ ਰਿੱਧੀਆਂ ਸਿੱਧੀਆਂ ਕੇ ਸ਼ੁਮਾਰ ਕਰਕੇ ਤ੍ਰਿਕੁਟੀ ਕਾ ਧਿਆਨ ਧਰਦਾ ਸੀ। ਦਸਮੇਂ ਦੁਆਰੇ ਭੀ ਸਮਾਧੀ ਲੌਂਦਾ ਸੀ। ਜੋ ਆਵੇ ਲੋੜ ਵਾਲਾ ਤਾਂ ਰਸਤਾ ਦਸਣਾ ਤ੍ਰਿਕੁਟੀ ਕੇ ਧਿਆਨ ਕੀ ਬਿਧ ਕਾ।

ਉਹ ਤਰਖਾਣ ਕਾ ਪੁਤ ਸੂਲਰ ਮੇਂ ਆਇਆ ਵੈਰਾਗੀ ਹੋਇਕੇ। ਪਹਿਲੇ ਉਦਾਸੀਆਂ ਦੀਵਾਨਿਆਂ ਨੂੰ ਮਿਲਕੇ ਸਾਰੰਗੀ ਬਜੌਣੀ ਸਿਖੀ। ਦੇਵੀ ਦਾ ਸੰਗ ਜਦ ਤੁਰੇ ਤਾਂ ਨਾਲ ਜਾਣਾ, ਸਾਰੰਗੀ ਬਜਾਉਣੀ। ਢੋਲ ਵਜਣਾ ਤਾਂ ਅੱਗੇ ਨਚਣਾ। ਟੋਪੀ ਫੁੰਮਣਾਂ ਵਾਲੀ ਸਿਰ ਤੇ ਰੱਖਣੀ।

ਹੀਰ ਰਾਂਝਾ ਗਾਉਣਾ। ਮਨਸਾ ਦੇਵੀ ਦੇ ਸੰਗ ਜਾਂ ਤੁਰਦੇ ਤਾਂ ਨਾਲ ਉਸਨੇ ਜਾਣਾ। ਇਕ ਵਾਰ ਸੰਗ ਚੁੰਨ੍ਹੀ ਮੈ ਆਇ ਉਤਰਿਆ। ਬੀਸ ਦਿਨ ਰਹਿਆ, ਫਿਰ ਚਲਾ ਗਿਆ। ਸਿੰਘਾਂ ਦੇ ਵੇਲੇ ਦੇ ਲੋਕ ਭੋਲੇ ਸੇ। ਫ਼ਰੰਗੀ ਕੇ ਕਾਨੂੰਨ ਕੁਝ ਨ ਸੀ ਜਾਣਦੇ। ਚੌਕੀਦਾਰ ਜੋ ਕਹੇ ਸੋ ਮੰਨਦੇ ਸੀ। ਸਾਰੇ ਡਰਦੇ ਸੇ। ਉਸ ਸਮੇਂ ਫ਼ਰੰਗੀ ਨਾ ਆਇਆ ਸੀ। ਸਾਰੰਗੀ ਵਾਲੇ ਜੀਉਣ ਦਾਸ ਨੇ ਸਾਰੰਗੀ ਮਾਲਵੇ ਦੇਸ ਜਾਇਕੇ ਵੈਰਾਗੀ ਹੋਇਕੇ ਭੱਠੀ ਵਿੱਚ ਦੇ ਦਿੱਤੀ।

ਕਾਲੇ ਦੀ ਦੁਗਾਲ[2] ਜੋਗਾ ਅਭਿਆਸੀ ਜੋ ਸੰਤ ਥੇ ਜੀਉਣ ਦਾਸ ਉਨ੍ਹਾਂ ਦੀ ਉਸਤਤ ਸੁਣਕੇ ਗਿਆ। ਜਾਇਕੇ ਕਹਿਣੇ ਲਗਾ ਸੰਤਾਂ ਕਾ ਦਰਸ਼ਨ ਕਰਨਾ ਹੈ। ਉਨ੍ਹਾਂ ਨੇ ਕਹਾ ਕਿ ਹੁਣ ਨਹੀਂ, ਜਦ ਟਹਿਲ ਵਾਲਾ ਜਾਵੇਗਾ ਤਦ ਨਾਲ ਜਾਈਂ। ਨਾਲ ਗਿਆ ਟਹਿਲ ਵਾਲੇ ਦੇ। ਮੋਗਰੀ

1 ਡੱਡੂ

2 ਸਮਾਣੇ ਤੋਂ ਅੱਗੇ ਘੱਗੇ ਦੇ ਕੋਲ।

ਮਾਰਕੇ ਫ਼ਲ੍ਹਾ ਉਖੇੜ ਕੇ ਅੰਦਰ ਗਿਆ। ਜਲ ਦਾ ਘੜਾ ਰੱਖਿਆ। ਸੰਤ ਜੋ ਸੀ ਉਸਨੇ ਆਇਕੇ ਇਸ਼ਨਾਨ ਕੀਤਾ, ਪ੍ਰਸ਼ਾਦ ਛਕਿਆ। ਜੀਉਣ ਦਾਸ ਨੇ ਹੱਥ ਜੋੜਕੇ ਕਹਾ ਜੀ ਮੈਨੂੰ ਨਾਮ ਕਾ ਉਪਦੇਸ਼ ਦੱਸੋ। ਸੰਤ ਜੋਗਾ ਅਭਿਆਸੀ ਨੇ ਕਹਾ ਕਿ ਸਾਡਾ ਉਪਦੇਸ਼ ਸੋ ਸੁਣੇ ਜੋ ਜੀਉਂਦਾ ਮਰ ਜਾਏ। ਪਹਿਲਾਂ ਤਾ ਛਕਣਾ ਥੋੜਾ, ਨੀਂਦ ਥੋੜੀ ਕਰਨੀ। ਦੁਨੀਆਂ ਕੇ ਰੂਪ ਦੇਖਣੇ ਤੇ ਹੋਰ ਭਟਕਣਾ ਛੱਡੇ। ਕੋਈ ਰਸ ਨਾ ਲਵੇ। ਸਾਰੇ ਸੁਭਾਓ ਛੱਡੇ ਸੋ ਸਾਡਾ ਉਪਦੇਸ਼ ਲਵੇ। ਜੀਉਣ ਦਾਸ ਨੇ ਕਹਾ ਨੀਂਦ ਤਾਂ ਅਸੀਂ ਅੱਗੇ ਹੀ ਥੋੜੀ ਲੈਂਦੇ ਹੈਂ। ਸਾਡਾ ਕੋਈ ਵਿਸ਼ਾ ਨਹੀਂ ਹੈ ਕਿਸੇ ਤਰ੍ਹਾਂ ਦਾ। ਧੁਆਡੀ ਮਿਹਰ ਕਰਕੇ ਕੋਈ ਹੱਛਾ ਨਹੀਂ ਲਗਦਾ ਹੈ। ਜੋਗਾ ਅਭਿਆਸੀ ਨੇ ਕਹਾ ਚਾਰ ਉਪਦੇਸ਼ ਹਨ-ਰਾਮ-ਰਾਮ, ਓਅੰ-ਸੋਹੰ, ਵਾਹਿਗੁਰੂ । ਜੇੜ੍ਹਾ ਤੈਨੂੰ ਹੱਛਾ ਲਗਦਾ ਹੈ ਸੋ ਕਰ। ਜੀਉਣ ਦਾਸ ਨੇ ਕਹਾ ਵਾਹਿਗੁਰੂ ਮੰਤਰ ਜਪਾਂਗਾ।

ਸਮਾਂ ਪਾਇਕੇ ਸਮਾਧੀ ਲਗਣ ਕੀ ਵਿਧੀ ਦੱਸ ਦਿੱਤੀ। ਸੰਤਾਂ ਨੇ ਕਿਹਾ ਕਿ ਜਿਨ੍ਹਾਂ ਚਿਰ ਪਹਿਲੇ ਦਿਨ ਆਸਣ ਲਾ ਕੇ ਬੈਠੇਗਾ ਉਤਨਾ ਚਿਰ ਰੋਜ਼ ਕਾ ਪਕ ਜਾਏਗਾ। ਪਦਮ ਆਸਣ ਲਗਾਇਕੇ ਤ੍ਰਿਕੁਟੀ ਕਾ ਧਿਆਨ ਧਰਨਾ, ਸਭ ਰੈਹਣੀ ਬੈਹਣੀ ਸਮਝਾਈ ਤੇ ਕਹਾ ਹੁਣ ਜਿੱਥੇ ਮਰਜੀ ਹੈ ਉਥੇ ਬੈਠ ਕੇ ਕਮਾਇ ਲੈ। ਸਵਾਸ ਨਾਲ ਭਜਨ ਕਰਨਾ। ਆਪਣੇ ਕੋਲ ਅਸੀਂ ਨਹੀਂ ਅਟਕਣ ਦਿੰਦੇ। ਛੁੱਟੀ ਲੈ ਕੇ ਜੀਉਣ ਦਾਸ ਜਨਮ ਕੇ ਨਗਰ ਆਇਆ। ਇਕ ਛਨ ਬਨਾਇਕੇ ਬੈਠਾ। ਸਮਾਧੀ ਲਗਣ ਲਗੀ।

ਜਾਂ ਬਰਸ ਰੋਜ਼ ਹੋਇਆ ਸਮਾਧੀ ਲਗਦਿਆਂ ਤੇ ਭਜਨ ਕਰਦਿਆਂ ਤਾਂ ਇਕ ਦਿਨ ਸਮਾਧੀ ਮੈਂ ਬੈਠਾ ਸੀ, ਏਕ ਸਰਪ ਫੁੰਕਾਰੇ ਮਾਰਨੇ ਲਗਾ। ਮੁਖ ਪਰ ਚੌੜੇ ਫਨ ਸੈਂ। ਜਾਂ ਨੇਤਰ ਖੋਲ੍ਹਕੇ ਦੇਖਿਆ ਤਾ ਸਰਪ ਫੁੰਕਾਰੇ ਮਾਰਦਾ ਹੈ। ਜੀਉਣ ਦਾਸ ਡਰਕੇ ਆਸਨ ਛੱਡਕੇ ਦੂਰ ਜਾ ਖਲੋਇਆ। ਫੇਰ ਦੇਖੇ ਤਾਂ ਕੋਈ ਸਰਪ ਨਹੀਂ ਹੈ। ਉਸਨੇ ਜਾਣਿਆ ਜੋ ਛਲੀਆ ਛਲ ਗਿਆ ਹੈ। ਜੇਕਰ ਨ ਉਠਦੇ ਤਾਂ ਮਹਾਰਾਜ ਜੀ ਗੋਦ ਮੈ ਲੈ ਲੈਂਦੇ। ਪਛਤਾਇਆ ਕੇ ਪਰਮੇਸ਼ਰ ਕੇ ਮਿਲਨੇ ਕਾ ਵੇਲਾ ਸੀ। ਬੈਠ ਗਿਆ। ਪਛਤਾਵਾ ਬਹੁਤ ਕੀਤਾ। ਪਛਤਾਵੇ ਕੇ ਵਿੱਚ ਜੋਗ ਅਭਿਆਸ ਦੀ ਬਿਰਤੀ ਛੱਡਕੇ ਉਦਾਸ ਹੋਇ ਕਰ ਚੁੰਨ੍ਹੀ ਮੈ ਆਇ ਡੇਰਾ ਲਾਇਆ।

ਸਰੀਰ ਕ੍ਰਿਸ ਹੋਇਆ ਹੋਇਆ ਸੀ ਬੰਦਗੀ ਕਰਦਿਆਂ ਦਾ। ਧਰਮਸਾਲ ਮੈ ਰੌਲ਼ਾ ਕਰਕੇ ਬਿਰਤੀ ਨਾ ਲਗੇ ਤਾ ਚੁਬਾਰੇ ਮੈ ਜਾਇ ਰਹੇ। ਦੋ ਬਰਸ ਤਾ ਕੱਟੇ, ਫੇਰ ਘਰ ਵਾਲਿਆਂ ਕੇ ਮਨ ਮੈ ਫਰਕ ਕੀ ਬਾਤ ਹੋਈ। ਸੰਤ ਨੇ ਫਰਕ ਕੀ ਬਾਰਤਾ ਜਾਣਕੇ ਚੁੰਨੀ ਵਿੱਚ ਹੀ ਗੁਗੇ ਮਾੜੀ ਦੀ ਬਾਰਾਂਦਰੀ ਹੈ, ਉਥੇ ਡੇਰਾ ਜਾਇ ਲਾਇਆ। ਤਿਸ ਜਗ੍ਹਾ ਮੈ ਸੰਤ ਜੀਉਣ ਦਾ ਜੀ ਲਗੇ ਬੰਦਗੀ ਕਰਨ। ਸੁਆਲ ਨਾ ਸੇ ਕਰਦੇ। ਜੋ ਹੁਕਮ ਨਾਲ ਆਇ ਜਾਵੇ ਤਾ ਵਰਤਨਾ। ਜੋ ਕੋਈ ਆਵੇ ਉਸਨੂੰ ਕਹਿਣਾ ਹੋਰ ਗੱਲ ਨਾ ਕਰੋ, ਜਾਂ ਪਰਮੇਸਰ ਦੀ ਗੱਲ ਸੁਣੋ ਜਾਂ ਸੁਣਾਵੋ। ਹੋਰ ਗੱਲਾਂ ਜਿਨ ਕਰਨੀਆਂ ਹੈਂ ਸੋ ਬਾਹਰ ਜਾਇਕੇ ਕਰੋ। ਸਾਧ ਕੀ ਉਪਮਾ ਸੁਣਕੇ ਸਾਧ ਆਵਣੇ ਲਗੇ। ਗਿਆਨ ਚਰਚਾ ਕਰਨੀ। ਜਾਂ ਕਿਸੇ ਨੇ ਬ੍ਰਹਮ ਕਹਿਣਾ ਤਾਂ ਸੰਤਾਂ ਨੇ ਕਹਿਣਾ ਜਦ ਜਾਣ ਲਿਆ ਬ੍ਰਹਮ ਤਾ ਬੋਲਣਾ ਕਿੱਥੇ ਰਿਹਾ ? ਜਾਂ ਸਾਰੇ ਈ ਇਕ ਬ੍ਰਹਮ ਹੈਂ। ਜੀਉਣ ਦਾਸ ਸੰਤ ਨੇ ਕਹਾ ਕਿ ਮੈਨੂੰ ਗੁੱਗੇ ਨੇ ਦਰਸ਼ਨ ਦਿੱਤਾ ਹੈ। ਜਾਂ ਮੇਰੇ ਕੋਲ ਆਇਆ ਤਾਂ ਸ਼ਾਂਤ ਵਰਤ ਗਈ। ਲੋਕ ਕਹਿੰਦੇ ਹੈਂ

ਭੈ ਦਿੱਤਾ ਹੈ। ਮੈਨੂੰ ਤਾਂ ਕੋਈ ਭੈ ਨਹੀਂ ਹੋਇਆ।

ਭਾਦ੍ਰੋਂ ਕਾ ਮਹੀਨਾ ਆਇਆ। ਗੁੱਗੇ ਦਾ ਮੇਲਾ ਲੱਗਾ। ਸਭ ਚੇਲੇ ਇੱਕਠੇ ਹੋਇਕੇ ਖੇਡੇ। ਕਹਿਣ ਏਥੇ ਮੰਜਾ ਡਾਹੁਣ ਕਾ ਹੁਕਮ ਨਾ ਸੀ, ਏਹ ਕਿਓਂ ਮੰਜਾ ਡਾਹੁੰਦਾ ਹੈ। ਭਾਦੋਂ ਬਦੀ ਕੀ ਨੌਮੀ ਕੋ ਗੁੱਗੇ ਨੇ ਜਨਮ ਧਾਰਿਆ ਹੈ[1]।

ਜਿਸ ਵਕਤ ਚੰਦ ਚੜਦਾ ਹੈ ਉਸ ਵਕਤ ਉਸਦਾ ਜਨਮ ਹੋਇਆ ਹੈ। ਉਸ ਵਕਤ ਗੁੱਗੇ ਦੇ ਸੋਹਲੇ ਦੇ ਹੈਂ। ਏਹ ਕਰਾਮਾਤ ਸੀ ਮਾੜੀ ਮੈਂ ਚੰਦ ਚੜੇ ਤੇ ਜਦੋਂ ਜੋਗੀ ਆਣਕੇ ਗੌਂਦੇ ਹੈਨ ਤਾਂ ਜੰਦਰਾ ਖੁਲ ਜਾਂਦਾ ਹੈ। ਆਪੇ ਹੀ ਜੰਦਰਾ ਖੁਲਕੇ ਤਖ਼ਤੇ ਖੁਲ ਜਾਣੇਂ। ਲੋਕਾਂ ਨੇ ਸਮਝਣਾ ਜੋ ਹੁਣ ਗੁੱਗਾ ਆਇਆ ਹੈ। ਖੁਸ਼ੀ ਕੇ ਸੋਹਲੇ ਗੌਂਦੇ ਹੈਂ। ਸੁਖਣਾ ਭੀ ਪੂਰੀ ਹੁੰਦੀ ਹੈ। ਜੀਉਣ ਦਾਸ ਨੇ ੨੪ ਸਾਲ ਸਵਾਸ ਨਾਲ ਭਜਨ ਕੀਤਾ।

## ਸਿੰਘ ਸਜਿਆ

ਉਸੀ ਸਮੇਂ ਸ੍ਰੀ ਸਤਿਗੁਰੂ ਜੀ ਨੇ ਸੂਬਾ ਕਾਹਨ ਸਿੰਘ ਨੂੰ ਭਜਨ ਦੇਣ ਵਾਸਤੇ ਭੇਜਿਆ ਮੈਨ ਦਵਾਬ ਮੈ। ਸੂਬਾ ਕਾਹਨ ਸਿੰਘ ਚੁੰਨ੍ਹੀ ਮੈ ਆਇਆ, ਦੀਵਾਨ ਲੌਣਾ ਸ਼ੁਰੂ ਕੀਤਾ। ਸ਼ਬਦ ਦੀ ਧੁਨ ਸੁਣਕੇ ਕਈਆਂ ਕਾ ਸੂਤਰ ਭੀ ਨਿਕਲਨੇ ਲਗਾ। ਲੋਕ ਕਹਿੰਦੇ ਹੈਂ ਪੰਥ ਕੈਸਾ ਪਰਗਟ ਹੋਇਆ ਹੈ ? ਮੰਤਰ ਸੁਣਕੇ ਲੋਕ ਖੇਡਣ ਲਗ ਪੈਂਦੇ ਹੈਂ। ਖ਼ਵਰੇ ਕੀ ਜਾਦੂ ਕਲਾਮ ਸੁਣਾਇ ਦੇਂਦੇ ਹੈਂ। ਸਢੌਰੇ ਵਲ ਜਾਇਕੇ ਬਾਬਾ ਕਾਹਨ ਸਿੰਘ ਆਇਆ। ਅੱਗੇ ਤਾਂ ਬੱਡੀ ਚੁੰਨੀ ਸਿੰਘਾਂ ਨੇ ਭਜਨ ਲਏ ਸੇ, ਫੇਰ ਛੋਟੀ ਚੁੰਨ੍ਹੀ ਦੇ ਭੀ ਦਲੀਲਾਂ ਕਰਦੇ ਹੈਂ ਭਜਨ ਲੈਣ ਦੀਆਂ। ਜੀਉਣ ਦਾਸ ਨੂੰ ਦ੍ਰਿਸ਼ਟਾਂਤ ਮੈ ਦਰਸ਼ਨ ਹੋਇਆ ਕਿ ਪਾਂਚ ਅਸਵਾਰ ਹੈਂ, ਸਿਰ ਪਰ ਖੰਡਾ ਲਿਸ਼ਕਦਾ ਹੈ। ਇਕ ਰਸਤੇ ਪਰ ਖੜਾ ਸੀ। ਪੁਛਿਆ ਕੌਣ ਹੈ ? ਅੱਗੇ ਤੇ ਅਵਾਜ਼ਾ ਹੋਇਆ ਨਾ ਏਹ ਰਾਜਾ ਨਾ ਏਹ ਪਰਜਾ। ਹੋਰ ਈ ਪਰਗਟ ਹੋਇਆ ਹੈ। ਖੰਡੇ ਕੀ ਲਿਸ਼ਕ ਬਿਜਲੀ ਵਾਂਗੂੰ ਪੈਂਦੀ ਹੈ ਜੋ ਬਾਬੇ ਕੇ ਸੀਸ ਪਰ ਸੀ।

ਜਾਂ ਬਾਬਾ ਕਾਹਨ ਸਿੰਘ ਮੁੜਕੇ ਆਇਆ ਤਾਂ ਉਸੀ ਰਸਤੇ ਆਇਕੇ ਲੰਘੇ। ਬਾਬਾ ਨਿਹੰਗ ਸਿੰਘ ਦਾ ਚਿੱਟਾ ਬਾਣਾ ਤੇ ਸੀਸ ਪਰ ਖੰਡਾ ਦਮਕਦਾ ਹੈ। ਸੂਰਜ ਦੀਆਂ ਰਿਸ਼ਮਾਂ ਵਾਂਗੂੰ ਝਲਕ ਪਵੇ। ਜੀਉਣ ਦਾਸ ਨੇ ਦੇਖਿਆ ਤਾਂ ਬਿਜਲੀ ਵਾਂਗੂੰ ਚਮਕਿਆ। ਪੰਜਾਂ ਸਿੰਘਾਂ ਕੇ ਸਹਿਤ ਅਸਵਾਰ ਹੋਇ ਚਲੇ ਔਂਦੇ ਹੈਂ। ਜੇੜ੍ਹਾ ਦ੍ਰਿਸ਼ਟਾਂਤ ਸਾ ਸੋ ਪੂਰਾ ਹੋਇਆ।

ਜੀਉਣ ਦਾਸ ਨੇ ਸੇਵਕ ਭੇਜਿਆ ਕਿ ਮੇਰਾ ਨਿਓਤਾ ਲਓ। ਬਾਬੇ ਕਾਹਨ ਸਿੰਘ ਨੇ ਪੁੱਛਿਆ ਕੌਣ ਸਾਧ ਹੈ ? ਕਿਹਾ ਕਿ ਉਦਾਸੀ ਸਾਧ ਹੈ, ਬੰਦਗੀ ਵਾਲਾ ਹੈ। ਨਿਉਂਦਾ ਮੰਨ ਲਿਆ। ਲਾਂਗਰੀ ਆਇਕੇ ਲੰਗਰ ਕਰਨੇ ਲਗੇ। ਜੀਉਣ ਦਾਸ ਨੂੰ ਭਜਨ ਦੇ ਕੇ ਫੇਰ ਪ੍ਰਸ਼ਾਦ

1 ਗੁਗਾ ਚੌਹਾਨ ਰਾਜਪੂਤ ਸੀ ਜੋ ਗਿਆਰਵੀਂ ਸਦੀ ਵਿੱਚ ਮੁਸਲਮਾਨ ਬਣ ਗਿਆ ਸੀ। ਇਹ ਸਰਪ ਦੇ ਜ਼ਹਿਰ ਨੂੰ ਦੂਰ ਕਰਨ ਵਿੱਚ ਮਾਹਰ ਸੀ ਅਤੇ ਲੋਕ ਇਸਨੂੰ ਮੰਨਦੇ ਸਨ। ਗੁਗੇ ਦਾ ਜਨਮ ਭਾਦਰੋਂ ਬਦੀ ਨੌਂ ਨੂੰ ਹੋਇਆ ਸੀ। ਇਸ ਦਿਨ ਅਨੇਕਾਂ ਥਾਵਾਂ ਤੇ ਮੇਲੇ ਲਗਦੇ ਹਨ।

ਛਕਿਆ। ਇੰਦਰ ਸਿੰਘ ਨੇ ਭਜਨ ਲਿਆ, ਈਸ਼ਰ ਸਿੰਘ ਨੇ ਭਜਨ ਲਿਆ। ਹੋਰ ਚਾਰ ਪਾਂਚ ਸਰੀਰਾਂ ਨੇ ਭਜਨ ਲਿਆ। ਜੀਉਣ ਦਾਸ ਕੋ ਬਾਬੇ ਨੇ ਬਚਨ ਕੀਤਾ ਰਾਮਦਾਸਪੁਰੇ ਆਓ। ਗੁਰੂ ਜੀ ਨਾ ਦਰਸ਼ਨ ਕਰੋ ਨਾਲੇ ਮੋਹਰ ਲੁਆ ਲਵੋ। ਅਤਰ ਸਿੰਘ ਕੋ ਸੂਤਰ ਹੋਇ ਗਿਆ। ਰਾਤ ਨੂੰ ਉਸ ਸਾਧ ਕੋ ਦੀਦਾਰ ਹੋਇਆ ਸ੍ਰੀ ਸਤਿਗੁਰੂ ਜੀ ਦਾ। ਬਚਨ ਕੀਤਾ ਰਾਮਦਾਸਪੁਰੇ ਆਇਕੇ ਭਜਨ ਲੈ ਕੇ ਫੇਰ ਕਰੋ।

ਸਾਧ ਨੇ ਆਪਣੇ ਸੇਵਕਾਂ ਨੂੰ ਕਹਾ ਕਿ ਮੈਨੂੰ ਰਾਮਦਾਸ ਪੁਰੇ ਸਾਹਿਬ ਜਾਣ ਦਾ ਹੁਕਮ ਚੜ੍ਹਿਆ ਹੈ। ਜਿਓਂ ਤੁਰੇ ਹੈਂ ਖੜੇ ਨਹੀਂ ਹੋਏ, ਰਾਤੋਂ ਰਾਤ ਰਾਮਦਾਸ ਪੁਰੇ ਆਏ। ਦਰਸ਼ਨ ਕੀਤਾ, ਸ਼ਾਂਤ ਆਈ। ਨਿਸਚਾ ਹੋਇਆ ਕਿ ਏਹੋ ਹੀ ਸੱਚੇ ਗੁਰੂ ਹੈਂ। ਏਹੋ ਹੀ ਮੂਰਤੀ ਹੈ ਜੋ ਦ੍ਰਿਸ਼ਟਾਂਤ ਮੈ ਦਰਸ਼ਨ ਦੇ ਕੇ ਕਹਿ ਆਏ ਹੈਂ। ਮੰਗ ਕੇ ਭਜਨ ਲਿਆ। ਸ੍ਰੀ ਸਤਿਗੁਰੂ ਜੀ ਆਪ ਭਜਨ ਦਿੱਤਾ। ਲੈਂਦੇ ਸਾਰ ਲੇਟਣ ਲਗ ਪਿਆ। ਅੱਗੇ ਭੀ ਮਸਤ ਸੇ, ਫੇਰ ਜ਼ਿਆਦਾ ਮਸਤ ਹੋਏ। ਬਿਰਤੀ ਇਕਾਗਰ ਹੋਇਕੇ ਫੇਰ ਆਤਮ ਸੁਖ ਮੈ ਲੀਨ ਹੋਈ। ਅੰਮ੍ਰਿਤ ਛਕਿਆ ਤੇ ਕਛਹਿਰੇ ਪਹਿਨ ਲਏ। ਜੀਉਣ ਸਿੰਘ ਨਾਮ ਹੋਇਆ।[1] ਅੰਤਰਯਾਮੀ ਜੀ ਬਚਨ ਕੀਤਾ ਸੁਆਸਾਂ ਕਾ ਨਾਮ ਜਪਣਾ ਪਿਛਲੇ ਜੁਗਾਂ ਦਾ ਹੈ। ੨੪ ਸਾਲ ਸੁਆਸਾਂ ਕਾ ਨਾਮ ਜਪਦੇ ਰਹੇ ਹੋ, ਹੁਣ ਰਸਨਾ ਨਾਲ ਜਪਣੇ ਕਾ ਸਮਾ ਹੈ। ਸੁਆਸਾਂ ਕਾ ਸਮਾ ਨਹੀਂ ਹੈ। ਜੀਉਣ ਸਿੰਘ ਉਸ ਦਿਨ ਥੀਂ ਰਸਨਾ ਨਾਲ ਭਜਨ ਕਰਨ ਲੱਗਾ। ਅੱਗੇ ਤਾਂ ਚਾਰ ਬਰਨ ਦਾ ਪ੍ਰਸ਼ਾਦ ਛਕਦੇ ਹੁੰਦੇ ਸੀ, ਹੁਣ ਉਸ ਦਿਨ ਤੇ ਸੁੱਚ ਸੋਧ ਧਾਰ ਲਈ। ਪਰਸ਼ਾਦਾ ਸਿੰਘ ਸੇਵਕ ਬਨਾਵਣ ਲਗੇ। ਚੁੰਨੀ ਕੇ ਲੋਕ ਕਹਿੰਦੇ ਹੈਂ ਧੰਨ ਗੁਰੂ ਜੀ ਹੈਂ ਜਿਨ੍ਹਾਂ ਨੇ ਐਸੇ ਬੰਦਗੀ ਵਾਲੇ ਸੰਤ ਕੋ ਬਸੀ ਕਰ ਲਿਆ ਹੈ, ਬੜਾ ਬਲੀ ਗੁਰੂ ਹੈ।

ਫੇਰ ਮਾੜੀ ਸੰਤ ਜੀਉਣ ਸਿੰਘ ਪਾਸ ਹੀਰਾ ਸਿੰਘ ਅਤੇ ਅਗੰਮ ਸਿੰਘ ਆਦ ਸਿੰਘਾਂ ਨੇ ਦੀਵਾਨ ਲਉਣਾ ਸ਼ੁਰੂ ਕੀਤਾ। ਸ਼ਬਦ ਪੜਨਾ, ਦੁਨੀਆਂ ਸੂਤਰ ਨੂੰ ਦੇਖਕੇ ਭੁਲ ਜਾਂਦੀ ਹੈ। ਅਕਲ ਟਿਕਾਣੇ ਨਹੀਂ ਰਹਿੰਦੀ ਹੈ। ਕੋਈ ਉਸਤਤ ਕਰਦਾ ਹੈ, ਕੋਈ ਨਿੰਦਿਆ ਕਰਦਾ ਹੈ। ਜੀਉਣ ਸਿੰਘ ਫੇਰ ਇਕ ਫੇਰੀ ਰਾਮਦਾਸ ਪੁਰੇ ਆਇਆ। ਜਾਂ ਦਰਵਾਜੇ ਕੇ ਅੰਦਰ ਲੱਤ ਧਰੀ ਤਾਂ ਅੰਦਰੋਂ ਅਵਾਜ਼ਾ ਆਇਆ ਕਿ ਮੁੜ ਜਾਓ ਪਿਛਾਂ ਨੂੰ। ਫੇਰ ਅੰਦਰਲਾ ਪੈਰ ਪਿਛਾਂਹ ਹੀ ਕਰ ਲਿਆ ਤੇ ਮੁੜ ਆਇਆ ਚੁੰਨ੍ਹੀ ਮੈ। ਤੀਏ ਫੇਰੀ ਫੇਰ ਆਏ ਦਰਸ਼ਨ ਨੂੰ। ਦਰਸ਼ਨ ਕੀਤਾ। ਜੋ ਹੁਕਮ ਰਾਮਦਾਸ ਪੁਰੇ ਸਾਹਿਬ ਦਾ ਹੋਵੇ ਸੋ ਆਪਣੇ ਸੇਵਕਾਂ ਕੋ ਸੁਣਾਇ ਦੇਣਾ। ਸੰਤ ਫੁਰਨੇ ਪਰ ਚਲਦੇ ਹੈਂ। ਜਿਵੇਂ ਜੈਸਾ ਫੁਰਨਾ ਹੋਵੇ ਸੋ ਗੱਲ ਕਰਨੀ। ਤ੍ਰਿਕਾਲ ਦਰਸੀ ਹੋਇਆ ਸੰਤ ਜੀਉਣ ਸਿੰਘ। ਅਗਲੇ ਆਏ ਕਾ ਫੁਰਨਾ ਸਮਝ ਲੈਣਾ। ਜੈਸੀ ਧਾਰਕੇ ਆਵੇ ਓਸੀ ਸੇਵਾ ਕਰਵਾਇ ਦੇਣੀ। ਸਮਾਧੀ ਮੈ ਜਾਇਕੇ ਦਿਲ ਪਰਚੌਂਦੇ ਹੈਂ। ਬਿਵਹਾਰਕ ਬੋਲਾ ਕੋਈ ਨਾ ਕਰਦੇ ਨਾ ਕਰਨ ਦੇਂਦੇ ਹੈਂ। ਅੱਠੇ ਪਹਿਰ ਭਜਨ ਕਰਨਾ। ਫੁਰਨਾ ਜੋ ਸੀ ਸੋ ਅਫੁਰੇ ਕਰੀ ਬੈਠੇ ਹੈਂ।

---

1 ਪਿੰਡ ਮੰਗੋਵਾਲ, ਸੰਗਰੂਰ।

## ਤੂੰ ਭੀ ਲੁਟ ਲਈਂ

ਏਕ ਰਤਨ ਸਿੰਘ ਨਾਮੇਂ ਸਿੱਖ ਆਇਆ। ਦੀਨ ਦਿਆਲ ਜੀ ਬਚਨ ਕੀਤਾ ਦੇ ਖ਼ਬਰ ਮੁਲਕ ਕੀ। ਕਹਿਣ ਲਗਾ ਜੀ ਬੀਜ ਬੀਜਣ ਕੋ ਨਹੀਂ ਹੈ। ਕਿਰਪਾ ਕਰਕੇ ਸਤਿਗੁਰੂ ਜੀ ਆਪਣੇ ਉੱਤੋਂ ਚਾਦਰ ਲਾਹ ਕੇ ਦਿੱਤੀ। ਪਾਂਚ ਰੁਪਈਏ ਭੀ ਦੀਏ। ਬਚਨ ਕੀਤਾ ਦੋ ਰੁਪਏ ਕਾ ਬੀਜ ਪਾ ਲੈ, ਤਿੰਨ ਰੁਪਈਏ ਕੋਲ ਰੱਖ ਲੈ। ਕੈਹਣੇ ਲਗਾ ਜੀ ਥੋੜੇ ਹੈਂ। ਬਚਨ ਹੋਇਆ ਜਾ ਰੂਸ ਆਵਣਗੇ। ਭਾਂਡੇ ਨਾਲ ਭਾਂਡਾ ਠਹਿਕੇਗਾ। ਤੂੰ ਭੀ ਲੁੱਟ ਲਈ ਮਨ ਭਾਉਂਦਾ।

## ਕੁਰਸੀ ਦੀ ਗੱਲ

ਏਕ ਦਿਨ ਸ੍ਰੀ ਸਤਿਗੁਰੂ ਜੀ ਪ੍ਰਸੰਨ ਹੋਇਕੇ ਬਾਬੇ ਜੱਸਾ ਸਿੰਘ ਜੀ ਕੋ ਕੁਰਸੀ ਪਰ ਬਠਾਇਆ। ਨਾਲੇ ਬਾਬੇ ਜਵਾਹਰ ਸਿੰਘ ਕੋ ਭੀ ਕੁਰਸੀ ਪਰ ਬਠਾਇਆ। ਹੋਰ ਸਿੰਘ ਭੀ ਬਠਾਏ। ਮੰਗਲ ਸਿੰਘ ਸਰਦਾਰ ਸੀ, ਤਿਸਨੂੰ ਭੀ ਬਚਨ ਕੀਤਾ ਤੂੰ ਭੀ ਕੁਰਸੀ ਪਰ ਬੈਠ। ਕਹੇ ਕਿ ਮੈਂ ਨਹੀਂ ਬਹੂੰਗਾ ਕੁਰਸੀ ਪਰ ਸਤਿਗੁਰਾਂ ਕੇ ਸਾਮ੍ਹਣੇ। ਗੁਰੂ ਜੀ ਬਚਨ ਕੀਤਾ ਤੁਸੀ ਕਾਠ ਦੀ ਲਕੜੀ ਪਰ ਬੈਠਣਾ ਭੀ ਨਹੀਂ ਮੰਨਦੇ ਹੋ। ਮੁਕਰਦੇ ਜਾਂਦੇ ਹੋ। ਅੰਦਰੋਂ ਤਾਂ ਧੁਆਡਾ ਦਿਲ ਕਰਦਾ ਹੈ ਕੁਰਸੀਆਂ ਪਰ ਬੈਠਣੇ ਨੂੰ। ਜਦ ਮੈਂ ਕਹਿੰਦਾ ਹਾਂ ਤਾਂ ਮੇਰੇ ਸਾਮ੍ਹਣੇ ਨਹੀਂ ਬੈਂਹਦੇ ਹੋ। ਮੈਂ ਆਪਣੇ ਹੱਥੀਂ ਬਠਾਲਦਾ ਹਾਂ। ਤੁਸੀਂ ਕੁਰਸੀ ਥੀਂ ਡਰਦੇ ਹੋ। ਮੈਂ ਧੁਆਨੂੰ ਬੇਅੰਤ ਚੀਜ਼ਾਂ ਦੇਣੀਆਂ ਹੈਂ।

ਵਾਕ ਕਵੀ : ਗੁਰੂ ਜੀ ਧਰਿਆ ਤੇਜ ਕਰਰਾ। ਜੈਸੇ ਖੰਡਾ ਦੋ ਧਾਰਾ।
ਕੀਤਾ ਤੀਸਰਾ ਪੰਥ ਨਿਆਰਾ। ਲੱਗੇ ਗੁਰਸਿੱਖਾਂ ਨੂੰ ਪਿਆਰਾ।

## ਭਾਈ ਹੀਰਾ ਸਿੰਘ ਸਕਰੌਦੀ

ਏਕ ਸਮੇਂ ਸ੍ਰੀ ਸਤਿਗੁਰੂ ਜੀ ਸਕਰੌਦੀ ਗਏ। ਹੀਰਾ ਸਿੰਘ ਦੀ ਮਾਈ ਨੇ ਭਜਨ ਬਾਬਾ ਗਿਆਨਾ ਸਿੰਘ ਜੀ ਸੇ ਲਿਆ ਸੀ। ਅਰਜ਼ ਕੀਤੀ ਗੁਰੂ ਜੀ ਦੇ ਹਜ਼ੂਰ ਮਾਈ ਨੇ ਕੇ ਹੀਰਾ ਸਿੰਘ ਨੂੰ ਭੀ ਭਜਨ ਮਿਲੇ। ਦੀਨਾਨਾਥ ਜੀ ਬਚਨ ਕੀਤਾ ਜਿਸ ਦਿਨ ਹੀਰਾ ਸਿੰਘ ਨੇ ਭਜਨ ਲਿਆ ਤੂੰ ਵਾਣ੍ਹਾਂ[1] ਵਿੱਚ ਰੋਂਦੀ ਫਿਰੇਂਗੀ । ਮਾਈ ਨੇ ਬੜੇ ਪ੍ਰੇਮ ਸੇ ਸੇਵਾ ਕੀਤੀ। ਬਚਨ ਕੀਤਾ ਗੁਰੂ ਜੀ, ਬੜੀ ਹਰੀ ਧਰਤੀ ਹੈ। ਅੱਗੇ ਉਸ ਧਰਤੀ ਵਿਖੇ ਤ੍ਰਿਣਕਾਲ ਪੈ ਜਾਂਦਾ ਸੀ। ਫੇਰ ਨਹੀਂ ਕਦੀ ਤ੍ਰਿਣਕਾਲ ਪਿਆ ਉਸ ਧਰਤੀ ਪਰ। ਸਤਿਗੁਰੂ ਜੀ ਕੇ ਬਚਨ ਸੇ ਸਦਾ ਈ ਹਰੀ ਰਹਿੰਦੀ ਹੈ ਧਰਤੀ।

ਹੀਰਾ ਸਿੰਘ ਦਾ ਪਿਤਾ ਪਟਿਆਲੇ ਵਾਲੇ ਲੱਸੀਖਾਨੇ ਪਰ ਨੌਕਰ ਸੀ। ਸਾਰਾ ਦੁੱਧ ਉਸ ਦੇ ਹੱਥੀਂ ਵਰਤਦਾ ਸੀ। ਭਾਈ ਹੀਰਾ ਸਿੰਘ ਭੀ ਨੌਕਰ ਬਸਤਰ ਪਹਿਰਾਵਣ ਪਰ ਸੀ। ਭਾਈ ਹੀਰਾ ਸਿੰਘ ਛੁੱਟੀ ਲੈ ਕੇ ਆਇਆ। ਭੋਗ ਸੁਣਨ ਨੂੰ ਦਿਆਲ ਗੜ ਗਏ। ਹੀਰਾ ਸਿੰਘ ਕੀ ਮਾਈ ਨੇ ਕਹਿਆ ਸੰਗਤ ਕੋ ਜੀ ਹੀਰਾ ਸਿੰਘ ਕੋ ਭੀ ਭਜਨ ਮਿਲੇ। ਬਾਬਾ ਕਾਹਨ ਸਿੰਘ ਚੱਕ ਵਾਲਾ

1 ਖੇਤਾਂ ਵਿਚ ।

ਆਇਆ ਹੋਇਆ ਸੀ। ਤਿਸਨੇ ਭਜਨ ਦਿੱਤਾ । ਸੂਰਬੀਰ ਸਿੰਘ ਸਜਿਆ। ਮਾਲਾ ਨਾਲ ਪਰੋਤਾ। ਅੰਮ੍ਰਿਤ ਛਕਿਆ ਔਰ ਫਿਰ ਨਾਵਾਂ ਕਟਵਾਇ ਲਿਆ। ਰਾਤ ਦਿਨੇ ਭਜਨ ਕਰਨਾ ਅਰੰਭ ਦਿੱਤਾ। ਨਾਮ ਦੇ ਰੰਗ ਵਿੱਚ ਮਸਤ ਹੋਇਆ। ਦਿਆਲ ਗੜੀਆ ਵਸਾਵਾ ਸਿੰਘ, ਭੂਪ ਸਿੰਘ, ਵਰਿਆਮ ਸਿੰਘ, ਭਾਈ ਹੀਰਾ ਸਿੰਘ ਦੇ ਨਾਲ ਜਥਾ ਹੋ ਗਿਆ। ਲੈਹਣਾ ਸਿੰਘ ਅਨੂਪ ਸਿੰਘ ਦੋਨੋ ਚਾਚੇ ਤਾਏ ਦੇ ਪੁੱਤ ਭਰਾ ਸੇ। ਇਹ ਭੀ ਰਲ਼ ਕੇ ਉਠਨੇ ਬੈਠਨੇ ਲਗੇ। ੧੯੨੬ ਕੀ ਦੀਪਮਾਲਾ ਪਰ ਮੇਲਾ ਰਚਿਆ ਸੀ।

ਭਾਈ ਹੀਰਾ ਸਿੰਘ ਧਨ ਗੁਰਦੁਆਰੇ ਨਾਲ ਲਿਆਵਣ ਲੱਗੇ। ਏਕ ਤੁਰਕ ਮਲੇਰਕੋਟਲੇ ਕਾ ਪਟਿਆਲੇ ਜਮਾਦਾਰ ਸੀ। ਉਸਨੇ ਕਹਿਆ ਭਾਈ ਹੀਰਾ ਸਿੰਘ ਨੂੰ ਕੇ ਧੁਆਨੂੰ ਨਹੀਂ ਮਿਲੇਗਾ ਇਹ ਧਨ। ਧੁਆਡੇ ਜਨਾਨੇ ਕੀ ਖਾਵਣਗੇ। ਰੁਪਈਏ ਔਰਤ ਕੋ ਮਿਲੇਂਗੇ। ਭਾਈ ਹੀਰਾ ਸਿੰਘ ਹੋਰਾਂ ਕਹਿਆ ਰੁਪਏ ਤਾਂ ਤੈਂ ਅਟਕਾਏ ਹੈਨ ਪਰ ਤੈਨੂੰ ਭੀ ਇਨਾਮ ਦੇਵਾਂਗੇ ਕਿਸੇ ਵੇਲੇ। ਕਰੋਪ ਹੋਏ ਕਿ ਏਸ ਜਮਾਦਾਰ ਨੂੰ ਹੀ ਵੱਡੋ ਕਿਉਂਕਿ ਗੁਰਦੁਆਰੇ ਕਾ ਧਨ ਰੋਕਿਆ ਹੈ ਇਸਨੇ।

ਰਾਤ ਕਾ ਵੇਲਾ ਸੀ। ਸਿੰਘ ਅਕਾਲ ਬੁੰਗੇ ਆਇਕੇ ਬਿਰਾਜੇ। ਅੰਤਰਜਾਮੀ ਗੁਰੂ ਜੀ ਆਏ ਜਿੱਥੇ ਹੀਰਾ ਸਿੰਘ ਕਾ ਬਿਸਤਰਾ ਸੀ। ਤਿਸਕੇ ਸਰ੍ਹਾਣੇ ਆਇ ਬੈਠੇ। ਹੀਰਾ ਸਿੰਘ ਨੂੰ ਦ੍ਰਿਸ਼ਟਾਂਤ ਹੋਇਆ ਕਿ ਸਤਿਗੁਰੂ ਜੀ ਤਾ ਮੇਰੇ ਸਰ੍ਹਾਣੇ ਆਇ ਬੈਠੇ ਹੈਂ। ਉਠਕੇ ਦੇਖੇ ਤਾਂ ਸ੍ਰੀ ਸਤਿਗੁਰੂ ਜੀ ਬੈਠੇ ਹੈਂ। ਹੀਰਾ ਸਿੰਘ ਨੇ ਚਰਨਾਂ ਪਾਰ ਸੀਸ ਨਿਵਾਇਕੇ ਫਤੇ ਬੁਲਾਈ । ਸਭ ਸਿੰਘ ਉਠ ਬੈਠੇ। ਦੀਦਾਰ ਕੀਤਾ, ਸੀਸ ਨਿਵਾਇਆ। ਦੀਨ ਦਿਆਲ ਜੀ ਬਚਨ ਕੀਤਾ ਭਾਈ ਧੁਆਨੂੰ ਪਾਲਾ ਭੀ ਲਗਦਾ ਹੋਊਗਾ। ਹੀਰਾ ਸਿੰਘ ਨੇ ਕਿਹਾ ਜੀ ਪਾਲਾ ਭੀ ਧੁਆਡਾ ਈ ਕੀਤਾ ਹੋਇਆ ਹੈ। ਦੀਨ ਦਿਆਲ ਜੀ ਬਚਨ ਕੀਤਾ ਮੇਰੀ ਤਾਂ ਇਹ ਮਨਸ਼ਾ ਹੈ ਏਕ ਏਕ ਰਜਾਈ ਸਾਰਿਆਂ ਨੂੰ ਭਰਾਏ ਦੇਵਾਂਗੇ।

ਭਾਈ ਹੀਰਾ ਸਿੰਘ ਨੇ ਕੁਝ ਰੁਪਈਏ ਰੋਕ ਲਿਆਂਦੇ। ਮਗਰ ਹੀ ਮਾਈ ਆਈ ਹੀਰਾ ਸਿੰਘ ਦੀ। ਕਹਿਣ ਲੱਗੀ ਸ੍ਰੀ ਸਤਿਗੁਰੂ ਜੀ ਕੇ ਹਜ਼ੂਰ ਜੀ ਰੁਪਈਏ ਸਾਰੇ ਹੀ ਕੱਢ ਲਿਆਇਆ ਹੈ ਹੀਰਾ ਸਿੰਘ। ਮੈਨੂੰ ਮਿਲ ਜਾਵਣ। ਅਸੀਂ ਕੀ ਖਾਵਾਂਗੀਆਂ ? ਦੀਨ ਦਿਆਲ ਜੀ ਬਚਨ ਕੀਤਾ ਬੁੱਢੀਏ ਤੈਨੂੰ ਧਨ ਪਿਆਰਾ ਹੈ ਕਿ ਪੁੱਤਰ ? ਬੁੱਢੀ ਨੇ ਕਹਾ ਜੀ ਮੈਨੂੰ ਅੱਜ ਤੇ ਧਨ ਹੀ ਪਿਆਰਾ ਹੈ। ਦੀਨ ਦਿਆਲ ਜੀ ਬਚਨ ਕੀਤਾ ਭਾਈ ਹੀਰਾ ਸਿੰਘ ਦੇ ਦਿਓ, ਤੁਸੀਂ ਰੁਪਈਏ ਕੀ ਕਰਨੇ ਹੈਨ ? ਸਤਿਗੁਰੂ ਜੀ ਕੇ ਬਚਨ ਸੇ ਤੀਨ ਸੌ ਰੁਪਈਆ ਸੀ ਸੋ ਦੇ ਦੀਆ। ਹੀਰਾ ਸਿੰਘ ਨੇ ਕਹਿਆ ਜਾਹ ਜਿਸ ਧਨ ਵਾਸਤੇ ਪੁੱਤਰ ਦੁਪਿਆਰਾ ਕੀਤਾ ਹੈ, ਨਾ ਧਨ ਰਹੇ ਨਾ ਪੁੱਤਰ ਰਹੇ। ਬੁੱਢੀ ਕੀ ਬੁੱਢੀ ਰਹੀ। ਧਨ ਲੈਕੇ ਮਾਈ ਮੁੜ ਗਈ ਸਕਰੌਦੀ ਨੂੰ।

ਕਈ ਦਿਨ ਰਹੇ ਰਾਮਦਾਸਪੁਰੇ। ਸੁਖ ਨਿਧਾਨ ਕੀਆਂ ਦੇਗਾਂ ਛਕਣੀਆਂ ਸ਼ੁਰੂ ਕੀਤੀਆਂ। ਦਿਨੋਂ ਦਿਨ ਮਿਸਲ ਵਧਣੇ ਲਗੀ ਹੈ। ਖੁਸ਼ੀਆਂ ਲੈ ਕੇ ਮੁੜੇ। ਰੜ ਗਏ। ਇਥੇ ਰਿਸ਼ਤੇਦਾਰੀ ਸੀ। ਓਥੇ ਭੀ ਸਿੰਘ ਪ੍ਰੇਮੀ ਸੇ, ਬੜੀ ਸੇਵਾ ਕੀਤੀ ਨਾਲੇ ਕਹਿਣ ਭਾਈ ਹੀਰਾ ਸਿੰਘ ਜੀ ਜਿਵੇਂ ਤੁਸੀਂ ਕਹੋਗੇ ਤਿਵੇਂ ਕਰਾਂਗੇ।

# ਅਨੰਦਪੁਰ ਸਾਹਿਬ ਦਾ ਦੂਸਰਾ ਹੋਲਾ
## ਸੰਮਤ ੧੯੨੬ ਬਿਕਰਮੀ (ਮਾਰਚ ੧੮੭੦ ਈ.)

੧੯੨੬ ਸਾਲ ਮੈ ਸ੍ਰੀ ਸਤਿਗੁਰੂ ਜੀ ਅਨੰਦਪੁਰੇ ਦੇ ਹੋਲੇ ਚੱਲੇ। ਰਾਮਦਾਸ ਪੂਰੇ ਸੇ ਸਤਿਗੁਰੂ ਜੀ ਨੇ ਉਟਾਲੀਂ ਜਾਇ ਪੜਾਓ ਕੀਤਾ। ਓਧਰੋਂ ਬਾਬੇ ਬਿਸ਼ਨ ਸਿੰਘ ਜੀ ਸਿੰਘਾਂ ਨੂੰ ਨਾਲ ਲੈ ਕੇ ਉਟਾਲੀਂ ਆਏ। ਸਤਿਗੁਰੂ ਜੀ ਦਾ ਦੀਦਾਰ ਕੀਤਾ। ਚਰਨਾਂ ਪਰ ਸੀਸ ਧਰਕੇ ਨਮਸਕਾਰ ਕੀਤੀ। ਪੱਚੀ ਸਿੰਘ ਨਾਲ ਥੇ। ਸਤਿਗੁਰੂ ਜੀ ਬਚਨ ਕੀਤਾ ਸੁਣਾਓ ਲੜਾਈ ਭੜਾਈ ਕਿਵੇਂ ਹੋਈ? ਬਿਸ਼ਨ ਸਿੰਘ ਨੇ ਕਹਾ ਕਿ ਬਾਪੂ ਜੀ ਤੁਸੀਂ ਤਾਂ ਸਭੋ ਕੁਛ ਜਾਣਦੇ ਹੋ। ਬਿਸ਼ਨ ਸਿੰਘ ਨੂੰ ਥਾਪੀ ਦਿੱਤੀ।

ਉੱਚੇ ਥੰਮੇ (ਫੱਰਰੇ) ਦੇਖਕੇ ਹੁਕਮ ਦੀਆ ਕਿ ਉੱਚੇ ਬੁੰਗੇ ਨਾ ਰੱਖੋ। ਸਭ ਨੇ ਸਿੱਧੇ ਕਰ ਲੀਏ, ਬਿਸ਼ਨ ਸਿੰਘ ਨੇ ਨਾ ਕੀਆ। ਬਾਬਾ ਗਿਆਨਾ ਸਿੰਘ ਨੇ ਕਹਾ ਹੌਲੀ ਹੌਲੀ, ਏਸ ਨਿਹੰਗ ਨੇ ਉੱਚੇ ਬੁੰਗੇ ਰੱਖੇ ਹੈਨ। ਆਗੇ ਗੁਰਮੁਖੀ ਦਸਤਾਰੇ ਸੇ ਏਸ ਨਿਹੰਗ ਨੇ ਮਤ ਮਾਰ ਦਿੱਤੀ ਹੈ। ਬਿਸ਼ਨ ਸਿੰਘ ਨੇ ਕਹਾ ਗਿਆਨਾ ਸਿੰਘ ਕੰਨਾਂ ਬਾਤੀ ਨਹੀਂ ਕਰਨੀ ਚਾਹੀਏ। ਅੰਤਰਜਾਮੀ ਸਭ ਕੁਝ ਜਾਣ ਰਿਹਾ ਹੈ। ਕੰਨਾਂ ਬਾਤੀ ਕਰਨੀ ਅੱਛੀ ਨਹੀਂ ਹੈ। ਰਾਤ ਕੱਟੀ। ਅਗਲੇ ਦਿਨ ਕੂਚ ਕਰਕੇ ਸਤਿਗੁਰੂ ਜੀ ਖੁਮਾਣੋਂ ਜਾਇ ਪੜਾਓ ਕੀਤਾ। ਤੀਜੀ ਰਾਤ ਕੀਰਤਪੁਰੇ ਕੱਟੀ। ਅਗਲੇ ਦਿਨ ਅਨੰਦਪੁਰੇ ਮੈ ਜਾਇ ਰਹੇ। ਅੱਗੇ ਵਾਲੀ ਜਗਾ ਜਾਇ ਉੱਤਰੇ।

ਸ੍ਰੀ ਸਤਿਗੁਰੂ ਜੀ ਬਚਨ ਕੀਤਾ ਕਿ ਪੈਲਾਂ ਲਾਇ ਲਵੋ ਬਾਰਸ਼ ਪਵੇਗੀ। ਹਰੇ ਬਾਂਸ ਬੱਢਕੇ ਪੈਲਾਂ ਕਰ ਲਈਆਂ। ਕਈਆਂ ਨੇ ਨਾ ਲਾਈਆਂ ਕਿ ਬੱਦਲ ਤਾਂ ਕੋਈ ਨਹੀਂ ਮੀਂਹ ਕਿਧਰੋਂ ਪੈ ਜਾਵੇਗਾ। ਪੈਹਲੇ ਇਕਵੀ ਬੱਦਲ ਨਹੀਂ ਸੀ। ਤਾਂ ਹੀ ਖ਼ਬਰ ਕਿ ਕਾਲੀਆਂ ਘਟਾਂ ਹੋਇਕੇ ਬਾਰਸ਼ ਪੈਣ ਲਗ ਪਈ। ਪੈਲਾਂ ਵਾਲੇ ਪੈਲਾਂ ਮੇਂ ਵੜ ਗਏ। ਬਾਕੀ ਸਿੰਘ ਤੰਬੂ ਮੇਂ ਜਾਇ ਵੜੇ। ਜਿਤਨੇ ਸਿੰਘ ਸੇ ਸੋ ਸਭ ਤੰਬੂ ਮੇਂ ਸਮਾਇ ਗਏ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਕਿ ਸਾਰੀ ਬਾਰਸ਼ ਫ਼ਰੰਗੀਆਂ ਕੇ ਸਿਰ ਪਰ ਬਰਸਾਈ। ਦੇਖਦੇ ਸੇ ਕਿ ਕੀ ਕਰਦੇ ਹੈਂ, ਭਰਮ ਦੇ ਮਾਰੇ ਮਰ ਜਾਨਗੇ। ਪਰ ਅਸੀਂ ਬੀ ਏਨਾਂ ਕੋ ਸਿਓਂਕ ਹੋ ਕੇ ਲੱਗੇ ਹੈਂ। ਜੋਟੀਆਂ ਕੇ ਸ਼ਬਦ ਸਾਰੀ ਰਾਤ ਲੰਬੀ ਹੇਕ ਨਾਲ ਪੜ੍ਹਦੇ ਰਹੇ। ਦੀਵਾਨ ਕੇ ਵਕਤ ਪੁਜਾਰੀ ਵੀ ਆਏ।

ਨਿਹੰਗਾਂ ਨੇ ਮੁਕਬਲੀ ਕੀਤੀ ਕਿ ਏਕ ਨਿਹੰਗ ਕੂਕਿਆਂ ਵਿੱਚ ਜਾਇ ਵੜਿਆ ਹੈ ਦੰਗਾ ਕਰੇਗਾ। ਤਲਵਾਰ ਉਧੇ ਕੋਲ ਹੈ। ਥਾਨੇਦਾਰ ਨੇ ਪਹਿਲੇ ਬਿਸ਼ਨ ਸਿੰਘ ਥੀਂ ਮੰਗੀ ਤਲਵਾਰ ਤੇ ਕਹਿਆ ਹੁਕਮ ਨਹੀਂ ਹੈ ਤਲਵਾਰ ਰਖਣੇ ਕਾ ਦੰਗਾ ਨਾ ਹੋ ਜਾਏ। ਬਿਸ਼ਨ ਸਿੰਘ ਨੇ ਕਹਾ ਕਿ ਮੈਂ ਨਹੀਂ ਦੇਂਦਾ ਹਾਂ ਸ੍ਰੀ ਸਾਹਿਬ। ਮੇਰਾ ਸਿਰ ਸ੍ਰੀ ਸਾਹਿਬ ਦੇ ਨਾਲ ਹੈ। ਜਿਸਕੀ ਹੈ ਮੈਂ ਤਿਸ ਕੋ ਦੇਵਾਂਗਾ। ਥਾਨੇਦਾਰ ਨੇ ਸਤਿਗੁਰੂ ਜੀ ਕੇ ਪਾਸ ਕਹਿਆ ਤਲਵਾਰ ਨਹੀਂ ਦੇਂਦਾ ਹੈ ਬਿਸ਼ਨ ਸਿੰਘ। ਫੇਰ ਫ਼ਰੰਗੀ ਨੇ ਪੁਛਿਆ ਜੀ ਏਹ ਬਿਸ਼ਨ ਸਿੰਘ ਕੌਣ ਹੈ ਜੋ ਹਮਾਰੇ ਰਾਜ ਮੈਂ ਤਲਵਾਰ ਲੀਏ ਫਿਰਦਾ ਹੈ? ਗਾਲ੍ਹਾਂ ਕੱਢਦਾ ਹੈ, ਬਾਜ ਨਹੀਂ ਔਂਦਾ ਹੈ। ਸਤਿਗੁਰੂ ਜੀ ਬਚਨ ਕੀਤਾ ਜੋਰਾਵਰ ਕਾ

ਸਤੀ ਵੀਹੀਂ ਸੌ ਹੁੰਦਾ ਹੈ। ਸੋ ਅਸੀਂ ਭੀ ਏਨ੍ਹਾਂ ਪਾਸੋਂ ਬਹੁਤ ਡਰਦੇ ਹਾਂ। ਫ਼ਰੰਗੀ ਨੇ ਕਹਾ ਗੁਰੂ ਸਾਹਿਬ ਇਸ ਕੋ ਬੋਲੋ ਜੋ ਸ੍ਰੀ ਸਾਹਿਬ ਸਾਨੂੰ ਦੇ ਦੇਵੇ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਬਿਸ਼ਨ ਸਿੰਘ ਤੂੰ ਏਨ੍ਹਾਂ ਨੂੰ ਸ੍ਰੀ ਸਾਹਿਬ ਦੇ ਦੇਉ। ਜਦ ਵੇਲਾ ਆਵੇਗਾ ਤਾਂ ਏਦੂੰ ਬੀ ਚੰਗੇ ਚੰਗੇ ਸ੍ਰੀ ਸਾਹਿਬ ਦੇਵਾਂਗੇ। ਬਿਸ਼ਨ ਸਿੰਘ ਨੇ ਕਹਾ ਬਾਪੂ ਜੀ ਤੁਹਾਡੇ ਕਹੇ ਦੇਂਦਾ ਹਾਂ ਨਹੀਂ ਤੇ ਮੈਂ ਏਨ੍ਹਾਂ ਦੀ ਕੁਛ ਪਰਵਾਹ ਨਹੀਂ ਰੱਖਦਾ ਹਾਂ। ਗੁਰੂ ਜੀ ਬਚਨ ਕੀਤਾ ਕਿ ਤੁਸੀਂ ਅਜੇ ਏਸ ਦੇਸ ਰਹਿਣਾ ਹੈ। ਗਾਤਰਿਓਂ ਲਾਹ ਕੇ ਬਿਸ਼ਨ ਸਿੰਘ ਨੇ ਕਹਾ ਕਿ ਏਨ੍ਹਾਂ ਨੂੰ ਤਾਂ ਮੈਂ ਕੋਈ ਨਾ ਸੀ ਦੇਂਦਾ ਤਲਵਾਰ ਬਿਨਾ ਸਿਰ ਦਿੱਤੇ ਥੀਂ। ਆਗੇ ਤੁਸਾਂ ਕੀ ਰਜਾਇ। ਬਿਸ਼ਨ ਸਿੰਘ ਸ੍ਰੀ ਸਾਹਿਬ ਪਲੰਘ ਪਰ ਧਰ ਦੀਆ। ਸ੍ਰੀ ਸਤਿਗੁਰੂ ਜੀ ਨੇ ਫ਼ਰੰਗੀ ਕੋ ਦੇ ਦੀਆ।

ਸਾਰੀ ਰਾਤ ਸ਼ਬਦ ਢੋਲਕੀ ਕਾ ਹੁੰਦਾ ਰਿਹਾ। ਪੁਜਾਰੀਆਂ ਕੇ ਨਿਸ਼ਾਨ[1] ਨਿਕਲੇ ਹੋਲੇ ਮਹੱਲੇ ਤੇ। ਏਧਰੋਂ ਸ੍ਰੀ ਸਤਿਗੁਰੂ ਜੀ ਭੀ ਚੀਨੀ ਪਰ ਅਸਵਾਰ ਹੋਇ ਗਏ। ਭਜਾਇ ਕੇ ਚੀਨੀ ਕੋ ਨਿਸ਼ਾਨਾਂ ਕੀ ਪ੍ਰਦੱਖਣਾ ਕੀਤੀ ਪੈਹਲੇ ਹੀ ਜਾਇਕੇ। ਫ਼ੇਰ ਡੇਰੇ ਮੁੜ ਆਏ। ਸਭ ਦੇਖਦੇ ਹੀ ਰਹਿ ਗਏ। ਗੁਰਦਵਾਰਿਆਂ ਦੇ ਦਰਸ਼ਨ ਕੋ ਸੰਗਤ ਸਾਰਾ ਦਿਨ ਫਿਰਦੀ ਤੁਰਦੀ ਰਹੀ। ਸ਼ਬਦ ਪੜ੍ਹਦੇ ਔਣ ਅਤੇ ਸ਼ਬਦ ਪੜ੍ਹਦੇ ਜਾਣ। ਸਾਰਾ ਦਿਨ ਏਸੇ ਤਰ੍ਹਾਂ ਮਹਾਂ ਅਨੰਦ ਮੇਂ ਗੁਜਰਿਆ। ਨੌਵੀਂ ਪਾਤਸ਼ਾਹੀ ਕੇ ਗੁਰਦਵਾਰੇ ਗਏ। ਪਾਂਚ ਰੁਪਏ ਭੇਟਾ ਧਰੀ। ਕੋਈ ਪੁਜਾਰੀ ਅੱਗੇ ਸੇ ਨਾ ਬੋਲਿਆ। ਬੜੀ ਖੁਸ਼ੀ ਸੇ ਮੇਲਾ ਹੋਇਆ।

## ਤਪਾ ਸਿੰਘ ਨਿਹੰਗ ਨਾਲ ਵਾਰਤਾਲਾਪ

ਅਗਲੇ ਦਿਨ ਜਾਂ ਤੁਰਨੇ ਕਾ ਵਕਤ ਹੋਇਆ ਤਾਂ ਦੋ ਨਿਹੰਗ ਆਏ। ਕੈਹਣੇ ਲਗੇ ਕਿ ਸਿੰਘ ਸਾਹਿਬ ਜੀ ਆਪ ਕੋ ਤਪਾ ਜੀ[2] ਯਾਦ ਕਰਦੇ ਹੈਂ। ਸ੍ਰੀ ਸਤਿਗੁਰੂ ਜੀ ਸਾਰੀ ਸੰਗਤ ਕੋ ਦਰਸ਼ਨ ਦੇ ਕੇ ਜਾਂਦੇ ਹੈਂ। ਜੋ ਦਰਸ਼ਨ ਕਰਦਾ ਹੈ ਤਿਸੀ ਕੋ ਸ਼ਾਂਤੀ ਪ੍ਰਾਪਤ ਹੋਇ ਜਾਂਦੀ ਹੈ। ਐਸਾ ਪ੍ਰਤਾਪ ਸ੍ਰੀ ਸਤਿਗੁਰੂ ਜੀ ਕਾ ਹੈ।

ਬੌਲੀ ਸਾਹਿਬ ਕੇ ਕੋਲ ਅਕਾਲੀਆਂ ਦੇ ਬਾਗ ਨਿਹੰਗ ਸਿੰਘ ਉਤਰੇ ਹੋਏ ਸੀ। ਗੁਰੂ ਜੀ ਆਏ। ਤਪਾ ਸਿੰਘ ਨਿਹੰਗ ਨੇ ਆਸਣ ਵਿਛਾਇ ਦਿੱਤਾ। ਹੋਰ ਭੀ ਗੁਰਦਵਾਰਿਆਂ ਵਾਲੇ ਸਦਵਾਏ ਹੋਏ ਸੀ। ਗੁਰੂ ਜੀ ਬਚਨ ਕੀਤਾ ਕਹੋ ਤਪਾ ਸਿੰਘ ਕੀ ਕੈਂਹਦਾ ਸੈਂ। ਮਗਰੋਂ ਨਾ ਕਹਿਣਾ ਕਿ ਕੀ ਬਿਲਾਸ ਨਾ ਕੀਤਾ ਹੈ। ਤਪਾ ਸਿੰਘ ਬੋਲਿਆ ਜੇੜ੍ਹੀ ਤ੍ਰੇੜ ਹੈ ਸੋ ਮਿਲਾਇ ਦੇਵੋ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਜਿਵੇਂ ਮਿਲਦੀ ਹੈ ਤਿਵੇਂ ਮੇਲੋ ਅਸੀਂ ਰਾਜੀ ਹਾਂ। ਮੈਂ ਤਾਂ ਐਸੇ ਹੀ ਹਾਂ ਜੈਸੇ ਕਿਸੇ ਦੀ ਵਸਤ ਹੁੰਦੀ ਹੈ, ਅਸੀਂ ਸਾਂਭ ਲਈ ਹੈ। ਸੋ ਫੇਰ ਉਸਕੋ ਕੈਹਣਾ ਕਿ ਭਾਈ ਤੇਰੀ ਵਸਤ ਸੀ ਸੋ ਸਾਂਭ ਲੈ। ਮੈਂ ਧਰਮ ਦ੍ਰਿੜਾਇਆ ਹੈ ਜੋ ਭੁਲ ਗਿਆ ਸੀ। ਸੋ ਦੁਬਾਰੇ ਯਾਦ ਕਰਾਇਆ ਹੈ ਕਿ ਨਾਮ ਦਾਨ ਇਸ਼ਨਾਨ ਕਰੋ। ਜੈਸੇ ਕਿਸੇ ਕੀ ਤਲਵਾਰ ਜਰ ਖਾਧੀ ਹੋਈ

1 ਝੰਡੇ ।

2 ਤਪਾ ਸਿੰਘ ਨਿਹੰਗ ਨੇ ਸਤਿਗੁਰੂ ਜੀ ਨੂੰ ਪਹਿਲਾਂ ਕਤਲ ਕਰਨ ਦਾ ਮਨਸੂਬਾ ਤਿਆਰ ਕੀਤਾ ਸੀ। ਪਰ ਇਸ ਸਮੇ ਦੇ ਵਾਰਤਾਲਾਪ ਤੋਂ ਸੰਤੁਟ ਹੋ ਕੇ ਉਸਨੇ ਦੁਰਵਿਚਾਰ ਨੂੰ ਤਿਆਗ ਦਿੱਤਾ।

ਹੋਵੇ ਸੋ ਸਿਕਲੀਗਰ ਮਾਂਜ ਦੇਂਦਾ ਹੈ, ਤੈਸੇ ਮੈਂ ਤਾ ਜਰ ਲਾਹੀ ਹੈ। ਤਪਾ ਸਿੰਘ ਕਿਹਾ ਜੀ ਆਪ ਨੇ ਬੜਾ ਪਰ ਉਪਕਾਰ ਕੀਤਾ ਹੈ। ਜੀਵਾਂ ਕੋ ਨਾਮ ਕੀ ਤਰਫ਼ ਲਾਇਆ ਹੈ। ਰਹਿਤ ਮਰਯਾਦਾ ਦੱਸੀ ਹੈ। ਤੀਨ ਗੱਲਾਂ ਨਹੀਂ ਕਰਦੇ ਹੋ। ਇਕ ਤਾਂ ਨੀਲ ਨਹੀਂ ਪਹਿਰਦੇ ਹੋ, ਇਕ ਤੁਸੀਂ ਕਿਸੇ ਦੀ ਦੇਗ ਬਣੀਂ ਨਹੀਂ ਛਕਦੇ ਅਤੇ ਸਨਾਤਨ ਮਰਯਾਦਾ ਭੀ ਨਹੀਂ ਕਰਦੇ। ਬਚਨ ਕੀਤਾ ਕਿ ਸਾਰਿਆਂ ਵਿਚੋਂ ਤੂੰ ਬਿਬੇਕੀ ਹੈਂ। ਜੇਕਰ ਕੁਰਹਿਤੀਆ ਕਹੇ ਕਿ ਮੇਰੇ ਹੱਥ ਦਾ ਛਕੋ ਤਾ ਤੁਸੀਂ ਛਕ ਲੇਵੋਗੇ? ਕਹਿਣੇ ਲਗਾ ਜੀ ਨਹੀਂ। ਮੈਂ ਕਾਸਨੂੰ ਛਕਣਾ ਹੈ।

ਇਕ ਛੋਟਾ ਭੁਝੰਗੀ ਖੜਾ ਸੀ। ਗੁਰੂ ਜੀ ਬਚਨ ਕੀਤਾ ਵੇਖੋ ਇਸ ਕੇ ਕਛਹਿਰਾ ਤੇੜ ਹੈ। ਇਹ ਇਸ਼ਨਾਨ ਕਰੇਗਾ ਤਾਂ ਇਕ ਪੌਂਚਾ ਕਛਹਿਰੇ ਕਾ ਪਾ ਕੇ ਤਾਂ ਦੂਸਰਾ ਲਾਹੁੰਦਾ ਹੈ ਅਤੇ ਰਹਿਤ ਮਰਯਾਦਾ ਮੈ ਪੱਕਾ ਹੈ। ਹੋਰ ਬਚਨ ਕੀਤਾ ਅੱਛਾ ਸਿੰਘ ਕੀ ਹੋਇਆ ਜੇ ਘਰ ਮੇਂ ਬਬੇਕੀ ਅਤੇ ਘਰ ਵਾਲੀ ਸਿੰਘਨੀ ਨਸਵਾਰ ਲੈਂਦੀ ਹੋਵੇ ਯਾ ਮੜੀ ਗੋਰ ਪੂਜਦੀ ਹੋਵੇ ਤਾਂ ਸਿੰਘ ਕਾ ਬਬੇਕ ਕਿੱਥੇ ਰਿਹਾ। ਸਿੰਘਨੀ ਕੇ ਹੱਥਾਂ ਕਾ ਜਲ ਪਾਣੀ ਸਭ ਕੁਝ ਬਰਤਣਾ ਹੋਇਆ। ਤਪੇ ਨੇ ਕਹਾ ਕਿ ਤੁਸੀਂ ਕੁਸੰਗੀ ਕਿਸ ਕੋ ਆਖਦੇ ਹੋ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਕੁਸੰਗੀ ਉਸਕੋ ਆਖਦੇ ਹੈਂ ਜੋ ਸ਼ਬਦ ਕੋ ਨਾ ਮੰਨੇ। ਰੀਤੀ ਕੋ ਛੋੜ ਦੇਵੇ।ਜੋ ਜੋ ਗੁਰੂਆਂ ਨੇ ਫੁਰੇਮਾਇਆ ਹੈ ਸੋ ਸੋ ਰੀਤੀ ਕਰੇ ਸੋ ਸਿੰਘ ਪੂਰਾ। ਅਸੀਂ ਜੋ ਕੁਝ ਸ੍ਰੀ ਗ੍ਰੰਥ ਸਾਹਿਬ ਮੈ ਲਿਖਿਆ ਹੈ ਸੋ ਸੋ ਮੰਨਦੇ ਹਾਂ। ਅਸੀਂ ਬੇਦ ਰੀਤੀ ਨਹੀਂ ਮੰਨਦੇ। ਮੁਢੋਂ ਏਹੀ ਹੁੰਦੀ ਆਈ ਹੈ। ਜੈਸੇ ਗੁਰਵਾਕ ਹੈ- ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ।

ਸੋ ਸਾਡਾ ਕੁਸੰਗੀਆਂ ਨਾਲ ਕਦੇ ਮੇਲਾ ਨਹੀਂ ਹੋਣਾ। ਜੋ ਤੁਸੀਂ ਨੀਲ ਕੀ ਬਾਬਤ ਆਖਿਆ ਹੈ ਸੋ ਨੀਲ ਬਸਤਰ ਪੌਣੇ ਕਿੱਥੇ ਲਿਖੇ ਹੈ? ਦਸਵੇਂ ਪਾਤਸ਼ਾਹ ਜੀ ਨੇ ਮਾਛੀਵਾੜੇ ਬਸਤਰ ਸੁਰਮਈ ਬਣਾਏ ਸੇ। ਸੋ ਸੁਰਮੇਂ ਮੇਂ ਬਣਾਏ ਸੇ ਪਰ ਇਹ ਨਹੀਂ ਕਿ ਹਰ ਇਕ ਵਾਸਤੇ ਸੁਰਮਈ ਕਪੜੇ ਬਨਾਉਣੇ ਕਾ ਹੁਕਮ ਦਿੱਤਾ ਹੋਵੇ। ਉਹ ਸਮਾਂ ਹੀ ਮੁਸੀਬਤ ਕਾ ਥਾ ਸੋ ਗੁਜਾਰ ਗਿਆ। ਐਸਾ ਨਹੀਂ ਕਿ ਹਮੇਸ਼ਾਂ ਵਾਸਤੇ ਸਿੰਘਾਂ ਕੋ ਹੁਕਮ ਹੀ ਸੁਰਮਈ ਕਾ ਦੇ ਦਿੱਤਾ ਹੋਵੇ। ਉਨ੍ਹਾਂ ਨੇ ਮੁਸੀਬਤ ਮੈ ਸੁਰਮਈ ਕਪੜੇ ਪਾਏ ਸੇ, ਤੁਹਾਨੂੰ ਕੀ ਮੁਸੀਬਤ ਹੈ ਤੁਸੀਂ ਹਮੇਸ਼ਾਂ ਨੀਲੇ ਬਸਤਰ ਰੱਖਦੇ ਹੋ। ਸ੍ਰੀ ਸਤਿਗੁਰੂ ਜੀ ਨੇ ਤਪੇ ਕੋ ਪੂਰੇ ਪੂਰੇ ਉੱਤਰ ਦਿੱਤੇ।

'ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ। ਏਹ ਤੁਕ ਨਿਹੰਗ ਨੇ ਪੜੀ ਕਿ ਦੇਖੋ ਲਿਖਿਆ ਹੋਇਆ। ਗੁਰੂ ਜੀ ਬਚਨ ਕੀਤਾ ਏਹ ਐਸ ਤਰ੍ਹਾਂ ਹੈ ਕਿ ਨੀਲ ਬਸਤਰ ਲੇ ਕਪੜੇ ਫਾਰੇ ਤੁਰਕ ਪਠਾਣੀ ਅਮਲ ਗਇਆ।

ਦਸਵੇਂ ਪਾਤਸ਼ਾਹ ਜੀ ਨੀਲ ਪੈਹਰਨ ਵਾਲਿਆਂ ਕੋ ਮਾਰਿਆ ਹੈ। ਨੀਲ ਗਊ ਕੇ ਚਮੜੇ ਸਮਾਨ ਹੈ। ਜਿਨਾਂ ਚਿਰ ਗਊ ਕੀ ਰਤ ਨਾ ਪਵੇ ਉਨ੍ਹਾਂ ਚਿਰ ਨੀਲ ਨੂੰ ਰੰਗ ਪੂਰਾ ਨਹੀਂ ਆਉਂਦਾ। ਨੀਲ ਅਤੇ ਤਮਾਕੂ ਅਤੇ ਮੱਖੀ ਔਰ ਝੂਠ ਅਤੇ ਛੁਰੀ ਏਹ ਪੰਜੇ ਚੀਜ਼ਾਂ ਕਲਜੁਗ ਲੈ ਕੇ ਆਇਆ ਹੈ। ਸੋ ਪੰਜਾਂ ਚੀਜ਼ਾਂ ਕਾ ਹੀ ਬਿਸਤਾਰ ਸਾਰੀ ਦੁਨੀਆਂ ਪਰ ਹੋ ਰਿਹਾ ਹੈ। ਜੋ ਝੂਠ ਹੈ ਸੋ ਕਲਜੁਗ ਕਾ ਟੈਹਲੂਆ ਹੈ। ਬਚਨ ਹੋਇਆ ਦੋ ਬਾਣੇ ਚੰਗੇ ਹੈਨ ਚਿੱਟਾ ਔਰ ਦੂਸਰਾ

ਬਸੰਤੀ। ਗੁਰੂ ਜੀ ਬਚਨ ਕੀਤਾ ਤਪਾ ਸਿੰਘ ਹੁਣ ਤੂੰ ਰਾਜੀ ਹੈਂ? ਤਪਾ ਸਿੰਘ ਨੇ ਸ੍ਰੀ ਸਾਹਿਬ ਨਾਲੋਂ ਏਕ ਛੋਟੀ ਸੀ ਲੀਰ ਪਾੜ ਕੇ ਦਿੱਤੀ ਕਿ ਏਸ ਲੀਰ ਕੋ ਤੁਸੀਂ ਸੀਸ ਪਰ ਪਹਿਰੋ ਤਾਂ ਮੈਂ ਰਾਜੀ ਹਾਂ। ਗੁਰੂ ਜੀ ਨੀਲਾ ਬਸਤਰ ਲੈ ਕੇ ਜੈਮਲ ਸਿੰਘ ਗਧੇਵਾਲੇ ਕੋ ਦੇ ਦਿੱਤਾ।

ਤਪਾ ਸਿੰਘ ਨੇ ਆਖਿਆ ਜਿਸ ਕੀ ਪਗ ਲਹਿ ਜਾਵੇ ਸੋ ਤਨਖਾਹੀਆ ਹੈ। ਦਸਵੇਂ ਪਾਤਸ਼ਾਹ ਜੀ ਕਾ ਹੁਕਮ ਹੈ। ਬਚਨ ਹੋਇਆ ਤੁਸੀਂ ਦੇਖੇ ਹੈਨ ਦਸਵੇਂ ਪਾਤਸ਼ਾਹ ਜੀ? ਆਖਿਆ ਕਿ ਦੇਖਿਆ ਤਾਂ ਨਹੀਂ। ਬਚਨ ਹੋਇਆ ਦੇਖੇ ਕਾ ਅਤੇ ਸੁਣੇ ਕਾ ਬੜਾ ਫ਼ਰਕ ਹੈ। ਐਵੇਂ ਹੋਰ ਹੋਰ ਲੋਕਾਂ ਸਿੰਘਾਂ ਕਵੀਸ਼ਰੀ ਕਰ ਕਰ ਲਿਖੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਿਤੇ ਨਹੀਂ ਲਿਖਿਆ। ਸੂਤਰ ਕੀ ਬਾਬਤ ਗ੍ਰੰਥ ਸਾਹਿਬ ਮੈ ਲਿਖਾ ਹੈ- 'ਨਾਚੁ ਰੇ ਮਨ ਗੁਰ ਕੈ ਆਗੈ।' ਸੋ ਸੂਤਰ ਜੋ ਹੋਂਦਾ ਹੈ ਸੋ ਤਦ ਹੋਂਦਾ ਹੈ ਜਦ ਸ਼ਬਦ ਕੇ ਨਾਲ ਮਨ ਲੀਨ ਹੋ ਜਾਂਦਾ ਹੈ। ਸੋ ਜੇ ਪ੍ਰਮੇਸ਼ਰ ਕੇ ਸ਼ਬਦ ਨਾਲ ਲੀਨ ਹੋਇਆਂ ਤੋਂ ਇਧਰ ਕੀ ਸੁਰਤ ਭੁਲ ਗਈ, ਸਾਫ਼ੇ ਨਾਲੇ ਹੋਰ ਸਰੀਰ ਕੀ ਸੁਧ ਨ ਰਹੀ, ਪਿਆ ਲਹਿ ਜਾਵੇ। ਸੋ ਤਨਖਾਹੀਏ ਨਹੀਂ ਹੋ ਸਕਦੇ। ਏਹ ਸੱਚਾ ਪ੍ਰੇਮ ਹੈ। ਨਿਹੰਗ ਨੇ ਆਖਿਆ ਕਿ ਜੇਕਰ ਤੁਸੀਂ ਦਸਵੇਂ ਪਾਤਸ਼ਾਹ ਜੀ ਕੇ ਅਵਤਾਰ ਹੋ ਤਾਂ ਸਤਲੁਜ ਵਿੱਚ ਜੋ ਮਾਇਆ ਸੁੱਟੀ ਸੀ ਕੱਢ ਕੇ ਦਿਖਾਲੋ। ਬਚਨ ਕੀਤਾ ਜੇਕਰ ਅਸੀਂ ਹੁਣ ਸਤਲੁਜ ਵਿੱਚੋਂ ਮਾਇਆ ਕਢੀਏ ਤੇ ਹੁਣ ਨਾ ਧੁਆਡੇ ਕੰਮ ਨਾ ਸਾਡੇ ਕੰਮ। ਕਿਉਂ ਧਰਤੀ ਜੋ ਅੰਗ੍ਰੇਜ਼ਾਂ ਪਾਸ ਹੈ।(ਅੰਗ੍ਰੇਜ਼ ਗੌਰਮਿੰਟ ਦਾ ਇਹ ਕਾਨੂੰਨ ਹੈ ਕਿ ਜ਼ਮੀਨ ਵਿੱਚੋਂ ਜੋ ਖਜ਼ਾਨਾ ਨਿਕਲੇ ਉਸ ਉੱਥੇ ਗੌਰਮਿੰਟ ਦਾ ਅਧਿਕਾਰ ਹੁੰਦਾ ਹੈ) ਰਾਜ ਅੰਗ੍ਰੇਜ਼ ਦਾ ਹੈ ਤਾਂ ਕਰਕੇ ਤੁਹਾਡੇ ਸਾਡੇ ਪਾਸ ਨਹੀਂ ਇਹ ਮਾਇਆ ਰਹਿਣੀ। ਅਸੀਂ ਕਢਾਂਗੇ ਸਮਾਂ ਪਾ ਕੇ। ਜਾਂ ਗੁਰੂ ਕਢਵਾਏਗਾ ਤਾਂ ਕਢਾਂਗੇ।

ਏਕ ਨਿਹੰਗ ਗਾਲ੍ਹਾਂ ਕਢੇ ਕਿ ਸਾਡੀ ਮਿਲੌਨੀ[1] ਨਹੀਂ ਹੋਣ ਦੇਂਦੇ ਨਿਹੰਗ ਨਿਰਮਲੇ ਅਤੇ ਪੁਜਾਰੀ। ਜੋ ਨਹੀਂ ਮਿਲੌਨੀ ਹੋਣ ਦੇਂਦੇ ਸੋ ਖਾਲਸੇ ਮੇਂ ਕਾਂਗਿਯਾਰੀ[2] ਹੈਂ। ਬਚਨ ਕੀਤਾ ਕਿ ਤਪਾ ਸਿੰਘ ਹੁਣ ਰਾਜੀ ਹੈਂ? ਤਪਾ ਸਿੰਘ ਹਾਥ ਜੋੜ ਕੇ ਆਖਿਆ ਜੀ ਮੈ ਬੜਾ ਪ੍ਰਸੰਨ ਹਾਂ। ਨਿਹੰਗਾਂ ਨੇ ਅਤੇ ਖਾਲਸੇ ਨੇ ਗੱਜ ਕੇ ਫ਼ਤੇ ਬੁਲਾਈ। ਜੈਕਾਰਾ ਉੱਚੀ ਸੇ ਗਜਾਇਆ। ਤੀਨ ਨਿਹੰਗ ਹੱਥ ਜੋੜਕੇ ਖੜੇ ਹੋਏ ਕਿ ਜੀ ਸਾਨੂੰ ਭਜਨ ਮਿਲੇ। ਗੁਰੂ ਜੀ ਨੇ ਤਿੰਨਾਂ ਸਰੀਰਾਂ ਕੋ ਭਜਨ ਦੇ ਦੀਆ। ਡੇਰੇ ਵਾਪਸ ਆਏ। ਏਕ ਕੋਈ ਸ਼ਰਾਬ ਪੀ ਕੇ ਸਿੰਘਾਂ ਦੇ ਕੋਲ ਆਇ ਬੈਠਾ। ਮੁਸ਼ਕ ਦੇਣੇਂ ਲਗਾ। ਹੁਕਮ ਹੋਇਆ ਬੰਨ੍ਹਕੇ ਬਠਾਲ ਦਿਓ। ਬੰਨ੍ਹਕੇ ਬਠਾਲ ਦੀਆ। ਸਿੰਘਾਂ ਨੇ ਕਹਾ ਕਿ ਸ਼ਰਾਬ ਪੀ ਕੇ ਬਕਣ ਪਿਆ ਮਾਰਦਾ ਹੈ। ਗੁਰੂ ਜੀ ਨੇ ਕਹਾ ਛੱਡ ਦਿਓ ਏਨੂੰ। ਅਸਾਂ ਕੋਈ ਕੈਦ ਨਹੀਂ ਕਰਨੇਂ ਹੈਨ। ਆਪਣੇ ਆਪ ਸਭ ਕੁਝ ਛੱਡ ਦੇਣਗੇ ਸਮੇਂ ਨਾਲ।

## ਸੱਦਾਂ ਮਸਤਾਨੀ

ਸ੍ਰੀ ਸਤਿਗੁਰੂ ਜੀ ਪਲੰਘ ਪਰ ਬੈਠੇ ਸੀ। ਏਤਨੇ ਮੈ ਏਕ ਥਾਨੇਦਾਰ ਆਇਆ। ਕੁਰਸੀ

---

1 ਮੇਲ-ਮਿਲਾਪ।

2 ਨਦੀਨ ।

ਦਿੱਤੀ, ਕੁਰਸੀ ਪਰ ਬੈਠਾ। ਏਤਨੇ ਨੂੰ ਸੱਦਾਂ ਮਸਤਾਨੀ ਫਿਰਦੀ ਫਿਰਦੀ ਆਇ ਗਈ। ਕਹਿਣ ਲੱਗੀ ਕਿਓਂ ਵੇ ਸੂਰ ਖਾਣਿਆ ਮੇਰੇ ਗੁਰੂ ਜੀ ਦੇ ਬਰਾਬਰ ਬੈਠਾ ਹੈਂ ? ਥਾਨੇਦਾਰ ਤਾਂ ਚੁਪ ਰਿਹਾ, ਸਿੰਘਾਂ ਨੇ ਅਰਜ਼ ਕੀਤੀ ਜੀ ਥਾਨੇਦਾਰ ਨੂੰ ਗਾਲ਼ਾਂ ਕਢੀਆਂ ਹੈਂ। ਗੁਰੂ ਜੀ ਕਹਾ ਸੌ ਜੁੱਤੀ ਮਾਰੋ ਸੱਦਾਂ ਨੂੰ। ਕਈ ਸਿੰਘ ਭੀ ਖਿਝੇ ਹੋਏ ਸੇ। ਸਭ ਨੂੰ ਸਾਮ੍ਹਣੇ ਸੁਣੀਂਦੀ ਹੁੰਦੀ ਸੀ। ਲਗੀਆਂ ਜੁੱਤੀਆਂ ਪੈਣ। ਜੁੱਤੀ ਪਵੇ ਤੇ ਸੱਦਾਂ ਸੂਰਖਾਣਾ ਹੀ ਕਹੇ। ਜਾਂ ਸੌ ਜੁੱਤੀ ਲਗੀ ਤਾਂ ਸਤਿਗੁਰੂ ਜੀ ਅੰਦਰ ਪਲੰਘ ਪਰ ਲੇਟੀ ਜਾਣ। ਥਾਨੇਦਾਰ ਨੇ ਉਂਗਲੀ ਮੂੰਹ ਮੇਂ ਲੈ ਲਈ ਕਿ ਇਸਦੇ ਸੌ ਜੁੱਤੀ ਲਗੀ ਹੈ ਇਸਦੀ ਬੋ ਓਵੇਂ ਹੀ ਹੈ ਉਤਰੀ ਨਹੀਂ। ਏਨੂੰ ਜਾਣੋ ਲਗੀਆਂ ਹੀ ਨਹੀਂ ਹੈਂ। ਥਾਨੇਦਾਰ ਨੇ ਕਹਾ ਕਿ ਇਹ ਗੁਨਾਹ ਮੈਨੂੰ ਹੋਇਆ ਹੈ ਜੋ ਏਤਨੀਆਂ ਜੁੱਤੀਆਂ ਮਰਵਾਈਆਂ ਹੈਨ। ਮੈਂ ਤਾਂ ਖੁਦਾ ਨੂੰ ਜੁੱਤੀਆਂ ਮਰਵਾਈਆਂ ਹੈ। ਸਿੰਘਾਂ ਨੇ ਮਾਰੀਆਂ ਭੀ ਬੜੇ ਯੋਰ ਨਾਲ। ਕਸਰ ਨ ਸੀ ਕਿਸੇ ਛੱਡੀ। ਏਥੇ ਕਿਧਰੇ ਯਾਦ ਖਿਆਲ ਭੀ ਨਹੀਂ ਹੈ। ਮੇਰੇ ਹੀ ਸਿਰ ਗੁਨਾਹ ਹੋਇਆ ਹੈ। ਜਾਂ ਸ੍ਰੀ ਸਤਿਗੁਰੂ ਜੀ ਦੇ ਸਾਮ੍ਹਣੇ ਹੋਈ ਤਾਂ ਪੁੱਛਿਆ ਸੱਦਾਂ ਤੇਰੇ ਕੋਈ ਸੱਟ ਤਾਂ ਨਹੀਂ ਲੱਗੀ। ਆਖਣ ਲਗੀ 'ਜਿਸ ਕੇ ਸਿਰ ਊਪਰਿ ਤੂੰ ਸੁਆਮੀ ਸੋ ਦੁਖੁ ਕੈਸਾ ਪਾਵੈ।' ਦੀਨ ਦਿਆਲ ਜੀ ਬਚਨ ਕੀਤਾ ਜਿਧਰ ਸੱਟ ਲਗਦੀ ਸੀ ਉਧਰ ਹੀ ਪਾਸਾ ਅੱਗੇ ਕਰਕੇ ਝਲਦੇ ਰਹੇ ਹੈਂ। ਤੈਨੂੰ ਨਹੀਂ ਸੱਟ ਲਗਣ ਦਿੱਤੀ।

ਸਤਿਗੁਰਾਂ ਬਚਨ ਕੀਤਾ ਅਸਾਂ ਇੰਦਰ ਰਾਜੇ ਨਾਲ ਹੋਲਾ ਖੇਲਣਾ ਹੈ। ਕੰਜਰੀਬਾਜ ਤੇ ਮੁੰਡੇਬਾਜ ਤੇ ਮਾਸ ਸ਼ਰਾਬ ਖਾਣ ਪੀਣ ਵਾਲਿਆਂ ਨਾਲ ਕਾਹਨੂੰ ਖੇਲਨਾ ਹੈ। ਏਨਾਂ ਪੁਜਾਰੀਆਂ ਦੇ ਮੱਥੇ ਕਾਹਨੂੰ ਲੱਗਣਾ ਹੈ ਜਿਨ੍ਹਾਂ ਕੀ ਮਤ ਪੂਜਾ ਨੇ ਮਾਰੀ ਹੋਈ ਹੈ। ਐਤਕੀਂ ਹੋਲਾ ਇੰਦਰ ਨਾਲ ਖੇਲਣਾ ਹੈ। ਪ੍ਰਸ਼ਾਦ ਛਕਿਆ। ਪਿਛਲੇ ਪਹਿਰ ਕਾ ਦੀਵਾਨ ਲਗਿਆ। ਰਾਤ ਕੋ ਭਜਨ ਬਾਣੀ ਹੁੰਦੀ ਸੀ। ਬਦਲੀ ਭੀ ਆਇ ਹਾਜ਼ਰ ਹੋਈ। ਬਾਰਸ਼ ਹੋਣ ਲਗੀ। ਛੌਲਦਾਰੀ ਲਗੀ ਰਹੀ।ਸਾਰੀ ਰਾਤ ਸ਼ਬਦ ਪੜਦੇ ਰਹੇ। ਆਸਾ ਕੀ ਵਾਰ ਲਗਣੇ ਲਗੀ। ਸਾਰੇ ਸਿੰਘ ਸੁਖਮਾਂਜ ਹੀ ਥੇ। ਗੁਰੂ ਜੀ ਹੁਕਮ ਦਿੱਤਾ ਇਸ਼ਨਾਨ ਕਰ ਆਓ। ਇਕ ਸਿੰਘ ਮਸਤਾਨੇ ਕੇਸਰ ਸਿੰਘ ਸ਼ਬਦ ਉਚਾਰਿਆ 'ਹਉ ਆਇਆ ਦੂਰਹੁ ਚਲਿਕੈ ਮੈ ਤਕੀ ਤਉ ਸਰਣਾਇ ਜੀਉ।'ਗੁਰੂ ਜੀ ਬਚਨ ਕੀਤਾ ਅੰਦਰ ਲੰਘ ਆਉ ਹੁਣ ਤਾਂ ਨੇੜਾ ਹੈ। ਜੋਟੀਆਂ ਕੇ ਸ਼ਬਦ ਲੰਬੀ ਹੇਕ ਨਾਲ ਪੜ੍ਹਨ ਲਗੇ। ਪ੍ਰਸ਼ਾਦ ਕੇ ਵਕਤ ਬਾਰਸ਼ ਬੰਦ ਹੋਇ ਜਾਣੀ। ਜਾਂ ਪ੍ਰਸ਼ਾਦ ਛਕ ਲੈਣਾਂ ਤਾਂ ਫੇਰ ਬਾਰਸ਼ ਹੋਣ ਲਗ ਪੈਣੀਂ।

## ਜੋਤਾ ਸਿੰਘ

ਜੋਤਾ ਸਿੰਘ ਨਾਲ ਸੀ[1]। ਰਾਗੀਆਂ ਨੂੰ ਡੂਮ ਹੀ ਦੱਸੇ। ਦੀਨ ਦਿਆਲ ਜੀ ਬਚਨ ਕੀਤਾ ਬੁਰਜੀ ਬੰਦ ਕਰ ਲਈਏ। ਤੇਰੀ ਹੱਦ ਕੇ ਬੀਚ ਰਾਗੀ ਨਾ ਜਾਣ। ਦਸ ਤੇਰੀ ਹੱਦ ਕਿਥੋਂ ਤਾਈਂ ਹੈ ? ਜਿੱਥੇ ਤੋੜੀ ਤੇਰੀ ਸਿੱਖੀ ਹੈ ਤਿੱਥੇ ਤੋੜੀ ਤੂੰ ਸਾਨੂੰ ਦੱਸ ਜੋਤੀ ਖੋਤੀ। ਕੋਲੋਂ ਸਿੰਘਾਂ ਨੇ ਕਹਾ ਜੋਤਾ ਸਿੰਘ ਕੋ ਤੂੰ ਬਖਸ਼ਾਇ ਲੈ। ਨਾ ਬਖਸ਼ਾਇਆ। ਸਗੋਂ ਕਹੇ ਕਿ ਹਜ਼ਰੋਂ ਸਾਹਿਬ ਥੀਂ ਕੱਠਾ ਭਜਨ ਲਿਆ ਹੋਇਆ ਹੈ। ਮੇਰਾ ਗੁਰਭਾਈ ਹੈ। ਫੇਰ ਜੋਤਾ ਸਿੰਘ ਦਿੱਤੂ ਰਾਗੀ ਨੂੰ ਕਹਿਆ ਕਿ

1 . ਸਪੁੱਤਰ ਸ੍ਰ. ਰਤਨ ਸਿੰਘ, ਪਿੰਡ ਢਪਈ, ਜ਼ਿਲ੍ਹਾ ਸਿਆਲਕੋਟ

ਮੇਰੀ ਹੱਦ ਮੈ ਨਾ ਵੜੀਂ। ਦਿੱਤੂ ਰਾਗੀ ਨੇ ਕਹਿਆ ਕਿ ਸਾਨੂੰ ਤਾਂ ਸਾਰੀ ਧਰਤੀ ਸਤਿਗੁਰੂ ਜੀ ਕੀ ਦਿਸਦੀ ਹੈ। ਅਰਜ਼ ਕੀਤੀ ਗੁਰੂ ਜੀ ਕੇ ਹਜ਼ੂਰ, ਜੀ ਜੋਤਾ ਸਿੰਘ ਕਹਿੰਦਾ ਹੈ ਕਿ ਮੇਰੇ ਇਲਾਕੇ ਨਾ ਜਾਇਆ ਕਰੋ। ਤੇਜੀ ਮੈ ਹੋਇਕੇ ਬਚਨ ਕੀਤਾ ਹੋ ਜੋਤੀ ਖੋਤੀ ਤੇਰੀ ਮਤ ਗਧੀਆਂ ਹਿਕਣ ਵਾਲੀ ਹੈ। ਪਹਿਲੇ ਘੁਮਿਆਰ ਸੀ। ਦਿਤਾ ਤੇ ਸੀ ਮਿਰਗਾਨ ਸ਼ੇਰ ਦਾ, ਅਕਲ ਤੇਰੀ ਓਹੀ ਰਹੀ। ਜਾਹ ਤੂੰ ਆਪਣੀ ਹੱਦ ਮੈ ਹੀ ਰਹੇਂਗਾ, ਬਾਹਰ ਨਹੀਂ ਨਿਕਲੇਂਗਾ। ਆਸਾ ਕੀ ਵਾਰ ਕੇ ਵਕਤ ਬਚਨ ਕੀਤਾ ਇਸ਼ਨਾਨ ਕਰੋ, ਜੇ ਧੁਆਨੂੰ ਸਰਦੀ ਹੋਵੇ ਤਾਂ ਅਸੀਂ ਰਾਖੇ ਹਾਂ। ਸਿੰਘ ਇਸ਼ਨਾਨ ਕਰਕੇ ਬੈਠੇ ਹੈਂ। ਸਤਿਗੁਰੂ ਜੀ ਬਚਨ ਕੀਤਾ ਹੁਣ ਧੁਆਡੇ ਮੂੰਹ ਚੰਨਾਂ ਵਰਗੇ ਹਨ ਨਾਲੇ ਆਲਸ ਦੂਰ ਹੋਇ ਜਾਂਦਾ ਹੈ। ਭਜਨ ਬਾਣੀ ਭੀ ਚੰਗਾ ਹੁੰਦਾ ਹੈ।

## ਪਹਿਲੂ ਸਿੰਘ ਦਾ ਰੁਪਯਾ

ਪਹਿਲੂ ਸਿੰਘ ਨੇ ਦੋ ਰੁਪਈਏ ਭੇਟਾ ਧਰੀ। ਅਤਰ ਸਿੰਘ ਨੇ ਰੁਪਈਏ ਉਠਾਇ ਲੀਏ। ਪਹਿਲੂ ਸਿੰਘ ਨੇ ਸੰਕਲਪ ਕੀਤਾ ਰੁਪਈਏ ਸਿੰਘ ਨੇ ਉਠਾਇ ਲੀਏ ਹੈਨ ਸਤਿਗੁਰੂ ਜੀ ਨਹੀਂ ਦੇਖੇ। ਏਤਨੇ ਚਿਰ ਵਿੱਚ ਏਕ ਸਿੰਘ ਨੇ ਏਕ ਰੁਪਈਆ ਆਇ ਧਰਿਆ। ਅੰਤਰਜਾਮੀ ਜੀ ਪੈਹਲੂ ਸਿੰਘ ਨੂੰ ਬਚਨ ਕੀਤਾ ਲੈ ਤੇਰਾ ਇਕ ਰੁਪਈਆ ਸਾਨੂੰ ਬਹੁਤ ਹੈ ਇਹ ਇਕ ਤੂੰ ਰੱਖ। ਜਾਣਿਆ ਜੋ ਧੰਨ ਸ੍ਰੀ ਸਤਿਗੁਰੂ ਅੰਤਰਜਾਮੀ ਹੈਂ। ਮੈਂ ਮੂੰਹੋਂ ਨਹੀਂ ਕਹਿਆ। ਮੇਰਾ ਭਰਮ ਦੂਰ ਹੋਇਆ। 'ਘਟ ਘਟ ਕੇ ਪਟ ਪਟ ਕੀ ਜਾਨੈ।' ਬੋਲਾ ਕੀਤਾ ਗੁਰੂ ਜੀ ਇਓਂ ਨਾ ਕਹਿਓ ਕੱਛਾਂ ਪਾਇ ਲਈਆਂ ਹੈਂ ਤੇ ਕੇਸ ਰੱਖ ਲਏ ਹੈਨ ਤੇ ਅਸੀਂ ਸਿੰਘ ਹੋ ਗਏ ਹੈਂ। ਸਿੱਖੀ ਦੂਰ ਹੈ। ਇਕ ਦਿਨ ਐਸਾ ਆਵੇਗਾ ਕੱਛਾਂ ਲਾਹਕੇ ਖੂੰਜਿਆਂ ਮੈ ਲੁਕੋਇ ਦਿਓਗੇ ਤੇ ਛਾਪਿਆਂ ਪਰ ਧਰ ਕੇ ਫੂਕੋਗੇ। ਤੁਸੀਂ ਕਹੋਗੇ ਅਸੀਂ ਰਾਮ ਸਿੰਘ ਦੇ ਸਿੱਖ ਕੋਈ ਨਹੀਂ ਹੈਂ। ਕਿਸੇ ਰੋਜ਼ ਨੂੰ ਸਾਡਾ ਦੀਦਾਰ ਸੰਗਤ ਨੂੰ ਨਾ ਹੋਵੇਗਾ। ਅਸਾਂ ਪੂਰਬ ਨੂੰ ਜਾਣਾ ਹੈ। ਜਿਸ ਤਰ੍ਹਾਂ ਰਾਮ ਚੰਦਰ ਜੀ ਨੇ ਸਿਲਾ ਦਾ ਸਰਾਫ ਲਾਹਿਆ ਸੀ ਉਸਦਾ ਉਧਾਰ ਕੀਤਾ ਸੀ, ਤਿਸੀ ਤਰ੍ਹਾਂ ਜਾਵਾਂਗੇ। ਫੇਰ ਕਿਸੇ ਰੋਜ਼ ਨੂੰ ਆਵਾਂਗੇ। ਸਣਦੇਹੀ ਸੰਗਤ ਕਾ ਦੀਦਾਰ ਕਰਾਂਗੇ। ਸੰਗਤ ਸਾਡਾ ਦੀਦਾਰ ਕਰੇਗੀ।

## ਬ੍ਰਹਮ ਨਹੀਂ ਰਿਹਾ

ਏਕ ਸਿੰਘ ਬਿਨਾ ਹੁਕਮ ਥੀਂ ਭਜਨ ਦੇਂਦਾ ਸੀ। ਸਿੰਘਾਂ ਨੇ ਅਰਜ਼ ਕੀਤੀ ਜੀ ਏਹ ਸਿੰਘ ਬਿਨਾ ਹੁਕਮ ਥੀਂ ਭਜਨ ਦੇਂਦਾ ਹੈ। ਗੁਰੂ ਜੀ ਉਸ ਥੀਂ ਪੁੱਛਿਆ ਤੂੰ ਬਿਨਾ ਹੁਕਮ ਥੀਂ ਕਿਓਂ ਭਜਨ ਦੇਂਦਾ ਹੈਂ। ਉਸਨੇ ਅੱਗੇ ਸੇ ਉੱਤਰ ਦਿੱਤਾ ਕਿ ਏਹ ਭੀ ਬ੍ਰਹਮ ਹੈ। ਹੁਕਮ ਹੋਇਆ ਸੰਗਤ ਸੇ ਬਾਹਰ ਕਰ ਦਿਓ। ਉਸੀ ਵਕਤ ਬਾਹਰ ਕਢ ਦਿੱਤਾ। ਪਾਂਚ ਸੈ ਕਦਮ ਪਰ ਛਡ ਆਏ। ਫੇਰ ਏਕ ਪਾਸੇ ਦੀਵਾਨ ਕੇ ਆਇ ਬੈਠਾ। ਮੰਗਲ ਸਿੰਘ ਨੇ ਉਸਕੋ ਮਾਰਿਆ। ਬੇਹੋਸ਼ ਕਰ ਦੀਆ। ਜਾਂ ਹੋਸ਼ ਆਈ ਤਾਂ ਸ੍ਰੀ ਸਤਿਗੁਰੂ ਜੀ ਕੇ ਹਜੂਰ ਆਇ ਅਰਜ਼ ਕੀਤੀ ਜੀ ਮੈਨੂੰ ਮੰਗਲ ਸਿੰਘ ਨੇ ਮਾਰਿਆ ਹੈ। ਬਚਨ ਹੋਇਆ ਇਸ ਨੂੰ ਕਿਓਂ ਮਾਰਿਆ ਹੈ। ਮੰਗਲ ਸਿੰਘ ਨੇ ਕਹਿਆ ਜੀ ਆਪ ਕਾ ਹੁਕਮ ਸੀ ਕਿ ਦੀਵਾਨ ਮੇਂ ਨਾ ਬੈਠੇ ਨਾ ਵੜੇ। ਏਹ ਕਿਓਂ ਆਇਕੇ ਬੈਠਾ ਹੈ।

ਹਾਥ ਜੋੜਕੇ ਕਹਿਣੇ ਲਗਾ ਜੀ ਹੁਣ ਮੇਰੇ ਮੈ ਬ੍ਰਹਮ ਨਹੀਂ ਰਿਹਾ ਹੈ। ਮੈਂ ਭੁਲ ਗਿਆ ਹਾਂ। ਹੁਣ ਨਹੀਂ ਮੈਂ ਭਜਨ ਦੇਂਦਾ। ਪਿਛਲਾ ਗੁਨਾਹ ਬਖਸ਼ੋ। ਬਖਸ਼ ਦਿੱਤਾ ਗੁਰੂ ਜੀ ਉਸਕੋ।

## ਕਾਨ੍ਹ ਸਿੰਘ ਗੜੀਵਾਲਾ

ਅੱਸੀ ਕੁ ਸਿੰਘ ਗੁਰਦੁਆਰਿਆਂ ਕਾ ਦਰਸ਼ਨ ਕਰਨ ਵਾਸਤੇ ਗਏ। ਦੁਨੀਆਂ ਦੇਖਕੇ ਆਂਹਦੀ ਹੈ ਧੰਨ ਗੁਰੂ ਹੈ ਜਿਸ ਕੀਆਂ ਐਸੀਆਂ ਫ਼ੌਜਾਂ ਹੈਂ। ਬਿਨਾਂ ਦਮਾਂ ਥੀਂ ਸੀਸ ਵੇਚਿਆ ਹੋਇਆ ਹੈ। ਤਨ ਮਨ ਧਨ ਏਹ ਤਿੰਨੇ ਅਰਪਨ ਕੀਤੇ ਹੈਂ। ਪਹਿਲੇ ਸਿੰਘ ਮੰਜੀ ਸਾਹਿਬ ਗਏ। ਦੇਖਣ ਤਾ ਪੁਜਾਰੀਆਂ ਕੇ ਸੁਰਮੇਂ ਪਾਏ ਹੋਏ ਹੈਂ ਤੇ ਚੀਰੇ ਬੰਧੇ ਹੋਏ ਹੈਂ। ਸਿੰਘਾਂ ਨੇ ਸੋਢੀਆਂ ਨੂੰ ਕਹਿਆ ਕਿ ਤੁਸੀਂ ਗੁਰਦੁਆਰੇ ਬੈਠੇ ਹੋ ਗੁਰੂ ਕਾ ਅਦਬ ਰੱਖਿਆ ਚਾਹੀਏ। ਤੁਸੀਂ ਸੁਰਮੇਂ ਪਾਇਕੇ ਤੇ ਚੀਰੇ ਬੰਨ੍ਹ ਕੇ ਬੈਠੇ ਹੋ। ਸੋਢੀਆਂ ਨੇ ਕਹਾ ਕਿ ਤੁਸੀਂ ਸਾਨੂੰ ਸਿੱਖਿਆ ਦੇਣ ਆਏ ਹੋ? ਚਲੇ ਜਾਵੋ ਧੁਆਨੂੰ ਨਹੀਂ ਵੜਨ ਦੇਣਾ ਹੈ। ਤੁਸੀਂ ਕੂਕੇ ਕਲਾਮ ਪੜ੍ਹਦੇ ਹੋ। ਕਾਨ੍ਹ ਸਿੰਘ (ਗੜ੍ਹੀ ਜ਼ਿਲ੍ਹਾ ਜਲੰਧਰ) ਨੇ ਕਹਾ ਕਿ ਸਮਾਂ ਨਹੀਂ ਹੈ। ਜੇ ਸਮਾਂ ਹੋਵੇ ਤਾਂ ਤੁਸੀਂ ਨੱਕ ਬਢਣ ਦੀ ਲੈਕ ਹੋ। ਸੋਢੀਆਂ ਕੇ ਮਾਨੋ ਚਿਣਗ ਚੋਲੇ ਵਿਚ ਪੈ ਗਈ। ਸੋਢੀ ਸੋਟੇ ਲੈ ਕੇ ਮਾਰਨ ਲਗੇ। ਸਿੰਘ ਪਿਛਾਂ ਨੂੰ ਮੁੜੇ। ਕਾਨ੍ਹ ਸਿੰਘ ਕਾ ਜੋੜਾ ਲਹਿਕੇ ਦੂਰ ਜਾਇ ਪਿਆ।ਜੋੜਾ ਲੈਣ ਲਗੇ ਨੂੰ ਧੱਕਾ ਲਗਿਆ ਤਾਂ ਕਾਨ੍ਹ ਸਿੰਘ ਨੇ ਸਿੱਖਾਂ ਨੂੰ ਕਹਿਆ ਕਿ ਭਜਦਿਆਂ ਨੂੰ ਡੇਰਾ ਦੂਰ ਹੈ। ਏਤਨਾ ਕਹਿਕੇ ਹੱਲੇ ਨਾਲ ਜਾਇ ਪਿਆ ਸੋਢੀਆਂ ਉੱਤੇ। ਮਾਰਨ ਲਗਾ। ਉੱਤੋਂ ਦੀ ਲਤਾੜਦਾ ਮਾਰਦਾ ਲੰਘ ਗਿਆ। ਸੋਢੀ ਡਿਗ ਡਿਗ ਪੈਣ। ਧੱਕੇ ਨਾਲ ਧੱਕਾ ਲੱਗੇ। ਅੱਗੇ ਕੋਈ ਨਾ ਠਹਿਰਿਆ।

ਕਾਨ੍ਹ ਸਿੰਘ ਨੇ ਪਿੱਛੇ ਦੇਖਿਆ ਸਿੰਘ ਕੋਈ ਨਹੀਂ ਹੈ। ਜੋੜੇ ਕਾ ਪੈਰ ਪਾਵਣ ਗਿਆ ਤਾਂ ਸੋਢੀ ਅਕੱਲਾ ਦੇਖਕੇ ਹੱਲਾ ਕਰਕੇ ਜਾਇ ਪਏ। ਗੁਰੂ ਜੀ ਏਤਨਾ ਬਲ ਪਾਇਆ ਮਾਰਕੇ ਮੰਜੀ ਸਾਹਿਬ ਤਾਈਂ ਫੇਰ ਮੋੜ ਕੇ ਭੇਜੇ। ਅੱਗੇ ਸਿਪਾਹੀ ਥਾ। ਕਾਨ੍ਹ ਸਿੰਘ ਨੇ ਕਹਾ ਕਿ ਹਟਜਾ ਕੰਗਾਲਾ ਮਾਰਿਆ ਜਾਏਂਗਾ। ਨਾ ਹਟਿਆਂ ਤਾਂ ਸਿੰਘ ਨੇ ਚਪੇੜ ਮਾਰੀ ਮੂੰਹ ਉੱਥੇ। ਤਾਂ ਸਿਪਾਹੀ ਦੂਰ ਜਾਇ ਪਿਆ। ਫੇਰ ਡੇਰੇ ਨੂੰ ਗਿਆ।

ਅੱਗੇ ਦੇਖੇ ਤਾਂ ਰਸਾਲਾ ਔਂਦਾ ਹੈ। ਚੌਗਾਨ ਮੈ ਸਿੰਘ ਖੜਾ ਹੋਇਆ। ਸੋਢੀਆਂ ਸੇ ਪੁੱਛਿਆ ਰਸਾਲੇ ਨੇ ਤੁਮ ਜੋ ਕਹਿੰਦੇ ਹੋ ਕੂਕਿਆਂ ਨੇ ਮੰਜੀ ਸਾਹਿਬ ਲੁਟ ਲਈ ਹੈ ਸੋ ਕੌਣ ਹੈਂ ਕੂਕੇ। ਸੋਢੀਆਂ ਨੇ ਕਹਾ ਕਿ ਇਹ ਖੜਾ ਹੈ। ਦੇਖਕੇ ਰਸਾਲੇ ਨੇ ਕਹਾ ਕਿ ਕੱਲੇ ਨੇ ਲੁਟੀ ਹੈ ? ਕਹਾ ਕਿ ਇਕ ਹੋਰ ਹੁੰਦਾ ਤਾਂ ਸਾਰੇ ਮੇਲੇ ਨੂੰ ਲੁੱਟ ਲੈ ਜਾਂਦਾ। ਰਸਾਲੇ ਨੇ ਕਹਾ ਕਿਓਂ ਓਏ ਗਿਦੜਾ ਤੈਂ ਮੇਲਾ ਕਿਓਂ ਬੈਰਾਨ ਕੀਤਾ ਹੈ ? ਕਾਨ੍ਹ ਸਿੰਘ ਨੇ ਕਹਾ ਕਿ ਏਥੇ ਗਿਦੜਾਂ ਦਾ ਕੰਮ ਨਹੀਂ ਹੈ। ਸ਼ੇਰ ਖਾਲਸਾ ਤਿਆਰ ਬਰ ਤਿਆਰ ਖੜੇ ਹੈਂ। ਆਓ ਸਾਮ੍ਹਣੇ ਜਿਸਨੇ ਔਣਾ ਹੈ। ਇਕਨੇ ਸਿੰਘ ਦੇ ਉੱਤੇ ਨੂੰ ਘੋੜਾ ਚਾੜ੍ਹਿਆ। ਸਿੰਘ ਨੇ ਸਲੋਤਰ ਮਾਰਿਆ ਘੋੜੇ ਕੇ ਮੂੰਹ ਉੱਥੇ। ਤਬਕ ਕੇ ਘੋੜੇ ਨੇ ਕਈ ਲੋਕ ਦਬਾ ਲਏ। ਫੇਰ ਮਾਰੋ ਮਾਰ ਹੋਣ ਲੱਗੀ। ਫੇਰ ਦੂਆ ਅਸਵਾਰ ਆਇਆ। ਉਸਕੇ ਭੀ ਘੋੜੇ ਕੇ ਮੂੰਹ ਪਰ ਮਾਰੀ। ਉਸ ਘੋੜੇ ਨੇ ਭੀ ਬਜਾਰ ਕੇ ਕਈ ਆਦਮੀ ਦਬਾਇ ਲੀਤੇ। ਸਿੰਘ ਨੇ ਬੰਗਾਰਿਆ ਜਿਵੇਂ ਧੁਆਡੇ ਹਥ ਹੈ ਸ੍ਰੀ ਸਾਹਿਬ, ਜੇ ਮੇਰੇ ਹਥ ਹੋਵੇ ਤਾਂ

ਧੁਆਡੇ ਸਾਰਿਆਂ ਕੀਆਂ ਮੁੰਡੀਆਂ ਲਾਹ ਲਵਾਂ। ਖੜੇ ਹੋਇਕੇ ਰਸਾਲੇ ਨੇ ਕਹਾ ਕਿ ਤੂੰ ਹਥੋਂ ਸਲੋਤਰ ਸੁਟ ਦੇਓ। ਸਾਡੇ ਤੇਰੇ ਮੈ ਖੁਦਾਉ ਰਿਹਾ। ਅਸੀਂ ਨਹੀਂ ਤੈਨੂੰ ਕੁਝ ਬੀ ਕਹਿੰਦੇ ਹੈਂ। ਜਾਂ ਸੁਗੰਧ ਖਾਧੀ ਤਾਂ ਕਾਨ੍ਹ ਸਿੰਘ ਨੇ ਹਥੋਂ ਸਲੋਤ੍ਰ ਸੁੱਟਿਆ। ਫੇਰ ਰਸਾਲੇ ਨੇ ਫੜ ਲੀਆ ਸਿੰਘ। ਕੁਝ ਸਿੰਘ ਕੋ ਮਾਰਿਆ ਭੀ ਤੇ ਥਾਨੇ ਕੋ ਲੈ ਚਲੇ।

ਅੱਗੇ ਫੂਲਾ ਸਿੰਘ ਮਿਲਿਆ। ਉਸ ਨੇ ਕਹਿਆ ਕਿਓਂ ਲਜਾਂਦੇ ਹੋ ਸਿੰਘ ਕੋ। ਰਸਾਲੇ ਨੇ ਕਹਾ ਤੂੰ ਸੌਹਰਾ ਲਗਦਾ ਹੈਂ? ਫੂਲਾ ਸਿੰਘ ਨੇ ਕਹਾ ਕਿ ਤੁਹਾਡੇ ਮੂੰਹ ਮੈ ਸੂਰ ਦਿੱਤਾ। ਤੁਸੀਂ ਗਾਲ਼ਾਂ ਕਢਦੇ ਹੋ। ਮੈਂ ਤਾਂ ਧੁਆਨੂੰ ਕੁਝ ਨਹੀਂ ਕਹਾ ਥਾ। ਦੋ ਸਿਪਾਹੀ ਜਾਇ ਗਲ਼ ਪਏ। ਫੂਲਾ ਸਿੰਘ ਨੇ ਏਕ ਸਿਪਾਹੀ ਕੇ ਚਪੇੜ ਮਾਰੀ। ਉਹ ਭੀ ਨਾਲ ਹੀ ਫੜ ਲੀਆ। ਥਾਨੇ ਲੈ ਗਏ। ਥਾਨੇਦਾਰ ਨੇ ਕਹਿਆ ਤੁਮ ਬਾਬਾ ਰਾਮ ਸਿੰਘ ਕਾ ਨਾਮ ਕਿਓਂ ਬਦਨਾਮ ਕਰਦੇ ਹੋ? ਓਹ ਤਾਂ ਅੱਛੇ ਲੋਕ ਹੈਂ।

ਕਾਨ੍ਹ ਸਿੰਘ ਨੇ ਕਹਿਆ ਕਿ ਬੀਸ ਰੁਪਈਏ ਲੈ ਲਓ ਤੇ ਸਾਨੂੰ ਛਡ ਦਿਓ। ਥਾਨੇਦਾਰਾਂ ਬਰਗਾ ਕੰਮ ਕਰ। ਥਾਨੇਦਾਰ ਨੇ ਕਹਾ ਕਿ ਜੇ ਮੈਂ ਜਾਂਦਾ ਤਾਂ ਛਡ ਔਂਦਾ। ਹੁਣ ਰਸਾਲਾ ਫੜ ਕੇ ਲਿਆਇਆ ਹੈ। ਮੈਂ ਨਹੀਂ ਛਡ ਸਕਦਾ ਹਾਂ। ਪੱਚੀ ਅਗੇ ਤੇ ਪੱਚੀ ਮਗਰ ਫ਼ੌਜ ਲਗ ਕੇ ਲੈ ਗਈ। ਫ਼ਰੰਗੀ ਕੇ ਜਾਇ ਪੇਸ਼ ਕੀਤੇ। ਕਾਨ੍ਹ ਸਿੰਘ ਸੇ ਪੁੱਛਿਆ ਤੈਂ ਲੜਾਈ ਕਿਓਂ ਕੀਤੀ ਹੈ? ਕਾਨ੍ਹ ਸਿੰਘ ਨੇ ਕਹਾ ਕਿ ਅਸੀਂ ਤਾਂ ਸ਼ਬਦ ਪੜ੍ਹਦੇ ਔਂਦੇ ਸੇ ਦੀਦਾਰ ਕਰਨੇ ਗੁਰਦੁਆਰੇ ਕਾ। ਅੱਗੇ ਸੇ ਸੋਢੀਆਂ ਨੇ ਕਿਹਾ ਤੁਸੀਂ ਰੌਲਾ ਕਿਓਂ ਪੌਂਦੇ ਹੋ। ਅਸਾਂ ਕਹਿਆ ਗੁਰੂ ਜੀ ਕੇ ਸ਼ਬਦ ਕੋ ਕੈਸੇ ਰੌਲਾ ਦਸਦੇ ਹੋ। ਧ੍ਰਿਗ ਹੈ ਧੁਆਡੀ ਸਿੱਖੀ ਕੋ। ਏਤਨੇ ਕਹਿਨੇ ਸੇ ਸਾਨੂੰ ਮਾਰਨ ਹੀ ਲਗ ਪਏ। ਨਾਲੇ ਸਿਪਾਹੀਆਂ ਨੇ ਭੀ ਸਾਨੂੰ ਮਾਰਿਆ। ਓਨਾਂ ਕੀ ਮਦਦ ਕੀਤੀ। ਫ਼ਰੰਗੀ ਨੇ ਉਨਾਂ ਸਿਪਾਹੀਆਂ ਦੀਆਂ ਗਵਾਹੀਆਂ ਲੈ ਲਈਆਂ ਤੇ ਵਰ੍ਹੇ ਵਰ੍ਹੇ ਦੀ ਕੈਦ ਸਿੰਘਾਂ ਨੂੰ ਕੀਤੀ। ਉਨੀਂ ਸੌ ਛੱਬੀ ਸੰਮਤ (੧੮੭੦ ਈ.) ਵਿੱਚ ਕੈਦ ਹੋਈ ਸਿੰਘਾਂ ਨੂੰ।

ਮੁਠੱਡਿਆਂ ਕੇ ਤਿੰਨ ਸਿੰਘ ਸੇ। ਜਾਂ ਸਤਿਗੁਰੂ ਜੀ ਕੇ ਸਾਮ੍ਹਣੇ ਆਏ ਤਾਂ ਗੁਰੂ ਜੀ ਬਚਨ ਕੀਤਾ ਲੈ ਗਏ ਸੇ ਨਾਲ, ਫੜਾਇਕੇ ਆਇ ਗਏ ? ਸਿੰਘਾਂ ਨੇ ਕਿਹਾ ਕਿ ਸੋਢੀ ਬਹੁਤ ਮਾਰੇ ਹੈਂ ਸਿੰਘਾਂ ਨੇ। ਗੁਰੂ ਜੀ ਬਚਨ ਕੀਤਾ ਦੇਖੋ ਭਾਈ ਇਕ ਸਿੰਘ ਕੀਆਂ ਧਮਕਾਂ ਸ਼ੇਰ ਵਾਂਗੂ ਪੈ ਗਈਆਂ ਹੈਂ। ਸਤਿਗੁਰੂ ਜੀ ਲੱਖਾ ਸਿੰਘ ਕੋ ਸਿੰਘਾਂ ਪਾਸ ਭੇਜਿਆ। ਲੱਖਾ ਸਿੰਘ ਸੂਬੇ ਨੇ ਕਹਾ ਕਿ ਗ਼ਮ ਨਾ ਕਰੋ ਤੁਹਾਡੀ ਅਪੀਲ ਕਰਾਂਗੇ।

## ਚਲਾ ਜਾ ਓਏ ਬਿੱਲਿਆ

ਲੂਲੋਂਵਾਲਾ ਮੀਹਾਂ ਸਿੰਘ ਕਹਿੰਦਾ ਫਿਰੇ ਕਿ ਮੈਂ ਈਸਾ ਮਸੀਹ ਹਾਂ ਤੇ ਗੁਰੂ ਗੋਬਿੰਦ ਸਿੰਘ ਹਾਂ। ਇਸੀ ਤਰ੍ਹਾਂ ਬੋਲਦਾ ਫੜ ਲੀਤਾ। ਚਾਰ ਏਹ ਤੇ ਅੱਠ ਹੋਰ ਬਾਰਾਂ ਸਿੰਘ ਫੜੇ ਗਏ। ਫ਼ਰੰਗੀ ਸਤਿਗੁਰੂ ਜੀ ਕੇ ਕੋਲ ਆਇਆ ਤੇ ਪੂਛਣ ਲਗਾ ਬਾਬਾ ਸਾਹਿਬ ਤੁਮਾਰੇ ਸਿੱਖ ਬੜੇ ਖਰੂਦੀ ਹੈਂ। ਤੁਸੀਂ ਕੀ ਹੁਕਮ ਦੇਂਦੇ ਹੋ, ਜੋ ਦੇਵੋ ਸੋ ਕਰੀਏ। ਦੀਨ ਦਿਆਲ ਜੀ ਬਚਨ ਕੀਤਾ ਏਹੀ ਸਿੰਘ ਖਰੂਦੀ ਸੇ, ਜਿਵੇਂ ਧੁਆਡੀ ਮਰਜੀ ਹੈ ਤਿਵੇਂ ਕਰੋ। ਮੈਂ ਨਹੀਂ ਏਹਨਾਂ ਨੂੰ ਕਹਿੰਦਾ ਜੋ ਦੰਗਾ ਕਰੋ।

ਮੀਹਾਂ ਸਿੰਘ ਤੇ ਗਧੇਵਾਲੇ ਕੋ ਚੌਬੀ-ਚੌਬੀ ਬੈਂਤਾਂ ਕਾ ਹੁਕਮ ਦਿੱਤਾ। ਸੋ ਜਾਂ ਬੈਂਤ ਲਗੇ ਤਾਂ ਸਤਿ ਸ੍ਰੀ ਅਕਾਲ ਬੁਲਾਵਣ ਤੇ ਕਹਿਣ ਚਲਾ ਜਾ ਓਏ ਬਿੱਲਿਆ ਨੰਦਨ ਨੂੰ। ਹੁਣ ਮਾਲਕ ਧਰਤੀ ਕਾ ਆਇ ਗਿਆ ਹੈ। ਤੁਸੀਂ ਆਪਣੀ ਪਤ ਨਾਲ ਚਲੇ ਜਾਓ ਤਾ ਚੰਗੇ ਹੋ। ਜੈਮਲ ਸਿੰਘ ਕਹੇ ਅਸੀਂ ਦਰਿਆਵੋਂ ਪਾਰ ਜਾਵਾਂਗੇ। ਧੁਆਨੂੰ ਨੰਦਨੋਂ ਪਾਰ ਕਢਾਂਗੇ।

ਦੀਨ ਦਿਆਲ ਜੀ ਬਚਨ ਕੀਤਾ ਏਨ੍ਹਾਂ ਫ਼ਰੰਗੀਆਂ ਨੂੰ ਆਸ਼ਾ[1] ਦਿਖਾਇਆ ਹੈ। ਕਹਿੰਦੇ ਸਨ ਧੁਆਡਾ ਕੀ ਆਸ਼ਾ ਹੈ। ਦੇਖ ਲਵੋ ਤੇ ਸੁਣ ਲਵੋ ਜੇੜ੍ਹਾ ਸਾਡਾ ਆਸ਼ਾ ਹੈ। ਸਿੰਘਾਂ ਨੂੰ ਹੁਕਮ ਦਿੱਤਾ ਸੀ ਕਿ ਗੁਰਦੁਆਰੀਂ ਨਾ ਜਾਣਾ ਮੱਥਾ ਟੇਕਨ। ਜੇੜ੍ਹਾ ਜਾਵੇਗਾ ਸੋ ਸਜਾਵਾਰ ਹੋਇ ਜਾਵੇਗਾ। ਸੋ ਸਜਾਇ ਪਾਈ ਹੈ। ਬਚਨ ਪੂਰਾ ਹੋਇਆ।

ਇਕ ਸਿੰਘ ਹੋਰ ਥਾ। ਤਿਸ ਨੂੰ ਤਿੰਨ ਮਹੀਨੇ ਕੈਦ ਕੀਤੀ। ਮਸਤਾਨਿਆਂ ਨੂੰ ਮਦਾਨੇ ਹੋਣ ਵਾਸਤੇ ਲੈ ਗਏ। ਇਕ ਮਸਤਾਨੇ ਨੇ ਛਾਲ ਮਾਰੀ ਦਰਿਆ ਵਿੱਚ। ਝਟ ਫ਼ਰੰਗੀ ਨੇ ਕਢਵਾਇਆ। ਗੁਰੂ ਜੀ ਸੇ ਫ਼ਰੰਗੀਆਂ ਨੇ ਪੁੱਛਿਆ ਕਿ ਏਹ ਰਚਨਾ ਕਿੱਥੋਂ ਪਾਈ ਹੈ। ਗੁਰੂ ਜੀ ਬਚਨ ਕੀਤਾ ਆਦਿ ਜੁਗਾਦੀ ਏਸੇ ਰਚਨਾ ਵਿੱਚ ਚਲੇ ਆਏ ਹੈਂ। ਜਾਂ ਮੈਂ ਔਂਦਾ ਹਾਂ ਤਾਂ ਨਾਲ ਹੀ ਔਂਦੀ ਹੈ ਏਹ ਰਚਨਾ। ਜਾਂ ਮੈਂ ਜਾਂਦਾ ਹਾਂ ਤਾਂ ਨਾਲ ਹੀ ਚਲੀ ਜਾਂਦੀ ਹੈ। ਫ਼ਰੰਗੀ ਨੇ ਕਹਾ ਕਿ ਸਾਨੂੰ ਭਜਨ ਮਿਲੇ। ਬਚਨ ਕੀਤਾ ਮਾਸ ਸ਼ਰਾਬ ਛੱਡੋ ਤਾਂ ਦੇਂਦੇ ਹੈਂ ਭਜਨ। ਨਾ ਮਾਸ ਸ਼ਰਾਬ ਛੱਡੀ ਤੇ ਨਾ ਭਜਨ ਦਿੱਤਾ। ਸਾਰੇ ਅਨੰਦਪੁਰ ਮੈ ਖਾਲਸੇ ਕਾ ਗੁਰੂ ਜੀ ਕੇ ਪਰਤਾਪ ਸੇ ਸਭ ਡਰ ਪਾਂਵਦੇ ਹੈਂ। ਕਹਿੰਦੇ ਹੈਂ ਪੰਥ ਤਾ ਚੰਗਾ ਹੈ, ਕੇਸ ਫੇਰਨੇ ਤੇ ਸੂਤਰ ਕਢਣਾ ਏਹ ਇਨਾਂ ਮੈ ਕਸੂਰ ਹੈ। ਹੋਰ ਤਾਂ ਸਭਨੀਂ ਗੱਲੀਂ ਚੰਗੇ ਹੈਂ।

ਕੂਕਿਆਂ ਕੇ ਗੁਰੂ ਕੀ ਗਰਦਨ ਸਵਾ ਗਿਠ ਲੰਬੀ ਹੈ। ਸਭ ਥੀਂ ਉੱਚੀ ਮੂਰਤੀ ਦੂਰੋਂ ਦਿਸਦੀ ਹੈ। ਦਰਸ਼ਨ ਕਰਕੇ ਸ਼ਾਂਤ ਆਇ ਜਾਂਦੀ ਹੈ। ਪਰ ਏਹ ਕੈਹਦੇ ਹੈਂ ਕਿ ਕਲਾਮ ਸੁਣੀਂਦੇ ਹੈਂ। ਅੰਮ੍ਰਿਤਸਰ ਜੀ ਅਕਾਲ ਬੁੰਗੇ ਵਾਲਿਆਂ ਨੇ ਲਿਖਾ ਹੈ ਕਿ ਮੁਸਲਮਾਨੀ ਕੀ ਕਲਾਮ ਲੈ ਆਏ ਹੈਂ ਹਜ਼ਰੋਂ ਥੀਂ। ਪੁਜਾਰੀ ਤੇ ਨਿਹੰਗ ਬ੍ਰਾਹਮਣ ਫ਼ਰੰਗੀ ਸਭ ਕੋ ਭੈ ਹੋਇਆ ਕਿ ਕੈਸਾ ਪੰਥ ਪੈਦਾ ਹੋਇਆ ਹੈ। ਕਿਸੇ ਦੀ ਨਈਂ ਮੰਨਦੇ ਹੈਂ। ਮਰਨ ਮਾਰਨੋਂ ਨਹੀਂ ਡਰਦੇ ਹੈਂ। ਸਪ ਕੇ ਸਿਰ ਮੈ ਮਾਨੋਂ ਤੇਲ ਪੈ ਗਿਆ ਹੈ। ਨਿੰਦਾ ਰੂਪੀ ਅਗਨੀਂ ਮੈਂ ਜਲਦੇ ਹੈਂ। ਜੈਸੇ ਬਨ ਵਿੱਚ ਕੇਹਰ ਕਾ ਭੈ ਹੁੰਦਾ ਹੈ ਤਿਸੀ ਤਰ੍ਹਾਂ ਗੁਰੂ ਜੀ ਕੇ ਪਰਤਾਪ ਦਾ ਭੈ ਪੈ ਗਿਆ ਹੈ।

ਦੰਗਾ ਫਸਾਦ ਹੋਣੇ ਸੇ ਕੋਈ ਦਿਨ ਨਾ ਖਾਲੀ ਜਾਵੇ। ਫੇਰ ਫ਼ਰੰਗੀ ਨੇ ਆਇਕੇ ਕਹਾ ਕਿ ਵੈਲ ਬਾਬਾ ਰਾਮ ਸਿੰਘ ਆਪ ਅਭੀ ਕੂਚ ਕਰ ਜਾਓ। ਦੰਗਾ ਫਸਾਦ ਹੋਣੇ ਸੇ ਸਭ ਘਬਰਾਇ ਗਏ ਹੈਂ। ਝਟਾ ਝਟ ਸਤਿਗੁਰੂ ਜੀ ਕੂਚ ਦਾ ਹੁਕਮ ਦੇ ਦੀਆ। ਜਾਂ ਅਸਵਾਰ ਹੋਇਕੇ ਤੁਰੇ ਤਾਂ ਮਸਤਾਨਿਆਂ ਨੇ ਕਹਾ ਜੀ ਬਖ਼ਸ਼ ਲਵੋ। ਗੁਰੂ ਜੀ ਬਚਨ ਕੀਤਾ ਤੁਸੀਂ ਬਖ਼ਸ਼ੇ ਹੋਏ ਹੋ। ਸਿੰਘ ਤਾ ਮੇਰੇ ਰੋਮ ਹੈਂ। ਜੋ ਸਿੰਘਾਂ ਨੂੰ ਦੁਖ ਹੁੰਦਾ ਹੈ ਸੋ ਮੈਨੂੰ ਹੁੰਦਾ ਹੈ। ਦਿਨ ਲੱਥੇ ਤੁਰੇ।

---

1 ਮਨੋਰਥ ।

## ਕੀਰਤਪੁਰੇ ਆਏ

ਕੀਰਤਪੁਰੇ ਆਇ ਪੜਾਓ ਕੀਤਾ। ਮਸਤਾਨ ਸਿੰਘ ਪੁਜਾਰੀ ਨੇ ਭਜਨ ਲੈ ਲਿਆ। ਪੈਹਲੇ ਕਲਾ ਕਾ ਪ੍ਰਤਾਪ ਦੇਖਕੇ ਭਜਨ ਲੀਤਾ। ਪ੍ਰਿਥਮੇ ਮਸਤਾਨ ਸਿੰਘ ਕੋ ਕੈਦ ਹੋਇ ਗਈ ਸੀ। ਉਸਨੇ ਜੇਹਲਖਾਨੇ ਮੈ ਪ੍ਰਾਰਥਨਾ ਕੀਤੀ ਕਿ ਹੇ ਅੰਤਰਯਾਮੀ ਸਤਿਗੁਰੂ ਰਾਮ ਸਿੰਘ ਜੇ ਆਪ ਅਵਤਾਰ ਹੋ ਤਾਂ ਮੈਨੂੰ ਜੇਹਲਖਾਨੇ ਸੇ ਕੱਢੋ। ਮੈਂ ਸਿੰਘ ਸਜੂੰਗਾ ਆਪਕਾ। ਸੋ ਅੰਤਰਯਾਮੀ ਜੀ ਨੇ ਉਸਕੋ ਜੇਹਲਖਾਨੇ ਕੀ ਬੰਦੀ ਸੇ ਕੱਢਿਆ ਸੀ ਤਾਂ ਉਸਨੇ ਭਜਨ ਲਿਆ ਅਤੇ ਸਿੰਘ ਸਜਿਆ।

ਉਥੋਂ ਤੁਰ ਕੇ ਪੜਾ ਘਨੌਲੀ ਜਾਇ ਕੀਤਾ। ਉਥੋਂ ਤੁਰ ਕੇ ਰੋਪੜ ਕੇ ਵਿੱਚ ਲੋਕਾਂ ਦਾ ਭਲਾ ਕਰਦੇ ਹੋਏ ਚਲੇ ਆਏ। ਜਾਂ ਚਮਕੌਰ ਸਾਹਿਬ ਕੇ ਪਾਸ ਆਏ ਤਾਂ ਬਚਨ ਕੀਤਾ ਜੋ ਸਾਨੂੰ ਏਥੇ ਭੀ ਆ ਮਿਲੇਗਾ ਸੋ ਭੀ ਰੁਆਲਸਰ ਜਾਏਗਾ। ਸਭ ਪਾਪ ਬਖ਼ਸ਼ੇ ਜਾਣਗੇ।

## ਸਢੌਰੇ ਪਧਾਰੇ

ਸਢੌਰੇ ਕਾ ਸਰਦਾਰ ਹੀਰਾ ਸਿੰਘ[1] ਨਾਲ ਸੀ। ਤਿਸਕਾ ਭਜਨ ਲਿਆ ਹੋਇਆ ਸੀ। ਉਸ ਨੇ ਅਰਜ਼ ਕੀਤੀ ਜੀ ਸਢੌਰੇ ਚਰਨ ਪਾਵੋ। ਮੈਣ ਦਵਾਬ ਕੋ ਤਾਰਦੇ ਸਢੌਰੇ ਗਏ। ਲੋਕ ਦਰਸ਼ਨ ਕੋ ਬੇਸ਼ੁਮਾਰ ਆਏ। ਦੇਖ ਦੇਖ ਲੋਕ ਆਪਸ ਮੇਂ ਬਾਤਾ ਕਰਦੇ ਹੈਂ ਕਿ ਦੇਖੋ ਇਹ ਸਤਿਗੁਰੂ ਰਾਮ ਸਿੰਘ ਹੈ ਜਿਸ ਨੇ ਨਾਮਧਾਰੀ ਪੰਥ ਤੋਰਿਆ ਹੈ। ਸ੍ਰ: ਹੀਰਾ ਸਿੰਘ ਨੇ ਬੜੇ ਪ੍ਰੇਮ ਸੇ ਸੇਵਾ ਕੀਤੀ। ਬਹੁਤ ਸਿੰਘਾਂ ਨੇ ਭਜਨ ਲਿਆ। ਮੈਣ ਦਵਾਬ ਮੈ ਨਾਮ ਕਾ ਛਿੱਟਾ ਦਿੱਤਾ।

ਚੁੰਨੀਂ ਕੇ ਏਕ ਬਾਗ ਮੈ ਸ਼ਹੀਦਾਂ ਕਾ ਡੇਰਾ ਸੀ। ਉੱਥੇ ਬੰਦਗੀ ਕਰਨ ਚਲੇ ਗਏ। ਰਸਤੇ ਮੇਂ ਹਮੇਸ਼ਾਂ ਪੈਹਰਾ ਖੜਾ ਕਰ ਦਿੰਦੇ ਕਿ ਕੋਈ ਨਾ ਆਵੇ। ਉੱਥੇ ਬੈਠਕੇ ਇਸ਼ਨਾਨ ਕਰਕੇ ਨਿਤਨੇਮ ਬਾਣੀ ਜਪੁ ਸਾਹਿਬ ਪੜਨ ਲਗ ਗਏ। ਫੇਰ ਚੁੰਨੀ ਗਏ, ਉੱਥੇ ਕਈ ਦੀਵਾਨ ਹੋਏ। ਉਥੋਂ ਚੱਲੇ ਆਏ ਲੋਕਾਂ ਕੋ ਉਪਦੇਸ਼ ਦੇਂਦੇ, ਸੰਗਤਾ ਨੂੰ ਤਾਰਦੇ। ਮੈਣ ਦਵਾਬ ਮੈ ਸਿੰਘ ਬੜੇ ਸਜੇ। ਸਤਿਗੁਰੂ ਰਾਮ ਸਿੰਘ ਜੀ ਨਾਮ ਰੂਪੀ ਜਹਾਜ਼ ਪਰ ਜੀਆਂ ਕੋ ਚਾੜ੍ਹ ਭਵਸਾਗਰ ਰੂਪੀ ਸਮੁੰਦਰੋਂ ਪਾਰ ਕਰਦੇ ਹੈਂ।

ਏਕ ਸਿੰਘ ਮਤੀਰੇ ਲੈ ਕੇ ਆਇਆ ਸੌ ਕੋਸ ਥੀਂ। ਗੁਰੂ ਜੀ ਬਚਨ ਕੀਤਾ ਤੂੰ ਕਿਸੇ ਸਿੰਘ ਕੋ ਛਕਾਇ ਦੇਂਦਾ। ਏਡੀ ਦੂਰ ਲੈ ਕੇ ਕਿਓਂ ਆਇਆ ਹੈਂ। ਐਨੀ ਖੇਚਲ ਕਿਓਂ ਕਰਨੀ ਸੀ। ਜੋ ਸਿੰਘ ਛਕਦਾ ਹੈ ਸੋ ਮੇਰੇ ਮੁਖ ਮੇਂ ਪੈਂਦਾ ਹੈ। ਸਿੰਘ ਨੇ ਆਖਿਆ ਜੀ ਏਡੀ ਸ਼ਰਧਾ ਸਾਡੀ ਨਹੀਂ ਹੈ, ਤਾਂ ਏਡੀ ਦੂਰ ਆਂਦਾ ਹੈ।

ਏਕ ਸਿੰਘ ਮੁਲਤਾਨ ਕਾ ਆਇਆ ਅਤੇ ਫ਼ਤੇ ਬੁਲਾਈ। ਪੁਛਣੇ ਲਗਾ ਮਹਾਰਾਜ ਜੀ

---

1 ਸਪੁੱਤਰ ਸ੍ਰ: ਕਿਰਪਾਲ ਸਿੰਘ। ਇਸਨੂੰ ਹੀਰਾ ਸਿੰਘ 'ਲੰਬੂ' ਕਹਿਕੇ ਵੀ ਬੁਲਾਇਆ ਜਾਂਦਾ ਸੀ। ਕਿਉਂਕਿ ਪਿੰਡ ਸਢੌਰੇ ਵਿੱਚ ਇੱਕ ਹੋਰ ਹੀਰਾ ਸਿੰਘ, ਪਿਤਾ ਦਾ ਨਾਂ ਜੈਮਲ ਸਿੰਘ ਵੀ ਰਹਿੰਦਾ ਸੀ, ਅਤੇ ਉਸ ਦਾ ਕਦ ਛੋਟਾ ਸੀ। ਉਸ ਨੂੰ 'ਮਧਰੂ' ਕਰਕੇ ਸਦਿਆ ਜਾਂਦਾ ਸੀ। ਹੀਰਾ ਸਿੰਘ 'ਲੰਬੂ' ਕਸ਼ਮੀਰ ਵਿੱਚ ਕੂਕਾ ਪਲਟਨ ਵਿੱਚ ਮੁਖੀ ਸੀ। ਇਨ੍ਹਾਂ ਦਿਨਾਂ ਵਿੱਚ ਉਹ ਛੁੱਟੀ ਆਇਆ ਹੋਇਆ ਸੀ।

ਕਿੱਥੇ ਹੈਨ। ਬਾਬੇ ਸਾਹਿਬ ਸਿੰਘ ਜੀ ਬਚਨ ਕੀਤਾ ਸ਼ਾਮ ਸਿੰਘ ਕੋ ਏਸ ਕੋ ਲੈ ਜਾਹੁ ਸ੍ਰੀ ਸਤਿਗੁਰੂ ਜੀ ਕਾ ਦੀਦਾਰ ਕਰਾਓ। ਸ਼ਹੀਦਾਂ ਕੇ ਬਾਗ ਮੈ ਲੈ ਗਿਆ। ਸ੍ਰੀ ਸਤਿਗੁਰੂ ਜੀ ਜਪੁ ਜਾਪ ਪੜਦੇ ਸੀ। ਪੈਹਰੇ ਵਾਲਾ ਅਤਰ ਸਿੰਘ ਸੀ। ਅਤਰ ਸਿੰਘ ਨੇ ਆਖਿਆ ਕਿ ਅੱਗੇ ਜਾਣੇ ਕਾ ਹੁਕਮ ਨਹੀਂ ਹੈ। ਸਿੰਘ ਕਮਰਕਸੇ ਲਗੇ ਲਗਾਏ ਬੈਠਾ ਰਹਾ। ਏਤਨੇ ਮੈਂ ਸੁਰਖੀ ਘੋੜੀ ਆਈ। ਗੁਰੂ ਜੀ ਨਿਤਨੇਮ ਕਰਕੇ ਅਰਦਾਸਾ ਕੀਤਾ। ਉਸ ਸਿੰਘ ਕੋ ਸਦਿਆ ਸਿੰਘ ਨੇ ਸੀਸ ਨਿਵਾਇਆ ਅਤੇ ਫ਼ਤੇ ਬੁਲਾਈ। ਗੁਰੂ ਜੀ ਅਸਵਾਰ ਹੋਇਕੇ ਨਗਰ ਕੋ ਆਏ।

## ਭਜਨ ਤੇ ਬਾਣੀ ਦਾ ਦੇਸ

ਬਾਬਾ ਪਹਾੜਾ ਸਿੰਘ ਅਤੇ ਬਾਬਾ ਸੁੱਧ ਸਿੰਘ ਦੋਵੇਂ ਆਪਸ ਮੈਂ ਬੋਲਦੇ ਸੀ। ਬਚਨ ਹੋਇਆ ਕਿਓਂ ਲੜਦੇ ਹੋਂ? ਸੁੱਧ ਸਿੰਘ ਨੇ ਆਖਿਆ ਜੀ ਮੈਂ ਰਸਤ ਏਸ ਕੇ ਟਹਿਲ ਵਾਲੇ ਕੋ ਦੇ ਦਿੱਤੀ ਹੈ। ਏਹ ਮੇਰੇ ਨਾਲ ਖਾਹਮਖਾਹ ਬੋਲਦਾ ਹੈ। ਬਚਨ ਕੀਤਾ ਦੇਖੋ ਏਹ ਸਿੰਘ ਮੁਲਤਾਨ ਸੇ ਆਇਆ ਹੈ। ਏਹ ਸਿੰਘ ਜਪੁ ਜਾਪ ਪੜਦੇ ਦੇਖਕੇ ਬੈਠ ਗਿਆ ਸੀ। ਦੱਸੋ ਤਾਂ ਸਾਹਿਬ ਸਿੰਘ ਮੈਂ ਕਿਸ ਦਾ ਪਾਠ ਕਰਦਾ ਹਾਂ? ਬਾਬੇ ਨੇ ਕਹਾ ਜੀ ਤੁਸੀਂ ਜਾਣੋਂ। ਬਚਨ ਹੋਇਆ ਜਿਨ੍ਹਾਂ ਨੇ ਸਾਨੂੰ ਕਮ ਦੇਣਾ ਹੈ ਤੂੰ ਜਾਣਦਾ ਹੈਂ ਉਨ੍ਹਾਂ ਕੋ! ਦੱਸੋ ਤਾਂ ਕੌਣ ਕੌਣ ਹੈ? ਬਾਬੇ ਜੀ ਆਖਿਆ ਜੀ ਤੁਹਾਡੀਆਂ ਤੁਸੀਂ ਜਾਣੋਂ। ਸਾਨੂੰ ਕੀ ਖ਼ਬਰ ਹੈ ਆਪ ਕੀਆਂ ਕੁਦਰਤਾਂ ਕੀ।

ਮੁਲਤਾਨ ਵਾਲੇ ਸਿੰਘ ਨੇ ਅਰਜ਼ ਕੀਤੀ ਜੀ ਜਦੋਂ ਦਾ ਮੈਂ ਆਇਆ ਹਾਂ ਆਪ ਕਾ ਦਰਸ਼ਨ ਕੀਤਾ ਹੈ ਸੋ ਤਦੋਂ ਦੀ ਮੈਥੋਂ ਬਾਣੀ ਨਹੀਂ ਪੜ੍ਹ ਹੁੰਦੀ। ਗੁਰੂ ਜੀ ਬਚਨ ਕੀਤਾ ਅਸੀਂ ਭਜਨ ਬੰਦਗੀ ਹਟਾਉਣ ਵਾਲੇ ਹਾਂ? ਏਤਨੇ ਬਚਨ ਕੈਹਣੇ ਸੇ ਸਿੰਘ ਦਾ ਦਿਲ ਗਿਣਤੀਆਂ ਮੇਂ ਪੈ ਗਿਆ। ਉਸਕਾ ਸੰਸਾ ਨਵਿਰਤ ਕਰਨੇ ਕੋ ਗੁਰੂ ਜੀ ਬਚਨ ਕੀਤਾ ਜਿਸ ਵਾਸਤੇ ਤੁਸੀਂ ਭਜਨ ਬਾਣੀ ਪੜਦੇ ਹੋ ਸੋ ਜੇਕਰ ਉਸਕਾ ਦਰਸ਼ਨ ਹੋ ਜਾਏ ਤਾਂ ਦੋਵੇਂ ਹੀ ਛੁਟ ਜਾਂਦੀਆਂ ਹਨ। ਭਜਨ ਅਤੇ ਬਾਣੀ ਆਪਨੇ ਦੇਸ ਕੋ ਲੈ ਜਾਂਦੀ ਹੈ। ਭਜਨ ਬਾਣੀ ਕੇ ਪ੍ਰਤਾਪ ਸੇ ਜਿੱਥੇ ਤੈਂ ਆਉਣਾ ਸੀ ਉੱਥੇ ਆਇ ਗਿਆ ਹੈ। ਜਿਸ ਸੇ ਭਜਨ ਬਾਣੀਂ ਪੈਦਾ ਹੋਈ ਹੈ ਦਰਸ਼ਨ ਕਰਨੇ ਸੇ ਮਨ ਅਫੁਰੇ ਹੋਇ ਜਾਂਦਾ ਹੈ। ਬਚਨ ਕੀਤਾ ਕਿਤੇ ਦੂਰ ਭੀ ਜਾਣਾ ਹੋਵੇ ਤਾਂ ਅੰਮ੍ਰਿਤ ਵੇਲੇ ਤੁਰਨਾ ਚਾਹੀਦਾ ਹੈ। ਭਜਨ ਬਾਣੀ ਜੋ ਹੈ ਸੋ ਪ੍ਰਮੇਸਰ ਕਾ ਰਸਤਾ ਬਤਾਇ ਦਿੰਦੀ ਹੈ। ਸੱਚੀ ਦਰਗਾਹ ਕੋ ਲੈ ਜਾਂਦੀ ਹੈ।

## ਬਾਣੀ ਪੜ੍ਹਨੇ ਕੀ ਬਾਤ

ਅੰਬਾਲੇ ਗਏ। ਦੋ ਅਹਿਲਕਾਰ ਪਟਿਆਲੇ ਸੇ ਆਇ ਦਰਸ਼ਨ ਕੀਤਾ। ਏਕ ਤਾਂ ਪਾਂਚ ਬਾਣੀਆਂ ਕਾ ਨਿਤਨੇਮ ਕਰਨ ਵਾਲਾ ਸੀ। ਉਹ ਬੋਲਿਆ ਅਸੀਂ ਭੀ ਉਹੀ ਭਜਨ ਬਾਣੀ ਕਰਨ ਵਾਲੇ ਹੈਂ ਸਾਨੂੰ ਸੂਤਰ ਨਹੀਂ ਹੁੰਦਾ। ਗੁਰੂ ਜੀ ਬਚਨ ਕੀਤਾ ਏਕ ਸ਼ਾਹੂਕਾਰ ਸੀ, ਤਿਸਨੇ ਏਕ ਘੁਮਾਰ ਕੋ ਇੱਟਾਂ ਢੋਣ ਲਾਇਆ। ਇਕ ਹੋਰ ਘੁਮਾਰ ਉਸ ਕੇ ਬਿਨਾਂ ਪੁੱਛੇ ਲਗ ਗਿਆ ਇੱਟਾਂ ਢੋਣ। ਜਾਂ ਸ਼ਾਹੂਕਾਰ ਨੇ ਮਿਹਨਤ ਦਿੱਤੀ ਤਾ ਦੂਸਰਾ ਭੀ ਮੰਗਣ ਲਗਾ। ਸ਼ਾਹੂਕਾਰ ਨੇ ਕਿਹਾ ਕਿ

ਮੈਂ ਨਹੀਂ ਤੈਨੂੰ ਆਖਿਆ ਕਿ ਤੂੰ ਇੱਟਾਂ ਢੋ। ਤੈਨੂੰ ਏਹ ਸਜਾ ਹੈ ਕਿ ਤੂੰ ਫ਼ੇਰ ਜਾਇਕੇ ਇੱਟਾਂ ਢੋ। ਜਿੱਥੋਂ ਆਂਦੀਆਂ ਹੈਨ ਉਥੇ ਪੁਚਾ। ਸੋ ਏਸ ਤਰ੍ਹਾਂ ਹੀ ਬਾਣੀ ਕੀ ਬਾਤ ਹੈ। ਜੋ ਗੁਰੂ ਜੀ ਕੇ ਹੁਕਮ ਤੋਂ ਬਿਨਾਂ ਪੜ੍ਹਦੇ ਹੈਂ ਸੋ ਉਹ ਮੁਕਤੀ ਕੋ ਪ੍ਰਾਪਤ ਨਹੀਂ ਹੁੰਦੇ। ਏਤਨੇਂ ਬਚਨ ਸੁਣਕੇ ਅਨਪੜ੍ਹ ਨੇ ਤਾਂ ਭਜਨ ਲੈ ਲਿਆ ਪੜ੍ਹੇ ਹੋਏ ਨੇ ਕੁਛ ਨਾ ਸਮਝਿਆ। ਉਸਕੇ ਚਿਤ ਮੈ ਹੰਕਾਰ ਸੀ ਕਿ ਅਸੀਂ ਭੀ ਗੁਰਬਾਣੀ ਪੜਦੇ ਹੈਂ ਅਤੇ ਏਹ ਭੀ ਗੁਰਬਾਣੀ ਪੜ੍ਹਦੇ ਹੈਂ।

## ਬਚਨ ਮੰਨਣਾ ਇਹ ਹੈ

ਗੁਰੂਮਾਰੀ[1] ਆਏ। ਹੁਕਮ ਦਿੱਤਾ ਕਿ ਸਭ ਸਿੰਘ ਇੱਟਾਂ ਚੁੱਕਣ, ਸਤਿਲੁਜ ਮੈ ਸਿਟਣੇ ਕਾ ਹੁਕਮ ਹੈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਾ। ਸਿੰਘਾਂ ਨੇ ਚੁੱਕੀਆਂ ਪਰ ਕਈਆਂ ਨੇ ਸੁੱਟ ਦਿੱਤੀਆਂ। ਰਾਮਦਾਸ ਪੁਰੇ ਸਾਹਿਬ ਆਇ ਗਏ। ਅਗਲੇ ਦਿਨ ਹੁਕਮ ਦਿੱਤਾ ਕਿ ਦਰਿਆ ਸਤਲੁਜ ਪਰ ਚੱਲਾਂਗੇ। ਅਸਵਾਰ ਹੋਇਕੇ ਤੁਰੇ। ਸਤਲੁਜ ਪਰ ਜਾਇਕੇ ਬਚਨ ਕੀਤਾ ਲਿਆਓ ਖਾਲਸਾ ਜੀ ਇੱਟਾਂ ਜੋ ਆਪ ਕੋ ਸਰਹੰਦ ਆਖਿਆ ਸੀ ਕਿ ਇੱਟਾਂ ਚੁਕ ਕੇ ਲੈ ਚਲੋ ਸਤਿਲੁਜ ਮੇਂ ਸਿੱਟਣੀਆਂ ਹੈਂ। ਲਿਆਓ ਸਿਟੀਏ। ਕਈਆਂ ਨੇ ਆਖਿਆ ਜੀ ਮੈਂ ਰਾਮਦਾਸਪੁਰੇ ਭੁੱਲ ਆਇਆ ਹਾਂ। ਜੋਗਾ ਸਿੰਘ ਨੇ ਛੇ ਇੱਟਾਂ ਕਢ ਕੇ ਅੱਗੇ ਰੱਖੀਆਂ। ਗੁਰੂ ਜੀ ਪ੍ਰਸੰਨ ਹੋਇਕੇ ਸ਼ਤਾਬੀ ਨਾਲ ਬਚਨ ਕੀਤਾ ਏਹੁ ਤਾਂ ਰੰਗ ਲਗਾਇ ਦਿੱਤਾ ਹੈ। ਬਚਨ ਮੰਨਣਾ ਏਸਕਾ ਨਾਮ ਹੈ। ਗੁਰੂ ਜੀ ਇੱਟਾਂ ਚੁੱਕਕੇ ਜ਼ੋਰ ਨਾਲ ਦਰਿਆ ਕੇ ਬੀਚ ਸੁੱਟ ਦਿੱਤੀਆਂ। ਬਚਨ ਕੀਤਾ ਪਟੀ ਸਰਹੰਦ ਕੀ ਜੜ੍ਹ। ਦੋ ਇੱਟਾਂ ਹੋਰ ਸੁਟ ਕੇ ਭੀ ਏਹੀ ਬਚਨ ਕੀਤਾ। ਜੋਗਾ ਸਿੰਘ ਤੇ ਬੀ ਦੋ ਇੱਟਾਂ ਸੁਟਵਾਈਆਂ। ਬਚਨ ਕੀਤਾ ਹੁਣ ਅੱਛੀ ਤਰ੍ਹਾਂ ਜੜ੍ਹਾਂ ਪਟੀਆਂ ਹੈਨ ਸਰਹੰਦ ਕੀਆਂ। ਉਹ ਬਚਨ ਕੈਹਣੇ ਸੇ ਤੀਸਰੇ ਮਹੀਨੇ ਢਾਹ ਢਾਹ ਸਰਹੰਦ ਕੋ ਰੋੜਾ ਪੈਣ ਲਗ ਪਿਆ ਰੇਲ ਕੀ ਸੜਕ ਪਰ।

ਏਕ ਦਿਨ ਸਤਿਗੁਰੂ ਜੀ ਬਚਨ ਕੀਤਾ ਮੈਂ ਤਰਖਾਣ ਹਾਂ, ਕਾਣ ਕਢ ਕੇ ਛੱਡੂੰਗਾ। ਐਵੇਂ ਕੱਚਾ ਕੰਮ ਨਹੀਂ ਰੈਹਣ ਦੇਣਾ ਹੈ। ਤੁਰਕਾਂ ਨੇ ਗੁਰੂ ਗੋਬਿੰਦ ਸਿੰਘ ਜੀ ਕੋ ਆਖਿਆ ਸੀ ਕਿ ਸਾਡੇ ਚਾਲ੍ਹੀ ਬਰਸ ਰਾਜ ਕੇ ਬਾਕੀ ਰੈਂਹਦੇ ਹੈਂ। ਸੋ ਦਸਵੇਂ ਪਾਤਸ਼ਾਹ ਜੀ ਦੇ ਮਗਰੋਂ ਤੁਰਕਾਂ ਨੇ ਦੁੱਖ ਦਿੱਤਾ ਹੈ। ਬਨਾਂ ਮੈ ਲੁਕ ਲੁਕ ਕੇ ਗੁਜ਼ਾਰੇ ਕੀਤੇ ਸਿੰਘਾਂ ਨੇ। ਹੁਣ ਸਿੰਘਾਂ ਕੋ ਉਤਨਾ ਹੀ ਸੁਖ ਦਵਾਵਣਾ ਹੈ। ਜਿਤਨੇ ਦੁੱਖ ਦੇਖੇ ਹੈਂ ਉਤਨੇ ਸੁਖ ਭੁਗਤਾਵਣੇ ਹੈਂ।

## ਭਾਈ ਹੀਰਾ ਸਿੰਘ ਸਕਰੌਦੀ

ਅਨੰਦਪੁਰੇ ਥੀਂ ਆਇਕੇ ਭਾਈ ਹੀਰਾ ਸਿੰਘ (ਸਕਰੌਦੀ) ਹੋਰਾਂ ਕੇ ਮਨ ਮੈ ਆਈ ਕਿ ਰਾਮਦਾਸਪੁਰੇ ਈ ਰਹਾਂਗੇ। ਰਾਮਸਰ ਟਾਲੀ ਉਪਲਾਂ ਕੇ ਰਸਤੇ ਪਰ ਸੀ। ਓਥੇ ਸਿੰਘ ਉਤਰੇ ਹੋਏ ਸੀ। ਸ੍ਰੀ ਸਤਿਗੁਰੂ ਜੀ ਭੀ ਗਏ। ਬਚਨ ਕੀਤਾ ਹੀਰਾ ਸਿੰਘ ਤੁਸੀਂ ਘਰ ਜਾਵੋ ਹਲ ਵਾਹੋ ਅਤੇ ਘਰ ਮੈ ਰਹੋ। ਹੀਰਾ ਸਿੰਘ ਨੇ ਕਿਹਾ ਕਿ ਹਲ ਤਾ ਅਸੀਂ ਫੂਕ ਦਿੱਤੇ ਹੈਂ। ਲੈਹਣਾ ਸਿੰਘ ਨੇ

1 ਸਰਹਿੰਦ।

ਕਿਹਾ ਕਿ ਹਲ ਤਾ ਮੈਂ ਬੀ ਫੂਕ ਦਿੱਤਾ ਹੈ। ਨੰਦ ਸਿੰਘ, ਅਨੂਪ ਸਿੰਘ ਏਨਾਂ ਨੇ ਕਹਿਆ ਅਸਾਂ ਬੀ ਫੂਕ ਦਿੱਤੇ ਹੈਂ ਹਲ। ਦੀਨ ਦਿਆਲ ਜੀ ਬੋਲਾ ਕੀਤਾ ਤੇਜੀ ਮੈ ਹੋਇਕੇ, ਹਲ ਤਾਂ ਫੂਕ ਦਿੱਤੇ ਹੈਂ ਤੇ ਕੰਮ ਜੁਲਾਹਿਆਂ ਦਾ ਕਰੋਗੇ? ਜਾਵੋ ਇਕ ਵਾਰੀ ਸਕਰੌਦੀ। ਨਾਲੇ ਜਨਾਨੇ ਆਏ ਹੋਏ ਸੇ ਨਾਲ, ਨਾਲੇ ਮਾਈ ਹੀਰਾ ਸਿੰਘ ਕੀ, ਤਿਨਾਂ ਨੇ ਭੀ ਕਿਹਾ ਜੀ ਏਨ੍ਹਾਂ ਨੂੰ ਭੇਜੋ ਜਾਂਦੇ ਨਹੀਂ ਹੈਂ। ਸ੍ਰੀ ਸਤਿਗੁਰੂ ਜੀ ਕਾ ਬਚਨ ਮੰਨਕੇ ਫੇਰ ਸਕਰੌਦੀ ਗਏ। ਜਾਕੇ ਅਖੰਡ ਪਾਠ ਧਰਿਆ। ਭੋਗ ਪੁਆਇਆ। ਧਰਮ ਅਰਥ ਧਨ ਲਾਵਨ ਲਗੇ। ਆਏ ਗਏ ਸਿੰਘਾਂ ਗਰੀਬਾਂ ਨੂੰ ਛਕਾਵਣਾ ਸ਼ੁਰੂ ਕੀਤਾ। ਦੇਗ ਤੇਗ ਦੇ ਧਨੀਂ। ਬੋਲ ਤੋਲ ਕੇ ਪੂਰੇ। ਧਰਮ ਰੀਤੀ ਧਾਰੀ, ਬਲੀ ਹਠੀਲੇ ਸਿੰਘ। ਕਰਕੇ ਬਚਨ ਪਾਲਨੇ ਵਾਲੇ। ਸਰੂਪ ਸਿੰਘਾਂ ਕੇ ਬਾਲਕਾਂ ਵਾਂਗੂ ਨਜ਼ਰ ਆਂਵਦੇ ਹੈਨ। ਹੰਸਾਂ ਵਾਂਗੂ ਸ਼ਕਲਾਂ। ਅੰਮ੍ਰਿਤ ਪ੍ਰੇਮ ਮੇਂ ਜਿਨ੍ਹਾਂ ਕੀ ਦੇਹ ਭਿੱਜੀ ਹੋਈ ਹੈ। ਸ਼ੇਰ ਵਾਂਗੂ ਬੋਲਾ ਗੱਜਕੇ ਕਰਦੇ ਹੈਂ। ਜਾਂ ਬੋਲਦੇ ਹੈਂ ਸ਼ਬਦ ਤਾਂ ਮਾਨੋਂ ਅੰਮ੍ਰਿਤ ਕੀ ਬਾਰਸ਼ ਹੁੰਦੀ ਹੈ। ਦਰਸ਼ਨ ਕਰਕੇ ਰੱਬ ਯਾਦ ਔਂਦਾ ਹੈ।

ਭਾਈ ਹੀਰਾ ਸਿੰਘ ਕਾ ਸਰੀਰ ਦਰਮਿਆਨਾ ਸੀ। ਚੌਗਿਰਦ ਦਾੜ੍ਹਾ ਘੇਰੇਦਾਰ। ਜਦ ਬੋਲਦੇ ਹੈਂ ਤਾ ਮਾਨੋਂ ਧਰਤੀ ਨਾਲ ਬੋਲਦੀ ਹੈ। ਚਾਲੀ ਸੇਰਾ ਬੇਮੁਹਤਾਜ ਬੋਲਾ ਕਰਦੇ ਹੈਂ ਭਾਵੇਂ ਕੋਈ ਗੁੱਸੇ ਹੀ ਹੋਵੇ। ਜੋ ਸਿੰਘ ਆਵੇ ਬੜੇ ਪ੍ਰੇਮ ਨਾਲ ਸੇਵਾ ਕਰਨੀ। ਧਰਮਸਾਲ ਬਣਵਾਇ ਕੇ ਵਿੱਚ ਖੂਹੀ ਲਵਾਇ ਦਿੱਤੀ ਆਏ ਗਏ ਵਾਸਤੇ ਬਿਸਰਾਮ ਕੋ ਸਵਾ ਪਹਿਰ ਸੇ ਇਸ਼ਨਾਨ ਕਰਨਾ। ਰਾਤ ਦਿਨ ਭਜਨ ਬਾਣੀ ਪੜਨੇ ਲਗੇ। ਦਸਵੇਂ ਪਾਤਸ਼ਾਹ ਜੀ ਦੀਆਂ ਬਾਣੀਆਂ ਪੜਨੀਆਂ ਤੇ ਕੰਠ ਭੀ ਕਰਨੇ ਲਗੇ। ਮਾਨ ਸਰੋਵਰ ਸੇ ਹੰਸ ਆਏ ਲੱਥੇ ਹੈਂ ਨਾਮ ਕੇ ਮੋਤੀ ਚੁਗਦੇ ਹੈਂ। ਕਈਆਂ ਸਿੰਘਾਂ ਕਾ ਜਥਾ ਇਕੱਤਰ ਹੋਇਆ। ਜੋ ਭਾਈ ਹੀਰਾ ਸਿੰਘ ਬਚਨ ਕਰੇ ਸੋਈ ਸਿੰਘਾਂ ਨੇ ਮੰਨਣਾ। ਦਿਬ ਦ੍ਰਿਸਟ ਖੋਲ੍ਹ ਦਿੱਤੀ। ਚਾਨਣਾ ਕਰ ਦੀਆ। ਅਗਮ ਨਿਗਮ ਕੀ ਸਭ ਖ਼ਬਰ ਹੋਈ। ਅਖੰਡ ਪਾਠ ਕਾ ਭੋਗ ਪਾਇਕੇ ਕਈ ਸਿੰਘਾਂ ਕੋ ਨਾਲ ਲੈ ਆਏ। ਦਰਸ਼ਨ ਕੀਤਾ ਸ੍ਰੀ ਸਤਿਗੁਰੂ ਜੀ ਕਾ ਰਾਮਦਾਸ ਪੁਰੇ ਮੈ।

◆

# ਮਾਲਵੇ ਦਾ ਦੌਰਾ

ਰਾਮਦਾਸ ਪੁਰੇ ਤੋਂ ਅੰਮ੍ਰਿਤ ਵੇਲੇ ਜਿਓਂ ਤੁਰੇ ਹੈਨ ਸ੍ਰੀ ਸਤਿਗੁਰੂ ਜੀ ਏਕ ਪਹਿਰ ਮੇਂ ਰੂਮੀਂ ਜਾਇ ਰਹੇ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਏਕ ਪਹਿਰ ਮੈ ਤੀਸ ਕੋਸ ਪੈਂਡਾ ਅਸੀਂ ਆਏ ਹੈਂ। ਤੀਨ ਜਗ੍ਹਾ ਰਸਤੇ ਮੈ ਉੱਤਰੇ ਹੈਂ। ਕੋਲੋਂ ਗੁਲਾਬ ਸਿੰਘ ਨੇ ਕਹਿਆ ਜੀ ਘੋੜਿਆਂ ਉੱਤੇ ਭੀ ਕਮ ਪੈਣਾ ਹੈ। ਬਚਨ ਕੀਤਾ ਆਦਮੀਆਂ ਘੋੜਿਆਂ ਤੇ ਬਿਨਾ ਹੀ ਸਤਿਗੁਰੂ ਆਪਣੇ ਕੰਮ ਆਪ ਕਰਦਾ ਹੈ। ਭਜਨ ਗੁਰੂ ਨਾਨਕ ਜੀ ਕਾ ਰਹਿਤ ਦਸਵੇਂ ਪਾਤਸ਼ਾਹ ਜੀ ਕੀ। ਅਸੀਂ ਤਾ ਰਪਟੀਏ ਕੀ ਮਾਫਕ ਹਾਂ ਹੁਕਮ ਸੁਣਾਉਣੇ ਵਾਲੇ। ਅਸੀਂ ਦਸਵੇਂ ਪਾਤਸ਼ਾਹ ਵਾਂਗ ਨਹੀਂ ਕਰਨੀ। ਸਿੰਘਾਂ ਪੁੱਛਿਆ ਜੀ ਇਹ ਬਚਨ ਕਿਵੇਂ ਹੋਇਆ? ਸਾਨੂੰ ਕੁਝ ਪਤਾ ਨਹੀਂ ਲੱਗਾ। ਬਚਨ ਹੋਇਆ ਕਿ ਔਰੰਗੇ ਨੇ ਕਿਹਾ ਥਾ ਚਾਲੀ ਬਰਸ ਮੇਰੇ ਬਾਕੀ ਹੈ। ਖਾਲਸਾ ਦੁੱਖ ਪਾਵੇਗਾ। ਦੋ ਸੌ ਬਰਸ ਹੋਇਆ ਦੁਖੀ ਹੁੰਦਿਆਂ ਨੂੰ, ਖੇਹ ਉਡਾਉਂਦਿਆਂ ਨੂੰ। ਸੋ ਭਾਈ ਅਸੀਂ ਇਕਦਿਨ ਵੀ ਕਿਸੇ ਦਾ ਬਾਕੀ ਨਹੀਂ ਰਹਿਣ ਦੇਣਾ ਹੈ। ਸਗੋਂ ਦਿਨ ਉਤੇ ਦੇਵਾਂਗੇ। ਬੋਲਣ ਜੋਗਾ ਕੋਈ ਨਹੀਂ ਛੱਡਣਾ ਹੈ।

ਸੈਹਜੜੀਂ ਅਨੰਦ ਪੜਾਇਆ। ਉਸ ਸਾਲ ਵਿੱਚ ਕਈਆਂ ਸਿੰਘਾਂ ਨੇ ਲੜਕੇ ਲੜਕੀਆਂ ਦੇ ਅਨੰਦ ਪੜਾਏ। ਕਈਆਂ ਨੇ ਭਜਨ ਲਏ। ਧਰਮ ਵੰਨੇ ਜੀਆਂ ਕੋ ਲਾਂਵਦੇ ਹੈਂ। ਨਾਈਵਾਲੇ[1] ਸਰਦਾਰ ਗੁਰਦਿੱਤ ਸਿੰਘ ਸਤਿਗੁਰੂ ਜੀ ਦੇ ਚਾਰ ਲੰਗਰ ਕੀਤੇ। ਏਕ ਘੋੜੀ ਚਾਂਦੀ ਦਾ ਸਾਜ ਪਾ ਕੇ, ਏਕ ਦੁਸ਼ਾਲਾ ਅਰ ੧੦੧ ਰੁਪਏ ਭੇਟਾ ਕੀਤੇ।

## ਸੁਖ ਦੀ ਵਾਰਤਾ

ਏਕ ਸਰੀਰ ਆਇਆ। ਅਰਜ਼ ਕੀਤੀ ਜੀ ਜੋ ਨਾਮਧਾਰੀਆਂ ਨੂੰ ਸੁਖ ਦੀ ਵਾਰਤਾ ਦੱਸੀ ਹੈ ਸੋ ਮੈਨੂੰ ਭੀ ਦੱਸੋ। ਗੁਰੂ ਜੀ ਬਚਨ ਕੀਤਾ ਸਮੇਂ ਨਾਲ ਰੇਤ ਕੇ ਟਿੱਬੇ ਖੰਡ ਹੋ ਜਾਏਗੀ। ਏਤਨਾ ਬਚਨ ਸੁਣਕੇ ਉਸਨੇ ਇਸ਼ਨਾਨ ਕਰਕੇ ਝਟ ਭਜਨ ਲੈ ਲਿਆ। ਸਾਰੇ ਟੱਬਰ ਨੂੰ ਲਿਆਇਕੇ ਭਜਨ ਸੁਣਾਇਆ। ਸਾਰਾ ਟੱਬਰ ਹੀ ਸਿੰਘ ਸਜੇ।

## ਚੋਰ ਫੜਿਆ

ਏਕ ਨਾਈ ਨੇ ਆ ਕੇ ਭਜਨ ਲੀਤਾ। ਕਪੜੇ ਚੋਰੀ ਕਰਿਆ ਕਰੇ। ਇਕ ਚਾਦਰ ਬੜੇ ਮੂਲ ਵਾਲੀ ਚੁੱਕੀ। ਹੋਰ ਕਈਆਂ ਸਿੰਘਾਂ ਦੇ ਬਸਤਰ ਚੁੱਕੇ ਗਏ। ਬਾਬਾ ਜਵਾਹਰ ਸਿੰਘ ਜੀ ਸਤਿਗੁਰੂ ਜੀ ਪਾਸ ਅਰਜ਼ ਕੀਤੀ ਜੀ ਰੋਜ਼ ਚੋਰੀ ਹੁੰਦੀ ਹੈ। ਪਤਾ ਨਹੀਂ ਲਗਦਾ ਕੌਣ ਉਠਾਈ ਜਾਂਦਾ ਹੈ। ਸੱਚੇ ਪਾਤਸ਼ਾਹ ਜੀ ਉਸਨੂੰ ਪ੍ਰਗਟ ਕਰੋ। ਓਹੀ ਫੜਿਆ ਜਾਏ, ਹੋਰ ਨਾ ਕੋਈ ਫੜਿਆ ਜਾਏ।

---

1 ਬਰਨਾਲੇ ਦੇ ਨੇੜੇ ਇਕ ਪਿੰਡ।

ਸਤਿਗੁਰੂ ਜੀ ਬਾਜੇ ਗਏ ਕਾਨ੍ਹ ਸਿੰਘ ਕੇ ਤਾਂ ਅਰੂੜ ਸਿੰਘ ਰੂਖੜ ਆਪਨੀ ਚਾਦਰ ਪੱਲੇ ਦੋ ਅਧਿਆਨੀਆਂ ਬੰਨ ਦਿਤੀਆਂ। ਉਹ ਨਾਈ ਖੋਲ੍ਹਣ ਲਗਾ ਸੁਤਾ ਜਾਣਕੇ। ਬਾਬੇ ਨੇ ਚਾਦਰ ਢਿੱਲੀ ਛੱਡ ਦਿੱਤੀ। ਨਾਈ ਜਦ ਚਾਦਰ ਲੈ ਕੇ ਦੌੜਿਆ ਬਾਬਾ ਅਰੂੜ ਸਿੰਘ ਨੇ ਦੌੜ ਕੇ ਫੜ ਲਿਆ ਤੇ ਮਾਰਿਆ। ਮਾਰ ਪੈਣ ਤੇ ਉਸਨੇ ਸਭ ਕੁਝ ਮੰਨ ਲਿਆ ਤੇ ਸਾਰੇ ਬਸਤਰ ਕਢ ਕੇ ਦੇ ਦੀਏ। ਬਾਹਰ ਲੁਕਾਏ ਹੋਏ ਸੇ। ਉਸਕੋ ਸ੍ਰੀ ਸਤਿਗੁਰੂ ਜੀ ਕੇ ਪਾਸ ਲੈ ਆਏ ਦੀਵਾਨ ਵਿੱਚ। ਇਹ ਤਨਖਾਹ ਲਾਈ ਕੇ ਉਸਕਾ ਮੂੰਹ ਕਾਲਾ ਕਰਕੇ ਬਾਹਰ ਨਿਕਾਲ ਦੀਆ। ਹੁਕਮ ਹੋਇਆ ਸੰਗਤ ਮੇਂ ਨਾ ਵੜੇ।

## ਨਾ ਬਣਾਓ

ਬਾਜੇ ਕਾਨ੍ਹ ਸਿੰਘ ਕੇ ਰਾਜ ਲਾਏ ਹੋਏ ਸੇ। ਦਰਵਾਜਾ ਬਣਦਾ ਸੀ। ਦੇਖਕੇ ਦੀਨਾਨਾਥ ਜੀ ਬਚਨ ਕੀਤਾ ਅਜੇ ਤਾਂ ਅਗਲੇ ਭੀ ਨਹੀਂ ਰਹਿਣੇ ਹੈਂ ਤੁਸੀਂ ਦਰਵਾਜਾ ਨਾ ਬਣਾਓ। ਬਚਨ ਮੰਨਕੇ ਉਸੀ ਵਕਤ ਰਾਜ ਹਟਾਏ ਦੀਏ। ਮਹਾਰਾਜ ਬੁੱਧ ਸਿੰਘ ਜੀ ਭੀ ਨਾਲ ਸੇ। ਗ਼ਰੀਬੀ ਬਾਣੇ ਮੈਂ ਰਹਿੰਦੇ ਸੇ। ਏਹੁ ਨ ਸੀ ਕਿਸੇ ਕੋ ਮਲੂਮ ਜੋ ਪਾਛੇ ਗੱਦੀ ਪਰ ਬੈਠਣਗੇ। ਅੰਤਰਯਾਮੀ ਜੀ ਗੁਪਤ ਰੱਖੇ ਹੋਏ ਹੈਂ ਲੁਕਾਇਕੇ। ਮਾਣ ਵਡਿਆਈ ਨ ਸੇ ਰੱਖਦੇ। ਨਿਰਮਾਣ ਹੀ ਰਹਿਣਾ। ਆਪਣਾ ਆਪ ਛੁਪਾਇਕੇ ਰੱਖਿਆ ਹੋਇਆ ਹੈ। ਪੈਦਲ ਹੀ ਤੁਰਨਾ। ਸੂਬੇ ਸਭ ਅਸਵਾਰ ਹੁੰਦੇ ਸੀ।

ਸੋਥੇ ਗਏ। ਓਥੇ ਕਿਸੇ ਸਿੰਘ ਦੀ ਸਿੰਘਣੀ ਕਿਸੇ ਹੋਰ ਸਿੰਘ ਦੇ ਘਰ ਬਠਾਈ ਸੀ। ਨਰੈਣ ਸਿੰਘ ਸੂਬੇ ਨੂੰ ਸਤਿਗੁਰੂ ਜੀ ਬਚਨ ਕੀਤਾ ਕਿ ਏਸ ਸਿੰਘ ਦੀ ਸਿੰਘਣੀ ਦੇ ਦਿਓ। ਸੋਥੇ ਵਾਲਿਆਂ ਨੇ ਕਹਾ ਜੀ ਅਸੀਂ ਨਹੀਂ ਆਂਦੀ ਹੈ। ਬਚਨ ਕੀਤਾ ਕਹਿਣਾ ਗੁਰੂ ਤੇ ਜਾਨਣਾ ਜੀਆਂ ਵਰਗਾ ਵੀ ਨਾ।

## ਸੁੰਨੀਆ ਦਾ ਚੱਕ ਸੁੰਨਾ ਹੋਇਆ

ਅੱਗੇ ਸੁੰਨੀਆਂ ਦੇ ਚੱਕ ਵਾਲਾ ਬੂਟਾ ਸਿੰਘ ਲੈ ਗਿਆ। ਲੋਕ ਦੇਖਕੇ ਕਹਿਣ ਏਤਨੇਂ ਸਿੱਖ ਹੈਨ। ਏਹ ਗ਼ਰੀਬ ਹੈ, ਅੱਗੇ ਤਾ ਸਮਾਂ ਲਗਦਾ ਸੀ ਤਾ ਝੱਲ ਲੈਂਦਾ ਸੀ ਹੁਣ ਸਮਾਂ ਭੀ ਨਹੀਂ ਲਗਾ ਹੈ। ਫੌਜਾਂ ਬੇਅੰਤ ਹੈਨ ਕਿਵੇਂ ਕਰੇਗਾ। ਰਾਤ ਕੋ ਗੁਰੂ ਜੀ ਹੁਕਮ ਦਿੱਤਾ ਜੋ ਸੰਦ ਵਲੇਵਾਂ ਪਿਆ ਹੈ ਸੋ ਸਾਰਾ ਰਾਤੋ ਰਾਤ ਫੂਕ ਦਿਓ ਲਿਆ ਕੇ। ਖਾਲਸੇ ਲਿਆਇ ਲਿਆਇ ਕੇ ਲਗੇ ਫੂਕਣ। ਚਰਖੇ ਪੀੜ੍ਹੀਆਂ ਪੰਜਾਲੀਆਂ ਹਲ ਫਾਲੇ। ਹੋਰ ਜੋ ਲਕੜੀ ਵੇੜ੍ਹੇ ਮੈ ਸੀ ਸੋ ਸਭ ਫ਼ੂਕ ਦਿੱਤੇ। ਲੰਬਰਦਾਰ ਚੌਕੀਦਾਰ ਆਇਕੇ ਭਾਲਣ ਲਗੇ ਕਿ ਕੀਧੇ ਉਤੇ ਰਪਟ ਕਰੀਏ? ਗੁਰੂ ਜੀ ਬਚਨ ਕੀਤਾ ਮੇਰੇ ਉਤੇ ਜਾਇਕੇ ਰਪਟ ਕਰ ਦਿਓ। ਆਪਣੀਆਂ ਜੇਕਰ ਝੁੱਗੀਆਂ ਪੈਹਲਾਂ ਫੂਕ ਲਵੋ ਫ਼ੇਰ ਤਾਂ ਤੁਹਾਡੀ ਰਪਟ ਸੁਣ ਲਵੇਗਾ। ਏਉਂ ਨਹੀਂ ਕਿਸੇ ਸੁਣਨੀ। ਦੋ ਦਿਨ ਸਿੰਘ ਰਹੇ। ਤੇਰਾਂ ਮਣ ਅਨਾਜ ਸੀ ਘਰ ਵਿੱਚ। ਏਤਨੀ ਬਰਕਤ ਗੁਰੂ ਜੀ ਨੇ ਪਾਈ ਜਾਂ ਕੋਠੀ ਦੇਖਣ ਤਾ ਅਜੇ ਚਾਰ ਮਣ ਅੰਨ ਬਾਕੀ ਪਿਆ ਹੈ। ਜ਼ਾਹਰ ਕਰਾਮਾਤ ਦਿਖਾਈ ਸਿੰਘਾਂ ਕੋਂ। ਘਰ ਵਾਲੇ

ਸਿੰਘ ਕੋ ਗੁਰੂ ਜੀ ਬਚਨ ਕੀਤਾ ਤੁਸੀਂ ਏਥੋਂ ਉਜੜੋਗੇ। ਹੋਰਥੇ ਜਾਇ ਬਸੋ। ਉਸੀ ਵਕਤ ਸਿੰਘ ਨਾਲ ਹੀ ਉਜੜ ਕੇ ਆਇ ਗਏ। ਪਾਛੇ ਸੇ ਲੋਕ ਕਹਿੰਦੇ ਹੈਂ ਏਨ੍ਹਾਂ ਦਾ ਗੁਰੂ ਬਡੀ ਸ਼ਕਤੀ ਵਾਲਾ ਹੈ। ਇਕ ਦਿਨ ਜੋਗਾ ਅਨਾਜ ਸੀ ਇਨ੍ਹਾਂ ਦੇ ਘਰ, ਦੋ ਦਿਨ ਛਕਦੇ ਰਹੇ। ਅਜੇ ਭੀ ਚਾਰ ਮਣ ਅੰਨ ਬਚ ਰਿਹਾ ਹੈ ਤੇਰਾਂ ਮਣ ਵਿੱਚੋਂ। ਉਸ ਜਗ੍ਹਾ ਕੇ ਲੋਕ ਭੀ ਉਜੜ ਗਏ। ਸੁੰਨ੍ਹੀਆਂ ਦਾ ਚੱਕ ਸੁੰਨਾ ਹੋਇਆ ਗੁਰੂ ਜੀ ਕੇ ਵਾਕ ਨਾਲ।

## ਨਥਾਣੇ ਵਿੱਚ

ਨਿਥਾਣੇ ਗਏ। ਰਾਤ ਨੂੰ ਰਤਨ ਸਿੰਘ ਮੁੱਠੀਆਂ ਭਰਦਾ ਸੀ। ਬਿਸਤਰੇ ਪਰ ਹੱਥ ਮਾਰਿਆ ਰੇਤਾ ਰੜਕਿਆ। ਪੁੱਛਿਆ। ਇਕ ਫੇਰੀ ਤਾਂ ਨਾ ਬੋਲੇ ਦੂਈ ਫੇਰੀ ਪੁੱਛਿਆ ਤਾਂ ਬਚਨ ਕੀਤਾ ਸ਼ਹੀਦ ਸਿੰਘ ਦਰਸ਼ਨ ਨੂੰ ਔਂਦੇ ਹੈਂ। ਓਨਾਂ ਦੀ ਚਰਨ ਧੂੜ ਹੈ। ਸੰਸਾ ਦੂਰ ਹੋਆ ਕਹਾ ਕਿ ਧੰਨ ਗੁਰੂ ਅਕਾਲ ਪੁਰਖ ਹੈ ਜਿਨ੍ਹਾਂ ਕੇ ਸ਼ਹੀਦ ਖੜੇ ਹਾਜ਼ਰ ਰਹਿੰਦੇ ਹੈਂ।

## ਮੀਆਂ ਕਢਿਆ

ਦਰਸ਼ਨ ਦਿੰਦੇ ਲਲੂਵਾਲੇ ਮੇਂ ਗਏ। ਸੂਬਾ ਸਰਮੁਖ ਸਿੰਘ ਉਸਨੂੰ ਬਚਨ ਕੀਤਾ ਲਿਆਓ ਭਜਨ ਲੈਣ ਵਾਲਿਆਂ ਨੂੰ। ਸਾਰਾ ਪਿੰਡ ਹੁਮ ਹੁਮਾ ਕੇ ਆਇਆ। ਏਕ ਬੁੱਢੀ ਕਹਿਣ ਲਗੀ ਮੇਰੇ ਵਿੱਚ ਮੀਆਂ ਔਂਦਾ ਹੈ। ਗੁਰੂ ਜੀ ਬਚਨ ਕੀਤਾ ਸੱਦ ਮੀਏਂ ਨੂੰ ਆਵੇ। ਕਹਿਣ ਲਗੀ ਮੇਰੇ ਕਹੇ ਨਹੀਂ ਔਂਦਾ ਹੈ, ਤੁਸੀਂ ਸੱਦੋ। ਏਤਨੇ ਚਿਰ ਮੈ ਬੁੱਢੀ ਦੇ ਵਿੱਚ ਮੀਆਂ ਆਇ ਬੋਲਿਆ ਸਲਾਮ ਹੈ ਪਰ੍ਹੇ ਖੁਦਾਇ ਦੀਏ। ਗੁਰੂ ਜੀ ਬਚਨ ਕੀਤਾ ਤੂੰ ਕੌਣ ਹੈਂ? ਕਹਿਣ ਲਗਾ ਮੈਂ ਮੀਆਂ ਹਾਂ। ਤੁਸੀਂ ਸਾਨੂੰ ਯਾਦ ਕੀਤਾ ਹੈ ਤਾਂ ਅਸੀਂ ਆਇ ਗਏ ਹਾਂ ਗੁਰੂ ਰਾਮ ਸਿੰਘ ਕਾ ਦਰਸ਼ਨ ਕਰ ਆਈਏ। ਸ੍ਰੀ ਸਤਿਗੁਰੂ ਜੀ ਲੰਬੀ ਭੁਜਾ ਕਰਕੇ ਬਚਨ ਕੀਤਾ ਮੇਰੀ ਬਾਂਹ ਭੰਨ ਦੇਵੇਂ ਤਾਂ ਜਾਣੀਏ। ਭੁਜਾ ਕੋ ਫੜਕੇ ਬਥੇਰਾ ਜ਼ੋਰ ਲਾਇਆ, ਭੁਜਾ ਮੁੜੀ ਭੀ ਨਾ ਪਿਛਾਂ ਨੂੰ। ਜ਼ੋਰ ਲਾਇਕੇ ਸੱਤਿਆ ਘਟਾਇਕੇ ਸ਼ਰਮਿੰਦਾ ਹੋਇਕੇ ਚਲਾ ਗਿਆ। ਗੁਰੂ ਜੀ ਉਸ ਮਾਈ ਨੂੰ ਬਚਨ ਕੀਤਾ ਸਣੇ ਕੇਸੀਂ ਇਸ਼ਨਾਨ ਕਰਕੇ ਭਜਨ ਲੈ ਲੈ, ਹੁਣ ਮੀਆਂ ਨਿਕਲ ਗਿਆ ਹੈ। ਉਸੀ ਵਕਤ ਇਸ਼ਨਾਨ ਕਰਕੇ ਭਜਨ ਲੈ ਲਿਆ। ਗੁਰੂ ਜੀ ਕੇ ਪਰਤਾਪ ਨਾਲ ਰਾਜੀ ਹੋਈ। ਲੋਕ ਕਹਿੰਦੇ ਹੈਂ ਧੰਨ ਗੁਰੂ ਹੈ ਸਭ ਕਲਾ ਇਸ ਦੇ ਹੱਥ ਵਿਚ ਹੈਂ। ਜਾਹਰ ਕਰਾਮਾਤ ਵਿਖਾਈ ਹੈ। ਕਈਆਂ ਨੇ ਭਜਨ ਲਏ।

ਸ੍ਰੀ ਸਤਿਗੁਰੂ ਜੀ ਖੁਡੀ ਸੇ ਚਲੇ ਆਏ। ਮਹਾਰਾਜ ਬੁੱਧ ਸਿੰਘ ਜੀ ਪਾਛੇ ਇਕੱਲੇ ਹੀ ਰਹਿ ਗਏ। ਥੰਮਣ ਸਿੰਘ ਖੁਡੀਵਾਲੇ ਨੇ ਕਹਾ ਜੀ ਮੈਨੂੰ ਹੁਕਮ ਹੋਵੇ ਤਾ ਮੈਂ ਊਠਨੀ ਲੈ ਔਂਦਾ ਹਾਂ। ਬਚਨ ਹੋਇਆ ਲੈ ਆ। ਅਸਵਾਰ ਹੋ ਕਰ ਆਇ ਮਿਲੇ।

## ਕਿਸੇ ਸਿੰਘ ਨੂੰ ਛਕਾਇ ਦੇਓ

ਏਕ ਸਿੰਘ ਨੇ ਦਿਲ ਵਿੱਚ ਧਾਰੀ ਗੁਰੂ ਜੀ ਮੇਰਾ ਦੁਧ ਛਕਣ ਤਾਂ ਹੱਛਾ ਹੈ। ਅਰਜ਼ ਕੀਤੀ ਸਤਿਗੁਰੂ ਜੀ ਆਗੇ ਮੇਰਾ ਦੁਧ ਛਕੋ। ਗੁਰੂ ਜੀ ਬਚਨ ਕੀਤਾ ਕਿਸੇ ਸਿੰਘ ਨੂੰ ਛਕਾਇ ਦਿਓ।

ਉਸਨੇ ਕਹਾ ਜੀ ਤੁਸੀਂ ਆਪ ਛਕੋ। ਗੁਰੂ ਜੀ ਬਚਨ ਕੀਤਾ ਜੋ ਸਿੰਘ ਛਕਦੇ ਹਨ ਸੋ ਮੇਰੀ ਰਸਨਾ ਹੈ। ਤੂੰ ਗਿਲਾ ਨਾ ਮੰਨ। ਫੇਰ ਸਿੰਘ ਨੂੰ ਛਕਾਇ ਦਿੱਤਾ।

ਧਰਮ ਸਿੰਘ ਹਜੂਰ ਸਾਹਿਬ ਕਾ ਦਰਸ਼ਨ ਕਰਕੇ ਆਇਆ ਸੀ। ਦਿਲ ਵਿੱਚ ਧਾਰੀ ਜੇਕਰ ਮੈਨੂੰ ਸੱਦਕੇ ਦਰਸ਼ਨ ਦੇਣ ਔਰ ਸੀਤ ਪ੍ਰਸ਼ਾਦ ਦੇਣ ਤਾਂ ਮੈਂ ਜਾਣਾਂ ਜੋ ਠੀਕ ਗੁਰੂ ਨਾਨਕ ਜੀ ਕੀ ਜੋਤ ਹੈ। ਜਾਂ ਪ੍ਰਸ਼ਾਦ ਛਕਣ ਲਗੇ ਸਤਿਗੁਰੂ ਜੀ ਤਾਂ ਇਕ ਸਿੰਘ ਨੂੰ ਭੇਜ ਕੇ ਧਰਮ ਸਿੰਘ ਨੂੰ ਸੱਦਿਆ। ਪ੍ਰਸ਼ਾਦ ਛਕ ਕੇ ਥਾਲ ਧਰਮ ਸਿੰਘ ਕੋ ਫ਼ੜਾਇਆ। ਧਰਮ ਸਿੰਘ ਨੇ ਜਾਣਿਆ ਜਾਹਰ ਜੋਤ ਗੁਰੂ ਨਾਨਕ ਜੀ ਕੀ ਹੈ। ਉਸ ਸਾਰਾ ਹਾਲ ਸੁਣਾਇਆ ਅਬਚਲ ਨਗਰ ਜੀ ਕਾ। ਧੰਨ ਗੁਰੂ ਅੰਤਰਜਾਮੀ ਹੈਂ ਮੇਰੇ ਦਿਲ ਕੀ ਜਾਣ ਕੇ ਸੱਦਕੇ ਸੀਤ ਪ੍ਰਸ਼ਾਦ ਦਿੱਤਾ ਹੈ ਔਰ ਕਲਿਜੁਗ ਮੈ ਸਤਿਜੁਗ ਕੀ ਲੜੀ ਚਲਾਈ ਹੈ।

## ਗਹਿਲਾਂ

ਦੌਰਾ ਕਰਦੇ ਦਰਸ਼ਨ ਦੇਂਦੇ ਗਹਿਲੀਂ ਆਏ। ਚੁਬਾਰੇ ਮੈਂ ਡੇਰਾ ਜਾਇ ਕੀਤਾ। ਤੀਨ ਦਿਨ ਰਹੇ। ਬਾਬਾ ਜਵਾਹਰ ਸਿੰਘ ਜਨਾਨੇ ਸਰੀਰ ਕੋ ਨਹੀਂ ਸੇ ਡੇਰੇ ਰਹਿਣ ਦੇਂਦੇ। ਮੂੰਮਾਂ ਦੇ ਮਜ਼ਹਬੀਆਂ ਤੇ ਰਵਿਦਾਸੀਆਂ ਸਿੰਘਾਂ ਨੇ ਅਰਜ਼ ਕੀਤੀ ਜੀ ਸਾਡੀ ਸੇਵਾ ਪ੍ਰਵਾਨ। ਸਤਿਗੁਰੂ ਜੀ ਬਚਨ ਕੀਤਾ ਕਿ ਤੁਸੀਂ ਕੰਬਲ ਤੇ ਜੋੜੇ ਸਾਧ ਸੰਗਤ ਵਾਸਤੇ ਲਿਆਕੇ ਭੇਟਾ ਕਰੋ।

## ਰੂਮੀ

ਗਹਿਲਾਂ ਤੋਂ ਰੂਮੀ ਆਏ। ਸ਼ਾਮ ਸਿੰਘ ਰੂਮੀ ਵਾਲੇ ਕੋ ਅਕਾਸਬਾਣੀ ਨੇ ਇਓਂ ਕਹਿਆ ਜਿਸ ਕਾ ਤੁਸੀਂ ਜਾਪ ਜਪਦੇ ਹੋ ਏਹ ਓਹੋ ਹੀ ਮੂਰਤੀ ਹੈ। ਬਰਖਾ ਹੁੰਦੀ ਸੀ। ਗੁਰੂ ਜੀ ਸ਼ਾਮ ਸਿੰਘ ਨੂੰ ਬਚਨ ਕੀਤਾ ਲੋਪੋਂ ਵਾਲੇ ਸਿੰਘ ਨੂੰ ਕਹਿ ਆਓ ਭਾਈ ਮੀਂਹ ਪੈਂਦਾ ਹੈ ਸਿੰਘ ਨਹੀਂ ਔਂਦੇ ਹੈਂ। ਗੁਰੂ ਜੀ ਗੁੜ ਮੰਗਵਾਇਕੇ ਸ਼ਾਮ ਸਿੰਘ ਨੂੰ ਫ਼ੜਾਇਆ ਛਕ ਲੈ ਤੈਨੂੰ ਪਾਲਾ ਨਾ ਲਗੇਗਾ। ਗੁੜ ਕੀ ਡਲੀ ਛਕਕੇ ਲੋਪੋਂ ਦੱਸਕੇ ਮੁੜ ਆਇਆ। ਸਰਦੀ ਨਹੀਂ ਮਲੂਮ ਹੋਈ। ਮੂੰਹੋਂ ਕਹਾ ਕਿ ਮੈਨੂੰ ਅਕਾਸਬਾਣੀ ਨੇ ਕਹਾ ਹੈ ਜਿਸਕਾ ਤੁਸੀਂ ਜਾਪ ਜਪਦੇ ਹੋ ਇਹੋ ਸੋ ਗੁਰੂ ਹੈ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਏਹ ਸਰੀਰ ਅਕਾਲ ਪੁਰਖ ਕਾ ਖੱਬਾ ਅੰਗ ਹੈ।

## ਅਠੂਰ

ਅਠੂਰ ਕੇ ਜ਼ਿਮੀਂਦਾਰਾਂ ਨੇ ਆਇਕੇ ਅਰਜ਼ ਕੀਤੀ ਜੀ ਹੋਰ ਸਾਰੇ ਮੀਂਹ ਪੈਂਦਾ ਹੈ ਸਾਡੇ ਕਿਓਂ ਨਹੀਂ ਪੈਂਦਾ ਹੈ। ਗੁਰੂ ਜੀ ਬਚਨ ਕੀਤਾ ਮੀਂਹ ਕਿਵੇਂ ਪਏ। ਧੀ ਕਾ ਧਨ ਲੈਂਦੇ ਹੋ। ਜੰਮਦੀ ਦਾ ਸੌ ਕਰਦੇ ਹੋ ਮੁੱਲ, ਅਰ ਚੜ੍ਹੇ ਸਾਲ ਸੈਂਕੜਾ ਵਧਾਉਂਦੇ ਹੋ। ਪੱਚੀ ਪੱਚੀ ਬਰਸ ਤਕ ਹਜਾਰ ਹਜਾਰ ਦੋ ਦੋ ਹਜਾਰ ਮੁੱਲ ਕਰਦੇ ਹੋ। ਤੁਸੀਂ ਇਹ ਛੱਡ ਦਿਓ ਤਾ ਮੀਂਹ ਭੀ ਪੈ ਜਾਵੇਗਾ। ਉਨਾਂ ਨੇ ਕਹਾ ਕਿ ਏਹ ਨਹੀਂ ਸਾਥੋਂ ਛੁਟ ਸਕਦਾ ਹੈ। ਬਚਨ ਹੋਇਆ ਤਾਂ ਮੀਂਹ ਭੀ ਨਹੀਂ ਪਵੇਗਾ।

ਲਾਂਗਰੀ ਨੇ ਕਹਾ ਜੀ ਪ੍ਰਸ਼ਾਦ ਛਕ ਕੇ ਤੁਰ ਜਾਣ ਕਾ ਹੁਕਮ ਹੈ। ਕਮਰਕੱਸਾ ਕਰਕੇ ਮਦਾਨ ਖੇਡਣ ਚੱਲੇ ਸਤਿਗੁਰੂ ਜੀ। ਜਿਸ ਵਕਤ ਸਿੰਘ ਨੇ ਕਹਾ ਪਾਲਕੀ ਤਿਆਰ ਹੈ ਚੜ੍ਹਨ, ਦੀਨ ਦਿਆਲ ਜੀ ਬਚਨ ਕੀਤਾ ਜਿਤਨੀ ਦੂਰ ਨਵਾਂ ਨਰੋਆ ਜਾਂਦਾ ਹੈ ਸੁਚੇਤੇ, ਉਤਨੀ ਦੂਰ ਤਾਂ ਮੈਂ ਹੁਣ ਭੀ ਹੋ ਆਇਆ ਹਾਂ। ਬਚਨ ਕੀਤਾ ਸੁਰਖੀ ਲਿਆਓ, ਹੌਲੀ ਹੌਲੀ ਚੜਕੇ ਤੋਰਕੇ ਦੇਖੀਏ। ਬਚਨ ਕੀਤਾ ਦੇਵੀ ਦੇਵਤਿਆਂ ਤੇ ਸੁਲਤਾਨ ਨੇ ਭੀ ਜ਼ੋਰ ਲਾ ਕੇ ਦੇਖ ਲਿਆ ਹੈ ਮੇਰੇ ਮਾਰਨੇ ਕੋ। ਕਿਸੇ ਕੀ ਪੇਸ਼ ਨਹੀਂ ਗਈ। ਮੈਂ ਤਾਂ ਕਿਸੇ ਕੋ ਦੁੱਖ ਨਹੀਂ ਦਿੰਦਾ ਹਾਂ। ਮੈਨੂੰ ਜੋ ਕਹਿਣ ਵਾਲਾ ਹੁਕਮ ਦਿੰਦਾ ਹੈ ਸੋ ਮੈਂ ਕਰਦਾ ਹਾਂ। ਹੱਲੇ ਨਾਲ ਚੜ੍ਹਕੇ ਸੁਰਖੀ ਪਰ ਧੀਰੇ ਧੀਰੇ ਤੋਰੀ ਗਏ।

## ਕਮਾਲਪੁਰਾ

ਕਮਾਲਪੁਰੇ ਮੇਂ ਦੀਵਾਨ ਲੱਗਾ ਹੋਇਆ ਸੀ। ਇਕ ਸਿੱਖ ਨੇ ਕਹਿਆ ਕਿ ਏਹ ਮੇਰਾ ਸਲੋਤਰ ਖੂਬ ਚੰਗਾ ਹੈ। ਏਹ ਸਲੋਤਰ ਕ੍ਰਿਪਾਲ ਉਦਾਸੀ ਕੇ ਹੱਥ ਮੈ ਸੀ। ਏਹੋ ਸਲੋਤਰ ਹੈ ਜਿਸ ਸੇ ਰਾਵਣ ਮਾਰਿਆ ਸੀ ਰਾਮ ਚੰਦਰ ਨੇ। ਤੀਰ ਕੀ ਮੁਖੀ ਇਸ ਮੈ ਲੱਗੀ ਹੋਈ ਸੀ। ਹੋਰ ਕਈ ਜਨਮ ਦੱਸੇ। ਗੁਰੂ ਜੀ ਸਲੋਤਰ ਫੜਕੇ ਧਰਤੀ ਨਾਲ ਮਾਰਿਆ, ਤਿੰਨ ਟੁਕੜੇ ਹੋਇ ਗਿਆ। ਬਚਨ ਹੋਇਆ ਲੋਹ ਕੇ ਹੇਠਾਂ ਜਲਾਇ ਦੇਵੋ। ਉਸੀ ਵਕਤ ਜਲਾਇ ਦੀਆ। ਗੁਰੂ ਜੀ ਬਚਨ ਕੀਤਾ ਹੁਣ ਕਿਤਨੇ ਜਨਮ ਕੀ ਖ਼ਬਰ ਹੈ? ਕਹਿਣ ਲੱਗਾ ਜੀ ਹੁਣ ਤਾਂ ਇਕ ਜਨਮ ਦੀ ਵੀ ਨਹੀਂ ਹੈ।

## ਰਾਇਪੁਰੇ

ਸ੍ਰੀ ਸਤਿਗੁਰੂ ਜੀ ਰਾਇਪੁਰੇ ਆਏ। ਲੰਗਰ ਤਿਆਰ ਹੋਇਆ। ਗੁਰੂ ਜੀ ਕੋਠੇ ਪਰ ਬੈਠੇ। ਲੰਗਰ ਵਰਤਨੇ ਲਗਾ, ਰੌਲ਼ਾ ਪਿਆ। ਸ੍ਰੀ ਸਤਿਗੁਰੂ ਜੀ ਬਾਬੇ ਸਾਹਿਬ ਸਿੰਘ ਕੋ ਸੱਦਕੇ ਬਚਨ ਕੀਤਾ ਤੂੰ ਜਾ ਕੇ ਵਰਤਾਉ, ਓਨਾਂ ਨੂੰ ਹਟਾਇ ਦਿਓ। ਪਲਾਉ ਸੀ, ਮਾਲੂਮ ਹੁੰਦਾ ਸੀ ਏਹ ਤਾਂ ਹੁਣੇ ਬਰਤ ਜਾਊਗਾ ਅੱਗੇ ਕੀ ਵਰਤਾਵਾਂਗੇ। ਜਾਂ ਬਾਬਾ ਸਾਹਿਬ ਸਿੰਘ ਲੱਗਾ ਬਰਤਾਵਣ ਤਾਂ ਚੁਪ ਚਾਪ ਹੋ ਗਈ। ਮਿੱਠਾ ਪਲਾਉ ਸੀ ਨਾ ਮੁਕਿਆ। ਗੁਰੂ ਜੀ ਕੇ ਪਰਤਾਪ ਨਾਲ ਸਾਰੀ ਸੰਗਤ ਕੋ ਪ੍ਰਸੰਨ ਹੋਇਕੇ ਛਕਾਇਆ। ਸਵੇਰੇ ਭੀ ਸੰਗਤਾਂ ਨੇ ਛਕਿਆ, ਘਰੀਂ ਭੀ ਭੇਜਿਆ। ਬਾਬੇ ਦਰਬਾਰਾ ਸਿੰਘ ਨੇ ਪੁਛਿਆ ਜੀ ਏਹ ਕੀ ਸਾਂਗ ਸੀ? ਸ੍ਰੀ ਸਤਿਗੁਰੂ ਜੀ ਬਚਨ ਕੀਤਾ ਏਥੇ ਕੁੜੀਆਂ ਬਹੁਤ ਮਾਰੀਆਂ ਹੋਈਆਂ ਸੀਆਂ। ਓਹੋ ਪਾਪ ਲਈ ਜਾਂਦਾ ਸੀ ਪਲਾਉ ਨੂੰ। ਕੁੜੀਆਂ ਹਟਾਈਆਂ ਹੈਨ ਤਾਂ ਬਰਕਤ ਹੋਈ ਹੈ। ਨਾ ਹਟਾਉਂਦੇ ਤਾ ਪੂਰਾ ਨਾ ਸੀ ਹੁੰਦਾ।

ਏਕ ਕੁੱਤੀ ਸੀ ਨਾ ਚੌਕੇ ਬੜਦੀ ਸੀ, ਨਾ ਕਿਸੇ ਨੂੰ ਬੜਣ ਦੇਂਦੀ ਸੀ। ਜਾਂ ਦੀਵਾਨ ਲੱਗਾ ਤਾਂ ਏਕ ਅੱਗੇ ਜਾਂਦਾ ਸੀ ਸਿੰਘ, ਕੁੱਤੀ ਵੀ ਉਸੇ ਰਸਤੇ ਜਾਇਕੇ ਸੀਸ ਨਿਵਾਇਆ। ਜਾਂ ਸਤਿਗੁਰੂ ਜੀ ਚਰਨ ਛੁਹਾਇਆ ਤਾਂ ਮੁੜੀ।

ਉੱਤਮ ਸਿੰਘ ਨੰਬਰਦਾਰ[1] ਕਹਿਆ ਜੀ ਜੇ ਕਰ ਭਾਣਾ ਵਰਤੇਗਾ ਤਾ ਆਵਾ ਲੱਗਾ ਹੋਇਆ ਹੈ। ਮੈਂ ਹਵੇਲੀ ਪਾਇ ਲਵਾਂ ਜੇ ਆਪ ਹੁਕਮ ਦੇਵੋ ਤਾਂ। ਬਚਨ ਹੋਇਆ ਆਵਾ ਈ ਬੇਚ ਲੈ। ਪੌਣੀਆਂ ਕਾਹਨੂੰ ਹੈਂ। ਪਈਆਂ ਪੁਆਈਆਂ ਲੈ ਲਵਾਂਗੇ। ਉਸਨੇ ਬਚਨ ਮੰਨਕੇ ਆਵਾ ਈ ਬੇਚ ਲਿਆ। ਮੰਗਲ ਸਿੰਘ ਸਰਦਾਰ ਨੇ ਕਹਾ ਮੇਰਾ ਭੀ ਆਵਾ ਲਾਇਆ ਹੋਇਆ ਹੈ। ਮੇਰਾ ਭੀ ਸੰਕਲਪ ਹਵੇਲੀ ਪੌਣ ਕਾ ਹੈ। ਜਿਵੇਂ ਤੁਸੀਂ ਹੁਕਮ ਦੇਵੋ। ਬਚਨ ਹੋਇਆ ਕਾਹਨੂੰ ਪੌਣੀ ਹੈ ਹਵੇਲੀ। ਬਚਨ ਮੰਨ ਕੇ ਨਾ ਪਾਈ ਹਵੇਲੀ। ਇੱਟਾਂ ਖੂਹ ਵਾਸਤੇ ਵਰਤੀਆਂ ਜੋ ਦਰਵਾਜੇ ਕੋਲ ਵੱਡਾ ਖੂਹ ਹੈ ਗੁਰਦੁਆਰੇ ਰਾਮਦਾਸ ਪੁਰੇ ਸਾਹਿਬ ਮੈ।

## ਲੋਹਗੜ੍ਹ

ਲੋਹਗੜੀਏ ਸਰਦਾਰਾ ਸਿੰਘ[2] ਦੇ ਘਰ ਦੀਵਾਨ ਲੱਗਾ ਹੋਇਆ ਸੀ। ਬਚਨ ਕੀਤਾ ਦੇਖੀਂ ਸਰਦਾਰਾ ਸਿੰਘਾ ਕਿਧਰੇ ਘਰਾਂ ਮੇਂ ਹੀ ਨਾ ਭੁਲ ਜਾਣਾ। ਸਮਾਂ ਆਇ ਗਿਆ ਹੈ।

## ਨਾਰੰਗਵਾਲ

ਲੂਲੋਂ ਵਾਲੇ ਮੀਂਹਾ ਸਿੰਘ ਥੀਂ ਏਕ ਸਿੰਘ ਨੇ ਲਾਂਗਰੀ ਮੰਗਿਆ। ਉਸ ਕਿਹਾ ਸਾਡੀ ਸੋਧ ਢਿੱਲੀ ਹੈ। ਇਸ ਗੱਲ ਥੀਂ ਬੋਲ ਪਏ। ਸ੍ਰੀ ਸਤਿਗੁਰੂ ਜੀ ਅੰਦਰੋਂ ਨਿਕਲੇ। ਹੱਥ ਮੇਂ ਛਟੀ ਲਈ ਹੋਈ ਹੈ। ਆਇਕੇ ਬਚਨ ਕੀਤਾ ਬਾਹਰ ਜਾਇਕੇ ਬੈਠਕੇ ਜੁਦਾ ਜੁਦਾ ਭਜਨ ਕਰੋ, ਲੜੋ ਨਾ। ਆਪਸ ਮੈਂ ਮਿਲਕੇ ਰਹੋ।

ਸ੍ਰੀ ਸਤਿਗੁਰੂ ਜੀ ਦਰਸ਼ਨ ਦੇਂਦੇ ਨਾਮ ਦਾ ਗਫ਼ਾ ਵਰਤਾਂਵਦੇ ਸੁੱਤੇ ਜੀਆਂ ਨੂੰ ਜਗੌਂਦੇ ਤੇ ਨਾਮ ਵੰਨੇ ਲੌਂਦੇ ਨਾਰੰਗਵਾਲ ਦਰਵਾਜੇ ਮੈ ਜਾਇ ਬੈਠੇ। ਕਾਲਾ ਸੜਿਆ ਨਾਮ ਕਰਕੇ ਲੰਬੜਦਾਰ ਕਹਿੰਦੇ ਸੀ। ਕਹਿਣੇ ਲਗਾ ਧੁਆਡੇ ਨਾਲ ਗਿਆਨ ਚਰਚਾ ਕਰਨੀ ਹੈ। ਗੁਰੂ ਜੀ ਬਚਨ ਕੀਤਾ ਗੁਰੂ ਗੁਰੂ ਜਪਣਾ ਏਹੋ ਸਾਡਾ ਗਿਆਨ ਹੈ। ਚੁਪ ਕਰ ਰਹਿਆ, ਕੋਈ ਉੱਤਰ ਨ ਫੁਰਿਆ। ਛੁਰ ਹੋਇ ਗਿਆ। ਰਾਮਦਾਸ ਪੁਰੇ ਮੇਂ ਅਰਦਾਸਾ ਕਰਕੇ ਚੱਲੇ। ਰਾਮਦਾਸਪੁਰੇ ਸਾਹਿਬ ਆਏ। ਬੜੀ ਖੁਸ਼ੀ ਹੋਈ। ਸਿੰਘਾਂ ਨੇ ਚਰਨਾਂ ਪਰ ਮੱਥਾ ਟੇਕਿਆ।

1 ਪਿਤਾ ਸ੍ਰ. ਜੀਵਾ ਸਿੰਘ ਪਿੰਡ ਰਾਇਸਰ, ਜ਼ਿਲ੍ਹਾ ਲੁਧਿਆਣਾ। ਸੰਤ ਉਤਮ ਸਿੰਘ ਨੇ ਹੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਭਜਨ ਦਿੱਤਾ ਸੀ।– ਜੱਸ ਜੀਵਨ ਪੰਨਾ ੫੭

2 ਪਿਤਾ ਦਾ ਨਾਂ ਲਾਲ ਸਿੰਘ। ਮਲੇਰ ਕੋਟਲੇ ਤੇ ਹਮਲੇ ਵਿੱਚ ਸਰਦਾਰਾ ਸਿੰਘ ਵੀ ਸ਼ਾਮਲ ਸੀ। ਬਾਅਦ ਵਿੱਚ ਰੜ ਪਿੰਡੋਂ ਵਾਪਸ ਚਲਾ ਗਿਆ ਸੀ।

# ਸਤਿਗੁਰੂ ਜੀ ਦੇ ਹੋਰ ਬਚਨ

ਦੀਨਾਨਾਥ ਜੀ ਬਚਨ ਕੀਤਾ ਦੇਖੋ ਖਾਲਸਾ ਜੀ ਮੇਰੀ ਚਿੱਟੀ ਚਾਦਰ ਹੈ। ਇਸ ਨੂੰ ਦਾਗ ਨਾ ਲੱਗੇ। ਜਿਸ ਸਿੰਘ ਸਿੰਘਣੀ ਨੂੰ ਲੋੜ ਹੋਵੇ ਸੋ ਅਰਜ਼ ਕਰਕੇ ਅਨੰਦ ਪੜਾਇ ਲਵੇ। ਚੋਰੀ ਨਾ ਕੋਈ ਕਰੇ। ਚਿੱਟੀ ਚਾਦਰ ਨੂੰ ਦਾਗ ਨਾ ਲਗੇ।

ਏਕ ਸਮੇਂ ਬਚਨ ਕੀਤਾ ਲਗੇ ਦੀਵਾਨ ਮੈਂ ਜਿਸਨੇ ਇਸ਼ਨਾਨ ਨਹੀਂ ਕੀਤਾ ਸੋ ਕਰ ਆਵੋ। ਕੋਈ ਨਾ ਬੋਲਿਆ ਤੇ ਫੇਰ ਬਚਨ ਕੀਤਾ ਜੇੜਾ ਇਸ਼ਨਾਨ ਨਹੀਂ ਕਰਦਾ ਓਸ ਕੇ ਕੋਲੋਂ ਬਦਬੋ ਔਂਦੀ ਹੈ। ਆਪਣੇ ਆਪ ਉਠ ਖੜੇ ਹੋਵੋ ਨਹੀਂ ਤਾਂ ਮੈਂ ਉਠਾਲਦਾ ਹਾਂ। ਜਿਨ੍ਹਾਂ ਨੇ ਇਸ਼ਨਾਨ ਨਾ ਸੀ ਕੀਤਾ ਸੋ ਸਭ ਖੜੇ ਹੋਇ ਗਏ ਇਸ਼ਨਾਨ ਕਰਨ ਨੂੰ।

## ਨਾਮ ਘਿਓ, ਬਾਣੀ ਖੰਡ

ਗੁਰੂ ਜੀ ਮੇਹਰਬਾਨ ਹੋਇਕੇ ਬਚਨ ਕੀਤਾ ਜੋ ਨਾਮ ਜਪਣ ਵਾਲੇ ਹੈਂ ਸੋ ਜੁਗੋ ਜੁਗ ਨਾਲ ਆਉਂਦੇ ਹੈਂ। ਸੋ ਤਾ ਆਪੇ ਹੀ ਪ੍ਰੇਰਨਾ ਨਾਲ ਆਇ ਮਿਲਨਗੇ। ਜੇੜ੍ਹਾ ਰਾਜਿਆਂ ਕੇ ਹਿਲਜੁਲ ਵਿੱਚ ਮਿਲਨਗੇ ਸੋ ਪੌਲੇ ਕੀ ਸਿੱਖੀ ਹੋਵੇਗੀ। ਪਾਪੀਆਂ ਕਾ ਉਧਾਰ ਕਰਨ ਵਾਸਤੇ ਆਏ ਹੈਂ। ਜੋ ਧਰਮਾਤਮਾ ਜੀਵ ਹੈ ਸੋ ਤਾ ਅੱਗੇ ਈ ਤੁਰਿਆ ਹੋਇਆ ਹੁੰਦਾ ਹੈ। ਤਾਰਨਾ ਤਾ ਪਾਪੀਆਂ ਕੋ ਹੀ ਹੁੰਦਾ ਹੈ। ਜਾਂ ਤੇ ਨਾਮ ਕੀ ਚਾਹ ਵਾਲੇ ਭਜਨ ਲੈ ਲੈਂਦੇ ਹੈਂ ਜਾਂ ਚੋਰੀ ਯਾਰੀਆਂ ਕਰਨ ਵਾਲੇ ਛੱਡਕੇ ਪਛਤਾਇਕੇ ਭਜਨ ਸੁਣਦੇ ਹੈਂ। ਇਹ ਜਿਸਨੇ ਭਜਨ ਸੁਣਿਆ ਹੈ ਤਤਕਾਲ ਪੰਜੇ ਐਬ ਛੱਡਕੇ ਸੱਚੇ ਮਾਰਗ ਚਲਦੇ ਹੈਂ। ਤਰੇਗਾ ਸੋ ਜੋ ਬਚਨ ਮੰਨੇਗਾ। ਜੋ ਨਾ ਬਚਨ ਮੰਨੇਗਾ ਤਾਂ ਭੰਬਲ ਭੂਸੇ ਖਾਵੇਗਾ। ਬਚਨ ਕੀਤਾ ਜਿਨ ਕੰਨ ਮੇਂ ਭਜਨ ਸੁਣਿਆ ਹੈ ਚੁਰਾਸੀ ਤਾ ਉਸੀ ਦਿਨ ਕੱਟੀ ਜਾਂਦੀ ਹੈ। ਜੋ ਜਪੇਗਾ ਉਸਕਾ ਅੰਤ ਨਹੀਂ ਕਹਿਆ ਜਾਂਦਾ ਹੈ। ਇਹ ਜੋ ਮੰਤਰ ਹੈ ਆਪਨੇ ਦੇਸ ਮੈ ਲੈ ਜਾਂਦਾ ਹੈ। ਜੈਸੇ ਦਸਵੇਂ ਪਾਤਸ਼ਾਹ ਅਨਲ ਪੰਖੀ[1] ਕਾ ਪਰ ਤੀਰ ਨਾਲ ਬੰਨਕੇ ਚਲਾਇਆ ਸੀ ਫੇਰ ਤੀਰ ਨਹੀਂ ਮੁੜ ਕੇ ਆਇਆ। ਤਿਸੀ ਤਰ੍ਹਾਂ ਇਹ ਮੰਤਰ ਹੈ। ਏਹ ਜੀਵ ਨੂੰ ਆਪਣੇ ਦੇਸ਼ ਲੈ ਜਾਂਦਾ ਹੈ। ਜੋ ਭਜਨ ਬਾਣੀ ਪੜ੍ਹੇ ਕਰੇਗਾ ਤਿਸ ਕੋ ਅੰਤ ਸਮੇਂ ਸਹਾਇਤਾ ਕਰਦੀ ਹੈ। ਨਾਮ ਤਾ ਘਿਓ ਹੈ, ਬਾਣੀ ਖੰਡ ਹੈ। ਦੋਨੋਂ ਮਿਲਾਇਕੇ ਛਕੇ ਤਾਂ ਹੱਛੀ ਹੁੰਦੀ ਹੈ।

## ਕੁਮੱਤ ਨਾਲ ਵੈਰ ਹੈ

ਦੀਨ ਦਿਆਲ ਜੀ ਬਚਨ ਕੀਤਾ ਮੇਰਾ ਵੈਰ ਜੋ ਹੈ ਸੋ ਕੁਮੱਤੀ ਨਾਲ ਹੈ। ਜੋ ਕੁਮੱਤ ਕਰੇਗਾ ਸੋ ਮੈਥੋਂ ਦੂਰ ਹੋਵੇਗਾ। ਹੋਰ ਸਾਰੀ ਪ੍ਰਿਥਵੀ ਪਰ ਰਾਜੀ ਹਾਂ ਪਰ ਜੇੜ੍ਹੇ ਪੁਰਖ ਪਾਪ ਕਰਦੇ ਹੈਂ ਔਰ ਹੋਰਨਾਂ ਪਾਪ ਵੰਨੇ ਲੌਂਦੇ ਹੈਂ ਤਿਨ੍ਹਾਂ ਪੁਰਖਾਂ ਕੀ ਜੜ੍ਹ ਸੁਕ ਜਾਏਗੀ। ਪਾਪੀ ਜੀਵ ਸੇ ਭਲਾ ਨਹੀਂ ਹੁੰਦਾ ਹੈ। ਜੈਸੇ ਸੱਪ ਕੋ ਦੂਧ ਪਿਲਾਈਏ ਤਾਂ ਭੀ ਅੰਤ ਕੋ ਡੰਗ ਮਾਰਦਾ ਹੈ ਤੈਸੇ

---

1 ਲੋਕਾਂ ਦੇ ਖਿਆਲ ਅਨੁਸਾਰ, ਹਵਾ ਵਿੱਚ ਰਹਿਣ ਵਾਲਾ ਇੱਕ ਪੰਛੀ। ਇਸ ਦਾ ਨਾਂ 'ਅਨਲਪਕ' ਭੀ ਹੈ। 'ਅਨਲ ਅਕਾਸ ਪੰਛੀ ਡੋਲਬੇ ਕਰਤ ਹੈ। – ਮਹਾਲ ਕੋਸ਼ ਪੰਨਾ, ਪ੯

ਪਾਪੀ ਪੁਰਖ ਨਾਲ ਭਲਾ ਕਰੀਏ ਅੱਗੇ ਸੇ ਬੁਰਿਆਈ ਕਰਦਾ ਹੈ।

ਏਕ ਸਮੇਂ ਕੰਙਨਪੁਰੇ ਕੇ ਹਰਸਾ ਸਿੰਘ ਕੋ ਸੱਪ ਲੜਿਆ। ਲੱਲੀਂ ਪਾਠ ਕਰਦਾ ਸੀ। ਲੱਤ ਸੁੱਜ ਗਈ। ਬੜਾ ਦੁਖੀ ਹੋਇਆ। ਗੁਰੂ ਜੀ ਦਾ ਨਾਮ ਹੀ ਪੁਕਾਰਦਾ ਹੈ। ਰਾਤ ਕੋ ਦ੍ਰਿਸ਼ਟਾਨ ਮੈ ਦਰਸ਼ਨ ਹੋਇਆ। ਗੋਦ ਮੈ ਲੈ ਕੇ ਬਚਨ ਕੀਤਾ ਤੂੰ ਗ਼ਮ ਨ ਕਰ ਰਾਜੀ ਹੋਇ ਜਾਵੇਂਗਾ। ਨੇਤਰ ਖੁਲ ਗਏ । ਦੇਖੇ ਕੀ ਜੋ ਲੱਤ ਫਿਸ ਪਈ ਹੈ। ਤਤਕਾਲ ਅਰਾਮ ਹੋਇ ਗਿਆ।

## ਝੂਠੀ ਸੁਗੰਧ

ਪੰਡਤ ਨਰੈਣ ਸਿੰਘ ਖਟੜੇ (ਜ਼ਿਲ੍ਹਾ ਲੁਧਿਆਣਾ) ਬਸੰਤ ਸਿੰਘ ਹੋਰਾਂ ਦਾ ਚਾਚਾ ਸੀ। ਜੇਕਰ ਕੋਈ ਵੀ ਗੱਲ ਹੋਵੇ ਤਾਂ ਉਸ ਨੇ ਕਹਿਣਾ ਧੁਆਡੇ ਚਰਨਾਂ ਕਾ ਵਿਛੋੜਾ ਹੋਵੇ। ਜਦ ਸਹੁੰ ਖਾਣੀ ਤਾਂ ਕਹਿਣਾ ਧੁਆਡੇ ਚਰਨਾਂ ਕਾ ਵਿਛੋੜਾ ਹੋਵੇ ਤੇ ਸਾਧ ਸੰਗਤ ਦਾ ਦਰਸ਼ਨ ਨਾ ਹੋਵੇ।

੧੯੨੬ ਦੀ ਮਾਘੀ ਸਮੇਂ ਇਕ ਕੁੜੀ ਕੱਢ ਕੇ ਸੋਥੇ ਬਠਾਇ ਦਿੱਤੀ ਸੀ ਉਸਨੇ। ਮੁਕਤਸਰੋਂ ਸੋਧੇ ਜਾਂ ਗਏ ਸ੍ਰੀ ਸਤਿਗੁਰੂ ਜੀ ਤਾਂ ਪੰਡਤ ਨੂੰ ਪੁੱਛਿਆ ਤੈਂ ਬਠਾਈ ਹੈ ਫਲਾਣੇ ਸਿੰਘ ਕੀ ਕੁੜੀ ਫਲਾਣੇ ਸਿੰਘ ਕੇ ਘਰ। ਪੰਡਤ ਨੇ ਕਹਾ ਜੀ ਮੈਨੂੰ ਜੇ ਖ਼ਬਰ ਹੋਵੇ ਤਾਂ ਮੈਨੂੰ ਧੁਆਡੇ ਚਰਨਾ ਦਾ ਵਿਛੋੜਾ ਹੋਵੇ। ਅੰਤਰਯਾਮੀ ਗੁਰੂਜੀ ਚੁਪ ਕਰ ਰਹੇ ਪਰ ਸੰਗਤ ਕਹੇ ਕਿ ਝੂਠੀ ਸੁਗੰਧ ਖਾਧੀ ਸੂ। ਸੱਚਾ ਪਾਤਸ਼ਾਹ ਕਹਿਣਾ ਤੇ ਸਾਹਮਣੇ ਝੂਠ ਬੋਲਣਾ, ਇਹ ਕਲਜੁਗ ਕਾ ਸੁਭਾਓ ਹੈ।

ਰਾਮਦਾਸ ਪੁਰੇ ਤੋਂ ਲੱਲੀਂ ਸਤਿਗੁਰੂ ਜੀ ਗਏ ਹੋਏ ਥੇ। ਬੀਬੀ ਨੰਦਾਂ ਭੀ ਹੋਰ ਕੁੜੀਆਂ ਨਾਲ ਲੈਕੇ ਚਲੀ ਗੁਰੂ ਜੀ ਵੰਨੇ। ਮਗਰੋਂ ਪੰਡਤ ਨਿਕਲਿਆ। ਅੱਗੇ ਮਹਾਰਾਜ ਬੁੱਧ ਸਿੰਘ ਜੀ ਹਲ ਵਾਹੁੰਦੇ ਹੈਂ। ਦੇਖਕੇ ਪੰਡਤ ਨੂੰ ਮਹਾਰਾਜ ਜੀ ਦੇ ਮਨ ਵਿਚ ਫੁਰਨਾ ਹੋਇਆ ਬੀਬੀਆਂ ਨਾਲ ਮਸ਼ਕਰੀਆਂ ਠੱਠਾ ਕਰਦਾ ਹੈ। ਏਹ ਤਾ ਕੁਟਣੇ ਕੀ ਲਾਇਕ ਹੈ। ਏਤਨਾ ਫੁਰਨਾ ਹੋਣੇ ਸੇ ਪ੍ਰੇਰਕ ਕਾ ਪ੍ਰੇਰਿਆ ਹੋਇਆ ਲੱਖਾ ਸਿੰਘ ਆਇ ਹਾਜਰ ਹੋਇਆ ਘੋੜੇ ਪਰ ਸਵਾਰ ਹੋਇਆ ਹੋਇਆ। ਮਹਾਰਾਜ ਜੀ ਬਚਨ ਕੀਤਾ ਪੰਡਤ ਕੁੜੀਆਂ ਕੇ ਮਗਰ ਹੈ, ਲਈਂ ਖ਼ਬਰ। ਘੋੜਾ ਭਜਾਇਕੇ ਲੱਖਾ ਸਿੰਘ ਜਾਇ ਮਿਲਿਆ। ਕੋਰੜਾ ਸੀ ਉਸਕੇ ਹਥ ਮੈ। ਪੰਡਤ ਕੇ ਪਿੰਡੇ ਪਰ ਬਹੁਤ ਕੋਰੜੇ ਮਾਰੇ। ਪੰਡਤ ਨੇ ਪਿੰਡਾ ਦਿਖਾਇਆ ਗੁਰੂ ਜੀ ਕੋ। ਲਾਸਾਂ ਉਭਰੀਆਂ ਹੋਈਆਂ ਦੇਖੀਆਂ। ਉਸਕਾ ਦਿਲ ਰੱਖਣ ਕੇ ਵਾਸਤੇ ਲੱਖਾ ਸਿੰਘ ਨੂੰ ਨਰਾਜ ਹੋਏ।

ਪੰਡਤ ਨਰੈਣ ਸਿੰਘ[1] ਗੁਰੂ ਜੀ ਕੋ ਕਹਿਣ ਲਗਾ ਕਿ ਮੇਰੇ ਨਾਲ ਲੇਖਾ ਕਰ ਲਓ। ਗੁਰੂ ਜੀ ਬਚਨ ਕੀਤਾ ਅਸੀਂ ਤਾਂ ਤੈਨੂੰ ਓਹ ਖਜਾਨਾ ਦਿੱਤਾ ਸੀ ਜੇੜਾ ਗੁਰੂ ਨਾਨਕ ਜੀ ਨੇ ਗੁਰੂ ਅੰਗਦ ਸਾਹਿਬ ਨੂੰ ਦਿਤਾ ਸੀ। ਤੇਰੀ ਮਰਜੀ ਤੂੰ ਕਰ ਲੈ ਲੇਖਾ। ਵਹੀ ਦੇਖਕੇ ਰੁਪਈਏ ਦੇ ਦੀਏ।

---

1 ਪੁੱਤਰ ਸ੍ਰ. ਸੰਗਤ ਸਿੰਘ, ਪਿੰਡ ਖਟੜੇ, ਜ਼ਿਲ੍ਹਾ ਲੁਧਿਆਣਾ, ਬੀਬੀ ਨੰਦਾਂ ਦੇ ਦਿਓਰ ਲਗਦੇ ਸਨ। ਛੋਟੇ ਹੁੰਦਿਆਂ ਕਾਸ਼ੀ ਵਿੱਦਿਆ ਪੜੇ ਹੋਏ ਹੋਣ ਕਰਕੇ 'ਪੰਡਤ ਕਹਿਕੇ ਬੁਲਾਇਆ ਜਾਂਦਾ ਸੀ।

ਮੁੰਡੀਆਂ ਜਾ ਕੇ ਪੰਡਤ ਪੂਰਬ ਦੇਸ ਕੋ ਚਲਾ ਗਿਆ। ੪੦ ਸਾਲ ਪਿੱਛੋਂ ਆਇਆ ਸੀ ਪਰ ਗੁਰਦੁਆਰੇ ਨਹੀਂ ਪਹੁੰਚਿਆ। ਲੁਦਿਹਾਣੇ ਹੀ ਚੜਾਈ ਕਰ ਗਿਆ। ਮੁੜ ਨਾ ਸਤਿਗੁਰੂ ਜੀ ਦੀ ਮੂਰਤੀ ਦਾ ਦਰਸ਼ਨ ਹੋਇਆ ਨਾ ਸੰਗਤ ਕਾ।

ਰਾਮਦਾਸ ਪੁਰੇ ਡਿਉਢੀ ਮੈ ਏਕ ਬੁਖਾਰੀ ਸੀ ਇੱਕ-ਇੱਕ ਇੱਟ ਕੀ ਸੋ ਢਹਿ ਪਈ। ਦੋ ਸਰੀਰ ਹੇਠਾਂ ਆਇ ਗਏ। ਸੱਟਾਂ ਲੱਗੀਆਂ। ਸੁੱਖਾ ਸਿੰਘ ਨੇ ਅਗਲੇ ਦਿਨ ਅਰਜ਼ ਕਰੀ ਜੀ ਮੇਰੇ ਸੇ ਦੁਖ ਨਹੀਂ ਸਹਾਰਿਆ ਜਾਂਦਾ ਹੈ। ਮੇਰਾ ਸਰੀਰ ਚੜਾਈ ਕਰ ਜਾਏ ਤਾਂ ਚੰਗਾ ਹੈ। ਗੁਰੂ ਜੀ ਬਚਨ ਕੀਤਾ ਜੇ ਮਣ ਦੁਖ ਹੋਵੇ ਤੇ ਸੇਰ ਦੁਖ ਭੋਗ ਕੇ ਨਿਬੜ ਜਾਏ ਤਾਂ ਹੱਛੀ ਬਾਤ ਹੈ। ਚੌਥੇ ਦਿਨ ਚੜ੍ਹਾਈ ਕਰ ਗਿਆ। ਸ਼ਾਮ ਸਿੰਘ ਨੇ ਅਰਜ਼ ਕੀਤੀ ਜੀ ਮੇਰੇ ਤੇ ਭੀ ਨਹੀਂ ਸਹਾਰਿਆ ਜਾਂਦਾ ਹੈ। ਸਰੀਰ ਚੜਾਈ ਕਰ ਜਾਏ ਤਾਂ ਹੱਛੀ ਬਾਤ ਹੈ। ਬਚਨ ਹੋਇਆ ਤੈਨੇ ਸਤ ਜਨਮ ਕੁਸ਼ਟੀ ਹੋਣਾ ਸੀ। ਤੈਨੂੰ ਐਥੇ ਹੀ ਭੁਗਾਇ ਦੀਆ ਹੈ। ਮਣ ਦੁਖ ਕਾ ਸੇਰ ਦੁਖ ਪਾਇਕੇ ਨਿਬੜੇ ਤਾਂ ਹੱਛਾ ਹੈ। ਕਹਾ ਜੀ ਸੱਤ ਬਚਨ ਜੋ ਰਜਾਇ ਆਪ ਕੀ ਹੈ ਸੋ ਕਰੋ। ਅਸਾਂ ਜੀਆਂ ਕੀ ਮਤ ਥੋੜੀ ਹੈ। ਤੀਏ ਮਹੀਨੇ ਚੜ੍ਹਾਈ ਕਰ ਗਿਆ।

## ਬਾਲੀ ਦਾ ਰੂਪ

ਚੁੰਨੀਂ ਮੈ ਪ੍ਰੇਮੀ ਸਿੰਘ ਲੈ ਗਏ ਸਤਿਗੁਰੂ ਜੀ ਕੋ। ਸ਼ਰਦਾਈ ਛਕੀ। ਭਜਨ ਕਰਨ ਅਕੰਤ ਚਲੇ ਗਏ। ਏਤਨੇ ਮੇਂ ਥਾਨੇਦਾਰ ਪੰਦਰਾਂ ਸਿਪਾਹੀ ਨਾਲ ਲੈ ਕੇ ਆਇਆ। ਸਿੰਘਾਂ ਸੇ ਪੁਛਨੇ ਲਗਾ ਸਤਿਗੁਰੂ ਜੀ ਕਹਾਂ ਹੈਂ? ਏਕ ਸਿੰਘ ਨੇ ਕਹਾ ਕਿ ਭਜਨ ਬਾਣੀਂ ਕਰਨ ਗਏ ਹੈਂ। ਇਕ ਨੇ ਸਤਿਗੁਰੂ ਜੀ ਨੂੰ ਜਾਇ ਖ਼ਬਰ ਦਿੱਤੀ। ਗੁਰੂ ਜੀ ਬਚਨ ਕੀਤਾ ਔਂਦਿਆਂ ਹੀ ਕੀੜੀ ਉੱਤੇ ਕਿਓਂ ਹਾਥੀ ਚਾੜ੍ਹ ਦਿੱਤਾ ਹੈ। ਥਾਨੇਦਾਰ ਨੇ ਕਹਾ ਕਿ ਤੁਸੀਂ ਕੀੜੀ ਨਹੀਂ ਹੋ। ਨਾਲ ਲੱਖਾ ਸਿੰਘ ਸੀ। ਥਾਨੇਦਾਰ ਨੇ ਕਹਾ ਕਿ ਜੇਕਰ ਤੁਸੀਂ ਏਸ ਸਿੱਖ ਕੋ ਹੁਕਮ ਦੇ ਦੇਵੋ ਤਾਂ ਏਹੋ ਸਿੰਘ ਸਾਨੂੰ ਫੜ ਫੜ ਕੇ ਕੋਠਿਆਂ ਉੱਤੋਂ ਦੀ ਮਾਰੇ। ਏਤਨੀ ਸਮਰੱਥਾ ਤਾ ਤੇਰੇ ਸਿੱਖ ਮੇਂ ਦਿਸਦੀ ਹੈ। ਥਾਨੇਦਾਰ ਨੇ ਕਹਾ ਕਿ ਤੁਸੀਂ ਰਾਮਦਾਸ ਪੁਰੇ ਨੂੰ ਚਲੇ ਜਾਓ। ਬਚਨ ਹੋਇਆ ਭੋਗ ਪਾਇਕੇ ਚਲੇ ਜਾਵਾਂਗੇ। ਡੇਰੇ ਜਾਇਕੇ ਸੂਬੇ ਲੱਖਾ ਸਿੰਘ ਨੇ ਕਹਾ ਜੀ ਮੈਂ ਕੀ ਕਰ ਸਕਦਾ ਸੀ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਏਹ ਸਰੂਪ ਨਹੀਂ ਦਿਖਾਇਆ ਥਾ ਥਾਨੇਦਾਰ ਕੋ ਬਾਲੀ ਕਾ ਰੂਪ ਦਿਖਾਇਆ ਥਾ।

## ਗੁਰੂਆਂ ਦੀ ਬਾਣੀ ਪੜ੍ਹੋ

ਏਕ ਸਮੇਂ ਦੌਰੇ ਫਿਰਦਿਆਂ ਏਕ ਖੂਹ ਪਰ ਏਕ ਕਵੀਸ਼ਰ ਥਾ, ਆਇਕੇ ਕਬਿਤ ਸੁਣਾਇਆ। ਹੋਰ ਕਈ ਛੰਦ ਸੁਣਾਏ। ਦੀਨਾਨਾਥ ਜੀ ਉਸਦੀ ਉਪਮਾ ਸੁਣਕੇ ਬਚਨ ਕੀਤਾ ਸਾਥੋਂ ਤਾਂ ਗੁਰੂਆਂ ਦੀ ਬਾਣੀ ਨਹੀਂ ਪੜ੍ਹੀ ਜਾਂਦੀ ਹੈ। ਭਾਈ ਗੁਰਦਾਸ ਕੇ ਕਬਿਤ ਸਵੈਯੇ ਤੇ ਵਾਰਾਂ ਤੇ ਦਸਵੇਂ ਪਾਤਸ਼ਾਹ ਜੈਸੀ ਕਵੀਸ਼ਰੀ ਕਿਸੇ ਜੀਵ ਤੋਂ ਨਹੀਂ ਉਚਰੀ ਜਾਂਦੀ ਹੈ। ਅਸਾਂ ਤਾਂ ਗੁਰੂਆਂ ਦੀ ਬਾਣੀ ਦਾ ਅਦਬ ਕਰਾਉਣਾ ਹੈ। ਈਸ਼ਰ ਕੀ ਰਚੀ ਹੋਈ ਨਹੀਂ ਪੜ੍ਹ ਹੁੰਦੀ ਹੈ ਤੇ ਜੀਅ ਦੀ ਬਾਣੀ ਕੌਣ ਪੜ੍ਹੇਗਾ? ਤਾਂ ਤੇ ਸਵੈਯੇ ਦੋਹਰੇ ਨਾ ਰਚੋ। ਗੁਰੂਆਂ ਕੀ ਰਚੀ ਬਾਣੀ ਪੜ੍ਹੋ।

ਲਿਖਾਰੀ ਲੈਂਦਾ ਹੈ ਏਸ ਗੁਰੂ ਬਾਰਵੇਂ ਕੀ ਪੰਜਾਬੀ ਮੇਂ ਸਾਖੀਆਂ ਉਚਾਰਨ ਕੀਤੀਆ ਹੈਂ। ਜੈਸੀ ਸਿੰਘਾਂ ਨੇ ਸੁਣਾਈ ਹੈ ਵੈਸੀ ਹੀ ਲਿਖੀ ਹੈ, ਵੱਧ ਘਟ ਇਕ ਤੁਕ ਨਹੀਂ ਕੀਤੀ ਹੈ।

## ਪੋਥੀ ਮੈ ਲਿਖਾ ਹੈ

ਨੰਦੋ ਨਾਮੇਂ ਸਿੱਖਣੀ ਨੂੰ ਪਹਿਲੇ ਕਿਤੇ ਹੀਰਾ ਮਿਸਰ ਰਾਮਦਾਸ ਪੁਰੇ ਵਾਲਾ ਮਿਲਿਆ ਸੀ। ਓਸ ਮਾਈ ਨੇ ਪੁੱਛਿਆ ਕਿ ਧੁਆਡੀ ਨਗਰੀ ਸੁਬਾਸੀ[1] ਸੁਣੀ ਹੈ। ਰਾਮਦਾਸ ਪੁਰੇ ਮੈ ਬਾਢੀ ਸੁਤ ਹੋਇਆ ਹੈ। ਮਿਸਰ ਨੇ ਕਹਾ ਕਿ ਤੈਂ ਕਿੱਥੋਂ ਸੁਣਿਆ ਹੈ? ਉਸ ਨੇ ਕਿਹਾ ਕਿ ਸਾਡੇ ਘਰ ਇਕ ਪੋਥੀ ਹੈ ਉਸ ਮੈ ਲਿਖਿਆ ਹੋਇਆ ਹੈ। ਸ਼ਰਤ ਕੀਤੀ ਹੋਈ ਹੈ ਕਿ ਸਤੁਦ੍ਰਵ ਕੇ ਕਿਨਾਰੇ ਪਰ ਦੋ ਕੋਸ ਤੇ ਅਥਵਾ ਜੋਜਨ ਦੇ ਫਰਕ ਮੈ ਕਲਾ ਪਰਗਟ ਹੋਵੇਗੀ। ਮੈ ਭੀ ਸੁਣਿਆ ਹੈ ਏਸ ਸਮੇਂ ਕਾ ਰੋਸ਼ਨ ਹੋਣਾ ਲਿਖਿਆ ਹੈ ਗ੍ਰੰਥ ਮੈ। ਪਹਿਲੇ ਮੈਂ ਉਹਨਾਂ ਦੇ ਅੰਗ ਕਹਿੰਦੀ ਹਾਂ ਲੰਬੀ ਗਰਦਨ ਤੇ ਲੰਬੀਆਂ ਭੁਜਾਵਾਂ ਸਰਬ ਅੰਗ ਸੂਖਮ ਤੇ ਪਤਲੇ ਹੋਣ।

ਹੀਰੇ ਮਿਸਰ ਨੇ ਕਹਾ ਸਤਿਗੁਰੂ ਜੀ ਸਾਡੇ ਪਿੰਡ ਹੈਂ। ਨੰਦੋ ਨੇ ਕਹਾ ਕਿ ਹੁਣ ਮੈਂ ਦਰਸ਼ਨ ਕਰਾਂਗੀ। ਤੈਥੋਂ ਸੁਣਕੇ ਪਰਤੀਤ ਬੱਝੀ ਹੈ।

ਥੋੜੇ ਚਿਰ ਪਿੱਛੋਂ ਸਤਿਗੁਰੂ ਜੀ ਚੁਨ੍ਹੀਂ ਗਏ ਤਾਂ ਉਹ ਮਾਈ ਸੁਣਕੇ ਆਈ। ਸ੍ਰੀ ਸਤਿਗੁਰੂ ਜੀ ਕਾ ਦੀਦਾਰਾ ਕੀਤਾ ਭੇਟਾ ਧਰਕੇ। ਕਹਿਣ ਲਗੀ ਜੀ ਮੈਂ ਹੀਰੇ ਮਿਸਰ ਥੀਂ ਸੁਣਕੇ ਆਈ ਹਾਂ। ਮੇਰੇ ਘਰ ਗ੍ਰੰਥ ਹੈ ਉਸ ਮੈ ਜੋ ਅੰਗਾਂ ਕੀ ਮਹਿਮਾ ਬਰਨਨ ਕਰੀ ਹੈ ਸੋ ਮੈਂ ਨੇਤਰੀਂ ਦੇਖੀ ਹੈ। ਦੀਨ ਦਿਆਲ ਜੀ ਬਚਨ ਕੀਤਾ ਕੋਈ ਹੋਰ ਹੋਣਾ ਹੈ। ਮੈਂ ਤਾ ਗ਼ਰੀਬ ਤਰਖਾਣ ਹਾਂ। ਮੇਰੇ ਮੈ ਏਹ ਗੁਣ ਨਹੀਂ ਹੈਂ। ਮਾਈ ਕਹਿਣ ਲੱਗੀ ਜੀ ਮੈਨੂੰ ਕਿਓ ਭੁਲਾਉਂਦੇ ਹੋ। ਮੈਂ ਮਨ ਤੇ ਨਹੀਂ ਕਹਿੰਦੀ ਹਾਂ। ਸਾਖੀਆਂ ਮੈ ਆਪ ਕਾ ਨਾਮ ਲਿਖਾ ਹੈ। ਮੈਨੂੰ ਭੀ ਨਾਮ ਮਿਲੇ। ਭਜਨ ਦੀਆ ਨਿਹਾਲ ਕੀਆ। ਮਾਲਾ ਨਾਲ ਪਰੋਤੀ। ਜੋ ਮਨਸਾ ਕਰਕੇ ਆਈ ਸੀ ਸੋ ਪੂਰੀ ਹੋਈ।

## ਹਰਨਾਮ ਸਿੰਘ ਘੋੜੀ ਮਾਰ

ਏਕ ਸਿੰਘ ਘੋੜੀ ਨਵਾਂਵਦਾ ਸੀ ਛੱਪੜ ਬੀਚ। ਗੁਰੂ ਜੀ ਕੋਲ ਦੀ ਲੰਘੇ ਤਾ ਬਚਨ ਕੀਤਾ ਖਾ ਲੈ ਤਾਂ ਘੋੜੀ। ਉਸੀ ਵਕਤ ਐਸੀ ਪੌਣ ਚੜ੍ਹੀ, ਉਸ ਸਿੰਘ ਨੇ ਘੋੜੀ ਨੂੰ ਚਕ ਮਾਰਦੇ ਮਾਰਦੇ ਗੋਤੇ ਦੇਕੇ ਘੋੜੀ ਮਾਰ ਦਿੱਤੀ। ਤਾਂ ਘੋੜੀਮਾਰ ਹਰਨਾਮ ਸਿੰਘ ਉਸ ਦਿਨ ਥੀਂ ਸੱਦਣ ਲੱਗੇ। ਅਰੂੜ ਸਿੰਘ ਨੇ ਕਹਾ ਜੀ ਇਹ ਤਨਖਾਹ ਦੀ ਲਾਇਕ ਹੈ। ਜੇ ਨਾ ਤਨਖਾਹ ਲਾਵੋਗੇ ਤਾਂ ਸੁਭਾਉ ਸਿੰਘਾਂ ਕੇ ਵਿਗੜ ਜਾਣਗੇ। ਤੀਨ ਫੇਰੀ ਜਾਂ ਕਹਿਆ ਤਾ ਦੀਨ ਦਿਆਲ ਜੀ ਬਚਨ ਕੀਤਾ ਜੀਵ ਤਾ ਸਦਾ ਈ ਭੁਲਣਹਾਰਾ ਹੈ ਤੇ ਗੁਰੂ ਸਦਾ ਹੀ ਬਖਸ਼ਿੰਦ ਹੈ।

## ਮਸਤਾਨੇ ਮੇਰਾ ਰੂਪ ਹੈਨ

1 ਉੱਤਮ ।

ਸੂਬੇ ਸਾਹਿਬ ਸਿੰਘ ਨੇ ਏਕ ਮਸਤਾਨੇ ਨੂੰ ਮਾਰਿਆ ਕੋਰੜੇ ਸੇ। ਸ੍ਰੀ ਸਤਿਗੁਰੂ ਜੀ ਬਸਤਰ ਉਠਾਇਕੇ ਬਚਨ ਕੀਤਾ ਦੇਖੋ ਮੇਰਾ ਪਿੰਡਾ। ਮਸਤਾਨਿਆਂ ਕੋ ਮਾਰਦੇ ਹੋ? ਮਸਤਾਨੇ ਮੇਰਾ ਰੂਪ ਹੈਨ। ਜੋ ਏਨਾਂ ਨੂੰ ਮਾਰਦਾ ਹੈ ਸੋ ਮੈਨੂੰ ਮਾਰਦਾ ਹੈ।

## ਤਾਂ ਤੁਹਾਨੂੰ ਨਾਮ ਮਿਲਿਆ ਹੈ

ਮੈਣ ਦੁਆਬ ਨੂੰ ਤਾਰਦੇ ਜਾਂ ਬੱਸੀ ਦੇ ਵਿੱਚੋਂ ਦੀ ਲੰਘੇ ਤਾਂ ਸਿੰਘਾਂ ਨੇ ਕਹਾ ਸੱਭ ਸੁਤੇ ਪਏ ਹੈਨ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਜੇ ਏਹ ਸੁੱਤੇ ਹੈਂ ਤਾਂ ਤੁਸਾਂ ਨੂੰ ਨਾਮ ਮਿਲਿਆ ਹੈ। ਤਾਂ ਤੁਸੀਂ ਜਪਦੇ ਹੋ। ਜੇ ਏਹ ਜਾਗਦੇ ਹੁੰਦੇ ਤਾਂ ਧੁਆਨੂੰ ਨਾ ਸੇ ਨਾਮ ਲੈਣ ਦਿੰਦੇ। ਏਨਾਂ ਨੂੰ ਸੁਲਾਇਕੇ ਤਾਂ ਧੁਆਨੂੰ ਜਗਾਇਆ ਹੈ। ਨਾਮ ਕਾ ਛੱਟਾ ਦੇਂਦੇ ਆਏ ਰਾਮਦਾਸ ਪੁਰੇ ਮੈ। ਬੜੀ ਖੁਸ਼ੀ ਹੋਈ।

ਦੀਨਾਨਾਥ ਜੀ ਬਚਨ ਕੀਤਾ ਜੇਕਰ ਮੈਂ ਰਹਿ ਗਿਆ ਤਾਂ ਸ੍ਰੀ ਗ੍ਰੰਥ ਸਾਹਿਬ ਜੀ ਕਾ ਬੜਾ ਅਦਬ ਕਰਾਵਾਂਗੇ। ਮੋਟੇ ਅੱਖਰ ਲਖਾਵਾਂਗੇ ਭਾਵੇਂ ਥੋੜੀ ਨਿਗਾਹ ਵਾਲਾ ਭੀ ਪੜ ਲਵੇ। ਏਥੇ ਸਾਰੇ ਬੁੰਗੇ ਪੈ ਜਾਣਗੇ। ਏ ਭੀ ਬਚਨ ਕੀਤਾ ਬਿੱਲੇ ਸਾਡੇ ਮਗਰ ਪਏ ਹੋਏ ਹੈਂ। ਛੱਡੂੰ ਆਟਾ ਕਰਕੇ, ਨਹੀਂ ਦਲੀਆ ਜਰੂਰ ਕਰਾਂਗਾ।

## ਡਿੱਗੀ ਪਈ ਮਰਿਆਦਾ

ਏਕ ਬ੍ਰਾਹਮਣ ਕਾਸ਼ੀ ਥੀਂ ਆਇਆ। ਸਾਰਾ ਦਿਨ ਬੈਠਾ ਦੇਖਦਾ ਰਹੇ। ਜੇੜ੍ਹਾ ਸਿੰਘ ਮਦਾਨੇ ਜਾਵੇ ਸਾਰੇ ਬਸਤਰ ਕਪੜੇ ਉਤਾਰ ਕੇ ਜਾਵੇ। ਆਇਕੇ ਸਣ ਕੇਸੀਂ ਅਸ਼ਨਾਨ ਕਰਨਾ। ਜੇੜ੍ਹਾ ਪਰਨਾ ਨਾਲ ਲਜਾਵਣਾ ਸੋ ਧੋਇ ਲੈਣਾ। ਬ੍ਰਾਹਮਣ ਨੇ ਕਹਾ ਬ੍ਰਾਹਮਣਾਂ ਕੇ ਕਰਮ ਸੂਦ ਵੈਸ ਕਰਦੇ ਹੈਨ। ਬਾਬੇ ਸਾਹਿਬ ਸਿੰਘ ਬੋਲਾ ਕੀਤਾ ਪੰਡਤ ਜੀ ਤੁਸੀਂ ਗੁੱਸਾ ਕਿਓਂ ਕਰਦੇ ਹੋ। ਅਸੀਂ ਇਹ ਮਰਯਾਦਾ ਜੋਰ ਨਾਲ ਨਹੀਂ ਲਈ ਹੈ। ਅਸੀਂ ਤਾ ਡਿੱਗੀ ਪਈ ਚੁੱਕੀ ਹੈ। ਨਿਰਾਦਰ ਹੁੰਦਾ ਦੇਖਕੇ ਅਸੀਂ ਆਦਰ ਕੀਤਾ ਹੈ। ਪੰਡਤ ਨੂੰ ਕੋਈ ਉੱਤਰ ਨਾ ਆਇਆ।

## ਦੁੱਖ-ਸੁੱਖ ਅਕਾਲ ਪੁਰਖ ਦੀ ਆਗਿਆ ਨਾਲ

ਸ੍ਰੀ ਸਤਿਗੁਰੂ ਜੀ ਬਚਨ ਕੀਤਾ ਜੇਕਰ ਭਜਨ ਲੇ ਕੇ ਦੁੱਖ ਹੋਵੇ ਤਾ ਏਉਂ ਨਾ ਕਹੇ ਕਿ ਦੇਖੋ ਮੈਨੂੰ ਭਜਨ ਲੈ ਕੇ ਭੀ ਦੁੱਖ ਮਿਲਿਆ ਹੈ। ਜੇਕਰ ਸੌ ਕਰਮ ਕੀਤਾ ਹੋਵੇ ਤਾਂ ਗੁਰੂ ਜੀ ਇਕ ਕਰਮ ਵਿੱਚ ਭੁਗਾਇ ਦਿੰਦੇ ਹੈਂ। ਸੂਲੀ ਥੀਂ ਸੂਲ ਕਰ ਦਿੰਦੇ ਹੈਂ। ਭਾਣਾ ਮੰਨਣਾ ਚਾਹੀਏ। ਜੋ ਦੁੱਖ ਸੁੱਖ ਹੈ ਸੋ ਉਸ ਅਕਾਲ ਪੁਰਖ ਕੀ ਆਗਿਆ ਨਾਲ ਹੁੰਦਾ ਹੈ।

ਏਕ ਸਿੰਘ ਨੇ ਅਰਜ਼ ਕੀਤੀ ਜੀ ਮੈਂ ਸੁਣਿਆ ਥਾ ਆਪ ਖੰਜਰਵਾਲ ਮੈ ਉਤਰੇ ਹੋਏ ਹੋ। ਬੈਠੇ ਤੁਸੀਂ ਰਾਮਦਾਸ ਪੁਰੇ ਹੋ। ਅਸੀਂ ਆਪਸ ਮੇਂ ਝਗੜ ਪਏ ਸੇ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਬੇਸ਼ਕ ਸ਼ਰਤ ਲਾਇ ਲੈਂਦਾ ਏਹ ਮੂਰਤੀ ਉੱਥੇ ਭੀ ਹੋਊਗੀ ਜਰੂਰ।

ਏਕ ਸਿੰਘ ਨੇ ਅਰਜ਼ ਕੀਤੀ ਜੀ ਮੈਨੂੰ ਤਾਪ ਹੋਇਆ ਹੋਇਆ ਸੀ। ਆਪ ਕਾ ਦੀਦਾਰ

ਕਰਕੇ ਦੂਰ ਹੋਇ ਗਿਆ ਹੈ। ਸਤਿਗੁਰੂ ਜੀ ਬਚਨ ਕੀਤਾ ਏਕ ਤਾਪ ਕੀ? ਏਸ ਮੂਰਤੀ ਕਾ ਦੀਦਾਰ ਕਰਕੇ ਕੋਈ ਰੋਗ ਨਹੀਂ ਰਹੇਗਾ।

## ਫ਼ਰੰਗੀ ਜ਼ਰੂਰ ਹੱਥ ਪੌਣਗੇ

ਏਕ ਸਮੇਂ ਮੁੰਡੀਆ ਮੈ ਤੀਨ ਅਨੰਦ ਪੜਾਏ। ਇਕ ਮਰਾਸੀ ਕਹਿਣੇ ਲਗਾ ਹੁਣ ਸਸਤੀ ਕੁੜੀ ਵਿਆਹੀ ਜਾਂਦੀ ਹੈ। ਸਿੰਘ ਮਾਰਨੇ ਕੋ ਤਿਆਰ ਹੋਏ। ਗੁਰੂ ਜੀ ਬਚਨ ਕੀਤਾ ਕਿਓਂ ਮਾਰਨਾ ਹੈ। ਕੋਈ ਬਿਗਾੜ ਤੇ ਨਹੀਂ ਕੀਤਾ ਹੈ। ਬਚਨ ਕੀਤਾ ਮੈਨੂੰ ਫ਼ਰੰਗੀ ਜ਼ਰੂਰ ਹੱਥ ਪੈਣਗੇ। ਮੈਨੂੰ ਮਰ ਗਿਆ ਲਿਖਣਗੇ।

## ਪੂਜਾ ਮੱਤ ਮਾਰ ਲੈਂਦੀ ਹੈ

ਏਕ ਸਿੰਘ ਨੇ ਅਰਜ਼ ਕਰੀ ਜੀ ਨਿੰਦਕਾਂ ਕੀਆਂ ਕਦ ਜੜ੍ਹਾਂ ਪੱਟ ਹੋਣਗੀਆਂ? ਗੁਰੂ ਜੀ ਬਚਨ ਕੀਤਾ ਸਿੰਘਾਂ ਵੰਨੇ ਹੱਥ ਕਰਕੇ, ਪਹਿਲੇ ਅਜਿਹੇ ਨਾਮਧਾਰੀਆਂ ਦੀਆਂ ਜੜ੍ਹਾਂ ਪੱਟ ਹੋਣਗੀਆਂ ਫ਼ੇਰ ਨਿੰਦਕਾਂ ਕੀਆਂ। ਮਹੰਤਾਂ ਵੰਨੀਂ ਹੱਥ ਕਰਕੇ ਬਚਨ ਕੀਤਾ ਫ਼ੇਰ ਏਨ੍ਹਾਂ ਦੀਆਂ ਪੱਟ ਹੋਣਗੀਆਂ। ਘਿਓ ਖੰਡ ਖਾ ਕੇ ਸੌਂ ਪੈ ਰਹਿੰਦੇ ਹੈਂ। ਭਜਨ ਬਾਣੀਂ ਨਹੀਂ ਕਰਦੇ ਹੈਂ। ਪੂਜਾ ਮੱਤ ਮਾਰ ਲੈਂਦੀ ਹੈ।

ਦਸੌਂਧਾ ਸਿੰਘ ਮਾਝੇ ਕਾ, ਏਕ ਗਊ ਲੈ ਕੇ ਤੁਰਿਆ ਰਾਮਦਾਸ ਪੁਰੇ ਕੋ। ਜਾਂ ਦੋ ਕੋਸ ਪਰ ਸੀ ਤਾਂ ਗਊ ਸੂਣ ਕੀ ਤਿਆਰੀ ਹੋ ਗਈ। ਸਿੰਘ ਨੇ ਸਮਝਿਆ ਜੇ ਸੂਈ ਤਾਂ ਤਕਲੀਫ਼ ਹੋਵੇਗੀ। ਇਕ ਮਨ ਹੋਇਕੇ ਅਰਦਾਸਾ ਕੀਤਾ ਹੇ ਅਕਾਲ ਪੁਰਖ ਗਊ ਡੇਰੇ ਜਾਇਕੇ ਸੂਏ। ਗਊ ਤੁਰੀ ਆਈ। ਡੇਰੇ ਆਇਕੇ ਤਤਕਾਲ ਸੂਈ।

ਸ੍ਰੀ ਸਤਿਗੁਰੂ ਜੀ ਕੇ ਗੋਡੇ ਪਰ ਲਸਣ ਹੈ ਨਿੰਮ ਦੇ ਪੱਤੇ ਕੀ ਮਾਨਿੰਦ। ਅਤਰ ਸਿੰਘ ਨੇ ਹੱਥ ਲਾਇਕੇ ਕਹਾ ਜੀ ਇਹ ਤਾ ਪਦਮ ਕੰਵਲ ਕਾ ਲਸਣ ਹੈ। ਗੁਰੂ ਜੀ ਬਚਨ ਕੀਤਾ ਨਾ ਭਾਈ ਇਹ ਤਾਂ ਐਵੇਂ ਹੀ ਲਸਣ ਹੈ। ਗੁਰੂ ਜੀ ਨੇ ਆਪਣੇ ਮੁਖ਼ਾਰਬਿੰਦ ਸੇ ਜੋ ਬਚਨ ਉਚਾਰਨ ਕਰਨਾ ਜਾਂ ਭਵਿਖਤ ਵਾਕ, ਸੋ ਸਿੰਘਾਂ ਨੇ ਆਪਣੇ ਹਿਰਦੇ ਮੈਂ ਮੋਤੀਆਂ ਕੀ ਤਰ੍ਹਾ ਧਾਰਨ ਕਰ ਲੈਣੇ।

## ਬਖ਼ਸ਼ ਦਿੱਤਾ

ਏਕ ਸਿੰਘ ਮੁੰਡੀਆਂ ਕਾ, ਊਠ ਚੁਰਾਇ ਕੇ ਲੈ ਗਿਆ ਸ੍ਰੀ ਸਤਿਗੁਰੂ ਜੀ ਕਾ। ਜਿੱਥੇ ਜਾਵੇ ਉੱਥੇ ਨਾ ਟਿਕਣਾ ਮਿਲੇ। ਜੰਗਲ ਮੈਂ ਈ ਫਿਰੀ ਜਾਵੇ ਭੈ ਕਾ ਮਾਰਿਆ। ਏਕ ਸਿੰਘ ਨੇ ਦੇਖਕੇ ਫੜ ਆਂਦਾ। ਗੁਰੂ ਜੀ ਬਚਨ ਕੀਤਾ ਤੈਂ ਏਹ ਕੀ ਕਰਮ ਕੀਤਾ ਹੈ? ਤੈਨੂੰ ਕੈਦ ਕਰਾਉਣਾ ਸੀ। ਦੀਨ ਦਿਆਲ ਜੀ ਫੇਰ ਬਚਨ ਕੀਤਾ ਜਾਹ ਤੈਨੂੰ ਬਖ਼ਸ਼ ਦਿੱਤਾ। ਸ਼ਰਮ ਕਾ ਮਾਰਿਆ ਨੇਤਰ ਨਾ ਸਾਮ੍ਹਣੇ ਕਰ ਸਕੇ।

ਏਕ ਸਮੇਂ ਸਿਆਹੜ ਮੈ ਉਤਰੇ ਹੋਏ ਸੇ। ਏਕ ਨੰਬਰਦਾਰ ਆਇ ਬੈਠਾ। ਬੱਧੀ ਹੋਈ ਦਾੜ੍ਹੀ ਸੀ। ਇਕ ਸਿੰਘ ਮਸਤਾਨਾ ਹੱਲੇ ਨਾਲ ਉਠਕੇ ਉਸਕੇ ਇਕ ਪਾਸੇ ਕੀ ਦਾੜੀ ਕਢ ਦਈ।

ਨੰਬਰਦਾਰ ਦੇਖਦਾ ਈ ਰਹਿ ਗਿਆ।ਗੁਰੂ ਜੀ ਕੇ ਪਰਤਾਪ ਸੇ ਨਾ ਬੋਲਿਆ। ਲਾਲ ਪਗੜੀ ਲਾਹ ਕੇ ਸਿੰਘ ਚੀਰ ਫਾੜ ਦੇਂਦੇ ਹੈਂ। ਚੀਰੀ ਹੋਈ ਦਾੜੀ ਜਾਂ ਚੜ੍ਹੀ ਹੋਈ ਦਾੜ੍ਹੀ ਸਿੱਧੀ ਕਰ ਦੇਂਦੇ ਹੈਂ।

ਏਕ ਸਮੇਂ ਮੌੜਾਂ ਦੀਵਾਨ ਲਗਾ ਹੋਇਆ ਸੀ। ਪੰਚਾਇਤ ਨੇ ਆਇ ਪੁੱਛਿਆ ਜੀ ਭਾਣਾ ਜੋ ਕਹਿੰਦੇ ਹੈਂ ਸੋ ਕਦ ਵਰਤੂਗਾ? ਸ੍ਰੀ ਸਤਿਗੁਰੂ ਜੀ ਬਚਨ ਕੀਤਾ ਜੇਕਰ ਤੁਸੀਂ ਨਾਲ ਰਲ਼ ਜਾਵੋ ਤਾ ਛੇਤੀ ਕਰ ਲਈਏ।

ਹਰਨਾਮ ਸਿੰਘ ਘੋੜੀਮਾਰ ਨੂੰ ਡੇਢ ਬਰਸ ਅੱਗੋਂ ਕਿਹਾ ਹੁਣ ਕੀ ਕਹਿੰਦਾ ਹੈ ਗੋਬਿੰਦ? ਕਹਿਣ ਲਗਾ ਮਿਸਰੀਆਂ ਨਹੀਂ ਛਕਣੀਆਂ ਮਿਲਣਗੀਆਂ। ਪਰਦੇਸ ਕੋ ਜਾਣਾ ਹੋਗਾ। ਦੀਨਾਨਾਥ ਜੀ ਬਚਨ ਕੀਤਾ ਸੱਚ ਕਹਿੰਦਾ ਹੈਂ। ਅਸੀਂ ਜਾਣਾ ਹੀ ਹੈ ਪਰਦੇਸ ਕੋ।

## ਏਹ ਮੇਰੀ ਪਰੰਪਰਾ ਹੈ

ਉਭੇ ਵਾਲੇ ਹਰਨਾਮ ਸਿੰਘ ਹੋਰਾਂ ਕੇ ਏਕ ਚਪੜਾਸੀ ਆਇਆ। ਨਾਲੇ ਉਸ ਕੀ ਤਲਵਾਰ ਖੋਹ ਲਈ ਨਾਲੇ ਮਾਰਿਆ। ਰਾਜੇ ਕੋਲ ਉਸਨੇ ਅਰਜ਼ ਕਰੀ। ਹੁਕਮ ਹੋਇਆ ਕਿ ਫੜ ਲਿਆਵੋ। ਥਾਨੇ ਫੜ ਕੇ ਲੈ ਗਏ। ਹਥਕੜੀ ਪਾਇਕੇ ਹਵਾਲਾਤ ਮੇਂ ਕਰ ਦੀਆ। ਰਾਤ ਕੋ ਸਿੰਘ ਨੇ ਸ਼ਬਦ ਕੀ ਤੁਕ ਲਈ 'ਤੇਰੀ ਸਰਣ ਮੇਰੇ ਦੀਨ ਦਇਆਲਾ' ਤਾਂ ਉਸੀ ਵਕਤ ਦਰਸ਼ਨ ਹੋਇਆ ਸ੍ਰੀ ਸਤਿਗੁਰੂ ਜੀ ਕਾ। ਚਿੱਟੀ ਪੁਸ਼ਾਕ ਸੋਹਣੀ ਮੂਰਤ ਦੇਖਕੇ ਧੀਰਜ ਆਇ ਗਈ। ਦਰਸ਼ਨ ਕਰਕੇ ਪਰਸੰਨ ਹੋਇਆ। ਹਰਨਾਮ ਸਿੰਘ ਨੇ ਅਰਜ਼ ਕਰੀ ਜੀ ਜਦ ਅੱਗੇ ਧੁਆਡਾ ਦਰਸ਼ਨ ਹੋਇਆ ਸੀ ਤਾਂ ਲੋਕ ਮੈਨੂੰ ਸੰਤ ਕਰਕੇ ਮੰਨਦੇ ਸੇ ਪੂਜਦੇ ਸੇ। ਹੁਣ ਜਦ ਦਰਸ਼ਨ ਹੋਇਆ ਹੈ ਤਾਂ ਬੇੜੀਆਂ ਪਈਆਂ ਹੋਈਆਂ ਹੈਂ। ਜਿਸਨੂੰ ਤੁਸੀਂ ਦਰਸ਼ਨ ਦੇਂਦੇ ਹੁੰਦੇ ਹੋ ਉਸਦੇ ਨਾਲ ਤੁਸੀਂ ਏਵੇਂ ਹੀ ਕਰਦੇ ਹੁੰਦੇ ਹੋ? ਦੀਨ ਦਿਆਲ ਜੀ ਬਚਨ ਕੀਤਾ ਜਿਸਨੂੰ ਮੈਂ ਦਰਸ਼ਨ ਦੇਂਦਾ ਹਾਂ ਉਸਨੂੰ ਮੈਂ ਸਾਧ ਕਰ ਦੇਂਦਾ ਹਾਂ। ਜਿਸਦਾ ਮੈਂ ਵਛਾਉਣਾ ਚੁਕਣਾ ਹੁੰਦਾ ਹੈ ਉਸ ਥੀਂ ਮੈਂ ਸਾਧਾਂ ਨੂੰ ਦੁੱਖ ਦਵਾਉਂਦਾ ਹੁੰਦਾ ਹਾਂ। ਏਹ ਮੇਰੀ ਪਰੰਪਰਾ ਹੈ। ਏਤਨੇ ਬਚਨ ਕਰਕੇ ਗੁਪਤ ਹੋਇ ਗਏ ਗੁਰੂ ਜੀ।

## ਪਾਜ ਲਾਹ ਦੀਆ

ਰੁੜਕੇ[1] ਕੇ ਬ੍ਰਾਹਮਣ ਖਚਰੇ ਸੇ। ਉਨ੍ਹਾਂ ਨੇ ਸਲਾਹ ਕੀਤੀ ਕਿ ਗੁਰੂ ਜੀ ਕੁਝ ਅੰਤਰਜਾਮਤਾ ਭੀ ਰੱਖਦੇ ਹੈਂ ਕਿ ਨਹੀਂ। ਥਾਲੀ ਮੈਂ ਹੁੱਕੇ ਕਾ ਪਾਣੀ ਫੇਰ ਕੇ, ਪਤਾਸੇ ਪਾਇਕੇ ਦੀਵਾਨ ਲਗੇ ਤੇ ਜਾਇ ਧਰੇ ਅੱਗੇ। ਅੰਤਰਜਾਮੀ ਜੀ ਥਾਲੀ ਛਟੀ ਨਾਲ ਚੁੱਕ ਕੇ ਬਾਹਰ ਮਾਰੀ ਦੀਵਾਨ ਸੇ। ਟੁਟ ਗਈ ਥਾਲੀ। ਬ੍ਰਾਹਮਣਾਂ ਕੋ ਮਾਰਿਆ ਨਾਲੇ ਹੁੱਕੇ ਭੰਨਕੇ ਬਾਹਰ ਕਢ ਦੀਆ ਦੀਵਾਨ ਸੇ। ਖੋਟਿਆਂ ਦਾ ਜੋ ਪਾਜ ਸੀ ਸੋ ਲਾਹ ਦੀਆ। ਸ਼ਰਮਿੰਦੇ ਹੋਏ ਬ੍ਰਾਹਮਣ ਥਾਨੇ ਗਏ, ਸਿੰਘ ਭੀ ਗਏ। ਥਾਨੇਦਾਰ ਸਿੰਘ ਸੀ। ਉਸਨੇ ਸਿੰਘਾਂ ਨੂੰ ਸ਼ਰਦਾਈ ਛਕਾਈ ਤੇ ਬ੍ਰਾਹਮਣਾਂ ਨੂੰ

1 ਜ਼ਿਲ੍ਹਾ ਲੁਧਿਆਣੇ ਦਾ ਪਿੰਡ ਡੇਹਲੋ ਦੇ ਕੋਲ ।

ਘੂਰਿਆ ਕਿ ਐਸੇ ਕੰਮ ਕਿਓਂ ਕਰਦੇ ਹੋ। ਨੰਗਲ ਨਾਨਕੇ ਹੈਂ ਸਤਿਗੁਰੂ ਜੀ ਕੇ, ਓਥੇ ਜਾਇ ਪੜਾਓ ਕੀਤਾ।

## ਸੁਲਤਾਨ ਕਾ ਥਾਨ ਚੁੱਕਿਆ

ਏਕ ਝੀਵਰ ਸਿੰਘ ਨੂੰ ਸਤਿਗੁਰੂ ਜੀ ਬਚਨ ਕੀਤਾ ਲਿਆਓ ਉਸ ਸ਼ਹੀਦ ਨੂੰ। ਕਾਨ੍ਹ ਸਿੰਘ ਝੀਵਰ ਘੁੰਘਰਾਣੇ ਦੇ ਕਿਲੇ ਦੇ ਵਿੱਚ ਜਾਇਕੇ ਸ਼ਹੀਦ ਕਾ ਧਿਆਨ ਧਰਿਆ। ਸ਼ਹੀਦ ਉਸੀ ਵਕਤ ਆਨ ਹਾਜ਼ਰ ਹੋਇਆ। ਕਾਨ੍ਹ ਸਿੰਘ ਨੇ ਸ਼ਹੀਦ ਨੂੰ ਕਹਾ ਸਤਿਗਰੂ ਜੀ ਆਏ ਹੋਏ ਹੈਂ ਦਰਸ਼ਨ ਦੇਵੋ। ਸ਼ਹੀਦ ਨੇ ਕਹਾ ਕਿ ਤੂੰ ਚਲਕੇ ਪਾਂਚ ਮੂੜ੍ਹੇ ਹੇਠਾਂ ਉੱਤੇ ਡਹਾ ਦੇਈਂ। ਪਤਾਸੇ ਥਾਲੀ ਮੈਂ ਪਾਇਕੇ ਕੋਲ ਰੱਖਣੇ। ਦਿਨ ਲੱਥੇ ਆਵਾਂਗੇ। ਕਾਨ੍ਹ ਸਿੰਘ ਨੇ ਸਤਿਗੁਰੂ ਜੀ ਕੇ ਮੰਜੇ ਕੋਲ ਮੂੜ੍ਹੇ ਡਹਾਇ ਦੀਏ। ਪਤਾਸੇ ਕੋਲ ਰੱਖ ਦੀਏ। ਸ਼ਹੀਦ ਸੂਰਜ ਛਿਪੇ ਬਾਹਰ ਆਇਆ। ਪੰਜਵੇਂ ਮੂੜ੍ਹੇ ਪਰ ਬੈਠਾ। ਗੁਰੂ ਜੀ ਕੇ ਚਰਨੀ ਸੀਸ ਨਿਵਾਇ ਕੇ ਪਤਾਸੇ ਵਰਤਾਇ ਦੀਏ। ਉਤਰ ਪ੍ਰਸ਼ਨ ਕੋਈ ਨਹੀਂ ਕੀਤਾ। ਜਾਂ ਸ਼ਹੀਦ ਤੁਰਿਆ ਤਾਂ ਸਿੰਘ ਗਏ ਮਗਰ ਦੇਖਣ ਦਰਵਾਜਾ ਪਿੰਡ ਦਾ ਨਿਕਲਕੇ ਸਤਿ ਸ੍ਰੀ ਅਕਾਲ ਬੁਲਾਇਕੇ ਗੁਪਤ ਹੋਇ ਗਿਆ। ਜਿਸ ਵਕਤ ਤੁਰਨ ਲਗੇ ਤਾ ਸਤਿਗੁਰੂ ਜੀ ਬਚਨ ਕੀਤਾ ਸੁਲਤਾਨ ਕਾ ਥਾਨਾ ਚੁੱਕਿਆ ਹੈ। ਸਰਵਰ ਕੀ ਚੌਂਕੀ ਚੁੱਕੀ ਹੈ।

ਜੰਗਲ ਮੈ ਜਾਇਕੇ ਗੁਰੂ ਜੀ ਬੈਠ ਰਹੇ। ਲੱਭਣ ਨਾ ਤਾਂ ਖਟੜਿਆਂ ਵਾਲਾ ਰਾਏ ਸਿੰਘ ਅਰਦਾਸਾ ਕਰਕੇ ਤੁਰਿਆ। ਜਿੱਥੇ ਸਤਿਗੁਰੂ ਹੈਂ ਓਥੇ ਦਰਸ਼ਨ ਕੀਤਾ। ਬਚਨ ਹੋਇਆ ਜੋ ਅਨਮਤਾਂ ਵਾਲੇ ਹੈਨ ਸੋ ਮੇਰੇ ਉੱਤੇ ਚਿਪ ਚਿਪ ਕੇ ਆਂਵਦੇ ਹੈਂ। ਦੇਉਤੇ ਦੇਵੀਆਂ ਦੈਂਤ ਆਂਵਦੇ ਹੈਂ। ਪਰ ਝੂਠੇ ਹੋਏ ਹੋਏ ਹੈਂ। ਮੇਰੇ ਉੱਤੇ ਏਨ੍ਹਾਂ ਦਾ ਜ਼ੋਰ ਨਹੀਂ ਚੜ੍ਹਦਾ ਹੈ। ਮੈਂ ਖੌਸੜਾ[1] ਫੜਕੇ ਆਇਆ ਹਾਂ।

ਏਕ ਸਮੇਂ ਭੁੱਟੇ[2] ਮੈ ਜਾਇ ਉਤਰੇ। ਸਿੰਘਾਂ ਨੇ ਆਣ ਫਤ੍ਹੇ ਗਜਾਈ। ਏਕ ਕੁਸੰਗੀ ਆਇ ਬੈਠਾ। ਗੁਰੂ ਜੀ ਬਚਨ ਕੀਤਾ ਤੂੰ ਉਠ ਜਾ ਅਸਾਂ ਇਕ ਬਚਨ ਕਰਨਾ ਹੈ। ਤੈਂ ਜਾਇਕੇ ਬਚਨ ਕੀ ਨਿੰਦਿਆ ਕਰਨੀ ਹੈ। ਤੇਰਾ ਭਲਾ ਨ ਹੋਊਗਾ। ਉਸਨੇ ਕਹਿਆ ਜੀ ਮੈਂ ਨਿੰਦਿਆ ਨਹੀਂ ਕਰਦਾ। ਮੈਂ ਤਾਂ ਜੀ ਦਰਸ਼ਨ ਕੋ ਆਇਆ ਹਾਂ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਅਸੀ ਤਾਂ ਹਾਂ ਜਲ ਰੂਪ। ਫ਼ਰੰਗੀ ਹਨ ਘੜੇ ਤੇ ਰੂਸ ਹੈਨ ਘਣ ਰੂਪ। ਉਹ ਏਨ੍ਹਾਂ ਨੂੰ ਭਜਾਉਣਗੇ ਫੇਰ ਸੁਖ ਹੋਣਗੇ।

## ਬਾਬਾ ਬੀਰ ਸਿੰਘ ਦੇ ਬਚਨ

ਫੇਰ ਹਰਸਾ ਸਿੰਘ ਕੋ ਬਚਨ ਕੀਤਾ ਤੂੰ ਨੌਰੰਗਾਬਾਦ ਵਾਲੇ ਬੀਰ ਸਿੰਘ ਪਾਸ ਰਹਿਆ

---

1 ਜੁੱਤੀ ।

2 ਸਿਆਹੜ ਦੇ ਨੇੜੇ ਪਿੰਡ।

ਹੋਇਆ ਹੈਂ।[1] ਉਹ ਕੀ ਆਂਧਾ ਹੁੰਦਾ ਸੀ? ਹਰਸਾ ਸਿੰਘ ਨੇ ਅਰਜ਼ ਕੀਤੀ ਜੀ ਏਉ ਬਚਨ ਕਰਦੇ ਹੁੰਦੇ ਸਨ ਕਿ ਲਾਹੌਰ ਦਾ ਘਰ ਤਾਂ ਹੁਣ ਪੱਟਿਆ ਜਾਣਾ ਹੈ। ਫ਼ਰੰਗੀ ਆਊਗਾ। ਸਾਰੇ ਉਸਕਾ ਰਾਜ ਹੋਊਗਾ। ਫੇਰ ਮਹਾਰਾਜ ਜੀ ਸੰਤ ਖਾਲਸਾ ਪੈਦਾ ਕਰਨਗੇ। ਫ਼ਰੰਗੀ ਉਸਨੂੰ ਬਹੁਤ ਦੁੱਖ ਦੇਣਗੇ। ਫੇਰ ਕਾਬੁਲ ਕੀ ਧਰਤੀ ਤੇ ਤੁਰਕਾਨੀ ਫ਼ੌਜ ਆਵੇਗੀ। ਮਾਝੇ ਸਾਰੇ ਦੇ ਖੋਲੇ ਕਰ ਦੇਣਗੇ। ਦਿੱਲੀ ਪਹੁੰਚਣਾ ਹੈ ਉਨ੍ਹਾਂ ਨੇ। ਲੁਧਿਆਣੇ ਥੀਂ ਲੈ ਕੇ ਕਾਬਲ ਤੱਕ ਫ਼ੌਜ ਹੋਵੇਗੀ। ਸਮੁੰਦਰ ਕੀ ਉਛਾਲ ਵਾਂਗੂ ਫ਼ੌਜ ਕਾ ਪਰਾ[2] ਹੋਊਗਾ। ਸੱਠ ਕੋਸ ਚੌੜਾ ਹੋਊਗਾ। ਦਿੱਲੀ ਜਾਇ ਦਮ ਲੈਣਗੇ। ਚੁਫੇਰੇ ਕੀ ਫ਼ੌਜ ਆਇ ਇਕੱਠੀ ਹੋਵੇਗੀ। ਉਸ ਤੋਂ ਉਪਰੰਤ ਸੰਤ ਖਾਲਸੇ ਕਾ ਪਤਾਪ ਹੋਊਗਾ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਜੋ ਪੰਜ ਸੌ ਦੂਣ ਕਹਾ ਹੈ ਸੋ ਭੀ ਏਨ੍ਹਾ ਨੂੰ ਕਹਾ ਹੈ। ਜਬ ਏਹ ਆਵਣਗੇ ਤਾਂ ਪਾਂਚ ਸੌ ਹੋਸੀ। ਸਿੰਘਾਂ ਨੇ ਕਹਾ ਜੀ ਜੋ ਧੁਆਡਾ ਹੁਕਮ ਹੈ ਸੋ ਕਰੋ। ਬਚਨ ਕੀਤਾ ਮੇਰਾ ਹੁਕਮ ਕਿਸੇ ਜੀਵ ਨੂੰ ਦੁੱਖ ਦੇਣ ਦਾ ਨਹੀਂ ਹੈ। ਥੋੜ੍ਹੇ ਹੀ ਦਿਨ ਹੈ ਦੁੱਖ, ਫੇਰ ਬੜੇ ਸੁਖ ਹੋਣਗੇ।

## ਅਸਾਂ ਤਾਂ ਚਲੇ ਜਾਣਾ ਹੈ

ਏਕ ਸਮੇਂ ਡੱਲੇ ਗ੍ਰਾਮ[3] ਮੈ ਗਏ। ਸਿੰਘਾਂ ਅਰਜ਼ ਕੀਤੀ ਜੀ ਮੇਲੇ ਤਾਂ ਚੰਗੇ ਲਗਦੇ ਹੈਂ ਪਰ ਤੀਵੀਆਂ ਦਾ ਰੌਲਾ ਰਹਿੰਦਾ ਹੈ। ਏਧਾ ਕੋਈ ਬੰਦੋਬਸਤ ਚਾਹੀਏ। ਦੀਨ ਦਿਆਲ ਜੀ ਬਚਨ ਕੀਤਾ ਅਸਾਂ ਤਾਂ ਚਲੇ ਜਾਣਾ ਹੈ। ਥੋੜੇ ਦਿਨਾਂ ਵਾਸਤੇ ਕਾਨੂੰ ਕਿਸੇ ਨੂੰ ਦੁੱਖ ਦੇਣਾ ਹੈ। ਆਪੇ ਹੀ ਟਿਕ ਟਿਕਾਉ ਹੋ ਜਾਏਗਾ।

ਏਕ ਸਿੰਘਣੀ ਨੇ ਅਰਜ਼ ਕੀਤੀ ਜੀ ਮੇਰੀ ਮਨਸ਼ਾ ਹੈ ਕਿ ਮੇਲਾ ਕਰਵਾਵਾਂ। ਬਚਨ ਕੀਤਾ ਗ਼ਰੀਬ ਸਿੰਘ ਹੋਵੇ ਤਾਂ ਮੇਲੇ ਮੈ ਆਟਾ ਜਾਇ ਪਾਵੇ ਤਾਂ ਮੇਲੇ ਵਰਗਾ ਹੀ ਕੰਮ ਹੋ ਜਾਂਦਾ ਹੈ। ਕਿਧਰੇ ਮੇਲੇ ਜਾਈਏ ਤਾਂ ਚਾਰ ਪਾਂਚ ਸੇਰ ਆਟਾ ਕੋਲ ਲੇ ਜਾਈਏ। ਲੰਗਰ ਮੈ ਪਾਇ ਦੇਈਏ ਤਾਂ ਓਹ ਭੀ ਮੇਲੇ ਵਰਗਾ ਕੰਮ ਹੋ ਜਾਂਦਾ ਹੈ।

ਕਾਲੂ ਵਹਾਰ ਕੇ ਚੰਦਾ ਸਿੰਘ ਸਰਦਾਰ ਨੇ ਪੁੱਛਿਆ ਜੀ ਭਾਣਾ ਕਦ ਵਰਤੂਗਾ? ਨੌਕਰੀ ਫ਼ਰੰਗੀ ਕੀ ਕਰੀਏ? ਬਚਨ ਹੋਇਆ ਨੌਕਰੀ ਨਹੀਂ ਕਰਨੀ। ਰੂਸ ਜ਼ਰੂਰ ਆਵੇਗਾ। ਰੂਸਾਂ ਕਾ ਭੀ ਔਣਾ ਲਿਖਾ ਹੈ, ਮੇਰਾ ਭੀ ਔਣਾ ਲਿਖਾ ਹੈ। ਨੈਪਾਲੀ ਕੇ ਦਸੇ ਜਾਣਾ ਲਿਖਾ ਹੈ।

## ਝੂਠ ਕੀਆਂ ਜੜ੍ਹਾਂ ਪੁੱਟਣੀਆਂ ਹੈਂ

ਗੁਲਾਬ ਸਿੰਘ ਗੋਂਦਾ ਹੱਟੀ ਵਿੱਚ ਸੀ। ਉਸ ਕੁਝ ਪਦਾਰਥ ਕੱਢ ਲਿਆ। ਦੀਨ ਦਿਆਲ ਜੀ ਪੁੱਛਿਆ ਤਾਂ ਮੁੱਕਰ ਗਿਆ। ਹੁਕਮ ਹੋਇਆ ਪੁਸਤਕ ਚੁੱਕ। ਗੋਂਦੇ ਨੇ ਪੁਸਤਕ ਚੁੱਕ ਲਈ।

---

1 ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਵਾਲੇ ਮਹਾਨ ਤਪੱਸਵੀ ਸਨ। ਸ਼ਰਣਾਗਤ ਆਏ ਦੀ ਰੱਖਿਆ ਕਰਨ ਕਰਕੇ ਰਾਜਾ ਧਿਆਨ ਸਿੰਘ ਦੇ ਪੁੱਤਰ ਰਾਜਾ ਹੀਰਾ ਸਿੰਘ ਦੇ ਫ਼ੌਜੀਆਂ ਨੇ ੨੨ ਵਸਾਖ ੧੯੦੧ ਬਿਕਰਮੀ (੭ ਮਈ ੧੮੪੪ ਈ.) ਨੂੰ ਬਾਬਾ ਜੀ ਦਾ ਕਤਲ ਕਰ ਦਿੱਤਾ ਸੀ।

2 ਕਤਾਰ ।

3 ਮੋਗੇ ਤੋਂ ਤਖਤੂਪੁਰੇ ਦੇ ਰਾਹ ਵਿੱਚ ਆਉਂਦਾ ਇਕ ਪਿੰਡ।

ਕਹੇ ਜੀ ਮੈਂ ਨਹੀਂ ਕੱਢਿਆ ਪਦਾਰਥ। ਬਚਨ ਹੋਇਆ ਚਲਾ ਜਾਹ ਵਿੱਚੋਂ ਸੰਗਤ ਦਿਓ। ਫੇਰ ਸ਼ਹੀਦਾਂ ਨੂੰ ਹੁਕਮ ਦਿੱਤਾ ਤਾਂ ਹਿਰਦੇ ਨੂੰ ਅਗਨ ਲਗ ਉੱਠੀ ਕਿ ਮੈਂ ਜ਼ਰੂਰ ਝੂਠੀ ਸਹੁੰ ਖਾਧੀ ਹੈ ਸੱਚੇ ਗੁਰੂ ਕੋਲ। ਫੇਰ ਸਾਮ੍ਹਣੇ ਹੋਇਆ। ਬਚਨ ਕੀਤਾ ਸਤਿਗੁਰੂ ਜੀ ਤੇਜੀ ਮੈ ਹੋਇਕੇ ਕਹਿਣਾ ਗੁਰੂ ਤੇ ਜਾਨਣਾ ਜੀਆਂ ਜਿਤਨਾ ਬੀ ਨਾ। ਝੂਠ ਕੀ ਤਾਂ ਅਸਾਂ ਜੜ੍ਹਾਂ ਪੱਟਣੀਆਂ ਹੈਂ। ਝੂਠਾ ਮਨੁੱਖ ਸਾਨੂੰ ਨਹੀਂ ਅੱਛਾ ਲਗਦਾ ਹੈ। ਮੇਰੇ ਸਾਮ੍ਹਣਿਓਂ ਦੂਰ ਹੋਇ ਜਾਓ।

ਗੁਲਾਬ ਸਿੰਘ ਬਾਬੇ ਜਵਾਹਰ ਸਿੰਘ ਕੀ ਸ਼ਰਨੀ ਜਾਇ ਪਿਆ ਕਿ ਮੈਨੂੰ ਬਖਸ਼ਾਵੋ। ਬਾਬੇ ਜਵਾਹਰ ਸਿੰਘ ਨੇ ਆਪਣੀ ਦਾੜ੍ਹੀ ਕੋ ਹੱਥਾਂ ਵਿੱਚ ਲੈ ਕੇ ਹੱਥ ਜੋੜੇ। ਅੰਤਰਯਾਮੀ ਗੁਰੂ ਜੀ ਅੱਗੇ ਅਰਜ਼ ਕੀਤੀ। ਬਾਬੇ ਨੂੰ ਬਚਨ ਕੀਤਾ ਬਾਬਾ ਤੇਰੀ ਦਇਆ ਨੇ ਪੱਟੇ ਹੈਂ। ਅਸੀਂ ਨਹੀਂ ਏਹ ਗੱਲ ਕਰਨੀਂ। ਏਹ ਤਾਂ ਸੱਚਾ ਹੈ। ਸੱਚੇ ਦਾ ਕੀ ਬਖਸ਼ਣਾ ਹੈ। ਬਾਬੇ ਕਹਿਆ ਜੀ ਸਰਾਸਰ ਝੂਠਾ ਹੈ। ਸੱਚੇ ਪਾਤਸ਼ਾਹ ਜੀ ਤੁਸੀਂ ਬਖਸ਼ ਵਾਸਤੇ ਚੋਲਾ ਧਾਰਿਆ ਹੈ। ਬਖਸ਼ੋ, ਜੀਵ ਸਦਾ ਹੀ ਭੁਲਣਹਾਰ ਹੈ। ਜੇ ਹਉ ਪੂਤ ਕਪੂਤ ਬਹੁੜ ਪਿਤਾ ਕੋ ਲਾਜ। ਗੁਰੂ ਜੀ ਬਚਨ ਕੀਤਾ ਛੱਡਣਾ ਤੇ ਨਾ ਸੀ ਪਰ ਤੇਰੇ ਕਹੇ ਜਾਣ ਦਿੱਤਾ ਹੈ। ਜਾਹ ਬਖਸ਼ ਹੋਈ। ਤਾਂ ਜੇੜ੍ਹੀ ਮਾਰ ਸ਼ਹੀਦਾਂ ਦੀ ਸੀ ਸੋ ਹਟ ਗਈ। ਜੇੜ੍ਹੀ ਅਗਨ ਲਗੀ ਹੋਈ ਸੀ ਸੋ ਠੰਢੀ ਹੋਈ, ਸੁਖੀ ਹੋਇਆ। ਔਰ ਸਮਝਿਆ ਕਿ ਧੰਨ ਗੁਰੂ ਅੰਤਰਜਾਮੀ ਹੈ ਜਿਸ ਦਾ ਗੁਪਤ ਫੌਜਾਂ ਭੀ ਹੁਕਮ ਮੰਨਦੀ ਹਨ। ਮੈਂ ਝੂਠੀ ਸਹੁੰ ਖਾਧੀ ਜਿਸ ਕਰਕੇ ਸ਼ਹੀਦਾਂ ਨੇ ਪਕੜ ਕੇ ਮਾਰਿਆ। ਬੜਾ ਬਲੀ ਹੈ ਸਤਿਗੁਰੂ।

## ਤੁਸੀਂ ਬਾਣੀ ਹੀ ਪੜ੍ਹੋ

ਬਾਬੇ ਸਾਹਿਬ ਸਿੰਘ ਨੇ ਅਰਜ਼ ਕੀਤੀ ਜੀ ਲੋਕ ਹੀਰ ਰਾਂਝਾ ਬਹੁਤ ਪੜ੍ਹਦੇ ਸੁਣਦੇ ਹੈ। ਦੀਨਾਨਾਥ ਜੀ ਬਚਨ ਕੀਤਾ ਓਨ੍ਹਾਂ ਕੀ ਸੱਚੀ ਆਸ਼ਕੀ ਥੀ। ਓਨਾਂ ਵਰਗਾ ਕਲੂਕਾਲ ਵਿੱਚ ਕੋਈ ਨਹੀਂ ਹੈ ਪਰ ਤੁਸੀਂ ਬਾਣੀ ਹੀ ਪੜ੍ਹੋ।

## ਨਿਸਚਾ ਹੋਇਆ

ਬਲਾਕਾ ਸਿੰਘ[1] ਰਾਜੇ ਕਾ ਘੁਮਾਰ ਸੀ, ਨੇ ਛੋਟੀ ਅਵਸਥਾ ਵਿਖੇ ਸੁਣਿਆ ਸੀ ਜੋ ਏਕ ਸਿੰਘ ਸਣੇ ਪਊਏ ਬਿਨਾਂ ਬੇੜੀ ਝਨਾਉ ਲੰਘ ਆਏ ਸੀ।ਏਹ ਬਾਤ ਯਾਦ ਰੱਖਦਾ ਸੀ। ਵੱਡਾ ਹੋ ਕੇ ਰਾਮਦਾਸ ਪੁਰੇ ਸਾਹਿਬ ਨੂੰ ਆਇਆ। ਸਤਿਗੁਰੂ ਜੀ ਕਾ ਦਰਸ਼ਨ ਕਰਕੇ ਬੈਠਾ। ਅਰਜ਼ ਕੀਤੀ ਜੀ ਤੁਸੀਂ ਸਣੇ ਪਉਏ ਬਿਨਾ ਬੇੜੀ ਦਰਿਆ ਲੰਘ ਆਏ ਥੇ? ਦੀਨਾਨਾਥ ਜੀ ਬਚਨ ਕੀਤਾ ਮੈਂ ਨਹੀਂ ਕੋਈ ਹੋਰ ਹੋਵੇਗਾ। ਸਿੰਘ ਨੇ ਕਹਿਆ ਜੀ ਧੁਆਡੇ ਬਿਨਾ ਕੌਣ ਲੰਘਣ ਵਾਲਾ ਹੈ। ਬਚਨ ਹੋਇਆ ਨਾਮ ਜਪ ਕੇ ਭਾਵੇਂ ਕੋਈ ਲੰਘ ਜਾਵੇ। ਸੁਣਕੇ ਨਿਸਚਾ ਹੋਇਆ ਜਿਸਦਾ ਬਚਨ ਸੁਣਿਆ ਸੀ ਉਸਨੂੰ ਪਰਤੱਖ ਦੇਖਿਆ ਹੈ। ਧੰਨ ਬਾਰ੍ਹਵੇਂ ਗੁਰੂ ਹੈਂ ਕਲੂਕਾਲ ਵਿਖੇ ਜਾਹਰ ਕਲਾ ਪ੍ਰਗਟ ਹੋਈ ਹੈ। ਜੀਆਂ ਨੂੰ ਮਾਇਆ ਦਾ ਪਰਦਾ ਪਾ ਕੇ ਅਪਨਾ ਆਪ ਛੁਪਾਏ ਬੈਠੇ ਹੈਂ। ਇਹ ਤਾਂ ਆਪ ਅਬਿਨਾਸੀ ਠਾਕਰ ਹੈਂ।

1 ਰਾਜਾ ਪਿੰਡ, ਜ਼ਿਲ੍ਹਾ ਗੁਜਰਾਂਵਾਲਾ।

ਏਕ ਸਮੇਂ ਸਤਿਗੁਰੂ ਜੀ ਆਪਣੀ ਲੀਲਾ ਖੇਡਦੇ ਹੋਏ ਝਨਾਉ ਉਪਰ ਜਾਇ ਨਿਕਲੇ। ਅੱਗੇ ਮਲਾਹਾਂ ਨੇ ਬੇੜੀ ਛੱਡੀ ਹੋਈ ਸੀ। ਬਚਨ ਕੀਤਾ ਬੇੜੀ ਮੋੜ ਕੇ ਮੈਨੂੰ ਭੀ ਚੜਾਇ ਲਵੋ। ਅੱਗੇ ਸੇ ਮਲਾਹ ਨੇ ਕਹਿਆ ਅਸੀਂ ਤੇਰੇ ਖ਼ਾਤਰ ਬੇੜੀ ਖੜਾਇ ਛੱਡਣੀ ਹੈ? ਬਹੁਤ ਕਾਲ੍ਹੀ ਹੈ ਤਾਂ ਪਾਣੀ ਦੇ ਉਤੋਂ ਦੀ ਲੰਘ ਆਓ। ਇਤਨੀ ਸੁਣਦੇ ਈ ਸਤਿਗੁਰੂ ਜੀ ਵਿਚੀਂ ਦਰਿਆਇ ਕੇ ਪਊਆਂ ਸਣੇ ਲੰਘ ਆਏ ਜਿਸ ਤਰ੍ਹਾਂ ਧਰਤੀ ਤੇ ਚੱਲੀਦਾ ਹੈ। ਮਲਾਹ ਦੇਖਕੇ ਅਸਚਰਜ ਰਹੇ।

ਅੱਗੇ ਵਜੀਰਾਬਾਦ ਮੇਂ ਏਕ ਬਾਗ ਸੀ। ਕੁਤਿਆਂਵਾਲਾ ਕਰਕੇ ਸੱਦਦੇ ਸਨ। ਉਸਮੇਂ ਜਾਇ ਵੜੇ। ਸਿਪਾਹੀ ਪੱਤਣ ਸੇ ਹੀ ਮਗਰ ਲੱਗੇ ਹੋਏ ਸੀ। ਉਨ੍ਹਾਂ ਨੇ ਹੁਲੀਆ ਲਿਖ ਲਿਆ ਸੀ। ਮਗਰ ਆਏ ਗੁਰੂ ਜੀ ਕੇ। ਗੁਰੂ ਜੀ ਉੱਥੇ ਹੀ ਗੁਪਤ ਹੋਇ ਗਏ। ਉਨ੍ਹਾਂ ਸਿਪਾਹੀਆਂ ਬਹੁਤ ਲੋਕਾਂ ਨਾਲ ਹੁਲੀਆ ਮਿਲਾਇਆ, ਕਿਤੇ ਨਾ ਮਿਲੇ। ਅੰਗਰੇਜਾਂ ਨੇ ਭੀ ਸਾਰੇ ਹੁਲੀਆ ਮਿਲਾਇਆ, ਕਿਤੇ ਨਾ ਮਿਲੇ। ਰਾਮਦਾਸਪੁਰੇ ਸਾਹਿਬ ਆਇ ਮਿਲਿਆ। ਸੁਣਕੇ ਫ਼ਰੰਗੀ ਨੇ ਜਾਣਿਆ ਜੋ ਜਰੂਰ ਕਰਾਮਾਤੀ ਹੈ। ਐਸੀ ਪਰਮੇਸ਼ਰ ਬਿਨਾ ਕੌਣ ਕਰ ਸਕਦਾ ਹੈ? ਬਿਨਾਂ ਬੇੜੀ ਦਰਿਆਉ ਲੰਘ ਜਾਣ ਕਾ ਚਰਚਾ ਆਮ ਲੋਕਾਂ ਮੈ ਫੈਲ ਗਿਆ। ਏਸੇ ਚਰਚਾ ਦੇ ਸਬਬ ਨਾਲ ਬਲਾਕਾ ਸਿੰਘ ਆਇਆ ਥਾ।

ਵਾਕ ਕਵੀ - ਜੈਸੇ ਸਤਿਗੁਰ ਉੜਪ ਬਿਨੁ ਭਏ ਝਨਾਓਂ ਪਾਰ ॥

ਤੈਸੇ ਸੁਨ ਪੜ੍ਹ ਯਹਿ ਕਥਾ ਤਰੇ ਜਲਧ ਸੰਸਾਰ ॥

## ਘਟ ਨਹੀਂ ਜਾਨਣਾ

ਏਕ ਨਿਰਮਲੇ ਨੇ ਭਜਨ ਲਿਆ। ਪ੍ਰਸਾਦ ਛਕਣ ਕੇ ਵਕਤ ਇਕ ਸਿੰਘ ਨੇ ਕੂਹਣੀ ਮਾਰੀ ਤੇ ਕਹਿਆ ਉੱਤੇ ਨੂੰ ਚੜ੍ਹਿਆ ਔਂਦਾ ਹੈ। ਬਚਨ ਹੋਇਆ ਕਿਓਂ ਮਾਰਿਆ ਹੈ? ਜੋ ਮੇਰਾ ਸਿੰਘ ਅੱਜ ਵੀ ਭਜਨ ਪੁੱਛੇਗਾ ਉਹ ਜੇੜ੍ਹੇ ਪੰਜਾਹ ਬਰਸ ਕੇ ਭਜਨ ਕਰਦੇ ਹੈਂ ਓਨ੍ਹਾਂ ਕੇ ਸਮਾਨ ਹੋਵੇਗਾ। ਘਟ ਨਹੀਂ ਜਾਨਣਾ।

## ਅੰਗਰੇਜ਼ ਫੜ੍ਹਕੇ ਲੈ ਜਾਣਗੇ

ਏਕ ਜਨਾਨਾ ਸਰੀਰ ਆਇਆ। ਦੋ ਗਹਿਣੇ ਭੇਟਾ ਧਰੇ। ਦੀਨ ਦਿਆਲ ਜੀ ਉਸਕੇ ਗਹਿਣੇ ਮੋੜ ਦੀਏ। ਬਚਨ ਹੋਇਆ ਕੱਲ ਨੂੰ ਕਹੇਂਗੀ ਮੈਂ ਗਹਿਣੇ ਰਾਮ ਸਿੰਘ ਨੂੰ ਦੇ ਆਈ ਹਾਂ। ਅੰਗਰੇਜ਼ ਫੜਕੇ ਲੈ ਜਾਣਗੇ ਤਾਂ ਕੀਨੂੰ ਪੁੱਛੇਂਗੀ। ਕੋਲੋਂ ਬ੍ਰਹਮਾ ਸਿੰਘ ਮਹੰਤ ਨੇ ਕਹਾ ਕਿ ਸੱਚੇ ਪਾਤਸ਼ਾਹ ਜੀ ਆਪ ਕੋ ਕੌਣ ਲੈ ਜਾਣ ਵਾਲਾ ਹੈ। ਬਚਨ ਕੀਤਾ ਬਿੱਲੇ ਤਿਆਰ ਹੈਨ ਮੈਨੂੰ ਹੱਥ ਪਾਉਣ ਨੂੰ।

## ਭਵਿਖ ਵਾਕ

ਇਕ ਸਿੰਘ ਨੇ ਸਵਾ ਦੋ ਸੌ ਰੁਪਈਆ ਮੱਥਾ ਟੇਕਿਆ। ਬਚਨ ਹੋਇਆ ਕੈਸਾ ਹੈ ਏਹ ਰੁਪਈਆ? ਕਹਾ ਕਿ ਜ਼ਮੀਨ ਬੇਚੀ ਹੈ। ਬਚਨ ਹੋਇਆ ਕਿਉਂ ਬੇਚੀ ਹੈ? ਕਿਹਾ ਜੀ ਤੁਸੀਂ

ਆਖਿਆ ਹੈ ਤਾਂ ਬੇਚੀ ਹੈ। ਬਚਨ ਹੋਇਆ ਕਿ ਮੈਂ ਨਹੀਂ ਤੈਨੂੰ ਕਹਿਆ। ਕਿਹਾ ਕਿ ਦ੍ਰਿਸ਼ਟਾਨ ਮੈ ਮੈਨੂੰ ਕਹਾ ਹੈ। ਚਰਨਾਂ ਨਾਲ ਸਾਰੇ ਰੁਪਈਏ ਦੂਰ ਮਾਰੇ। ਫੇਰ ਸਿੰਘ ਨੇ ਅੱਗੇ ਰੱਖ ਦਿੱਤੇ ਅਕੱਠੇ ਕਰਕੇ ਅਰ ਕਿਹਾ ਜੀ ਪੰਜਾਹ ਰੁਪਈਏ ਰਹਿੰਦੇ ਹੈਂ ਸੋ ਭੀ ਲਿਆਇ ਦੇਵਾਂਗਾ। ਬਚਨ ਹੋਇਆ ਜ਼ਮੀਨ ਵੇਚਕੇ ਕੀ ਕੰਮ ਕਰੇਂਗਾ? ਸਿੰਘ ਨੇ ਕਹਿਆ ਜੀ ਮੈਂ ਬਾਣ ਵਟ ਕੇ ਗੁਜਾਰਾ ਕਰ ਲਵਾਂਗਾ। ਸਤਿਗੁਰੂ ਜੀ ਰੁਪਏ ਮੋੜ ਦੀਏ। ਬਚਨ ਕੀਤਾ ਧਰਤੀ ਸਾਰੀ ਸਫਾ ਹੋ ਜਾਵੇਗੀ। ਧਰਤੀ ਕੀ ਗਰਦ ਉਡ ਜਾਏਗੀ। ਸਵਾ ਸਵਾ ਹੱਥ ਦੇ ਜੇ ਬਾਂਸ ਸੁੱਟੇ ਜਾਣਗੇ ਤਾ ਤੂੜੀ ਹੋ ਜਾਵੇਗੀ। ਪਿਪਲਾਂ ਕੇ ਟੰਡ ਮੁੰਡ ਰਹਿ ਜਾਣਗੇ।

ਗਿਆਨੀ ਸਿੰਘ ਨੇ ਪੁੱਛਿਆ ਜੀ ਰਾਮਸਰ ਕਾ ਕੀ ਮਹਾਤਮ ਹੈ? ਬਚਨ ਹੋਇਆ ਇਹੋ ਵੱਡਾ ਤੀਰਥ ਹੈ। ਸਰਬ ਤੀਰਥਾਂ ਕਾ ਮਹਾਤਮ ਹੈ ਇਸ ਤੀਰਥ ਵਿੱਚ।

## ਜੋ ਰਜ਼ਾ ਤੇ ਰਾਜੀ ਰਹੇ

ਏਕ ਸਿੰਘ ਨੇ ਅਰਜ਼ ਕਰੀ ਜੀ ਜੀਆਂ ਕੇ ਰਿਦੇ ਸਾਫ਼ ਕਰੋ। ਬਚਨ ਹੋਇਆ ਹੰਕਾਰ ਨਿਕਲ ਲੈਣ ਦਿਓ। ਜੀਅ ਨੂੰ ਕੁਝ ਪਤਾ ਨਹੀਂ ਲਗਦਾ ਹੈ। ਏਕ ਸਿੰਘ ਨੇ ਕਹਾ ਜੀ ਮੇਰੇ ਕੋਲੋਂ ਬੇ-ਮਰਯਾਦਾ ਬੋਲਿਆ ਜਾਂਦਾ ਹੈ। ਬਚਨ ਹੋਇਆ ਸਮਾਂ ਮਾੜਾ ਹੈ। ਲੰਡਿਆਂ ਉਚੱਕਿਆਂ ਕੀ ਸੇਵਾ ਹੁੰਦੀ ਹੈ। ਸਾਧਾਂ ਨੂੰ ਕੌਣ ਜਾਣਦਾ ਹੈ। ਪੁੱਛਿਆ ਜੀ ਕਿਸੇ ਪਰ ਖੁਸ਼ੀ ਭੀ ਹੁੰਦੇ ਹੋ। ਬਚਨ ਕੀਤਾ ਸਤਿਗੁਰੂ ਜੀ, ਜੋ ਰਜ਼ਾ ਤੇ ਰਾਜੀ ਰਹੇ ਤਿਸ ਪਰ ਮੈਂ ਰਾਜੀ ਹਾਂ।

## ਤੇਰੀਆਂ ਤੂੰ ਹੀ ਜਾਣੇਂ

ਏਕ ਸਮੇਂ ਰਾਜਾ ਸਿੰਘ ਤਰਾਂਡੀ[1] ਕਾ ਰਾਮਦਾਸਪੁਰੇ ਸਾਹਿਬ ਆਇਆ। ਪਰਸ਼ਾਦੇ ਵਰਤਾਵਣ ਲਾਇਆ। ਏਕ ਸਿੰਘ ਸਤ ਪੰਗਤਾਂ ਨਾਲ ਛਕਦਾ ਰਿਹਾ। ਬਰਤਾਵੇ ਨੇ ਕਹਿਆ ਕਿ ਮੈਂ ਅਰਜ਼ ਕਰਕੇ ਉਠਾਲ ਦਿੰਦਾ ਹਾਂ। ਅਰਜ਼ ਕਰਨ ਆਇਆ। ਅੰਤਰਯਾਮੀ ਜੀ ਉਸਨੂੰ ਔਂਦੇ ਨੂੰ ਦੇਖਕੇ ਬਚਨ ਕੀਤਾ ਕੇਹੋ ਜੇਹੇ ਔਂਦੇ ਹਨ ਸੱਤਾਂ ਜਨਮਾਂ ਦੇ ਭੁੱਖੇ। ਸਤ ਸਤ ਪੰਗਤਾਂ ਛਕਦੇ ਹੈਂ। ਗੁਰੂ ਜੀ ਦੇ ਘਰ ਭੁੱਖ ਲਹਿੰਦੀ ਹੈ। ਸੁਣਦੇ ਸਾਰ ਜਾਕੇ ਪਰਸਾਦੇ ਬਰਤਾਵਣ ਲਗਾ। ਕਹੇ ਹੇ ਪਰਮੇਸ਼ਰ ਤੇਰੀਆਂ ਤੂੰ ਹੀ ਜਾਣੇਂ।

ਏਕ ਸਿੰਘ ਕੋ ਦਮਾ ਥਾ। ਦੀਨਾਨਾਥ ਜੀ ਬਚਨ ਕੀਤਾ ਖੰਡ ਫੱਕ ਤੇਰਾ ਦਮਾ ਹਟ ਜਾਏਗਾ। ਸਤ ਦਿਨ ਖੰਡ ਫਕਣੇ ਸੇ ਦਮਾ ਹਟ ਗਿਆ। ਧੰਨ ਗੁਰੂ ਹੈ ਜਿਨ੍ਹਾਂ ਦੇ ਬਚਨ ਨਾਲ ਅਸਾਧ ਰੋਗ ਹਟ ਜਾਂਦੇ ਹੈਂ।

## ਸੁੱਖੂ ਨੰਬਰਦਾਰ

ਏਕ ਸਮੇਂ ਬਾਬੇ ਗੋਪਾਲ ਸਿੰਘ ਨੇ ਸੁੱਖੂ ਨੰਬਰਦਾਰ[2] ਕੋ ਕੁੱਟਿਆ। ਉਸਨੇ ਆ ਕੇ ਅਰਜ਼

---

1 ਜ਼ਿਲ੍ਹਾ ਸਿਆਲਕੋਟ, ਪਿਤਾ ਦਾ ਨਾਮ ਜੱਸਾ ਸਿੰਘ।

2 ਪਿੰਡ ਭੈਣੀ ਸਾਹਿਬ ਦਾ ਇੱਕ ਨੰਬਰਦਾਰ, ਪਿਤਾ ਦਾ ਨਾਂ ਜੌਰੀ ।

ਕੀਤੀ ਜੀ ਮੈਨੂੰ ਮਾਰਿਆ ਹੈ। ਬਾਬੇ ਗੋਪਾਲ ਸਿੰਘ ਨੇ ਕਿਹਾ ਜੀ ਇਸ ਨੇ ਪਾਥੀਆਂ ਉੱਤੇ ਮਦਾਨ ਫਿਰਿਆ ਹੈ। ਦੀਨਾਨਾਥ ਜੀ ਬਚਨ ਕੀਤਾ ਬੜੀ ਮਾੜੀ ਕੀਤੀ। ਹੁਣ ਜੇੜ੍ਹੀ ਹੋਈ ਸੋ ਹੋਈ ਫੇਰ ਨਹੀਂ ਮਾਰਨਾ ਨੰਬਰਦਾਰ ਨੂੰ। ਦੋ ਰੁਪਏ ਦਿੱਤੇ ਘਿਓ ਨੂੰ। ਬਚਨ ਕੀਤਾ ਭਾਵੇਂ ਘਿਓ ਲੈ ਕੇ ਖਾ ਲੈ ਤੇ ਭਾਵੇਂ ਅਰਜ਼ੀ ਪਾਇ ਲੈ ਜਾਇਕੇ। ਚੁਪ ਕੀਤਾ ਈ ਚਲਾ ਗਿਆ। ਸੁੱਖੂ ਨੰਬਰਦਾਰ ਮੁਕਬਰ ਤੇ ਸਫੈਦਪੋਸ਼ ਸੀ।

ਏਕ ਸਿੰਘ ਕੇ ਫੋੜਾ ਸੀ। ਬਚਨ ਹੋਇਆ ਏਹ ਤਾ ਗੰਭੀਰ[1] ਹੈ। ਸਿੰਘ ਨੇ ਜਾਣਿਆ ਸਗੋਂ ਕਰੜਾਈ ਹੋਈ ਹੈ। ਘਰ ਜਾਇਕੇ ਫੋੜਾ ਤਾ ਰਾਜੀ ਹੋਇਆ ਗੰਭੀਰ ਪਿੰਨੀ ਪਰ ਨਿਕਲ ਆਇਆ। ਫੇਰ ਆਇ ਦਰਸ਼ਨ ਕੀਤਾ। ਸਿੰਘਾਂ ਨੇ ਅਰਜ਼ ਕੀਤੀ ਜੀ ਏਸ ਸਿੰਘ ਨੂੰ ਬਖਸ਼ੋ। ਦੀਨ ਦਿਆਲ ਜੀ ਬਚਨ ਕੀਤਾ ਤੈਨੂੰ ਦੁਖ ਪੀੜ ਤਾਂ ਨਹੀਂ ਹੈ। ਜੇੜ੍ਹਾ ਕਰਮ ਹੋਰ ਜਨਮ ਧਾਰਕੇ ਕਰਨਾ ਹੋਵੇ ਸੋ ਏਸੇ ਜਨਮ ਵਿਚ ਭੋਗਿਆ ਜਾਵੇ ਤਾਂ ਅੱਛਾ ਹੈ। ਗੰਭੀਰ ਬੀਸ ਬਰਸ ਰਿਹਾ। ਦੁੱਖ ਦਰਦ ਬਹੁਤ ਹੋਇਆ ਹੱਡੀ ਨੰਗੀ ਹੋਈ। ਉਸੀ ਦੁੱਖ ਨਾਲ ਚੜ੍ਹਾਈ ਕਰ ਗਿਆ।

## ਸਾਧ ਨੂੰ ਉੱਤਰ

ਏਕ ਸਿੰਘ ਮਾਲਵੇ ਸੇ ਤੁਰਿਆ। ਏਕ ਉਦਾਸੀ ਸਾਧੂ ਸੀ ਸਰਨਦਾਸ ਸੈਦੋ ਮੈ। ਉਸਨੇ ਸਿੰਘ ਨੂੰ ਕਹਿਆ ਮੇਰਾ ਸੁਨੇਹਾ ਦੇਣਾ ਸਤਿਗੁਰੂ ਜੀ ਕਾ ਡੇਰਾ ਭੀ ਚੰਗਾ ਹੈ, ਬੰਦਗੀ ਭੀ ਬੜੀ ਹੁੰਦੀ ਹੈ, ਲੰਗਰ ਭੀ ਜਾਰੀ ਹੈ। ਜੋ ਜਨਾਨੀਆਂ ਹੈਨ ਏਹ ਨ ਚਾਹੀਏ। ਜਨਾਨੀਆਂ ਖਰਾਬ ਕਰ ਦੇਂਦੀਆਂ ਹੈਂ। ਜਾਂ ਸਿੰਘ ਆਇਆ ਤਾਂ ਅੰਤਰਯਾਮੀ ਜੀ ਬਚਨ ਕੀਤਾ ਜੇੜ੍ਹਾ ਸੁਨੇਹਾ ਸਾਧ ਨੇ ਦੀਆ ਹੈ ਸੋ ਕਿਵੇਂ ਹੈ? ਉਸ ਨੇ ਕਿਹਾ ਜੀ ਆਪ ਸਭ ਘਟ ਕੇ ਜਾਨਣਹਾਰੇ ਹੋ। ਮੈਂ ਕੀ ਕਹਿਣਾ ਹੈ। ਬਚਨ ਹੋਇਆ ਜਿਵੇਂ ਸਾਧ ਨੇ ਕਹੀ ਹੈ ਤਿਵੇਂ ਈ ਕਹਿ ਦਿਓ। ਸਾਰਾ ਬਰਤੰਤ ਸੁਣਾਇਆ। ਬਚਨ ਹੋਇਆ ਸਾਡਾ ਸੁਨੇਹਾ ਕਹਿ ਦੇਈਂ ਕਿ ਨੀਂਹ ਪਤਾਲੋਂ ਧਰ ਕੇ ਆਂਦੀ ਹੈ। ਕਿਸੇ ਰਾਜੇ ਫ਼ਰੰਗੀ ਦੇ ਹਟਾਉਣ ਵਾਲੀ ਨਹੀਂ। ਏਹ ਡੇਰਾ ਜੋ ਬਣਿਆ ਹੈ ਸੌ ਸਿੰਘਣੀਆਂ ਵਾਸਤੇ ਈ ਬਣਿਆ ਹੈ। ਜਿੱਥੇ ਸਿੰਘ ਰਹਿਣਗੇ ਓਥੇ ਸਿੰਘਣੀਆਂ ਵੀ ਰਹਿਣਗੀਆਂ।

## ਅਤਰ ਸਿੰਘ

ਅਤਰ ਸਿੰਘ ਪਹਿਲੇ ਕਈ ਤੀਰਥਾਂ ਉਪਰ ਫਿਰ ਚੁੱਕਾ ਥਾ। ਸਾਂਤ ਨਾ ਆਈ। ਨਿਪਾਲ ਕੇ ਮੁਲਖ ਭੀ ਗਿਆ। ਅਵਾਜ਼ਾ ਹੋਇਆ ਸੱਚੀਆਂ ਨੌਕਰੀਆਂ ਖੜੀਆਂ ਹੋਈਆਂ ਹੈਨ। ਤੂੰ ਮੁੜ ਜਾਉ। ਜਾਂ ਮੁੜ ਕੇ ਆਇਆ ਤਾਂ ਸ੍ਰੀ ਸਤਿਗੁਰੂ ਜੀ ਅਹੂਰ ਗਏ ਹੋਏ ਸੀ। ਅਤਰ ਸਿੰਘ ਨੇ ਦਰਸ਼ਨ ਕੀਤਾ, ਮੰਗ ਕੇ ਭਜਨ ਲੀਤਾ। ਪਰਤੀਤ ਆਈ ਅਕਾਸ ਪਤਾਲ ਦਾ ਮਾਲਕ ਹੈ। ਫੇਰ ਸਮਝਿਆ ਜੋ ਅਸੀਂ ਐਵੇਂ ਈ ਫਿਰਦੇ ਰਹੇ। ਗੱਫ਼ਾ ਏਥੇ ਈ ਵਰਤਦਾ ਹੈ। ਫੇਰ ਸੇਵਾ ਟਹਿਲ ਕਰਨੇ ਲਗਾ।

---

1 ਕੈਂਸਰ ਦਾ ਫੋੜਾ ।

ਏਕ ਦਿਨ ਸ੍ਰੀ ਸਤਿਗੁਰੂ ਜੀ ਅਤਰ ਸਿੰਘ ਕੋ ਕਹਾ ਕਿ ਕੜਾਹ ਪ੍ਰਸ਼ਾਦ ਕਰ ਲੈ ਆਓ। ਉਸ ਕਹਾ ਕਿ ਮੈਨੂੰ ਕਰਨਾ ਨਹੀਂ ਔਂਦਾ ਹੈ। ਬਚਨ ਹੋਇਆ ਅੰਦਰੋਂ ਅਰਜ਼ ਰੱਖੀਂ ਗੁਰੂ ਮੂਹਰੇ ਜਾਂ ਚਾਸ ਪਾਈ ਤਾਂ ਨਰਮ ਹੋਇਆ। ਅਤਰ ਸਿੰਘ ਨੇ ਦਿਲ ਵਿਚ ਖ਼ੌਫ ਕੀਤਾ। ਏਤਨੇ ਮੈ ਬਦਲੀ ਹੋਈ। ਬਾਰਸ਼ ਹੋਈ ਤਾਂ ਕੜਾਹ ਪ੍ਰਸ਼ਾਦ ਠੰਢ ਨਾਲ ਸੂਤ ਹੋਇ ਗਿਆ। ਦੀਨ ਦਿਆਲ ਜੀ ਬਚਨ ਕੀਤਾ ਕੜਾਹ ਪ੍ਰਸ਼ਾਦ ਫੁੱਲਾਂ ਵਾਂਗੂੰ ਖਿੜਿਆ ਹੋਇਆ ਹੈ। ਕੈਸਾ ਸੁੰਦਰ ਬਣਿਆ ਹੈ। ਸਿੰਘਾਂ ਨੇ ਕਹਿਆ ਕਰਤਿਆ ਪੁਰਖਾ ਤੇਰੀਆਂ ਤੂੰ ਹੀ ਜਾਣੇ।

## ਫ਼ਿਰੋਜ਼ਪੁਰ ਆਏ

ਪਾਰ ਫ਼ਿਰੋਜਪੁਰ ਆਏ। ਦਰਸ਼ਨ ਦੀਆ। ਨਿਹਾਲ ਸਿੰਘ ਕੇ ਉਤਰੇ[1]। ਸਭ ਸਿੰਘ ਆਇ ਮਿਲੇ। ਬੜੀ ਖੁਸ਼ੀ ਹੋਈ। ਜੇਲ੍ਹਖਾਨੇ ਕਾ ਦਰੋਗਾ ਭੀ ਆਇਆ ਦਰਸ਼ਨ ਕੋ। ਪੁਛਿਆ ਗੁਰੂ ਜੀ, ਏਹ ਕੌਨ ਹੈ? ਸਿੰਘਾਂ ਕਹਿਆ ਜੀ ਏਹ ਦਰੋਗਾ ਹੈ ਜੇਲ੍ਹਖਾਨੇ ਕਾ। ਅਗਲੇ ਦਿਨ ਦਰੋਗੇ ਥੀਂ ਪੁਛਿਆ ਸਾਡੇ ਸਿੰਘ ਹੈਨ ਜੇਲ੍ਹਖਾਨੇ ਵਿਚ? ਉਸਨੇ ਕਹਾ ਜੀ ਮੰਨਾ ਸਿੰਘ ਤਾ ਬੀਮਾਰ ਹੈ। ਕਈ ਦੁਆਈਆਂ ਕੀਤੀਆਂ ਹੈਨ ਰਾਜੀ ਨਹੀਂ ਹੁੰਦਾ। ਸ੍ਰੀ ਸਤਿਗੁਰੂ ਜੀ ਪਤਾਸਾ ਸੀਤ ਪ੍ਰਸ਼ਾਦ ਕਰਕੇ ਦਿੱਤਾ। ਬਚਨ ਕੀਤਾ ਮੰਨਾ ਸਿੰਘ ਕੋ ਛਕਾਇ ਦੇ, ਰਾਜੀ ਹੋ ਜਾਵੇਗਾ। ਦਰੋਗੇ ਨੇ ਪਤਾਸਾ ਮੰਨਾ ਸਿੰਘ ਕੋ ਦੀਆ। ਛਕਦੇ ਸਾਰ ਹੀ ਰਾਜੀ ਹੋ ਗਿਆ। ਕੈਦੀ ਕੈਹਣ ਏਨਾਂ ਨੂੰ ਸਤਿਗੁਰੂ ਜੀ ਦਰਸ਼ਨ ਦੇਣਗੇ ਤਾਂ ਅਸੀਂ ਭੀ ਦਰਸ਼ਨ ਕਰਾਂਗੇ। ਸਿੰਘਾਂ ਦਾ ਭੀ ਸੰਕਲਪ ਹੋਇਆ ਕਿ ਦਰਸ਼ਨ ਹੋਵੇ ਸਤਿਗੁਰੂ ਜੀ ਕਾ। ਅਗਲੇ ਦਿਨ ਦਰੋਗਾ ਨਾਲ ਲੈ ਗਿਆ ਸਤਿਗੁਰੂ ਜੀ ਨੂੰ ਜੇਲ੍ਹਖਾਨੇ ਕੇ ਬੀਚ। ਮੰਨਾ ਸਿੰਘ ਨੇ ਮੱਥਾ ਟੇਕਿਆ। ਬਚਨ ਹੋਇਆ ਤੈਨੂੰ ਜੂ ਕਿਹਾ ਸੀ ਰਾਮਦਾਸ ਪੁਰੇ ਰੱਖਣਾ ਹੈ ਤੂੰ ਨਾ ਜਾ। ਮੰਨਾ ਸਿੰਘ ਨੇ ਕਹਾ ਜੀ ਏਥੇ ਦਾ ਅੰਨ ਪਾਣੀ ਛਕਣਾ ਸੀ ਏਸ ਕਰਕੇ ਬਚਨ ਨ ਮੰਨਿਆ ਗਿਆ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਜੋ ਏਨਾਂ ਨੂੰ ਦੁੱਖ ਦੇਵੇਗਾ ਸੋ ਦੁਖੀ ਹੋਵੇਗਾ। ਦਰੋਗੇ ਨੇ ਕਹਾ ਜੀ ਅਸੀਂ ਤਾਂ ਸੌਖੇ ਰੱਖੇ ਹੋਏ ਹੈਨ।

ਸਮੁੰਦ ਸਿੰਘ ਨੂੰ ਬਚਨ ਕੀਤਾ ਗੁਰੂ ਬਣ ਬੈਠਾ ਸਾਏਂ ? ਕੇਹੜੀ ਕਲਾ ਹੈ ਤੁਸਾਂ ਦੇ ਕੋਲ ? ਦਰੋਗੇ ਕੋ ਖੁਸ਼ੀਆਂ ਦਿੱਤੀਆਂ। ਸਿੰਘਾਂ ਨੇ ਚਰਨੀਂ ਹੱਥ ਲਾਇਆ, ਫ਼ਤੇ ਬੁਲਾਈ। ਅਰਜ਼ ਕੀਤੀ ਜੀ ਤੇਰੇ ਜੰਤ ਹਾਂ, ਰੱਛਿਆ ਰੱਖੀਂ। ਸਤਿਗੁਰੂ ਜੀ ਬਚਨ ਕੀਤਾ ਨਿਹੱਕ ਜ਼ੁਲਮੀ ਕਰਨੇ ਵਾਲੇ ਜੋ ਪਾਪੀ ਹੈਂ ਉਨਾਂ ਨੂੰ ਬੜਾ ਦੁੱਖ ਹੋਊਗਾ, ਗਊਆਂ ਕੋ ਦੁੱਖ ਦੀਆ ਹੈ। ਸਿੰਘਾਂ ਨੂੰ ਖੁਸ਼ੀਆਂ ਦੇ ਕੇ ਚਲੇ ਆਏ। ਫ਼ਿਰੋਜ਼ਪੁਰ ਤੀਨ ਪੜਾਉ ਕੀਤੇ। ਬੜੀ ਖੁਸ਼ੀ ਹੋਈ। ਦੀਵਾਨ ਲਗਦਾ ਹੈ ਤਾਂ ਦੁਨੀਆਂ ਦੇਖਣ ਨੂੰ ਔਂਦੀ ਹੈ। ਦੂਰੋਂ ਹੀ ਦੀਦਾਰ ਹੁੰਦਾ ਹੈ ਮੋਹਣੀ ਮੂਰਤ ਕਾ। ਦਰਸ਼ਨ ਕਰਕੇ ਸ਼ਾਂਤ ਆਇ ਜਾਂਦੀ ਹੈ। ਸਰਬ ਦੁੱਖ ਦੂਰ ਹੁੰਦੇ ਹੈਂ।

## ਮਾਘੀ ਮੁਕਤਸਰ (੧੯੨੭ ਬਿ–੧੮੭੧ ਈ.)

ਦਰਸ਼ਨ ਦੇਂਦੇ ਮੁਕਤਸਰ ਜੀ ਆਏ। ਬੜੀ ਖੁਸ਼ੀ ਹੋਈ। ਸਿੰਘਾਂ ਨੇ ਚਰਨਾਂ ਪਰ ਸੀਸ

1 ਪਿਤਾ ਦਾ ਨਾਂ ਲਾਭਾ

ਨਿਵਾਏ। ਚੁਫ਼ੇਰੇ ਕੀ ਸੰਗਤ ਆਈ। ਪਿਛਲੇ ਪਹਿਰ ਕਾ ਦੀਵਾਨ ਲੱਗਾ। ਰਾਗੀ ਰਾਗ ਕਰਨੇ ਲਗੇ। ਸਤਿਗੁਰੂ ਜੀ ਖੰਡਾਂ ਬ੍ਰਹਿਮੰਡਾਂ ਕੀ ਜੋਤਿ ਬੀਚ ਦਰਸ਼ਨ ਦੇ ਰਹੇ ਹੈਂ। ਸੁਣ ਸੁਣ ਕੇ ਲੋਗ ਆਉਂਦੇ ਹੈ। ਗੁਰੂ ਜੀ ਕਾ ਦਰਸ਼ਨ ਕਰਕੇ ਧੀਰਜ ਆਇ ਜਾਂਦੀ ਹੈ। ਸਾਰਿਆਂ ਮੈ ਮੂਰਤੀ ਉੱਚੀ ਹੈ। ਪਰਮੇਸਰ ਜੀ ਕਲਾ ਧਾਰੀ ਹੈ। ਸਿੰਘਾਂ ਕੀਆਂ ਮੂਰਤੀਆਂ ਹੰਸਾਂ ਵਾਂਗੂ ਨਜ਼ਰ ਔਂਦੀਆਂ ਹੈਨ। ਮਾਨ ਸਰੋਵਰ ਜੋ ਸ੍ਰੀ ਸਤਿਗੁਰੂ ਹੈ ਤਿਸਕੇ ਗਿਰਦੇ ਹੰਸ ਰੂਪੀ ਸਿੱਖ ਬੈਠ ਕੇ ਨਾਮ ਕੇ ਮੋਤੀ ਚੁਗ ਰਹੇ ਹੈਂ।

ਅੰਮ੍ਰਿਤ ਵੇਲੇ ਅਸ਼ਨਾਨ ਕਰਕੇ ਨਾਂਗੇ ਧੂਣੀਆਂ ਲਾਈ ਬੈਠੇ ਥੇ। ਸ੍ਰੀ ਸਤਿਗੁਰੂ ਜੀ ਵੀ ਕੋਲ ਜਾਇ ਬੈਠੇ। ਨਾਂਗੇ ਬੋਲੇ ਉੱਠ ਖੜਾ ਹੋ। ਸ੍ਰੀ ਸਤਿਗੁਰੂ ਜੀ ਫੁਰਤੀ ਨਾਲ ਉੱਠ ਖੜੇ ਹੋਏ ਤੇ ਬਚਨ ਕੀਤਾ ਗੁੱਸੇ ਨਾਲ ਮੈਂ ਤੁਹਾਨੂੰ ਕੀ ਕਹਿੰਦਾ ਸੀ? ਨਾਂਗੇ ਨਾ ਬੋਲੇ। ਹਨੇਰੇ ਕਾ ਸਮਾ ਕਰਕੇ ਪਤਾ ਨਾ ਲਗਾ ਕਿ ਕੌਣ ਹੈ। ਆਪਣੀ ਮਗਰੂਰੀ ਮੈ ਨਾਂਗੇ ਬੋਲੇ। ਦੀਨ ਦਿਆਲ ਜੀ ਕੜਾਹ ਪਰਸ਼ਾਦ ਭੇਜਿਆ ਛਕਣ ਨੂੰ।

## ਸੇਖਵਾਂ ਵਾਲਾ ਸੰਤ ਨਰੈਣ ਸਿੰਘ

ਸੇਖਵ ਵਾਲਾ ਸੰਤ ਨਰੈਣ ਸਿੰਘ (ਜ਼ਿਲ੍ਹਾ ਫ਼ਿਰੋਜ਼ਪੁਰ) ਆਇਆ। ਗੁਰੂ ਜੀ ਖੜੇ ਹੋਇਕੇ ਉਸਦੇ ਚਰਨਾਂ ਪਰ ਮੱਥਾ ਟੇਕਣ ਨੂੰ ਔਲ੍ਹੇ। ਅੱਗੋਂ ਉਹ ਭੀ ਚਰਨਾਂ ਨੂੰ ਹੱਥ ਲੈਣ ਨੂੰ ਨੀਵਾਂ ਹੋਇਆ। ਪਰਸਪਰ ਜੱਫ਼ੀ ਮੈ ਹੋਇਕੇ ਮਿਲੇ। ਦੀਨ ਦਿਆਲ ਜੀ ਬਚਨ ਕੀਤਾ ਨਰੈਣ ਸਿੰਘ ਜੀ ਤੁਸੀਂ ਬੜੇ ਸਾਧੂ ਹੋ। ਸੰਤਾਂ ਨੇ ਕਿਹਾ ਜੀ ਤੁਸੀਂ ਸੰਤਾ ਨੂੰ ਬਣਾਉਣ ਵਾਲੇ ਹੋ, ਜਿਨ੍ਹਾਂ ਨੇ ਲੱਖਾਂ ਹੀ ਸੰਤ ਬਣਾਏ ਹੈਂ। ਦੀਨਾਨਾਥ ਜੀ ਬਚਨ ਕੀਤਾ ਏਤਨੇਂ ਸਾਧ ਤਾਂ ਹੋਏ ਹੈਨ, ਧਰਮ ਉਸ ਦਿਨ ਵਰਤੇਗਾ ਜਿਸ ਦਿਨ ਸਾਰੀ ਪਿਰਥੀ ਸਾਧ ਹੋਇ ਜਾਵੇਗੀ। ਜੇਕਰ ਕਸਰ ਰਹਿ ਗਈ ਤਾਂ, ਮੂੰਹ ਫੇਰਦਿਆਂ ਜਿਤਨਾ ਚਿਰ ਲਗ ਜਾਂਦਾ ਹੈ ਮੁਖੜਾ ਫੇਰ ਕੇ ਬਚਨ ਕੀਤਾ, ਏਤਨੇ ਚਿਰ ਮੈ ਅੱਗੇ ਸਾਰੀ ਧਰਤੀ ਪਰ ਸੰਤ ਹੋ ਜਾਣਗੇ ਤੇ ਧਰਮ ਵਰਤੇਗਾ। ਪਾਪ ਨਾ ਕਾਹੂੰ ਢੂੰਢਨ ਪੈਹੈ। ਏਕ ਦਮ ਚਾਨਣਾ ਹੋ ਜਾਏਗਾ। ਹਨੇਰਾ ਚੁਕਿਆ ਜਾਏਗਾ। ਨਰੈਣ ਸਿੰਘ ਨੇ ਭਜਨ ਮੰਗ ਕੇ ਲਿਆ। ਆਪ ਦਿੱਤਾ ਮਾਲਾ ਨਾਲ ਪਰੋਤਾ।

ਮੁਕਤਸਰੀਆਂ ਨੂੰ ਬਚਨ ਕੀਤਾ ਕਿ ਜੋ ਬੇਦਾਂ ਕੇ ਫੇਰੇ ਹੈਨ ਏਹ ਨਹੀਂ ਰਹਿਣਗੇ, ਫੇਰ ਅਨੰਦ ਪੜਾਓ। ਕਈਆਂ ਸਿੰਘਾਂ ਨੇ ਅਨੰਦ ਪੜਾਏ। ਸ੍ਰੀ ਗ੍ਰੰਥ ਸਾਹਿਬ ਕੀਆਂ ਲਾਵਾਂ ਪੜੀਆਂ ਗੁਰੂ ਬਾਰ੍ਹਵੇਂ ਕੇ ਹਜ਼ੂਰ, ਬੇਦਾਂ ਕੇ ਫੇਰੇ ਉਧੇੜੇ।

ਨੌਰੰਗਾਬਾਦ ਵਾਲੇ ਬਾਬਾ ਬੀਰ ਸਿੰਘ ਕਾ ਏਕ ਸਿੱਖ ਸੀ। ਗੁਰੂ ਜੀ ਬਚਨ ਕੀਤਾ ਏਸਨੂੰ ਰਸਤ ਦੇਓ ਪ੍ਰਸ਼ਾਦ ਬਣਾਕੇ ਛਕ ਲਵੇ। ਬੋਲਿਆ ਮੈਂ ਨਹੀਂ ਤੁਹਾਡਾ ਛਕਣਾ ਹੈ ਤਨਖਾਹੀਆਂ ਕਾ। ਅੰਤਰਯਾਮੀ ਜੀ ਬਚਨ ਕੀਤਾ ਬ੍ਰਾਹਮਣੀ ਨੂੰ ਤੂੰ ਕੱਢੀ ਫਿਰਦਾ ਹੈਂ ਤੇ ਤਨਖਾਹੀਆ ਸਾਨੂੰ ਕਹਿੰਦਾ ਹੈਂ? ਮੇਹਰਬਾਨ ਗੁਰੂ ਜੀ ਪਾਂਚ ਰੁਪਏ ਦੀਏ ਸੋਈ ਲੈ ਲਏ।

ਸ੍ਰੀ ਸਤਿਗੁਰੂ ਜੀ ਬਚਨ ਕੀਤਾ ਜੇੜਾ ਨੇੜੇ ਮਦਾਨੇ ਬੈਠੇ ਉਹ ਮਹਾਂਦਰਿਦ੍ਰੀ ਹੁੰਦਾ ਹੈ।

ਸੁਚੇਤੇ ਦੂਰ ਗਿਆ ਚਾਹੀਏ। ਜਲ ਬਿਨਾ ਮਦਾਨੇ ਨਾ ਜਾਵੇ ਕੋਈ ਕਿਉਂਕਿ ਭੂਤਾਂ ਨੂੰ ਹੋਰ ਜਲ ਨਹੀਂ ਮਿਲਦਾ ਹੈ। ਛੱਪੜ ਪਰ ਹੱਥ ਨ ਧੋਵੇ ਕੰਢੇ ਪਰ ਮੈਲਾ ਡਿਗਦਾ ਹੈ। ਬੜਾ ਦੋਸ਼ ਹੈ ਕਿਓਂ ਕਿ ਜਲ ਛਕ ਲੈਂਦੇ ਹੈਂ ਲੋੜਵਾਨ।

## ਬ੍ਰਾਹਮਣ ਚੁਪ ਕੀਤੇ ਚਲੇ ਗਏ

ਮੁਕਤਸਰੋਂ ਰੁਪਾਣੇ ਸਿੰਘ ਲੈ ਗਏ। ਬੜੀ ਖੁਸ਼ੀ ਹੋਈ। ਜੋ ਬ੍ਰਾਹਮਣ ਥੇ ਸੋ ਆਏ। ਲੌਂਗ ਲਾਚੀਆਂ ਭੇਟਾ ਧਰੀਆਂ ਤੇ ਅਰਜ਼ ਕੀਤੀ ਕਿ ਸਾਡੀ ਮਾਨਤਾ ਕਿਓਂ ਹਟ ਗਈ ਹੈ। ਸਾਡੀ ਪਾਲਣਾ ਨਹੀਂ ਹੁੰਦੀ ਹੈ। ਸਭ ਲੋਕ ਮੰਨਣੋਂ ਹਟਾਇ ਦਿੱਤੇ ਹੈਂ। ਅੱਗੇ ਜੋ ਅਵਤਾਰ ਆਏ ਹੈਂ ਬ੍ਰਾਹਮਣ ਬੰਦ ਕਿਸੇ ਨਹੀਂ ਕੀਤੇ, ਮੰਨਦੇ ਆਏ ਹੈਂ। ਆਪ ਨੇ ਹਟਾਏ ਹੈਂ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਤੁਸੀਂ ਹੁੱਕਾ ਪੀਣਾ ਤੇ ਕੰਜਰੀ ਨਚੌਣੀ, ਧੀ ਦਾ ਪੈਸਾ ਲੈਣਾ ਏਹ ਤਿੰਨੇ ਚੀਜਾਂ ਛੱਡ ਦਿਓ ਤਾਂ ਅਸੀਂ ਵੀ ਮੰਨ ਲਵਾਂਗੇ। ਆਪਣੇ ਬ੍ਰਹਮਚਰਜ ਪਰ ਚਲੋ। ਬ੍ਰਾਹਮਣਾਂ ਨੇ ਕਹਾ ਕਿ ਏਹ ਤਿੰਨੇ ਚੀਜਾਂ ਨਹੀਂ ਛੁਟਦੀਆਂ। ਬਚਨ ਹੋਇਆ ਅਸੀਂ ਵੀ ਮੰਨਦੇ ਨਹੀਂ ਜੇ ਧੁਹਾਥੋਂ ਨਹੀਂ ਛੁਟਦੀਆਂ। ਬ੍ਰਾਹਮਣ ਚੁਪ ਕੀਤੇ ਚਲੇ ਗਏ। ਰੁਪਾਣੇ ਵੀ ਅਨੰਦ ਪੜਾਇਆ ਭਾਈ ਵਜੀਰ ਸਿੰਘ ਨੇ।

♦

# ਸ਼ਹੀਦੀ ਜਥਾ ਵਧਦਾ ਗਿਆ

## ਭਾਈ ਹੀਰਾ ਸਿੰਘ ਸਕਰੌਦੀ

ਭਾਈ ਹੀਰਾ ਸਿੰਘ ਦੀ ਮਾਈ ਨੇ ਭੋਗ ਸ੍ਰੀ ਗ੍ਰੰਥ ਸਾਹਿਬ ਜੀ ਕਾ ਪਵਾਵਣੇ ਨੂੰ ਜੋੜ ਮੇਲ ਕੀਤਾ। ਸਿੰਘ ਸੱਦੇ ਚੁਫੇਰੇ ਕੇ। ਭੋਗ ਪਿਆ। ਅਗਲੇ ਦਿਨ ਸਿੰਘ ਤੁਰਨੇ ਲਗੇ। ਭਾਈ ਹੀਰਾ ਸਿੰਘ ਜੀ ਨੇ ਕਹਾ ਮਾਈ ਨੇ ਤਾ ਮੇਲਾ ਕੀਤਾ ਹੈ, ਅਸਾਂ ਮੇਲੀ ਕਰਨੀ ਹੈ। ਮਾਈ ਕਹੇ ਜਾਣ ਦਿਓ ਸਿੰਘਾਂ ਨੂੰ। ਕੰਮ ਵਾਲੇ ਆਦਮੀਂ ਹੈਂ। ਭਾਈ ਹੀਰਾ ਸਿੰਘ ਨੇ ਕਹਾ ਕਿ ਤੂੰ ਤਾ ਆਂਹਦੀ ਸੈਂ ਮੇਰੇ ਪੁੱਤਰ ਨੂੰ ਭਜਨ ਮਿਲੇ। ਨਾਲੇ ਜਪੁ ਸਾਹਿਬ ਅੰਮ੍ਰਿਤ ਵੇਲੇ ਪੜ੍ਹਦੀ ਹੁੰਦੀ ਸੈਂ ਨਾਲੇ ਆਰਤੀ ਸੋਹਿਲਾ ਪੜਦੀ ਹੁੰਦੀ ਸੈਂ। ਸੰਗਤ ਨੂੰ ਕਹਿਆ ਭਾਈ ਹੀਰਾ ਸਿੰਘ ਨੇ, ਜੋ ਗੁਰੂ ਕੇ ਪਿਆਰੇ ਹੈਨ ਸੋ ਦਰਸ਼ਨ ਦੇਵੋ, ਅੱਜ ਨਾ ਜਾਵੋ। ਸਾਰੀ ਸੰਗਤ ਰੱਖੀ। ਖੰਡ ਕੀ ਸ਼ਰਦਾਈ ਦਈ। ਸੁਟਵਾਂ ਕੜਾਹ ਪ੍ਰਸ਼ਾਦ ਵਰਤਾਇਆ। ਫੇਰ ਅਖੰਡ ਪਾਠ ਕਈ ਕਰਵਾਏ। ਜੋ ਕੁਛ ਹੀਰਾ ਸਿੰਘ ਕੇ ਹੱਥ ਮੈ ਆਵੇ ਸੋ ਗਹਿਣੇ ਧਰ ਦੇਣਾ। ਭੋਗ ਪਵਾਇ ਦੇਣਾ ਜਾਂ ਸਿੰਘਾਂ ਨੂੰ ਛਕਾਇ ਦੇਣਾ। ਧਰਮ ਰੀਤੀ ਮੈ ਪੂਰੇ ਹੈਂ। ਜੋ ਬੋਲਾ ਕਰਨਾ ਸੋ ਪੂਰਾ ਉਤਰਨਾ। ਬੋਲ ਤੋਲ ਕੇ ਪੂਰੇ ਜਤੀ ਸਤੀ ਹਠੀ ਤਪੀ। ਬੋਲਾ ਚਾਲੀ ਸੇਰਾ ਕਰਨਾ।

## ਬਾਬਾ ਬਿਸ਼ਨ ਸਿੰਘ

ਬਾਬਾ ਬਿਸ਼ਨ ਸਿੰਘ ਪਹਿਲੇ ਤਾਂ ਸ੍ਰੀ ਅੰਮ੍ਰਿਤਸਰ ਸਤਿਗੁਰੂ ਜੀ ਕਾ ਦੀਦਾਰਾ ਕੀਤਾ, ਫੇਰ ਮੁਕਤਸਰ ਭੀ ਕੀਤਾ। ਸ੍ਰੀ ਸਤਿਗੁਰੂ ਜੀ ਤਾਂ ਰਾਮਦਾਸ ਪੁਰੇ ਨੂੰ ਆਏ ਤੇ ਬਾਬਾ ਬਿਸ਼ਨ ਸਿੰਘ ਸਕਰੌਦੀ ਨੂੰ ਗਿਆ। ਅੱਸੀ ਸੀਸ ਦੇਣ ਵਾਲੀ ਫ਼ੌਜ ਕੋ ਸਾਵਧਾਨ ਕਰਨੇ ਆਏ ਹੈਂ। ਜਿਸ ਦਿਨ ਅੱਸੀ ਸੀਸ ਲੱਗਣਗੇ ਉਸ ਦਿਨ ਪਾਪ ਕੀ ਚਾਦਰ ਪਾਟੇਗੀ ਤੇ ਧਰਮ ਕੀ ਵਿਛੇਗੀ। ਜੇੜ੍ਹੀ ਜੜ ਹਰੀ ਰੱਖੀ ਹੋਈ ਸੀ ਦਸਵੇਂ ਪਾਤਸ਼ਾਹ ਜੀ ਕੀ ਸੋ ਆਪ ਹੀ ਤਿਸਨੂੰ ਵਿਗੜੀ ਹੋਈ ਜਾਣਕੇ ਪੱਟਣ ਦੀ ਤਿਆਰੀ ਕਰਨ ਲੱਗੇ ਹੈਂ। 'ਤਰਾਂ ਸਦੀ ਮੁਕਾਇਕੇ ਗੁਰ ਫਤ੍ਹੇ ਬੁਲਾਈ[1]।' ਤੇਰ੍ਹਾਂ ਸਦੀ ਭੀ ਮੁੱਕਣ ਲਗੀ ਹੈ, ਨਾਲੇ ਬਾਰ੍ਹਵਾਂ ਜਾਮਾ ਪੈਹਰਿਆ ਹੋਇਆ ਹੈ। 'ਰਿਲਪੁਰ ਬੀਚ ਬਾਢੀ ਸੁਤ ਹੋਈ, ਬਲੂਆ ਰਾਜ ਕਰੈਗਾ ਸੋਈ।' 'ਉਠੇ ਰਾਮ ਸਿੰਘ ਦੂਲੋ, ਪੱਟੇ ਸਭ ਰਾਜਨ ਕਾ ਮੂਲੋ।' 'ਗੰਗਾ ਜਾ ਲਗ ਧਰਨਿ ਪਰੁ ਤਾ ਲਗ ਤੁਰਕਨ ਬੀਜ। ਏਹੀ ਸਾਲ ਮੈ ਮੌਨ ਨਰਿਪ ਭੋਗੈ ਰਾਜ ਰਵੀਜ[2]।' ਸੋ ਭੀ ਦਿਨ ਪੂਰੇ ਹੋਏ ਹੈਂ। ਸੋ ਖਾਲਸਾ ਅਬ ਗਜੇਗਾ। ਦੇਖ ਤੁਰਕੜਾ ਲਜੇਗਾ।

ਜੇੜ੍ਹਾ ਬਿਸ਼ਨ ਸਿੰਘ ਦਸਵੇਂ ਪਾਤਸ਼ਾਹ ਕੇ ਵਕਤ ਆਪ ਕਹਿਆ ਹੋਇਆ ਹੈ– 'ਕਾਬਲ ਸਿੱਖ ਹਮਾਰੋ ਹੋਸੀ, ਬਿਸ਼ਨ ਸਿੰਘ ਤਿਹ ਨਾਮ ਧਰੇਸੀ[3]', ਜੋ ਰੂਸ ਦੇ ਦੇਸ ਤੇ ਆਵੇਗਾ, ਸੋ

---

1 ਹਿਜ਼ਰੀ ਸੰਮਤ, ਪ੍ਰਹਿਲਾਦ ਸਰ ਵਾਲੀ ਪੋਥੀ ਦਾ ਪ੍ਰਮਾਣ ਹੈ।

2 ਸੌ ਸਾਖੀ।

3 ਸੌ ਸਾਖੀ ਸਟੀਕ –ਮਹਿਤਾ ਪ੍ਰਤਾਪ ਸਿੰਘ, ਸਾਖੀ ਸੌਵੀਂ ਪੰਨਾ ੫੩੧.

ਸਕਰੌਦੀ ਆਇਆ। ਆਗੇ ਸਿੰਘਾਂ ਨੇ ਦੀਵਾਨ ਲਾਇਆ ਹੋਇਆ ਸੀ। ਬਿਸ਼ਨ ਸਿੰਘ ਨੇ ਹੱਥ ਜੋੜ ਕੇ ਫਤੇ੍ਹ ਬੁਲਾਈ ਤੇ ਕਹਾ ਚਾਰੇ ਕੂੰਟਾਂ ਢੂੰਢੀਆਂ ਹੈਂ ਕੋਈ ਗੁਰੂ ਕਾ ਪਿਆਰਾ ਨਹੀਂ ਮਿਲਿਆ ਹੈ। ਪਰਗਟ ਪਿਆਰੇ ਅੱਜ ਮਿਲੇ ਹੈਂ। ਮੁਕਤਸਰ ਭੀ ਗਏ ਦਮਦਮੇ ਸਾਹਿਬ ਭੀ ਗਏ। ਅੰਮ੍ਰਿਤਸਰ ਜੀ ਭੀ ਗਏ ਪਰ ਗੁਰੂ ਕੇ ਪਿਆਰਿਆਂ ਦਾ ਅੱਜ ਹੀ ਦੀਦਾਰ ਹੋਇਆ ਹੈ ਅੱਗੇ ਨਹੀਂ ਹੋਇਆ। ਬਿਸ਼ਨ ਸਿੰਘ ਨੂੰ ਦੇਖਕੇ ਸਿੰਘਾਂ ਨੂੰ ਲਾਲੀਆਂ ਚੜ੍ਹ ਗਈਆਂ। ਬੜੇ ਪਰਸੰਨ ਹੋਏ। ਪਰਸਪਰ ਬਚਨ ਕਰਨੇ ਲਗੇ।

ਸਿੰਘ ਤਾਂ ਤੁਰਨ ਪਰ ਹੀਰਾ ਸਿੰਘ ਨਾ ਜਾਣ ਦੇਵੇ। ਮਾਈ ਨੇ ਕਹਿਆ ਹੀਰਾ ਸਿੰਘ ਜਾਣ ਦੇ, ਸਿੰਘਾਂ ਨੂੰ ਵਿਹਾਰ ਹੈਨ। ਹੀਰਾ ਸਿੰਘ ਨੇ ਬਚਨ ਕੀਤਾ ਤੂੰ ਕਹਿੰਦੀ ਮੈਂ ਸਤਿਗੁਰੂ ਪਾਸੋਂ ਮੇਰੇ ਪੁਤ ਨੂੰ ਭਜਨ ਮਿਲੇ। ਜੀਅ ਮਾਰਦਾ ਫਿਰਦਾ ਹੈ। ਹਟ ਜਾਏ ਤੇ ਕਿਰਿਆ ਇਕ ਹੋ ਜਾਏ। ਜਾਂ ਭਜਨ ਲੀਤਾ ਹੈ ਤਾਂ ਤੂੰ ਏਹੋ ਜੇਹੀਆਂ ਗੱਲਾਂ ਕਰਨੇਂ ਲਗੀ ਹੈਂ। ਹੁਣ ਕਿਓਂ ਰੋਂਦੀ ਹੈਂ। ਸਨਮੁਖ ਰਹੋ ਖਾਲਸੇ ਦੇ। ਏਸੇ ਵਾਸਤੇ ਕਹਿੰਦੀ ਮੈਂ ਮੇਰੇ ਪੁੱਤਰ ਨੂੰ ਭਜਨ ਮਿਲੇ? ਤੂੰ ਬੁੱਢੀ ਦੀ ਬੁੱਢੀ ਰਹੀ। ਸੰਤ ਖਾਲਸੇ ਕੀ ਤੈਨੂੰ ਕੁਛ ਸਾਰ ਨਹੀਂ ਹੈ।

## ਗਗੜਪੁਰ

ਦੋ ਸਿੰਘ ਗਗੜਪੁਰ ਸੇ ਆਏ। ਹੱਥ ਜੋੜਕੇ ਕਹਿਣੇ ਲਗੇ ਜੀ ਗਗੜਪੁਰ ਭੋਗ ਪੈਣਾ ਹੈ ਸਿੰਘ ਯਾਦ ਕਰਦੇ ਹੈਂ। ਭਾਈ ਹੀਰਾ ਸਿੰਘ ਜੀ ਬੋਲਾ ਕੀਤਾ ਪਰਸ਼ਾਦ ਛਕ ਕੇ ਸੰਗਤ ਜਾਵੇ। ਨਾਲੇ ਕਹਾ ਕਿ ਬਾਬੇ (ਬਿਸ਼ਨ ਸਿੰਘ) ਹੋਰਾਂ ਦੀ ਪੂਜਾ ਕਰਨੀ ਹੈ। ਸਿੰਘਨੀ ਕੇ ਗਹਿਣੇਂ ਏਕ ਬਿੰਦੀ ਤੇ ਚੌਂਕ, ਲੌਂਗ[1], ਏਕ ਲੜਕੇ ਕਾ ਛੱਬਾ[2] ਏਤਨੀ ਭੇਟਾ ਧਰੀ। ਚਾਰ ਗਹਿਣੇ ਬਾਬੇ ਬਿਸ਼ਨ ਸਿੰਘ ਕੀ ਭੇਟਾ ਧਰੀ। ਅਰਦਾਸਾ ਕਰਕੇ ਚੜ੍ਹੇ। ਸ਼ੇਰਾਂ ਵਾਂਗੂੰ ਗਜਦੇ ਗਗੜਪੁਰ ਆਏ। ਬਾਬੇ ਬਿਸ਼ਨ ਸਿੰਘ ਨੇ ਅੰਮ੍ਰਿਤ ਤਿਆਰ ਕਰਕੇ ਪੰਜਾਂ ਸਿੰਘਾਂ ਭਾਈ ਹੀਰਾ ਸਿੰਘ ਤੇ ਭਾਈ ਨੰਦ ਸਿੰਘ ਤੇ ਲੈਹਣਾ ਸਿੰਘ ਅਤਰ ਸਿੰਘ, ਅਨੂਪ ਸਿੰਘ ਨੂੰ ਛਕਾਇਆ। ਮਰਜਾਦਾ ਨਾਲ ਪਾਂਚੋ ਪਿਆਰੇ ਨਾਮ ਰੱਖਿਆ, ਜਿਨ੍ਹਾਂ ਸਿੰਘਾਂ ਨੇ ਅੰਮ੍ਰਿਤ ਛਕ ਕੇ ਧਰਮ ਹੇਤ ਸੀਸ ਦੇਣਾ ਹੈ। ਬਾਬੇ ਬਿਸ਼ਨ ਸਿੰਘ ਜੀ ਬਚਨ ਕੀਤਾ ਗਊ ਗਰੀਬ ਕੇ ਨਮਿਤ ਸੀਸ ਦੇਣਾ ਹੋਗਾ। ਕਿਸੇ ਸ਼ਿਕਸਤ ਨਹੀਂ ਖਾਣੀ। ਧਰਮ ਜਹਾਜ ਛੁਟੇਗਾ। ਪੂਰ ਭਰਨ ਲਗੇ ਹੈਂ। ਸਿੰਘਾਂ ਨੂੰ ਲਾਲੀਆਂ ਚੜ੍ਹ ਗਈਆਂ ਕਿ ਧਰਮ ਹੇਤ ਸਾਡੇ ਸੀਸ ਲਗਣਗੇ। ਜੇੜੀ ਕਾਰ ਵਰਤਨੀ ਹੈ ਸੋਈ ਫੁਰਨਾ ਸਿੰਘਾਂ ਦੇ ਦਿਲਾਂ ਵਿਚ ਫੁਰਨੇਂ ਲਗਾ। ਜੰਗ ਕਾ ਫੁਰਨਾ ਹੋਣੇ ਲਗਾ ਸਿੰਘਾਂ ਨੂੰ । ਏਤਨੇ ਮੈ ਭੈਣੀ[3] ਤੋਂ ਇਕ ਸਿੰਘ ਆਇਆ। ਕਹਿਣ ਲਗਾ ਕਿ ਜੀ ਭੈਣੀ ਮਰ੍ਹਾਜ ਮੈ ਭੋਗ ਪੈਣਾ ਹੈ। ਧੁਆਨੂੰ ਸਿੰਘਾਂ ਨੇ ਸਦਿਆ ਹੈ।

1 ਨੱਕ ਵਿੰਨ੍ਹ ਕੇ ਪਾਇਆ ਜਾਣ ਵਾਲਾ ਗਹਿਣਾ ।

2 ਸਿਰ ਦੇ ਵਾਲਾਂ ਵਿਚ ਗੁੰਦ ਕੇ ਪੁੜ ਪੁੜੀ ਵੱਲ ਨੂੰ ਲਮਕਾਇਆ ਜਾਣ ਵਾਲਾ ਜ਼ਨਾਨਾ ਗਹਿਣਾ ।

3 ਸੰਗਰੂਰ ਦੇ ਨੇੜੇ ਪਿੰਡ।

## ਲੜਾਈ

ਅਰਦਾਸਾ ਕਰਕੇ ਤੁਰੇ। ਅੱਗੇ ਸੰਗਰੂਰੀਂ ਆਏ। ਫਾਟਕ ਬੰਦ ਸੀ। ਹੀਰਾ ਸਿੰਘ ਤੇ ਲੈਹਣਾ ਸਿੰਘ ਨੇ ਪੈਹਰੇ ਵਾਲੇ ਨੂੰ ਕਹਾ ਕਿ ਫਾਟਕ ਖੋਲ੍ਹਦੇ ਅਸੀਂ ਦੀਦਾਰ ਕਰਾਂਗੇ। ਪੈਹਰੇ ਵਾਲੇ ਨੇ ਕਹਾ ਕਿ ਰਾਜਾ ਲਾਹੌਰ ਗਿਆ ਹੋਇਆ ਹੈ। ਜਦ ਆਵੇਗਾ ਤਾਂ ਹੀ ਖੋਲਾਂਗੇ। ਹੀਰਾ ਸਿੰਘ ਨੇ ਕਹਾ ਕਿ ਅਕਾਲ ਪੁਰਖ ਦੇ ਹੁਕਮ ਨਾਲ ਅੱਗੇ ਜਾਵਾਂਗੇ। ਹੀਰਾ ਸਿੰਘ ਨੇ ਕਹਾ ਮਾਰ ਲੈਹਣਾ ਸਿੰਘ ਸਫ਼ਾਜੰਗ ਜੰਦਰੇ ਪਰ। ਲੈਹਣਾ ਸਿੰਘ ਕੁੰਡੇ ਉਤੇ ਸਫ਼ਾਜੰਗ ਮਾਰਿਆ। ਹੀਰਾ ਸਿੰਘ ਨੇ ਭੀ ਮਾਰਿਆ ਸਫ਼ਾਜੰਗ, ਤਾ ਸਪਾਹੀ ਆਇ ਦੁਆਲੇ ਹੋਏ ਕਿ ਜੰਦਰੇ ਕਿਓਂ ਭੰਨਦੇ ਹੈਨ। ਲੈਹਣਾ ਸਿੰਘ ਨੇ ਸਲੋਤਰ ਕੀ ਹੁੱਜ ਮਾਰੀ ਸਪਾਹੀ ਦੇ ਮੱਥੇ ਮੈ। ਭਰਵਟਿਆਂ ਕੇ ਉਪਰੋਂ ਦੀ ਲਹੂ ਦੀ ਤਤੀਰੀ ਛੁੱਟੀ। ਦੋਨੋ ਫੜ ਲਏ ਕਿ ਏਨ੍ਹਾਂ ਨੇ ਫੌਜਦਾਰੀ ਕੀਤੀ ਹੈ। ਬਾਬੇ ਬਿਸ਼ਨ ਸਿੰਘ ਨੇ ਕਹਾ ਕਿ ਕਮਲੇ ਰਮਲੇ ਹੈਨ। ਚਲੋ ਆਪੇ ਹੀ ਆ ਜਾਵਣਗੇ। ਸਭ ਸਿੰਘ ਭੈਣੀ ਮੈਂ ਆਇ।

ਭਾਈ ਹੀਰਾ ਸਿੰਘ ਤੇ ਲੈਹਣਾ ਸਿੰਘ ਦੋਹਾਂ ਨੂੰ ਕਾਠ[1] ਪਾਇ ਦੀਆ। ਰਾਤ ਨੂੰ ਆਪੇ ਹੀ ਕਾਠ ਕੱਢ ਲੈਣ ਆਪੇ ਹੀ ਪਾਇ ਦੇਣ। ਮੁਨਸ਼ੀ ਨੂੰ ਕਹਿਣ ਏਉ ਤੇਰਾ ਕਾਠ ਹੈ? ਮੁਨਸ਼ੀ ਸ਼ਰਮ ਕਾ ਮਾਰਿਆ ਬੋਲੇ ਨਾ। ਸਾਰੀ ਰਾਤ ਏਹੋ ਸ਼ਬਦ ਪੜ੍ਹਦੇ ਰਹੇ ਕਿ "ਲੋਚਨ ਧੂਮ ਕਹੈ ਬਲ ਆਪਨੇ ਸ਼ਾਸਨ ਸਾਥ ਪਹਾਰ ਉਡਾਊ।" ਸਾਰੀ ਰਾਤ ਸੌਣ ਨਹੀਂ ਦਿੱਤਾ। ਦਿਨ ਹੋਏ ਤੇ ਥਾਨੇਦਾਰ ਆਇਆ। ਮੁਨਸ਼ੀ ਨੇ ਕਹਿਆ ਏਹ ਨਿਹੰਗ ਕਮਲੇ ਬੋਲੇ ਹੈਂ, ਸਾਰੀ ਰਾਤ ਸੌਣ ਨਹੀਂ ਦਿੱਤਾ। ਥਾਨੇਦਾਰ ਨੇ ਸਪਾਹੀ ਦੇ ਕਪੜੇ ਲਹੂ ਨਾਲ ਭਿੱਜੇ ਹੋਏ ਦੇਖਕੇ ਕਰਨੈਲ ਕੇ ਭੇਜ ਦਿੱਤਾ। ਕਰਨੈਲ ਨੇ ਤਸੀਲਦਾਰ ਕੇ ਪਾਸ ਭੇਜ ਦਿੱਤਾ। ਤਸੀਲਦਾਰ ਨੇ ਕਹਾ ਕਿ ਜਿਸਕੋ ਤੁਸੀਂ ਮਾਰਿਆ ਹੈ ਉਸਕੇ ਸਾਥ ਰਾਜੀਨਾਮਾ ਕਰ ਲਵੋ। ਸਿੰਘ ਰਾਜੀਨਾਮਾ ਕਰਕੇ ਭੈਣੀ ਨੂੰ ਚਲੇ ਆਏ।

ਅੱਗੇ ਨੜੀ-ਮਾਰ[2] ਬੈਠੇ ਸੇ। ਹੀਰਾ ਸਿੰਘ ਨੇ ਕਹਾ ਪਿੱਛੇ ਹਟ ਜਾਓ। ਰਸਤਾ ਛੱਡ ਦਿਓ। ਹੋਰ ਤਾਂ ਹਟ ਗਏ ਇਕ ਨਾ ਹਟਿਆ। ਹੀਰਾ ਸਿੰਘ ਨੇ ਸਫ਼ਾਜੰਗ ਦੇ ਦਸਤੇ ਨਾਲ ਪਰੇ ਕੀਤਾ। ਇਤਨੇ ਵਿਚ ਲੜਾਈ ਹੋਇ ਪਈ। ਹੀਰਾ ਸਿੰਘ ਕੇ ਸੱਟਾਂ ਬਹੁਤ ਲਗੀਆਂ ਪਰ ਲਗੀ ਇਕ ਵੀ ਨਾ ਮਾਲੂਮ ਹੋਵੇ। ਹੀਰਾ ਸਿੰਘ ਸਫ਼ਾਜੰਗ ਮਾਰਦਾ ਰਿਹਾ। ਪਾਂਚ ਸਰੀਰਾਂ ਕੀਆਂ ਤਾਂ ਬਾਹਵਾਂ ਭਜੀਆਂ ਹੋਰ ਆਮ ਸੱਟਾਂ ਬਹੁਤਿਆਂ ਦੇ ਲਗੀਆਂ। ਸਿੰਘਾਂ ਨੇ ਹੁੰਕਾ ਭੰਨ ਦੀਆ। ਇਕ ਬ੍ਰਾਹਮਣ, ਹੀਰਾ ਸਿੰਘ ਕੇ ਸਫ਼ਾਜੰਗ ਦੇ ਦਸਤੇ ਨੂੰ ਫੜ ਕੇ ਖਿਚਣ ਲਗਾ। ਲੈਹਣਾ ਸਿੰਘ ਨੇ ਸਲੋਤਰ ਮਾਰਿਆ। ਏਕ ਥੀਂ ਖੋਹਕੇ ਉਸਨੇ ਲੈਹਣਾ ਸਿੰਘ ਕੇ ਮਾਰਿਆ ਸਲੋਤਰ। ਲੈਹਣਾ ਸਿੰਘ ਨੇ ਇਕ ਜੱਟ ਦੇ ਮਾਰਿਆ ਸਫ਼ਾਜੰਗ ਪੈਰਾਂ ਮੈ। ਲਹੂ ਨਿਕਲ ਆਇਆ। ਲੜਾਈ ਜ਼ਿਆਦੇ ਹੋਣੀ ਸੀ ਪਰ ਬੰਦ ਹੋ ਗਈ। ਉਸਤੋਂ ਉਪਰੰਤ ਬਿਸ਼ਨ ਸਿੰਘ ਨੇ ਦੁਹਾਂ ਧਿਰਾਂ ਨੂੰ ਸ਼ਾਂਤੀ ਦਿੱਤੀ। ਤਖਤੇ ਮਾਰ ਕੇ ਭੋਗ ਪਾਇਆ।

ਬਾਬੇ ਬਿਸ਼ਨ ਸਿੰਘ ਨੇ ਕਹਾ ਤੁਸੀਂ ਫੌਜਦਾਰੀ ਨਾ ਕਰਿਆ ਕਰੋ। ਫੌਜਦਾਰੀ ਕਰਨੀ

---

1 ਲਕੜੀ ਦਾ ਸਿਕੰਜਾ ਜਿਸ ਵਿਚ ਪੁਰਾਣੇ ਸਮਿਆਂ ਵਿਚ ਦੋਸ਼ੀਆਂ ਦੇ ਪੈਰ ਕੱਸ ਦਿੱਤੇ ਜਾਂਦੇ ਸਨ।

2 ਹੁੱਕਾ ਪੀਂਦੇ।

ਅੱਛੀ ਨਹੀਂ ਹੈ। ਤੁਸੀਂ ਟਲਦੇ ਨਹੀਂ ਹੋ। ਬਿਸ਼ਨ ਸਿੰਘ ਨੇ ਉਨ੍ਹਾਂ ਦੀਆਂ ਪੱਗਾਂ ਕੇ ਪੇਚ ਲਾਹ ਕੇ ਬੰਨ ਕੇ ਬਠਾਇ ਦਿੱਤੇ। ਸਿੰਘਾਂ ਨੇ ਸਰਾਫ ਦੀਆ ਕਿ ਏਹ ਪਿੰਡ ਕਤਲ ਕੀ ਲਾਇਕ ਹੈ। ਬਿਸ਼ਨ ਸਿੰਘ ਨੇ ਦਸਤਾਰ ਪਾੜਕੇ ਫੱਰੇ ਝੁਲਾਏ।

ਪੰਜਾਂ ਸਿੰਘਾਂ ਕੇ ਬੁੰਗੇ (ਫੱਰਰੇ) ਉੱਚੇ ਕੀਤੇ। ਕਹਾ ਏਹ ਪੰਜ ਪਿਆਰੇ ਕੀਤੇ ਹੈਂ। ਇਕ ਨਿਹੰਗ ਸਿੰਘ ਨੇ ਆਇਕੇ ਕਹਿਆ ਬਾਬੇ ਬਿਸ਼ਨ ਸਿੰਘ ਨੂੰ ਤੂੰ ਤਲਵਾਰ ਤਾ ਗਾਤਰੇ ਪਾਈ ਹੈ ਤੇ ਗਊਆਂ ਦੇ ਗਲ਼ ਵੱਢੀਦੇ ਹੈਂ। ਲੈਹਣਾ ਸਿੰਘ ਨੇ ਨਿਹੰਗ ਨੂੰ ਤੀਨ ਸਲੋਤਰ ਮਾਰੇ। ਕਹਿਆ ਕਿ ਤੂੰ ਭੀ ਨਾਲ ਰਲੁ ਤਾ ਖਾਲਸੇ ਕੇ। ਕਿਓਂ ਨਹੀਂ ਰਲਦਾ ਗਊਆਂ ਕੀ ਰੱਛਿਆ ਕੇ ਵਾਸਤੇ?

## ਸਿੰਘ ਫੜੇ

ਏਕ ਜੱਟ ਕੀ ਸ਼ਰਾਬ ਪੀਤੀ ਹੋਈ ਸੀ। ਕਹਿਣ ਲਗਾ ਏਹ ਧਾੜ ਕਿਧਰੋਂ ਆਈ ਹੈ ਕੂਕਿਆਂ ਕੀ? ਲੈਹਣਾ ਸਿੰਘ ਨੇ ਪਿੱਠ ਮੈ ਸਲੋਤਰ ਮਾਰਿਆ। ਕਹਾ ਕਿ ਤੈਨੂੰ ਧਾੜਾ ਮਾਰ ਕੇ ਦਖਾਵਾਂਗੇ। ਭੈਣੀਂ ਸੇ ਪਚੀਆਂ ਸਿੰਘਾਂ ਨੂੰ ਫੜਕੇ ਧਨੌਲੇ ਮੇਂ ਲੈ ਗਏ। ਥਾਨੇਦਾਰ ਨੇ ਹੀਰਾ ਸਿੰਘ ਨੂੰ ਪੁਛਿਆ ਤੂੰ ਕਿਸਦਾ ਪੁੱਤਰ ਹੈਂ? ਹੀਰਾ ਸਿੰਘ ਨੇ ਆਖਿਆ ਸਤਿਗੁਰੂ ਰਾਮ ਸਿੰਘ ਜੀ ਦਾ ਪੁੱਤਰ ਹਾਂ। ਥਾਨੇਦਾਰ ਚਾਰੋਂ ਤਰਫ਼ ਨੂੰ ਨਿਗਾਹ ਕਰਕੇ ਕਹਿਣ ਲਗਾ ਦੇਖੋ ਮੈਂ ਏਸ ਨੂੰ ਚੰਗਾ ਭਲਾ ਜਾਣਦਾ ਹਾਂ, ਸਕਰੌਦੀ ਦੇ ਸਰਦਾਰ ਗਰੇਵਾਲ ਦਾ ਪੁੱਤਰ ਹੈ। ਜਾਣ ਕੇ ਤਰਖਾਣ ਦਾ ਪੁੱਤਰ ਬਣਦਾ ਹੈ। ਥਾਨੇਦਾਰ ਨੇ ਆਖਿਆ ਪਾਓ ਬੇੜੀ ਹੀਰਾ ਸਿੰਘ ਦੇ। ਹੀਰਾ ਸਿੰਘ ਨੇ ਕਹਾ ਭਾਵੇਂ ਦੋ ਬੇੜੀਆਂ ਪਾ ਦਿਓ। ਥਾਨੇਦਾਰ ਸਰਦਾਰ ਸੀ। ਉਸਨੇ ਕਹਿਆ ਬਿਸ਼ਨ ਸਿੰਘ ਨੂੰ, ਤਲਵਾਰ ਉਤਾਰ ਕੇ ਆਉ। ਬਾਬੇ ਬਿਸ਼ਨ ਸਿੰਘ ਨੇ ਕਹਾ ਤੂੰ ਕਿਸ ਦਾ ਸਿੱਖ ਹੈਂ? ਥਾਣੇਦਾਰ ਕਹਾ ਕਿ ਦਸਵੇਂ ਪਾਤਸ਼ਾਹ ਕਾ। ਬਚਨ ਕੀਤਾ ਕਿ ਏਹ ਭੀ ਦਸਵੇਂ ਪਾਤਸ਼ਾਹ ਕੀ ਬੰਧਾਈ ਹੋਈ ਹੈ ਸ੍ਰੀ ਸਾਹਿਬ। ਉਸ ਨੇ ਕਹਾ ਕਿ ਨਹੀਂ ਰਹਿਣ ਦੇਣੀਂ ਦਸਵੇਂ ਪਾਤਸ਼ਾਹ ਕੀ। ਬਿਸ਼ਨ ਸਿੰਘ ਨੇ ਕਹਾ ਕਿ ਝੂਠੇ ਈ ਕਰਨੇਂ ਸੀ। ਪਰਚਾ ਦਿਖਾਇਆ, ਛੂਰ ਹੋਇ ਗਿਆ ਥਾਨੇਦਾਰ। ਫੇਰ ਨਾ ਬੋਲਿਆ ਸ਼ਰਮ ਕਾ ਮਾਰਿਆ।

ਤਿੰਨ ਦਿਨ ਰੱਖਕੇ ਨਾਭੇ ਕੋ ਚਲਾਨ ਕਰ ਦੀਆ। ਡੇਰਾ ਬਾਗ ਮੈ ਕੀਤਾ। ਹਾਕਮਾਂ ਨੇ ਕਹਾ ਕਿ ਸਾਨੂੰ ਕਿਧਰੋਂ ਫੋੜੇ ਵਾਂਗੂੰ ਲਗੇ ਹੈਂ। ਬਿਸ਼ਨ ਸਿੰਘ ਜੀ ਕਹਾ ਦੇਖਿਆ ਫੂਲ ਮਰਾਝ ਵਾਲਿਆਂ ਦਾ ਨਿਆਉਂ। ਫੋੜਾ ਈ ਦਸਦੇ ਹੈਂ। ਜਿਸ ਦਿਨ ਬਦਲੇ ਲਵਾਂਗੇ ਉਸ ਦਿਨ ਤੁਸੀਂ ਉਹਨਾਂ ਨਾਲ ਹੀ ਹੋਵੋਗੇ। ਤੀਏ ਦਿਨ ਬਾਦ ਕਹਾ ਕਿ ਜਾਓ ਆਪੋ ਆਪਣੀਂ ਘਰੀਂ ਬੈਠੋ ਔਰ ਫਿਰਨਾ ਛੱਡੋ। ਕਿਸੇ ਤਰ੍ਹਾਂ ਦੇ ਫ਼ਸਾਦ ਨਾ ਪਾਓ।

ਭੈਣੀਂ ਦੇ ਰਣ ਸਿੰਘ ਨੂੰ ੧੦ ਦਸ ਰੁਪਏ ਜੁਰਮਾਨਾ ਕੀਤਾ। ਥਾਨੇਦਾਰ ਦੇ ਪੁੱਤਰ ਨੇ (ਪਿਤਾ ਨੂੰ) ਕਿਹਾ ਪੱਟੇ ਗਏ। ਐਵੇਂ ਦਸ ਰੁਪਏ ਜੁਰਮਾਨਾ ਕੀਤਾ। ਉਸ ਨੇ ਕਹਾ ਕਿ ਤੁਮਾਰੇ ਘਰ ਸਾਧੂ ਆਵਣ ਤੇ ਆਪਸ ਵਿਚੀਂ ਕੁਛ ਬੋਲ ਪੈਣ, ਤੈਨੂੰ ਕੋਈ ਜੁਰਮਾਨਾ ਕਰ ਦੇਵੇ ਤਾਂ ਕੇਡੀ ਕੁ ਜ਼ੁਲਮ ਕੀ ਬਾਤ ਹੈ। ਥਾਨੇਦਾਰ ਨੇ ਕਹਾ ਰਣ ਸਿੰਘ ਨੂੰ, ਕਿ ਤੈਨੂੰ ਪਾਂਚ ਰੁਪਏ ਛੱਡੇ ਤੇ ਪਾਂਚ ਰੁਪਈਏ ਦੇਓ। ਰਣ ਸਿੰਘ ਨੇ ਕਹਾ ਕਿ ਮੈਂ ਤਾਂ ਪਾਂਚ ਪੈਸੇ ਭੀ ਨਹੀਂ ਦੇ ਸਕਦਾ ਹਾਂ। ਮੈਂ ਕੋਈ

ਕਸੂਰ ਤਾ ਨਹੀਂ ਕੀਤਾ। ਅਦਾਲਤੀ ਅੰਦਰ ਜਾਇ ਵੜਿਆ, ਰੁਪਈਏ ਨਾ ਲਏ। ਕਈਆਂ ਸਿੰਘਾਂ ਕਾ ਜਥਾ ਇਕੱਠਾ ਹੋਇਆ। ਜਿਨ੍ਹਾਂ ਕੇ ਸੀਸ ਲਗਣੇ ਹੈਨ ਸੋ ਇਕੱਤਰ ਹੁੰਦੇ ਜਾਂਦੇ ਹੈਂ। ਹੀਰਾ ਸਿੰਘ ਹੋਰਾਂ ਕੀ ਰਸਨਾ ਕਾ ਕਹਿਣਾ ਮੰਨਣੇ ਲਗੇ। ਆਪਸ ਮੈਂ ਬੜਾ ਪ੍ਰੇਮ ਕਰਨੇ ਲਗੇ।

ਸਿੰਘ ਰੜ ਦੇ ਵਿਚੋਂ ਦੀ ਸਕਰੌਦੀ ਗਏ। ਭੋਗ ਸ੍ਰੀ ਗ੍ਰੰਥ ਸਾਹਿਬ ਜੀ ਦਾ ਪਾਇਆ। ਸੱਤ ਪਾਠ ਅਖੰਡ ਕਰਵਾਏ। ਖੁਲ੍ਹੇ ਭੋਗ ਵੀ ਪਵਾਏ। ਅੰਨ ਕੇ ਛਕਣੇ ਵਾਲਾ ਕੋਈ ਆ ਜਾਏ ਬਹੁਤਾ ਕੜਾਹ ਪਰਸ਼ਾਦ ਕਰਕੇ ਪੰਗਤਾਂ ਲਗਾਇਕੇ ਛਕਾਇ ਦੇਣਾ।

ਏਕ ਰਵਦਾਸੀਆ ਸੀ, ਉਸਨੇ ਭਜਨ ਲੈ ਲਿਆ। ਅੰਮ੍ਰਿਤ ਛਕਕੇ ਸਿੰਘਾਂ ਦੇ ਨਾਲ ਹੀ ਰਹਿਣ ਲੱਗਾ। ਭਾਈ ਹੀਰਾ ਸਿੰਘ ਕਾ ਸਭ ਬਚਨ ਮੰਨਦੇ ਹੈਂ। ਜਿਵੇਂ ਜਬਾਨੋਂ ਕਹੇ ਤਿਵੇਂ ਹੀ ਪਿਆ ਕਰਦੇ ਹੈਂ। ਬੋਲਾ ਕੀਤਾ ਕੋਈ ਧਰਮ ਕਾ ਭੀ ਪੱਖੀ ਹੈ।

ਰੁਪਏ ਰੱਖੇ ਕੋਠੀ ਵਿਚੋਂ ਕੱਢ ਕੇ ਬਰਤਦੇ ਰਹੇ। ਸਿੰਘਣੀ ਕਹੇ ਕਿ ਮੈਂ ਕੀਵੇਂ ਕਰਾਂਗੀ? ਮਾਂ ਭੀ ਸੰਸਾ ਕਰੇ ਕਿ ਧਨ ਲੁਟਾਈ ਜਾਂਦਾ ਹੈ, ਸਾਡਾ ਕੀ ਹਾਲ ਹੋਊਗਾ? ਖੁਲ੍ਹਾ ਪਾਠ ਤੁਰਿਆ ਹੀ ਰਹਿੰਦਾ ਸੀ, ਅਖੰਡ ਪਾਠ ਵੀ ਕਰਵਾਇ ਦੇਣਾ।

## ਸਿੰਘਣੀ ਦੀ ਗੁੱਤ ਵੱਢਣੀ

ਸਿੰਘਨੀ ਨੂੰ ਭਾਈ ਹੀਰਾ ਸਿੰਘ ਜੀ ਬਚਨ ਕੀਤਾ ਸਿੰਘਾਂ ਦੇ ਕਛਹਿਰੇ ਧੋਇਕੇ ਸੁਕਣੇ ਪਾਇ ਦੇ। ਸੇਵਾ ਟਹਿਲ ਕਰਨੀ ਅੱਛੀ ਹੈ। ਸਿੰਘਨੀ ਕਹਿਨੇ ਲਗੀ ਮੈਂ ਸਰਦਾਰ ਕੀ ਧੀ ਹਾਂ, ਮੈਥੋਂ ਜੱਟਾਂ ਲੁਹਾਰਾਂ ਤਰਖਾਨਾਂ ਦੇ ਕਛਹਿਰੇ ਨਹੀਂ ਧੋਏ ਜਾਂਦੇ। ਨਾਲੇ ਹੀਰਾ ਸਿੰਘ ਕਹਿਆ ਕਿ ਸਣਕੇਸੀਂ ਇਸ਼ਨਾਨ ਤੇ ਪੰਜਾਂ ਕਕਿਆਂ ਦੀ ਰਹਿਤ ਰੱਖ। ਸੀਸ ਤੇ ਪਰਨਾ ਬੰਨ੍ਹ। ਕਛਹਿਰੇ ਪਾਇ ਲਵੇਂ ਅਸੀਂ ਤੇਰੇ ਤੂੰ ਸਾਡੀ। ਏਸ ਔਰਤ ਜਬਦਕਾਰ ਔਰਤ ਦੀ ਗੁੱਤ ਬੱਢਨੀਂ ਚਾਹੀਏ। ਏਹ ਕੀ ਯਾਦ ਰੱਖੂ। ਹੀਰਾ ਸਿੰਘਾਂ ਹੋਰਾਂ ਗੱਜ ਕੇ ਬੋਲਾ ਕੀਤਾ ਫੜ ਲਿਆਓ ਮਸੰਦਣੀ ਨੂੰ।

ਧੰਨਾ ਸਿੰਘ ਫਰਵਾਹੀ ਕਾ ਜੋਧ ਸਿੰਘ ਮਰ੍ਹਾਜ ਕਾ ਏਨ੍ਹਾਂ ਨੇ ਲਿਆਇ ਹਾਜ਼ਰ ਕੀਤੀ। ਕਹਿਣ ਲੱਗੀ ਅਸੀਂ ਕੀ ਖਾਵਾਂਗੇ। ਤੈਂ ਰਹਿਣਾ ਨਹੀਂ। ਧਨ ਸਾਰਾ ਉਜਾੜ ਕੇ ਚਲਾ ਜਾਵੇਂਗਾ। ਹੀਰਾ ਸਿੰਘ ਫੇਰ ਇਹ ਬੋਲਾ ਕੀਤਾ ਫੜੋ ਮਸੰਦਣੀ ਨੂੰ। ਲੈਹਣਾ ਸਿੰਘ ਨੇ ਫੜ੍ਹ ਲਈ। ਹੀਰਾ ਸਿੰਘ ਨੇ ਗੁੱਤੋਂ ਫੜ੍ਹ ਕੇ ਘੋੜੇ ਦੇ ਖੁਰਲ ਪਰ ਧਰਕੇ ਤੇਸੇ ਨਾਲ ਗੁੱਤ ਬੱਢ ਲਈ। ਬਾਂਸ ਨਾਲ ਬੰਨ੍ਹਕੇ ਉੱਚਾ ਕਰਕੇ ਏਹ ਬੋਲਾ ਕੀਤਾ ਕਿ ਜੇਹੜੀ ਸਿੰਘਨੀ ਸਿੰਘ ਦਾ ਬਚਨ ਨਾ ਮੰਨੇ ਉਸਕਾ ਏਹ ਹਾਲ ਹੋਣਾ ਹੈ। ਗੁੱਤਾਂ ਬੁੱਢਾਂਗੇ। ਪਿੰਡ ਮੈ ਅਰ ਬਾਹਰ ਲੋਕ ਸੁਣ ਕੇ ਚਰਚਾ ਕਰਦੇ ਹੈਂ।

ਆਪਣੀ ਮਾਈ ਥੀਂ ਹੀਰਾ ਸਿੰਘ ਨੇ ਰੁਪਯਾ ਮੰਗਿਆ ਤੇ ਕਿਹਾ ਨਵਾ ਜੋੜਾ ਪੈਹਰਨਾ ਹੈ। ਮਾਈ ਅਰ ਸਿੰਘਨੀ ਨੇ ਨਾ ਮੰਨਿਆ ਤਾ ਭਾਈ ਹੀਰਾ ਸਿੰਘ ਜੀ ਢੋਡੀਂ ਜਾਇ ਰਹੇ। ਭਾਈ ਹੀਰਾ ਸਿੰਘ ਕਹਿੰਦੇ ਹੈਨ ਜੋ ਜੋ ਮਾੜਾ ਕਰਮ ਕਰਦਾ ਹੈ ਸਭ ਵੱਢ ਦੇਣ ਕੀ ਲਾਇਕ ਹੈ। ਇਸ ਤਰ੍ਹਾਂ ਦੇ ਬੋਲੇ ਕਰਦੇ ਹੈਂ ਬੇ ਮੁਹਤਾਜ। ਕਿਸੇ ਦਾ ਲਿਹਾਜ਼ ਨਹੀਂ ਰੱਖਦੇ ਹੈਂ।

## ਖੋਟਿਓਂ ਖਰੇ ਕੀਤੇ

ਭਾਈ ਹੀਰਾ ਸਿੰਘ ਜੀ ਏਕ ਸਿੰਘ ਕੋ ਚਾਰ ਰੁਪਈਏ ਖੋਟੇ ਦਿੱਤੇ। ਕਹਾ ਕਿ ਜਾਇਕੇ ਸੁਨਿਆਰ ਥੀਂ ਕਟਵਾਇ ਲਿਆਵੋ। ਬੋਲਾ ਕੀਤਾ ਸਤਿਗੁਰੂ ਖੋਟਿਓਂ ਖਰੇ ਕਰੇ। ਸਿੰਘ ਨੇ ਜਾਇ ਸੁਨਿਆਰੇ ਨੂੰ ਕਹਿਆ ਏਨ੍ਹਾਂ ਨੂੰ ਕਟ ਦਿਓ। ਸੁਨਿਆਰੇ ਨੇ ਇਕ ਇਕ ਕੇ ਚਾਰ ਚਾਰ ਟੁਕੜੇ ਕੀਤੇ। ਸੁਨਿਆਰਾ ਕਹੇ ਜੀ ਬੜੀ ਸ਼ੁਧ ਚਾਂਦੀ ਦੇ ਰੁਪਈਏ ਹੈਂ। ਸਿੰਘ ਮੋੜ ਕੇ ਭਾਈ ਹੀਰਾ ਸਿੰਘ ਪਾਸ ਲੈ ਆਇਆ। ਬੋਲਾ ਕੀਤਾ ਇਸੀ ਤਰ੍ਹਾਂ ਏਹ ਜੇੜ੍ਹੇ ਜੀਵ ਹੈਂ ਸੋ ਇਹ ਖੋਟੇ ਰੁਪਈਏ ਹੈਂ। ਜਾਂ ਕਰਮ ਖੁਲ੍ਹਦਾ ਹੈ ਤਾ ਸਤਿਗੁਰੂ ਕੋ ਮਿਲਦਾ ਹੈ। ਭਜਨ ਸੁਣਦਾ ਹੈ ਕੰਨ ਵਿਚ ਤਾ ਖੋਟਿਓ ਖਰਾ ਹੋਇ ਜਾਂਦਾ ਹੈ। ਪਹਿਲੇ ਸਾਨੂੰ ਸਤਿਗੁਰੂ ਜੀ ਖੋਟਿਓਂ ਖਰਾ ਕੀਤਾ ਹੈ ਤਾਂ ਖੋਟੇ ਰੁਪਈਏ ਖਰੇ ਹੋਏ ਹੈਂ। ਹੁਣ ਕਾਰਜ ਖਰਾ ਹੋਵੇਗਾ। ਦੇਹ ਕਾ ਖਰਾ ਸੌਦਾ ਹੋਵੇਗਾ। ਧਰਮ ਅਰਥ ਦੇਹ ਲਗੇਗੀ। ਐਵੇਂ ਏਸ ਜਗਤ ਉਤੋਂ ਚਲੇ ਜਾਣਾ ਸੀ। ਦਸਵੇਂ ਪਾਤਸ਼ਾਹ ਜੋ ਜੜ੍ਹ ਹਰੀ ਰੱਖੀ ਸੀ ਤੁਰਕਾਂ ਦੀ ਤਿਸਨੂੰ ਪੁਟਾਂਗੇ। ਖਲਕਤ ਭੀ ਸੁਣ ਸੁਣ ਕਹਿੰਦੀ ਹੈ ਹੀਰਾ ਸਿੰਘ ਥੀਂ ਕੋਈ ਕਾਰ ਲੈਣੀ ਹੈ। ਸ਼ੇਰਾਂ ਵਰਗੇ ਸੁਭਾਉ ਹੈਂ। ਸੀਸ ਦੇਨੇ ਵਾਲੀ ਮਿਸਲ ਵਧਦੀ ਜਾਂਦੀ ਹੈ।

## ਗਊ ਬੱਧ ਦਾ ਦੁੱਖ

ਗਊਆਂ ਕੇ ਗਲ਼ ਤੇ ਜੋ ਛੁਰੀ ਫਿਰਦੀ ਹੈ ਏਹ ਬੜਾ ਭਾਰੀ ਦੁੱਖ ਹੋਇ ਰਿਹਾ ਹੈ ਖਾਲਸੇ ਨੂੰ। ਅੱਗੇ ਜੋ ਤੁਰਕ ਮਾਰਦੇ ਸੇ ਰਾਤ ਕੋ ਲੁਕ ਛੁਪ ਕੇ ਮਾਰਦੇ ਸੇ ਗਊ ਨੂੰ। ਗਊ ਕਾ ਵਿਘਨ ਕਰਦੇ ਸੇ ਤਾਂ ਡਰਦੇ ਸੀ। ਜਿਸ ਦਿਨ ਸੇ ਫ਼ਰੰਗੀ ਆਏ ਹੈਂ ਏਨ੍ਹਾਂ ਨੇ ਸਭਨਾਂ ਸ਼ਹਿਰਾਂ ਵਿਚ ਬੁਚੜਖਾਨੇਂ ਲਾਏ ਹੈਂ। ਤੁਰਕ ਅੱਗੇ ਈ ਏਹ ਗੱਲ ਚਾਹੁੰਦੇ ਸੀ। ਫ਼ਰੰਗੀ ਕੀ ਸ਼ਹਿ ਕਰਕੇ ਨਿਰਭੈ ਹੋਇ ਗਏ। ਫ਼ਰੰਗੀ ਕਾ ਰਾਜ ਹੈ। ਜਗਾ ਪਰ ਜਗਾ ਜੀਆਂ ਕੋ ਮਾਰਦੇ ਹੈਂ। ਪਾਪੀ ਲੋਕ ਇਕੱਠੇ ਹੋਇ ਗਏ ਹੈਂ। ਹੋਰ ਜੋ ਜਾਤਾਂ ਨਾ ਸੇ ਮਾਸ ਖਾਂਦੇ ਸੋ ਭੀ ਦੇਖ ਦੇਖ ਕੇ ਲਗੇ ਖਾਵਣ। ਮਤ ਬਦਲ ਗਈ । ਕਲਿਜੁਗ ਨੇ ਮਤ ਮਾਰ ਦਿੱਤੀ। ਜੁਬਾਨ ਕੇ ਰਸ ਵਿਚ ਪੈ ਕੇ ਜੀਆਂ ਕੋ ਮਾਰ ਮਾਰ ਕੇ ਖਾਣੇ ਲਗੇ। ਖਤਰੀ ਬ੍ਰਾਹਮਣ ਭੀ ਮਾਸ ਚੋਰੀ ਲਿਆਇਕੇ ਖਾਣੇ ਲਗੇ। ਜੋ ਨਿਹੰਗ ਹੈਨ ਓਹ ਭੀ ਮਾਸ ਅਹਾਰੀ ਝਟਕਾ ਕਰਕੇ ਖਾਇ ਲੈਂਦੇ। ਨਾਉਂ ਮਹਾਂ ਪ੍ਰਸ਼ਾਦ ਸਦਦੇ ਹੈਂ। ਇਸੀ ਤਰ੍ਹਾਂ ਸਰਬ ਜੀਵ ਜੀਆਂ ਕੋ ਮਾਰ ਕੇ ਖਾਣੇ ਵਾਲੇ ਹੋ ਗਏ ਹੈਂ। ਗਊ ਗ਼ਰੀਬ ਦੀ ਤੇ ਜੀਆਂ ਦੀ ਰੱਛਿਆ ਕੌਣ ਕਰੇ? ਅੰਮ੍ਰਿਤ ਵੇਲੇ ਉਠਕੇ ਗੁਰੂ ਕੇ ਪਿਆਰੇ ਤਾਂ ਇਸ਼ਨਾਨ ਕਰਕੇ ਭਜਨ ਬਾਣੀ ਕਾ ਉਚਾਰ ਕਰਦੇ ਹੈਂ ਅਤੇ ਕਸਾਈ ਛੁਰੀ ਲੈ ਕੇ ਗਊਆਂ ਕੇ ਗਲ਼ ਵਢਦੇ ਹੈਂ। ਇਹ ਵਡਾ ਭਾਰੀ ਪਾਪ ਹੈ ਗਊਆਂ ਕਾ। ਏਕ ਛਤ੍ਰੀ ਹੋਵੇ ਜੇ ਗਊ ਗਰੀਬ ਕੋ ਦੁਖ ਹੋਵੇ ਤਾਂ ਦੁਖ ਨਬੇੜ ਕੇ ਪ੍ਰਸ਼ਾਦ ਛਕੇ। ਤਾਂ ਤੇ ਸਰਬ ਪੰਜਾਬ ਮੈ ਖਾਲਸਾ ਹੈ। ਸਰਬ ਖਾਲਸਾ ਸੋਢ ਬੰਸ ਛਤ੍ਰੀ ਹੈ। ਦਸਵੇਂ ਪਾਤਸ਼ਾਹ ਕੇ ਭੀ ਸਿੱਖ ਵਿੱਚੇ ਹੈਂ। ਤੇ ਹੁਣ ਬਾਰ੍ਹਵਾਂ ਜਾਮਾਂ ਪਹਿਰ ਕੇ ਸੰਤ ਖਾਲਸਾ ਬਨਾਇਆ ਹੈ। ਜੇਕਰ ਹੁਣ ਨਾ ਹਟਿਆ ਗਊ ਬੱਧ ਤਾਂ ਫੇਰ ਨਹੀਂ ਹਟਦਾ। ਸਾਰੇ ਕਹਿੰਦੇ ਹੈਂ ਕਿ ਜੋ ਚਿੱਟੀਆਂ ਮਾਲਾ ਵਾਲੇ ਕੂਕੇ ਹੈਨ ਉਹ ਕੇਸੀਂ ਜਲ ਅੰਮ੍ਰਿਤ ਵੇਲੇ ਪਾਇਕੇ, ਨਹਾਇਕੇ ਬਾਣੀਆਂ ਪੜਦੇ ਹੈਂ। ਨਾ ਕਿਸੇ ਜੀਵ ਕਾ ਬਿਘਾਨ ਹੋਣ ਦਿੰਦੇ ਹੈ, ਸਰਬ ਜੀਆਂ ਪਰ ਰੱਛਿਆ ਕਰਦੇ ਹੈਂ। ਧਰਮ ਰੀਤੀ ਮੈ

ਪੂਰੇ ਹੈਂ। ਏਹੋ ਭਾਵੇਂ ਗਊ ਬੱਧ ਕਰਨ ਵਾਲਿਆਂ ਪਰ ਹੱਥ ਉਠਾਵਣ, ਹੋਰ ਕਿਸੇ ਕਾ ਕੰਮ ਨਹੀਂ ਹੈ।

## ਬਦਲਾ ਲਵਾਂਗੇ

ਗੁਰਮੁਖ ਸਿੰਘ ਨੰਬਰਦਾਰ ਤੇ ਗੁਰਦਿੱਤ ਸਿੰਘ ਦੋਨੋਂ ਭਾਈ ਫ਼ਰਵਾਹੀ ਕੇ ਹੈਂ। ਹੀਰਾ ਸਿੰਘ ਨੂੰ ਕਹਿਣੇ ਲਗੇ ਮਲੇਰ ਕੋਟਲੇ ਕਾ ਕਾਜੀ ਬਢਣੇ ਕੀ ਲਾਇਕ ਹੈ। ਮੇਰੇ ਸਾਹਮਣੇ ਖਾਲਸੇ ਨੂੰ ਗਾਲ੍ਹਾਂ ਕਢੀਆਂ ਹੈਨ। ਮੈਂ ਬੀ ਕਹਿ ਆਇਆ ਹਾਂ ਕਿ ਤੈਥੋਂ ਗਾਲ੍ਹਾਂ ਦਾ ਬਦਲਾ ਲਵਾਂਗੇ। ਸੋ ਮੇਰੀ ਬੀ ਮਨਸਾ ਹੈ ਕਿ ਓਸ ਕਾਜੀ ਦਾ ਸਿਰ ਵਢ ਕੇ ਅਰਾਮ ਲੈਣਾ ਹੈ। ਗਊ ਬੱਧ ਭੀ ਹੁੰਦਾ ਸੀ। ਖਾਲਸੇ ਤੁਰਕਾਂ ਨੂੰ ਰੜਕਾਉਂਦੇ ਰਹਿੰਦੇ ਸੀ। ਸਮਾਂ ਆਇਆ ਤਾਂ ਮਾਰਾਂਗੇ ਪਹਿਲੇ ਕੋਟਲੇ ਵਾਲਿਆਂ ਨੂੰ। ਇਕ ਫਰਵਾਹੀ ਕਾ ਬਿਸ਼ਨ ਸਿੰਘ ਸੀ। ਉਸਨੇ ਭੀ ਭਜਨ ਲੈ ਲਿਆ ਤੇ ਨਾਲ ਧਰਮ ਜੁਧ ਕੇ ਸ਼ਾਮਲ ਹੋਇਆ। ਰੁੜਕੇ ਕੇ ਸਿੰਘ ਚੜਤ ਸਿੰਘ ਅਤੇ ਦਲ ਸਿੰਘ ਵੀ ਆਇ ਮਿਲੇ ਕਿ ਅਸੀਂ ਵੀ ਧਰਮ ਕੇ ਹੇਤ ਸੀਸ ਦੇਵਾਂਗੇ। ਸੱਦਾ ਸਿੰਘ ਤੇ ਹਰਨਾਮ ਸਿੰਘ ਤੇ ਹਰਨਾਮ ਸਿੰਘ ਲੁਹਾਰਾ, ਬਰਾਣਪੁਰ ਕਾ ਗੁਰਮੁਖ ਸਿੰਘ ਤਰਖਾਣ। ਜੇੜ੍ਹਾ ਆਇਕੇ ਸੁਖ ਨਿਧਾਨ ਮੰਗੇ ਉਸਨੂੰ ਕਹਿਣਾ ਜੇਕਰ ਸਿਰ ਦੇਣਾ ਹੈ ਤਾਂ ਸੁਖ ਨਿਧਾਨ ਕੀ ਦੇਗ ਛਕ। ਜਿਸ ਨਾਲ ਮਿਲਣਾ ਹੋਵੇ ਉਸ ਨੂੰ ਤਾਂ ਦੇਣੀ, ਹੋਰ ਨੂੰ ਨਾ ਦੇਣੀ। ਇਸੇ ਤਰ੍ਹਾਂ ਦਿਨੋ ਦਿਨ ਮਿਸਲ ਬਧਦੀ ਜਾਂਦੀ ਹੈ।

## ਖੋਟਿਆਂ ਦਾ ਹੋਲਾ ੧੯੨੭ ਬਿ: (੧੮੭੧ ਈ.)

ਅੱਗੇ ਖੋਟਿਆਂ ਕਾ ਹੋਲਾ ਸੀ। ਸ੍ਰੀ ਸਤਿਗੁਰੂ ਜੀ ਚੱਲੇ ਸੂਬਿਆਂ ਸਿੰਘਾਂ ਕੇ ਸਹਿਤ। ਅਰਦਾਸ ਕਰਕੇ ਘੋੜੀ ਪਰ ਅਸਵਾਰ ਹੋਏ। ਆਗੈ ਪਾਛੇ ਸਿੰਘ ਹੀ ਸਿੰਘ ਦਿਸਣ। ਦਰਸ਼ਨ ਦਿੰਦੇ ਨਿਹਾਲ ਕਰਦੇ ਰਾਏਸਰ ਜਾਇ ਪੜਾਉ ਕੀਤਾ। ਬੜੀ ਖੁਸ਼ੀ ਕੀਤੀ ਸਿੱਖਾਂ। ਸੁੱਕੇ ਦਿਲ ਹਰੇ ਹੋਏ। ਦਰਸ਼ਨ ਕੀਤਾ ਮੋਹਣੀ ਮੂਰਤ ਕਾ। ਭਾਈ ਹੀਰਾ ਸਿੰਘ ਭੀ ਆਇਆ ਸਿੰਘਾਂ ਦੇ ਨਾਲ। ਗੁੱਤ ਬਾਂਸ ਨਾਲ ਬੱਧੀ ਉੱਚੀ ਕੀਤੀ ਹੋਈ। ਬੋਲਾ ਇਹ ਸੁਣਾਵੇ ਜੋ ਇਸਤਰੀ ਪਤੀ ਕਾ ਕਹਿਆ ਨਾ ਮੰਨੇਗੀ ਉਸਕੀ ਗੁੱਤ ਬੱਢਾਂਗੇ।

ਅਗਲੇ ਦਿਨ ਸਤਿਗੁਰੂ ਜੀ ਖੋਟੀਂ ਆਏ। ਪਾਛੇ ਸੰਗਤ ਚਲੀ ਔਂਦੀ ਹੈ। ਬਾਬੇ ਜਵਾਹਰ ਸਿੰਘ ਜੀ ਹੁਕਮ ਦੀਆ ਗੁੱਤ ਖੋਹਕੇ ਟੋਭੇ ਮੈਂ ਦਬਾਇ ਦਿਓ। ਜਿਸ ਸਿੰਘ ਕੋਲ ਗੁੱਤ ਫੜੀ ਹੋਈ ਸੀ ਸੋ ਇਕੱਲਾ ਈ ਸੀ। ਸਿੰਘਾਂ ਨੇ ਖੋਹ ਕੇ ਛੱਪੜ ਮੈਂ ਦਬਾਇ ਦਿੱਤੀ। ਸੁਣਕੇ ਹੀਰਾ ਸਿੰਘ ਜੀ ਬੜੇ ਗੁੱਸੇ ਹੋਏ ਕਿ ਗੁੱਤ ਖੋਹ ਕਿਓਂ ਲਈ ਹੈ? ਬਾਬੇ ਜਵਾਹਰ ਸਿੰਘ ਨਾਲ ਗਾਲੋ ਗਾਲੀ ਹੋਏ।[1] ਵਾਧੇ ਘਾਟੇ ਕੇ ਦੋਹਾਂ ਤਰਫ਼ਾਂ ਸੇ ਬੋਲੇ ਹੋਏ। ਭਾਈ ਹੀਰਾ ਸਿੰਘ ਜੀ ਕਹਿਆ ਪੇਟ ਵਧਾਇਆ ਹੈ ਕੜਾਹ ਪ੍ਰਸ਼ਾਦ ਛਕ ਕੇ। ਸ੍ਰੀ ਸਤਿਗੁਰੂ ਜੀ ਕੇੜ੍ਹੇ ਕੰਮ ਲਾਏ ਹੈਂ ਤੇ ਤੁਸੀਂ ਕੀ ਕੰਮ ਕਰਦੇ ਹੋ।

ਸ਼ਰਦਾਈ ਬਣੀ। ਬਾਬਾ ਜਵਾਹਰ ਸਿੰਘ ਜੀ ਸ਼ਰਦਾਈ ਛਕ ਕੇ ਮਦਾਨ ਖੇਡਣ ਗਏ।

---

1 ਇਸ ਘਟਨਾ ਦੀ ਪੁਸ਼ਟੀ ਬਾਬਾ ਜਵਾਹਰ ਸਿੰਘ, ਹੁਕਮਾ ਸਿੰਘ ਅਤੇ ਗਿਆਨੀ ਰਤਨ ਸਿੰਘ ਨੇ ਆਪਣੇ ਆਪਣੇ ਬਿਆਨਾਂ ਵਿਚ ਕੀਤੀ ਹੈ। ਦੇਖੋ ਹੋਮ ਡਿਪਾਰਟਮੈਂਟ, ਜੂਡੀਸ਼ੀਅਲ ਪ੍ਰੋਸੀਡਿੰਗਜ਼, ਅਗਸਤ ੧੮੭੨-ਪੰਨਾ ੨੪੩੨, ੨੪੩੭ ਅਤੇ ੨੫੪੧,

ਮਸਤਾਨਿਆਂ ਦੇ ਕੋਲ ਦੀ ਲੰਘਣ ਲਗੇ ਤਾਂ ਹੀਰਾ ਸਿੰਘ ਨੇ ਬਾਬੇ ਜਵਾਹਰ ਸਿੰਘ ਕੀ ਪਿੰਨੀਂ ਪਰ ਮੁੱਕੀ ਮਾਰੀ। ਕਹਿਆ ਸਤਿਗੁਰੂ ਜੀ ਧੁਆਨੂੰ ਕੇਹੜੇ ਕੰਮ ਲਾਇਆ ਹੈ ਤੇ ਤੁਸੀਂ ਕੇਹੜੇ ਕੰਮ ਲਗੇ ਹੋ। ਦੀਵਾਨ ਲਗੇ ਵਿਚ ਚਾਰ ਮਸਤਾਨੇ ਆਏ । ਹੋਰ ਡੇਰੇ ਰਹੇ। ਹੀਰਾ ਸਿੰਘ ਨੇ ਕਹਾ ਕਿ ਸੂਬਿਆਂ ਕੇ ਕਾਲਜੇ ਮੁਸ਼ਕਦੇ ਹੈਂ, ਖਾਇ ਲੈਣ ਵਾਲੇ ਹੈਂ। ਲਾਂਗਰੀਆਂ ਕੇ ਕਾਲਜੇ ਮੁਸ਼ਕਦੇ ਹੈਂ। ਏਹ ਲੋੜ੍ਹੀ ਨਹੀਂ ਹੈ ਏਹ ਲੋੜ੍ਹਾ ਹੀ ਆਵੇਗਾ। ਸੰਤ ਖਾਲਸਾ ਲੋੜ੍ਹੀ ਨੂੰ ਜਾਵਣਾ ਹੈ।

ਬਾਬੇ ਜਵਾਹਰ ਸਿੰਘ ਨਾਲ ਫੇਰ ਗਾਲੋਂ ਗਾਲੀ ਹੋਏ। ਨਾਲੇ ਕਹਿਣ ਜਵਾਹਰ ਸਿੰਘ ਨੇ ਸਾਡੀ ਗੁੱਤ ਸੁਟਵਾਈ ਹੈ। ਉਸ ਪਰ ਅਸੀਂ ਨਰਾਜ਼ ਹੈਂ। ਏਤਨੇਂ ਮੈ ਸ੍ਰੀ ਸਤਿਗੁਰੂ ਜੀ ਚੀਤਾ ਛੱਡਣ ਗਏ। ਪਿੱਛੋਂ ਲੱਖਾ ਸਿੰਘ ਗੜਵਈ, ਅਤਰ ਸਿੰਘ ਹੋਰ ਭੀ ਸੂਬਿਆਂ ਨੇ ਜਿਨ੍ਹਾਂ ਜਿਨ੍ਹਾਂ ਕੋ ਸੁਣਾਉਂਦੇ ਹੁੰਦੇ ਸੇ, ਤਿਨ੍ਹਾਂ ਤਿਨ੍ਹਾਂ ਨੇ ਮਨ ਭੌਂਦੇ ਮਾਰੇ। ਮਸਤਾਨਿਆਂ ਨੇ ਆਗੇ ਸੇ ਹੱਥ ਨਹੀਂ ਉਠਾਇਆ। ਬੜੀ ਸ਼ਾਂਤਕੀ ਰੱਖੀ। ਸਗੋਂ ਕਹਿਣ ਸਾਧ ਸੰਗਤ ਹੈ ਜਿਨ੍ਹਾਂ ਨੇ ਸਾਡੇ ਪਾਪ ਝਾੜੇ ਹੈਂ। ਗੁਰੂ ਜੀ ਭੀ ਚੀਤਾ ਛੱਡ ਕੇ ਆਏ ਤੇ ਬਚਨ ਕੀਤਾ ਤੁਸਾਂ ਏਨ੍ਹਾਂ ਨੂੰ ਮਾਰ ਈ ਦੇਣਾ ਹੈ। ਆਗੇ ਸੇ ਏਹਨਾਂ ਤਾਂ ਹੱਥ ਨਹੀਂ ਉਠਾਇਆ ਹੈ। ਮਾਰਦੇ ਆਇਕੇ ਛੁਡਾਏ। ਸੂਬਿਆਂ ਨੇ ਮਨ ਕਾ ਖ਼ੂਬ ਗੁਬਾਰ ਕਢ ਲੀਤਾ।

ਸੂਬਿਆਂ ਨੇ ਗੁਰੂ ਜੀ ਪਾਸ ਕਹਿਆ ਕਿ ਏਨ੍ਹਾਂ ਨੂੰ ਸੰਗਲ ਲਗ ਜਾਵੇ, ਕਿਸੇ ਨੂੰ ਮਾਰਨਗੇ। ਸੂਬਿਆਂ ਦੇ ਕਹੇ ਤੇ ਸਤਿਗੁਰੂ ਜੀ ਬਚਨ ਕੀਤਾ ਮਾਰੋ ਸੰਗਲ, ਕਿਸੇ ਨੂੰ ਮਾਰਨਗੇ। ਧੌਂਕਲ ਸਿੰਘ ਨੂੰ ਹੁਕਮ ਹੋਇਆ ਸੰਗਲ ਮਾਰ ਦਿਓ। ਕਾਲਾ ਸਿੰਘ[1] ਨੇ ਕਹਿਆ ਬਚਨ ਮੰਨ ਲੈ, ਜੜ੍ਹਾਂ ਨਾ ਪੁਟਾਇ ਲਈਂ। ਇਨ੍ਹਾਂ ਦੇ ਪੈਰਾਂ ਦੇ ਉੱਤੋਂ ਦੀ ਸੰਗਲ ਰੱਖ ਦੇਈਂ। ਸਿੰਘ ਆਸਣ ਪਰ ਜਾਇਕੇ ਲੰਮੇ ਪੈ ਗਏ। ਦੋਹਾਂ ਕੇ ਪੈਰਾਂ ਦੇ ਉੱਤੋਂ ਦੀ ਸੰਗਲ ਧਰ ਦੀਆ। ਜਿੱਥੇ ਸੰਗਲ ਲੱਗੇ ਪਏ ਸੀ ਓਥੋਂ ਦੀ ਸਤਿਗੁਰੂ ਜੀ ਲੰਘੇ। ਬਚਨ ਕੀਤਾ ਏਨਾਂ ਕੀ ਪ੍ਰਸ਼ਾਦ ਪਾਣੀਂ ਕੀ ਭੀ ਖ਼ਬਰ ਰੱਖਣੀ। ਹੀਰਾ ਸਿੰਘ ਨੇ ਕਹਿਆ ਜੀ ਧੁਆਡੇ ਬਿਨਾਂ ਸਾਡੀ ਕੌਣ ਖ਼ਬਰ ਰੱਖੇ?

ਮਹੱਲਾ ਖੇਡਣ ਦਾ ਦਿਨ ਆਇਆ। ਬਾਹਰ ਦੀਵਾਨ ਮਦਾਨ ਮੈ ਖੁਲ੍ਹਾ ਲਗਾਇਆ। ਸ਼ਬਦ ਹੋਣੇ ਲਗਾ। ਪਿੰਡਾਂ ਕੇ ਲੋਕ ਭੀ ਆਏ ਹੋਏ ਸੇ। ਦੀਵਾਨ ਕੇ ਕੋਲ ਸੌਂਚੀ[2] ਪੱਕੀ ਖੇਡਣ ਦੀ ਜੱਟਾਂ ਨੇ ਸਲਾਹ ਕੀਤੀ। ਗੁਰੂ ਜੀ ਸਿੰਘ ਭੇਜੇ ਏਥੇ ਸੌਂਚੀ ਕਾ ਅਖਾੜਾ ਨਾ ਲਗਾਓ, ਹੋਰ ਥੇ ਜਾਇਕੇ ਸੌਂਚੀ ਖੇਡੋ। ਜੱਟ ਅੱਗੇ ਸੇ ਬੋਲੇ ਸਾਡੀਆਂ ਜਮੀਨਾਂ ਹੈ ਅਸੀਂ ਨਹੀਂ ਹਟਦੇ ਹੈਂ। ਆਪਣੀ ਜਮੀਨ ਮੈ ਲਾਈ ਹੈ। ਹੋਰ ਡਿੰਗੇ ਡਿੰਗੇ ਕਈ ਬੋਲੇ ਬੋਲੇ। ਸਿੰਘਾਂ ਆ ਕੇ ਸਭ ਬਰਤਾਂਤ ਸਤਿਗੁਰੂ ਜੀ ਨੂੰ ਸੁਣਾਇਆ। ਗੁਰੂ ਜੀ ਤੇਜੀ ਮੈ ਹੋਇਕੇ ਬਚਨ ਕੀਤਾ ਲਿਆਓ ਚੀਨੀ ਉੱਤੇ ਕਾਠੀ ਪਾਇਕੇ। ਤਤਕਾਲ ਸਿੰਘਾਂ ਚੀਨੀ ਹਾਜ਼ਰ ਕੀਤੀ। ਸਤਿਗੁਰੂ ਜੀ ਉਠ ਖੜੇ ਹੋਏ ਕੇਹਰ ਕੀ ਨਿਆਈਂ। ਚੀਨੀ ਉੱਤੇ ਚੜ੍ਹੇ।

## ਗੁਪਤ ਫੌਜਾਂ ਦੀ ਮਾਰ

1 ਸਪੁੱਤਰ ਸ੍ਰ. ਬੁੱਧ ਸਿੰਘ, ਪਿੰਡ ਗੁੱਜਰਵਾਲ, ਜ਼ਿਲ੍ਹਾ ਲੁਧਿਆਣਾ।

2 ਕਬੱਡੀ ਵਰਗੀ ਖੇਡ।

ਬਾਬੇ ਸਮੁੰਦ ਸਿੰਘ[1] ਨੇ ਆਇ ਅਰਜ਼ ਕੀਤੀ ਜੀ ਲੜਾਈ ਹੋਇ ਪਵੇਗੀ। ਗੁਰੂ ਜੀ ਬਚਨ ਕੀਤਾ ਰਾਜਾ ਪਰਜਾ ਨੂੰ ਸਿੱਧੇ ਰਸਤੇ ਪਾਵਣਾ ਹੈ। ਤੁਸੀਂ ਕਹਿੰਦੇ ਹੋ ਨਾ ਜਾਵੋ। ਕੋਈ ਪਾਪ ਨਾ ਕਮਾਵੇਗਾ ਧਰਤੀ ਉੱਤੇ, ਧਰਤੀ ਕੋ ਪਵਿੱਤਰ ਕਰਾਂਗੇ, ਸਤਿਜੁਗ ਵਰਤਾਵਣਾ ਹੈ। ਏਤਨਾ ਬਚਨ ਕੀਤਾ ਤੇ ਘੋੜੀ ਪੌਣ ਵੇਗ ਦੁੜਾਈ। ਪੱਤੋ ਗਰਾਮ ਤੋੜੀਂ ਘੋੜੀ ਦੁੜਾਇਕੇ ਫੇਰ ਸੌਂਚੀ ਕੇ ਮਦਾਨ ਵਿਚੋਂ ਦੀ ਲੰਘੇ।

ਏਕ ਨੇ ਸੀਸ ਝੁਕਾਇਆ, ਉਸਦੀ ਪਿੱਠ ਛਟੀ ਨਾਲ ਠੋਕੀ। ਏਕ ਆਦਮੀ ਨੇ ਢੀਮ ਚਲਾਈ, ਗੁਰੂ ਜੀ ਕੀ ਘੋੜੀ ਕੇ ਮੱਥੇ ਮੈ ਲਗੀ। ਸ੍ਰੀ ਸਤਿਗੁਰੂ ਜੀ ਤੇਜੀ ਮੈ ਹੋਇਕੇ ਉਸਕੋ ਕੋਰੜਾ ਮਾਰਿਆ। ਤੀਨ ਕੋਰੜੇ ਲਗਣੇ ਸੇ ਸ਼ਹੀਦਾਂ ਕੀਆਂ ਫ਼ੌਜਾਂ ਕ੍ਰੋਪ ਹੋਇ ਗਈਆਂ। ਗ਼ੈਬ ਦਾ ਸਲੋਤਰ ਤੇ ਢੀਮ ਬਰਸਨੇ ਲਗੀ। ਜੇੜ੍ਹੇ ਵਡੇ ਵਡੇ ਪਹਿਲਵਾਨ ਜੁਆਨ ਸੇ ਸੋ ਜਾਨ ਬਚਾਇਕੇ ਜੁੱਤੀਆਂ ਹੱਥਾਂ ਮੈਂ ਫੜ੍ਹਕੇ ਨੱਸ ਚਲੇ। ਸਾਵਣ ਕੀ ਬਾਰਸ਼ ਵਾਂਗੂ ਲਗੀ ਢੀਮ ਪੈਣ। ਉਸ ਵਕਤ ਹਨੇਰੀ ਵਾਂਗੂ ਗਰਦਾ ਉਡਿਆ। ਜੈਸੇ ਮੱਘਾਂ ਪਾਈ ਰੌਲੀ ਬਾਜ ਡਾਰੀਂ ਵੜਿਆ[2]। ਜੈਸੇ ਕੇਹਰ ਕੇ ਬੋਲਨੇ ਸੇ ਮਿਰਗਾਵਲੀ ਨੱਸੀ ਜਾਂਦੀ ਹੈ, ਤਿਸੀ ਤਰ੍ਹਾਂ ਜੀਵ ਜਿੰਦਾਂ ਬਚਾਇਕੇ ਨੱਸੇ ਜਾਂਦੇ ਹੈਂ। ਕੁਝ ਸੁਧ ਨਾ ਰਹੀ ਉਨ੍ਹਾਂ ਲੋਕਾਂ ਨੂੰ। ਬਿਨਾਂ ਧੀਰਜ ਥੀਂ ਨੱਸੇ ਜਾਂਦੇ ਹੈਂ। ਕਈਆਂ ਕੀਆਂ ਜੁੱਤੀਆਂ ਰਹਿ ਗਈਆਂ। ਕਈਆਂ ਕੇ ਬਸਤਰ ਰਹੇ। ਹੋਸ਼ ਨਾ ਸੰਭਾਲਣੀ ਮਿਲੀ। ਮਾਰ ਪੈਂਦੀ ਪੈਂਦੀ ਆਪਣੇ ਪਿੰਡਾਂ ਨੂੰ ਨੱਸ ਗਏ। ਆਪੋ ਆਪਣੀਂ ਘਰੀਂ ਜਾਇ ਵੜੇ ਜਿੰਦਾਂ ਬਚਾਇਕੇ। ਗਰਦਾ ਉਡਦਾ ਦਿਸੇ। ਜਾਂ ਨੱਸੇ ਜਾਂਦੇ ਦਿਸਣ ਤੇ ਮਾਰਨ ਵਾਲਾ ਕੋਈ ਨਾ ਦਿਸੇ। ਗੁਪਤ ਫ਼ੌਜਾਂ ਨੇ ਮਾਰ ਮਾਰ ਕੇ ਅਕਲ ਗੁੰਮ ਕਰ ਦਿੱਤੀ।

ਪਿੰਡ ਪਿੰਡ ਤੇ ਘਰ ਘਰ ਚਰਚਾ ਹੋਇ ਰਹੀ ਹੈ ਕਿ ਬੜਾ ਬਲੀ ਗੁਰੂ ਪੈਦਾ ਹੋਇਆ ਹੈ ਜਿਸ ਕੀਆਂ ਗੁਪਤ ਫ਼ੌਜਾਂ ਹੈਨ। ਢੀਮ ਤੇ ਸਲੋਤਰ ਪੈਂਦਾ ਮਲੂਮ ਹੁੰਦਾ ਸੀ। ਮਾਰਨ ਵਾਲਾ ਕੋਈ ਨਜ਼ਰ ਨਹੀਂ ਸੀ ਪੈਂਦਾ। ਵੱਡੇ ਵੱਡੇ ਪਹਿਲਵਾਨ ਜਾਨਾਂ ਬਚਾਇਕੇ ਘਰੀਂ ਆਇ ਬੜੇ ਹੈਂ। ਜਿਵੇਂ ਸ਼ੇਰ ਕੇ ਮੂੰਹ ਵਿਚੋਂ ਨਿਕਲ ਕੇ ਜੀਵ ਜਾਂਦਾ ਹੈ ਇਸੀ ਤਰ੍ਹਾਂ ਅਸੀਂ ਆਏ ਹੈਂ। ਡਰਦੇ ਮਾਰੇ ਲੋਕਾਂ ਦੇ ਕਾਲਜੇ ਧੜਕਦੇ ਹੈ। ਐਸੀ ਮਾਰ ਕੀਤੀ ਹੈ ਸ਼ਹੀਦਾਂ ਨੇ ਸਾਨੂੰ ਬਸਤਰ ਜੋੜਾ ਭੀ ਨਹੀਂ ਸਾਂਭਣਾ ਮਿਲਿਆ। ਧੰਨ ਗੁਰੂ ਜੀ ਹੈਂ ਜਿਨ੍ਹਾਂ ਦੇ ਹੱਥ ਵਿਚ ਸਭ ਕੀਆਂ ਤਾਰਾਂ ਹੈਂ।

ਸ਼ਹੀਦਾਂ ਕੀਆਂ ਸਾਰੇ ਪਿੰਡਾਂ ਮੈ ਘਰ ਘਰ ਏਹੋ ਹੀ ਗੱਲਾਂ ਹੋਇ ਰਹੀਆਂ ਹੈਨ। ਜਿਵੇਂ ਓਨਾਂ ਲੋਕਾਂ ਨੂੰ ਮਾਰ ਪਈ ਤਿਵੇਂ ਤਿਵੇਂ ਆ ਕੇ ਕਹਿੰਦੇ ਹੈਂ। ਸੁਣ ਸੁਣ ਕੇ ਕੁਦਰਤ ਕੇ ਬਚਨ ਸੁਣਨ ਵਾਲੇ ਹੈਰਾਨ ਪਰੇਸ਼ਾਨ ਹੋਏ। ਜੋ ਜੀਵ ਉਸ ਵਕਤ ਹਾਜਰ ਸੇ ਸੋ ਸਾਰਿਆਂ ਕੋ ਸੱਟਾਂ ਲੱਗੀਆਂ। ਖਾਲੀ ਕੋਈ ਨਾ ਗਿਆ। ਸਾਰੇ ਈ ਕਹਿਣ ਆਪੋ ਆਪਣੇ ਪਿੰਡਾਂ ਮੈ ਕਿ ਮੈਨੂੰ ਇਤਨੀਆਂ ਲੱਗੀਆਂ ਮੈਨੂੰ ਏਨੀਆਂ ਲੱਗੀਆਂ। ਸਾਰੇ ਪਾਸੇ ਗੁਰੂ ਜੀ ਕੇ ਪ੍ਰਤਾਪ ਕੀ ਸੋਭਾ ਹੋਇ ਰਹੀ ਹੈ।

---

1 ਸਪੁੱਤਰ ਸ੍ਰ. ਸਾਧਾ ਸਿੰਘ, ਪਿੰਡ ਖੋਟੇ ਜ਼ਿਲ੍ਹਾ ਫ਼ਿਰੋਜ਼ਪੁਰ ।

2 ਮੁਹਾਵਰਾ ਹੈ ਜਿਸ ਦਾ ਅਰਥ ਹੈ ਜਦੋਂ ਬਾਜ (ਮਘ) ਬਤਖਾਂ ਦੀ ਡਾਰ ਵਿਚ ਆ ਵੜਦਾ ਹੈ ਤਾਂ ਉਹ ਬਚਾ ਲਈ ਰੌਲਾ ਪਾਉਂਦੀਆਂ ਹਨ ।

## ਲੈਹਣਾ ਸਿੰਘ ਨੂੰ ਮਾਰ

ਭਾਗੀ ਪੁਰ (ਜ਼ਿਲ੍ਹਾ ਫ਼ਿਰੋਜ਼ਪੁਰ) ਗਏ। ਦੀਵਾਨ ਕੇ ਬੀਚ ਲੈਹਣਾ ਸਿੰਘ (ਸਕਰੌਦੀ) ਮੁੜ ਮੁੜ ਕੇ ਜੈਕਾਰੇ ਗਜਾਵੇ। ਸਭੇ ਬੰਦ ਕਰ ਰਹੇ ਨਾ ਬੰਦ ਹੋਇਆ। ਗੁਰੂ ਜੀ ਪਾਸ ਅਰਜ਼ ਕੀਤੀ ਲੈਹਣਾ ਸਿੰਘ ਸ਼ਬਦ ਕੀਰਤਨ ਨਹੀਂ ਸੁਣਨ ਦੇਂਦਾ। ਗੁਰੂ ਜੀ ਬਚਨ ਕੀਤਾ ਦੀਵਾਨ ਸੇ ਬਾਹਰ ਕਰ ਦਿਓ। ਗਿਆਨਾ ਸਿੰਘ ਤੇ ਹਰਨਾਮ ਸਿੰਘ ਏਨਾਂ ਦੋਹਾਂ ਨੇ ਮਾਰਿਆ ਲੱਤਾਂ ਮੁਕੀਆਂ ਨਾਲ। ਗੁਰੂ ਜੀ ਬਚਨ ਕੀਤਾ ਮੈਂ ਧੁਆਨੂੰ ਮਾਰਨ ਨੂੰ ਤਾਂ ਨਹੀਂ ਸੀ ਕਹਿਆ ਬਾਹਰ ਕਰਨ ਨੂੰ ਕਹਿਆ ਸੀ। ਜੇਕਰ ਤੁਸੀਂ ਐਤਨੇ ਸੂਰਮੇ ਹੋ ਤਾਂ ਬੁਚੜਾਂ ਨੂੰ ਮਾਰੋ। ਜੇਕਰ ਸ਼ਸਤਰ ਨਹੀਂ ਹੱਥ ਔਂਦੇ ਤਾਂ ਮੈਥੋਂ ਲਵੋ। ਫ਼ਰੰਗੀਆਂ ਕਾ ਥਾਣੇਦਾਰ ਵਿੱਚ ਬੈਠਾ ਸੀ।

## ਜ਼ਿਮੀਂਦਾਰ ਨੂੰ ਸਰਾਪ

ਪਿੰਡ ਬਿਧਾਤੇ[1] ਏਕ ਜ਼ਿਮੀਂਦਾਰ ਕਾਨ੍ਹ ਸਿੰਘ ਨੇ ਅਰਜ਼ ਕੀਤੀ ਜੀ ਮੇਰਾ ਪ੍ਰਸ਼ਾਦ ਛਕੋ। ਬਚਨ ਹੋਇਆ ਜੇਕਰ ਭਜਨ ਲੈ ਲਵੇਂ ਤਾਂ ਤੇਰਾ ਲੰਗਰ ਛਕਾਂਗੇ। ਕਹਿਣ ਲਗਾ ਪ੍ਰਸ਼ਾਦ ਛਕੋ ਭਜਨ ਮੈਂ ਲੈ ਲਵਾਂਗਾ। ਪ੍ਰਸ਼ਾਦ ਤਿਆਰ ਹੋਇਆ। ਉਸਨੂੰ ਕਹਿਆ ਲੈ ਭਜਨ। ਕਹਿਣ ਲਗਾ ਜੀ ਮੈਂ ਪ੍ਰਸ਼ਾਦ ਹੀ ਛਕਾਵਣਾ ਸੀ ਭਜਨ ਨਹੀਂ ਲੈਂਦਾ ਹਾਂ। ਦੀਨਾਨਾਥ ਜੀ ਬਚਨ ਕੀਤਾ ਘਰ ਵਾਲੇ ਨੂੰ ਕਿ ਤੈਂ ਸਾਨੂੰ ਛੱਲ ਨਾਲ ਪ੍ਰਸ਼ਾਦ ਛਕਾਇਆ ਹੈ ਜਾਹ ਕੋਹੜੀ ਹੋ ਕੇ ਮਰੇਂਗਾ। ਕੋਈ ਚਿਰ ਪਾ ਕੇ ਅੰਤ ਕੇ ਸਮੇਂ ਕੋੜ੍ਹੀ ਹੋਇਕੇ ਮਰਿਆ। ਵਾਕ ਪੂਰਾ ਹੋਇਆ।

## ਭੂਰੀਆਂ ਵਾਲੇ ਮੇਰੇ ਪਿਆਰੇ ਹੈਂ

ਆਗੇ ਧੂੜ ਕੋਟ ਆਇ ਪੜਾਉ ਕੀਤਾ। ਜਾਂ ਦੀਵਾਨ ਲਗਾ ਤਾ ਭੂਰੀਆਂ ਵਾਲੇ ਇਕ ਪਾਸੇ ਬੈਠੇ। ਹੋਰ ਭੀ ਸਰਬ ਖਾਲਸਾ ਬੈਠਾ ਹੈ। ਰਾਗ ਹੁੰਦਾ ਹੈ। ਦੀਨ ਦਿਆਲ ਜੀ ਆਏ। ਪਹਿਲੇ ਤਾਂ ਦੀਵਾਨ ਕੀ ਪਰਦੱਖਣਾ ਲਈ ਫੇਰ ਭੂਰੀਆਂ ਵਾਲੇ ਜਿੱਥੇ ਬੈਠੇ ਹੈਂ ਤਿਨ੍ਹਾਂ ਕੇ ਬੀਚ ਬੈਠੇ ਸੂਬਿਆਂ ਨੇ ਕਹਾ ਜੀ ਆਪਣੇ ਆਸਣ ਪਰ ਚੱਲੋ। ਏਥੇ ਬੈਠੇ ਸੋਭਾ ਨਹੀਂ ਪੌਂਦੇ ਹੋ। ਦੀਨਾਨਾਥ ਜੀ ਬਚਨ ਕੀਤਾ ਭੂਰੀਆਂ ਵਾਲੇ ਮੇਰੀਆਂ ਭੁਜਾਂ ਹੈਨ। ਪਰਦੱਖਣਾ ਫੇਰ ਲਈ ਤੇ ਬਚਨ ਕੀਤਾ ਮੈਂ ਤਾਂ ਏਨ੍ਹਾਂ ਭੂਰੀਆਂ ਵਾਲਿਆਂ ਦਾ ਦਿੱਤਾ ਛਕਦਾ ਹਾਂ। ਭੂਰੀਆਂ ਵਾਲੇ ਮੇਰੇ ਪਿਆਰੇ ਹੈਂ। ਜੁਗੋ ਜੁਗ ਨਾਲ ਈ ਆਂਵਦੇ ਹੈਂ। ਢਾਢੀਆਂ ਨੇ ਵਾਰ ਲਾਈ ਪਹਾੜੀਆਂ ਕੋ ਜਿਸ ਵਿਚ ਕਹਿ ਭੇਜਿਆ ਸੀ ਜੋ ਸਾਡੇ ਕੋਲ ਮੇਹਮਾਨੀ ਏਹ ਹੈ।

**ਪਉੜੀ॥**

ਆਹਰ ਕੀਤਾ ਸਤਿਗੁਰੂ ਸ੍ਰੀ ਸਾਹਿਬ ਅਲਖ ਧਿਆਇਕੇ।
ਸਾਂਗਾਂ ਕੀਤੀਆਂ ਸੇਵੀਆਂ ਸਾਰ ਮਸਾਲੇ ਪਾਇਕੇ।
ਲਡੂ ਖੁਰਮੇ ਸਾਰਦੇ ਦਾਰੂ ਵਿਚ ਮਿਲਾਇਕੇ।

1 ਜ਼ਿਲ੍ਹੇ ਬਠਿੰਡੇ ਦਾ ਪਿੰਡ ਹੈ ।

ਤੀਰ ਕਮਾਨ ਜਲੇਬੀਆਂ ਢਾਲਾਂ ਦੀ ਪੱਤਲ ਪਾਇਕੇ।
ਸਿੰਘ ਪਰੀਹਣ ਓਚੜੇ ਤਲਵਾਰੀ ਕੜਛ ਬਣਾਇਕੇ।
ਆਖ ਭੇਜਿਆ ਜਾਇਓ ਖਾਇਕੇ।

ਗੈਹਲੀਂ ਦੋ ਅਨੰਦ ਪੜਾਏ। ਅੰਮ੍ਰਿਤ ਛਕਾਇਆ। ਲੜਕੀਆਂ ਕੋ ਭੀ ਕਛਹਿਰੇ ਪਵਾਏ।

## ਹੰਕਾਰ ਨਾ ਕਰੀਏ

ਗੈਹਲਾਂ ਤੋਂ ਆਏ ਗੁਜਰਵਾਲ ਠਹਿਰੇ। ਅੱਗੇ ਖੂਹ ਪਰ ਕਈ ਜਲ ਮੰਗਣ ਪਰ ਸਿੰਘ ਨਾ ਪਿਲਾਵੇ ਕਿ ਗੜਵਾ ਮਾਂਜਣਾ ਪਵੇਗਾ। ਸ੍ਰੀ ਸਤਿਗੁਰੂ ਜੀ ਦੋ ਸੋਟੀਆਂ ਮਾਰੀਆਂ। ਤੇਜੀ ਮੈ ਹੋਇਕੇ ਬਚਨ ਕੀਤਾ ਤੂੰ ਜਲ ਕਿਉਂ ਨਹੀਂ ਪਿਲਾਂਵਦਾ ਹੈਂ? ਮੈਂ ਜਾਣਦਾ ਹਾਂ ਧੁਆਡੇ ਦਿਲ ਮੈ ਹੰਕਾਰ ਠਹਿਰ ਗਿਆ ਹੈ ਕਿ ਸਾਡੇ ਸਮਾਨ ਕੋਈ ਨਹੀਂ ਹੈ। ਅਕਾਸ ਉਡਿਆ ਚਾਹੁੰਦੇ ਹੋ ਪਰ ਕਿਸੇ ਦਿਨ ਨੂੰ ਤੁਸੀਂ ਕੁਰਹਿਟੀਆਂ (ਤੰਬਾਕੂਆਂ, ਕੁਠਾ ਖਾਣ ਵਾਲੇ) ਦਾ ਜੂਠਾ ਛਕੋਗੇ। ਏਡਾ ਹੰਕਾਰ ਨਾ ਕਰੀਏ, ਗੁਰੂ ਨੂੰ ਨੇੜੇ ਜਾਣੀਏ।

## ਕਮਾਲਪੁਰੇ ਅਨੰਦ ਪੜਾਏ

ਕਮਾਲਪੁਰੇ ਮੈ ਭੀ ਅਨੰਦ ਪੜਾਏ। ਖਾਲਸਾ ਬੜੇ ਪ੍ਰੇਮ ਸੇ ਸ੍ਰੀ ਗ੍ਰੰਥ ਸਾਹਿਬ ਕੀਆਂ ਲਾਵਾਂ ਪੜ੍ਹਕੇ ਪੁੰਨ ਅਰਪਣ ਕਰਦੇ ਹੈਂ। ਪੁੰਨ ਅਰਥੀਂ ਲੜਕੀ ਦੇਂਦੇ ਹੈਂ। ਕੁਛ ਲੈਂਦੇ ਨਹੀਂ ਹੈਂ। ਬੇਦਾਂ ਕੇ ਫੇਰੇ ਛੁਡਵਾਇਕੇ ਏਹ ਰੀਤੀ ਸਤਿਗੁਰੂ ਜੀ ਸੰਤ ਖਾਲਸੇ ਕੋ ਬਖ਼ਸ਼ੀ ਹੈ। ਕਲਿਜੁਗ ਮੈ ਅਸਮੇਧ ਜਗ ਨਹੀਂ ਹੋ ਸਕਦਾ ਹੈ, ਏਹੋ ਹੀ ਅਸਮੇਧ ਜਗ ਹੈ ਧੀ ਕਾ ਪੈਸਾ ਨਾ ਲੈਣਾ।

## ਬੀਬੀਆਂ ਕੋ ਫਿਕਰ

ਆਮ ਸਿੰਘਾਂ ਕੀ ਏਹ ਮਨਸ਼ਾ ਹੋਈ ਕਿ ਜੇਕਰ ਜਨਾਨੀਆਂ ਨੇ ਕਛਹਿਰੇ ਨਾ ਪਾਏ ਤਾਂ ਅਸੀਂ ਆਪ ਹੀ ਪਰਸ਼ਾਦਾ ਬਣਾਇ ਲਵਾਂਗੇ। ਮਾਈਆਂ ਬੀਬੀਆਂ ਕੋ ਫਿਕਰ ਪਿਆ ਕਿ ਸਾਨੂੰ ਭੀ ਕਛਹਿਰੇ ਪਾਵਣੇ ਪੈਣਗੇ। ਸਿਰ ਖੋਲਣੇ ਪੈਣਗੇ। ਗੁੱਤ ਨਹੀਂ ਜੂੜਾ ਕਰਨਾ ਪਵੇਗਾ। ਜੇ ਅਸਾਂ ਕਛਹਿਰੇ ਨਾ ਪਾਏ ਤਾ ਸਾਡੇ ਸਿੰਘ ਨਾ ਪ੍ਰਸ਼ਾਦ ਛਕਣਗੇ। ਹੌਲੀ ਹੌਲੀ ਮਾਈਆਂ ਬੀਬੀਆਂ ਕਛਹਿਰੇ ਪੌਣ ਲਗ ਪਈਆਂ। ਏਹ ਭੀ ਹੁਕਮ ਸੁਣਾਇਆ ਸੀ ਕਿ ਜਲ ਮੇਂ ਵੜਕੇ ਕੋਈ ਨੰਗਾ ਨਾ ਨ੍ਹਾਵੇ। ਇਸ ਵਾਸਤੇ ਗੁਰੂ ਜੀ ਨੇ ਮਰਦ ਜਨਾਨੇ ਕੋ ਕਛਹਿਰੇ ਪੁਆਏ ਹੈਂ।

## ਅਨੰਦ ਦੀ ਮਰਯਾਦਾ

ਬੇਦੀ ਗਡ ਕੇ ਅਨੰਦ ਪੜਾਉਣਾ। ਹਮਨ ਕਰਕੇ ਹਮਨ ਕੇ ਦੁਆਲੇ ਫੇਰੇ ਦੇਵਣੇ। ਲਾਵਾਂ ਚਾਰੇ ਪੜ੍ਹਨੀਆਂ। ਭੋਗ ਸ੍ਰੀ ਗ੍ਰੰਥ ਸਾਹਿਬ ਜੀ ਕਾ ਪਾਵਣਾ। ਕੜਾਹ ਪ੍ਰਸ਼ਾਦ ਸਵਾ ਦਾ ਕਰਕੇ ਵਰਤਾਵਣਾ। ਗੰਢ ਪਰਨੇ ਕੀ ਦੇਣੀ ਲੜਕੇ ਲੜਕੀ ਦੀ। ਕੜਾਹ ਪ੍ਰਸ਼ਾਦ ਦੇਕੇ ਗੰਢ ਖੋਲ੍ਹਣੀਂ। ਥੋੜੇ ਪਦਾਰਥ ਵਾਲੇ ਗਰੀਬ ਕਾ ਭੀ ਜੱਗ ਹੋਇ ਜਾਂਦਾ ਹੈ। ਲੜਕੀ ਕਾ ਪੈਸਾ ਨਾ ਲੈਣਾ ਏਡਾ

ਧਰਮ ਹੋਰ ਕੋਈ ਨਹੀਂ ਹੈ। ਸਤਿਜੁਗ ਕੀ ਰੀਤੀ ਚਲੀ, ਗਰੀਬ ਕਾ ਭੀ ਅਸਮੇਧ ਜੱਗ ਹੁੰਦਾ ਹੈ। ਲੜਕੇ ਵਾਲਾ ਭੀ ਸ੍ਰੀ ਗ੍ਰੰਥ ਸਾਹਿਬ ਜੀ ਕਾ ਭੋਗ ਪਾਇਕੇ ਘਰੋਂ ਤੁਰੇ। ਦੋ ਭੋਗ ਪਾਏ ਜਾਂਦੇ ਹੈਂ। ਦੋਹਾਂ ਧਿਰਾਂ ਕਾ ਭਲਾ ਹੋਇ ਜਾਂਦਾ ਹੈ। ਧੰਨ ਗੁਰੂ ਬਾਰਵਾ ਹੈ ਜਿਨ੍ਹਾਂ ਨੇ ਪੰਥ ਵਾਸਤੇ ਧਰਮ ਰੀਤੀ ਤੋਰੀ ਹੈ। ਮੋਹਰੀਆਂ ਦੇਣੀਆਂ ਅਤੇ ਧਨ ਲੁਟਾਵਣਾ ਸਭ ਹਟਾਇ ਦੀਆ ਹੈ।

ਰਾਮਦਾਸਪੁਰੇ ਸੇ ਸਿੰਘ ਭੇਜਿਆ। ਦੌਰੇ ਵਿਚ ਦਰਸ਼ਨ ਕੀਤਾ ਤੇ ਕਹਿਆ ਜੀ ਮੈਨੂੰ ਬਾਬੇ ਜੱਸਾ ਸਿੰਘ ਜੀ ਭੇਜਿਆ ਹੈ ਕਿ ਮੈਂ ਬੀਮਾਰ ਹਾਂ ਮੈਨੂੰ ਦਰਸ਼ਨ ਦੇ ਜਾਓ ਇਕ ਵਾਰੀ। ਦੀਨ ਦਿਆਲ ਜੀ ਸੰਗਤ ਕੋ ਬਚਨ ਕੀਤਾ ਤੁਸੀਂ ਲੋਪੋ ਥੀਂ ਰੂਮੀਂ ਚੱਲੋ ਅਸੀਂ ਭੀ ਆਏ ਜਾਣੋਂ ਰੂਮੀਂ। ਸ੍ਰੀ ਸਤਿਗੁਰੂ ਜੀ ਅਸਵਾਰ ਹੋਇਕੇ ਚਲੇ ਚੀਨੀ ਪਰ ਚੜ੍ਹਕੇ। ਏਕ ਅਸਵਾਰ ਨਾਲ ਅਤਰ ਸਿੰਘ ਗੜਵਈ ਸੀ। ਸੰਗਤ ਨੂੰ ਬਚਨ ਕੀਤਾ ਅਸੀਂ ਪਰਸੋਂ ਨੂੰ ਚੱਲ ਸੰਗਤ ਮੈ ਆਇ ਮਿਲਾਂਗੇ।

ਜਾਂ ਅੱਗੇ ਗਏ ਤਾਂ ਏਕ ਸਿੱਖ ਲੂਣ ਮਿਆਣੀਂ ਦਾ ਸੀ। ਉਸਨੇ ਅੱਗੇ ਆਇਕੇ ਫਤ੍ਹੇ ਬੁਲਾਈ। ਉਸਨੂੰ ਗੁਰੂ ਜੀ ਬਚਨ ਕੀਤਾ ਤੇਰੇ ਘਰ ਸਿੰਘ ਭੇਜੇ ਸੇ, ਅਨੰਦ ਕਿਓਂ ਨਹੀਂ ਪੜਾਇਆ। ਤੂੰ ਤੇ ਭਰੋਸੇ ਵਾਲਾ ਸੁਣੀਦਾ ਸੈਂ ਤੂੰ ਬੇਦ ਰੀਤੀ ਕਿਉਂ ਕਰੀ? ਗੁਰੂ ਰੀਤੀ ਕਰਨੀ ਸੀ। ਸ੍ਰੀ ਗ੍ਰੰਥ ਸਾਹਿਬ ਕੀਆਂ ਲਾਵਾਂ ਪੜਨੀਆਂ ਸੀਆਂ। ਚੁੱਪ ਕਰ ਰਹਿਆ ਉੱਤਰ ਕੋਈ ਨਾ ਫੁਰਿਆ। ਫੇਰ ਅਰਜ਼ ਕਰਨੇ ਲਗਾ ਜੀ ਮੇਰਾ ਸੋਲਾਂ ਹਜ਼ਾਰ ਕਾ ਲੂਣ ਏਸ ਮੁਲਖ ਆਇਆ ਹੋਇਆ ਹੈ। ਮੈਨੂੰ ਜੀ ਪਿੰਡ ਕਾ ਪਤਾ ਨਹੀਂ ਲਗਦਾ ਹੈ। ਮੈਂ ਬੜਾ ਫਿਰਿਆ ਹਾਂ। ਅੰਤਰਜਾਮੀ ਜੀ ਬਚਨ ਕੀਤਾ ਏਤਨਾ ਹੀ ਫ਼ੇਰ ਸੀ? ਲੱਭ ਜਾਵੇਗਾ ਚੱਲ ਸੰਗਤ ਮੈਂ।

## ਮੈਨੂੰ ਬਿੱਲੇ ਲੈ ਜਾਣਗੇ

ਚਾਰ ਸਿੰਘ ਨਾਲ ਹੋਰ ਸੇ। ਅੰਤਰਜਾਮੀ ਜੀ ਬਚਨ ਕੀਤਾ ਮੈਨੂੰ ਬਿੱਲੇ ਲੈ ਜਾਣਗੇ। ਤਿੰਨ ਵੇਰੀ ਏਹੀ ਬਚਨ ਕੀਤਾ। ਬਾਬਾ ਕੁਸ਼ਾਲ ਸਿੰਘ[1] ਨੇ ਰੰਗ ਵਿਚ ਹੋਇਕੇ ਬੋਲਾ ਕੀਤਾ ਜੇ ਤੁਸੀਂ ਕੈਂਹਦੇ ਹੋ ਲੈ ਜਾਣਗੇ ਫ਼ਰੰਗੀ, ਤਾ ਸਾਨੂੰ ਕੇਹੜੀ ਦਾਤ ਬਖਸ਼ੀ ਹੈ ਆਪਨੀ ਮੁਕਤੀ ਕਰੀਏ? ਤੁਸਾਂ ਤਾ ਜਾਣਾ ਈ ਹੈ। ਜੀਆਂ ਨੂੰ ਕੀ ਸੁਣਾਉਂਦੇ ਹੋ? ਸਾਨੂੰ ਤਾਂ ਹੁਣ ਤੱਕ ਦੁੱਖ ਹੀ ਰਿਹਾ ਹੈ। ਕਿਸੇ ਜੁਗ ਕਹੋ ਖਾ ਕੇਹੜਾ ਸੁਖ ਦਿੱਤਾ ਹੈ। ਅਸੀਂ ਧੁਆਡੀ ਕੀਮਤ ਨਹੀਂ ਕਹਿ ਸਕਦੇ। ਆਪਣੇ ਭਾਣੇ ਨੂੰ ਆਪ ਹੀ ਜਾਣ ਰਹੇ ਹੋ। ਜੀਆਂ ਨੂੰ ਕਿਓਂ ਭੁਲੇਖਾ ਦਿੰਦੇ ਹੋ। ਸਤਿਜੁਗ ਤ੍ਰੇਤੇ ਦੁਆਪਰ ਕੇੜਾ ਸੁਖ ਦਿਤਾ ਜੇ? ਮੁਗਲਾਂ ਦੇ ਵਕਤ ਸਿੱਖਾਂ ਦੇ ਸਿਰ ਵੱਢ ਵੱਢ ਕੇ ਇਨਾਮ ਦੁਆ ਹੁਣ ਤੱਕ ਦੁਖ ਹੀ ਰਿਹਾ ਹੈ। ਕਲਜੁਗ ਮੈ ਭੀ ਸੁਖ ਤਾਂ ਕਿਸੇ ਨਹੀਂ ਦੀਆ। ਦੀਨ ਦਿਆਲ ਜੀ ਬਚਨ ਕੀਤਾ ਪਾਛੇ ਜੋ ਹੋਈ ਸੋ ਹੋਈ, ਹੁਣ ਸਭ ਚੀਜ਼ ਧੁਆਡੀ ਹੋਈ। ਕਈ ਫੇਰੀ ਏਹੀ ਬਚਨ ਕੀਤਾ ਪਾਛੇ ਹੋਈ ਸੋ ਹੋਈ। ਕੁਸ਼ਾਲ ਸਿੰਘ ਨੇ ਅਰਜ਼ ਕੀਤੀ ਕਿ ਕੇਹੜੀ ਚੀਜ? ਮਿਹਰਬਾਨ ਹੋਇਕੇ ਬਚਨ ਕੀਤਾ, ਮੀਰੀ-ਪੀਰੀ-ਫਕੀਰੀ-ਵਜੀਰੀ-ਬਗੀਰੀ- ਦਰਦਵੰਦੀ-ਦਰਵੇਸੀ। ਰਾਗੀ ਕਾ ਰਾਗ, ਭਾਗੀ ਕਾ ਭਾਗ। ਜਤੀ ਕਾ ਜਤੁ, ਤਪੀ ਕਾ ਤਪ, ਸਤੀ ਕਾ ਸਤ, ਬ੍ਰਹਮੇਂ ਕਾ ਬ੍ਰਹਮ,

---

1 ਪਿਤਾ ਸ੍ਰ. ਕਰਮ ਸਿੰਘ, ਪਿੰਡ ਥਰਾਜਵਾਲਾ, ਜ਼ਿਲ੍ਹਾ ਸਿਰਸਾ। ਉਸ ਵੇਲੇ ਵੀ ਸਿਰਸਾ ਜ਼ਿਲ੍ਹਾ ਹੁੰਦਾ ਸੀ- ਕੂਕਾਜ਼ ਆਫ਼ ਨੋਟ ਇਨ ਦੀ ਪੰਜਾਬ-ਪੰਨਾ ੬

ਬਿਸ਼ਨ ਕਾ ਬਿਸ਼ਨ, ਸ਼ਿਵ ਕਾ ਸ਼ਿਵ। ਏਹ ਵਸਤਾਂ ਖਾਲਸੇ ਕੋ ਬਖ਼ਸ਼ੀਆਂ ਹੈਨ।

## ਚੜ੍ਹਾਈ ਕੇ ਵਕਤ ਆਇ ਜਾਵਾਂਗੇ

ਰਾਮਦਾਸਪੁਰੇ ਸਾਹਿਬ ਮੈ ਆਏ। ਬਾਬੇ ਜੱਸਾ ਸਿੰਘ ਜੀ ਕੋ ਦਰਸ਼ਨ ਦਿੱਤਾ। ਪਰਸਪਰ ਫਤੇ੍ਹ ਬੁਲਾਈ। ਬਾਬੇ ਜੱਸਾ ਸਿੰਘ ਜੀ ਬਚਨ ਕੀਤਾ ਪਿਛਲੀ ਗਲ ਨ ਹੋਵੇ ਤਲਵੰਡੀ ਵਾਲੀ ਤੇ ਅਯੁਧਿਆ ਵਾਲੀ। ਮੈਨੂੰ ਧੁਆਡਾ ਵਿਜੋਗ ਨਾ ਹੋਵੇ। ਜਦ ਮੈਂ ਚੜ੍ਹਾਂ ਤਾ ਤੁਸੀਂ ਦੋਵੇਂ ਭਾਈ ਮੇਰੇ ਕੋਲ ਹੀ ਰਹੋ। ਪੰਚਕਾਂ ਨਾ ਹੋਣ। ਅੰਤਰਜਾਮੀ ਗੁਰੂ ਜੀ ਬਚਨ ਕੀਤਾ ਹੁਣ ਨਹੀਂ ਰਹਿਣਾ ਹੈ ਤੇਰੇ ਪਾਸ। ਪਰ ਧੁਆਡੇ ਚੜ੍ਹਨ ਕੇ ਵਕਤ ਆਇ ਜਾਵਾਂਗੇ। ਜੇ ਤਾ ਬਾਬਾ ਜੀ ਤੁਸੀਂ ਜਜੇ ਅੱਖਰ ਪਰ ਜਸਰਥ ਹੋ ਤੇ ਅਸੀਂ ਰਾਰੇ ਅੱਖਰ ਪਰ ਰਾਮ ਚੰਦਰ ਹਾਂ ਤਾਂ ਉਸੀ ਤਰ੍ਹਾਂ ਵੈਰਾਗ ਮੈ ਹੋਇਕੇ ਦੇਹ ਛੁੱਟੇਗੀ। ਅਸੀਂ ਪਰਦੇਸ ਕੋ ਜਾਣਾ ਹੀ ਹੈ। ਤਾਂ ਤੇ ਓਹੀ ਸੰਗਤ ਹੈ ਜੇੜੇ ਭਜਨ ਸੁਣਦੇ ਹੈਂ। ਏਸ ਪੰਥ ਵਿਚ ਆਏ ਹੈਂ ਜਿਨ੍ਹਾਂ ਨੇ ਸੰਗਰਾਮ ਕਰਕੇ ਰਾਵਣ ਮਾਰਿਆ ਸੀ। ਲੰਕਾ ਫਤੇ੍ਹ ਕੀਤੀ ਸੀ। ਪਰ ਬਾਬਾ ਜੀ ਧੁਆਡੀ ਚੜ੍ਹਾਈ ਕੇ ਵਕਤ ਆਇ ਜਾਵਾਂਗੇ।

## ਕੁਰਕੀ ਵਾਲਾ ਦਲੇਲ ਸਿੰਘ

ਕੁਰਕੀ ਵਾਲਾ ਦਲੇਲ ਸਿੰਘ ਤਿਸਨੂੰ ਸਾਹਨ ਨੇ ਹੇਠ ਸਿਟਕੇ ਹੱਡੀਆਂ ਭੰਨ ਦਿੱਤੀਆਂ। ਅਖੰਡ ਪਾਠ ਧਰਿਆ। ਜਾਂ ਅੱਧਾ ਪਾਠ ਹੋਇਆ ਤਾ ਉਸਕੇ ਪ੍ਰਾਣ ਪੂਰੇ ਹੋਏ। ਸਸਕਾਰ ਸਮੇਂ ਸ੍ਰੀ ਸਤਿਗੁਰੂ ਜੀ ਕੋ ਭੀ ਲੈ ਗਏ। ਜਾਂ ਚਿਖਾ ਪਰ ਧਰਿਆ ਤਾ ਦੱਖਣ ਮੁਖ ਕੀਤਾ। ਗੁਰੂ ਜੀ ਬਚਨ ਕੀਤਾ ਧਰੂ ਕੋ ਮੁਖ ਕਰਕੇ ਸਸਕਾਰ ਕਰੋ।

ਇਕ ਸਮੇਂ ਸਰਦਾਰ ਮੰਗਲ ਸਿੰਘ ਨੇ ਏਕ ਲੱਖ ਕੇ ਬਰਾਬਰ ਧਨ ਗੁਰੂ ਜੀ ਕੇ ਆਗੇ ਧਰਿਆ ਸੀ। ਦੀਨਾਨਾਥ ਜੀ ਬਚਨ ਕੀਤਾ ਅਸੀਂ ਤਾਂ ਏਹੋ ਜਿਹਾ ਧਨ ਨਹੀਂ ਸਾਂਭਦੇ ਹਾਂ[1]। ਮੰਗਲ ਸਿੰਘ ਸਾਰਾ ਧਨ ਕੁਰਕੀ (ਛੋਟੀ ਕਟਾਣੀ) ਦਲੇਲ ਸਿੰਘ ਪਾਸ ਜਾਇ ਧਰਿਆ ਸੀ ਕਿ ਜਦ ਟਿਕ ਟਿਕਾ ਹੋਊ ਤਾ ਲੈ ਜਾਵਾਂਗਾ। ਜਾਂ ਲੈਣ ਗਿਆ, ਦਲੇਲ ਸਿੰਘ ਨੇ ਕੁਝ ਧਨ ਰੱਖ ਲਿਆ। ਕਹਿਆ ਕਿ ਮੈਂ ਸਾਰਾ ਧਨ ਦੇ ਦਿਤਾ ਹੈ। ਗੁਰੂ ਜੀ ਬਚਨ ਕੀਤਾ ਸ੍ਰੀ ਗ੍ਰੰਥ ਸਾਹਿਬ ਚੁੱਕੇਂਗਾ? ਕਹਾ ਕਿ ਮੈਂ ਚੁੱਕਾਂਗਾ। ਬਚਨ ਹੋਇਆ ਕਿ ਦਹੀਂ ਨਾਲ ਅਸ਼ਨਾਨ ਕਰਕੇ ਆਵੀਂ। ਦਲੇਲ ਸਿੰਘ ਦਹੀਂ ਨਾਲ ਅਸ਼ਨਾਨ ਕਰਕੇ ਆਇਆ। ਸ੍ਰੀ ਗ੍ਰੰਥ ਸਾਹਿਬ ਜੀ ਚੁੱਕ ਲਿਆ। ਬਚਨ ਹੋਇਆ ਕਿ ਅਠਵੇਂ ਦਿਨ ਦੇ ਅੰਦਰ ਅੰਦਰ ਦੇਖਿਆ ਜਾਏਗਾ ਸੱਚ ਅਰ ਝੂਠ। ਸਤਵੇਂ ਦਿਨ ਸਾਨ੍ਹ ਨੇ ਮਾਰ ਕੇ ਹਡੀਆਂ ਚੂਰ ਕਰ ਦਿੱਤੀਆਂ। ਅਠਵੇਂ ਦਿਨ ਗੁਰੂ ਜੀ ਆਪ ਖੜੋਇ ਕੇ ਹੱਥੀਂ ਫੂਕਿਆ। ਝੂਠ ਸੱਚ ਪਰਗਟ ਹੋਇਆ। ਸਾਰੇ ਸਿੰਘ ਸੁਣਕੇ ਭੈ ਮਾਨ ਹੋਏ ਕਿ ਗੁਰੂ ਜੀ ਮੈ ਜ਼ਰੂਰ ਕਰਾਮਾਤ ਹੈ। ਕਲੂਕਾਲ ਮੈ ਜੋ ਮੰਨੇਗਾ ਸੁਖ ਪਾਵੇਗਾ।

---

1 ਮੰਗਲ ਸਿੰਘ ਇਹ ਧਨ ਆਪਣੀ ਭੂਆ ਦਾ ਭਰਤਪੁਰ ਤੋਂ ਲੈ ਕੇ ਆਇਆ ਸੀ।

# ਵਸਾਖੀ ਦਮਦਮਾ ਸਾਹਿਬ

## ੧੯੨੮ ਬਿਕਰਮੀ, ਅਪ੍ਰੈਲ ੧੯੭੧ ਈ.

### ਸੂਬਾ ਪਹਾੜਾ ਸਿੰਘ

ਦਮਦਮੇਂ ਨੂੰ ਜਾਂਦਿਆਂ ਸ੍ਰੀ ਸਤਿਗੁਰੂ ਜੀ ਹੁਕਮ ਦਿੱਤਾ ਦਿਓ ਘੋੜੀ ਪਹਾੜਾ ਸਿੰਘ[1] ਨੂੰ। ਪਹਾੜਾ ਸਿੰਘ ਨੇ ਕਹਾ ਕਿ ਮੈਂ ਘੋੜੀ ਉਹ ਲਵਾਂਗਾ ਜੇੜ੍ਹੀ ਸਤਿਗੁਰੂ ਜੀ ਦੀ ਘੋੜੀ ਵਰਗੀ ਹੋਵੇ। ਅਸੀਂ ਭੀ ਪੁੱਤਰ ਹਾਂ, ਜੋ ਪੈਹਰਨਗੇ ਸੋ ਪੈਹਰਾਂਗੇ। ਇਕ ਹੋਰ ਘੋੜੀ ਆਈ ਉਹ ਲੈ ਲਈ ਰਾਜੀ ਹੋ ਕੇ। ਗੁਰੂ ਜੀ ਬਚਨ ਕੀਤਾ ਇਕ ਬੱਟਾ ਤਾਂ ਲੱਥਾ ਹੈ। ਫੇਰ ਕਿਸੇ ਦੁਸ਼ਾਲਾ ਭੇਟਾ ਧਰਿਆ। ਪਹਾੜਾ ਸਿੰਘ ਕੋ ਦੇ ਕੇ ਬਚਨ ਕਰਿਆ ਦੂਆ ਬੱਟਾ ਲੱਥਾ ਹੈ। ਪਹਾੜਾ ਸਿੰਘ ਸੂਬੇ ਨੇ ਆਖਿਆ ਕਿ ਇਹ ਤਾਂ ਸੌ ਰੁਪਈਏ ਕੀ ਕੀਮਤ ਕਾ ਹੈ। ਧੁਆਡੇ ਉੱਤੇ ਜ਼ਿਆਦਾ ਕੀਮਤ ਕਾ ਹੈ।

ਪਹਾੜਾ ਸਿੰਘ ਬੜੇ ਉੱਚੇ ਲੱਠੇ[2] ਕੇ ਕਛਹਿਰੇ ਪਾਉਂਦਾ ਸੀ। ਲੱਠਾ ਲੈਣ ਗਿਆ ਤਾਂ ਪਸੰਦ ਨਾ ਆਇਆ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਦੇਖ ਪਹਾੜਾ ਸਿੰਘ ਮੇਰੇ ਕਛਹਿਰੇ ਮੋਟੇ ਕਪੜੇ ਦੇ ਹਨ। ਤੇਰੀ ਪਸੰਦ ਲੱਠਾ ਵੀ ਨਹੀਂ ਆਉਂਦਾ। ਪਹਾੜਾ ਸਿੰਘ ਨੇ ਕਹਾ ਜੀ ਸਤਿ ਬਚਨ, ਮੈਂ ਵੀ ਮੋਟੇ ਕਪੜੇ ਕੇ ਈ ਕਛਹਿਰੇ ਪਾਵਾਂਗਾ। ਸੂਬਿਆਂ ਕੋ ਸੇਵਾ ਟਹਿਲ ਕਰਨ ਵਾਸਤੇ ਸਿੰਘ ਦਿੱਤੇ ਹੋਏ ਹੈਂ।

### ਓਦੂ ਉਰੇ ਹੋਰ ਕੰਮ ਹੈਨ

ਦਰਸ਼ਨ ਦੇਂਦੇ ਨਿਹਾਲ ਕਰਦੇ ਜੀਆਂ ਨੂੰ ਦਮਦਮੇਂ ਸਾਹਿਬ ਜਾਇ ਪੜਾਉ ਕੀਤਾ। ਜਾਂ ਮਦਾਨ ਖੇਡਣ ਚੱਲੇ ਨਾਲ ਪਿੰਡ ਕਾਨ੍ਹ ਸਿੰਘ ਵਾਲਾ, ਬੀੜ ਜ਼ਿਲ੍ਹਾ ਫ਼ਿਰੋਜ਼ਪੁਰੇ ਦਾ ਵਰਿਆਮ ਸਿੰਘ ਗਿਆ। ਅੱਗੇ ਜਾਇਕੇ ਅਰਜ਼ ਕੀਤੀ ਸੱਚੇ ਪਾਤਸ਼ਾਹ ਜੀ ਆਪ ਜੋ ਰੁਆਲਸਰ ਪਹਾੜਾਂ ਨੂੰ ਕਹਿੰਦੇ ਹੋ ਜਾਣਾ ਹੈ, ਅਸਾਂ ਲੋਕਾਂ ਕਾ ਕੀ ਹਾਲ ਹੋਵੇਗਾ। ਦੀਨ ਦਿਆਲ ਜੀ ਬਚਨ ਕੀਤਾ ਪਹਾੜਾਂ ਨੂੰ ਜਾਣ ਵਿਚ ਅਜੇ ਚਿਰ ਪਿਆ ਹੈ। ਓਦੂ ਉਰੇ ਹੋਰ ਕੰਮ ਹੈਨ। ਸਾਨੂੰ ਫ਼ਰੰਗੀ ਮਰ ਗਿਆ ਕਹਿਣਗੇ। ਰਾਮ ਸਿੰਘ ਮਰ ਗਿਆ ਹੈ। ਤੁਸਾਂ ਪ੍ਰਤੀਤ ਨਹੀਂ ਕਰਨੀ ਜੋ ਮਰ ਗਿਆ ਹੈ। ਮੇਰੇ ਕਪੜੇ ਭੀ ਦਿਖਾਲਣਗੇ। ਤੁਸੀਂ ਨਹੀਂ ਮੰਨਣਾ ਜੋ ਮਰ ਗਏ ਹੋਣਗੇ। ਇਓਂ ਭੀ ਨਾ ਸਮਝਣਾ ਜੋ ਦੂਰ ਗਏ ਹੋਏ ਹਨ। ਜੋ ਕੋਈ ਭਜਨ ਕਰੇਗਾ ਉਸਦੇ ਕੋਲ ਹੀ ਰਹਾਂਗੇ। ਫ਼ਰੰਗੀ ਬਹੁਤ ਲਿਖਣਗੇ, ਤੁਸੀਂ ਨਹੀਂ ਕੋਈ ਭੀ ਮੰਨਣੀ।

---

1 ਸਪੁੱਤਰ ਸ੍ਰ. ਹੇਮ ਸਿੰਘ ਜੱਟ, ਪਿੰਡ ਮਲੋਟ ਜ਼ਿਲ੍ਹਾ ਲੁਧਿਆਣਾ। ਸੂਬਾ ਪਹਾੜਾ ਸਿੰਘ ਪਹਿਲਾਂ ਮਲੌਦ ਦੇ ਸ੍ਰ. ਮਿਤ ਸਿੰਘ ਪਾਸ ਨੌਕਰ ਸੀ। ੧੮੫੭ ਈ. ਦੇ ਗ਼ਦਰ ਦੌਰਾਨ ਨੌਕਰੀ ਛੱਡਕੇ ਸਾਧ ਬਣ ਗਿਆ। ਲਗਪਗ ੧੮੬੦-੬੧ ਈ. ਵਿਚ ਪਹਾੜਾ ਸਿੰਘ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਚਰਨਾਂ ਵਿਚ ਆਇਆ ਅਤੇ ਨਾਮਧਾਰੀ ਬਣਿਆ।

2 ਇਕ ਪਰਕਾਰ ਦਾ ਮੋਟਾ ਕਪੜਾ।

ਸਿੰਘ ਇਓਂ ਮਾਲੂਮ ਹੁੰਦੇ ਹੈਂ ਮਾਨੋਂ ਹੰਸਾਂ ਕੀਆਂ ਫੌਜਾਂ ਆਇ ਲੱਥੀਆਂ ਹੈ। ਪੁਜਾਰੀਆਂ ਕੋ ਭੈ ਹੋਇਆ ਫੌਜਾਂ ਬਹੁਤ ਆਈਆਂ ਹੈ, ਕਿਧਰੇ ਲੜਾਈ ਨਾ ਹੋਏ। ਗੁਰਦਿੱਤ ਸਿੰਘ ਕਰਤਾਰ ਗੜ੍ਹ ਵਾਲੇ ਸਰਦਾਰ ਨੇ ਰਸਤ ਗੱਡਿਆਂ ਉੱਤੇ ਪਾਇਕੇ ਭੇਜੀ।

## ਆਪ ਜਲ ਕੱਢ ਕੇ ਵਰਤੋ

ਸਿੰਘਾਂ ਨੇ ਅਰਜ਼ ਕੀਤੀ ਜੀ ਖੂਹ ਕੇ ਚੁਫੇਰੇ ਬੋਕਾ[1] ਬਗਦਾ ਹੈ। ਇਕੋ ਖੂਹ ਹੈ, ਹੋਰ ਤੇ ਜਲ ਨਹੀਂ ਹੈ ਜਿੱਥੋਂ ਵਰਤ ਲਈਏ। ਗੁਰੂ ਜੀ ਬਚਨ ਕੀਤਾ ਤੁਸੀਂ ਬੀ ਆਪਨਾ ਡੋਲ ਬਗਾਇ ਦੇਵੋ, ਦੋਸ਼ ਨਹੀਂ ਹੈ। ਆਪਣਾ ਕੱਢ ਕੇ ਜਲ ਵਰਤੋ ਭਾਵੇਂ ਬੋਕੇ ਵਿਚੋਂ ਭਰਕੇ ਆ ਜਾਵੇ। ਜਿਸ ਨੂੰ ਸ਼ਕ ਹੋਵੇਗੀ ਸੋ ਏਥੋਂ ਜਾਇਕੇ ਅੰਮ੍ਰਿਤ ਛਕ ਲਵੇਗਾ। ਐਤਨੇ ਬੋਕੇ ਲਗਦੇ ਹੈਂ ਲਜਾਂ ਨਾਲ ਲਜਾਂ ਉਲਝਦੀਆਂ ਹੈਨ। ਇਕ ਦੋ ਸਿੰਘਾਂ ਨੇ ਗੜਵੇ ਵਹਾਏ। ਲਜਾਂ ਦੇ ਨਾਲ ਡੋਰੀਆਂ ਉਲਝ ਗਈਆਂ। ਟਕੂਆਂ ਨਾਲ ਡੋਰੀਆਂ ਕਟੀਆਂ। ਗੜਵੇ ਖੂਹ ਮੈ ਜਾਇ ਪਏ। ਬੜੀ ਭੀੜ ਹੋਈ। ਪਿਛਲਾ ਪਹਿਰ ਹੋਇਆ ਦੀਵਾਨ ਲਗਾ। ਰਾਗੀ ਸ਼ਬਦ ਪੜ੍ਹਨੇ ਲਗੇ। ਮਹੰਤ, ਸੰਤ, ਸੂਬੇ ਸਭ ਆਇ ਬੈਠੇ ਮਾਨੋਂ ਸੂਰਜ ਕੋ ਪਰਵਾਰ ਲਗਾ ਹੈ।

## ਅੰਨ੍ਹੇ ਕਰ ਦਿੱਤੇ

ਚਾਂਦੀ ਕੀ ਛਟੀ ਲਈ ਭਗਵਾਨ ਸਿੰਘ ਫਤੇਵਾਲ[2] ਕਾ ਆਗੇ ਖੜਾ ਹੈ। ਰਾਗ ਹੋਣ ਲਗਾ। ਸਿੰਘ ਭੀ ਸੂਤਰ ਕੱਢਣੇ ਲਗੇ। ਪੁਜਰੀਆਂ ਨੂੰ ਦੇਖਕੇ ਦੁੱਖ ਹੋਇਆ ਜੋ ਅਕਾਲ ਬੁੰਗੀਆਂ ਨੇ ਲਿਖਾ ਹੈ ਕਿ ਕਲਾਮ ਪੜਦੇ ਹੈਂ ਸੋ ਕਲਾਮ ਜ਼ਰੂਰ ਹੈ ਕਿਉਂਕਿ ਕੇਸਾਂ ਕੀ ਬੇਅੰਦਬੀ ਕਰਦੇ ਹੈਂ। ਏਹ ਜ਼ਰੂਰ ਤਨਖਾਹੀਏ ਹੈਂ। ਏਨਾਂ ਨੂੰ ਗੁਰਦਵਾਰੀਂ ਨਾ ਚੜ੍ਹਨ ਦੇਵੋ। ਨਾ ਗੋਲਕ ਪੁਆਵੋ, ਨਾ ਇਨਾਂ ਕੀ ਅਰਦਾਸ ਕਰੋ। ਕਹਿੰਦੇ ਹੈਂ ਖ਼ਵਰੇ ਕੈਸਾ ਪੰਥ ਭੈਣੀਂ ਮੈ ਆਪਣਾ ਵੱਖਰਾ ਹੀ ਸਾਜਿਆ ਹੈ।

ਸਤਿਗੁਰੂ ਜੀ ਕੇ ਦਰਸ਼ਨ ਕਰਨ ਲੁਕਾਈ ਉਲਟ ਪਈ। ਲੰਬੀ ਗਰਦਨ ਦੂਰ ਸੇ ਨਜ਼ਰੀਂ ਔਂਦੀ ਹੈ। ਸੋਦਰ ਪੜਿਆ, ਅਰਦਾਸਾ ਕੀਤਾ। ਜੈਕਾਰਾ ਗਜਾਇਆ। ਸਿੰਘਾਂ ਕੇ ਚੇਹਰਿਆਂ ਪਰ ਲਾਲੀਆਂ ਹੈਂ। ਰਾਤ ਕੋ ਸ੍ਰੀ ਸਤਿਗੁਰੂ ਜੀ ਕੰਬਲੀ ਕੀ ਝੁੰਬੀ ਮਾਰਕੇ ਗੁਰਦਵਾਰੇ ਜਾਇਕੇ ਬਚਨ ਕੀਤਾ ਦੇਖੋ ਕੂਕੇ ਕੀ ਕਰਦੇ ਹੈਂ। ਕੇਸਾਂ ਕੀ ਬੇਅਦਬੀ ਕਰਦੇ ਹੈਂ। ਪੱਗ ਲਹਿ ਜਾਂਦੀ ਹੈ। ਹੋਰ ਬਚਨ ਕੀਤਾ ਤੁਸੀਂ ਬੜੇ ਬਬੇਕੀ ਹੋ ਪਰ ਇਹ ਜੋ ਮੈਲਾ ਪਿਆ ਹੈ ਖਾਈਆਂ ਮੈ ਧੁਆਡੇ ਕੋਲ ਇਸ ਕੋ ਸਾਫ ਕਰਾਇ ਦੇਵੋ। ਓਹ ਭੀ ਸੋਧੀ ਹੈਨ ਜਿੰਨ੍ਹਾਂ ਦੀ ਤੁਸੀਂ ਨਿੰਦਿਆ ਕਰਦੇ ਹੋ। ਤਨਖਾਹੀਆ ਕਹਿੰਦੇ ਹੋ। ਰਾਤ ਦਾ ਸਮਾਂ ਸੀ ਓਨ੍ਹਾਂ ਸਮਝਿਆ ਖ਼ਵਰੇ ਕੌਣ ਹੈ, ਅੰਨ੍ਹੇ ਕਰ ਦਿੱਤੇ। ਅਗਲੇ ਦਿਨ ਆਸਾ ਕੀ ਵਾਰ ਲਗੀ। ਅਰਦਾਸਾ ਕੀਤਾ। ਨਿਤਨੇਮ ਬਾਣੀ ਪੜ੍ਹੀ।

ਗਿਆਨਾ ਸਿੰਘ ਨੇ ਅਰਜ਼ ਕੀਤੀ ਜੀ ਤੁਸੀਂ ਅਨੰਦ ਪੜਾਇ ਲਵੋ। ਜ਼ਿਮੀਂਦਾਰਾਂ ਦੀਆਂ

---

1 ਖੂਹ ਚੋਂ ਜਲ ਕੱਢਣ ਲਈ ਚਮੜੇ ਦਾ ਜਾਂ ਕਪੜੇ ਦਾ ਬਣਾਇਆ ਚੌੜੇ-ਖੁਲ੍ਹੇ ਮੂੰਹ ਵਾਲਾ ਥੈਲਾ।

2 . ਪਿਤਾ ਸ੍ਰ. ਗੁਰਦਿੱਤ ਸਿੰਘ, ਜ਼ਿਲ੍ਹਾ ਅੰਮ੍ਰਿਤਸਰ।

ਲੜਕੀਆਂ ਤਿਆਰ ਕੀਤੀਆਂ ਹੈਨ। ਦੀਨਾਨਾਥ ਜੀ ਬਚਨ ਕੀਤਾ ਸਾਡੀ ਸਲਾਹ ਨਹੀਂ ਹੈ। ਸਾਨੂੰ ਬਿੱਲੇ ਫੜਕੇ ਲੈ ਜਾਣਗੇ। ਸਿੰਘਾਂ ਦੀਆਂ ਭੂਰੀਆਂ ਬੰਨ੍ਹੀਆਂ ਦੇਖ ਮਿਹਰਬਾਨ ਹੋਇਕੇ ਬਚਨ ਕੀਤਾ ਜੇ ਸਾਡਾ ਅਖ਼ਤਿਆਰ ਹੋ ਗਿਆ ਤਾਂ ਭੂਰੀਆਂ ਵਾਲਿਆਂ ਦੇ ਸਿਰ ਦੁਸ਼ਾਲੇ ਬਨ੍ਹਾਇ ਦੇਵਾਂਗੇ।

## ਪਹਿਲੇ ਮੇਰਾ ਸੀਸ ਲਗੇ

ਕੋਈ ਨੌਕਰ ਸਿੰਘ ਸੀ ਆਇਆ ਹੋਇਆ। ਉਸਕਾ ਸਿਰੀ ਸਾਹਿਬ ਗਾਤ੍ਰੇ ਪਾਇਕੇ ਬਾਬਾ ਗਿਆਨਾ ਸਿੰਘ ਨੇ ਬੋਲਾ ਕੀਤਾ ਧਰਮ ਹੇਤ ਪਹਲੇ ਸਾਡਾ ਸੀਸ ਲਗੇ ਤਾਂ ਮੈਂ ਰਾਜੀ ਹਾਂ। ਗਊ ਬਧ ਹਟੇ ਧਰਮ ਤੁਰੇ ਤੇ ਪਾਪ ਹਟੇ। ਦੀਵਾਨ ਕੇ ਬੀਚ ਗੱਜਕੇ ਬੋਲੇ ਕੀਏ ਧਰਮ ਜੁੱਧ ਕੇ। ਬਹੁਤੇ ਸਿੰਘਾਂ ਕੇ ਸੰਕਲਪ ਹੋਏ ਕਿ ਜਰੂਰ ਗਊ ਬਧ ਹੁੰਦਾ ਹੈ ਬੁੱਚੜਾਂ ਨੂੰ ਵਢੀਏ। ਗਊ ਕਾ ਬੁਰਾ ਕਰਦੇ ਹੈਂ। ਜਿਨ੍ਹਾਂ ਸਿੰਘਾਂ ਕੇ ਸੀਸ ਲਗਣੇਂ ਹੈਂ ਉਹ ਸਮਗਰੀ ਸਾਰੀ ਨਾਲ ਹਾਜ਼ਰ ਸੀ।

ਰਾਤ ਦਿਨੇ ਨਾਮ ਦੇ ਸ਼ਬਦ ਦਾ ਅੰਮ੍ਰਿਤ ਬਰਸਿਆ। ਜਿਤਨਾ ਚਿਰ ਦੀਨਾਨਾਥ ਜੀ ਦਮਦਮੇਂ ਸਾਹਿਬ ਰਹੇ ਉਤਨਾ ਚਿਰ ਫਿਕਰ ਹੀ ਰਿਹਾ ਨਿਹੰਗਾਂ, ਪੁਜਾਰੀਆਂ ਨੂੰ ਕਿ ਸਾਡੇ ਗੁਰਦੁਆਰੇ ਨਾ ਰੋਕਣ। ਏਹ ਬਾਰਤਾ ਖਾਲਸੇ ਦੇ ਯਾਦ ਖਿਆਲ ਵਿਚ ਭੀ ਨਹੀਂ ਹੈ।

## ਅਸੀਂ ਝੂਠੇ ਜੀਵ ਹਾਂ

ਬਾਬੇ ਕੁਸ਼ਾਲ ਸਿੰਘ ਅਰਜ਼ ਕੀਤੀ ਜੀ ਥਰਾਜ ਮੈ ਚਰਨ ਪਾਵੋ। ਬਾਬੇ ਕਾ ਬਚਨ ਮੰਨਕੇ ਅਰਦਾਸਾ ਕਰਕੇ ਤੁਰੇ। ਸੁਚਖੈਨ (ਪਿੰਡ) ਮੈ ਪੜਾਉ ਕੀਤਾ। ਸਤਿਗੁਰੂ ਜੀ ਪਲੰਘ ਪਰ ਬਰਾਜੇ ਤੇ ਸਿੰਘ ਮੁੱਠੀਆਂ ਭਰਨ ਲਗੇ। ਜੋ ਚੋਬਰ[1] ਲੋਕ ਥੇ ਸੋ ਆਪਸ ਮੈ ਕਹਿਣ ਅਸੀਂ ਮੁੱਠੀਆਂ ਭਰਨ ਲਗੀਏ ਤਾ ਹੱਡੀਆਂ ਭੰਨ ਦੇਈਏ ਬੁਢੇ ਜੇਹੇ ਦੀਆਂ। ਚਾਰ ਸੇ। ਅੰਤਰਜਾਮੀ ਗੁਰੂ ਜੀ ਸੱਦਕੇ ਬਚਨ ਕੀਤਾ ਭਰੋ ਮੁੱਠੀਆਂ। ਲਗੇ ਭਰਨ। ਸਾਰ[2] ਦਾ ਸਰੀਰ ਕੀਤਾ। ਉਨ੍ਹਾਂ ਦੇ ਹੱਥ ਇਉਂ ਫਿਰਨ ਜਿਵੇਂ ਸਰਬ ਲੋਹ ਪਰ ਹੱਥ ਫਿਰਦਾ ਹੈ। ਗੁਰੂ ਜੀ ਬਚਨ ਕਰਨ ਸਿੰਘ ਤਾ ਚੰਗੀਆਂ ਜੋਰਾਂ ਨਾਲ ਮੁੱਠੀਆਂ ਭਰਦੇ ਹੈਂ ਏਨ੍ਹਾਂ ਕੇ ਹੱਥ ਐਵੇਂ ਹੀ ਫਿਰਦੇ ਮਾਲੂਮ ਹੁੰਦੇ ਹੈਂ ਜਿਉਂ ਬੱਚੇ ਕੇ ਹੋਨ। ਓਨਾਂ ਕੇ ਹੱਥ ਝੂਠੇ ਹੋਇ ਗਏ। ਸਾਹ ਸਤ ਨਾ ਰਿਹਾ। ਸਮਝਿਆ ਜੋ ਇਹ ਆਪ ਪਰਮੇਸ਼ਰ ਹੈ। ਫੇਰ ਬਚਨ ਹੋਇਆ ਮੇਰੀਆਂ ਬਾਹਾਂ ਮੋਢਿਆਂ ਨਾਲ ਲਾਇ ਦੇਵੋ। ਸਾਰਾ ਜ਼ੋਰ ਲਾਇਆ ਬਾਹਾਂ ਮੋੜਕੇ ਨਾ ਲਗੀਆਂ। ਗੁਰੂ ਜੀ ਝਟਕਾ ਮਾਰਿਆ ਦੂਰ ਦੂਰ ਜਾਇ ਪਏ। ਬਚਨ ਹੋਇਆ ਅਜ ਤੋੜੀਂ ਕਿਸੇ ਤੇ ਨਹੀਂ ਮੋੜ ਕੇ ਬਾਹਾਂ ਲਗੀਆਂ, ਤੁਸਾਂ ਥੀਂ ਕੀ ਲਗਣੀਆਂ ਹੈਨ? ਤੁਸੀ ਮਾਸ ਖਾਣ ਵਾਲੇ ਹੋ ਮੈਂ ਦਾਲ ਫੁਲਕਾ ਖਾਣ ਵਾਲਾ ਹਾਂ। ਤੁਸੀਂ ਮਾਸ ਛੱਡੋ। ਉਨ੍ਹਾ ਨੇ ਕਹਿਆ ਜੀ ਅਸੀਂ ਤਾਂ ਝੂਠੇ ਜੀਵ ਐਵੇਂ ਝੂਠੀਆਂ ਗੱਲਾਂ ਕਰਦੇ ਹੈਂ।

---

1 ਜਵਾਨ , ਗੱਬਰੂ ।

2 ਲੋਹੇ ।

## ਠੀਕ ਅੰਤਰਜਾਮੀ ਹੈਂ

ਅਰਦਾਸਾ ਕਰਕੇ ਤੁਰੇ। ਅੱਗੇ ਥਰਾਜ ਦੇ ਲੋਕਾਂ ਕੇ ਦਿਲ ਮੈ ਹੋਈ ਜੇਕਰ ਗੁਰੂ ਹੈਨ ਤਾਂ ਆਪੇ ਹੀ ਘਰ ਆਇ ਜਾਣ। ਅੰਤਰਜਾਮੀ ਜੀ ਦਰਵਾਜੇ ਅੱਗੇ ਜਾਇ ਕਰ ਖੜੇ ਹੋਏ। ਸਿੰਘਾਂ ਘੋੜੀ ਫੜੀ ਤੇ ਪਲੰਘ ਪਰ ਹੋਇਕੇ ਦੀਦਾਰ ਦੇਣ ਲਗੇ। ਪਿੰਡ ਦੇ ਲੋਕ ਸੀਸ ਝੁਕਾਇਕੇ ਮੱਥਾ ਟੇਕਦੇ ਹੈਂ। ਬੜੀ ਖੁਸ਼ੀ ਹੋਈ ਕਿ ਸਾਡੇ ਘਰ ਗੁਰੂ ਬਾਰ੍ਹਵੇਂ ਜੀ ਮੂਰਤ ਧਾਰਕੇ ਆਇ ਹੈਂ। ਦਰਸ਼ਨ ਕੀਤਾ। ਲੋਕਾਂ ਨੂੰ ਐਤਨੀ ਮਾਲੂਮ ਹੋਈ ਕਿ ਠੀਕ ਅੰਤਰਜਾਮੀ ਹੈਨ। ਨੇੜੇ ਕੁਸੰਗੀ ਨੜੀਮਾਰ ਸਤ ਕੁ ਸਰੀਰ ਹੋਰ ਘਰ ਜਾਇਕੇ ਹੁੱਕਾ ਪੀਣ ਲੱਗੇ। ਅੰਤਰਜਾਮੀ ਗੁਰੂ ਜੀ ਮਦਾਨ ਖੇਡਣ ਚੱਲੇ। ਜਿਸ ਜਗ੍ਹਾ ਹੁੱਕਾ ਪੀਂਦੇ ਸੇ ਓਥੇ ਉਨ੍ਹਾਂ ਦੇ ਸਿਰ ਪਰ ਜਾਇ ਖੜੇ ਹੋਏ। ਪਹਿਲੇ ਤਾਂ ਉਨ੍ਹਾਂ ਨੇ ਭੈ ਕੀਤਾ ਕਿ ਮਾਰਨਗੇ। ਕੋਲ ਜਾਇਕੇ ਬਚਨ ਕੀਤਾ ਉਨ੍ਹਾਂ ਨੂੰ, ਤੁਸੀਂ ਕਹਿਆ ਕਿ ਲੁਕ ਕੇ ਛੁੱਟ ਜਾਵਾਂਗੇ। ਤੁਸੀਂ ਡਰਦੇ ਲੁਕੇ ਸੇ। ਸੋ ਏਥੇ ਭੀ ਧੁਆਨੂੰ ਲੱਭ ਲਿਆ ਹੈ। ਉਨ੍ਹਾਂ ਨੇ ਹੁੱਕਾ ਪੀਣਾ ਈ ਬਖ਼ਸ਼ਾਇਆ। ਬਚਨ ਹੋਇਆ ਹੁੱਕਾ ਨ ਪੀਵੋ, ਧੁਆਨੂੰ ਸੱਜਦਾ ਨਹੀਂ ਹੈ। ਤਲਾਉ ਪਰ ਲੰਗਰ ਹੋਣ ਲਗਾ। ਪਿੰਡ ਮੈ ਬਾਹਰ ਅੰਦਰ ਸਿੰਘ ਹੀ ਸਿੰਘ ਦਿਸਦੇ ਹੈਂ। ਦੀਵਾਨ ਲਗਾ ਤੇ ਲੋਕ ਸੁਣ ਸੁਣ ਕੇ ਦੂਰੋਂ ਆਏ। ਸਿੰਘ ਤੇ ਸੂਬੇ ਬੈਠੇ ਹੈਂ। ਰਾਗੀ ਕੀਰਤਨ ਕਰਨ ਲਗੇ। ਦੂਰੋਂ ਹੀ ਦੀਦਾਰ ਹੁੰਦਾ ਹੈ ਲੰਬੀ ਗਰਦਨ ਵਾਲੇ ਕਾ। ਸ੍ਰੀ ਸਤਿਗੁਰੂ ਜੀ ਕੇਹਰ ਕੀ ਨਿਆਈਂ ਬੈਠੇ ਹੈਂ। ਸੋਦਰ ਪੜਿਆ ਅਰਦਾਸਾ ਕੀਤਾ ਜੈਕਾਰਾ ਗਜਾਇਆ।

ਇਕ ਹੋਰ ਢਿੱਲਾ ਜੇਹਾ ਸਿੱਖ ਸੀ। ਉਸਨੇ ਸੰਕਲਪ ਕੀਤਾ ਜੇਕਰ ਮੇਰੇ ਘਰ ਅੰਦਰ ਚਲ ਬੈਠਣ ਤਾਂ ਮੈਂ ਭਜਨ ਲਵਾਂ। ਅੰਤਰਜਾਮੀ ਜੀ ਆਪੇ ਈ ਉਸਦੇ ਘਰ ਅੰਦਰ ਜਾਇ ਬੈਠੇ। ਉਸਨੇ ਭਜਨ ਲਿਆ ਸਿੰਘ ਸਜਿਆ। ਲੋਕ ਕਹਿੰਦੇ ਹੈਂ ਧੰਨ ਗੁਰੂ ਅੰਤਰਜਾਮੀ ਹੈਂ।

ਪ੍ਰਸਾਦਿ ਛਕਿਆ। ਕੜਾਹ ਪ੍ਰਸਾਦ ਬਹੁਤ ਹੀ ਬਚਿਆ। ਰਾਤ ਸ਼ਬਦ ਢੋਲਕੀ ਦਾ ਹੋਇਆ।

## ਜਿੱਥੇ ਕੀਆਂ ਹੈਨ ਓਥੇ ਹੀ ਜਾਣਗੀਆਂ

ਸਵਾ ਪਹਿਰ ਨਾਲ ਇਸ਼ਨਾਨ ਕਰਕੇ ਆਸਾ ਕੀ ਵਾਰ ਲਗਣੇ ਲਗੀ। ਹਵਨ ਹੋਣੇ ਲਗਾ। ਸ੍ਰੀ ਗ੍ਰੰਥ ਸਾਹਿਬ ਪਰਗਾਸਿਆ। ੧੯੨੮ ਮੇਂ ਫਤਹ ਕੌਰ ਤੇ ਜੀਵਨ ਕੌਰ ਦੋਨਾਂ ਦੇ ਅਨੰਦ ਪੜੇ[1]। ਜੇੜ੍ਹੀ ਦਾਤ ਸੀ ਸ੍ਰੀ ਸਤਿਗੁਰੂ ਜੀ ਕੇ ਹਜ਼ੂਰ ਧਰੀ। ਬਾਬੇ ਜੀ ਕਹਾ ਜਿਸਕੀ ਦਾਤ ਹੈ ਤਿਸ ਕੇ ਆਗੇ ਧਰੀ ਹੈ। ਲੜਕੇ ਵਾਲੇ ਦਿਲ ਵਿਚ ਨਰਾਜ਼ ਹੋਏ ਕਿ ਅਸੀਂ ਖਾਲੀ ਜਾਵਾਂਗੇ? ਦਾਤ ਤਾਂ ਸਾਡੀ ਸੀ। ਬਾਬੇ ਨੇ ਕਹਾ ਕਿ ਦਾਤ ਗੁਰੂ ਕੀ ਹੈ। ਗੁਰੂ ਜੀ ਬਚਨ ਕੀਤਾ ਦੇਖਾਂ ਅਬਲੂ ਬਧੇ ਕਿ ਗੁਰੂ ਬਧੇ। ਬਾਬੇ ਕੁਸ਼ਾਲ ਸਿੰਘ ਕਹਾ ਕਿ ਭਾਈ ਜੇਕਰ ਤੁਸੀਂ ਗੁਰੂ ਕੀ ਰੀਤੀ ਰੱਖੋਗੇ ਤਾਂ ਅਸੀਂ ਕੁੜੀਆਂ ਭੇਜ ਦਿਆਂਗੇ। ਜੇਕਰ ਨਾ ਰੀਤੀ ਰੱਖੀ ਤਾ ਨਾ ਭੇਜਾਂਗੇ ਕੁੜੀਆਂ। ਸਾਡਾ ਸਾਕ ਨਾਤਾ ਸਿੱਖੀ ਦਾ ਹੈ। ਧਰਮ ਕਾ ਸਾਕ ਹੈ। ਉਨਾਂ ਨੇ ਨਾ ਰੀਤੀ ਰੱਖੀ ਔਰ ਨਾ

1 .ਮਹੀਨਾ ਵਸਾਖ, ਅਪ੍ਰੈਲ ੧੯੭੧ ਈ.

ਮਨਜ਼ੂਰ ਕੀਤੀ। ਬਾਬਾ ਜੀ ਲੜਕੀਆਂ ਨਾ ਭੇਜੀਆਂ। ਅੰਤਰਜਾਮੀ ਜੀ ਬਚਨ ਕੀਤਾ ਏਹ ਨਹੀਂ ਸਮਝਣਾ ਜੋ ਅਨੰਦ ਪੜਾਏ ਹੈਨ। ਏਨ੍ਹਾਂ ਨੂੰ ਭਾਈ ਤੂੰ ਕੁਆਰੀਆਂ ਹੀ ਸਮਝ। ਜਿੱਥੇ ਕੀਆਂ ਹੈਨ ਓਥੇ ਹੀ ਜਾਣਗੀਆਂ।

## ਮਸਤਾਨਿਆਂ ਨਾਲ ਮਾਰਕੁੱਟ

ਸ੍ਰੀ ਸਤਿਗੁਰੂ ਜੀ ਚੀਨੀ ਪਰ ਚੜੇ। ਸਰਬ ਖਾਲਸੇ ਕੋ ਖੁਸ਼ੀਆਂ ਦੇ ਕੇ ਤੁਰੇ। ਨੰਗਲੇ ਆਇ ਪੜਾਉ ਕੀਤਾ ਦੀਨ ਦਿਆਲ ਜੀ। ਹੋਰ ਵਹੀਰ ਪਾਛੇ ਸੀ। ਨੰਗਲੇ ਸੇ ਕੋਸ ਭਰ ਪਾਛੇ ਹੀਰਾ ਸਿੰਘ ਅਤੇ ਸਾਰੇ ਮਸਤਾਨੇ ਬੈਠੇ ਹੈਂ। ਹੋਰ ਸਿੰਘ ਲੰਘ ਗਏ, ਮਗਰੋਂ ਹਰਨਾਮ ਸਿੰਘ ਕੰਨੂੰ, ਬਾਬੇ ਗਿਆਨਾ ਸਿੰਘ ਦਾ ਛੋਟਾ ਭਰਾ ਸੀ, ਆਇਆ। ਮਾਈਆਂ ਬੀਬੀਆਂ ਕੇ ਨਾਲ ਹੱਸਦੇ ਔਂਦੇ ਹੈਂ। ਹਰਨਾਮ ਸਿੰਘ ਕੋ ਮਸਤਾਨਿਆਂ ਨੇ ਸੱਦਿਆ। ਕਹਿਣ ਲਗੇ ਆਓ ਮਹੰਤ ਜੀ। ਘੁਟਣੇ ਲਗੇ। ਹੀਰਾ ਸਿੰਘ ਨੇ ਕਿਹਾ ਬਾਬਾ ਜੀ ਤੁਸੀਂ ਬੀਬੀਆਂ ਕਿਓਂ ਨਾਲ ਰੱਖੀਆਂ ਹੈਂ? ਨਾਲੇ ਏਨ੍ਹਾਂ ਦੇ ਨਾਲ ਹੱਸਦੇ ਰਸਦੇ ਹੋ। ਸਤਿਗੁਰੂ ਜੀ ਕੇਹੜੇ ਕੰਮ ਲਾਏ ਹੈਂ ਤੇ ਤੁਸੀਂ ਕੇੜ੍ਹੇ ਕੰਮ ਕਰਦੇ ਹੋ? ਹਰਨਾਮ ਸਿੰਘ ਨੇ ਕਹਿਆ ਬਾਬੇ ਨਾ ਰੱਖਣ ਤਾਂ ਹੋਰ ਕੌਣ ਰੱਖੂਗਾ? ਤਾਂ ਇਕ ਚਪੇੜ ਹੀਰਾ ਸਿੰਘ ਨੇ ਮਾਰੀ। ਫੇਰ ਫੜ ਲਿਆ, ਬਹੁਤ ਹੀ ਮਾਰਿਆ। ਮਰਨ ਵਾਲਾ ਕਰਕੇ ਛੱਡਿਆ।

ਮਗਰੋਂ ਲਾਲ ਸਿੰਘ ਲਤਾਲੇ ਵਾਲਾ[1] ਘੋੜੀ ਉੱਤੇ ਚੜ੍ਹਕੇ ਆਇਆ। ਲਾਲ ਸਿੰਘ ਨੇ ਲੱਤਾਂ ਮਾਰਦੇ ਵੇਖ ਕੇ ਅੱਗੇ ਆਇ ਖ਼ਬਰ ਦਿੱਤੀ ਕਿ ਹੀਰਾ ਸਿੰਘ ਹੋਰਾਂ ਨੇ ਮਾਰਿਆ ਹੈ ਹਰਨਾਮ ਸਿੰਘ ਨੂੰ। ਗਿਆਨਾ ਸਿੰਘ ਗੁੱਸੇ ਨਾਲ ਭਰ ਗਿਆ। ਕਹੇ ਕਿ ਮੈਨੂੰ ਅੰਨ ਖਾਣਾ ਹਰਾਮ ਹੈ ਜਿੰਨ੍ਹਾਂ ਚਿਰ ਹਰਨਾਮ ਸਿੰਘ ਦੀ ਲੋਥ ਨਾਲ ਲੋਥ ਨਹੀਂ ਪਾਇ ਲੈਂਦਾ ਹਾਂ। ਸੂਬੇ ਅੱਗੇ ਈ ਮਸਤਾਨਿਆਂ ਤੇ ਗੁੱਸੇ ਨਾਲ ਭਰੇ ਹੋਏ ਸੇ ਮਗਰੋਂ ਬਹਾਨਾ ਹੱਥ ਆਇ ਗਿਆ। ਬਾਬਾ ਜਵਾਹਰ ਸਿੰਘ ਬਾਬਾ ਸਾਹਿਬ ਸਿੰਘ ਬਾਬਾ ਲੱਖਾ ਸਿੰਘ ਤਿਆਰ ਹੋਏ। ਗਿਆਨਾ ਸਿੰਘ ਕਹੇ ਜਿਤਨਾ ਚਿਰ ਲੋਥ ਨਾਲ ਲੋਥ ਨਹੀਂ ਪਾਇ ਲੈਂਦੇ ਓਨਾਂ ਚਿਰ ਮੈਨੂੰ ਅਰਾਮ ਨਹੀਂ ਔਂਦਾ। ਜੁੱਧ ਕਾ ਸਮਾਨਾ ਹੋਇਆ ਕਿ ਮਰਾਂ ਮਾਰਾਂਗੇ।

ਦੀਨਾਨਾਥ ਕੇ ਹਜੂਰ ਅਰਜ਼ ਕੀਤੀ ਜੀ ਹਰਨਾਮ ਸਿੰਘ ਮਾਰ ਦੀਆ ਹੈ ਮਸਤਾਨਿਆਂ ਨੇ। ਲੜਾਈ ਕੀ ਤਿਆਰੀ ਹੋਈ ਹੋਈ ਹੈ। ਸੁਣਕੇ ਗੁਰੂ ਜੀ ਫੁਰਤੀ ਨਾਲ ਖੜੇ ਹੋਏ ਕੇਹਰ ਕੀ ਤਰ੍ਹਾਂ। ਝਟਾ ਝਟ ਖਾਲਸੇ ਕੇ ਅੱਗੇ ਆਇ ਖੜੇ ਹੋਏ। ਔਂਦਿਆਂ ਹੀ ਅੱਗੇ ਲੀਕ ਕਢ ਦਿੱਤੀ। ਬਚਨ ਕੀਤਾ ਸ਼ਤਾਬੀ ਨਾਲ ਧੁਆਨੂੰ ਮੇਰੀ ਸੌਂਹ ਹੈ ਜੇ ਲੀਕ ਟੱਪੋ। ਗਿਆਨਾ ਸਿੰਘ ਲੀਕ ਟੱਪ ਗਿਆ। ਕਹੇ ਕੇ ਮੇਰੇ ਸੇ ਨਹੀਂ ਠਹਿਰਿਆ ਜਾਂਦਾ ਹੈ ਭਾਵੇਂ ਕਿੰਨੀਆਂ ਸੁਗੰਧਾਂ ਦੇਵੋ। ਲੋਥ ਨਾਲ ਲੋਥ ਚੁਕਾਇ ਕੇ ਲਿਆਵਾਂਗਾ ਤਾਂ ਮੈਨੂੰ ਠੰਢ ਪਵੇਗੀ। ਦੀਨਾਨਾਥ ਜੀ ਗਿਆਨਾ ਸਿੰਘ ਕੋ ਜੱਫੀ ਮੇਂ ਲੈ ਲੀਆ। ਬਚਨ ਕੀਤਾ ਜੇ ਤੈਨੂੰ ਅਦਾਲਤ ਨਾ ਮਿਲੀ ਤਾ ਤੂੰ ਜੋ ਕਰਨਾ ਹੈ ਸੋ ਕਰੀਂ। ਹੁਣ ਧੀਰਜ ਕਰੋ ਜੇੜੀ ਹੋਣੀ ਸੀ ਸੋ ਹੋਇ ਗਈ ਹੈ। ਵਾਧਾ ਨਾ ਵਧਾਵੋ ਹੁਣ। ਸਭ ਕੋ ਮੋੜ ਕੇ ਬਹਾ

1 ਪਿਤਾ ਸ੍ਰ. ਗੁਰਦਿਆਲ ਸਿੰਘ।

ਲਿਆ। ਜੇੜੀ ਅਗਨ ਲਗੀ ਹੋਈ ਸੀ ਸੋ ਠੰਢੀ ਕੀਤੀ। ਅੰਮ੍ਰਿਤ ਰੂਪੀ ਬਚਨ ਕੀਤੇ, ਸ਼ਾਂਤ ਆਈ। ਬਾਬਾ ਲਾਲ ਸਿੰਘ ਗੁਮਟੀ ਵਾਲਾ ਤਿਸਨੇ ਘੋੜੀ ਉੱਤੇ ਚਾੜ੍ਹ ਆਂਦਾ ਹਰਨਾਮ ਸਿੰਘ ਕੋ। ਜਿੰਦਾ ਦੇਖਕੇ ਸਾਰੇ ਖੁਸ਼ ਹੋਏ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਮੈਂ ਬਦਲਾ ਲਵਾਂਗਾ। ਗਿਆਨਾ ਸਿੰਘ ਭੀ ਰਾਜੀ ਹੋਇਆ ਕਿ ਮਰ ਗਿਆ ਕਹਿੰਦੇ ਸੀ।

## ਮਾਰਿ ਕਢੀਆ ਬੁਰਿਆਈਆ

ਮਸਤਾਨੇ ਭੀ ਆਇ ਉਤਰੇ। ਸਤਿਗੁਰੂ ਜੀ ਖੂਹ ਪਰ ਗੁੜ ਦੀ ਭੇਲੀ ਤੇ ਇਕ ਘੜਾ ਭੇਜਿਆ। ਗਿਆਨਾ ਸਿੰਘ ਨੂੰ ਸੁਣਕੇ ਅੱਗ ਲੱਗ ਉੱਠੀ। ਮੇਰੀ ਅਦਾਲਤ ਹੋਇ ਚੁੱਕੀ ਜੇ ਸ਼ਰਦਾਈ ਚਲੀ ਗਈ। ਸ੍ਰੀ ਸਤਿਗੁਰੂ ਜੀ ਕੇ ਹਜ਼ੂਰ ਅਰਜ਼ ਹੋਈ। ਦੋ ਭੇਲੀਆਂ ਇਕ ਘੜਾ ਭੇਜਿਆ ਹੈ। ਸੁਲਾ ਕਰ ਲਈ ਹੈ। ਮੇਰੀ ਅਦਾਲਤ ਮੇਰੇ ਕੋ ਨਾ ਮਿਲੀ। ਸ਼ਰਦਾਈ ਛਕੀ ਦੀਨ ਦਿਆਲ ਜੀ। ਕੇਹਰ ਕੀ ਨਿਆਈਂ ਖੜੇ ਹੋਇਕੇ ਇਕ ਲਾਠੀ ਲੈਕੇ ਧਰਤ ਪਰ ਮਾਰ ਕੇ ਦੇਖਣ ਲਗੇ ਤਾਂ ਟੁੱਟ ਗਈ। ਤੀਨ ਸਲੋਤਰ ਟੁੱਟ ਗਏ। ਚੌਥੀ ਫੇਰੀ ਜੋ ਸਲੋਤਰ ਫੜਿਆ ਸੀ ਸੋ ਨਾ ਟੁੱਟਿਆ ਤਾ ਤੁਰੇ ਜਿੱਥੇ ਹੀਰਾ ਸਿੰਘ ਹੋਰੀਂ ਉਤਰੇ ਹੋਏ ਸੇ। ਮਗਰ ਫ਼ਰਕ ਨਾਲ ਇਕ ਸਿੰਘ ਗਿਆ ਦੇਖਦਾ ਦੇਖਦਾ ਬਿਰਛਾਂ ਵਾੜਾਂ ਕੇ ਓਲ੍ਹੇ ਹੋਇਕੇ। ਸਤਿਗੁਰੂ ਜੀ ਹੀਰਾ ਸਿੰਘ ਦੇ ਸਿਰ ਪਰ ਖੜੇ ਹੋਇਕੇ ਸੋਟੀ ਜੋਰ ਸੇ ਮਾਰੀ ਸੀਸ ਕੇ ਬੀਚ। ਦੋ ਫਾਕੜਾਂ ਹੋਇ ਗਈਆਂ ਸੀਸ ਕੀਆਂ। ਜੋ ਸੂਖਮ ਮੂਰਤੀ ਹੋਰ ਸੀ ਉਸਨੇ ਦੋਨੋਂ ਹਾਥ ਸੇ ਦੋ ਫਾਕੜਾਂ ਮੇਲ ਦਿੱਤੀਆਂ। ਐਸਾ ਕਰ ਦੀਆ ਮਾਨੋਂ ਸੱਟ ਲਗੀ ਹੀ ਨਹੀਂ। ਜੇਹੜਾ ਸਿੰਘ ਪਾਛੇ ਲੁਕ ਕੇ ਗਿਆ ਸੀ ਉਸਨੇ ਸਾਰਾ ਬਿਰਤਾਂਤ ਦੇਖਿਆ। ਕੋਲ ਛੱਪੜ ਸੁੱਕਾ ਸੀ। ਸਤਿਗੁਰੂ ਜੀ ਵਿਚਾਲੇ ਆਪ ਖਲੋ ਗਏ। ਮਸਤਾਨੇ ਸਿੰਘ ਚੱਕਰ ਬੰਨ ਕੇ ਵਾਰੀ ਵਾਰੀ ਆਈ ਗਏ। ਇਕ ਇਕ ਤੁਰਿਆ ਗਿਆ। ਇਕ ਇਕ ਸੋਟਾ ਮਾਰੀ ਗਏ। ਸੂਬੇ ਵੀ ਸਾਰੇ ਕੋਲ ਆ ਗਏ। ਇਕ ਪਾਸੇ ਸੋਟਾ ਖਾ ਕੇ ਸਿੰਘ ਪਾਸਾ ਫੇਰ ਕੇ ਬੋਲਾ ਕਰਨ ਜੀ ਏਸ ਪਾਸੇ ਭੀ ਮਾਰੋ। ਇਸ ਪਾਸੇ ਕੇ ਪਾਪ ਵੀ ਨਾ ਰਹਿ ਜਾਵਣ। "ਜੇ ਗੁਰੁ ਝਿੜਕੇ ਤ ਮੀਠਾ ਲਾਗੈ, ਜੇ ਬਖਸੇ ਤ ਗੁਰ ਵਡਿਆਈ।" ਸੱਚੇ ਪਾਤਸ਼ਾਹ ਜੀ ਸਾਡੇ ਪਾਪ ਨਾ ਰਹਿ ਜਾਵਣ। ਝਾੜੋ ਸੱਚੇ ਪਾਤਸ਼ਾਹ ਪਾਪ ਕੋਈ ਰਹਿ ਨਾ ਜਾਏ। 'ਧੰਨ ਸੱਚਾ ਪਾਤਸ਼ਾਹ ਹੈ, ਧੰਨ ਸੱਚਾ ਪਾਤਸ਼ਾਹ' ਏਹੋ ਹੀ ਪਈ ਹੋਵੇ।

ਇਕ ਮਸਤਾਨੀ ਹੰਢਿਆਏ ਵਾਲੀ ਕੇ ਲੱਗੀ ਤਾ ਕਹਿਣ ਲਗੀ ਸੱਚੇ ਪਾਤਸ਼ਾਹ ਮੇਰੇ ਦੂਜੇ ਪਾਸੇ ਕੇ ਪਾਪ ਭੀ ਕੱਢੋ। ਮਾਰ ਨਾ ਸੀ 'ਮਾਰਿ ਕਢੀਆ ਬੁਰਿਆਈਆ।' ਜੰਮਣ ਮਰਣ ਥੀਂ ਰਹਿਤ ਕੀਤੇ। ਚੁਰਾਸੀ ਕੀ ਫਾਸੀ ਕੱਟੀ। ਮਾਰ ਕੇ ਸ਼ੁਧ ਕਰ ਲਏ ਹੈਂ। ਜੈਸੇ ਸੋਨੇ ਨੂੰ ਸੁਨਿਆਰਾ ਕਰਦਾ ਹੈ ਤਿਸੀ ਤਰ੍ਹਾਂ ਤੌਣੀਂ ਲਾਈ ਹੈ। ਗਿਆਨ ਦ੍ਰਿਸ਼ਟੀ ਹੋਈ, ਅਗਿਆਨ ਚੁਕਿਆ ਗਿਆ ਹੈ। ਨਿਰਵਾਸ਼ਨਾ ਹੋਏ। ਠਨਕਾਇ ਕੇ ਦੇਖੇ ਹੈਂ ਠਹਿਰਦੇ ਹੈਂ ਕਿ ਨੱਸ ਜਾਂਦੇ ਹੈ। ਧਰਮ ਕਾ ਜਹਾਜ ਤੁਰਨ ਕੀ ਤਿਆਰੀ ਹੋਈ। "ਰਾਮ ਕਸਉਟੀ ਸੋ ਸਹੈ ਜੋ ਮਰਜੀਵਾ ਹੋਇ।" ਕਸੌਟੀ ਪਰ ਲਾਏ ਹੈਂ।

## ਹੋਰ ਕੁਟਾ ਲਓ

ਸਿੰਘਾਂ ਕੇ ਮਨ ਮੈ ਏਹੀ ਫੁਰਨਾ ਹੋਵੇ ਚਾਰ ਮਣ ਅਨਾਜ ਨਾ ਛਕਿਆ ਸਹੀ, ਜੇ ਧਰਮ ਹੇਤ ਸਾਡੇ ਸਰੀਰ ਲੱਗਣ ਤਾਂ ਚੰਗੇ ਹੈਂ। ਗਉ ਗ਼ਰੀਬ ਕੋ ਜੋ ਏਹ ਦੁੱਖ ਹੈ ਸੋ ਹਟ ਜਾਏ। ਮਾਰ ਕੁੱਟ ਕੇ ਦੀਨ ਦਿਆਲ ਜੀ ਬਚਨ ਕੀਤਾ ਏਥੇ ਨਾ ਠਹਿਰੋ, ਤੁਸੀਂ ਚਲੇ ਜਾਓ। ਸਾਡੇ ਮੱਥੇ ਨਾ ਲੱਗੋ। ਨਜਰ ਨਾ ਆਇਓ। ਇਸੀ ਵਕਤ ਚਲੇ ਜਾਓ। ਆਇਕੇ ਹੁਕਮ ਦੀਆ ਸ਼ਰਦਾਈ ਪਰਸਾਦਾ ਬੰਦ ਕਰ ਦਿਓ। ਇਨ੍ਹਾਂ ਕੀ ਅਰਜ਼ ਨਾ ਕਰੇ ਕੋਈ। ਜੇੜਾ ਕਰੇਗਾ ਉੱਸਕੋ ਭੀ ਉਨਾਂ ਦੇ ਨਾਲ ਹੀ ਮਿਲਾਵਾਂਗੇ।

ਓੱਥੋਂ ਉੱਠਕੇ ਦੂਰ ਜਾਇ ਬੈਠੇ ਮਸਤਾਨੇਂ। ਫੇਰ ਇਕ ਵੇਰੀ ਜਾਇ ਕੁੱਟੇ। ਬਚਨ ਕੀਤਾ ਮੇਰੀ ਨਜ਼ਰ ਹੇਠ ਨਾ ਆਵੋ, ਚਲੇ ਜਾਵੋ। ਸੰਗਤ ਮੈ ਨਾ ਵੜਨਾ। ਆਪਣੇ ਘਰਾਂ ਨੂੰ ਚਲੇ ਜਾਵੋ। ਫੇਰ ਭੀ ਨਾ ਗਏ। ਫੇਰ ਤੀਜੀ ਵੇਰ ਕੁੱਟੇ। ਸਤਿਗੁਰੂ ਜੀ ਬਚਨ ਕੀਤਾ ਹੁਣ ਨਹੀਂ ਤੁਸਾਂ ਮੇਰੀ ਨਜਰ ਹੇਠ ਔਣਾ। ਜਿੰਦੋਂ ਮੁਕਾਇ ਦੇਵਾਂਗੇ ਨਹੀਂ ਤੇ ਉੱਠ ਕੇ ਖੜੇ ਹੋਇ ਜਾਵੋ। ਚਲੇ ਜਾਵੋ। ਹੀਰਾ ਸਿੰਘ ਨੇ ਪੁਛਿਆ ਜੀ ਕਿਧਰ ਚਲੇ ਜਾਵੀਏ। ਗੁਰੂ ਜੀ ਬਚਨ ਕੀਤਾ ਧੁਆਨੂੰ ਚਾਰੇ ਚੱਕ ਜਾਗੀਰ ਹੈ। ਜਿੱਧਰ ਧੁਆਡੀ ਮਰਜੀ ਹੈ ਉੱਧਰ ਜਾਵੋ। ਸੰਗਤ ਮੈ ਨਾ ਵੜਨਾ। ਰਾਮਦਾਸਪੁਰੇ ਸਾਹਿਬ ਭੀ ਨਹੀਂ ਵੜਨਾ ਹੈ। ਜੇ ਵੜੋਗੇ ਤਾਂ ਓਹ ਕਰਾਂਗਾ ਜੇੜੀ ਕਿਸੇ ਨਾਲ ਨਾ ਕੀਤੀ ਹੋਵੇ। ਉਸੀ ਵਕਤ ਸਾਰਾ ਡੇਰਾ ਚੁੱਕ ਕੇ ਹੀਰਾ ਸਿੰਘ ਜੀ ਤੁਰੇ। ਕੋਲ ਪਿੰਡ ਸੀ ਓਥੇ ਜਾ ਡੇਰਾ ਲਾਇਆ। ਮੁੜ ਆਏ ਗੁਰੂ ਜੀ। ਸੂਬਿਆਂ ਨੂੰ ਹੁਕਮ ਕੀਤਾ ਹੋਰ ਕੁਟਾ ਲਓ ਜਿਨਾਂ ਕੁਟੌਣਾ ਹੈ।

ਹਰਨਾਮ ਸਿੰਘ ਨੂੰ ਸੱਟਾਂ ਲਗੀਆਂ ਹੋਈਆਂ ਬੇਹੋਸ਼ ਪਿਆ ਸੀ। ਸੂਖ਼ਮ ਰੂਪ ਧਾਰਕੇ ਦਰਸ਼ਨ ਦਿੱਤਾ। ਪਿੰਡੇ ਪਰ ਹੱਥ ਫੇਰਿਆ। ਸੱਟਾਂ ਸਭ ਰਾਜੀ ਹੋਇ ਗਈਆਂ। ਹੋਸ਼ ਆਈ, ਬਿਹੋਸ਼ ਪਿਆ ਸੀ। ਕਹਿਣੇ ਲਗਾ ਮੈਨੂੰ ਸਤਗੁਰੂ ਜੀ ਦਰਸ਼ਨ ਦੇ ਕੇ ਹੱਥ ਫੇਰਕੇ ਰਾਜੀ ਕਰ ਗਏ ਹੈਂ। ਸੱਟਾਂ ਰੜਕਦੀਆਂ ਸੀਆਂ ਜੇਹੜੀਆਂ ਜਿਉਂ ਕੀਆਂ ਤਿਉਂ ਕਰ ਦਿੱਤੀਆਂ ਹੈਨ।

## ਕਰਤਾਰਗੜ ਸਦਿਆ ਕਰੋ

ਆਸ ਕੀ ਵਾਰ ਲੱਗੀ, ਅਰਦਾਸਾ ਕਰਿਆ। ਤੁਰੇ ਗੁਰੂ ਜੀ। ਕੋਟਲੀ ਫੇਰ ਹਲਕਿਆਂਵਾਲੀ ਤੇ ਫੇਰ ਕਰਤਾਰਗੜ੍ਹ ਗਏ। ਅੱਗੇ ਉਸ ਨਗਰ ਕਾ ਨਾਮ ਕਸਾਈਵਾੜਾ ਸੀ। ਸਤਿਗੁਰੂ ਜੀ ਬਚਨ ਕੀਤਾ ਕਰਤਾਰਗੜ੍ਹ ਇਸ ਕਾ ਨਾਮ ਸਦਿਆ ਕਰੋ, ਕਸਾਈਵਾੜਾ ਨਾ ਸੱਦੋ। ਉਸ ਦਿਨ ਥੀਂ ਸਿੰਘ ਕਰਤਾਰਗੜ ਸੱਦਦੇ ਹੈਨ। ਸਰਦਾਰ ਗੁਰਦਿੱਤ ਸਿੰਘ ਨੇ ਬੜੇ ਪ੍ਰੇਮ ਨਾਲ ਸੇਵਾ ਟਹਿਲ ਕੀਤੀ। ਦਮਦਮੇਂ ਸੇ ਜੋ ਰਸਤ ਬਚੀ ਸੀ ਸੋ ਵਰਤੀ। ਇਤਨੀਂ ਬਰਕਤ ਪਾਇ ਲਈ ਗੁਰੂ ਜੀ।

## ਸਿਦਕ ਦੇ ਬੰਧੇ

ਸਰਦਾਰ ਗੁਰਦਿੱਤ ਸਿੰਘ ਨੇ ਅਰਜ਼ ਕੀਤੀ ਗਲ਼ ਮੈ ਪੱਲਾ ਪਾਇਕੇ, ਜਿੰਨ੍ਹਾ ਚਿਰ

ਮਸਤਾਨੇ ਪ੍ਰਸ਼ਾਦ ਨਹੀਂ ਛਕਦੇ ਮੇਰਾ ਜੱਗ ਸੰਪੂਰਨ ਨਹੀਂ ਹੁੰਦਾ। ਮਸਤਾਨਿਆਂ ਨੂੰ ਪ੍ਰਸ਼ਾਦ ਛਕਾਉਣ ਦਾ ਹੁਕਮ ਦੇਵੋ। ਆਪਨੇ ਵੀ ਪੰਜ ਦਿਨ ਹੋਏ ਹੈਂ ਛਕਿਆਂ ਨੂੰ। ਹੁਕਮ ਹੋਇਆ ਪ੍ਰਸ਼ਾਦ ਛਕਾਇ ਕੇ ਸਾਡੇ ਕੋਲ ਲੈ ਆਵੋ। ਸਰਦਾਰ ਨੇ ਮਸਤਾਨਿਆਂ ਕੋਲ ਜਾਇਕੇ ਅਰਜ਼ ਕੀਤੀ ਪ੍ਰਸ਼ਾਦਾ ਛਕੋ। ਮਸਤਾਨਿਆਂ ਕਿਹਾ ਕਿ ਸਾਨੂੰ ਹੁਕਮ ਨਹੀਂ। ਸਰਦਾਰ ਨੇ ਕਿਹਾ ਕਿ ਮੈਂ ਹੁਕਮ ਲੈ ਕੇ ਆਇਆ ਹਾਂ। ਮਸਤਾਨਿਆਂ ਕਿਹਾ ਕਿ ਸਾਡਾ ਸਿੰਘ ਲੈ ਜਾਵੇ, ਜੇ ਸਤਿਗੁਰੂ ਜੀ ਆਖਣਗੇ ਤਾਂ ਛਕ ਲਵਾਂਗੇ। ਫੇਰ ਸਤਿਗੁਰੂ ਜੀ ਹੁਕਮ ਦਿੱਤਾ ਤੇ ਤਾਂ ਪ੍ਰਸ਼ਾਦ ਛਕਿਆ। ਛਕ ਕੇ ਪ੍ਰਸ਼ਾਦ ਸ੍ਰੀ ਸਤਿਗੁਰੂ ਜੀ ਕੇ ਹਜੂਰ ਆਏ। ਸੀਸ ਝੁਕਾਇਕੇ ਫ਼ਤੇ ਗਜਾਇਕੇ ਖੜੇ ਹੋਏ ਹੱਥ ਜੋੜਕੇ ਸਤਿਗੁਰੂ ਜੀ ਬਚਨ ਕੀਤਾ ਤੇਜੀ ਮੈ ਹੋਇਕੇ 'ਕਿਓਂ ਓਏ ਹੀਰਿਆ ਤੇ ਲਹਿਣਿਆ ਗਊਆਂ ਤੇ ਹੱਥ ਉਠੰਦੇ ਹੋ? ਜੇਕਰ ਸਿੰਘਾਂ ਉੱਤੇ ਹੱਥ ਉਠੰਦੇ ਹੋ ਜਾਵੋ ਬੁਚੜਾਂ ਨੂੰ ਮਾਰੋ। ਧੁਆਡਾ ਭੋਗ ਪਾਵਾਂਗੇ। ਧੁਆਡੀਆਂ ਪੁਸ਼ਾਕਾਂ ਦੇਵਾਂਗੇ। ਧੁਆਡਾ ਗੁਰੂ ਭਲਾ ਕਰੇਗਾ।

ਸੀਸ ਦੇਨੇ ਕਾ ਵਰ ਕੀਤਾ।ਅੰਤਰਜਾਮੀ ਜੀ ਵਰਤਾਰੇ ਨੂੰ ਜਾਣ ਰਹੇ ਹੈਂ। ਸਤਿਗੁਰੂ ਜੀ ਬਚਨ ਕੀਤਾ ਸਿਦਕ ਦੇ ਬੁੱਧੇ ਚੋਟਾਂ ਖਾਂਦੇ ਹੈਨ ਸਰਦਾਰੀਆਂ ਛੱਡਕੇ। ਹੀਰਾ ਸਿੰਘ ਹੋਰਾਂ ਨੇ ਸਮਝਿਆ ਕਿ ਮਹਾਂਪੁਰਖਾਂ ਕਾ ਬੋਲਣਾ ਹੋਵੇ ਕਿਤੇ ਪਰਥਾਇ। ਸਾਡੇ ਜੇ ਸੀਸ ਲੱਗਣ ਤਾਂ ਪਾਪ ਉਤਰਦਾ ਹੈ। ਧਰਮ ਹੇਤ ਸਾਡੇ ਸੀਸ ਲੱਗਣਗੇ। ਮਸਤਾਨੇ ਡੇਰੇ ਆਇ ਗਏ।

## ਕਰਮਾਂ ਕਾ ਕੋਈ ਸ਼ਰੀਕ ਨਹੀਂ

ਸਰਦਾਰ ਗੁਰਦਿੱਤ ਸਿੰਘ ਨੇ ਸਾਢੇ ਸੱਤ ਸੈ ਕੀ ਚੰਬੀ ਘੋੜੀ ਉੱਤੇ ਚਾਂਦੀ ਦਾ ਸਾਜ਼ ਪਾਕੇ ਸਤਿਗੁਰਾਂ ਦੇ ਹਾਜਰ ਕੀਤੀ। ਦੀਵਾਨ ਬੰਦ ਕਰਕੇ ਸਤਿਗੁਰੂ ਜੀ ਮਿਹਰਬਾਨ ਹੋਇਕੇ ਬਚਨ ਕੀਤਾ ਏਸ ਦੀ ਕੋਈ ਰੀਸ ਕਰੇ ਤਾਂ ਨਹੀਂ ਹੁੰਦੀ ਹੈ। ਰੋਸ ਕਰਨਾ ਅਗਲੇ ਨੂੰ ਦੇਖਕੇ ਸੋ ਬਿਰਥਾ ਹੈ। ਪਿਛਲਾ ਕੀਆ ਏਥੇ ਭੋਗਦੇ ਹੈਂ। ਏਥੇ ਕੀਤਾ ਹੋਇਆ ਅੱਗੇ ਜਾਇ ਭੋਗੇਗਾ। ਜੇ ਕੋਈ ਕਿਸੇ ਦੇ ਪਦਾਰਥ ਨੂੰ ਦੇਖਕੇ ਨਿੰਦਾ ਕਰੇ ਤਾਂ ਉਸਕੀ ਨਿੰਦਾ ਨਹੀਂ ਹੁੰਦੀ ਹੈ। ਕੌਣ ਪੁਰਖ ਹੈ ਜੋ ਕਿਸੇ ਕੇ ਕਰਮੋਂ ਕੋ ਮਿਟਾਇ ਦੇਵੇ। ਜਿਨ੍ਹਾਂ ਨੇ ਏਹੋ ਜੇਹੀਆਂ ਕਮਾਈਆਂ ਕੀਤੀਆਂ ਹੈਨ ਉਨ੍ਹਾਂ ਕੇ ਕਰਮਾਂ ਕਾ ਕੋਈ ਸ਼ਰੀਕ ਨਹੀਂ ਹੈ।

ਏਸ ਦੌਰੇ ਮੈ ਦਸ ਮੇਲੇ ਕੀਤੇ। ੪ ਨਾਈ ਵਾਲੇ, ੩ ਦਮਦਮੇਂ, ੩ ਕਰਤਾਰ ਗੜ (ਕਸਾਈ ਵਾਲਾ)। ਕੜਾਹ ਪ੍ਰਸਾਦਿ ਛਕਾਇਆ ਸੰਗਤ ਕੋ। ਭਾਈ ਹੀਰਾ ਸਿੰਘ ਨੇ ਕਹਿਆ ਜੇੜੀ ਸਾਡੇ ਉਤੇ ਹੱਥ ਫੇਰੀ ਕੀਤੀ ਹੈ (ਮਾਰਿਆ ਹੈ) ਸੋ ਸਾਡੇ ਸੰਜੋਆਂ ਪਹਿਰਾਈਆਂ ਹੈਂ। ਦੇਹਾਂ ਸਾਡੀਆਂ ਬਜਰ ਦੀਆਂ ਕਰ ਦਿੱਤੀਆਂ ਹੈਨ। ਹੁਣ ਸ਼ਸਤਰ ਨਹੀਂ ਲਗੇਗਾ।

## ਧੁਆਨੂੰ ਚਾਰੇ ਚੌਕ ਜਾਗੀਰ

ਸਤਿਗੁਰੂ ਜੀ ਅਰਦਾਸਾ ਕਰਕੇ ਤੁਰੇ। ਭਾਈ ਬਖ਼ਤੌਰ ਆਏ। ਮਸਤਾਨਿਆਂ ਨੇ ਆਇ ਫਤੇ ਬੁਲਾਈ। ਸੱਜੇ ਪਟ ਪਰ ਹੀਰਾ ਸਿੰਘ ਨੂੰ, ਖੱਬੇ ਪਟ ਪਰ ਲੈਹਣਾ ਸਿੰਘ ਨੂੰ ਬਹਾਇਕੇ ਥਾਪੀ ਦਿੱਤੀ। ਗੁਰੂ ਜੀ ਬਚਨ ਕੀਤਾ ਜੇਕਰ ਸੀਰੀ ਜਾਂ ਨੌਕਰ ਨਾਲ ਇਤਨੀ ਕਰੀਏ ਤਾ ਓਹ ਭੀ

ਨਹੀਂ ਸਹਾਰ ਸਕਦਾ। ਦੇਖੋ ਇਹ ਸਰਦਾਰਾਂ ਕੇ ਪੁੱਤਰ ਹੈਂ। ਫੇਰ ਵੀ ਮੁਖ ਨਹੀਂ ਮੋੜਦੇ ਹੈਂ। ਫੇਰ ਬਚਨ ਕੀਤਾ ਤੁਸੀਂ ਰਾਜੀ ਹੋ? ਹੀਰਾ ਸਿੰਘ ਨੇ ਕਹਿਆ ਜੀ ਰਾਮਦਾਸਪੁਰੇ ਸੂਬੇ ਨਹੀਂ ਟਿਕਣ ਦਿੰਦੇ ਹੈ। ਸਕਰੌਦੀ ਨਿਹਾਲ ਸਿੰਘ ਨਹੀਂ ਟਿਕਣ ਦਿੰਦਾ। ਸੰਗਤ ਮੈ ਸਿੰਘ ਨਹੀਂ ਟਿਕਣ ਦਿੰਦੇ। ਕਹਿੰਦੇ ਹੈਂ ਸਾਡੇ ਘਰ ਨਾ ਬੜੋ। ਗੁਰੂ ਜੀ ਬਚਨ ਕੀਤਾ ਧੁਆਨੂੰ ਚਾਰੇ ਚੱਕ ਜਾਗੀਰ ਹੈ। ਮੁਲਖ਼ ਮਾਹੀ ਦਾ ਸਾਰਾ ਧੁਆਡਾ ਹੈ। ਖੁਸ਼ੀਆਂ ਲੈ ਕੇ ਮਸਤਾਨੇ ਸਕਰੌਦੀ ਜਾਇਕੇ ਮੇਲੇ ਕੀ ਤਿਆਰੀ ਕੀਤੀ ਸਤਿਗੁਰੂ ਜੀ ਕੇ ਚਰਨ ਪੁਆਵਣੇ ਕੇ ਵਾਸਤੇ।

## ਸਕਰੌਦੀ ਆਏ

ਅਰਦਾਸਾ ਕਰਕੇ ਤੁਰੇ। ਦੌਰਾ ਕਰਦੇ ਸਕਰੌਦੀ ਗਏ। ਮਸਤਾਨੇ ਅੱਗੇ ਸੇ ਲੈਣ ਆਏ ਪਰ ਸੂਬੇ ਨਰਾਜ ਸੀ। ਦੀਨਾਨਾਥ ਜੀ ਸਕਰੌਦੀ ਦਰਸ਼ਨ ਦੀਆ, ਬੜੀ ਖੁਸ਼ੀ ਹੋਈ। ਬੜੀ ਸ਼ਰਧਾ ਸੇ ਟਹਿਲ ਕੀਤੀ। ਰਜਵਾਂ ਕੜਾਹ ਪ੍ਰਸ਼ਾਦਿ ਛਕਾਇਆ। ਆਸਾ ਕੀ ਵਾਰਾ ਲਗੀ। ਅਰਦਾਸਾ ਕੀਤਾ। ਤਿਆਰ ਹੋਏ। ਸਕਰੌਦੀ ਕੇ ਨਿਹਾਲ ਸਿੰਘ ਨੇ ਅਰਜ਼ ਕੀਤੀ ਜੀ ਮੇਰੇ ਭੀ ਲੰਗਰ ਕਰੋ। ਬਚਨ ਕੀਤਾ ਅਸੀਂ ਹੁਣ ਇਕ ਘੜੀ ਨਹੀਂ ਠਹਿਰਦੇ ਹੈਂ। ਲੰਗਰ ਬੜੇ ਛਕੇ ਹੈਂ। ਬੜਾ ਰਸ ਸੀ ਦੇਗ ਵਿਚ, ਬੜੇ ਪ੍ਰਸਾਦੇ ਛਕੇ ਹੈਂ। ਬੜਾ ਤੇਜ ਹੈ ਇਨ੍ਹਾਂ ਦਾ। ਬਡੇ ਬਲੀ ਹੈਂ।

## ਏਹ ਗੱਲ ਨਹੀਂ ਕਰਨੀ ਹੈ

ਸਤਿਗੁਰੂ ਜੀ ਮਾਈਸਰਖਾਨੇ ਪੜਾਉ ਕੀਤਾ। ਗਿਆਨਾ ਸਿੰਘ ਨੇ ਸ੍ਰੀ ਸਤਿਗੁਰੂ ਜੀ ਅੱਗੇ ਫੇਰ ਅਨੰਦ ਪੜਾਉਣ ਦੀ ਅਰਜ਼ ਕੀਤੀ। ਗੁਰੂ ਜੀ ਬਚਨ ਕੀਤਾ ਗਿਆਨਾ ਸਿੰਘ ਏਹ ਗੱਲ ਨਹੀਂ ਕਰਨੀ ਹੈ। ਸਾਡਾ ਏਕ ਗਾਨਾ ਬੱਧਾ ਹੋਇਆ ਹੈ। ਜੇਕਰ ਏਹ ਪੂਰਾ ਹੋਇ ਗਿਆ ਤਾ ਇਕ ਕੀ ਅਨੇਕਾਂ ਗਾਨੇ ਬੰਨ੍ਹਾਂਗੇ। ਗਿਆਨਾ ਸਿੰਘ ਤੂੰ ਮੈਨੂੰ ਬਹੁਤ ਅਕੌਂਦਾ ਹੈਂ। ਮੈਂ ਤੈਨੂੰ ਸਰਾਫ਼ ਦੇਊਂਗਾ। ਗਿਆਨਾ ਸਿੰਘ ਨੇ ਕਹਿਆ ਜੀ ਮੈਨੂੰ ਨਹੀਂ ਧੁਆਡਾ ਸਰਾਫ ਲਗਦਾ। ਬਚਨ ਹੋਇਆ ਕਿਉਂ ਨਹੀਂ ਲਗਦਾ ਹੈ? ਕਹਾ ਕਿ ਜੇ ਤੂੰ ਗੋਬਿੰਦ ਹੈਂ ਤਾਂ ਤੇਰੇ ਰੰਗ ਵਿਚ ਮੈਂ ਗੁਧਾ ਹੋਇਆ ਹਾਂ। ਜੇਕਰ ਮਨੁੱਖ ਹੈਂ ਤਾਂ ਭੀ ਨਹੀਂ ਲਗਦਾ। ਦੀਨਾਨਾਥ ਜੀ ਬਚਨ ਕੀਤਾ ਜੋ ਪੜਿਆ ਹੋਇਆ ਹੁੰਦਾ ਹੈ ਜੈਸੇ ਬੰਦਰ ਪਿੱਠ ਪਰਣੇ ਸਿੱਟੀਏ ਤਾਂ ਭੀ ਪੈਰਾ ਭਾਰ ਡਿਗਦਾ ਹੈ।

ਕੁੜੀ ਦੇ ਪਿਉ[1] ਨੂੰ ਸੱਦ ਕੇ ਬਚਨ ਕੀਤਾ ਮੈਂ ਤਾ ਤਰਖਾਣ ਹਾਂ ਤੁਸੀਂ ਬੈਰਾੜ ਹੋ। ਧੁਆਨੂੰ ਕਬੀਲਾ ਦੁੱਖ ਦੇਊਗਾ। ਸਰਕਾਰ ਦੁੱਖ ਦੇਵੇਗੀ। ਸਾਡਾ ਤਾ ਏਥੇ ਕੋਈ ਦਿਨ ਦਾ ਹੀ ਰਹਿਣਾ ਹੈ। ਮੇਰੇ ਨਾਲ ਕੀ ਸੁਖ ਪਾਊਗੀ। ਸਾਡੇ ਨਾਲ ਵਿਆਹ ਕਰਾਉਣਾ ਅਜਰ ਜਰਨਾ ਹੈ। ਜੋ ਅਜਰ ਜਰੇ ਸੋ ਸਾਡੇ ਨਾਲ ਵਿਆਹ ਕਰਵਾਵੇ। ਏਤਨੇਂ ਕੁ ਬਚਨ ਕਰਕੇ ਸ੍ਰੀ ਸਤਿਗੁਰੂ ਜੀ ਚੁਪ ਕਰ ਗਏ।

1 ਰਾਮ ਸਿੰਘ ਉਰਫ਼ ਹਰਨਾਮ ਸਿੰਘ, ਅਤਰੀ ਦਾ ਪਿਤਾ। ਅਤਰੀ ਦਾ ਅਸਲ ਨਾਮ ਮਤਾਬ ਕੌਰ ਸੀ।

## ਮੈਂਗਲ ਸਿੰਘ ਭੇਜਿਆ

ਬਾਬਾ ਜਮੀਤ ਸਿੰਘ ਜਾਂ ਨੌਕਰੀ ਮੈ ਨਾਲ ਸੀ ਤਾ ਓਥੇ ਪੁਛਿਆ ਸੀ ਸ੍ਰੀ ਸਤਿਗੁਰੂ ਜੀ ਪਾਸੋਂ ਧੁਆਨੂੰ ਕਾਮ ਤਾ ਨਹੀਂ ਸਤਾਉਂਦਾ ਹੈ। ਦੀਨਾਨਾਥ ਜੀ ਬਚਨ ਕੀਤਾ ਮੈਨੂੰ ਨਹੀਂ ਕਾਮ ਸਤਾਉਂਦਾ ਹੈ। ਜਮੀਤ ਸਿੰਘ ਨੇ ਕਿਹਾ ਜੀ ਮੈਨੂੰ ਸਤਾਉਂਦਾ ਹੈ। ਦੀਨ ਦਿਆਲ ਜੀ ਮਿਹਰ ਕੀਤੀ ਫੇਰ ਨਾ ਕਾਮ ਕੀ ਵਾਸ਼ਨਾ ਹੋਈ। ਸਾਰੀ ਉਮਰ ਸਾਂਤਕੀ ਨਾਲ ਲੰਘ ਗਈ। ਨਾਮ ਕੀ ਮੂਰਤ ਦਰਸ਼ਨ ਕਰ ਨਾਮ ਯਾਦ ਔਂਦਾ ਹੈ। ਰੱਬ ਕਾ ਈ ਰੂਪ ਹੈ। ਅਨੇਕ ਸਿੰਘਾਂ ਨੂੰ ਭਜਨ ਦੇਕੇ ਨਿਹਾਲ ਕੀਤਾ। ਤਿਸ ਬਾਬੇ ਜਮੀਤ ਸਿੰਘ ਗਿੱਲਾਂ ਵਾਲੇ ਨੇ ਗਿੱਲੀ ਆਕੇ ਬਚਨ ਸੁਣਾਇਆ ਸੀ।

ਦੜਪ ਮੇਂ ਬਾਬੇ ਜਮੀਤ ਸਿੰਘ ਸੁਣਿਆ ਕਿ ਖਾਨੇ[1] ਮੈ ਏਕ ਲੜਕੀ ਹੈ। ਤਿਸਦੇ ਨਾਲ ਅਨੰਦ ਸ੍ਰੀ ਸਤਿਗੁਰੂ ਜੀ ਕਾ ਸੰਗਤ ਕਰਦੀ ਹੈ ਤੇ ਸਤਿਗੁਰੂ ਜੀ ਜਵਾਬ ਦੇਈ ਜਾਂਦੇ ਹੈਂ ਪਰ ਸੰਗਤ ਮੈ ਗਿਆਨਾ ਸਿੰਘ ਹੈ ਤਿਸਨੇ ਕਹਿ ਕਹਾਇਕੇ ਅਨੰਦ ਪੜਾਉਣੇ ਦੀ ਤਿਆਰੀ ਕੀਤੀ ਹੈ। ਬਾਬੇ ਜਮੀਤ ਸਿੰਘ ਸੁਣਕੇ ਤਤਕਾਲ ਮੈਂਗਲ ਸਿੰਘ[2] ਭੇਜਿਆ ਕੇ ਮੇਰਾ ਨਾਉਂ ਲੈ ਕੇ ਆਖੀਂ ਜਮੀਤ ਸਿੰਘ ਕਹਿੰਦਾ ਹੈ ਤੁਸੀਂ ਕੀ ਕਹਿੰਦੇ ਸੇ ਤੇ ਕੀ ਕਰਨ ਲੱਗੇ ਹੋ। ਜਾਂ ਮੈਂਗਲ ਸਿੰਘ ਆਇਆ ਤਾਂ ਦੀਨ ਦਿਆਲ ਜੀ ਅਕੇਲੇ ਬੈਠੇ ਹੈਂ। ਮੈਂਗਲ ਸਿੰਘ ਨੇ ਓਵੇਂ ਹੀ ਦਸਿਆ ਬਾਬਾ ਜਮੀਤ ਸਿੰਘ ਕਹਿੰਦਾ ਹੈ ਨੌਕਰੀ ਮੈ ਤੁਸੀਂ ਕੀ ਕਹਿੰਦੇ ਸੇ ਤੇ ਹੁਣ ਕੀ ਕਰਨ ਲੱਗੇ ਹੋ? ਦੀਨਾਨਾਥ ਜੀ ਬਚਨ ਕੀਤਾ ਤੂੰ ਹੁਣ ਇਸੀ ਵਕਤ ਮੁੜ ਜਾਓ। ਜੇਕਰ ਮਲਵਈਆਂ ਨੇ ਸੁਣ ਲਿਆ ਕਿ ਏਹ ਹਟਾਉਂਦਾ ਹੈ ਤਾਂ ਤੈਨੂੰ ਮਾਰ ਦੇਣਗੇ। ਸੁਣਦੇ ਸਾਰ ਅਸਵਾਰ ਹੋਇਕੇ ਚਲਾ ਗਿਆ ਪਿਛਾਂ ਨੂੰ ਮੈਂਗਲ ਸਿੰਘ।

## ਛਾਪਾ[3] ਮਗਰੋਂ ਲਾਹਿਆ ਹੈ

ਦੀਨਾਨਾਥ ਜੀ ਅੱਗੇ ਹੀ ਜਵਾਬ ਦੇਈ ਜਾਂਦੇ ਸੀ। ਸਾਰਿਆਂ ਨੂੰ ਕਹਿੰਦੇ ਹੈਂ ਅਸੀਂ ਅਜੇ ਜਾਣਾ ਹੈ। ਅੱਗੇ ਹੋਰ ਕਾਰ ਤੁਰਨੀ ਹੈ। ਗੁਰੂ ਜੀ ਜਬਾਬ ਦੇ ਦੀਆ। ਮਲਵਈਆਂ ਨੇ ਸੁਣਿਆ ਕਿ ਮੈਂਗਲ ਸਿੰਘ ਬੰਦ ਕਰ ਗਿਆ ਹੈ ਪਰ ਪੇਸ਼ ਕੋਈ ਨਹੀਂ ਗਈ। ਬਾਬਾ ਜਵਾਹਰ ਸਿੰਘ ਵੀ ਨਰਾਜ ਸੀ। ਪੁੱਛਣ ਲਗਾ ਜੀ ਸਿੰਘ ਕਹਿੰਦੇ ਹੈ ਅਨੰਦ ਪੜਾਉਣ ਲਗੇ ਹੈਂ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਬਾਬਾ ਅਸੀਂ ਤਾ ਛਾਪਾ ਮਗਰੋਂ ਲਾਹਿਆ ਹੈ। ਅਜੇ ਤਾ ਹੋਰ ਕਾਰ ਤੁਰਨੀ ਹੈ। ਬਾਬੇ ਗਿਆਨਾ ਸਿੰਘ ਨੇ ਸਤਿਗੁਰਾਂ ਦੇ ਹੱਥ ਦੀ ਮੁੰਦਰੀ ਲਾਹ ਕੇ ਕੁੜੀ ਦੇ ਹੱਥ ਖਾਨੇ ਪਾ ਦਿੱਤੀ ਮੱਲੋ ਮੱਲੀ।

## ਗਿਆਨਾ ਸਿੰਘ ਨੂੰ ਸਰਾਪ

1 ਮਾਈਸਰਖਾਨਾ।

2 ਪਿੰਡ ਗਿੱਲ ਜ਼ਿਲ੍ਹਾ ਸਿਆਲਕੋਟ। ਪਿਤਾ ਦਾ ਨਾਂ ਸਰਦਾਰ ਗੰਡਾ ਸਿੰਘ।

3 ਸਿਆਪਾ (ਧੱਕੇ ਨਾਲ ਪਈ ਗੱਲ ਨੂੰ ਟਾਲਣਾ) ।

ਖਾਨੇਂ ਸੇ ਕੁੜੀ ਨੂੰ ਨਾਲ ਲੈ ਕੇ ਗਿਆਨਾ ਸਿੰਘ ਖਟੜੀਂ ਆਇ ਮਿਲਿਆ। ਦਰਸ਼ਨ ਦੇਂਦੇ ਸਤਿਗੁਰੂ ਜੀ ਰਾਮਦਾਸਪੁਰੇ ਆਏ। ਗਿਆਨਾ ਸਿੰਘ ਨੇ ਫੇਰ ਅਰਜ਼ ਕੀਤੀ ਕਿ ਅਨੰਦ ਤੁਸੀਂ ਪੜਾਵੋ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਸ਼ਤਾਬੀ ਨਾ ਕਰ ਅਸਾਂ ਅਜੇ ਪਰਦੇਸ ਜਾਣਾ ਹੈ। ਬੜਾ ਕੰਮ ਰਹਿੰਦਾ ਹੈ। ਅਜੇ ਤਾਂ ਮੈਂ ਗੋੜ੍ਹੇ ਵਿਚੋਂ ਪੂਣੀ ਬੀ ਨਹੀਂ ਕੱਤੀ। ਗਿਆਨਾ ਸਿੰਘ ਨੇ ਫੇਰ ਕਹਾ ਜੀ ਅਨੰਦ ਪੜਾਇ ਲਵੋਂ ਡੇਰ ਕਿਉਂ ਕਰਦੇ ਹੋ। ਸਤਿਗੁਰੂ ਜੀ ਬਚਨ ਕੀਤਾ ਗਿਆਨਾ ਸਿੰਘਾ ਕਿਉਂ ਸ਼ਤਾਬੀ ਗਲ਼ ਫਾਂਸੀ ਪੌਂਦਾ ਹੈ। ਗਿਆਨਾ ਸਿੰਘ ਕੋ ਫ਼ਾਸੀ ਕਾ ਸਰਾਫ ਹੋਇਆ। ਗਿਆਨਾ ਸਿੰਘ ਕੀ ਭੀ ਏਹੋ ਮੰਗ ਸੀ ਕਿ ਮੇਰਾ ਸਰੀਰ ਧਰਮ ਹੇਤ ਲੱਗੇ ਤਾਂ ਅੱਛਾ ਹੈ, ਤਾਂ ਉਹੀ ਬੋਲਾ ਹੋ ਗਿਆ ਹੈ।

ਸਤਿਗੁਰੂ ਜੀ ਨੇ ਸੋਈ ਬਿਧ ਬਣਾਈ ਹੈ। ਫੇਰ ਹੁਕਮ ਦਿੱਤਾ ਸ੍ਰੀ ਸਤਿਗੁਰੂ ਜੀ ਅਜੇ ਤਾ ਅਸਾਂ ਪਰਦੇਸ ਜਾਣਾ ਹੈ। ਜੇਕਰ ਓਨਾਂ ਚਿਰ ਠਹਰਨਾ ਹੈ ਤਾ ਉਤਨਾ ਚਿਰ ਮਨੀ ਸਿੰਘ[1] ਥੋਂ ਵਿੱਦਿਆ ਪੜੇ ਤੇ ਚੁਬਾਰੇ ਮੈ ਬੈਠਕੇ ਜਤ ਸਤ ਰਹੇਗੀ ਤੇ ਬੰਦਗੀ ਕਰੇਗੀ ਤਾਂ ਆਇਕੇ ਦੇਖਿਆ ਜਾਏਗਾ। ਬਚਨ ਕੀਤਾ ਤੁਸੀਂ ਮੁੜ ਜਾਓ ਖਾਨੇ ਨੂੰ। ਥੋੜੇ ਜੈਹੇ ਦਿਨ ਰਹਿਕੇ ਅਤਰੀ ਮੁੜ ਗਈ। ਉਸ ਸਮੇਂ ਸਾਰਿਆਂ ਸਿੰਘਾਂ ਨੇ ਇਹ ਸਮਝਿਆ ਕਿ ਅਨੰਦ ਪੜਾਇ ਲੈਣਗੇ।

♦

1 ਅਤਰੀ ਦਾ ਚਾਚਾ।

# ਨਿਪਾਲ ਨਾਲ ਸੰਬੰਧ

ਫ਼ਤੇਵਾਲ ਕਾ ਕਿਸ਼ਨ ਸਿੰਘ ਸੀ। ਤਿਸ ਨੇ ਆਪਣੀ ਭਨੇਵੀਂ ਦਾ ਮਾੜਾ ਕਰਮ ਦੇਖਕੇ ਜਿਸ ਨਾਲ ਰਲੀ ਹੋਈ ਸੀ ਉਸਕਾ ਸਿਰ ਕੱਟਕੇ ਅਤੇ ਭਨੇਵੀ ਦਾ ਵੀ ਕੱਟਕੇ ਨਿਪਾਲ ਵਾਲੇ ਰਾਜੇ ਕੋਲ ਜਾਇ ਨੌਕਰ ਹੋਇਆ। ਏਕ ਦੋ ਸਿੰਘ ਹੋਰ ਥੇ। ਰਾਜੇ ਨੇ ਉਸਨੂੰ ਸੂਬੇਦਾਰ ਕਰ ਦੀਆ। ਕਿਸ਼ਨ ਸਿੰਘ ਗੁਰੂ ਬਾਰ੍ਹਵੇਂ ਕੀ ਅਰ ਪੰਥ ਕੀ ਉਸਤਤ ਕੀਤੀ ਰਾਜੇ ਕੋਲ। ਪਹਿਲੇ ਗੁਰੂ ਜੀ ਕੇ ਚਿਹਨ ਚੱਕਰ ਕੀ ਉਪਮਾ ਕੀਤੀ। ਸਵਾ ਗਿਠ ਲੰਬੀ ਗਰਦਨ ਹੈ। ਸਭ ਥੀਂ ਉੱਚੀ ਮੂਰਤੀ ਦਿਸਦੀ ਹੈ। ਦੂਰੋਂ ਚੇਹਰਾ ਗੁਰੂ ਜੀ ਕਾ ਕੋਟ ਸੂਰਜ ਕਾ ਪ੍ਰਗਾਸ ਹੈ। ਗੁਰੂ ਜੀ ਕੇ ਸਰੀਰ ਮੈ ਗੰਢ ਨਹੀਂ ਹੈ। ਬੜਾ ਸੱਚਾ ਪੰਥ ਪੈਦਾ ਕੀਤਾ ਹੈ ਮਾਨੋਂ ਧਰਮ ਲੜੀ ਲੱਗੀ ਹੈ। ਜੋ ਭਜਨ ਲੈਂਦਾ ਹੈ ਤਾ ਸਰੀਰ ਕੀ ਤਾਸੀਰ ਬਦਲ ਜਾਂਦੀ ਹੈ। ਮਾਨਸ ਥੀਂ ਦੇਉਤਾ ਕਰ ਦੇਂਦੇ ਹੈ। ਸ਼ਬਦ ਸੁਣਨ ਸਾਰ ਰੰਗ ਲਾਲ ਹੋਇ ਜਾਂਦਾ ਹੈ। ਰੂਪ ਰੰਗ ਪਲਟ ਜਾਂਦੇ ਹੈਂ। ਚਾਰ ਬਰਨ ਕੋ ਭਜਨ ਦੇਕੇ ਇਕ ਰੂਪ ਕਰੀ ਜਾਂਦੇ ਹੈਂ। ਹੋਰ ਮਜ਼੍ਹਬੀ, ਰਾਮਦਾਸੀਏ, ਮੁਸਲਮਾਨ ਸਭ ਨੂੰ ਨਾਮ ਕੰਨ ਮੈਂ ਸੁਣਾਉਂਦੇ ਹੈਂ। ਖਤਰੀ ਬ੍ਰਾਹਮਣ ਸੂਦ ਵੈਸ਼ ਕੋਈ ਜਾਤ ਆਵੇ ਸਭ ਨੂੰ ਭਜਨ ਦੇਂਦੇ ਹੈਂ। ਅੱਠੇ ਪਹਿਰ ਦੇਗ ਚਲਦੀ ਹੈ। ਸਰਬ ਜਾਤ ਨੂੰ ਅੰਨ ਛਕਣ ਨੂੰ ਮਿਲਦਾ ਹੈ। ਪਹਿਰ ਰਾਤ ਰਹਿੰਦੀ ਸੇ ਪ੍ਰਸ਼ਾਦ ਬਣਨਾ। ਅਰ ਅੱਠੇ ਪਹਿਰ ਕੋਈ ਕਦੇ ਆਵੇ ਅੰਨ ਛਕਣ ਵਾਲਾ ਉਸੀ ਵਕਤ ਪ੍ਰਸ਼ਾਦ ਮਿਲਦਾ ਹੈ। ਸੂਰਜ ਚੜ੍ਹਦੇ ਦੇ ਨਾਲ ਪ੍ਰਸ਼ਾਦ ਅਰਦਾਸਾ ਕਰਕੇ ਬਰਤਾਂਵਦੇ ਹੈਂ। ਜੇ ਕੋਈ ਅੱਧੀ ਰਾਤ ਨੂੰ ਆਇ ਕਰ ਮੰਗੇ ਪ੍ਰਸ਼ਾਦਾ ਤਾਂ ਉਸ ਨੂੰ ਭੀ ਉਸੀ ਵਕਤ ਦੇਂਦੇ ਹੈਂ।

ਸਵਾ ਪਹਿਰ ਰਾਤ ਨਾਲ ਇਸ਼ਨਾਨ ਕਰਦੇ ਹੈਂ। ਆਸਾ ਕੀ ਵਾਰ ਲਗਦੀ ਹੈ। ਬਾਣੀ ਗ੍ਰੰਥ ਸਾਹਿਬ ਕੀ ਪੜ੍ਹਦੇ ਸੁਣਦੇ ਹੈਂ। ਸੁਣਕੇਸੀਂ ਇਸ਼ਨਾਨ ਕਰਕੇ ਨਾਮ ਜਪਦੇ ਹੈਂ। ਜਪੁ ਜਾਪ ਭੀ ਸਭ ਪੜ੍ਹਦੇ ਹੈਂ। ਹੋਰ ਹੁਕਮ ਹੈ ਕਿ ਟੋਕਰੇ ਮੈ ਲੰਗਰ ਕਾ ਪ੍ਰਸ਼ਾਦਾ ਪਿਆ ਰਹੇ। ਜੇੜ੍ਹਾ ਦਸਵੇਂ ਪਾਤਸ਼ਾਹ ਜੀ ਕਾ ਬਚਨ ਹੈ 'ਦੁਹੂੰ ਪੰਥ ਮੈ ਕਪਟ ਵਿੱਦਿਆ ਚਲਾਨੀ। ਬਹੁੜ ਤੀਸਰਾ ਪੰਥ ਕੀਜੈ ਪਰਧਾਨੀ' ਸੋ ਸੰਤ ਖਾਲਸਾ ਹੋਇਆ ਹੈ ਪ੍ਰਗਟ ਪ੍ਰਿਥੀ ਕੇ ਪਟੜੇ ਪਰ। ਜੋ ਪੰਜੇ ਐਬ ਕਰਦਾ ਹੋਵੇ ਭਜਨ ਲੈਣੇ ਸੇ ਤਤਕਾਲ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਮਤਸਰ, ਨਿੰਦਾ, ਨੀਲ, ਤਮਾਕੂ, ਮਾਸ, ਸ਼ਰਾਬ, ਛੁਰੀ, ਉਸਤਰਾ, ਛੱਡ ਦਿੰਦੇ ਹੈਂ। ਮੀਣਾਂ, ਮਸੰਦ, ਨੜੀਮਾਰ, ਕੁੜੀਮਾਰ ਤੇ ਵੱਟਾ ਕਰਨਾ, ਮੜੀ ਮਸਾਣੀਂ ਦੇਉਤਾ ਦੇਵੀ ਰਾਣੀਂ ਕੁਲ ਕਾ ਪਿਤਰ ਜਠੇਰਾ ਬੰਦ, ਰੀਤ ਪੂਜਾ ਭੇਖਾਂ ਕੀ, ਬ੍ਰਾਹਮਣ ਮੀਂਏ ਭੂਤ ਪ੍ਰੇਤ ਲੋਕ ਲਾਜ ਸਾਕ ਸੈਨ ਜਾਦੂ ਮੰਤਰ ਤੰਤਰ ਏਤਨੀਆਂ ਬਾਤਾਂ ਤਿਆਗ ਕੇ ਨਾਮ ਪ੍ਰਮੇਸਰ ਜੀ ਕਾ ਜਪਦੇ ਹੈਂ। ਭਜਨ ਬਾਣੀ ਕਰਦੇ ਹੈਂ, ਅਕਾਲ ਪੁਰਖ ਕੋ ਮੰਨਦੇ ਹੈਂ। ਬਾਰ੍ਹਵਾਂ ਜਾਮਾ ਜੋ ਦਸਵੇਂ ਪਾਤਸ਼ਾਹ ਜੀ ਕਾ ਕਹਿਆ ਹੈ ਸੋ ਬਾਰ੍ਹਵਾਂ ਜਾਮਾ ਧਾਰ ਬੈਠੇ ਹੈਂ। ਬੜਾ ਬਲੀ ਗੁਰੂ ਪ੍ਰਗਟ ਹੋਇਆ ਹੈ।

**ਸਾਖੀ:**

ਰਿਲਪੁਰੇ ਬੀਚ ਬਾਢੀ ਸੁਤ ਹੋਈ।
ਬਲੂਆ ਰਾਜ ਕਰੈਗਾ ਸੋਈ।
ਬਾਢੀ ਸੁਤ ਗੁਰ ਕਹੀਏ ਜੋਈ।
ਮੁਮਕਲਾ ਤੇ ਅਵਤਾਰ ਹੋਈ।
– ਰਾਮ ਸਿੰਘ ਉਚ ਨੀਚਨ ਡਰੈ।
ਅਵਨੀ ਏਕ ਰਸੌਂਦੀ ਕਰੋ।
ਸਿੰਘਨ ਦਲਪਤਿ ਪਾਸੈ ਰਾਖੈ।
ਤਾਂ ਮਤਿ ਮਾਰ ਰਾਜ ਰਸ ਚਾਖੈ।
ਗੁਪਤਿ ਪੱਖ ਮੈਂ ਭੀ ਤਬ ਕਰੋਂ।
ਏਕ ਬੀਸ ਬਰਖਨ ਲਗ ਲਰੋਂ।
– ਮੁਲਕ ਕਸ਼ਮੀਰ ਦੁਖ ਦੇਇ ਜਬੈ।
ਬਿਪ੍ਰ ਬਿਸ਼ਨ ਜਸੁ ਸੁਤ ਹੁਇ ਤਬੈ।
ਰਾਮਦਾਸ ਪੁਰੇ ਹਮ ਤੁਮੈ ਗੁਰੂ ਦਾਸ ਹੋ ਤੀਜ।
ਮਿਲੈ ਸਲਾਹੀ ਹੌਹੁ ਤੁਮ ਬਾਤ ਬਨਾਵੈਂ ਚੀਜ਼।
ਪਰਸੁਰਾਮ ਸਮੇਂ ਇਹ ਅਵਤਾਰਾ।
ਬਿਪ੍ਰ ਤੇਜ਼ ਧੁਰਿ ਕਾਰਜ ਸਾਰਾ।

ਇਸ ਪ੍ਰਕਾਰ ਕੇ ਸਾਖੀਆਂ ਕੇ ਬਚਨ ਭੀ ਸੁਣਾਏ ਹੈਂ ਕੇ ਦੇਖੋ ਦਸਵੇਂ ਪਾਤਸ਼ਾਹ ਜੀ ਕਹਿ ਗਏ ਹੈਂ[1]। ਸੋਈ ਗੁਰੂ ਤੇ ਸੋਈ ਸੰਗਤ ਪ੍ਰਗਟ ਹੋਈ ਹੈ ਪੰਜਾਬ ਦੇਸ ਮੈ।

ਚਿੱਟਾ ਬਾਣਾ ਹੈ ਸਿੰਘਾਂ ਕਾ। ਪਾਂਚ ਕੱਕੇ ਕੀ ਰੀਤ ਰੱਖਦੇ ਹੈਂ। ਸੁੱਚ ਸੋਧ ਬੜੀ ਹੈ। ਸਰਬ ਜੀਆਂ ਪਰ ਰੱਛਿਆ ਕਰਦੇ ਹੈਂ ਮਾਨੋਂ ਦੇਵਤੇ ਮਲੂਮ ਹੁੰਦੇ ਹੈਂ। ਹੰਸਾਂ ਵਰਗੀ ਸ਼ਕਲ ਹੈ। ਦੇਖਕੇ ਸ਼ਾਂਤ ਆਇ ਜਾਂਦੀ ਹੈ। ਸਿੱਧਾ ਦਾੜ੍ਹਾ, ਸਿੱਧਾ ਦਸਤਾਰਾ ਹੈ। ਗਲ਼ ਮੈ ਚਿੱਟੀ ਮਾਲਾ। ਜਟਾ ਜੂਟ ਰੋਮ ਛੇਦਨ ਨਹੀਂ ਕਰਦੇ ਹੈਂ। ਨਾਮ ਦਾਨ ਇਸ਼ਨਾਨ, ਸਤ-ਸੰਤੋਖ, ਦਇਆ ਧਰਮ ਏਹ ਧਾਰਨ ਕੀਤੇ ਹੈਂ। ਮਾਨੋਂ ਧਰਮ ਲੜੀ ਚੱਲੀ ਹੈ ਪੰਜਾਬ ਕੀ ਧਰਤੀ ਪਰ। ਜਿੱਧਰ ਨੂੰ ਗੁਰੂ ਜੀ ਤੁਰਦੇ ਹੈਂ ਓਧਰੇ ਹੀ ਧਰਤੀ ਹਰੀ ਹੋਇ ਜਾਂਦੀ ਹੈ। ਦਰਸ਼ਨ ਕਰਕੇ ਜੀਵ ਮੋਹੇ ਜਾਂਦੇ ਹੈਂ। ਜਿੰਨ੍ਹਾਂ ਕੇ ਭਾਗ ਮੈਂ ਲਿਖਾ ਹੈ ਸੋ ਭਜਨ ਲੈਂਦੇ ਹੈਂ। ਭਜਨ ਸੁਣਦੇ ਸਾਰ ਕੰਨ ਮੈ ਮਨ ਕੀ ਬਿਰਤੀ ਇਕਾਗਰ ਹੋਇ ਜਾਂਦੀ ਹੈ ਤੇ ਆਤਮੇਂ ਕਾ ਸੁਖ ਜੋ ਹੈ ਤਿਸੀ ਕੋ ਪ੍ਰਾਪਤ ਹੋਇ ਜਾਂਦਾ ਹੈ। ਸੰਸਾਰ ਕੀਆਂ ਝੂਠੀਆਂ ਬਿਰਤੀਆਂ ਸਭ ਛੁੱਟ ਜਾਂਦੀਆਂ ਹੈਂ। ਐਸਾ ਗੁਰੂ ਬਲੀ ਹੈ। ਅੰਤਰ ਕਾ ਜੋ ਫੁਰਨਾ ਹੁੰਦਾ ਹੈ ਸਿੰਘ ਕਾ ਤੈਸਾ ਹੀ ਉੱਤਰ ਗੁਰੂ ਜੀ ਦਿੰਦੇ ਹੈਂ। ਉਸ ਕਾ ਸੰਸਾ ਨਵਿਰਤ ਕਰਦੇ ਹੈਂ। ਸੰਸੇ ਸਭ ਦੂਰ ਹੋਇ ਜਾਂਦੇ ਹੈਂ ਦਰਸ਼ਨ ਕਰਕੇ। ਪਾਪੀ ਪੁਰਖ ਕੇ ਪਾਪ ਕੰਬਦੇ ਹੈਂ। ਸਾਮਨੇ ਨੇਤਰ ਨਹੀਂ ਲਗਦਾ ਹੈ, ਭੈ ਆਉਂਦਾ ਹੈ। ਜਾਂ ਨਾਮ ਸੁਣਦਾ ਹੈ ਤਾ ਸਾਰੇ ਪਾਪ ਦੂਰ ਹੋ ਜਾਂਦੇ

1 ਸੋ ਸਾਖੀ।

ਹੈਂ। ਗੁਰਮੁਖਾਂ ਦੇ ਕੰਵਲ ਟਹਿਕ ਔਂਦੇ ਹੈਂ ਖਿੜ ਮੁਖ ਦਿਖਾਲੇ। ਮਨਮੁਖਾਂ ਕੇ ਕੌਲ ਮੁੰਦੇ ਜਾਂਦੇ ਹੈਂ।

ਲੱਛਨ ਗੁਰੂ ਕੇ ਤੇ ਪੰਥ ਕੇ ਸੁਣਕੇ ਰਾਜਾ ਨਿਪਾਲ[1] ਕਾ ਰਾਜੀ ਹੋਇਆ। ਗਊ ਗ਼ਰੀਬ ਦੀ ਰੱਛਿਆ ਹੋਊਗੀ। ਅਸੀਂ ਜੋ ਹਿੰਦੂ ਰਾਜੇ ਹਾਂ ਸਾਡੀ ਸਹਾਇਤਾ ਕਰਨਗੇ। ਫ਼ਰੰਗੀ ਸਾਨੂੰ ਪੰਜਾਬ ਦੇਸ ਨਹੀਂ ਜਾਣ ਦੇਂਦੇ। ਜੇ ਜਾਣ ਦੇਵਣ ਤਾਂ ਅੰਮ੍ਰਿਤਸਰ ਜੀ ਕਾ ਦਰਸ਼ਨ ਕਰੀਏ। ਜੇ ਫ਼ਰੰਗੀ ਜਾਣ ਦੇਣ ਓਧਰ ਤਾ ਗੁਰੂ ਬਾਰ੍ਹਵੇਂ ਜੀ ਕਾ ਦਰਸ਼ਨ ਕਰੀਏ। ਨਾਲੇ ਗਊ ਬਧ ਜੋ ਹੁੰਦਾ ਹੈ ਛੱਤਰੀ ਕੇ ਦੇਸ ਮਹਾ ਪੰਜਾਬ ਮੈ ਇਸ ਕੇ ਹਟਾਉਣ ਕੀ ਅਰਜ਼ ਕਰੀਏ। ਬਾਰ੍ਹਵੇਂ ਗੁਰੂ ਜੀ ਕੀ ਉਪਮਾ ਸਿੰਘਾਂ ਕੇ ਪਾਸੋਂ ਸੁਣਕੇ ਰਾਜੇ ਨੇ ਬੜਾ ਆਦਰ ਕੀਤਾ। ਕਹਿੰਦਾ ਹੈ ਏਹ ਤਾ ਧਰਮ ਕੀ ਧੁਜਾ ਖੜੀ ਹੋਈ ਹੈ। ਸਤਿਗੁਰੂ ਜੀ ਧਰਮ ਕੀ ਮੂਰਤੀ ਧਾਰੀ ਹੈ। ਅਸੀਂ ਵੀ ਏਹੋ ਚਾਹੁੰਦੇ ਹਾਂ ਕਿ ਧਰਮ ਵਰਤੇ। ਸਤਿਜੁਗ ਵਾਲੀ ਰੀਤੀ ਹੋਵੇ। ਸੋ ਹੁਣ ਸੋਇ ਸੁਣੀ ਹੈ ਸਤਿਗੁਰੂ ਜੀ ਕੀ। ਸਤਿਜੁਗ ਵਰਤਾਵਣ ਲਗੇ ਹੈ। ਫਰੰਗੀਆਂ ਅਰ ਤੁਰਕਾਂ ਕਾ ਰਾਜ ਸਾਜ ਸਭ ਹਟ ਜਾਵੇ। ਗੁਰੂ ਜੀ ਦਾ ਹੁਕਮ ਵਰਤੇ। ਜੇਕਰ ਐਸਾ ਗੁਰੂ ਪ੍ਰਗਟ ਹੋਇਆ ਹੈ ਤਾਂ ਗੁਰੂ ਕਾ ਹੀ ਰਾਜ ਸਾਜ ਹੋ ਜਾਵੇਗਾ। ਗਊ ਬੱਧ ਭੀ ਹਟ ਜਾਏਗਾ। ਸਾਰੀ ਧਰਤੀ ਪਰ ਧਰਮ ਵਰਤੇਗਾ। ਪਾਪ ਹਟ ਜਾਏਗਾ।

ਰਾਜੇ ਨੇ ਉਨ੍ਹਾਂ ਸਿੰਘਾਂ ਥੀਂ ਪੁੱਛਿਆ ਓਸ ਮੁਲਖ ਮੈ ਕੌਨ ਸਾ ਪਸੂ ਅੱਛਾ ਹੁੰਦਾ ਹੈ? ਓਨਾਂ ਸਿੰਘਾਂ ਨੇ ਕਹਾ ਜੀ ਭੈਂਸਾਂ ਚੰਗੀਆਂ ਹੁੰਦੀਆਂ ਹੈਂ। ਰਾਜੇ ਨੇ ਕਹਿਆ ਦੋ ਭੈਂਸਾਂ ਮੰਗਵਾਇ ਦੇਵੋ। ਸਿੰਘਾਂ ਨੇ ਰਾਮਦਾਸ ਪੁਰੇ ਸ੍ਰੀ ਸਤਿਗੁਰੂ ਜੀ ਕੋ ਲਿਖ ਭੇਜਿਆ ਦੋ ਭੈਂਸਾਂ ਰਾਜਾ ਮੰਗਦਾ ਹੈ। ਸ੍ਰੀ ਸਤਿਗੁਰੂ ਜੀ ਨੇ ਮੰਗਵਾਇ ਕੇ ਦੋ ਭੈਂਸਾਂ ਤੇ ੨ ਖੱਚਰਾਂ ਭੇਜੀਆਂ।[2] ਦੋ ਸੂਬੇ ਤੋਰੇ ਬਾਬਾ ਸਾਹਿਬ ਸਿੰਘ, ਨਿਹੰਗ ਸਿੰਘ।[3] ਸਤਿਗੁਰੂ ਜੀ ਬਚਨ ਕੀਤਾ ਰਾਜਾ ਮਾਲ ਕੋਈ ਦੇਵੇ ਤਾਂ ਨਾ ਲੈਣਾ। ਮਝੀਆਂ, ਅਤੇ ਦੋ ਖੱਚਰਾਂ ਲੈ ਕੇ ਸੁਖ ਸਾਂਦ ਨਾਲ ਨਿਪਾਲ ਜਾਇ ਰਹੇ। ਰਾਜਾ ਦੇਖਕੇ ਬੜਾ ਪ੍ਰਸੰਨ ਹੋਇਆ। ਕੁਝ ਰੋਕੁ ਦੀਆ[4] "ਇਕ ਗੁਟ ਘੋੜਾ ਦੀਆ, ਇਕ ਕਸਤੂਰੀ ਦੇ ਨਾਪਿਆਂ ਦੀ ਮਾਲਾ ਦਈ। ਦੋ ਖੁਖਰੀਆਂ, ਇਕ ਦੁਸ਼ਾਲਾ, ਚਾਲੀ ਗਜ਼ ਬਨਾਤ ਬਹੁਮੁੱਲੀ। ਹੋਰ ਬਚਨ ਬਹੁਤ ਸੁਣੇ ਕੀਤੇ। ਸਿਤਗੁਰਾਂ ਕੇ ਚਰਨਾਂ ਪਰ ਨਮਸਕਾਰ ਭੇਜੀ।

ਨਿਪਾਲ ਸੇ ਸੂਬੇ ਰਾਮਦਾਸਪੁਰੇ ਸਾਹਿਬ ਨੂੰ ਆਏ। ਸਤਿਗੁਰਾਂ ਕੇ ਚਰਨਾਂ ਪਰ ਰਾਜੇ ਕੀ ਨਮਸਕਾਰ ਆਖੀ। ਹਾਲ ਹਵਾਲ ਸਾਰਾ ਸੁਣਾਇਆ ਰਾਜੇ ਕਾ। ਗੁਰੂ ਜੀ ਬਚਨ ਕੀਤਾ ਘੋੜਾ ਕਾਨੂੰ ਲਿਆਵਣਾ ਸੀ। ਠੰਡੀ ਧਰਤੀ ਕਾ ਘੋੜਾ ਗਰਮ ਧਰਤੀ ਮੇਂ ਬਚਦਾ ਨਹੀਂ ਹੈ। ਥੋੜ੍ਹੇ ਦਿਨਾਂ

---

1 ਰਾਣਾ ਜੰਗ ਬਹਾਦੁਰ

2 ਸਤਿਗੁਰੂ ਜੀ ਨੇ ਭਗਵਾਨ ਸਿੰਘ ਨੂੰ ਇਕ ਹਜ਼ਾਰ ਰੁਪਏ ਦੇ ਕੇ ਦੇ ਭੈਸਾਂ ਅਤੇ ਦੋ ਖੱਚਰਾਂ ਲਾਹੌਰ ਤੋਂ ਮੰਗਵਾਈਆਂ ਸਨ-ਗੁਰੂ ਰਾਮ ਸਿੰਘ ਐਂਡ ਦੀ ਕੂਕਾ ਸਿੱਖਜ਼- ਜਿਲਦ ੧, ਪੰਨਾ ੧੧੫.

3 ਇਨ੍ਹਾਂ ਦੇ ਨਾਲ ਅਤਰ ਸਿੰਘ, ਥੰਮਨ ਸਿੰਘ ਜੋ ਮੋਰਿੰਡੇ ਬਾਗਾਂ ਵਾਲੀ ਘਟਨਾ ਵਿਚ ਸ਼ਾਮਲ ਹੋਣ ਕਰਕੇ ਫ਼ਰਾਰ ਸਨ ਅਤੇ ਦੋ ਹੋਰ ਸਿੰਘ ਵੀ ਨਾਲ ਗਏ ਸਨ। ਦੇਖੋ ਹੋਮ ਜੁਡੀਸ਼ੀਅਲ ਪ੍ਰੋਸੀਡਿੰਗ ਅਗਸਤ ੧੯੭੨ ਨੰ. ੨੭੩-੨੯੨, ਪੰਨਾ ੨੪੨੨-੨੩, ੨੪੨੭, ੨੪੭੪,

4 ੫੦੦ ਰੁਪਈਆ ਨਕਦ, ਉਹੀ-ਪੰਨਾ ੨੪੨੯.

ਪਿੱਛੋਂ ਏਕ ਸਿੰਘ ਨੇ ਭਜਾਇਆ ਧੁੱਪ ਮੈਂ। ਉਸ ਘੋੜੇ ਗੁਟ ਕੇ ਪ੍ਰਾਣ ਟੁੱਟ ਗਏ। ਮਰ ਗਿਆ। ਸਤਿਗੁਰੂ ਜੀ ਕਾ ਬਚਨ ਪੁਰਾ ਹੋਇਆ। ਅੰਤਰਯਾਮੀ ਜੀ ਜਾਂਦਿਆਂ ਸੂਬਿਆਂ ਨੂੰ ਬਚਨ ਕੀਤਾ ਸੀ ਜੇ ਮਾਲ ਦੇਵੇ ਤਾਂ ਨਾ ਲਿਆਵਣਾ। ਬਚਨ ਨਾ ਮੰਨਿਆ, ਘੋੜਾ ਲੈ ਆਏ। ਸਿੰਘ ਭੀ ਸਾਰੇ ਕਹਿਣ ਮਾਲ ਕਾਸ ਨੂੰ ਲਿਆਵਣਾ ਸੀ। ਅੰਤਰਯਾਮੀ ਤਾਂ ਅੱਗੇ ਈ ਜਾਣਦੇ ਹੈਂ ਕਿ ਘੋੜਾ ਦੇਵੇਗਾ।

♦

# ਕੁਝ ਵਿਸ਼ੇਸ਼ ਪ੍ਰਸੰਗ

## ਮੈਨੂੰ ਫ਼ਰੰਗੀ ਹੱਥ ਪੌਣਗੇ

ਇਕ ਦਿਨ ਖੁਸ਼ੀ ਮੈ ਹੋਇਕੇ ਗੁਰੂ ਜੀ ਬਚਨ ਕੀਤਾ ਪੋਸਤ ਕੇ ਡੋਡੇ ਮੈ ਜਿਤਨੀ ਖਸਖਸ ਹੁੰਦੀ ਹੈ ਏਤਨੇ ਸੁਖ ਖ਼ਾਲਸੇ ਕੋ ਹੋਣਗੇ। ਸ੍ਰੀ ਸਤਿਗੁਰੂ ਜੀ ਏਹ ਬਚਨ ਭੀ ਕੀਤਾ ਕਿ ਮੈਨੂੰ ਹੱਥ ਪੌਣਗੇ ਫ਼ਰੰਗੀ। ਦੇਸੋਂ ਪਰਦੇਸ ਲੈ ਜਾਣਗੇ ਦੂਰ। ਸਿੰਘਾਂ ਨੇ ਕਹਿਆ ਜੀ ਤੁਸੀਂ ਨਾ ਨਾਉਂ ਲਿਆ ਕਰੋ ਜਾਣਦਾ। ਬਚਨ ਹੋਇਆ ਭਾਈ ਜ਼ਰੂਰ ਹੀ ਲੈ ਜਾਣਗੇ ਕਿਸੇ ਵਲੈਤ ਨੂੰ, ਸੁਣਕੇ ਸਿੰਘਾਂ ਨੇ ਸਮਝਣਾ ਜੋ ਕੋਈ ਸਾਂਗ ਵਰਤਾਵਣਗੇ।

ਸੁਜਾਨ ਸਿੰਘ ਲਾਂਗਰੀ ਨੇ ਅਰਜ਼ ਕੀਤੀ ਜੀ ਦਸਵੇਂ ਪਾਤਸ਼ਾਹ ਵਾਲੀ ਨਾ ਹੋਵੇ। ਗੁਰੂ ਜੀ ਬਚਨ ਕੀਤਾ ਦੇਖੋ ਦਸਵੇਂ ਪਾਤਸ਼ਾਹ ਜੀ ਕਾ ਕਹਿਣਾ ਸੀ ਸੱਤ ਦਿਨ ਠਹਿਰੋ। ਫ਼ੇਰ ਕਹਿਆ ਸੱਤ ਪਹਰ ਠਹਿਰੋ। ਠਹਿਰੇ ਨਾ, ਸਿੱਖਾਂ ਬੇਦਾਵਾ ਲਿਖ ਦਿੱਤਾ। ਸਿੱਖਾਂ ਨੇ ਨਾ ਮੰਨੀ ਤਾ ਗੁਰੂ ਜੀ ਆਪਣੇ ਹੱਥ ਰੱਖੀ। ਕਿਸੇ ਦੇ ਹੱਥ ਗੋਚਰੀ ਨਾ ਰੱਖੀ। ਤਿਸੀ ਤਰ੍ਹਾਂ ਸਭ ਦੀ ਸੱਤਾ ਕੱਢਕੇ ਆਪਣੇ ਖੀਸੇ ਮੈ ਪਾਇ ਲਈ ਹੈ। ਜਦ ਚਾਹੂੰਗਾ ਤਦ ਬਰਤਾਊਂਗਾ। ਕਿਸੇ ਦੇ ਅਖ਼ਤਿਆਰ ਕੁਖ ਜਿਤਨੀ ਨਹੀਂ ਛੱਡੀ ਹੈ।

## ਦਲ ਸਿੰਘ ਰਾਇਪੁਰੀਆ

ਦਲ ਸਿੰਘ ਰਾਇਪੁਰ ਕਾ ਅਨੰਦਪੁਰ ਸਾਹਿਬ ਗਿਆ। ਨਿਹੰਗਾਂ ਨੇ ਕਹਾ ਕਿ ਕਲਾਮ ਪੜਦੇ ਹੈਂ ਮਾਰੋ। ਇਕ ਨਿਹੰਗ ਨੇ ਸਲੋਤਰ ਮਾਰਿਆ। ਸਿਰ ਮੈ ਗਲ਼ੀ ਹੋ ਗਈ। ਗੁਰੂ ਜੀ ਖੁਸ਼ੀ ਮੈ ਬੈਠੇ ਸੀ ਰਾਮਦਾਸਪੁਰੇ। ਉਸੀ ਵਕਤ ਅਫ਼ਸੋਸ ਮੇਂ ਹੋ ਗਏ। ਅੰਤਰਜਾਮੀ ਜੀ ਇਕ ਸਿੰਘ ਭੇਜਿਆ ਅਨੰਦਪੁਰ ਸਾਹਿਬ। ਕਿਹਾ ਨਿਹੰਗਾਂ ਨੇ ਦਲ ਸਿੰਘ ਮਾਰਿਆ ਹੈ ਜਾ ਕੇ ਲੈ ਆਓ। ਸਿੰਘ ਜਾ ਕੇ ਲੈ ਆਇਆ। ਦਲ ਸਿੰਘ ਥੀਂ ਸ੍ਰੀ ਸਤਿਗੁਰੂ ਜੀ ਪੁੱਛਿਆ ਤੂੰ ਰਾਜੀ ਹੈਂ? ਸਿੰਘ ਨੇ ਕਹਾ ਮੈਂ ਕੋਈ ਨਹੀਂ ਰਾਜੀ ਹਾਂ। ਕਹਾ ਕਿ ਤੁਹਾਡੇ ਉੱਤੇ ਨਰਾਜ ਹਾਂ ਸੰਗਤ ਉੱਤੇ ਨਹੀਂ। ਬਚਨ ਹੋਇਆ ਕਿਓਂ ਨਰਾਜ ਹੈਂ? ਦਲ ਸਿੰਘ ਨੇ ਕਹਾ ਕਿ ਸਾਡੇ ਪਾਸ ਸੁਖ ਨਿਧਾਨ ਨਾ ਸੀ, ਸੱਤਾਂ ਮੁੱਠਾਂ ਤੇ ਸੱਤ ਬਾਦਸ਼ਾਹੀਆਂ ਬਖਸ਼ ਦਿੱਤੀਆਂ। ਤੁਰਕ ਵਿਚ ਲਿਆ ਸੁੱਟੇ। ਓਨਾਂ ਨੇ ਸਾਡੇ ਸਿਰ ਪਾੜੇ। ਹੁਣ ਕੀ ਪਤਾ ਹੈ ਕਿ ਕਿਵੇਂ ਕਰਨੀ ਹੈ। ਦੀਨ ਦਿਆਲ ਜੀ ਬਚਨ ਕੀਤਾ ਮੇਹਰਬਾਨ ਹੋ ਕੇ ਹੁਣ ਤੁਹਾਡੀ ਵਾਰੀ ਹੈ।

ਰਾਮਦਾਸਪੁਰੇ ਦੀਨਾਨਾਥ ਜੀ ਮਦਾਨੇ ਗਏ। ਗੜਵਈ ਸਿੰਘ ਨਾਲ ਬਚਨ ਕੀਤਾ ਕਿਸੇ ਸਮੇ ਏਹਨੀਂ ਝਾੜੀਂ ਰੂਸ ਹੋਵਣਗੇ। ਸਤਿਗੁਰੂ ਜੀ ਇਹ ਵੀ ਬਚਨ ਕੀਤਾ ਜੋ ਪਾਈਆ ਨੁਕਸਾਨ ਕਰੇਗਾ ਉਸ ਦਾ ਸੇਰ ਨੁਕਸਾਨ ਕਰਾਂਗੇ। ਜੋ ਸੇਰ ਨੁਕਸਾਨ ਕਰੇਗਾ ਉਸਕਾ ਮਣ ਕਰਾਂਗੇ।

## ਬਚਨ ਨਹੀਂ ਮੰਨਿਆ

ਗੁਰੂ ਜੀ ਅਕਾਲ ਬੁੰਗੇ ਕੇ ਅੰਦਰ ਬੈਠੇ। ਪੈਹਰੇ ਵਾਲੇ ਨੂੰ ਬਚਨ ਕੀਤਾ ਅੰਦਰ ਨਾ ਕੋਈ ਆਵੇ। ਮਾਈ ਜੱਸਾਂ ਆਈ। ਪਹਿਰੇ ਵਾਲੇ ਨੇ ਕਹਾ ਕਿ ਮਾਈ ਜੀ ਅੰਦਰ ਜਾਣ ਦਾ ਹੁਕਮ ਨਹੀਂ ਹੈ। ਪੈਹਲੇ ਤਾ ਮੁੜ ਪਈ। ਫ਼ੇਰ ਦਿਲ ਵਿਚ ਆਈ ਮੈਂ ਏਸ ਸਿੱਖ ਦੇ ਕਹੇ ਕਿਉਂ ਮੁੜਨਾ ਹੈ। ਅੰਦਰ ਬਦੋ ਬਦੀ ਜਾ ਵੜੀ। ਦੇਖੇ ਕੀ ਜੋ ਲੋਈ ਪਈ ਹੈ ਸਤਿਗੁਰੂ ਜੀ ਨਹੀਂ ਹੈਂ। ਚੁਪ ਚਾਪ ਪਿਛਾਂ ਮੁੜੀ। ਮਨ ਵਿਚ ਪਛਤਾਈ ਮੈਂ ਬਚਨ ਨਹੀਂ ਮੰਨਿਆ ਹੈ। ਓਧਰੋਂ ਸ੍ਰੀ ਸਤਿਗੁਰੂ ਜੀ ਚਲੇ ਔਂਦੇ ਹੈਂ। ਮੋਢੇ ਪਰ ਪਰਸਰਾਮ ਹੈ। ਪੈਹਰੇ ਵਾਲੇ ਨੂੰ ਤੇਜੀ ਮੈਂ ਹੋਇਕੇ ਬੋਲਾ ਕੀਤਾ ਓਏ ਕਿਉਂ ਅੰਦਰ ਵੜਨ ਦਿੱਤੀ ਸੀ? ਪੈਹਰੇ ਵਾਲੇ ਨੇ ਕਹਾ ਕਿ ਜੀ ਜੋਰਾਵਰੀ ਸੇ ਜਾਇ ਵੜੇ ਹੈਂ। ਮਹਿਲ ਜੱਸਾਂ ਪਰ ਭੀ ਤੇਜੀ ਮੈਂ ਹੋਇਕੇ ਬੋਲਾ ਕੀਤਾ ਤੂੰ ਕਿਉਂ ਗਈ ਅੰਦਰ?

## ਵਿਰਾਟ ਰੂਪ ਧਾਰਿਆ

ਮੰਗਲ ਸਿੰਘ ਸਰਦਾਰ ਨੇ ਦਿਲ ਵਿਚ ਆਖਿਆ ਮੈਂ ਸਿੰਘਾਂ ਦੇ ਕਹੇ ਕਹਾਏ ਸੇਵਾ ਕੀਤੀ ਹੈ। ਗੁਰੂ ਲੱਛਣ ਤਾ ਕੋਈ ਨਾ ਦੇਖਿਆ। ਅੰਤਰਜਾਮੀ ਗੁਰੂ ਜੀ ਨੇ ਉਸਦਾ ਫੁਰਨਾ ਜਾਣਕੇ ਵਿਰਾਟ ਰੂਪ ਧਾਰਿਆ। ਦੇਖਕੇ ਸਰੂਪ ਕੰਬ ਕੇ ਧਰਤੀ ਪਰ ਡਿਗ ਪਿਆ। ਬੇਹੋਸ਼ ਹੋਇਆ। ਸ੍ਰੀ ਸਤਿਗੁਰੂ ਜੀ ਫਿਰ ਪਹਿਲੇ ਸਰੂਪ ਮੈਂ ਆਇਕੇ ਬਚਨ ਕੀਤਾ ਦੇਖੋ ਮੰਗਲ ਸਿੰਘ ਕੋ ਕੀ ਹੋਇਆ ਹੈ। ਸਿੰਘਾਂ ਨੇ ਬੈਠਾ ਕੀਤਾ। ਗੁਰੂ ਜੀ ਉਸਕੇ ਸਿਰ ਪਰ ਹੱਥ ਧਰਿਆ ਤਾਂ ਸੁਧ ਆਈ। ਗੁਰੂ ਜੀ ਬਚਨ ਕੀਤਾ ਤੈਨੂੰ ਕੀ ਹੋਇਆ ਹੈ? ਕਹਿਨੇ ਲਗਾ ਜੀ ਮੇਰੇ ਮਨ ਮੇਂ ਹੋਈ ਸੀ ਕਿ ਮੈਂ ਸੇਵਾ ਟਹਿਲ ਕੀਤੀ ਹੈ ਸਿੰਘਾਂ ਕੇ ਕਹੇ ਕਹਾਏ ਪਰ ਗੁਰੂ ਲੱਛਨ ਨਹੀਂ ਦੇਖਿਆ ਹੈ। ਤਾਂ ਮੈਨੂੰ ਦਿਖਾਇਆ ਹੈ ਭਿਆਨਕ ਰੂਪ। ਮੈਨੂੰ ਕੁਝ ਖ਼ਵਰ ਨਹੀਂ ਰਹੀ ਹੈ। ਬਚਨ ਹੋਇਆ ਗੁਰਾਂ ਥੀਂ ਏਹੋ ਜੇਹੀ ਮੰਗ ਨਾ ਮੰਗੀਏ।

ਗੁਰੂ ਜੀ ਬਚਨ ਕੀਤਾ ਜਨਾਨੇ ਮਰਦ ਕਾ ਆਪਸ ਮੈ ਸੁਭਾਉ ਮਿਲ ਜਾਵੇ ਤਾਂ ਅਰਦਾਸਾ ਕਰ ਦੇਣਾ। ਦੋਹਾਂ ਮੈ ਸੇ ਜੋ ਫਿਰਾਊ ਹੋ ਜਾਵੇ ਉਸਨੂੰ ਤਨਖ਼ਾਹ ਲਾਵਣੀ।

## ਮੈਂ ਹੰਕਾਰ ਕੀਤਾ ਹੈ

ਏਕ ਗੁਲਾਬ ਸਿੰਘ ਨਾਮੇਂ ਸਿੰਘ ਦਮਦਮੇਂ ਸਾਹਿਬ ਪੜਿਆ ਸੀ। ਜਪੁ ਜਾਪ ਦਸ ਗ੍ਰੰਥ ਬਾਣੀ ਕੰਠ ਸੀ। ਸਤਿਗੁਰੂ ਜੀ ਆਪਣੇ ਪਾਸ ਸੁਔਂਦੇ ਸਨ। ਬਾਣੀ ਕੰਠੋਂ ਬੜੀ ਸ਼ੁਧ ਪੜਦਾ ਸੀ, ਸਤਿਗੁਰੂ ਜੀ ਸੁਣਦੇ ਹੁੰਦੇ ਸਨ। ਅਠੇ ਪਹਿਰ ਭਜਨ ਕਰਨਾ। ਏਕ ਦਿਨ ਸ੍ਰੀ ਸਤਿਗੁਰੂ ਜੀ ਕੇ ਹਜੂਰ ਕਹਿਣੇ ਲਗਾ ਮੈਨੂੰ ਭੋਗ ਵਾਸ਼ਨਾ ਨਹੀਂ ਫੁਰੇਦੀ ਹੈ। ਸ੍ਰੀ ਸਤਿਗੁਰੂ ਜੀ ਬ੍ਰਹਮ ਅਗਨ ਕੋ ਹੁਕਮ ਦਿੱਤਾ। ਗੁਲਾਬ ਸਿੰਘ ਕੋ ਅਗਨ ਲਗੀ। ਉਸੀ ਮੂੰਹ ਸੇ ਫ਼ੇਰ ਕਹਿਣ ਲਗਾ ਜੀ ਮੈਂ ਤਾ ਹੰਕਾਰ ਕੀਤਾ ਹੈ। ਮੈਨੂੰ ਤਾਂ ਜੀ ਭੋਗਾਂ ਦੀ ਵਾਸ਼ਨਾ ਫੁਰਨ ਲਗੀ ਹੈ। ਹਿਰਦੇ ਦੀ ਸੀਤਲਤਾਈ ਹਟ ਗਈ ਹੈ। ਅਗਨੀ ਲਗ ਉੱਠੀ ਹੈ। ਮੈਥੋਂ ਭੁਲ ਕੇ ਹੰਕਾਰ ਹੋਇਆ ਹੈ।

ਏਕ ਸਮੇਂ ਸਿੰਘਾਂ ਦਾ ਸੰਕਲਪ ਗੁੜ ਛਕਣੇ ਕਾ ਹੋਇਆ। ਮੂਹੋਂ ਤਾਂ ਨਾ ਕਹਿ ਸਕਣ। ਅੰਤਰਯਾਮੀ ਜੀ ਗੁੜ ਦਾ ਟੋਕਰਾ ਭਰਾਇਕੇ ਵੇੜ੍ਹੇ ਮੈ ਧਰਾਇ ਦੀਆ। ਹੁਕਮ ਦੀਆ ਕਿ ਜਿੰਨਾਂ ਜਿਸ ਦੀ ਮਰਜੀ ਹੋਵੇ ਛਕੋ।

## ਬਹੁਤ ਔਖੇ ਹੋਣਗੇ

ਇਕ ਦਿਨ ਗੁਰੂ ਜੀ ਬਚਨ ਕੀਤਾ ਰੂਸਾਂ ਨੇ ਦੁੱਧ ਦੇ ਉਬਾਲ ਦੀ ਤਰ੍ਹਾਂ ਆਉਣਾ ਹੈ। ਜਿਸ ਤਰ੍ਹਾਂ ਸਿਰੋਂ ਪਿੰਡ ਖੁਲ੍ਹ ਜਾਂਦੀ ਹੈ ਤਾਂ ਕੁਝ ਨਹੀਂ ਸੁਝਦਾ ਹੈ, ਜੈਸੇ ਸਿੱਖਾਂ ਦੇ ਵੇਲੇ ਰਾਤੋ ਰਾਤ ਫ਼ੌਜਾਂ ਆਇ ਗਈਆਂ ਸੀ ਸੁਤਿਆਂ ਪਿਆਂ ਤੇ, ਤਿਸੀ ਤਰ੍ਹਾਂ ਰੂਸ ਆਇ ਜਾਣਗੇ। ਉਸ ਦਿਨ ਜਾਨਣਗੇ ਜਿਸ ਦਿਨ ਸਿਰ ਵੱਜੂਗੀ। ਅਗਾਊਂ ਦੁਨੀਆਂ ਨਹੀਂ ਸਮਝਦੀ ਹੈ। ਜਾਂ ਸਿਰ ਤੇ ਛਿੱਤਰ ਲਗਦਾ ਹੈ ਉਸ ਦਿਨ ਜਾਣੀਦਾ ਹੈ। ਪਹਾੜ ਥੀਂ ਲੈ ਕੇ ਸੱਠ ਕੋਸ ਵਿੱਚ ਪਰਾ ਹੋਵੇਗਾ ਚੌੜਾ। ਲੰਬੇ ਕੀ ਕੁਝ ਗਿਣਤੀ ਨਹੀਂ ਹੈ। ਸਵਾ ਸਵਾ ਹੱਥ ਧਰਤੀ ਉੱਡ ਜਾਏਗੀ। ਹਾਥੀ ਘੋੜੇ ਦੇ ਸੁੰਬਾਂ ਨਾਲ ਘਰ ਘਰ ਪਿਟਣੇ ਪੈਣਗੇ। ਚੂੜੇ ਨੱਥਾਂ ਲਹਿਣਗੀਆਂ। ਨੱਕ ਮੈਂ ਹੋਵੇਗੀ ਤਾਂ ਨੱਕ ਵੱਢ ਲੈਣਗੇ। ਚੂੜਾ ਹੋਵੇਗਾ ਤਾਂ ਚੂੜੇ ਵਾਲੀ ਬਾਂਹ ਵੱਢ ਲੈਣਗੇ। ਜੋ ਜੋ ਇਸਤਰੀ ਪੁਰਖ ਖ਼ਾਲਸੇ ਕੇ ਨਾਲ ਰਹੇਗਾ ਸੋ ਸੋ ਸੁਖਾਲਾ ਰਹੇਗਾ। ਹੋਰ ਬਹੁਤ ਔਖੇ ਹੋਣਗੇ, ਮਰਨਗੇ। ਪਊ ਅਨੇਕ ਭਾਂਤ ਕੀ ਮਾਰ ਦੋਖੀ ਦੈਂਤਾਂ ਨੂੰ। ਅਰੜਾਇਕੇ ਪ੍ਰਿਥਵੀ ਮਰੇਗੀ। ਨਾਮ ਜਪਣ ਵਾਲਾ ਜਿੱਥੇ ਹੋਵੇਗਾ ਉਥੇ ਈ ਰੱਛਿਆ ਹੋਵੇਗੀ। ਗਾਕੜਾ ਝਾੜ ਕੇ ਸਫ਼ਾ ਵਿਛਾਵਣੀ ਹੈ।

ਜੋ ਮੈਲੇ ਦੰਦਾਂ ਵਾਲਾ ਔਂਦਾ ਹੈ ਉਸਨੂੰ ਅਤਰ ਸਿੰਘ ਦੇ ਹਵਾਲੇ ਕਰ ਦੇਣਾ। ਅਤਰ ਸਿੰਘ ਲੁਧਿਆਣੇ ਰਹਿੰਦਾ ਸੀ। ਨਿਹੇਰਨੇ[1] ਨਾਲ ਦੰਦਾਂ ਦੀ ਮੈਲ ਲੁਹਾਕੇ ਅੱਗੇ ਕੋ ਦਾਤਣ ਕਰਨੀ ਸ਼ੁਰੂ ਕਰਨੀ।ਜੋ ਨਾਂਗਾ ਭਜਨ ਲਵੇ ਜੜਾਵਾਂ ਉਸਦੀਆਂ ਲਾਹਕੇ ਕੰਘੇ ਨਾਲ ਕੇਸ ਸਾਫ਼ ਕਰਕੇ ਰੱਖ ਲੈਣੇ।

## ਰਾਮਸਰ ਕੀ ਕਾਰ

ਗੁਰੂ ਜੀ ਬਚਨ ਕੀਤਾ ਜਿਨ੍ਹਾਂ ਕੇ ਪੂਰੇਬਲੇ ਕਰਮ ਅੱਛੇ ਹੈਂ ਤਿਨ੍ਹਾਂ ਨੂੰ ਨਾਮ ਪਰਾਪਤ ਹੁੰਦਾ ਹੈ। ਬਿਨਾ ਕਰਮਾਂ ਥੀਂ ਨਾਮ ਕੀ ਪਰਾਪਤੀ ਨਹੀਂ ਹੁੰਦੀ। ਰਾਮਸਰ ਵਿਖੇ ਹੀਰੇ ਮਿਸਰ[2] ਨੇ ਕਹਾ ਜੀ ਰਾਮਸਰ ਕੀ ਕਾਰ ਕੱਢਨੀ ਚਾਹੀਏ। ਗੁਰੂ ਜੀ ਬਚਨ ਕੀਤਾ ਇਕ ਫੇਰੀਂ ਢੈਣਗੇ ਤਾਂ ਫੇਰ ਬਣਾਵਾਂਗੇ। ਹਨੇਰੀ ਔਣੀ ਹੈ। ਇਕ ਵਾਰੀ ਸਾਡਾ ਧੁਆਡਾ ਵਿਛੋੜਾ ਹੋ ਜਾਏਗਾ। ਸਾਡਾ ਸਰੀਰ ਪਰਦੇਸ ਜਾਏਗਾ। ਆਗੇ ਹੋਰ ਕੰਮ ਪਊਗਾ। ਮੈਨੂੰ ਮਰ ਗਿਆ ਲਿਖਣਗੇ। ਕਾਗਦ[3] ਨਾਲ ਬਚਨ ਹੋਣਗੇ। ਲੋਕ ਕਹਿਣਗੇ ਜੇ ਕਰਾਮਾਤ ਹੁੰਦੀ ਤਾਂ ਕਿਓਂ ਫੜ ਲਜਾਂਦੇ, ਮਰ ਗਿਆ ਹੋਊਗਾ। ਜਾਂ ਮਰ ਗਿਆ ਨਿਸਚੇ ਹੋਊਗਾ ਤਾਂ ਦਰਸ਼ਨ ਦੇਵਾਂਗੇ। ਤਲਾਉ ਕੇ ਚੌਹੀਂ ਪਾਸੀਂ ਪੱਕੇ ਪੌੜੇ ਬਣਨਗੇ।

---

1 ਦੰਦ, ਔਜ਼ਾਰ ।

2 ਪਿੰਡ ਰਾਮਪੁਰ ਦਾ ਬ੍ਰਾਹਮਣ।

3 ਹੁਕਮਨਾਮਿਆਂ ਰਾਹੀਂ।

ਦੋ ਫੇਰੀ ਬਣਨਗੇ। ਸੂਰਜ ਨੂੰ ਮੁਖ ਕਰਕੇ ਮਾਲਾ ਫੇਰਾਂਗੇ। ਬਚਨ ਕੀਤਾ ਮੇਰਾ ਮੰਤਰ ਲਸੂੜੇ ਦੀ ਗਿਟਕ ਵਾਂਗੂ ਚਿਮੜੂਗਾ। ਤੁਸੀਂ ਮੈਨੂੰ ਛੱਡੋਗੇ ਮੈਂ ਨਹੀਂ ਧੁਆਨੂੰ ਛੱਡਾਂਗਾ। ਏਹ ਮੰਤਰ ਕੱਚੇ ਮਸਾਣ ਕੀ ਤਰ੍ਹਾਂ ਹੈ। ਜੋ ਲੈ ਕੇ ਭਜਨ ਨਹੀਂ ਕਰੇਗਾ ਉਸਨੂੰ ਕੱਚੇ ਮਸਾਣ ਕੀ ਤਰ੍ਹਾਂ ਚਮੜੇਗਾ। ਮਰਕੇ ਦੂਇ ਜਨਮ ਸਿੰਘਾਂ ਕੇ ਘਰੀਂ ਧਾਰਣਗੇ, ਫੇਰ ਨਾਮ ਜਪੇਗਾ ਤਾਂ ਮੁਕਤ ਰੂਪ ਹੋਵੇਗਾ।

## ਕਿਸੇ ਨਾ ਸੁਣੀ

ਇਕ ਤੁਰਕ ਹੁੱਕੇ ਲਈ ਜਾਂਦਾ ਸੀ ਬਜਾਰ ਦੇ ਵਿਚੋਂ ਦੀ। ਖ਼ਾਲਸੇ ਨੇ ਕਹਾ ਕਿ ਹਟ ਜਾਓ ਅੱਗੇ ਸੇ। ਤੁਰਕ ਬੋਲਿਆ ਧੁਹਾਡੇ ਸਿਰ ਹੁੱਕੇ ਦਾ ਪਾਣੀ ਪਾਵਾਂਗੇ। ਸਿੰਘਾਂ ਨੇ ਮਾਰਿਆ। ਰੌਲ਼ਾ ਸੁਣਕੇ ਹੋਰ ਭੀ ਹੁੱਕੇ ਸਿੰਘਾਂ ਭੰਨੇ। ਕੁਝ ਮਗਰ ਆਏ ਹੁੱਕਿਆਂ ਵਾਲੇ। ਅਰਜ਼ ਕੀਤੀ ਜੀ ਸਾਡੇ ਹੁੱਕੇ ਭੰਨ ਆਏ ਹਨ ਸਿੰਘ। ਗੁਰੂ ਜੀ ਬਚਨ ਕੀਤਾ ਤੁਸੀਂ ਮੁਲ ਲੈ ਲਵੋ ਜਿਤਨਾ ਨੁਕਸਾਨ ਹੋਇਆ ਹੈ ਕਿਸੇ ਦਾ। ਏਹ ਤਾਂ ਕਮਲੇ ਹੈਂ। ਤੁਸੀਂ ਜਾਣਦੇ ਹੋ। ਜਿਨ੍ਹਾਂ ਦੇ ਹੱਕੇ ਭੰਨੇ ਸੇ ਓਹ ਕੁਛ ਹੋਰ ਹੁੱਕੇ ਭੰਨ ਕੇ ਗੱਡਾ ਭਰ ਕੇ ਲੁਦਿਹਾਣੇ ਲੈ ਗਏ। ਅਰਜ਼ੀ ਪਾਈ, ਕਿਸੇ ਸੁਣੀ ਨਾ। ਸ਼ਰਮਿੰਦੇ ਹੋ ਕੇ ਮੁੜ ਆਏ।

## ਤੇਰਾ ਨਾਂ ਦੀਵਾਨ ਸਿੰਘ ਹੋਇਆ

ਦਿਵਾਨਾ ਝਿਓਰ ਖੰਨੇ ਕਾ[1] ਤਿਸ ਨੂੰ ਦ੍ਰਿਸ਼ਟਾਂਤ ਮੇਂ ਦਰਸ਼ਨ ਦੇ ਕੇ ਕਿਹਾ ਦਿਵਾਨਿਆ ਮੇਰਾ ਨਾਮ ਰਾਮ ਸਿੰਘ ਹੈ। ਭੈਣੀਂ ਆਕੇ ਭਜਨ ਪੁੱਛ। ਚੀਨੀਂ ਘੋੜੀ ਤੇ ਅਸਵਾਰ ਸਨ। ਗੁਰਦਵਾਰੇ ਆਇਆ। ਗੁਰੂ ਜੀ ਨੇ ਪੁੱਛਿਆ ਤੇਰਾ ਨਾਉਂ ਕੀ ਹੈ। ਜੀ ਮੇਰਾ ਨਾਮ ਦੀਵਾਨਾ ਹੈ। ਸਤਿਗੁਰੂ ਜੀ ਕਿਹਾ ਤੇਰਾ ਨਾਮ ਦੀਵਾਨ ਸਿੰਘ ਹੋਇਆ। ਭਜਨ ਦੇ ਦਿੱਤਾ। ਸਿੰਘ ਸਜ ਗਿਆ। ਘਰ ਨੂੰ ਚਲਾ ਗਿਆ। ਰਹਿਤ ਮਰਯਾਦਾ ਦੱਸੀ। ਮਾਸ-ਸ਼ਰਾਬ ਨਹੀਂ ਖਾਣਾ, ਧੀ ਭੈਣ ਕਾ ਪੈਸਾ ਨਹੀਂ ਲੈਣਾ। ਚੋਰੀ ਯਾਰੀ ਨਹੀਂ ਕਰਨੀ। ਤੇਰੇ ਘਰ ਦੀਵਾਨ ਲਗੇਗਾ।

ਦੀਵਾਨ ਸਿੰਘ ਕੇ ਦਿਲ ਵਿਚ ਹੋਈ ਮੇਰਾ ਪਿਓ ਤੇ ਭਰਾ ਭੀ ਭਜਨ ਲੈ ਲੈਣ ਤਾਂ ਚੰਗੀ ਬਾਤ ਹੈ। ਦੀਵਾਨ ਸਿੰਘ ਦੇ ਪਿਓ ਨੂੰ ਦ੍ਰਿਸ਼ਟਾਂਤ ਮੇਂ ਦਿਖਾਇਆ ਚੀਨੀਂ ਦੀ ਅਸਵਾਰੀ ਲੰਬੀ ਮੂਰਤੀ।ਦਾੜ੍ਹੀਓਂ ਫੜਕੇ ਬਚਨ ਕੀਤਾ ਕਛਹਿਰੇ ਪਾ ਤੇ ਭਜਨ ਸੁਣ ਲੈ। ਰਾਮਦਾਸਪੁਰੇ ਆਇਕੇ ਦਰਸ਼ਨ ਕੀਤਾ ਸ੍ਰੀ ਗੁਰੂ ਜੀ ਕਾ। ਸਤਿਗੁਰੂ ਜੀ ਪਲੰਘ ਪਰ ਬੈਠੇ ਹੈਂ। ਬਚਨ ਕੀਤਾ ਅੰਤਰਜਾਮੀ ਜੀ ਤੈਨੂੰ ਸੁਨੇਹਾ ਜਾਏ ਪੁੱਜਾ ਸੀ? ਕਹਿਣੇ ਲਗਾ ਜੀ ਸੁਨੇਹਾ ਜ਼ਰੂਰ ਜਾਇ ਪੁੱਜਾ ਸੀ।ਓਸ ਸੁਖਨ ਕੇ ਈ ਬੱਧੇ ਆਏ ਹੈਂ। ਭਜਨ ਲੀਤਾ ਕਛਹਿਰੇ ਪਾਇ ਲੀਤੇ। ਅੰਮ੍ਰਿਤ ਛਕ ਲਿਆ।

## ਤੇਜ ਪ੍ਰਤਾਪ

ਸਤਿਗੁਰੂ ਜੀ ਕਾ ਐਸਾ ਪਰਤਾਪ ਹੋਇਆ ਜੋ ਪੰਜੇ ਐਬ ਸ਼ਰਈ ਔਂਦਾ ਹੈ ਤਿਸਨੂੰ ਭੀ

1 ਪਿਤਾ ਸ੍ਰ. ਮੋਹਰ ਸਿੰਘ

ਦਰਸ਼ਨ ਕਰਕੇ ਸ਼ਾਂਤ ਆਇ ਜਾਂਦੀ ਹੈ। ਧਰਮ ਕੀ ਕਾਰ ਮੈ ਰਿਦੇ ਦ੍ਰਿੜ ਹੁੰਦੇ ਹੈ। ਦੈਵੀ ਸੰਪਰਦਾ ਕੇ ਗੁਣ ਧਾਰਦਾ ਹੈ ਅਸੁਰੀ ਸੰਪਰਦਾ ਕੇ ਛੱਡਦਾ ਹੈ। ਦਿਨੋ ਦਿਨ ਖਾਲਸਾ ਵਧਦਾ ਜਾਂਦਾ ਹੈ। ਤੇਜ ਪ੍ਰਤਾਪ ਕੇ ਸਾਏ ਹੇਠ ਸਭ ਆਇ ਗਏ ਹੈਂ।

## ਸਰਬ ਏਧੀ ਚਰਨੀਂ ਲੱਗਣਗੇ।

ਲੈਹਣਾ ਸਿੰਘ ਭੰਬਿਆਂ ਦਾ ਆਇਆ ਰਾਮਦਾਸਪੁਰੇ ਸਾਹਿਬ। ਉਸਨੇ ਮਹਾਰਾਜ ਬੁੱਧ ਸਿੰਘ ਜੀ ਸੇ ਸੋਟੀ ਘੜਵਾਈ। ਕੋਲੋਂ ਕਿਸੇ ਨੇ ਕਹਾ ਕਿ ਏਹੁ ਸਤਿਗੁਰਾਂ ਦਾ ਛੋਟਾ ਭਾਈ ਹੈ। ਪਛਤਾਵਣੇ ਲਗਾ ਕਿ ਮੈਂ ਕਿਓਂ ਘੜਵੌਣੀ ਸੀ ਸੋਟੀ। ਸਤਿਗੁਰੂ ਜੀ ਮੰਦਰ ਮੈ ਪਾਠ ਕਰਦੇ ਹੈਂ ਅਸਵਾਰੇ ਸਾਹਿਬ ਜੀ ਕਾ। ਲੈਹਣਾ ਸਿੰਘ ਨੇ ਅਰਜ਼ ਕੀਤੀ ਸੱਚੇ ਪਾਤਸ਼ਾਹ ਆਪਣੇ ਡੇਰੇ ਬਿਹੰਗਮ ਅੰਨ ਛਕਦੇ ਹੈਂ। ਬੇਅੰਤ ਪਦਾਰਥ ਸਾਧਾਂ ਨੂੰ ਛਕਾਉਂਦੇ ਹੋ। ਤੁਹਾਡਾ ਛੋਟਾ ਭਾਈ ਐਥੇ ਬੈਠਾ ਕੰਮ ਕਰਦਾ ਹੈ। ਓਨਾਂ ਨੂੰ ਆਪਣੇ ਪਾਸ ਰੱਖੋ। ਗੁਰੂ ਜੀ ਬਚਨ ਕੀਤਾ ਬਚਨ ਕਰਦੇ ਹੈਂ ਜੇ ਪਰਤੀਤ ਰੱਖੇਂ। ਬਚਨ ਕੀਤਾ ਕਿਸੇ ਦਿਨ ਨੂੰ ਜੋ ਘੋੜਾ ਅਬੱਲ ਦਰਜੇ ਕਾ ਹੋਵੇਗਾ ਸੋ ਆਵੇਗਾ ਏਧੀ ਸਵਾਰੀ ਵਾਸਤੇ। ਜੋ ਅਬੱਲ ਦਰਜੇ ਕਾ ਕਪੜਾ ਹੋਵੇਗਾ ਸੋ ਇਸਦੇ ਪਹਿਰਨ ਨੂੰ ਆਵੇਗਾ। ਉਦੇ ਅਸਤ ਤੱਕ ਸਰਬ ਏਧੀ ਚਰਨੀਂ ਲੱਗਣਗੇ। ਗੋਬਿੰਦ ਜੀ ਕੇ ਹੁਕਮ ਨਾਲ ਡੇਰੇ ਆਵਣਗੇ।

## ਗੁਰੂ ਨੇ ਰੱਖ ਲਿਆ

ਅਰੂੜ ਸਿੰਘ ਰੂਖੜ ਕੋ ਏਕ ਫੁਲਕਾ ਦੀਆ। ਏਕੋ ਬੁਰਕੀ ਕਰੀ। ਫ਼ੇਰ ਦੋ ਦਿੱਤੇ। ਦੋ ਕੀ ਭੀ ਇਕੋ ਬੁਰਕੀ ਕੀਤੀ। ਫ਼ੇਰ ਤਿੰਨ ਦਿੱਤੇ। ਤਿੰਨਾਂ ਕਾ ਭੀ ਏਕੋ ਬੁਰਕ ਕੀਤਾ। ਗਲ਼ ਮੈ ਬੁਰਕੀ ਫਸ ਗਈ। ਆਨੇਂ ਨਿਕਲ ਆਏ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਦੋ ਸਿੰਘ ਦੋਹੀਂ ਪਾਸੀਂ ਕਠੀਆਂ ਮੁਕੀਆਂ ਮਾਰੋ। ਉਨ੍ਹਾਂ ਮੁਕੀਆਂ ਮਾਰੀਆਂ। ਬੁਰਕੀ ਨਿਕਲ ਕੇ ਦੂਰ ਜਾ ਪਈ। ਮਰਨੇ ਲਗਾ ਸੀ ਫ਼ੇਰ ਗੁਰੂ ਨੇ ਰੱਖ ਲੀਆ।

ਏਕ ਸਿੰਘ ਨੇ ਅਰਜ਼ ਕੀਤੀ ਜੀ ਆਪਣੇ ਕੋਲ ਦੇ ਜੀਆਂ ਨੂੰ ਭੀ ਖ਼ਬਰ ਦੇਵੋ ਭਜਨ ਕੀ। ਗੁਰੂ ਜੀ ਬਚਨ ਕੀਤਾ ਜਿਨ੍ਹਾਂ ਨੂੰ ਗੁਰੂ ਨਾਨਕ ਨੇ ਖਜਾਨਿਓਂ ਲਿਖਿਆ ਹੈ ਓਨ੍ਹਾਂ ਨੂੰ ਸਮੁੰਦਰਾਂ ਥੀਂ ਪਾਰ ਜਾ ਕੇ ਭੀ ਦੇਵਾਂਗਾ ਭਜਨ। ਜਿਨ੍ਹਾਂ ਨੂੰ ਨਹੀਂ ਲਿਖਿਆ ਖਜਾਨਿਓਂ ਉਹ ਮੇਰੇ ਕੋਲ ਹੀ ਭਾਵੇਂ ਬੈਠੇ ਰਹਿਣ ਨਹੀਂ ਮਿਲੇਗਾ।

## ਵਰਾਂ ਦੀ ਮੰਗ

ਏਕ ਦਿਨ ਬਾਬੇ ਜੱਸਾ ਸਿੰਘ ਨੇ ਬਚਨ ਕੀਤਾ ਸਾਹਿਬ ਸਿੰਘ ਨੂੰ ਮੈਨੂੰ ਵਰ ਲੈ ਦੇਵੋ। ਤੁਸੀਂ ਸੱਚੇ ਪਾਤਸ਼ਾਹ ਜੀ ਦੀ ਦੇਹ ਹੈ। ਕੋਲੋਂ ਬਾਬੇ ਕਾਹਨ ਸਿੰਘ ਨੇ ਕਹਾ ਮੈਨੂੰ ਭੀ ਵਰ ਲੈ ਦਿਓ। ਬ੍ਰਹਮਾ ਸਿੰਘ ਨੇ ਕਹਾ ਮੈਨੂੰ ਭੀ ਵਰ ਲੈ ਦਿਓ। ਬਾਬੇ ਸਾਹਿਬ ਸਿੰਘ ਨੇ ਕਹਾ ਸਤਿ ਬਚਨ। ਜਿਸ ਵਕਤ ਖੁਸ਼ੀ ਮੈਂ ਸਾਹਿਬ ਆਵੇਂਗੇ ਤਾ ਲੈ ਦੇਵਾਂਗੇ ਵਰ। ਕੋਈ ਦਿਨ ਪਾਕੇ ਅੰਤਰਜਾਮੀ ਜੀ ਬਚਨ ਕੀਤਾ ਸਾਹਿਬ ਸਿੰਘ ਲਿਆ ਜੇੜੇ ਤੈਨੂੰ ਕਹਿੰਦੇ ਸੇ ਵਰ ਲੈ ਦਿਓ। ਪੈਹਲੇ

ਕਾਹਨ ਸਿੰਘ ਕੋ ਸੱਦਿਆ। ਗੁਰੂ ਜੀ ਬਚਨ ਕੀਤਾ ਮੰਗ ਕੀ ਮੰਗਦਾ ਹੈਂ। ਬਾਬੇ ਕਾਹਨ ਸਿੰਘ ਨੇ ਕਹਾ ਕਿ ਖਾਲਸਾ ਈ ਸਾਰੀ ਪ੍ਰਿਥਵੀ ਕੇ ਉੱਪਰ ਦਿਸੇ। ਤੁਰਕ ਨਾ ਨਜ਼ਰ ਆਵੇ। ਬਚਨ ਹੋਇਆ ਅੱਗੇ ਈ ਦਸਮ ਪਾਤਸ਼ਾਹ ਲਿਖਿਆ ਹੈ-ਨ ਛਾਡਉਂ ਕਾਹੂੰ ਦੁਸਟ ਅਸੁਰਨ ਨਿਸਾਨੀ। ਚਲੈ ਸਭ ਜਗਤ ਮਹਿ ਧਰਮ ਕੀ ਕਹਾਨੀ।[1] ਬ੍ਰਹਮਾਂ ਸਿੰਘ ਨੂੰ ਸੱਦਕੇ ਪੁੱਛਿਆ ਉਸਨੇ ਕਹਾ ਕਿ ਹਾਥੀਆਂ ਵਾਲੇ ਦਿਸ ਪੈਣ ਪਿੰਡ ਭਾਵੇਂ ਉੱਜੜ ਹੀ ਜਾਣ। ਬਚਨ ਹੋਇਆ ਈਸ਼ਵਰੋਂ ਕੇ ਵਾਕ ਕਦੀ ਅਨਥਾ ਨਹੀਂ ਜਾਂਦੇ ਹੈਨ। ਕੋਲੋਂ ਸਿੰਘਾਂ ਨੇ ਕਹਾ ਕਿ ਆਪ ਕੋ ਤਾਂ ਸਮਝ ਪਈ ਹੈ ਸਾਨੂੰ ਨਹੀਂ ਪਈ। ਬਚਨ ਹੋਇਆ ਕਹਿੰਦਾ ਹੈ ਰੂਸ ਆਇ ਜਾਵਣ ਪਿੰਡ ਭਾਵੇਂ ਉੱਜੜ ਹੀ ਜਾਵਣ। ਹਾਥੀਆਂ ਵਾਲੇ ਰੂਸ ਹੈਨ। ਬਾਬੇ ਜੱਸਾ ਸਿੰਘ ਕੋ ਸੱਦਕੇ ਬਚਨ ਕੀਤਾ ਮੰਗ ਵਰ ਕੀ ਮੰਗਣਾ ਹੈ। ਬਾਬੇ ਜੀ ਕਹਾ ਜਾਂ ਤੇਰੇ ਇਕ ਲੜਕਾ ਹੋ ਜਾਵੇ ਜਾਂ ਬੁੱਧ ਸਿੰਘ ਦੇ ਹੋ ਜਾਵੇ। ਬਚਨ ਹੋਇਆ ਮੇਰੇ ਤਾਂ ਨਹੀਂ ਪਰ ਸਮਾ ਪਾਇਕੇ ਬੁੱਧ ਸਿੰਘ ਦੇ ਘਰ ਹੋ ਜਾਇਗਾ।

## ਜਦ ਖੇਲ ਕਰਨ ਹੁੰਦਾ ਹੈ

ਸ੍ਰੀ ਸਤਿਗੁਰੂ ਜੀ ਨੇ ਬਚਨ ਕੀਤਾ ਬਾਬੇ ਨੂੰ ਤੂੰ ਆਂਧਾ ਹੋਵੇਂਗਾ ਮੇਰਾ ਪੁੱਤਰ ਹੈ। ਅਸੀਂ ਆਦ ਅੰਤ ਕਿਸੇ ਦੇ ਨਹੀਂ ਹੋਏ ਹੈਂ। ਜੋ ਭਗਤ ਹੋਵੇ ਪ੍ਰੇਮੀ ਓਸਦੇ ਘਰ ਆਂਵਦੇ ਹਾਂ ਜਦ ਖੇਲ ਕਰਨਾ ਹੁੰਦਾ ਹੈ। ਤੂੰ ਤਾਂ ਬਾਬਾ ਕੋਲ ਸੈਂ, ਸੱਚ ਕਹੁ ਤੈਨੂੰ ਦਾਈ ਨੇ ਕੀ ਦਿਖਾਲਿਆ ਸੀ। ਬਾਬੇ ਨੇ ਕਹਾ ਮੈਨੂੰ ਦਾਈ ਨੇ ਜਲ ਪੌਣ ਦੀ ਗੰਢ ਜਹੀ ਦੁਖਾਲੀ ਸੀ। ਜਾਂ ਮੈਂ ਡੱਕਾ ਲਾਇਆ ਫਿੱਸਕੇ ਪਾਣੀ ਜਿਹਾ ਚੋਇਆ ਸੀ। ਜਾਲਾ ਧਰਤੀ ਨਾਲ ਲਗ ਪਿਆ। ਜਲ ਜੁਦਾ ਹੋਇਆ। ਟੋਆ ਕਢਕੇ ਘਰ ਮੈ ਹੀ ਦਬਾਇ ਦਿੱਤਾ ਸੀ।

ਏਕ ਦਿਨ ਸਤਿਗੁਰੂ ਜੀ ਬਚਨ ਕੀਤਾ ਇਹ ਜੋ ਅਕਾਲ ਬੁੰਗੇ ਫਲਾਹੀ ਹੈ ਏਸ ਉੱਤੋਂ ਕੋਈ ਬੀ ਦਾਤਨ ਨਾ ਵੱਢੇ। ਜੋ ਵੱਢੇਗਾ ਸੋ ਮੇਰੇ ਪਿੰਡੇ ਕਾ ਰੋਮ ਵੱਢੇਗਾ।

## ਏਹ ਨਿੰਦਿਆ ਹੈ

ਅਤਰ ਸਿੰਘ ਹਜ਼ੂਰੀਏ ਨੇ ਅਰਜ਼ ਕੀਤੀ ਜੀ ਨਿੰਦਾ ਕਿਸ ਨੂੰ ਕਹਿੰਦੇ ਹਨ। ਬਚਨ ਕੀਤਾ ਜੋ ਕਿਸੇ ਨੇ ਨਾ ਕੀਤੀ ਹੋਵੇ ਤੇ ਉਸਦੇ ਜੁੰਮੇਂ ਲਾਵੇ ਇਸ ਨੂੰ ਨਿੰਦਿਆ ਆਖਦੇ ਹਨ। ਜੇੜਾ ਕਰਮ ਕੀਤਾ ਹੋਵੇ ਤੇ ਕਹੀਏ ਉਸਦਾ ਦੋਸ਼ ਨਹੀਂ। ਐਵੇਂ ਕਹਿਣਾ ਏਹ ਨਿੰਦਿਆ ਹੈ।

ਜੇ ਕੋਈ ਉਸਕਾ ਸੰਗੀ ਹੋਵੈ ਨਾਲੇ ਲਏ ਸਿਧਾਵੈ॥
ਅਣਹੋਦਾ ਅਜਗਰੁ ਭਾਰੁ ਉਠਾਏ ਨਿੰਦਕੁ ਅਗਨੀ ਮਾਹਿ ਜਲਾਵੈ॥

(ਆਸਾ ਮ: ੫, ਪੰਨਾ ੩੭੩)

## ਨਾਮ ਬਿਨਾ ਕੁਝ ਨਾ ਮੰਗੋ

ਏਕ ਸਮੇ ਅਤਰ ਸਿੰਘ ਨੂੰ ਨਰੈਣ ਸਿੰਘ ਨੇ ਕਹਾ ਕਿ ਤੂੰ ਕਰਜਾ ਦੇਣਾ ਹੈ, ਤੂੰ ਸਰਧਾ

1 ਉਗ੍ਰਦੰਤੀ, ਛੱਕਾ ੬.

ਪੂਰਣ ਦੇਖਕੇ ਸ਼ਬਦ ਦੀ ਅਰਾਧਨਾ ਕਰ। ਤੇਰਾ ਕਰਜਾ ਉਤਰ ਜਾਏਗਾ। ਕਹਾ ਕਿ ਮੈਂ ਸਤਿਗੁਰਾਂ ਥੀਂ ਪੁਛਕੇ ਕਰਾਂਗਾ ਅਰਾਧਨਾ। ਰਾਤ ਨੂੰ ਅੰਤਰਜਾਮੀ ਜੀ ਬਚਨ ਕੀਤਾ ਦ੍ਰਿਸ਼ਟਾਂਤ ਮੈ "ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ।" ਰਾਮਦਾਸਪੁਰੇ ਆਇਕੇ ਸਾਰਾ ਬ੍ਰਿਤਾਂਤ ਸੁਣਾਇਆ। ਬਚਨ ਹੋਇਆ ਨਾਮ ਥੀਂ ਬਿਨਾਂ ਹੋਰ ਕਖ ਭੀ ਨ ਮੰਗਣਾ ਚਾਹੀਏ।

## ਹੁਣ ਕੰਮ ਦਾ ਵੇਲਾ ਨਹੀ ਹੈ

ਜਵੰਦ ਸਿੰਘ ਰਾਮਦਾਸਪੁਰੇ ਸਾਹਿਬ ਮੈ ਆਇਆ। ਦਰਸ਼ਨ ਕੀਤਾ। ਮਹਾਰਾਜ ਬੁੱਧ ਸਿੰਘ ਜੀ ਜੋੜੀ ਕੇ ਸੱਕ ਲੌਂਦੇ ਸੇ ਬੈਠੇ। ਜਵੰਦ ਸਿੰਘ ਭੀ ਕੋਲ ਆਇ ਬੈਠਾ। ਸੰਕਲਪ ਕੀਤਾ ਸਤਿਗੁਰੂ ਜੀ ਕੀਆਂ ਅਕਾਸ ਪਤਾਲ ਵਿਚ ਖ਼ਬਰਾਂ ਹੋਈਆਂ ਹੈਨ ਤੇ ਭਾਈ ਕੀ ਖ਼ਬਰ ਨਹੀਂ ਲਈ। ਅਜੇ ਸੱਕ ਹੀ ਲ੍ਹੌਂਦਾ ਹੈ। ਐਸੇ ਸੰਕਲਪ ਦੇ ਮਿਟਾਉਣ ਨੂੰ ਅੰਤਰਜਾਮੀ ਸ੍ਰੀ ਸਤਿਗੁਰੂ ਜੀ ਆਇ ਬਚਨ ਕੀਤਾ ਬੁੱਧ ਸਿੰਘ ਹੁਣ ਕੰਮ ਦਾ ਵੇਲਾ ਨਹੀਂ ਹੈ। ਕੰਮ ਛੱਡ ਦੇਓ ਤੇ ਗੋਪਾਲ ਸਿੰਘ ਕੋਲੋਂ ਪੜ੍ਹਿਆ ਕਰ। ਮਹਾਰਾਜ ਬੁੱਧ ਸਿੰਘ ਜੀ ਕੇ ਮਹਿਲ ਸਾਹਬੋ ਨੂੰ ਬਚਨ ਕੀਤਾ ਅੱਗੇ ਵਾਲੀ ਗੱਲ ਨਹੀਂ ਕਰਨੀ। ਲੰਗਰੋਂ ਪਰਸ਼ਾਦਾ ਛਕ ਅਕਾਲ ਬੁੰਗੇ ਬੈਠ ਕੇ ਮਾਲਾ ਫੇਰੀ ਜਾਈਂ। ਜਵੰਦ ਸਿੰਘ ਕਾ ਸੰਕਲਪ ਪੂਰਾ ਹੋਇਆ। ਸਮਝਿਆ ਜੋ ਮੇਰਾ ਸੰਸਾ ਨਵਿਰਤ ਹੋਇਆ ਹੈ।

ਏਕ ਦਿਨ ਸਤਿਗੁਰੂ ਜੀ ਬਚਨ ਕੀਤਾ ਫ਼ਰੰਗੀਆਂ ਨੂੰ ਰਾਜ ਕਰਨਾ ਤਾਂ ਅੱਛਾ ਔਂਦਾ ਹੈ ਪਰ ਏਨ੍ਹਾਂ ਦਾ ਬਾਣਾ ਖਾਣਾ ਚੰਗਾ ਨਹੀਂ ਹੈ। ਏਸ ਕਰਕੇ ਏਸ ਦੇਸ ਰਹਿਣ ਨਹੀਂ ਦੇਣੇ ਹੈਂ।

## ਹੀਰਾ ਸਿੰਘ ਨਾਭਾ

ਨਾਭੇ ਵਾਲਾ ਹੀਰਾ ਸਿੰਘ ਮਾਲਵੇ ਦੇ ਦੌਰੇ ਮਿਲਿਆ ਸੀ। ਸੱਤ ਰੁਪਏ ਧਰਕੇ ਮੱਥਾ ਟੇਕਿਆ। ਅਰਜ਼ ਕੀਤੀ ਜੀ ਥੋੜੀ ਜੇਹੀ ਜਾਗੀਰ ਹੈ। ਦੀਨਾਨਾਥ ਜੀ ਬਚਨ ਕੀਤਾ ਬਹੁਤ ਹੋ ਜਾਏਗੀ। ਫੇਰ ਥੋੜੇ ਚਿਰ ਮੈ ਨਾਭੇ ਕਾ ਰਾਜਾ ਹੋਇਆ[1]। ਜਾਂ ਰਾਜਾ ਹੋਣ ਲਗਾ ਤਾਂ ਭੀ ਸਤਿਗੁਰਾਂ ਨੇ ਬਚਨ ਕੀਤਾ ਹੀਰੇ ਨੇ ਭੀ ਡੁਬਦੇ ਬੇੜੇ ਵਿਚ ਲੱਤ ਧਰ ਲਈ ਹੈ।

ਗੁਰੂ ਜੀ ਬਚਨ ਕੀਤਾ ਏਕ ਸਰੀਰ ਕਾ ਭਜਨ ਲਿਆ ਹੋਵੇ, ਹੋਰ ਸਾਰਾ ਟੱਬਰ ਸਿੱਖ ਨਾ ਹੋਵੇ ਉਹ ਜੇਕਰ ਮਰਨ ਲੱਗੇ ਦੇ ਕੰਨ ਮੈਂ ਭਜਨ ਸੁਣਾਵੇ ਤਾਂ ਭੀ ਮੁਕਤ ਹੋ ਜਾਵੇਗੀ ਔਰ ਚੁਰਾਸੀ ਮੈਂ ਨਹੀਂ ਜਾਣ ਦੇਵਾਂਗੇ। ਜਨਮ ਹੋਵੇਗਾ ਤਾਂ ਸਿੰਘਾਂ ਦੇ ਘਰੀਂ ਜਨਮ ਹੋਵੇਗਾ।

## ਬਚਦੇ ਨਹੀਂ ਤੁਸੀਂ

ਏਕ ਸਮੇ ਸ੍ਰੀ ਸਤਿਗੁਰੂ ਜੀ ਫ਼ਰੰਗੀਆਂ ਕੋ ਬਚਨ ਕੀਤਾ ਮੈਨੂੰ ਮੋਮ ਜਾਮਾ ਕਰਕੇ ਸੰਦੂਖ

---

1 ਨਾਭਾਪਤਿ ਰਾਜਾ ਭਗਵਾਨ ਸਿੰਘ ਦੇ ੩੧ ਮਈ ੧੯੭੧ ਈ. ਨੂੰ ਬੇ-ਔਲਾਦ ਗੁਜ਼ਰ ਜਾਣ ਬਾਅਦ ੧੦ ਅਗਸਤ ੧੯੭੧ ਈ. ਨੂੰ ਹੀਰਾ ਸਿੰਘ ਨਾਭੇ ਦੀ ਰਾਜਗੱਦੀ ਪਰ ਬੈਠਾ ਸੀ। ਪਿਤਾ ਫੂਲਵੰਸੀ ਸਰਦਾਰ ਸਿੰਘ ਅਤੇ ਮਾਤਾ ਰਾਜ ਕੌਰ ਸੀ। ਮਹਾਰਾਜਾ ਹੀਰਾ ਸਿੰਘ ਦਾ ਦੇਹਾਂਤ ੨੫ ਦਸੰਬਰ ੧੯੧੧ ਈ. ਨੂੰ ਹੋਇਆ।

ਵਿਚ ਪਾਇ ਛੱਡੋ। ਜਿਵੇਂ ਤੁਸੀਂ ਬਚ ਰਹੋ ਸੋ ਕੰਮ ਕਰੋ। ਫੇਰ ਤਾਂ ਨਾ ਮਰੋਗੇ। ਬਚਦੇ ਤੁਸੀਂ ਨਹੀਂ ਹੈਂ ਚਾਹੇ ਕੋਈ ਜਤਨ ਕਰੋ।

## ਤੁਸਾਂ ਨਹੀਂ ਮੰਨਣਾ

ਅਤਰ ਸਿੰਘ ਗੜਵਈ ਪਿੰਡ ਕਰਤਾਰ ਗੜ੍ਹ ਕੋ ਗੁਰੂ ਜੀ ਬਚਨ ਕੀਤਾ ਜੇਕਰ ਕੋਈ ਆਖੇ ਮੈਂ ਰਾਮ ਸਿੰਘ ਨੂੰ ਚਿਖਾ ਵਿਚ ਚਿਣ ਆਇਆ ਹਾਂ ਤਾਂ ਭੀ ਤੁਸਾਂ ਨਹੀਂ ਮੰਨਣਾ ਕਿ ਸਰੀਰ ਛੱਡ ਗਏ ਹੈਨ। ਹਾਜਰ ਨਾਜਰ ਜਾਨਣਾ । ਮੈਂ ਪੌਣ ਨਾਲ ਉਡਦਾ ਨਹੀਂ, ਪਾਣੀਂ ਮੈ ਡੁਬਦਾ ਨਹੀਂ, ਅਗਨੀਂ ਨਾਲ ਜਲਦਾ ਨਹੀਂ ਹਾਂ। ਬਿੱਲੇ ਲੈ ਤਾਂ ਮੈਨੂੰ ਜਾਣਗੇ, ਝੂਠੇ ਕਰਕੇ ਮਾਰਨੇ ਹੈਂ। ਨਾਲੇ ਜਿੱਥੇ ਜਿੱਥੇ ਜਾਣਾ ਹੈ ਓਥੇ ਓਥੇ ਜਾਵਾਂਗੇ।

ਏਕ ਸਿੰਘ ਨੇ ਆਇ ਕਰ ਭਜਨ ਮੰਗਿਆ। ਬਾਬੇ ਸਾਹਿਬ ਸਿੰਘ ਨੇ ਭਜਨ ਦੇ ਦੀਆ। ਮਾਲਾ ਮੰਗਣ ਲੱਗਾ। ਗੁਰੂ ਜੀ ਬਚਨ ਕੀਤਾ ਏਸੇ ਨੂੰ ਹੀ ਦਬਲੀ ਜਾਓ। ਜੋੜਾ ਲਾਹੁੰਦਾ ਨਾਮ ਦਾ ਗੱਫ਼ਾ ਪੌਂਦਾ ਚਲਾ ਗਿਆ। ਛਿਨ ਭਰ ਮੈ ਨਿਹਾਲ ਕਰ ਦੀਆ।

## ਰਾਮਸਰ ਨਾਮ

ਏਕ ਸਮੇਂ ਬਚਨ ਕੀਤਾ ਸ੍ਰੀ ਸਤਿਗੁਰੂ ਜੀ ਰਾਮਸਰ ਪਰ ਰਾਮ ਚੰਦਰ ਜੀ ਬੰਦਗੀ ਕੀਤੀ ਹੈ। ਏਥੇ ਬੜੇ ਹਵਨ ਹੋਏ ਹੈਂ। ਰਾਮ ਚੰਦਰ ਜੀ ਨੇ ਤਪ ਕੀਤਾ ਹੈ। ਰਾਮ ਚੰਦਰ ਜੀ ਕੇ ਨਾਮ ਪਰ ਰਾਮਸਰ ਨਾਮ ਰੱਖਿਆ ਹੈ, ਆਪਨੇ ਨਾਮ ਪਰ ਨਹੀਂ ਰੱਖਿਆ ਹੈ। ਜਦ ਕਦੀ ਕਾਰ ਕਢਦੇ ਹਾਂ ਤਾਂ ਹਵਨ ਕੇ ਕੋਲੇ ਨਿਕਲਦੇ ਰਹੇ ਹੈਂ।

ਸ੍ਰੀ ਸਤਿਗੁਰੂ ਜਦ ਅੱਠਾਂ ਬਰਸਾਂ ਕੇ ਥੇ ਤਾਂ ਇਕ ਲੱਤ ਕੇ ਭਾਰ ਬੰਦਗੀ ਕਰਦੇ ਥੇ। ਬਾਬੇ ਜੱਸਾ ਸਿੰਘ ਨੇ ਵੇਖੇ ਸੇ।

ਏਕ ਸਮੇਂ ਬਾਬੇ ਬ੍ਰਹਮਾ ਸਿੰਘ ਕੋ ਬਚਨ ਕੀਤਾ ਜਿੱਥੇ ਚੀਕ ਚਿਹਾੜਾ ਪੈਂਦਾ ਹੋਵੇ ਤੂੰ ਉਥੇ ਜਾਇਆ ਕਰ। ਮਰਨ ਲੱਗੇ ਦੇ ਕੰਨ ਮੈਂ ਭਜਨ ਸੁਣਾਇਆ ਕਰ। ਸੋ ਚੁਰਾਸੀ ਤੋਂ ਬਚ ਜਾਵੇਗਾ ਤੇ ਜਨਮ ਸਿੰਘਾਂ ਦੇ ਘਰ ਹੀ ਹੋਵੇਗਾ।

## ਲੰਗਰ ਦਾ ਜਲ

ਏਕ ਸਮੇਂ ਮਾਲਵੇ ਕੇ ਗਿਦੜ ਨਾਮੀ ਪਿੰਡ ਮੈ ਗਏ। ਏਕ ਟੋਭੇ ਪਰ ਲਾਂਗਰੀਆਂ ਪ੍ਰਸ਼ਾਦ ਕੀਤਾ। ਚੌਲ ਤੇ ਹੋਰ ਅਨੇਕ ਪਦਾਰਥ ਬਣੇ। ਸ੍ਰੀ ਸਤਿਗੁਰੂ ਜੀ ਭਜਨ ਕਰਨ ਚਲੇ ਗਏ। ਜਾਂ ਔਣ ਕਾ ਵਕਤ ਹੋਇਆ ਸਿੰਘ ਘੋੜੀ ਅਰ ਪੁਸ਼ਾਕ ਲੈ ਗਏ। ਪੁਸ਼ਾਕ ਪਾਕੇ ਘੋੜੀ ਪਰ ਚੜ੍ਹ ਕੇ ਆਏ। ਏਕ ਕੁਰੰਗ ਛੱਪੜ ਤੇ ਸੌ ਕਰਮ ਪਰ ਪਿਆ ਸੀ। ਅੰਤਰਜਾਮੀ ਗੁਰੂ ਜੀ ਓਸ ਰਸਤੇ ਆਏ। ਦੇਖਕੇ ਸਤਿਗੁਰੂ ਜੀ ਪੁੱਛਿਆ ਲੰਗਰ ਏਸ ਜਲ ਨਾਲ ਬਨਾਇਆ ਹੈ? ਤਿੰਨ ਫੇਰੀ ਸਿੰਘ ਤੇ ਪੁੱਛਿਆ। ਤਿੰਨੇ ਫੇਰੀ ਸਿੰਘ ਨੇ ਕਹਿਆ ਜੀ ਏਸੇ ਜਲ ਨਾਲ ਬਨਾਇਆ ਹੈ। ਬਚਨ ਕੀਤਾ ਕਿ ਬਿਲਾਸਪੁਰੇ ਦਾ ਖਜਾਨ ਸਿੰਘ ਲਾਂਗਰੀ ਸੀ ਓਹ ਸੌ ਸੌ ਕਰਮ ਤਾਈਂ ਦੇਖ ਲੈਂਦਾ ਸੀ। ਹੁਣ

ਕਿਸੇ ਨੇ ਨਾ ਦੇਖਿਆ ਕੁਰੰਗ ਪਿਆ ਹੈ। ਜੋ ਟੋਬੇ ਕੇ ਜਲ ਨਾਲ ਪ੍ਰਸ਼ਾਦ ਬਨਾਇਆ ਸੀ ਗ਼ਰੀਬ ਗੁਰਬੇ ਕੋ ਦੇ ਦੀਆ। ਪਿੰਡ ਜਾਇ ਫੇਰ ਖੂਹ ਦੇ ਜਲ ਨਾਲ ਲੰਗਰ ਸੱਜਿਆ ਤਾਂ ਛਕਿਆ।

## ਰਸਨਾ ਕਾ ਭਜਨ ਪ੍ਰਵਾਨ

ਬਾਬੇ ਜਵਾਹਰ ਸਿੰਘ ਜੀ ਅਰਜ਼ ਕੀਤੀ ਗੁਰੂ ਜੀ ਕੇ ਹਜੂਰ ਜੀ ਆਠ ਪਹਿਰ ਭਜਨ ਕਰਦਿਆਂ ਰਸਨਾ ਥਕਤ ਹੋਇ ਜਾਂਦੀ ਹੈ। ਫੇਰ ਸੁਰਤੀ ਨਾਲ ਭਜਨ ਕਰਦਾ ਹਾਂ। ਮਨਜੂਰ ਹੈ ਜਾਂ ਨਾ ਮਨਜੂਰ। ਦੀਨ ਦਿਆਲ ਜੀ ਬਚਨ ਕੀਤਾ ਤੂੰ ਤਾਂ ਅਗਲੇ ਜੁਗਾਂ ਕੀ ਬਾਤ ਕਰਦਾ ਹੈਂ। ਹਜਾਰ ਵਰਿਆਂ ਕੀ ਉਮਰ ਹੁੰਦੀ ਸੀ। ਸਮਾਧੀਆਂ ਲਾਇਕੇ ਬੈਠ ਰਹਿੰਦੇ ਸੀ। ਜੇ ਸਰਬੰਧੀ ਕੋਈ ਬੁਲੌਣਾ ਹੋਵੇ ਤੇ ਅਵਾਜਾ ਨਾ ਮਾਰੀਏ ਉੱਚੀ ਉੱਚੀ ਤਾ ਉਨਾਂ ਚਿਰ ਕੋਈ ਬੋਲਦਾ ਨਹੀਂ ਹੈ। ਤਾਂ ਤੇ ਸੁਰਤੀ ਕੇ ਭਜਨ ਨਾਲੋ ਰਸਨਾ ਕਾ ਭਜਨ ਪਰਵਾਨ ਹੈ।

## ਲਾਂਗਰੀਆਂ ਨੂੰ ਘਿਓ

ਸੈਦੋ ਮੈਂ ਪੜਾਉ ਹੋਇਆ। ਖ਼ਜਾਨ ਸਿੰਘ ਲਾਂਗਰੀਆਂ ਵਿਚ ਮਹੰਤ ਸੀ। ਤਿਸਨੇ ਅਰਜ਼ ਕੀਤੀ ਜੀ ਲੰਗਰ ਕਰਨ ਕੋਈ ਨਹੀਂ ਲਗਦਾ ਹੈ। ਦੀਨ ਦਿਆਲ ਜੀ ਬਚਨ ਕੀਤਾ ਲੰਗਰ ਕਰਨਾ ਸਾਨੂੰ ਭੀ ਔਂਦਾ ਹੈ। ਖੜੇ ਹੋਇਕੇ ਬਸਤਰ ਉਤਾਰਨੇ ਲਗੇ। ਬਾਬਾ ਜਵਾਹਰ ਸਿੰਘ ਜੀ ਖੜੇ ਹੋਇਕੇ ਅਰਜ਼ ਕੀਤੀ ਜੀ ਆਪ ਜੀ ਠਹਰੋ ਮੈਂ ਜਾਂਦਾ ਹਾਂ। ਬਾਬੇ ਜਵਾਹਰ ਸਿੰਘ ਪਾਂਚ ਗਾਗਰਾਂ ਜਲ ਕੀਆਂ ਜਾਇ ਭਰੀਆਂ। ਬਚਨ ਕੀਤਾ ਗੁਰੂ ਜੀ ਲਾਂਗਰੀ ਕਿਉਂ ਨਹੀਂ ਲਗਦੇ ਹੈਂ? ਖ਼ਜਾਨ ਸਿੰਘ ਨੇ ਕਹਿਆ ਜੀ ਜਿਸ ਦਿਨ ਕੜਾਹ ਪ੍ਰਸ਼ਾਦ ਹੁੰਦਾ ਹੈ ਉਸ ਦਿਨ ਲਾਂਗਰੀ ਕਈ ਜਾ ਲਗਦੇ ਹੈਂ। ਜਿਸ ਦਿਨ ਦਾਲ ਫੁਲਕਾ ਹੁੰਦਾ ਹੈ ਉਸ ਦਿਨ ਕੋਈ ਨਹੀਂ ਲਗਦਾ। ਗੁਰੂ ਜੀ ਬਚਨ ਕੀਤਾ ਜਿਸ ਦਿਨ ਦਾਲ ਫੁਲਕਾ ਹੋਵੇ ਉਸ ਦਿਨ ਲਾਂਗਰੀਆਂ ਨੂੰ ਪਾਉ ਪਾਉ ਭਰ ਪੰਜਵਾਂ[1] ਦੇ ਦਿਆ ਕਰੋ। ਉਸੀ ਦਿਨ ਥੀਂ ਬੇਅੰਤ ਲਾਂਗਰੀ ਆਇ ਲਗਿਆ ਕਰਨ। ਪੰਜਾਹ ਸੱਠ ਲਾਂਗਰੀ ਲਗਦੇ ਸੇ।

ਇਕ ਦਿਨ ਸਤਿਗੁਰੂ ਜੀ ਪੁੱਛਿਆ ਕੋਈ ਰੱਜੀ ਰੂਹ ਭੀ ਦੇਖੀ ਹੈ? ਇਕ ਸਿੰਘ ਨੇ ਕਹਿਆ ਜੀ ਜਾਂ ਤੇ ਆਪ ਕੀ ਰੂਹ ਰੱਜੀ ਹੋਈ ਦਿਸਦੀ ਹੈ ਜਾਂ ਬਾਬੇ ਜਵਾਹਰ ਸਿੰਘ ਦੀ।ਹੋਰ ਨਹੀਂ ਕਿਸੇ ਕੀ ਭੀ ਰੱਜੀ ਹੋਈ ਰੂਹ

## ਪੰਜ ਪਿਆਰੇ

ਏਕ ਸਮੇਂ ਮੁਠੱਡੀਂ ਸੰਗਤ ਮੇਂ ਬੈਠੇ ਥੇ। ਪਾਂਚ ਸਿੰਘਾਂ ਨੇ ਆਇਕੇ ਸਤਿ ਸ੍ਰੀ ਅਕਾਲ ਬੁਲਾਈ। ਲਾਂਗਰੀ ਨੇ ਭੀ ਆਇ ਅਰਜ਼ ਕੀਤੀ ਜੀ ਪ੍ਰਸ਼ਾਦ ਤਿਆਰ ਹੈ ਸਿੰਘ ਛਕਣ ਆਵਣ। ਸਿੰਘਾਂ ਨੇ ਕਹਿਆ ਜੀ ਸਾਡਾ ਛਕਿਆ ਹੋਇਆ ਹੈ। ਥੋੜਾ ਚਿਰ ਬੈਠਕੇ ਪਾਂਚੋ ਸੀਸ ਨਿਵਾਇਕੇ ਚਲੇ ਗਏ। ਥੋੜੀ ਦੂਰ ਜਾਇਕੇ ਫੇਰ ਸਤਿ ਸ੍ਰੀ ਅਕਾਲ ਬੁਲਾਈ। ਸਿੰਘਾਂ ਨੇ ਪੁੱਛਿਆ ਜੀ ਏਹ

---

1 ਦੇਸੀ ਘਿਓ।

ਕੌਣ ਸੇ। ਗੁਰੂ ਜੀ ਬਚਨ ਕੀਤਾ ਪੰਜ ਪਿਆਰੇ ਸੇ। ਦਸਵੇਂ ਪਾਤਸ਼ਾਹ ਵੇਲੇ ਜਿਨ੍ਹਾਂ ਨੂੰ ਅੰਮ੍ਰਿਤ ਛਕਾਇਆ ਸੀ।

## ਢੱਟਾ ਕਢਵਾਇਆ

ਏਕ ਸਮੇਂ ਭੰਮਾਂ ਬਦੀ ਮੈ ਨੀਰੇ ਵਾਲੇ ਅੰਦਰ ਕਿਸੇ ਨੇ ਗੋਕਾ ਸਾਹਨ ਬੰਦ ਕਰ ਦੀਆ। ਤੀਨ ਦਿਨ ਗੁਜਰ ਗਏ। ਸ੍ਰੀ ਸਤਿਗੁਰੂ ਜੀ ਕੀ ਲੰਬੀ ਮੂਰਤੀ ਕਾ ਦਰਸ਼ਨ ਹੋਇਆ ਇਕ ਸਿੰਘ ਨੂੰ। ਚੀਨੀਂ ਕੇ ਅਸਵਾਰ ਥੇ। ਸਿੰਘ ਨੇ ਕਹਿਆ ਜੀ ਜਲ ਛਕੋ। ਬਚਨ ਕੀਤਾ ਸਰਕਾਰੀ ਸਾਹਨ ਨੀਰੇ ਵਾਲੇ ਕੋਠੇ ਵਿਚ ਬੱਧਾ ਹੋਇਆ ਹੈ, ਓਹ ਤਿੰਨ ਦਿਨ ਦਾ ਤਿਹਾਇਆ ਹੈ। ਅਸੀਂ ਨਹੀਂ ਏਸ ਪਿੰਡ ਕਾ ਜਲ ਛਕਦੇ ਹੈਂ। ਸਿੰਘ ਨੇ ਆਇਕੇ ਢੱਟਾ ਕਢਵਾਇਆ।

## ਤੇਰੀਆਂ ਤੂੰਹੇਂ ਜਾਣੇਂ

ਵਸਾਵਾ ਸਿੰਘ ਤਖਤੂਪੁਰੇ ਵਾਲਾ ਦੋ ਸਿੰਘ ਨਾਲ ਲਿਆਇਆ ਕਿ ਚਲ ਦਿਖਾਈਏ ਬਾਰ੍ਹਵਾਂ ਗੁਰੂ ਜੇੜ੍ਹਾ ਸਾਖੀਆਂ ਮੈਂ ਲਿਖਿਆ ਹੈ। ਆਇਕੇ ਦਰਸ਼ਨ ਕੀਤਾ ਤੇ ਸਿੰਘਾਂ ਭਜਨ ਮੰਗ ਕੇ ਲਿਆ। ਅੰਮ੍ਰਿਤ ਵੇਲੇ ਇਸ਼ਨਾਨ ਕਰਾ ਕੇ ਭਜਨ ਦੇ ਕੇ ਬਚਨ ਕੀਤਾ ਗੁਰੂ ਜੀ ਮੈਨੂੰ ਨਹੀਂ ਹੈ ਡਰ। ਏਸ ਦੇਹ ਬਿਨਾਂ ਨਾ ਕੋਈ ਮੇਲੂਗਾ ਨਾ ਬਖ਼ਸ਼ੂਗਾ। ਸ਼ਬਦ ਪੜ੍ਹਿਆ ਦਿੱਤੂ ਰਾਗੀ ਨੇ ਤੁਕ ਲਈ "ਸਤਿਗੁਰ ਬਚਨ ਤੁਮਾਰੇ॥ ਨਿਰਗੁਣ ਨਿਸਤਾਰੇ॥" ਸ੍ਰੀ ਸਤਿਗੁਰੂ ਜੀ ਬਚਨ ਕੀਤਾ ਸ਼ਬਦ ਬੰਦ ਕਰਕੇ ਛਾਤੀ ਨੂੰ ਹੱਥ ਲਾਇਕੇ ਏਸ ਦੇਹ ਵਿਚ ਹੈ ਜਿਸ ਨੂੰ ਸ਼ਬਦ ਗੌਂਦਾ ਹੈ। ਤਿੰਨ ਫੇਰੀ ਬਚਨ ਕੀਤਾ। ਬਾਬੇ ਜੀ ਚਰਨੀਂ ਹੱਥ ਲਾਇਕੈ ਬਚਨ ਕੀਤਾ ਜੀ ਸੱਚੇ ਪਾਤਸ਼ਾਹ ਤੇਰੀਆਂ ਤੂੰਹੇਂ ਜਾਣੇਂ।

ਏਕ ਸਮੇਂ ਸਿਆਹੜ ਮੈ ਸਤਿਗੁਰੂ ਜੀ ਸੁਤੇ ਸਿਧ ਬਚਨ ਕੀਤਾ ਜੱਸਾਂ ਮੈਂ ਚੜ੍ਹ ਜਾਵਾਂ? ਜੱਸਾਂ ਮਹਿਲ ਸਤਿਗੁਰੂ ਜੀ ਕੇ ਕਹਿਨੇ ਲਗੀ ਜੀ ਮੈਂ ਜਾਵਾਂ ਤੇ ਤੁਸੀਂ ਰਹੋ। ਏਹ ਜੇੜਾ ਬੇੜਾ ਭਰਿਆ ਹੈ ਇਸ ਨੂੰ ਬੰਨੇ ਲਾਓ। ਸੱਚੇ ਪਾਤਸ਼ਾਹ ਜੀ ਧੁਆਡੇ ਬਗੈਰ ਬੇੜੇ ਬੰਨੇ ਲਾਨੇ ਵਾਲਾ ਕੋਈ ਨਹੀਂ ਹੈ। ਤੁਸੀਂ ਜੁਗ ਜੁਗ ਜੀਵੋ ਤੇ ਮੈਂ ਚੜ੍ਹ ਜਾਵਾਂ।[1]

## ਨਿੰਦਕ ਨੂੰ ਬਖ਼ਸ਼

ਸਰਦਾਰ ਮੰਗਲ ਸਿੰਘ ਨੂੰ ਏਕ ਥਾਨੇਦਾਰ (ਰਿਖੀ ਸਿੰਘ) ਬੁਲਾਇਆ। ਸਤਿਗੁਰੂ ਜੀ ਕੀ ਨਿੰਦਾ ਕਰੇ। ਕਹੇ ਕਿ ਤੂੰ ਤਰਖਾਣ ਦਾ ਸਿੰਘ ਜਾਇ ਬਣਿਆ ਹੈ ਦਸਵੇਂ ਪਾਤਸ਼ਾਹ ਕੋ ਛੱਡਕੇ। ਹੋਰ ਕਹੇ ਤੈਂ ਮੁਸਲਮਾਨੀ ਕਲਾਮ ਸੁਣ ਲਈ ਹੈ। ਹੋਰ ਵੀ ਕਈ ਤਰ੍ਹਾਂ ਕੀ ਨਿੰਦਾ ਕਰੇ। ਨਿੰਦਾ ਕਰਦੇ ਕੋ ਕੁਸ਼ਟ ਹੋਇ ਗਿਆ। ਬਿਸ਼ਨਪੁਰੇ ਬੀੜ ਮੈ ਬਾਹਰ ਕੁਟੀ ਪਾਇ ਦਿੱਤੀ, ਰਹਿਣ ਲਗਾ। ਸਾਰੇ ਉਸਨੂੰ ਕਹਿਣ ਤੈਂ ਨਿੰਦਾ ਕੀਤੀ ਹੈ ਬਾਰ੍ਹਵੇਂ ਗੁਰੂ ਕੀ ਤਾਂ ਤੈਨੂੰ ਕੁਸ਼ਟ ਹੋਇਆ ਹੈ। ਹੁਣ ਤੂੰ ਬਖ਼ਸ਼ਾਵੇਂ ਤਾਂ ਰਾਜੀ ਹੁੰਦਾ ਹੈ। ਉਸ ਥਾਨੇਦਾਰ ਦਲੀਲ ਕੀਤੀ ਜੇ ਅੰਤਰਜਾਮੀ ਗੁਰੂ ਹੈਨ ਤਾ ਮੈਨੂੰ

---

1 ਮਾਤਾ ਜੱਸਾਂ ਜੀ ਨੇ ਅਕਤੂਬਰ ੧੯੭੧ ਈ. (੧੯੨੮ ਬਿਕ੍ਰਮੀ) ਵਿਚ ਚੜਾਈ ਕੀਤੀ।

ਦਰਸ਼ਨ ਦੇਣਗੇ। ਗੁਰੂ ਜੀ ਬਿਸ਼ਨਪੁਰੇ ਆਏ। ਤਾਏ ਨੂੰ ਬਚਨ ਕੀਤਾ ਚਲੋ ਰਿਖੀ ਨੂੰ ਮਿਲ ਆਈਏ ਬੀੜ ਵਿਖੇ। ਜਾਂ ਕੋਲ ਗਏ, ਜਾਇ ਤਾਏ ਆਵਾਜ ਮਾਰੀ ਰਿਖੀ ਜੀ ਬਾਹਰ ਆਵੋ ਸਤਿਗੁਰੂ ਜੀ ਕਾ ਦਰਸ਼ਨ ਕਰ ਲਵੋ। ਨਿਕਲ ਕੇ ਬਾਹਰ ਚਰਨੀਂ ਆਇ ਲਗਾ। ਬੇਨਤੀ ਕੀਤੀ ਸੱਚੇ ਪਾਤਸ਼ਾਹ ਜੀ ਮੈਂ ਭੁਲ ਗਿਆ ਹਾਂ। ਧੁਆਡੀ ਮੈਂ ਨਿੰਦਿਆ ਕੀਤੀ ਸੀ ਤਾਂਹੀਏਂ ਏਸ ਸਜਾਇ ਨੂੰ ਪੁੱਜਾ ਹਾਂ। ਮੈਨੂੰ ਪਿਛਲੀ ਭੁਲ ਬਖ਼ਸ਼ੋ ਅੱਗੇ ਨੂੰ ਕਦੇ ਨਹੀਂ ਨਿੰਦਾ ਕਰੂੰਗਾ। ਦੀਨ ਦਿਆਲ ਜੀ ਬਚਨ ਕੀਤਾ ਰਾਜੀ ਹੋ ਜਾਵੇਂਗਾ। ਥੋੜੇ ਚਿਰ ਪਾਛੇ ਰਾਜੀ ਹੋਇਆ।

## ਮਿਸ਼ਰੀ ਦੀ ਸ਼ਰਦਾਈ

ਗੁਲਾਬ ਸਿੰਘ ਗੁਰੂਸਰੀਏ ਕੀ ਬਾਤ ਹੈ। ਰਾਮਦਾਸਪੁਰੇ ਨੂੰ ਆਇਆ। ਰਸਤੇ ਮੈਂ ਭੇਟਾ ਵਾਸਤੇ ਮਿਸ਼ਰੀ ਖ਼ਰੀਦੀ। ਦਿਲ ਵਿਚ ਏਹ ਧਾਰੀ ਕਿ ਜੇਕਰ ਨਾ ਮਿਸ਼ਰੀ ਕਾ ਸ਼ਰਬਤ ਪਿਲਾਇਆ ਤਾ ਤੇ ਜਾਣਾਂਗੇ ਸ਼ਕਤੀ ਨਹੀਂ ਹੈ। ਗੁਲਾਬ ਸਿੰਘ ਆਇ ਮਿਸ਼ਰੀ ਭੇਟਾ ਧਰੀ। ਅੰਤਰਜਾਮੀ ਗੁਰੂ ਜੀ ਹੱਟੀ ਵਾਲੇ ਸਿੰਘ ਨੂੰ ਬਚਨ ਕੀਤਾ ਸਿੰਘ ਤਿਹਾਇਆ ਆਇਆ ਹੈ ਲਿਆਓ ਮਿਸ਼ਰੀ। ਜਾਂ ਸਿੰਘ ਮਿਸ਼ਰੀ ਲਿਆਇਆ ਤਾਂ ਬਚਨ ਹੋਇਆ ਸ਼ਰਦਾਈ ਕਰਕੇ ਛਕਾਓ। ਗੁਲਾਬ ਸਿੰਘ ਸ਼ਰਦਾਈ ਛਕੀ ਔਰ ਜਾਣਿਆ ਜੋ ਏਹ ਪੂਰਨ ਪੁਰਖ ਹੈ। ਘਟ ਘਟ ਕੇ ਜਾਨਣਹਾਰੇ ਹੈਂ। ਆਇ ਅਵਤਾਰ ਧਾਰਿਆ ਹੈ। ਭਜਨ ਲੈ ਲਿਆ ਤੇ ਸਿੰਘ ਸਜਿਆ। ਤਨੋਂ ਮਨੋਂ ਸੇਵਾ ਕਰਨ ਲਗਾ।

## ਕੇਹੜੀ ਗੱਲੋਂ ਚੰਗੇ ਹੈਂ

ਏਕ ਸਮੇਂ ਸ਼ਾਮ ਸਿੰਘ ਨਥਾਣੇ ਕਾ ਕਾਰੀਗਰ ਸਿੰਘ ਸੀ। ਉਸਕੇ ਮੂੰਹੋਂ ਨਿਕਲਿਆ ਕਿ ਫ਼ਰੰਗੀ ਚੰਗੇ ਹੈਂ। ਸੁਣਕੇ ਗੁਰੂ ਜੀ ਸਲੋਤਰ ਫੜ ਲਿਆ। ਨੱਸਕੇ ਲੁਕ ਗਿਆ। ਤੇਜੀ ਹੋਇਕੇ ਬਚਨ ਕੀਤਾ ਕੇੜ੍ਹੀ ਗੱਲੋਂ ਚੰਗੇ ਕਹਿੰਦੇ ਹੈਂ? ਗਊਆਂ ਏਨਾਂ ਨੇ ਮੁਕਾਇ ਦਿੱਤੀਆਂ ਹੈਂ, ਲੋਕ ਈਸਾਈ ਕੀਤੇ ਹੈਂ। ਸੰਕਰ ਬਰਨ ਸਭ ਕਰ ਦਿੱਤੀ ਹੈ। ਦੱਸ ਕੇਹੜੀ ਗੱਲੋਂ ਚੰਗੇ ਕਹਿੰਦਾ ਹੈਂ?

## ਪ੍ਰਮੇਸਰ ਦੇਖਦਾ ਹੈ

ਏਕ ਸਮੇਂ ਬੀਬੀ ਨੰਦਾਂ ਨੇ ਪੁੱਛਿਆ ਜੇੜ੍ਹੇ ਬੰਦਗੀਆਂ ਕਰਦੇ ਹੈਨ ਓਨਾਂ ਨੂੰ ਕੋਈ ਨਾ ਕੋਈ ਦੁੱਖ ਲਗਾ ਰਹਿੰਦਾ ਹੈ। ਜੇੜ੍ਹੇ ਚੋਰੀਆਂ ਯਾਰੀਆਂ ਕਰਨ ਵਾਲੇ ਹੈਂ ਓਹ ਢਟਿਆਂ[1] ਵਾਂਗੂ ਫਿਰਦੇ ਰਹਿੰਦੇ ਹੈਂ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਕੁੜੀਏ ਪ੍ਰਮੇਸਰ ਕਾ ਬੜਾ ਜਿਗਰਾ ਹੈ। ਦੇਖਦਾ ਰਹਿੰਦਾ ਹੈ। ਜਾਂ ਮਨੁੱਖ ਨਹੀਂ ਹਟਦਾ ਤਾਂ ਏਹੋ ਜੇਹੀ ਜਗਾ ਸੁਟਦਾ ਹੈ ਫ਼ੇਰ ਉੱਠਨ ਜੋਗਾ ਨਹੀਂ ਰਹਿੰਦਾ।

ਏਕ ਸਮੇਂ ਲੋਪੋਂ ਮੇਂ ਜਾਇ ਉਤਰੇ। ਧਰਮਸਾਲ ਸੀ। ਨਿਰਮਲਾ ਨਿੰਦਿਆ ਕਰਦਾ ਸੀ। ਗੁਰੂ ਜੀ ਪਾਸ ਆ ਕੇ ਹੁੱਜਤ ਜੇਹੀ ਕੀਤੀ ਜੀ ਮੇਨੂੰ ਫਲਾਨਾ ਰੋਗ ਹੈ। ਬਚਨ ਕੀਤਾ ਕੋਈ

1 ਗੋਕਾ ਸਾਨ੍ਹ, ਸਿਹਤਮੰਦ ਬਲਦ ।

ਦੁਆਈ ਕਰ ਲੈ। ਕਹਿਣ ਲਗਾ ਧੁਆਨੂੰ ਨਾਮ ਤੇ ਨਿਸਚਾ ਨਹੀਂ ਹੈ? ਬਚਨ ਹੋਇਆ ਮਾਰੋ। ਸਿੰਘਾਂ ਨੇ ਕੁੱਟਿਆ। ਬਚਨ ਹੋਇਆ ਏਹ ਕੈਦੋਂ ਲੰਙਾ ਹੈ, ਪਿੱਛੇ ਹੀਰ ਨੂੰ ਭੀ ਦੁੱਖ ਦੇਂਦਾ ਰਿਹਾ ਹੈ।

ਸ਼ਰਦਾਈ ਛਕ ਕੇ ਮਦਾਨ ਖੇਡਣ ਗਏ। ਮਗਰੇ ਸਿੰਘ ਸੂਬੇ ਗਏ ਕੇ ਕੋਈ ਜਾਇਕੇ ਗਲ਼ ਨ ਪਵੇ। ਜਾਇ ਮਿਲੇ। ਬਚਨ ਕੀਤਾ ਤੁਸੀਂ ਕਿਉਂ ਆਏ ਹੋ ਮਗਰ? ਤਿਨ ਫੇਰੀ ਬਚਨ ਕੀਤਾ ਤੁਸੀਂ ਮੈਨੂੰ ਅਕਾਲ ਪੁਰਖ ਕਿਉਂ ਆਖਦੇ ਹੋ? ਜੇ ਮੈਂ ਅਕਾਲ ਪੁਰਖ ਹਾਂ ਤਾਂ ਮੈਨੂੰ ਕੌਣ ਮਾਰ ਸਕਦਾ ਹੈ? ਜਾਓ ਮੁੜ ਜਾਓ। ਫੇਰ ਨਿਰਮਲੇ ਨੇ ਭੀ ਭਜਨ ਲੈ ਲਿਆ, ਸਿੰਘ ਸੱਜਿਆ। ਨਿਸਚਾ ਹੋਇਆ ਜੋ ਇਹ ਦਸਵੇਂ ਪਾਤਸ਼ਾਹ ਕੀ ਮੂਰਤੀ ਹੈ। ਮੂਰਖ ਲੋਕ ਕਲਾਮ ਕਹਿੰਦੇ ਹੈਂ। ਮੈਂ ਵੀ ਐਵੇਂ ਹੀ ਕਲਾਮ ਕਹਿੰਦਾ ਰਿਹਾ ਹਾਂ। ਹੁਣ ਦੇਖ ਸੁਣਕੇ ਪਤਾ ਲੱਗਾ ਹੈ।

## ਬਖ਼ਸ਼ ਹੀ ਮੰਗਾਂਗੇ

ਏਕ ਦਿਨ ਗੁਰੂ ਜੀ ਮਸਤਾਨੇ ਹੋਇਕੇ ਬਚਨ ਕੀਤਾ ਕੌਣ ਸਿੰਘ ਹੈ? ਮੇਰੇ ਬਿਨਾਂ ਕੋਈ ਸਿੰਘ ਨਹੀਂ ਹੋਇਆ। ਸਿੰਘਾਂ ਨੂੰ ਅਜੇ ਅੱਧਾ ਨਾਮ ਸੱਦਦੇ ਸੇ। ਗੁਰੂ ਜੀ ਬਚਨ ਕੀਤਾ, ਬ੍ਰਹਮਾ, ਗੁਪਾਲੇ ਨੂੰ ਕਿਵੇਂ ਕਰੀਏ। ਉਹਨਾਂ ਨੇ ਕਹਾ ਕਿ ਬਖ਼ਸ਼ ਲਵੋ। ਗੁਰੂ ਜੀ ਡਾਂਗ ਮਾਰੀ ਚਾਰ ਵੇਰੀ। ਪੁੱਛਿਆ ਚਾਰੇ ਫੇਰੀ। ਕਹਾ ਜੀ ਬਖ਼ਸ਼ ਲਵੋ। ਬਚਨ ਹੋਇਆ ਬ੍ਰਹਮਿਆਂ ਤੂੰ ਐਵੇਂ ਹੀ ਮਾਰ ਖਾਈ ਹੈ। ਜੇ ਤੂੰ ਆਖਦੋਂ ਤੇਰੀ ਰਜਾਇ ਤਾ ਨਾ ਮਾਰਦਾ। ਬ੍ਰਹਮਾ ਸਿੰਘ ਨੇ ਕਹਾ ਕਿ ਜੀ ਜੇਕਰ ਸਿੰਘਾਂ ਦੇ ਬਖ਼ਸ਼ਣ ਵਾਸਤੇ ਪੁੱਛੋਗੇ ਤਾਂ ਬਖ਼ਸ਼ ਹੀ ਮੰਗਾਂਗੇ ਭਾਵੇਂ ਲਾਠੀਆਂ ਹੀ ਪੈਣ।

ਦੀਨ ਦਿਆਲ ਜੀ ਇਕ ਸਿੰਘ ਨੂੰ ਬਚਨ ਕੀਤਾ ਤੈਂ ਫਲਾਨਾ ਕਰਮ ਕੀਤਾ ਹੈ। ਸਿੰਘ ਮੁੱਕਰ ਗਿਆ ਕਿ ਮੈਂ ਨਹੀਂ ਕੀਤਾ। ਗੁਰੂ ਜੀ ਬਚਨ ਕੀਤਾ ਤਾਂ ਅਕਾਲ ਪੁਰਖ਼ ਕਾ ਕਹਿਣਾ ਝੂਠਾ ਹੋਵੇਗਾ। ਫੇਰ ਭੀ ਨਾ ਬੋਲਿਆ। ਅੰਤਰਜਾਮੀ ਜੀ ਬਚਨ ਕੀਤਾ ਫਲਾਨੇ ਸਾਲ ਫਲਾਨੇ ਦਿਨ ਤਿੰਨੇ ਫਲਾਨਾ ਕਰਮ ਕੀਤਾ ਹੈ। ਸਿੰਘ ਨੇ ਹੱਥ ਜੋੜ ਕੇ ਬੇਨਤੀ ਕੀਤੀ ਜੀ ਜ਼ਰੂਰ ਉਹ ਕਰਮ ਕੀਤਾ ਹੈ। ਜੇਹੜਾ ਸੱਚ ਕਹਿ ਦੇਵੇ ਕੁਝ ਨਾ ਸੇ ਕਹਿੰਦੇ। ਜੇਹੜਾ ਪਤਾ ਦਿੱਤਿਆਂ ਮੁੱਕਰ ਜਾਵੇ ਓਸਨੂੰ ਮਾਰਦੇ ਸੀ।

## ਅਸੀਂ ਹਰ ਵਕਤ ਗੁਨਾਹੀ ਹਾਂ

ਸਤਿਗੁਰੂ ਜੀ ਬਚਨ ਕੀਤਾ ਕਾਨ੍ਹਿਆਂ ਤੈਨੂੰ ਮੈਂ ਕੇਹੜੇ ਗੁਨਾਹੋਂ ਮਾਰਿਆ ਸੀ? ਸੂਬੇ ਕਾਹਨ ਸਿੰਘ ਨੇ ਕਹਾ ਜੀ ਸਾਡੇ ਗੁਨਾਹਾਂ ਦੇ ਤਾਂ ਵਗਾਂ ਦੇ ਵਗ ਫਿਰਦੇ ਹੈਂ। ਧੁਆਡੇ ਪਸੰਦ ਖਵਰੇ ਕਿਹੜਾ ਗੁਨਾਹ ਆਇਆ ਹੈ। ਅਸੀਂ ਤਾਂ ਹਰ ਵਕਤ ਗੁਨਾਹੀ ਹੈ। ਏਹ ਬਚਨ ਸੁਣਕੇ ਓਥੇ ਹੀ ਸੋਟੀ ਧਰ ਦਿੱਤੀ।

## ਸਮੇਂ ਨਾਲ ਸਭ ਕੁਛ ਹੋ ਜਾਏਗਾ

ਦੌਰੇ ਫਿਰਦਿਆਂ ਨੂੰ ਸਿੰਘਾਂ ਨੇ ਅਰਜ਼ ਕੀਤੀ ਜੀ ਏਨ੍ਹਾਂ ਫ਼ਰੰਗੀਆਂ ਨੂੰ ਕੱਢੋ ਏਸ ਦੇਸੋਂ।

ਨੰਦਨੋਂ ਆਇਕੇ ਏਸ ਧਰਤੀ ਮੈ ਬੁਚੜਖਾਨੇਂ ਲਾਏ ਹੈਂ। ਖੜੋਨ ਨੂੰ ਭੀ ਜਗ੍ਹਾ ਨਹੀਂ ਰਹੀ ਹੈ। ਅੰਤਰਜਾਮੀ ਜੀ ਬਚਨ ਕੀਤਾ ਅਕਾਲ ਪੁਰਖ ਕਾ ਅਜੇ ਹੁਕਮ ਨਹੀਂ ਹੈ। ਬੜਾ ਤਪ ਏਨ੍ਹਾਂ ਕੀਤਾ ਹੈ। ਤੀਨ ਫੇਰੀ ਏਹ ਬਚਨ ਕੀਤਾ ਗਊਆਂ ਰੱਬ ਕਾ ਰੂਪ ਹੈਨ। ਰੱਬ ਕੇ ਹੁਕਮ ਨਾਲ ਏਹ ਜਾਣਗੇ। ਅਜੇ ਦਿਨ ਰਹਿੰਦੇ ਹੈਂ। ਸਮੇਂ ਸਮੇਂ ਨਾਲ ਸਭ ਕੁਛ ਹੋ ਜਾਏਗਾ।

## ਸੁਖ ਤਾਂ ਹੋਊਗਾ

ਸਾਰੀ ਸੰਗਤ ਨੇ ਸਲਾਹ ਕਰਕੇ ਬਾਬੇ ਜਵਾਹਰ ਸਿੰਘ ਥੀਂ ਅਰਜ਼ ਕਰਵਾਈ ਗੁਰੂ ਜੀ ਕੇ ਹਜ਼ੂਰ ਕੇ ਦਸਵੇਂ ਪਾਤਸ਼ਾਹ ਜੀ ਕੇ ਵਕਤ ਸਿੰਘਾਂ ਨੇ ਭੁੱਖਿਆਂ ਰਹਿਕੇ ਜੁੱਧ ਕੀਤੇ ਹੈਨ ਤੇ ਤੁਰਕ ਵੱਢੇ ਹੈਂ। ਦੁੱਖ ਈ ਰਿਹਾ। ਜਿਓਂ ਕੀਆਂ ਸੱਤ ਪਾਤਸ਼ਾਹੀਆਂ ਦਿੱਤੀਆਂ ਹੈਨ ਏਨ੍ਹਾਂ ਤੁਰਕਾਂ ਨੂੰ ਉਸੀ ਕਾ ਦੁੱਖ ਮਿਲ ਰਿਹਾ ਹੈ। ਤੁਰਕਾਂ ਨੇ ਐਸੀਆਂ ਬੇ ਅਦਾਲਤੀਆਂ ਕੀਤੀਆਂ ਹੈਨ ਪਚੀ ਰੁਪਏ ਲੈ ਕੇ ਜੋ ਕੋਈ ਸਿੰਘ ਦਾ ਸਿਰ ਵੱਢ ਲਜਾਏ ਉਸਨੂੰ ਹੋਰ ਭੀ ਇਨਾਮ ਦੇਣਾ। ਐਸੀ ਜਾਹਲੀ ਕਰਦੇ ਰਹੇ ਹੈਨ। ਗੁਰੂ ਜੀ ਆਪਣੇ ਬਿਰਦ ਕੀ ਪ੍ਰਤਿਪਾਲਣਾ ਕਰਦੇ ਆਏ ਹੈਂ। ਜੁਲਮੀਆਂ ਕਰਨੇ ਸੇ ਤੁਰਕਾਂ ਦਾ ਪੈਰ ਪਿਛਾਹਾਂ ਪੈਂਦਾ ਗਿਆ ਹੈ। ਜੇ ਹੁਣ ਆਪ ਜੀ ਕੇ ਹੁਕਮ ਨਾਲ ਰੱਛਿਆ ਨਾ ਹੋਈ ਤਾ ਫੇਰ ਨਹੀਂ ਹੁੰਦੀ ਕਿਸੇ ਜੁਗ ਭੀ।

ਬਾਬੇ ਜਵਾਹਰ ਸਿੰਘ ਕਹਾ ਜੀ ਮੈਂ ਪਹਿਲੇ ਨਿਰਮਲਾ ਸੀ। ਕਥਾ ਕਰ ਛਡਦਾ ਸੀ। ਚੰਗੇ ਰਾਜੀ ਸੇ। ਓਸ ਕਥਾ ਕੇ ਪ੍ਰਤਾਪ ਸੇ ਹਜ਼ੂਰ ਕਾ ਦਰਸ਼ਨ ਤਾ ਹੋਇ ਗਿਆ ਹੈ, ਖ਼ਾਲਸੇ ਮੈ ਮਾਰ ਕੁੱਟ ਬਹੁਤ ਹੈ। ਓਹ ਜੇੜਾ ਸੁਖ ਹੈ ਸਤਿਜੁਗ ਕਾ ਸੋ ਕੇੜ੍ਹੇ ਵੇਲੇ ਵਾਸਤੇ ਰੱਖਿਆ ਹੈ? ਅਨੰਦਪੁਰੇ ਮੈ ਕੈਸੀ ਕਰੜਾਈ ਰਹੀ। ਸਾਹਿਬਜਾਦਿਆਂ ਪਰ ਕੈਸੀ ਕਰੜਾਈ ਰਹੀ ਸੀ। ਫ਼ੇਰ ਦਸਵੇਂ ਪਾਤਸ਼ਾਹ ਜੀ ਕੋ ਕਰੜਾਈ ਰਹੀ। ਪਾਛੇ ਫੇਰ ਸਿੰਘਾਂ ਨੂੰ ਭੀ ਕਰੜਾਈ ਰਹੀ। ਹੁਣ ਤੱਕ ਓਹੋ ਕਰੜਾਈ ਤੁਰੀ ਜਾਂਦੀ ਹੈ। ਹੁਣ ਬਾਰ੍ਹਵਾਂ ਜਾਮਾ ਪਹਿਰਿਆ ਹੈ। ਜੇ ਹੁਣ ਬੀ ਦੁੱਖ ਰਹਿ ਗਿਆ ਤਾਂ ਕੇਹੜੇ ਵੇਲੇ ਵਾਸਤੇ ਰੱਖਿਆ ਹੈ ਸਤਿਜੁਗ ਕਾ ਸੁਖ। ਅੰਤਰਜਾਮੀ ਜੀ ਬਚਨ ਕੀਤਾ ਅਜੇ ਤਾ ਫ਼ਰੰਗੀ ਜੋਰ ਲਾਵਣਗੇ। ਮੈਨੂੰ ਲੈ ਜਾਵਣਗੇ ਦੇਸਾਂ ਪਰਦੇਸਾਂ ਨੂੰ। ਮੈਨੂੰ ਮਰ ਗਿਆ ਲਿਖਣਗੇ ਪਰ ਤੁਸਾਂ ਨਾ ਮੰਨਣਾ। ਅਜੇ ਏਸ ਦੇਹ ਨੇ ਬਹੁਤ ਕਾਰਜ ਸਾਰਨੇ ਹੈਨ। ਮੈਂ ਅਗਨੀਂ ਮੈਂ ਜਲਦਾ ਨਹੀਂ ਹਾਂ, ਪੌਣ ਨਾਲ ਉਡਦਾ ਨਹੀਂ, ਪਾਣੀਂ ਮੈ ਡੁਬਦਾ ਨਹੀਂ। ਤੁਸੀਂ ਨਹੀਂ ਮੰਨਣਾ ਕਿ ਦੇਹ ਛੱਡ ਗਏ ਹੈਂ। ਫੇਰ ਦੀਨਾਨਾਥ ਜੀ ਬਚਨ ਕੀਤਾ ਸੁਖ ਤੱਦ ਹੋਊਗਾ ਜਦ ਮੈਨੂੰ ਗੁੱਸਾ ਹੋਊਗਾ। ਮੈਨੂੰ ਗੁੱਸਾ ਕਦੇ ਭੀ ਨਹੀਂ ਹੋਇਆ। ਗੁੱਸਾ ਹੋਏ ਬਿਨਾ ਸੁਖ ਨਹੀਂ ਹੁੰਦਾ ਹੈ। ਬਾਬੇ ਜਵਾਹਰ ਸਿੰਘ ਜੀ ਕਹਿਆ ਜੀ ਸੋ ਜਤਨ ਦੱਸੋ ਜਿਸ ਕਰਕੇ ਧੁਆਨੂੰ ਗੁੱਸਾ ਹੋਵੇ। ਗੁਰੂ ਜੀ ਬਚਨ ਕੀਤਾ ਮੈਨੂੰ ਹੋਰ ਤਾ ਕਿਸੇ ਤਰ੍ਹਾਂ ਗੁੱਸਾ ਨਹੀਂ ਹੁੰਦਾ ਪਰ ਏਤਨਾ ਹੈ ਬੰਦਗੀ ਕਰਨ ਵਾਲਿਆਂ ਕੋ ਕੋਈ ਦੁੱਖ ਦੇਵੇ ਤਾਂ ਮੈਨੂੰ ਦੁੱਖ ਹੁੰਦਾ ਹੈ। ਫੇਰ ਮੈਂ ਕਰੋਪ ਹੁੰਦਾ ਹਾਂ। ਜੈਸੇ ਪ੍ਰਹਿਲਾਦ ਭਗਤ ਵਾਸਤੇ ਨਰ ਸਿੰਘ ਰੂਪ ਧਾਰਿਆ ਸੀ। ਹਰਨਾਖ਼ਸ ਮਾਰਿਆ ਸੀ ਤਾਂ ਸੁਖ ਹੋਇਆ ਸੀ। ਤਿਸੀ ਤਰ੍ਹਾਂ ਰਾਜੇ ਫ਼ਰੰਗੀ ਰਲ਼ਕੇ ਸਿੰਘਾਂ ਨੂੰ ਦੁੱਖ ਦੇਣਗੇ। ਫਾਂਸੀਆਂ ਤੇ ਚਾੜ੍ਹਨਗੇ। ਤੋਪਾਂ ਨਾਲ ਉਡਾਣਗੇ। ਮੈਨੂੰ ਫੜ ਕੇ ਪਰਦੇਸਾਂ ਨੂੰ ਲੈ ਜਾਣਗੇ। ਰੂਸ ਆਵੇਗਾ। ਫੇਰ ਅਸੀਂ ਆਵਾਂਗੇ। ਧਰਮ ਉਸ ਵਕਤ ਵਰਤੇਗਾ

ਤਾਂ ਸੁਖ ਹੋਣਗੇ।ਅਜੇ ਬਾਬਾ ਜੀ ਓਨਾਂ ਚਿਰ ਕੋਈ ਸੁਖ ਨਹੀਂ ਹੈ। ਉਰੇ ਹੋਰ ਬਹੁਤ ਕਾਰਨ ਹੈਨ। ਸਮੇਂ ਨਾਲ ਸੁਖ ਹੋਣਗੇ। ਸਤਜੁਗ ਵਰਤੇਗਾ। ਸਮੇਂ ਦੇ ਨਾਲ ਸਭ ਕੁਝ ਹੋ ਜਾਏਗਾ। ਅਜੇ ਤਾਂ ਹੋਰ ਕਾਰ ਤੁਰਨੀ ਹੈ। ਰੂਸ ਆਏ ਤੇ ਅਸੀਂ ਆਵਾਂਗੇ। ਬਾਬਾ ਜੀ ਭਜਨ ਬਾਣੀ ਤਕੜੇ ਹੋ ਕੇ ਕਰਿਆ ਕਰੋ। ਗੁਰੂ ਸਭ ਕੁਝ ਕਰਨ ਕੋ ਸਮਰੱਥ ਹੈ। ਜੋ ਭਾਣਾ ਵਰਤੇ ਸੋ ਸਿਰ ਤੇ ਸਹਾਰੋ। ਜੋ ਏਸ ਭਾਣੇ ਨੂੰ ਸਹਾਰਨਗੇ ਸੋ ਸੁਖ ਪਾਵਣਗੇ। ਏਹ ਭੀ ਬਚਨ ਕੀਤਾ ਕਿ ਮੁੜਕੇ ਆਵਾਂਗੇ। ਅੱਗੇ ਵਾਂਗੂ ਬਾਕੀ ਨਹੀਂ ਰੱਖਣੀ ਹੈ। ਬਾਲੀਆਂ ਫੌਜਾਂ ਖੜੀਆਂ ਸੀਆਂ। ਓਨਾਂ ਵੰਨੀ ਹੱਥ ਕਰਕੇ ਕਿਹਾ ਜਿਸ ਦਿਨ ਬਾਲੀਆਂ ਫੌਜਾਂ ਜੁਆਨ ਹੋਣਗੀਆਂ ਤਾਂ ਸੁਖ ਹੋਵਣਗੇ। ਲਾਲਾਂ ਕੀ ਖਾਣ ਪਰਗਟ ਹੋਈ ਹੈ। ਸਾਰੀ ਪਿਰਥੀ ਪਰ ਨਾਮ ਜਪੀਏਗਾ।

ਏਕ ਸਮੇਂ ਰੂਮੀਂ[1] ਸ੍ਰੀ ਸਤਿਗੁਰੂ ਜੀ ਕੇ ਪੇਟ ਮੈ ਸੂਲ ਹੋਂਦਾ ਸੀ। ਲਿਟਦੇ ਲਿਟਦੇ ਕਦੀ ਉਸ ਪਾਸੇ ਕਦੀ ਓਸ ਪਾਸੇ ਚਲੇ ਜਾਂਦੇ ਸਨ ਤਾਂ ਗੁਰੂਸਰੀਏ ਮਹੰਤ ਮਾਘਾ ਸਿੰਘ ਨੇ ਪੁੱਛਿਆ ਸੱਚੇ ਪਾਤਸ਼ਾਹ ਜੀ ਐਤਨਾ ਸੂਲ ਕਿਉਂ ਹੋ ਰਿਹਾ ਹੈ? ਸ੍ਰੀ ਸਤਿਗੁਰੂ ਜੀ ਬਚਨ ਕੀਤਾ ਕਿ ਸਵਾ ਸੇਰ ਦੁਖ ਉਤਰਿਆ ਸੀ ਸਾਰੇ ਸੰਸਾਰ ਵਾਸਤੇ। ਇਕ ਪਾਈਆ ਨਾਮਧਾਰੀਆਂ ਦੇ ਹਿੱਸੇ ਆਇਆ ਸੀ ਸੋ ਮੈਂ ਆਪਨੇ ਸਰੀਰ ਤੇ ਝੱਲਿਆ ਹੈ।

ਸੋਭਾ ਸਿੰਘ ਛੱਜਾਵਾਲੀਏ ਕੋ ਦਰਦ ਤਿੰਨ ਦਿਨ ਹੁੰਦਾ ਰਿਹਾ। ਚੌਥੇ ਦਿਨ ਆਇ ਦੀਦਾਰ ਕੀਤਾ।ਦਰਦ ਬੰਦ ਹੋਈ। ਦੀਨਾਨਾਥ ਜੀ ਬਚਨ ਕੀਤਾ ਧੁਆਨੂੰ ਕੌਣ ਦੁੱਖ ਦਿੰਦਾ ਹੈ। ਸਿੰਘ ਨੇ ਕਹਾ ਜੀ ਸਾਡੇ ਕਰਮ ਦੁੱਖ ਦਿੰਦੇ ਹੈਂ।

## ਬਖ਼ਸ਼ ਦਿੱਤਾ

ਸਿੰਘ ਸ਼ਬਦ ਪੜਦੇ ਹੈਂ 'ਦਰਸਨੁ ਦੇਖਿ ਜੀਵਾ ਗੁਰ ਤੇਰਾ'। ਦੀਨ ਦਿਆਲ ਜੀ ਕੇ ਹਾਥ ਮੈ ਛਤਰੀ ਸੀ ਝਾਲਰ ਲਗੀ ਹੋਈ। ਉਸ ਨੂੰ ਛਤਰ ਕੀ ਤਰ੍ਹਾਂ ਫੇਰ ਕੇ ਝੁਲਾਂਵਦੇ ਆਏ। ਆਸਨ ਪਰ ਖੜੇ ਹੋਏ ਝੂਲਦੇ ਹੈ। ਦੀਨਾਂ ਕੇ ਦਿਆਲ ਜੀ ਬਚਨ ਕੀਤਾ ਐਸ ਵਕਤ ਕੈਸਾ ਭੀ ਪਾਪੀ ਹੋਵੇ ਉਸ ਨੂੰ ਬਖ਼ਸ਼ ਦੇਵਾਂਗੇ। ਬਹੁਤੇ ਸਿੰਘਾਂ ਨੇ ਬਖ਼ਸ਼ਾਇਆ। ਬਚਨ ਹੋਇਆ ਸੌ ਗਊ ਕਾ ਪਾਪ ਕਰਕੇ ਆਵੇ ਓਸ ਕੋ ਭੀ ਬਖ਼ਸ਼ ਦੇਵਾਂਗੇ।

ਏਕ ਸਿੰਘ ਸੰਗਤ ਵਿਚੋਂ ਕੱਢਿਆ ਹੋਇਆ ਸੀ ਏਕ ਸਿਖਣੀ ਕੇ ਪ੍ਰਸੰਗ ਸੇ। ਬਚਨ ਕੀਤਾ ਸੀ ਜੋ ਏਹ ਸਿੰਘ ਮੇਰੇ ਸਾਮ੍ਹਣੇ ਨਾ ਆਵੇ। ਉਸ ਵਕਤ ਸਿੰਘਾਂ ਨੇ ਸਲਾਹ ਕਰਕੇ ਓਸ ਸਿੰਘ ਨੂੰ ਸਾਮ੍ਹਣੇ ਲਿਆਇ ਹਾਜਰ ਕੀਤਾ ਜੀ ਏਸ ਨੂੰ ਵੀ ਬਖ਼ਸ਼ੋ। ਕਿਰਪਾ ਨਿਧਾਨ ਜੀ ਬਚਨ ਕੀਤਾ ਪਿਛਲੇ ਔਗਣ ਬਖ਼ਸ਼ ਦੇਂਦੇ ਹੈਂ। ਆਗੇ ਇਸ ਔਰਤ ਕੋ ਮਾਂ ਕੇ ਸਮਾਨ ਜਾਣੇਂ। ਉਸ ਕੋ ਮੇਰੇ ਸਾਮ੍ਹਣੇ ਆਖੇ ਮੇਰੀ ਮਾਤਾ ਸਮਾਨ ਹੈ। ਸਿੰਘ ਉਸੀ ਵਕਤ ਕਹਿਣੇ ਲਗਾ ਜੀ ਮੇਰੀ ਧਰਮ ਕੀ ਮਾਤਾ ਹੈ। ਫਿਰ ਬਖ਼ਸ਼ ਦਿੱਤਾ। ਅੱਧੀ ਰਾਤ ਤੱਕ ਖੁਸ਼ੀ ਕੇ ਘਰ ਮੈ ਰਹੇ।

---

1 ਲੁਧਿਆਣੇ ਜ਼ਿਲ੍ਹੇ ਦਾ ਪਿੰਡ ।

## ਜੋ ਦਰਸ਼ਨ ਕਰੇਗਾ

ਰਾਤ ਕੇ ਦੀਵਾਨ ਵਿਚੋਂ ਉਠਕੇ ਮਦਾਨ ਖੇਡਣ ਚੱਲੇ। ਸੰਗਤ ਭੀ ਚੱਲੀ ਮਗਰ। ਗੁਰੂ ਜੀ ਬਚਨ ਕੀਤਾ ਤੁਸੀਂ ਮੈਨੂੰ ਮਦਾਨ ਭੀ ਨਹੀਂ ਜਾਣ ਦਿੰਦੇ ਹੋ। ਪਰ ਸਿੰਘ ਨਾ ਹਟੇ ਤਾਂ ਸਤਿਗੁਰੂ ਜੀ ਲਕੀਰ ਕੱਢੀ ਏਦੂੰ ਅੱਗੇ ਕੋਈ ਨਾ ਆਵੇ। ਜਲ ਕਾ ਗੜਵਾ ਕਾਹਨ ਸਿੰਘ ਕੋ ਫੜਾਇ ਦੀਆ। ਅੱਗੇ ਗਏ ਤਾ ਦੂਆ ਪਿੰਡ ਨੇੜੇ ਆਇ ਗਿਆ। ਗੁਰੂ ਜੀ ਬਚਨ ਕੀਤਾ ਕਾਹਨ ਸਿੰਘ ਐਤਨੀ ਦੁਨੀਆਂ ਔਂਦੀ ਹੈ, ਸੁਚੇਤੇ ਜਾਣ ਨੂੰ ਜਗ੍ਹਾ ਨਹੀਂ ਹੈ ਗਊਆਂ ਕੇ ਵਾਸਤੇ ਕੀ ਰਹਿਣੀ ਹੈ। ਖ਼ਲਕਤ ਬਹੁਤ ਵੱਧ ਗਈ ਹੈ। ਕੋਈ ਸਮਾਂ ਐਸਾ ਆਵੇਗਾ ਬਾਰੀਂ ਕੋਹੀਂ ਦੀਵਾ ਜਲੇਗਾ। ਕਾਲ ਬਹੁਤ ਪਵੇਗਾ। ਗੁਰੂ ਜੀ ਬਚਨ ਕੀਤਾ ਕਾਹਨ ਸਿੰਘ ਦੇਖ ਗੁਰੂ ਜੀ ਕਾ ਪਰਤਾਪ ਕੈਸਾ ਹੈ। ਜਗਾ ਪਰ ਜਗਾ ਸ਼ਬਦ ਕੀ ਧੁਨ ਸੁਣੀ ਹੈ। ਬਹੁਤ ਚਿਰ ਤੱਕ ਸੁਣਦੇ ਰਹੇ ਖੜੇ। ਬਚਨ ਕੀਤਾ ਜੈਸੇ ਕ੍ਰਿਸ਼ਨ ਨੇ ਮੁਰਲੀ ਵਜਾਈ ਸੀ, ਸਭ ਮੋਹੀ ਸੀ ਧਰਤੀ, ਤਿਸੀ ਤਰ੍ਹਾਂ ਏਹ ਸਰੀਰ ਬੰਸਰੀ ਕੀ ਤਰ੍ਹਾਂ ਹੈ। ਜੋ ਦਰਸ਼ਨ ਕਰੇਗਾ ਸੋ ਮੋਹਿਆ ਜਾਏਗਾ।

## ਐਸਾ ਧਰਮ ਵਰਤੇਗਾ

ਸ੍ਰੀ ਸਤਿਗੁਰੂ ਜੀ ਬਚਨ ਕੀਤਾ ਭਾਈ ਰੂਪੇ ਕੇ ਬਦਨ ਸਿੰਘ ਨੂੰ, ਪਿਛਲੀ ਧਰਮ ਕੇ ਵਕਤ ਕੀ ਸਾਖੀ ਯਾਦ ਹੈ? ਬਦਨ ਸਿੰਘ ਨੇ ਕਹਿਆ ਜੀ ਹਾਂ ਰਾਜੇ ਯੁਧਿਸ਼ਟਰ ਕੇ ਵਕਤ ਕੀ ਸਾਖੀ ਹੈ। ਏਕ ਸ਼ਾਹੂਕਾਰ ਥਾ, ਉਹ ਮਰ ਗਿਆ। ਧਨ ਦਬਿਆ ਰਹਿ ਗਿਆ। ਖ਼ਬਰ ਨਾ ਦਿੱਤੀ। ਕੋਈ ਦਿਨ ਪਾਇਕੇ ਉਸਕਾ ਪੁੱਤਰ ਗ਼ਰੀਬ ਹੋਇ ਗਿਆ। ਜਗ੍ਹਾ ਵੇਚ ਦਿੱਤੀ। ਜਿਸ ਸ਼ਾਹੂਕਾਰ ਨੇ ਲਈ ਸੀ ਓਸਕਾ ਸੰਕਲਪ ਹੋਇਆ ਜਗ੍ਹਾ ਪੌਣੇਂ ਕੇ ਵਾਸਤੇ। ਨੀਂਹ ਪੁੱਟੀ ਤਾਂ ਧਨ ਨਿਕਲਿਆ। ਸ਼ਾਹੂਕਾਰ ਨੇ ਆਕੇ ਜਮੀਨ ਵਾਲੇ ਨੂੰ ਕਹਿਆ ਭਾਈ ਤੇਰੇ ਪਿਓ ਦਾ ਧਨ ਹੈ ਸੋ ‘ ਸਾਂਭ ਲੈ। ਮੈਂ ਤਾਂ ਜਗ੍ਹਾ ਖ਼ਰੀਦੀ ਹੈ। ਉਸ ਨੇ ਕਹਾ ਕਿ ਜੇਕਰ ਮੇਰਾ ਹੁੰਦਾ ਤਾਂ ਮੈਨੂੰ ਅੱਗੇ ਈ ਨਾ ਮਿਲ ਜਾਂਦਾ। ਮੈਂ ਨਹੀਂ ਲੈਂਦਾ ਹਾਂ। ਤਾਂ ਰਾਜੇ ਯੁਧਿਸ਼ਟਰ ਕੇ ਕੋਲ ਆਏ। ਸਾਰਾ ਹਾਲ ਕਹਿ ਸੁਣਾਇਆ। ਰਾਜੇ ਯੁਧਿਸ਼ਟਰ ਨੇ ਕਹਾ ਮੈਂ ਭੀ ਨਹੀਂ ਸਾਂਭਦਾ ਹਾਂ, ਖਵਰੇ ਕੈਸਾ ਜੁਲਮ ਕਾ ਹੈ? ਓਨਾਂ ਨੇ ਕਿਹਾ ਤੂੰ ਰਾਜਾ ਹੈਂ ਸਾਂਭ ਲੈ। ਰਾਜੇ ਯੁਧਿਸ਼ਟਰ ਕ੍ਰਿਸ਼ਨ ਜੀ ਪਾਸ ਅਰਜ਼ ਕੀਤੀ ਜੀ ਕਿਵੇਂ ਕਰੀਏ। ਕ੍ਰਿਸ਼ਨ ਜੀ ਨੇ ਕਿਹਾ ਦਰਵਜੇ ਮੈਂ ਸਿਟਵਾਇ ਦੇਵੋ। ਜਿਸ ਕੀ ਖੁਸ਼ੀ ਹੈ ਸੋ ਉਠਾਇਕੇ ਲੈ ਜਾਵੇ। ਬਰਸ ਰੋਜ਼ ਤਾ ਕਿਸੇ ਨਾ ਉਠਾਇਆ, ਪਿਆ ਰਿਹਾ। ਕ੍ਰਿਸ਼ਨ ਮਹਾਰਾਜ ਜੀ ਕੇ ਹਜੂਰ ਅਰਜ਼ ਕੀਤੀ ਜੀ ਧਨ ਕਿਸੇ ਨਹੀਂ ਚੁੱਕਿਆ। ਸਗੋਂ ਲੋਕਾਂ ਨੇ ਉਸ ਦਰਵਾਜੇ ਦਾ ਲੰਘਣਾ ਛੱਡ ਦਿੱਤਾ ਹੈ। ਉਸ ਦਿਸ਼ਾ ਕੋਈ ਨਹੀਂ ਜਾਂਦਾ। ਸ੍ਰੀ ਕ੍ਰਿਸ਼ਨ ਜੀ ਬਚਨ ਕੀਤਾ ਕਿ ਇਸ ਧਨ ਕੇ ਟੋਭੇ ਪੁਟਵਾਏ ਜਾਣ ਜਲ ਕੇ ਵਾਸਤੇ। ਸਰਬ ਜੀਅ ਆਕੇ ਪਾਣੀਂ ਪੀਂਦੇ ਹੈਂ। ਸਰਬ ਦੇਸਾਂ ਮੈ ਟੋਭੇ ਪੁਟਵਾਇ ਦੀਏ। ਕਿਰਪਾ ਨਿਧਾਨ ਜੀ ਬਚਨ ਕੀਤਾ ਭਾਈ ਐਸਾ ਈ ਧਰਮ ਵਰਤੇਗਾ ਕਿਸੇ ਦਿਨ ਨੂੰ।

## ਚਾਰ ਅੱਖਰਾ ਮੰਤਰ ਸੋ ਵਰਤਾਵੇਗਾ

ਸਿੰਘਾਂ ਨੇ ਅਰਜ਼ ਕੀਤੀ ਜੀ ਫ਼ਰੰਗੀਆਂ ਕੀ ਕਿਤਨੀ ਮੁਹਲਤ ਹੈ। ਗੁਰੂ ਜੀ ਬਚਨ ਕੀਤਾ ਤਣੇ ਤਾ ਵੱਢੇ ਗਏ ਹੈਂ ਮੂਸਲੀ ਰਿਹ ਗਈ ਹੈ। ਦੋ ਟੱਪ ਤਾ ਮਾਰੇ ਹੈਂ ਤੀਸਰੇ ਟੱਪ ਡਿਗ ਪਵੇਗੀ। ਬਚਨ ਕੀਤਾ, ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ। ਸੋ ਜੰਞ ਅਜੇ ਔਣੀ ਹੈ। ਬਚਨ ਪੂਰਾ ਹੋਵੇਗਾ।

## ਤ੍ਰਿਕਾਲ ਦਰਸੀ ਸਾਧ

ਪਿੰਡ ਭਾਈ ਰੂਪਾ ਬਦਨ ਸਿੰਘ ਨੇ ਕਹਿਆ ਜੀ ਇਕ ਤ੍ਰਿਕਾਲ ਦਰਸੀ ਸਾਧ ਸੀ। ਓਸ ਥੀਂ ਅਸਾਂ ਪੁੱਛਿਆ ਕਿ ਧਰਤੀ ਕਿਓਂ ਨਾ ਗਰਕ ਹੋਈ ਕਿਉਂਕਿ ਮਹਾਂ ਉਪਦ੍ਰਵ ਪਾਪ ਹੋਇ ਰਹੇ ਹੈਂ। ਭੈਣ ਭਾਈ ਆਪਸ ਮੈ ਮਾੜਾ ਸੁਭਾਉ ਵਰਤਦੇ ਹੈਂ। ਤ੍ਰਿਕਾਲ ਦਰਸੀ ਨੇ ਕਹਿਆ ਸੀ ਧਰਤੀ ਕਾ ਰਾਖਾ ਆਇ ਗਿਆ ਹੈ। ਧਰਤੀ ਕਿਵੇਂ ਗਰਕ ਹੋਵੇ? ਪੁੱਛਿਆ ਕੌਣ ਹੈ ਧਰਤੀ ਕੇ ਰੱਖਣ ਵਾਲਾ, ਪਾਪੋਂ ਸੇ ਭਰੀ ਹੋਈ ਹੈ। ਸੰਤ ਨੇ ਕਿਹਾ ਕਿ ਅਵਤਾਰ ਪਰਗਟ ਹੋਏ ਹੈਂ। ਰੱਖ ਲਵੇਗਾ, ਸਮਰੱਥ ਪੁਰਖ ਹੈ। ਸਤਿਜੁਗ ਵਰਤਾਵਣਾ ਹੈ। ਬਦਨ ਸਿੰਘ ਨੇ ਕਹਾ ਐਸੀਆਂ ਮਲੀਨ ਬੁੱਧਾਂ ਵਾਲਿਆਂ ਕੋ ਸ਼ੁਧ ਕਿਵੇ ਕਰਨਗੇ। ਕਲਜੁਗ ਕਾ ਜੋਰ ਪਿਆ ਹੋਇਆ ਹੈ। ਨਿੱਗਰ ਪਾਪ ਹੁੰਦੇ ਹੈਂ। ਸਤਿਜੁਗ ਕਿਵੇਂ ਵਰਤੇਗਾ। ਸੰਤ ਨੇ ਕਹਾ ਕਿ ਓਹ ਐਸਾ ਸ਼ਬਦ ਸੁਣਾਵੇਗਾ ਸੁਣਦੇ ਸਾਰ ਹੀ ਸਾਧ ਕਰ ਦੇਵੇਗਾ। ਐਸੀ ਸ਼ਕਤੀ ਸ਼ਬਦ ਮੈ ਹੋਵੇਗੀ। ਜੋ ਪਾਛੇ ਸਤਿਜੁਗ ਕਾ ਵਰਤਾਰਾ ਸੀ ਸੋ ਵਰਤਾਰਾ ਵਰਤਾਵਣਗੇ। ਬੇਟੀ ਕਾ ਪੈਸਾ ਨਾ ਕੋਈ ਲਵੇਗਾ। ਭੋਗ ਗ੍ਰੰਥ ਸਾਹਿਬ ਜੀ ਕੇ ਪੈਣਗੇ। ਹੋਮ ਹੋਣਗੇ। ਅਖੰਡ ਪਾਠ ਭੀ ਹੋਵਣਗੇ। ਤਰਖਾਣ ਕੇ ਘਰ ਪਰਗਟ ਹੋਵੇਗਾ। ਸਿੰਘਾਂ ਕੀ ਘਰੀਂ ਤਾ ਭੋਗ ਪੈਣੇਂ ਹੈਂ, ਸਰਬ ਭੇਖਾਂ ਕੇ ਘਰੀਂ ਭੀ ਭੋਗ ਪੈਣਗੇ। ਪਰਾਈਆਂ ਕੋ ਮਾਂ ਭੈਣ ਕਰਕੇ ਜਾਨਣਗੇ। ਮੰਦੀ ਨਿਗਾਹ ਨਾ ਕੋਈ ਕਰੇਗਾ। ਮੈਂ ਪੁੱਛਿਆ ਮੈਨੂੰ ਭੀ ਅਵਤਾਰ ਕਾ ਦਰਸ਼ਨ ਹੋਵੇਗਾ। ਸਾਧ ਨੇ ਕਹਿਆ ਤੂੰ ਭੀ ਸੰਗਤ ਮੈ ਮਿਲੇਂਗਾ। ਤੈਨੂੰ ਦਰਸ਼ਨ ਹੋਵੇਗਾ। ਪੁੱਛਿਆ ਕਿ ਧੁਆਨੂੰ ਦਰਸ਼ਨ ਹੋਵੇਗਾ? ਸੰਤ ਨੇ ਕਹਿਆ ਮੈਨੂੰ ਤਾ ਦਰਸ਼ਨ ਹੁਣ ਹੁੰਦਾ ਹੈ। ਤ੍ਰਿਕਾਲ ਦਰਸੀ ਸਾਧ ਤਾ ਚੜਾਈ ਕਰ ਗਿਆ, ਪੰਥ ਤੁਰਿਆ ਹੋਇਆ ਸੀ। ਜੱਸ ਸੁਣਕੇ ਸ੍ਰੀ ਸਤਿਗੁਰੂ ਜੀ ਕਾ ਆਇ ਦਰਸ਼ਨ ਕੀਤਾ ਤੇ ਭਜਨ ਮੰਗ ਕੇ ਲਿਆ। ਬਾਅਦ ਵਿਚ ਤ੍ਰਿਕਾਲ ਦਰਸੀ ਕੇ ਸਾਰੇ ਬਚਨ ਸੁਣਾਏ। ਗੁਰੂ ਜੀ ਬਚਨ ਕੀਤਾ ਠੀਕ ਜਿਵੇਂ ਕਹਿੰਦਾ ਸੀ ਤਿਵੇਂ ਹੋਵੇਗੀ ਸਮੇਂ ਸਮੇਂ ਨਾਲ।

ਸੈਦੋ ਕਾ ਏਕ ਸਾਧ ਸੀ। ਉਹ ਕਿਹਾ ਕਰੇ ਜਿੱਧਰ ਮੈਂ ਦੇਖਦਾ ਹਾਂ ਸਤਿਗੁਰੂ ਜੀ ਕਾ ਪਰਤਾਪ ਹੀ ਮਲੂਮ ਹੁੰਦਾ ਹੈ। ਸੁਰਗਾਂ ਮੈ ਹੋਰ ਪੁਰੀਆਂ ਮੈ, ਸਾਰੇ ਏਹੋ ਹੀ ਦਿਸਦਾ ਹੈ ਚਿੱਟੀਆਂ ਮਾਲਾ ਫੜੀਆਂ ਹੋਈਆਂ ਹੈਨ। ਭਜਨ ਕਰਦੇ ਹੈਂ। ਕਛਹਿਰੇ ਪੈਹਰੇ ਹੋਏ ਹੈਂ। ਸਿੰਘ ਸਜੇ ਹੋਏ ਹੈਂ। ਏਕ ਸਿੰਘ ਕੋ ਦਸਤ ਲੱਗੇ ਹੋਏ ਥੇ। ਮਿਸ਼ਰੀ ਦਿੱਤੀ ਸੀਤ ਪ੍ਰਸ਼ਾਦ ਕਰਕੇ। ਜਾਂ ਛਕੀ ਤਾਂ ਝੱਟ ਰਾਜੀ ਹੋਇਆ।

## ਗੁਰੂ ਬਿਲਾਸ ਬਣੇਗਾ

ਏਕ ਸਮੇਂ ਬਚਨ ਕੀਤਾ ਦੀਨਾਨਾਥ ਜੀ ਪ੍ਰਸੰਨ ਹੋਇਕੇ ਕਿ ਕਿਸੇ ਸਮੇਂ ਨੂੰ ਗੁਰੂ ਬਿਲਾਸ ਬਣੇਂਗਾ। ਏਸ ਖ਼ਾਲਸੇ ਪੰਥ ਕੀ ਤੇ ਜਿਵੇਂ ਫ਼ਰੰਗੀ ਰਾਜੇ ਸਾਡੇ ਨਾਲ ਕਰਨਗੇ ਤਿਵੇਂ ਜਨਮ ਸਾਖੀ ਬਣੇਗੀ। ਬੜਾ ਭਾਰੀ ਗ੍ਰੰਥ ਹੋਵੇਗਾ।

## ਅਜੇ ਪ੍ਰਦੇਸ ਕੋ ਜਾਣਾ ਹੈ

ਦੀਨਾਨਾਥ ਜੀ ਬਚਨ ਕੀਤਾ ਸਾਰੀ ਪਿਰਥੀ ਕੀ ਮਾਇਆ ਇਕੱਠੀ ਕਰਕੇ ਲੰਗਰ ਲਗਾਇ ਦੇਵਾਂਗੇ। ਕੋਲ ਸਰਦਾਰ ਮੰਗਲ ਸਿੰਘ ਸੁਣਦਾ ਸੀ, ਤਿਸਨੇ ਰਿਦੇ ਵਿਚ ਸੰਕਲਪ ਕੀਤਾ ਕਿ ਅਸੀਂ ਲੋਕ ਤਾ ਹੁਣ ਤੰਗ ਹਾਂ ਫੇਰ ਕਦ ਦੇਣਾ ਹੈ ਧਨ। ਅੰਤਰਜਾਮੀ ਗੁਰੂ ਜੀ ਉਸਕਾ ਫੁਰਨਾ ਜਾਣਕੇ ਬਚਨ ਕੀਤਾ ਅਜੇ ਸਮਾਂ ਨਹੀਂ ਹੈ। ਜਦ ਸਮਾਂ ਆਵੇਗਾ ਤਦ ਅਜੇ ਅਸਾਂ ਪ੍ਰਦੇਸ ਕੋ ਜਾਣਾ ਹੈ। ਫ਼ਰੰਗੀ ਜ਼ਰੂਰ ਹੱਥ ਪੌਣਗੇ। ਮੈਨੂੰ ਫ਼ਰੰਗੀਆਂ ਨੇ ਨਹੀਂ ਛਡਣਾ ਹੈ। ਮੈਂ ਫ਼ਰੰਗੀਆਂ ਕੋ ਛੇੜਾਂਗਾ। ਫੇਰ ਮਰ ਗਿਆ ਲਿਖਣਗੇ। ਜੇਕਰ ਕੋਈ ਆਖੇ ਮੈਂ ਲੋਹੇ ਦੇ ਪਿੰਜਰੇ ਵਿਚ ਪਾਇਕੇ ਫੂਕ ਕੇ ਸਮੁੰਦਰ ਵਿਚ ਸੁਟ ਆਇਆ ਹਾਂ ਤਾਂ ਭੀ ਤੁਸੀਂ ਨਹੀਂ ਮੰਨਣਾ। ਅਗਨੀ ਦਾ ਜਲਾਇਆ ਮੈਂ ਜਲਦਾ ਨਹੀਂ, ਪਾਣੀ ਦਾ ਡੁਬਾਇਆ ਡੁਬਦਾ ਨਹੀਂ, ਪੌਣ ਦਾ ਉਡਾਇਆ ਮੈਂ ਉਡਦਾ ਨਹੀਂ ਹਾਂ। ਬਾਬੇ ਜੱਸਾ ਸਿੰਘ ਜੀ ਸੁਣਕੇ ਬਚਨ ਕੀਤਾ ਸੱਚੇ ਪਾਤਸ਼ਾਹ ਜੇਕਰ ਫ਼ਰੰਗੀਆਂ ਨੂੰ ਗਿਆਨ ਕਰ ਦੇਓ ਤਾਂ ਏਹ ਭੀ ਸਿੰਘ ਹੋਇ ਜਾਣ। ਬਚਨ ਹੋਇਆ ਬਾਬਾ ਏਨ੍ਹਾਂ ਕੀ ਮਤ ਮਲੇਛੀ ਹੈ ਨਾਲੇ ਏਨ੍ਹਾਂ ਦਾ ਖਾਣਾ ਮਾੜਾ ਹੈ ਏਨ੍ਹਾਂ ਨੇ ਛਡਣਾ ਨਹੀਂ ਹੈ। ਬਾਬਾ ਜੀ ਏਨ੍ਹਾਂ ਨੂੰ ਗਿਆਨ ਨਹੀਂ ਕਰਨਾ ਹੈ। ਏਨ੍ਹਾਂ ਨੇ ਮੈਨੂੰ ਛੇੜਨਾ ਹੈ ਮੈਂ ਏਨ੍ਹਾਂ ਨੂੰ ਛੇੜਾਂਗਾ ਤਾਂ ਮੈਨੂੰ ਲਜਾਵਣਗੇ, ਐਵੇਂ ਨਹੀਂ ਹਥ ਪਾਂਵਦੇ ਹੈਂ ਮੈਨੂੰ। ਝੂਠੇ ਕਰਕੇ ਮਾਰਨੇ ਹੈਨ। ਸ਼ਸਤਰ ਨਾਲ ਨਹੀਂ ਮਾਰਨੇ ਹੈਂ। ਸਾਡੀ ਮਾਲਾ ਹੀ ਸ਼ਸਤਰ ਹੈ ਤੋਪ ਬੰਦੂਕ ਰੂਪੀ। ਨਾਮ ਕਾ ਗੋਲਾ ਬੀਚ ਪੈਂਦੇ ਹੈ। ਲੱਖਾਂ ਕੋਹਾਂ ਕੀ ਮਾਰ ਕਰਦਾ ਹੈ।

## ਕਲਾਮ ਕਿ ਸ਼ਬਦ

ਇਕ ਦਿਨ ਮੰਨਾ ਸਿੰਘ[1] ਨੂੰ ਸਤਿਗੁਰੂ ਜੀ ਬਚਨ ਕੀਤਾ ਜੋ ਲੰਮੀਆਂ ਵਾਲੇ ਪੁਜਾਰੀ ਹੈਨ ਤਿੰਨਾਂ ਨੂੰ ਜਾਇਕੇ ਕਹੀਂ ਜੇਕਰ ਅਸੀਂ ਕਲਾਮ ਪੜਦੇ ਹੈਂ ਤਾਂ ਸਾਨੂੰ ਸੌ ਜੁੱਤੀ ਤੇ ਛਿੱਤਰਾਂ ਦਾ ਹਾਰ। ਜੇਕਰ ਅਸੀਂ ਸ਼ਬਦ ਗੁਰੂ ਜੀ ਕਾ ਪੜਦੇ ਹੈਂ ਤੇ ਤੁਸੀਂ ਕਲਾਮ ਕਹੀ ਹੈ ਤਾ ਧੁਆਨੂੰ ਸੌ ਜੁੱਤੀ ਤੇ ਛਿੱਤਰਾਂ ਦਾ ਹਾਰ ਗਲ਼ ਮੈ ਪਵੇ। ਸੱਚੀ ਵਸਤੂ ਨੂੰ ਝੂਠੀ ਕਹਿਆ ਹੈ। ਕਹਿੰਦੇ ਹੈਂ ਕਲਾਮ ਪੜਦੇ ਹੈਂ। ਬਚਨ ਕੀਤਾ

ਕਲਿ ਮਹਿ ਏਹੋ ਪੁੰਨੁ ਗੁਣ ਗੋਵਿੰਦ ਗਾਹਿ॥
ਸਭਸੈ ਨੋ ਕਿਰਪਾਲੁ ਸਮਾਲੇ ਸਾਹਿ ਸਾਹਿ॥

1 ਪਿਤਾ ਸ੍ਰ. ਫਤਹਿ ਸਿੰਘ, ਪਿੰਡ ਸ੍ਰੀ ਭੈਣੀ ਸਾਹਿਬ, ਜ਼ਿਲ੍ਹਾ ਲੁਧਿਆਣਾ।

ਬਿਰਥਾ ਕੋਇ ਨ ਜਾਇ ਜਿ ਆਵੈ ਤੁਧੁ ਆਹਿ॥

(ਰਾਮਕਲੀ ਵਾਰ ਮ. ੫, ਪੰਨਾ ੯੬੨)

ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ॥
ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ॥
ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ॥
ਕਹੁ ਨਾਨਕ ਕਿਰਪਾ ਕਰੇ ਜਿਸ ਨੋ ਏਹ ਵਥੁ ਦੇਇ॥
ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ॥

(ਗੁਜਰੀ, ਵਾਰ ਮ.੫, ਪੰਨਾ ੫੧੭)

## ਕੂਕਾ ਨਾਮ

ਬਚਨ ਕੀਤਾ ਗੁਰੂ ਜੀ ਅਸਾਂ ਤਾ ਪੰਥ ਕਾ ਨਾਮ ਨਾਮਧਾਰੀ ਰੱਖਿਆ ਸੀ, ਅਕਾਲ ਪੁਰਖ ਨੇ ਕੂਕੇ ਨਾਮ ਰੱਖ ਦਿੱਤਾ। ਕੂਕਾ ਕਹਿਣ ਸੇ ਟਲਨਾ ਨਹੀਂ ਹੈ। ਜੋ ਕਹੇ ਕਿ ਮੇਰਾ ਨਾਮ ਕੂਕਾ ਨਹੀਂ ਉਸਕਾ ਭਲਾ ਨਾ ਹੋਇਗਾ। ਲਿਖਾ ਹੈ:

ਕਬੀਰ ਕੇਸੋ ਕੇਸੋ ਕੂਕੀਐ ਨ ਸੋਈਐ ਅਸਾਰ॥
ਰਾਤਿ ਦਿਵਸ ਕੇ ਕੂਕਨੇ ਕਬਹੂ ਕੇ ਸੁਨੈ ਪੁਕਾਰ॥

(ਸਲੋਕ ਕਬੀਰ, ਪੰਨਾ ੧੩੭੬)

## ਸਾਡਾ ਜ਼ੋਰ ਪਿਆ ਤਾਂ

ਏਕ ਸਿੰਘ ਨੇ ਅਰਜ਼ ਕੀਤੀ ਜੀ ਤੁਸਾਂ ਇਕ ਮੁਸਲਮਾਨ ਕੋ ਭਜਨ ਦਿਤਾ ਸੀ। ਬੱਗਾ ਸਿੰਘ ਨਾਮ ਰੱਖਿਆ ਸੀ। ਉਸ ਅੰਮ੍ਰਿਤ ਛੱਕਿਆ, ਕਛਿਹਰੇ ਪਾਇ ਲਏ। ਮੁਸਲਮਾਨ ਉਸਨੂੰ ਆਖਣ ਤੂੰ ਕਾਫ਼ਰ ਹੋਇ ਗਿਆ ਹੈ। ਮੁਹੰਮਦ ਕੀ ਸ਼ਰਾ ਛੱਡ ਸਿੰਘ ਸੱਜਿਆ ਹੈ। ਦੀਨੋਂ ਬੇਦੀਨ ਹੋਇਆ ਹੈਂ। ਹੋਰ ਮੇਹਣੇ ਮਾਰਦੇ ਨੇ ਮੁਸਲਮਾਨ। ਦੀਨਾਨਾਥ ਜੀ ਬਚਨ ਕੀਤਾ ਜਦ ਮੁਹੰਮਦ ਕਾ ਜੋਰ ਸੀ ਤਾ ਹਿੰਦੂਆਂ ਵਿਚੋਂ ਹੀ ਮੁਸਲਮਾਨ ਬਣਾ ਲਏ ਸੇ। ਇਸੀ ਤਰ੍ਹਾਂ ਭਾਈ ਸਾਡਾ ਜੋਰ ਪਿਆ ਤਾਂ ਅਸੀਂ ਮੁਸਲਮਾਨਾਂ ਕੋ ਭੀ ਸਿੰਘ ਸਜਾਇ ਲਵਾਂਗੇ।

## ਏਨ੍ਹਾਂ ਕਾ ਬੁਰਾ ਹਾਲ ਹੋਵੇਗਾ

ਤੇਜਾ ਸਿੰਘ ਰਾਇਪੁਰੇ ਕਾ, ਤਿਸਕਾ ਨਾਵਾਂ ਕੱਟਿਆ ਰਾਜੇ ਨੇ। ਰਾਮਦਾਸਪੁਰੇ ਸਾਹਿਬ ਮੇਂ ਆਇਕੇ ਅਰਜ਼ ਕੀਤੀ ਜੀ ਧੁਆਡੇ ਭਜਨ ਨੇ ਏਹ ਸੁਖ ਦਿੱਤਾ ਹੈ। ਦੋ ਪੈਸੇ ਆਇ ਜਾਂਦੇ ਸੇ ਪ੍ਰਸ਼ਾਦ ਛਕਦੇ ਸੇ। ਦੀਨਾਨਾਥ ਜੀ ਬਚਨ ਕੀਤਾ ਸ਼ੁਕਰ ਕਰ ਨਾਵਾਂ ਕੁੱਟਿਆ ਗਿਆ ਹੈ। ਚੰਗਾ ਹੋਇਆ ਹੈ ਬਚ ਰਹੇ ਤੁਸੀਂ। ਏਨ੍ਹਾਂ ਰਾਜਿਆਂ ਕੀ ਜੜ ਮੇਰੇ ਹੱਥ ਮੇਂ ਹੈ। ਏਨ੍ਹਾਂ ਕਾ ਬੁਰਾ ਹਾਲ ਹੋਵੇਗਾ। ਕੋਲੋਂ ਮੰਗਲ ਸਿੰਘ ਸਰਦਾਰ ਨੇ ਕਿਹਾ ਜੀ ਮੇਰਾ ਭਾਣਾ ਭੀ ਉਨ੍ਹਾਂ ਜੜਾਂ ਵਿਚ ਹੈ? ਬਚਨ ਹੋਇਆ ਤੇਰੀਆਂ ਜੜਾਂ ਭੀ ਨਾਲ ਹੀ ਵਗਾਹ ਦੇਵਾਂਗੇ।

## ਕਮਾਈ ਕਾ ਫਲ਼

ਏਕ ਸਮੇਂ ਬ੍ਰਾਹਮਣਾਂ ਨੇ ਅਰਜ਼ ਕੀਤੀ ਜੀ ਧੁਆਡੇ ਵੱਡੇ ਹੋਏ ਹੈਂ ਸੋ ਤਾਂ ਜੰਵ ਟਿੱਕਾ ਮੰਨਦੇ ਆਏ ਹੈਂ ਤੇ ਤੁਸੀਂ ਨਹੀਂ ਮੰਨਦੇ ਹੋ। ਦੀਨਾਨਾਥ ਜੀ ਬਚਨ ਕੀਤਾ ਬ੍ਰਾਹਮਣ ਮੁਖ ਹੈਂ, ਛਤਰੀ ਭੁਜਾਂ ਹੈਂ ਅਸੀਂ ਚਰਨ ਹਾਂ। ਸੋ ਚਰਨਾਂ ਨੂੰ ਹੀ ਸਾਰੇ ਮੱਥਾ ਟੇਕਦੇ ਹੈਂ। ਮੁਖ ਨੂੰ ਤਾਂ ਜੂਠਾ ਹੀ ਗਿਣਦੇ ਹੈਂ। ਸੋ ਏਉ ਕਮਾਈ ਕਾ ਫਲ਼ ਹੈ। ਜੋ ਕਮਾਈ ਕਰੇਗਾ ਸੋ ਤਿਸੀ ਨੂੰ ਪਰਜਾ ਪੂਜਦੀ ਹੈ। ਤੁਸੀਂ ਬ੍ਰਾਹਮਣ ਹੋ, ਤੁਸੀ ਚੰਗੀ ਕਮਾਈ ਕਰੋਗੇ ਧੁਆਨੂੰ ਕਿਓਂ ਨਾ ਪਰਜਾ ਪੁਜੇਗੀ।

## ਗੁਪਤ ਰੱਖੇ ਹੋਏ ਹੈਂ

ਏਕ ਸਮੇਂ ਸੂਬੇ ਮਹੰਤਾਂ ਨੇ ਅਰਜ਼ ਕੀਤੀ ਜੀ ਬੁੱਧ ਸਿੰਘ ਜੀ ਧੁਆਡੇ ਭਰਾਉ ਹੈਂ ਘੋੜਿਆਂ ਪਰ ਕਿਓਂ ਨਹੀਂ ਚੜ੍ਹਦੇ? ਤੁਸੀਂ ਚਿੱਟੇ ਕਪੜੇ ਕਿਓਂ ਨਹੀਂ ਪਵਾਂਵਦੇ ਹੋ? ਹੋਰ ਹਜ਼ਾਰਾਂ ਜੀਵ ਲੰਗਰੋਂ ਛਕਦੇ ਹੈਂ ਅਤੇ ਧੁਆਡੇ ਭਾਈ ਖੇਤੀਆਂ ਕਰਦੇ ਹੈ ਤਾਂ ਛਕਦੇ ਹੈਂ ਪਰਸਾਦਾ। ਲੰਗਰ ਕਿਓਂ ਨਹੀਂ ਛਕਾਂਵਦੇ ਹੋ ਤੇ ਹਲ਼ ਕਿਓਂ ਨਹੀਂ ਛੁਡਾਂਵਦੇ ਹੋ? ਗੁਹਜ ਗੱਲ ਨੂੰ ਅੰਤਰਜਾਮੀ ਜਾਣਦੇ ਹੈਂ। ਭਾਣਾ ਵਰਤਾਵਣਾ ਹੈ। ਜੇਕਰ ਹੁਣੇ ਪਰਗਟ ਕੀਤੇ ਤਾਂ ਨਾਲ ਹੀ ਫੜ ਕੇ ਲੈ ਜਾਵਣਗੇ। ਗੁਪਤ ਰੱਖੇ ਹੋਏ ਹੈਂ।

ਜਗ ਮੈ ਪ੍ਰਗਟੇ ਦੋਨੋ ਭਈਆ। ਮਹਾ ਪ੍ਰਕਾਸ ਪ੍ਰਕਾਸ ਅਹੀਆ।

## ਸਾਰੇ ਸੁਖ ਧੁਆਡੇ ਵਾਸਤੇ

ਸ੍ਰੀ ਸਤਿਗੁਰੂ ਜੀ ਬਚਨ ਕੀਤਾ ਅਸੀਂ ਰਾਜਿਆਂ ਵਾਲੀ ਅਦਾਲਤ ਨਹੀਂ ਕਰਨੀ ਹੈ। ਦਸਵੰਧ ਹੀ ਲਵਾਂਗੇ। ਸਾਰੇ ਸੁਖ ਖ਼ਾਲਸੇ ਨੂੰ ਦੇਵਾਂਗੇ। ਲਛਮੀ ਸਿੰਘਾਂ ਕੇ ਘਰੀਂ ਨਿਵਾਸ ਕਰੇਗੀ। ਸਿੰਘਾਂ ਪਿਆਰਿਆਂ ਕੇ ਹੱਥੀਂ ਵਰਤੇਗੀ। ਸਾਨੂੰ ਜੋ ਕੁਝ ਮਿਲਿਆ ਸੀ ਸੋ ਵੰਡ ਛਕਿਆ ਹੈ। ਜੋ ਕੁਛ ਅੱਗੇ ਮਿਲੇਗਾ ਸੋ ਵੀ ਵੰਡ ਛਕਾਂਗੇ। ਸਾਰੇ ਸੁਖ ਧੁਆਡੇ ਵਾਸਤੇ ਕੀਤੇ ਹੈਂ। ਏਹ ਭੀ ਬਚਨ ਕੀਤਾ ਸਾਹਿਬ ਸਿੰਘ ਨੌਮੀਂ ਪਾਤਸ਼ਾਹੀ ਕੇ ਵਕਤ ਦਿੱਲੀ ਮੈਂ ਜਮਾਂਦਾਰ ਸੀ। ਬੜੀ ਸੇਵਾ ਟਹਿਲ ਕੀਤੀ ਸੀ।

## ਤੂੰ ਨੇੜੇ ਨਹੀਂ ਢੁਕਣਾ

ਜਰਗੜੀ ਮੈ ਮੰਗਲ ਸਿੰਘ ਸਰਦਾਰ ਨੇ ਕਹਾ ਜੀ ਤੁਸੀਂ ਅਕਾਲ ਪੁਰਖ ਹੋ, ਮੈਂ ਤੁਹਾਡਾ ਪਿੱਛਾ ਨਹੀਂ ਛੱਡਣਾ ਹੈ। ਬਚਨ ਹੋਇਆ ਚੁਪ ਕਰ ਰਹੁ। ਤੇਰੇ ਵਰਗੇ ਬਥੇਰੇ ਹੋਇ ਹੋਇ ਗਏ ਹੈਂ। ਤੂੰ ਤਾ ਕਹਿੰਦਾ ਹੈਂ ਮੈਂ ਪਿੱਛਾ ਨਹੀਂ ਛਡਣਾ ਹੈ, ਤੈਂ ਕਿਸੇ ਦਿਨ ਨੂੰ ਨੇੜੇ ਨਹੀਂ ਢੁਕਣਾ ਹੈ ?

## ਕੋਈ ਫਰਕ ਨਹੀਂ ਹੈ

ਛੇ ਮਹੀਨੇ ਅੱਗੇ ਜਾਣੇ ਥੀਂ ਸਤਿਗੁਰੂ ਜੀ ਅਕਾਲ ਬੁੰਗੇ ਭਜਨ ਕਰਦੇ ਸੇ, ਓਧਰੋਂ ਛੋਟੇ ਭਾਈ ਮਹਾਰਾਜ ਬੁੱਧ ਸਿੰਘ ਜੀ ਹਲ਼ ਮੋਢਿਆਂ ਤੇ ਚੁੱਕੀ ਆਉਂਦੇ ਸੇ। ਸ੍ਰੀ ਸਤਿਗੁਰੂ ਜੀ ਬਚਨ

ਕੀਤਾ ਹਲ਼ ਏਥੇ ਹੀ ਰੱਖ ਦੇਓ ਤੇ ਤੁਸੀਂ ਲੰਗਰੋਂ ਪ੍ਰਸ਼ਾਦਾ ਛਕਿਆ ਕਰੋ ਤੇ ਭਜਨ ਬਾਣੀ ਕਰਿਆ ਕਰੋ।ਏਹ ਹਲ਼ ਕੋਈ ਹੋਰ ਬਾਹੁਣਗੇ। ਮਹਾਰਾਜ ਜੀ ਨੇ ਓਥੇ ਈ ਹਲ਼ ਰੱਖ ਦਿੱਤਾ। ਫੇਰ ਖ਼ਵਰ ਨਹੀਂ ਰੱਖੀ ਕੌਣ ਲੈ ਗਿਆ। ਸਤਿਗੁਰੂ ਜੀ ਓਥੋਂ ਹੀ ਬਾਂਹ ਫੜਕੇ ਲੰਗਰ ਮੇਂ ਲੈ ਆਏ। ਲਾਂਗਰੀਆਂ ਨੇ ਦੋ ਚੌਕੀਆਂ ਡਾਹ ਦਿੱਤੀਆਂ। ਦੋਨੋ ਭਾਈ ਚਿੱਟੀਆਂ ਪੁਸ਼ਾਕਾਂ ਪਾਇਕੇ ਚੌਕੀਆਂ ਪਰ ਬੈਠੇ। ਪ੍ਰਸ਼ਾਦ ਛਕਣੇਂ ਲਗੇ। ਦੀਨਾਨਾਥ ਜੀ ਸਿੱਖਾਂ ਨੂੰ ਪੁੱਛਿਆ ਸਾਡੇ ਦੋਹਾਂ ਮੈਂ ਕੋਈ ਫ਼ਰਕ ਲਗਦਾ ਹੈ? ਸਿੱਖਾਂ ਕਿਹਾ ਜੀ ਕੋਈ ਫਰਕ ਨਹੀਂ ਹੈ।

ਮਹਾਰਾਜ ਜੀ ਉਸੀ ਦਿਨ ਤੇ ਲਗਰੋਂ ਪ੍ਰਸਾਦਾ ਛਕਣਾ, ਭਜਨ ਬਾਨੀ ਕਰਨਾ। ਜਿਵੇਂ ਬਚਨ ਸ੍ਰੀ ਸਤਿਗੁਰੂ ਜੀ ਕਰਨ ਤਿਵੇਂ ਹੀ ਮੰਨਣਾ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਬੁੱਧ ਸਿੰਘ ਨਾ ਤੇਰੇ ਪੁੱਤਰ ਹੈ ਨਾ ਮੇਰੇ ਪੁੱਤਰ ਹੈ। ਮੈਂ ਤਾਂ ਜਾਣਾ ਹੈ ਪਰਦੇਸ ਨੂੰ, ਤੂੰ ਤਾਂ ਬਿਵਾਹ ਕਰਵਾਇ ਲੈ ਹੋਰ। ਮਹਾਰਾਜ ਜੀ ਚੁਪ ਕਰ ਰਹੇ ਕੋਈ ਉੱਤਰ ਨਹੀਂ ਦਿੱਤਾ ਉਸ ਵਕਤ[1]।

1 ਜਨਵਰੀ ੧੯੭੨ ਈ. ਨੂੰ ਸੂਬਿਆਂ ਦੇ ਨਾਲ ਹੀ ਮੰਗਲ ਸਿੰਘ ਨੂੰ ਵੀ ਫੜਕੇ ਅੰਗੇਰਜਾਂ ਨੇ ਪਰਾਗਰਾਜ ਦੇ ਕਿਲੇ ਵਿੱਚ ਕੈਦ ਰੱਖਿਆ ਸੀ। ੧੯੭੩ ਈ. ਵਿਚ ਜਦੋਂ ਛੱਡਿਆ ਤਾਂ ਫ਼ਰੰਗੀ ਨੇ ਕਿਹਾ ਸੀ ਤੁਮਨੇ ਭੈਣੀ ਸਾਹਿਬ ਨਹੀਂ ਜਾਣਾ। ਮੰਗਲ ਸਿੰਘ ਫੇਰ ਨਹੀਂ ਕਦੀ ਆਇਆ ਗੁਰਦੁਆਰੇ, ਨਾ ਰੰਗੂਨ ਹੀ ਪੁੱਜਾ। ਸਤਿਗੁਰੂ ਜੀ ਦਾ ਬਚਨ ਪੂਰਾ ਹੋਇਆ।

# ਅੰਮ੍ਰਿਤਸਰ ਦਾ ਸਾਕਾ

ਅੰਮ੍ਰਿਤਸਰ ਦੇ ਤੁਰਕਾਂ ਨੇ ਅਰਜ਼ੀ ਦਿੱਤੀ ਕਿ ਠੇਕਾ ਅਸੀਂ ਜ਼ਿਆਦਾ ਭਰ ਦੇਵਾਂਗੇ, ਬੁੱਚੜਖ਼ਾਨਾ ਸ਼ਹਿਰ ਮੇਂ ਲੱਗੇ। ਨਿਹੰਗਾਂ ਪੁਜਾਰੀਆਂ ਤੇ ਹੋਰ ਜੋ ਹਿੰਦੂ ਹੈਂ ਸਭ ਕੋ ਫਿਕਰ ਹੋਇਆ ਕਿ ਸਰਬ ਕਾ ਧਾਮ ਹੈ ਹਿੰਦੂਆਂ ਕਾ ਅਰ ਖ਼ਾਲਸੇ ਕਾ। ਜੇਕਰ ਬੁੱਚੜਖ਼ਾਨਾ ਸ਼ਹਿਰ ਵਿਚ ਲੱਗ ਗਿਆ ਤਾ ਬੜਾ ਭਾਰੀ ਪਾਪ ਹੋਊ। ਸੰਕਰ ਬਰਨ ਹੋ ਜਾਵੇਗੀ। ਗਊ ਬੱਧ ਕਾ ਪਾਪ ਵੱਡਾ ਹੈ ਕਿਉਂਕਿ ਗਊ ਮੈ ਗੁਣ ਵੱਡੇ ਹੈਂ। ਸੋ ਗਊ ਕੀ ਰੱਛਿਆ ਕੇ ਵਾਸਤੇ ਖ਼ਾਲਸੇ ਮੈ ਗੱਲਾਂ ਹੋ ਰਹੀਆਂ ਹੈਂ ਜੇਕਰ ਅੰਮ੍ਰਿਤਸਰ ਕੇ ਬੀਚ ਬੁੱਚੜਖ਼ਾਨਾ ਲੱਗਾ ਤਾਂ ਬੜਾ ਭਾਰੀ ਪਾਪ ਹੈ। ਸਰਬ ਖ਼ਾਲਸੇ ਕਾ ਗੁਰਦੁਆਰਾ ਹੈ। ਬਾਰ੍ਹਵਾਂ ਗੁਰੂ ਭੀ ਪ੍ਰਗਟ ਹੋਇਆ ਹੈ, ਸੰਤ ਖਾਲਸਾ ਭੀ ਹੋਇਆ ਹੈ। ਦਸਵੇਂ ਪਾਤਸ਼ਾਹ ਕਾ ਬਚਨ ਹੋਇਆ ਹੈ 'ਗਊਅਨ ਰੱਛ ਕਰੇਂਗੇ ਭਾਰੀ' ਸੋ ਸਮਾ ਹੁਣ ਆਇਆ ਹੈ।

ਰਾਜਾ ਸਿੰਘ ਤਰਾਂਡੀ[1] ਦਾ ਤਿਸਨੇ ਪਹਿਲੇ ਅੰਮ੍ਰਿਤਸਰ ਵਾਲੇ ਹਿੰਦੂਆਂ ਨੂੰ ਕਹਿਆ ਕਿ ਸ਼ਹਿਰ ਕੇ ਬੀਚ ਬੁੱਚੜਖ਼ਾਨਾ ਲਗਦਾ ਹੈ। ਤੁਸੀਂ ਮਦਦ ਦਿਓ ਜੋ ਬੁੱਚੜਾਂ ਨੂੰ ਵੱਢੀਏ। ਮੁੱਕਰ ਗਏ, ਜੀ ਸਾਨੂੰ ਕੋਈ ਨਹੀਂ ਫੁਰੇਦੀ ਹੈ। ਤੁਸੀਂ ਜਿਵੇਂ ਮਰਜੀ ਹੈ ਤਿਵੇਂ ਕਰੋ। ਫੇਰ ਹਿੰਦੂਆਂ ਨੇ ਰਲ਼ ਮਿਲ ਕੇ ਅੰਗਰੇਜ਼ਾਂ ਦੇ ਅਰਜ਼ੀ ਪਾਈ ਕਿ ਬੁੱਚੜਖ਼ਾਨਾ ਸ਼ਹਿਰ ਦੇ ਬੀਚ ਨ ਲੱਗੇ। ਜੇ ਸ਼ਹਿਰ ਵਿਚ ਲੱਗਾ ਤਾਂ ਫ਼ਸਾਦ ਹੋਵੇਗਾ। ਸਰਬ ਹਿੰਦੂਆਂ ਕਾ ਅਸਥਾਨ ਹੈ। ਰਾਜਾ ਸਿੰਘ ਫੇਰ ਰਾਜਿਆਂ ਕੋਲ ਗਿਆ। ਕਹਾ ਕਿ ਗੁਰਦੁਆਰੇ ਕੋਲ ਬੁੱਚੜਖ਼ਾਨਾ ਲਾਵਣ ਲੱਗੇ ਹੈਂ। ਸ਼ਹਿਰ ਮੈ ਗਊ ਬੱਧ ਹੋਣ ਲੱਗਾ ਹੈ। ਤੁਸੀਂ ਕਹੋ ਜੋ ਬੁੱਚੜਖ਼ਾਨਾ ਨਾ ਲੱਗੇ ਅੰਮ੍ਰਿਤਸਰ ਜੀ ਮੈ। ਸਰਬ ਰਾਜਾ ਪਰਜਾ ਕਾ ਗੁਰਦੁਆਰਾ ਹੈ। ਰਾਜਿਆਂ ਨੇ ਕਹਾ ਕਿ ਅਸੀਂ ਅੰਗ੍ਰੇਜ ਕੋ ਰਾਜ ਮੈ ਕੁਝ ਨਹੀਂ ਕਹਿ ਸਕਦੇ ਹੈਂ ਕਿਉਂਕਿ ਅਹਿਦਨਾਮਾ ਲਿਖਕੇ ਦਿਤਾ ਹੋਇਆ ਹੈ ਕੁਝ ਕਰਨ ਉਹ ਸਾਡਾ ਦਖਲ ਨਹੀਂ ਹੈ। ਪਟਿਆਲਾ, ਨਾਭਾ, ਸੰਗਰੂਰ, ਫਰੀਦਕੋਟ, ਕਪੂਰਥਲਾ ਸਾਰਿਆਂ ਕੋਲ ਗਏ। ਸਾਰਿਆਂ ਰਾਜਿਆਂ ਏਹੋ ਉਤਰ ਦਿੱਤਾ। ਫੇਰ ਪੁਜਾਰੀਆਂ ਨੂੰ ਪੁੱਛਿਆ ਕਿ ਤੁਸੀਂ ਧਰਮ ਹੇਤ ਮਦਦ ਦਿਓ ਜੋ ਬੁੱਚੜਖ਼ਾਨਾ ਨਾ ਲੱਗੇ ਅੰਮ੍ਰਿਤਸਰ ਜੀ ਮੈ। ਪੁਜਾਰੀਆਂ ਨੇ ਭੀ ਜਵਾਬ ਦੇ ਦਿੱਤਾ ਕਿ ਸਾਨੂੰ ਭੀ ਕੁਝ ਨਹੀਂ ਫੁਰੇਦੀ ਹੈ। ਨਿਹੰਗਾਂ ਕੋਲ ਵੀ ਗਏ ਜਾਇਕੇ ਬੋਲਾ ਕੀਤਾ ਤੁਸੀਂ ਕੋਈ ਮਦਦ ਦਿਓ ਜੋ ਸ਼ਹਿਰ ਮੈਂ ਬੱਚੜਖ਼ਾਨਾ ਨਾ ਲੱਗੇ। ਕਿਹਾ ਸਾਡੀ ਕੋਈ ਭੀ ਰੈ ਨਹੀਂ ਹੈ। ਅਸੀਂ ਕੁਝ ਨਹੀਂ ਕਰ ਸਕਦੇ ਹੈਂ। ਫੇਰ ਨਿਰਮਲਿਆਂ ਨੂੰ ਜਾਇਕੇ ਪੁੱਛਿਆ ਕਿ ਧਰਮ ਹੇਤ ਤੁਸੀਂ ਮਦਦ ਦੇਓ ਜੋ ਸ਼ਹਿਰ ਮੈ ਬੁੱਚੜਖ਼ਾਨਾ ਨਾ ਲੱਗੇ। ਨਿਰਮਲਿਆਂ ਨੇ ਕਿਹਾ ਕਿ ਗਊ ਮਾਰਨ ਵਾਲਾ ਤੇ ਗਊ ਰੱਖਣ ਵਾਲਾ ਸਾਨੂੰ ਇਕੋ ਜੇਹੇ ਈ ਭਾਸਦੇ ਹੈਂ।

ਏਕ ਦਿਨ ਨਿਹੰਗ ਕਹੀਆਂ ਲਜਾਇ ਕੇ ਬੁੱਚੜਾਂ ਦੇ ਘਰ ਕਹੀਆਂ ਨਾਲ ਢਾਵਣ ਲੱਗੇ। ਪੁਲਿਸ ਨੇ ਫੜਕੇ ਹਵਾਲਾਤ ਜਾਇ ਦਿੱਤੇ। ਦੋ ਦੋ ਮਹੀਨੇ ਹਵਾਲਾਟ ਮੈ ਰੱਖੇ, ਫੇਰ ਜਮਾਨਤਾਂ ਲੈ ਕੇ ਛੱਡੇ।

---

1 ਪਿਤਾ ਸ੍ਰ. ਜੱਸਾ ਸਿੰਘ, ਤਰਖਾਣ, ਜ਼ਿਲ੍ਹਾ ਸਿਆਲਕੋਟ।

ਅੱਠਾਂ ਦਿਨਾਂ ਪਾਛੇ ਦਰਬਾਰ ਕੇ ਬੀਚ ਏਕ ਤੁਰਕ ਨੇ ਹੱਡੀ ਲਿਆਇ ਧਰੀ। ਪੁਜਾਰੀ ਨੇ ਸਮਝਿਆ ਕਿ ਚਾਂਦੀ ਦੀ ਡਲੀ ਹੈ। ਝੱਟ ਫੜੀ ਹੱਥ ਮੈਂ, ਦੇਖੇ ਤਾਂ ਹੱਡੀ ਹੈ। ਜਿਸਨੇ ਧਰੀ ਉਸਨੂੰ ਕੁਟਣੇ ਲੱਗੇ। ਕੁਟਦੇ ਕੁਤਵਾਲੀ ਨੂੰ ਲੈ ਗਏ। ਏਕ ਤੁਰਕ ਨੇ ਕਹਾ ਕਿ ਏਨੂੰ ਕਾਨੂੰ ਮਾਰਦੇ ਹੋ। ਗਿਆਨੀਆਂ ਵਾਲੇ ਖੂਹ ਮੈ ਕਰੰਗ ਪਿਆ ਹੈ ਗਊ ਦਾ। ਓਸ ਕੋ ਭੀ ਫੜ ਲੀਆ ਗਿਆਨੀਆਂ ਕੇ ਖੂਹ ਵਿਚੋਂ ਹਡ ਕਢਿਆ। ਤੀਨ ਤੀਨ ਬਰਸ ਕੀ ਕੈਦ ਕੀਤੀ ਦੋਹਾਂ ਕੋ ।

ਅਠਵੇਂ ਦਿਨ ਕਸ਼ਮੀਰੀਆਂ ਨੇ ਮਿਲਕੇ ਸਲਾਹ ਕੀਤੀ ਜੋ ਹਿੰਦੂ ਤਾਂ ਜਿਤ ਗਏ ਹੈਨ। ਪੰਜਾਹ ਕੁ ਤੁਰਕ ਮਿਲ ਕੇ ਹਲਵਾਈ ਦੀ ਹੱਟੀ ਪਰ ਆਇ ਬੈਠੇ। ਤੁਰਕ ਉਸਨੂੰ ਕਹਿਣ ਲੱਗੇ ਕਿ ਹਲਵਾ ਦਿਓ, ਦੇ ਦੀਆ। ਹੋਰ ਮੰਗਿਆ ਹੋਰ ਦੇ ਦੀਆ। ਫੇਰ ਮੰਗਿਆ ਫੇਰ ਦੀਆ। ਜਾਂ ਚੌਥੀ ਫੇਰੀ ਮੰਗਿਆ ਤਾਂ ਹਲਵਾਈ ਨੇ ਕਹਿਆ ਕਿ ਤੁਸੀਂ ਮੁਲ ਲੈਣ ਆਏ ਹੋ ਕਿ ਐਵੇਂ ਮੰਗਣ ਆਏ ਹੋ। ਤੁਰਕਾਂ ਨੇ ਖੂਬਚੇ[1] ਕੇ ਬੀਚ ਸੁੱਟਿਆ ਹਲਵਾ ਜੂਠਾ। ਲੜਾਈ ਮਚ ਪਈ। ਮੁਸਲਮਾਨਾਂ ਨੂੰ ਖਤਰੀਆਂ ਨੇ ਬਹੁਤ ਮਾਰਿਆ।ਏਕ ਹੌਲਦਾਰ ਛੁਡਾਵਣ ਲੱਗੇ ਕੀ ਅੱਖ ਕਾਣੀ ਹੋ ਗਈ। ਉਸ ਵਕਤ ਏਹ ਭਾਸਦੀ ਸੀ ਕਿ ਸ਼ਹਿਰ ਵਿਗੜ ਜਾਵੇਗਾ। ਦੁਹਾਂ ਧਿਰਾਂ ਕੀ ਅਰਜ਼ੀ ਪਈ। ਕੁਝ ਤਾਂ ਵੱਡੇ ਵੱਡੇ ਕੈਦ ਕੀਤੇ, ਕਈਆਂ ਨੂੰ ਜੁਰਮਾਨਾ ਕਰ ਕੇ ਛੱਡ ਦਿੱਤਾ।

ਫ਼ਰੰਗੀ ਨੇ ਕਹਾ ਕਿ ਬੁੱਚੜਖ਼ਾਨਾ ਯਹਾਂ ਹੀ ਰਹੇਗਾ। ਯੇ ਨਹੀਂ ਹਟੇਗਾ। ਘੰਟੇ ਘਰ ਦੇ ਚੜ੍ਹਦੇ ਪਾਸੇ ਬੁੱਚੜਖ਼ਾਨਾ ਬਣਿਆ ਸੀ ਪਰਕਰਮਾ ਦੇ ਨਾਲ। ਨਿਹੰਗਾਂ ਨੇ ਸਲਾਹ ਕੀਤੀ ਮਰਨਾ ਇਕ ਵੇਰੀ ਹੈ, ਚਲੋ ਮਰਾਂ ਮਾਰਾਂਗੇ। ਸ਼ਹਿਰ ਮੇਂ ਨਹੀਂ ਵਿਕਣ ਦੇਣਾ ਹੈ ਮਾਸ। ਜਾਂ ਨਿਹੰਗ ਅਰਦਾਸਾ ਕਰਕੇ ਚੜੇ ਤਾਂ ਤਤਕਾਲ ਫ਼ਰੰਗੀ ਉਨ ਕੋ ਕੁਤਵਾਲੀ ਲੈ ਗਏ। ਬੰਦ ਕਰਕੇ ਕਹਾ ਕਿ ਹੁਣ ਕਰੋ ਦੰਗਾ ਕਿਵੇਂ ਕਰਦੇ ਹੋ?

ਰਾਜਾ ਸਿੰਘ ਸ੍ਰੀ ਅੰਮ੍ਰਿਤਸਰ ਜੀ ਸੇ ਆਇਆ। ਅਰਜ਼ ਕੀਤੀ ਸਤਿਗੁਰੂ ਜੀ ਕੇ ਹਜ਼ੂਰ ਜੀ ਖਤਰੀ ਬ੍ਰਾਹਮਣ ਤੁਹਾਡੇ ਵੱਲ ਦੇਖਦੇ ਹੈਂ। ਬੁੱਚੜਖ਼ਾਨੇ ਸਭ ਸ਼ਹਿਰਾਂ ਮੇਂ ਲਗਾਇ ਲਏ ਹੈਂ ਤੁਰਕਾਂ ਨੇ ਫ਼ਰੰਗੀਆਂ ਨਾਲ ਮਿਲਕੇ। ਅੱਗੇ ਬਾਹਰ ਹੋਇਕੇ ਬਾਹਰ ਹੀ ਬੇਚਦੇ ਸੇ ਮਾਸ ਹੁਣ ਵਿਚ ਸ਼ਹਿਰ ਮੇਂ ਬੇਚੀ ਜਾਂਦੇ ਹੈ। ਪਹਿਲੇ ਗਊਆਂ ਕੇ ਮੱਥੇ ਵਿਚ ਗੋਲੀ ਮਾਰਦੇ ਹੈਂ। ਗਊ ਡਿਗ ਪੈਂਦੀ ਹੈ ਤਾਂ ਛੁਰੀ ਪਕੜ ਕਰ ਗਰਦਨ ਵਿਚ ਫੇਰਦੇ ਹੈਂ। ਸੁਣਕੇ ਏਹ ਤਰਾਸ ਝੱਲਿਆ ਨਹੀਂ ਜਾਂਦਾ ਹੈ। ਪੰਜਾਬ ਧਰਤੀ ਮੈ ਬੜਾ ਭਾਰਾ ਪਾਪ ਹੋਣੇਂ ਲਗਾ ਹੈ। ਏਹ ਕਦ ਹਟੂਗਾ। ਦੋਨੋਂ ਹੱਥ ਮੇਲਕੇ ਦੀਨ ਦਿਆਲ ਜੀ ਬਚਨ ਕੀਤਾ ਜਦ ਪ੍ਰਿਥੀ ਪਰ ਲੋਹੇ ਕੇ ਪਟ ਭਿੜਨਗੇ ਤਦ ਹਟੇਗਾ ਇਹ ਤਰਾਸ। ਸਮੇ ਸਮੇ ਨਾਲ ਸਭ ਕੁਛ ਹੋ ਜਾਵੇਗਾ।

ਗੁਰੂ ਜੀ ਗਊਆਂ ਦਾ ਛੁਰਾ ਲਾਹੁਣ ਵਾਸਤੇ ਸਾਂਗ ਰਚਿਆ ਹੈ, ਗਊਆਂ ਦੇ ਕਸ਼ਟ ਕੱਟਣ ਨੂੰ। ਸਿੰਘ ਅਰਜ਼ ਕਰਦੇ ਹੈਂ ਜੀ ਗਊਆਂ ਕਾ ਦੁੱਖ ਸਾਨੂੰ ਭਾਰਾ ਹੈ। ਫ਼ਰੰਗੀ ਨੇ ਲੰਦਨੋ ਆਇਕੇ ਬੁੱਚੜਖ਼ਾਨੇ ਲਾਏ ਹੈਂ। ਤੁਰਕ ਬੀ ਇਹਨਾਂ ਦੀ ਸ਼ਹਿ ਨਾਲ ਜ਼ਾਹਰ ਵੇਚਦੇ ਹੈਂ, ਡਰਦੇ ਨਹੀਂ ਹੈਂ। ਅਰਜ਼ ਕੀਤੀ ਸਿੰਘਾਂ ਨੇ ਗਊਆਂ ਕਾ ਦੁੱਖ ਭਾਰੀ ਹੈ। ਆਪ ਕਾ ਹੁਕਮ ਹੋਵੇ ਤਾਂ ਬੁੱਚੜਾਂ ਨੂੰ

1 ਹਲਵਾਈਆਂ ਦੁਆਰਾ ਕੜ੍ਹਦਾ ਦੁੱਧ

ਵੱਢੀਏ।ਓਧਰ ਬਾਬਾ ਬ੍ਰਹਮਾ ਸਿੰਘ ਨੇ ਭੀ ਸਾਰਾ ਬ੍ਰਤਾਂਤ ਸੁਣਾਇਆ ਕਿ ਸਿੰਘ ਬੁੱਚੜਾਂ ਪਰ ਧਾਵਾ ਕਰਨ ਨੂੰ ਕੈਂਹਦੇ ਹੈਂ, ਧੁਆਡਾ ਕੀ ਹੁਕਮ ਹੈ? ਰੌਲਾ ਪੈ ਜਾਵੇਗਾ। ਗੁਰੂ ਜੀ ਬਚਨ ਕੀਤਾ ਜਾਇਕੇ ਹਟਾਇ ਦੇ। ਬ੍ਰਹਮਾ ਸਿੰਘ ਨੇ ਜਾਇਕੇ ਸਿੰਘਾਂ ਨੂੰ ਕਹਿਆ ਕਿ ਸਤਿਗੁਰੂ ਜੀ ਕਾ ਹੁਕਮ ਨਹੀਂ ਹੈ ਬੁੱਚੜਾਂ ਨੂੰ ਮਾਰੋ। ਸਿੰਘਾਂ ਨੇ ਸਲਾਹ ਕੀਤੀ ਕਿ ਬ੍ਰਹਮਾ ਸਿੰਘ ਨੇ ਸਾਰੇ ਸਿੰਘ ਬੰਦ ਕਰ ਦਿੱਤੇ ਹੈ ਕਿ ਇਹ ਕਾਰ ਨਾ ਕਰੋ। ਧਰਮ ਅੱਗੇ ਲੱਤਾਂ ਡੌਂਹਦੇ ਹੈਂ।

ਸਿੰਘ ਲੋਪੋਕੇ ਮੈਂ ਆਇ ਇਕੱਠੇ ਹੋਏ। ਆਪਸ ਮੇਂ ਸਿੰਘ ਕਹਿੰਦੇ ਹੈਂ ਬੜਾ ਭਾਰੀ ਪਾਪ ਹੋਇਆ ਹੈ, ਧਰਮ ਹੇਤ ਸੀਸ ਦਿਓ। ਹਿੰਦੂ ਲੋਕੀ ਭੀ ਏਸੇ ਪੰਥ ਪਰ ਨਿਗਾਹ ਰੱਖਦੇ ਹੈਂ। ਚਿੱਟੀਆਂ ਮਾਲਾ ਰੱਖਦੇ ਹੈਂ, ਭਜਨ ਬਾਣੀ ਭੀ ਕਰਦੇ ਹੈਂ। ਸਭ ਜੀਆਂ ਦੀ ਰੱਖਿਆ ਕਰਦੇ ਹੈਂ। ਧਰਮ ਰੀਤੀ ਮੈਂ ਪੂਰੇ ਹੈਂ। ਗਊ ਦੋਖ ਨੂੰ ਏਹ ਭਾਵੇਂ ਉਠਾਵਾਨ, ਹੋਰ ਕਿਸੇ ਮੇਂ ਸਮਰੱਥਾ ਨਹੀਂ ਹੈ।

## ਬੁੱਚੜਖ਼ਾਨੇ ਤੇ ਹਮਲਾ

ਏਕ ਦਿਨ ਬੀਲ੍ਹਾ ਸਿੰਘ, ਗੁਲਾਬ ਸਿੰਘ, ਭਗਵਾਨ ਸਿੰਘ, ਝੰਡਾ ਸਿੰਘ, ਹਾਕਮ ਸਿੰਘ, ਲਹਿਣਾ ਸਿੰਘ, ਫਤਹਿ ਸਿੰਘ, ਲਾਲ ਸਿੰਘ, ਲੈਹਣਾ ਸਿੰਘ, ਮੇਹਰ ਸਿੰਘ, ਰਾਜਾ ਸਿੰਘ ਏਤਨੇ ਕੁ ਸਿੰਘ ਚਲੇ ਹੈਂ। ਸਿੰਘਾਂ ਨੂੰ ਲਾਲੀਆਂ ਚੜ੍ਹ ਗਈਆਂ ਕਿ ਸਾਡੇ ਧਰਮ ਹੇਤ ਸੀਸ ਲਗਣੇਂ ਹੈਂ। ਸਾਰੇ ਸਿੰਘਾਂ ਨੇ ਲਹਿਣਾ ਸਿੰਘ ਮਿਸਤਰੀ ਕੇ ਘਰ ਗੁਰਮਤਾ ਕਰਕੇ ੧੪ ਜੂਨ ਕੀ ਰਾਤ ਕੋ ਬੁੱਚੜਖ਼ਾਨੇ ਮੈਂ ਪਹਿਲਾਂ ਗਊਆਂ ਕੇ ਰੱਸੇ ਬੱਢੇ ਫੇਰ ਬੁੱਚੜਾਂ ਉਪਰ ਧਾਵਾ ਕੀਤਾ। ਕਈ ਬੁੱਚੜ ਮਾਰ ਕੇ ਸਿੰਘ ਤੁਰ ਗਏ।

ਅੰਮ੍ਰਿਤਸਰ ਜਿਸ ਵਕਤ ਕਤਲ ਕਰਕੇ ਖਾਲਸਾ ਨਿਕਲਿਆ ਰੌਲਾ ਪੈ ਗਿਆ ਸੀ[1]। ਥਾਨੇਦਾਰ ਭੀ ਆਇ ਗਿਆ। ਫ਼ਰੰਗੀ ਭੀ ਉਸ ਵਕਤ ਆਨ ਹਾਜ਼ਰ ਹੋਇਆ। ਡਰਦਾ ਥਾਨੇਦਾਰ ਭੀ ਨਾ ਅੰਦਰ ਵੜੇ ਕਿ ਖਬਰੇ ਅਜੇ ਅੰਦਰ ਸਿੰਘ ਹੋਣਗੇ। ਦਿਨ ਚੜੇ ਨੰਗੀ ਤਲਵਾਰ ਕਰਕੇ ਅੰਦਰ ਬੜੇ। ਏਹੀ ਉਸ ਵਕਤ ਕਹਿਣ ਪੈੜ ਖੁਰਾ ਕਿਧਰੇ ਨਹੀਂ ਹੈ। ਅਜਗੈਬ ਦੀਆਂ ਫੌਜਾਂ ਮਾਰ ਗਈਆਂ ਹਨ। ਕੁਝ ਪਤਾ ਨਹੀਂ ਕਿਨ ਮਾਰੇ ਹੈਨ। ਅੰਦਰ ਦੇਖਣ ਜੋ ਨੀਲੀ ਲੀਰ ਇਕ ਚੱਕਰ ਨਾਲ ਬੱਧੀ ਹੋਈ ਹੈ। ਦੇਖਕੇ ਸਮਝਿਆ ਜੋ ਨਿਹੰਗਾਂ ਨੇ ਬੱਢੇ ਹੈ ਬੁੱਚੜ। ਕਿਉਂਕਿ ਉਨ੍ਹਾਂ ਨੂੰ ਅੱਗੇ ਭੀ ਰੋਕਿਆ ਸੀ ਹੁਣ ਫੇਰ ਨਿਹੰਗਾਂ ਨੇ ਵੱਢੇ ਹੈ। ਇਕ ਜਨਾਨੀ ਕਹੇ ਕਿ ਕਾਲੇ ਕਪੜੇ ਤੇ ਲੰਬੇ ਲੰਬੇ ਸਰੀਰ ਸੇ। ਸਿਆਣ ਨਹੀਂ ਹੈ ਕਿ ਕੌਣ ਸੀ। ਉਸ ਬੁਢੀ ਕੇ ਕਹੇ ਸੇ ਤੇ

---

1 ੧੪ ਜੂਨ ੧੯੭੧ ਈ. ਬੁੱਧਵਾਰ ਰਾਤ ਨੂੰ ਬੁੱਚੜਖ਼ਾਨੇ ਤੇ ਹਮਲਾ ਕੀਤਾ ਗਿਆ। ਚਾਰ ਬੁੱਚੜ ਮੀਹਾ, ਜੀਵਨ, ਸ਼ਾਦੀ ਅਤੇ ਇਮਾਮੀ ਮਾਰੇ ਗਏ ਅਤੇ ਕਰਮਦੀਨ, ਈਲਾਹੀ-ਬਖਸ਼ ਅਤੇ ਖੀਵਾ ਜਖਮੀਂ ਹੋਏ। ਹਮਲਾ ਕਰਨ ਵਾਲੇ ਕੂਕੇ ਸਿੰਘ ਸਨ (੧) ਫਤਹਿ ਸਿੰਘ (੨) ਵ੍ਹੀਲਾ ਸਿੰਘ, (੩) ਹਾਕਮ ਸਿੰਘ ਪਟਵਾਰੀ (੪) ਲਹਿਣਾ ਸਿੰਘ ਜੱਟ (੫) ਝੰਡਾ ਸਿੰਘ, (੬) ਲਹਿਣਾ ਸਿੰਘ ਮਿਸਤ੍ਰੀ (੭) ਗੁਲਾਬ ਸਿੰਘ, (੮) ਭਗਵਾਨ ਸਿੰਘ, (੯) ਮੇਹਰ ਸਿੰਘ ਅਤੇ (੧੦) ਲਛਮਨ ਸਿੰਘ। ਸਿਪਾਹੀ ਲਾਲ ਸਿੰਘ ਅਤੇ ਲਹਿਣਾ ਸਿੰਘ ਸਪੁੱਤਰ ਸ੍. ਬੁਲਾਕਾ ਸਿੰਘ ਜੋ ਕਿ ਅੰਮ੍ਰਿਤਸਰ ਵਿੱਚ ਨਾਮਧਾਰੀ ਸਿੰਘਾਂ ਦਾ ਮੁਖੀ ਸੀ ਅਤੇ ਬਾਬਾ ਅਟੱਲ ਜੀ ਦੇ ਗੁਰਦੁਆਰੇ ਦੇ ਨੇੜੇ ਰਹਿੰਦਾ ਸੀ, ਨੇ ਅੰਮ੍ਰਿਤਸਰ ਬੁੱਚੜ ਬੱਢਣ ਵਿਚ ਸਿੱਧੇ ਹਿੱਸਾ ਤਾਂ ਨਹੀ ਲਿਆ, ਪਰ ਬੁੱਚੜਾਂ ਨੂੰ ਕਤਲ ਕਰਨ ਲਈ ਉਕਸਾਉਣ ਦਾ ਦੋਸ਼ ਇਨ੍ਹਾਂ ਤੇ ਲਾਇਆ ਗਿਆ ਸੀ। ਬੁੱਚੜਾਂ ਦੇ ਕਤਲ ਲਈ ਤਲਵਾਰਾਂ ਲਾਲ ਸਿੰਘ ਸਿਪਾਹੀ ਨੇ ਮੁਹੱਈਆ ਕਰਵਾਈਆਂ ਸਨ।

ਚੱਕਰ ਕੋ ਦੇਖਕੇ ਤਤਕਾਲ ਨਿਹੰਗ ਪਕੜ ਮੰਗਾਏ। ਸਭ ਮੌਕੇ ਉਤੇ ਇਕਠੇ ਕੀਤੇ ਤੇ ਪੁੱਛਿਆ ਤੁਸਾਂ ਬੁੱਚੜ ਕਿਓਂ ਬੁੱਢੇ ਹੈਂ। ਨੀਲਾ ਬਸਤਰ ਤੇ ਚੱਕਰ ਰਹਿ ਗਿਆ ਧੁਆਡਾ ਹੀ ਹੈ। ਤੁਹਾਡੇ ਬਿਨਾਂ ਹੋਰ ਕੌਣ ਨੀਲਾ ਤੇ ਚੱਕਰ ਰੱਖਦਾ ਹੈ। ਨੀਲਾ ਤੇ ਚੱਕਰ ਏਹ ਦੋਨੋਂ ਚੀਜ਼ਾਂ ਮੁੱਦਾ ਹੈ ਧੁਆਡਾ। ਨਿਹੰਗਾਂ ਨੇ ਕਹਾ ਕਿ ਸਾਨੂੰ ਕੁਝ ਖ਼ਵਰ ਨਹੀਂ ਹੈ ਬੁੱਚੜ ਕਿਨ ਬੱਢੇ ਹੈਂ। ਅਸਾਂ ਨਹੀਂ ਬੱਢੇ ਹੈਂ।

ਮਾਰ ਪੈਣ ਲੱਗੀ। ਨਿਹੰਗਾਂ ਕਿਹਾ ਕਿ ਅਸਾਂ ਨਹੀਂ ਬੱਢੇ। ਫੇਰ ਮਾਰ ਪੈਣ ਲੱਗੀ ਜੁੱਤੀਆਂ ਤੇ ਛਮਕਾਂ ਕੀ। ਛੋਟਾ ਵੱਡਾ ਫ਼ਰੰਗੀ ਇਕੱਠੇ ਹੋਏ। ਅੰਮ੍ਰਿਤਸਰ ਕੇ ਜੋ ਵੱਡੇ ਵੱਡੇ ਲੋਕ ਥੇ ਸੋ ਮੰਗਵਾਏ ਜਿਨ੍ਹਾਂ ਅਰਜ਼ੀ ਦਿੱਤੀ ਹੋਈ ਸੀ ਕਿ ਬੁੱਚੜਖ਼ਾਨਾ ਸ਼ਹਿਰ ਮੇਂ ਨਾ ਲੱਗੇ। ਜੇ ਲੱਗਾ ਤਾਂ ਹਿੰਦੂ ਵਿਗੜ ਜਾਣਗੇ। ਇਨ੍ਹਾਂ ਨੂੰ ਮੰਗਵਾਇਆ ਤੇ ਕਹਾ ਤੁਮ ਜੋ ਕਹਿੰਦੇ ਸੇ ਸਾਡਾ ਜੋਰ ਨਹੀਂ ਹੈ। ਜੇ ਜੋਰ ਹੁੰਦਾ ਤਾਂ ਬੁੱਚੜਖ਼ਾਨਾ ਕਿਓਂ ਲੱਗਦਾ, ਹਟਾਏ ਦਿੰਦੇ। ਤੁਸੀਂ ਜੋ ਕਹਿੰਦੇ ਸੇ ਤਾਂ ਤੇ ਤੁਸਾਂ ਹੀ ਬਢਾਏ ਹੈਂ ਬੁੱਚੜ। ਦੱਸਦੇ ਨਹੀਂ ਮੁਕਰਦੇ ਜਾਂਦੇ ਹੋ। ਏਸ ਸ਼ਕ ਕਰਕੇ ਸ਼ਹਿਰ ਕੇ ਲੋਕ ਫੜ ਲੀਏ। ਮਾਰ ਮਾਰ ਕੇ ਪੁਛਣ ਵੱਡੇ ਵੱਡੇ ਸ਼ਾਹੂਕਾਰਾਂ ਨੂੰ। ਬੇਗੁਨਾਹਾਂ ਨੂੰ ਮਾਰ ਮਾਰ ਕੇ ਇਕਬਾਲ ਕਰਾਇ ਲੀਆ ਕਿ ਅਸੀਂ ਬੁੱਚੜ ਬੱਢੇ ਹੈਂ।

ਫੇਰ ਫ਼ਰੰਗੀ ਨੇ ਹੁਕਮ ਦੀਆ ਤੁਮ ਬਾਰਾਂ ਸਰੀਰ ਫਾਂਸੀ ਦੀਏ ਜਾਓਗੇ। ਸਾਰੇ ਸ਼ਹਿਰ ਵਿਖੇ ਸ਼ੋਰ ਪੈ ਗਿਆ ਕਿ ਬਾਰਾਂ ਸਰੀਰ ਫਾਂਸੀ ਦੀਏ ਜਾਏਂਗੇ ਬੇਗੁਨਾਹ। ਉਨਾਂ ਲੋਕਾਂ ਕੀ ਘਰੀਂ ਸ਼ੋਰ ਪੈ ਗਿਆ। ਸਾਰੇ ਇਸ ਗਲ ਦੀ ਖਬਰ ਹੋਈ ਕਿ ਬਾਰਾਂ ਸਰੀਰ ਫਾਂਸੀ ਲਾਏ ਜਾਣਗੇ ਨਿਹੱਕ ਹੀ।[1]

## ਰਾਮਦਾਸ ਪੁਰੇ ਖ਼ਬਰ ਹੋਈ

ਏਸ ਗੱਲ ਦੀ ਖ਼ਬਰ ਬਾਬਾ ਜੱਸਾ ਸਿੰਘ ਜੀ ਰਾਮਦਾਸ ਪੁਰੇ ਸਾਹਿਬ ਸੁਣੀਂ ਕਿ ਬਾਰਾਂ ਸਰੀਰਾਂ ਕੋ ਫਾਂਸੀ ਕਾ ਹੁਕਮ ਹੋਇਆ ਹੈ। ਬਾਬੇ ਦੇ ਵਿਚੋਂ ਦੀ ਅਕਾਲ ਪੁਰਖ ਨੇ ਬੋਲਾ ਕੀਆ ਕਿ ਕਮਾਈ ਤਾਂ ਤੇਰੇ ਸਿੰਘਾਂ ਨੇ ਕੀਤੀ ਹੈ ਤੇ ਲੈ ਜਾਣਗੇ ਜੇਹੜੇ ਫਾਂਸੀ ਚੜ੍ਹਨਗੇ। ਸਭ ਕਹਿਣਗੇ ਨਿਹੰਗਾਂ ਨੇ ਵੱਢੇ ਹੈਨ ਬੁੱਚੜ। ਤੇਰੇ ਪੰਥ ਕਾ ਕਿਸੇ ਨਾਉਂ ਨਹੀਂ ਲੈਣਾ ਹੈ। ਵੱਢੇ ਤੇਰੇ ਸਿੰਘਾਂ ਨੇ ਹੈਂ ਤੇ ਫਾਂਸੀ ਨਿਹੰਗ ਤੇ ਬੇਗੁਨਾਹ ਦਿੱਤੇ ਜਾਣਗੇ। ਜਿੱਤੀ ਹੋਈ ਬਾਜੀ ਤੁਸੀਂ ਕਿਉਂ ਹਾਰਦੇ ਹੋ? ਜਿਨ੍ਹਾਂ ਨੇ ਕਾਰਨ ਕੀਤਾ ਹੈ ਸੋ ਤਾਂ ਤੇਰੇ ਸਿੰਘ ਹੈਂ। ਫਤਹਨਾਮਾ ਉਨ੍ਹਾਂ ਦੇ ਨਾਮ ਦਾ ਜੋ ਫਾਂਸੀ ਚੜ੍ਹਨਗੇ। ਤੇਰੇ ਪੰਥ ਦਾ ਨਾਂ ਕਿਸੇ ਨਹੀਂ ਲੈਣਾ ਹੈ ਕਿ ਗਊਆਂ ਵਾਸਤੇ ਸੀਸ ਦੀਏ ਹੈਂ। ਤਾਂ ਤੇ ਤੁਸੀਂ ਸਿੰਘਾਂ ਨੂੰ ਆਖੋ ਜਾ ਕੇ ਕਹਿਣ ਕਿ ਅਸੀਂ ਬੁੱਚੜ ਮਾਰੇ ਹੈਂ। ਜੇਹੜੇ ਲੋਕ ਮਾਰੀਦੇ ਹੈਂ ਉਹ ਭੀ ਛੁਟ ਜਾਣਗੇ। ਜੇ ਆਪਣੇ ਸਿੰਘ ਫਾਂਸੀ ਚੜ੍ਹਨ ਤਾਂ ਤੇਰੇ ਪੰਥ ਦੀ ਰੈਹ ਆਉਂਦੀ ਹੈ। ਜੇ ਉਹ

1 ਅੰਮ੍ਰਿਤਸਰ ਨਿਵਾਸੀ ਬਾਰ੍ਹਾਂ ਵਿਅਕਤੀਆਂ, ਜਿਨ੍ਹਾਂ ਨੂੰ ਵੱਡੇ ਤਸੀਹੇ ਦੇ ਦੇ ਕੇ ਬੁੱਚੜਾਂ ਦੇ ਕਾਤਲ ਹੋਣ ਦਾ ਇਕਬਾਲ ਕਰਵਾਇਆ ਸੀ, ਦੇ ਨਾਂ ਸਨ ਸੰਤ ਰਾਮ, ਰਾਮ ਕਿਸ਼ਨ, ਮੰਨਾ ਸਿੰਘ ਨਿਹੰਗ, ਜਵਾਲਾ ਸਿੰਘ, ਧੰਨਾ ਜੀ, ਮੂਲਾ, ਨਿਹਾਲ ਸਿੰਘ, ਮਾਯਾ, ਸੁੰਦਰ ਸਿੰਘ, ਭੂਪ ਸਿੰਘ ਟੇਕਾ ਅਤੇ ਸੋਭਾ। ਹੀਰਾ ਅਤੇ ਸੇਠ ਜੈ ਰਾਮ ਵਾਇਦਾ ਸੁਆਫ਼ ਗਵਾਹ ਬਣ ਗਏ ਸਨ। ਹੋਮ ਡਿਪਾਰਟਮੈਂਟ, ਜੁਡੀਸ਼ੀਅਲ ਪ੍ਰੋਸੀਡਿੰਗ ਨੰ. ੧੦੭, ਅਗਸਤ ੧੮੭੪,

ਬੇਗੁਨਾਹ ਲੋਕ ਫਾਂਸੀ ਦਿੱਤੇ ਗਏ ਤਾਂ ਤੁਸਾਂ ਕੇ ਸਿਰ ਉਨ੍ਹਾਂ ਕਾ ਪਾਪ ਜੱਸ ਉਨ੍ਹਾਂ ਕਾ ਹੋਊਗਾ ਕੇ ਗਊਆਂ ਨਮਿਤ ਸੀਸ ਦੀਏ ਹੈਂ, ਤੇਰੇ ਸਿੰਘਾਂ ਕਾ ਨਾਉਂ ਕਿਸੇ ਨਹੀਂ ਲੈਣਾ ਹੈ। ਤੇਰਾ ਪੰਥ ਲਜੀਏਗਾ। ਤਾਂ ਤੇ ਸਿੰਘਾਂ ਨੂੰ ਭੇਜੋ ਫਾਂਸੀ ਚੜ੍ਹਨ। ਤੇਰੇ ਪੰਥ ਕਾ ਜੱਸ ਹੋਵੇਗਾ ਕੇ ਨਾਮਧਾਰੀਆਂ ਨੇ ਸੀਸ ਦੀਏ ਹੈਂ ਗਊਆਂ ਨਿਮਿਤ। ਜੇਹੜੇ ਸਿੰਘ ਭਾਵੇਂ ਵਾਲੇ[1] ਆਏ ਹੋਏ ਸੇ ਰਾਮਦਾਸ ਪੁਰੇ ਤਿਨਾਂ ਨੂੰ ਬਚਨ ਕੀਤਾ ਸਤਿਗੁਰੂ ਜੀ ਜਾਵੋ ਸੀਸ ਦਿਓ। ਖੁਲੀ ਦਰਵਜੀਂ ਗੁਰੂ ਕੀ ਪੁਰੀ ਨੂੰ ਜਾਓਗੇ।

ਪਤਾ ਨਾ ਸੀ ਲਗਦਾ। ਫ਼ਰੰਗੀ ਨੇ ਹੁਕਮ ਦੀਆ ਥਾ ਕਿ ਜੋ ਪਤਾ ਲਾਵੇਗਾ ਉਸ ਨੂੰ ਇਨਾਮ ਦੇਆਂਗੇ[2]। ਕਸਾਈਆਂ ਕੋ ਬੜਾ ਭੈ ਹੋਇਆ ਕਿ ਸਾਨੂੰ ਰਾਤੋ ਰਾਤ ਲੋਕ ਬੱਢ ਜਾਂਦੇ ਹੈਂ। ਇਹ ਖ਼ਬਰ ਕਿਸੇ ਨਾ ਸੀ ਕਿ ਨਾਮਧਾਰੀ ਸਿੰਘ ਬੱਢ ਜਾਂਦੇ ਹੈਂ। ਸਾਰੇ ਮੁਲਖ਼ ਮੈ ਖ਼ਬਰਾਂ ਹੋਈਆਂ, ਖ਼ਬਰ ਕੁਛ ਨਹੀਂ ਕਿ ਰਾਤ ਕੌਣ ਬੱਢ ਜਾਂਦਾ ਹੈ।

ਪਹਿਲੇ ਅੰਮ੍ਰਿਤਸਰ ਜੀ ਵਰਤਿਆ ਭਾਣਾ, ਫੇਰ ਬਾਗਾਂ ਵਾਲੇ (ਮੋਰਿੰਡੇ) ਫੇਰ ਰਾਏ ਦੇ ਕੋਟ ਵਰਤਿਆ। ਚੁਫੇਰੇ ਰੌਲਾ ਪੈ ਗਿਆ। ਬੁੱਚੜ ਭੈ ਕੇ ਮਾਰੇ ਬਰੜਾਏਕੇ ਉਠਦੇ ਹੈਂ। ਫ਼ਰੰਗੀ ਕੋ ਭੀ ਬੜਾ ਭੈ ਹੋਇਆ ਕਿ ਜਿਨ੍ਹਾਂ ਸਾਡੇ ਬੁੱਚੜ ਬੱਢ ਦਿੱਤੇ ਹੈਨ ਸਾਨੂੰ ਕਦ ਛੱਡਣਗੇ। ਮਾਨੋਂ ਫ਼ਰੰਗੀ ਕੀ ਛਾਤੀ ਪਰ ਫੋੜਾ ਪੈਦਾ ਹੋਇਆ ਹੈ। ਬੜੀ ਚਿੰਤਾ ਪੈਦਾ ਹੋ ਗਈ। ਬਾਗਾਂਵਾਲੇ ਦੇ ਸਾਕੇ ਵਿਚੋਂ ਕਾਨ੍ਹੇ ਨੇ ਸਿੰਘ ਫੜਾਏ। ਉਹ ਭੀ ਨਿੰਦਕ ਬਣਿਆ ਸੀ ਬਾਗਾਂਵਾਲੇ ਕੇ ਸਿੰਘਾਂ ਨੂੰ ਫੜਾਉਣ ਲਈ।

## ਅਸੀਂ ਬੱਢੇ ਹੈਂ ਬੁੱਚੜ

ਅੰਮ੍ਰਿਤਸਰ ਵਾਲਿਆਂ ਨੇ ਫਾਂਸੀ ਚੜ੍ਹਨਾ ਸੀ। ਫ਼ਰੰਗੀ ਨੇ ਖੱਤਰੀਆਂ ਤੇ ਨਿਹੰਗਾਂ ਨੂੰ ਮੈਲੇ ਵਾਲੇ ਚੁੱਬਚਿਆਂ ਵਿਚ ਖੜੇ ਕਰਕੇ ਮਨਾ ਲਿਆ ਸੀ। ਉਨ੍ਹਾਂ ਨੂੰ ਫਾਂਸੀ ਦੇਣ ਤੋਂ ਪਹਿਲਾਂ ਕੂਕੇ ਸਿੰਘਾਂ ਨੇ ਜਾਇਕੇ ਕਹਾ ਕਿ ਅਸੀਂ ਬੱਢੇ ਹੈਂ ਬੁੱਚੜ। ਇਹ ਖੱਤਰੀ ਤੇ ਨਿਹੰਗ ਕਾਹਨੂੰ ਫੜੇ ਹੈਨ। ਤਤਕਾਲ ਫ਼ਰੰਗੀ ਨੇ ਛੋੜ ਦੀਏ ਖੱਤਰੀ ਤੇ ਨਿਹੰਗ ਜੇਹੜੇ ਫਾਂਸੀ ਦੇਣੇ ਸੇ।

ਸਿੰਘਾਂ ਨੂੰ ਲਾਲੀਆਂ ਦਗਣ। ਪਹਿਲੀ ਪੇਸ਼ੀ ਫ਼ਰੰਗੀ ਨੇ ਪੁੱਛਿਆ ਤੁਮਨੇ ਬੁੱਚੜ ਬੱਢੇ ਹੈਂ। ਸਿੰਘਾਂ ਕਿਹਾ ਬੱਢੇ ਹੈਂ। ਸਿੰਘਾਂ ਨੇ ਕਹਿਆ ਕਿ ਇਹ ਨਗਰੀ ਸਾਡੇ ਗੁਰੂ ਕੀ ਹੈ ਤੇ ਹਿੰਦੂ ਧਰਮ ਕੀ ਵੱਸੋਂ ਹੈ। ਤੁਰਕਾਂ ਨੇ ਅਰਜ਼ੀ ਦਿੱਤੀ ਸੀ ਕਿ ਸ਼ਹਿਰ ਮੈ ਬੁੱਚੜਖਾਨਾ ਲਗੇ ਸੋ ਤੁਸੀਂ ਬੁੱਚੜਖਾਨਾ ਸ਼ਹਰ ਮੈ ਲਗਾ ਦਿੱਤਾ ਹੈ। ਨੰਦਨੋਂ ਆਇਕੈ ਤੁਸਾਂ ਬੁੱਚੜਖਾਨੇ ਲਾਏ ਹੈਂ। ਇਸ ਪੰਜਾਬ ਧਰਤੀ ਮੈ ਕੋਈ ਨਾ ਸੀ ਕਰਦਾ ਗਊ ਬੱਧ। ਚੋਰੀ ਜਾਇਕੇ ਕਿਧਰੇ ਲੁਕ ਕੇ ਕੋਈ ਕਰਦਾ ਸੀ। ਤੁਸਾਂ ਪਰਗਟ ਲਾਏ ਹੈਂ ਬੁੱਚੜਖਾਨੇ। ਤੁਹਾਡੀ ਸ਼ਹਿ ਨਾਲ ਸ਼ਹਿਰ ਵਿਚੇ ਹੀ ਵੇਚਣਾ ਸ਼ੁਰੂ ਕੀਤਾ ਹੈ ਮਾਸ। ਹਿੰਦੂ ਕਾ ਧਰਮ ਦੂਰ ਹੁੰਦਾ ਹੈ। ਜੇ ਸ਼ਹਿਰ ਮੈ ਬੁੱਚੜਖਾਨਾ ਰਿਹਾ ਤਾਂ

---

1 ਅੰਮ੍ਰਿਤਸਰ ਸਾਕੇ ਵਾਲੇ।

2 ਸਰਕਾਰ ਨੇ ਇਕ ਹਜ਼ਾਰ ਰੁਪਏ ਦਾ ਇਨਾਮ ਰੱਖਿਆ ਹੋਇਆ ਸੀ ਖ਼ਬਰ ਦੇਣ ਵਾਲੇ ਲਈ।

ਏਤਨਾ ਖਾਲਸਾ ਤਾਂ ਹੁਣ ਫਾਂਸੀ ਚੜਿਆ ਹੈ ਫੇਰ ਖਾਲਸਾ ਝਲਿਆ ਨਹੀਂ ਜਾਏਗਾ। ਧਰਮ ਪਰ ਸਭ ਸੀਸ ਦੇਣ ਵਾਲੇ ਹੈਂ। ਬੁੱਚੜਖਾਨਾ ਸ਼ਹਿਰ ਮੈ ਨਾ ਰਹੇ। ਹਿੰਦੂ ਕੇ ਸਾਹਮਣੇ ਗਊ ਬੱਧ ਹੋਵੇ ਤਾਂ ਹਿੰਦੂ ਕੋ ਪ੍ਰਸ਼ਾਦ ਛਕਣਾ ਤੇ ਪਾਣੀ ਪੀਣਾ ਹਰਾਮ ਹੈ। ਸਾਹਮਣੇ ਗਊਆਂ ਕਾ ਬੁਰਾ ਹੁੰਦਾ ਹੈ ਤਾਂ ਤੇ ਹਿੰਦੂ ਛਤਰੀ ਕੋਈ ਨਹੀਂ ਰਿਹਾ। ਅਸਾਂ ਬੁੱਚੜਖਾਨੇ ਹਟਾਉਣ ਦੇ ਵਾਸਤੇ ਏਹ ਕਾਰਨ ਕੀਤਾ ਹੈ। ਸਾਤੋਂ ਦੇਖ ਕੇ ਗਊ ਕਾ ਤਰਾਸ ਝਲਿਆ ਨਹੀਂ ਜਾਂਦਾ ਹੈ। ਜੋ ਗਊ ਕਾ ਬੁਰਾ ਕਰੇ ਸੋ ਸਾਨੂੰ ਬੁਰਾ ਲਗਦਾ ਹੈ। ਏਸ ਗਊ ਬੱਧ ਹਟਾਵਣੇ ਨੂੰ ਤੇ ਧਰਮ ਵਰਤਾਵਣ ਨੂੰ ਗੁਰੂ ਨਾਨਕ ਜੀ ਹੁਣ ਬਾਰ੍ਹਵਾਂ ਜਾਮਾ ਪਹਿਰਿਆ ਹੈ। ਗਊ ਦੀ ਛੁਰੀ ਉਤਾਰਨ ਵਾਸਤੇ ਬੁੱਚੜ ਬੱਢੇ ਹੈਨ। ਜੇ ਸ਼ਹਰ ਮੇਂ ਬੁੱਚੜਖਾਨਾ ਰਿਹਾ ਤਾਂ ਸਰਬ ਖਾਲਸਾ ਵਿਗੜ ਜਾਵੇਗਾ। ਕੋਈ ਬੰਦੋਬਸਤ ਨਹੀਂ ਹੋ ਸਕੇਗਾ। ਬੁੱਚੜਖਾਨੇ ਬੰਦ ਕਰੋ, ਕਿਸੇ ਜੀਵ ਪਰ ਛੁਰੀ ਨਾ ਫਿਰੇ। ਫ਼ਰੰਗੀ ਨੇ ਫਾਂਸੀ ਕਾ ਹੁਕਮ ਦੇ ਦਿੱਤਾ[1]। ਕਿਉਂਕਿ ਆਪਣੀ ਜ਼ਬਾਨੀ ਇਕਬਾਲੀ ਹੈਂ। ਤਾਂ ਤੇ ਤੀਆ ਹੁਕਮ ਫ਼ਾਂਸੀ ਕਾ ਦੇ ਦੀਆ। ਫਾਂਸੀ ਵਾਲੇ ਸਿੰਘਾਂ ਨੂੰ ਫ਼ਰੰਗੀ ਨੇ ਕਹਾ ਜੋ ਕੁਝ ਖਾਣਾ ਹੈ ਖਾਏ ਲਵੋ। ਜਿਸ ਨੂੰ ਮਿਲਣਾ ਹੈ ਮਿਲ ਲਵੋ। ਸਿੰਘਾਂ ਨੇ ਕਹਿਆ ਸਾਡਾ ਖਾਣਾ ਨਾਮ ਹੈ ਅਕਾਲ ਪੁਰਖ ਕਾ। ਮਰਨ ਥੀਂ ਸਾਨੂੰ ਕੋਈ ਡਰ ਨਹੀਂ ਹੈ। ਕਿਉਂਕਿ ਸਾਡੇ ਵੱਡਿਆਂ ਨੇ ਧਰਮ ਹੇਤ ਸੀਸ ਦਿੱਤੇ ਹੈਂ ਤੇ ਸੀ ਨਹੀਂ ਕੀਤੀ ਤਿਸੀ ਤਰ੍ਹਾਂ ਅਸੀਂ ਸੀਸ ਦੇਵਾਂਗੇ। ਸਾਕ ਸੈਨ ਵੀ ਸਾਡਾ ਧਰਮ ਹੈ। ਅਸੀਂ ਕਿਸੇ ਨੂੰ ਨਹੀਂ ਮਿਲਣਾ ਹੈ। ਧਰਮ ਹੇਤ ਸੀਸ ਦੇਵਾਂਗੇ, ਸੀ ਨਹੀਂ ਕਰਨੀ ਹੈ। ਸੁਣਕੇ ਫ਼ਰੰਗੀ ਚੁਪ ਕਰ ਰਿਹਾ ਕੋਈ ਉੱਤਰ ਨਾ ਫੁਰਿਆ।

## ਸਿੰਘਾਂ ਨੂੰ ਫਾਸੀ

ਸਿੰਘਾਂ ਨੇ ਅੰਮ੍ਰਿਤਸਰ ਸਰੋਵਰ ਵਿਚ ਇਸ਼ਨਾਨ ਕਰਕੇ ਪਾਠ ਕਰਕੇ ਜਾਂ ਭੋਗ ਪਾਇਆ ਚੜ੍ਹਾਈ ਕਾ ਤਾਂ ਉਸੇ ਵਕਤ ਸਿਪਾਹੀ ਨੇ ਹੁਕਮ ਆਇ ਸੁਣਾਇਆ ਕਿ ਚੱਲੋ[2]। ਸਿੰਘ ਢੋਲਕੀ ਬਜਾਇ ਕੇ ਸ਼ਬਦ ਪੜ੍ਹਦੇ ਗਏ:-

ਤੇਰੀ ਸਰਣਿ ਮੇਰੇ ਦੀਨ ਦਇਆਲਾ॥
ਸੁਖ ਸਾਗਰ ਮੇਰੇ ਗੁਰ ਗੋਪਾਲਾ॥

---

1 (ੳ) ਸੈਸ਼ਨ ਜੱਜ ਡਬਲਯੂ. ਜੀ. ਡੇਵਿਸ ਨੇ ੩੧ ਅਗਸਤ ੧੮੭੧ ਈ. ਨੂੰ ਫਤਹਿ ਸਿੰਘ, ਬੀਹਲਾ ਸਿੰਘ, ਹਾਕਮ ਸਿੰਘ ਅਤੇ ਲਹਿਣਾ ਸਿੰਘ ਸਪੁੱਤਰ ਸ੍ਰ. ਮੁਸੱਦਾ ਸਿੰਘ ਨੂੰ ਫਾਂਸੀ ਦੀ ਸਜ਼ਾ ਅਤੇ ਸਿਪਾਹੀ ਲਾਲ ਸਿੰਘ ਤੇ ਲਹਿਣਾ ਸਿੰਘ ਸਪੁੱਤਰ ਸ੍ਰ. ਬੁਲਾਕਾ ਸਿੰਘ ਨੂੰ ਕਾਲੇ ਪਾਣੀ ਦੀ ਸਜ਼ਾ ਸੁਣਾ ਦਿੱਤੀ। ਲਛਮਣ ਸਿੰਘ, ਮੇਹਰ ਸਿੰਘ ਲੋਪੋਕੇ ਅਤੇ ਝੰਡਾ ਸਿੰਘ ਠੱਟਾ ਨੂੰ ਭਗੌੜਾ ਕਰਾਰ ਦਿੱਤਾ। ਪੰਜਾਬ ਚੀਫ਼ ਕੋਰਟ ਦੇ ਜੱਜ ਜੇ. ਐਸ. ਕੈਮਪਬੈਲ ਨੇ ੯ ਸਤੰਬਰ ਨੂੰ ਉਪਰੋਕਤ ਸਜ਼ਾਵਾਂ ਦੀ ਪੁਸ਼ਟੀ ਕਰ ਦਿੱਤੀ ਅਤੇ ੧੧ ਸਤੰਬਰ ਨੂੰ ਆਰ. ਸੀ. ਲਿੰਡਸੇ ਨੇ ਆਪਣੇ ਸਮਰਥਨ ਦੀ ਮੋਹਰ ਲਗਾ ਦਿੱਤੀ।

(ਅ) ਝੰਡਾ ਸਿੰਘ ਠੱਟਾ ੧੧ ਅਗਸਤ ੧੮੭੩ ਈ. ਨੂੰ ਫੜਿਆ ਗਿਆ ਅਤੇ ਉਸ ਤੇ ਮੁਕੱਦਮਾ ਚਲਾਕੇ ਫਾਸੀ ਦੇ ਦਿੱਤੀ ਗਈ। - ਨਾਮਧਾਰੀ ਇਤਿਹਾਸ (ਹਿੰਦੀ) ਭਾਈ ਨਾਹਰ ਸਿੰਘ, ਪੰਨਾ ੧੩੦,

(ੲ) ਮੇਹਰ ਸਿੰਘ ਲੋਪੋਕੇ ਨੇ ਆਪਣਾ ਨਾਂ ਬਦਲ ਕੇ ਸੰਤ ਸਿੰਘ ਰੱਖ ਲਿਆ ਅਤੇ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਜੋਤੀ ਜੋਤ ਸਮਾਉਣ (੧੯੦੬ ਈ.) ਤੋਂ ਕਾਫ਼ੀ ਚਿਰ ਬਾਅਦ ਤੱਕ ਸ੍ਰੀ ਭੈਣੀ ਸਾਹਿਬ ਰਹਿੰਦਾ ਰਿਹਾ।

(ਸ) ਭਗਵਾਨ ਸਿੰਘ ਵੀ ਅੰਮ੍ਰਿਤਸਰ ਸਾਕੇ ਵਿਚ ਸ਼ਾਮਲ ਸੀ ਅਤੇ ਫ਼ਰਾਰ ਹੋ ਗਿਆ ਸੀ। ਮੁਕੱਦਮੇ ਦੀ ਕਾਰਵਾਈ ਵਿਚ ਉਸਦਾ ਜ਼ਿਕਰ ਹੈ। ਪਰ ਕਿਸੇ ਜੱਜ ਨੇ ਉਸ ਬਾਰੇ ਟਿੱਪਣੀ ਨਹੀਂ ਦਿੱਤੀ।

2 ੧੫ ਸਤੰਬਰ ੧੮੭੧ ਈ. ਸ਼ੁਕਰਵਾਰ।

ਕਰਿ ਕਿਰਪਾ ਨਾਨਕੁ ਗੁਣ ਗਾਵੈ॥
ਰਾਖਹੁ ਸਰਮ ਅਸਾੜੀ ਜੀਉ॥

(ਮਾਂਝ ਮਹੱਲਾ ੫ ਪੰਨਾ ੧੦੫)

ਬੜੀ ਉੱਚੀ ਸੁਰ ਨਾਲ ਸ਼ਬਦ ਪੜਿਆ ਸਭ ਨੇ। ਬੀਲ੍ਹਾ ਸਿੰਘ ਨੇ ਅਰਦਾਸਾ ਕੀਤਾ ਅਤੇ ਆਏ ਫਾਂਸੀ ਵਾਲੀ ਜਗ੍ਹਾ। ਸਿੰਘਾਂ ਕੇ ਚੇਹਰਿਆਂ ਉਪਰ ਲਾਲੀਆਂ ਦਗਦੀਆਂ ਹੈਨ। ਬੇ-ਗ਼ਮ ਹੈਂ ਜਿਨ੍ਹਾਂ ਕੇ ਮਨ ਮੈ ਮੌਤ ਕਾ ਭੈ ਨਹੀਂ ਹੈ। ਨਿਰਭੈ ਸ਼ਬਦ ਪੜਦੇ ਤਖ਼ਤ ਪਰ ਚੜ੍ਹੇ। ਅਰਦਾਸਾ ਚੜਾਈ ਕਾ ਕੀਤਾ ਤੇ ਬੋਲਾ ਏਹ ਕੀਤਾ ਜੋ ਮੈਂ ਤੇਰੇ ਪਰਤਾਪ ਸੇ ਤਖ਼ਤ (ਤਖ਼ਤੇ) ਪਰ ਚੜਿਆ ਹਾਂ। ਬੜੀ ਨੇਕ ਨਾਮੀ ਪਾਈ ਹੈ। ਬੜਾ ਔਹਦਾ ਹੋਇਆ ਹੈ। ਬਡੇ ਹੌਸਲੇ ਵਾਲਿਆਂ ਨੇ ਜੱਲਾਦ ਨੇੜੇ ਨਹੀਂ ਔਣ ਦਿੱਤਾ। ਆਪਣੀ ਹੱਥੀਂ ਰੇਸ਼ਮ ਕੇ ਰੱਸੇ ਗਲ਼ਾਂ ਮੈ ਪਾਏ[1]।

ਚਿੱਟੀਆਂ ਪੋਸ਼ਾਕਾਂ ਹੰਸਾਂ ਵਰਗੀਆਂ ਸ਼ਕਲਾਂ। ਸਤਿ ਸ੍ਰੀ ਅਕਾਲ ਬੁਲਾਈ।ਪੈਰਾਂ ਹੇਠੋਂ ਪਟੜਾ ਖਿਚਿਆ। ਅੰਤ ਕਾ ਬੂਟਾ ਆਇਆ। ਪ੍ਰਾਣ ਜੁਦਾ ਹੋਏ। ਬਿਬਾਨਾਂ ਪਰ ਚੜਕੇ ਗੁਰੂ ਕੀ ਪੁਰੀ ਕੋ ਗਏ ਖੁਲ੍ਹੀ ਦਰਵਾਜੀਂ।

ਰਾਮਬਾਗ ਦੇ ਦਰਵਾਜੇ ਬਾਹਰ ਬੋਹੜ ਨਾਲ ਫਾਂਸੀ ਦਿੱਤੇ ਗਏ। ਦਰਗਾਹ ਮੈ ਆਦਰ ਕੇ ਸਹਿਤ ਬਿਠਾਏ। ਜੋਤੀ ਜੋਤ ਮਿਲਾਇ ਲੀਏ ਅਕਾਲ ਪੁਰਖ ਜੀ। ਮਾਤ ਲੋਕ ਮੈ ਸੁੰਨ- ਸਮਾਧ ਹੋਇ ਗਈ। ਕਹਿਰ ਬੀਤਿਆ। ਫਾਂਸੀ ਉੱਤੋਂ ਲੋਥਾਂ ਲਾਹ ਕੇ ਦਾਹ ਕੀਤੀਆਂ[2]।

ਭੋਗ ਧਰਾਇ ਕੇ ਪੁਆਏ ਸਿੰਘਾਂ ਕੇ ਨਮਿਤ। ਬੜੀਆਂ ਖੁਸ਼ੀਆਂ ਹੋਈਆਂ ਕਿ ਧਰਮ ਹੇਤ ਸੀਸ ਲੱਗੇ ਹੈਂ ਸਾਡੇ ਸਿੰਘਾਂ ਕੇ। ਸਿੱਧੇ ਮੂੰਹ ਹੋਇ ਕੇ ਸੀਸ ਦੀਏ ਹੈਂ, ਸੀ ਨਹੀਂ ਕੀਤੀ। ਸੂਰਿਆਂ ਨੇ ਅੱਗੇ ਈ ਪੈਰ ਧਰੇ ਨੇ।

ਫ਼ਰੰਗੀ ਕੋ ਰਾਜਿਆਂ ਕੋ ਰਈਯਤੁ ਕੋ ਸਭ ਕੋ ਭੈ ਹੋਇਆ ਕਿ ਸਾਡੇ ਉੱਤੇ ਤਾਂ ਮੁਦੱਈ ਖੜਾ ਹੋਇ ਗਿਆ ਹੈ। ਜਗਾ ਪਰ ਜਗਾ ਏਸ ਬਾਰ੍ਹਵੇਂ ਗੁਰੂ ਕੀਆਂ ਤੇ ਏਸ ਪੰਥ ਕੀਆਂ ਗੱਲਾਂ ਹੋ ਰਹੀਆਂ ਹੈਂ ਕੈਸਾ ਪੰਥ ਪੈਦਾ ਕੀਤਾ ਹੈ।ਮਰਨੋਂ ਨਹੀਂ ਡਰਦੇ ਹੈਂ। ਅੱਗੇ ਹੋਇਕੇ ਸੀਸ ਦੇਂਦੇ ਹੈਂ। ਸਭ ਸੁਣਕੇ ਰਾਜੀ ਹੋਏ ਕੇ ਏਸ ਪੰਥ ਨੇ ਰਖ ਦਿਖਾਈ ਹੈ। ਬੁੱਚੜ ਬੱਢੇ ਤੇ ਸੀਸ ਦੀਏ ਹੈਂ। ਧੰਨ ਗੁਰੂ ਜੀ ਕਾ ਖਾਲਸਾ ਹੈ। ਧੰਨ ਗੁਰੂ ਜੀ ਹੈ ਜਿਨ੍ਹਾਂ ਨੇ ਇਹ ਸ਼ੇਰਾਂ ਵਰਗਾ ਪੰਥ ਸਾਜਿਆ ਹੈ। ਏਹੀ ਸੰਤ ਖਾਲਸਾ ਹੈ ਜਿਹੜਾ ਦਸਵੇਂ ਪਾਤਸ਼ਾਹ ਜੀ ਰਚਿਆ ਸੀ। ਹੁਣ ਬਾਰ੍ਹਵਾਂ ਜਾਮਾ ਧਾਰ ਬੈਠਾ ਹੈ। ਧੰਨ ਹੈ ਜਿਨ੍ਹਾਂ ਨੇ ਧਰਮ ਹੇਤ ਸੀਸ ਦਿੱਤੇ ਹੈਂ।

ਅੱਗੇ ਸਿੰਘਾਂ ਕੇ ਨਾਉਂ ਜੇੜੇ ਫਾਂਸੀ ਚੜੇ ਹੈਂ ਬੀਹਲਾ ਸਿੰਘ ਨਾਰਲੀ ਦਾ, ਹਾਕਮ ਸਿੰਘ ਪਟਵਾਰੀ ਜਾਤ ਬ੍ਰਾਹਮਣ ਮੌੜਿਆਂ ਕਾ, ਫਤ ਸਿੰਘ ਅੰਮ੍ਰਿਤਸਰ ਜੀ ਕਾ, ਲੈਹਣਾ ਸਿੰਘ ਪਿੰਡ

---

1 ਫ਼ਾਸੀ ਤੇ ਚੜਨ ਵਾਲੇ ਨਾਮਧਾਰੀ ਸਿੰਘਾਂ ਨੇ ਕਿਹਾ ਸੀ ਕਿ ਤੰਦੀ ਦੀ ਥਾਂ ਰੇਸ਼ਮ ਦੇ ਰੱਸੇ ਹੋਣ ਅਤੇ ਦੂਸਰਾ ਫ਼ਾਸੀ ਦੇ ਰੱਸੇ ਅਸੀਂ ਆਪ ਆਪਣੇ ਗਲਾਂ ਵਿਚ ਪਾਵਾਂਗੇ, ਸਾਨੂੰ ਜੱਲਾਦ ਹੱਥ ਨਾ ਲਾਉਣ।

2 ਹਾਕਮ ਸਿੰਘ ਪਟਵਾਰੀ ਆਪਣੀ ਵਿਧਵਾ ਮਾਂ ਦਾ ਇਕਲੌਤਾ ਪੁੱਤਰ ਸੀ। ਫਾਂਸੀ ਚੜਨ ਤੋਂ ਬਾਅਦ ਉਸ ਦੀ ਮਾਤਾ ਨੇ ਆਪਣਾ ਕੋਠਾ ਉਧੇੜ ਕੇ ਚੌਹਾਂ ਸ਼ਹੀਦਾਂ ਦਾ ਸਸਕਾਰ ਕੀਤਾ।

ਪਨਵ, ਤਹਿਸੀਲ ਸ਼ਕਰਗੜ ਜ਼ਿਲ੍ਹਾ ਗੁਰਦਾਸਪੁਰ, ਅੰਮ੍ਰਿਤਸਰ ਮੈ ਮਿਸਤਰੀ ਕਾ ਕੰਮ ਕਰਦਾ ਸੀ। ਅੱਗੇ ਦੋ ਜੋ ਕਾਲੇ ਪਾਣੀ ਗਏ ਲੈਹਣਾ ਸਿੰਘ ਅੰਮ੍ਰਿਤਸਰ ਤੇ ਲਾਲ ਸਿੰਘ ਰਣੀਕਿਆਂ ਦੇ ਸੀ[1]।

ਤਤਕਾਲ ਰੇਲ ਪਰ ਚੜ੍ਹਾਇਕੇ ਕਾਲੇ ਪਾਣੀ ਪੁਚਾਇ ਦਿੱਤੇ। ਕਿਉਂਕਿ ਲੈਹਣਾ ਸਿੰਘ ਕੇ ਘਰੋਂ ਹਮਨ ਕਰਕੇ ਬੁੱਚੜਾਂ ਨੂੰ ਬਢਣੇ ਚੜੇ ਸੇ। ਲਾਲ ਸਿੰਘ ਤੇ ਝੰਡਾ ਸਿੰਘ ਨੇ ਸ੍ਰੀ ਸਾਹਿਬ ਆਂਦੇ ਸੇ!

ਜੇ ਅੰਮ੍ਰਿਤਸਰ ਜੀ ਵਿਚ ਬੁੱਚੜਖ਼ਾਨਾ ਰਹਿ ਜਾਂਦਾ ਤਾਂ ਬੜੀ ਮਾੜੀ ਗੱਲ ਸੀ। ਸਿੰਘਾਂ ਕੇ ਹੱਥ ਉਠਾਉਣੇ ਸੇ ਤੇ ਫਾਂਸੀ ਸਿੰਘ ਮਿਲਣੇ ਸੇ ਹੁਣ ਸ਼ਹਿਰ ਮੈ ਬੁੱਚੜਖ਼ਾਨਾ ਨਹੀਂ ਰਹੇਗਾ। ਧਰਮ ਦੀ ਰੱਛਿਆ ਗੁਰੂ ਜੀ ਕੀਤੀ। ਸਿੰਘਾਂ ਕੀ ਪੁਕਾਰ ਸੁਣੀ ਮਾਨੋ ਪਾਪ ਕੀ ਜੜ੍ਹ ਹੈ ਤਿਸਨੂੰ ਟੱਕ ਲਾਇਆ ਹੈ ਖ਼ਾਲਸੇ ਨੇ। ਦਿਨੋ ਦਿਨ ਮਲੇਸ਼ਾਂ ਕੀ ਜੜ੍ਹ ਸੁਕੇਗੀ ਤੇ ਸੰਤ ਖ਼ਾਲਸੇ ਦੀ ਜੜ੍ਹ ਹਰੀ ਹੋਵੇਗੀ। ਸੰਤ ਖਾਲਸਾ ਵਧੇਗਾ ਮਲੇਛ ਖਾਲਸਾ ਘਟੇਗਾ।

## ਭੈ ਪਿਆ

ਫ਼ਰੰਗੀ ਕੋ ਤੇ ਰਾਜਿਆਂ ਕੋ ਭੈ ਹੋਇਆ ਕਿ ਜਿਨ੍ਹਾਂ ਨੇ ਬੁੱਚੜ ਬੱਢ ਦਿੱਤੇ ਹੈਂ ਏਹੁ ਰਾਜ ਭੀ ਸਾਡਾ ਨਹੀਂ ਛੱਡਦੇ ਹੈ। ਪੰਮੇ ਪੁਜਾਰੀਆਂ ਕੋ ਭੀ ਭੈ ਹੋਇਆ ਕਿ ਸਾਡੀ ਪੂਜਾ ਮਾਰੀ ਗਈ ਹੈ। ਲਾਗੀ ਰੋਂਦੇ ਹੈ ਕਿ ਸਾਡਾ ਲਾਗ ਮਾਰਿਆ ਗਿਆ ਹੈ। ਪੀਰ ਫਕੀਰ ਪਿਟਦੇ ਹੈ ਕਿ ਸਾਡੇ ਮੁਰੀਦਾਂ ਕੋ ਆਪਣੇ ਮੁਰੀਦ ਬਣਾਈ ਜਾਂਦੇ ਹੈਂ, ਸਾਨੂੰ ਮੰਨਣੋ ਲੋਕ ਹਟਾਏ ਹੈਂ। ਦੇਵੀ ਦੇਵਤੇ ਭੀ ਚੁਪ ਕੀਤੀ ਬੈਠੇ ਹੈਂ ਕੋਈ ਬਾਤ ਨਹੀਂ ਪੁਛਦੇ ਹੈਂ। ਸਭ ਵੱਲੋਂ ਤੋੜਕੇ ਅਕਾਲ ਪੁਰਖ ਦੇਵਤਾ ਮਨਾਇਆ ਹੈ ਜੋ ਹਰ ਵਕਤ ਹਾਜਰ ਨਾਜਰ ਹੈ। ਸਾਰੇ ਭਰਪੂਰੇ ਹੈ। ਘਟ ਘਟ ਵਾਸੀ ਸਰਬ ਨਿਵਾਸੀ ਨੇਰੈ ਹੀ ਤੇ ਨੇਰਾ। ਜਗ੍ਹਾ ਪਰ ਜਗ੍ਹਾ ਗੁਰੂ ਜੀ ਕੇ ਪ੍ਰਤਾਪ ਦੀਆਂ ਖ਼ਬਰਾਂ ਹੋਈਆਂ ਕੇ ਗਊ ਗ਼ਰੀਬ ਕੀ ਰੱਖਯਾ ਵਾਸਤੇ ਪਰਗਟ ਹੋਇ ਹੈ। ਪਿਰਥੀ ਦੇ ਪਟੜੇ ਪਰ ਧਰਮ ਕੀ ਸਹਾਇਤਾ ਕਰਨ ਵਾਲਾ ਪੈਦਾ ਹੋਇਆ ਹੈ। ਸੰਤਾਂ ਕੋ ਬਧਾਈਆਂ ਹੋਈਆਂ ਨਿੰਦਕਾਂ ਕੇ ਮੁਖ ਛਾਈਆਂ ਹੋਈਆਂ।

ਲੰਡੀ ਬੁੱਚੀ ਲੱਗੀ ਭੈ ਕਰਨ, ਕੋਈ ਅੱਗੇ ਬੋਲ ਨਾ ਸੀ ਸਕਦਾ। ਸਤਿਗੁਰੂ ਜੀ ਕੇ ਸਾਹਮਣੇ ਆਇਕੇ ਫ਼ਰੰਗੀ ਹੋਵੇ ਚਾਹੇ ਕੋਈ ਹੋਰ ਹੋਵੇ ਪਾਣੀ ਪਾਣੀ ਹੋਇ ਜਾਣਾ। ਏਹ ਜੇੜ੍ਹਾ ਹੱਥ ਦਿਖਾਲਿਆ ਹੈ ਸੋ ਫ਼ਰੰਗੀ ਕਾ ਜਿਗਰ ਫਾੜਿਆ ਹੈ। ਮਾਨੋ ਫ਼ਰੰਗੀ ਕੋ ਖਈ ਰੋਗ[2] ਪੈਦਾ ਹੋਇਆ ਹੈ। ਦਿਨੋ ਦਿਨ ਵਧੇਗਾ ਅੰਤ ਕੋ ਮਾਰ ਲਵੇਗਾ। ਹੋਰ ਫ਼ਰੰਗੀ ਕਿਸੇ ਕਾ ਭੈ ਨਹੀਂ ਮੰਨਦੇ ਹੈਂ। ਖ਼ਾਲਸੇ ਕਾ ਭੈ ਜ਼ਿਆਦਾ ਹੋਇਆ ਹੈ। ਮਾਨੋ ਫ਼ਰੰਗੀਆਂ ਕੀ ਤੇ ਤੁਰਕਾਂ ਕੀ ਜੜ੍ਹ ਕੋ ਸਿਓਕ ਲੱਗ ਗਈ ਹੈ ਸੁਕ ਜਾਇਗੀ।

---

1 . ਅੰਮ੍ਰਿਤਸਰ ਸਾਕੇ ਦੇ ਮੁੱਕਦਮੇ ਵਿਚ ਤਿੰਨ ਲਹਿਣਾ ਸਿੰਘ ਸ਼ਾਮਲ ਸਨ। ਤੀਸਰੇ ਲਹਿਣਾ ਸਿੰਘ ਜੱਟ ਨੂੰ ਛੱਡ ਦਿੱਤਾ ਗਿਆ ਸੀ।

2 ਛਾਤੀ ਦੀ ਇੱਕ ਬਿਮਾਰੀ, ਟੀ.ਬੀ.

ਦੇਸਾਂ ਪਰਦੇਸਾਂ ਵਿਚ ਖਵਰਾਂ ਹੋਈਆਂ ਕਿ ਜਿਉਂ ਕੇ ਬੁੱਚੜਖ਼ਾਨੇ ਲੱਗੇ ਹੈ ਤਿਸ ਦਿਨ ਕਾ ਕੋਈ ਜਾਗਿਆ ਨਾ ਸੀ। ਹੁਣ ਨਵਾਂ ਪੰਥ ਪੈਦਾ ਹੋਇਆ ਹੈ ਨਾਮਧਾਰੀਆਂ ਦਾ ਤਿਨਾਂ ਨੇ ਬੁੱਚੜ ਕਤਲ਼ ਕੀਤੇ ਹੈ ਤੇ ਧਰਮ ਹੇਤ ਫਾਂਸੀ ਚੜੇ ਹੈਂ। ਸਤਿਗੁਰੂ ਜੀ ਕੇ ਹਜੂਰ ਖੜੇ ਹੈ। ਨਿੰਦਕੁ ਜਾਇ ਨਰਕ ਮੈ ਪੜੇ ਹੈ। ਫ਼ਰੰਗੀ ਨੇ ਮਲਕਾ ਕੋ ਭੀ ਲਿਖ ਭੇਜਿਆ ਕਿ ਗੁਰੂ ਜੀ ਕੇ ਜਾਂ ਸਾਹਮਣੇ ਜਾਈਦਾ ਹੈ ਤਾਂ ਇਕ ਨਹੀਂ ਫੁਰੇਦੀ। ਮਨ ਕੀਆਂ ਦਲੀਲਾਂ ਸਭ ਦੂਰ ਹੋਇ ਜਾਂਦੀਆਂ ਹੈਂ। ਲੰਬੀ ਤੇ ਸੁੰਦਰ ਮੂਰਤੀ ਐਸੀ ਹੈ ਜੈਸੇ ਨੁਕਸ ਤੇ ਨਿਕਾਸੀ ਹੋਈ ਹੈ। ਮਨ ਮੋਹਿਆ ਜਾਂਦਾ ਹੈ। ਰੱਬ ਜਾਦਿ ਆਇ ਜਾਂਦਾ ਹੈ। ਪਾਂਚ ਕੱਕੇ ਕੀ ਰੀਤੀ ਰੱਖਦੇ ਹੈਂ। ਸਵਾ ਪਹਿਰ ਰਾਤ ਨਾਲ ਸਨਕੇਸੀਂ ਇਸ਼ਨਾਨ ਕਰਕੇ ਭਜਨ ਕਰਦੇ ਹੈ। ਬਾਣੀ ਗ੍ਰੰਥ ਸਾਹਿਬ ਜੀ ਕੀ ਪੜਦੇ ਹੈਂ। ਜਿਹੜਾ ਹੁਕਮ ਬਾਬਾ ਰਾਮ ਸਿੰਘ ਦੇਵੇ ਸੋ ਕਰਦੇ ਹੈਂ। ਬਿਨਾਂ ਦਮਾਂ ਥੀ ਫੌਜ ਵਧਦੀ ਜਾਂਦੀ ਹੈ। ਨਾਮਧਾਰੀ ਪੰਥ ਨਾਮ ਹੈ। ਕਿਸੇ ਜੀਅ ਕੀ ਹਿੰਸਾ ਨਹੀਂ ਕਰਨ ਦੇਂਦੇ ਹੈਂ। ਝੂਠ ਭੀ ਨਹੀਂ ਬੋਲਦੇ ਹੈਂ। ਚੋਰੀ ਜਾਰੀ ਮਾਸ ਸ਼ਰਾਬ ਨੀਲ ਤਮਾਕੂ ਉਸਤਰਾ ਕੈਂਚੀ ਸਭ ਚੀਜਾਂ ਛੁਡਾਇ ਦਿੰਦੇ ਹੈਂ

ਕੰਨ ਵਿਚ ਮੰਤਰ ਸੁਣਦੇ ਸਾਰ ਹੀ ਸਰੀਰ ਕੀ ਤਾਸੀਰ ਬਦਲ ਜਾਂਦੀ ਹੈ। ਤਤਕਾਲ ਮਾੜੇ ਕਰਮ ਛੱਡਕੇ ਸ਼ੁਭ ਕਰਮ ਲਗ ਜਾਂਦਾ ਹੈ ਕਰਨ। ਐਸੀ ਸ਼ਕਤੀ ਉਸਕੇ ਮੰਤਰ ਮੇਂ ਹੈ। ਨਾਲੇ ਧਨ ਭੇਟ ਆਇ ਧਰਦੇ ਹੈਂ ਨਾਲੇ ਕਹਿੰਦੇ ਹੈਂ ਹੇ ਗੁਰੂ ਜੀ ਤਨ ਮਨ ਧਨ ਤੇਰਾ ਈ ਹੈ। ਧਰਮ ਪਰ ਸੀਸ ਦੇਂਦੇ ਹੈਂ। ਕਹਿੰਦੇ ਹੈਂ ਗਊ ਬੱਧ ਨਾ ਹੋਵੇ ਧਰਤੀ ਪਰ। ਸਿੰਘ ਰਾਤ ਕੋ ਤਲਵਾਰਾਂ ਲੈ ਕੇ ਜਾਇ ਪੈਂਦੇ ਹੈ ਵੱਢ ਟੁਕ ਕੇ ਚਲੇ ਜਾਂਦੇ ਹੈ। ਕਹਿੰਦੇ ਹੈਂ ਬੁੱਚੜਖਾਨੇ ਹਟਾਇ ਦੇਵੋ ਗਊ ਬੱਧ ਨਾ ਹੋਵੇ। ਜੇ ਗਊ ਬੱਧ ਨਾ ਹੋਣੋ ਹਟਿਆ ਤਾਂ ਏਸੇ ਤਰਾਂ ਟੁਕ ਵੱਢ ਕਰਦੇ ਰਹਾਂਗੇ।

ਏਹੁ ਗ਼ਮ ਫ਼ਰੰਗੀ ਨੂੰ ਭਾਰਾ ਪੈ ਗਿਆ ਹੈ। ਫ਼ਰੰਗੀ ਨੂੰ ਬੜੀ ਲਾਚਾਰੀ ਹੋਈ ਕੇ ਏਨ੍ਹਾਂ ਕਾ ਕੋਈ ਜਤਨ ਨਹੀਂ ਹੈ ਕੁਝ ਵਸ ਚਾਰਾ ਨਹੀਂ ਚਲਦਾ ਹੈ। ਦਿਨੋ ਦਿਨ ਖਾਲਸਾ ਵਧਦਾ ਜਾਂਦਾ ਹੈ। ਜੇਕਰ ਏਸੇ ਤਰਾਂ ਰਹੀ ਤਾਂ ਸਾਰੀ ਪੰਜਾਬ ਕੂਕਾ ਹੋ ਜਾਇਗੀ। ਮਨ ਮੈ ਪਛਤਾਂਵਦੇ ਹੈ ਕੇ ਕੂਕੇ ਸਾਡੇ ਮੁੱਦਈ ਹੈ ਕਿਉਂਕਿ ਜਿਨਾਂ ਨੇ ਸਾਡਾ ਹੁਕਮ ਉਠਾਇਆ ਹੈ, ਆਜ ਤੋ ਬੁੱਚੜ ਕਤਲ ਕੀਤੇ ਹੈ ਕੁਲ ਕੋ ਸਾਰੇ ਕੂਕੇ ਬਿਗੜ ਕੇ ਸਾਡਾ ਰਾਜ ਖੋਸ ਲੈਨਗੇ। ਸਾਨੂੰ ਤਾਂ ਘਰ ਵਿਚੋਂ ਈ ਰੋਗ ਪੈਦਾ ਹੋਇਆ ਹੈ। ਇਸਕਾ ਦਾਰੂ ਕੋਈ ਨਹੀਂ ਹੈ। ਸਾਡੀ ਕੋਈ ਪੇਛ ਨਹੀਂ ਜਾਂਦੀ ਹੈ ! ਏਨ੍ਹਾਂ ਦੀ ਖਲੜੀ ਮੈਂ ਖੌਫ਼ ਨਹੀਂ ਹੈ, ਮਰਨੋ ਨਹੀਂ ਡਰਦੇ ਹੈ। ਧਰਮ ਕਾ ਜੁਧ ਕਰਨ ਕੋ ਤਿਆਰ ਬਰ ਤਿਆਰ ਹੈਂ[1]।

1 ਭੈ ਸਬੰਧੀ ਸਮਕਾਲੀਨ ਹਾਲਾਤ ਬਾਰੇ ਸਪਤਾਹਿਕ ਸਤਿਜੁਗ ਵਿਚ ਜਸਵਿੰਦਰ ਸਿੰਘ ਦਾ ਅੰਗਰੇਜ਼ੀ ਰਾਜ ਵਿਚ ਕੂਕਿਆਂ ਤੋਂ ਪੰਜਾਬ ਯਚਕਾਰ ਨੂੰ ਭੇ ਸੰਬੰਧੀ ਸਮਕਾਲੀ ਗੁਆਹੀਆਂ ਲੇਖ ਪੜੋ। -ਸਪਤਾਹਿਕ ਸਤਿਜੁਗ ੨੫-੩੧ ਅਕਤੂਬਰ ਅਤੇ ੧-੭ ਨਵੰਬਰ ੨੦੦੧.

# ਬਾਗਾਂਵਾਲੇ (ਮੋਰਿੰਡਾ) ਦੀ ਘਟਨਾ

## (੫ ਜੁਲਾਈ ੧੮੭੧ ਈ.)

ਬਾਗਾਂਵਾਲੇ ਭੀ ਬੁੱਚੜਖਾਨਾ ਸੀ[1]। ਓਸ ਜਗਾ ਭੀ ਸਿੰਘ ਚਲੇ ਹੈਂ। ਅਤਰ ਸਿੰਘ ਹਜੂਰੀਆ ਕਰਤਾਰਗੜ੍ਹ ਕਾ, ਦੂਆ ਅਤਰ ਸਿੰਘ ਕੋਠੇ ਕਾ, ਨਿੰਦਕ ਕਾਨ੍ਹਾ[2] ਕਮਾਲ ਪੁਰੇ ਦਾ। ਧੌਂਕਲ ਸਿੰਘ ਰਾਇਪੁਰੇ ਕਾ, ਥੰਮਣ ਸਿੰਘ ਦੁਘਰੀ ਕਾ। ਏਤਨੇ ਸਰੀਰ ਤੁਰੇ। ਰਾਤ ਲੱਲੀਂ ਜਾਇ ਰਹੇ। ਅੱਗੇ ਸੇਹ ਜਾਇ ਰਹੇ। ਓਥੋ ਅੱਗੇ ਭੜੀ ਜਾਇ ਰਹੇ। ਲਾਲ ਸਿੰਘ ਸਰਦਾਰ ਨੇ ਦੋ ਤਲਵਾਰਾਂ ਦਿੱਤੀਆਂ। ਧੌਂਕਲ ਸਿੰਘ ਦਾ ਦਿਲ ਡਰ ਗਿਆ। ਨਾਂ ਤਲਵਾਰ ਫੜੀ। ਭੜੀ ਸੇ ਸਿਕਲ[3] ਕਰਵਾਈਆਂ। ਸਰਦਾਰ ਪ੍ਰਤਾਪ ਸਿੰਘ ਖੁਮਾਣੋ ਵਾਲੇ ਨੇ ਏਕ ਸ੍ਰੀ ਸਾਹਿਬ ਦੀਆ। ਤਿੰਨੇ ਸਿਕਲ ਕਰਵਾਏ। ਥੰਮਣ ਸਿੰਘ ਵੀ ਦੋ ਸ੍ਰੀ ਸਾਹਿਬ ਆਂਦੇ ਸੇ। ਆਗੇ ਪਿਛੇ ਹੋਇਕੇ ਚੁੰਨ੍ਹੀ ਜਾਇ ਰਹੇ।

ਅੱਗੇ ਬਾਬਾ ਸੁੱਧ ਸਿੰਘ ਸੀ। ਓਸਨੇ ਕਹਿਆ ਏਹ ਕੰਮ ਧੁਆਡੇ ਕਰਨ ਦਾ ਨਹੀਂ, ਤੁਸੀਂ ਨਾ ਜਾਓ। ਸਿੰਘ ਸੁਣਕੇ ਗੁੱਸੇ ਹੋਏ ਕੇ ਤੂੰ ਕਿਉਂ ਰੋਕਦਾ ਹੈਂ ਸਾਨੂੰ ਜਾਂਦਿਆਂ ਨੂੰ। ਅਸੀਂ ਤਾਂ ਸ਼ਿਮਲੇ ਜਾਣਾ ਹੈ। ਜਾਂ ਸਿੰਘ ਬਾਗਾਂਵਾਲੇ ਗਏ ਤਾਂ ਸਲਾਹ ਕਰੀ ਮੁੜ ਚਲੋ। ਨਦੀ ਉਤਰੇਗੀ ਤਾਂ ਚਲਾਂਗੇ। ਪਿੰਡ ਦੇ ਕੋਲੋਂ ਦੀ ਲੰਘਣ ਲਗੇ ਤਾਂ ਚੌਕੀਦਾਰ ਨੇ ਪੁਕਾਰਿਆ ਕੌਣ ਹੈ? ਸਿੰਘਾਂ ਨੇ ਕਹਾ ਅਸੀਂ ਸ਼ਿਮਲੇ ਤੇ ਆਏ ਹੈਂ ਜ਼ਰੂਰੀ ਕੰਮ ਹੈ। ਚੌਕੀਦਾਰ ਨੇ ਕਹਾ ਕੇ ਮੈਂ ਨਹੀਂ ਜਾਣ ਦੇਊਂਗਾ, ਦਿਨ ਚੜੇ ਜਾਣਾ ਮਿਲੇਗਾ। ਜੇਕਰ ਹੁਣ ਜਾਣਾ ਹੈ ਤਾਂ ਥਾਣੇ ਚੱਲੋ। ਦੋ ਰੁਪਈਏ ਉਸਨੂੰ ਦੇ ਰਹੇ ਉਸਨੇ ਨਾ ਲਏ, ਸਗੋਂ ਤਕੜਾ ਹੋਇਆ ਕਹੇ ਥਾਨੇ ਲੈ ਚੱਲਾਂਗਾ। ਤਿੰਨਾਂ ਸਿੰਘਾਂ ਨੂੰ ਘੇਰਾ ਪਾਇ ਲੀਆ ਚੌਕੀਦਾਰ ਨੇ। ਉੱਚੀ ਪੁਕਾਰ ਕਰੀ ਕਿ ਚੋਰ ਹੈਂ ਚੋਰ ਹੈਂ। ਸਿੰਘ ਤੁਰ ਪਏ, ਚੌਕੀਦਾਰ ਮਗਰੇ ਹੀ ਆਇਆ। ਅਤਰ ਸਿੰਘ ਨੇ ਜਿਉਂ ਮਾਰੀ ਤਲਵਾਰ ਖੱਬੇ ਮੋਢੇ ਦੇ ਉਤੋਂ ਦੀ ਜੰਵ ਵਾਂਗੂ ਮਾਰ ਕੇ ਦੋ ਟੂਕ ਕੀਆ[4] ਰੌਲਾ ਪੈ ਗਿਆ। ਆਗੇ ਨਦੀ ਵਗਦੀ ਸੀ। ਨਦੀ ਮੈਂ ਛਾਲਾਂ ਮਾਰੀਆਂ। ਅਸਬਾਬ ਪਿਆ ਰਹਿ ਗਿਆ ਦੋ ਗੜਵੇ ਦੋ ਟਸਰੀਆਂ[5] ਦੋ ਆਸਨ ਚਾਰ ਮਿਆਨ ਤਲਵਾਰਾਂ ਕੇ। ਹੋਰ ਸਿੰਘ ਤਾਂ ਉੱਤੇ ਕੰਢੇ ਦੇ ਚੜ੍ਹ ਗਏ, ਜਾਂ ਅਤਰ ਸਿੰਘ ਚੜ੍ਹਨੇ ਲਗਾ ਤਾਂ ਏਕ ਤੁਰਕ ਨੇ ਸੋਟਾ ਮਾਰਿਆ। ਅਤਰ ਸਿੰਘ ਨੇ ਨਾਲ ਦੇ ਸਿੰਘ ਨੂੰ ਆਖਿਆ ਮਾਰ ਖੁੱਖਰੀ, ਕਿਹੜੇ ਵੇਲੇ ਨੂੰ ਰੱਖੀ ਹੈ। ਜਾਂ ਸਿੰਘ ਸ੍ਰੀ ਸਾਹਿਬ ਸੂਤਣ ਲਗੇ ਹਾਥ ਕੀਆਂ ਚਾਰ ਉਂਗਲੀਆਂ ਨੂੰ ਚੀਰ ਆਇ ਗਿਆ। ਅਤਰ ਸਿੰਘ ਘੇਰੇ ਵਿਚ ਆਇ ਗਿਆ। ਥੰਮਣ ਸਿੰਘ ਨੇ ਸ੍ਰੀ ਸਾਹਿਬ

---

1 ਬੁਚੜਖਾਨਾ ਸ਼ਿਮਲੇ ਸੀ। ਅੰਬਾਲੇ ਤੋਂ ਗਊਆਂ ਸ਼ਿਮਲੇ ਭੇਜੀਆਂ ਜਾਂਦੀਆਂ ਸਨ। ਸਿੰਘ ਸ਼ਿਮਲੇ ਜਾਣਾ ਚਾਹੁੰਦੇ ਸਨ ਲੇਕਿਨ ਭਾਰੀ ਬਰਸਾਤ ਕਰਕੇ ਵਾਪਸ ਮੁੜ ਪਏ। ਰਸਤੇ ਵਿਚ ਮੋਰਿੰਡੇ ਦੇ ਨੇੜੇ ਬਾਗਾਂਵਾਲੀ ਸਵੇਰੇ ਸਵੇਰੇ ਚੌਕੀਦਾਰ ਨਾਲ ਸਾਹਮਣਾ ਹੋ ਗਿਆ ਸੀ। -ਗੁਰੂ ਰਾਮ ਸਿੰਘ ਐਂਡ ਦੀ ਕੂਕਾ ਸਿਖਜ਼, ਜਿਲਦ ੧- ਪੰਨਾ ੧੫੦.

2 ਕਾਨ੍ਹ ਸਿੰਘ ਪੁੱਤਰ ਸ੍ਰ: ਹਾਕਮ ਸਿੰਘ। ਕੂਕਾਜ਼ ਆਫ਼ ਨੋਟ ਇਨ ਦੀ ਪੰਜਾਬ – ਪੰਨਾ ੩੪.

3 ਜੰਗ ਉਤਾਰਕੇ ਸ਼ਸਤ੍ਰ ਆਦਿ ਨੂੰ ਚਮਕਾਉਣ ਦਾ ਕੰਮ ।

4 ਮਰਨ ਵਾਲਾ ਚੌਕੀਦਾਰ ਕਰਮ ਬਖਸ਼ ਸੀ। -ਕੂਕਾਜ਼ ਆਫ ਨੋਟ ਇਨ ਦੀ ਪੰਜਾਬ-ਪੰਨਾ ੩੪.

5 ਮੋਟੇ ਰੇਸ਼ਮ ਦੀਆਂ ਚਾਦਰਾਂ ।

ਮਾਰਿਆ। ਤੁਰਕ ਕਾ ਪੌਂਚਾ ਬਢਿਆ। ਜਿਉਂ ਬਾਜ ਜਾਂਦਾ ਹੈ ਝਪਟ ਮਾਰਕੇ ਤਿਉਂ ਉਸਨੂੰ ਛੁਡਾਇਕੇ ਸਿੰਘ ਚੱਲੇ।

ਪਾਛੇ ਰੌਲ਼ਾ ਪੈ ਗਿਆ। ਮਾਰ ਗਏ ਮਾਰ ਗਏ ਪਈ ਹੋਵੇ। ਮਗਰ ਵਾਹਰ ਪੈ ਗਈ। ਨਿਕਲੇ ਗਹਾਂ ਤਾਂ ਬਿਜਲੀ ਦੇ ਚਮਕਾਰੇ ਨਾਲ ਸ੍ਰੀ ਸਾਹਿਬ ਭੀ ਲਿਸ਼ਕੇ। ਵਾਹਰ ਨੇ ਸਮਝਿਆ ਤਲਵਾਰਾਂ ਬਾਲੇ ਹੈਂ ਔਰ ਆਦਮੀ ਜਿਆਦੇ ਹੈਨ, ਕਿਸੇ ਨੂੰ ਬੱਢ ਨਾ ਦੇਣ। ਸਭ ਆਦਮੀ ਮੁੜ ਗਏ। ਖਾਲਸਾ ਭੀ ਕਾਹਲੇ ਕਦਮਾਂ ਨਾਲ ਪੌਣ ਰੂਪ ਹੋਇ ਗਇਆ। ਹਾੜ ਕੀ ਬੀਸ ਬਾਈ ਕੋ ਬਾਗਾਂਵਾਲੇ ਕਾਰਨ ਹੋਇਆ[1]।

ਪਾਛੇ ਸਿੰਘ ਸਭ ਖਿੰਡ ਗਏ। ਜੋ ਅਸਬਾਬ ਨਹੀਂ ਪਰ ਰਹਿ ਗਿਆ ਸੀ ਮਿਆਨਾਂ ਕਾ ਪੁਲਸ ਵਾਲੇ ਸਬੂਤ ਕਰਕੇ ਖਮਾਣੋ ਮੈ ਆਏ, ਪ੍ਰਤਾਪ ਸਿੰਘ ਸਰਦਾਰ ਕੀ ਤਲਾਸ਼ੀ ਲਈ। ਇਕ ਹੋਰ ਕਿਸੀ ਕੀ ਖਮਾਣੋਂ ਮੈਂ ਤਲਾਸ਼ੀ ਲਈ। ਜਾਂ ਕੁਝ ਨਾ ਨਿਕਲਿਆ ਤਾਂ ਸ਼ਰਮਿੰਦੇ ਹੋਏ। ਓਸ ਵਕਤ ਘੋੜੀਮਾਰ ਹਰਨਾਮ ਸਿੰਘ ਨੇ ਖੂਹ ਮੈ ਛਾਲ ਮਾਰੀ। ਸ਼ਤਾਬੀ ਹੀ ਕਢ ਲਿਆ ਖੂਹ ਵਿਚੋਂ। ਜੈਮਲ ਸਿੰਘ ਗਧੇ ਵਾਲੇ ਕੋ ਤੇ ਹਰਨਾਮ ਸਿੰਘ ਘੋੜੀਮਾਰ[2] ਤੇ ਪ੍ਰਤਾਪ ਸਿੰਘ ਤਿੰਨਾ ਕੋ ਫੜਕੇ ਅੰਬਾਲੇ ਕੋ ਤੋਰ ਦੀਆਂ। ਅਖੰਡ ਪਾਠ ਕੇ ਰੁਪੈ ਸਿੰਘਾਂ ਰਾਮਦਾਸ ਪੁਰੇ ਸਾਹਿਬ ਨੂੰ ਭੇਜ ਦਿੱਤੇ ਕਿ ਅਖੰਡ ਪਾਠ ਦੇ ਭੋਗ ਪੈ ਜਾਣ। ਸਤਿਗੁਰੂ ਜੀ ਭੋਗ ਪਵਾਏ। ਓਸ ਵਕਤ ਦੀਨਾਨਾਥ ਜੀ ਬਚਨ ਕੀਤਾ ਤਕੜੇ ਰਹਿਨਾ, ਰੱਛਿਆ ਹੋਵੇਗੀ।

ਅੰਬਾਲੇ ਜ਼ਿਲ੍ਹੇ ਕੇ ਪੇਸ਼ ਹੋਏ[3]। ਫ਼ਰੰਗੀ ਨੇ ਕਹਾ ਬਾਗਾਂਵਾਲੇ ਫਤੂਰ ਤੁਮਨੇ ਕੀਆ ਹੈ? ਪ੍ਰਤਾਪ ਸਿੰਘ (ਖਮਾਣੋ ਵਾਲੇ) ਨੇ ਕਹਿਆ ਅਸੀਂ ਕਦੀਮੀਂ ਸਰਦਾਰ ਹੈਂ। ਆਏ ਸਿੰਘ ਨੂੰ ਪਰਸ਼ਾਦਾ ਦੇਂਦੇ ਹਾਂ। ਨਾ ਹਮ ਫਤੂਰ ਕਰਦੇ ਹਾਂ ਤੇ ਨਾ ਕਰਨ ਦੇਂਦੇ ਹਾਂ। ਆਏ ਕੋ ਅੰਨ ਜਲ ਜ਼ਰੂਰ ਦੇਂਦੇ ਹੈਂ। ਮੈਂ ਸ਼ਸਤਰ ਕੋਈ ਨਹੀਂ ਰੱਖਦਾ ਹਾਂ। ਰੁਖਸਦ ਦੇ ਦਿੱਤੀ।

ਘੋੜੀਮਾਰ ਕੋ ਪੁੱਛਿਆ ਤੁਮਨੇ ਬਾਗਾਂਵਾਲੇ ਫਤੂਰ ਕੀਆ, ਆਦਮੀ ਮਾਰਿਆ ਹੈ। ਘੋੜੀਮਾਰ ਨੇ ਕਹਾ ਮਾਰਿਆ ਹੈ ਮੈਂ। ਫ਼ਰੰਗੀ ਨੇ ਕਹਾ ਤੁਮਨੇ ਤਲਵਾਰ ਕਿੱਥੋਂ ਲਈ ਸੀ? ਘੋੜੀਮਾਰ ਨੇ ਕਹਿਆ ਤੈਂ ਦਿੱਤੀ ਸੀ ਤਲਵਾਰ। ਪੂਛਾ ਕਿ ਕਿਸਕੇ ਹੁਕਮ ਨਾਲ ਮਾਰੀ। ਸਿੰਘ ਨੇ ਕਹਾ ਕੇ ਤੇਰੇ ਹੁਕਮ ਨਾਲ ਮਾਰੀ ਹੈ। ਫ਼ਰੰਗੀ ਨੇ ਕਹਾ ਯੇ ਤੋ ਪਾਗਲ ਹੈ ਇਸਕੋ ਜਾਣੇ ਦਿਓ।

ਜੈਮਲ ਸਿੰਘ ਨੂੰ ਪੁੱਛਿਆ ਤੁਮਨੇ ਭੇਸ ਕਿਉਂ ਬਦਲਾਇਆ ਹੈ। ਉਸ ਕਹਾ ਕਿ ਅਸੀਂ

---

1 ੨੦-੨੨ ਹਾੜ ੧੯੨੯ ਬਿਕਰਮੀ। ਬਾਗਾਂ ਵਾਲੀ ਘਟਨਾ ਰਾਇਕੋਟ ਬੁੱਚੜਾਂ ਦੇ ਕਤਲ ਤੋਂ ਪਹਿਲਾਂ ਵਾਪਰੀ ਸੀ। ਰਾਇਕੋਟ ਦਾ ਸਾਕਾ ੧੫ ਜੁਲਾਈ ੧੮੭੧ ਈ. ਨੂੰ ਹੋਇਆ ਸੀ। ਹਰਨਾਮ ਸਿੰਘ ਜੋ ਕਿ ਬਾਗਾਂਵਾਲੀ ਘਟਨਾ ਵਿਚ ਸ਼ਾਮਲ ਸੀ ੮ ਜੁਲਾਈ ਨੂੰ ਫੜਿਆ ਗਿਆ ਸੀ। ਇਸ ਤਰ੍ਹਾਂ ਬਾਗਾਂਵਾਲੇ ਵਾਲੀ ਘਟਨਾ ਜੁਲਾਈ ਦੇ ਪਹਿਲੇ ਹਫਤੇ ਦੀ ਬਣਦੀ ਹੈ।

2 ੮ ਜੁਲਾਈ ੧੮੭੧, -ਗੁਰੂ ਰਾਮ ਸਿੰਘ ਐਂਡ ਦੀ ਕੂਕਾ ਸਿੱਖਜ਼, ਹਿੱਸਾ ੧, ਪੰਨਾ ੧੫੨.

3 ਬਾਗਾਂਵਾਲੀ ਘਟਨਾ ਸਰਕਾਰੀ ਰਿਕਾਡਾਂ ਵਿਚ 'ਮੋਰਿੰਡਾ ਕੇਸ' ਕਰਕੇ ਵੀ ਜਾਣੀ ਜਾਂਦੀ ਹੈ। ਕਾਨ੍ਹ ਸਿੰਘ ਰਾਇਕੋਟ ਦੀ ਘਟਨਾ ਤੋਂ ਬਾਅਦ ਪਕੜਿਆ ਗਿਆ ਸੀ, ਨਿੰਦਕ ਬਣਿਆ ਅਤੇ ਉਸਨੇ ਕੁਝ ਸਾਥੀਆਂ ਨੂੰ ਪਕੜਵਾਇਆ। ਅਤਰ ਸਿੰਘ ਅਤੇ ਥੰਮਣ ਸਿੰਘ ਰੂ-ਪੋਸ਼ ਹੋ ਕੇ ਨਿਪਾਲ ਚਲੇ ਗਏ ਸਨ।

ਤਾਂ ਛਪਦੇ ਹਾਂ ਤੁਸੀਂ ਨਹੀਂ ਛਪਨ ਦੇਂਦੇ ਹੋ। ਸੁਣੋ ਸਤਿਗੁਰੂ ਤਾਂ ਹੈਨ ਅਕਾਲ ਪੁਰਖ, ਨਾਮੁ ਭਜਨ ਦੇਣ ਨੂੰ ਸੂਬੇ ਬਣਾਇ ਦਿੱਤੇ ਹੈਂ। ਏਸੇ ਗੁਰੂ ਬਾਰ੍ਹਵੇਂ ਕੀ ਦੇਗ ਚਲੇਗੀ, ਮੁਲਖ ਕੇ ਮਾਲਕ ਹੋਣਗੇ।

ਕਮਿਸ਼ਨਰ ਸ਼ਿਮਲੇ ਸੀ ਓਥੇ ਚਲਾਣ ਭੇਜਿਆ। ਡੋਲੀ ਪਰ ਚਾਹੜਕੇ ਸ਼ਿਮਲੇ ਜਾ ਕੇ ਭੀ ਏਹੁ ਜਹਾਰ ਕੀਆ। ਫ਼ਰੰਗੀ ਨੇ ਕਹਾ ਔਰ ਦੇਸ ਨਹੀਂ ਜਾਣਾ, ਆਪਣੇ ਦੇਸ ਰਹਿਣਾ। ਫਿਰਨਾ ਨਹੀਂ ਹੈ।

## ਸੁਖਸਾਂਦ ਦੀ ਖ਼ਬਰ

ਦੀਨਾਨਾਥ ਜੀ ਬਚਨ ਕੀਤਾ ਖੁਸ਼ੀ ਮੈ ਹੋਇਕੇ ਭਾਈ ਖਾਲਸਾ ਜੀ ਜੇਕਰ ਸੰਸਾਰ ਮੈ ਅਫੜਾ ਦਫੜੀ ਤਾਂ ਸਾਡੇ ਭਾ ਦੀ ਸੁਖਸਾਂਦ। ਸੰਸਾਰ ਮੈ ਸੁਖਸਾਂਦ ਤਾਂ ਸਾਡੇ ਭਾ ਦੀ ਅਫੜਾ ਦਫੜੀ। ਹੁਣ ਸੁਖਸਾਂਦ ਦੀ ਖ਼ਵਰ ਆਉਣ ਲੱਗੀ ਹੈ। ਦੀਨਾਨਾਥ ਜੀ ਬਚਨ ਕੀਤਾ ਨਿੰਦਕਾਂ ਨੂੰ ਦੋਸ਼ ਨਹੀਂ ਹੈ। ਬਚਨ ਕੀਤਾ ਭਾਈ ਜੇ ਫ਼ਰੰਗੀ ਮੈਨੂੰ ਫੜ ਲੈ ਜਾਵਣ ਤਾਂ ਤੁਸੀਂ ਕੋਈ ਉਦਮ ਕਰੋਗੇ ਛੁਡਾਉਣ ਦਾ? ਸਿੰਘਾਂ ਕਹਿਆ ਜੀ ਤੁਸੀਂ ਤਾਂ ਜੀਆਂ ਨੂੰ ਛੁਡਾਇ ਸਕਦੇ ਹੋ। ਜੀਵਾਂ ਨੂੰ ਧੁਆਡੇ ਛੁਡਾਵਣੇ ਦੀ ਕੋਈ ਪਹੁੰਚ ਨਹੀਂ ਹੈ। ਪਹਿਲੇ ਭੀ ਮੰਗਲ ਸਿੰਘ ਨੇ ਕਹਿਆ ਸੀ ਅਸੀਂ ਜਿਊਂਦੇ ਜੀ ਨਹੀਂ ਜਾਣ ਦਿੰਦੇ ਹਾਂ। ਬਚਨ ਕੀਤਾ ਸਿੰਘਾਂ ਨੂੰ ਐਵੇਂ ਬੁਰਾਈ ਹੈ, ਅਸਾਂ ਜਾਣਾ ਈ ਹੈ ਦੂਏ ਦੇਸ ਫੇਰ ਆਵਾਂਗੇ।

ਅਗਲੇ ਦਿਨ ਇਕ ਸਿੰਘ ਨੇ ਗੱਲ ਕੀਤੀ ਜੀ ਹਜੂਰ ਧੌਂਕਲ ਸਿੰਘ ਥਾਨੇਦਾਰ ਨੇ ਘਰੋਂ ਆਇ ਫੜਿਆ ਹੈ ਮੁਕਬਲ ਦੇ ਕਹੇ ਤੇ। ਬਚਨ ਕੀਤਾ ਕੁਝ ਹਥ ਪੈਰ ਭੀ ਹਲਾਇਆ ਕੇ ਨਾ। ਸਿੰਘ ਨੇ ਕਹਾ ਜੀ ਗੰਡਾਸਾ ਤਾਂ ਮਾਰਿਆ ਸੀ ਪਰ ਮਾੜਾ ਈ ਲੱਗਾ ਸੀ। ਲਹੂ ਨਿਕਲ ਆਇਆ ਸੀ। ਢਾਈ ਬਰਸ ਕੀ ਕੈਦ ਕੀਤੀ ਹੈ। ਕਿਹਾ ਕੇ ਉਨੀ ਸੈ ਅਠਾਈ ਕੇ ਚੜੇ ਸੌਣ ਸਾਸਤ੍ਰ ਤਾਂ ਹੋ ਗਿਆ ਹੈ[1] ਚੰਡੀ ਕੀ ਭੇਟਾ ਹੋਈ।

## ਅਸੀਂ ਗਊਆਂ ਕਾ ਭਲਾ ਚਾਹੁੰਦੇ ਹਾਂ

ਮੁੰਡੀਆਂ ਮੇਂ ਅਨੰਦ ਸੀ। ਦੀਨਾਨਾਥ ਜੀ ਭੀ ਗਏ। ਅਨੰਦ ਪੜ੍ਹਾਇ ਕੇ ਮੁੜੇ। ਜੰਡਾਲੀ ਕੋਲ ਦੀ ਲੰਘਣ ਲੱਗੇ। ਵਗ ਗਊਆਂ ਦਾ ਖੜਾ ਸੀ। ਸਤਿਗੁਰੂ ਜੀ ਬਚਨ ਕੀਤਾ ਲੋਕ ਕਹਿੰਦੇ ਹੈਂ ਰਾਜ ਕੀ ਚਾਹ ਹੈ। ਕਹਿੰਦੇ ਹੈਂ ਰਾਜ ਕਰਾਂਗੇ। ਅਸੀਂ ਤਾਂ ਇਹਨਾਂ ਗਊਆਂ ਕਾ ਭਲਾ ਚਾਹਨੇ ਹਾਂ ਤੇ ਭਜਨ ਦੇਂਦੇ ਹਾਂ। ਨਾਮ ਨਾਲ ਮੇਲਦੇ ਹਾਂ।

ਭੈਰੋਂ ਮੁੰਨੇ ਸਿੰਘ ਸੀ ਸੋ ਲੈ ਗਿਆ ਬੜੇ ਪ੍ਰੇਮ ਨਾਲ। ਇਕ ਮਜ਼੍ਹਬੀ ਸਿੰਘ ਨੇ ਕਹਿਆ ਏਹੁ ਈ ਰਾਮ ਸਿੰਘ ਹੈ! ਘਰ ਵਾਲੇ ਸਿੰਘ ਨੇ ਉਸ ਨੂੰ ਮਾਰਿਆ ਤੇ ਕਹਿਆ ਸਤਿਗੁਰੂ ਕਹੋ। ਓਸੇ ਮਜ਼ਬੀ ਸਿੰਘ ਨੇ ਸਤਿਗੁਰਾਂ ਪਾਸ ਅਰਜ਼ ਕੀਤੀ ਜੀ ਮੈਨੂੰ ਮਾਰਿਆ ਹੈ। ਦੀਨਾਨਾਥ ਜੀ

---

1 ਸ਼ਗਨ ।

ਸਿੰਘ ਨੂੰ ਬਚਨ ਕੀਤਾ ਤੈਂ ਬੜੀ ਮਾੜੀ ਕੀਤੀ ਹੈ। ਕਿਆ ਹੋਇਆ ਜੋ ਰਾਮ ਸਿੰਘ ਕਹਿ ਦੀਆ ਤੈਨੇ ਮਾਰਨਾ ਨਾ ਸੀ। ਹੋਰ ਦੁਨੀਆਂ ਕਹਿੰਦੀ ਹੈ ਜੇ ਏਨੇ ਕਹਿ ਦਿਤਾ ਤਾਂ ਕੀ ਗੱਲ ਹੈ। ਫੇਰ ਲੱਲੀਂ ਮੇਲਾ ਕੀਤਾ। ਲੱਲਾਂ ਸੇ ਸ੍ਰੀ ਸਤਿਗੁਰੂ ਜੀ ਰਾਮਦਾਸ ਪੁਰੇ ਨੂੰ ਆਏ।

## ਕਟਾਣੀ ਖੁਰਾਸਾਨ ਹੈ

ਪਾਛੇ ਸੰਗਤ ਚੱਲੀ ਆਉਂਦੀ ਸੀ ਸ਼ਬਦ ਪੜਦੀ। ਕਟਾਣੀ ਪਿੰਡ ਦੇ ਵਿਚੋਂ ਦੀ ਲੰਘਣ ਲੱਗੇ। ਜੋਟੀਆਂ ਦੇ ਸ਼ਬਦ ਪੜਦੇ ਔਂਦੇ ਸੀ। ਪਿੰਡ ਕਟਾਣੀ ਦੇ ਜੱਟਾਂ ਨੇ ਸੰਗਤ ਰੋਕੀ ਤੇ ਕਹਾ ਕਿ ਬਾਹਰ ਬਾਹਰ ਜਾਓ। ਅਸੀਂ ਲੋਕ ਪੜਦੇਦਾਰ ਹੈਂ, ਸਾਡੀ ਇਜ਼ਤ ਬਰਾਨ ਹੁੰਦੀ ਹੈ। ਅਸੀਂ ਪਿੰਡ ਵਿਚੋਂ ਦੀ ਨਹੀਂ ਲੰਘਣ ਦੇਂਦੇ ਹੈਂ। ਮਾਰਾਂਗੇ ਜੇ ਅੱਗੇ ਪੈਰ ਪਾਵੋਗੇ। ਸਿੰਘ ਸਾਂਤਕੀ ਨਾਲ ਖੜੇ ਰਹੇ। ਫੇਰ ਉਨ੍ਹਾਂ ਵਿਚੋਂ ਕਿਸੇ ਕਹਿਆ ਕੇ ਲੰਘ ਜਾਓ। ਅੱਗੇ ਰਾਮਦਾਸ ਪੁਰੇ ਸ੍ਰੀ ਸਤਿਗੁਰੂ ਜੀ ਦੀਵਾਨ ਲਾਈ ਬੈਠੇ ਹੈਂ। ਅਰਜ਼ ਕੀਤੀ ਜੀ ਕਟਾਣੀ ਜੱਟ ਕਹਿਣ ਸ਼ਬਦ ਪੜਦੇ ਨਾ ਪਿੰਡ ਵਿਚ ਦੀ ਲੰਘੋ, ਮਾਰਾਂਗੇ। ਦੀਨਾਨਾਥ ਜੀ ਬਚਨ ਕੀਤਾ ਕਟਾਣੀ ਖੁਰਾਸਾਨ ਹੈ।

## ਦਸਾਂ ਨੌਹਾਂ ਦੀ ਕਮਾਈ

ਸ੍ਰੀ ਸਤਿਗੁਰੂ ਜੀ ਬਚਨ ਕੀਤਾ ਜੋ ਦਸਾਂ ਨੌਹਾਂ ਦੀ ਕਮਾਈ ਕਰਕੇ ਵੰਡਕੇ ਛਕੇਗਾ ਉਸਨੂੰ ਜੇ ਕਿਸੇ ਬਾਤ ਦੀ ਥੁੜ ਰਹੀ ਤਾਂ ਮੈਂ ਜਾਮਨ ਰਿਹਾ। ਇਕ ਮੁਕਬਲ ਆਇਕੇ ਮੰਦਰ ਦੇ ਉੱਤੇ ਚੜ ਬੈਠਾ। ਸਿੰਘ ਕਾ ਭੇਸ ਕੀਤਾ ਹੋਇਆ ਸੀ। ਅੰਤਰਜਾਮੀ ਜੀ ਅਕਾਲ ਬੁੰਗੇ ਸੇ ਬੰਦਗੀ ਕਰਦੇ ਹੱਲੇ ਨਾਲ ਮੰਦਰ ਪਰ ਚੜਕੇ ਮੁਕਬਲ ਨੂੰ ਪੁੱਛਿਆ ਤੂੰ ਕਿੱਥੋਂ ਹੈਂ? ਉਸ ਕਹਿਆ ਮੈਂ ਮਾਝੇ ਦਾ ਹਾਂ। ਦੀਨਾਨਾਥ ਜੀ ਬਚਨ ਕੀਤਾ ਤੂੰ ਤਾਂ ਕੁੜੀ ਬੇਚ ਕੇ ਆਇਆ ਹੈ। ਕੁੜੀਆਂ ਬੇਚਨ ਵਾਲਾ ਸਾਡੇ ਕਿਉਂ ਆਇਆ ਹੈ? ਜਾਂ ਪੌੜੀ ਉਤਰਿਆ ਅੱਗੇ ਦੋ ਸਿੰਘ ਖੜੇ ਹੈਂ। ਉਤੋਂ ਈ ਓਹਨਾਂ ਨੂੰ ਬਚਨ ਕੀਤਾ ਕੋਲ ਦੀ ਲੰਘ ਚਲਿਆ ਹੈ ਮਾਰੋ। ਸਿੰਘ ਹੌਲੀ ਹੌਲੀ ਮਾਰਨ ਲਗੇ ਤਾਂ ਬਚਨ ਕੀਤਾ ਥੁਆਡਾ ਭਣੋਈਆ ਲਗਦਾ ਹੈ ਹੌਲੀ ਹੌਲੀ ਮਾਰਦੇ ਹੋ? ਫੇਰ ਮੁਕਬਲ ਨੂੰ ਬਚਨ ਕੀਤਾ ਭੱਜੇਂਗਾ ਤਾਂ ਬਚੇਂਗਾ। ਝਟ ਭੱਜ ਗਿਆ।

## ਅਰਜ਼ੀ ਖਾਰਜ

ਰਾਈਆਂ ਥੀਂ ਭੀ ਸਿੰਘ ਤਿਆਰ ਹੋਏ ਕਿ ਮਾਛੀਵਾੜੇ ਭੀ ਬੁੱਚੜਖ਼ਾਨਾ ਹੈ। ਗੁਰੂ ਜੀ ਬਚਨ ਕੀਤਾ ਧੁਆਡੀ ਅਰਜ਼ੀ ਖਾਰਜ ਹੈ। ਅਨਿਆਈ ਨਹੀਂ ਮਾਰਨਾ ਹੈ। ਬਚਨ ਹੋਇਆ ਗੁਪਾਲ ਸਿੰਘ ਮੈਂ ਮੁੰਡਿਆਂ ਨੂੰ ਮਰੌਨਾ ਹੈ? ਏਹ ਕੰਮ ਨਹੀਂ ਕਰਨਾ ਹੈ। ਜੇ ਏਹ ਕੰਮ ਕੀਤਾ ਤਾਂ ਪਿੰਡ ਨਾ ਰਹੇਗਾ। ਹੱਟੀ ਮੈਂ ਸਫਾਜੰਗ ਸਭ ਸਿਕਲ ਕੀਤੇ ਪਏ ਸੇ, ਸਿੰਘਾਂ ਲੈ ਜਾਣ ਕੀ ਸਲਾਹ ਕੀਤੀ। ਦੀਨਾਨਾਥ ਜੀ ਨਾ ਲੈਣ ਦਿੱਤੇ।

# ਰਾਇਕੋਟ ਦੀ ਘਟਨਾ

## (੧੫ ਜੁਲਾਈ ੧੮੭੧ ਈ.)

ਏਕ ਸਮੇਂ ਰਾਇ ਦੇ ਕੋਟ ਵਾਲਿਆਂ ਖੱਤਰੀਆਂ ਨੇ ਅਰਜ਼ ਕੀਤੀ ਸੀ ਜੀ ਬੁੱਚੜਖਾਨਾ ਵਿਚ ਸ਼ਹਿਰ ਦੇ ਹੈ। ਧੁਆਡੀ ਮਿਹਰ ਬਿਨਾਂ ਏਹਨਾਂ ਨੂੰ ਕੋਈ ਨਹੀਂ ਚੁਕ ਸਕਦਾ ਹੈ। ਅੰਮ੍ਰਿਤਸਰ ਵਾਲੇ ਚਾਰ ਸਿੰਘ ਤਿਆਰ ਹੋਏ। ਮੇਹਰ ਸਿੰਘ, ਭਗਵਾਨ ਸਿੰਘ, ਲੈਹਣਾ ਸਿੰਘ[1] ਤੇ ਗੁਲਾਬ ਸਿੰਘ। ਮਲਵਈਆਂ ਨੇ ਸਮਝਿਆ ਜੋ ਮਾਝੇ ਕੇ ਤੇ ਬਾਜੀ ਲੈ ਗਏ ਹੈਨ। ਜੇ ਰਾਇ ਦੇ ਕੋਟ ਦਾ ਭੀ ਏਨਾਂ ਨੇ ਭਾਣਾ ਵਰਤਾਇਆ ਤਾਂ ਅਬਲ ਦਰਜੇ ਮੈ ਹੋਇ ਜਾਣਗੇ। ਹੁਣ ਬਾਰੀ ਮਾਲਵੇ ਕੀ ਹੈ। ਗਿਆਨੀ ਸਿੰਘ ਨੇ ਪਿੱਥੋ ਵਾਲਿਆਂ ਸਿੰਘਾਂ ਨੂੰ ਜਾਇ ਕਿਹਾ ਕਿ ਬੁੱਚੜਾਂ ਨੂੰ ਵੱਢੋ। ਗੁਰਮੁਖ ਸਿੰਘ, ਮਸਤਾਨ ਸਿੰਘ, ਮੈਂਗਲ ਸਿੰਘ, ਗਿਆਨੀ ਸਿੰਘ, ਰਤਨ ਸਿੰਘ ਨਾਈ, ਦਲ ਸਿੰਘ। ਇਹ ਤਿਆਰ ਹੋਏ। ਗਿਆਨੀ ਸਿੰਘ ਨੇ ਕਹਾ ਜੋ ਏਸ ਕਾਰ ਵਿਚ ਜਾਵੇਗਾ ਉਸ ਕਾ ਭਲਾ ਹੋਵੇਗਾ। ਗੁਰਪੁਰੀ ਕੇ ਦਰਵਾਜੇ ਉਸ ਵਾਸਤੇ ਖੁਲੇ ਹੈਂ। ਗਿਆਨੀ ਸਿੰਘ ਖੁੱਡੀ ਮੈ ਜਾਇ ਮਿਲੇ। ਅਠ ਸ੍ਰੀ ਸਾਹਿਬ ਗਿਆਨੀ ਸਿੰਘ ਨੇ ਇਕੱਠੇ ਕੀਤੇ। ਸੋ ਊਠ ਕੇ ਪਲਾਣੇਂ ਮੈ ਧਰਕੇ ਮੌੜਾਂ ਥੀਂ ਛੀਨੀਵਾਲੇ ਆਏ। ਰਤਨ ਸਿੰਘ ਤੇ ਗਿਆਨੀ ਸਿੰਘ ਨਾ ਗਏ ਹੋਰ ਸਿੰਘ ਗਏ। ਹਵਨ ਕੀਤਾ ਕੜਾਹ ਪ੍ਰਸ਼ਾਦ ਬੂਟਾ ਰਾਮ ਕੇ ਡੇਰੇ ਤਾਜਪੁਰੇ ਕੀਤਾ। ਪ੍ਰਸ਼ਾਦ ਕੇ ਗੱਫੇ ਲਾਏ ਜਿਨ੍ਹਾਂ ਨੇ ਚੜ੍ਹਨਾ ਹੈ। ਅਰਦਾਸਾ ਕੀਤਾ, ਸਿੰਘ ਸ਼ੇਰਾਂ ਕੀ ਤਰ੍ਹਾਂ ਚੱਲੇ।

ਬਾਰਸ਼ ਪੈਂਦੀ ਸੀ ਦੁਆਲੇ ਸ਼ਹਿਰ ਕੇ ਪਾਣੀਂ ਚੜ੍ਹਿਆ ਹੋਇਆ ਸੀ। ਪਾਣੀ ਲੰਘ ਕੇ ਬੁੱਚੜਖ਼ਾਨੇ ਕੇ ਦਰਵਾਜੇ ਅੱਗੇ ਆਏ ਤਾਂ ਬੁੱਚੜਾਂ ਪੁੱਛਿਆ ਕੌਣ ਹੈ? ਸਿੰਘਾਂ ਨੇ ਕਹਿਆ ਅਸੀਂ ਊਠਾਂ ਵਾਲੇ ਹਾਂ, ਹੁੱਕੇ ਉਤੇ ਅੱਗ ਧਰਨੀ ਹੈ। ਬੁੱਚੜਾਂ ਨੇ ਝੱਟ ਦਰਵਾਜਾ ਖੋਲ ਦਿੱਤਾ। ਸੌਣ ਕੀ ਸੰਗਰਾਂਦ[2] ਕੋ ਅਠ ਵਜੇ ਰਾਤ[3] ਕੇ ਰਾਇਕੋਟ ਕੇ ਬੁੱਚੜਖਾਨੇ ਮੈ ਪਹਿਲੇ ਗਊਆਂ ਕੇ ਰੱਸੇ ਵੱਢ ਕੇ ਬਾਹਰ ਕਢ ਦਿੱਤੀਆਂ, ਫੇਰ ਸ੍ਰੀ ਸਾਹਿਬ ਮਾਰਨ ਤੇ ਬੁੱਚੜ ਕਾ ਸਿਰ ਵੱਢ ਕੇ ਜੈਕਾਰਾ ਗਜਾਈ ਜਾਣ। ਹਿੰਦੂ ਲੋਕ ਸੁਣਨ ਤਾਂ ਸਹੀ ਪਰ ਉਠਕੇ ਕੋਈ ਨਾ ਆਇਆ। ਛੇ ਬੁੱਚੜ ਬੱਢੇ। ਏਕ ਕੇ ਖੋਖਰੀ ਮਾਰੀ ਦੋ ਟੁੱਕ ਹੋਇਕੇ ਹੇਠਾਂ ਜਾਇ ਪਿਆ। ਏਕ ਤੀਂਵੀ ਸੀ ਉਸਕੀ ਬਾਂਹ ਬੱਢੀ ਗਈ। ਉਲਟ ਕੇ ਮੰਜੇ ਹੇਠਾਂ ਜਾਇ ਪਈ ਤਾਂ ਬਚ ਰਹੀ। ਤਿੰਨ ਸਿੰਘ ਤਾਂ ਅੰਦਰ ਕਤਲ ਕਰਦੇ ਸੇ ਬਾਕੀ ਪਹਿਰੇ ਖੜੇ ਹੈਂ। ਜੈਕਾਰੇ ਗਜਦੇ ਹੈਂ। ਬੁੱਚੜਾਂ ਪਰ ਸ਼ਸਤਰ ਵਜਦੇ ਹੈਂ। ਸਭ ਲੋਕ ਸੁਣਦੇ ਹੈਂ। ਥਾਨਾਂ ਭੀ ਕੋਲ ਸੀ। ਪਰ ਅੱਗੇ ਕੋਈ ਨਾ ਆਇਆ ਦੂਰੋਂ ਹੀ ਸੁਣਦੇ ਹੈਂ। ਹਿੰਦੂ ਲੋਕ ਤਾਂ ਰਾਜੀ ਹੋਏ। ਸੋ ਜਾਣਿਆ ਪੂਰਨ ਗੁਰੂ ਕੀਆਂ ਫੌਜਾਂ ਹੈਨ ਜੋ ਬੁੱਚੜਾਂ ਨੂੰ ਵਢਦੀਆਂ ਹਨ। ਥਾਨੇਦਾਰ ਸੁਣਦਾ ਤੇ ਸੀ ਪਰ ਅੱਗੇ ਨਾ ਆਇ ਸਕਿਆ ਕਿ ਜੇ ਮੈਂ ਗਿਆ ਤਾਂ ਬੱਢ ਸਿਟਣਗੇ।

---

1 ਸਰਕਾਰੀ ਰਿਕਾਰਡਾਂ ਅਨੁਸਾਰ ਬੀਰ ਸਿੰਘ ਵੀ ਮਾਝੇ ਦੇ ਚਾਰੋਂ ਸਿੰਘਾਂ ਨਾਲ ਰਾਇਕੋਟ ਬੁੱਚੜਾਂ ਤੇ ਹਮਲੇ ਵਿਚ ਸ਼ਾਮਲ ਸੀ।

2 ੧੫ ਜੁਲਾਈ ੧੮੭੧ ਈ

3 ਸਰਕਾਰੀ ਰਿਕਾਰਡਾਂ ਅਨੁਸਾਰ ਰਾਤ ਦੇ ਗਿਆਰਾਂ ਵਜੇ

ਇਕ ਬੁੱਚੜ ਬੁੱਢਾ ਸੀ। ਕਈ ਤਲਵਾਰਾਂ ਤੇ ਗੰਡਾਸੇ ਮਾਰੇ, ਬੁਚੜ ਨਾ ਬੱਢ ਹੋਇਆ। ਇਓਂ ਲਗੇ ਤਲਵਾਰ ਮਾਨੋਂ ਲਕੜੀ ਵਿਚ ਲਗਦੀ ਹੈ।

ਤੁਰੇ ਬੱਢ ਕੇ ਬੁੱਚੜਾਂ ਨੂੰ। ਚੱਲੇ ਛੀਨੀਵਾਲ ਕੋ। ਰਾਇਕੋਟ ਦੇ ਅੱਗੇ ਖੂਹ ਸੀ। ਸਿੰਘਾਂ ਨੇ ਓਥੇ ਇਸ਼ਨਾਨ ਕੀਤਾ। ਇਕ ਜ਼ਿਮੀਦਾਰ ਰਾਖਾ ਸੀ।ਓਸਨੇ ਕਹਿਆ ਮੈਨੂੰ ਭੀ ਭਜਨ ਦਿਓ। ਸਿੰਘਾਂ ਨੇ ਭਜਨ ਸੁਣਾਇਆ। ਭਜਨ ਕਰਨ ਲਗਾ। ਸਿੰਘ ਛੀਨੀਵਾਲ ਜਾਇਕੇ ਆਠੋਂ ਸ੍ਰੀ ਸਾਹਿਬ ਦਬਾਇ ਕੇ ਖਿੰਡ ਗਏ। ਦਿਨ ਚੜ੍ਹਿਆ ਤਾਂ ਜਿਸ ਬੁੱਢੀ ਕੀ ਬਾਂਹ ਬੱਢੀ ਹੋਈ ਸੀ ਸੋ ਜੀਉਂਦੀ ਰਹੀ। ਉਸਨੇ ਜਾਇਕੇ ਥਾਨੇ ਮੈ ਰਪਟ ਕੀਤੀ ਛੇ ਲੋਥਾਂ ਪਈਆਂ ਹੈਨ ਬੁੱਚੜਖਾਨੇ ਮੈਂ। ਥਾਨੇਦਾਰ ਨੇ ਪੁੱਛਿਆ ਕਿ ਸਿੰਘ ਤਾਂ ਨਹੀਂ ਹੈਨ ਓਥੇ? ਬੁੱਢੀ ਨੇ ਕਹਾ ਕਿ ਓਹ ਤਾਂ ਉਸੀ ਵਕਤ ਚਲੇ ਗਏ ਸੇ। ਥਾਨੇਦਾਰ ਨੇ ਜਾਇਕੇ ਦੇਖੇ ਤਾਂ ਦੋ ਸੈਹਕਦੇ ਹੈਂ[1]। ਦੋਨੋਂ ਕਹਿਣ ਲੱਗੇ ਸਾਡੇ ਤੋੜੀ ਉਸ ਵੇਲੇ ਥਾਨਾਂ ਭੀ ਨਾ ਆਇਆ ਕਤਲ ਕੇ ਵਕਤ। ਥਾਨੇਦਾਰ ਨੇ ਕਹਾ ਕਿ ਅਸਾਂ ਜਿੰਦਾਂ ਦੇਣੀਆਂ ਸੀਆਂ ਆਇਕੇ।

ਬੁੱਢੀ ਨੇ ਕਹਾ ਕਿ ਏਉਂ ਗਏ ਹੈਂ। ਉਸੀ ਜਗਾ ਸੇ ਪੈੜ ਕੇ ਮਗਰ ਲੱਗ ਗਿਆ। ਜਿੱਥੇ ਇਸ਼ਨਾਨ ਕੀਤਾ ਸੀ ਓਸ ਜ਼ਿਮੀਦਾਰ ਨੂੰ ਪੁੱਛਿਆ ਕਿ ਦੱਸ ਕਿਧਰ ਨੂੰ ਗਏ ਹੈਂ। ਉਸ ਨੇ ਕਹਾ ਕਿ ਮੈਨੂੰ ਕੁਝ ਖ਼ਵਰ ਨਹੀਂ ਹੈ। ਉਸ ਕੋ ਥਾਨੇ ਲਜਾਇਕੇ ਮਾਰ ਕੇ ਪੁੱਛਿਆ, ਨਾ ਦੱਸਿਆ। ਫੇਰ ਮਾਰਿਆ ਫੇਰ ਪੁੱਛਿਆ। ਫੇਰ ਮਾਰਿਆ ਫੇਰ ਪੁੱਛਿਆ। ਨਾ ਦੱਸਿਆ। ਕੁਟਕੇ ਹਵਾਲਾਤ ਮੈ ਦੇ ਦੀਆ। ਪੈੜ ਛੀਨੀਵਾਲ ਜਾਇ ਪਈ।

ਥਾਨੇਦਾਰ ਨੇ ਪੁੱਛਿਆ। ਏਕ ਗੁੱਜਰ ਨੇ ਕਹਿ ਦੀਆ ਕਿ ਰਾਤ ਦੱਲੂ (ਦਲ ਸਿੰਘ) ਦੇ ਘਰ ਅੱਗ ਬਲਦੀ ਸੀ। ਪਹਿਲਾਂ ਦੋ ਸੰਨੀਆਂ ਨਾਲ ਉਸਕੇ ਕੰਨ ਫੜੇ। ਥਾਨੇਦਾਰ ਨੇ ਮੁਕਬਲ ਕੀ ਤੀਵੀਂ[2] ਕੀ ਜਬਾਨ ਨਿਕਾਲ ਕੇ ਦੋ ਲਕੜੀਆਂ ਮੈਂ ਦੇਕੇ ਦਬਾਈ। ਉਸਨੇ ਕਹਿ ਦੀਆ ਦੱਲੂ ਨੂੰ ਸਭ ਖ਼ਵਰ ਹੈ। ਜਾਂ ਦੱਲੂ ਨੂੰ ਤਾੜਿਆ ਤਾਂ ਉਸਨੇ ਸ੍ਰੀ ਸਾਹਿਬ ਨਿਕਾਲ ਕੇ ਦੇ ਦੀਏ ਜਿੱਥੇ ਦਬਾਏ ਹੋਏ ਸੇ। ਦੱਲੂ ਪਿੱਥੋ ਵਾਲਿਆਂ ਨੂੰ ਜਾਇ ਕੈ ਫੜਾਉਣੇ ਲੱਗਾ।

ਤੇਜਾ ਸਿੰਘ ਢਿਲਮਾ ਵਾਲੇ ਨੇ ਖ਼ਬਰ ਦਿੱਤੀ ਕਿ ਜੇਠੂਪੁਰੇ ਮੈ ਰਸਾਲਾ ਆਇ ਉਤਰਿਆ ਹੈ ਧੁਆਡੇ ਫੜਨੇ ਕੋ। ਤੁਸੀਂ ਆਪਣਾ ਬੰਦੋਬਸਤ ਕਰੋ। ਸਾਰੇ ਸਿੰਘ ਝਿੜੀ ਮੈ ਜਾਇ ਬੈਠੇ।

ਦੂਲਾ ਸਿੰਘ ਨੇ ਕਹਾ ਤੁਸੀਂ ਭਜ ਜਾਓ। ਖੂਨ ਧੁਆਡੇ ਜੁੰਮੇਂ ਹੈ। ਧੁਆਨੂੰ ਨਹੀਂ ਛਡਣਗੇ। ਮਸਤਾਨ ਸਿੰਘ ਨੇ ਕਿਹਾ ਕਿ ਭੱਜ ਗਏ ਤਾਂ ਹੋਰਨਾਂ ਕੋ ਦੁੱਖ ਦੇਣਗੇ। ਤਾਂ ਤੇ ਅਸੀਂ ਕੀਤਾ ਹੈ ਕਾਰਨ ਅਸੀਂ ਸੀਸ ਤੇ ਸਹਾਰਾਂਗੇ। ਕਿਹਾ ਅਸੀਂ ਕਿਸੇ ਨੂੰ ਦੁੱਖ ਨਹੀਂ ਦੇਣਾ। ਨਾਲੇ ਕਰਕੇ ਕਾਰਾ ਨੱਸਣਾ ਨਾ ਚਾਹੀਏ। ਸਾਮ੍ਹਣੇ ਸੀਸ ਦੇਵਾਂਗੇ। ਜੋ ਗੁਰੂ ਜੀ ਕਰਨੀ ਹੈ ਸੋ ਹੋਣੀ ਹੈ, ਦੇਖੀ ਜਾਵੇਗੀ ਅਸੀਂ ਭਜਦੇ ਨਹੀਂ ਹੈਂ।

---

1 ਦਸੌਂਧੀ ਗੁੱਜਰ ਅਤੇ ਉਸਦੀ ਔਰਤ ਬਸਾਂ ਮੌਕੇ ਤੇ ਮਾਰੇ ਗਏ ਅਤੇ ਸੱਤ ਬੁਰੀ ਤਰ੍ਹਾਂ ਜ਼ਖਮੀਂ ਹੋ ਗਏ. ਜ਼ਖ਼ਮੀਆਂ ਚੋਂ ਇਕ ਬੱਚਾ ਚੌਥੇ ਦਿਨ ਗੁਜਰ ਗਿਆ।

2 ਰਾਮ ਕੌਰ।

ਢਲੀ ਦੁਪਹਿਰ ਰਸਾਲਾ ਆਇ ਗਿਆ। ਵਗਾਰੀਆਂ ਕੋ ਹੁਕਮ ਦੀਆ ਕਿ ਕੂਕਿਆਂ ਕੋ ਕਠੇ ਕਰ ਲੈ ਆਓ। ਸਾਰੇ ਇਕੱਠੇ ਕਰ ਲੈ ਆਂਦੇ। ਦੱਲੂ ਦੀ ਤੀਵੀਂ ਨੂੰ ਪਛਾਣ ਵਾਸਤੇ ਲਿਆਂਦਾ। ਦੂਲਾ ਸਿੰਘ ਉਤੇ ਉਸ ਵੇਲੇ ਕਾਲਾ ਆਸਨ ਸੀ। ਥਾਨੇਦਾਰ ਨੇ ਕਹਾ ਕਿ ਤੂੰ ਕਹਿੰਦੀ ਮੈਂ ਕਾਲੇ ਆਸਨ ਵਾਲਾ ਸੀ। ਕਹਿਣੇਂ ਲਗੀ ਜੀ ਏਹ ਨਹੀਂ ਹੈ। ਉਸਦੀ ਦਾੜ੍ਹੀ ਛੋਟੀ ਸੀ ਏਸਦੀ ਲੰਬੀ ਹੈ। ਛੀਨੀਵਾਲ ਮੈਂ ਲੈ ਆਏ। ਦੱਲੂ ਦੀ ਤੀਵੀਂ ਨੇ ਕਹਾ ਕਿ ਤੀਨ ਮਸਤਾਨ ਸਿੰਘ, ਮੈਂਗਲ ਸਿੰਘ ਅਤੇ ਗੁਰਮੁਖ ਸਿੰਘ ਤਾਂ ਮੇਰੇ ਘਰ ਆਏ ਹੈਂ। ਪੂਛਾ ਕਿ ਤੁਮ ਨੇ ਬੁੱਚੜ ਮਾਰੇ। ਸਿੰਘਾਂ ਨੇ ਕਹਾ ਭੈਣੀ ਸਾਹਿਬ ਗਏ ਸੇ, ਮੁੜਦੇ ਹੋਏ ਏਧੇ ਘਰ ਆਏ ਸੇ ਪਰ ਕਾਰਨ ਅਸਾਂ ਨਹੀਂ ਕੀਤਾ। ਹੋਰ ਸਾਨੂੰ ਕੁਛ ਖ਼ਬਰ ਨਹੀਂ ਹੈ। ਬੁੱਚੜ ਨਹੀਂ ਬੱਢੇ ਹੈ। ਕਹਾ ਕਿ ਜੇ ਭੈਣੀ ਵਾਲਿਆਂ ਨੇ ਤੁਹਾਡਾ ਔਣਾਂ ਨਾ ਮੰਨਿਆਂ ਤਾਂ ਤੁਸੀ ਕਸੂਰੀਏ ਹੋਏ। ਸਬੂਤ ਕਰਕੇ ਬਸੀਏ ਆਇਕੇ ਅੱਠ ਕੌਂਸਲ ਕੀਤੀ। ਗੁਲਾਬੂ ਭੀ ਪਕੜ ਮੰਗਾਇਆ ਘਰੋਂ।[1] ਅਤਰ ਸਿੰਘ ਦਸਾਂ ਬਰਸਾਂ ਕਾ ਸੀ। ਫ਼ਰੰਗੀ ਨੇ ਕਹਾ ਕਿ ਏਸ ਨੂੰ ਕਿਓਂ ਆਂਦਾ ਹੈ। ਛੋਡ ਦੀਆ ਉਸੀ ਵਕਤ ਹੋਰਨਾਂ ਦੇ ਬੇੜੀਆਂ ਪਾਇ ਦਿੱਤੀਆਂ ਸੱਤਾਂ ਕੋ। ਅਠਵੇਂ ਗਿਆਨੀ ਸਿੰਘ ਨੂੰ ਦੱਲੂ ਨੇ ਜਾਇ ਫੜਾਇਆ ਖੰਨੇ ਸੇ। ਰਤਨ ਸਿੰਘ ਨਾਈ ਨੂੰ ਭੀ ਜਾਇ ਫੜਾਇਆ। ਕਾਨ੍ਹਾਂ[2] ਬੀ ਫੜਾਇ ਦੀਆ। ਕਾਨ੍ਹੇ ਨੇ ਬਾਗਾਂਵਾਲੇ ਦੇ ਸਿੰਘ ਫੜਾਏ ਦੀਏ। ਖ਼ੂਨ ਮਾਫ਼ ਕਰਾਇਕੇ ਬਕ ਉਠਿਆ। ਮੁਕਬਲ ਕਹਿਣ ਕਿ ਸਤਿਗੁਰੂ ਜੀ ਹੁਕਮ ਦਿੱਤਾ ਹੈ ਗਿਆਨੀ ਸਿੰਘ ਕੋ ਕਿ ਤੂੰ ਜਾਇਕੇ ਸਿੰਘਾਂ ਨੂੰ ਕਹੋ ਕਿ ਬੁੱਚੜਾਂ ਨੂੰ ਬੱਢੋ। ਗਿਆਨੀ ਸਿੰਘ ਨੇ ਆਗੇ ਸਿੰਘਾਂ ਨੂੰ ਸੁਣਾਇਆ ਹੈ ਸਤਿਗੁਰੂ ਜੀ ਕਾ ਹੁਕਮ ਤਾਂ ਸਿੰਘਾਂ ਨੇ ਬੁੱਚੜ ਬੱਢੇ ਹੈਂ। ਮੁਕਬਲਾਂ ਦੇ ਕਹਿਣੇ ਸੇ ਸ੍ਰੀ ਸਤਿਗੁਰੂ ਜੀ ਭੀ ਸੱਦ ਭੇਜੇ। ਛੁਤਰ[3] ਅਸਵਾਰ ਆਇਆ। ਪਰਵਾਨਾ ਦਿਖਾਇਆ ਆਪ ਕੋ ਬਸੀਆਂ ਯਾਦ ਕੀਤਾ ਹੈ।

## ਸਤਿਗੁਰੂ ਜੀ ਬਸੀਆਂ

ਜੇੜੇ ਬੁੱਚੜ ਮਾਰਨ ਵਾਲੇ ਸਿੰਘ ਉਸ ਵਕਤ ਗੁਰਦੁਆਰੇ ਹਾਜ਼ਰ ਥੇ ਮੇਹਰ ਸਿੰਘ ਲੋਪੋਕੇ, ਅੜਬੰਗ ਸਿੰਘ ਮਰ੍ਹਾਣਾ, ਝੰਡਾ ਸਿੰਘ ਠੱਟਾ ਉਨ੍ਹਾਂ ਨੂੰ ਬਚਨ ਕੀਤਾ ਕੋਈ ਰੂਸਾਂ ਵੰਨੇ ਚਲੇ ਜਾਵੋ ਕੋਈ ਨੈਪਾਲ ਮੈ ਜਾਇ ਰਹੋ। ਕੋਈ ਕਿਧਰੇ ਕੋਈ ਕਿਧਰੇ ਖਿੰਡ ਜਾਓ। ਏਸ ਦੇਸ ਨਾ ਕੋਈ ਰਹੇ। ਤਤਕਾਲ ਸਿੰਘ ਖਿੰਡ ਗਏ। ਕੋਈ ਇਕੱਲਾ ਕੋਈ ਦੋ। ਦੋ ਅਖੰਡ ਪਾਠ ਧਰਾਇਕੇ ਦੀਨਾਨਾਥ ਜੀ ਤੁਰੇ ਅਰਦਾਸਾ ਕਰਕੇ। ਜਾਂ ਗੁਜਰਵਾਲ ਮੈ ਆਏ ਤਾਂ ਬਚਨ ਕੀਤਾ ਅੱਸੀ-ਸੌ ਸਿੰਘ ਧਰਮ ਹੇਤ ਲਗ ਜਾਏ ਤਾਂ ਕੀ ਹੈ ਜੇ ਧਰਮ ਰਹਿ ਜਾਏ। ਭਾਈ ਮੈਨੂੰ ਲੈ ਜਾਣਗੇ ਫੇਰ ਆਵਾਂਗੇ।

ਬਸੀਏਂ ਆਏ[4] ਤੇ ਫ਼ਰੰਗੀ ਨੇ ਪੁੱਛਿਆ ਸਤਿਗੁਰੂ ਜੀ ਤੁਸਾਂ ਨੇ ਬੁੱਚੜ ਬੱਢਣ ਕਾ ਹੁਕਮ ਦੀਆ ਹੈ ਸਿੰਘਾਂ ਨੂੰ? ਮੁਕਬਲ ਕਹਿੰਦੇ ਹੈਂ ਤੁਸੀਂ ਆਪ ਹੁਕਮ ਦਿੱਤਾ ਹੈ। ਗੁਰੂ ਜੀ ਬਚਨ ਕੀਤਾ

---

1 ੨੩ ਜੁਲਾਈ ਨੂੰ ਪਿੰਡ ਚੂੜਚੱਕ ਤੋਂ

2 ਕਾਨ੍ਹ ਸਿੰਘ, ਪੁੱਤਰ ਸ੍ਰ. ਹਾਕਮ ਸਿੰਘ, ਪਿੰਡ ਕਮਾਲਪੁਰ, ਲੁਧਿਆਣਾ।

3 ਊਠ ।

4 ੨੮ ਜੁਲਾਈ ੧੮੭੧ ਈ.

ਮੈਂ ਏਨ੍ਹਾਂ ਨੂੰ ਕਾਸਨੂੰ ਹੁਕਮ ਦਿੱਤਾ ਹੈ। ਆਪੋ ਆਪ ਜਾਇਕੈ ਬਢਦੇ ਫਿਰਦੇ ਹੈਂ। ਸਾਨੂੰ ਕੁਝ ਖ਼ਬਰ ਨਹੀਂ ਹੈ। ਕਾਨ੍ਹਾਂ, ਦੱਲੂ ਤੇ ਗੁਲਾਬੂ ਤਿੰਨੇ ਹੀ ਸਾਹਮਣੇ ਆਖਣ ਲੱਗੇ ਕਿ ਆਪ ਤੋਰੇ ਹੈਂ ਖਰਚਾ ਦੇਕੇ ਜਾਓ ਬੁੱਚੜਾਂ ਨੂੰ ਬੱਢੋ। ਬਚਨ ਕੀਤਾ ਜੇ ਖਰਚਾ ਦਿੱਤਾ ਹੋਊ ਤਾਂ ਵਹੀ ਵਿਚ ਲਿਖਿਆ ਹੋਊ।

ਫ਼ਰੰਗੀ ਨੇ ਬਹੀਆਂ ਮੰਗਵਾਈਆਂ। ਨਾਵਾਂ ਨਾ ਨਿਕਲਿਆ। ਗੁਪਾਲ ਸਿੰਘ ਨੇ ਕਹਿਆ ਮੈਂ ਜਿਸ ਨੂੰ ਦੇਂਦਾ ਹਾਂ ਨਾਵਾਂ ਲਿਖ ਛਡਦਾ ਹਾਂ। ਜੇਕਰ ਲਿਖਿਆ ਨਿਕਲੇ ਤਾਂ ਅਸੀਂ ਗੁਨਾਹੀਂ। ਜੇ ਦਿੱਤਾ ਹੁੰਦਾ ਤਾਂ ਲਿਖਿਆ ਭੀ ਹੁੰਦਾ। ਗੁਰੂ ਜੀ ਬਚਨ ਕੀਤਾ ਜੇਕਰ ਮੈਂ ਹੁਕਮ ਦੇਣਾ ਹੁੰਦਾ ਤਾਂ ਏਨ੍ਹਾਂ ਨੂੰ ਦੇਣਾ ਸੀ, ਚੰਗੇ ਸਿੰਘ ਮੇਰੇ ਕੋਲ ਸੇ ਓਨਾਂ ਨੂੰ ਹੁਕਮ ਕਰ ਦਿੰਦਾ। ਏਨਾਂ ਨੂੰ ਮੈਂ ਕਿਉਂ ਹੁਕਮ ਦੇਣਾ ਸੀ। ਨਿੰਦਕਾਂ ਨੇ ਕਹਾ ਕਿ ਏਨ੍ਹਾਂ ਸੂਬੇ ਗਿਆਨੀ ਸਿੰਘ ਨੂੰ ਹੁਕਮ ਦਿੱਤਾ ਸੀ। ਸੂਬੇ ਨੇ ਆਗੇ ਸਿੰਘਾਂ ਨੂੰ ਕਹਿਆ ਹੈ ਤਾਂ ਸਿੰਘਾਂ ਨੇ ਬੁੱਚੜ ਬੱਢੇ ਹੈਂ। ਨਿੰਦਕਾਂ ਨੇ ਬਥੇਰੀ ਝਖ ਮਾਰੀ ਪਰ ਕੋਈ ਪੇਸ਼ ਨਾ ਗਈ।

ਫ਼ਰੰਗੀ ਨੇ ਪੁੱਛਿਆ ਕਿ ਸਿੰਘ ਪਿੱਥੋ ਵਾਲੇ ਕਹਿੰਦੇ ਹੈਂ ਕਿ ਅਸੀਂ ਭੈਣੀ ਸੇ ਆਏ ਹਾਂ। ਤੁਸੀਂ ਏਨਾਂ ਨੂੰ ਸਿਆਣਦੇ ਹੋ? ਤੁਮਾਰੇ ਦਰਸ਼ਨ ਕਰਨ ਗਏ ਸੇ? ਦੀਨ ਦਿਆਲ ਜੀ ਬਚਨ ਕੀਤਾ ਮੇਲੇ ਕਾ ਗਹਾਲ ਸੀ। ਮੇਲੇ ਮੈ ਕੁਝ ਖਵਰ ਨਹੀਂ ਰਹਿੰਦੀ ਹੈ ਆਏ ਕਿ ਨਾ ਆਏ। ਫ਼ਰੰਗੀ ਨੇ ਸਾਮ੍ਹਣੇ ਕਰਕੇ ਕਹਾ ਕਿ ਤੁਸੀਂ ਏਨਾਂ ਕੇ ਨਾਮ ਜਾਣਦੇ ਹੋ? ਬਚਨ ਕੀਤਾ ਕਿ ਇਸ ਵਕਤ ਤਾਂ ਹੈ ਸਿਆਣ ਪਰ ਉਸ ਵਕਤ ਮੇਲੇ ਮੈ ਕੋਈ ਸਿਆਣ ਨਹੀਂ ਰਹਿੰਦੀ ਹੈ। ਫ਼ਰੰਗੀ ਨੇ ਕਹਾ ਕਿ ਮੁਕਦਮਾ ਤਹਿ। ਆਜ ਸੇ ਆਠ ਰੋਜ ਕੋ ਫਾਂਸੀ ਦੀਏ ਜਾਵੇਂਗੇ[1]।

## ਇਕੰਤ ਜਾਇ ਭਜਨ ਕਰਾਂਗੇ

ਬਸੀਆਂ ਸੇ ਕਮਾਲਪੁਰੇ ਆਏ। ਦੀਨ ਦਿਆਲ ਜੀ ਬਚਨ ਕੀਤਾ ਜੇਕਰ ਮੈਨੂੰ ਹੱਥ ਪਾਵਣ, ਲੈ ਜਾਵਣ ਤਾਂ ਤੁਸੀਂ ਕੁਝ ਕਰੋਗੇ। ਜੋਗਾ ਸਿੰਘ ਨੇ ਕਹਾ ਕਿ ਜੀ ਸਾਡੇ ਜੀਉਂਦਿਆਂ ਹੀ ਕਿਵੇਂ ਲੈ ਜਾਣਗੇ। ਏਕ ਸਿੰਘ ਨੇ ਕੋਲੋਂ ਕਹਾ ਜੀ ਜੇਕਰ ਤੁਹਾਡੇ ਹੁੰਦਿਆਂ ਨਾ ਕੁਝ ਹੋਇਆ ਤਾਂ ਪਿੱਛੋਂ ਕੀ ਕਰ ਸਕਦੇ ਹੈਂ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਸਿੰਘ ਸੱਤ ਹੈ। ਫੇਰ ਬਚਨ ਕੀਤਾ ਸਿੰਘ ਪੰਜ ਸੈਂ। ਫੇਰ ਬਚਨ ਕੀਤਾ ਸਿੰਘ ਇਕ ਗੁਰੂ ਜੀ ਬਸੀਆਂ ਤੋਂ ਆਕੇ ਗੁੱਜਰਵਾਲ ਕਾਲਾ ਸਿੰਘ[2] ਕੇ ਘਰ ਬੈਠੇ। ਬਚਨ ਕੀਤਾ ਅਸੀਂ ਇਕੱਲੇ ਜਾ ਕੇ ਭਜਨ ਕਰਾਂਗੇ। ਅਸੀਂ ਕਿਸੇ ਨੂੰ ਕੁਝ ਨਹੀਂ ਕਿਹਾ ਫੇਰ ਵੀ ਮੁਕਬਲਾਂ ਨਿੰਦਕਾਂ ਮੇਰਾ ਨਾਉਂ ਲਿਆ ਹੈ ਫ਼ਰੰਗੀਆਂ ਕੋਲ।

ਗੁੱਜਰਵਾਲ ਦੋ ਸਿੰਘਾਂ ਨੇ ਭਜਨ ਲੀਤਾ। ਗੁਰੂ ਜੀ ਬਚਨ ਕੀਤਾ ਹੁਣ ਸਮਾਂ ਭਜਨ ਕਾ ਨਹੀਂ ਹੈ। ਹੁਣ ਤਾਂ ਸਿੰਘਾਂ ਨੇ ਕਛਹਿਰੇ ਲਾਹ ਲਾਹ ਕੇ ਸੁਟਣੇ ਹੈਂ। ਬਲਦੀ ਅਗਨ ਵਿਚ ਕਿਉਂ ਪੈਂਦੇ ਹੋ। ਸਾਨੂੰ ਤਾਂ ਆਖਦੇ ਹੈਂ ਤੁਸੀਂ ਹੁਕਮ ਦਿੱਤਾ ਹੈ ਬੁੱਚੜ ਮਾਰਨੇ ਕਾ। ਕਿਉਂ ਕਾਲਾ ਸਿੰਘ

---

1 ਗੁਰਮੁਖ ਸਿੰਘ, ਮੰਗਲ ਸਿੰਘ, ਮਸਤਾਨ ਸਿੰਘ ਅਤੇ ਗੁਲਾਬ ਸਿੰਘ, ਚਾਰਾਂ ਨੂੰ ਫਾਂਸੀ ਦੀ ਸਜ਼ਾ ਸੁਣਾ ਦਿੱਤੀ ਗਈ। ਇਨ੍ਹਾਂ ਸਜ਼ਾਵਾਂ ਦੀ ਪੁਸ਼ਟੀ ਜੇ. ਐਸ. ਕੈਂਪਬੈਲ ਨੇ ੧ ਅਗਸਤ ੧੮੭੧ ਨੂੰ ਕਰ ਦਿੱਤੀ।

2 ਪਿਤਾ ਦਾ ਨਾਂ ਬੁੱਧ ਸਿੰਘ, ਕੂਕਾਜ਼ ਆਫ਼ ਨੋਟ ਦਿਨ ਦੀ ਪੰਜਾਬ - ਪੰਨਾ ੪੮

ਮੈਂ ਕਿਸ ਨੂੰ ਹੁਕਮ ਦਿੱਤਾ ਹੈ? ਸਗੋਂ ਚੰਗਾ ਹੋਇਆ ਇਕੱਲੇ ਇਕੰਤ ਜਾਇਕੇ ਭਜਨ ਕਰਾਂਗੇ।

## ਸਿੰਘਾਂ ਨੂੰ ਫਾਸੀ

ਸ੍ਰੀ ਸਤਿਗੁਰੂ ਜੀ ਰਾਮਦਾਸਪੁਰੇ ਸਾਹਿਬ ਆਏ। ਮਗਰੋਂ ਤਿੰਨ ਸਿੰਘ ਤਾਂ ਫਾਂਸੀ ਦਿੱਤੇ[1]। ਚਾਰ ਕੋ ਨਾਭੇ ਕੇ ਅਹਿਲਕਾਰ ਕੇ ਘਰ ਭੇਜ ਦੀਆ। ਅਠਵੇਂ ਦਿਨ ਫਾਂਸੀ ਗਡਵਾਈ। ਸਿੰਘਾਂ ਨੇ ਇਸ਼ਨਾਨ, ਕੀਤਾ ਪੁਸ਼ਾਕਾਂ ਪਹਿਰੀਆਂ। ਪਿਰਥਵੀ ਵੀ ਦੇਖਣ ਆਈ। ਫ਼ਰੰਗੀ ਭੀ ਆਇਆ ਸਹਿਤ ਫੌਜਾਂ ਕੇ। ਪਹਿਰਾ ਨਾਲ ਨੰਗੀ ਤਲਵਾਰ ਕਾ ਹੈ।

ਸਿੰਘਾਂ ਨੇ ਪਟੜੇ ਪਰ ਚੜਕੇ ਆਪ ਹੀ ਫਾਂਸੀ ਗਲ਼ਾ ਵਿਚ ਪਾਈ। ਪੈਰਾਂ ਹੇਠੋਂ ਪਟੜਾ ਖਿਚਿਆ। ਸਤਿ ਸ੍ਰੀ ਅਕਾਲ ਗਜਾਈ। ਅੰਤ ਕਾ ਝੂਟਾ ਆਇਆ, ਤਿੰਨੇ ਸਿੰਘ ਬਿਬਾਨਾਂ ਪਰ ਚੜਕੇ ਖੁਲੀ ਦਰਵਜੀਂ ਗੁਰੂ ਜੀ ਕੀ ਪੁਰੀ ਕੋ ਗਏ[2]। ਲੋਥਾਂ ਲਾਹਕੇ ਪਿੱਥੋ ਜਾਇ ਦਾਹ ਕੀਤੀਆਂ। ਸਿੰਘਾਂ ਕੇ ਭੋਗ ਧਰੇ।

## ਗਿਆਨੀ ਸਿੰਘ ਅਤੇ ਰਤਨ ਸਿੰਘ ਨੂੰ ਫਾਸੀ

ਬਾਬੇ ਗਿਆਨੀ ਸਿੰਘ[3] ਕੋ ਤੇ ਰਤਨ ਸਿੰਘ[4] ਨਾਈਵਾਲਾ ਕੋ ਲੁਦਿਹਾਣੇ ਲੈ ਆਏ। ਮੌਕੇ ਉਤੇ ਨਾ ਸੇ ਦੋਨੋਂ। ਮੁਕਬਲਾਂ ਦੇ ਕਹੇ ਤੇ ਫਾਂਸੀ ਦਾ ਹੁਕਮ ਦੀਆ। ਸੋਚਿਆ ਵਿਚਾਰਿਆ ਕੁਛ ਨਹੀਂ। ਏਹੀ ਗੱਲ ਕਿ ਏਸ ਨੇ ਆਇਕੇ ਹੁਕਮ ਸੁਣਾਇਆ ਹੈ। ਮੁਕਬਲਾਂ ਅਰ ਨਿੰਦਕਾਂ ਨੇ ਕਹਾ ਕਿ ਗਿਆਨੀ ਸਿੰਘ ਨੇ ਕਹਿ ਕੇ ਮਰਵਾਏ ਹੈਂ ਬੁੱਚੜ। ਇਹ ਨਾਲੇ ਸੂਬਾ ਹੈ ਨਾਲੇ ਸ਼ਸਤਰ ਦਿੱਤੇ ਹੈਂ। ਧਰਮ ਦਾ ਬੀੜਾ ਏਨ ਉਠਾਇਆ ਸੀ। ਕਾਨ੍ਹਾ ਨਿੰਦਕ ਤੇ ਦੱਲੂ ਗੁਲਾਬੂ ਵਿੱਚ ਨਰਕਾਂ ਦੇ ਪਾਇਆ, ਫ਼ਰੰਗੀ ਨੂੰ ਸਾਰਾ ਬਿਆਨ ਸੁਣਾਇਆ।

ਰਤਨ ਸਿੰਘ ਨੇ ਦਿਲ ਵਿਚ ਖੌਫ ਕੀਤਾ ਕਿ ਮੈਨੂੰ ਫਾਂਸੀ ਦੇ ਦੇਣਗੇ। ਅਜਾਈਂ ਮੌਤ ਮਾਰਨ ਲਗੇ ਹੈਂ। ਮੋਹ ਕੀਆਂ ਗੱਲਾਂ ਯਾਦ ਕਰਨੇ ਲਗਾ। ਬਾਬੇ ਗਿਆਨੀ ਸਿੰਘ ਨੇ ਉਸਨੂੰ ਕਹਿਆ ਤਕੜਾ ਹੋ ਚਮੜਾ ਛਡਣਾ ਹੀ ਹੈ। ਚਾਰ ਦਿਨ ਅੱਗੇ ਕੀ ਤੇ ਚਾਰ ਦਿਨ ਪਿੱਛੋਂ ਕੀ। ਏਹ ਤਾਂ ਚਲਣੀਂ ਸਰਾਇ ਹੈ। ਏਥੇ ਇਸਥਿਰ ਤਾਂ ਨਹੀਂ ਰਹਿਣਾ ਹੈ। ਇਕ ਦਿਨ ਚਲਣਾ ਹੀ ਹੈ। ਜਿੱਥੇ ਅਸੀ ਜਾਵਾਂਗੇ ਉਥੇ ਤੈਨੂੰ ਲੈ ਜਾਵਾਂਗੇ। ਤੈਨੂੰ ਏਥੇ ਨਹੀਂ ਰਹਿਣ ਦੇਂਦੇ ਹੈਂ। ਸਿੱਧਾ ਹੋਇਕੇ ਚੱਲ ਖੁਲੀਂ ਦਰਵਜੀਂ ਲੇ ਚੱਲਾਂਗੇ। ਅੱਗੇ ਏਤਨਾ ਅਨਾਜ ਖਾਧਾ ਹੈ ਜੇ ਹੋਰ ਖਾ ਲਵਾਂਗੇ ਤਾਂ ਕੀ ਹੋਊ। ਹੁਣ ਤੇਰੀ ਦੇਹ ਧਰਮ ਅਰਪਣ ਜਾਂਦੀ ਹੈ। ਭਾਣੇ ਵਿਚ ਚੜੇਂਗਾ ਤੇਰਾ ਨਾਉਂ ਰਹਿ

---

1 ਰਾਇਕੋਟ ਕੇਸ ਵਿਚ ਚਾਰ ਸਿਘਾਂ ਨੂੰ ਫਾਂਸੀ ਦੀ ਸਜ਼ਾ ਦਾ ਹੁਕਮ ਦਿੱਤਾ ਸੀ। ਇਨ੍ਹਾਂ ਚੋਂ ਗੁਲਾਬ ਸਿੰਘ ਨਿੰਦਕ ਬਣ ਕੇ ਬਚ ਗਿਆ। ਮੰਗਲ ਸਿੰਘ, ਮਸਤਾਨ ਸਿੰਘ ਅਤੇ ਗੁਰਮੁਖ ਸਿੰਘ ਪਿੱਥੋ ਦੇ ਸੂਬਾ ਹੁਕਮਾ ਸਿੰਘ ਦੇ ਰਿਸ਼ਤੇਦਾਰ (ਇਕ ਭਰਾ ਅਤੇ ਦੋ ਭਤੀਜੇ) ਸਨ।

2 ੫ ਅਗਸਤ ੧੮੭੧ ਈ. ਸ਼ਨੀਵਾਰ, ਰਾਏਕੋਟ ਵਿਖੇ ਫਾਂਸੀ ਦਿੱਤੀ ਗਈ।

3 ਪਿਤਾ ਰਾਮ ਕਿਸ਼ਨ ਪਿੰਡ ਮੰਡੀ (ਗਿਆਨੀ ਸਿੰਘ ਦਾ ਅਸਲ ਨਾਂ ਰਤਨ ਸਿੰਘ ਸੀ। ਇਹ ੧੮੬੩ ਈ. ਵਿੱਚ ਨਾਮਧਾਰੀ ਬਣਿਆ। ਕਥਾ ਅਤੇ ਉਪਦੇਸ਼ ਕਰਨ ਕਰਕੇ ਰਤਨ ਸਿੰਘ ਦਾ ਉਪਨਾਮ ਗਿਆਨੀ ਸਿੰਘ ਅਖਵਾ ਗਿਆਨਾ ਸਿੰਘ ਪੈ ਗਿਆ।

4 ਪਿਤਾ ਬੁੱਧ ਸਿੰਘ

ਜਾਏਗਾ। ਗਊਆਂ ਕੇ ਨਿਮਿਤ ਸੀਸ ਲੱਗੇ ਹੈਂ। ਬੜੀਆਂ ਦਲੇਰੀਆਂ ਤੇ ਹੌਂਸਲੇ ਦੀਆਂ ਬਾਤਾਂ ਕੀਤੀਆਂ।

ਫਾਂਸੀ ਵਾਲੇ ਦਿਨ[1] ਦਹੀਂ ਨਾਲ ਇਸ਼ਨਾਨ ਕੀਤਾ। ਚਿੱਟੀਆਂ ਪੁਸ਼ਾਕਾਂ ਕਹਿਕੇ ਬਣਵਾਈਆਂ ਸਨ। ਕਹਾ ਚਿੱਟੀਆਂ ਪੁਸ਼ਾਕਾਂ ਨਾਲ ਚੜ੍ਹਾਂਗੇ। ਏਹ ਨੀਲੀ ਨਹੀਂ ਪਾਵਣੀ ਹੈ। ਨਾਲੇ ਤੰਦੀ ਨਹੀਂ ਗਲ਼ ਵਿਚ ਪਾਵਣੀ। ਪਟ ਕੀਆਂ ਲਾਸਾਂ ਬਣਵਾਈਆਂ ਕਹਿਕੇ। ਫਾਂਸੀ ਗਡਵਾਈ। ਫੌਜਾਂ ਆਈਆਂ। ਹੋਰ ਲੋਕ ਭੀ ਬਹੁਤ ਆਏ ਦੇਖਣ। ਧਰਮ ਕੇ ਨਮਿਤ ਸਿੰਘ ਸ਼ਹੀਦ ਹੁੰਦੇ ਹੈਂ। ਬਹੁਤ ਦੁਨੀਆਂ ਆਇ ਇਕੱਠੀ ਹੋਈ ਹੈ ਮਾਨੋਂ ਦੋਨੋਂ ਹੰਸ ਚਲੇ ਆਂਵਦੇ ਹੈਂ। ਬਾਬੇ ਗਿਆਨੀ ਸਿੰਘ ਕੇ ਲਾਲੀਆਂ ਦਗਦੀਆਂ ਹੈਨ। ਲਾੜਾ ਦੇਖਣ ਲਾੜੀਆਂ ਚੌਗਿਰਦੇ ਹੋਈਆਂ। ਤਿਸੀ ਤਰ੍ਹਾਂ ਦੁਨੀਆਂ ਦੇਖਣ ਆਇ ਖੜੀ ਹੈ। ਚੇਹਰਾ ਬਾਬੇ ਦਾ ਇਓਂ ਦਮਕਦਾ ਸੀ ਜਿਵੇਂ ਸੂਰਜ ਚਮਕਦਾ ਹੈ। ਫ਼ਰੰਗੀ ਬੇ-ਗੁਨਾਹੀਂ ਦੋਹਾਂ ਫਾਂਸੀ ਦੇਣ ਲੱਗੇ ਹੈਂ। ਕਤਲ ਵਿਚ ਨਾ ਸੇ।

## ਬਿੱਲਿਆ ਮੂੰਹ ਤਾ ਸਾਹਮਣੇ ਰੱਖ

ਜਾਂ ਬਾਬਾ ਗਿਆਨੀ ਸਿੰਘ ਤਖ਼ਤੇ ਪਰ ਚੜ੍ਹੇ ਤਾਂ ਬੋਲਾ ਕੀਤਾ ਬਿੱਲਿਆ ਮੂੰਹ ਤਾਂ ਸਾਹਮਣੇ ਰੱਖ ਜਵਾਈ ਵੰਨੇ। ਪਿੱਠ ਕਿਉਂ ਕੀਤੀ ਹੈ। ਦਸ ਮਹੀਨੇ ਕਿਸੇ ਜੱਟੀ ਦੀ ਕੁਖ ਵਿਚ ਕਟ ਕੇ ਫੇਰ ਆਇਆ ਜਾਣ। ਜੁਆਨ ਹੋ ਕੇ ਬਦਲੇ ਲਵਾਂਗਾ। ਸੁਣ ਓਏ ਬਿੱਲਿਆ ਤੇਰੀ ਮਤ ਮਾੜੀ ਦੇਖੀ ਹੈ। ਤੁਹਾਡੀ ਅਦਾਲਤ ਨਹੀਂ ਹੈ। ਬੇ-ਅਦਾਲਤੀ ਹੋਣ ਲੱਗੀ ਹੈ। ਮੈਨੂੰ ਮਾਰ ਕੇ ਕੋਈ ਅੱਗੇ ਬੰਦ ਤਾਂ ਨਹੀਂ ਹੋਇ ਜਾਣੇ ਹੈ। ਜਿੰਨ੍ਹਾਂ ਤੁਹਾਨੂੰ ਮਾਰਨਾ ਹੈ ਰਾਮਦਾਸਪੁਰੇ ਮੈਂ ਬੈਠਾ ਹੈ। ਪਾਛੇ ਤੁਹਾਡਾ ਨਾਸ ਕਰੇਗਾ। ਏਹ ਤਾਂ ਅਜੇ ਮੁੰਡਿਆਂ ਕੀ ਖੇਡ ਹੋਈ ਹੈ। ਸ਼ੇਸ਼ਨਾਗ ਤਾਂ ਬੈਠਾ ਹੈ। ਜੇ ਇਕ ਦੋ ਸਰਪ ਮਾਰ ਦੀਏ ਤਾਂ ਕੀ ਹੁਆ? ਤੁਹਾਡਾ ਕਾਲ ਤੁਹਾਡੇ ਸਿਰ ਉੱਤੇ ਬੈਠਾ ਹੈ। ਅਸੀਂ ਵੀ ਕਿਧਰੇ ਨਹੀਂ ਜਾਣਾ ਹੈ। ਦਸ ਮਹੀਨੇ ਕਿਸੇ ਜੱਟੀ ਦੀ ਕੁਖ ਵਿਚ ਕਟ ਕੇ ਆਵਾਂਗੇ। ਕੋਈ ਮਾਉਂ ਜਣੇਂਗੀ। ਨਵੇਂ ਚੋਲੇ ਪਾਇਕੇ ਜੁਆਨ ਹੋਇਕੇ ਫੇਰ ਸ੍ਰੀ ਸਾਹਿਬ ਫੜਾਂਗੇ। ਤੁਸਾਂ ਦਾ ਜਵਾਈ ਬਣਕੇ ਤੁਸਾਂ ਦੇ ਤਹਿਤ ਨੂੰ ਉਠਾਵਾਂਗੇ। ਤੁਸਾਂ ਦੇ ਸਾਥ ਲੜਾਈ ਕਰਾਂਗੇ।

ਫੇਰ ਬਾਬੇ ਗਿਆਨੀ ਸਿੰਘ ਨੇ ਸ਼ੇਰ ਵਾਂਗੂ ਗੱਜ ਕੇ ਬੋਲਾ ਕੀਤਾ ਜਿਸ ਦਿਨ ਧੁਆਡੇ ਜੁਆਈ ਸ੍ਰੀ ਸਾਹਿਬ ਫੜਨ ਵਾਲੇ ਹੋਏ ਉਸੀ ਦਿਨ ਬੁੱਚੜਖ਼ਾਨੇਂ ਹਟਾਵਾਂਗੇ। ਗਊ ਕੇ ਗਲ਼ ਪਰ ਛੁਰੀ ਨ ਫਿਰੇਗੀ। ਏਸ ਦੇਸੋਂ ਧੁਆਨੂੰ ਕਢਾਂਗੇ। ਅਜ ਤੁਸੀਂ ਕਰ ਲਵੋ। ਜਦ ਸਾਡੀ ਵਾਰੀ ਆਵੇਗੀ ਤਾਂ ਅਸੀਂ ਭੀ ਜਿਵੇਂ ਹੋਵੇਗੀ ਤਿਵੇਂ ਕਰਾਂਗੇ। ਬਾਬਾ ਗਿਆਨੀ ਸਿੰਘ ਉੱਚੀ ਉੱਚੀ ਬੋਲਾ ਕਰਦੇ ਹੈਂ।

ਹਿੰਦੂਆਂ ਨੂੰ ਬੋਲਾ ਕੀਤਾ ਰਾਮ ਰਾਮ ਕਾ ਜਾਪ ਕਰੋ। ਮੁਸਲਮਾਨਾਂ ਨੂੰ ਕਹਿਆ ਤੁਸੀਂ ਖ਼ੁਦਾਇ ਖ਼ੁਦਾਇ ਜਪੋ। ਬੋਲਾ ਕੀਤਾ:

ਸਾਂਈ ਨਾਲ ਤਿਨਾਂ ਦਾ ਦਾਵਾ ਜਿਨਾਂ ਸਿਰ ਸਾਈ ਨੂੰ ਦਿਤਾ॥

1 ੨੬ ਨਵੰਬਰ ੧੯੭੧ ਈ, ਦਿਨ ਐਤਵਾਰ, ਗਿਆਨੀ ਸਿੰਘ ਅਤੇ ਰਤਨ ਸਿੰਘ ਨੂੰ ਲੁਧਿਆਣੇ ਫਾਂਸੀ ਦਿੱਤੀ ਗਈ।

ਹੋਰੀ ਵਲੋਂ ਚਿਤ ਚਾਇ ਖਲੋਤਾ ਇਕ ਸਾਕ ਸਾਈਂ ਨਾਲ ਕਿਤਾ॥
ਜੈਸੀ ਲਾਵਣ ਤੋੜ ਨਿਭਾਵਣ ਕਦੇ ਨਾ ਫੇਰਨ ਚਿਤਾ॥
ਬਿਨ ਸਿਰ ਦਿਤਿਆਂ ਸਹੁ ਨਹੀਂ ਮਿਲਦਾ ਲਖਾਂ ਜੇਹੀ ਗਲ ਇਕਾ॥

ਗਿਆਨੀ ਸਿੰਘ ਸੂਬੇ ਨੇ ਬੋਲਾ ਕੀਤਾ ਸਾਨੂੰ ਜਲਾਦ ਹੱਥ ਨਾ ਲਾਵੇ। ਆਪੇ ਈ ਫਾਂਸੀਆਂ ਗਲ਼ ਵਿਚ ਪਾਇ ਲੈਂਦੇ ਹਾਂ। ਫ਼ਰੰਗੀ ਨੇ ਜਲਾਦ ਪਰੇ ਕਰ ਦਿੱਤਾ। ਆਪ ਫਾਂਸੀ ਪਾਈ ਗਲ਼ ਦੋਹਾਂ ਨੇ। ਸਤਿ ਸ੍ਰੀ ਅਕਾਲ ਬੁਲਾਈ। ਅਰਦਾਸਾ ਕਰਕੇ ਪਟੜਾ ਪੈਰਾਂ ਹੇਠੋਂ ਖਿਚ ਲਿਆ ਤਾਂ ਅੰਤ ਕਾ ਝੂਟਾ ਆਇਆ। ਪ੍ਰਾਣ ਜੁਦਾ ਹੋਏ। ਬਿਬਾਣਾਂ ਪਰ ਚੜ੍ਹਾਇ ਸ਼ਹੀਦਾਂ ਗੁਰੂ ਕੀ ਪੁਰੀ ਜਾਇ ਹਾਜਰ ਕੀਤੇ। ਉਸ ਵਕਤ ਅਕਸ ਮਾਤਰ ਸੁੰਜਮਸਾਣ ਵਰਤ ਗਈ।

## ਸਾਡਾ ਰੋਮ ਟੁੱਟਾ ਹੈ

ਜਾਂ ਸਿੰਘ ਫਾਂਸੀ ਆਏ ਤਾਂ ਰਾਮਦਾਸ ਪੁਰੇ ਸਾਹਿਬ ਮੈ ਦੀਨਾਨਾਥ ਜੀ ਕੇ ਨੇਤ੍ਰਾਂ ਵਿਚੋਂ ਜਲ ਜਾਣ ਲੱਗਾ। ਅਗਲੇ ਦਿਨ ਆਸਾ ਕੀ ਵਾਰ ਲੱਗੀ। ਅੰਤਰਜਾਮੀ ਗੁਰੂ ਜੀ ਬਚਨ ਕੀਤਾ ਸਾਡਾ ਰੋਮ ਟੁੱਟਾ ਹੈ ਜਿਸ ਨੇ ਧਰਮ ਹੇਤ ਸੀਸ ਦਿੱਤਾ ਹੈ। ਗਊਆਂ ਕਾ ਦੁੱਖ ਭਾਰਾ ਹੈ। ਬੱਡਾ ਗੁਰੂ ਕਾ ਪਿਆਰਾ ਹੈ ਜਿਸਨੇ ਸਿੰਘ ਹੋਇਕੇ ਸੀਸ ਦੀਆ ਹੈ। ਦੋਨਾਂ ਸਿੰਘਾਂ ਕੋ ਬੁੱਢੇ ਦਰਿਆਏ ਕੋ ਲਜਾਇ ਕੇ ਦਾਹ ਦਿੱਤਾ। ਭੋਗ ਪਵਾਏ। ਖੁਲੀ ਦਰਵਾਜੀ ਗੁਰਪੁਰੀ ਕੋ ਗਏ।

ਏਕ ਸਿੰਘ ਨੇ ਅਰਜ਼ ਕੀਤੀ ਸ੍ਰੀ ਸਤਿਗੁਰੂ ਜੀ ਕੇ ਹਜੂਰ ਜੀ ਗਿਆਨੀ ਸਿੰਘ ਚੰਗਾ ਸਾਧੂ ਸੀ। ਛਿਨ ਭਰ ਦੀਨਾਨਾਥ ਜੀ ਚੁਪ ਕਰਕੇ ਬਚਨ ਕੀਤਾ ਕੌਣ ਅੰਗ੍ਰੇਜ਼ ਹੈਂ ਮਾਰਨ ਵਾਲੇ? ਭਾਵੇਂ ਸਤਿਗੁਰੂ ਮਾਰੇ ਭਾਵੇਂ ਰੱਖ ਲਏ। ਸੱਦਾ ਸਿੰਘ ਫਰਵਾਹੀ ਕਾ, ਉਸਨੇ ਸੰਕਲਪ ਕੀਤਾ ਕਿ ਗਿਆਨੀ ਸਿੰਘ ਇਕ ਕਰਮ ਕੀਤਾ ਸੀ। ਉਸਕਾ ਸੰਸਾ ਦੂਰ ਕਰਨ ਵਾਸਤੇ ਸਤਿਗੁਰੂ ਅੰਤਰਜਾਮੀ ਜੀ ਉਤਰ ਦਿੱਤਾ ਗਊ ਕਾ ਪਾਪ ਸਭ ਪਾਪੋਂ ਸੇ ਬਡਾ ਹੈ। ਜੈਸੇ ਸੌ ਗਊ ਕਾ ਪਾਪ ਹੈ ਤੈਸੇ ਏਕ ਸਾਧ ਮਾਰੇ ਕਾ ਪਾਪ ਹੈ। ਜੈਸੇ ਸੌ ਸਾਧ ਮਾਰੇ ਕਾ ਪਾਪ ਹੈ ਤੈਸੇ ਏਕ ਗਰਭ ਗਿਰਾਏ ਕਾ ਪਾਪ ਹੈ। ਐਸੇ ਐਸੇ ਪਾਪ ਮੇਰੇ ਦੇਖਦਿਆਂ ਹੋਂਦੇ ਹੈਂ ਹਜਾਰੋਂ ਹੀ ਪਾਪ, ਕੁਛ ਗਿਣਤੀ ਨਹੀਂ ਹੈ।

## ਲਿਆਓ ਰੂਸਾਂ ਨੂੰ

ਰਾਮਦਾਸ ਪੁਰੇ ਸਾਹਿਬ ਆਏ। ਸਿੰਘਾਂ ਨੇ ਸੀਸ ਨਿਵਾਇਆ ਚਰਨਾਂ ਪਰ, ਬੈਠੇ। ਪ੍ਰਸੰਨ ਹੋਇਕੇ ਬਚਨ ਕੀਤਾ ਬਿਸ਼ਨ ਸਿੰਘ ਤੂੰ ਲਿਆਓ ਜਾਇਕੇ ਰੂਸਾਂ ਨੂੰ। ਹੁਣ ਡੇਰ ਨਾ ਕਰ। ਸਮਾਂ ਹੈ ਔਣੇ ਕਾ। ਬਿਸ਼ਨ ਸਿੰਘ ਨੇ ਕਹਿਆ ਜੀ ਚਾਲੀ ਸਿੰਘ ਦਿਓ ਨਾਲ। ਦੀਨ ਦਿਆਲ ਜੀ ਬਚਨ ਕੀਤਾ ਪਾਂਚ ਸਿੰਘ ਛਾਂਟ ਲੈ ਜੇੜੇ ਲਜਾਣੇ ਹੈਂ ਨਾਲ। ਬਿਸ਼ਨ ਸਿੰਘ ਨੇ ਕਹਾ ਜੀ ਪੰਜੇ ਦੇ ਦਿਓ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਨਾ ਪੰਜ ਨਾ ਪੰਜਾਹ। ਸਭਨਾਂ ਵਰਗਾ ਤੂੰ ਸਵਾ ਲੱਖ ਹੀ ਬਥੇਰਾ ਹੈਂ। ਕਾਹਨੂੰ ਗ਼ਰੀਬਾਂ ਸਿਘਾਂ ਦੀ ਬੇਅਦਬੀ ਕਰਾਉਣੀ ਹੈ। ਬਿਸ਼ਨ ਸਿੰਘ ਹੁਕਮ ਸੁਣਕੇ ਖੁਸ਼ੀਆਂ ਲੈ ਕੇ ਚਲਾ ਗਿਆ। ਬਾਬੇ ਬਿਸ਼ਨ ਸਿੰਘ ਕੀ ਉਮਰ ਬਤੀਆਂ ਬਰਸਾਂ ਕੀ ਸੀ।

## ਬਿਸ਼ਨ ਸਿੰਘ ਸੁਨਿਆਰੇ ਨੂੰ ਫਾਸੀ

ਲਾਹੌਰ ਮੇਂ ਇਕ ਨਾਮਧਾਰੀ ਬਿਸ਼ਨ ਸਿੰਘ ਨਾਮੇ ਸੁਨਿਆਰਾ ਸਿੰਘ ਸੀ। ਸਤਿਗੁਰੂ ਜੀ ਕੇ ਜਾਣੇ ਸੇ ਛੇ ਮਹੀਨੇ ਪੈਹਲੇ ਕਿਸੀ ਨੇ ਸਿੰਘ ਪਰ ਝੂਠੀ ਅਰਜ਼ੀ ਪਾਈ ਕੇ ਮੈਂ ਏਸ ਤੇ ਲੈਣਾ ਹੈ ਏਤਨਾ ਰੁਪਈਆ। ਜੱਜ ਨੇ ਡਿਗਰੀ ਕਰ ਦਿੱਤੀ। ਸੱਚ ਝੂਠ ਨਾ ਨਤਾਰਿਆ। ਜੱਜ ਨੂੰ ਸਿੰਘ ਨੇ ਕਿਹਾ ਕਿ ਤੈਨੇ ਝੂਠੀ ਡਿਗਰੀ ਕੀਤੀ ਹੈ ਸਮਝਾਂਗੇ ਤੇਰੇ ਨਾਲ ਭੀ। ਸੱਚੇ ਪਾਤਸਾਹ ਕਾ ਹੁਕਮ ਹੈ ਝੂਠੇ ਰਾਜਾ ਪਰਜਾ ਕੀ ਸਫ਼ਾ ਉਠੌਣੀ ਹੈ। ਘਰ ਮੇਂ ਜਾਇਕੇ ਸਿੰਘ ਨੇ ਇਸ਼ਨਾਨ ਕੀਤਾ। ਜਪੁ ਜਾਪੁ ਪੜਿਆ ਚੰਡੀ ਕੀ ਵਾਰ ਪੜੀ। ਹਮਨ ਕੀਤਾ। ਚਿੱਟੀ ਪੁਸ਼ਾਕ ਪਾਇਕੇ ਸਲੋਤਰ ਫੜਕੇ ਅਰਦਾਸਾ ਕਰਕੇ ਤੁਰਿਆ। ਕਚਹਿਰੀ ਸੇ ਆਉਂਦਿਆਂ ਘਰ ਕੇ ਬਾਹਰ ਹੀ ਮਿਲ ਪਿਆ। ਸਿੰਘ ਨੇ ਕਿਹਾ ਕੇ ਮੈਂ ਉਹ ਹਾਂ ਜਿਸ ਕੀ ਤੈਨੇ ਝੂਠੀ ਡਿਗਰੀ ਕੀਤੀ ਹੈ। ਜੱਜ ਨੇ ਕਿਹਾ ਕਿਆ ਮਾਂਗਤਾ ਹੈ? ਜਿਉਂ ਮਾਰਿਆ ਹੈ ਸਲੋਤਰ ਸਿਰ ਫੁੱਟ ਗਿਆ[1]। ਉਸੀ ਬਖਤ ਮਰ ਗਿਆ ਜੱਜ। ਸਿੰਘ ਮਾਰ ਕੇ ਮਦਾਨ ਮੇਂ ਖੜਾ ਹੋਇਆ ਕੇ ਮੈਂ ਸ਼ਹੀਦ ਸਿੰਘ ਹਾਂ ਆਓ ਜਿਸ ਨੇ ਔਣਾ ਹੈ ਮੇਰੇ ਸਾਹਮਣੇ, ਜਿਨ ਫੜਨਾ ਹੈ ਸੋ ਫੜੋ। ਧਰਮ ਹੇਤ ਸੀਸ ਦੇਨਾ ਹੈ। ਪੁਲੀਸ ਆਇ ਗਈ। ਫ਼ਰੰਗੀ ਆਇਆ, ਕਠੇ ਹੋਏ ਹੋਰ ਲੋਕ ਭੀ।

ਫ਼ਰੰਗੀ ਨੇ ਕਹਾ ਤੁਮ ਨੇ ਬੜਾ ਮਾੜਾ ਕੰਮ ਕੀਤਾ ਹੈ। ਸਿੰਘ ਨੇ ਕਿਹਾ ਬਡਾ ਚੰਗਾ ਕੰਮ ਕੀਆ ਹੈ। ਝੂਠੀਆਂ ਅਦਾਲਤਾਂ ਕਰਦਾ ਸੀ। ਝੂਠ ਕੋ ਮਾਰਿਆ ਹੈ। ਝੂਠੇ ਰਾਜਾ ਪਰਜਾ ਕੀ ਸਫ਼ਾ ਉਠੌਣੀ ਹੈ। ਫਾਂਸੀ ਕਾ ਹੁਕਮ ਦੇ ਦੀਆ ਸਿਸ਼ਨ ਨੇ। ਇਕ ਭੋਗ ਪਵਾਇਆ ਸਿੰਘ ਨੇ, ਸਵਾ ਦਾ ਕੜਾਹ ਪ੍ਰਸਾਦਿ ਕਰਵਾਇਆ। ਅਰਦਾਸਾ ਕੀਤਾ ਬਾਰ੍ਹਾਂ ਪਾਤਸ਼ਾਹੀਆਂ ਕਾ ਬਡਾ ਪ੍ਰਸੰਨ ਹੋਇਕੇ ਤਖ਼ਤੇ ਫਾਂਸੀ ਬਾਲੇ ਪਰ ਜਾਇ ਚੜ੍ਹਿਆ। ਰੱਸਾ ਪੱਟ ਕਾ ਕਹਿ ਕੇ ਬਟਵਾਇਆ ਕਿ ਤੰਦੀ ਨਹੀਂ ਗਲ਼ ਮੇਂ ਪਾਵਾਂਗਾ। ਰੱਸਾ ਜੱਲਾਦ ਪੈਂਦਾ ਹੈ ਸੀ, ਸਿੰਘ ਨੇ ਕਿਹਾ ਕੇ ਤੈਂ ਨਹੀਂ ਮੈਨੂੰ ਹੱਥ ਲੌਣਾ ਮੈਂ ਆਪੇ ਈ ਗਲ਼ ਵਿਚ ਪਾਮਾਂਗਾ। ਰੱਸਾ ਗਲ਼ ਮੇਂ ਪਾਇਕੇ ਪਟੜਾ ਹੇਠੋਂ ਖਿਚ ਲਿਆ। ਅੰਤ ਕਾ ਝੂਟਾ ਆਇਆ, ਗੁਰੂ ਜੀ ਕੀ ਪੁਰੀ ਕੋ ਗਿਆ। ਜੋ ਝੂਠੇ ਲੋਕ ਸੇ ਤਿਨ੍ਹਾਂ ਕੇ ਕੰਨ ਖੜੇ ਹੋਇ ਕਿ ਸਿੰਘਾਂ ਕਾ ਝਗੜਾ ਮੁਕੌਨਾ ਭੀ ਔਖਾ ਹੈ। ਸਿੰਘਾਂ ਕੇ ਝਗੜੇ ਸਤਿਗੁਰੂ ਹੀ ਨਿਬੇੜੇਗਾ[2]।

## ਅੰਤਰਜਾਮੀ ਹੈਂ

ਇਕ ਸਾਧ ਕਾ ਭਜਨ ਲਿਆ ਹੋਇਆ ਸੀ। ਉਸਨੇ ਦੂਏ ਸਾਧ ਨੂੰ ਕਿਹਾ ਗੁਰੂ ਰਾਮ ਸਿੰਘ ਜੀ ਕਰਾਮਾਤੀ ਹੈਂ। ਦੂਏ ਸਾਧ ਨੇ ਕਹਾ ਕਿ ਤਾਂ ਮੈਂ ਜਾਣਾਂਗਾ ਕਰਾਮਾਤੀ ਹੈਂ ਜੋ ਏਹ ਦੋਇ

---

1 ੩੦ ਅਗਸਤ ੧੮੭੧ ਈ. ਦਿਨ ਬੁੱਧਵਾਰ।

2 ਬਿਸ਼ਨ ਸਿੰਘ ਸੁਨਿਆਰੇ ਦਾ ਰਾਮ ਕਿਸ਼ਨ ਮਹਾਜਨ ਨਾਲ 'ਸਮਾਲ ਕਾਜ਼ ਕੋਰਟ' ਦੇ ਜੱਜ ਜਾਇਸੀ ਰਾਮ ਕੋਲ ਮੁਕੱਦਮਾ ਸੀ। ੩੦ ਅਗਸਤ ੧੮੭੧ ਈ. ਨੂੰ ਜੱਜ ਨੇ ਬਿਸ਼ਨ ਸਿੰਘ ਦੇ ਵਿਰੁੱਧ ਡਿਗਰੀ ਕਰ ਦਿੱਤੀ ਸੀ। ਉਸੇ ਦਿਨ ਸ਼ਾਮ ਨੂੰ ਕਚਹਿਰੀ ਤੋਂ ਵਾਪਸ ਪਰਤਦਿਆਂ ਘਰ ਦੇ ਬਾਹਰ ਬਿਸ਼ਨ ਸਿੰਘ ਨੇ ਜੱਜ ਤੇ ਸਲੋਤਰ ਨਾਲ ਹਮਲਾ ਕੀਤਾ ਅਤੇ ਅਗਲੇ ਦਿਨ ਜੱਜ ਜਾਇਸੀ ਰਾਮ ਮਰ ਗਿਆ. ਵਧੇਰੇ ਜਾਣਕਾਰੀ ਲਈ ਸਤਿਜੁਗ ਵਿੱਚ ੬-੧੨ ਸਤੰਬਰ ੨੦੦੧ ਨੂੰ ਛਪਿਆ ਲੇਖ 'ਸ਼ਹੀਦ ਬਿਸ਼ਨ ਸਿੰਘ ਕੂਕਾ ਪੜ੍ਹੋ।

ਦਾਤਣਾਂ ਹੈਨ, ਜੇਕਰ ਪਤਲੀ ਫੜੀ ਤਾਂ ਤੇ ਕਰਾਮਾਤੀ ਹੈ ਜੇ ਮੋਟੀ ਫੜੀ ਤਾਂ ਜਾਣਾਂਗੇ ਨਹੀਂ ਹੈ ਕਰਾਮਾਤੀ। ਦਰਸ਼ਨ ਕਰਕੇ ਦੋਨੋਂ ਦਾਤਣਾਂ ਧਰੀਆਂ। ਪਤਲੀ ਦਾਤਣ ਫੜਕੇ ਗੁਰੂ ਅੰਤਰਜਾਮੀ ਜੀ ਬਚਨ ਕੀਤਾ ਅਸੀਂ ਤਾਂ ਏਸ ਦੇ ਗਾਹਕ ਹਾਂ। ਮੋਟੀ ਦੇ ਗਾਹਕ ਤੁਸੀਂ ਸਾਧ ਹੋ। ਸਾਧ ਸੁਣ ਕੇ ਸੁੰਨ ਹੋਇ ਗਿਆ।ਜਾਣਿਆ ਜੋ ਜ਼ਰੂਰ ਅੰਤਰਜਾਮੀ ਹੈਂ।

ਮਹਾਰਾਜ ਬੁੱਧ ਸਿੰਘ ਜੀ ਉਟਾਲਾਂ ਥੀਂ ਰੁਪਏ ਲੈਣੇ ਸੇ। ਡੇਰੇ ਸੇ ਇਕ ਘੋੜੀ ਪਰ ਚੜ੍ਹ ਕੇ ਗਏ। ਏਕ ਖਜਾਨ ਸਿੰਘ ਲਾਂਗਰੀ ਪਿੰਡ ਲਧਾਣਾ[1] ਕਾ ਕਾਰੀਗਰ ਸੀ। ਉਸੀ ਘੋੜੀ ਪਰ ਚੜ੍ਹ ਕੇ ਚਲਾ ਆਇਆ, ਮਹਾਰਾਜ ਜੀ ਸੇ ਪੁਛਿਆ ਬੀ ਨਹੀਂ। ਮਹਾਰਾਜ ਜੀ ਚੁਪ ਚਾਪ ਮੁੜ ਆਏ ਤਾਂ ਓਹੋ ਸਿੱਖ ਮਹਾਰਾਜ ਜੀ ਪਾਸ ਝੱਟ ਆਇਆ। ਆਇਕੇ ਕਹਿਣ ਲੱਗਾ ਜੀ ਮੈਂ ਭੁਲ ਗਿਆ ਹਾਂ। ਤੁਸੀਂ ਸਤਿਗੁਰੂ ਜੀ ਪਾਸ ਨ ਕਹਿਓ। ਮੈਥੋਂ ਮਨਮਤ ਹੋਈ ਹੈ। ਤੁਸੀਂ ਦੋਨੋਂ ਭਾਈ ਇਕ ਰੂਪ ਹੋ। ਮੈਨੂੰ ਜੀ ਬੜਾ ਭੈ ਹੋਇਆ ਹੈ। ਮਹਾਰਾਜ ਜੀ ਬਚਨ ਕੀਤਾ ਅਸੀਂ ਅੱਗੇ ਈ ਕਿਸੇ ਦੀ ਕੋਈ ਗੱਲ ਨਹੀਂ ਕੀਤੀ। ਨਾ ਅੱਗੇ ਕਿਸੇ ਦੀ ਕੋਈ ਗੱਲ ਕਹਿਣੀ ਹੈ।

ਅੱਗੇ ਦੁਸਹਿਰਾ ਆਇਆ[2] ਰਾਮਸਰ ਪਰ ਦੀਵਾਨ ਲੱਗਾ। ਸਰਬ ਸੰਗਤ ਆਈ। ਸ੍ਰੀ ਸਤਿਗੁਰੂ ਜੀ ਭੀ ਵਿਚ ਆਇ ਬੈਠੇ। ਸਰਦਾਰ ਲੋਕ ਬਹੁਤ ਆਏ ਮਾਨੋਂ ਲੰਕਾ ਫਤ ਕਰਕੇ ਰਾਮ ਸੈਨਾ ਸਹਿਤ ਬੈਠੇ ਹੈਂ। ਗੁਰੂ ਜੀ ਬੀਚ ਮੈ ਜੈਸੇ ਸੂਰਜ ਕੋ ਪਰਵਾਰ ਲੱਗਾ ਹੁੰਦਾ ਹੈ ਦੂਰ ਸੇ ਦਿਸਦੇ ਹੈ। ਹੋਰ ਲੋਕ ਭੀ ਆਏ ਦੇਖਣ ਕੇ। ਸ੍ਰੀ ਸਤਿਗੁਰੂ ਜੀ ਸੁੱਚੀ ਪੁਸ਼ਾਕ ਪਹਿਰੀ ਬੈਠੇ ਹੈਂ। ਦਰਸ਼ਨ ਕਰਕੇ ਸਭ ਦੁਖ ਦੂਰ ਹੁੰਦਾ ਹੈ ਮਾਨੋਂ ਇੰਦਰ ਸਭਾ ਭੀ ਲੱਜਾਮਾਨ ਹੁੰਦੀ ਹੈ। ਦੀਵਾਨ ਦੀ ਛਬ ਦੇਖ ਕੇ ਮਨ ਨਹੀਂ ਹਟਦਾ ਹੈ ਦੇਖਣੋਂ।

## ਮਾਤਾ ਜੱਸਾਂ ਦੀ ਚੜ੍ਹਾਈ

ਮਾਤਾ ਜੱਸਾਂ ਜੀ ਕੀ ਚੜ੍ਹਾਈ ਸੰਮਤ ੧੯੨੮ ਕਤਕ ਵਦੀ ਮੇਂ ਜਿਵੇਂ ਹੋਈ। ਮਾਤਾ ਜੱਸਾਂ, ਮਹਿਲ ਸਤਿਗੁਰੂ ਰਾਮ ਸਿੰਘ ਜੀ ਕੇ। ਸ੍ਰੀ ਸਤਿਗੁਰੂ ਜੀ ਕੀ ਮੂਰਤੀ ਪਰ ਬੜਾ ਭਰੋਸਾ ਸੀ। ਇਕ ਦਮ ਭੀ ਨਾ ਸੀ ਜੁਦਾ ਹੋਇ ਸਕਦੇ। ਦੀਨ ਦਿਆਲ ਜੀ ਬਚਨ ਕੀਤਾ ਜੱਸਾਂ ਤੂੰ ਏਥੇ ਘਰ ਸੁਖੀ ਬੈਠੀ ਹੈਂ। ਠੰਢਾ ਜਲ ਛਕਦੀ ਹੈਂ। ਜੱਸਾਂ ਜੀ ਬਚਨ ਕੀਤਾ ਜੀ ਧੁਆਡੇ ਨਾਲ ਮੈਨੂੰ ਛਪੜਾਂ ਦਾ ਜਲ ਮਨਜੂਰ ਹੈ ਪਰ ਨਾਲ ਹੀ ਜਾਵਾਂਗੀ। ਜੇਕਰ ਪਿੱਛੇ ਕਦੀ ਛੱਡ ਜਾਣਾ ਜੱਸਾਂ ਜੀ ਨੇ ਵੈਰਾਗ ਮੈ ਹੋਇਕੇ ਅੰਦਰ ਪੈ ਰਹਿਣਾ। ਕਈ ਕਈ ਦਿਨ ਪ੍ਰਸ਼ਾਦ ਨਾ ਛਕਣਾ। ਜੇਕਰ ਛਕਣਾ ਕਿਸੇ ਦਿਨ ਤਾਂ ਥੋੜਾ ਛਕਣਾ। ਭਜਨ ਕਰਨਾ ਅੱਠੇ ਪਹਿਰ ਜਾਂ ਸਤਿਗੁਰੂ ਜੀ ਔਣਾ ਤਾਂ ਦਰਸ਼ਨ ਕਰਕੇ ਸਾਂਤ ਔਣੀਂ ਤੇ ਅੰਨ ਪਾਣੀਂ ਛਕਣਾ, ਖੁਸ਼ੀ ਹੋਇਕੇ ਬੋਲਣਾ। ਜਿੰਨ੍ਹਾਂ ਚਿਰ ਸਤਿਗੁਰੂ ਦੀ ਮੂਰਤੀ ਦਾ ਦਰਸ਼ਨ ਨਾ ਹੋਵੇ ਓਨਾ ਚਿਰ ਬੋਲਣਾ ਭੀ ਨਾ। ਮਾਤਾ ਸੀਤਾ ਕਰਕੇ ਸੰਗਤ ਕਹਿੰਦੀ ਸੀ। ਪਹਿਲੇ ਤਾਂ ਸੁਭਾਉ ਸੀ ਕਿ ਕਦੇ ਕਦੇ ਬਚਨ ਮੋੜ ਦੇਣਾ। ਫਿਰ ਸਤਿਗੁਰਾਂ ਕਿਰਪਾ ਕੀਤੀ ਤਾਂ ਸੁਭਾਉ ਬਦਲ ਗਿਆ। ਸਤਿਗੁਰੂ ਜੀ ਜੋ ਮੁਖ ਸੇ ਕਹਿੰਦੇ ਸੋ ਤਤਕਾਲ ਮੰਨਣਾ। ਬਚਨ

1 ਪਿਤਾ ਦਾ ਨਾਂ ਬਨੀ, ਜ਼ਿਲ੍ਹਾ ਜਲੰਧਰ।

2 ੨੩ ਅਕਤੂਬਰ ੧੮੭੧ ਈ., ਦਿਨ ਸੋਮਵਾਰ।

ਮੋੜਦੇ ਨਾ ਸੇ। ਜਿਵੇਂ ਤਿਵੇਂ ਹੀ ਮੰਨਣਾ। ਸਤ ਸਤ ਕਰਦੀ ਰਹਿਣਾ। ਭੈ ਰਖਣਾ, ਹਰ ਵਕਤ ਹਾਜਰ ਰਹਿਣਾ। ਮਰਨੇ ਥੀਂ ਪੰਦਰਾਂ ਬਰਸ ਅੱਗੇ ਹੀ ਖੱਫਣ ਬਣਾਕੇ ਪਟਾਰ ਮੈ ਰੱਖ ਛੱਡਿਆ ਸੀ ਕਿ ਮੇਰੇ ਉੱਤੇ ਪਾਵਣਾ। ਸੋ ਖੱਫਣ ਬੀਬੀ ਦਇਆ ਕੌਰ ਪਰ ਪਾਇਆ। ਮਾਈ ਜੱਸਾਂ ਜੀ ਹੋਰ ਖੱਫਨ ਬਨਾਇਕੇ ਧਰਿਆ।

ਦੀਪਮਾਲਾ ਸੇ ਪਹਿਲੇ ਸਤਿਗੁਰੂ ਜੀ ਅਕਾਲ ਬੁੰਗੇ ਬੈਠੇ ਭਜਨ ਕਰਦੇ ਸੀ। ਮਾਈ ਜੱਸਾਂ ਅਕਾਲ ਬੁੰਗੇ ਆਇ ਬੈਠੀ, ਨਾਲ ਇਆਣੇਂ ਸੇ। ਮੁੰਡਿਆਂ ਨੇ ਆਪਣਾ ਰੌਲ਼ਾ ਪਾਇਆ। ਗੁਰੂ ਜੀ ਬਚਨ ਕੀਤਾ ਮੁੰਡੇ ਮਰ ਜਾਣ ਤਾਂ ਰੌਲ਼ਾ ਮੁਕ ਜਾਵੇ ਭਜਨ ਨਹੀਂ ਕਰਨ ਦੇਂਦੇ ਹੈਂ। ਫੇਰ ਗੁਰੂ ਜੀ ਬਚਨ ਕੀਤਾ ਮੁੰਡੇ ਤੇ ਨਾ ਮਰਨ ਜੱਸਾਂ ਮਰ ਜਾਵੇ ਜੀਧੇ ਕੋਲ ਔਂਦੇ ਹੈਂ ਇਵਾਣੇ। ਸਫਾ ਜੰਗ ਲੈ ਕੇ ਤੀਨ ਵੇਰੀ ਧਰਤੀ ਤੇ ਮਾਰਿਆ। ਬਚਨ ਕੀਤਾ ਜੱਸਾਂ ਮਰ ਜਾਏਗੀ।

ਅੱਗੇ ਦੀਪਮਾਲਾ ਆਈ। ਸ੍ਰੀ ਸਤਿਗੁਰੂ ਜੀ ਅੰਮ੍ਰਿਤਸਰ ਕੋ ਤਿਆਰ ਹੋਏ। ਦੋ ਤੇਈਏ ਮਾਤਾ ਜੱਸਾਂ ਕੋ ਆਏ ਤਾਂ ਸ੍ਰੀ ਸਤਿਗੁਰੂ ਜੀ ਬਚਨ ਕੀਤਾ ਜੱਸਾਂ ਚੜ੍ਹ ਨ ਜਾਵੇ। ਅਰਦਾਸਾ ਕਰਕੇ ਸੁਧਾਸਰ ਨੂੰ ਤੁਰੇ। ਦੁਆਬੇ ਮੈ ਮੁਠੱਡੀਂ ਜਾਇ ਪੜਾਉ ਕੀਤਾ। ਮਾਈ ਜੱਸਾਂ ਕਾ ਅੰਤ ਸਮਾ ਆਇਆ ਤਾਂ ਸਿੱਖਾਂ ਪੁੱਛਿਆ ਸਤਿਗੁਰੂ ਜੀ ਨੂੰ ਮੰਗਵਾਈਏ ਦਰਸ਼ਨ ਨੂੰ? ਮਾਤਾ ਜੱਸਾਂ ਜੀ ਨੇ ਸਹਿਜ ਸੁਭਾ ਬਚਨ ਕੀਤਾ ਕਾਹਨੂੰ ਸੱਦਣੇਂ ਹੈਨ ਮੈਂ ਰਾਜੀ ਹਾਂ। ਪਹਿਰ ਰਾਤ ਰਹਿੰਦੀ ਨਾਲ ਇਸ਼ਨਾਨ ਕਰਾਇਆ। ਜਾਂ ਪ੍ਰਾਣ ਅੰਤ ਕੇ ਔਣ ਲੱਗੇ ਤਾਂ ਮਾਤਾ ਕੇ ਮੁਖੋਂ ਪਾਂਚ ਫੇਰੀ ਭਜਨ ਕਾ ਨਾਮ ਲੈਂਦੇ ਹੀ ਪ੍ਰਾਣ ਜੁਦੇ ਹੋਏ। ਗੁਰੂ ਜੀ ਕੀ ਪੁਰੀ ਮੈ ਜਾਇ ਹਾਜਰ ਹੋਈ।

ਮੁਠੱਡੇ ਨਗਰ ਮੈ ਆਸਾ ਕੀ ਵਾਰ ਲੱਗੀ ਸੀ।ਅੰਤਰਜਾਮੀ ਗੁਰੂ ਜੀ ਬਚਨ ਕੀਤਾ ਰਾਗੀਆਂ ਨੂੰ ਕਿ ਮਾਰੂ ਕਾ ਸ਼ਬਦ ਪੜ੍ਹੋ। ਰਾਗੀ ਮਾਰੂ ਕਾ ਸ਼ਬਦ ਪੜ੍ਹਨੇ ਲੱਗੇ। ਰਾਮਦਾਸਪੁਰੇ ਤੇ ਏਕ ਸਿੰਘ ਆਇਆ। ਉਸਨੇ ਕਹਿਆ ਜੀ ਮਾਤਾ ਜੱਸਾਂ ਚੜ੍ਹਾਈ ਕੀਤੀ ਹੈ। ਸ੍ਰੀ ਸਤਿਗੁਰੂ ਜੀ ਉਸੀ ਵਕਤ ਤਿਆਰ ਹੋਇ। ਸੰਗਤ ਨੂੰ ਬਚਨ ਕੀਤਾ ਤੁਸੀਂ ਚੱਲੋ ਅੰਮ੍ਰਿਤਸਰ ਨੂੰ ਤੇ ਅਸੀਂ ਆਇ ਮਿਲਾਂਗੇ ਧੁਆਨੂੰ। ਸਿੱਖਾਂ ਨੇ ਜਾਣਿਆਂ ਧੰਨ ਗੁਰੂ ਅੰਤਰਜਾਮੀ ਹੈ ਓਸ ਵਕਤ ਸਾਥੋਂ ਮਾਰੂ ਕਾ ਸ਼ਬਦ ਪੜਾਇਆ ਹੈ। ਚੜ੍ਹਾਈ ਕੇ ਵਕਤ ਰਾਈਏਂ ਸਾਧੂ ਸਿੰਘ ਕੋ ਸਤਿਗੁਰੂ ਜੀ ਕਾ ਦੀਦਾਰ ਹੋਇਆ। ਗੁਰੂ ਜੀ ਬਚਨ ਕੀਤਾ ਜੱਸਾਂ ਚੜ੍ਹਾਈ ਕੀਤੀ ਹੈ। ਅਸੀਂ ਲੈਣ ਆਏ ਹੈਂ ਸੋ ਲੈ ਚਲੇ ਹੈਂ। ਸਾਧੂ ਸਿੰਘ ਨੇ ਆਇਕੇ ਘਰ ਸਾਰਾ ਬ੍ਰਿਤਾਂਤ ਸੁਣਾਇਆ ਜਿਵੇਂ ਦਰਸ਼ਨ ਹੋਇਆ ਸੀ।

ਰਾਮਦਾਸਪੁਰੇ ਸਾਹਿਬ ਆਏ ਸਤਿਗੁਰੂ ਜੀ। ਬੀਬੀ ਨੰਦਾਂ ਨੇ ਗੁਰੂ ਜੀ ਕੋ ਕਹਾ ਜੀ ਆਪ ਦੇ ਵਿਚ ਬੜਾ ਮੋਹ ਸੀ। ਮਰਨ ਲੱਗੀ ਨੇ ਮੋਹ ਨਾ ਕੀਤਾ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਭਾਈ ਦੋ ਸਰੂਪ ਹੈਨ ਮੇਰੇ। ਇਕ ਦਰਗਾਹ ਮੇਂ ਹੈ ਇਕ ਮਾਤ ਲੋਕ ਮੇਂ ਹੈ। ਦਰਗਾਹ ਵਾਲਾ ਸਰੂਪ ਆਇਕੇ ਲੈ ਗਿਆ ਹੈ ਜੱਸਾਂ ਨੂੰ। ਤਾਂ ਕਰਕੇ ਮੋਹ ਨਹੀਂ ਕੀਤਾ ਜੱਸਾਂ ਨੇ। ਅਸੀਂ ਕੋਲ ਸੇ ਉਸ ਵਕਤ

ਚਿਖਾ ਤੋੜੀਂ ਜਾਇ ਮੁੜਨੇ ਲਗੇ ਤਾਂ ਸਿੰਘਾਂ ਅਰਜ਼ ਕੀਤੀ ਜੀ ਕੁਝ ਅਸਥਾਨ ਬਣ

ਜਾਵੇ। ਬਚਨ ਹੋਇਆ ਥਾਨ ਥੜਿਆਂ ਪਰ ਕੁੱਤੇ ਮੂਤਦੇ ਹੈਂ ਤੇ ਹਗਦੇ ਹੈਂ। ਕੁਛ ਨਾ ਬਣਾਓ। ਦੀਨ ਦਿਆਲ ਜੀ ਬਚਨ ਕੀਤਾ ਗੁਪਾਲ ਸਿੰਘ ਤੁਸੀਂ ਹੋਰ ਹੋਰ ਦੁਆਈਆਂ ਕਰਦੇ ਰਹੇ। ਜੇ ਅਖੰਡ ਪਾਠ ਤੋਰ ਦੇਂਦੇ ਤਾ ਬਚ ਰਹਿੰਦੀ। ਅਜੇ ਉਮਰ ਰਹਿੰਦੀ ਸੀ। ਸ਼ਤਾਬੀ ਕੀਤੀ ਹੈ। ਮੇਰੇ ਆਏ ਬਿਨਾ ਨਹੀਂ ਸੀ ਫੂਕਣੀ। ਪਾਠ ਧਰਾਇਕੇ ਦੀਨ ਦਿਆਲ ਜੀ ਮੁੜ ਗਏ ਸੁਧਾਸਰ ਕੋ।

## ਦੀਵਾਲੀ ਅੰਮ੍ਰਿਤਸਰ : ੧੨ ਨਵੰਬਰ ੧੯੭੧ ਈ.

ਅੰਮ੍ਰਿਤਸਰ ਜੀ ਗਏ। ਚੁਫੇਰੇ ਕੀਆਂ ਸੰਗਤਾਂ ਆਇ ਇਕੱਠੀਆਂ ਹੋਈਆਂ। ਸੀਸ ਨਿਵਾਇਕੇ ਸਤਿ ਸ੍ਰੀ ਅਕਾਲ ਗਜਾਂਵਦੇ ਹੈਂ। ਦਰਸ਼ਨ ਕਰਕੇ ਮਨ ਹਰੇ ਹੋਏ ਸਰਬ ਦੂਖ ਦੂਰ ਹੋਏ। ਜੈਸੇ ਚੰਦ ਕੋ ਦੇਖ ਕਰ ਚਕੋਰ ਪਰਸੰਨ ਹੁੰਦਾ ਹੈ, ਦੇਖ ਦੇਖ ਕਵਲ ਟਹਿਕ ਔਂਦੇ ਹੈਂ। ਦਰਸ਼ਨ ਦੇਂਦੇ ਮਾਝੇ ਦੇ ਵਿਚੋਂ ਸਰਹਾਲੀ ਪੜਾਉ ਕੀਤਾ। ਸ਼ਾਮ ਸਿੰਘ[1] ਨੇ ਕਹਾ ਜੀ ਭੋਗ ਅੱਜ ਹੀ ਪੈ ਜਾਣ। ਬਚਨ ਕੀਤਾ ਭਲਕੇ ਭੋਗ ਪੈਣਗੇ। ਤਿੰਨ ਫੇਰੀ ਉਸਨੇ ਭੀ ਕਹਾ ਭੋਗ ਪੈ ਜਾਣ। ਬਚਨ ਕੀਤਾ ਭਲਕੇ ਪਾਵਾਂਗੇ। ਤੀਜੀ ਫੇਰੀ ਕਹਿਣੇਂ ਸੇ ਭੋਗ ਪਾਇਕੇ ਕੂਚ ਕਰ ਗਏ। ਅਰਦਾਸਾ ਕਰਕੇ ਤੁਰਨੇ ਲੱਗੇ ਤਾਂ ਬਚਨ ਕੀਤਾ ਚਲ ਰਾਗਾ ਸਿੰਘ ਜੇ ਨਹੀਂ ਲਾਲ ਸਿੰਘ ਔਂਦਾ ਤਾਂ ਨਾ ਆਵੇ। ਜਿੱਥੇ ਬੈਠਾ ਸੀ ਓਥੇ ਚਲੇ ਗਏ। ਲਾਲ ਸਿੰਘ ਅਗੋਂ ਉਠਕੇ ਚਰਨ ਫੜ ਲਏ ਕਿ ਮੈਨੂੰ ਬਖ਼ਸ਼ੋ। ਸਤਿਗੁਰੂ ਜੀ ਬਚਨ ਕੀਤਾ ਕਿ ਹੋਰ ਮਹਿੰ[2] ਲੈ ਆਵੀਂ ਜੇ ਓਹ ਮਰ ਗਈ ਹੈ। ਗੁਰਦਵਾਰਿਓਂ ਮਹਿੰ ਲੈ ਗਿਆ ਸੀ ਉਹ ਮਰ ਗਈ ਸੀ। ਉਹ ਸੰਸਾ ਉਸ ਕਾ ਨਵਿਰਤ ਕੀਤਾ। ਵਰਿਆਹੀ ਛੇ ਅਨੰਦ ਹੋਏ। ਬੜੀ ਖੁਸ਼ੀ ਹੋਈ। ਲੋਗ ਧਰਮ ਰੀਤੀ ਦੇਖਣ ਆਏ।

ਸਰਹਾਲੀ ਵਿਚੋਂ ਜਾਂ ਤਰਨ ਤਾਰਨ ਆਏ ਜੀਊਣ ਸਿੰਘ ਆਖਦਾ ਫਿਰੇ ਮੈਂ ਰਾਮ ਹਾਂ। ਸਤਿਗੁਰੂ ਜੀ ਬਚਨ ਕੀਤਾ ਕਿ ਪਿਆ ਭੌਂਕੀ ਜਾਵੇ। ਫੇਰ ਕਹਿਣ ਲਗਾ ਮੈਂ ਵਿਸ਼ਟਾ ਕਾ ਕਿਰਮ ਹਾਂ। ਫੇਰ ਦਰਸ਼ਨ ਦੇਂਦੇ ਆਏ।

ਅਗਲੇ ਪਿੰਡ ਵਾਲਾ ਜੋ ਸੀ ਤਿਸਨੇ ਲੈਹਣਾ ਲੈਣਾ ਸੀ। ਨਾ ਸੀ ਮਿਲਦਾ। ਤਾਂ ਅਰਜ਼ ਕੀਤੀ ਜੀ ਮੈਨੂੰ ਰੁਪਈਏ ਨਹੀਂ ਮਿਲਦੇ ਹੈਂ। ਬਚਨ ਕੀਤਾ ਗੁਰੂ ਜੀ ਜੇਕਰ ਤੂੰ ਜਾਇਕੇ ਸਰਹਾਲੀ ਵਾਲੇ ਸ਼ਾਮ ਸਿੰਘ ਦੀ ਮੋਹਰ ਲਵਾਇ ਲਿਆਵੇਂ ਤਾਂ ਰੁਪਏ ਤਰ ਜਾਣਗੇ ਨਾਲੇ ਉਨ੍ਹਾਂ ਕੀ ਲੋਹ ਪੁੱਟ ਆਵੀਂ। ਸਿੰਘ ਨੇ ਸਰਹਾਲੀ ਵਾਲੇ ਸ਼ਾਮ ਸਿੰਘ ਕੋ ਜਾਇ ਸਾਰਾ ਹਾਲ ਸੁਣਾਇਆ ਏਹ ਹੁਕਮ ਹੈ ਸ੍ਰੀ ਸਤਿਗੁਰੂ ਜੀ ਕਾ। ਸ਼ਾਮ ਸਿੰਘ ਨੇ ਮੋਹਰ ਲਾਇ ਦਿੱਤੀ।

ਸਿੰਘ ਨੇ ਕਹਾ ਕਿ ਮੈਨੂੰ ਲੋਹ ਪੁੱਟ ਦੇਣ ਦਾ ਹੁਕਮ ਹੈ। ਸ਼ਾਮ ਸਿੰਘ ਨੇ ਕਹਾ ਜਿਵੇਂ ਤੈਨੂੰ ਹੁਕਮ ਹੈ ਤਿਵੇਂ ਕਰ। ਸਿੰਘ ਨੇ ਲੋਹ ਪੁੱਟ ਦਿੱਤੀ ਤੇ ਚਲਾ ਆਇਆ। ਰਾਤੋ ਰਾਤ ਕੁੱਤਿਆਂ ਨੇ ਐਤਨਾ ਮੈਲਾ ਕੀਤਾ ਲੋਹ ਵਾਲੀ ਜਗ੍ਹਾ, ਕੁਝ ਕਹਿਣ ਕੀ ਬਾਤ ਨਹੀਂ। ਦਿਨ ਚੜੇ ਦੇਖਾ, ਕਹਿਣ ਲਗੇ ਗੁਰੂ ਜੀ ਕਾ ਵਾਕ ਪੂਰਾ ਹੋਇਆ ਲੋਹ ਨਾ ਰਹੀ। ਸ਼ਾਮ ਸਿੰਘ ਕੀ ਸਿੰਘਨੀ ਨੇ ਕਹਾ ਉਸ

1 ਪਿਤਾ ਦਾ ਨਾਂ ਰਾਜਾ ਸਿੰਘ

2 ਮੱਝ ।

ਦਿਨ ਥੀਂ ਘਾਟਾ ਹੀ ਪੈਂਦਾ ਗਿਆ। ਵਾਧਾ ਨਹੀਂ ਹੋਇਆ। ਜ਼ਮੀਨ ਭੀ ਸਾਰੀ ਗਹਿਣੇ ਧਰ ਕੇ ਖਾ ਲਈ। ਦਰਸ਼ਨ ਦੇਂਦੇ ਨਾਮ ਦਾ ਗੱਫਾ ਵਰਤਾਂਦੇ ਰਾਮਦਾਸਪੁਰੇ ਸਾਹਿਬ ਮੈ ਆਏ। ਸਭ ਸਿੰਘਾਂ ਨੇ ਸੀਸ ਨਿਵਾਇਆ।

## ਕਿਉਂ ਨੌਕਰੀ ਕਰਨੀ ਹੈ

ਸ੍ਰੀ ਸਤਿਗੁਰੂ ਜੀ ਅਕਾਲ ਬੁੰਗੇ ਖੂਹ ਪਰ ਬੈਠੇ ਹੈਂ। ਦੋ ਸਿੰਘ ਮਾਝੇ ਕੇ ਆਏ। ਅਤਰ ਸਿੰਘ ਕਲਸੀਆਂ ਕਾ ਪਰਤਾਪ ਸਿੰਘ ਸੰਘਿਆਂ ਕਾ (ਸੋਭਾ ਸਿੰਘ ਕਾ ਦਾਦਾ)। ਅੰਤਰਜਾਮੀ ਗੁਰੂ ਜੀ ਬਚਨ ਕੀਤਾ ਧੁਆਡੇ ਨਾਵੇਂ ਕਿਵੇਂ ਕੱਟੇ ਹੈਂ, ਏਨਾਂ ਨੂੰ ਤਾਂ ਆਦਮੀਂ ਕੀ ਲੋੜ ਬਹੁਤ ਹੈ। ਸਿੰਘ ਕਹਿਣ ਲਗੇ ਜੀ ਸਾਨੂੰ ਜਮਾਂਦਾਰ ਨੇ ਕਹਾ ਕਿ ਏਸ ਫੌਜ ਵਿਚ ਏਹ ਹੁਕਮ ਹੈ ਕਿ ਮਸ਼ਕ ਕਾ ਪਾਣੀਂ ਤੇ ਲੋਹ ਕਾ ਫੁਲਕਾ ਖਾਣਾ। ਤੁਸੀਂ ਕਿਓਂ ਗੜਵੇ ਕਾ ਪਾਣੀ ਪੀਂਦੇ ਹੋ। ਨਿਆਰੇ ਕਿਉਂ ਰਹਿੰਦੇ ਹੋ। ਜੋ ਫੌਜ ਹੁਕਮ ਮੰਨਦੀ ਹੈ ਸੋ ਤੁਸੀਂ ਮੰਨੋਂ। ਅਸਾਂ ਕਹਿਆ ਸਾਨੂੰ ਸਤਿਗੁਰੂ ਜੀ ਕਾ ਹੁਕਮ ਹੈ ਆਪਣੇਂ ਹੱਥ ਦਾ ਜਲ ਛਕਣਾ। ਕਿਸੇ ਕੇ ਹੱਥ ਕਾ ਨਹੀਂ ਛਕਣਾ। ਆਪਸ ਮੈ ਬਿਗੜ ਪਏ। ਉਹ ਕਹਿਣ ਮਸ਼ਕ ਕਾ ਪਾਣੀ ਪਿਲਾਵਣਾ ਹੈ। ਅਸੀਂ ਕਹੀਏ ਆਪਣੇ ਹੱਥ ਕਾ ਗੜਵੇ ਡੋਰੀ ਕਾ ਛਕਾਂਗੇ। ਅਸਾਂ ਤਲਵਾਰਾਂ ਖਿੱਚ ਲਈਆਂ। ਝਟ ਰਪਟ ਗਈ। ਝਟ ਫਾਲਮ ਹੋਈ। ਫ਼ਰੰਗੀ ਭੀ ਆਇ ਗਿਆ। ਕਹਿਣੇ ਲਗਾ ਮੈਨੂੰ ਪਹਿਲਾਂ ਬਿਆਨ ਪੁਛ ਲੈਣ ਦਿਓ। ਕਹਿਣੇਂ ਲਗਾ ਖਾਲਸਾ ਜੀ ਤੁਸੀਂ ਹੁਕਮ ਅਦੂਲੀ ਕੀਤੀ ਹੈ। ਧੁਆਨੂੰ ਕੀ ਹੋਇਆ ਤੁਮ ਬੀਮਾਰ ਹੋ ਗਏ ਹੋ? ਸਿੰਘਾਂ ਨੇ ਕਹਾ ਕਿ ਸ੍ਰੀ ਸਤਿਗੁਰੂ ਜੀ ਦਾ ਭਜਨ ਲਿਆ ਹੋਇਆ ਹੈ। ਨਾਮਧਾਰੀ ਸਾਨੂੰ ਕਹਿੰਦੇ ਹੈ। ਜੋ ਦਸਵੇਂ ਪਾਤਸ਼ਾਹ ਕੀ ਰੀਤੀ ਹੈ ਸੋ ਕਰਦੇ ਹੈਂ। ਫ਼ਰੰਗੀ ਨੇ ਕਹਾ ਕਿ ਅਸੀਂ ਕਿਸੇ ਕਾ ਕਿਓਂ ਇਮਾਨ ਤੋੜਨਾ ਹੈ। ਅੜਬੰਗ ਸਿੰਘ ਤੇ ਬਾਬਾ ਸ਼ਾਮ ਸਿੰਘ[1] ਲਾਖਣੇਂ ਦੇ, ਇਨਾਂ ਦਾ ਨਾਮ ਭੀ ਕੱਟਿਆ। ਨਾਵੇਂ ਕੱਟ ਦੀਏ। ਸਾਰੇ ਮੁਲਖ ਕੀਆਂ ਫੌਜਾਂ ਮੈ ਹੁਕਮ ਭੇਜ ਦੀਆ ਕੇ ਨਾਮਧਾਰੀ ਕੋ ਕੋਈ ਫੌਜ ਮੈ ਨਾ ਰੱਖੋ। ਜੋ ਫੌਜ ਵਿਚ ਹੈ ਤਿਸ ਦਾ ਨਾਵਾਂ ਕੱਟਿਆ ਜਾਵੇ। ਸੋ ਸਾਡੇ ਨਾਮ ਕੱਟੇ ਗਏ ਹੈਂ। ਅਸੀਂ ਆਪ ਕਾ ਦੀਦਾਰ ਕਰਨੇ ਪਹਿਲੇ ਰਾਮਦਾਸਪੁਰੇ ਮੈ ਆਏ ਹੈਂ। ਦਰਸ਼ਨ ਕਰਕੇ ਸਰਬ ਦੁਖ ਦੂਰ ਹੋਏ ਹੈਂ। ਬਚਨ ਕੀਤਾ ਸਤਿਗੁਰੂ ਜੀ ਘਰ ਮੇਂ ਕਿਰਤ ਕਰਕੇ ਛਕੋ ਛਕਾਵੋ। ਕਿਓਂ ਨੌਕਰੀ ਕਰਨੀ ਹੈ। ਨਾਮ ਜਪੋ ਜਨਮ ਸਵਾਰੋ।

## ਕਾਸੇ ਕੀ ਕਮੀ ਨਾ ਰਹੀ

ਏਕ ਸਿੰਘ ਨੇ ਕਹਿਆ ਤੁਸੀਂ ਕਹਿੰਦੇ ਸੇ ਫ਼ਰੰਗੀ ਦੀ ਨੌਕਰੀ ਨਾ ਕਰ। ਕਿਸੇ ਰਾਜੇ ਦੀ ਨੌਕਰੀ ਕਰ ਲਵਾਂ? ਬਚਨ ਹੋਇਆ ਅਕਾਲ ਪੁਰਖ ਕੀ ਨੌਕਰੀ ਕਰ। ਤੈਨੂੰ ਨੌਕਰਾਂ ਨਾਲੋਂ ਸੌਖਾ ਰੱਖਾਂਗੇ। ਭਜਨ ਲੈ ਲਿਆ ਲਾਲੀਆਂ ਚੜ੍ਹੀਆਂ। ਸਿੰਘ ਸੱਜਿਆ। ਪੰਜ ਕਕੇ ਦੀ ਰੀਤੀ ਧਾਰਨ ਕੀਤੀ। ਨਿਸਚਾ ਹੋਇਆ ਜੋ ਠੀਕ ਅਕਾਲ ਪੁਰਖ ਨੇ ਕਲੇਵਰ ਧਾਰਿਆ ਹੈ ਪਾਪੀਆਂ ਦੇ ਉਧਾਰ

---

1 ਪੁੱਤਰ ਸ੍ਰ. ਸਾਵਨ ਸਿੰਘ, ਕੂਕਾਜ਼ ਆਫ ਨੋਟ ਇਨ ਦੀ ਪੰਜਾਬ- ਪੰਨਾ ੯੬। ਬਾਬਾ ਸ਼ਾਮ ਸਿੰਘ ਗੁਰੂ ਹਰੀ ਸਿੰਘ ਜੀ ਤੋਂ ੨-੩ ਸਾਲ ਬਾਅਦ ਚੜ੍ਹਾਈ ਕੀਤੀ ਗੁਰਦਵਾਰੇ ਸ੍ਰੀ ਰਾਮਦਾਸਪੁਰੇ।

ਕਰਨ ਨੂੰ। ਬਾਹਰ ਕੀਆਂ ਬਿਰਤੀਆਂ ਸਭ ਛੁੱਟ ਗਈਆਂ। ਨਾਮ ਕਾ ਹੀ ਰਟਨ ਪੈ ਗਿਆ ਹੈ। ਜੋ ਫੁਰਨਾ ਹੋਵੇ ਸੋ ਪੂਰਾ ਹੋਵੇ। ਕਾਸੇ ਕੀ ਕਮੀ ਨਾ ਰਹੀ। ਨਾਮ ਕੇ ਪਰਤਾਪ ਸੇ ਰਿੱਧੀਆਂ ਸਿੱਧੀਆਂ ਹਾਜਰ ਰਹਿਣ ਲੱਗੀਆਂ। ਸੁਧ ਸੰਕਲਪ ਹੋਣੇ ਸੇ ਕਰਤੇ ਪੁਰਖ ਜੀ ਆਪਣਾ ਪਰਤਾਪ ਦਿਖਾਇਆ। ਆਤਮਾ ਕੇ ਸੁਖ ਮੈ ਬਿਰਤੀ ਸਮਾਇ ਗਈ। ਮਾਇਆ ਕੀ ਚੇਸ਼ਟਾ ਕੀਆਂ ਵਾਸ਼ਨਾਂ ਨਾਸ ਹੋਈਆਂ ਮਨ ਮੈ ਪ੍ਰਗਾਸ ਹੋਣੇ ਸੇ।

## ਸਰਪ ਕਾ ਮਾਰਨਾ ਪਾਪ ਹੈ

ਇਕ ਸਿੰਘ ਨੇ ਅਰਜ਼ ਕੀਤੀ ਜੀ ਮੇਰੇ ਤੇ ਸੱਪ ਮਰ ਗਿਆ ਹੈ। ਬਚਨ ਹੋਇਆ ਤੈਂ ਜਾਣਕੇ ਮਾਰਿਆ ਹੈ? ਕਹਿਣ ਲਗਾ ਜੀ ਮਾਰਿਆ ਤੇ ਜਾਣਕੇ ਹੈ। ਬਚਨ ਹੋਇਆ ਮੇਰੇ ਸਾਮ੍ਹਣਿਓਂ ਹਟ ਜਾਓ। ਸੂਬਿਆਂ ਨੇ ਅਰਜ਼ ਕੀਤੀ ਜੀ ਭੁਲ ਬਖ਼ਸ਼ੌਂਦਾ ਹੈ। ਬਚਨ ਹੋਇਆ ਇਕ ਤਾਂ ਗਊ ਪੁੰਨ ਕਰ ਲਵੇਰੀ। ਭੋਗ ਗ੍ਰੰਥ ਸਾਹਿਬ ਜੀ ਦਾ ਪਵਾਉਣਾ। ਫੇਰ ਨਹੀਂ ਏਹ ਕੰਮ ਕਰਨਾ। ਸਰਬ ਜੀਵ ਪਰਮੇਸਰ ਕੇ ਹੈਂ। ਸਰਪ ਡੰਗ ਨਹੀਂ ਮਾਰਦਾ ਭਾਵੇਂ ਉਤੇ ਦੀ ਲੰਘ ਜਾਏ। ਜਦ ਪਰਮੇਸ਼ਰ ਦਾ ਹੁਕਮ ਹੁੰਦਾ ਹੈ ਤਾਂ ਡੰਗ ਮਾਰਦਾ ਹੈ। ਤਾਂ ਮੂੰਹ ਖੁਲ੍ਹਦਾ ਹੈ। ਸਰਪ ਕਾ ਮਾਰਨਾ ਬੜਾ ਦੋਸ਼ ਅਰ ਪਾਪ ਹੈ।

ਦੀਪਮਾਲਾ ਕੇ ਪਿੱਛੋਂ ਹੀਰਾ ਸਿੰਘ ਅਰ ਮਸਤਾਨੇ ਫੇਰ ਆਏ ਰਾਮਦਾਸਪੁਰੇ ਸਾਹਿਬ। ਸਵੈਯੇ ਪੜਦੇ ਹੈ:-

ਧੰਨ ਜੀਓ ਤਿਹਕੋ ਜਗ ਮੈ ਮੁਖ ਤੇ ਹਰਿ ਚਿੱਤ ਮੈ ਜੁਧੁ ਬਿਚਾਰੈ।
ਦੇਹ ਅਨਿੱਤ ਨ ਨਿੱਤ ਰਹੈ ਜਸੁ ਨਾਵ ਚੜੈ ਭਵਸਾਗਰ ਤਾਰੈ।
ਧੀਰਜ ਧਾਮ ਬਨਾਇ ਇਹੈ ਤਨ ਬੁੱਧਿ ਸੁ ਦੀਪਕ ਜਿਉ ਉਜਿਆਰੈ।
ਗਿਆਨਹਿ ਕੀ ਬਢਨੀ ਮਨਹੁ ਹਾਥ ਲੈ ਕਾਤਰਤਾ ਕੁਤਵਾਰ ਬੁਹਾਰੈ[1]।

ਐਸੇ ਐਸੇ ਜੁਧ ਮਈ ਸਲੋਕ ਉਚਾਰਦੇ ਹੈਂ। ਖੁਦ ਮਸਤੀ ਮੈਂ ਹੋਇਕੇ ਸਿੰਘਾਂ ਨੇ ਕਹਿਣਾ ਧਾਵਾ ਕਰਕੇ ਬੁੱਚੜ ਬੱਢੋ। ਗਊ ਕਾ ਦੁੱਖ ਭਾਰੀ ਹੈ।

## ਅਸੀਂ ਦੂਰ ਜਾਵਾਂਗੇ

ਜਾਣੇ ਸੇ ਬੀਸ ਦਿਨ ਅਗਾਊਂ ਦੀਨਾਨਾਥ ਜੀ ਬਚਨ ਕੀਤਾ ਦਿਨ ਤਾ ਰਹਿ ਗਏ ਥੋੜੇ। ਤਬੇਲੇ ਵਿਚੋਂ ਆਇਕੇ ਡਿਓਢੀ ਮੈ ਫੇਰ ਬਚਨ ਕੀਤਾ ਦਿਨ ਤਾਂ ਰਹਿ ਗਏ ਥੋੜੇ। ਬਾਬੇ ਜੱਸਾ ਸਿੰਘ ਜੀ ਕੇ ਪਾਸ ਬੈਠਕੇ ਬਚਨ ਕੀਤਾ ਬਾਬਾ ਅਸੀਂ ਹੁਣ ਦੂਰ ਜਾਵਾਂਗੇ। ਬਾਬੇ ਜੀ ਬਚਨ ਕੀਤਾ ਮੈਨੂੰ ਭੀ ਲੈ ਚੱਲੋ ਨਾਲ। ਬਚਨ ਹੋਇਆ ਅਸੀਂ ਜਰੂਰ ਹੀ ਜਾਣਾ ਹੈ ਦੂਰ। ਬਾਬੇ ਜੀ ਬਚਨ ਕੀਤਾ ਮੈਨੂੰ ਕਦ ਦਰਸ਼ਨ ਹੋਊਗਾ? ਬਚਨ ਕੀਤਾ ਬਾਬਾ ਜਦ ਜਾਦ ਕਰੋਗੇ ਤਦ ਈ ਆ ਜਾਵਾਂਗਾ। ਬੁੱਧ ਸਿੰਘ ਤੇਰੇ ਪਾਸ ਰਹੇਗਾ। ਅਸਾਂ ਜਾਣਾ ਈ ਹੈ ਫੇਰ ਆਵਾਂਗੇ। ਸਰਬ ਖਾਲਸਾ

---

1 ਦਸਮ ਗ੍ਰੰਥ, ਸ੍ਰੀ ਕਿਸਨ ਅਵਤਾਰ, ਸਵੈਯਾ- ੨੪੯੨.

ਸੁਣਕੇ ਸੋਚਾਂ ਕਰਦਾ ਹੈ ਹੋਰ ਕਿੱਧਰ ਨੂੰ ਜਾਣਾ ਹੈ? ਸ੍ਰੀ ਹਜ਼ਰੋਂ ਨੂੰ ਜਾਣਗੇ। ਜਦ ਰੰਗੂਨ ਗਏ ਬੀਸ ਦਿਨ ਪਾਛੇ ਤਾਂ ਸਿੰਘਾਂ ਨੇ ਜਾਣਿਆਂ ਜੋ ਅੰਤਰਜਾਮੀ ਜੀ ਬਚਨ ਕਰਦੇ ਸੇ ਸੋ ਪੂਰੇ ਹੋਏ ਹੈਂ।

ਇਕ ਦਿਨ ਦੀਨਾਨਾਥ ਜੀ ਬਚਨ ਕੀਤਾ ਤੁਸੀਂ ਭਜਨ ਨਹੀਂ ਕਰਨ ਦੇਂਦੇ ਹੋ, ਹੁਣ ਅਕੰਤ ਜਾਇਕੇ ਭਜਨ ਕਰਾਂਗੇ। ਏਕ ਸਿੰਘ ਨੇ ਕਹਾ ਜਿੱਧਰ ਜਾਵੋਗੇ ਉੱਧਰ ਨਾਲ ਹੀ ਜਾਵਾਂਗੇ। ਦੀਨ ਦਿਆਲ ਜੀ ਬਚਨ ਕੀਤਾ ਸਾਡੀ ਵੰਨੇ ਕੋਈ ਨਹੀਂ ਆਊਗਾ। ਜੋ ਆਊਗਾ ਸੋ ਔਖਾ ਹੋਊਗਾ। ਸਿੰਘ ਨੇ ਕਹਾ ਕਿ ਲੰਗਰ ਕਾ ਤੇ ਘੋੜਿਆਂ ਕਾ ਕੌਣ ਬਾਲੀ ਹੋਊਗਾ? ਬਚਨ ਹੋਇਆ ਸਾਡਾ ਕਿਸੇ ਕੀ ਚੁੱਕ ਲੈਣਾ ਹੈ? ਜੇ ਕੋਈ ਚੁੱਕੂਗਾ ਵੀ ਤਾ ਧਰ ਦੇਊਗਾ ਆਪੇ।

## ਪਾਛੇ ਆਵੇ ਪਾਛੇ ਬਹੇ

ਦੀਵਾਨ ਲਗੇ ਹੋਏ ਮੈ ਸਿੰਘ ਬੋਲ ਪਏ। ਰਾਗੀ ਬੰਦ ਕਰਕੇ ਸਤਿਗੁਰੂ ਜੀ ਬਚਨ ਕੀਤਾ ਕੈਸਾ ਰੌਲਾ ਹੈ? ਇਕ ਸਿੰਘਣੀ ਨੇ ਕਹਿਆ ਜੀ ਮੈਂ ਪਹਿਲੇ ਬੈਠੀ ਹਾਂ ਏਹ ਹੁਣ ਆਇਕੇ ਅੱਗੇ ਬੈਠਣਾ ਚਾਹੁੰਦੇ ਹੈਂ। ਸਤਿਗੁਰੂ ਜੀ ਖੜੇ ਹੋਇਕੇ ਬਚਨ ਕੀਤਾ ਸਿੰਘੋ ਕਰੋ ਅਦਾਲਤ ਸਿੰਘਾਂ ਕਹਿਆ ਜੀ ਅਦਾਲਤ ਦਾ ਮਾਲਿਕ ਤੂੰ ਹੀ ਹੈਂ। ਬਚਨ ਕੀਤਾ ਗੁਰੂ ਜੀ ਸੁਣ ਤਾਂ ਭਾਈ ਓਹ ਸਵਾ ਪਹਿਰ ਰਾਤ ਸੇ ਇਸ਼ਨਾਨ ਕਰਕੇ ਬੈਠੀ ਹੈ ਤੇ ਤੂੰ ਹੁਣ ਆਇਆ ਹੈ। ਏਹ ਜਗ੍ਹਾ ਗੁਰਦੁਆਰੇ ਕੀ ਹੈ। ਜੇਹੜਾ ਅੱਗੇ ਆਕੇ ਬੈਠ ਜਾਇ ਸੋ ਬੈਠਾ ਰਹੇ, ਜੇਹੜਾ ਪਾਛੇ ਆਵੇ ਸੋ ਪਾਛੇ ਬਹੇ। ਹੁਣ ਬਹਿ ਜਾਣ ਦਿਉ ਬੀਬੀ, ਸਾਧ ਸੰਗਤ ਮੈ ਆਇ ਗਿਆ ਹੈ।

## ਜੋ ਏਥੇ ਰਹੇਗਾ ਔਖਾ ਹੋਵੇਗਾ

ਦੀਨ ਦਿਆਲ ਜੀ ਬਚਨ ਕੀਤਾ ਆਪੋ ਆਪਣਿਆਂ ਘਰਾਂ ਨੂੰ ਚਲੇ ਜਾਓ। ਜੇਹੜਾ ਏਥੇ ਰਹੇਗਾ ਸੋ ਅਉਖਾ ਹੋਊਗਾ, ਦੁੱਖ ਪਾਵੇਗਾ। ਕਈ ਸਿੰਘ ਆਸਾ ਕੀ ਵਾਰ ਸੁਣਕੇ ਪ੍ਰਸ਼ਾਦ ਛਕ ਕੇ ਖੁਸ਼ੀਆਂ ਲੈ ਕੇ ਤੁਰੇ ਘਰਾਂ ਨੂੰ। ਜਿਨ੍ਹਾਂ ਨੇ ਬਚਨ ਨਾ ਮੰਨਿਆ ਸੋ ਚੁਪ ਕਰ ਰਹੇ। ਕਈਆਂ ਨੇ ਸਮਝਿਆ ਕੋਈ ਸਾਂਗ ਵਰਤਾਵਣਗੇ।

ਜਾਨੇ ਸੇ ਆਠ ਦਿਨ ਅਗਾਊ ਬਚਨ ਕੀਤਾ ਬਿੱਲੇ ਹੁਣ ਸਾਨੂੰ ਏਥੇ ਨਹੀਂ ਰਹਿਣ ਦੇਂਦੇ ਹੈ ਏਸੇ ਸਮੇ ਲੈ ਜਾਣਗੇ। ਜਾਂ ਸਾਡੀਆਂ ਸਿੜੀਆਂ ਹੋਣਗੀਆਂ ਜਾਂ ਬਿਲਿਆਂ ਕੀਆਂ ਹੋਣਗੀਆਂ।

## ਜੜ੍ਹਾਂ ਪੱਟੀਆਂ ਜਾਣਗੀਆਂ

ਸੁੱਖੂ ਤੇ ਸੀਹਾਂ ਦੋਨੋਂ ਨਿੰਦਾ ਮੁਕਬਲੀ ਕਰਦੇ ਹੈਂ। ਦੀਨ ਦਿਆਲ ਜੀ ਬਚਨ ਕੀਤਾ ਦੇਖ ਸੁੱਖੂ ਬੈਕੁੰਠ ਨੂੰ ਪੌੜੀਆਂ ਲਗੀਆਂ ਹੋਈਆਂ ਹੈਨ। ਜੋ ਇਸ ਖ਼ਾਲਸੇ ਨਾਲ ਖੋਟੀ ਬਾਤ ਕਰੇਗਾ ਉਸ ਕੀਆਂ ਜੜ੍ਹਾਂ ਪਟੀਆਂ ਜਾਣਗੀਆਂ। ਕਹਿਣੇ ਲਗੇ ਜੀ ਜ਼ਰੂਰ ਪਟੀਆਂ ਜਾਣਗੀਆਂ। ਫੇਰ ਪਾਛੇ ਭੀ ਮੁਕਬਲੀ ਕਰਦੇ ਰਹੇ। ਦੋਨਾਂ ਦੇ ਪਾਛੇ ਘਰ ਖੋਲੇ ਹੋਇ ਗਏ। ਜੜ੍ਹਾਂ ਪਟੀਆਂ ਗਈਆਂ। ਕੁਝ ਨਾ ਰਹਿਆ। ਵਾਕ ਪੂਰਾ ਹੋਇਆ।

## ਮਾਘੀ ੧੯੨੮ ਬਿ: ਅਤੇ ਮਾਤਾ ਜੱਸਾਂ ਦਾ ਭੋਗ, ੧੨ ਜਨਵਰੀ ੧੯੭੧ ਈ.

ਅੱਗੇ ਮਾਘੀ ਨੇੜੇ ਆਈ। ਸ੍ਰੀ ਸਤਿਗੁਰੂ ਜੀ ਹੁਕਮ ਦਿੱਤਾ ਜੱਸਾਂ ਕੇ ਭੋਗ ਪੌਣੇ ਹੈਂ। ਚਿੱਠੀਆਂ ਲਿਖ ਭੇਜੋ ਮਾਘੀ ਪਰ ਭੋਗ ਪੈਣਗੇ ਸਰਬ ਖਾਲਸਾ ਆਵੋ ਰਾਮਦਾਸਪੁਰੇ ਮੈ। ਸਾਰੇ ਦੇਸਾਂ ਨੂੰ ਲਿਖਿਆ। ਜਿਨ੍ਹਾਂ ਨੇ ਦਰਸ਼ਨ ਕਰਨਾ ਹੈ ਮੇਰਾ ਸੋ ਇਸ ਮੇਲੇ ਪਰ ਆਵੋ ਕਰ ਲਵੋ। ਫੇਰ ਦਰਸ਼ਨ ਸਮੇ ਨਾਲ ਹੋਊਗਾ। ਜੱਸਾਂ ਜੀ ਕੇ ਨਮਿਤ ਭੋਗ ਗ੍ਰੰਥ ਸਾਹਿਬ ਜੀ ਕੇ ਪੈਣਗੇ ਮਾਘੀ ਨੂੰ, ਸਰਬ ਖਾਲਸਾ ਜੀ ਦਰਸ਼ਨ ਦੇਵੋ। ਮਾਲਵਾ, ਮਾਝਾ, ਮੈਣ ਦੁਆਬਾ, ਦੜਪ ਦੁਆਬਾ ਸਾਰੇ ਚਿੱਠੀਆਂ ਫਿਰ ਗਈਆਂ।

ਮਾਘੀ ਨੇੜੇ ਆਈ ਤਾਂ ਸਿੰਘਾਂ ਦੀਆਂ ਫੌਜਾਂ ਭੀ ਆਵਨੇ ਲਗੀਆਂ। ਜਿੱਥੇ ਜਿੱਥੇ ਸਿੰਘਾਂ ਨੇ ਸੁਣਿਆ ਸੋ ਸੋ ਸਭ ਆਏ। ਦਰਸ਼ਨ ਕਰਦੇ ਹੈਂ। ਤੀਨ ਤਾਪ ਹਰਦੇ ਹੈਂ। ਮਾਘੀ ਆਈ ਤਾ ਸਰਦਾਰ ਲੋਕ ਔਣ ਲਗੇ। ਰੱਥਾਂ ਪਰ, ਗਡਿਆਂ ਪਰ, ਹੋਰ ਕਈ ਸਵਾਰੀਆਂ ਆਈਆਂ। ਢੋਲਕੀਆਂ ਛੈਣੇ ਬਜਦੇ ਚਲੇ ਆਂਵਦੇ ਹੈਂ। ਦਰਸ਼ਨ ਕਰਕੇ ਮੋਹਣੀ ਮੂਰਤ ਕਾ ਨਿਹਾਲ ਹੁੰਦੇ ਹੈਨ। ਜੈਕਾਰੇ ਗਜਾਉਂਦੇ ਹੈਨ। ਸਬਦ ਪੜ੍ਹਦੇ ਹੈਨ। ਅੰਮ੍ਰਿਤ ਕੀ ਬਾਰਸ਼ ਹੁੰਦੀ ਹੈ ਮਾਨੋਂ ਹੰਸਾਂ ਕੀਆਂ ਡਾਰਾਂ ਫਿਰਦੀਆਂ ਹੈਨ। ਕੋਈ ਮਾਲਾ ਫੇਰਦਾ ਹੈ, ਕੋਈ ਬਾਣੀ ਪੜ੍ਹਦਾ ਹੈ।

ਰਾਮਦਾਰਪੁਰੇ ਜਗ੍ਹਾ ਹੂੰਝੀ। ਬਿਛਾਵਣੇ ਬਿਛਾਏ। ਗ੍ਰੰਥ ਸਾਹਿਬ ਜੀ ਆਏ[1] ਸਭ ਖੜੇ ਹੋਏ। ਫੇਰ ਸਰਦਾਰ ਸੂਬੇ ਸਭੀ ਬੈਠੇ। ਦੀਨ ਦਿਆਲ ਅਕਾਲ ਪੁਰਖ ਜੀ ਆਇ ਬੈਠੇ ਬੀਚ ਮੈ ਮਾਨੋਂ ਸੂਰਜ ਨੂੰ ਪਰਵਾਰ ਲਗਾ ਹੈ। ਲੰਬੀ ਗਰਦਨ ਗੁਰੂ ਜੀ ਕੀ ਹੈ। ਦੂਰ ਸੇ ਦੁਨੀਆਂ ਦੇਖਦੀ ਹੈ ਪਰਸੰਨ ਹੁੰਦੀ ਹੈ। ਕਹਿੰਦੀ ਹੈ ਧੰਨ ਗੁਰੂ ਜੀ ਹੈ ਜਿਨ੍ਹਾਂ ਨੇ ਏਹ ਕਲਾ ਕਲੂ ਕਾਲ ਮੈ ਧਾਰੀ ਹੈ। ਦੇਵਤੇ ਦੀਦਾਰ ਕੋ ਆਏ ਬਿਬਾਨਾਂ ਮੈਂ। ਅਕਾਸ਼ ਭਰ ਗਿਆ।

ਪਾਠੀ ਤਾਬਿਆ ਮੈ ਬਿਠਾਏ। ਕੜਾਹ ਪ੍ਰਸ਼ਾਦ ਲਿਆਂਦਾ। ਸਭ ਖੜੇ ਹੋਏ। ਸ਼ਬਦ ਪੜਦੇ ਭਜਨ ਕਰਦੇ ਆਏ। ਕੜਾਹ ਪ੍ਰਸ਼ਾਦ ਤਾਬਿਆ ਧਰਿਆ। ਭੋਗ ਪੈਣ ਲਗੇ। ਸੁਣ ਸੁਣ ਕੇ ਸਭ ਪਵਿਤਰ ਹੁੰਦੇ ਹੈਂ। ਰਸਨਾ ਨਾਲ ਭਜਨ ਕਰਦੇ ਹੈਨ, ਨੇਤਰਾਂ ਨਾਲ ਮੋਹਣੀ ਮੂਰਤ ਕਾ ਦਰਸ਼ਨ ਕਰਦੇ ਹੈਂ। ਮਾਨ ਸਰੋਵਰ ਜੋ ਹੈ ਸ੍ਰੀ ਸਤਿਗੁਰੂ ਜੀ ਤਿਨਾਂ ਕੇ ਸਾਮਣੇ ਸਿੰਘ ਨਾਮ ਕੇ ਮੋਤੀ ਚੁਗਦੇ ਹੈਂ। ਹੁਕਮ ਇਹ ਦਿੱਤਾ ਪਾਂਚ ਸਿੰਘ ਉੱਚੀ ਪਾਠ ਕਰੋ ਹੋਰ ਸਿੰਘ ਹੌਲੀ ਹੌਲੀ ਪਾਠ ਕਰੋ। ਇਕੋਤਰ ਸੌ ਭੋਗ ਪਿਆ।

ਇਕ ਸਿੰਘ ਨੇ ਕਹਿਆ ਜੀ ਜੋ ਝੂਠੇ ਰਾਜੇ ਹੈਂ ਓਨਾਂ ਕੇ ਅੱਗੇ ਚੋਬਦਾਰ ਚਾਂਦੀ ਕੀ ਛੁਟੀ ਲੈ ਕੇ ਖੜੇ ਹੁੰਦੇ ਹੈਂ। ਤੁਸੀਂ ਤਾਂ ਜੀ ਸੱਚੇ ਪਾਤਸ਼ਾਹ ਹੋ। ਏਕ ਸਿੰਘ ਚਾਂਦੀ ਕੀ ਛਟੀ ਲੈ ਕੇ ਖੜਾ ਚਾਹੀਏ। ਬਾਬਾ ਬ੍ਰਹਮਾ ਸਿੰਘ ਛਟੀ ਲੈ ਆਇਆ। ਸੋ ਉਸ ਵਕਤ ਦੀਨ ਦਿਆਲ ਜੀ ਨਿਗਾਹ ਸਾਰਿਆਂ ਸਿੰਘਾਂ ਪਰ ਕੀਤੀ। ਭਗਵਾਨ ਸਿੰਘ ਫੱਤੇਵਾਲੀਏ ਨੂੰ ਸੱਦ ਕੇ ਛਟੀ ਚਾਂਦੀ ਦੀ ਫੜਾ ਕੇ ਖੜੇ ਕੀਤੇ। ਦੀਵਾਨ ਕੀ ਛਬ ਕੋ ਦੇਖਕੇ ਇੰਦਰ ਸਭਾ ਭੀ ਮਾਨੋ ਲੱਜਾ ਮਾਨ ਹੁੰਦੀ ਹੈ।

---

1 ੨੫ ਸ੍ਰੀ ਗ੍ਰੰਥ ਸਾਹਿਬ ਪ੍ਰਕਾਸ਼ ਕੀਤੇ ਸਨ ਇਕੱਠੇ।

ਬਾਬਾ ਸਨਮੁਖ ਸਿੰਘ ਨੇ ਅਰਜ਼ ਕੀਤੀ ਜੀ ਪ੍ਰਾਨੀ ਕੇ ਚੜ੍ਹੇ ਕਾ ਜੋ ਭੋਗ ਹੈ ਤਿਸਕੇ ਪਾਛੇ ਸਦ ਪੜ੍ਹਿਆ ਚਾਹੀਏ। ਕਈ ਪੜ੍ਹਦੇ ਹੈਂ ਕਈ ਨਹੀਂ ਪੜ੍ਹਦੇ। ਸ੍ਰੀ ਸਤਿਗੁਰੂ ਜੀ ਹੁਕਮ ਦਿੱਤਾ ਕਿ ਸਭ ਸਦ ਪੜਿਆ ਕਰੋ। ਜਿਸ ਪ੍ਰਾਣੀ ਦੇ ਨਮਿਤ ਬਹੁਤ ਭੋਗ ਹੋਣ ਉਸ ਕੇ ਨਮਿਤ ਇਕ ਵਾਰ ਸਦ ਪੜਿਆ ਚਾਹੀਏ। ਤਾਂ ਸਦ ਪੜ੍ਹਨੇ ਲਗੇ। ਸਲੋਕ ਪੜ੍ਹੇ, ਰਾਗਮਾਲਾ ਪੜ੍ਹੀ। ਸਦ ਪੜਿਆ ਅਰਦਾਸਾ ਕੀਤਾ। ਸੀਸ ਨਿਵਾਇਆ ਤੇ ਸਤਿ ਸ੍ਰੀ ਅਕਾਲ ਉੱਚੀ ਸੇ ਗਜਾਇਆ। ਦੀਨ ਦਿਆਲ ਜੀ ਬਚਨ ਕੀਤਾ ਇਹ ਕੜਾਹ ਪ੍ਰਸ਼ਾਦਿ ਕੁਸੰਗੀਆਂ ਨੂੰ ਵਰਤਾਇ ਦੇਵੋ। ਹੋਰ ਨਾ ਕਿਸੇ ਨੂੰ ਦੇਣਾ। ਅਸਵਾਰੇ ਸਾਹਿਬ ਲੈ ਚਲੇ ਸਿੰਘ ਚੌਰੀਆਂ ਕਰਦੇ ਤੇ ਸਬਦ ਪੜ੍ਹਦੇ। ਕੜਾਹ ਪ੍ਰਸ਼ਾਦਿ ਲੱਗਾ ਵਰਤਣ। ਪ੍ਰਸੰਨ ਕਰਕੇ ਛਕਾਵਣ । ਪੰਗਤਾਂ ਉਠਾਇਕੇ ਫੇਰ ਬਠਾਇ ਬਰਤਾਵਣ।

ਮਾਤਾ ਜੱਸਾਂ ਜਾਨਕੀ ਕੇ ਅਵਤਾਰ ਥੇ, ਉਸੀ ਨਾਮ ਪਰ ਗੁਰੂ ਰਾਮ ਸਿੰਘ ਜੀ ਰਾਮ ਚੰਦਰ ਕੇ ਅਵਤਾਰ ਹਾਜਰ ਨਾਜਰ ਖੜੇ ਹੈਂ। ਪਿਤਾ ਬਾਬਾ ਜੱਸਾ ਸਿੰਘ ਜੀ ਜਸਰਥ ਕੇ ਅਵਤਾਰ ਹੈ। ਦੀਨਾਨਾਥ ਜੀ ਰਾਮਸਰ ਕੀ ਹੱਦ ਪਰ ਜਾਇ ਸੋਟੀ ਸੁਟਕੇ ਠੰਢਾ ਤੇ ਲੰਬਾ ਹੌਕਾ ਲਿਆ। ਕੋਲੋਂ ਇਕ ਸਿੰਘ ਨੇ ਕਹਿਆ ਜੀ ਆਪ ਤਰਲੋਕੀ ਕੇ ਨਾਥ ਹੈਂ। ਤੁਸਾਂ ਐਡਾ ਹੌਕਾ ਕਿਉਂ ਲਿਆ ਹੈ। ਅੰਤਰਜਾਮੀ ਸ੍ਰੀ ਗੁਰੂ ਜੀ ਬਚਨ ਕੀਤਾ ਜਨਾਨਿਆਂ ਸਰੀਰਾਂ ਕੀ ਬੜੀ ਬੇਅਦਬੀ ਹੋਵੇਗੀ। ਹੋਰ ਭੀ ਸਰਬ ਕੋ ਸੋਕ ਪਹੁੰਚੇਗਾ ਜੈਸੇ ਚੌਧੇ ਸਾਲ ਮੈਂ ਫਰੰਗੀਆਂ ਨੇ ਕੀਤੀ ਸੀ। ਜੋ ਪਹਾੜ ਮੈ ਜਾਇ ਬੜੇਗਾ ਤਿਸ ਕਾ ਧਰਮ ਬਣਿਆ ਰਹੇਗਾ। ਹੋਰ ਦਲੀ ਮਲੀ ਜਾਏਗੀ। ਸਿੰਘ ਏਨਾਂ ਬਚਨ ਸੁਣਕੇ ਚੁਪ ਕਰ ਗਿਆ।

ਬਾਬੇ ਜੱਸਾ ਸਿੰਘ ਜੀ ਕੋ ਭੀ ਮਰਨਾ ਯਾਦ ਰਹਿੰਦਾ ਸੀ। ਖੱਫਣ ਕਾ ਬਸਤਰ ਅਗਾਊਂ ਬਣਾਇਕੇ ਰੱਖ ਦੀਆ ਹੈ ਸੀ।

ਸਵਾ ਪਹਿਰ ਰਾਤ ਨਾਲ ਗੁਰੂ ਜੀ ਇਸ਼ਨਾਨ ਕੀਤਾ। ਆਸਾ ਕੀ ਵਾਰ ਲੱਗੀ। ਵਾਰ ਕਾ ਭੋਗ ਪੈ ਗਿਆ। ਅਰਦਾਸਾ ਕੀਤਾ। ਖੁਸ਼ੀਆਂ ਲੈ ਲੈ ਕੇ ਕਈ ਸਿੰਘ ਚਲੇ ਗਏ।

ਜਿਸ ਦਿਨ ਮਾਈ ਜੱਸਾਂ ਕੇ ਭੋਗ ਪਏ, ਉਸ ਦਿਨ ਘੋੜੀ ਤੇ ਚੜ੍ਹ ਕੇ ਚਮਕੌਰ ਸਾਹਿਬ ਬੰਨ੍ਹੇ ਮੂੰਹ ਕੀਤਾ। ਤਿਨਾਂ ਕੋਹਾਂ ਤੇ ਹੋ ਕੇ ਆਏ। ਆਇਕੇ ਬਚਨ ਕੀਤਾ ਜਿੱਥੋਂ ਤੋੜੀ ਘੋੜੀ ਅੱਜ ਫੇਰ ਆਏ ਹੈਂ ਓਥੋਂ ਤੀਕ ਰਾਮਸਰ ਕੀਆਂ ਬਾਹੀਆਂ ਹੋਣਗੀਆਂ। ਤਿਨ ਕੋਸ ਤੱਕ ਲੰਬੀਆਂ। ਬਾਰਾਂ ਕੋਹਾਂ ਕੇ ਗੇੜ ਮੈ ਹੋਵੇਗਾ ਰਾਮਦਾਸ ਪੁਰਾ।

# ਮਲੇਰ ਕੋਟਲੇ ਦਾ ਸਾਕਾ

## ਤੁਰਕਾਂ ਬੈਲ ਜਿਲ੍ਹਾ ਕੀਤਾ

ਗੁਰਮੁਖ ਸਿੰਘ ਫਰਵਾਹੀ ਕਾ ਨੰਬਰਦਾਰ ਸੀ। ਸੋ ਮਾਘੀ ਪਰ ਦਰਸ਼ਨ ਕੋ ਔਂਦਾ ਸੀ ਰਾਮਦਾਸ ਪੁਰੇ ਸਾਹਿਬ ਨੂੰ। ਮਲੇਰ ਕੋਟਲੇ ਦੇ ਕੋਲ ਦੀ ਲੰਘਣ ਲੱਗਾ ਤਾਂ ਇਕ ਅਰਾਈਂ ਮੂਲੀਆਂ ਲੱਦੀ ਲਈ ਜਾਂਦਾ ਸੀ। ਸਿੰਘ ਨੇ ਕਹਾ ਕਿ ਨਾਲੇ ਬੈਲ ਲਦਿਆ ਹੋਇਆ ਹੈ ਤੇ ਨਾਲੇ ਉਪਰ ਚੜਿਆ ਔਂਦਾ ਹੈਂ? ਤੁਰਕ ਗੁੱਸੇ ਸੇ ਬੋਲਿਆ ਕਿ ਤੈਨੂੰ ਕੀ? ਅਸਾਂ ਤਾਂ ਜਿਬਹ ਕਰ ਦੇਣਾ ਹੈ। ਸਿੰਘ ਕਚਹਿਰੀ (ਮਲੇਰ ਕੋਟਲੇ) ਗਿਆ। ਜਾਂ ਹਾਲ ਸੁਣਾਇਆ ਤਾਂ ਕਚਹਿਰੀ ਵਾਲਿਆਂ ਨੇ ਕਹਾ ਕਿ ਇਸ ਕੋ ਅਭੀ ਜਿਬਾਹ ਕਰ ਦੋ। ਉਸੀ ਵਕਤ ਤੁਰਕਾਂ ਨੇ ਬੈਲ ਜਿਬਾਹ ਕਰ ਦੀਆ। ਕਾਜ਼ੀ ਦਫੇਤਾਰ ਤਹਸੀਲਦਾਰ ਸਭ ਬੀਚ ਸੇ ਉਸੀ ਅਦਾਲਤ ਦੇ ਜਿਨ੍ਹਾਂ ਨੇ ਬੈਲ ਵਾਸਤੇ ਫਤਵਾ ਦੀਆ[1]। ਗੁਰਮੁਖ ਸਿੰਘ ਨੇ ਰਾਮਦਾਸਪੁਰੇ ਸਾਹਿਬ ਵਿਖੇ ਆਕੇ ਹਾਲ ਸੁਣਾਇਆ ਸਤਿਗੁਰਾਂ ਨੂੰ ਸੁਣਕੇ ਗੁਰੂ ਜੀ ਬਚਨ ਕੀਤਾ ਯਾ ਤਾਂ ਕੈਂਹਦਾ ਨਾ ਯਾ ਮਾਰ ਕੇ ਮਰ ਜਾਂਦੋਂ। ਦਿਲ ਵਿਚ ਰੜਕ ਗਈ ਕਿ ਮੇਰਾ ਮਾਰ ਕੇ ਮਰਨਾ ਧਰਮ ਹੈ। ਗੁਰਮੁਖ ਸਿੰਘ ਨੇ ਭਾਈ ਹੀਰਾ ਸਿੰਘ ਅੱਗੇ ਗੱਲ ਕੀਤੀ। ਕਹਾ ਕੇ ਮੈਨੂੰ ਤਾਂ ਸਾਂਤ ਆਵੇਗੀ ਜਾਂ ਪਹਿਲੇ ਕਾਜੀ ਕੋ ਬੱਢ ਲਵਾਂਗਾ। ਸਰਬ ਖਾਲਸਾ ਸੁਣਕੇ ਕਰੋਪ ਹੋਇਆ। ਗੁਰਮੁਖ ਸਿੰਘ ਭੀ ਇਸੇ ਮਿਸਲ ਵਿਚ ਮਿਲਿਆ।

## ਸ਼ਹੀਦੀ ਮਿਸਲ ਤਿਆਰ

ਜੇੜ੍ਹਾ ਸਿੰਘ ਆਇ ਸੁਖ ਨਿਧਾਨ ਮੰਗਦਾ ਹੈ ਭਾਈ ਹੀਰਾ ਸਿੰਘ ਉਸਨੂੰ ਕਹਿੰਦੇ ਹੈਂ ਜੇ ਧਰਮ ਹੇਤ ਸੀਸ ਦੇਣਾ ਹੈ ਤਾਂ ਸੁਖ ਨਿਧਾਨ ਛਕ ਲੈ, ਨਹੀਂ ਧਰਮ ਹੇਤ ਸੀਸ ਦੇਣਾ ਤਾਂ ਨਾ ਛਕ। ਜਿਸ ਕਾ ਸੀਸ ਲਗਣਾ ਹੋਵੇ ਓਹ ਤਾਂ ਨਾਲ ਹੀ ਬਹਿ ਜਾਵੇ ਤਾਂ ਸੁਖ ਨਿਧਾਨ ਦੇਂਦੇ, ਜੇਹੜਾ ਧਰਮ ਹੇਤ ਸੀਸ ਨਾ ਦੇਵੇ ਉਸ ਕੋ ਦੇਗ ਨਾ ਦੇਣੀ। ਦਿਨੋ ਦਿਨ ਮਿਸਲ ਵਧਦੀ ਜਾਂਦੀ ਹੈ। ਸਵੈਯੇ ਗੁਰੂ ਦਸਮੇਂ ਜੀ ਕੀ ਉਪਮਾ ਕੇ, ਬਾਣੀਆਂ ਪੜਦੇ ਹੈਂ। ਗ਼ਮ ਨਹੀਂ ਹੈ ਜਿਨ੍ਹਾਂ ਨੂੰ ਬੇ-ਗ਼ਮ ਹੀ ਬੋਲਾ ਕਰਦੇ ਹੈ ਅਗਲਾ ਭਾਵੇਂ ਗੁੱਸਾ ਈ ਕਰੇ। ਹਰ ਵਖ਼ਤ ਜੁਧਮਈ ਬਚਨ ਕਰਨੇ ਜਾਂ ਭਜਨ ਕਰਨਾ। ਖੁਸ਼ੀ ਹੋਇਕੇ ਕਹਿਣਾ ਹੁਣ ਸਮਾ ਆਇ ਗਿਆ ਹੈ ਸੀਸ ਲਗਣੇ ਕਾ। ਧਰਮ ਹੇਤ ਸੀਸ ਸਾਡੇ ਲਗਣੇ ਹੈਂ ਸਗੋਂ ਚੰਗੀ ਬਾਤ ਹੈ। ਸਿੰਘ ਕਹਿੰਦੇ ਹੈਂ ਚਲੋ ਗਊ ਬੱਧ ਕਰਨ ਵਾਲਿਆਂ ਬੁੱਚੜਾਂ ਨੂੰ ਬਢੀਏ। ਦੁਖੀ ਨਾ ਰਹੇ ਕੋਈ ਜੀਵ ਭੀ। ਜੋ ਬਚਨ ਹੀਰਾ ਸਿੰਘ ਜੀ ਕਰਦੇ ਹੈਂ ਸੋਈ ਬੋਲਾ ਮੰਨਦੇ ਹੈਂ ਸਿੰਘ। ਅਠਾਈ ਬਰਸ ਕੀ ਉਮਰ ਸੀ ਭਾਈ ਹੀਰਾ ਸਿੰਘ ਕੀ ਔਰ ਲਾਲੀਆਂ ਦਗਦੀਆਂ ਹੈਨ। ਸਭ ਲੋਕ ਭੈ ਰੱਖਦੇ ਹੈਂ। ਫੇਰ ਰੜ ਕੇ ਸਿੰਘਾਂ ਕੋ ਜਾਇ ਬੋਲਾ ਕੀਤਾ। ਸੱਤ ਸਿੰਘ ਤਿਆਰ ਹੋਏ। ਸੱਦਾ ਸਿੰਘ ਗੁਰਮੁਖ ਸਿੰਘ ਤਖਾਣ ਸਿੰਘ ਸੇ। ਸੱਦਾ ਸਿੰਘ ਹਰਨਾਮ ਸਿੰਘ ਲੁਹਾਰ ਸਿੰਘ ਸੇ। ਇਸੀ ਤਰਾਂ ਖਾਲਸਾ ਵਧਦਾ ਜਾਂਦਾ ਹੈ।

---

1 ਕਾਜ਼ੀ ਖੁਦਾ ਬਖ਼ਸ਼, ਰਿਸਾਲਦਾਰ ਪ੍ਰੇਮ ਬਖ਼ਸ਼।

ਇਹ ਗੱਲ ਠੱਟੀ ਗਈ ਕੇ ਮਲੇਰ ਕੋਟਲੇ ਪਰ ਧਾਵਾ ਕਰੇਗਾ ਖਾਲਸਾ। ਨਾਲੇ ਰਾਤ ਕੋ ਦ੍ਰਿਸਟਾਨ ਮੈ ਦਰਸ਼ਨ ਹੋਇਆ ਸੁਰਖੀ ਘੋੜੀ ਪਰ ਚੜੇ ਹੋਏ ਹੈਂ ਗੁਰੂਦੇਵ ਜੀ। ਸ੍ਰੀ ਸਾਹਿਬ ਤੇ ਪਾਨਾਂ ਦਾ ਬੀੜਾ ਭਾਈ ਹੀਰਾ ਸਿੰਘ ਕੇ ਅੱਗੇ ਰੱਖਿਆ, ਉਠਾਓ ਪਾਨਾਂ ਕਾ ਬੀੜਾ ਤੇ ਸ੍ਰੀ ਸਾਹਿਬ। ਮਲੇਰ ਕੋਟਲੇ ਪਰ ਧਾਵਾ ਕਰੋ ਤੇ ਸੀਸ ਦੇਵੋ। ਤੁਹਾਡੇ ਸੀਸ ਲਗਣੇ ਹੈ। ਆਗੇ ਦੋ ਫੇਰੀ ਦੀਆ ਹੈ ਹੁਣ ਤੀਜੀ ਫੇਰੀ ਸੀਸ ਦਿਓ ਡੇਰ ਨਾ ਕਰੋ। ਸਮਾ ਪੁਜ ਗਿਆ ਹੈ ਹੁਸ਼ਿਆਰ ਹੋਵੋ। ਧਰਮ ਅਰਥ ਤੁਹਾਡੇ ਸੀਸ ਲਗਣੇ ਹੈਂ। ਸਭਨਾਂ ਨੇ ਵਿਚਾਰਿਆ ਜੋ ਏਹ ਬੋਲਾ ਅਕਾਲ ਪੁਰਖ ਦਾ ਹੈ ਤਾਂ ਤੇ ਸਭਨਾਂ ਨੂੰ ਚਾਹੀਏ ਜੋ ਸੀਸ ਧਰਮ ਨਮਿਤ ਦੇਈਏ।

ਸਿੰਘ ਮਲੇਰ ਕੋਟਲੇ ਪਰ ਧਾਵਾ ਕਰਨ ਨੂੰ ਕਹਿੰਦੇ ਹੈਂ। ਕਹਿੰਦੇ ਹੈਂ ਧਰਮ ਜਹਾਜ ਛੁਟਣਾ ਹੈ। ਜਿਸ ਚੜ੍ਹਨਾ ਹੈ ਸੋ ਚੜੋ। ਬਾਣੀਆਂ ਦਸਵੇਂ ਪਾਤਸ਼ਾਹ ਕੀਆਂ ਪੜ੍ਹਦੇ ਹਨ। ਚੰਡੀ ਦੀ ਵਾਰ, ਚੰਡੀ ਚਰਿਤ੍ਰ, ਅਕਾਲ ਉਸਤਤ, ਚੌਪਈ। ਜਿਨ੍ਹਾਂ ਕੇ ਕੰਠ ਨਹੀਂ ਬਾਣੀ ਉਹ ਪੁਸਤਕ ਉੱਤੋਂ ਪੜਦੇ ਹੈਨ।

## ਬਾਬਾ ਲੱਖਾ ਸਿੰਘ ਭੇਜਿਆ

ਮਾਰਾ ਬੁਕਾਰਾ ਕਰਨੇ ਸੇ ਬਾਬੇ ਲੱਖਾ ਸਿੰਘ ਨੂੰ ਭੇਜਿਆ। ਕਹਾ ਹੀਰਾ ਸਿੰਘ ਰਾਜ ਫ਼ਰੰਗੀਆਂ ਕਾ ਹੈ। ਤੁਸੀ ਮਾਰੇ ਬਕਾਰੇ ਕੀਆਂ ਗੱਲਾਂ ਇਉਂ ਨਾ ਕਰੋ ਕਿ ਫਲਾਣਾ ਸ਼ਹਿਰ ਮਾਰ ਲੈਣਾ, ਫਲਾਣਾ ਸ਼ਹਿਰ ਮਾਰ ਲੈਣਾ ਹੈ। ਹੀਰਾ ਸਿੰਘ ਨੇ ਕਹਿਆ ਧੁਆਨੂੰ ਹੋਊਗੀ ਜਗੀਰਾਂ ਕੀ ਲੋੜ। ਲੱਖਾ ਸਿੰਘ ਸੂਬੇ ਨੇ ਆਇ ਕਹਿਆ ਜੀ ਮਾਰਾ ਬੁਕਾਰਾ ਕਰਨੋਂ ਨਹੀਂ ਟਲਦੇ ਹੈਂ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਚੱਲੋ ਅਸੀ ਹਟਾਇ ਆਉਂਦੇ ਹਾਂ। ਅਕਾਲ ਬੁੰਗੇ ਆਪ ਆਇਕੇ ਬਚਨ ਕੀਤਾ ਓਧਰੋਂ ਫ਼ਰੰਗੀ ਜੋਰਾਵਰ ਹੈ ਏਧਰੋਂ ਖਾਲਸਾ ਜੋਰਾਵਰ ਹੈ, ਮੈਂ ਗ਼ਰੀਬ ਬਿਚਾਲੇ ਆਇ ਗਿਆ ਹਾਂ। ਹੀਰਾ ਸਿੰਘ ਕੇ ਕਾਨ ਮੈ ਬਚਨ ਕੀਤਾ ਸੁਣਿਆ ਨਹੀਂ ਕਿਸੇ ਨੇ ਤੇ ਪਿੱਠ ਉੱਤੇ ਥਾਪੀ ਦਿੱਤੀ। ਦੀਨ ਦਿਆਲ ਜੀ ਬਚਨ ਕੀਤਾ ਹੀਰਾ ਸਿੰਘ ਪੈੜ ਮੇਸ ਦੇਣੀ। ਹੀਰਾ ਸਿੰਘ ਕਹਿਆ ਜੀ ਸਤਿ ਬਚਨ। ਤਿੰਨ ਵੇਰੀ ਕਿਹਾ ਸਤਿ ਬਚਨ। ਬਚਨ ਹੋਇਆ ਜਾਓ। ਸਿੰਘਾਂ ਕਹਿਆ ਜੀ ਲੰਗਰ ਛਕ ਕੇ ਚੜਾਂਗੇ। ਬਚਨ ਹੋਇਆ ਰਸਤਾਂ ਲੈ ਲਵੋ ਤੇ ਆਗੇ ਜਾਇਕੇ ਬਣਾਵੋ ਪ੍ਰਸਾਦ। ਹੀਰਾ ਸਿੰਘ ਨੇ ਕਹਿਆ ਜੀ ਲੰਗਰੋਂ ਛਕ ਕੇ ਚੜਾਂਗੇ, ਅੱਗੇ ਸਾਡੀ ਮਾਂ ਤਾਂ ਨਹੀਂ ਬੈਠੀ ਪਕਾਉਣ ਵਾਲੀ। ਹੀਰਾ ਸਿੰਘ ਨੇ ਫਿਰ ਕਹਿਆ ਤੇਰੇ ਜੰਤ ਹੈਂ ਜੈਸੀ ਮਰਜੀ ਹੈ ਤੈਸੀ ਕਰਵਾਓ। ਬਾਬੇ ਸਾਹਿਬ ਸਿੰਘ ਨੇ ਕਹਿਆ ਹੀਰਾ ਸਿੰਘ ਤੇ ਲੈਹਣਾ ਸਿੰਘ ਸੰਗਤ ਕਾ ਪ੍ਰਸ਼ਾਦ ਬਣਿਆ ਹੋਇਆ ਹੈ ਨਾ ਗਵਾਵੋ। ਹੀਰਾ ਸਿੰਘ ਨੇ ਕਹਾ ਹੋ ਮਸੰਦਾ ਖਾਇਕੇ ਪੇਟ ਬਧਾਇਆ ਹੈ। ਜਿਨ੍ਹਾਂ ਚਿਰ ਗਿਆਨੀ ਸਿੰਘ ਕਾ ਬੈਰ ਲੈਂਦੇ ਨਹੀਂ, ਓਨਾ ਚਿਰ ਸਾਨੂੰ ਪ੍ਰਸਾਦਾ ਛਕਨਾ ਭੀ ਹਰਾਮ ਹੈ ਨਾਲੇ ਗਊਆਂ ਕੇ ਗਲ੍ਹ ਬਢੀਦੇ ਹੈ, ਛੱਤਰੀ ਕੋ ਪ੍ਰਸਾਦਾ ਛਕਣਾ ਕੈਸੇ ਸੂਝਦਾ ਹੈ। ਮਰੇ ਮਾਰੇ ਬਿਨਾਂ ਕਿਉਂ ਟਲਦਾ ਹੈ। ਅਸੀਂ ਤਾਂ ਗਿਆਨੀ ਸਿੰਘ ਕੀ ਜੰਵ ਚੜ੍ਹਨਾ ਹੈ। ਸਾਹਿਬ ਸਿੰਘ ਸੂਬੇ ਦਾ ਮੂੰਹ ਪੀਲਾ ਹੋਇ ਗਿਆ ਤੇ ਚੁਪ ਕਰ ਰਹਿਆ।

## ਅਜੇ ਸਮਾ ਨਹੀਂ ਹੈ

ਸ੍ਰੀ ਸਤਿਗੁਰੂ ਜੀ ਬਚਨ ਕੀਤਾ ਸੁਣਾ ਸਾਹਿਬ ਸਿੰਘ ਕੀ ਖ਼ਵਰ ਹੈ। ਹੀਰਾ ਸਿੰਘ ਹੋਰਾਂ ਨੂੰ ਬਚਨ ਕੀਤਾ ਧੁਆਨੂੰ ਤਿੰਨ ਦਿਨ ਹੋਏ ਹੈਂ ਪ੍ਰਸ਼ਾਦ ਛਕਿਆਂ ਨੂੰ, ਪ੍ਰਸ਼ਾਦ ਛਕੋ। ਹੀਰਾ ਸਿੰਘ ਨੇ ਕਹਿਆ ਜੀ ਤੁਸਾਂ ਛਕਾਇਆ ਨਹੀਂ ਅਤੇ ਅਸਾਂ ਛਕਿਆ ਨਹੀਂ। ਦੀਨ ਦਿਆਲ ਜੀ ਬਚਨ ਕੀਤਾ ਤੁਸੀਂ ਸਾਡਾ ਕਹਿਆ ਨਹੀਂ ਮੰਨਦੇ ਹੋ। ਸਾਨੂੰ ਅੰਗ੍ਰੇਜ਼ਾਂ ਕੀ ਬਦਨਾਮੀ ਆਉਂਦੀ ਹੈ। ਸਾਰੇ ਸਿੰਘਾਂ ਨੂੰ ਘਰ ਨੂੰ ਭੇਜ ਦਿਓ ਤੇ ਤੁਸੀਂ ਪਲੰਘ ਪਰ ਬੈਠੋ ਭਜਨ ਕਰੋ। ਜਿਵੇਂ ਮਰਜੀ ਹੈ ਤਿਵੇਂ ਰਹੋ, ਗਲਬਾ ਨਾ ਕਰੋ। ਜੋ ਧੁਆਡਾ ਮਨਸਾ ਹੈ ਸੋ ਸਾਡਾ ਮਨਸਾ ਹੈ। ਧਰਮ ਸਭ ਕੋ ਪਿਆਰਾ ਹੈ। ਸਿੰਘ ਕਹਾਵਣਾ ਤੇ ਗਊ ਬੱਧ ਹੁੰਦਾ ਹੈ, ਪ੍ਰਸਾਦਾ ਛਕਣਾ ਜ਼ਰੂਰ ਹਰਾਮ ਹੈ ਪਰ ਕਿਆ ਕਰੇਂ ਸਮਾ ਨਹੀਂ ਹੈ ਪਰ ਥੋੜੇ ਚਿਰ ਨੂੰ ਹਟ ਜਾਊਗਾ। ਤੁਸੀਂ ਕਾਹਲੀ ਨਾ ਕਰੋ। ਜੋ ਬੋਲਾ ਤੁਸੀਂ ਕਰਦੇ ਹੋ ਸੋ ਬੋਲਾ ਲਿਖ ਕੇ ਪੁਲਸ ਵਾਲੇ ਫ਼ਰੰਗੀ ਨੂੰ ਭੇਜ ਦਿੰਦੇ ਹੈਂ। ਸਾਨੂੰ ਕਹਿੰਦੇ ਹੈਂ ਤੁਮਾਰੇ ਸਿੰਘ ਬਲਵੇ ਕੀਆਂ ਬਾਤਾਂ ਕਰਦੇ ਹੈ।

ਸਿੰਘ ਭੀ ਆਪਸ ਵਿਚੀ ਬਾਤਾਂ ਕਰ ਰਹੇ ਹੈਂ ਹੌਲੀ ਹੌਲੀ। ਭਾਈ ਹੀਰਾ ਸਿੰਘ ਨੇ ਅਰਜ਼ ਕੀਤੀ ਮਨ ਦੀਆ ਹੈ ਧਨ ਦੀਆ ਹੈ, ਤਨ ਭੀ ਦੇ ਦੇਣਾ ਹੈ ਧਰਮ ਅਰਥ, ਹੁਣ ਰੱਖਣਾ ਨਹੀਂ ਹੈ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਇਕ ਬਰਸ ਹੋਰ ਠਹਰੋ। ਏਥੇ ਬੈਠੇ ਈ ਸਭ ਕੁਝ ਕਰ ਲਵਾਂਗੇ। ਹੀਰਾ ਸਿੰਘ ਨੇ ਕਹਿਆ ਤੁਸੀਂ ਤਾਂ ਬਰਸ ਰੋਜ਼ ਕਹਿੰਦੇ ਹੋ ਸਾਥੋਂ ਤਾਂ ਇਕ ਘੜੀ ਭੀ ਨਹੀਂ ਠਹਿਰਿਆ ਜਾਂਦਾ ਹੈ। ਹੁਣ ਹੁਕਮ ਦੇਓ ਚੜੀਏ। ਸਾਨੂੰ ਰਾਤ ਕੋ ਤਾਂ ਸੌਣਾ ਨਹੀਂ ਮਿਲਦਾ। ਸੁਰਖੀ ਘੋੜੀ ਪਰ ਚੜ ਕੇ ਰਾਤ ਨੂੰ ਦਰਸ਼ਨ ਹੁੰਦਾ ਹੈ। ਪਾਨਾਂ ਕਾ ਬੀੜਾ ਤੇ ਸ੍ਰੀ ਸਾਹਿਬ ਅੱਗੇ ਰੱਖਦੇ ਹੋ, ਕਹਿੰਦੇ ਹੋ ਉਠਾਵੋ ਦੇਰ ਨਾ ਕਰੋ ਸਮਾ ਪੁਜ ਗਿਆ ਹੈ। ਮਲੇਰ ਕੋਟਲੇ ਪਰ ਧਾਵਾ ਕਰੋ। ਅੱਗੇ ਦੋ ਫੇਰੀ ਸੀਸ ਦੀਆ ਹੈ ਧਰਮ ਹੇਤ ਹੁਣ ਤੀਏ ਫੇਰੀ ਫੇਰ ਦੇਓ ਡੇਰ ਨਾ ਕਰੋ।

ਦੀਨ ਦਿਆਲ ਜੀ ਬਚਨ ਕੀਤਾ ਗਲ ਮੈ ਪਲਾ ਪਾਇਕੇ ਤੁਸੀਂ ਕਹਿੰਦੇ ਹੋ ਹੁਕਮ ਦੇਵੋ ਹੁਕਮ ਦੇਵੋ। ਮੈਂ ਤਾਂ ਕੁਝ ਨਹੀਂ ਕਹਿੰਦਾ ਹਾਂ ਕਿਓਂਕਿ ਪਨੀਰੀ ਛੋਟੀ ਹੈ ਸਮਾ ਨਹੀਂ ਹੈ। ਹਾਲ ਭਜਨ ਬਾਣੀ ਕਰੋ। ਧੁਆਨੂੰ ਕੌਣ ਹੁਕਮ ਦੇਂਦਾ ਹੈ ਕੋਟਲਾ ਮਾਰੋ? ਹੀਰਾ ਸਿੰਘ ਨੇ ਕਿਹਾ ਸਾਨੂੰ ਗੁਰੂ ਤੇਗ ਬਹਾਦਰ ਜੀ ਹੁਕਮ ਦੇਂਦੇ ਹੈ ਦ੍ਰਿਸਟਾਨ ਮੈ। ਬਚਨ ਕਰਦੇ ਹੈਂ ਕੋਟਲੇ ਮਲੇਰ ਪਰ ਧਾਵਾ ਕਰੋ ਡੇਰ ਨਾ ਕਰੋ ਸਮਾ ਵੇਲਾ ਪੁੱਜ ਗਿਆ ਹੈ। ਹੁਣ ਅੱਸੀ ਸੀਸ ਦੇਕੇ ਧਰਮ ਤੁਰੇਗਾ। ਜੇੜ੍ਹੀ ਜੜ੍ਹ ਹਰੀ ਰੱਖੀ ਹੋਈ ਹੈ ਸੋ ਪੱਟਣੀ ਹੈ ਤੁਸੀਂ ਸੀਸ ਦੇਵੋ। ਰਾਤ ਦਿਨ ਸਾਨੂੰ ਟਿਕਣਾ ਨਹੀਂ ਮਿਲਦਾ ਹੈ ਕਿਉਂਕਿ ਤੀਏ ਹੁਕਮ ਪਰ ਪਾਨਾਂ ਕਾ ਬੀੜਾ ਤੇ ਸ੍ਰੀ ਸਾਹਿਬ ਉਠਾਇਆ ਹੈ। ਹੁਣ ਤਾਂ ਸੀਸ ਲੱਗਣਗੇ। ਜੇ ਅਸੀਂ ਠਹਰੀਏ ਤਾਂ ਝੂਠੇ ਹੁੰਦੇ ਹਾਂ ਕਿਉਂਕਿ ਪਾਨਾਂ ਕਾ ਬੀੜਾ ਉਠਾਇਕੇ ਧਾਵੇ ਪਰ ਨਾ ਗਏ। ਤਾਂ ਸਾਨੂੰ ਚੜਨੇ ਕਾ ਹੁਕਮ ਦੇਂਦੇ ਹੋ। ਜਦ ਅਸੀਂ ਪੁਛਦੇ ਹਾਂ ਤਾਂ ਕਹਿੰਦੇ ਹੋ ਠਹਿਰੋ। ਅੰਦਰੋਂ ਰੋਕੋਗੇ ਤਾਂ ਰੁਕਾਂਗੇ ਨਹੀਂ ਤੇ ਸਾਥੋਂ ਨਹੀਂ ਰੁਕਿਆ ਜਾਂਦਾ। ਹੁਣ ਤੁਹਾਡੀ ਰਸਨਾ ਦਾ ਹੁਕਮ ਚਾਹੁੰਦੇ ਹਾਂ। ਗੁਰੂ ਤੇਗ ਬਹਾਦਰ ਜੀ ਦਾ ਵਾਕ ਹੈ ਤੁਹਾਡੇ ਸੀਸ ਲਗਣੇ ਹੈਂ।

ਸਾਡਾ ਤੀਆ ਬਚਨ ਖਾਲੀ ਨਾ ਜਾਏ। ਹੁਕਮ ਹੈ ਤੁਹਾਡੇ ਸੀਸ ਲੱਗਣਗੇ ਤਾਂ ਪਾਪ ਕੀ ਚਾਦਰ ਪਾਟੇਗੀ ਤੇ ਧਰਮ ਕੀ ਚਾਦਰ ਵਿਛੇਗੀ। ਧਰਮ ਵਧੇਗਾ ਪਾਪ ਘਟੇਗਾ। ਦੀਨ ਦਿਆਲ ਜੀ ਕਿਰਪਾ ਕਰਕੇ ਸਾਥੋਂ ਹੁਕਮ ਮਨਾਓ। ਵਿਛੋੜਾ ਨਾ ਹੋਵੇ। ਸਦਾ ਈ ਸਾਥੋਂ ਹੁਕਮ ਮਨਾਈਂ। ਜੁਗੋ ਜੁਗ ਆਪਣੇ ਚਰਨਾਂ ਨਾਲ ਲਾਇਕੇ ਰੱਖੀਂ, ਤੋੜੀਂ ਨਾ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਤੁਸੀਂ ਹਟਦੇ ਨਹੀਂ ਹੋ? ਹੀਰਾ ਸਿੰਘ ਨੇ ਕਹਿਆ ਸਾਡੇ ਕੁਝ ਅਖ਼ਤਿਆਰ ਨਹੀਂ ਹੈ ਆਪਣਾ ਹੁਕਮ ਮਨਾਈਂ।

## ਛੇਕੜਲਾ ਲੰਗਰ

ਸ੍ਰੀ ਸਤਿਗੁਰੂ ਜੀ ਬਚਨ ਕੀਤਾ ਗੁਰੂ ਤੇਗ ਬਹਾਦਰ ਜੀ ਦਾ ਹੁਕਮ ਅਸੀਂ ਭੀ ਨਹੀਂ ਮੋੜ ਸਕਦੇ ਹਾਂ। ਫ਼ਰੰਗੀ ਕੀ ਤਾਂ ਝੱਲ ਲਵਾਂਗੇ ਤੇ ਅਕਾਲ ਪੁਰਖ ਕੀ ਨਹੀਂ ਝੱਲ ਹੁੰਦੀ। ਰਸਤਾਂ ਲੈ ਲਵੋ ਤੇ ਖੂਹ ਉੱਤੇ ਜਾਇਕੇ ਬਣਾਇ ਲਵੋ, ਡੇਰ ਨਾ ਕਰੋ। ਭਾਈ ਹੀਰਾ ਸਿੰਘ ਨੇ ਅਰਜ਼ ਕੀਤੀ ਜੀ ਅੱਜ ਆਪਣੇ ਲੰਗਰੋਂ ਪ੍ਰਸ਼ਾਦ ਛਕਾਵੋ। ਛੇਕੜਲਾ ਲੰਗਰ ਹੈ। ਲੰਗਰ ਛਕਕੇ ਚੜ੍ਹਾਂਗੇ। ਤ੍ਰਿਲੋਕੀ ਤਾਂ ਏਥੋਂ ਛਕਦੀ ਹੈ ਅਸੀਂ ਕਿੱਥੇ ਰਸਤਾਂ ਚੁੱਕੀ ਫਿਰਾਂਗੇ। ਚਾਰ ਦਿਨ ਕਾ ਤਾਂ ਖਰਚਾ ਹੈ। ਦੁਇ ਦਿਨ ਕਾ ਲੰਗਰ ਛਕ ਕੇ ਤੁਰਕਾਂ ਦੇ ਗਲ਼ ਜਾਇ ਪਵਾਂਗੇ। ਜੇਕਰ ਅਸੀਂ ਓਨ੍ਹਾਂ ਨੂੰ ਮਾਰ ਲਵਾਂਗੇ ਤਾ ਖਰਚਾ ਬਹੁਤ, ਅਸੀਂ ਮਾਰੇ ਗਏ ਤਾਂ ਸਾਡਾ ਖਰਚਾ ਦੋ ਦਿਨ ਦਾ ਉਨ੍ਹਾਂ ਵੱਲ ਰਿਹਾ।

ਸ੍ਰੀ ਸਤਿਗੁਰੂ ਜੀ ਬਚਨ ਕੀਤਾ ਹੀਰਾ ਸਿੰਘ ਧੰਨ ਤੂੰ ਹੈਂ ਤੇ ਧੰਨ ਤੇਰਾ ਜਨਮ ਹੈ। ਫਿਰ ਬਚਨ ਕੀਤਾ ਤੁਸੀਂ ਤਿਆਰ ਹੋਇਕੇ ਆ ਜਾਓ, ਪ੍ਰਸ਼ਾਦ ਤਿਆਰ ਕਰਦੇ ਹੈਂ। ਬਚਨ ਹੋਇਆ ਲੱਖਾ ਸਿੰਘ ਏਹਨਾਂ ਨੂੰ ਪ੍ਰਸ਼ਾਦ ਛਕਾਵੋ। ਕਹਿਰ ਕਾ ਪ੍ਰਸ਼ਾਦ ਹੈ। ਫੇਰ ਨਹੀਂ ਏਹਨਾ ਏਥੋਂ ਛਕਣਾ ਹੈ।

ਰੜ ਵਾਲੇ ਨੰਬਰਦਾਰ ਕੀ ਧੀ ਨਾਲ ਸੀ। ਗੁਰਮੁਖ ਸਿੰਘ ਨੇ ਕਹਿਆ ਜੀ ਏਸ ਬੀਬੀ ਨੂੰ ਭਜਨ ਦੇਣਾ ਸੀ। ਬਚਨ ਹੋਇਆ ਏਹਨਾਂ ਹੰਸਾਂ ਵਿਚੋਂ ਕੋਈ ਨਹੀਂ ਦੇਂਦਾ ਭਜਨ? ਕਹਾ ਜੀ ਕੋਈ ਨਹੀਂ ਦੇਂਦਾ। ਦੀਨ ਦਿਆਲ ਜੀ ਬਚਨ ਕੀਤਾ ਹੀਰਾ ਸਿੰਘ ਤੈਨੂੰ ਭੀ ਭਜਨ ਦੇਣ ਕਾ ਹੁਕਮ ਹੈ। ਸਿੰਘਾਂ ਬੋਲਾ ਕੀਤਾ 'ਤਿਆਰ ਬਰ ਤਿਆਰ, ਜੇਹੜਾ ਨਾ ਤੁਰੇਗਾ ਸੋ ਹੋਇਗਾ ਖੁਆਰ। ਮਨ ਵਿਚ ਕਰ ਲਵੋ ਵੀਚਾਰ। ਸਾਡਾ ਏਹੋ ਭਜਨ ਹੈ। ਤੇਰਾਂ ਸਰੀਰ ਸੇ ਉਸ ਵਖਤ ਸੋ ਪ੍ਰਸ਼ਾਦ ਛਕਣ ਨੂੰ ਨਾਲ ਹੀ ਆਇ ਗਏ।

ਅੱਗੇ ਥਾਨੇਦਾਰ[1] ਖੜਾ ਸੀ ਪੰਜਾਂ ਸਿਪਾਹੀਆਂ ਕੇ ਸਾਥ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਤੁਸੀ ਏਨਾ ਕੇ ਜੁਮਾਈ ਤੇ ਏ ਧੁਆਡੇ ਜੁਮਾਈ। ਏਹ ਤੇਰਾਂ ਸਰੀਰ ਬੇਵਸ ਹੈਂ, ਮੇਰੇ ਕਹਿਣ ਮੈ ਨਹੀਂ ਹੈਂ। ਏਨਾ ਕਾ ਬੰਦੋਬਸਤ ਕਰੋ। ਤੁਸੀਂ ਜਾਣੋ। ਕਹਿਣਾ ਨਹੀਂ ਕੇ ਇਤਲਾਹ ਨਹੀਂ ਦਿੱਤੀ ਹੈ। ਅਸਾਂ ਇਤਲਾਹ ਦੇਣੀ ਸੀ ਸੋ ਦੇ ਦਿੱਤੀ ਹੈ। ਬਾਬੇ ਜਵਾਹਰ ਸਿੰਘ ਜੀ ਬਚਨ ਕੀਤਾ ਕੇ

1 ਸਾਨ੍ਹੇਵਾਲ ਥਾਣੇ ਦਾ ਡਿਪਟੀ ਇੰਸਪੈਕਟਰ ਪੁਲਿਸ ਸਰਫ਼ਰਾਜ਼ ਖਾਨ।

ਐਵੇਂ ਰੌਲ਼ਾ ਪਾਂਵਦੇ ਹੈਂ, ਅੱਜੇ ਪਨੀਰੀ ਛੋਟੀ ਹੈ। ਕੱਚੇ ਧਾਗੇ ਨੂੰ ਵਟ ਦੇ ਦਿੱਤਾ ਹੈ। ਨੰਗੇ ਧੜ ਜਾਇਕੇ ਲੜਨਗੇ। ਕੋਈ ਸ਼ਸਤਰ ਵੀ ਨਹੀਂ ਹੈ ਏਹਨਾਂ ਦੇ ਕੋਲ। ਥਾਨੇਦਾਰ ਨੇ ਕਿਹਾ ਕੇ ਏਹਨਾ ਨੇ ਕੀ ਮਾਰਨਾ ਹੈ। ਭੰਗਾਂ ਪੀ ਕੇ ਜਕੜ ਮਾਰ ਛਡਦੇ ਹੈਂ। ਜੂਹ ਸੇ ਬਾਹਰ ਕਰ ਦਿਓ। ਏਥੇ ਨਾ ਰਹਿਣ, ਕਮਲੇ ਹੈਂ।

## ਤਿਨ ਇਸ਼ਨਾਨ

ਸਿੰਘਾਂ ਨੇ ਰਲ਼ਕੇ ਖੁਮਾਣੋਂ ਵਾਲੇ ਪ੍ਰਤਾਪ ਸਿੰਘ ਤੇ ਅਖਵਾਇਆ ਕੇ ਹੀਰਾ ਸਿੰਘ ਤੈਂ ਕੀ ਕਰਨਾ ਹੈ। ਇਸ਼ਨਾਨ ਤੈਂ ਨਹੀਂ ਕੀਤਾ ਮਾਲਾ ਤੈਂ ਨਹੀਂ ਫੇਰੀ। ਭਜਨ ਤੈਂ ਨਹੀਂ ਕੀਤਾ। ਬਾਣੀ ਤੈਂ ਨਹੀਂ ਪੜ੍ਹੀ। ਹੀਰਾ ਸਿੰਘ ਨੇ ਕਹਾ ਕੇ ਮੈਂ ਤਿਨ ਇਸ਼ਨਾਨ ਕੀਤੇ ਹੈਂ। ਸੂਬਿਆਂ ਨੇ ਕਹਿਆ ਤੂੰ ਤਾਂ ਆਸਨ ਉੱਤੋਂ ਨਹੀਂ ਉਠਿਆ ਹੈ। ਇਸ਼ਨਾਨ ਕਦ ਕੀਤੇ ਹੈਂ? ਹੀਰਾ ਸਿੰਘ ਕਹਿਣ ਲੱਗਾ ਜਦ ਸਤਿਗੁਰੂ ਜੀ ਤੜਕੇ ਮਦਾਨ ਗਏ ਤਾਂ ਦਰਸਨ ਕੀਤਾ, ਜਾਂ ਮੁੜੇ ਤਾਂ ਦਰਸਨ ਕੀਤਾ। ਤੀਜੀ ਵਾਰ ਹੁਣ ਦਰਸਨ ਕੀਤਾ ਹੈ। ਗੁਰੂ ਜੀ ਕਾ ਦਰਸ਼ਨ ਹੀ ਪੂਰਨ ਇਸ਼ਨਾਨ ਹੈ। ਸਾਧ ਕਾ ਦਰਸ ਪੂਰਨ ਇਸਨਾਨ। ਸੋ ਸਾਨੂੰ ਅਕਾਲ ਪੁਰਖ ਮਿਲਿਆ ਹੈ। ਸਾਨੂੰ ਇਸ਼ਨਾਨ ਦੀ ਕੀ ਲੋੜ ਹੈ? ਤੁਹਾਨੂੰ ਹੋਊਗੀ।

ਰਾਇਕੋਟ ਦੇ ਭਾਣੇ ਵਕਤ ਭੀ ਹੀਰਾ ਸਿੰਘ ਨੇ ਅਰਜ਼ ਕੀਤੀ ਸੀ ਹੇ ਅਕਾਲ ਪੁਰਖ ਸਾਡਾ ਸੀਸ ਭੀ ਧਰਮ ਅਰਥ ਲੱਗੇ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਤੁਸੀਂ ਠਹਿਰੋ ਧੁਆਡੇ ਜੇਹਿਆਂ ਕੇ ਸੀਸ ਕਿਤੇ ਥਾਏ ਲਾਵਾਂਗੇ ਜਿੱਥੇ ਧੁਆਡਾ ਭੀ ਭਲਾ ਹੋਵੇ ਨਾਲ ਬਹੁਤਿਆਂ ਦਾ ਹੋਵੇ। ਓਹ ਬਚਨ ਕੀਤਾ ਹੋਇਆ ਪੂਰਨ ਹੋਨ ਲੱਗਾ ਹੈ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਦੇਗ ਤਾ ਤੁਰੀ ਹੈ ਤੇਗ ਕਾ ਭੀ ਥੋੜਾ ਜਿਹਾ ਹੱਥ ਦਿਖਲਾਉਣ ਲੱਗੇ ਹੈਂ ਸਿੰਘ। ਸਿੰਘਾਂ ਕੇ ਅੰਦਰ ਹੌਸਲਾ ਹੋਇ ਰਿਹਾ ਹੈ ਕੇ ਸਾਡੇ ਧਰਮ ਹੇਤ ਸੀਸ ਲਗੇਂਗੇ।

ਸਿੰਘਾਂ ਦੇ ਚੇਹਰੇ ਲਾਲ ਮਾਂਗੂੰ ਦਮਕਦੇ ਹੈਂ ਜੈਸੇ ਮਜੀਠ ਕਾ ਰੰਗ[1] ਹੁੰਦਾ ਹੈ। ਜੋ ਸੂਬੇ ਹਨ ਉਨਾਂ ਦੇ ਭੀ ਦਿਲ ਉਸ ਵਖਤ ਨਰਮ ਹੋਏ ਹੋਏ ਹੈਂ। ਕਹਿੰਦੇ ਹੈਂ ਧੰਨ ਭਾਈ ਹੀਰਾ ਸਿੰਘ ਜੀ ਹੈਂ ਜਿਨ੍ਹਾਂ ਨੇ ਧਰਮ ਹੇਤ ਸੀਸ ਦੇਣਾ ਕੀਤਾ ਹੈ ਗਊ ਬੱਧ ਹਟਾਵਣੇ ਤੇ ਧਰਮ ਕੀ ਚਾਦਰ ਵਿਛਾਵਣੇ ਨਿਮਿਤ। ਸਿੰਘ ਉਪਮਾ ਕਰਦੇ ਹੈਂ। ਏਹ ਭੀ ਕਹਿੰਦੇ ਹੈਂ ਖ਼ਵਰੇ ਕੀ ਹੋਵੇਗੀ। ਸਿੰਘਾਂ ਨੇ ਪ੍ਰਸ਼ਾਦ ਛਕਿਆ। ਚੁਲੇ ਕੀਤੇ।

## ਹੋਸੀ ਭੀ ਰੱਬ

ਥੜੇ ਸਾਹਿਬ ਵਾਲੇ ਮੰਦਰ ਮੈ ਸ੍ਰੀ ਸਤਿਗੁਰੂ ਜੀ ਬੈਠੇ ਭਜਨ ਕਰਦੇ ਹੈਂ। ਹੀਰਾ ਸਿੰਘ ਗਿਆ ਅੱਗੇ। ਮੰਦਰ ਮੈ ਮੱਥਾ ਟੇਕਿਆ। ਅਰਜ਼ ਕੀਤੀ ਜੀ ਸਾਰੀ ਸੰਗਤ ਨੂੰ ਦਰਸ਼ਨ ਦੇਵੋ

1 ਇਕ ਵੇਲ ਦਾ ਨਾਂ। ਇਸ ਦੀ ਡੰਡੀ ਵਿਚੋਂ ਲਾਲ ਰੰਗ ਨਿਕਲਦਾ ਹੈ ਅਤੇ ਪੱਕਾ ਹੁੰਦਾ ਹੈ। ਅਕਾਲ ਪੁਰਖ ਦੇ ਪਿਆਰ ਦੇ ਰੰਗ ਲਈ 'ਮਜੀਠ ਦਾ ਰੰਗ' ਦ੍ਰਿਸ਼ਟਾਂਤ ਦਿੱਤਾ ਜਾਂਦਾ ਹੈ 'ਕਾਇਆ ਰੰਙਣਿ ਜੇ ਥੀਐ ਪਿਆਰੇ ਪਾਈਐ ਨਾਉ ਮਜੀਠ ਰੰਙਣ ਵਾਲਾ ਜੇ ਰੰਙੁ ਸਾਹਿਬੁ ਐਸਾ ਰੰਗੁ ਨ ਡੀਠ' ਤਿਲੰਗ ੪, ੧, ਪੰਨਾ ੭੨੨.

ਸੰਗਤ ਖੜੀ ਹੈ ਪਿਆਸਵਾਨ। ਦੀਨਾਨਾਥ ਜੀ ਬਚਨ ਕੀਤਾ ਤੁਹਾਡੇ ਸਾਥ ਹਾਂ ਸਦਾ ਈ। ਹੀਰਾ ਸਿੰਘ ਨੇ ਕਹਾ ਜੀ ਸੱਚੇ ਪਾਤਸਾਹ ਨਾਲ ਤਾਂ ਸਦਾ ਈ ਹੋ ਪਰ ਸੰਗਤ ਦਰਸਨ ਚਾਹੁੰਦੀ ਹੈ। ਅੰਙਣ ਮੈ ਖੜੋਇਕੇ ਦਰਸਨ ਦੇਵੋ। ਸ੍ਰੀ ਸਤਿਗੁਰੂ ਜੀ ਛਪਾ ਛਪ ਬਾਹਰ ਆਇ ਖੜੇ ਹੋਏ ਦਰਸ਼ਨੀ ਦਰਵਾਜੇ ਕੇ ਬੀਚ। ਦਲ਼ੀਜ ਉਪਰ ਚਰਨ ਧਰੇ ਤੇ ਉਪਰ ਸਰਦਲ ਨੂੰ ਏਕ ਹੱਥ ਤੇ ਚਰਨ ਦੇ ਉੱਤੋਂ ਦੀ ਦੂਆ ਚਰਨ ਲੰਘਾਇਕੇ ਧਰਿਆ ਹੋਇਆ ਹੈ ਜੈਸੇ ਸ੍ਰੀ ਕ੍ਰਿਸ਼ਨ ਜੀ ਕੀ ਮੂਰਤੀ ਏਕ ਲੜ ਕੇ ਭਾਰ ਹੁੰਦੀ ਹੈ। ਸ਼ਾਮ ਰੰਗ ਜੋਤ ਕਾ ਦਿਸੇ। ਭਾਈ ਹੀਰਾ ਸਿੰਘ ਅਰਦਾਸਾ ਚੜ੍ਹਾਈ ਦਾ ਕਰਕੇ ਜੈਕਾਰਾ ਗਜਾਇਆ। ਗਦ ਗਦ ਪ੍ਰਸੰਨ ਸਭ ਸਿੰਘਾਂ ਨੇ ਫਤੇ ਸ੍ਰੀ ਵਾਹਿਗੁਰੂ ਜੀ ਕੀ ਬੁਲਾਈ। ਹੀਰਾ ਸਿੰਘ ਨੇ ਕਹਿਆ ਜੀ ਪੜਾਉ ਕਿੱਥੇ ਕਰੀਏ? ਬਚਨ ਹੋਇਆ 'ਹੈ ਭੀ ਰੱਬ ਤੇ ਹੋਸੀ ਭੀ ਰੱਬ।' ਤੁਸੀਂ ਰੱਬੋਂ ਜਾਇ ਕਰੋ ਪੜਾਉ।

ਨੰਦ ਸਿੰਘ ਹਡਿਆਏ ਵਾਲੇ ਨੇ ਕੋਠੇ ਪਰ ਚੜਕੇ ਪੱਲੂ ਫੇਰਕੇ ਹੋਕਾ ਦੀਆ ਕੇ ਗੁਰੂ ਤੇਗ ਬਹਾਦਰ ਜੀ ਕਾ ਹੁਕਮ ਹੈ, ਕਰੋੜ ਗ੍ਰੰਥ ਸਾਹਿਬ ਜੀ ਕੇ ਪਾਠੋਂ ਕਾ ਮਹਾਤਮ ਹੈ ਜੋ ਕੋਈ ਧਰਮ ਜੁਧ ਕੋ ਇਸ ਵਕਤ ਕਮਰਕਸਾ ਕਰੇਗਾ। ਮਹੰਤੋਂ, ਸੰਤੋ, ਸੂਬਿਓ ਸਰਬ ਕੇ ਵਾਸਤੇ ਹੁਕਮ ਹੈ ਕਰੋੜ ਗਊ ਕਾ, ਕਰੋੜ ਅਸੁਮੇਧ ਜਗ ਕਾ ਮਹਾਤਮ ਹੈ। ਅੱਜ ਧਰਮ ਜਹਾਜ ਛੁਟਣਾ ਹੈ ਜਿਸ ਚੜ੍ਹਨਾ ਹੈ ਸੋ ਚੜ੍ਹੋ। ਖਾਇ ਖਾਇ ਕੇ ਪੇਟ ਵਧਾਏ ਹੈਂ। ਖੰਡਾਂ ਨਹੀਂ ਪੀਣੀਆਂ ਮਿਲਣੀਆਂ। ਆਖੋਗੇ ਖਵਰ ਨਹੀਂ ਕੀਤੀ। ਖਵਰਦਾਰ ਹੋਵੋ। ਹੁਕਮ ਗੁਰੂ ਤੇਗ ਬਹਾਦਰ ਜੀ ਕਾ ਹੈ ਧਰਮ ਹੇਤ ਸੀਸ ਦਿਓ। ਏਥੇ ਕੌਨ ਸੀ ਦੇਹ ਨੇ ਅਸਥਿਰ ਰਹਿਣਾ ਹੈ। ਚਾਰ ਦਿਨ ਕਾ ਈ ਮੇਲਾ ਹੈ, ਜੋ ਰਹੇਗਾ ਸੋ ਪਛਤਾਵੇਗਾ। ਸਿੰਘੋ ਤੇਰਾਂ ਸਿੰਘਾਂ ਕੀ ਚੜ੍ਹਾਈ ਹੈ। ਸੀਸ ਲਾਵਾਂਗੇ ਕੋਟਲੇ। ਮਸਤਾਨੀ ਬੋਲੀ ਤੇਰਾਂ ਸਿੰਘ ਤੇ ਦੋ ਸਿੰਘਣੀਆਂ ਹੈਂ[1] ਤਿਆਰ ਬਰ ਤਿਆਰ ਏਕ ਛੋਟੀ ਸੀ ਲੜਕੀ ਕਹੇ ਕੇ ਮੈਂ ਭੀ ਨਾਲ ਚੱਲਾਂਗੀ। ਮਸਤਾਨੀ ਨੇ ਕਹਾ ਕੇ ਤੂੰ ਕੀ ਕਰੇਂਗੀ ਨਾਲ ਜਾਇਕੇ ਕਹਿਣੇ ਲਗੀ ਕੇ ਖੱਪਰ ਭਰ ਭਰ ਪੀਵਾਂਗੀ।

ਜੈਕਾਰਾ ਗਜਾਇਕੇ ਸ਼ੇਰਾਂ ਵਾਂਗੂੰ ਚੱਲੇ ਹੈ ਛਾਲਾਂ ਮਾਰਦੇ। ਗਦ ਗਦ ਪ੍ਰਸੰਨ। ਨਹੀਂ ਗਮ ਹੈ ਜਿਹਨਾਂ ਨੂੰ ਕਿਸੇ ਕਾ ਅਕਾਲ ਪੁਰਖ ਬਿਨਾ। ਸ੍ਰੀ ਸਤਿਗੁਰੂ ਜੀ ਕੀ ਮੂਰਤੀ ਹਿਰਦੇ ਵਿਚ ਧਾਰਕੇ ਤੁਰੇ ਖਾਲਸਾ ਜੀ।

ਏਕ ਸਿੰਘ ਨੇ ਕਹਾ ਕੇ ਮਸਤਾਨੇ ਮਾਰਾ ਬੁਕਾਰਾ ਕਰਦੇ ਜਾਂਦੇ ਹੈਨ। ਸਤਿਗੁਰੂ ਜੀ ਬਚਨ ਕੀਤਾ ਨਾਉਂ ਲਿਖ ਲੈ ਆਵੋ। ਉਸੀ ਵਖਤ ਸਿੰਘ ਨੇ ਆਇਕੇ ਕਹਿਆ ਕੇ ਸ੍ਰੀ ਸਤਿਗੁਰੂ ਜੀ ਕਹਿੰਦੇ ਹੈਂ ਨਾਉ ਲਿਖਾਓ। ਹੀਰਾ ਸਿੰਘ ਨੇ ਕਹਿਆ ਕੇ ਉਹ ਅੰਤਰਜਾਮੀ ਗੁਰੂ ਹੈਂ, ਸਭ ਕੁਛ ਆਪੇ ਲਿਖ ਲੈਣਗੇ। ਮਨੁੱਖ ਨਹੀਂ ਹੈ ਸਭ ਘਟ ਘਟ ਕੀ ਜਾਨਣਹਾਰੇ ਹੈਂ। ਸਿੰਘ ਨੇ ਆਇ ਕਹਿਆ ਜੀ ਨਾਉ ਨਹੀਂ ਦਸਦੇ ਹੈਂ। ਬਚਨ ਹੋਇਆ ਤੁਸੀ ਆਪੇ ਈ ਲਿਖ ਲੈ ਆਵੋ। ਤੇਰਾਂ ਕੇ ਨਾਮ ਈ ਲਿਖ ਲਈਂ।

ਦੀਨਾਨਾਥ ਜੀ ਬਾਬੇ ਲੱਖਾ ਸਿੰਘ ਨੂੰ ਬਚਨ ਕੀਤਾ ਪਹਿਲੇ ਲੁਧਿਹਾਣੇ ਮੈ ਰਪੋਟ ਕਰੋ ਜੋ

1 ਇੰਦ ਕੌਰ ਅਤੇ ਖੇਮ ਕੌਰ।

ਸਾਥੋਂ ਤੇਰਾਂ ਸਰੀਰ ਬੇਵਸ ਹੈਂ। ਸਾਡਾ ਕਹਿਣਾ ਨਹੀਂ ਮੰਨਦੇ ਹੈਂ, ਸਰਕਾਰ ਬੰਦੋਬਸਤ ਕਰੇ।[1] ਕਲ ਨੂੰ ਏਹ ਨਹੀਂ ਕਹਿਣਾ ਹੈ ਕਿ ਸਾਨੂੰ ਇਤਲਾਹ ਨਹੀਂ ਦਿੱਤੀ। ਆਪ ਮਰਨਗੇ ਹੋਰਨਾਂ ਨੂੰ ਮਾਰਨਗੇ। ਸਰਕਾਰ ਸਾਨੂੰ ਨਾ ਕਹੇ ਕਿਸੇ ਬਾਤ ਕੀ, ਅਸੀਂ ਬੇਦੋਸ ਹੈਂ। ਅਸੀਂ ਇਤਲਾਹ ਦੇਣੀ ਸੀ ਸੋ ਦੇ ਦਿੱਤੀ ਹੈ।

ਬਾਬਾ ਲੱਖਾ ਸਿੰਘ ਜੀ ਪਹਿਲੇ ਸਾਹਨੇਵਾਲ ਗਏ। ਥਾਨੇਦਾਰ ਨੇ ਨਾ ਸੁਣੀ ਤਾਂ ਫੇਰ ਲੁਦਿਹਾਣੇ ਗਏ। ਜਿਸ ਵਖਤ ਇਤਲਾਹ ਲੁਦਿਹਾਣੇ ਦਿੱਤੀ ਬਾਬੇ ਨੇ, ਉਸੀ ਵਖਤ ਸੂਬੇ ਲੱਖਾ ਸਿੰਘ ਕੋ ਜੇਹਲਖਾਨੇ ਮੈ ਭੇਜ ਦੀਆ, ਮੁੜਕੇ ਗੁਰਦੁਆਰੇ ਨਹੀਂ ਆਉਣ ਦਿੱਤਾ। ਬੰਦੋਬਸਤ ਕੁਝ ਨਾ ਕੀਤਾ। ਸਗੋਂ ਢਿੱਲੇ ਹੋਇ ਰਹੇ ਕੇ ਕੋਈ ਬਹਾਨਾ ਹੋਵੇ ਤਾਂ ਹੱਥ ਪਾਈਏ।

ਮੀਹਾਂ ਸਿੰਘ ਲੂਲੋਂਵਾਲਾ ਕਹਿੰਦਾ ਫਿਰੇ ਮੇਰਾ ਸੀਸ ਪਹਿਲੇ ਲਗਣਾ ਹੈ। ਕੌਣ ਹੈ ਮੇਰੇ ਸੇ ਪਹਿਲੇ ਸੀਸ ਦੇਣ ਵਾਲਾ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਮੀਹਾਂ ਸਿੰਘ ਤੂੰ ਟਲਦਾ ਨਹੀਂ। ਫੇਰ ਕਹਿਣੇ ਲਗਾ ਹੀਰਾ ਸਿੰਘ ਹੋਰਾਂ ਨੂੰ ਤੁਮ ਬਡੇ ਭਾਈ ਹਮ ਛੋਟੇ ਭਾਈ ਹੈਂ। ਜਾਓ ਤੁਮਾਰਾ ਸੀਸ ਲਗਣਾ ਹੈ। ਦੋ ਸਿੰਘ ਰੁੜਕੇ ਕੇ ਜ਼ਿਮੀਦਾਰ ਉੱਤਮ ਸਿੰਘ ਤੇ ਚੜਤ ਸਿੰਘ ਲੰਗਰ ਵਿਚੋਂ ਨਿਕਲ ਕੇ ਆਏ ਆਟੇ ਨਾਲ ਹੱਥ ਲਿਬੜੇ ਹੋਏ। ਅਰਜ਼ ਕੀਤੀ ਸੱਚੇ ਪਾਤਸ਼ਾਹ ਜੀ ਸਾਨੂੰ ਹੁਕਮ ਦਿਓ ਚੜ੍ਹੀਏ ਧਰਮ ਜੁੱਧ ਮੈ। ਬਚਨ ਹੋਇਆ ਡੇਰ ਨਾ ਕਰੋ ਰਲ਼ੋਂ ਛੇਤੀ। ਉਸੀ ਵਖਤ ਸਿੰਘ ਆਇ ਰਲ਼ੇ ਸਿੰਘਾਂ ਦੇ ਨਾਲ। ਜੀਊਣ ਸਿੰਘ ਤੇ ਹੋਰ ਸਿੰਘਾਂ ਨੇ ਅਰਜ਼ ਕੀਤੀ ਜੀ ਸਾਨੂੰ ਭੀ ਹੁਕਮ ਦਿਓ। ਦੀਨਾਨਾਥ ਜੀ ਬਚਨ ਕੀਤਾ ਏਥੇ ਸੀਸ ਏਹਨਾਂ ਕੇ ਈ ਲਗਣੇ ਹੈਂ। ਹੋਰ ਜਹਾਜ ਭੀ ਬਥੇਰੇ ਛੁਟਣੇ ਹੈਂ। ਸੂਬਿਆਂ ਥੀਂ ਲੈ ਕੇ ਸਿੰਘ ਸੋਚਾਂ ਕਰਦੇ ਹੈਂ ਗੁਰੂ ਜੀ ਕੀ ਸਾਂਗ ਰਚਨੇ ਲਗੇ ਹੈਂ। ਸੂਬਿਆਂ ਨੇ ਭੀ ਅਰਜ਼ ਕੀਤੀ ਜੀ ਸਾਨੂੰ ਭੀ ਹੁਕਮ ਦੇਵੋ। ਸਤਿਗੁਰੂ ਜੀ ਬਚਨ ਕੀਤਾ ਧੁਆਨੂੰ ਏਥੇ ਜਾਨੇ ਕਾ ਹੁਕਮ ਨਹੀਂ ਹੈ। ਧੁਹਾਥੋਂ ਹੋਰ ਕਾਰ ਲੈਣੀ ਹੈ। ਹੋਰ ਟੋਲੇ ਬਹੁਤ ਚੜ੍ਹਨਗੇ।

ਹਰਿਮੰਦਰ ਪਰ ਚੜਕੇ ਹੀਰਾ ਸਿੰਘ ਨੇ ਆਪ ਹੋਕਾ ਦੀਆ ਬਿਲਿਓ ਕਹਿਓ ਨਾ ਚੋਰੀ ਗਏ ਹੈ। ਖ਼ਵਰ ਨਹੀਂ ਕੀਤੀ ਹੈ। ਹੋਕਾ ਦੇਕੇ ਚਲੇ ਹੈਂ। ਧਰਮ ਜਹਾਜ ਛੁੱਟੇਗਾ। ਚੜ੍ਹੋ ਜਿਸ ਚੜਨਾ ਹੈ ਹੁਣ, ਡੇਰ ਨਹੀਂ ਹੈ। ਇਕ ਸਿੰਘ ਨੇ ਅਰਜ਼ ਕੀਤੀ ਜੀ ਮੈਨੂੰ ਹੁਕਮ ਹੋਵੇ ਤੇ ਨਾਲ ਸਿੰਘਾਂ ਕੇ ਚੜ੍ਹੀਏ! ਸ੍ਰੀ ਸਤਿਗੁਰੂ ਜੀ ਬਚਨ ਕੀਤਾ ਤੂੰ ਗ੍ਰਿਸਤੀ ਹੈਂ ਤੂੰ ਨਾ ਜਾ, ਤੇਰਾ ਸਮਾ ਨਹੀਂ। ਏਕ ਹੋਰ ਸਿੰਘ ਨੇ ਅਰਜ਼ ਕੀਤੀ ਜੀ ਮੈਨੂੰ ਹੁਕਮ ਹੋਵੇ ਨਾਲ ਸਿੰਘਾਂ ਕੇ ਮੈਂ ਭੀ ਜਾਵਾਂ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਦੇਖਾਂ ਨਾਲ ਜਾਣ ਨੂੰ ਕਹਿੰਦਾ ਹੈ, ਮੌਕਾ ਪਿਆ ਤਾਂ ਕਛਹਿਰੇ ਲਾਹ ਕਰ ਖੂੰਜੇ ਖਲਰੇ ਸਿੱਟੇਂਗਾ ਤੇ ਤੜਾਗੀ ਲੰਗੋਟੀ ਪਾਇ ਲਵੇਂਗਾ। ਬਾਰਾਂ ਸਿੰਘ ਹੋਰ ਸੇ, ਉਹਨਾਂ ਭੀ ਪੁੱਛਿਆ ਕੇ ਸਾਨੂੰ ਹੁਕਮ ਹੋਵੇ ਤਾਂ ਨਾਲ ਰਲੀਏ ਸਿੰਘਾਂ ਕੇ। ਸਤਿਗੁਰੂ ਜੀ ਬਚਨ ਕੀਤਾ ਆਪੋ ਆਪਣੇ ਘਰਾਂ ਨੂੰ ਚਲੇ ਜਾਓ। ਏਥੇ ਏਨ੍ਹਾਂ ਈ ਜਾਣਾ ਹੈ। ਹੋਰ ਜਹਾਜ ਬਹੁਤ

---

1 ਲਹਿਣਾ ਸਿੰਘ ਸਪੁੱਤਰ ਸ੍ਰ. ਮਹਿਤਾਬ ਸਿੰਘ, ਹੀਰਾ ਸਿੰਘ, ਅਨੂਪ ਸਿੰਘ, ਊਧਮ ਸਿੰਘ, ਨੰਦ ਸਿੰਘ ਹੰਡਿਆਏ ਦਾ, ਜੋਗਾ ਸਿੰਘ, ਵਰਿਆਮ ਸਿੰਘ, ਭਾਗ ਸਿੰਘ ਮੇਹਰਾਜ ਦਾ, ਨਰੈਣ ਸਿੰਘ ਰੜ ਦਾ, ਸਾਹਿਬ ਸਿੰਘ, ਸੁਜਾਨ ਸਿੰਘ, ਗਿਆਨ ਸਿੰਘ ਅਤੇ ਕਾਨ੍ਹ ਸਿੰਘ ਬੁਲਹੀਰੇ ਪਿੰਡ ਦੇ। ਇਨ੍ਹਾਂ ਤੇਰ੍ਹਾਂ ਸਰੀਰਾਂ ਦੇ ਨਾਮ ਸਤਿਗੁਰੂ ਜੀ ਨੇ ਆਪ ਸਰਫ਼ਰਾਜ਼ ਖ਼ਾਨ ਨੂੰ ਦਿੱਤੇ ਸਨ।

ਛੁੱਟਣਗੇ। ਜੇਹੜਾ ਬਹੁਤਾ ਕਾਹਲਾ ਹੈ ਸੋ ਉਦੋਂ ਚੜਨਾ। ਬਾਰਾਂ ਨੇ ਬਚਨ ਨਾ ਮੰਨਿਆ। ਕਹਿਣ ਲਗੇ ਧਰਮ ਕੀ ਕਾਰ ਮੈ ਮਨਮੁਖੀ ਨਾ ਕਰਨੀ ਚਾਹੀਏ।

## ਸਿੰਘ ਚੱਲੇ ਰੱਬੋ ਨੂੰ

ਹੀਰਾ ਸਿੰਘ ਹੋਰੀਂ ਹੁਕਮ ਲੈ ਕੇ ਸ਼ੇਰਾਂ ਵਾਂਗੂੰ ਛਾਲਾਂ ਮਾਰਦੇ ਅਕਾਲ ਬੁੰਗੇ ਆਏ। ਜੇੜ੍ਹਾ ਬਾਧੂ ਅਸਵਾਬ ਸੀ ਸੋ ਤਾ ਰੱਖ ਦੀਆ ਫਤੇ ਬੁਲਾਇਕੇ ਜੈਕਾਰੇ ਗਜਾਇਕੇ ਚੜ੍ਹੇ। ਭਾਈ ਹੀਰਾ ਸਿੰਘ ਨੇ ਲੀਕ ਕੱਢੀ ਕਰਦ ਨਾਲ ਤੇ ਕਹਾ ਕਿ ਜਿਸਨੇ ਸੀਸ ਦੇਨਾ ਹੈ ਧਰਮ ਹੇਤ ਸੋ ਲੀਕ ਟੱਪੋ।

ਸੱਤ ਵੀਹਾਂ ਸਿੰਘ ਛਾਲਾਂ ਮਾਰ ਕੇ ਲੀਕ ਟਪ ਗਏ। ਕਿਸੇ ਕੇ ਹਾਥ ਮੈ ਸਫਾ ਜੰਗ ਹੈ ਕਿਸੇ ਕੇ ਹਾਥ ਮੈ ਛਵੀ ਹੈ। ਕਈਆਂ ਕੇ ਹਾਥੋਂ ਮੇਂ ਸਲੋਤ੍ਰ ਹੈਂ। ਛਾਲਾਂ ਮਾਰਦੇ ਕੁਦਦੇ ਕੁਦਾਉਂਦੇ ਚੱਲੇ ਸਿੰਘ ਰੱਬੋਂ ਨੂੰ। ਥਾਨੇਦਾਰ ਨੇ ਭੀ ਆਇ ਕਹਾ ਹੀਰਾ ਸਿੰਘ ਤੁਸੀ ਡਰਦੇ ਕਿਓ ਨਹੀਂ ਹੋ। ਚਲੇ ਜਾਵੋ ਰੌਲ਼ਾ ਨਾ ਪਾਵੋ। ਹੀਰਾ ਸਿੰਘ ਨੇ ਬਚਨ ਕੀਤਾ ਅਸੀ ਤਾਂ ਘਰਾਂ ਨੂੰ ਹੀ ਚੱਲੇ ਹਾਂ। ਸਿੰਘਾਂ ਕੇ ਦਿਲ ਵਿਚ ਹੌਸਲਾ ਹੋਇ ਰਿਹਾ ਹੈ ਕੇ ਸਾਡੇ ਸੀਸ ਧਰਮ ਹੇਤ ਲੱਗਣਗੇ। ਲੰਮੀਆਂ ਲੰਮੀਆਂ ਡਿੰਗਾਂ ਭਰ ਕੇ ਤੁਰੇ ਜਾਂਦੇ ਹੈ ਬੇਗ਼ਮ, ਨਹੀਂ ਜਿਨ੍ਹਾਂ ਨੂੰ ਗ਼ਮ ਮਰਨ ਕਾ।[1]

ਇਕ ਸਿੰਘ ਨੇ ਅਰਜ਼ ਕੀਤੀ ਜੀ ਪਿੱਛੇ ਗੁਰੂਆਂ ਨੂੰ ਹੱਥ ਪਾਏ ਸੀ ਤਿਸੀ ਤਰਾਂ ਧੁਹਾਨੂੰ ਭੀ ਹੱਥ ਪਾਉਣਗੇ। ਜੇ ਤੁਸੀਂ ਚਲੇ ਗਏ ਤਾਂ ਸਿੰਘਾਂ ਨੂੰ ਦੁਖ ਦੇਣਗੇ। ਧੁਹਾਨੂੰ ਲੈ ਗਏ ਤਾਂ ਸਿੰਘ ਵਿਰਲਾਪ ਕਰਨਗੇ। ਸਿੰਘਾਂ ਦਾ ਕੀ ਬਣਦਾ ਹੈ ਤੁਸਾਂ ਬਿਨਾ। ਪਰ ਆਗੇ ਜਿਉਂ ਆਪ ਕੀ ਰਜਾਇ ਹੈ ਤਿਵੇਂ ਕਰੀਏ। ਬਚਨ ਕੀਤਾ ਜੁਧ ਕਰਨੇ ਵਾਲੇ ਸਿੰਘ ਥੋੜੇ ਹੈਂ। ਤੁਸੀਂ ਆਪੋ ਆਪਣਿਆਂ ਘਰਾਂ ਨੂੰ ਚਲੇ ਜਾਵੋ। ਜੇੜ੍ਹਾ ਰਹੇਗਾ ਸੋ ਔਖਾ ਹੋਵੇਗਾ।

ਪਰਸਾ ਸਿੰਘ ਜੰਡਵਾਲੇ ਦਾ ਤੱਕੜੀ ਤੋਲਦਾ ਸੀ। ਮਸਤਾਨਾ ਹੋਇਕੇ ਕਹਿਣੇ ਲਗਾ ਚੱਲੋ ਜਿਸ ਧਰਮ ਹੇਤ ਸੀਸ ਦੇਣਾ ਹੈ। ਤੱਕੜੀ ਛਡ ਕੇ ਜਿਉਂ ਤੁਰਿਆ ਹੈ ਫੌਜ ਮੈ ਆਨ ਸ਼ਾਮਲ ਹੋਇਆ। ਮਗਰੋਂ ਸੁਹੇਲ ਸਿੰਘ ਲਹਿਰੇ ਕਾ ਥਾ, ਉਸ ਕੋ ਸੱਦ ਕੇ ਸ੍ਰੀ ਸਤਿਗੁਰੂ ਜੀ ਬਚਨ ਕੀਤਾ ਮਸਤਾਨਿਆ ਤੈਂ ਨਹੀਂ ਅੱਗੇ ਕੁਝ ਦਿੱਤਾ ਗੁਰੂ ਅਰਪਣ, ਹੁਣ ਸੀਸ ਦੇ। ਉਨ੍ਹਾਂ ਸਿੰਘਾਂ ਨੂੰ ਜਾਇ ਮਿਲ। ਸੁਣਦੇ ਈ ਖੁਸ਼ੀਆਂ ਲੈ ਕੇ ਤੁਰਿਆ। ਸਿੰਘਾਂ ਨੂੰ ਜਾਇ ਮਿਲਿਆ। ਸਤਿ ਸ੍ਰੀ ਅਕਾਲ ਬੁਲਾਇਕੇ ਰਲ ਗਿਆ ਡਾਰ ਮੈ।

## ਰੱਬੋਂ ਪਹੁੰਚੇ

ਰੱਬੋਂ ਜਾਇ ਡੇਰਾ ਕੀਤਾ। ਹੀਰਾ ਸਿੰਘ ਜੀ ਹੁਕਮ ਕੀਤਾ ਜਿਸ ਜਿਸ ਕੇ ਪਾਸ ਰੋਕ ਹੈ ਦੇਵੋ। ਢਾਈ ਸੌ ਰੁਪਈਆ ਹੋਇਆ। ਢਾਈ ਸੌ ਰੁਪਏ ਕੀ ਰਸਤ ਮੰਗਵਾਈ। ਕੜਾਹ ਪ੍ਰਸ਼ਾਦਕੀਤਾ। ਵਰਤਾਵਣ ਲਗੇ। ਜੋ ਆਵੇ ਉਸਕੋ ਰਜਾਇਕੇ ਛਕਾਵਣ। ਗਰੀਬਾਂ ਲੋਕਾਂ ਕੋ ਭੀ

---

1 ੧੩ ਜਨਵਰੀ ਦੋਪਹਿਰ ਤਿੰਨ ਕੁ ਵਜੇ ਤੁਰੇ।

ਛਕਾਇਆ।ਜੋ ਜੋ ਸੁਣਕੇ ਆਇਆ ਪ੍ਰਸੰਨ ਕੀਤਾ ਸਭ ਨੂੰ। ਬਹੁਤ ਲੋਕ ਛਕ ਛਕ ਕੇ ਪ੍ਰਸੰਨ ਹੋਏ।[1]

## ਮਲੌਦ ਵਿਚ ਲੜਾਈ : ੧੪ ਜਨਵਰੀ

ਮਲੌਦ ਦੇ ਕੋਲ ਆਏ ਤਾਂ ਏਕ ਸਿੰਘ ਨੇ ਕਹਿਆ ਕਿ ਸਰਦਾਰ ਬਦਨ ਸਿੰਘ ਹੈ। ਉਸ ਭਜਨ ਭੀ ਲਿਆ ਹੋਇਆ ਹੈ। ਇਸ ਥੀਂ ਸ਼ਸਤਰ ਲੈ ਲਵੋ। ਏਕ ਸਮੇ ਸਰਦਾਰ ਬਦਨ ਸਿੰਘ ਦੀਵਾਨ ਵਿਚ ਆਇਆ ਸੀ ਸ੍ਰੀ ਰਾਮਦਾਸਪੁਰੇ ਤਾ ਉਸ ਕਿਹਾ ਸੀ ਕਿ ਕੋਈ ਸੇਵਾ ਹੋਵੇ ਤਾਂ ਦਸੋ ਤਾਂ ਹੀਰਾ ਸਿੰਘ ਨੇ ਕਿਹਾ ਸੀ ਕਿ ਜਦੋਂ ਲੋੜ ਪਵੇਗੀ ਤਾਂ ਦੱਸਾਂਗੇ। ਦਰਵਾਜੇ ਕੀ ਤਾਕੀ ਖੁਲ੍ਹੀ ਸੀ। ਬਾਹਰ ਪਹਿਰਾ ਖੜਾ ਕਰਕੇ ਸਿੰਘ ਅੰਦਰ ਜਾਏ ਵੜੇ। ਦਰਵਾਜਾ ਆਪਣੇ ਅਖ਼ਤਿਆਰ ਰਖਿਆ। ਸ਼ਹਿਰ ਕੇ ਬਾਹਰ ਕਾ ਦਰਵਾਜਾ ਅੜਾਇਕੇ ਸੋ ਭੀ ਆਪਣੇ ਅਖ਼ਤਿਆਰ ਰੱਖਿਆ। ਹੀਰਾ ਸਿੰਘ ਤੇ ਲੈਹਣਾ ਸਿੰਘ ਤੇ ਇਕ ਮਸਤਾਨੀ ਮਕਾਨ ਉੱਤੇ ਚੜ ਗਏ। ਸਰਦਾਰ ਕੰਘਾ ਕਰਦਾ ਸੀ[2]। ਹੀਰਾ ਸਿੰਘ ਨੇ ਕਹਿਆ ਸਰਦਾਰ ਨੂੰ ਤੂੰ ਸਾਨੂੰ ਸ਼ਸਤਰ ਦੇ ਦੇ ਨਾਲੇ ਘੋੜੇ, ਅਸੀਂ ਤੈਨੂੰ ਕੁਝ ਨਹੀਂ ਕਹਿੰਦੇ ਹੈਂ। ਸਰਦਾਰ ਨੇ ਕਹਾ ਕੇ ਮੈਂ ਸ਼ਸਤਰ ਨਹੀਂ ਦੇ ਸਕਦਾ ਹਾਂ ਮੈਨੂੰ ਫ਼ਰੰਗੀ ਕਾ ਭੈ ਹੈ। ਮੇਰਾ ਸਭ ਕੁਛ ਜਪਤ ਕਰ ਲੈਣਗੇ। ਮੈਨੂੰ ਫਾਂਸੀ ਦੇ ਦੇਣਗੇ। ਜੇ ਮੈਥੋਂ ਸ਼ਸਤਰ ਲੈਣੇ ਸੇ ਤਾਂ ਮੈਥੋਂ ਮੂਲ ਕਰਾਇਕੇ ਲੈ ਜਾਂਦੇ। ਮੂਲ ਭਾਵੇ ਨਾ ਹੀ ਦੇਂਦੇ ਖੁਫੀਆ ਤੌਰ। ਉਜਾਗਰ ਮੈਂ ਨਹੀਂ ਦੇ ਸਕਦਾ ਹਾਂ। ਰਸਤਾਂ ਲੈ ਲਵੋ ਅਰ ਪਦਾਰਥ ਲਵੋ ਜਿਤਨਾ ਲੈਣਾ ਹੈ। ਘੋੜਾ ਸ਼ਸਤਰ ਨਹੀਂ ਦੇ ਸਕਦਾ ਹਾਂ ਫ਼ਰੰਗੀ ਥੀਂ ਡਰਦਾ। ਅਬਲ ਤਾਂ ਫ਼ਰੰਗੀ ਨੇ ਸ਼ਸਤਰ ਸਭ ਕਢਵਾਏ ਲਏ ਹੈਨ ਛੱਡੇ ਨਹੀਂ। ਤੁਸੀ ਦੇਖ ਲਵੋ ਜਿੱਥੇ ਹੈਨ ਤਿੱਥੋਂ ਲਵੋ ਜੋ ਹੈਨ। ਮੈਂ ਦੇ ਵੀ ਨਹੀਂ ਸਕਦਾ। ਤਾਂ ਮਸਤਾਨੀ[3] ਨੇ ਟਾਕੂਆ ਮੂੰਹ ਨੂੰ ਮਾਰਿਆ। ਭਾਈ ਹੀਰਾ ਸਿੰਘ ਕੇਸਾਂ ਥੀਂ ਫੜ ਲਿਆ। ਬੋਲਾ ਕੀਤਾ ਕੇ ਅਸੁਰ ਕਛਹਿਰੇ ਕਿਓਂ ਰੱਖੇ ਹੈਨ' ਕੰਘਾ ਕਿਰਪਾਨ ਕੜਾ ਕਿਓਂ ਰੱਖੇ ਹੈਨ? ਇਤਨਾ ਕਹਿਕੇ ਦੂਆ ਟਾਕੂਆ ਪਿੱਠ ਪਰ ਮਾਰਿਆ ਮਸਤਾਨੀ ਨੇ। ਭਾਈ ਹੀਰਾ ਸਿੰਘ ਨੇ ਛੋਡ ਦਿੱਤਾ। ਝੱਟ ਸਰਦਾਰ ਨੇ ਅੰਦਰ ਬੜ ਕੇ ਕੁੰਡਾ ਮਾਰ ਲੀਤਾ। ਭਾਈ ਹੀਰਾ ਸਿੰਘ ਹੇਠਾਂ ਉਤਰ ਆਇਆ। ਅੱਗੇ ਖੋਜੀ ਕੇ ਘਰ ਗਏ। ਉਸ ਕੋ ਭੀ ਮਾਰਿਆ। ਹੋਰ ਲੋਕ ਲੁਕ ਗਏ। ਮੁੜ ਆਏ। ਅੱਗੇ ਕਾਜੀ ਮਿਲਿਆ। ਪੁੱਛਿਆ ਕੌਣ ਹੈ? ਉਸਨੇ ਕਹਾ ਕਾਜੀ ਹਾਂ। ਹੀਰਾ ਸਿੰਘ ਨੇ ਕਹਾ ਕਾਜੀ ਰੱਬ ਨੇ ਦੀਆ ਹੈ ਮਾਰੋ ਸੁੱਕਾ ਨਾ ਜਾਏ। ਕਾਜੀ ਨੇ ਕਹਾ ਖੁਦਾਇ ਦਾ ਰਹਿਮ ਨਹੀਂ ਕਰਦੇ ਹੋ? ਸਿੰਘ ਨੇ ਕਹਾ ਅਸੀਂ ਭੀ ਖੁਦਾਇ ਕੇ ਭੇਜੇ ਈ ਆਏ

---

1 ਭਾਈ ਹੀਰਾ ਸਿੰਘ ਅਤੇ ਉਸ ਦੇ ਜਥੇ ਵਾਲੇ ਸਿੰਘ ਰਾਮਦਾਸਪੁਰੇ ਤੋਂ ਚਲਕੇ ਹਨੇਰਾ ਹੋਏ ਪਿੰਡ ਰੱਬੋਂ ਪਹੁੰਚੇ ਸਨ ਅਤੇ ਉਥੋਂ ਦੇ ਜ਼ਮੀਦਾਰ ਸਾਹਿਬੇ ਦੇ ਖੂਹ ਤੇ ਡੇਰੇ ਲਗਾਏ। ਅਗਲੇ ਦਿਨ, ੧੪ ਜਨਵਰੀ ਨੂੰ ਸਾਰਾ ਦਿਨ ਉੱਥੇ ਰਹੇ।ਲੰਗਰ ਪਾਣੀ ਲਈ ਬਰਤਨ ਆਦਿ ਪਿੰਡ ਦੇ ਲਹਿਣਾ ਸਿੰਘ, ਨਰੈਣ ਸਿੰਘ ਕੂਕਿਆਂ ਪਾਸੋਂ ਲਏ। ਸ਼ਹੀਦੀ ਜਥੇ ਵਾਲੇ ਉੱਚੀ ਉੱਚੀ ਕਹਿ ਰਹੇ ਸਨ "ਗੁਰੂ ਕਾ ਭਾਣਾ ਹੋ ਗਿਆ, ਖ਼ਾਲਸਾ ਪਿਆਰਾ ਹੋ ਗਿਆ।" ਸਾਹਿਬੇ ਜ਼ਿਮੀਂਦਾਰ ਦੇ ਬਿਆਨ ਅਨੁਸਾਰ ਇਸ ਪਿੰਡ ਚੋਂ ਧਰਮ ਸਿੰਘ ਖਜਾਨ ਸਿੰਘ ਆਦਿ ੧੨ ਕੂਕੇ ਸ਼ਹੀਦੀ ਮਿਸਲ ਵਿਚ ਰਲ਼ ਗਏ ਸਨ।

2 ਬਦਨ ਸਿੰਘ ਪੁੱਤਰ ਸ੍ਰ. ਮਿੱਤ ਸਿੰਘ।

3 ਮਾਈ ਇੰਦ ਕੌਰ ਹੰਡਿਆਏ ਦੀ। ਮਾਈ ਦਾ ਪਤੀ ਨੰਦ ਸਿੰਘ ਵੀ ਜਥੇ ਦੇ ਨਾਲ ਸੀ ਅਤੇ ਉਹ ਮਲੌਦ ਵਿਚ ਹੀ ਸ਼ਹੀਦ ਹੋ ਗਿਆ ਸੀ।

ਹਾਂ। ਸ਼ਸਤਰ ਮਾਰ ਕੇ ਮਾਰ ਦੀਆ। ਬੜਾ ਦੁਖ ਪਾਇਕੇ ਮੋਇਆ[1]। ਫੇਰ ਘੋੜਿਆਂ ਵਾਲੇ ਵੰਨੀਂ ਹੋਏ। ਸਾਈਸ ਨੇ ਕਹਾ ਮੈਂ ਨਿਮਕ ਖਾਧਾ ਹੈ ਮੈਂ ਕਿਵੇਂ ਘੋੜੇ ਖੋਹਲਣ ਦਿਆਂ। ਸਿੰਘਾਂ ਨੇ ਉਸ ਕੋ ਭੀ ਮਾਰ ਮੁਕਾਇਆ[2]।

ਸਾਰੇ ਸਿੰਘ ਹੀ ਸਿੰਘ ਫਿਰਦੇ ਦਿਸਦੇ ਹੈਂ। ਸਭ ਲੋਕਾਂ ਮੈ ਹਿਲਜੁਲ ਪੈ ਗਿਆ। ਲੋਕਾਂ ਕੋ ਭੈ ਹੋਇਆ। ਸਮਝਿਆ ਜੋ ਕਿਲੇ ਮੈ ਧਾੜ ਬੜੀ ਹੋਈ ਹੈ। ਸਭ ਲੋਕਾਂ ਨੇ ਜੰਦਰੇ ਅੜਾਇ ਲਏ ਅਰ ਕੋਠਿਆਂ ਪਰ ਚੜ੍ਹਕੇ ਸੁਣਦੇ ਹੈਂ। ਲੋਕ ਬਹੁਤ ਸਾਰੇ ਸਿੰਘਾਂ ਨੂੰ ਰੋਕਣ ਵਾਸਤੇ ਕਿਲੇ ਕੋ ਦਰਵਜੇ ਕੇ ਅੱਗੇ ਜਾਇ ਖੜੇ ਹੋਏ। ਬਹੁਤ ਲੋਕ ਜਮਾਂ ਹੋਇ ਗਏ। ਜਾਗਾ ਪਰ ਜਾਗਾ ਗੱਲਾਂ ਕਰਦੇ ਹੈਂ। ਲੋਕ ਕਹਿੰਦੇ ਹੈ ਖ਼ਵਰੇ ਕੌਣ ਕੌਣ ਅੰਦਰ ਵੜੇ ਹੋਏ ਹੈਂ।

ਪੈਹਰੇਦਾਰ ਨੇ ਖ਼ਵਰ ਦਿੱਤੀ ਕਿ ਦਰਵਜੇ ਦੇ ਅੱਗੇ ਲੋਕ ਇਕੱਠੇ ਹੋਏ ਹੋਏ ਹਨ। ਭਾਈ ਹੀਰਾ ਸਿੰਘ ਨੇ ਹੁਕਮ ਦੀਆਂ ਘੋੜਿਆਂ ਪਰ ਕਾਠੀਆਂ ਪਾਓ ਛੇਤੀ ਛੇਤੀ। ਸਿੰਘ ਫਿਰਦੇ ਹੈਨ। ਕਾਠੀ ਜੇਹੜੀ ਕਿਸੇ ਦੇ ਹੱਥ ਆਈ ਸੋ ਪਾਈ। ਕਾਠੀਆਂ ਤਾਹਰੂ[3] ਪਾਇਕੇ ਸਿੰਘ ਛਪਾ ਛਪ ਤਿਆਰ ਹੋਏ।

ਅਸਵਾਰ ਪਰਸਪਰ ਖੁਸ਼ੀ ਕੇ ਬੋਲੇ ਕਰਦੇ ਹੈਂ। ਬੇ-ਗ਼ਮ ਫਿਰਦੇ ਹੈਨ। ਗਦ ਗਦ ਪ੍ਰਸੰਨ ਅਕਾਲ ਪੁਰਖ ਦਾ ਭੈ ਰੱਖਦੈ ਹੈਂ। ਜਿਨ੍ਹਾਂ ਨੂੰ ਸਰਗੁਣ ਸਰੂਪ ਕਾ ਨਿਸਚਾ ਹੈ ਹਾਜਰ ਨਾਜਰ ਪਰਮੇਸਰ ਕੋ ਜਾਨਨੇ ਵਾਲੇ ਹੈਂ। ਚੇਹਰਿਆਂ ਪਰ ਲਾਲੀਆਂ ਦਗਦੀਆਂ ਹੈਂ ਔਰ ਛਤਾਬੀ ਛਤਾਬੀ ਫਿਰਦੇ ਹੈਂ। ਹੀਰਾ ਸਿੰਘ ਨੇ ਕਿਹਾ ਚੜ੍ਹੋ ਘੋੜਿਆਂ ਪਰ, ਪਰ੍ਹਾ ਬੰਨ੍ਹਕੇ ਕਠੇ ਈ ਨਿਕਲੋ ਤੇ ਬੋਲਾ ਕੀਤਾ ਬੰਦੂਕਾਂ ਕੀ ਝਾੜ ਕਰਕੇ ਮਾਰੋ ਜੇੜੇ ਖੜ੍ਹੇ ਹੈਂ ਭੁੰਨ ਦੇਵੋ। ਦੋ ਬੰਦੂਕਾਂ ਭੀ ਚਲਾਈਆਂ।[4] ਏਕ ਨੇ ਉੱਤੋਂ ਛਾਲ ਮਾਰੀ। ਲੱਤ ਉੱਤਰ ਗਈ। ਲੋਕ ਪਰੇ ਹੋ ਗਏ। ਫਸੀਲ ਉੱਤੇ ਭੀ ਆਦਮੀ ਰਹੇ। ਦਰਵਜਾ ਅਖ਼ਤਿਆਰ ਆਪਣੇ ਰੱਖਿਆ।

ਦਰਵਾਜਾ ਖੋਹਲ ਕੇ ਖਾਲਸਾ ਤੁੰਬਲ ਦਾ ਤੁੰਬਲ ਇਕੱਠਾ ਨਿਕਲਿਆ। ਬਜਾਰ ਕੇ ਬੀਚ ਸੋ ਤੁਰੇ। ਸਰਦਾਰ ਨੇ ਉੱਤੋਂ ਹੁਕਮ ਦੀਆ ਮਾਰੋ ਬਟੇ ਢੀਮਾਂ। ਲੋਕਾਂ ਨੇ ਬਟੇ ਢੀਮਾਂ ਬਹੁਤ ਚਲਾਈਆਂ ਪਰ ਖਾਲਸਾ ਨਿਰਭੈ ਸ਼ੇਰਾਂ ਵਾਂਗੂੰ ਤੁਰਿਆ ਜਾਂਦਾ ਹੈ।ਜੋ ਕੁਛ ਕਿਸੇ ਦੇ ਹੱਥ ਆਇਆ ਸੋ ਚਲਾਇਆ। ਅੱਗੇ ਜਾਇਕੇ ਗਿਣਤੀ ਕੀਤੀ ਲਹਿਣਾ ਸਿੰਘ ਨਹੀਂ ਹੈ ਵਿਚ। ਹੀਰਾ ਸਿੰਘ ਨੇ ਕਹਾ ਪਾਈ ਸੂ ਪੂਰੀ। ਖਾਲਸਾ ਜੀ ਸੋਚਾਂ ਕਰ ਰਹੇ ਹੈ। ਲਹਿਣਾ ਸਿੰਘ ਸਮੇਤ ਬਾਰਾਂ ਸਿੰਘ ਅੰਦਰ ਰਹੇ। ਲੋਕਾਂ ਨੇ ਕੋਠਿਆਂ ਕੀਆਂ ਕੜੀਆਂ ਉਤੇ ਮਾਰੀਆਂ। ਲਹਿਣਾ ਸਿੰਘ ਪਿਛਲੇ ਪਾਸਿਓਂ ਬਾਰੀ ਵਿਚੋਂ ਲੰਘਕੇ ਸੰਗਲ ਵਢ ਕੇ ਨਿਕਲਿਆ। ਘੋੜੀ ਉੱਤੇ ਚੜ੍ਹ ਕੇ ਲਤੜਦੇ

---

1 ਨਬੀ ਬਖ਼ਸ਼ ਮੁਨਸ਼ੀ।

2 ਬੂਟਾ ਸਾਈਸ

3 ਘੋੜੇ ਦੀ ਕਾਠੀ ਥੱਲੇ ਵਿਛਾਉਣ ਵਾਲਾ ।

4 ਸ਼ਹੀਦੀ ਜਥੇ ਪਾਸ ਸ੍ਰੀ ਭੈਣੀ ਸਾਹਿਬ ਤੋਂ ਚਲਦਿਆਂ ਕੋਈ ਬੰਦੂਕ ਨਹੀਂ ਸੀ। ਮਲੌਦ ਕਿਲੇ ਚੋਂ, ਸਰਕਾਰੀ ਰਿਕਾਰਡਾਂ ਅਨੁਸਾਰ, ਹੀਰਾ ਸਿੰਘ ਹੋਰੀਂ ਤਿੰਨ ਤਲਵਾਰਾਂ ਅਤੇ ਇਕ ਦੁਨਾਲੀ ਬੰਦੂਕ ਲੈ ਗਏ ਸਨ। ਬਦਨ ਸਿੰਘ ਮਲੌਦ ਤੇ ਹਮਲੇ ਤੋਂ ਥੋੜਾ ਚਿਰ ਪਹਿਲਾਂ ਹੀ ਸ੍ਰਕਾਰ ਤੋਂ ਵਾਪਸ ਆਇਆ ਸੀ। ਜਾਪਦਾ ਹੈ ਉਸ ਦੀ ਦੁਨਾਲੀ ਬੰਦੂਕ ਵਿਚ ਦੇ ਕਾਰਤੂਸ ਭਰੇ ਹੋਏ ਹੋਣਗੇ। ਉਹੀ ਦੋ ਫ਼ਾਇਰ ਸ਼ਹੀਦੀ ਜਥੇ ਵਾਲਿਆਂ ਲੋਕਾਂ ਨੂੰ ਰੋਕਣ ਲਈ ਹਵਾ ਵਿਚ ਕੀਤੇ।

ਲਤੜਾਉਂਦੇ ਉੱਤੋਂ ਦੀ ਲੰਘ ਗਿਆ। ਘੋੜੀ ਭਜਾਇਕੇ ਜਾਇ ਮਿਲਿਆ।

ਸਰਦਾਰ ਕੇ ਜੇਹੜੇ ਨੌਕਰ ਸੀ ਤਿਨ੍ਹਾਂ ਨੇ ਖੇੜੀ ਨਗਰ ਜੋ ਨਾਲ ਸੀ ਤਿੱਥੇ ਜਾਇਕੇ ਪੱਲਾ ਫੇਰਿਆ ਜੋ ਕਿਲੇ ਦੇ ਅੰਦਰ ਧਾੜ ਬੜੀ ਹੋਈ ਹੈ, ਲਾਠੀਆਂ ਲੈ ਚੱਲੋ। ਦਰਵਾਜਾ ਤਾਂ ਬੰਦ ਸੀ, ਸਭ ਮੋਰੀਆਂ ਅੱਗੇ ਆਇ ਖੜੇ ਹੋਏ। ਕੋਲ ਰੋੜੀ ਨਾਮ ਗ੍ਰਾਮ ਸੀ, ਤਿਸ ਜਗਾ ਕੇ ਲੋਗ ਭੀ ਆਇ ਗਏ। ਹੋਰ ਰਸਤਾ ਕੋਈ ਨਾ ਸੀ ਨਿਕਲਨੇ ਕੋ। ਘੋੜੇ ਲੰਘੇ ਨਾ, ਸਿੰਘ ਉਤਰ ਕੇ ਮੋਰੀ ਲੰਘਣ ਲੱਗੇ ਤਾ ਲੋਗ ਉਨਾਂ ਕੇ ਚੋਟ ਚਲਾਵਨ, ਲਾਠੀਆਂ ਮਾਰਨ। ਸਭ ਸਿੰਘ ਨਿਕਲ ਗਏ ਲਾਠੀਆਂ ਮਾਰਦਿਆਂ ਚੋਂ। ਚਾਰ ਪਾਂਚ ਸਿੰਘਾਂ ਕੋ ਸੱਟਾਂ ਲੱਗੀਆਂ, ਸੋ ਤਾਂ ਆਸੇ ਪਾਸੇ ਹੋ ਕੇ ਲੁਕ ਕੇ ਬੈਠ ਗਏ। ਤੁਰਿਆ ਨਾ ਗਿਆ ਸੀ।

ਉਸ ਵਖਤ ਮੇਹਰ ਸਿੰਘ ਨੇ ਸਰਾਫ ਦੀਆਂ ਹੱਛਾ ਕਾਰਦਾਰ ਤੈਨੇ ਹੱਲਾ ਕਰਵਾਇਆ ਹੈ। ਅਸੀਂ ਤਾਂ ਛਤ੍ਰੀ ਧਰਮ ਕੇ ਵਾਸਤੇ ਕਮਰਕੱਸਾ ਕਸਿਆ ਹੈ, ਤੈਨੇ ਸਿੰਘਾਂ ਪਰ ਇੱਟਾਂ ਦਾ ਹੱਲਾ ਕਰਵਾਇਆ ਹੈ। ਤੂੰ ਭੀ ਛੇਵੇਂ ਦਿਨ ਨੂੰ ਮਰੇਂਗਾ। ਸੋ ਛੇਵੇਂ ਦਿਨ ਬੁਰਜ ਉੱਤੋਂ ਡਿਗ ਕੇ ਮਰ ਗਿਆ। ਬਨੇਰੇ ਕੀਆਂ ਇੱਟਾਂ ਉਖੜ ਗਈਆਂ ਤਾਂ ਡਿਗਕੇ ਮੋਇਆ। ਦੋ ਸਿੰਘ ਭੀ ਚੜ੍ਹਾਈ ਕਰ ਗਏ।[1] ਸਹਿਕਦਿਆਂ ਨੂੰ ਅੰਦਰ ਲਿਆਇ ਸੁੱਟਿਆ। ਇਕ ਤਾਂ ਨੰਦ ਸਿੰਘ ਹੰਡਿਆਇ ਕਾ ਸੀ ਜਿਸ ਨੂੰ ਸ੍ਰੀ ਸਤਿਗੁਰੂ ਜੀ ਬਚਨ ਕੀਤਾ ਸੀ ਪਹਿਲੇ ਚੜ੍ਹੇਗਾ, ਸੋ ਬਾਰੀ ਅੱਗੇ ਪਹਿਲੇ ਚੜਾਈ ਕਰੀ ਸੀ। ਏਕ ਰਾਮਦਾਸੀਆ ਸਿੰਘ ਸੀ[2] ਉਸਨੇ ਖੂਹ ਵਿਚ ਛਾਲ ਮਾਰੀ। ਹੀਰਾ ਸਿੰਘ ਨੇ ਬੋਲਾ ਕੀਤਾ ਕਿਉਂ ਅਜਾਈਂ ਮੌਤੇ ਮਰਦਾ ਹੈ? ਕਢ ਲਿਆ।

## ਮਲੇਰ ਕੋਟਲੇ ਤੇ ਚੜ੍ਹਾਈ : ੧੫ ਜਨਵਰੀ ਸਵੇਰੇ

ਜਾਂ ਮਲੇਰਕੋਟਲੇ ਦੇ ਪਾਸ ਆਇ ਤਾਂ ਘੋੜਾ ਹਿਣਕ ਪਿਆ। ਏਕ ਸਿੰਘ ਨੇ ਕਹਿਆ ਮੂੰਹ ਬੰਨ੍ਹ ਦੇਈਏ। ਹੀਰਾ ਸਿੰਘ ਨੇ ਕਹਿਆ ਮੂੰਹ ਕਿਉਂ ਬੰਨ੍ਹਣੇ ਹੈਨ। ਘੋੜੇ ਹਿਣਕ ਹਿਣਕ ਕੇ ਤਾਂ ਅਕਾਸ ਨੂੰ ਪਾੜਨਗੇ। ਇਕ ਸਿੰਘ ਨੇ ਕਹਿਆ ਸਵਾ ਪਹਿਰ ਰਾਤ ਨਾਲ ਪਈਏ। ਹੀਰਾ ਸਿੰਘ ਨੇ ਕਹਾ ਦਿਨ ਚੜ੍ਹੇ ਤੇ ਪਵਾਂਗੇ। ਚੋਰ ਨਹੀਂ ਚੋਰ ਕੇ ਭਾਈ ਨਹੀਂ। ਜੇੜੀ ਚੰਡੀ ਪ੍ਰਚੰਡ ਹੋਣੀ ਸੀ ਸੋ ਤਾਂ ਹੋ ਗਈ ਹੈ। ਦਿਨ ਚੜ੍ਹੇ ਵੜਾਂਗੇ। ਜਾਵੋਂ ਵਿਚੋਂ ਜਿਸਨੂੰ ਡਰ ਹੈ। ਮੇਰੀ ਮੰਗ ਤਾਂ ਧਰਮ ਹੇਤ ਸੀਸ ਦੇਨ ਦੀ ਹੈ।

ਮਲੇਰਕੋਟਲੇ ਵਾਲਿਆਂ ਨੇ ਮਲੌਦ ਦਾ ਰੌਲ਼ਾ ਸੁਣਕੇ ਦਰਵਜੇ ਬੰਦ ਕਰ ਲਏ ਕੇ ਅੰਦਰ ਨਾ ਆਇ ਬੜਨ ਸਿੰਘ। ਏਕ ਸਿੰਘ ਨੇ ਕਿਹਾ ਦਰਵਾਜਾ ਖੁਲ੍ਹਦੇ ਨਾਲ ਪਵਾਂਗੇ। ਜਿੰਨ੍ਹਾਂ ਬਾਰਾਂ ਸਿੰਘਾਂ ਨੇ ਰੁਖਸਤ ਮੰਗੀ ਸੀ ਸਤਿਗੁਰਾਂ ਪਾਸੋਂ, ਸਤਿਗੁਰਾਂ ਨਾ ਸੀ ਦਿੱਤੀ ਤਾਂ ਉਨ੍ਹਾ ਬਚਨ ਨਾ ਮੰਨਿਆਂ,

---

1 ਮਲੌਦ ਵਿਖੇ ਦੇ ਨਾਮਧਾਰੀ ਸਿੰਘ ਸ਼ਹੀਦ ਹੋਏ ਅਤੇ ਚਾਰ ਜ਼ਖ਼ਮੀ ਹੋਏ ਫੜੇ ਗਏ ਸਨ। ਜ਼ਖ਼ਮੀ ਸਿੰਘ ਸਨ (ੳ) ਭਗਵਾਨ ਸਿੰਘ, ਪਿਤਾ ਦਾ ਨਾਂ ਰਾਮ ਸਿੰਘ (ਅ) ਗਿਆਨ ਸਿੰਘ, ਸਪੁੱਤਰ ਸ੍ਰ. ਦੂਲਾ ਸਿੰਘ (ੲ) ਥੱਮਣ ਸਿੰਘ, ਸਪੁੱਤਰ ਸ੍ਰ: ਅਲਬੇਲ ਸਿੰਘ, ਤਿੰਨੇ ਰਿਆਸਤ ਪਟਿਆਲਾ ਦੇ, (ਸ) ਮੇਹਰ ਸਿੰਘ ਸਪੁੱਤਰ ਗੁਲਾਬਾ ਪਿੰਡ ਅਲੀਵਾਲ ਪੁਰ ਜ਼ਿਲ੍ਹਾ ਜਲੰਧਰ। ਇਨ੍ਹਾਂ ਚਾਰਾਂ ਨੂੰ ਸਖ਼ਤ ਜਖ਼ਮੀ ਹੋਣ ਕਰਕੇ ਕਮਿਸ਼ਨਰ ਅਤੇ ਸੈਸ਼ਨ ਜੱਜ ਫੋਰਸਿਥ ਨੇ ੧੯ ਜਨਵਰੀ ੧੮੭੨ ਨੂੰ ਉਮਰ ਕੈਦ ਦੀ ਸਜਾ ਸੁਣਾਈ।

2 ਅਤਰ ਸਿੰਘ।

ਉਹ ਭੀ ਬਾਰਾਂ ਸਿੰਘ ਮਲੇਰ ਕੋਟਲੇ ਦੇ ਲਾਗੇ ਆਇ ਰਹੇ ਕੇ ਜਦ ਹੀਰਾ ਸਿੰਘ ਹੋਰੀਂ ਵੜਨਗੇ ਤਾਂ ਅਸੀਂ ਭੀ ਪਮਾਂਗੇ।

ਜਾਂ ਪੋਹੁ ਪਾਟਣ ਦਾ ਸਮਾ ਆਇਆ ਤਾਂ ਸਿੰਘਾਂ ਕਹਿਆ ਤੁਰਕ ਤਾਂ ਦਰਵਜੇ ਬੰਦ ਕਰੀ ਬੈਠੇ ਹੈਂ। ਹੁਣ ਏਥੇ ਨਹੀਂ ਬੈਠ ਰਹਿਨਾ ਹੈ। ਗੁਰਮੁਖ ਸਿੰਘ ਨੇ ਦੇਖੀ ਹੋਈ ਸੀ ਏਕ ਜਗ੍ਹਾ ਤੇ ਕੋਟ ਦੀ ਕੰਧ ਢਠੀ ਹੋ ਸੀ। ਉਸੀ ਰਸਤੇ ਜਾਏ ਬੜੇ। ਮੂੰਹ ਹਨੇਰੇ ਦਾ ਵਕਤ ਸੀ। ਝਟਪਟ ਗੁਰਮਤਾ ਕੀਤਾ ਕੇ ਜਿੰਨੀਆਂ ਬੈਰਕਾਂ ਹੈਨ ਸਭਨਾਂ ਮੈਂ ਇਕ ਵਾਰੀ ਹੱਲਾ ਕਰਕੇ ਜਾਇ ਪਵੋ। ਜੇਹੜਾ ਅੱਗੇ ਆਵੇ ਉਸ ਨੂੰ ਕਤਲ ਕਰੋ। ਸਰਬ ਖਾਲਸਾ ਰੜ ਕੇ ਦਰਵਜੇ ਨਿਕਲਨਾ। ਅੰਦਰ ਬੜਕੇ ਜੋਰੋ ਜੋਰੀ ਕਾਹਲਾ ਕਦਮ ਪੁੱਟਕੇ ਛਪਾ ਛਪ ਸਿੰਘ ਅਦਾਲਤ ਵਾਲੀ ਜਗ੍ਹਾ ਨੂੰ ਜਾਂਦੇ ਹੈਂ। ਦਰਵਜੇ ਅੱਗੇ ਪਹਿਰਾ ਸੀ। ਪਹਿਰੇ ਵਾਲੇ ਨੇ ਪੁਕਾਰਿਆ ਕੌਣ ਹੈ। ਸਿੰਘਾਂ ਕਿਹਾ ਤੇਰੇ ਜਮਾਈਂ ਹਾਂ। ਫ਼ੌਜ ਕੀ ਫ਼ੌਜ ਖੜੀ ਹੈ। ਪਹਿਰੇ ਵਾਲੇ ਨੇ ਏਕ ਸਿੰਘ ਨੂੰ ਸਲੋਤਰ ਮਾਰਿਆ। ਸਿੰਘਾਂ ਨੇ ਕਹਿਆ ਹੀਰਾ ਸਿੰਘ ਜੀ ਤੁਰਕ ਨੇ ਬਾਰ ਤਾਂ ਕਰ ਲਿਆ ਹੈ। ਹੀਰਾ ਸਿੰਘ ਹੁਕਮ ਦੀਆ ਮਾਰੋ। ਏਕ ਸਿੰਘ ਨੇ ਸਲੋਤਰ ਚਲਾਇਆ ਤੁਰਕ ਧਰਤੀ ਪਰ ਦੜ ਮਾਰਿਆ। ਉਸਕੋ ਮਾਰਕੇ ਸਿੰਘ ਅੰਦਰ ਜਾਏ ਬੜੇ। ਕੋਈ ਤਾਂ ਪਿਆ ਹੈ, ਕੋਈ ਨਮਾਜ ਪੜ੍ਹਦਾ ਹੈ, ਕੋਈ ਮੂੰਹ ਧੋਂਦਾ ਹੈ, ਕੋਈ ਹੁੱਕਾ ਪੀਂਦਾ ਹੈ। ਸਿੰਘ ਸ਼ੇਰਾਂ ਵਾਂਗੂੰ ਟੁੱਟਕੇ ਪਏ। ਕਈ ਮਾਰੇ ਤੁਰਕ। ਨੰਗੀ ਸਿਰੀਂ ਨੱਠੇ ਫਿਰਨ, ਲੁਕਣ ਕੋ ਭੀ ਨਾ ਥਾਉਂ ਲੱਭੇ। ਜੇੜਾ ਅਗੇ ਆਇਆ ਸੋਈ ਮਾਰਿਆ। ਹੋਰ ਅੰਦਰੀਂ ਬੜ ਗਏ ਤੇ ਕੁੰਡੇ ਲਾਇ ਲੀਤੇ।

ਹੰਡਿਆਏ ਵਾਲੀ ਮਸਤਾਨੀ ਨੇ ਏਕ ਤੁਰਕ ਕੇ ਟਾਕੂਆ ਮਾਰਿਆ। ਅੱਗੇ ਕੋ ਨਸ ਚਲਿਆ। ਸੌਣ ਸਿੰਘ ਨੇ ਛਵੀ ਮਾਰ ਕੇ ਦੜ ਮਾਰਿਆ। ਏਕ ਤੁਰਕ ਨੇ ਬੰਦੂਕ ਮਾਰੀ। ਜਗਤ ਸਿੰਘ ਗੰਜੀਵਾਲੇ ਨੂੰ ਲੱਗੀ। ਅਖੀਆਂ ਥੀਂ ਥੋੜਾ ਦਿਸਦਾ ਸੀ ਬਿਬਾਣਾਂ ਪਰ ਚੜ੍ਹਕੇ ਗੁਰੂ ਜੀ ਕੀ ਪੁਰੀ ਨੂੰ ਗਿਆ। ਤੁਰਕ ਸਭ ਲੁਕ ਗਏ। ਕੁੰਡੇ ਜੰਦੇ ਮਾਰ ਲਏ। ਫੇਰ ਉੱਤੋਂ ਢੀਮ ਇੱਟ ਬੱਟਾ ਮਾਰਨੇ ਲਗੇ। ਏਕ ਤੁਰਕ ਨੇ ਤਲਵਾਰ ਮਾਰੀ। ਨਰਾਇਣ ਸਿੰਘ ਨੇ ਦੋਨੋਂ ਹੱਥ ਆਗੇ ਕਰ ਦੀਏ। ਪਿਠ ਨੂੰ ਮਾਰੀ ਸੀ ਹੱਥਾਂ ਉਪਰ ਝਲੀ। ਏਕ ਹੱਥ ਬਢਿਆ ਗਿਆ ਤੇ ਦੂਜੇ ਹੱਥ ਦੀ ਮਛਲੀ ਬੁੱਢੀ ਗਈ। ਅੰਦਰ ਸਿੰਘ ਜੈਕਾਰੇ ਗਜਾਉਂਦੇ ਫਿਰਦੇ ਹੈਂ।

ਜਿਸ ਬਖਤ ਤੁਰਕ ਬੱਢੇ ਸੇ ਉਸ ਬਖਤ ਤੁਰਕਾਨੀਆਂ ਸਮੁੰਦ ਖਾਂ ਕੇ ਕੋਲ ਜਾਇਕੇ ਰੋਈਆਂ ਤੇ ਪਿੱਟੀਆਂ ਕੇ ਤੇਰਾ ਕਾਰਨ ਕੀਤਾ ਹੋਇਆ ਹੈ ਤੇ ਤੂੰ ਹੁਣ ਅੰਦਰ ਪਿਆ ਹੈਂ। ਸਾਡੇ ਆਦਮੀ ਬੱਢੇ ਗਏ ਹੈਂ। ਅੱਗੇ ਹੋਇਕੇ ਹੁਣ ਲੜ ਤਾਂ, ਕਿਉਂ ਪਿਆ ਹੈਂ ਅੰਦਰ। ਤੈਨੂੰ ਬਥੇਰਾ ਕਿਹਾ ਸੀ ਕੇ ਛੇੜਖਾਨੀ ਨਾ ਕਰ। ਤੂੰ ਛੇੜਖਾਨੀ ਕਰਨੋਂ ਨਹੀਂ ਟਲਿਆ। ਸ਼ਿਵਾਲੇ ਅੱਗੇ ਜਾਇਕੇ ਤੈਂ ਗਊ ਹਲਾਲ ਕਰੀ। ਛੇੜਖਾਨੀ ਕਰਕੇ ਤੋਂ ਇਹ ਕਾਰਾ ਕਰਵਾਇਆ ਹੈ। ਤੂੰ ਤਾਂ ਸੁਖ ਨਾਲ ਲੁਕਿਆ ਪਿਆ ਹੈਂ, ਸਾਡੇ ਆਦਮੀ ਮਰਦੇ ਹੈਂ। ਹੁਣ ਅੱਗੇ ਹੋਇਕੇ ਲੜ ਖਾਂ।

ਤੁਰਕਾਂ ਨੇ ਬੰਦੂਕਾਂ ਚਲਾਉਣੀਆਂ ਸ਼ੁਰੂ ਕੀਤੀਆਂ ਪਰ ਖ਼ਾਲਸੇ ਕੋ ਲਗੀਆਂ ਨਹੀਂ ਹੈਂ।

ਕੁਛ ਸ਼ਸਤਰ ਬੰਦੂਕਾਂ ਖਾਲਸੇ ਖੂਹ ਮੈ ਸਿੱਟੀਆਂ।[1] ਜਾਂ ਅੱਗੇ ਸੇ ਕੋਈ ਨਾ ਠਹਿਰਿਆ ਸਿੰਘਾਂ ਨੇ ਆਪਸ ਮੈ ਕਹਾ ਕੇ ਹੁਣ ਕਿਉਂ ਅੰਦਰ ਰਹਿਣਾ ਹੈ। ਚਲੋ ਰੜ ਕੇ ਦਰਵਜੇ ਨੂੰ ਚਲੀਏ। ਸਭ ਸਿੰਘ ਤੁੰਬਲ ਕਾ ਤੁੰਬਲ[2] ਨਿਕਲੇ ਬਾਹਰ ਨੂੰ।

ਰੜ ਵਾਲਾ ਦਰਵਾਜਾ ਬੰਦ ਸੀ। ਜੰਦਰਾ ਤੋੜ ਕੇ ਖਾਲਸਾ ਨਿਕਲਿਆ ਬਾਹਰ ਨੂੰ। ਮਗਰੋਂ ਤੁਰਕ ਭੀ ਨਿਕਲੇ ਪੈਦਲ ਤੇ ਅਸਵਾਰ ਭੀ। ਖਾਲਸਾ ਜੀ ਸਤਿ ਸ੍ਰੀ ਅਕਾਲ ਬੁਲਾਇਕੇ ਪਏ ਮਗਰ। ਤੁਰਕ ਭੀ ਨੱਸ ਚਲੇ, ਸ਼ਹਿਰ ਮੈ ਬਾੜ ਕੇ ਮੁੜੇ। ਫੇਰ ਤੁਰਕ ਮਗਰ ਆਏ ਫੇਰ ਖ਼ਾਲਸੇ ਨੇ ਦਬਾਇਕੇ ਸ਼ਹਿਰ ਵਿਚ ਬਾੜੇ। ਸਿੰਘਾਂ ਬੋਲਾ ਕੀਤਾ ਜੁਲਾਹੇ ਪੇਂਜੇ ਇਕੱਠੇ ਹੋਏ ਹੋਏ ਹੈਂ। ਪਠਾਨ ਹੋਵੇ ਤਾਂ ਸਾਡੇ ਨਾਲ ਸਾਹਮਣੇ ਹੋਇਕੇ ਲੜੇ। ਪਿੱਠਾਂ ਦੇਕੇ ਭੱਜੇ ਜਾਂਦੇ ਹੈਂ ਗਿਦੜਾਂ ਵਾਂਗੂ। ਅਠ ਫੇਰੀ ਤੁਰਕ ਦਬੱਲ ਕੇ ਸ਼ਹਿਰ ਮੈ ਬਾੜੇ। ਨਸਦਿਆਂ ਨੂੰ ਧੱਕੇ ਪਰ ਧੱਕਾ ਲਗੇ, ਡਿਗਣ ਮੁਖੀਆਂ ਵਾਂਗੂੰ, ਜਾਇ ਲੁਕਣ। ਹੜ ਕੇ ਪਾਣੀ ਵਾਂਗੂੰ ਨੱਸੇ ਜਾਵਣ ਤੁਰਕ ਖ਼ਾਲਸੇ ਦੇ ਅੱਗੇ, ਤੁਰ ਪਏ।

## ਸਮੁੰਦ ਖਾਂ ਨਾਲ ਲੜਾਈ

ਸਿੰਘਾਂ ਨੇ ਕਹਾ ਕੇ ਏਹਨਾਂ ਮੈ ਤਾਂ ਕੋਈ ਨਹੀਂ ਹੱਥ ਦਿਖਾਉਣ ਵਾਲਾ। ਇਹ ਤਾਂ ਸਭ ਜੁਲਾਹੇ ਪੇਂਜੇ ਇਕੱਠੇ ਹੋਏ ਹੋਏ ਹੈਂ। ਪਠਾਨ ਹੋਵੇ ਤਾਂ ਸਾਡੇ ਸਾਹਮਣੇ ਹੋ ਕੇ ਲੜੇ। ਜਾਂ ਭੁਦਨ ਕੇ ਟਿੱਬੇ ਪਰ ਗਏ ਤਾਂ ਜਨਾਨਿਆਂ ਕੇ ਬਾਰ ਬਾਰ ਕੇ ਕਹਿਣੇ ਪਰ ਜੋ ਸਮੁੰਦ ਖਾਂ ਥਾ ਸੋ ਆਇਆ ਗੁੱਸਾ ਖਾਇਕੇ। ਸਮੁੰਦ ਖਾਂ ਨੇ ਲਲਕਾਰਾ ਮਾਰਿਆ ਹੀਰਾ ਸਿੰਘ ਸਾਹਮਣੇ ਹੋਵੇ ਮੇਰੇ ਮਦਾਨ ਮੈ। ਹੀਰਾ ਸਿੰਘ ਨੇ ਕਹਿਆ ਸਿੰਘਾਂ ਨੂੰ ਤੁਸੀਂ ਕਹਿੰਦੇ ਸੇ ਅਗੇ ਨਹੀਂ ਹੁੰਦਾ ਹੈ। ਏਸੇ ਵਾਸਤੇ ਨਾ ਸੀ ਅੱਗੇ ਹੁੰਦਾ। ਜੇਕਰ ਮੈਂ ਅੱਗੇ ਗਿਆ ਤਾਂ ਮੁੜਨਾ ਨਹੀਂ ਹੈ। ਸੋ ਹੁਣ ਮੈਂ ਚਲਿਆ ਹਾਂ, ਮੁੜਨਾ ਨਹੀਂ ਹੈ। ਛੇੜਕੇ ਹੀਰਾ ਸਿੰਘ ਘੋੜਾ ਅੱਗੇ ਕੀਤਾ। ਸਮੁੰਦ ਖਾਂ ਨੂੰ ਕਹਿਆ ਸਿੰਘਾਂ ਨੇ ਹੀਰਾ ਸਿੰਘ ਕੋਲ ਇਕ ਤਲਵਾਰ ਹੈ, ਤੇਰੇ ਕੋਲ ਢਾਲ ਤਲਵਾਰ ਤੇ ਬਰਛੀ ਹੈ। ਬਰਛੀ ਕੀ ਮਾਰ ਦੂਰ ਤਾਈਂ ਜਾਂਦੀ ਹੈ। ਢਾਲ ਤਲਵਾਰ ਰੱਖੋ, ਬਰਛੀ ਛੋਡ ਦੋ। ਤੁਰਕ ਨੇ ਤਲਵਾਰ ਮਾਰੀ। ਹੀਰਾ ਸਿੰਘ ਕੇ ਪਾਸ ਢਾਲ ਨਾ ਥੀ, ਵਾਰ ਰੋਕਨੇ ਕੋ ਹਾਥ ਅੱਗੇ ਕਰ ਦੀਆ। ਗੁਟ ਸੇ ਕੱਟਿਆ ਗਿਆ ਹਾਥ। ਹੀਰਾ ਸਿੰਘ ਜੀ ਭਲਥੇ ਕੇ ਖਲਾੜੀ ਥੇ। ਜਿਉਂ ਸ੍ਰੀ ਸਾਹਿਬ ਮਾਰਿਆ ਹੈ ਤੁਰਕ ਤੁਰਤ ਧਰਤੀ ਪਰ ਡਿਗ ਪਿਆ ਜਿਉਂ ਬਿਜਲੀ ਕਾ ਮਾਰਿਆ ਮੁਨਾਰਾ ਡਿਗਦਾ ਹੈ। ਤੁਰਕ ਸਭ ਨੱਸ ਗਏ। ਜਾਣਿਆ ਇਨ੍ਹਾਂ ਸਮੁੰਦ ਖਾਂ ਮਾਰ ਲਿਆ ਹੈ, ਸਾਡੀ ਕੀ ਬਟੀ ਦੀ ਹੈ।

## ਰੜ ਆਏ

ਅੱਗੇ ਥੇਹ ਸੀ। ਉਸ ਥੇਹ ਪਰ ਜਾਇਕੇ ਹੀਰਾ ਸਿੰਘ ਨੇ ਬਰਛੀ ਗਡ ਕੇ ਬਚਨ ਕੀਤਾ

---

1 ਕੂਕੇ ਸਿੰਘਾਂ ਪਾਸ ਕੋਈ ਕਾਰਤੂਸ ਨਹੀਂ ਸਨ। ਮਲੌਦ ਸਰਦਾਰ ਤੋਂ ਪ੍ਰਾਪਤ ਬੰਦੂਕ ਅਤੇ ਮਲੇਰ ਕੋਟਲੇ ਤੋਂ ਖੋਹੀ ਗਈ ਬੰਦੂਕ ਅਸਲਾ ਨਾ ਹੋਣ ਕਾਰਨ ਬੇਕਾਰ ਜਾਣ ਖੂਹ ਵਿਚ ਸੁੱਟ ਦਿੱਤੀਆਂ ਸਨ। ਗੁਰੂ ਰਾਮ ਸਿੰਘ ਐਂਡ ਦੀ ਕੂਕਾ ਸਿੱਖਜ਼, ਹਿੱਸਾ-੧ ਪੰਨਾ ੩੨

2 ਜੱਥੇ ਕਾ ਜੱਥਾ ।

ਬਾਪੂ ਜੀ ਕਾ ਹੁਕਮ ਏਤਨਾ ਈ ਹੈ। ਅਸੀਂ ਤਾਂ ਅੱਗੇ ਕੱਖ ਨਹੀਂ ਤੋੜਨਾ ਹੈ। ਸਿੰਘਾਂ ਕਹਿਆ ਪਟਿਆਲਾ ਨਾਭਾ ਮਾਰ ਲਈਏ। ਹੀਰਾ ਸਿੰਘ ਕਹਿਆ ਸਾਤੇ ਤਾਂ ਹੁਣ ਕੱਖ ਨਹੀਂ ਟੁਟਦਾ ਹੈ। ਤੁਰੇ ਸਿੰਘ ਰੜ ਆਏ। ਤਲਵਾਰਾਂ ਕੀ ਛੋਰੀ ਲਗਾਇ ਦਿੱਤੀ। ਹੀਰਾ ਸਿੰਘ ਕਹਿਆ ਸਾਨੂੰ ਜਿਤਨਾ ਹੁਕਮ ਸੀ ਗੁਰੂ ਤੇਗ ਬਹਾਦਰ ਜੀ ਕਾ ਉਤਨਾ ਬਰਤਾਇ ਦੀਆ ਹੈ। ਹੁਣ ਖਾਲਸਾ ਜੀ ਚਲੇ ਜਾਓ ਘਰਾਂ ਨੂੰ ਜਿਨ ਜਾਣਾ ਹੈ। ਜਿਸ ਸੀਸ ਦੇਣਾ ਹੈ ਸੋ ਰਹੋ। ਅਸਾਂ ਤਾਂ ਸੀਸ ਦੇਣਾ ਹੈ ਸੋ ਦੇਵਾਂਗੇ। ਹੁਣ ਭਗਉਤਾ[1] ਨਹੀਂ ਉਠਾਉਣਾ ਹੈ। ਜਿਵੇਂ ਹੋਵੇਗੀ ਤਿਵੇਂ ਦੇਖੀ ਜਾਵੇਗੀ। ਸਿੰਘਾਂ ਨੂੰ ਹੀਰਾ ਸਿੰਘ ਜੀ ਬੋਲਾ ਕੀਤਾ ਜਿਸਨੂੰ ਜਿੰਦ ਪਿਆਰੀ ਹੈ ਹੁਣ ਭੀ ਚਲੇ ਜਾਓ।

ਤੁਰਕ ਫੇਰ ਭੀ ਮਗਰ ਆਏ। ਸਿੰਘਾਂ ਨੇ ਕਹਿਆ ਜੀ ਤੁਰਕ ਤਾਂ ਫੇਰ ਆਏ ਹੈਂ। ਖਾਲਸਾ ਜੀ ਸ੍ਰੀ ਸਾਹਿਬ ਪਕੜ ਕੇ ਹੱਲਾ ਕਰਕੇ ਪਏ। ਅੱਗੇ ਤੁਰਕ ਤੇ ਮਗਰ ਖਾਲਸਾ ਸਤਿ ਸ੍ਰੀ ਅਕਾਲ ਬੁਲਾਉਂਦੇ ਹੈਂ। ਅੱਗੇ ਤੇ ਤੁਰਕ ਫੇਰ ਨੱਸ ਗਏ। ਰੜ ਕੀ ਜਮੀਨੋਂ ਬਾਹਰ ਕੱਢ ਕੇ ਮੁੜੇ। ਆਇਕੇ ਫੇਰ ਸ੍ਰੀ ਸਾਹਿਬਾਂ ਕੀ ਛੋਰੀ ਲਾਇ ਦਿੱਤੀ।

ਭਾਈ ਹੀਰਾ ਸਿੰਘ ਸੌਣ ਸਿੰਘ ਨੂੰ ਬਚਨ ਕੀਤਾ ਗਿਣ ਤਾਂ ਕਿਤਨੇ ਸਿੰਘ ਹੈਂ? ਸੌਣ ਸਿੰਘ ਨੇ ਗਿਣ ਕੇ ਕਹਾ ਕੇ ਸੱਤਰ ਸਿੰਘ ਹੈਂ। ਹੀਰਾ ਸਿੰਘ ਜੀ ਬਚਨ ਕੀਤਾ ਬਹੱਤਰ ਸਿੰਘ ਚਾਹੀਦੇ ਥੇ। ਉਸੀ ਬਖ਼ਤ ਦੋ ਜ਼ਿਮੀਦਾਰ ਹਾਥੋਂ ਮੈ ਦਾਤੀਆਂ ਲਈਆਂ ਆਇਕੇ ਬੈਠ ਗਏ। ਹੀਰਾ ਸਿੰਘ ਨੇ ਕਹਾ ਕੇ ਤੁਸੀਂ ਕਾਹਨੂੰ ਫਸਦੇ ਹੋ? ਉਹਨਾਂ ਕਹਿਆ ਅਸੀਂ ਤਾਂ ਬਿਚੇ ਈ ਸੀਸ ਦੇਣਾ ਹੈ। ਹੀਰਾ ਸਿੰਘ ਨੇ ਸੌਣ ਸਿੰਘ ਨੂੰ ਕਹਾ ਕੇ (ਬਾਣੀਆਂ ਸਿੰਘ ਸੀ ਭਿਖੀ ਕਾ, ਰਿਆਸਤ ਪਟਿਆਲਾ) ਤੂੰ ਜਾਇਕੇ ਸ੍ਰੀ ਸਤਿਗੁਰੂ ਜੀ ਪਾਸ ਸਾਡੀ ਰਪਟ ਦੇਓ।

## ਟੁੰਡ ਤਲਿਆ

ਤੇਲ ਕੀ ਕੜਾਹੀ ਧਰੀ। ਨਰੈਣ ਸਿੰਘ ਕਾ ਜੋ ਹੱਥ ਵੱਢਿਆ ਗਿਆ ਸੀ ਸੋ ਤਲਿਆ। ਭਾਈ ਹੀਰਾ ਸਿੰਘ ਨੇ ਭੀ ਆਪਣਾ ਟੁੰਡ ਤਲਿਆ। ਘਰ ਮੈ ਦੁੱਧ ਸੀ, ਤਸਮਈ ਧਰੀ। ਦੇਗਾਂ ਬਨਾਉਣੇ ਲਗੇ। ਖੰਡ ਕੇ ਵਾਸਤੇ ਸਿੰਘ ਬਾਣੀਏ ਨੂੰ ਰੁਪਈਆ ਦੇਵੇ, ਉਹ ਲਵੇ ਨਾ। ਕਹੇ ਕੇ ਲਹੂ ਨਾਲ ਲਿਬੜਿਆ ਹੋਇਆ ਹੈ। ਕੋਲੋਂ ਕਿਸੇ ਨੇ ਕਹਾ ਕੇ ਰੁਪਈਏ ਨੂੰ ਤਾਂ ਕੁਝ ਨਹੀਂ ਲਗਿਆ ਹੋਇਆ। ਖੰਡ ਲੈ ਆਇਆ। ਦੇਗਾਂ ਛਕੀਆਂ ਸੁਖ ਨਿਧਾਨ ਕੀਆਂ। ਛਕ ਕੇ ਬੇ-ਗ਼ਮ ਹੋ ਕੇ ਬਰਾਜੇ।

## ਸਿੰਘਾਂ ਦੀ ਗਰਿਫ਼ਤਾਰੀ

ਨੰਬਰਦਾਰ[2] ਨੇ ਥਾਨੇ ਸ਼ੇਰਪੁਰੇ ਕੇ ਥਾਨੇਦਾਰ ਨੂੰ ਕਹਿਆ ਮਲੇਰ ਕੋਟਲੇ ਮੈ ਕੂਕੇ ਸਿੰਘ ਪਠਾਨਾਂ ਨੂੰ ਬਢਕੇ ਰੜ ਆਇ ਗਏ ਹੈਂ। ਥਾਨੇਦਾਰ[3] ਨੇ ਨੰਬਰਦਾਰ ਕੇ ਚਪੇੜ ਮਾਰੀ ਕੇ ਝੂਠੇ

---

1 ਸਲੋਤਰ, ਖੰਡਾ ।

2 ਰੜ ਪਿੰਡ ਦੇ ਨੰਬਰਦਾਰ ਅਤਰ ਸਿੰਘ ਦਾ ਲੜਕਾ ਜੈਮਲ ਸਿੰਘ

3 ਅਮਰਗੜ ਦਾ ਨਾਇਬ-ਨਾਜ਼ਮ ਨਿਆਜ਼ ਅਲੀ। ਨਿਆਜ਼ ਅਲੀ ਉਸ ਦਿਨ ਸ਼ੇਰ ਪੁਰ ਸੀ।

ਸ਼ਗੂਫੇ ਉਠਾਉਂਦਾ ਹੈ। ਝੂਠੇ ਗੁਲਗੁਲੇ ਲਾਂਵਦਾ ਹੈਂ। ਏਤਨੇ ਮੈ ਲੁਧਿਹਾਣੇ ਸੇ ਪ੍ਰਵਾਨਾ ਆ ਗਿਆ ਕਿ ਗ਼ਦਰ ਮਚਾਇ ਦੀਆ ਹੈ ਕੂਕਿਆਂ ਨੇ, ਬੰਦੋਬਸਤ ਕਰੋ। ਥਾਨੇਦਾਰ ਦਾ ਜੋ ਗੁੱਸਾ ਸੀ ਸਭ ਦੂਰ ਹੋਇਆ। ਪੀਲਾ ਨੀਲਾ ਰੰਗ ਨਿਕਲ ਆਇਆ। ਪ੍ਰਾਣਾਂ ਕੀ ਪੈ ਗਈ। ਉਸੀ ਵਕਤ ਚੜ੍ਹਿਆ ਰੜ ਆਇਆ। ਸਿੰਘਾਂ ਨੂੰ ਕਹਿਣ ਲਗਾ ਖ਼ਾਲਸੇ ਕਾ ਈ ਰਾਜ ਹੋ ਗਿਆ ਹੈ। ਖ਼ਾਲਸੇ ਕੀ ਫਤੇ। ਸਰਕਾਰ ਭੀ ਤੁਹਾਡੀ ਮਦਦ ਕਰੇਗੀ। ਤੁਸੀਂ ਸ਼ੇਰਪੁਰੇ ਕਾ ਕਿਲਾ ਰੋਕ ਲਵੋ। ਭਾਈ ਹੀਰਾ ਸਿੰਘ ਨੇ ਕਹਿਆ ਤੁਹਾਡਾ ਵਿਸਾਹ ਨਹੀਂ। ਥਾਨੇਦਾਰ ਨੇ ਕਹਾ ਕੇ ਮੈਨੂੰ ਸਹੁੰ ਹੈ ਜੇ ਮੈਂ ਦਗਾ ਕਰਾਂ। ਸਿੰਘਾਂ ਨੇ ਕਹਿਆ ਤੇਰਾ ਸਾਡਾ ਜਾਮਨ ਗੁਰੂ ਰਹਿਆ। ਸਿੰਘ ਨਾਲ ਤੁਰ ਪਏ। ਸ਼ੇਰਪੁਰੇ ਜਾਇਕੇ ਆਪ ਗਰਿਫ਼ਤਾਰ ਹੋਏ। ਇਸੀ ਤਰ੍ਹਾਂ ਸਾਰੇ ਹੀ ਫੜ ਲੀਤੇ।[1] ਰਾਤ ਗੁਜਰੀ। ਸਿੰਘਾਂ ਨੇ ਕਹਿਆ ਹੀਰਾ ਸਿੰਘ ਰੱਸੇ ਪਾਇਕੇ ਨਾ ਮਰੀਏ। ਹੀਰਾ ਸਿੰਘ ਜੀ ਬੋਲਾ ਕੀਤਾ ਮਰ ਲਿਓ ਜੀਧੇ ਨਾਲ ਮਰਨਾ ਹੈ।

## ਮਲੇਰ ਕੋਟਲੇ ਨੂੰ ਰਵਾਨਗੀ : ੧੭ ਜਨਵਰੀ ੧੯੭੨ ਈ.

ਅਗਲੇ ਦਿਨ ਕੁਝ ਗਡਿਆਂ ਤੇ ਕੁਝ ਮੰਜਿਆਂ ਦੇ ਉਤੇ ਕੁਝ ਤੁਰੇ ਕੇ ਅਸਾਂ ਨਹੀਂ ਕਿਸੇ ਉਤੇ ਚੜ੍ਹਨਾ ਹੈ। ਨੰਗੀਆਂ ਤਲਵਾਰਾਂ ਕਾ ਪਹਿਰਾ ਆਸੇ ਪਾਸੇ ਹੈ। ਨਾਲ ਖ਼ਾਲਸੇ ਵਾਲੇ ਸ੍ਰੀ ਸਾਹਿਬ ਹੈਂ ਲਹੂ ਨਾਲ ਪਖਾਲੇ ਹੋਏ।

ਲੁਧਿਹਾਣੇ ਸੇ ਬਿੱਲਾ ਚੜਿਆ ਆਉਂਦਾ ਸੀ। ਫਰਵਾਹੀ ਮੇਂ ਮਿਲਿਆ ਸਿੰਘਾਂ ਨੂੰ।[2] ਕਹਿਣ ਲਗਾ ਵੈਲ ਕੌਣ ਹੈ? ਮੂੰਹ ਉੱਤੋ ਪੱਲਾ ਲਾਹਕੇ ਭਾਈ ਹੀਰਾ ਸਿੰਘ ਨੇ ਗਜ ਕੇ ਬੋਲਾ ਕੀਤਾ ਮੈਂ ਹਾਂ ਹੀਰਾ ਸਿੰਘ। ਬਿੱਲਾ ਇਤਨਾ ਬੋਲਾ ਸੁਣਨ ਸਾਰ ਹੀ ਘੋੜਾ ਦੁੜਾਇਕੇ ਮਲੇਰਕੋਟਲੇ ਮੈ ਜਾਇ ਖੜੋਤਾ। ਕੋਟਲੇ ਕੇ ਕੋਲ ਜਮਾਲਪੁਰੇ ਹੈ ਪਿੰਡ। ਤਿੱਥੇ ਪਰੇਟ ਵਾਲੀ ਜਗ੍ਹਾ ਹੈ। ਉਸ ਜਗ੍ਹਾ ਸਿੰਘਾਂ ਨੂੰ ਲੈ ਗਏ।

## ਸ੍ਰੀ ਸਤਿਗੁਰੂ ਜੀ ਮਲੌਂਦ ਆਏ : ੧੬ ਜਨਵਰੀ ੧੯੭੨ ਈ.

ਮਲੌਂਦ ਥੀਂ ਥਾਨੇਦਾਰ ਰਾਮਦਾਸ ਪੁਰੇ ਸਾਹਿਬ ਆਇਆ[3]। ਦੀਨ ਦਇਆਲ ਜੀ ਕੋ ਥਾਨੇਦਾਰ ਨੇ ਕਹਿਆ ਕੇ ਮਲੌਂਦ ਮੈਂ ਫ਼ਰੰਗੀ ਨੇ ਯਾਦ ਕੀਤਾ ਹੈ[4]। ਥਾਨੇਦਾਰ ਕਹਿਕੇ ਚਲਾ ਗਿਆ। ਗੁਰੂ ਸਾਹਿਬ ਜੀ ਪੰਜਾਂ ਸਿੰਘਾਂ ਨਾਲ ਚਲੇ ਬਾਬਾ ਜਵਾਹਰ ਸਿੰਘ, ਬਾਬਾ ਕਾਹਨ ਸਿੰਘ, ਬਾਬਾ ਸਾਹਿਬ ਸਿੰਘ, ਖਜਾਨ ਸਿੰਘ ਤੇ ਜੋਗਾ ਸਿੰਘ। ਗੁਰੂ ਜੀ ਸੁਰਖੀ ਘੋੜੀ ਪਰ ਅਸਵਾਰ ਹੋਏ ਨਾਲ ਏਕ ਗੱਡੀ ਸੀ। ਜਾਂ ਮੀਲ ਭਰ ਗਏ ਤਾਂ ਗੱਡੇ ਪਰ ਚੜ੍ਹ ਬੈਠੇ ਘੋੜੀ ਸੂਬੇ ਕੋ ਦਿੱਤੀ।

---

1 ਹੀਰਾ ਸਿੰਘ ਅਤੇ ਉਸ ਦੇ ਸਾਥੀਆਂ ਨੇ ਰੜ ਵਿਖੇ ਹੀ ਆਪਣੇ ਸ਼ਸਤਰ ੧੬ ਤਲਵਾਰਾਂ, ਇਕ ਬਰਛਾ ਅਤੇ ਕਈ ਗੰਡਾਸੇ ਕੁਹਾੜੀਆਂ ਅਤੇ ਸਲੋਤਰ ਨਿਆਜ਼ ਅਲੀ ਨੂੰ ਪਕੜਾ ਦਿੱਤੇ ਸਨ ਅਤੇ ਆਪਣੇ ਆਪ ਨੂੰ ਉਨ੍ਹਾਂ ਦੇ ਹਵਾਲੇ ਕਰ ਦਿੱਤਾ ਸੀ।-ਗੁਰੂ ਰਾਮ ਸਿੰਘ ਐਂਡ ਦੀ ਕੂਕਾ ਸਿੱਖਜ਼, ਹਿੱਸਾ ੨, ਪੰਨਾ ੪੧, ੪੪, ੬੧.

2 ਲੁਧਿਆਣੇ ਦਾ ਸੁਪਰਡੈਂਟ ਪੁਲੀਸ, ਲੈਫਟੀਨੈਂਟ ਕਰਨਲ ਪੀ. ਐਨ. ਪਾਰਕਿਨਜ਼ ।

3 ਨਾਇਬ ਤਹਿਸੀਲਦਾਰ ਲਹਿਣਾ ਸਿੰਘ ੧੫ ਜਨਵਰੀ ਨੂੰ ਸ੍ਰੀ ਭੈਣੀ ਸਾਹਿਬ ਆਇਆ।

4 ਡਿਪਟੀ ਕਮਿਸ਼ਨਰ ਕਾਵਨ ।

ਮਲੌਂਦ ਦਰਵਜੇ ਪਰ ਡੇਰਾ ਕੀਤਾ। ਫ਼ਰੰਗੀ ਕੋਲ ਗਏ ਬਜਾਰ ਦੇ ਵਿਚੋਂ ਦੀ, ਸੀਸ ਉੱਪਰ ਚਾਦਰ ਲਈ ਹੋਈ ਸੀ। ਬਾਣੀਏ ਕਹਿੰਦੇ ਹੈਂ ਇਹ ਜਾਂਦਾ ਹੈ ਗਰੀਬ ਜਿਹਾ ਬਣਿਆ ਸਾਡੇ ਸਿਰ ਪੜਵਾਇਕੇ। ਜਾਂ ਫ਼ਰੰਗੀ ਕੋਲ ਗਏ ਤਾਂ ਫ਼ਰੰਗੀ ਨੇ ਕਿਹਾ ਕੇ ਯੇ ਦੇਖੋ ਤੁਮ੍ਹਾਰੇ ਸਿੰਘਾਂ ਨੇ ਆਨ ਲੜਾਈਆਂ ਕੀਤੀਆਂ ਹੈਂ। ਇਕ ਦਰੋਗਾ ਮਾਰਿਆ ਹੈ, ਦੂਆ ਕਾਜੀ ਮਾਰਿਆ ਹੈ ਕਾਰਦਾਰ। ਤੁਮਾਰੇ ਸਿੰਘ ਭੀ ਦੋ ਮਾਰੇ ਗਏ ਹੈ ਗੋਰਖਾ ਤੇ ਨੰਦ ਸਿੰਘ, ਮਲੌਂਦ ਸਰਦਾਰ ਦੇ ਪੁੱਤ ਨੂੰ ਟਾਕੂਆ ਮਾਰਿਆ ਹੈ।

ਸਰਦਾਰ ਨੇ ਅੱਖ ਬਚਾਇਕੇ ਕਹਾ ਕੇ ਮੈਂ ਆਪ ਕਾ ਸਿਖ ਹਾਂ, ਮੇਰੇ ਈ ਘੋੜੇ ਲੈ ਗਏ ਹਨ।[1]" ਮੇਰੇ ਈ ਸ਼ਸਤਰ ਲੈ ਗਏ ਹੈਂ, ਮੇਰੇ ਪੁੱਤਰ ਕੋ ਮਾਰ ਦੇਣਾ ਸੀ। ਆਪ ਨੇ ਹਾਥ ਦੇ ਕੇ ਰੱਖਿਆ ਹੈ। ਮੈਨੂੰ ਬਖ਼ਸ਼ੋ ਮੇਰਾ ਗੁਨਾਉਂ ਕੋਈ ਨਹੀਂ। ਸਤਿਗੁਰੂ ਜੀ ਬਚਨ ਕੀਤਾ ਤੈਨੂੰ ਬਖਸ਼ਿਆ ਹੈ। ਦੋ ਸਿੰਘ ਤਾਂ ਸਾਡੇ ਬੀ ਚੜ ਗਏ ਹੈਂ। ਸ਼ਹਿਰ ਵਾਲਿਆਂ ਨੂੰ ਕਹਾ ਕੇ ਤੁਸਾਂ ਬੜੀ ਮਾੜੀ ਕੀਤੀ ਹੈ ਇੱਟਾਂ ਨਾਲ ਸਿੰਘ ਮਾਰੇ ਹੈਂ। ਕੀ ਮਾਰਿਆ ਹੈ? ਅਨਿਆਈ ਮਾਰੇ ਹੈਂ। ਥੁਆਨੂੰ ਕਰਤਾਰ ਮਾਰੇਗਾ। ਸਰਦਾਰ ਨੇ ਕਹਿਆ ਜੀ ਸਿੰਘਾਂ ਕੇ ਮਰਨ ਕੀ ਮੈਨੂੰ ਕੁਛ ਖ਼ਵਰ ਨਹੀਂ ਹੈ।

ਫ਼ਰੰਗੀ ਨੇ ਸਤਿਗੁਰੂ ਜੀ ਕਾ ਨਾਮ ਲਿਖਿਆ ਤੇ ਸੂਬਿਆਂ ਕਾ ਕਿੱਤਾ ਪੁੱਛਿਆ ਕੀ ਕਰਦੇ ਹੈਂ? ਬਚਨ ਹੋਇਆ ਏਹਨਾਂ ਦਾ ਭਜਨ ਸੁਣਾਉਨ ਦਾ ਕਿੱਤਾ ਹੈ। ਆਪਸ ਮੈ ਫ਼ਰੰਗੀ ਗਿਟ-ਮਿਟ ਕਰਕੇ ਕਹਿਨ ਲਗੇ ਵੈਲ ਰਾਮ ਸਿੰਘ ਜਾਓ ਭੈਣੀ ਕੋ ਫੇਰ ਲੁਧਿਹਾਣੇ ਬੁਲਾਵਾਂਗੇ। ਸੂਬਿਆਂ ਕੋ ਹੁਕਮ ਦੀਆ ਕੇ ਤੁਮ ਭੀ ਨਾਲ ਈ ਜਾਓ। ਜੋਗਾ ਸਿੰਘ ਨੂੰ ਕਹਿਆ ਤੁਮ ਫਿਰੋਜਪੁਰ ਨੂੰ ਜਾਓ ਤੇਰਾ ਪਰਵਾਨਾ ਗਿਆ ਹੈ।

ਜਾਂ ਸਤਿਗੁਰੂ ਜੀ, ਮੁੜੇ ਤਾਂ ਸੀਸ ਉੱਤੋਂ ਦੀ ਚਾਦਰ ਲਾਹ ਕੇ ਮੋਢਿਆਂ ਦੇ ਉੱਤੋਂ ਦੀ ਪਾਇ ਲਈ ਹੈ। ਲੰਬੀ ਗਰਦਨ ਕਾ ਦੂਰੋਂ ਦਰਸ਼ਨ ਹੋਵੇ। ਹੱਟੀਆਂ ਵਾਲੇ ਫੇਰ ਕਹਿਨ ਲਗੇ ਅੱਗੇ ਜਾਂਦਾ ਸਾਈਂ ਗ਼ਰੀਬ ਬਣਿਆ ਹੁਣ ਸ਼ੇਰ ਕੀ ਤਰ੍ਹਾਂ ਜਾਂਦਾ ਹੈ। ਉਸੀ ਵਖਤ ਅਸਵਾਰ ਹੋਇਕੇ ਸਿਆੜ੍ਹ ਨੂੰ ਮੁੜ ਗਏ। ਅੰਗਰੇਜ ਮਲੇਰਕੋਟਲੇ ਚਲੇ ਗਏ।

## ਪਿੰਡ ਰੱਬੋਂ ਦੀ ਤਲਾਸ਼ੀ

ਪੁਲਿਸ ਨੇ ਰੱਬੋਂ ਥੀਂ ਜਾ ਕੇ ਤਲਾਸ਼ੀ ਲਈ। ਦੇਵਾ ਸਿੰਘ ਰਾਮਦਾਸੀਆ ਰੱਬੋਂ ਕਾ ਤੇ ਸ਼ੀਹਾ ਸਿੰਘ ਜ਼ਿਮੀਦਾਰ ਇਨ ਕੇ ਘਰ ਵਿਚੋਂ ਇਕ ਇਕ ਸ੍ਰੀ ਸਾਹਿਬ ਨਿਕਲਿਆ। ਜ਼ਿਮੀਦਾਰਾਂ ਕੇ ਤੇ ਛੇ ਸਰੀਰ ਫੜ ਆਂਦੇ, ਦੋਨੋਂ ਰਾਮਦਾਸੀਏ ਫੜੇ। ਛੇ ਕੀਆਂ ਤਾਂ ਜਮਾਨਤਾਂ ਲੈ ਕੇ ਛਡ ਦਿੱਤੇ। ਕਹਾ ਕੇ ਤੁਮ ਕਿਸੀ ਕੂਕੇ ਕੋ ਘਰ ਨਾ ਬੜਨ ਦੇਉ ਨਹੀਂ ਤਾਂ ਸਜਾਇ ਦੇਵਾਂਗੇ। ਦੇਵਾ ਸਿੰਘ ਤੇ ਸ਼ੀਹਾਂ ਸਿੰਘ ਕੋ ਤਲਵਾਰਾਂ ਨਿਕਲਨੇ ਸੇ ਤੀਨ ਤੀਨ ਬਰ੍ਹੇ ਕੀ ਕੈਦ ਤੇ ਪੰਜਾਹ ਪੰਜਾਹ ਰੁਪਈਏ ਜੁਰਮਾਨ ਕੀਤਾ। ਫ਼ਰੰਗੀ ਨੇ ਜਗਾ ਪਰ ਜਗਾ ਤਾਰ ਭੇਜੀ ਕੇ ਬੰਦੋਬਸਤ ਕਰ ਲਿਆ

---

1 ਸ੍ਰ. ਮਿੱਤ ਸਿੰਘ, ਬਦਨ ਸਿੰਘ ਦਾ ਪਿਤਾ।

ਹੈ। ਜਹਾਂ ਕੀਆਂ ਤਹਾਂ ਫੌਜਾਂ ਖੜੋਇ ਜਾਉ[1]। ਹੁਕਮ ਸੀ ਕੇ ਰੜ ਆਕੀ ਹੈ ਉਡਾਇ ਦਿਉ। ਪਿੰਡ ਦੇ ਲੋਕ ਥਰ ਥਰ ਕੰਬਦੇ ਹੈਂ ਕੇ ਉਡਾਇ ਦੇਣਗੇ। ਜਹਾਂ ਕੀਆਂ ਤਰ੍ਹਾਂ ਫ਼ੌਜਾਂ ਖੜੋਇ ਗਈਆਂ।

## ਨਾਮਧਾਰੀ ਸਿੰਘਾਂ ਨੂੰ ਤੋਪਾਂ ਨਾਲ ਉੜਾਇਆ ਜਾਣਾ : (੧੭-੧੮ ਜਨਵਰੀ ੧੮੭੨ ਈ.)

ਰਾਜਿਆਂ ਕੀਆਂ ਫ਼ਰੰਗੀ ਨੇ ਤੋਪਾਂ ਮੰਗਵਾਇ ਲਈਆਂ। ਉਡਾਉਨੇ ਕਾ ਹੁਕਮ ਦੇ ਦੀਆ। ਪਟਿਆਲੇ ਕੀ ਤੋਪ ਤੇ ਨਾਭੇ ਕੀ ਤੋਪ ਸੰਗਰੂਰਾਂ ਦੀ ਤੋਪ ਤੇ ਮਲੇਰਕੋਟਲੇ ਕੀ ਤੋਪ ਨੌ ਤੋਪਾਂ ਬੀੜੀਆਂ।[2]

## ਸਮੁੰਦ ਖਾਂ ਈਂ ਪਠਾਨ ਥਾ

ਬਿੱਲੇ ਨੇ ਹੀਰਾ ਸਿੰਘ ਸੇ ਪੁੱਛਿਆ ਤੁਮਨੇ ਕਿਉਂ ਗ਼ਦਰ ਮਚਾਇਆ ਹੈ? ਹੀਰਾ ਸਿੰਘ ਨੇ ਕਹਿਆ ਤੁਸੀਂ ਗਊ ਬਧ ਕਰਦੇ ਹੋ ਅਸੀਂ ਗਊ ਬਧ ਨਹੀਂ ਸਹਾਰ ਸਕਦੇ ਹੈਂ। ਗਊਆਂ ਦੀ ਰੱਛਿਆ ਵਾਸਤੇ ਗਦਰ ਮਚਾਇਆ ਹੈ। ਬਿੱਲਾ ਬੋਲਿਆ ਕੇ ਹਮ ਜਾਣਤੇ ਹੈ ਤੁਮਨੇ ਰਾਜ ਕੇ ਲੀਏ ਗ਼ਦਰ ਮਚਾਇਆ ਹੈ, ਪਰ ਰਾਜ ਸਾਨੂੰ ਖੁਦਾ ਕਾ ਦੀਆ ਹੋਇਆ ਹੈ। ਸਾਥੋਂ ਐਵੇਂ ਨਹੀਂ ਖੋਹਿਆ ਜਾ ਸਕਦਾ। ਫ਼ਰੰਗੀ ਨੇ ਪੁੱਛਿਆ ਕਿਨ ਮਾਰਿਆ ਹੈ ਸਮੁੰਦ ਖਾਂ? ਉਸਦੇ ਪੁੱਤ ਨੇ ਹੀਰਾ ਸਿੰਘ ਵੰਨੀ ਹੱਥ ਕਰਕੇ ਕਿਹਾ ਉਸਨੇ ਮਾਰਿਆ ਹੈ। ਹੀਰਾ ਸਿੰਘ ਨੇ ਕਹਾ ਸਮੁੰਦ ਖਾਂ ਪਠਾਨ ਕਾ ਕੋਈ ਲੜਕਾ ਹੈ? ਮੰਗਵਾਵੋ! ਦੋ ਲੜਕੇ ਥੇ ਆਏ। ਦੋਨੋਂ ਕੇ ਸਿਰ ਪਰ ਹੱਥ ਧਰ ਕੇ ਬਚਨ ਕੀਤਾ ਸਮੁੰਦ ਖਾਂ ਈਂ ਪਠਾਨ ਥਾ ਹੋਰ ਸਭ ਜੁਲਾਹੇ ਪੇਂਜੇ ਈ ਇਕੱਠੇ ਹੋਏ ਹੈਂ? ਏਨ੍ਹਾਂ ਕਾ ਈ ਸੇਰ ਆਟਾ ਕਰੋ ਜਿਨ ਕਰਨਾ ਹੈ, ਪਠਾਨ ਕੇ ਪੂਤ ਹੈਂ। ਸੁਹੇਲ ਸਿੰਘ ਕੇ ਮੋਢੇ ਪਰ ਪੁਸਤਕ ਸੀ। ਉਸ ਕੋ ਫ਼ਰੰਗੀ ਲਾਹ ਕੇ ਦੇਖਨ ਲਗਾ ਕੇ ਕੀ ਹੈ।

## ਭਾਈ ਹੀਰਾ ਸਿੰਘ ਤੇ ਲਹਿਣਾ ਸਿੰਘ ਦੀ ਸ਼ਹੀਦੀ

ਭਾਈ ਹੀਰਾ ਸਿੰਘ ਤੇ ਲਹਿਣਾ ਸਿੰਘ ਦੋਵੇਂ ਇਸ਼ਨਾਨ ਕਰਕੇ ਤੋਪ ਕੇ ਮੂਹਰੇ ਹੋਏ। ਬਿੱਲੇ ਨੇ ਜਲਾਦ ਕੋ ਕਹਾ ਕੇ ਇਨਕੋ ਰੱਸੇ ਪਾਇਕੇ ਅੱਗੇ ਖੜੇ ਕਰੋ। ਸਿੰਘਾਂ ਨੇ ਉਸ ਨੂੰ ਕਹਿਆ ਕੇ ਪਰੇ ਹੋਇ ਜਾ ਅਸੀਂ ਆਪੇ ਈ ਜਾਇ ਖੜੋਵਾਂਗੇ। ਤੋਪ ਅੱਗੇ ਜਾਇ ਖੜੇ ਹੋਏ ਹੱਲਾ ਕਰਕੇ ਬਿੱਲੇ ਕਹਿਆ ਪੀਠ ਕਰੋ। ਸਿੰਘਾਂ ਬੋਲਾ ਕੀਤਾ ਪੀਠ ਨਹੀਂ ਕਰੇਂਗੇ, ਸਨਮੁਖ ਹੋਇਕੇ ਚੜੇਂਗੇ।

---

1 ਡਿਪਟੀ ਕਮਿਸ਼ਨਰ ਕਾਵਨ ਦੀ ੧੯ ਜਨਵਰੀ ਦੀ ਤਾਰ।

(ਗੁਰੂ ਰਾਮ ਸਿੰਘ ਐਂਡ ਦੀ ਕੂਕਾ ਸਿੱਖਜ਼ ਹਿੱਸਾ ੨, ਪੰਨਾ ੯।)

2 ਸੱਤ ਤੋਪਾਂ ਸਿੰਘਾਂ ਨੂੰ ਉਡਾਉਣ ਲਈ ਇਕ ਕਤਾਰ ਵਿਚ ਬੀੜੀਆਂ ਗਈਆਂ ਅਤੇ ਬਾਕੀ ਦੀਆਂ ਦੋ ਤੋਪਾਂ ਅਲੱਗ ਕਿਸੇ ਵੀ ਸੰਭਾਵਤ ਖ਼ਤਰੇ ਤੋਂ ਨਿਪਟਨ ਲਈ ਤਿਆਰ ਰੱਖੀਆਂ ਸਨ।

ਸਾਹਮਨੇ ਛਾਤੀਆਂ ਡਾਹਕੇ ਖੜੇ ਹੋਏ ਹੌਸਲਿਆਂ ਵਾਲੇ ਸਿੰਘ[1]।

ਤਿੰਨ ਫੇਰੀ ਬਤੀ ਲਾਈ, ਤੋਪ ਪਲੀਤਾ ਚੱਟ ਗਈ। ਫੇਰ ਬਤੀ ਲਾਈ ਨਾ ਚਲੀ। ਬਿੱਲਾ ਕਹੇ ਤੋਪ ਬਤੀ ਨਹੀਂ ਲੈਂਦੀ। ਏਹ ਨਾ ਸਮਝੇ ਕੇ ਕਰਾਮਾਤ ਕੇ ਸਬਬ ਨਹੀਂ ਚਲਦੀ ਹੈ। ਫ਼ਰੰਗੀ ਕਾ ਕਾਨੂੰਨ ਸੀ ਕਿ ਜੇਕਰ ਤਿੰਨ ਵਾਰ ਤੋਪ ਨਾ ਚਲੇ ਤਾਂ ਦੋਸ਼ੀ ਨੂੰ ਛੋਡ ਦੇਨਾ। ਸੋ ਕਾਨੂੰਨ ਤੋ ਝੂਠੇ ਕਰ ਲਏ ਹੈਂ। ਜਾਂ ਚੌਥੀ ਵਾਰ ਬਤੀ ਦਿੱਤੀ ਤਾਂ ਤੋਪ ਚਲੀ। ਜੋ ਜੋੜ ਸੇ ਸੋ ਤਾਂ ਪੁਰਜਾ-ਪੁਰਜਾ ਹੋਇਕੇ ਜਾਇ ਪਏ, ਜੋ ਸੀਸ ਸੀ ਹੀਰਾ ਸਿੰਘ ਕਾ ਸੋ ਸਣੇ ਦਸਤਾਰ ਆਕਾਸ ਨੂੰ ਉੱਡਿਆ, ਦੂਰ ਜਾਇ ਦਸ ਕਰਮ ਪਰ ਡਿਗਾ ਧਰਤੀ ਪਰ ਤੀਨ ਵਾਰੀ ਧਰਤੀ ਸੇ ਉਭਰ ਕੇ ਖਿਦੋ ਵਾਂਗ ਤਾਂ ਠੰਡਾ ਹੋਇਆ। ਫੌਜ ਕਾ ਮੂੰਹ ਉਤਾਹਾਂ ਕਾ ਉਤਾਹਾਂ ਹੀ ਰਹਿ ਗਿਆ। ਚਲਿਤਰ ਬਚਿਤਰ ਕੋ ਦੇਖਕੇ ਮੂਰਤਾਂ ਵਾਂਗੂੰ ਝਾਕਣ, ਬੋਲਣ ਨਾ। ਸੁੰਨ ਸਮਾਧ ਵਰਤ ਗਈ। ਸਮਝ ਤਾ ਪਈ ਕੇ ਜਰੂਰ ਕਲਾ ਵਾਲੇ ਹੈ ਪਰ ਕਰਤਾਰ ਕੇ ਅੰਨ੍ਹੇ ਕੀਤਿਆਂ ਨੂੰ ਕੌਣ ਸੁਜਾਖਾ ਕਰਦਾ ਹੈ? ਕਿਉਂਕਿ ਗੁਰੂ ਜੀ ਭਾਣਾ ਵਰਤਾਵਣਾ ਸੀ ਅੱਸੀ ਸੀਸ ਪੂਰੇ ਕਰਨੇ ਹੈ। ਜੇਹੜੀ ਜੜ ਹਰੀ ਰੱਖੀ ਹੈ ਸੋਈ ਪੁਟਣੀ ਹੈ।

## ਬਿਸ਼ਨ ਸਿੰਘ ਦੀ ਸ਼ਹੀਦੀ

ਬਿਸ਼ਨ ਸਿੰਘ ਨੇ ਫ਼ਰੰਗੀ ਨੂੰ ਕਹਿਆ ਕੇ ਮੇਰੀ ਅਰਜ਼ ਹੈ। ਫ਼ਰੰਗੀ ਅੱਗੇ ਹੋਇਕੇ ਸੁਣਨੇ ਲਗਾ। ਏਕ ਹਾਥ ਸੇ ਦਾੜ੍ਹੀ ਫੜ੍ਹੀ ਦੂਏ ਹੱਥ ਕੀ ਚਪੇੜ ਮਾਰੀ ਮੂੰਹ ਉੱਤੇ ਕਸ ਕੇ। ਉਸਦੀ ਟੋਪੀ ਦੂਰ ਜਾਇ ਪਈ। ਨਾਭੇ ਵਾਲੇ ਕਾ ਸਪਾਹੀ ਕੋਲ ਥਾ। ਤਿਸਨੇ ਸ੍ਰੀ ਸਾਹਿਬ ਮਾਰ ਕੇ ਸਿੰਘ ਕਾ ਸਿਰ ਜੁਦਾ ਕਰ ਦੀਆ ।[2]ਇਸ਼ਨਾਨ ਕਰਕੇ ਸਿੰਘਾਂ ਨੇ ਆਪੇ ਈ ਅੱਗੇ ਜਾਇ ਖੜੋਣਾ, ਤੋਪ ਦਗਦੀ ਨਾਲ ਸਤਿ ਸ੍ਰੀ ਅਕਾਲ ਬੁਲਾਉਣੀ। ਤੋਪ ਲਗਣੇ ਸੇ ਸਿੰਘਾਂ ਕੇ ਸਰੀਰ ਪੁਰਜਾ-ਪੁਰਜਾ ਹੋਇਕੇ ਜਾਇ ਪੈਣੇ ਫਰਕ ਨਾਲ। ਅਕਾਸ ਭੀ ਓਸ ਵਖ਼ਤ ਲਾਲ ਹੋਇਆ ਲਹੂ ਸਮਾਨ ਸੀ। ਦੂਰ ਦੂਰ ਤੱਕ ਤੋਪ ਦਾ ਅਵਾਜਾ ਸੁਣੀਦਾ ਸੀ। ਲਾਲ ਕਾਲਾ ਪੀਲਾ ਰੰਗ ਅਕਾਸ ਕਾ ਹੋਇ

---

1 ਤੋਪਾਂ ਸਾਹਮਣੇ ਆਪ ਸੂਰਬੀਰਾਂ ਵਾਂਗ ਆ ਕੇ ਖੜੇ ਹੋਣ ਅਤੇ ਸ਼ਹੀਦੀ ਪ੍ਰਾਪਤ ਕਰਨ ਦੀ ਗਵਾਹੀ ਪ੍ਰਸਿੱਧ ਇਤਿਹਾਸ ਲੇਖਕ ਗਿਆਨੀ ਗਿਆਨ ਸਿੰਘ ਨੇ "ਪੰਥ ਪ੍ਰਕਾਸ਼" ਦੇ ਪੰਨਾ ੫੧੩ ਤੇ ਇਸ ਤਰ੍ਹਾਂ ਕੀਤੀ ਹੈ:-
ਹਮ ਨਿਜ ਨੈਨਨ ਜੋ ਪਿਖਿਓ ਅਬ ਸਾਚੁ ਸੁਨਾਹਿ।

ਚੌਪਈ॥
ਉਨ ਹਿਤ ਹੁਕਮ ਅੰਗਰੇਜੀ ਆਯੋ। ਇਨ ਕੋ ਤੋਪਨ ਸੰਗ ਉਡਾਯੋ।
ਜਬ ਇਹ ਹੁਕਮ ਉਨੇ ਸੁਨ ਪਾਯੋ। ਖੁਸ਼ੀ ਭਏ ਅਤਿ ਹੀਯ ਹੁਲਸਾਯੋ।
ਮੁਖ ਪਰ ਲਾਲੀ ਚੜੀ ਬਧੇਰੇ। ਗਾਵਤ ਗੁਰੂ ਕੇ ਸ਼ਬਦ ਉਚੇਰੇ।
ਦੀਵੇ ਪਰ ਜਯੋਂ ਆਇ ਪਤੰਗੇ। ਯੋਂ ਤੋਪਨ ਦਿਸ ਜਾਇ ਨਿਸੰਗੇ।
ਉਡੇ ਖੁਸ਼ੀ ਹੈ ਹੈ ਕਰ ਸਾਰੇ। ਜਰਾ ਨ ਕੀਨੇ ਪਰਾਨ ਪਿਆਰੇ।
ਇਹ ਹਮਨੇ ਖੁਦ ਨੈਨ ਨਿਹਾਰੋ।

2 ਬਿਸ਼ਨ ਸਿੰਘ ੧੨ ਕੁ ਸਾਲ ਦਾ ਬੱਚਾ ਸੀ। ਉਸਦੀ ਛੋਟੀ ਉਮਰ ਦੇਖਕੇ ਡਿਪਟੀ ਕਮਿਸ਼ਨਰ ਕਾਵਨ ਦੀ ਮੇਮ ਨੇ, ਜੋ ਉਸ ਸਮੇਂ ਉਥੇ ਹਾਜ਼ਰ ਸੀ, ਬਿਸ਼ਨ ਸਿੰਘ ਨੂੰ ਕੋਲ ਬੁਲਾ ਕੇ ਕਿਹਾ ਕਿ ਅਗਰ ਉਹ ਸਾਹਿਬ ਨੂੰ ਕਹਿ ਦੇਵੇ ਕਿ ਉਹ ਰਾਮ ਸਿੰਘ ਦਾ ਸਿੱਖ ਨਹੀਂ ਹੈ, ਉਸਦੀ ਜਾਨ ਬਖ਼ਸ਼ੀ ਹੋ ਸਕੇਗੀ। ਬਾਲਕ ਬਿਸ਼ਨ ਸਿੰਘ ਨੇ ਸਾਹਿਬ ਦੇ ਕੰਨ ਵਿਚ ਗੱਲ ਕਰਨ ਦੇ ਬਹਾਨੇ, ਜਦੋਂ ਕਾਵਨ ਨੇ ਸਿਰ ਨੀਵਾਂ ਕੀਤਾ, ਝਪਟ ਕੇ ਦਾੜ੍ਹੀ ਫੜ ਕੇ ਜ਼ਮੀਨ ਤੇ ਡੇਗ ਲਿਆ। ਅਚਾਨਕ ਹਮਲੇ ਤੋਂ ਮਿ: ਕਾਵਨ ਨੇ ਘਬਰਾ ਕੇ ਪੁਕਾਰ ਕੀਤੀ। ਕੋਲ ਖੜੇ ਨਾਭੇ ਦੇ ਸਿਪਾਹੀ ਨੇ ਬਾਲਕ ਦੇ ਪਹਿਲਾਂ ਹੱਥ ਵੱਢ ਕੇ ਕਾਵਨ ਨੂੰ ਛੁਡਾਇਆ ਤੇ ਫੇਰ ਕਤਲ ਕਰ ਦਿੱਤਾ।

ਗਿਆ। ਹੱਲੇ ਕਰ ਕਰ ਕੇ ਸਿੰਘ ਚੜ੍ਹੇ। ਏਹ ਈ ਕਹਿਣ ਸ਼ਤਾਬੀ ਕਰ ਓਏ ਬਿੱਲਿਆ ਸਾਡਾ ਸਾਥ ਜਾਂਦਾ ਹੈ। ਹੱਲਾ ਕਰਕੇ ਆਵਨ ਛਾਤੀ ਕਢ ਕੇ ਅੱਗੇ ਜਾਇ ਖੜੋਵਨ। ਜੈਕਾਰਾ ਬੁਲਾਵਣ ਸਿੰਘ ਤੇ ਤੋਪ ਚੱਲੇ। ਸਿੰਘਾਂ ਦੇ ਸਰੀਰ ਪੁਰਜਾ-ਪੁਰਜਾ ਹੋਇਕੇ ਜਾ ਪਵਣ। ਧਰਤੀ ਤੇ ਅਕਾਸ ਮਾਨੋਂ ਰੋਂਦੇ ਹੈਂ। ਸੂਰਜ ਅਸਤ ਹੋਇਆ। ਮਾਈਆਂ ਕੇ ਪੁਤ ਚੜਦੇ ਧਰਮ ਹੇਤ ਸੀਸ ਦਿੰਦੇ ਹੈਂ[1]। ਬੰਦ ਕਰ ਦਿੱਤੀ ਤੋਪ। ਮਸਤਾਨੀ ਨੂੰ ਤਿੰਨ ਲੋਥਾਂ ਦਿਖਾਈਆਂ। ਮਸਤਾਨੀ ਨੇ ਕਹਾ ਦੋ ਤਾਂ ਗੁਰੂ ਕੇ ਪਿਆਰੇ ਹੈਂ ਸਿੰਘ, ਤੀਆ ਕੋਈ ਹੋਰ ਹੈ। ਬੁੱਧੀ ਦਾੜ੍ਹੀ ਤੇ ਤੇੜ ਲੰਗੋਟੀ ਹੈ[2]।

## ਸੋਲ੍ਹਾਂ ਸਿੰਘ ਹੋਰ ਸ਼ਹੀਦ (੧੮ ਜਨਵਰੀ)

ਉਸ ਰਾਤ ਕੇ ਬੀਤਨੇ ਬਾਦ ਅਗਲੇ ਦਿਨ ਸੋਲਾਂ ਹੋਰ ਸਿੰਘ ਉਡਾਏ। ਦੁਪਹਿਰ ਵੇਲੇ ਕਹਿਰ ਵਰਤਿਆ[3]। ਅਨੂਪ ਸਿੰਘ ਨੂੰ ਫ਼ਰੰਗੀ ਨੇ ਕਹਿਆ ਕੇ ਤੁਮ ਮੁਕਬਰ ਹੋਇ ਜਾਓ ਤਾਂ ਤੈਨੂੰ ਛੱਡ ਦੇਂਦੇ ਹਾਂ। ਸਿੰਘ ਬੋਲਿਆ ਮਲੇਛਾ ਮੈਨੂੰ ਪਹਿਲੇ ਉਡਾਓ, ਕਿਓਂ ਦੇਰ ਲਾਈ ਹੈ? ਸਿੰਘ ਹੱਲੇ ਨਾਲ ਇਸ਼ਨਾਨ ਕਰਕੇ ਚੜੇ। ਸਭ ਏਹੀ ਬੋਲਾ ਕਰਦੇ ਹੈਂ ਛੇਤੀ ਕਰ ਓਏ ਬਿੱਲਿਆ ਦੇਰ ਕਿਓਂ ਲਾਈ ਹੈ, ਸਾਡਾ ਸਾਥ ਜਾਂਦਾ ਹੈ।

## ਵਰਿਆਮ ਸਿੰਘ ਦੀ ਸ਼ਹੀਦੀ

ਵਰਿਆਮ ਸਿੰਘ ਕਾ ਪਰਵਾਨਾ ਆਇ ਗਿਆ ਪਟਿਆਲੇ ਸੀ। ਫ਼ਰੰਗੀ ਨੇ ਕਹਾ ਤੁਮਾਰਾ ਕਦ ਛੋਟਾ ਹੈ ਤੋਪ ਕੇ ਮੁਹਰੇ ਨਹੀਂ ਆਂਵਦਾ ਹੈ, ਤੁਮਕੋ ਰੁਖਸਦ ਹੈ। ਸਿੰਘ ਨੇ ਕਹਾ ਝਟ ਉਡਾਓ ਡੇਰ ਨਾ ਕਰੋ ਮੇਰਾ ਸਾਥ ਜਾਂਦਾ ਹੈ। ਫੇਰ ਸਿੰਘ ਢੀਮਾਂ ਲਿਆਇਕੇ ਉਸ ਪਰ ਖੜੋਇਕੈ ਬੋਲਾ ਕੀਤਾ ਬਿੱਲਿਆ ਸੱਚੇ ਪਾਤਸ਼ਾਹ ਕਾ ਦੀਵਾਨ ਲਗਾ ਹੋਇਆ ਹੈ, ਹੁਣ ਡੇਰ ਨਾ ਕਰ। ਝਟ ਉਡਾਇ ਦੀਆਂ। ਜਾਂ ਸੋਲ੍ਹਾਂ ਦੂਏ ਦਿਨ ਉਡਾ ਦਿਤੇ ਤਾਂ ਮਗਰੋਂ ਤਾਰ ਆ ਗਈ ਕੇ ਨਾ ਉਡਾਓ ਸਿੰਘ[4]।

---

1 ੧੭ ਜਨਵਰੀ ੧੮੭੨ ਈ. ਨੂੰ ਪੰਜਾਹ ਸਿੰਘ ਸ਼ਹੀਦ ਕੀਤੇ ਗਏ। ੪੯ ਸਿੰਘ ਤੋਪਾਂ ਸਾਹਮਣੇ ਖੜੇ ਕਰਕੇ ਅਤੇ ਇਕ ਤਲਵਾਰ ਨਾਲ।

2 ਮਲੇਰ ਕੋਟਲੇ ਸਿਵਲ ਸਰਜਨ ਨੂੰ ਦੋ ਸਿੰਘ ਬਹੁਤ ਜ਼ਖਮੀਂ ਹਾਲਤ ਵਿਚ ਪਏ ਮਿਲੇ ਸੀ। ਇਨ੍ਹਾਂ ਵਿਚੋਂ ਇਕ ਦਾ ਨਾਂ ਵਜੀਰ ਸਿੰਘ ਸੀ।

3 ੧੮ ਜਨਵਰੀ ਵਾਲੇ ਦਿਨ ਅੰਬਾਲੇ ਦੇ ਕਮਿਸ਼ਨਰ ਫੋਰਸਿਥ ਨੇ ਬਾਕੀ ਬਚੇ ੧੬ ਸਿੰਘਾਂ ਨੂੰ ਵੀ ਤੋਪਾਂ ਨਾਲ ਉੜਵਾ ਦਿੱਤਾ। ਇਨ੍ਹਾਂ ੧੬ ਸਿੰਘਾਂ ਦੇ ਨਾਂ ਹਨ: ਰਿਆਸਤ ਪਟਿਆਲਾ ਦੇ ਅਲਬੇਲ ਸਿੰਘ ਤੇ ਜਵਾਹਰ ਸਿੰਘ ਪਿੰਡ ਵਾਲੀਆਂ, ਰੂੜ ਸਿੰਘ ਪਿੰਡ ਮਲੂ ਮਾਜਰਾ, ਅਨੂਪ ਸਿੰਘ ਪਿੰਡ ਸਕਰੌਦੀ, ਸ਼ਾਮ ਸਿੰਘ ਪਿੰਡ ਜੋਗਾ ਅਤੇ ਭਗਤ ਸਿੰਘ ਪਿੰਡ ਕਾਂਜਲਾ, ਰਿਆਸਤ ਨਾਭੇ ਦੇ, ਕੇਸਰ ਸਿੰਘ ਪਿੰਡ ਗਿੱਲਾਂ, ਹੀਰਾ ਸਿੰਘ ਪਿੰਡ ਪਿੱਥੋ, ਸੋਭਾ ਸਿੰਘ ਪਿੰਡ ਬੱਦਲ, ਜ਼ਿਲ੍ਹਾ ਲੁਧਿਆਣਾ ਦੇ ਸੇਥਾ ਸਿੰਘ, ਸੋਭਾ ਸਿੰਘ, ਸੁਜਾਨ ਸਿੰਘ ਤੇ ਬੇਲਾ ਸਿੰਘ ਪਿੰਡ ਰੱਬੋਂ ਦੇ, ਵਰਿਆਮ ਸਿੰਘ ਪਿੰਡ ਛੰਨਾਂ ਬਹਾਦਰ ਸਿੰਘ, ਜ਼ਿਲ੍ਹਾ ਫਿਰੋਜਪੁਰ ਦੇ ਪਿੰਡ ਮਰਾਜ ਦਾ ਵਰਿਆਮ ਸਿੰਘ ਅਤੇ ਪਿੰਡ ਚੁਚਾਲ ਜ਼ਿਲ੍ਹਾ ਅੰਮ੍ਰਿਤਸਰ ਦਾ ਹਾਕਮ ਸਿੰਘ।

4 ਵਾਇਸਰਾਏ ਹਿੰਦ ਦੀ ਪੰਜਾਬ ਦੇ ਲੈਫਟੀਨੈਂਟ ਗਵਰਨਰ ਨੂੰ ੧੯ ਜਨਵਰੀ ੧੮੭੨ ਈ. ਦੀ ਤਾਰ–stop any summary execution of kukas without your express orders.

(ਗੁਰੂ ਰਾਮ ਸਿੰਘ ਐਂਡ ਦੀ ਕੂਕਾ ਸਿਖਜ਼, ਹਿੱਸਾ–੨, ਪੰਨਾ ੪੮।)

## ਮਾਈ ਇੰਦ ਕੌਰ, ਤੇ ਖੇਮ ਕੌਰ

ਖੇਮੋ ਤਾਂ ਛੋੜ ਦਿੱਤੀ ਦਿਤੂਪੁਰੇ ਕੀ, ਹੰਡਿਆਏ ਵਾਲੀ ਮਸਤਾਨੀ ਨੂੰ ਕੈਦ ਕੀਤਾ।[1] ਇਹ ਨੰਦ ਸਿੰਘ ਦੀ ਸਿੰਘਨੀ ਸੀ। ਬਾਰਾਂ ਦਿਨ ਪ੍ਰਸ਼ਾਦ ਨਾ ਛਕਿਆ। ਮਿਥ ਲਈ ਕੇ ਧਰਮ ਕੇ ਵਾਸਤੇ ਸਿੰਘ ਚੜ੍ਹੇ ਹੈਂ ਸੋਈ ਧਰਮ ਅਸਾਂ ਕਿਓਂ ਛਡਣਾ ਹੈ। ਆਪਣੇ ਹੱਥੀਂ ਪ੍ਰਸ਼ਾਦਾ ਬਣਾਇਕੇ ਛਕਾਂਗੀ। ਬਾਰਾਂ ਦਿਨਾਂ ਬਾਦ ਇਕ ਬਾਣੀਏ ਏਕ ਡੋਲ ਦੀਆ ਏਕ ਕੋਰੀ ਤੌੜੀ ਦਿੱਤੀ, ਪ੍ਰਸ਼ਾਦ ਬਣਾਕੇ ਪੁੱਠਿਆਂ ਹੱਥਾਂ ਪਰ ਧਰ ਕੇ ਛਕਿਆ। ਸ੍ਰੀ ਸਤਿਗੁਰੂ ਜੀ ਮਸਤਾਨੀ ਨੂੰ ਦਰਸਨ ਦੀਆ ਤੇ ਆਵਾਜਾ ਕੀਤਾ ਅੱਜ ਤੇ ਅਠਵੇਂ ਰੋਜ ਛੁਟ ਜਾਏਂਗੀ। ਜਾਂ ਸਤ ਦਿਨ ਗੁਜਰੇ ਤਾਂ ਮੁਨਸ਼ੀ ਨੇ ਕਹਾ ਕੇ ਜਾਹ ਮਾਈ ਤੇਰਾ ਗੁਰੂ ਡਾਢਾ ਹੈ। ਮਾਈ ਇੰਦ ਕੌਰ ਕੀ ਰਿਹਾਈ ਕੀਤੀ ਗਈ[2]।

## ਸਤਿਗੁਰੂ ਜੀ ਸਿਆੜ੍ਹ ਵਿਚ

ਸ੍ਰੀ ਸਤਿਗੁਰੂ ਜੀ ਸਿਆੜ੍ਹ ਉਤਰੇ ਹੋਏ ਸੇ। ਕਾਹਨ ਸਿੰਘ ਨੂੰ ਬਚਨ ਕੀਤਾ ਸਤਿਗੁਰੂ ਜੀ ਦੇਖ ਤਾਂ ਤੋਪ ਭਰਮਾਰ ਹੈ? ਜਾਂ ਆਵਾਜਾ ਸੁਣਿਆ ਤਾਂ ਕਹਿਣੇ ਲਗਾ ਤੋਪ ਭਰਮਾਰ ਹੈ[3]। ਸਤਿਗੁਰੂ ਜੀ ਬਚਨ ਕੀਤਾ ਸਿੰਘ ਚੜ੍ਹ ਗਏ ਹੈਂ ਨਹੀਂ ਤਾਂ ਬੇਸਿਦਕ ਹੋਣਾ ਪੈਂਦਾ, ਹੁਣ ਚੰਗਾ ਹੋਇਆ। ਬਚਨ ਹੋਇਆ ਦੋਇ ਸ਼ਸਤਰ ਹੈ। ਇਕ ਤਾਂ ਨੀਵਾਂ ਹੋਇ ਜਾਣਾ, ਦੂਜਾ ਏਹੁ ਹੈ ਜੋ ਹਾਥ ਮੈ ਆਇ ਜਾਏ ਭਾਵੇਂ ਛਿੱਤਰ ਹੀ, ਤਾਂ ਅੱਗੇ ਨੂੰ ਜਾਏ ਪਿੱਛੇ ਨਾ ਮੁੜੇ। ਅੱਗੇ ਨੂੰ ਜਾਣਾ ਸੂਰਮੇ ਦਾ ਧਰਮ ਹੈ ਪਰ ਨਿਮਖੀ ਕਾ ਸ਼ਸਤਰ ਬਡਾ ਹੈ।

ਸੌਣ ਸਿੰਘ ਨੇ ਸ੍ਰੀ ਸਤਿਗੁਰੂ ਜੀ ਕਾ ਸਿਆੜ੍ਹ ਜਾਇ ਦਰਸ਼ਨ ਕੀਤਾ। ਸਾਰਾ ਹਾਲ

---

1 ਮਾਈ ਇੰਦ ਕੌਰ ਅਤੇ ਖੇਮ ਕੌਰ ਦੋਨਾਂ ਨੂੰ ਰਿਆਸਤ ਪਟਿਆਲਾ ਦੇ ਸਿਪਾਹੀਆਂ ਦੇ ਸਪੁਰਦ ਕਰ ਦਿੱਤਾ ਗਿਆ ਸੀ। (-ਗੁਰੂ ਰਾਮ ਸਿੰਘ ਐਂਡ ਦੀ ਕੂਕਾ ਸਿੱਖਜ਼, ਹਿੱਸਾ-੨, ਪੰਨਾ ੩੪।)

2 ਬਿਸ਼ਨ ਸਿੰਘ ਨੰਗਲ ਅਨੁਸਾਰ ਦੋਨਾਂ ਮਾਈਆਂ ਨੂੰ ਦੋ ਸਾਲ ਬਹਾਦਰਗੜ ਦੇ ਕਿਲੇ ਵਿਚ ਕੈਦ ਰੱਖਿਆ ਗਿਆ ਸੀ ਅਤੇ ਫੇਰ ਆਪਣੇ ਆਪਣੇ ਪਿੰਡ ਵਿਚ ਨਜ਼ਰਬੰਦ ਕਰ ਦਿੱਤਾ ਸੀ। ਨਜ਼ਰਬੰਦੀ ਦੌਰਾਨ ਹੀ ਮਾਈ ਇੰਦ ਕੌਰ ਇਕ ਵਾਰ ਬਾਬਾ ਕਾਲਾ ਸਿੰਘ ਪਾਸ ਨੰਗਲ ਆਈ ਅਤੇ ਉਸਨੇ ਆਪ ਸਾਰਾ ਸਹੀਦੀ ਬ੍ਰਿਤਾਂਤ ਸੁਣਾਇਆ ਸੀ।-ਨਾਮਧਾਰੀ ਦੇਵੀਆਂ ਦਾ ਇਤਿਹਾਸ - ਪੰਨਾ ੫੩-੫੪.

3 ਸਤਿਗੁਰੂ ਜੀ ਮਲੌਦ ਤੋਂ ਚਲ ਕੇ ੧੬ ਤਰੀਕ ਨੂੰ ਹੀ ਪਿੰਡ ਸਿਆਹੜ ਬੇਲਾ ਸਿੰਘ ਨਾਮਧਾਰੀ ਦੇ ਘਰ ਠਹਿਰੇ ਸਨ। ੧੭ ਜਨਵਰੀ ਦੁਪਹਿਰ ਨੂੰ ਤੋਪਾਂ ਦਾ ਆਵਾਜ਼ਾਂ ਉੱਥੋਂ ਹੀ ਸੁਣਿਆ ਸੀ ਅਤੇ ਫੇਰ ਵਾਪਸ ਸ੍ਰੀ ਭੈਣੀ ਸਾਹਿਬ ਨੂੰ ਚਲ ਪਏ। ਸੰਤ ਸੰਤੋਖ ਸਿੰਘ ਨੇ ੯੨ ਨਾਮਧਾਰੀ ਸ਼ਹੀਦ ਸਿੰਘਾਂ ਦੇ ਨਾਂ ਆਪਣੀ ਸੂਚੀ ਵਿਚ ਦਿੱਤੇ ਹਨ। ਮਲੇਰਕੋਟਲੇ ਦੇ ਸਾਕੇ ਵਿਚ ਮਲੌਦ ਵਿਖੇ ੨ ਨਾਮਧਾਰੀ ਸਿੰਘ ਸ਼ਹੀਦ ਹੋਏ ਸਨ ਅਤੇ ੪ ਸਿੰਘਾਂ ਨੂੰ, ਜੋ ਜ਼ਖਮੀਂ ਹਾਲਤ ਵਿਚ ਪਕੜੇ ਗਏ ਸਨ, ਕਾਲੇ ਪਾਣੀ ਦੀ ਸਜ਼ਾ ਦਿੱਤੀ ਗਈ ਸੀ ਜੋ ਉੱਥੇ ਹੀ ਸ਼ਹੀਦ ਹੋਏ। ਮਲੇਰ ਕੋਟਲੇ ਹੋਈ ਲੜਾਈ ਵਿਚ ੮ ਸਿੰਘ ਸ਼ਹੀਦ ਹੋਏ ਅਤੇ ਮਲੇਰਕੋਟਲੇ ਦੇ ਰੱਕੜ ਵਿਖੇ ੬੫ ਸਿੰਘਾਂ ਨੂੰ ਤੋਪਾਂ ਸਾਹਮਣੇ ਖੜੇ ਕਰਕੇ ਅਤੇ ਇਕ ਬਾਲਕ ਨੂੰ ਤਲਵਾਰ ਨਾਲ ਸ਼ਹੀਦ ਕਰ ਦਿੱਤਾ ਗਿਆ ਸੀ। ਇਸ ਤਰ੍ਹਾ ਕੁਲ ਸ਼ਹੀਦ ਸਿੰਘਾਂ ਦੀ ਗਿਣਤੀ ੮੦ ਬਣਦੀ ਹੈ। ਜਾਪਦਾ ਹੈ ਉਸ ਸਮੇਂ ਕੁਝ ਲਾਪਤਾ ਸਿੰਘਾਂ ਦੇ ਨਾਂ ਵੀ, ਜਿਨ੍ਹਾਂ ਬਾਰੇ ਉਸ ਸਮੇਂ ਦੌਰਾਨ ਕੁਝ ਵੀ ਪਤਾ ਨਹੀਂ ਸੀ ਲਗਦਾ ਅਤੇ ਦੋ ਮਾਈਆਂ ਇੰਦ ਕੌਰ ਅਤੇ ਖੇਮ ਕੌਰ, ਜਿਨ੍ਹਾਂ ਨੂੰ ਰਿਆਸਤ ਪਟਿਆਲਾ ਦੇ ਹਵਾਲੇ ਕਰ ਦਿੱਤਾ ਗਿਆ ਸੀ, ਦੇ ਨਾਮ ਵੀ ਲੇਖਕ ਨੇ ਸੂਚੀ ਵਿਚ ਸ਼ਾਮਲ ਕਰ ਲਏ ਸਨ। ਇਸੇ ਤਰ੍ਹਾਂ ਨਾਵਾਂ ਦੇ ਲਿਖਣ ਵਿਚ ਵੀ ਕਈ ਥਾਈਂ ਫ਼ਰਕ ਮਿਲਦਾ ਹੈ, ਜਿਸ ਤਰ੍ਹਾਂ- ਅਲਬੇਲ ਸਿੰਘ ਦੀ ਬਜਾਏ ਅਰਵੇਲ ਸਿੰਘ, ਕੇਸਰ ਸਿੰਘ ਦੀ ਥਾਂ ਕੇਸਰਾ ਸਿੰਘ ਇਸੇ ਤਰ੍ਹਾਂ ਪਿੰਡਾਂ ਦੇ ਨਾਂ ਵਿਚ ਵੀ ਕਿਤੇ ਕਿਤੇ ਅੰਦਰ ਹੈ, ਮਲ੍ਹ ਮਾਜਰਾ ਦੀ ਥਾਂ ਮਝ ਮਾਜਰਾ ਆਦਿ। ਲੇਕਿਨ ਇਹ ਸਭ ਹੁੰਦਿਆ ਹੋਇਆ ਵੀ ਗ੍ਰੰਥ ਦੇ ਕਰਤਾ ਦਾ ਆਦਰ ਕਰਦਿਆਂ ਹੋਇਆਂ ਉਸੇ ਦੀ ਸ਼ਹੀਦਾਂ ਸਿੰਘਾਂ ਦੇ ਨਾਮ ਵਾਲੀ ਸੂਚੀ ਹੀ ਗ੍ਰੰਥ ਵਿਚ ਦਿੱਤੀ ਗਈ ਹੈ ਜੇ ਪਾਠਕ ਨੇ ਸੋਧੀ ਸ਼ਹੀਦਾਂ ਦੀ ਸੂਚੀ ਪੜ੍ਹਣੀ ਹੈ ਤਾਂ ਉਹ ਸਤਿਜੁਗ ਦਾ ਸ਼ਹਾਦਤ ਅੰਕ (2022) ਵਿਚੋਂ ਪ੍ਰਾਪਤ ਕਰ ਸਕਦਾ ਹੈ।

ਸੁਣਾਇਆ ਕੇ ਏਤਨਾ ਕੂ ਤਾਂ ਭਾਣਾ ਵਰਤਾਇਆ ਹੈ ਸਿੰਘਾਂ ਨੇ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਭਾਈ ਬੁਰੀ ਕੀਤੀ ਸਲੋਤਰਾਂ ਵਾਲਿਆਂ ਨੇ ਤੁਰਕਾਂ ਦੇ ਨਾਲ। ਬਚਨ ਕੀਤਾ ਸੌਣ ਸਿੰਘ ਤੈਨੇ ਪੁਤ ਕਾ ਮੋਹ ਕੀਤਾ ਹੈ। ਉਨ੍ਹਾਂ ਕੀ ਭਾਈ ਏਹ ਮੰਗ ਸੀ, ਓਨਾਂ ਨੇ ਅੱਗੇ ਭੀ ਸੀਸ ਦੀਏ ਹੈਂ।

ਸਿਆੜ ਮੈ ਸ੍ਰੀ ਸਤਿਗੁਰੂ ਜੀ ਬਚਨ ਕੀਤਾ ਅਸੀਂ ਦੇਖ ਆਏ ਹੈਂ ਛਪੜੀ। ਉਸ ਪਰ ਚਲ ਇਸ਼ਨਾਨ ਕਰਾਂਗੇ। ਚੰਗਾ ਸੋਹਣਾ ਜਲ ਹੈ। ਸਿਆੜੋਂ ਤੁਰੇ ਉਸੀ ਛਪੜੀ ਪਰ ਇਸ਼ਨਾਨ ਕੀਤਾ ਤੇ ਬਚਨ ਕੀਤਾ ਜੋ ਕੋਈ ਏਸ ਛਪੜੀ ਵਿਚ ਇਸ਼ਨਾਨ ਕਰੇਗਾ ਸੋ ਮੁਕਤ ਹੋਵੇਗਾ। ਸਿੰਘਾਂ ਨੇ ਉਸ ਛਪੜੀ ਕਾ ਨਾਉਂ ਅਕਾਲਸਰ ਧਰ ਲਿਆ।

ਬਾਬੇ ਜਵਾਹਰ ਸਿੰਘ ਜੀ ਕਹਾ ਸਾਹਿਬ ਸਿੰਘ ਹੁਣ ਕੋਠੜੀ ਦੇ ਵਿਚ ਬੈਠਕੇ ਸ਼ਰਦਾਈ ਨਹੀਂ ਪੀਣੀ ਮਿਲਣੀ। ਹੁਣ ਨਹੀਂ ਸਾਨੂੰ ਤੁਹਾਨੂੰ ਬੈਠਣਾ ਮਿਲਦਾ ਹੈ। ਤੁਰੇ ਆਉਂਦੇ ਹੈਂ ਰਸਤੇ ਮੇਂ ਸ੍ਰੀ ਸਤਿਗੁਰੂ ਜੀ ਬਚਨ ਕੀਤਾ ਸਾਹਿਬ ਸਿੰਘ ਸਰਬ ਫੌਜਾਂ ਕਾ ਅਫ਼ਸਰ ਹੋਇਆ। ਸਾਹਿਬ ਸਿੰਘ ਕਾ ਅਫ਼ਸਰ ਕਾਹਨ ਸਿੰਘ ਹੋਇਆ। ਨਾਮ ਜਪਣ ਵਾਲਿਆਂ ਦਾ ਤੇ ਗ੍ਰੰਥੀਆਂ ਦਾ ਅਫ਼ਸਰ ਬਾਬਾ ਜਵਾਹਰ ਸਿੰਘ ਹੋਇਆ। ਰਸਤੇ ਮੈ ਖਜਾਨ ਸਿੰਘ ਕੋ ਘੋੜੇ ਉਪਰੋਂ ਡਿਗ ਕੇ ਸਿਰ ਮੈ ਸੱਟ ਲਗੀ, ਬੇਸੁਧ ਹੋਇ ਗਿਆ। ਸ੍ਰੀ ਸਤਿਗੁਰੂ ਜੀ ਹੱਥ ਫੇਰਕੇ ਬਚਨ ਕੀਤਾ ਇਸ ਦੀ ਤਾਂ ਉਮਰ ਰਹਿੰਦੀ ਹੈ। ਮੂਰਛਾ ਆਈ ਹੋਈ ਸੀ ਸੋ ਤਾਂ ਖੁਲ੍ਹੀ। ਫੇਰ ਸਰੀਰ ਮੇਂ ਪ੍ਰਾਨ ਆਇ ਪਏ, ਰਾਜੀ ਹੋਇਆ।

## ਚਲੇ ਜਾਓ ਘਰਾਂ ਨੂੰ

ਰਾਮਦਾਸਪੁਰੇ ਆਏ ਸ਼ਾਮ ਵੇਲੇ। ਹੁਕਮ ਇਹ ਦਿੱਤਾ ਕਿ ਸਭ ਸਿੰਘ ਆਪਣੇ ਘਰਾਂ ਨੂੰ ਚਲੇ ਜਾਓ। ਤੇਜੀ ਮੈ ਹੋਇਕੇ ਬਚਨ ਕੀਤਾ ਚਲੇ ਜਾਓ ਘਰਾਂ ਨੂੰ। ਜੇਹੜਾ ਐਥੇ ਰਹੇਗਾ ਸੋ ਅਉਖਾ ਹੋਵੇਗਾ। ਏਥੇ ਖ਼ਵਰੇ ਕਿਵੇਂ ਬਰਤਨੀ ਹੈ। ਗੁਪਾਲ ਸਿੰਘ ਨੇ ਅਰਜ਼ ਕੀਤੀ ਜੀ ਸਿੰਘਾਂ ਦੇ ਚਲਣ ਵਕਤ ਪੁਛਿਆ ਸੀ ਕੇ ਸਾਨੂੰ ਹੁਕਮ ਦੇਵੋ ਉਦੋਂ ਨਾ ਜਾਣ ਦਿਤਾ ਤੇ ਹੁਣ ਕਹਿੰਦੇ ਹੋ ਚਲੇ ਜਾਵੋ। ਸਤਿਗੁਰੂ ਜੀ ਬਚਨ ਕੀਤਾ ਗੁਪਾਲ ਸਿੰਘ ਅਸੀਂ ਤਾਂ ਸਭ ਦਾ ਬਲਾ ਈਂ ਕਰਦੇ ਹਾਂ। ਗ੍ਰਿਹਸਤੀ ਲੋਕ ਹੈਂ ਇਉ ਆਪਣਿਆਂ ਘਰਾਂ ਨੂੰ ਚਲੇ ਜਾਣ ਤਾਂ ਅੱਛੀ ਬਾਤ ਹੈ।

# ਸ਼ਹੀਦਾਂ ਸਿੰਘਾਂ ਕੇ ਨਾਮ

| ਲੜੀ ਨੰਬਰ | ਨਾਮ | ਪਿੰਡ | ਜ਼ਿਲ੍ਹਾ |
|---|---|---|---|
| 1 | ਉਤਮ ਸਿੰਘ | ਪਿੰਡ ਰੁੜਕਾ | ਜ਼ਿ: ਲੁਧਿਆਣਾ |
| 2 | ਊਧਮ ਸਿੰਘ | ਹੰਡਿਆਇਆ | ਰਿ: ਪਟਿਆਲਾ |
| 3 | ਅਨੂਪ ਸਿੰਘ | ਸਕਰੌਦੀ | ਰਿ: ਪਟਿਆਲਾ |
| 4 | ਅਤਰ ਸਿੰਘ | ਰੜ | ਰਿ: ਪਟਿਆਲਾ |
| 5 | ਅਤਰ ਸਿੰਘ | ਦਿਆਲਗੜ | ਰਿ: ਪਟਿਆਲਾ |

| | | | |
|---|---|---|---|
| 6 | ਅਤਰ ਸਿੰਘ | ਵਾਲੀਆਂ | ਰਿ: ਜੀਂਦ |
| 7 | ਅਰਵੇਲ ਸਿੰਘ | ਵਾਲੀਆਂ | ਰਿ: ਜੀਂਦ |
| 8 | ਅਤਰ ਸਿੰਘ | ਮਰਾਜ | ਜ਼ਿ: ਫ਼ਿਰੋਜ਼ਪੁਰ |
| 9 | ਅਰਬੇਲ ਸਿੰਘ | ਬਾਲੋ | ਰਿ: ਪਟਿਆਲਾ |
| 10 | ਅਨੂਪ ਸਿੰਘ | ਹੰਡਿਆਇਆ | ਰਿ: ਪਟਿਆਲਾ |
| 11 | ਇੰਦ ਕੌਰ ਮਾਈ | ਹੰਡਿਆਇਆ | ਰਿ: ਪਟਿਆਲਾ |
| 12 | ਸੱਦਾ ਸਿੰਘ | ਜੋਗਾ | ਰਿ: ਪਟਿਆਲਾ |
| 13 | ਸੁਜਾਨ ਸਿੰਘ | ਫੁਲੇੜਾ | ਰਿ: ਪਟਿਆਲਾ |
| 14 | ਸੱਦਾ ਸਿੰਘ | ਰੜ੍ਹ | ਰਿ: ਪਟਿਆਲਾ |
| 15 | ਸੁਹੇਲ ਸਿੰਘ | ਲਹਿਰਾ | ਜ਼ਿ: ਲੁਧਿਆਣਾ |
| 16 | ਸੁਜਾਨ ਸਿੰਘ | ਰੱਬੋਂ | ਜ਼ਿ: ਲੁਧਿਆਣਾ |
| 17 | ਸੌਂਤਾ ਸਿੰਘ | ਰੱਬੋਂ | ਜ਼ਿ: ਲੁਧਿਆਣਾ |
| 18 | ਸੋਭਾ ਸਿੰਘ | ਰੱਬੋਂ | ਜ਼ਿ: ਲੁਧਿਆਣਾ |
| 19 | ਸਾਧੂ ਸਿੰਘ | ਬਾਦਲ | ਜ਼ਿ: ਫ਼ਿਰੋਜ਼ਪੁਰ |
| 20 | ਸਾਹਬ ਸਿੰਘ | ਫੁਲੇੜਾ | ਰਿ: ਪਟਿਆਲਾ |
| 21 | ਹੀਰਾ ਸਿੰਘ | ਸਕਰੌਦੀ | ਰਿ: ਪਟਿਆਲਾ |
| 22 | ਹਰਨਾਮ ਸਿੰਘ | ਗਿੱਲ | ਰਿ: ਨਾਭਾ |
| 23 | ਹਰਨਾਮ ਸਿੰਘ | ਧਮੋਟ | ਰਿ: ਪਟਿਆਲਾ |
| 24 | ਹੀਰਾ ਸਿੰਘ | ਰੜ੍ਹ | ਰਿ: ਪਟਿਆਲਾ |
| 25 | ਹਰਨਾਮ ਸਿੰਘ | ਰੜ੍ਹ | ਰਿ: ਪਟਿਲਆ |
| 26 | ਹਰਨਾਮ ਸਿੰਘ | ਮੰਡੀ | ਰਿ: ਜੀਂਦ |
| 27 | ਹਰਨਾਮ ਸਿੰਘ | ਸਾਦਕ | ਜ਼ਿ: ਫ਼ਿਰੋਜ਼ਪੁਰ |
| 28 | ਹਜਾਰਾ ਸਿੰਘ | ਚਾਓ | ਜ਼ਿ: ਲੁਧਿਆਣਾ |
| 29 | ਹਾਕਮ ਸਿੰਘ | ਝੁਬਾਲ | ਜ਼ਿ: ਅੰਮ੍ਰਿਤਸਰ |
| 30 | ਹੀਰਾ ਸਿੰਘ | ਪਤੋ ਕੀ | ਰਿ: ਨਾਭਾ |
| 31 | ਕਰਤਾਰ ਸਿੰਘ | ਧਨੌਲਾ | ਰਿ: ਨਾਭਾ |
| 32 | ਕਾਲਾ ਸਿੰਘ | ਦਿਆਲ ਪੁਰ ਕੋਟਲਾ | ਰਿ: ਪਟਿਆਲਾ |
| 33 | ਕਾਹਨ ਸਿੰਘ | ਸੰਗੋਵਾਲ | ਜ਼ਿ: ਲੁਧਿਆਣਾ |
| 34 | ਕੇਸਰਾ ਸਿੰਘ | ਗਿੱਲਾਂ | ਰਿ: ਨਾਭਾ |

| | | | |
|---|---|---|---|
| 35 | ਕਾਹਨ ਸਿੰਘ | ਫੂਲੇੜਾ | ਰਿ: ਪਟਿਆਲਾ |
| 36 | ਖੜਕ ਸਿੰਘ | ਫ਼ਰਵਾਹੀ | ਰਿ: ਮਲੇਰਕੋਟਲਾ |
| 37 | ਖੇਮ ਕੌਰ ਮਾਈ | ਦਿੱਤੂ ਪੁਰਾ | ਰਿ: ਜੀਂਦ |
| 38 | ਖੜਕ ਸਿੰਘ | ਗਗੜਪੁਰ | ਰਿ: ਜੀਂਦ |
| 39 | ਗੁਰਦਿੱਤ ਸਿੰਘ | ਰੜ੍ਹ | ਰਿ: ਪਟਿਆਲਾ |
| 40 | ਗੁਰਮੁਖ ਸਿੰਘ | ਫ਼ਰਵਾਹੀ | ਰਿ: ਮਲੇਰਕੋਟਲਾ |
| 41 | ਗਿਆਨ ਸਿੰਘ | ਫੂਲੇੜਾ | ਰਿ: ਪਟਿਆਲਾ |
| 42 | ਗੁਰਮੁਖ ਸਿੰਘ | ਪ੍ਰਤਾਲਾ | ਜ਼ਿ: ਲੁਧਿਆਣਾ |
| 43 | ਗੁਜਰ ਸਿੰਘ | ਹਰੀ ਪੁਰਾ | ਰਿ: ਨਾਭਾ |
| 44 | ਚੜ੍ਹਤ ਸਿੰਘ | ਰੁੜਕਾ | ਜ਼ਿ: ਲੁਧਿਆਣਾ |
| 45 | ਜਵਾਹਰ ਸਿੰਘ | ਜੋਗਾ | ਰਿ: ਪਟਿਆਲਾ |
| 46 | ਜੈਮਲ ਸਿੰਘ | ਕਾਜਲ | ਰਿ: ਪਟਿਆਲਾ |
| 47 | ਜੋਧ ਸਿੰਘ | ਮਰਾਜ | ਜ਼ਿ: ਫ਼ਿਰੋਜ਼ਪੁਰ |
| 48 | ਜੀਵਨ ਸਿੰਘ | ਵੰਧ੍ਰ | ਜ਼ਿ: ਲੁਧਿਆਣਾ |
| 49 | ਜਵਾਹਰ ਸਿੰਘ | ਬਾਲੀਆਂ | ਰਿ: ਪਟਿਆਲਾ |
| 50 | ਜੋਗਾ ਸਿੰਘ | ਮਰਾਜ | ਜ਼ਿ: ਫ਼ਿਰੋਜ਼ਪੁਰ |
| 51 | ਜਗਤ ਸਿੰਘ | ਗੰਜੀ | ਜ਼ਿ: ਫ਼ਿਰੋਜਪੁਰ |
| 52 | ਥੱਮਨ ਸਿੰਘ | ਫੂਲੇੜਾ | ਰਿ: ਪਟਿਆਲਾ |
| 53 | ਦੇਵਾ ਸਿੰਘ | ਲੋਹਗੜ੍ਹ | ਜ਼ਿ: ਲੁਧਿਆਣਾ |
| 54 | ਧਿਆਨ ਸਿੰਘ | ਭਦੜ ਥੂਹਾ | ਰਿ: ਪਟਿਆਲਾ |
| 55 | ਧਿਆਨ ਸਿੰਘ | ਚੱਕ ਕੂਕਿਆਂ | ਰਿ: ਮਲੇਰਕੋਟਲਾ |
| 56 | ਨੰਦ ਸਿੰਘ | ਹੰਡਿਆਇਆ | ਰਿ: ਪਟਿਆਲਾ |
| 57 | ਨਰੈਣ ਸਿੰਘ | ਰੰਗੀਆਂ | ਰਿ: ਪਟਿਆਲਾ |
| 58 | ਨੱਤਾ ਸਿੰਘ | ਬਰਨਾਲਾ | ਰਿ: ਪਟਿਆਲਾ |
| 59 | ਨਰਾਇਣ ਸਿੰਘ | ਰੜ | ਰਿ: ਪਟਿਆਲਾ |
| 60 | ਨਰਾਇਣ ਸਿੰਘ | ਚੂੰਗ | ਰਿ: ਮਲੇਕੋਟਲਾ |
| 61 | ਨਿਧਾਨ ਸਿੰਘ | ਸਾਦਕ | ਜ਼ਿ: ਫ਼ਿਰੋਜ਼ਪੁਰ |
| 62 | ਨਥਾ ਸਿੰਘ | ਰੱਬੋਂ | ਜ਼ਿ:ਲੁਧਿਆਣਾ |
| 63 | ਨਰਾਇਣ ਸਿੰਘ | ਚੂੰਗਾ ਬਹਾਦਰ ਸਿੰਘ | ਜ਼ਿ: ਲੁਧਿਆਣਾ |

| | | | |
|---|---|---|---|
| 64 | ਪ੍ਰੇਮ ਸਿੰਘ | ਗਗੜ ਪੁਰ | ਰਿ: ਜੀਂਦ |
| 65 | ਪ੍ਰੇਮ ਸਿੰਘ | ਤੀਰ ਦਾ ਕੋਟ | ਜ਼ਿ: ਲੁਧਿਆਣਾ |
| 66 | ਪਰਸਾ ਸਿੰਘ | ਜੰਡਿਆਲਾ | ਜ਼ਿ: ਫ਼ਿਰੋਜ਼ਪੁਰ |
| 67 | ਫਤਹ ਸਿੰਘ | ਬਾਲੀਆਂ | ਰਿ: ਜੀਂਦ |
| 68 | ਬਿਸ਼ਨ ਸਿੰਘ | ਰੜ | ਰਿ: ਪਟਿਆਲਾ |
| 69 | ਬੀਹਲਾ ਸਿੰਘ | ਫ਼ਰਵਾਹੀ | ਰਿ: ਮਲੇਰਕੋਟਲਾ |
| 70 | ਬੀਰ ਸਿੰਘ | ਚਾਓ | ਜ਼ਿ: ਲੁਧਿਆਣਾ |
| 71 | ਬੀਹਲਾ ਸਿੰਘ | ਰੱਬੋਂ | ਜ਼ਿ: ਲੁਧਿਆਣਾ |
| 72 | ਭੂਪ ਸਿੰਘ | ਦਿਆਲ ਗੜ੍ਹ | ਰਿ: ਪਟਿਆਲਾ |
| 73 | ਭਗਤ ਸਿੰਘ | ਕਾਜਲ | ਰਿ: ਪਟਿਆਲਾ |
| 74 | ਭੂਪ ਸਿੰਘ | ਫ਼ਰਵਾਹੀ | ਰਿ: ਮਲੇਰਕੋਟਲਾ |
| 75 | ਭਗਵਾਨ ਸਿੰਘ | ਝੁਬਾਲ | ਜ਼ਿ: ਅੰਮ੍ਰਿਤਸਰ |
| 76 | ਭਾਗ ਸਿੰਘ | ਮਰਾਜ | ਜ਼ਿ; ਫ਼ਿਰੋਜ਼ਪੁਰ |
| 77 | ਮਿਤ ਸਿੰਘ ਰਵਿਦਾਸੀਆ | ਸਕਰੌਦੀ | ਰਿ: ਪਟਿਆਲਾ |
| 78 | ਮੋਹਰ ਸਿੰਘ | ਲੋਹਗੜ੍ਹ | ਜ਼ਿ: ਲੁਧਿਆਣਾ |
| 79 | ਮੀਹਾਂ ਸਿੰਘ | ਬਰਤਾਲਾ | ਜ਼ਿ: ਲੁਧਿਆਣਾ |
| 80 | ਮੇਹਰ ਸਿੰਘ | ਫੁਲੇੜਾ | ਰਿ: ਪਟਿਆਲਾ |
| 81 | ਮਾਘਾ ਸਿੰਘ | ਮਰਾਜ | ਜ਼ਿ: ਫ਼ਿਰੋਜ਼ਪੁਰ |
| 82 | ਰਤਨ ਸਿੰਘ | ਭਦਲ ਥੂਹਾ | ਰਿ: ਨਾਭਾ |
| 83 | ਰੂੜ ਸਿੰਘ | ਮਝ ਮਾਜਰਾ | ਰਿ: ਪਟਿਆਲਾ |
| 84 | ਰਤਨ ਸਿੰਘ | ਮਰਾਜ | ਜ਼ਿ: ਫ਼ਿਰੋਜ਼ਪੁਰ |
| 85 | ਲਹਿਣਾ ਸਿੰਘ | ਸਕਰੌਦੀ | ਰਿ: ਪਟਿਆਲਾ |
| 86 | ਵਰਿਆਮ ਸਿੰਘ | ਮੂੰਮ | ਰਿ: ਪਟਿਆਲਾ |
| 87 | ਵੀਰ ਸਿੰਘ | ਮੂੰਮ | ਰਿ: ਪਟਿਆਲਾ |
| 88 | ਵਰਿਆਮ ਸਿੰਘ | ਮਰਾਜ | ਜ਼ਿ; ਫ਼ਿਰੋਜ਼ਪੁਰ |
| 89 | ਵਜੀਰ ਸਿੰਘ | ਰੱਬੋਂ | ਜ਼ਿ: ਲੁਧਿਆਣਾ |
| 90 | ਵਰਿਆਮ ਸਿੰਘ | ਮਰਾਜ | ਜ਼ਿ: ਫ਼ਿਰੋਜ਼ਪੁਰ |
| 91 | ਸ਼ਾਮ ਸਿੰਘ | ਜੋਗ | ਰਿ: ਪਟਿਆਲਾ |
| 92 | ਸ਼ੇਰ ਸਿੰਘ | ਡੀਰਾ | ਰਿ: ਪਟਿਆਲਾ |

# ਸਤਿਗੁਰੂ ਰਾਮ ਸਿੰਘ ਜੀ ਦੀ ਜਲਾਵਤਨੀ

ਨਿੰਦਕਾਂ ਨੇ, ਪੰਮਿਆਂ ਨੇ, ਪੁਜਾਰੀਆਂ ਨੇ ਤੇ ਰਾਜਿਆਂ ਨੇ ਫ਼ਰੰਗੀਆਂ ਨੂੰ ਕਹਿਆ ਕੇ ਏਹੀ ਮੌਕਾ ਹੈ। ਅੱਗੇ ਬੁੱਚੜ ਮਰਵਾਏ ਸਨ ਤਦੋਂ ਮੌਕਾ ਲੰਘ ਗਿਆ ਸੀ। ਜੇ ਹੁਣ ਮੌਕਾ ਖੁੰਜ ਗਿਆ ਤਾਂ ਫੇਰ ਨਹੀਂ ਮੌਕਾ ਲਗਣਾ। ਬਸੀਆਂ ਦੀ ਕੋਠੀ ਫ਼ਰੰਗੀਆਂ ਕਹਿਆ ਸੀ ਹੁਣ ਤਾਂ ਧੁਆਨੂੰ ਜਾਣ ਦੀਆ ਹੈ ਜੇ ਫੇਰ ਐਸਾ ਕਰੋਗੇ ਤਾਂ ਲੈ ਜਾਵਾਂਗੇ।[1] ਰਾਜਿਆਂ ਪੁਜਾਰੀਆਂ ਨੇ ਕਹਿਆ ਏਨੂੰ ਹੁਨ ਲੈ ਜਾਓ। ਨ ਲਜਾਓਗੇ ਤਾਂ ਧੁਹਾਨੂੰ ਦੁੱਖ ਦੇਣਗੇ ਨਾਲੇ ਸਾਡਾ ਮੁਲਖ ਵੀ ਵਿਗਾੜੀ ਜਾਂਦਾ ਹੈ। ਏਸ ਦੇਸੋਂ ਏਸਨੂੰ ਲੈ ਜਾਓ। ਫੇਰ ਨਾ ਆਵੇ ਏਸ ਦੇਸ। ਜੇ ਏਸ ਦੇਸ ਰਿਹਾ ਨਾ ਤੁਹਾਨੂੰ ਤੇ ਨਾ ਸਾਨੂੰ ਛੱਡੇ। ਨਿੰਦਕਾਂ ਸਾਰਿਆਂ ਨੇ ਰਲ਼ ਕੇ ਕਹਾ ਕਿ ਚੁਪ ਚਾਪ ਕਿਸੇ ਦਸੇ ਲੈ ਜਾਓ। ਫ਼ਰੰਗੀ ਨੇ ਅਖਵਾਇ ਲਿਆ ਕਿ ਜਿਤਨਾ ਖਰਚਾ ਹੈ ਸਭ ਰਾਜਿਆਂ ਦਾ ਹੈ। ਰਾਜਿਆਂ ਕਹਾ ਕਿ ਖਰਚਾ ਭਰ ਦੇਵਾਂਗੇ ਪਰ ਏਸ ਨੂੰ ਏਸ ਦੇਸੋਂ ਲੈ ਜਾਓ। ਰਾਜਿਆਂ ਔਰ ਨਿੰਦਕਾਂ ਦੇ ਕਹੇ ਤੇ ਫ਼ਰੰਗੀਆਂ ਕੋ ਭੀ ਭੈ ਪਿਆ ਹੋਇਆ ਸੀ।

## ਲੁਧਿਆਣੇ ਤੋਂ ਬੁਲਾਵਾ

ਚਾਰ ਅਸਵਾਰ ਇਕ ਥਾਨੇਦਾਰ ਰਾਮਦਾਸਪੁਰੇ ਆਇਆ[2], ਅਸਵਾਰ ਸੜਕ ਪਰ ਖੜੇ ਕੀਤੇ। ਸਤਿਗੁਰੂ ਜੀ ਕੋ ਕਹਿਣੇ ਲਗਾ ਆਪ ਕੋ ਲੁਧਿਹਾਨੇ ਜਾਦ ਕੀਤਾ ਹੈ। ਸ੍ਰੀ ਸਤਿਗੁਰੂ ਜੀ ਪਹਿਲੇ ਤਾਂ ਬਚਨ ਕੀਤਾ ਪਾਓ ਘੋੜਿਆਂ ਪਰ ਕਾਠੀਆਂ, ਫੇਰ ਬਚਨ ਕੀਤਾ ਘੋੜੇ ਥੱਕੇ ਹੈਨ ਗੱਡਾ ਤਿਆਰ ਕਰੋ। ਹੁਕਮ ਹੋਇਆ ਗੁਰਦਿੱਤ ਸਿੰਘ[3] ਗੱਡਾ ਤਿਆਰ ਕਰੋ ਪੱਖਲੀਆਂ ਲਾਇਕੇ ਕੋਠੇ ਵਾਂਗੂੰ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਅਸੀਂ ਬੈਠ ਤਾਂ ਨਹੀਂ ਰਹਿਣਾ ਹੈ। ਅਸੀਂ ਤਾਂ ਖੇਡ ਕਰਨ ਆਏ ਹੈਂ। ਅਸਾਂ ਤਾਂ ਜਾਣਾ ਈ ਸੀ। ਕਦਕ ਤਾਈਂ ਬੈਠਣਾ ਸੀ। ਸਾਡੇ ਤੁਰੇ ਬਗੈਰ ਕਾਰ ਨਹੀਂ ਤੁਰਨੀ ਹੈ। ਅਸੀਂ ਤੁਰਾਂਗੇ ਤਾਂ ਕਾਰ ਤੁਰਨੀ ਹੈ। ਹੈ ਬੀ ਤਾਂ ਠੀਕ ਜੋ ਜਿਸ ਕੰਮ ਨੂੰ ਆਉਂਦਾ ਹੈ ਜ਼ਰੂਰ ਕਰਨਾ ਪੈਂਦਾ ਹੈ। ਅਸੀਂ ਏਸੇ ਕੰਮ ਨੂੰ ਆਏ ਹੈਂ। ਬਾਬੇ ਜਵਾਹਰ ਸਿੰਘ ਪੁੱਛਿਆ ਨਾਲ ਭੀ ਕੋਈ ਚਾਹੀਏ। ਬਚਨ ਕੀਤਾ ਹੋਵੋ ਤਿਆਰ ਜਿਸ ਹੋਣਾ ਹੈ। ਸੂਬਿਆਂ ਨੇ ਅਰਜ਼ ਕੀਤੀ ਜੀ ਤੁਸਾਂ ਸਾਂਗ ਰਚਿਆ ਹੈ, ਅਸੀਂ ਭੁਜ ਕੇ ਮਰ ਜਾਵਾਂਗੇ। ਬਚਨ ਕੀਤਾ ਹੁਕਮ ਮੰਨਣਾ ਜੋਗ ਹੈ। ਜੋ ਹੁਕਮ ਮੰਨੇਗਾ ਸੋ ਸੌਖਾ ਰਹੇਗਾ, ਜੋ ਨਾ ਮੰਨੇਗਾ ਸੋ ਔਖਾ ਹੋਵੇਗਾ। ਸਤਿਗੁਰੂ ਜੀ ਇਹ ਭੀ ਬਚਨ ਕੀਤਾ ਤੀਰ ਕੀ ਚੋਂਚ ਜਿਤਨੀ ਪਾਪ ਕੀ ਚਾਦਰ ਪਾਟੀ ਹੈ, ਤੀਰ ਕੀ ਚੋਂਚ ਜਿਤਨੀ ਧਰਮ ਕੀ ਚਾਦਰ ਵਿਛੀ ਹੈ। ਇਹ ਵੀ ਬਚਨ ਕੀਤਾ-ਕੰਙਣਾ ਸ਼ਿਸ਼ਪਾਲ ਕੇ ਹਾਥ ਰਹਿਓ ਬਿਧਨਾ ਕਛੁ ਔਰ ਕੀ ਔਰ ਠਣੀ। ਜਾਣੇ ਸੇ ਪਹਿਲੇ ਕਈ ਦਿਨ ਏਹੀ ਸ਼ਬਦ

---

1 ਰਾਇਕੋਟ ਦੇ ਬੁੱਚੜ-ਬੱਧ ਕੇਸ ਵਿੱਚ ਸਤਿਗੁਰੂ ਰਾਮ ਸਿੰਘ ਜੀ ੨੯ ਜੁਲਾਈ ੧੮੭੧ ਈ. ਨੂੰ ਗਵਾਹੀ ਲਈ ਬਸੀਆਂ ਗਏ ਸਨ।

2 ਡਿਪਟੀ ਇੰਸਪੈਕਟਰ ਗੁਲਾਬ ਸਿੰਘ

3 ਪਿਤਾ ਸ੍ਰ: ਮੱਸਾ ਸਿੰਘ, ਪਿੰਡ ਮੇਰੋਂ ਜ਼ਿਲ੍ਹਾ ਜਲੰਧਰ। ਗੁਰਦਿੱਤ ਸਿੰਘ ਦਾ ਜਨਮ ੧੯੦੦ ਬਿ. (੧੮੪੩ ਈ.) ਵਿਚ ਹੋਇਆ ਸੀ। ਛੋਟੀ ਉਮਰ ਵਿਚ ਹੀ ਉਹ ਸ੍ਰੀ ਭੈਣੀ ਸਾਹਿਬ ਗੁਰਦੁਆਰੇ ਸੇਵਾ ਲਈ ਆ ਗਏ ਸਨ। ਸਤਿਗੁਰੂ ਹਰੀ ਸਿੰਘ ਜੀ ਨੇ ਗੁਰਦਿੱਤ ਸਿੰਘ ਨੂੰ ਮਹੰਤ ਥਾਪਿਆ ਸੀ। ਇਨ੍ਹਾਂ ਨੇ ੧੯੭੯ ਬਿ. ਜੇਠ ਵਿਚ (੧੯੨੨ ਈ.) ਚੜ੍ਹਾਈ ਕੀਤੀ।

ਪੜਦੇ ਰਹੇ। ਕੰਙਣਾ ਸ਼ਿਸ਼ਪਾਲ ਕੇ ਹਾਥ ਰਹਿਓ ਬਿਧਨਾ ਕਛੁ ਔਰ ਕੀ ਔਰ ਠਣੀ[1]।

## ਇਹ ਕੰਮ ਮੇਰੇ ਜਾਣ ਦਾ ਹੀ ਹੈ

ਮਹਾਰਾਜ ਬੁੱਧ ਸਿੰਘ ਜੀ ਅਰਜ਼ ਕੀਤੀ ਦੀਨਾਨਾਥ ਜੀ ਏਹ ਸਭ ਕੁਛ ਮੈਂ ਆਪਣੇ ਸਿਰ ਤੇ ਮੰਨ ਲੈਂਦਾ ਹਾਂ ਕਿ ਮੈਂ ਕਰਾਇਆ ਹੈ। ਆਪ ਦੀ ਥਾਂ ਮੈਂ ਤੁਰ ਜਾਂਦਾ ਹਾਂ ਤੁਸੀਂ ਏਥੇ ਰਹੋ। ਆਪ ਤੋਂ ਬਗੈਰ ਸੰਗਤਾਂ ਨਹੀ ਬਚ ਸਕਦੀਆਂ। ਸਤਿਗੁਰੂ ਜੀ ਬਚਨ ਕੀਤਾ ਏਹ ਕੰਮ ਮੇਰੇ ਜਾਣ ਦਾ ਹੀ ਹੈ। ਮੇਰੇ ਗਿਆਂ ਬਗੈਰ ਕੰਮ ਨਹੀਂ ਸਰਨਾ।

## ਭੰਨ ਕੇ ਘੜਨੀ ਹੈ

ਧਰਮ ਕੀ ਧਰਤੀ ਪਰ ਨਾਮ ਕਾ ਛਟਾ ਦੇਣ ਕੋ ਸਤਿਗੁਰੂ ਜੀ ਚਲੇ ਹੈ। ਨਾਮ ਕੇ ਸਮੁੰਦਰ ਕੋ ਬੰਨ੍ਹ ਲਾਵਨੇ ਲਗੇ ਹੈ ਰਲ਼ਕੇ ਨਿੰਦਕ। ਸਗੋਂ ਦੇਸਾਂ ਪ੍ਰਦੇਸਾਂ ਵਿਚ ਨਾਮ ਕਾ ਗੁਫ਼ਾ ਵਰਤੇਗਾ। ਮਾਇਆ ਕਾ ਜਾਲ ਤਾਨਣੇ ਲਗੇ ਹੈਂ। ਮਾਇਆ ਕੀ ਰਾਤ ਪੈਣ ਲਗੀ ਹੈ। ਵਿਰਲੇ ਸਿਦਕੀ ਰਹਿ ਜਾਵਣਗੇ। ਏਕ ਸਮੇ ਸ੍ਰੀ ਸਤਿਗੁਰੂ ਜੀ ਬਚਨ ਕੀਤਾ ਸੀ ਮੈਨੂੰ ਚੀਤਾ ਵੀ ਨਹੀਂ ਛੱਡਣ ਦੇਂਦੇ ਹੋ ਮਗਰ ਔਂਦੇ ਹੋ, ਪਰ ਮੈਂ ਭੀ ਧੁਆਡੇ ਵਿਚੋਂ ਨਿਕਲ ਜਾਵਾਂਗਾ। ਐਸਾ ਸਮਾ ਆਵੇਗਾ ਤੁਸੀਂ ਕਛਹਿਰੇ ਲਾਹ ਲਾਹ ਕੇ ਸੁੱਟੋਗੇ, ਦੁਪਹਿਰੇ ਬਾਹਣਾ ਮੈ ਅਤੇ ਝਾੜਾਂ ਮੈ ਲੁਕਾਉਂਦੇ ਫਿਰੋਗੇ। ਕਹੋਗੇ ਮੈਂ ਨਹੀਂ ਹਾਂ ਕੂਕਾ। ਸੋ ਸਮਾ ਆਇ ਪੁੱਜਾ ਹੈ। ਗੁਪਤ ਪੱਖ ਮੈਂ ਭੀ ਤਬ ਕਰੋਂ। ਏਕ ਬੀਸ ਬਰਖ਼ਨ ਲਗ ਲਰੋਂ[2]। ਸੋ ਗੁਪਤ ਹੋ ਕੇ ਪੱਖ ਖਾਲਸੇ ਕਾ ਕਰਨਗੇ। ਭੰਨ ਕੇ ਘੜਨੀ ਹੈ। ਜਿਸਕਾ ਸਿਦਕ ਰਖਣਗੇ ਤਿਸਕਾ ਰਹੇਗਾ ਹੋਰ ਟੁੱਟ ਫੁੱਟ ਜਾਣਗੇ। ਸਮਾ ਪਾਇਕੇ ਫੇਰ ਜਾਗਣਗੇ। ਪਹਿਲਾ ਛਲੇਕਾ ਜਦ ਮੀਂਹ ਪੈਂਦਾ ਹੈ ਤਾਂ ਧਰਤੀ ਕੇ ਬੀਚ ਸੇ ਹੀ ਡਡੂ ਪੈਦਾ ਹੋਇ ਜਾਂਦੇ ਹੈ। ਸਤਿਗੁਰੂ ਜੀ ਬਚਨ ਕੀਤਾ ਜਾਂ ਫੇਰ ਦਰਸ਼ਨ ਦੇਵਾਂਗੇ ਤਾਂ ਸਭ ਸਿੰਘ ਜਾਗ ਆਉਣਗੇ। ਕੱਚਾ-ਪੱਕਾ ਠਣਕਾਉਣਾ ਹੈ। ਮਾਇਆ ਕੀਆਂ ਸੱਟਾਂ ਲਗਣਗੀਆਂ। ਜਿਸ ਕੇ ਅੰਦਰ ਹੱਥ ਹੋਵੇਗਾ ਸੋ ਸਾਬਤ ਰਹਿਣਗੇ ਹੋਰ ਟੁੱਟ ਜਾਵੇਂਗੇ। ਸੋ ਸਾਂਗ ਰਚਿਆ ਹੈ।

## ਬਾਬਾ ਜੱਸਾ ਸਿੰਘ ਦੀ ਅਰਜ਼

ਪੱਖਲੀਆਂ ਲਾਇ ਗੁੱਛਾ ਤਿਆਰ ਕੀਤਾ। ਤੰਬੂ ਵਾਂਗੂੰ ਹੋਇ ਗਿਆ। ਪੁਸ਼ਾਕ ਪਹਿਰਨ ਲਗੇ ਤਾਂ ਬਚਨ ਕੀਤਾ ਕੀ ਪਹਿਰਨੀ ਹੈ ਪੁਸ਼ਾਕ। ਏਕ ਸਸਿਆਂ ਦੀ ਉਂਨ ਦੀ ਦਸਤਾਰ ਸੀ ਸੋ ਬੱਧੀ। ਏਕ ਕਾਲੀ ਕੰਬਲੀ ਸੀ ਸੋ ਉੱਤੇ ਲਈ। ਬਚਨ ਕੀਤਾ ਅਰਦਾਸਾ ਮੈਂ ਕਰਦਾ ਹਾਂ। ਆਪ ਅਰਦਾਸਾ ਕੀਤਾ। ਹੁਕਮ ਏਹ ਦੀਆ ਕੇ ਜੋ ਹੁਣ ਚਰਨੀਂ ਹੱਥ ਲਾਵੇਗਾ ਸੋ ਕੋਹੜੀ ਹੋਵੇਗਾ। ਬੇਅੰਤ ਸੰਗਤ ਖੜੀ ਸੀ, ਕੋਈ ਨਾ ਕਿਸੇ ਨੂੰ ਔੜ੍ਹੀ। ਦੇਖਦੇ ਈ ਰਹਿ ਗਏ। ਸਰਾਫ਼ ਥੀਂ ਡਰਦਿਆਂ ਕਿਸੇ ਨਾ ਹੱਥ ਲਾਇਆ ਚਰਨੀਂ। ਬਾਬੇ ਸਾਹਿਬ ਸਿੰਘ ਪੁੱਛਿਆ ਕੁਛ ਨਾਲ ਲੈ

---

1 ਸ੍ਰੀ ਨਾਰਾਇਣ ਹਰੀ ਉਪਦੇਸ਼, ਪੰਨਾ- ੩੧੩.

2 ਸੌ ਸਾਖੀ, ਸਾਖੀ ਪੰਦਰਵੀਂ

ਲਈਏ। ਕਹਾ ਕੇ ਲੈ ਲਓ, ਪੰਜਾਹ ਸੱਠ ਰੁਪਈਏ ਲੈ ਲਏ। ਬਾਬੇ ਜੱਸਾ ਸਿੰਘ ਜੀ ਨੂੰ ਬਚਨ ਕੀਤਾ ਬਾਬਾ ਦਸਰਥ ਵਾਲੀ ਭਾਵੀ ਯਾਦ ਰਖਣੀ। ਕਮਰਕਸਾ ਕੀਤਾ ਹੈ ਦੁਸਟਾਂ ਕੇ ਖੈ ਕਰਨੇ ਕੋ, ਸੰਤਾਂ ਕੀ ਜੈ ਕਰਨੇ ਕੋ। ਬਾਬੇ ਜੱਸਾ ਸਿੰਘ ਨੇ ਅਰਜ਼ ਕੀਤੀ ਜੀ ਮੇਰਾ ਜਦੋਂ ਅੰਤ ਹੋਵੇ ਆਪ ਕੋਲ ਹੋਵੋ। ਦਾਹ ਮਨਸਾ ਰਾਮ ਦੀ ਸਮਾਧ ਕੋਲ ਹੋਵੇ ਤੇ ਪੰਚਕਾਂ ਨਾ ਹੋਵੇਂ।

ਕੰਬਲੀ ਕੀ ਬੁੱਕਲ ਮਾਰਕੇ ਗੱਡੇ ਮੈ ਆਇ ਬੈਠੇ। ਦੀਨ ਦਿਆਲ ਜੀ ਬਚਨ ਕੀਤਾ ਕੌਣ ਤਿਆਰ ਹੋਇਆ ਹੈ? ਚੇਤ ਸਿੰਘ ਮੌੜਾਂ ਕਾ ਸਤਿਗੁਰਾਂ ਦਾ ਗੜਵਈ ਸੀ, ਉਸਨੇ ਅਰਜ਼ ਕੀਤੀ ਜੀ ਮੈਂ ਚਲਦਾ ਹਾਂ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਤੂੰ ਗ੍ਰਸਤੀ ਹੈਂ। ਤੇਰਾ ਸਮਾ ਨਹੀਂ ਹੈ ਜਾਨੇ ਕਾ। ਨਾਨੂੰ ਸਿੰਘ ਸਦਿਆ। ਬਚਨ ਕੀਤਾ ਨਾਨੂੰ ਸਿੰਘ ਤੈਂ ਨਾਲ ਚਲਨਾ ਹੋਊ। ਨਾਨੂੰ ਸਿੰਘ ਨਾਲ ਤਿਆਰ ਹੋਇਆ।

## ਪਰ ਤੁਸੀਂ ਨਹੀਂ ਮੰਨਣਾ

ਬਾਬਾ ਜਵਾਹਰ ਸਿੰਘ, ਬਾਬਾ ਸਾਹਿਬ ਸਿੰਘ ਪੰਜਵਾਂ ਨਾਲ ਗੁਰਦਿੱਤ ਸਿੰਘ ਗਾਡੀ ਗੱਡੇ ਮੈ ਬੈਠੇ। ਸਭ ਸਿੰਘ ਖੜੇ ਕਰ ਦਿੱਤੇ ਖ਼ਰਾਸ ਕੀ ਗੁਠ ਕੋਲ ਕੇ ਅੱਗੇ ਨਾ ਕੋਈ ਆਓ। ਬਚਨ ਕੀਤਾ ਜੇ ਮੇਰੀ ਦੇਹ ਕੀ ਲੋਥ ਕੋ ਭੀ ਲਿਆਇਕੇ ਰੱਖੇ ਕੋਈ ਜਾਂ ਕਹੇ ਕੇ ਮੈਂ ਰਾਮ ਸਿੰਘ ਨੂੰ ਫੂਕ ਕੇ ਆਇਆ ਹਾਂ ਚਿਖਾ ਮੈ ਧਰਕੇ ਤਾਂ ਭੀ ਤੁਸੀਂ ਨਹੀਂ ਮੰਨਣਾ ਕੇ ਚੜ੍ਹ ਗਿਆ ਹੈ। ਸ਼ਤਾਬੀ ਆਵਾਂਗੇ ਰਾਮ ਚੰਦਰ ਵਾਂਗੂੰ, ਦੇਖਣਾ ਡੋਲਣਾ ਨਹੀਂ ਸਾਬਤ ਰਹਿਣਾ, ਭਜਨ ਬਾਣੀ ਕਰਨਾ। ਜਿੱਥੇ ਧੁਆਨੂੰ ਫ਼ਰੰਗੀ ਬਠਾਲਣ ਓਥੇ ਬੈਠਣਾ। ਜਿੱਥੋਂ ਉਠਾਲਣ ਉਠਣਾ। ਕਹਿਆ ਮੰਨਣਾ ਉਜਰ ਨਹੀਂ ਕਰਨੀ। ਸਵਾ ਗਿਯਾਰਾਂ ਰੁਪੈ ਕਾ ਕੜਾਹ ਪ੍ਰਸਾਦਿ ਕਰਨਾ। ਬਰਤਾ ਕੇ ਆਪੋ ਆਪਣੇ ਘਰਾਂ ਨੂੰ ਚਲੇ ਜਾਣਾ। ਲਾਲ ਸਿੰਘ ਗੁਮਟੀਵਾਲੇ ਨੂੰ ਸੱਦਕੇ ਬਚਨ ਕੀਤਾ ਝੂਠ ਸੱਚ ਤੁਸੀਂ ਬਥੇਰਾ ਸੁਣੋਗੇ ਪਰ ਤੁਸੀਂ ਨਹੀਂ ਮੰਨਣਾ। ਦਾਨ ਸਿੰਘ ਨਾਲ ਗਿਆ ਠਡੇ ਤੋੜੀ। ਸਤਿਗੁਰੂ ਜੀ ਬਚਨ ਕੀਤਾ ਡਰਨਾ ਨਹੀਂ ਅਸੀਂ ਛੇਤੀ ਆਵਾਂਗੇ। ਗੁਪਾਲ ਸਿੰਘ ਨੂੰ ਕਹਿਣਾ ਸੌਂਵੇ ਨਾ ਕੋਈ, ਪਾਠ ਕਰੋ। ਜੇ ਜਪੁ ਸਾਹਿਬ ਨਾ ਕੰਠ ਹੋਵੇ ਸੋ ਮਾਲਾ ਫੇਰੇ, ਸੌਂਵੇ ਕੋਈ ਨਾ ਰਾਤ ਨੂੰ। ਜਦ ਗੱਡਾ ਸੜਕ ਪਰ ਗਿਆ ਤਾਂ ਦੋ ਅਸਵਾਰ ਅੱਗੇ ਤੇ ਦੋ ਅਸਵਾਰ ਪਿੱਛੇ ਫਰਕ ਨਾਲ ਤੁਰੇ।

## ਕਮਿਸ਼ਨਰ ਫੋਰਸਿੰਥ ਨਾਲ ਬਚਨ

ਲੁਧਿਆਣੇ ਲਜਾਇਕੇ ਸ੍ਰੀ ਸਤਿਗੁਰੂ ਜੀ ਕੋ ਅੰਦਰ ਡਾਕ ਬੰਗਲੇ ਕੇ ਲੈ ਗਏ। ਤਿੰਨੇ ਸਿੰਘ[1] ਬਾਹਰ ਬਠਾਇ ਦੀਏ। ਗੱਡਾ ਰੁਖ਼ਸਦ ਕਰ ਦੀਆ। ਏਕ ਫ਼ਰੰਗੀ ਅੰਦਰੋਂ ਨਿਕਲਿਆ, ਕਹਿਣ ਲਗਾ ਵੈਲ ਸਾਹਿਬ ਸਿੰਘ ਤੁਮਨੇ ਦੰਗਾ ਕੀਆ? ਸਿੰਘਾਂ ਕਹਾ ਕੇ ਸਰਕਾਰੇ ਇਤਲਾਹ ਦਿੱਤੀ ਗਈ ਸੀ ਕੇ ਤੇਰਾਂ ਸਰੀਰ ਸਾਥੋਂ ਬੇਵੱਸ ਹੈਂ ਸਰਕਾਰ ਬੰਦੋਬਸਤ ਕਰੇ। ਥਾਨੇਦਾਰ ਵਿਚ ਸੀ। ਫ਼ਰੰਗੀ ਨੇ ਕਹਾ ਤੇਰਾਂ ਸਰੀਰ ਕੀ ਬਹੁਤੇ ਸੀ, ਤੁਮਨੇ ਫੜ ਲੈਣੇ ਸੇ। ਸਿੰਘਾਂ ਨੇ ਕਹਾ ਕੇ ਅਸੀਂ ਫੜ ਲੈਂਦੇ ਤਾਂ ਤੁਸੀਂ ਕਹਿੰਦੇ ਖੁਦ ਸਜਾ ਦੇਣੇ ਲਗ ਪਏ ਹੈਂ। ਬਿੱਲੇ ਨੇ ਕਹਾ ਕੇ ਤੁਸੀਂ ਤਾਂ

1. ਸੂਬਾ ਸਾਹਿਬ ਸਿੰਘ, ਜਵਾਹਰ ਸਿੰਘ ਅਤੇ ਭਾਈ ਨਾਨੂੰ ਸਿੰਘ।

ਤੇਰਾਂ ਸਰੀਰ ਕਹਿੰਦੇ ਸੇ ਰੌਲ਼ਾ ਤਾਂ ਸੱਤ ਵੀਹਾਂ ਨੇ ਪਾਇਆ ਹੈ। ਸਿੰਘਾਂ ਨੇ ਕਹਾ ਕੇ ਅੱਗੇ ਸੇ ਹੋਰ ਰਲ਼ ਗਏ। ਫ਼ਰੰਗੀ ਅੰਦਰ ਜਾਇਕੇ ਫੇਰ ਆਇਆ, ਵੈਲ ਸੈਦੋ ਕਾ ਮਾਨ ਸਿੰਘ ਕਹਾਂ ਹੈ? ਏਤਨੇ ਮੇਂ ਗੋਰਖਿਆਂ ਕੀ ਫ਼ੌਜ ਆਇ ਗਈ। ਸਿੰਘਾਂ ਕੇ ਦੁਆਲੇ ਘੇਰਾ ਪਾਇ ਲੀਆ। ਗੋਰਖਿਆਂ ਨੇ ਬੋਲਾ ਕੀਤਾ ਚੌਦਾਂ ਹਜਾਰ ਰੁਪਈਆ ਸਰਕਾਰ ਕਾ ਹਰਜ ਹੋਇਆ ਹੈ ਸੋ ਕੌਨ ਭਰੇਗਾ? ਸਿੰਘਾਂ ਕਹਾ ਕੇ ਰਯਤ ਭਰੇਗੀ। ਗੋਰਖਿਆਂ ਨੇ ਕਹਾ ਰਈਯਤ ਕਾ ਕਯਾ ਬਗਾੜ ਹੈ? ਏਤਨੇ ਮੇਂ ਲੱਖਾ ਸਿੰਘ ਕੋ ਲੈ ਆਏ ਹਥਕੜੀ ਲਗੀ ਹੋਈ। ਫ਼ਰੰਗੀ ਨੇ ਹਥਕੜੀ ਲਹਾਇ ਦਿੱਤੀ।

## ਪ੍ਰਦੇਸ ਗਮਨ

ਫ਼ਰੰਗੀ[1] ਨੇ ਸ੍ਰੀ ਸਤਿਗੁਰੂ ਜੀ ਸੇ ਪੂਛਾ ਕੇ ਤੁਮਨੇ ਦੰਗਾ ਕੀਆ? ਸਤਿਗੁਰੂ ਜੀ ਬਚਨ ਕੀਆ ਕੇ ਮੈਂ ਤਾਂ ਆਪਕੇ ਪਾਸ ਸਿੰਘ ਭੇਜਿਆ ਸੀ ਇਤਲਾਹ ਕੇ ਵਾਸਤੇ ਤੁਸਾਂ ਉਸਨੂੰ ਕੈਦ ਕਰ ਦੀਆ ਅਰ ਬੰਦੋਬਸਤ ਨਾ ਕੀਆ। ਥਾਨੇਦਾਰ ਬਿਚ ਸੀ। ਉਸਨੂੰ ਭੀ ਇਤਲਾਹ ਦਿੱਤੀ ਤੇਰਾਂ ਸਰੀਰ ਸਾਥੋਂ ਬੇਵੱਸ ਹੈਂ। ਫ਼ਰੰਗੀ ਨੇ ਦੋ ਕਾਗਜ ਦਿਖਾਏ। ਏਕ 'ਤੋਂ ਰਾਜਿਆਂ ਕਾ ਹੈ ਕੇ ਏਸ ਨੂੰ ਦੇਸੋਂ ਲੈ ਜਾਓ। ਜੇ ਏਸ ਦੇਸ ਰਿਹਾ ਨਾ ਥੁਆਨੂੰ ਛੱਡੇ ਨਾ ਸਾਨੂੰ ਛੱਡੇ। ਦੂਜਾ ਪਰਵਾਨਾ ਪੁਜਾਰੀਆਂ ਕਾ ਦਿਖਾਇਆ ਅਕਾਲ ਬੁੰਗੇ ਵਾਲਿਆਂ ਦਾ ਤੇ ਅਨੰਦਪੁਰੀਆਂ ਮੁਕਤਸਰੀਆਂ ਤੇ ਦਮਦਮੇ ਵਾਲਿਆਂ ਦਾ। ਕੈਂਹਦੇ ਹੈ ਕਿ ਏਨੂੰ ਏਸ ਦੇਸੋਂ ਲੈ ਜਾਓ। ਜੇ ਏਸ ਦੇਸ ਰਿਹਾ ਤਾਂ ਨਾ ਥੁਆਨੂੰ ਛੱਡੇ ਨਾ ਸਾਨੂੰ ਛੱਡੇ। ਬ੍ਰਾਹਮਣ ਅੱਗੇ ਈ ਏਹ ਗੱਲ ਚਾਹੁੰਦੇ ਸਨ। ਨਾਮਧਾਰੀਆਂ ਤੇ ਬਿਨਾਂ ਹੋਰ ਸਭ ਨਿੰਦਕਾਂ ਦੁਸਟਾਂ ਦੀ ਏਹ ਸਲਾਹ ਸੀ ਜੋ ਏਹਨੂੰ ਏਸ ਦੇਸੋਂ ਲੈ ਜਾਣ, ਓਧਰੇ ਹੀ ਮਰ ਜਾਵੇਗਾ। ਸਾਡੇ ਸਿਰੋਂ ਬਲਾਇ ਟਲ ਜਾਵੇਗੀ।ਫ਼ਰੰਗੀ ਨੇ ਕਹਾ ਕੇ ਤੁਮਾਰੀ ਪੰਜਾਬ ਹੀ ਤੁਮਕੋ ਏਸ ਦੇਸੋਂ ਕਢਦੀ ਹੈ। ਆਪ ਕੋ ਪ੍ਰਦੇਸ ਜਾਨੇ ਕਾ ਹੁਕਮ ਹੈ। ਰੇਲ ਪਰ ਚੜ੍ਹਾਏ ਦੀਏ[2]।

ਉਧਰ ਸ੍ਰੀ ਭੈਣੀ ਸਾਹਿਬ ਉਸੇ ਥਾਨੇਦਾਰ[3] ਨੇ ਫੇਰ ਸਿੰਘਾਂ ਦੇ ਨਾਮ ਲਿਖੇ। ਲੰਬੜਦਾਰਾਂ ਨੂੰ ਕੋਲ ਬਠਾਲ ਕੇ ਸਿੰਘਾਂ ਨੂੰ ਕਹਿਣ ਲਗਾ ਜੋ ਬਚਣਾ ਚਾਹੁੰਦਾ ਹੈ ਸੋ ਕਛਹਿਰੇ ਲਾਹ ਦਿਓ ਤੇ ਤਮਾਖੂ ਬਰਤੋ। ਬਾਕੀ ਸਭ ਨਾਮ ਲਿਖਾਓ। ਸ਼ਾਇਦ ਤੋਪ ਮੂਹਰੇ ਉਡਾਏ ਜਾਉਗੇ। ਕਈਆਂ ਨੇ ਪਿੰਡ ਵਿਚ ਭਜਨ ਲੈ ਕੇ ਕਛਹਿਰੇ ਪਾਏ ਹੋਏ ਸੇ ਸੋ ਲਹਾਇ ਦੀਏ। ਲੰਗੋਟੀਆਂ ਪਾਈਆਂ। ਲਹਿਣਾ ਸਿੰਘ ਨੇ ਭੀ ਕਛਹਿਰਾ ਲਹਾਇ ਦੀਆ ਤੇ ਮਹਾਰਾਜ ਬੁੱਧ ਸਿੰਘ ਥੀਂ ਆਇਕੇ ਪੁਛਣ

1 ਅੰਬਾਲੇ ਦਾ ਕਮਿਸ਼ਨਰ ਟੀ. ਡੀ. ਫੋਰਸਿੱਥ

2 ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੭ ਜਨਵਰੀ ੧੮੭੨ ਈ, ਬੁੱਧਵਾਰ (੬ ਮਾਘ ੧੯੨੮ ਬਿ.) ਰਾਤ ਨੂੰ ਲਗਪਗ ਅੱਠ ਕੁ ਵਜੇ ਸ੍ਰੀ ਭੈਣੀ ਸਾਹਿਬ ਤੋਂ ਗੱਡੇ ਤੇ ਰਵਾਨਾ ਹੋਏ ਅਤੇ ਅੱਧੀ ਕੁ ਰਾਤ ਦੇ ਕਰੀਬ ਲੁਧਿਆਣੇ ਪਹੁੰਚੇ। ਦੋ ਕੁ ਘੰਟੇ ਕਮਿਸ਼ਨਰ ਫੋਰਸਿੱਥ ਨੇ ਸ੍ਰੀ ਸਤਿਗੁਰੂ ਜੀ ਨਾਲ ਗੱਲਬਾਤ ਕੀਤੀ ਅਤੇ ੧੮ ਜਨਵਰੀ ਵੀਰਵਾਰ, ਸਵੇਰੇ ਚਾਰ ਵਜੇ ਅੰਗ੍ਰੇਜ਼ ਅਫ਼ਸਰ ਮਿਸਟਰ ਜੈਕਸਨ ਦੀ ਕਮਾਨ ਅਤੇ ੧੨ ਗੋਰਖਾ ਪਲਟਨ ਦੇ ਪਹਿਰੇ ਹੇਠ ਇਲਾਹਾਬਾਦ ਲਈ ਰੇਲ ਗੱਡੀ ਰਾਹੀਂ ਰਵਾਨਾ ਕਰ ਦਿੱਤੇ।

3 ਡਿਪਟੀ ਇੰਸਪੈਕਟਰ ਸ਼ਾਹ ਵਲੀ ਸ਼ਾਹ। ਇਹੋ ਹੀ ਡਿਪਟੀ ਇੰਸਪੈਕਟਰ ਵਲੀ ਸ਼ਾਹ ਲੈਫਟੀਨੈਂਟ ਕਰਨਲ ਬੇਲੀ ਦੇ ਹੁਕਮ ਨਾਲ ਪਹਿਲਾਂ ੧੭ ਜਨਵਰੀ ਰਾਤ ਨੂੰ ਸ੍ਰੀ ਭੈਣੀ ਸਾਹਿਬ ਸਤਿਗੁਰੂ ਰਾਮ ਸਿੰਘ ਜੀ ਨੂੰ ਲੈਣ ਆਇਆ ਸੀ, ਪਰ ਇਸਦੇ ਆਉਣ ਤੋਂ ਪਹਿਲਾਂ ਹੀ ਸ੍ਰੀ ਸਤਿਗੁਰੂ ਜੀ ਲੁਧਿਆਣੇ ਵੱਲ ਰਵਾਨਾ ਹੋ ਚੁੱਕੇ ਸਨ। ਵਲੀ ਖ਼ਾਨ ਕਰਨਲ ਬੇਲੀ ਪਾਸ ਸਾਹਨੇਵਾਲ ਵਾਪਸ ਮੁੜ ਗਿਆ ਸੀ।

ਲਗਾ ਜੀ ਮੈਨੂੰ ਕਹਿੰਦੇ ਹੈਂ ਤੂੰ ਤਮਾਖੂ ਬਰਤ ਲੈ ਜੇਕਰ ਕੂਕਾ ਨਹੀਂ। ਤਾਂ ਮਹਾਰਾਜ ਜੀ ਬਚਨ ਕੀਤਾ ਦੇਖੀਂ ਕਛਹਿਰੇ ਤਾਂ ਲਾਹੇ ਹੈਨ, ਤਮਾਖੂ ਨਾ ਵਰਤੀ। ਜੋ ਸਿੰਘ ਬਾਹਰ ਗਏ ਹੋਏ ਸੇ ਸੋ ਸਾਰੇ ਚਲੇ ਗਏ ਬਾਹਰੋ ਬਾਹਰ। ਇਉਂ ਨਾ ਸੀ ਖ਼ਵਰ ਸਿੰਘਾਂ ਨੂੰ ਜੋ ਫੌਜਾਂ ਆਇ ਜਾਣਗੀਆਂ।

ਜਾਂ ਸ੍ਰੀ ਸਤਿਗੁਰੂ ਜੀ ਰਾਮਦਾਸਪੁਰੇ ਸੇ ਤੁਰੇ ਸੇ ਤਾਂ ਸਭ ਕੋ ਦਲੀਲਾਂ ਹੋਈਆਂ ਖ਼ਵਰੇ ਕਿਵੇਂ ਹੋਵੇਗੀ। ਕਈਆਂ ਕੇ ਦਿਲ ਵਿਚ ਏਹ ਕੇ ਮੁੜ ਆਵਣਗੇ, ਪਰ ਸਿੰਘਾਂ ਦੇ ਜੋ ਲਾਲ ਹੱਥ ਆਇਆ ਸੀ ਸੋ ਗੁਪਤ ਹੋਇ ਗਿਆ। ਹੁਣ ਪਾਛੇ ਖ਼ਵਰੇ ਕੀ ਗੁਜਰੇਗੀ। ਮਾਨੋਂ ਸੂਰਜ ਹੀਨ ਦਿਨੇ ਹੋਇ ਗਿਆ ਤੇ ਸੂਰਜਮੁਖੀ ਫੂਲ ਤੇ ਕਵਲ ਕੁਮਲਾਇ ਗਏ ਹੈਨ। ਚਕਵਾ ਚਕਵੀ ਬਿਰਹਿ ਬਿਆਕੁਲ ਹੋਇ ਜਾਂਦੇ ਹੈਂ। ਦੀਨ ਦਿਆਲ ਜੀ ਤਾਂ ਦਰਿਆਵਾਂ ਕੇ ਪਾਰ ਪਰਾਗਰਾਜ ਮੈ ਜਾਇ ਵਾਸਾ ਕੀਤਾ ਹੈ ਪਾਪੀਆਂ ਕੇ ਪਾਪ ਦੂਰ ਕਰਨੇ ਕੋ, ਪਰਮੇਸਰ ਕੀ ਜੋ ਜੋਤ ਹੈ ਤਿਸ ਜੋਤ ਨੇ ਆਪ ਕੁਦਰਤ ਕਾ ਜਾਮਾ ਪਹਿਰਿਆ ਹੈ। ਐਤਨੇ ਪਰਤਾਪ ਦਿਖਾਇਕੇ ਰੋਂਦਿਆਂ ਛੱਡ ਕੇ ਚਲੇ ਗਏ ਹੈਂ ਕਾਲੀ ਕਮਲੀ ਉਪਰ ਲੈ ਕੇ।

**ਸਵੈਯਾ**

ਚੰਦ ਛਿਪੇ ਜਿਉ ਚਕੋਰ ਗਤੀ ਤਰਫੇ ਸੁਅਤੀ ਮਿਤਿ ਨਾਹਿ ਟਿਕਾਨੇ।
ਮੀਨ ਬਿਛੋਹ ਜਥਾ ਜਲਕੇ ਪਲਕੇ ਪਲ ਮਾਹੇਂ ਸੁਦੇਤ ਪ੍ਰਾਨੇ।
ਘਾਇਲ ਜਿਉਂ ਤਰਫੇ ਰਨ ਮੈ ਤਿਮ ਸਿੰਘ ਦੁਖੀ ਮਨ ਮਾਹਿ ਮਹਾਨੇ।
ਹੈ ਪ੍ਰਤਾਪ ਹਰੀ ਅਤਿ ਪੀਰ ਨ ਧੀਰ ਕਛੂ ਲਗਦੀ ਜਿਸ ਜਾਨੇ।੧।

**ਸਵੈਯਾ**

ਔਰਤ ਨਾਮ ਪੁਕਾਰਤ ਹੀ ਮੁਖ ਹੋਤ ਗਦਾ ਗਦ ਵਾਕ ਭੁਲਾਨੇ।
ਜਿਉਂ ਮਨਿ ਹੀਨ ਭਯੋ ਸੁ ਫਨੀ ਮਿਲਦੀ ਨ ਮਨੀ ਮਨ ਮਾਹਿ ਮਲਾਨੇ।
ਕਾਮਨ ਕੰਤ ਬਿਨਾ ਬਿਰਹਾਗਨ ਕੀ ਗਤਿ ਨਾਹਿ ਸੁਹਾਗਨ ਮਾਨੇ।
ਸੋ ਪ੍ਰਤਾਪ ਹਰੀ ਅਤਿ ਪੀਰ ਨ ਧੀਰ ਕਛੂ ਲਗਦੀ ਜਿਸ ਜਾਨੇ॥੨॥

(ਏਹ ਸਵੈਯੇ ਪ੍ਰਤਾਪ ਸਿੰਘ ਛੰਦੜਾਂ ਦੇ ਸਨ।)

## ਫੁਲਵਾੜੀ ਦਾ ਮਾਲੀ

ਜੈਸੇ ਰਾਮ ਚੰਦਰ ਜੀ ਭਾਈ ਭਰਤ ਕੋ ਰਾਜ ਸਾਜ ਦੇਕਰ ਬਨ ਵਿਖੇ ਚਲੇ ਗਏ ਥੇ, ਤਿਸੀ ਤਰ੍ਹਾਂ ਗੁਰਿਆਈ ਕਾ ਅਭਿਖੇਕ ਗੁਪਤ ਤੌਰ ਸੇ ਆਪਨੇ ਭਾਈ ਕੋ ਸਤਿਗੁਰੂ ਜੀ ਭੀ ਦੇਕਰ ਪਰਾਗਰਾਜ ਮੈ ਜਾਇ ਇਸਥਿਤ ਹੋਏ ਹੈਂ। ਜੋ ਸੰਗਤ ਰੂਪੀ ਫੁਲਵਾੜੀ ਹੈ ਸੋ ਆਪਨੇ ਭਾਈ ਰੂਪ ਮਾਲੀ ਕੇ ਅਧੀਨ ਕਰ ਗਏ ਹੈਂ। ਓਥੇ ਈ ਸਭ ਕੁਛ ਬੈਠੇ ਦੇਖਨਗੇ।

ਨਿੰਦਕ ਦੁਸ਼ਟ ਰਾਜੀ ਹੋਏ ਕੇ ਹੁਣ ਕੂਕਾ ਪੰਥ ਮਿਟ ਜਾਇਗਾ। ਜੋ ਇਨ੍ਹਾਂ ਨੇ ਸਿੰਗ ਮਿੱਟੀ ਚੁਕੀ ਹੈ, ਜੇਹੜਾ ਕਰਾਉਦਾ ਸੀ ਹੱਲੇ ਬੁੱਚੜਾਂ ਪਰ ਸੋ ਤਾਂ ਲੈ ਗਏ ਹੈਨ ਹੁਣ ਕੋਈ ਨਹੀਂ ਰਹਿਣਾ। ਉਸ ਕੇ ਜਰੀਏ ਧਨ ਆਂਵਦਾ ਸੀ ਤਾਂ ਲੰਗਰ ਚਲਦਾ ਸੀ। ਅੰਨ ਖਾਣੇ ਵਾਲੇ ਲੋਕ

ਇਕੱਠੇ ਹੋਏ ਹੋਏ ਸੇ। ਏਥੇ ਕੋਈ ਜਮੀਨ ਨਹੀਂ ਹੈ। ਕੋਈ ਰਾਜ ਨਹੀਂ ਹੈ। ਏਥੋ ਕੇ ਆਦਮੀ ਕੋਈ ਕਿਰਤ ਨਹੀਂ ਕਰਦੇ, ਕਿੱਥੋਂ ਖਾਣਗੇ? ਕੋਈ ਖਜਾਨਾ ਬੀ ਨਹੀਂ ਹੈ ਭਰਿਆ ਹੋਇਆ। ਨਿੰਦਕ ਦੁਸ਼ਟ ਕਹਿਣ ਏਹ ਡੇਰਾ ਹੁਣ ਹਟ ਜਾਏਗਾ।

ਜਾਗਾ ਪਰ ਜਾਗਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਉਸਤਤ ਨਿੰਦਾ ਕਰ ਰਹੇ ਹੈਂ। ਸਭ ਘਟ ਮੈ ਜੱਸ ਛਾਇ ਰਿਹਾ ਹੈ। ਕਿਸੀ ਘਟ ਮੈ ਉਸਤਤ ਰੂਪ ਹੋਇ ਕਰਕੇ, ਕਿਸੀ ਵਿਖੇ ਨਿੰਦਾ ਰੂਪ ਹੋ ਕਰਕੇ। ਸਤਿਗੁਰਾਂ ਨੂੰ ਨਿੰਦਾ ਉਸਤਤ ਕਾ ਕਿਆ ਹਰਖ ਸੋਗ ਹੈ? ਜੋ ਲੋਕ ਧਰਮ ਕੇ ਪੱਖੀ ਹੈਂ ਉਹ ਤਾਂ ਇਸ ਤਰ੍ਹਾਂ ਆਖਦੇ ਹਨ ਜੋ ਗਊਆਂ ਨਿਮਿਤ ਸਿੰਘਾਂ ਕੇ ਸੀਸ ਲਗੇ ਹੈਂ ਐਸੇ ਧਰਮਾਤਮਾ ਪੁਰਛਾਂ ਕੋ ਦੁਖ ਦੇਣਾ ਹੱਛਾ ਨਹੀਂ ਹੈ। ਫ਼ਰੰਗੀ ਰਾਜਾ ਪਰਜਾ ਸੇ ਰਲ਼ ਮਿਲਕੇ ਸਲਾਹ ਕਰਕੇ ਲੈ ਗਏ ਹੈਂ। ਜਿਨ੍ਹਾਂ ਮੂਰਤੀਆਂ ਕਾ ਦਰਸ਼ਨ ਕਰਕੇ ਰੱਬ ਯਾਦ ਆਉਂਦਾ ਹੈ ਬਿਰਤੀ ਇਕਾਗਰ ਹੋਇ ਜਾਂਦੀ ਹੈ, ਦਿਲ ਕੀ ਦਲੀਲ ਪੁਰੀ ਕਰਦੇ ਹੈਂ, ਅੰਤਰਜਾਮੀ ਸ੍ਰੀ ਸਤਿਗੁਰੂ ਜੀ ਕਾ ਦੀਦਾਰ ਕਰਕੇ ਧੀਰਜ ਆਇ ਜਾਂਦੀ ਹੈ। ਮੋਹਣੀ ਮੂਰਤ ਕਾ ਦਰਸ਼ਨ ਕਰਕੇ ਮੋਹੇ ਜਾਂਦੇ ਹੈਂ। ਐਸੇ ਧਰਮਾਤਮਾ ਪੁਰਸ਼ਾਂ ਕੋ ਏਸ ਦੇਸੋਂ ਕਿਉਂ ਕਢਣਾ ਸੀ? ਬੜੀ ਮਾੜੀ ਕੀਤੀ ਹੈ। ਜਾਗਾ ਪਰ ਜਾਗਾ ਸੋਚਾਂ ਅਰੁ ਫਿਕਰ ਹੋਇ ਰਹੇ ਹੈਂ। ਸ੍ਰੀ ਸਤਿਗੁਰੂ ਜੀ ਕੇ ਜਾਨੇ ਕੀ ਅਚੰਭਾਈ ਵਾਰਤਾ ਹੋਈ ਹੈ। ਅੱਗੇ ਖ਼ਵਰੇ ਕੀ ਹੋਵੇਗੀ।

## ਸ੍ਰੀ ਭੈਣੀ ਸਾਹਿਬ ਡੇਰੇ ਦੀ ਤਲਾਸ਼ੀ

ਲੁਧਿਹਾਣੇ ਸੇ ਬੇਲੀ ਸਾਹਿਬ ਚੜ੍ਹਿਆ, ਨਾਲ ਤੋਪਾਂ ਭੀ ਲਿਆਇਆ। ਰਸਤੇ ਮੈ ਬੇਲੀ ਸਾਹਿਬ ਨੇ ਪੁੱਛਿਆ ਕਿਲਾ ਹੈ ਗੜੀ ਹੈ ਕੇ ਕੋਟ ਹੈ ਕੇ ਡੇਰਾ ਹੈ। ਕਹਾ ਜੀ ਪਿੰਡ ਦੇ ਲੋਕ ਹੁੱਕਾ ਪੀਂਦੇ ਹੈ ਇਸ ਕਰਕੇ ਡੇਰਾ ਹੈ ਕੂਕਿਆਂ ਕਾ ਜੁਦਾ। ਫ਼ਰੰਗੀ ਨੇ ਤੋਪਾਂ ਘੁਆੜੇ (ਕੁਹਾੜੇ) ਪੜਾਉ ਪਰ ਛੋਡ ਦਿੱਤੀਆਂ। ਆਗੇ ਜਾ ਪਿੰਡ ਦੀ ਹਦ ਪਰ ਪਹਿਰਾ ਖੜਾ ਕੀਤਾ। ਦਰਵਜੇ ਪਾਸ ਆਇ ਦੇਖੋ ਮਹਾਰਾਜ ਹਰੀ ਸਿੰਘ ਜੀ ਖੜੇ ਹੈਂ[1]। ਪੂਛਨੇ ਲਗਾ ਤੁਮ ਕੌਨ ਹੋ? ਮਹਾਰਾਜ ਜੀ ਬਚਨ ਕੀਤਾ ਕੇ ਮੈਂ ਭਾਈ ਹਾਂ ਸਤਿਗੁਰੂ ਜੀ ਕਾ। ਫ਼ਰੰਗੀ ਨੇ ਕਹਾ ਕੇ ਤੁਮ ਭੀ ਨਾਲ ਈ ਜਾਓਗੇ। ਈਹਾਂ ਨਾ ਰਹੋਗੇ। ਸਿੰਘਾਂ ਨੂੰ ਚਾਰ ਚਾਰ ਕਰਕੇ ਬਠਾਈ ਗਏ ਅਕਾਲ ਬੁੰਗੇ ਵਾਲੇ ਰਸਤੇ ਪਰ ਸਿੱਧੇ। ਜਿਵੇਂ ਬੈਠੇ ਥੇ ਤਿਵੇਂ ਈ ਫੜਕੇ ਬਾਹਰ ਲਿਆਇਕੇ ਦਰੇਸ਼ (ਦਰੁਸਤ) ਕਰਕੇ ਬਠਾਲ ਦੇਂਦੇ ਹੈਂ। ਸਾਰਿਆਂ ਕੇ ਨਾਮ ਜ਼ਿਲ੍ਹੇ ਪਿੰਡ ਥਾਨੇ ਲਿਖ ਲਏ।

ਬੇਲੀ ਸਾਹਿਬ ਨੇ ਕਹਿਆ ਕਿਸੀ ਕੇ ਕੋਲ ਕੋਈ ਸ਼ਸਤਰ ਨਹੀਂ। ਇਨਾਂ ਕੇ ਕੋਲ ਚਿੱਟੀਆਂ ਮਾਲਾ ਫੜੀਆਂ ਹੋਈਆਂ ਹੈਂ ਤੇ ਭਜਨ ਕਰਦੇ ਹੈ, ਮੂੰਹ ਹਿਲਾਉਂਦੇ ਹੈਂ ਸਾਰੇ ਈ। ਏਹ ਤਾਂ ਖੁਦਾਇ ਪ੍ਰਸਤੀ ਲੋਗ ਹੈਂ, ਇਨਕਾ ਕਾਹਦਾ ਦੋਸ਼ ਹੈ? ਫ਼ਰੰਗੀ ਨੇ ਪੂਛਾ ਤੁਸੀਂ ਸਾਰੇ ਈ ਨੰਗੇ ਕਿਉਂ ਹੋ? ਸਿੰਘਾਂ ਨੇ ਕਹਿਆ ਕੇ ਹਮਾਰੇ ਬਸਤਰ ਬਿਸਤਰਿਆਂ ਪਰ ਪਏ ਹੈ। ਨਾਲ ਸਪਾਹੀ ਦੀਏ ਲੈ ਕੇ ਆਓ ਬਸਤਰ। ਸਭ ਸਿੰਘ ਜਾਇਕੇ ਆਪੋ ਆਪਣੇ ਬਸਤਰ ਪਾਇਕੇ ਮੁੜ ਆਏ।

---

1 ਛੋਟੇ ਭਾਈ ਮਹਾਰਾਜ ਭਾਈ ਬੁੱਧ ਸਿੰਘ ਜੀ।

ਆਗੇ ਹੱਟੀ ਵਾਲੇ[1] ਸੇ ਪੁਛਿਆ ਰਸਤ ਹੈ ? ਹੱਟੀ ਵਾਲੇ ਸਿੰਘ ਸੋ ਕੋਈ ਬੋਲਾ ਨਾ ਕੀਤਾ ਗਿਆ ਤਾਂ ਫ਼ਰੰਗੀ ਨੇ ਹੱਲਾ ਕਰਾਏ ਦੀਆ ਖਾਓ ਲੁੱਟੋ। ਫੌਜਾਂ ਅੰਦਰ ਬੜ ਗਈਆਂ।ਗੋਰਖਿਆਂ ਕੀਆਂ ਫੌਜਾਂ ਭੁੱਖੀਆਂ ਤਿਹਾਈਆਂ ਤਵੇ ਪਏ ਪਰਸਾਦੇ ਛਡਕੇ ਆਈਆਂ ਹੋਈਆਂ ਸੀਆਂ। ਜੈਸੇ ਧਾਵੇ ਪਰ ਧਾਵਾ ਕਰੀਦਾ ਹੈ ਤਿਸੀ ਤਰ੍ਹਾਂ ਫੌਜਾਂ ਆਈਆਂ। ਹੱਟੀ ਮੈ ਜੋ ਘਿਓ ਗੁੜ ਸਕਰ ਖੰਡ ਪਈ ਸੀ ਸੋ ਖਾਣੇ ਲਗੇ। ਭੁੱਖੇ ਸਨ। ਨਾਲੇ ਤਾਂ ਖਾਵਨ ਨਾਲੇ ਖੋਸਿਆਂ ਮੈਂ ਪਾਵਣ। ਰੁਮਾਲਾਂ ਮੈ ਬੰਨਣ। ਸਭ ਚੀਜ ਖਾਇਕੇ ਮੁਕਾਇ ਦਿੱਤੀ ਹੱਟੀ ਵਿਚੋਂ। ਬੜੇ ਪ੍ਰਸੰਨ ਹੋਇ ਅਨੇਕ ਜੀਵ। ਸਤਿਗੁਰੂ ਜੀ ਕਾ ਹੁਕਮ ਸੀ ਕੇ ਸਵਾ ਗਿਯਾਰਾਂ ਰੁਪਏ ਕਾ ਕੜਾਹ ਪਰਸ਼ਾਦਿ ਕਰਕੇ ਵਰਤਾਇ ਕੇ ਰਾਤੋ ਰਾਤ ਆਪੋ ਆਪਣੇ ਘਰਾਂ ਨੂੰ ਚਲੇ ਜਾਣਾ। ਸੋ ਗਰਮ ਗਰਮ ਕੜਾਹ ਪਰਸ਼ਾਦਿ ਅੱਧਾ ਬਣਿਆ ਹੋਇਆ ਸੀ। ਅੱਧੇ ਹਿੱਸੇ ਵਿਚ ਚਾਸ ਪਾਈ ਸੀ। ਉੱਤੇ ਈ ਪਿਆ ਰਿਹਾ ਸੀ ਤੇ ਫੌਜਾਂ ਗੋਰਖਿਆਂ ਦੀਆਂ ਤੋਂ ਕੜਾਹ ਪਰਸ਼ਾਦਿ ਤੱਤਾ ਦੇਖਕੇ ਖਾਧਾ ਨਾ ਗਿਆ। ਰੁਮਾਲਾਂ ਮੈ ਪਾਇ ਲੀਆ ਉਪਰਲਾ ਭੀ ਉਤਾਰ ਕੇ।

## ਲੰਗਰ ਵਿਚ ਫ਼ੌਜ

ਲੰਗਰ ਮੈ ਬੜ ਗਏ ਸਣੇ ਜੋੜਿਆਂ। ਪਰਸਾਦੇ ਭੀ ਬਣੇ ਪਏ ਸੇ ਸੋ ਭੀ ਆਪੋ ਆਪ ਫੜ ਲਏ। ਜੋ ਚੀਜ ਸੀ ਛਕਣ ਵਾਲੀ ਸੋ ਸਭ ਨੇ ਛਕੀ। ਅੰਦਰ ਬਾਹਰ ਜੋੜਿਆਂ ਸਮੇਤ ਸਭ ਫੌਜਾਂ ਫਿਰਨ ਬੰਦੂਕਾਂ ਭਰੀਆਂ, ਸੰਗੀਨਾਂ ਚੜੀਆਂ ਤੇ ਪੇਟੀਆਂ ਮੈ ਖੋਖਰੀਆਂ ਜੇਹੜੀਆਂ ਮਹਿੰ ਝੋਟੇ ਕਾ ਸਿਰ ਕਤਲ਼ ਕਰ ਦੇਂਦੀਆਂ ਹੈਂ। ਕਸੇ ਕਸਾਏ ਸਜੇ ਸਜਾਏ ਪਏ ਫਿਰਦੇ ਹੈਂ।

## ਤਲਾਸ਼ੀ

ਹੋਰ ਜੋ ਚੀਜ ਬਸਤਰ ਸੀ ਸੋ ਅੰਤਰਜਾਮੀ ਗੁਰੂ ਜੀ ਅੱਗੇ ਈ ਕੋਠੜੀ ਮੈ ਰੱਖੀ ਹੋਈ ਸੀ। ਜੋ ਮੇਲੇ ਮਾਘੀ ਪਰ ਮਾਇਆ ਚੜੀ ਸੀ ਸੋ ਭੀ ਅੰਦਰੇ ਸ੍ਰੀ ਸਤਿਗੁਰੂ ਜੀ ਕੀ ਰਹਿਨ ਵਾਲੀ ਕੋਠੜੀ ਮੇਂ ਸੀ; ਹੋਰ ਚੰਗੇ ਕੀਮਤੀ ਬਸਤਰ ਸੇ ਪਾਂਚ ਪਾਂਚ ਸੌ ਕਾ ਏਕ ਚੋਗਾ, ਉਪਰ ਨੂੰ ਦੁਸ਼ਾਲੇ ਕੀਮਤ ਵਾਲੇ। ਜੰਦਰਾ ਕੋਠੜੀ ਨੂੰ ਲਗਾ ਹੋਇਆ ਸੀ। ਇਸ ਵਾਸਤੇ ਬਚ ਰਿਹਾ ਨਹੀਂ ਤਾਂ ਲੁਟ ਮੈ ਲੈ ਲੈਂਦੇ। ਫ਼ਰੰਗੀ ਨੇ ਲੂਟ ਕਾ ਹੁਕਮ ਬੰਦ ਕਰ ਦੀਆ। ਸਭ ਹਟ ਗਏ।

## ਡਰੇ ਦੀ ਪੁਟਾਈ

ਸਿੰਘ ਤਾਂ ਤੋਰ ਦੀਏ ਲੁਧਿਹਾਣੇ ਨੂੰ, ਨੰਗੀਆਂ ਤਲਵਾਰਾਂ ਕਾ ਪੈਹਰਾ ਆਸੇ ਪਾਸੇ। ਫੇਰ ਫ਼ਰੰਗੀ ਨੇ ਕੋਠੜੀ ਕਾ ਜੰਦਰਾ ਖੁਲਵਾਇਆ। ਏਕ ਸੰਦੂਖ ਜੰਦਰਾ ਲਗੇ ਲਗਾਏ ਈ ਚੁਕਾਇ ਲਿਆ ਵਿਚੋਂ[2]। ਜੋ ਨਿਪਾਲੋਂ ਖੁਖਰੀਆਂ ਆਈਆਂ ਸੀਆਂ ਕਰਤਾਰ ਨੇ ਉਸ ਕਾ ਜੰਦਰਾ ਈ ਨਹੀ ਖੋਹਲਣ ਦਿੱਤਾ। ਮੁਕਬਲ ਸੁੱਖੂ ਆਦਿਕ ਨਿੰਦਕਾਂ ਨੇ ਕਹਿਆ ਕੇ ਧਨ ਬਹੁਤ ਧਰਤੀ ਮੈ

1 ਵਰਿਆਮ ਸਿੰਘ

2 ਕੀਮਤੀ ਸ਼ਾਲ ਅਤੇ ਕਢਾਈ ਕੀਤੇ ਚੋਗੇ, ਗਹਿਣੇ ਅਤੇ ੧੫੦੦ ਰੁਪੈ ਨਗਦ, ੩੬ ਕੁਹਾੜੀਆਂ, ੬ ਗੰਡਾਸੇ, ੨ ਖੁਖਰੀਆਂ ਅਤੇ ਕਈ ਡਾਂਗਾਂ ਆਦਿ ਜਪਤ ਕੀਤੇ ਗਏ ਸਨ।

ਦਬਿਆ ਹੋਇਆ ਹੈ[1]। ਸਤਿਗੁਰਾਂ ਵਾਲੀ ਕੋਠੜੀ ਪੁਟਵਾਈ ਨਿੰਦਕਾਂ ਕੇ ਕਹੇ ਤੇ ਕਹੀਆਂ ਨਾਲ। ਫੇਰ ਮੁਕਬਲਾਂ ਨੇ ਕਹਾ ਕੇ ਹੱਟੀ ਵਾਲੀ ਧਰਤੀ ਮੈ ਹੋਣਾ ਹੈ। ਦੋ ਕੋਠੜੀਆਂ ਹੈਂ। ਹੱਟੀ ਵਾਲੀ ਪਹਿਲੀ ਕੋਠੜੀ ਪੱਟੀ ਕੁਛ ਨਾ ਨਿਕਲਿਆ। ਸ਼ਰਮਿੰਦੇ ਹੋਏ। ਮੁਕਬਲਾਂ ਨੇ ਹੋਰ ਜਗਾ ਭੀ ਕਹੀ ਫੇਰ ਕਹਿਆ ਕੇ ਤਬੇਲੇ ਮੇਂ ਹੈ।

ਮਹਾਰਾਜ ਹਰੀ ਸਿੰਘ ਕੋ ਫੁਰਨਾ ਹੋਇਆ ਕੇ ਉਹ ਧਨ ਨਾ ਪੁੱਟਣ। ਏਤਨਾ ਸੰਕਲਪ ਹੋਣੇ ਸੇ ਤਾਂ ਫ਼ਰੰਗੀ ਆਖਿਆ ਦੋ ਜਗਾ ਪੁਟੀਆਂ ਹੈਨ ਕੁਛ ਨਹੀਂ ਨਿਕਲਿਆ ਹੁਣ ਤਬੇਲੇ ਭੀ ਕੁਝ ਨਹੀਂ ਹੋਣਾ। ਏਹ ਮੁਕਬਲ ਨਿੰਦਕ ਝੂਠ ਬਕਦੇ ਹੈਂ। ਤਬੇਲੇ ਮੈਂ ਨਾ ਗਏ। ਜੇੜੇ ਘਰ ਵਾਲੇ ਸੇ ਤਿਨ੍ਹਾਂ ਕੇ ਨਾਮ ਲਿਖ ਲੀਏ। ਜੰਦਰੇ ਲਗਾਇ ਦੀਏ। ਕੁੰਜੀਆਂ ਪਹਿਰੇ ਮੈਂ ਕੀਤੀਆਂ।

## ਜਮੀਨਾਂ ਕਿਉਂ ਵੇਚਦੇ ਹੈਂ

ਨੰਬਰਦਾਰਾਂ ਸੇ ਪੁਛਿਆ ਕੂਕੇ ਜਮੀਨਾਂ ਕਿਉਂ ਵੇਚਦੇ ਹੈਂ, ਕਿਆ ਮਨਸ਼ਾ ਹੈ? ਨੰਬਰਦਾਰਾਂ ਨੇ ਕਹਾ ਕੇ ਏਹ ਕਹਿੰਦੇ ਹੈਂ ਰੂਸ ਤਾਂ ਆਇ ਜਾਣੇ ਹੈਂ ਰਾਜ ਖ਼ਾਲਸੇ ਦਾ ਹੋਇ ਜਾਣਾ ਹੈ। ਏਹ ਸਮਝਦੇ ਹੈਂ ਜਮੀਨਾ ਤਾਂ ਫੇਰ ਵੀ ਸਾਡੀਆਂ ਹੋਇ ਜਾਣੀਆਂ ਹੈਂ। ਹੁਣ ਰੁਪਈਏ ਲੈ ਕੇ ਭੋਗ ਪਾਵੋ ਤੇ ਛਕੋ ਛਕਾਵੋ। ਏਹਨਾਂ ਕੀ ਰਾਜ ਲੈਣ ਕੀ ਮਨਸ਼ਾ ਹੈ।

## ਸਿੰਘਾਂ ਨੂੰ ਲੁਧਿਆਣੇ ਲੈ ਗਏ

ਜਿਹੜੇ ਸਿੰਘ ਰਾਮਦਾਸਪੁਰੇ ਸਾਹਿਬ ਸੇ ਤਿਨ੍ਹਾਂ ਕੋ ਡਾਕ ਬੰਗਲੇ ਲੈ ਗਏ। ਜਰਨੈਲ ਤੇ ਕਰਨੈਲ ਕਪਤਾਨ ਤੇ ਜੱਜ ਚਾਰੋਂ ਆਇ ਖੜੇ ਹੋਏ। ਮਹੰਤ ਜੁਦਾ ਕਰ ਦੀਏ ਸਿੰਘ ਜੁਦਾ ਕਰ ਦੀਏ। ਜਿਹਨਾਂ ਨੇ ਕਹਾ ਕੇ ਮੈ ਭੈਣੀ ਸਾਹਿਬ ਕਾ ਹਾਂ ਤਿਨ੍ਹਾਂ ਨੂੰ ਜੁਦਾ ਕਰ ਦੀਆ। ਹੋਰ ਸਿੰਘ ਜੋ ਥੇ ਤਿਨ੍ਹਾਂ ਨੂੰ ਥਾਨੇ ਪਰ ਥਾਨੇ ਪਿੰਡਾਂ ਕੋ ਭੇਜ ਦੀਆ[2]। ਆਪੋ ਆਪਣੇ ਥਾਨਿਆਂ ਮੈਂ ਲਖਾਇਕੇ ਛੱਡੇ। ਸਭ ਕੋ ਏਹੁ ਕਹਿਆ ਕੇ ਜੇਕਰ ਕਿਧਰੇ ਜਾਣਾ ਹੋਵੇ ਤਾਂ ਥਾਨੇ ਇਤਲਾਹ ਦੇਕੇ ਜਾਨਾ ਹੋਵੇਗਾ। ਕਹੀਂ ਇਕੱਠੇ ਨਾ ਹੋਣਾ। ਜੋ ਭੈਣੀ ਸਾਹਿਬ ਕੇ ਸੇ ਤਿਨ੍ਹਾਂ ਸੇ ਜਮਾਨਤਾਂ ਮੰਗੀਆਂ।

ਫ਼ਰੰਗੀ ਨੇ ਸਿੰਘਾਂ ਨੂੰ ਕਹਿਆ ਤੁਮਕੋ ਦੁਕਾਨ ਕਾ ਪਕਿਆ ਛਕਣਾ ਪਵੇਗਾ। ਸਿੰਘਾਂ ਨੇ ਕਹਿਆ ਪਕਾ ਨਹੀਂ ਛਕਾਂਗੇ। ਚਨੇ ਚਬੀਨ ਛਕ ਲਵਾਂਗੇ। ਗੁੜ ਅਰ ਛੋਲੇ ਦਿੱਤੇ। ਅਗਲੇ ਦਿਨ ਰਸਤ ਦਿੱਤੀ। ਫੇਰ ਫ਼ਰੰਗੀ ਨੇ ਕਹਿਆ ਕੇ ਨਾਮ ਲਿਖਾਓ। ਆਪੋ ਆਪਣੇ ਪਿੰਡ ਚਲੇ ਜਾਵੋ

---

1 ਨੰਬਰਦਾਰ ਨੇ ਕਰਨਲ ਬੇਲੀ ਨੂੰ ਚੁਗਲੀ ਕੀਤੀ ਸੀ ਕਿ 'ਦੋ ਲੱਖ ਤੋਂ ਉਪਰ ਦਾ ਖਜਾਨਾ' ਡੇਰੇ ਵਿਚ ਦਬਿਆ ਹੋਇਆ ਹੈ। -ਗੁਰੂ ਰਾਮ ਸਿੰਘ ਐਂਡ ਦੀ ਕੂਕਾ ਸਿੱਖਜ-ਹਿੱਸਾ ੨, ਪੰਨਾ ੧੦੧।

2 ਕਰਨਲ ਬੇਲੀ ਨੇ ੧੯੫ ਸਿੰਘ ਪਕੜ ਕੇ ਲੁਧਿਆਣੇ ਭੇਜੇ ਸਨ। ਇਨ੍ਹਾਂ ਵਿਚੋਂ ਸੂਬਾ ਬ੍ਰਹਮਾ ਸਿੰਘ, ਕਾਹਨ ਸਿੰਘ, ਪਹਾੜਾ ਸਿੰਘ ਅਤੇ ਹੁਕਮਾ ਸਿੰਘ ਨੂੰ ਇਲਾਹਾਬਾਦ ਭੇਜ ਦਿੱਤਾ। ੧੨੨ ਸਿੰਘਾਂ ਨੂੰ ਤਾੜਨਾ ਕਰਕੇ ਘਰੋ ਘਰੀਂ ਭੇਜ ਦਿੱਤਾ। ਬਿਹੰਗਮਾਂ ਨੂੰ ਕਮਿਸ਼ਨਰ ਫੋਰਸਿੱਥ ਸਭ ਤੋਂ ਖ਼ਤਰਨਾਕ ਸਮਝਦਾ ਸੀ ਕਿਉਂਕਿ ਇਹ ਸਿੰਘ ਘਰ ਘਾਟ ਜਮੀਨਾਂ ਵੇਚ ਕੇ ਗੁਰੂ ਜੀ ਪਾਸ ਆ ਗਏ ਸਨ ਅਤੇ ਉਨ੍ਹਾਂ ਦਾ ਹਰ ਹੁਕਮ ਮੰਨਣ ਨੂੰ ਹਰ ਵੇਲੇ ਤਿਅਰ ਰਹਿੰਦੇ ਸਨ। ਇਸ ਲਈ ਬਾਕੀ ਬਚੇ ੫੦ ਬਿਹੰਗਮਾਂ ਨੂੰ ਰੋਕ ਲਿਆ ਤਾਂ ਜੋ ਉਨ੍ਹਾਂ ਦੀਆਂ ਜਮਾਨਤਾਂ ਲਈਆਂ ਜਾ ਸਕਣ, ਜੇ ਨਾ ਜਮਾਨਤਾਂ ਕਰਨ ਤਾਂ ਦੋ ਸਾਲ ਦੀ ਕੈਦ ਦਿੱਤੀ ਜਾ ਸਕੇ। ਵਿਸਥਾਰ ਲਈ ਫੋਰਸਿੱਥ ਦਾ ੨੦ ਜਨਵਰੀ ੧੮੭੨ ਦਾ ਪੱਤਰ ਦੇਖੋ।

(- ਗੁਰੂ ਰਾਮ ਸਿੰਘ ਐਂਡ ਦੀ ਕੂਕਾ ਸਿੱਖਜ਼ ਹਿੱਸਾ ੨, ਪੰਨਾ ੯੪।)

ਨਹੀਂ ਹਮ ਤੁਮਕੋ ਤਕਲੀਫ ਦਿਆਂਗੇ। ਭੈਣੀ ਨਹੀਂ ਜਾਣਾ ਮਿਲੇਗਾ। ਸਿੰਘਾਂ ਨੇ ਕਹਿਆ ਏ ਈ ਸਾਡਾ ਘਰ ਹੈ। ਬਿਹੰਗਮ ਸਾਧ ਹੈ। ਫ਼ਰੰਗੀਆਂ ਨੇ ਅਵਾਰਾ ਜਾਨਕੇ ਜਮਾਨਤਾਂ ਮੰਗੀਆਂ[1]। ਆਪੋ ਆਪਣੀਆਂ ਜਮਾਨਤਾਂ ਦੇ ਕੇ ਜਾਓ, ਏਉਂ ਨਹੀਂ ਜਾਨਾ ਮਿਲੇਗਾ। ਜਿਨ੍ਹਾਂ ਕੇ ਵਾਰਸ ਆਏ ਹੋਏ ਸੇ ਤਿਨਾਂ ਕੋ ਤਾਂ ਜਮਾਨਤਾਂ ਦੇ ਕੇ ਛੁਡਾਇ ਲਏ।

ਲਹਿਣਾ ਸਿੰਘ ਕੀ ਕੋਈ ਜ਼ਮਾਨਤ ਨਾ ਸੀ ਦੇਂਦਾ ਤਾਂ ਬਾਬੇ ਦਰਬਾਰਾ ਸਿੰਘ ਜ਼ਮਾਨਤ ਦਿੱਤੀ। ਮਹਾਰਾਜ ਬੁੱਧ ਸਿੰਘ ਜੀ ਕੀ ਜਮਾਨਤ ਮਾਈ ਭੋਲੀ ਨੇ ਦਿੱਤੀ ਲੁਧਿਆਣੇ ਵਾਲੀ ਨੇ। ਗੁਪਾਲ ਸਿੰਘ ਸੂਬੇ ਕੀ ਜਮਾਨਤ ਰਾਈਆਂ ਵਾਲੇ ਮਸਤਾਨ ਸਿੰਘ ਨੇ ਦਿੱਤੀ। ਛੁਡਾਇ ਲੈ ਆਇਆ। ਗੁਪਾਲ ਸਿੰਘ ਨੇ ਆਇਕੇ ਧੌਂਸਾ ਵਜਾਇਆ ਖੁਸ਼ੀ ਕੀਤੀ ਨਾਲੇ ਕੜਾਹ ਪ੍ਰਸਾਦਿ ਕਰਾਇਆ।

## ਪੰਜ ਕੂਕਿਆਂ ਦੇ ਇਕੱਠੇ ਹੋਣ ਤੇ ਪਾਬੰਦੀ

ਲੁਧਿਆਣੇ ਕੇ ਇਲਾਕੇ ਸਿੰਘ ਤੇ ਹੋਰ ਜਿਲਿਆਂ ਕੇ ਸਿੰਘ ਸਭ ਜਮਾਨਤਾਂ ਨਾਲ ਆਪੋ ਆਪਣੀਂ ਘਰੀਂ ਗਏ। ਸਭ ਨੂੰ ਹੁਕਮ ਏਹੁ ਸੁਨਾਇਆ ਜੇਕਰ ਤੇਰੇ ਘਰ ਕੂਕਾ ਆਵੇਗਾ ਤਾਂ ਤੈਨੂੰ ਸਜਾਇ ਦੇਵਾਂਗੇ। ਜੇ ਜਾਣਾ ਹੋਵੇ ਕਿਤੇ ਤਾਂ ਥਾਣੇ ਇਤਲਾਹ ਦੇਕੇ ਜਾਇਆ ਕਰੋ। ਜੇ ਥਾਨੇ ਇਤਲਾਹ ਨਾ ਦੇ ਕੇ ਜਾਵੋਗੇ ਤਾਂ ਸਜਾਇ ਦੇਵਾਂਗੇ। ਰਾਗਾ ਸਿੰਘ ਤੇ ਅਰੂੜ ਸਿੰਘ ਰੂਖੜ ਮਗਰੋਂ ਛੁੱਟੇ ਜਮਾਨਤਾਂ ਦੇ ਕੇ। ਜਾਗਾ ਪਰ ਜਾਗਾ ਜਹਾਂ ਤਹਾਂ ਖਾਲਸਾ ਸੀ ਸੋ ਸਭ ਕੋ ਕਰੜਾਈ ਕੀਤੀ। ਏਹ ਭੀ ਹੁਕਮ ਦੀਆ ਕੇ ਪਾਂਚ ਕੂਕੇ ਭੀ ਇਕੱਠੇ ਜਿਸ ਦੇ ਘਰ ਦੇਖੇਂਗੇ ਤਿਸਕੋ ਭੀ ਸਜਾਇ ਹੋਵੇਗੀ[2]। ਜੇ ਕਿਸੇ ਭੋਗ ਪਾਉਣਾ ਹੋਵੇ ਸੋ ਇਤਲਾਹ ਦੇ ਕੇ ਪਾਵੇ, ਚੋਰੀ ਜੋ ਭੋਗ ਪਾਵੇਗਾ ਤਿਸਨੂੰ ਸਜਾਇ ਦੇਵਾਂਗੇ। ਸਿਦਕੀ ਸਿੰਘ ਤਾਂ ਦ੍ਰਿੜ ਰਹੇ, ਜਮਾਨਤਾਂ ਦੇ ਕੇ ਭਜਨ ਬਾਨੀ ਕਰਨੇ ਲਗੇ ਤੇ ਜੇਹੜੇ ਲੁਕਮੇਂ ਸਿੰਘ ਸੇ ਤਿਨ੍ਹਾਂ ਨੇ ਕਛਹਿਰੇ ਲਾਹ ਦੀਏ ਲੰਗੋਟੀਆਂ ਤੇ ਤਹਮਤ ਪਾਇ ਲੀਏ। ਕਛਹਿਰੇ ਬਾੜਾਂ ਮੈ ਤੇ ਖੂੰਜਿਆਂ ਮੈ ਲੁਕਾਇ ਕੇ ਪਤਿਤ ਹੋਏ ਗਏ। ਸ੍ਰੀ ਸਤਿਗੁਰੂ ਜੀ ਕਾ ਵਾਕ ਪੂਰਾ ਹੋਇਆ।

ਥਾਨੇਦਾਰ ਨੇ ਪੁਛਨਾ ਤੂੰ ਤਾਂ ਕੂਕਾ ਸੈਂ, ਓਸ ਨੇ ਕਹਿਣਾ ਮੈਂ ਨਹੀਂ ਕੂਕਾ। ਹਾਕਮ ਨੇ ਕਹਿਣਾ ਤੂੰ ਸੱਚ ਕਹੁ, ਤੈਨੂੰ ਮਾਰਦੇ ਨਹੀਂ, ਕੈਦ ਨਹੀਂ ਕਰਦੇ, ਤੂੰ ਧਰਮ ਕਿਉਂ ਛਡਣਾ ਹੈ? ਨੰਬਰਦਾਰ ਨੇ ਕਹਿਣਾ ਜੀ ਏਹ ਕੂਕਾ ਸੀ ਹੁਣ ਕਛਹਿਰੇ ਲਾਹੇ ਸੂ। ਥਾਨੇਦਾਰ ਨੇ ਤੰਬੇ ਚੁਕਾ ਕੇ ਕਛਹਿਰੇ ਦਾ ਨਿਸ਼ਾਨ ਦੇਖਨਾ ਤਾਂ ਸ਼ਰਮਿੰਦੇ ਹੋਇ ਜਾਣਾ, ਕੋਈ ਉੱਤਰ ਨਾ ਫੁਰਨਾ।

## ਨਾਮਧਾਰੀ ਸਿੰਘਾਂ ਦੀਆਂ ਜ਼ਮਾਨਤਾਂ

ਪੰਜਾਬ ਸਿੰਘ[3] ਤੇ ਨਿਹਾਲਾ ਸਿੰਘ ਬਚਿੱਤਰ ਸਿੰਘ ਜੋਗੇ ਵਾਲਿਆਂ ਕੋ ਬਰਨਾਲੇ ਮੈਂ ਲੈ

1 ਅਵਾਰਾ ਨਹੀਂ, ਆਪਣੇ ਰਾਜ ਲਈ ਖ਼ਤਰਨਾਕ ਸਮਝ ਕੇ ਜਮਾਨਤਾਂ ਮੰਗੀਆਂ ਸਨ।

2 ਪੰਜਾਬ ਸਰਕਾਰ ਦੇ ਅੰਡਰ ਸੈਕਟਰੀ ਦਾ ੨੩ ਜਨਵਰੀ ੧੮੭੨ ਈ. ਦਾ ਪੱਤਰ।

3 ਪਿਤਾ ਦਾ ਨਾਂ ਜਵਾਲਾ ਸਿੰਘ।

ਗਏ। ਥਾਨੇਦਾਰ ਨੇ ਪੁਛਿਆ ਤੁਸੀਂ ਵਿਚ ਸੇ ਤਾਂ ਸਿੰਘਾਂ ਨੇ ਕਿਹਾ ਅਸੀ ਨਾ ਸੇ ਵਿਚ[1]। ਥਾਨੇਦਾਰ ਨੇ ਕਿਹਾ ਧੁਆਨੂੰ ਖ਼ਵਰ ਤਾਂ ਸੀ। ਸਿੰਘਾਂ ਨੇ ਕਹਿਆ ਸਾਨੂੰ ਖ਼ਵਰ ਤਾਂ ਸੀ ਪਰ ਸਾਨੂੰ ਹੁਕਮ ਸੀ ਕੇ ਆਪੋ ਆਪਣੇ ਘਰਾਂ ਨੂੰ ਚਲੇ ਜਾਵੋ। ਸੋ ਅਸੀਂ ਕਿਤੇ ਨਹੀਂ ਠਹਿਰੇ, ਘਰ ਹੀ ਆਇ ਗਏ ਹੈਂ। ਕਹਾ ਕੇ ਤੁਮਾਰੀ ਘੋੜੀ ਰੜ ਕਿਉਂ ਰਹੀ? ਪੰਜਾਬ ਸਿੰਘ ਨੇ ਕਹਾ ਕੇ ਘੋੜੀ ਬੀਮਾਰ ਸੀ ਇਸ ਕਰਕੇ ਛੱਡ ਆਏ। ਨਾਜਮ ਨੇ ਕਹਾ ਕੇ ਤੁਮਾਰਾ ਚਲਾਨ ਸਰਹੰਦ ਬੱਸੀ ਕਾ ਹੈ। ਓਥੇ ਦੋ ਕੂਕੀਆਂ[2] ਹੈਨ, ਜੇ ਓਹਨਾਂ ਨੇ ਕਿਹਾ ਵਿਚ ਸੀ ਤਾਂ ਤੁਮ ਫਾਂਸੀ ਜਾਂ ਤੋਪ ਅੱਗੇ ਉਡਾਏ ਜਾਉਗੇ, ਜੇ ਕਹਾ ਕੇ ਨਾ ਥੇ ਤਾਂ ਜੋ ਹਾਕਮ ਦੀ ਮਰਜੀ ਸੋ ਹੋਵੇਗਾ। ਚਲਾਨ ਕਰ ਦੀਆ।

ਅਗਲੇ ਦਿਨ ਕਚਹਿਰੀ ਵਿਚ ਸੱਦਿਆ। ਇਕ ਸਿੰਘਣੀ ਸੇ ਪੂਛਾ ਕੇ ਏਹ ਨਾਲ ਥੇ? ਦਿੱਤੂਪੁਰੇ ਵਾਲੀ ਨੇ ਕਹਾ ਕੇ ਮੈਨੂੰ ਨਹੀਂ ਖ਼ਵਰ। ਹੰਡਿਆਏ ਵਾਲੀ ਮਸਤਾਨੀ ਨੇ ਕਹਾ ਕੇ ਹਾਂ ਮੈਂ ਜਾਣਦੀ ਹਾਂ, ਸਾਡੇ ਹਮੇਸਾ ਆਉਣੇ ਜਾਣੇ ਵਾਲੇ ਹੈਂ, ਵਿਚ ਨਾ ਥੇ। ਨਾਜਮ ਨੇ ਕਹਾ ਕੇ ਸਾਡੀ ਤਰਫੋਂ ਰਿਹਾਇ। ਤੁਮਾਰਾ ਸੂਬਾ ਜੋ ਚਾਹੇ ਸੋ ਕਰੇ। ਫੇਰ ਬਰਨਾਲੇ ਭੇਜ ਦੀਏ। ਤੀਏ ਮਹੀਨੇ ਜਮਾਨਤਾਂ ਲੈ ਕੇ ਛੱਡੇ ਪਾਂਚ ਪਾਂਚ ਸੈ ਕੀਆਂ।

ਹੋਰ ਜੋ ਸਿੰਘ ਸੇ ਸਭ ਕੋ ਸਦਵਾਇਕੇ ਜਮਾਨਤਾਂ ਲਈਆਂ। ਹੁਕਮ ਏਹ ਦੀਆ ਕੇ ਬਹੁਤੇ ਸਿੰਘ ਇਕੱਠੇ ਨਾ ਹੋਣਾ। ਭੈਣੀ ਨਹੀਂ ਜਾਣਾ। ਜੇ ਜਾਣਾ ਹੋਵੇ ਕਿਧਰੇ ਤਾਂ ਇਤਲਾਹ ਦੇ ਕੇ ਜਾਣਾ। ਘਰੀਂ ਹਾਜਰ ਰਹੇ।

ਆਲਮ ਪੁਰੇ ਕੇ ਤਿੰਨ ਸਿੰਘ ਸੇ, ਤਿੰਨਾਂ ਸੇ ਪੁਛਿਆ। ਉਹਨਾਂ ਨੇ ਕਹਿਆ ਅਸੀਂ ਦਸਵੇਂ ਪਾਤਸ਼ਾਹ ਕੇ ਸਿੰਘ ਹਾਂ। ਕੂਕਪੁਣਾ ਛੱਡਿਆ ਹੈ। ਥਾਣੇਦਾਰ ਗੁੱਸੇ ਹੋਇਆ ਕੇ ਤੁਮਨੇ ਕੂਕਪੁਣਾ ਛੱਡਿਆ ਹੈ? ਚੌਥੇ ਨੂੰ ਕਹਾ ਕੇ ਤੁਮ ਕੂਕੇ ਹੋ? ਕਹਾ ਹਾਂ ਜੀ ਨਾਮਧਾਰੀਏ ਹੈਂ। ਥਾਨੇਦਾਰ ਬੜਾ ਪ੍ਰਸੰਨ ਹੋਇਆ ਕੇ ਤੁਸੀਂ ਧਰਮਾਤਮਾ ਪੁਰਸ਼ ਹੋ ਸੱਚ ਬੋਲਨੇ ਵਾਲੇ। ਯੇ ਤੀਨੋ ਫਰੇਬੀ ਹੈਂ ਇਨਕਾ ਬਸਾਹੁ ਨਹੀਂ ਕਰਨਾ। ਤਿੰਨਾਂ ਕੋ ਕਹਾ ਤੁਮ ਕਿਉਂ ਮੁਕਰਦੇ ਹੋ ਬੇਧਰਮ ਹੁੰਦੇ ਹੋ? ਕੈ ਦਿਨ ਕੇ ਜੀਵਨ ਕਾਰਨੇ ਧਰਮ ਤਿਆਗਦੇ ਹੋ। ਜਮਾਨਤਾਂ ਲੈ ਕੇ ਛੱਡੇ। ਹੁਕਮ ਦੀਆ ਕੇ ਜੇ ਕਿਤੇ ਜਾਣਾ ਹੋਵੇ ਇਤਲਾਹ ਦੇ ਕੇ ਜਾਣਾ।

ਕਾਹਨ ਸਿੰਘ ਬਰਮਾਲੀਪੁਰੀਏ ਕੋ ਭੀ ਫੜਕੇ ਲੈ ਗਏ। ਥਾਨੇਦਾਰ ਕਹਿਣ ਲਗਾ ਕੂਕੀਆਂ ਕੂਕਿਆਂ ਕੇ ਨਾਮ ਲਖਾਵੋ, ਤੁਮ ਅਬ ਤੋਪ ਮੋਹਰੇ ਉਡੋਗੇ। ਹੀਰਾ ਸਿੰਘ ਬਰਮਾਲੀਪੁਰੀਆ ਸੂਬੇ ਸਾਹਿਬ ਸਿੰਘ ਕਾ ਸਕਾ ਭਾਈ ਕਹਿਨੇ ਲਗਾ ਇਕ ਫੇਰੀ ਉਡਾਂਗੇ ਕੇ ਦੋ ਫੇਰੀ? ਤਾਂ ਕਾਹਨ ਸਿੰਘ ਨੇ ਕਹਾ ਕੇ ਤੂੰ ਕੂਕੀਆਂ ਕੇ ਨਾਮ ਲਿਖਣ ਨੂੰ ਪੁਛਦਾ ਹੈਂ ਜਿਨਾਂ ਚਿਰ ਖਲੜੀ ਵਿਚ ਤ੍ਰਾਸ ਹੈ ਉਤਨਾ ਚਿਰ ਕੂਕੀਆਂ ਕਾ ਨਾਮ ਨਹੀਂ ਲਖਾਵਾਂਗੇ ਪਿੱਛੋਂ ਪਿਆ ਲਿਖੀਂ। ਅੰਮ੍ਰਿਤਸਰ ਕੋ ਚਲਾਨ ਕੀਤਾ ਸੱਤਾਂ ਸਿੰਘਾਂ ਕਾ ਕੇ ਏਹ ਸਿੰਘ ਭੈਣੀ ਸੇ ਆਏ ਹੈਂ। ਰਾਤ ਸਿੰਘ ਅਰਦਾਸਾ ਕਰਕੇ

---

1 ਮਲੇਰਕੋਟਲੇ ਤੇ ਹਮਲੇ ਵਾਲਿਆਂ ਵਿਚ।

2 ਮਾਈ ਇੰਦ ਕੌਰ ਤੇ ਖੇਮ ਕੌਰ।

ਬਰਾਜੇ। ਸ੍ਰੀ ਸਤਿਗੁਰੂ ਜੀ ਦਰਸ਼ਨ ਦੀਆ। ਹੁਕਮ ਕੀਤਾ ਦਿਨ ਚੜੇ ਤੁਸੀ ਛੁੱਟ ਜਾਓਗੇ। ਦੂਏ ਦਿਨ ਫ਼ਰੰਗੀ ਦੇ ਪੇਸ਼ ਕੀਤੇ। ਦੇਖਕੇ ਉਸਨੇ ਛੋਡ ਦੀਏ।

## ਖੂਹ ਚੋਂ ਤਲਵਾਰਾਂ ਨਿਕਲੀਆਂ

ਕੋਈ ਦਿਨ ਪਾ ਕੇ ਹੋਰ ਫ਼ਰੰਗੀ ਆਇਆ ਲੁਧਿਹਾਣੇ ਸੇ ਸ੍ਰੀ ਭੈਣੀ ਸਾਹਿਬ। ਏਕ ਚੌਕੀਦਾਰ ਨੇ ਸੁਲਤਾਨ ਸਰ ਕੇ ਖੂਹ ਵਿਚ ਤਲਵਾਰਾਂ ਸਿੱਟੀਆਂ। ਫੇਰ ਮਗਰੋਂ ਛੱਨਾ ਸੁਟਕੇ ਤੇ ਕਢਣੇ ਵਾਸਤੇ ਝੀਊਰ ਬਾੜਿਆ। ਤਲਵਾਰਾਂ ਕੱਢੀਆਂ ਤੇ ਨਿੰਦਕਾਂ ਨੇ ਕਹਾ ਜੀ ਦੇਖੋ ਖੂਹ ਵਿਚ ਤਲਵਾਰਾਂ ਸੁਟੀਆਂ ਹੈ[1]। ਜਰ ਕੀਆਂ ਖਾਧੀਆਂ ਹੋਈਆਂ ਦੇਖਕੇ ਫ਼ਰੰਗੀ ਨੇ ਕਹਾ ਕੇ ਏਹਨਾਂ ਨੂੰ ਜਰ ਲਗੀ ਹੋਈ ਹੈ। ਕਹੀਂ ਸੇ ਜਰ ਕੀਆਂ ਖਾਧੀਆਂ ਹੋਈਆਂ ਖੂਹ ਮੈ ਸਿਟਕੇ ਕੂਕਿਆਂ ਕੇ ਜੁੱਮੇ ਝੂਠਾ ਇਲਜਾਮ ਲਾਉਂਦੇ ਹੋ। ਲਾਹ ਪਾ ਕਰਕੇ ਪਿੰਡਾਂ ਕੇ ਨੰਬਰਦਾਰਾਂ ਕੋ ਕਹਾ ਕੇ ਇਹ ਤਲਵਾਰਾਂ ਚਲਣ ਵਾਲੀਆਂ ਹੈਨ ਜਰ ਕੀਆਂ ਖਾਧੀਆਂ ਹੋਈਆਂ?

ਸਤਿਗੁਰੂ ਜੀ ਕੇ ਲੈ ਜਾਣੇ ਮੈ ਜੋ ਨਾਮਧਾਰੀਆ ਹੈ ਸੋ ਸਭ ਨਰਾਸ ਹੋ ਗਏ। ਸੋਚਾਂ ਤਾਂ ਅਨੇਕ ਪਰਕਾਰ ਕੀਆਂ ਕਰਦੇ ਹੈਂ ਪਰ ਪੇਸ਼ ਕਿਸੇ ਦੀ ਕੁਝ ਨਹੀਂ ਜਾਂਦੀ। ਸ੍ਰੀ ਸਤਿਗੁਰੂ ਜੀ ਤੋ ਬਿਨਾਂ ਸੁੰਨਸਾਨ ਵਰਤ ਗਈ। ਸਿੰਘ ਡੋਲ ਖੜੇ ਹੋਏ ਕੀ ਸੀ ਕੀ ਵਰਤ ਗਿਆ ਹੈ। ਸਿਦਕੀ ਸਿੰਘ ਤਾਂ ਸਾਬਤ ਰਹੇ ਹੋਰ ਡੋਲ ਗਏ ਕੇ ਸ੍ਰੀ ਸਤਿਗੁਰੂ ਜੀ ਤਾਂ ਚਲੇ ਗਏ ਹੈਂ ਹੁਣ ਏਥੇ ਕੀ ਰਹਿ ਗਿਆ ਹੈ।

## ਪੁਲਿਸ ਚੌਕੀ ਡਿਉਢੀ ‘ਚ

ਦੋ ਥਾਨੇਦਾਰ ਮਾਛੀਵਾੜੇ ਕਾ ਤੇ ਸਾਹਨੇ ਕਾ ਗੁਰਦੁਵਾਰੇ ਰਹਿਆ ਕਈ ਚਿਰ। ਮਾਛੀਵਾੜੇ ਕਾ ਥੋੜੇ ਦਿਨਾਂ ਪਿੱਛੋਂ ਚਲਾ ਗਿਆ। ਥੋੜੇ ਦਿਨਾਂ ਮੈ ਹੋਰ ਜਿਲਾ ਆਇਆ। ਡੇਰੇ ਮੈ ਕੁਰਸੀ ਪਰ ਬੈਠਾ। ਛਿਨ ਭਰ ਵਿਚ ਸਭ ਕੁਛ ਤਬੇਲਾ ਆਦਿਕ ਦੇਖਕੇ ਫ਼ਰੰਗੀ ਨੇ ਕਹਾ ਕੇ ਏਹ ਤਾਂ ਪਰਮੇਸਰ ਕਾ ਸਿਮਰਨ ਕਰਨੇ ਵਾਲੇ ਹੈਂ। ਮਹਾਰਾਜ ਜੀ ਫ਼ਰੰਗੀ ਨੂੰ ਕਹਿਆ ਜੀ ਏਹ ਜਾਗਾ ਗੁਰਦੁਆਰਾ ਹੈ। ਸਰਬ ਖ਼ਾਲਸੇ ਕੀ ਮੱਥਾ ਟੇਕਨ ਕੀ ਜਾਗਾ ਹੈ। ਸਤਿਗੁਰਾਂ ਕੇ ਬੰਦਗੀ ਕਰਨ ਕੀ ਜਗਾ ਹੈ। ਏਥੇ ਹੁੱਕਾ ਜੋੜਾ ਨਾ ਚਾਹੀਏ, ਅਦਬ ਕੀ ਜਾਗਾ ਹੈ। ਫ਼ਰੰਗੀ ਨੇ ਕਹਾ ਗਾਰਦ ਤਬੇਲੇ ਮੈਂ ਡੇਰਾ ਕਰੇ। ਫੇਰ ਥੜੇ ਸਾਹਿਬ ਵਾਲੇ ਮੰਦਰ ਵਿਚੋਂ ਡੇਰਾ ਚੁੱਕਿਆ ਗਿਆ[2]। ਕਣਕ ਵਿਕ ਗਈ। ਫੇਰ ਡਿਉਢੀ ਮੈ ਡੇਰਾ ਕੀਤਾ। ਮੰਦਰ ਵਿਚ ਲੇਪਨ ਕੀਤਾ। ਘਿਓ ਦਾ ਦੀਵਾ ਜਗਾਉਣੇ ਲਗੇ ਬੀਬੀ ਨੰਦਾਂ ਜੀ। ਥੜੇ ਸਾਹਿਬ ਕਾ ਅਦਬ ਕਰਨੇ ਲਗੇ।

---

1 ਮੇਜਰ ਜੇ. ਪਾਰਸਨਸ ਡਿਪਟੀ ਕਮਿਸ਼ਨਰ ਲੁਧਿਆਣਾ, ਜੋ ਕਾਵਨ ਦੀ ਥਾਂ ਤੇ ਆਇਆ ਸੀ, ੧੯ ਫ਼ਰਵਰੀ ੧੮੭੨ ਨੂੰ ਖੂਹ ਵਿਚੋਂ ਨੌਂ ਤਲਵਾਰਾਂ ਮਿਲਣ ਬਾਰੇ ਪਤਾ ਕਰਨ ਸ੍ਰੀ ਭੈਣੀ ਸਾਹਿਬ ਆਇਆ ਸੀ।

(–ਗੁਰੂ ਰਾਮ ਸਿੰਘ ਐਂਡ ਦੀ ਕੂਕਾ ਸਿੱਖਜ਼, ਭਾਗ ੨, ਪੰਨਾ ੧੯੩।)

2 ਡਿਪਟੀ ਇੰਸਪੈਕਟਰ ਅਮਰਾ ਅਲੀ ਸ਼ਾਹ ਦੀ ਕਮਾਨ ਹੇਠ ੨੦ ਸਿਪਾਹੀਆਂ ਦੀ ਗਾਰਦ ਕਮਿਸ਼ਨਰ ਅੰਬਾਲਾ ਫੋਰਸਿੱਖ ਦੇ ਹੁਕਮ ਨਾਲ ਕਰਨਲ ਬੇਲੀ ਨੇ ੧੯ ਜਨਵਰੀ ੧੮੭੨ ਨੂੰ ਬਿਠਾਈ ਸੀ।

(– ਗੁਰੂ ਰਾਮ ਸਿੰਘ ਐਂਡ ਦੀ ਕੂਕਾ ਸਿੱਖਜ਼, ਭਾਗ ੨, ਪੰਨਾ ੧੦੧।)

## ਗੋਪਾਲ ਸਿੰਘ ਪਿੰਡ ਭੇਜਿਆ

ਮੱਖਨ ਸਿੰਘ ਗੁਰੂਸਰ ਜਲਾਲਕਿਆਂ ਦਾ ਹੱਟੀ ਵਿਚ ਰਹਿੰਦਾ ਸੀ। ਪਦਾਰਥ ਚੁਰਾਇ ਰੱਖਦਾ ਸੀ। ਉਸਨੇ ਸਮਝਿਆ ਜੋ ਗੋਪਾਲ ਸਿੰਘ ਹੱਟੀ ਵਿਚ ਨ ਰਹੇ ਤੇ ਮੈਂ ਈ ਰਹਾਂ। ਇਕ ਥਾਨੇਦਾਰ ਦੀ ਬਦਲੀ ਹੋਈ। ਮਖਣੇ ਨੇ ਕਿਹਾ ਥਾਨੇਦਾਰ ਨੂੰ ਤੇਰੀ ਬਦਲੀ ਗੋਪਾਲ ਸਿੰਘ ਕਰਵਾਈ ਹੈ। ਗੁਰੂ ਰਾਮ ਸਿੰਘ ਵਾਂਗੂੰ ਹੈ। ਥਾਨੇਦਾਰ ਨੇ ਲਿਖਿਆ ਕੇ ਗੋਪਾਲ ਸਿੰਘ ਨੇ ਆਇਕੇ ਡੇਰੇ ਧੌਂਸਾ ਬਜਵਾਇਆ ਹੈ, ਬੜੀ ਖੁਸ਼ੀ ਕੀਤੀ ਹੈ। ਕਹਿੰਦਾ ਹੈ ਰਾਮ ਸਿੰਘ ਜੀ ਵੀ ਮੁੜ ਆਉਨਗੇ। ਹਾਕਮਾਂ ਵੱਲੋਂ ਲਿਖਿਆ ਆਇਆ ਗੋਪਾਲ ਸਿੰਘ ਕੋ ਆਪਨੇ ਪਿੰਡ ਭੇਜ ਦਿਓ। ਸੋ ਭੇਜ ਦੀਆ।